
ਪਾਰਲੀਮੈਂਟ ਉਡਾਉਣ ਦੀ ਸਾਜਿਸ਼ ਤੇ ਸੀ. ਬੀ. ਆਈ.



ਕੁਲਬੀਰ ਸਿੰਘ ਕੋੜਾ

'Parliament Udaun Di Sajish' Te Si.Bi.I.

Kulbir Singh Kaura
Kaura House, Basti Pir Dad,
P.O. Basti Bawa Khel,
Tel. No. 0181-2200755

ਪਹਿਲੀ ਵਾਰ : ਮਈ 2001
ਦੂਜੀ ਵਾਰ : ਜਨਵਰੀ 2003

ਕੀਮਤ	:	ਦੇਸ 150 ਰੁਪਏ, ਪ੍ਰਦੇਸ 5 ਪੌਂਡ, 10 ਡਾਲਰ
ਪ੍ਰਕਾਸ਼ਕ	:	ਪੰਥ ਖਾਲਸਾ ਪ੍ਰਕਾਸ਼ਨ
ਛਾਪਕ	:	ਦਸ਼ਮੇਸ਼ ਪ੍ਰਿੰਟਰਜ਼, ਰਣਜੀਤ ਨਗਰ, ਜਲੰਧਰ
ਟਾਈਪ ਸੈਟਿੰਗ	:	ਕਰੀਏਟਿਵ ਵਰਡ ਕੰਪਿਊਟਰ ਸੈਂਟਰ ਐਂਡ ਪਬਲੀਕੇਸ਼ਨ 18, ਇੰਦਰਾ ਮਾਰਕੀਟ, ਨਿਊ ਰੇਲਵੇ ਰੋਡ, ਜਲੰਧਰ ਫੋਨ : ਦਫਤਰ- 0181-238646
ਡਿਜ਼ਾਈਨਿੰਗ	:	ਰਾਜ ਕੁਮਾਰ

ਪ੍ਰੇਰਨਾ

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ,
ਜਿਨ੍ਹਾਂ ਨੇ ਗੁਲਾਮੀ ਦੇ ਨਸ਼ੇ 'ਚ ਘੂਕ ਸੁੱਤੀ ਪਈ ਕੌਮ ਨੂੰ
ਹਲੂਣਾ ਦੇ ਕੇ ਸਵੈਮਾਣ ਨਾਲ ਜਿਉਣ ਦੀ ਗੁੜ੍ਹਤੀ ਦਿੱਤੀ

ਹੱਡੀ ਹੰਢਾਇਆ ਸੱਚ

ਇਹ ਕਿਤਾਬ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਤਿਹਾੜ ਜੇਲ੍ਹ ਦੀਆਂ ਫਾਂਸੀ ਵਾਲੀਆਂ ਕੋਠੀਆਂ ਦੇ ਵਾਰਡ ਨੰਬਰ ਸੋਲ੍ਹਾਂ ਵਿਚ ਲਿਖੀ ਗਈ ਸੀ। ਬਾਅਦ ਵਿਚ ਭਾਈ ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਜਿਥੇ ਫਾਂਸੀ ਦਿੱਤੀ ਗਈ, ਉਹ ਫਾਂਸੀ ਏਸੇ ਹੀ ਵਾਰਡ ਵਿਚ ਹੈ। ਇਸ ਕਿਤਾਬ ਨੂੰ ਲਿਖਣ ਲਈ ਜਦੋਂ ਮੈਂ ਪਹਿਲੀ ਵਾਰ ਇਕ ਹੈਡਵਾਰਡਨ ਨੂੰ ਇਕ ਦਸਤਾ ਕਾਗਜ਼ ਲਿਆਉਣ ਲਈ ਬੜੀ ਮੁਸ਼ਕਲ ਨਾਲ ਮਨਾਇਆ ਤਾਂ ਉਸ ਨੂੰ ਮੈਂ ਸੌ ਰੁਪਏ ਦਾ ਨੋਟ ਦਿੱਤਾ। ਸੌ ਰੁਪਏ ਦੇ ਉਸ ਨੇ ਇਕ ਦਸਤਾ ਕਾਗਜ਼, ਜਿਹੜੇ ਕਿ ਬਹੁਤ ਹੀ ਪੁਰਾਣੇ ਤੇ ਮੈਲੇ ਜਿਹੇ ਹੋਣ ਤੋਂ ਇਲਾਵਾ ਘਟੀਆ ਵੀ ਸਨ ਤੇ ਨਾਲ ਇਕ ਪੈਨ ਦਾ ਰੀਫਲ ਲਿਆ ਕੇ ਦਿੱਤਾ। ਇਹ ਸਮਾਨ ਛੇ-ਸੱਤ ਰੁਪਏ ਤੋਂ ਵੱਧ ਦਾ ਨਹੀਂ ਸੀ। ਉਲਟਾ ਸਗੋਂ ਉਸ ਨੇ ਦਸ ਰੁਪਏ ਮੇਰੇ ਕੋਲੋਂ ਹੋਰ ਲਏ। ਪਰ ਜਦੋਂ ਅੱਗ ਲੱਗੀ ਹੋਵੇ ਤਾਂ ਮਸ਼ਕਾਂ ਦੇ ਭਾਅ ਕੌਣ ਪੁਛਦਾ ਹੈ? ਉਨ੍ਹਾਂ ਦਿਨਾਂ 'ਚ ਗਰਮੀ ਬਹੁਤ ਸੀ। ਮੈਂ ਕੰਬਲ ਸਿਰ ਉਤੋਂ ਦੀ ਲੈ ਲੈਂਦਾ ਤੇ ਇਸ ਤਰ੍ਹਾਂ ਉਸ ਸਿੱਕੇ ਨਾਲ, ਜਿਹੜਾ ਕਿ ਮੇਰੇ ਪੋਟਿਆਂ ਵਿਚ ਚੱਜ ਨਾਲ ਫੜਿਆ ਵੀ ਨਹੀਂ ਸੀ ਜਾਂਦਾ, ਬਰੀਕ ਬਰੀਕ ਅੱਖਰਾਂ ਵਿਚ ਲਿਖਣ ਦੀ ਕੋਸ਼ਿਸ਼ ਕਰਦਾ ਤਾਂ ਕਿ ਕਾਗਜ਼ ਜਲਦੀ ਨਾ ਮੁੱਕ ਜਾਣ। ਬਾਹਰਲੇ ਬਰਾਂਡੇ ਵਿਚ ਇਕ ਚਾਲੀ ਵਾਟ ਦਾ ਬਲਬ ਲਗਾ ਹੋਇਆ ਸੀ। ਉਸ ਦੀ ਲੋਅ ਮੇਰੀ ਕੋਠੜੀ ਤੱਕ ਆਉਂਦੀ ਸੀ। ਉਦੋਂ ਮੇਰੀ ਉਮਰ 40 ਸਾਲ ਸੀ ਤੇ ਮੇਰੀ ਨਜ਼ਰ ਬਹੁਤ ਵਧੀਆ ਸੀ। ਬਸ ਬਹੁਤੀ ਨੀਂਦ ਲਗਣ ਕਰਕੇ ਹੀ ਸ਼ਾਇਦ ਮੇਰੀ ਨਜ਼ਰ ਘਟਣ ਲੱਗ ਪਈ ਸੀ ਤੇ ਥੋੜ੍ਹੇ ਸਮੇਂ ਬਾਅਦ ਮੈਂ ਮਹਿਸੂਸ ਕੀਤਾ ਕਿ ਕੁਝ ਪੜ੍ਹਨ ਨਾਲ ਮੇਰੀਆਂ ਅੱਖਾਂ ਤੇ ਸਿਰ ਦੁਖਣ ਲੱਗ ਪੈਂਦਾ ਹੈ। ਤੇਰਾਂ ਨੰਬਰ ਵਾਰਡ ਵਿਚ ਭਾਊ ਸਵਰਨ ਸਿੰਘ, ਜਿਹੜੇ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਸੱਕੇ ਮਾਮੜ ਲਗਦੇ ਸਨ, ਉਹਨਾਂ ਦੀ ਐਨਕ ਲਾ ਕੇ ਪੜ੍ਹਿਆ ਮੈਨੂੰ ਇਸ ਤਰ੍ਹਾਂ ਲੱਗਾ, ਜਿਵੇਂ ਕਿਤਾਬ 'ਤੇ ਧੁਪ ਚੜ੍ਹ ਗਈ ਹੁੰਦੀ ਹੈ। ਫਿਰ ਮੈਨੂੰ ਕੋਈ ਸ਼ੱਕ ਨਾ ਰਿਹਾ ਕਿ ਮੇਰੀ ਨੇੜੇ ਦੀ ਨਜ਼ਰ ਕਮਜ਼ੋਰ ਹੋ ਗਈ ਹੈ। ਜਦੋਂ ਮੈਂ ਜੇਠ ਹਾੜ ਦੇ ਦਿਨਾਂ ਵਿਚ ਕੰਬਲ ਦਾ ਝੁੰਗਲਮਾਟਾ ਮਾਰ ਕੇ ਲਿਖਦਾ ਤਾਂ ਪੂਰੀ ਚੌਕਸੀ ਵਰਤਦਾ। ਜੇ ਕੋਈ ਆ ਜਾਂਦਾ ਤਾਂ ਮੈਂ ਇਸ ਤਰ੍ਹਾਂ ਕਰਦਾ ਜਿਵੇਂ ਪਾਠ ਕਰ ਰਿਹਾ ਹੋਵਾਂ। ਜ਼ਿਆਦਾ ਗਰਮੀ ਨਾਲ ਮੇਰਾ ਦਿਲ ਧੜਕਣ ਲੱਗ ਪੈਂਦਾ ਤੇ ਮੂੰਹ ਸੁੱਕਣ ਲੱਗ ਪੈਂਦਾ। ਮੱਛਰ ਏਨਾ ਸੀ ਕਿ ਸਰੀਰ ਦਾ ਜਿਹੜਾ ਹਿੱਸਾ ਵੀ ਨੰਗਾ ਹੁੰਦਾ, ਮੱਛਰ ਬੈਠ-ਬੈਠ ਕਾਲਾ ਹੋ ਜਾਂਦਾ। ਮੱਛਰ ਜਿਥੇ ਵੀ ਲੜਦਾ, ਕਈ ਚਿਰ ਉਹ ਥਾਂ ਸੜੂ-ਸੜੂ ਕਰਦਾ ਰਹਿੰਦਾ, ਕੰਨਾਂ ਕੋਲ ਭੀਂ-ਭੀਂ ਕਰਦਾ ਤੇ ਮੂੰਹ ਵਿਚ ਵੜਨ ਨੂੰ ਕਰਦਾ।

ਜਦੋਂ ਮੈਂ ਕੰਬਲ ਉਤੇ ਲੈ ਕੇ ਲਿਖਦਾ ਤਾਂ ਮੇਰਾ ਸਾਰਾ ਸਰੀਰ ਤੇ ਕੱਪੜੇ ਪਸੀਨੇ ਨਾਲ ਭਿੱਜ ਜਾਂਦੇ ਪਰ ਲਿਖਿਆ ਜਾਣ ਵਾਲਾ ਸੱਚ ਮੇਰੇ ਹੱਡੀਂ ਵਾਪਰਿਆ ਸੀ, ਇਸ ਲਈ ਉਹ ਸਿੱਕੇ ਨੁਮਾ ਪੈਨ ਵੀ ਬਿਨਾਂ ਰੁਕਿਆਂ ਲਿਖੀ ਜਾਂਦਾ। ਲਿਖੇ ਹੋਏ ਕਾਗਜ਼ਾਂ ਨੂੰ ਸਾਂਭਣਾ ਹੋਰ

ਵੀ ਔਖਾ ਸੀ। ਫਿਰ ਮਾਹੌਲ ਏਨਾ ਫਿਰਕੂ ਸੀ ਕਿ ਜੇਲ੍ਹ ਅਧਿਕਾਰੀ ਹਰ ਵੇਲੇ ਸਾਡੇ 'ਤੇ ਤਿਰਛੀ ਨਜ਼ਰ ਰੱਖਦੇ। ਇਕ ਦਿਨ ਬਿਮਾਰੀ ਦੀ ਹਾਲਤ ਵਿਚ ਮੈਂ ਹਸਪਤਾਲ ਦਵਾਈ ਲੈਣ ਗਿਆ ਤਾਂ ਮੇਰੇ ਮਗਰੋਂ ਮੇਰੀ ਕੋਠੜੀ ਦੀ ਤਲਾਸ਼ੀ ਹੋਈ। ਇਕ ਭਾਟੀਆ ਨਾਂ ਦੇ ਪੰਜਾਬੀ ਹਿੰਦੂ ਅਸਿਸਟੈਂਟ ਸੁਪਰਡੈਂਟ ਨੇ ਤਲਾਸ਼ੀ ਲਈ ਤੇ ਮੇਰੀ ਮਲੇਰੀਏ ਦੀ ਦਵਾਈ, ਕੁਨੀਨ ਗਟਰ ਵਿਚ ਸੁੱਟ ਦਿੱਤੀ ਤੇ ਸੱਤਰ ਅੱਸੀ ਲਿਖੇ ਹੋਏ ਏਸੇ ਕਿਤਾਬ ਦੇ ਸਫੇ ਨਾਲ ਲੈ ਗਿਆ, ਜਿਹੜੇ ਕਿ ਮੇਰੀਆਂ ਲੱਖ ਕੋਸ਼ਿਸ਼ਾਂ ਦੇ ਬਾਅਦ ਵੀ ਮੈਨੂੰ ਨਾ ਮਿਲ ਸਕੇ। ਭਾਵੇਂ ਉਹ ਮੇਰੀ ਹੀ ਕਲਮ ਨਾਲ ਲਿਖੇ ਹੋਏ ਸਨ ਪਰ ਫਿਰ ਵੀ ਮੈਂ ਕੋਸ਼ਿਸ਼ ਕਰਨ 'ਤੇ ਵੀ ਉਹ ਦੁਬਾਰਾ ਨਾ ਲਿਖ ਸਖਿਆ। ਇਹੋ ਹੀ ਵਜ੍ਹਾ ਸੀ ਕਿ ਉਹ ਫਿਰਕੂ ਹਿੰਦੂ ਖੱਤਰੀ ਭਾਟੀਆ ਮੇਰੇ ਕੋਲੋਂ ਕਈ ਵਾਰ ਅਪਸ਼ਬਦ ਸੁਣਦਾ ਰਿਹਾ। ਪਰ ਉਸ ਨੇ ਉਹ ਲਿਖੇ ਹੋਏ ਸਫੇ ਕਦੇ ਮੈਨੂੰ ਨਾ ਮੋੜੇ, ਮੇਰੇ ਕੋਲੋਂ ਗਾਲ੍ਹਾਂ ਖਾਂਦਾ ਰਿਹਾ ਤੇ ਅਖੀਰ ਨੌਕਰੀ ਛੱਡ ਕੇ ਵੀ ਚਲਾ ਗਿਆ।

ਇਸ ਕਿਤਾਬ ਵਿਚ ਮੈਂ ਜੋ ਵੀ ਲਿਖਿਆ ਹੈ, ਉਸ ਦਾ ਇਕ ਇਕ ਅੱਖਰ ਸੱਚ ਹੈ। ਜਾਂ ਤਾਂ ਉਹ ਮੇਰੇ ਆਪਣੇ ਹੱਡਾਂ ਨਾਲ ਵਾਪਰਿਆ ਹੋਇਆ ਸੱਚ ਹੈ ਜਾਂ ਫਿਰ ਮੇਰੇ ਨਾਲ ਕੈਦ ਕੱਟਣ ਵਾਲਿਆਂ ਨਾਲ ਵਾਪਰਿਆ ਹੋਇਆ ਹੈ। ਮੈਂ ਉਸ ਨੂੰ ਉਸੇ ਤਰ੍ਹਾਂ ਹੀ ਲਿਖਿਆ ਹੈ। ਕੁੱਲ ਮਿਲਾ ਕੇ 90 ਫੀਸਦੀ ਘਟਨਾਵਾਂ ਮੇਰੀਆਂ ਅੱਖਾਂ ਨੇ ਵੇਖੀਆਂ ਹੋਈਆਂ ਹਨ। ਮੇਰਾ ਪਰਿਵਾਰ ਦੱਸ ਪੀੜੀਆਂ ਤੋਂ ਸਿੱਖ ਚਲਿਆ ਆ ਰਿਹਾ ਹੈ ਤੇ ਸਾਡੇ ਖਾਨਦਾਨ ਵਿਚ ਕਦੇ ਕੋਈ ਸਾਡਾ ਵੱਡਾ ਵਡੇਰਾ ਕਿਸੇ ਤਰ੍ਹਾਂ ਦੀ ਵੀ ਸਰਕਾਰੀ ਨੌਕਰੀ ਵਿਚ ਨਹੀਂ ਰਿਹਾ, ਨਾ ਹੀ ਕਦੇ ਕੋਈ ਫੌਜ ਵਿਚ ਰਿਹਾ ਹੈ। ਸ਼ੁਰੂ ਤੋਂ ਹੀ ਅਸੀਂ ਖੇਤੀ ਦੇ ਧੰਦੇ ਵਿਚ ਹਾਂ। ਸਾਡਾ ਕੋਈ ਵੀ ਵੱਡਾ ਵਡੇਰਾ ਕਦੇ ਲਿਖਾਰੀ ਨਹੀਂ ਹੋਇਆ। ਇਸ ਤਰ੍ਹਾਂ ਲਿਖਣ ਤੇ ਲਿਖੀ ਹੋਈ ਕਿਸੇ ਲਿਖਤ ਨੂੰ ਸੰਭਾਲਣ ਜਾਂ ਛਪਵਾਉਣ ਦਾ ਮੈਨੂੰ ਕੋਈ ਤਜਰਬਾ ਨਹੀਂ।

ਇਸ ਕਿਤਾਬ ਨੂੰ ਜਦੋਂ ਲਿਖਿਆ ਗਿਆ ਸੀ ਤਾਂ ਇਹ ਘਟਨਾ 'ਬਹਾਦਰ ਸਿੰਘ' ਦੇ ਇਕ ਬਨਾਵਟੀ ਨਾਂ ਨਾਲ ਲਿਖੀ ਗਈ ਸੀ ਤਾਂ ਕਿ ਜੇ ਇਹ ਲਿਖਤ ਫੜੀ ਵੀ ਜਾਵੇ ਤਾਂ ਨਾਵਲ ਦਾ ਭੁਲੇਖਾ ਪਵੇ। ਲਿਖ ਤਾਂ ਮੈਂ ਔਖਾ ਸੌਖਾ ਹੋ ਕੇ ਲੈਂਦਾ ਸਾਂ ਪਰ ਲਿਖੇ ਹੋਏ ਵਰਕਿਆਂ ਨੂੰ ਜੇਲ੍ਹ ਵਾਲਿਆਂ ਦੀ ਨਜ਼ਰ ਤੋਂ ਬਚਾਉਣਾ ਇਕ ਵੱਡੀ ਸਮੱਸਿਆ ਸੀ। ਲੁਕਾਉਣ ਲਈ ਤਾਂ ਪੂਰੇ ਵਾਰਡ ਵਿਚ ਕੋਈ ਥਾਂ ਹੈ ਹੀ ਨਹੀਂ ਸੀ। ਮੈਂ ਸਤਾਈ ਅਠਾਈ ਕੰਬਲਾਂ ਦਾ ਇਕ ਗਦੇਲਾ ਜਿਹਾ ਬਣਾ ਲਿਆ ਤਾਂ ਉਹ ਗੱਦਾ ਕਰੀਬ ਨੌ ਕੁ ਇੰਚ ਮੋਟਾ ਹੋ ਗਿਆ। ਉਸ ਦੀਆਂ ਤੈਹਾਂ ਵਿਚ ਦਿੱਤੇ ਕਾਗਜ਼ ਏਡੇ ਰੜਕਦੇ ਤਾਂ ਨਹੀਂ ਸਨ ਪਰ ਹਫਤੇ ਵਿਚ ਤਿੰਨ ਚਾਰ ਵਾਰ ਕੋਠੜੀਆਂ ਦੀ ਤਲਾਸ਼ੀ ਹੁੰਦੀ ਰਹਿੰਦੀ ਸੀ। ਇਕ ਦਿਨ ਤਾਂ ਇਹ ਕਾਗਜ਼ ਫੜ ਹੀ ਹੋ ਚੱਲੇ ਸਨ ਪਰ ਪ੍ਰਮਾਤਮਾ ਦੀ ਕ੍ਰਿਪਾ ਨਾਲ ਮੇਰੀ ਹਾਜ਼ਰ ਜੁਆਬੀ ਨਾਲ ਬਚ ਗਏ। ਮੈਂ ਕਿਹਾ, "ਡਿਪਟੀ ਸਾਹਿਬ, ਮੇਰਾ ਭੁੰਜੇ ਸੌਣ ਨਾਲ ਲੱਕ ਬੜਾ ਦਰਦ ਕਰਦਾ ਹੈ, ਇਹ ਕੰਬਲ ਜ਼ਿਆਦਾ ਗਰਮੀ ਹੋਣ ਕਰਕੇ ਸਾਰਿਆਂ ਨੇ ਚੱਕੀਆਂ ਵਿਚੋਂ ਬਾਹਰ ਕੱਢ ਦਿੱਤੇ ਹਨ, ਮੈਂ ਇਸ ਗੱਦੇ ਜਹੇ 'ਤੇ ਸੌਂਦਾ ਹਾਂ ਤਾਂ ਮੈਨੂੰ ਅੱਗੇ ਨਾਲੋਂ ਕੁਝ ਆਰਾਮ ਹੈ, ਜੇ ਕੁਝ ਦਿਨ ਹੋਰ ਰਹਿਣ ਦਿਓ ਤਾਂ ਮੇਰੀ ਤਕਲੀਫ ਕਾਫੀ ਘੱਟ ਹੋ ਸਕਦੀ ਹੈ, ਨਾਲੇ ਮੈਂ ਕਿਹੜਾ ਕੰਬਲ ਕਿਤੇ ਲੈ ਜਾਣੇ ਹਨ, ਤੁਸੀਂ ਜਦੋਂ ਮਰਜ਼ੀ ਵਾਪਸ ਲੈ ਲਿਓ।" ਡਿਪਟੀ ਸੁਪਰਡੈਂਟ ਮੰਨ ਗਿਆ ਤੇ ਇਸ ਤਰ੍ਹਾਂ ਮੈਨੂੰ ਪੱਕਾ ਹੀ ਬਹਾਨਾ ਮਿਲ ਗਿਆ। ਜਿੰਨਾ ਚਿਰ ਤੱਕ ਮੈਂ ਜੇਲ੍ਹ ਵਿਚ ਰਿਹਾ, ਇਹ ਕੰਬਲ ਮੇਰੇ ਕੋਲ ਹੀ ਰਹੇ।

ਇਕ ਦਿਨ ਮੈਂ ਅਵਤਾਰ ਸਿੰਘ ਬੱਬਰ ਕੋਲੋਂ ਕਾਗਜ਼ ਸੰਭਾਲਣ ਦੀ ਮਦਦ ਮੰਗੀ। ਉਸ ਦੀ ਨਜ਼ਰ ਕੋਠੜੀ ਅੰਦਰ ਲੱਗੇ ਰੋਸ਼ਨਦਾਨ 'ਤੇ ਪਈ। ਉਹ ਕੰਧ ਦੇ ਨਾਲ ਲੱਤ ਲਾ ਕੇ ਖਲੋ ਗਿਆ ਤੇ ਮੈਂ ਇਕ ਪੈਰ ਪਾਣੀ ਦੀ ਟੂਟੀ 'ਤੇ, ਜਿਹੜੀ ਕਿ ਕੰਧ ਵਿਚ ਹੀ ਸੀ ਤੇ ਦੂਜਾ ਪੈਰ ਉਸਦੀ ਲੱਤ 'ਤੇ ਰੱਖ ਕੇ ਰੋਸ਼ਨਦਾਨ ਤੱਕ ਉੱਚਾ ਹੋ ਗਿਆ। ਕਬੂਤਰਾਂ ਦੇ ਆਲ੍ਹਣੇ ਦੇ ਕੱਖ ਪਰ੍ਹਾਂ ਹਟਾ ਕੇ ਕਾਗਜ਼ ਰੱਖ ਦਿੱਤੇ। ਪਰ ਸਵੇਰੇ ਵੇਖਿਆ ਕਿ ਕਾਗਜ਼ ਫਿਰ ਭੁੰਜੇ ਪਏ ਸਨ ਤੇ ਇਕ ਦੋ ਪਾਣੀ ਵਾਲੀ ਹੌਦੀ ਵਿਚ ਵੀ ਡਿੱਗੇ ਹੋਏ ਸਨ। ਅਵਤਾਰ ਸਿੰਘ ਨੇ ਫਿਰ ਮੇਰੀ ਮਦਦ ਕੀਤੀ ਤੇ ਇਸ ਵਾਰ ਅਸਾਂ ਕਾਗਜ਼ ਰੱਖ ਕੇ ਉਪਰ ਇਕ ਫੱਟੀ ਰੱਖ ਦਿੱਤੀ। ਕੁਝ ਦਿਨਾਂ ਬਾਅਦ ਹੀ ਮੈਨੂੰ ਅਦਾਲਤ ਵਲੋਂ ਕਿਤਾਬ ਲਿਖਣ ਦੀ ਇਜਾਜ਼ਤ ਮਿਲ ਗਈ। ਕਾਗਜ਼ ਪੈੱਨ ਵਗੈਰਾ ਸਭ ਕੁਝ ਮੈਂ ਸਾਹਮਣੇ ਹੀ ਰੱਖ ਸਕਦਾ ਸਾਂ। ਕਾਫੀ ਸਮੱਸਿਆ ਹੱਲ ਹੋ ਗਈ। ਇਸੇ ਤਰ੍ਹਾਂ ਗੁਰੂ ਦੀ ਕ੍ਰਿਪਾ ਨਾਲ ਇਹ ਲਿਖੇ ਕਾਗਜ਼ ਬਾਹਰ ਭੇਜੇ ਗਏ। ਫਿਰ ਵੀ ਥੋੜੇ ਜਿਹੇ ਕਾਗਜ਼ ਅੱਗੇ ਪਿਛੇ ਹੋ ਹੀ ਗਏ ਹਨ।

ਇਸ ਕਿਤਾਬ ਵਿਚ ਮੈਂ ਦੱਸਣਾ ਚਾਹੁੰਦਾ ਸਾਂ ਕਿ ਭਾਰਤੀ ਖੁਫੀਆ ਏਜੰਸੀਆਂ ਖੁਸਰਿਆਂ ਤੋਂ ਵੀ ਰਹੀਆਂ ਹੋਈਆਂ ਹਨ। ਖੁਸਰਿਆਂ ਨੂੰ ਵੀ ਆਪਣੇ ਇਲਾਕੇ ਵਿਚ ਹਰ ਜੰਮੇ ਬੱਚੇ ਦਾ ਪਤਾ ਹੁੰਦਾ ਹੈ। ਸਗੋਂ ਉਨ੍ਹਾਂ ਨੂੰ ਤਾਂ ਇਹ ਵੀ ਪਤਾ ਹੁੰਦਾ ਹੈ ਕਿ ਅਗਲੇ ਮਹੀਨੇ ਜਾਂ ਉਸ ਤੋਂ ਅਗਲੇ ਮਹੀਨੇ ਕੀਹਦੇ ਕੀਹਦੇ ਘਰ ਬੱਚਾ ਜੰਮਣਾ ਹੈ। ਬੱਚਾ ਨਿੰਮਣ ਤੋਂ ਬਾਅਦ ਜੰਮਣ ਤੱਕ ਦਾ ਉਨ੍ਹਾਂ ਨੂੰ ਪਤਾ ਹੁੰਦਾ ਹੈ। ਪਰ ਇਨ੍ਹਾਂ ਸੀ.ਬੀ.ਆਈ. ਵਾਲਿਆਂ ਨੂੰ ਤਾਂ ਮੇਰੇ ਹੀ ਨਾਂ ਦੇ ਇਕ ਹੋਰ ਬੰਦੇ, ਜਿਹੜਾ ਮੇਰੇ ਘਰ ਤੋਂ ਇਕ ਕਿਲੋਮੀਟਰ ਦੇ ਵੀ ਘਟ ਫਾਸਲੇ 'ਤੇ ਰਹਿੰਦਾ ਸੀ, ਬਾਰੇ ਪਤਾ ਨਹੀਂ ਸੀ ਤੇ ਇਹ ਪੁੱਛਣ ਮੇਰੇ ਕੋਲ ਇਕ ਡੀ.ਐਸ.ਪੀ. ਜੇਲ੍ਹ ਵਿਚ ਆਇਆ ਸੀ। ਉਹ ਉਸ ਦਾ ਵੇਰਵਾ ਮੇਰੇ ਨਾਲ ਰਲਗਡ ਕਰੀ ਫਿਰਦਾ ਸੀ। ਇਨ੍ਹਾਂ ਵਿਚੋਂ ਬਹੁਤੇ ਅਫ਼ਸਰ ਨਲਾਇਕ ਤੇ ਨਿਕੰਮੇ ਹਨ। ਬਹੁਤੇ ਹਰਿਆਣਾ ਪੁਲਿਸ ਵਿਚੋਂ ਡੈਪੂਟੇਸ਼ਨ 'ਤੇ ਲਏ ਹੋਏ ਹਨ। ਕੁਲ ਮਿਲਾ ਕੇ ਕੰਮ ਠੁੱਸ ਹੀ ਹੈ।

ਜਦੋਂ ਰੀਮਾਂਡ ਦੇ ਅਖੀਰਲੇ ਦਿਨ ਸਾਨੂੰ ਅਦਾਲਤ ਨੇ ਜੁਡੀਸ਼ੀਅਲ ਰੀਮਾਂਡ ਦੇ ਕੇ ਜੇਲ੍ਹ ਭੇਜ ਦਿੱਤਾ ਤਾਂ ਇਕ ਸੀ.ਬੀ.ਆਈ. ਅਫਸਰ ਨੇ ਆਪਣੇ ਨਾਲ ਦੇ ਅਫਸਰ, ਜੋ ਸਾਡੇ ਕੋਲ ਹੀ ਖਲੋਤਾ ਸੀ, ਨੂੰ ਕਿਹਾ, "ਇਹ ਅੱਤਵਾਦੀ ਬਹੁਤ ਹੁਸ਼ਿਆਰ ਹਨ, ਇਨ੍ਹਾਂ ਨੇ ਇਸ ਕੇਸ ਵਿਚ ਕਾਬੂ ਆਉਣ ਵਾਲਾ ਕੋਈ ਵੀ ਸਬੂਤ ਨਹੀਂ ਛਡਿਆ।" ਮੈਂ ਕਿਹਾ, "ਫਿਰ ਤੁਸੀਂ ਵੀ ਅੱਤਵਾਦੀਆਂ ਕੋਲੋਂ ਹੀ ਟ੍ਰੇਨਿੰਗ ਕਿਉਂ ਨਹੀਂ ਲੈਂਦੇ? ਆਪੇ ਹੀ ਤੀਸ ਮਾਰ ਖਾਂ ਬਣੇ ਫਿਰਦੇ ਹੋ।" ਉਸ ਨੇ ਮੇਰੇ ਵੱਲ ਲਾਲ ਲਾਲ ਡੇਲੇ ਕੱਢ ਕੇ ਵੇਖਿਆ ਤੇ ਫਿਰ ਦੂਸਰੇ ਅਫ਼ਸਰ ਨੂੰ ਪੁਛਿਆ, "ਇਹਦਾ ਪੁਲਿਸ ਰੀਮਾਂਡ ਅਜੇ ਹੈ ਕਿ ਜੇਲ੍ਹ ਭੇਜ ਦਿੱਤਾ ਹੈ?" ਉਸ ਨੇ ਕਿਹਾ, "ਜੇਲ੍ਹ ਭੇਜ ਦਿੱਤਾ ਹੈ।" "ਤਦੇ ਈ ਸਾਨੂੰ ਅੱਤਵਾਦੀਆਂ ਤੋਂ ਟ੍ਰੇਨਿੰਗ ਦਿਵਾਉਂਦਾ ਹੈ।" ਮੇਰੇ ਕੋਲੋਂ ਚੁੱਪ ਨਾ ਰਿਹਾ ਗਿਆ ਤੇ ਮੈਂ ਬੋਲ ਪਿਆ, "ਪੈਂਤੀ ਦਿਨ ਤੁਹਾਡੇ ਕੋਲ ਈ ਰਿਹਾ ਹਾਂ, ਘੱਟ ਜ਼ੋਰ ਤੇ ਨਹੀਂ ਲਾਇਆ ਤੁਸਾਂ ਸਾਰਿਆਂ ਨੇ ਰਲ ਮਿਲ ਕੇ"। ਸਿਪਾਹੀ ਸਾਨੂੰ ਅਦਾਲਤ ਤੋਂ ਬਾਹਰ ਨੂੰ ਲੈ ਕੇ ਤੁਰ ਪਏ ਤੇ ਗੱਲਬਾਤ ਏਥੇ ਹੀ ਟੁੱਟ ਗਈ।

ਸੀ.ਬੀ.ਆਈ., ਆਈ.ਬੀ. ਤੇ ਖਤਰਨਾਕ ਏਜੰਸੀ ਰਿਸਰਚ ਐਂਡ ਅਨੈਲਸਿਜ਼ ਵਿੰਗ (ਰਾਅ) ਵੀ ਫੌਜ ਦੇ ਉਸੇ ਸਰਕੂਲਰ ਨੰਬਰ 153, ਜੋ ਬਾਤਚੀਤ ਮੈਗਜ਼ੀਨ ਵਿਚ ਛਪਿਆ ਸੀ ਤੇ ਜਿਸ ਅਨੁਸਾਰ ਸਾਰੇ ਸਿੱਖ ਤੇ ਖਾਸ ਕਰਕੇ ਅੰਮ੍ਰਿਤਧਾਰੀ ਸਿੱਖ ਅੱਤਵਾਦੀ ਹਨ,

ਇਨ੍ਹਾਂ ਦਾ ਵਿਸਾਹ ਨਾ ਖਾਓ, ਵਾਲੀ ਹਦਾਇਤ 'ਤੇ ਹੀ ਅਮਲ ਕਰ ਰਹੇ ਸਨ। ਚਲੋ ਅਨਪੜ੍ਹ ਫੌਜੀਆਂ ਦਾ ਤਾਂ ਹੋਇਆ ਪਰ ਮੁਲਕ ਦੀਆਂ ਖੁਫੀਆ ਏਜੰਸੀਆਂ ਵੀ ਏਹੋ ਜਿਹੇ ਅਨਪੜ੍ਹਾਂ ਵਾਲੀਆਂ ਗੱਲਾਂ ਕਰਨ 'ਤੇ ਉਤਰੀਆਂ ਹੋਈਆਂ ਸਨ। ਪਟਿਆਲਾ ਹਾਊਸ ਵਿਚ ਸਾਡੇ ਅਦਾਲਤੀ ਕਾਗਜ਼ ਪੁਲਿਸ ਨੇ ਜੱਜ ਸਾਹਿਬ ਦੀ ਮੇਜ 'ਤੇ ਰੱਖੇ ਤਾਂ ਮੈਂ ਆਪ ਇਹ ਸ਼ਬਦ ਲਾਲ ਸਿਆਹੀ ਨਾਲ ਲਿਖੇ ਹੋਏ ਵੇਖੇ - "Terrorist Catagory 'A'" Deep Rooted ('ਏ' ਵਰਗ ਦੇ ਦਹਿਸ਼ਤਗਰਦ, ਡੂੰਘੀਆਂ ਜੜ੍ਹਾਂ) Warning : These people may appear harmless from outside but they are bassically committed to terrorism. (ਇਹ ਲੋਕ ਬਾਹਰੋਂ ਵੇਖਣ ਨੂੰ ਭਾਵੇਂ ਨੁਕਸਾਨ ਪਹੁੰਚਾਉਣ ਵਾਲੇ ਨਾ ਲੱਗਦੇ ਹੋਣ ਪਰ ਮੁਢਲੇ ਤੌਰ 'ਤੇ ਇਹ ਦਹਿਸ਼ਤਗਰਦੀ ਨੂੰ ਸਮਰਪਤ ਹਨ।)

ਇਹ ਪੜ੍ਹ ਕੇ ਮੈਂ ਝੱਟ ਸ. ਭਰਪੂਰ ਸਿੰਘ ਬਲਬੀਰ ਹੋਰਾਂ ਨੂੰ ਕੂਹਣੀ ਮਾਰੀ ਤੇ ਕਾਰਡ ਵੇਖਣ ਦਾ ਇਸ਼ਾਰਾ ਕੀਤਾ। ਉਨ੍ਹਾਂ ਵੀ ਪੜ੍ਹਿਆ। ਸ. ਭਰਪੂਰ ਸਿੰਘ ਜੀ ਨੂੰ ਇਹ ਪੜ੍ਹ ਕੇ ਏਨਾ ਗੁੱਸਾ ਆਇਆ ਕਿ ਉਨ੍ਹਾਂ ਸਿੱਧਾ ਹੀ ਜੱਜ ਸਾਹਿਬ ਨੂੰ ਆਖ ਦਿੱਤਾ ਕਿ ਲੰਮੀ ਸਾਰੀ ਤਾਰੀਖ ਪਾਓ ਤੇ ਕੰਮ ਮੁਕਾਓ, ਐਵੇਂ ਰੋਜ਼ ਰੋਜ਼ ਕਾਹਨੂੰ ਸਾਨੂੰ ਖਿੱਚੀ ਫਿਰਦੇ ਓ, ਸਾਨੂੰ ਕਿਹੜਾ ਕੋਈ ਇਨਸਾਫ ਮਿਲਣਾ ਹੈ। ਪਰ ਜਿਸ ਨਾਲ ਸ. ਭਰਪੂਰ ਸਿੰਘ ਗਿਲ੍ਹਾ ਕਰ ਰਹੇ ਸਨ, ਉਹ ਤਾਂ ਆਪ ਏਸੇ ਹੀ ਸਿਧਾਂਤ 'ਤੇ ਚੱਲ ਰਿਹਾ ਸੀ। ਏਸੇ ਹੀ ਜੱਜ ਨੇ ਸਾਡਾ ਦਸ ਦਿਨ ਦਾ ਪੁਲਿਸ ਰੀਮਾਂਡ ਦੇ ਦਿੱਤਾ ਸੀ ਜਦੋਂ ਕਿ ਸੀ.ਬੀ.ਆਈ. ਵਾਲਿਆਂ ਨੇ ਸਿਰਫ ਸੱਤ ਦਿਨ ਦਾ ਰੀਮਾਂਡ ਮੰਗਿਆ ਸੀ। ਇਹ ਜੱਜ ਉਹਨਾਂ ਨਾਲੋਂ ਕਿਧਰੋਂ ਘੱਟ ਸੀ? ਇਸ ਦੇਸ਼ ਵਿਚ ਪੱਤਾ ਪੱਤਾ ਸਿੱਖਾਂ ਦਾ ਵੈਰੀ ਬਣਿਆ ਹੋਇਆ ਸੀ। ਜੇਲ੍ਹ ਵਾਲੇ ਵੀ ਰੋਜ਼ ਸਾਡੇ ਵਾਰਨਿੰਗ ਵਾਲੇ ਕਾਰਡ ਪੜ੍ਹਦੇ ਸਨ ਤੇ ਅਦਾਲਤ ਵਿਚ ਪੇਸ਼ੀ ਲਈ ਲੈ ਕੇ ਜਾਣ ਵਾਲੀ ਗਾਰਦ ਵੀ ਪੜ੍ਹਦੀ ਸੀ। ਏਹੋ ਜਿਹੀ ਵਾਰਨਿੰਗ ਸਾਡੇ ਕਾਰਡਾਂ 'ਤੇ ਲਿਖੀ ਹੋਈ ਉਨ੍ਹਾਂ ਦੇ ਹੱਥ ਵਿਚ ਫੜੀ ਹੋਵੇ ਤੇ ਅਸੀਂ ਉਨ੍ਹਾਂ ਕੋਲੋਂ ਕਿਸੇ ਨਰਮੀ ਜਾਂ ਰਿਆਇਤ ਦੀ ਆਸ ਕਰੀਏ, ਇਹ ਸਾਡੀ ਬੇਵਕੂਫੀ ਹੀ ਸੀ?

ਇਹ ਚੇਤਾਵਨੀ ਲਿਖੇ ਜਾਣ ਤੋਂ ਬਾਅਦ ਕਿਹੜੀ ਅਦਾਲਤ ਤੇ ਕਿਹੜੀ ਪੁਲਿਸ ਗਾਰਦ ਸਾਡੇ ਨਾਲ ਹਮਦਰਦੀ ਰੱਖਦੀ? ਅਸੀਂ ਤਾਂ ਐਵੇਂ ਕਲਪਦੇ ਰਹਿੰਦੇ ਸਾਂ ਕਿ ਸਾਡੇ ਨਾਲ ਦੂਜਿਆਂ ਵਰਗਾ ਸਲੂਕ ਨਹੀਂ ਕਰਦੇ। 'ਉਹ ਫਿਰੇ ਨੱਥ ਘੜਾਉਣ ਨੂੰ ਤੇ ਉਹ ਫਿਰੇ ਨੱਕ ਵਢਾਉਣ ਨੂੰ' ਵਾਲੀ ਗੱਲ ਸੀ। ਜੇਲ੍ਹ ਅਧਿਕਾਰੀ ਵੀ ਏਸੇ ਹਦਾਇਤ 'ਤੇ ਅਮਲ ਕਰਦੇ ਸਨ ਤੇ ਸਾਨੂੰ ਲਗਦਾ ਸੀ, ਜਿਵੇਂ ਇਹ ਖਾਹ-ਮ-ਖਾਹ ਸਾਨੂੰ ਤੰਗ ਕਰ ਰਹੇ ਹਨ। ਜਦੋਂ ਅਸੀਂ ਚੌਕੜੀ ਮਾਰ ਦੇ ਪਾਠ ਕਰ ਰਹੇ ਹੁੰਦੇ, ਉਦੋਂ ਵੀ ਜੇਲ੍ਹ ਗਾਰਦ ਦਾ ਸਟਾਫ ਸਾਨੂੰ ਸ਼ੱਕੀ ਨਜ਼ਰ ਨਾਲ ਹੀ ਵੇਖਦਾ। ਇਹੋ ਕਾਰਣ ਸੀ ਕਿ ਸਾਡੇ ਘਰੋਂ ਮੰਗਵਾਏ ਹੋਏ ਕਛਹਿਰੇ ਵੀ ਸ਼ੱਕ ਦੇ ਘੇਰੇ ਵਿਚ ਆ ਗਏ ਸਨ। ਸਾਡੀ ਮੁਲਾਕਾਤ ਆਈ.ਜੀ. ਦੇ ਹੁਕਮ ਨਾਲ ਹੀ ਹੋ ਸਕਦੀ ਸੀ। ਇਹ ਵੀ ਇਕ ਬਹਾਨਾ ਸੀ। ਅਸਲ ਵਿਚ ਖੁਫੀਆ ਏਜੰਸੀਆਂ ਇਹ ਅਰਥਾ ਖਰਬਾ ਲਾਉਂਦੀਆਂ ਸਨ ਕਿ ਸਾਨੂੰ ਮਿਲਣ ਕੌਣ ਆਇਆ ਹੈ? ਜੇ ਸਾਡੇ ਘਰੇਲੂ ਜਾਂ ਰਿਸ਼ਤੇਦਾਰੀ ਦੇ ਦਾਇਰੇ ਤੋਂ ਬਾਹਰਲਾ ਕੋਈ ਬੰਦਾ ਮਿਲਣ ਆਉਂਦਾ ਤਾਂ ਝਟ ਸੀ.ਬੀ.ਆਈ. ਦਾ ਕੋਈ ਕਰਮਚਾਰੀ ਆ ਜਾਂਦਾ ਤੇ ਪੁੱਛਦਾ, "ਏਕ ਤੋ ਆਪ ਕੇ ਭਾਈ ਸਾਹਿਬ ਆਏ ਥੇ, ਸਾਥ ਮੇਂ ਫਲਾਨਾ ਸਿੰਘ ਕੌਨ ਥਾ?" ਪੂਰਾ ਜਵਾਬ ਮਿਲਣ 'ਤੇ ਹੀ ਉਹ

ਸੰਤੁਸ਼ਟ ਹੁੰਦੇ। ਜਿਹੜੇ ਨਾਂ ਪੁੱਛਗਿੱਛ ਸਮੇਂ ਸੀ.ਬੀ.ਆਈ. ਦੇ ਰਿਕਾਰਡ ਵਿਚ ਆਏ ਸਨ, ਉਨ੍ਹਾਂ ਤੋਂ ਇਲਾਵਾ ਕੋਈ ਵੀ ਹੋਰ ਨਾਂ ਸੀ.ਬੀ.ਆਈ. ਦਾ ਮੇਹਦਾ ਨਾ ਪਚਾ ਸਕਦਾ।

ਜੇਲ੍ਹ ਤੋਂ ਬਾਹਰ ਆ ਕੇ ਤਿੰਨ ਚਾਰ ਸਾਲ ਤੱਕ ਸਾਨੂੰ ਕਦੇ ਵੀ ਟੈਲੀਫੋਨ ਖਰਾਬ ਹੋਣ ਦੀ ਸ਼ਕਾਇਤ ਟੈਲੀਫੋਨ ਮਹਿਕਮੇਂ ਨੂੰ ਨਾ ਲਿਖਵਾਉਣੀ ਪਈ। ਕਿਉਂਕਿ ਟੈਲੀਫੋਨ ਟੇਪ ਹੁੰਦੇ ਸਨ। ਜੇ ਜਰਾ ਵੀ ਕੋਈ ਟੈਲੀਫੋਨ ਵਿਚ ਖਰਾਬੀ ਆ ਜਾਂਦੀ ਤਾਂ ਲਾਈਨਮੈਨ ਆ ਕੇ ਕਹਿੰਦੇ, "ਸਰਦਾਰ ਜੀ ਤੁਹਾਡਾ ਟੈਲੀਫੋਨ ਚੈਕ ਕਰਨਾ ਸੀ, ਜਰਾ ਖ਼ਰਾਬ ਹੈ।" "ਹੈਂ, ਖਰਾਬ ਹੈ? ਪਰ ਅਸਾਂ ਤੇ ਕੋਈ ਸ਼ਕਾਇਤ ਨਹੀਂ ਲਿਖਾਈ, ਤੁਹਾਨੂੰ ਕਿਵੇਂ ਪਤਾ ਲੱਗ ਗਿਐ?" ਪਰ ਉਸ ਵਿਚਾਰੇ ਲਾਈਨਮੈਨ ਨੂੰ ਕੀ ਪਤਾ ਸੀ ਕਿ ਸ਼ਕਾਇਤ ਕੀਹਨੇ ਲਿਖਵਾਈ ਹੈ। ਉਹ ਅਗੋਂ ਕਹਿ ਦਿੰਦੇ, "ਜੀ ਸ਼ਕਾਇਤ ਤਾਂ ਲਿਖਵਾਈ ਹੋਊ ਤਾਂ ਹੀ ਸਾਡੇ ਕੋਲ ਆਈ ਹੈ।" ਜਦੋਂ ਅਸੀਂ ਅੰਦਰ ਜਾ ਕੇ ਟੈਲੀਫੋਨ ਦਾ ਰਸੀਵਰ ਚੁੱਕ ਕੇ ਵੇਖਦੇ ਤਾਂ ਉਹ ਸੱਚਮੁੱਚ ਹੀ ਖਰਾਬ ਹੁੰਦਾ। ਅੱਜ ਪੰਦਰਾਂ ਸਾਲ ਬਾਅਦ ਵੀ ਠੀਕ ਠਾਕ ਜਿਹੇ ਸਿੱਖਾਂ ਦੇ ਟੈਲੀਫੋਨ ਟੇਪ ਹੋ ਰਹੇ ਹਨ ਪਰ ਪਹਿਲਾਂ ਵਾਂਗ ਪਤਾ ਕਿਸੇ ਨੂੰ ਵੀ ਨਹੀਂ। ਸਾਡੇ ਵਾਲੇ ਕੇਸ ਵਿਚ ਹੀ ਰਾਇਲ ਮਾਊਂਟਿਡ ਪੁਲਿਸ ਕੈਨੇਡਾ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਨੇ ਝਾੜ ਪਾਈ ਸੀ ਕਿ ਤੁਸਾਂ ਟੈਲੀਫੋਨ ਟੇਪ ਹੀ ਕਿਉਂ ਕੀਤੇ? ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਅਮਰੀਕਾ ਵਿਚ ਤਾਂ ਟੈਲੀਫੋਨ ਟੇਪ ਹੋਣ ਦਾ ਜਿਹੜਾ ਵਾਟਰਗੇਟ ਸਕੈਂਡਲ ਹੋਇਆ ਸੀ, ਉਸ ਵਿਚ ਅਮਰੀਕਾ ਦੇ ਰਾਸ਼ਟਰਪਤੀ ਨੂੰ ਅਸਤੀਫਾ ਤਕ ਦੇਣਾ ਪਿਆ ਸੀ। ਪਰ ਭਾਰਤ ਦੀ ਅਦਾਲਤ ਵਿਚ ਜਦੋਂ ਟੈਲੀਫੋਨ ਟੇਪ ਕਰਨ ਦਾ ਸੁਆਲ (ਸੈਸ਼ਨ) ਜੱਜ ਅੱਗੇ ਸਾਡੇ ਵਕੀਲਾਂ ਨੇ ਉਠਾਇਆ ਤਾਂ ਸੀ.ਬੀ.ਆਈ. ਦੇ ਵਕੀਲ ਨੇ ਬੜੀ ਬੇਸ਼ਰਮੀ ਨਾਲ ਕਿਹਾ ਕਿ ਟਾਡਾ ਐਕਟ ਲਾਗੂ ਹੋ ਜਾਣ ਨਾਲ ਟੈਲੀਫੋਨ ਟੇਪ ਤਾਂ ਕੀ ਸਾਰੇ ਹੀ ਮਨੁੱਖੀ ਅਧਿਕਾਰ ਖਤਮ ਹੋ ਜਾਂਦੇ ਹਨ। ਉਸ ਵਕੀਲ ਨੇ ਬੜੀ ਬੇਸ਼ਰਮੀ ਨਾਲ ਕਿਹਾ, "ਜੇ ਇਕ ਹੌਲਦਾਰ, ਰਾਤ ਦੇ ਦੋ ਵਜੇ ਜਾਂ ਜਿਹੜੇ ਵੇਲੇ ਮਰਜੀ, ਕਿਸੇ ਦੇ ਘਰ ਦਾਖਲ ਹੋ ਸਕਦਾ ਹੈ ਤੇ ਬੰਦ ਦਰਵਾਜੇ ਦਾ ਤਾਲਾ ਤੱਕ ਤੋੜ ਸਕਦਾ ਹੈ ਤਾਂ ਕੀ ਮਹਿਕਮਾ ਟੈਲੀਫੋਨ ਦੇਸ ਨੂੰ ਟੁੱਟਣ ਤੋਂ ਬਚਾਉਣ ਲਈ ਟੈਲੀਫੋਨ ਟੇਪ ਕਰਨ ਵਰਗੀ ਮਾਮੂਲੀ ਕਾਰਵਾਈ ਨਹੀਂ ਕਰ ਸਕਦਾ?" ਸਾਡੇ ਵਕੀਲ ਨੇ ਤਿਲਮਿਲਾ ਕੇ ਕਿਹਾ, "ਇਹ ਤਾਂ ਕੋਈ ਅਜ਼ਾਦੀ ਨਾ ਹੋਈ। ਇਸ ਤਰ੍ਹਾਂ ਤਾਂ ਦੇਸ਼ ਸੱਚ ਮੁੱਚ ਹੀ ਟੁੱਟ ਜਾਇਗਾ" ਅਤੇ ਸੀ.ਬੀ.ਆਈ. ਦੇ ਵਕੀਲ ਨੇ ਕਿਹਾ ਸੀ, "ਬਾਹਰ ਬਰਾਂਡੇ ਵਿਚ ਖਲੋ ਕੇ ਏਹੋ ਗੱਲ ਆਖੋ, ਫੇਰ ਵੇਖਿਓ ਵਕੀਲ ਸਾਹਿਬ ਕਿਵੇਂ ਹੱਥਕੜੀਆਂ ਛਣਕਦੀਆਂ ਹਨ। ਕਿਉਂਕਿ ਦੇਸ਼ ਦੇ ਟੁੱਟਣ ਦੀ ਭਵਿੱਖਬਾਣੀ ਕਰਨਾ ਜਾਂ ਕੋਈ ਤੌਖਲਾ ਜਾਹਰ ਕਰਨਾ ਵੀ ਟਾਡਾ ਐਕਟ ਥੱਲੇ ਆਉਂਦਾ ਹੈ। ਲਗਦਾ ਹੈ ਤੁਸੀਂ ਟਾਡਾ ਐਕਟ ਪੜ੍ਹਿਆ ਨਹੀਂ, ਜੇ ਪੜ੍ਹਿਆ ਹੁੰਦਾ ਤਾਂ ਕੋਈ ਵੀ ਗੱਲ ਕਰਨ ਲੱਗੇ ਦੱਸ ਵਾਰੀ ਸੋਚਦੇ।" ਸੀ.ਬੀ.ਆਈ. ਦੇ ਵਕੀਲ ਸਪੈਸ਼ਲ ਕੋਰਟਾਂ ਦੇ ਜੱਜਾਂ ਨਾਲ ਵੀ ਪੰਗੇ ਲੈਣੋ ਨਹੀਂ ਸਨ ਟਲਦੇ। ਕਈਆਂ ਕੇਸਾਂ ਵਿਚ ਸਰਕਾਰੀ ਵਕੀਲ ਸਿਰਫ ਏਨਾ ਹੀ ਕਹਿੰਦੇ, "ਜੀ ਇਸ ਕੇਸ ਵਿਚ ਸਿਰਫ ਹੋਰ ਤਾਰੀਖ ਪਾ ਦਿਓ ਅਜੇ ਇਕ ਸਾਲ ਨਹੀਂ ਹੋਇਆ।" ਹੈਰਾਨੀ ਦੀ ਗੱਲ ਇਹ ਸੀ ਕਿ ਜੱਜ ਉਨ੍ਹਾਂ ਦਾ ਕਹਿਣਾ ਚੁੱਪ ਚਾਪ ਮੰਨ ਜਾਂਦੇ। ਸਾਡੇ ਹੀ ਕੇਸ ਵਿਚ ਸੀ.ਬੀ.ਆਈ. ਨੇ ਸਾਡਾ ਸੱਤ ਦਿਨ ਦਾ ਪੁਲਿਸ ਰੀਮਾਂਡ ਮੰਗਿਆ ਪਰ ਜੱਜ ਭਾਰਤ ਭੂਸ਼ਣ ਨੇ ਦਸ ਦਿਨਾਂ ਦਾ ਦੇ ਦਿੱਤਾ। ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਸ਼ਾਇਦ ਇਸ ਤਰ੍ਹਾਂ ਇਹ ਪਹਿਲੀ ਵਾਰ ਹੋਇਆ ਹੋਵੇ,

'ਚੋਰ ਨਾਲੋਂ ਪੰਡ ਕਾਹਲੀ' ਵਾਲੀ ਗੱਲ ਸੀ। ਸਿੱਖ ਜੱਜ ਤਾਂ ਡਰਦੇ ਸਭ ਕੁਝ ਮੰਨੀ ਜਾਂਦੇ ਸਨ ਤੇ ਹਿੰਦੂ ਸ਼ਾਇਦ ਦੇਸ਼ ਸੇਵਾ ਕਰ ਰਹੇ ਸਨ।

ਜਦੋਂ ਅਸੀਂ ਜੇਲ੍ਹ ਤੋਂ ਬਾਹਰ ਆਏ ਤਾਂ ਬਹੁਤ ਸਾਰੇ ਨੌਜਵਾਨ ਪੁਲਿਸ ਦੀ ਗੋਲੀ ਨਾਲ ਮਾਰੇ ਜਾ ਚੁੱਕੇ ਸਨ ਤੇ ਓਧਰ ਬਰਨਾਲੇ ਦੀ ਸਰਕਾਰ ਦਾ ਵੀ ਉੱਨੀ ਮਹੀਨੇ ਬਾਅਦ ਰਗ ਪੈ ਗਿਆ ਸੀ। ਕੁਲ ਮਿਲਾ ਕੇ ਸਿੱਖ ਉਥੇ ਹੀ ਖੜ੍ਹੇ ਸਨ, ਜਿਥੋਂ ਤੁਰੇ ਸਨ। ਜੇਲ੍ਹੋਂ ਬਾਹਰ ਆਉਣ ਤੱਕ ਮੇਰਾ ਆਰਥਕ ਤੌਰ 'ਤੇ ਬੜਾ ਨੁਕਸਾਨ ਹੋ ਚੁੱਕਾ ਸੀ। ਜਲੰਧਰ ਮਿਊਂਸੀਪਲ ਕਾਰਪੋਰੇਸ਼ਨ ਦੀ ਹੱਦ ਵਿਚ ਮੇਰੀ ਵੀਹ ਏਕੜ ਜ਼ਮੀਨ ਲੈਦਰ ਗੁਡਸ ਕੰਪਲੈਕਸ ਵਾਸਤੇ ਐਕੁਆਇਰ ਹੋ ਗਈ ਸੀ। ਉਥੇ ਜ਼ਮੀਨ ਦੀ ਕੀਮਤ ਉਦੋਂ ਪੰਜ ਲੱਖ ਰੁਪਏ ਏਕੜ ਤੋਂ ਘੱਟ ਨਹੀਂ ਸੀ ਪਰ ਸਰਕਾਰ ਨੇ ਬਹੁਤ ਘੱਟ ਮੁੱਲ, ਸਿਰਫ ਨੱਬੇ ਹਜ਼ਾਰ ਰੁਪਏ ਫੀ ਏਕੜ ਦਾ ਦਿੱਤਾ। ਮੇਰੀ ਜ਼ਮੀਨ ਦੋਹੀਂ ਪਾਸੀਂ ਪੱਕੀ ਸੜਕ 'ਤੇ ਲੱਗਦੀ ਸੀ ਤੇ ਉਪਜਾਊ ਵੀ ਬਹੁਤ ਸੀ। ਬਿਜਲੀ ਦਾ ਸਾਢੇ ਸੱਤ ਹਾਰਸ ਪਾਵਰ ਦਾ ਕੁਨੈਕਸ਼ਨ ਲੱਗਾ ਹੋਇਆ ਸੀ, ਜਿਸਦਾ ਅਕਾਂਉਟ ਨੰਬਰ ਪੀ-278 ਸੀ ਪਰ ਲੈਂਡ ਐਕੁਜ਼ੀਸ਼ਨ ਅਫਸਰ ਨੇ ਆਪਣੇ ਫੈਸਲੇ ਵਿਚ ਲਿਖਿਆ, "ਇਹ ਕਿਸਾਨ ਗੰਦੇ ਨਾਲੇ ਵਿਚੋਂ ਟਿਊਬਵੈਲ ਦੀ ਮੋਟਰ ਨਾਲ ਪਾਣੀ ਚੁੱਕ ਕੇ ਖੇਤਾਂ ਨੂੰ ਲਾਉਂਦਾ ਹੈ, ਇਸ ਤਰ੍ਹਾਂ ਇਹ ਜ਼ਮੀਨ ਨਹਿਰੀ ਚਾਹੀ ਗਿਣੀ ਜਾਣੀ ਚਾਹੀਦੀ ਹੈ ਪਰ ਡੀ.ਸੀ. ਜਲੰਧਰ ਨੇ ਨਹਿਰੀ ਜ਼ਮੀਨ ਦੇ ਰੇਟ ਨਹੀਂ ਭੇਜੇ, ਇਸ ਲਈ ਮੈਂ ਇਸ ਜ਼ਮੀਨ ਨੂੰ ਬਰਾਨੀ ਦੇ ਰੇਟ ਦੇ ਹਿਸਾਬ ਤੇਈ ਹਜ਼ਾਰ ਰੁਪਏ ਫੀ ਏਕੜ ਲਾਉਂਦਾ ਹਾਂ।" ਜੇ ਮੈਂ ਏਥੇ ਹੁੰਦਾ ਤਾਂ ਕੁਝ ਨਾ ਕੁਝ ਆਟਾ ਦਲੀਆ ਕਰਦਾ ਪਰ ਜਾਗਦਿਆਂ ਦੀਆਂ ਕੱਟੀਆ ਤੇ ਸੁੱਤਿਆਂ ਦੇ ਕੱਟੇ ਵਾਲੀ ਗੱਲ ਹੋਈ। ਵੀਹਾਂ ਏਕੜਾ ਨੂੰ ਤੇਈ ਹਜ਼ਾਰ ਨਾਲ ਜਰਬ ਦੇ ਕੇ, ਉਨ੍ਹਾਂ 14 ਅਗਸਤ 1987 ਨੂੰ ਪੈਸੇ ਮੇਰੇ ਹੱਥ ਫੜਾਏ। ਇਕ ਹੋਰ ਕੇਸ ਮੇਰਾ ਸੁਪਰੀਮ ਕੋਰਟ ਵਿਚ ਸੀ ਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਰਿਟਾ. ਜਸਟਿਸ ਰਣਜੀਤ ਸਿੰਘ ਨਰੂਲਾ ਮੇਰੇ ਵਕੀਲ ਸਨ। ਉਸ ਕੇਸ ਦੀ ਵੀ ਜੇਲ੍ਹ ਵਿਚ ਹੋਣ ਕਰਕੇ ਪੈਰਵੀ ਨਾ ਹੋਈ ਤੇ ਅਪੀਲ ਨਾ ਮਨਜ਼ੂਰ ਹੋ ਗਈ ਤੇ ਮੈਂ ਕੇਸ ਹਾਰ ਗਿਆ। ਆਰਥਿਕ ਪੱਖੋਂ ਤਾਂ ਮੇਰੇ ਪਰਿਵਾਰ ਦਾ ਜਿਵੇਂ ਲੱਕ ਹੀ ਟੁੱਟ ਗਿਆ। ਓਧਰ ਸੀ.ਬੀ.ਆਈ. ਦਾ ਪਾਰਲੀਮੈਂਟ ਉਡਾਉਣ ਵਾਲਾ ਵੇਰਵਾ ਪੰਜਾਬ ਪੁਲਿਸ ਕੋਲ ਵੀ ਆ ਗਿਆ ਸੀ। ਕੋਈ ਘਟਨਾ ਦੂਰ ਕਿਤੇ ਵੀ ਵਾਪਰਦੀ ਪੁਲਿਸ ਮੈਨੂੰ ਫੜ੍ਹਨ ਆ ਜਾਂਦੀ। ਸੀ.ਬੀ.ਆਈ. ਵਾਲੇ ਕੇਸ ਵਿਚ ਵੀ ਅਜੇ ਜ਼ਮਾਨਤ ਹੀ ਹੋਈ ਸੀ। ਇਸ ਤਰ੍ਹਾਂ ਇਸ ਤੋਂ ਬਾਅਦ ਪੁਲਿਸ ਨੇ ਮੈਨੂੰ ਸਤਾਰਾਂ ਵਾਰ ਗ੍ਰਿਫਤਾਰ ਕੀਤਾ। ਨਜਾਇਜ਼ ਹਿਰਾਸਤ ਵਿਚ ਕਈ ਕਈ ਦਿਨ ਰੱਖਣ ਤੋਂ ਇਲਾਵਾ 107/151, 212/216, 25/54/59, 307 ਆਈ.ਪੀ.ਸੀ., 153 ਬੀ. ਤੇ ਹੋਰ ਕਿੰਨੇ ਹੀ ਪੁਲਿਸ ਕੇਸ ਰਜਿਸਟਰ ਹੋਏ। 1987 ਤੋਂ ਲੈ ਕੇ 1990 ਤੱਕ ਪੰਜਾਬ ਪੁਲਿਸ ਨੇ ਮੈਨੂੰ ਸਾਹ ਨਾ ਲੈਣ ਦਿੱਤਾ ਤੇ ਮੇਰੇ ਘਰ ਰੇਡ 'ਤੇ ਰੇਡ ਹੁੰਦਾ ਰਿਹਾ।

ਇਕ ਵਾਰ ਰਾਤ ਨੂੰ ਡੇਢ ਵਜੇ ਸੀ.ਆਰ.ਪੀ. ਨੇ ਰੇਡ ਕੀਤਾ। ਸੀ.ਆਰ.ਪੀ. ਵਾਲੇ ਮੇਰੇ ਘਰ ਦੀਆਂ ਕੰਧਾਂ ਟੱਪ ਕੇ ਅੰਦਰ ਆਏ ਸਨ, ਜੋ ਬਿੱਲਕੁਲ ਗੈਰਕਾਨੂੰਨੀ ਗੱਲ ਸੀ। ਕੁਤਿਆ ਦੇ ਭੌਂਕਣ ਦੀ ਅਵਾਜ਼ ਸੁਣ ਕੇ ਜਦੋਂ ਮੈਂ ਬਾਹਰ ਨਿਕਲਿਆ ਤਾਂ ਕੁੱਤੇ ਝਈਆਂ ਲੈ ਲੈ ਕੇ ਅੰਬਾਂ ਦੇ ਬਾਗ ਵੱਲ ਨੂੰ ਜਾਂਦੇ ਸਨ। ਮੈਂ ਥੋੜ੍ਹਾ ਅੱਗੇ ਗਿਆ ਤਾਂ ਅੱਗੋਂ ਅਵਾਜ਼ ਆਈ 'ਪੀਛੇ ਭਾਗ ਜਾ'। ਇਸ ਤਰ੍ਹਾਂ ਇਹ ਅਵਾਜ਼ ਤਿੰਨ ਚਾਰ ਵਾਰ ਆਈ ਤਾਂ ਮੈਂ

ਸਮਝਿਆ ਕਿ ਕੋਈ ਲੁਟੇਰੇ ਹਨ। ਮੈਂ ਅੰਦਰੋਂ ਆਪਣੀ ਲਾਇਸੈਂਸੀ ਦੋਨਾਲੀ ਬੰਦੂਕ ਨਾਲ ਫਾਇਰ ਕੀਤਾ ਕਿ ਲੁਟੇਰੇ ਦੌੜ ਜਾਣ ਪਰ ਮੇਰੇ ਫਾਇਰ ਕਰਦਿਆਂ ਹੀ ਅਗੋਂ ਸੈਂਕੜੇ ਗੋਲੀਆਂ ਦਾਗ ਦਿੱਤੀਆਂ ਗਈਆਂ। ਮੇਰੇ ਘਰ ਦੇ ਕਈ ਸ਼ੀਸ਼ੇ ਟੁੱਟ ਗਏ ਤੇ ਮੈਂ ਭੱਜ ਕੇ ਅੰਦਰ ਆ ਵੜਿਆ। ਮੇਰੀ ਪਤਨੀ ਮੇਰੇ ਨਾਲ ਕਾਰਤੂਸਾਂ ਦਾ ਡੱਬਾ ਫੜ ਕੇ ਖਲੋਤੀ ਸੀ। ਦੂਰ ਤੱਕ ਵਾਇਰਲੈਸਾਂ ਖੜਕ ਗਈਆਂ। ਪੰਜਾਬ ਪੁਲਿਸ ਦਾ ਐਸ.ਐਸ.ਪੀ. ਤੇ ਉਸ ਵੇਲੇ ਦਾ ਐਸ.ਪੀ. (ਡੀ) ਸਵਰਨ ਸਿੰਘ ਘੋਟਨਾ ਵੀ ਕਈ ਪੁਲਿਸ ਦੀਆਂ ਗੱਡੀਆਂ ਲੈ ਕੇ ਪਹੁੰਚ ਗਿਆ। ਮੇਰੇ ਸਕੂਲ ਵਿਚ ਪੜ੍ਹਦੇ ਦੋਹਾਂ ਬੇਟਿਆਂ ਨੂੰ ਤੇ ਮੈਨੂੰ ਵੱਖ-ਵੱਖ ਗੱਡੀਆਂ ਵਿਚ ਬਿਠਾ ਕੇ ਲੈ ਗਏ। ਮੇਰੀ ਪਤਨੀ ਨੂੰ ਸਾਡੇ ਤਿੰਨਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ। ਪੰਜਾਬ ਪੁਲਿਸ ਨੇ ਮੇਰੇ ਬੇਟਿਆਂ 'ਤੇ ਵੀ ਬਹੁਤ ਤਸ਼ੱਦਦ ਕੀਤਾ ਤੇ ਮੇਰੇ 'ਤੇ ਵੀ, ਅਖੇ ਤੂੰ ਗੋਲੀ ਕਿਉਂ ਚਲਾਈ? ਮੇਰੇ 'ਤੇ ਦੋ ਕੇਸ ਬਣਾ ਦਿੱਤੇ ਗਏ।

ਇਹੋ ਜਿਹੀਆਂ ਘਟਨਾਵਾਂ ਦਾ ਅਣਜਾਣਿਆ ਜਿਹਾ ਡਰ ਤੇ ਸਹਿਮ ਹਰ ਵੇਲੇ ਮੇਰੀ ਪਤਨੀ ਨੂੰ ਰਹਿੰਦਾ ਤੇ ਏਸੇ ਫਿਕਰ ਕਰਕੇ ਹੀ ਉਸ ਨੂੰ ਬਲੱਡ ਪ੍ਰੈਸ਼ਰ ਰਹਿਣ ਲੱਗ ਪਿਆ। ਜਦੋਂ ਕਿ ਪਹਿਲਾਂ ਕਦੇ ਵੀ ਉਸ ਨੂੰ ਕੋਈ ਨਿੱਕੀ ਮੋਟੀ ਬਿਮਾਰੀ ਵੀ ਨਹੀਂ ਸੀ ਹੋਈ। ਅਸਲ ਵਿਚ ਉਹ ਬਹੁਤ ਦਲੇਰ ਔਰਤ ਸੀ ਤੇ ਆਮ ਔਰਤਾਂ ਵਾਂਗ ਦੁੱਧ ਉਬਲ ਜਾਣ 'ਤੇ ਹੀ ਰੋਣ ਨਹੀਂ ਸੀ ਲੱਗ ਪੈਂਦੀ ਪਰ ਇਹੋ ਜਿਹੇ ਜਾਣੇ ਤੇ ਅਣਜਾਣੇ ਸਹਿਮ ਨੇ ਉਸ ਦੀ ਜਾਨ ਲੈ ਲਈ। ਅਕਾਲ ਚਲਾਣੇ ਸਮੇਂ ਉਸ ਦੀ ਉਮਰ ਸਿਰਫ 39 ਸਾਲ ਸੀ।

ਪੰਜਾਬ ਪੁਲਿਸ ਦੇ ਟਾਊਟ ਅਕਾਲੀ ਨੀਲੀਆਂ ਪੱਗਾਂ ਬੰਨ੍ਹ ਕੇ ਥਾਣਿਆਂ ਵਿਚ ਖਾੜਕੂਆਂ ਨਾਲ ਕਿਹੋ ਜਿਹਾ ਵਿਹਾਰ ਕਰਦੇ ਸਨ? ਉਸਦੀ ਇਕ ਮਿਸਾਲ ਦੇਣੀ ਜ਼ਰੂਰੀ ਸਮਝਦਾ ਹਾਂ। ਮੈਨੂੰ ਤਿਹਾੜ ਜੇਲ੍ਹ ਵਿਚੋਂ ਆਇਆਂ ਅਜੇ ਥੋੜਾ ਚਿਰ ਹੀ ਹੋਇਆ ਸੀ ਕਿ ਰਾਜੀਵ ਗਾਂਧੀ ਜਲੰਧਰ ਆਇਆ ਤੇ ਉਸਦੇ ਆਉਣ ਤੋਂ ਚਾਰ ਦਿਨ ਪਹਿਲਾਂ ਹੀ ਥਾਣਾ ਸਦਰ, ਜਲੰਧਰ ਦੀ ਪੁਲਿਸ ਨੇ ਮੈਨੂੰ ਫੜ ਕੇ ਥਾਣੇ ਡੱਕ ਦਿੱਤਾ। ਉਹ ਮੈਨੂੰ ਕਹਿਣ ਵੀ ਕੁਝ ਨਾ, ਪੁੱਛਣ ਵੀ ਕੁਝ ਨਾ ਤੇ ਛੱਡਣ ਵੀ ਨਾ। ਮੇਰੇ ਘਰ ਦਿਆਂ ਨੂੰ ਇਹ ਵੀ ਪਤਾ ਨਾ ਲੱਗਾ ਕਿ ਮੈਨੂੰ ਫੜ ਕੇ ਕਿਥੇ ਰਖਿਆ ਹੈ। ਮੈਂ ਜਿਉਂਦਾ ਵੀ ਹਾਂ ਕਿ ਨਹੀਂ? ਨੌਆਂ ਦਿਨਾਂ ਬਾਅਦ ਮੈਂ ਇਕ ਸਿੱਖ ਹੌਲਦਾਰ ਨੂੰ ਕਿਹਾ ਕਿ ਜੇ ਤੂੰ ਹੋਰ ਕੁਝ ਨਹੀਂ ਕਰ ਸਕਦਾ ਤਾਂ ਘੱਟ ਤੋਂ ਘੱਟ ਮੈਨੂੰ ਇੰਸਪੈਕਟਰ ਦੇ ਮੱਥੇ ਤਾਂ ਲਾ। ਉਹ ਮੰਨ ਗਿਆ ਤੇ ਕਹਿਣ ਲੱਗਾ, ਅੱਜ ਮੈਂ ਤੁਹਾਨੂੰ ਇੰਸਪੈਕਟਰ ਸਾਹਮਣੇ ਪੇਸ਼ ਕਰੂੰ। ਲਫਜ਼ 'ਪੇਸ਼ ਕਰੂੰ' ਮੇਰੇ ਕੰਨਾਂ ਵਿਚ ਕੱਚ ਵਾਂਗ ਵੱਜਾ। ਪਰ ਮੈਂ ਕਰ ਵੀ ਕੀ ਸਕਦਾ ਸਾਂ? ਭਾਣਾ ਹੀ ਮੰਨਿਆ ਜਾ ਸਕਦਾ ਸੀ। ਮੈਨੂੰ ਪਹਿਲੀ ਵਾਰ ਭਾਣਾ ਸ਼ਬਦ ਦੀ ਪੂਰੀ ਪੂਰੀ ਸਮਝ ਲੱਗੀ। ਸਿੱਖ ਧਰਮ ਵਿਚ ਬਾਰ ਬਾਰ ਭਾਣਾ ਮੰਨਣਾ ਸ਼ਬਦ ਵਰਤਿਆ ਜਾਂਦਾ ਹੈ। ਪਰ ਭਾਣਾ ਤੇ ਮਜਬੂਰੀ ਦੋਵਾਂ ਸ਼ਬਦਾਂ ਦੇ ਇਕ ਹੀ ਅਰਥ ਹਨ। ਮਜਬੂਰੀ ਨੂੰ ਹੀ ਭਾਣਾ ਆਖਿਆ ਜਾਂਦਾ ਹੈ। ਬਾਅਦ ਵਿਚ ਮੈਂ ਇਸ 'ਭਾਣਾ' ਸ਼ਬਦ ਦੀ ਬਹੁਤ ਕਿਤਾਬਾਂ ਪੜ੍ਹ ਪੜ੍ਹ ਕੇ ਘੋਖ ਕੀਤੀ ਹੈ। ਇਸ ਦਾ ਮਤਲਬ ਮਜਬੂਰੀ ਹੀ ਹੈ। ਦੂਜੇ ਦਿਨ ਇੰਸਪੈਕਟਰ, ਜੋ ਇਕ ਸਿੱਖ ਹੀ ਸੀ, ਆਇਆ ਤਾਂ ਮੈਨੂੰ ਉਹ ਹੌਲਦਾਰ ਉਸ ਦੇ ਕਮਰੇ ਵਿਚ ਲੈ ਗਿਆ। ਮੈਨੂੰ ਵੇਖਦਿਆਂ ਹੀ ਇੰਸਪੈਕਟਰ ਮੁਣਸ਼ੀ ਨੂੰ ਪੁੱਛਣ ਲੱਗਾ "ਏਹਨੂੰ ਕਾਹਦੇ ਲਈ ਲਿਆਂਦਾ ਸੀ ਭਲਾ?" "ਜਨਾਬ ਪ੍ਰਧਾਨ ਮੰਤਰੀ ਨੇ ਆਉਣਾ ਸੀ ਨਾ ਜੀ, ਇਸ ਕਰਕੇ ਏਹਨੂੰ ਇਹਤਿਆਤਨ ਹਿਰਾਸਤ ਵਿਚ ਲਿਆ ਸੀ।"

ਇੰਸਪੈਕਟਰ ਦੇ ਬੋਲਣ ਤੋਂ ਪਹਿਲਾਂ ਹੀ ਮੈਂ ਪੁਛਿਆ, "ਪਰ ਉਹਨੂੰ ਤੇ ਗਏ ਨੂੰ ਅੱਜ ਪੰਜ ਦਿਨ ਹੋ ਗਏ ਹਨ ਤੇ ਅਜੇ ਵੀ ਉਹਨੂੰ ਮੇਰੇ ਤੋਂ ਖਤਰਾ ਹੈ?" "ਨਹੀਂ, ਨਹੀਂ ਅਸਲੀ ਗੱਲ ਸਾਨੂੰ ਤੇਰਾ ਚੇਤਾ ਈ ਭੁੱਲ ਗਿਆ", "ਚੇਤਾ ਭੁੱਲ ਗਿਆ! ਹੁਣ ਥਾਣੇ ਬਿਠਾਏ ਬੰਦਿਆਂ ਦਾ ਚੇਤਾ ਵੀ ਭੁੱਲਣ ਲਗ ਪਿਆ ਪੁਲਿਸ ਨੂੰ! ਅੱਗੇ ਸੁਣਿਆ ਸੀ ਜਨਾਨੀਆਂ ਘਰ ਰਸੋਈ ਵਿਚ ਗਲਾਸ ਕੌਲੀਆਂ ਜਾਂ ਕੁਝ ਹੋਰ ਰੱਖ ਕੇ ਭੁੱਲ ਜਾਂਦੀਆਂ ਹਨ, ਹੁਣ ਥਾਣਿਆਂ ਵਿਚ ਬੰਦੇ ਵੀ ਭੁੱਲਣ ਲੱਗ ਪਏ?" "ਤੇ ਤੈਨੂੰ ਅਸਾਂ ਕਿਹੜਾ ਕੁਛ ਆਖਿਐ, ਸਗੋਂ ਮੰਜੇ 'ਤੇ ਈ ਬਿਠਾ ਛਡਿਐ।" ਫਿਰ ਉਸ ਨੇ ਮੁਣਸ਼ੀ ਨੂੰ ਪੁਛਿਆ, "ਮੰਜਾ ਬਿਸਤਰਾ ਨਹੀਂ ਸੀ ਦਿੱਤਾ ਏਹਨਾਂ ਨੂੰ?" "ਦਿੱਤਾ ਸੀ ਜਨਾਬ, ਇਹ ਤੇ ਹੁਣ ਐਵੇਂ ਠੰਡੇ ਦੁੱਧ ਨੂੰ ਫੂਕਾਂ ਮਾਰਨ ਡਹੇ", ਅਗੋਂ ਮੁਣਸ਼ੀ ਨੇ ਜਵਾਬ ਦਿੱਤਾ। "ਚਲੋ ਜਾਓ ਹੁਣ ਤੁਸੀਂ ਤੇ ਰੋਟੀ ਦੇ ਪੈਸੇ ਮੈੱਸ ਵਾਲੇ ਨੂੰ ਦੇ ਜਾਓ।" ਮੈਂ ਜਾਣ ਲਈ ਇਕ ਕਦਮ ਪੁਟ ਲਿਆ ਸੀ, ਪਰ ਇੰਸਪੈਕਟਰ ਦੀ ਗੱਲ ਸੁਣ ਕੇ ਫਿਰ ਉਥੇ ਹੀ ਖਲੋ ਗਿਆ। "ਮੈਂ ਆਖਿਆ ਮੈੱਸ ਵਾਲੇ ਨੂੰ ਰੋਟੀ ਦੇ ਪੈਸੇ ਦੇ ਜਾਓ?" ਉਹਨੇ ਪਹਿਲਾਂ ਨਾਲੋਂ ਵੀ ਉੱਚੀ ਆਖਿਆ, ਜਿਵੇਂ ਮੈਂ ਪਹਿਲੀ ਵਾਰ ਸੁਣਿਆ ਨਹੀਂ ਹੁੰਦਾ। "ਰੋਟੀ ਦੇ ਪੈਸੇ ਤੇ ਤਾਂ ਦਿਆਂ ਜੇ ਮੈਂ ਰੋਟੀ ਖਾਧੀ ਹੋਵੇ? ਪਾਣੀ ਪੀਤਾ ਹੈ, ਉਹਦੇ ਪੈਸੇ ਜਿੰਨੇ ਬਣਦੇ ਆ ਲੈ ਲਓ।" ਇੰਸਪੈਕਟਰ ਸੁਣ ਕੇ ਹੈਰਾਨ ਰਹਿ ਗਿਆ ਤੇ ਮੈਨੂੰ ਪੁਛਿਆ "ਰੋਟੀ ਖਾਧੀ ਈ ਨਹੀਂ, ਨੌਂ ਦਿਨ, ਕੀ ਖਾਧਾ ਤੂੰ ਫੇਰ?" "ਕੁਛ ਵੀ ਨਹੀਂ ਖਾਧਾ, ਖਾਣ ਨੂੰ ਏਥੇ ਕੀ ਸੀ?" ਮੈਂ ਕਹਿ ਕੇ ਖਲੋਤਾ ਰਿਹਾ। "ਓਏ ਮੁਣਸ਼ੀ, ਏਹਨਾਂ ਨੂੰ ਰੋਟੀ ਨਹੀਂ ਦਿੱਤੀ ਤੁਸਾਂ ਓਏ?" "ਪੁੱਛੀ ਸੀ ਜਨਾਬ ਹੋਰ ਏਹਦੇ ਮੂੰਹ ਵਿਚ ਬੁਰਕੀਆਂ ਪਾਉਂਦੇ, ਇਹ ਆਹਦੇ ਨਹੀਂ ਖਾਣੀ।" ਇੰਸਪੈਕਟਰ ਦੀ ਸਾਹਮਣੀ ਕੁਰਸੀ 'ਤੇ ਬੈਠਾ ਇਕ ਅਕਾਲੀ ਨੀਲੇ ਰੰਗ ਦੀ ਪੱਗ, ਜਿਹਨੂੰ ਟੌਹੜਾ ਨੀਲਾ ਰੰਗ ਕਹਿੰਦੇ ਹਨ, ਬੰਨੀ, ਲੰਮਾ ਦਾਹੜਾ ਤੇਲ ਲੱਗਾ, ਉਤੋਂ ਦੀ ਚੌੜਾ ਗਾਤਰਾ ਤੇ ਭਿੰਡਰਾਂ ਪਿੰਡ ਲੁਧਿਆਣੇ ਦੀ ਬਣੀ ਕ੍ਰਿਪਾਨ ਪਾਈ, ਬੈਠਾ ਬੋਲ ਪਿਆ, "ਸਰਦਾਰ ਜੀ, ਰੋਟੀ ਦੇ ਪੈਸੇ ਦਿਓ ਤੇ ਗੱਲ ਮੁਕਾਓ ਵਿਚੋਂ, ਇਹ ਸਾਹਿਬ ਬਹਾਦਰ ਤੇ ਚੰਗੇ ਈ ਬਹੁਤ ਨੇ, ਹੋਰ ਕੋਈ ਹੁੰਦਾ ਤੇ ਉਹਨੇ ਏਦਾਂ ਥੋੜੇ ਤੁਹਾਡੇ ਨਾਲ ਗੱਲਾਂ ਕਰਨੀਆਂ ਸਨ? ਮੁਣਸ਼ੀ ਜੀ, ਦੱਸੋ ਕਿੰਨੇ ਪੈਸੇ ਆ, ਮੈਂ ਦੇ ਦਿਆਂ, ਹੱਦ ਹੋ ਗਈ, ਸਰਦਾਰ ਹੋਣਾਂ ਵਾਲੀ ਬੀ।" ਮੈਂ ਸਮਝ ਗਿਆ ਕਿ ਇਹ ਦੁਆਬੀਆਂ ਹੈ ਤੇ ਨਵਾਂ ਨਵਾਂ ਅਕਾਲੀ ਬਣ ਕੇ ਸਰਕਾਰੇ ਦਰਬਾਰੇ ਆਇਆ ਹੈ। ਦੁਖੀ ਤੇ ਮੈਂ ਅੱਗੇ ਹੀ ਬੜਾ ਸਾਂ ਪਰ ਉਹਦੀ ਗੱਲ ਨੇ ਤੇ ਮੈਨੂੰ ਥਲਿਉਂ ਉਤਿਉਂ ਅੱਗ ਲਾ ਦਿੱਤੀ। ਮੈਂ ਕਿਹਾ, "ਨਵੀਂ ਨਵੀਂ ਨੀਲੀ ਪੱਗ ਬੱਧੀ ਲਗਦੀ ਆ ਬਈ ਤੇਰੀ, ਨਹੀਂ ਤੇ ਬਗਾਨੀ ਪਰ੍ਹੇ ਮੂਰਖ ਨੱਚੇ ਵਾਲੀ ਗੱਲ ਨਾ ਕਰਦਾ। ਇਹ ਦੱਸ, ਜਦੋਂ ਮੈਂ ਰੋਟੀ ਖਾਧੀ ਹੀ ਨਹੀਂ ਤੇ ਪੈਸੇ ਕਿਉਂ ਦਿਆ ਤੇ ਕਾਹਦੇ ਲਈ ਦਿਆਂ? ਜਿਦਾਂ ਤੂੰ ਬੈਠਾ ਆ ਨਾ, ਏਦਾਂ ਅਸੀਂ ਵੀ ਇੰਸਪੈਕਟਰਾਂ ਸਾਹਮਣੇ, ਐਸ.ਐਸ.ਪੀ. ਤੇ ਡੀ.ਆਈ.ਜੀ. ਨਾਲ ਬਹਿੰਦੇ ਰਹੇ ਹਾਂ ਤੇ ਜੇ ਵਾਹਿਗੁਰੂ ਨੇ ਸੁੱਖ ਰੱਖੀ ਤਾਂ ਅਗਾਂਹ ਵੀ ਬਹਾਂਗੇ ਸਗੋਂ ਉਹ ਸਾਡੇ ਸਾਹਮਣੇ ਬਹਿਣਗੇ। ਮੱਤਾਂ ਦੇਣ ਦੀ ਲੋੜ ਨਹੀਂ, ਚੁੱਪ ਕਰਕੇ ਬੈਠ।" ਝਾੜ ਤੇ ਮੈਂ ਉਸ ਅਕਾਲੀ ਦੀ ਕੀਤੀ ਪਰ ਇੰਸਪੈਕਟਰ ਦਾ ਰਵੱਈਆ ਫੱਟ ਬਦਲ ਗਿਆ। ਕੁਰਸੀ ਵੱਲ ਇਸ਼ਾਰਾ ਕਰਕੇ ਮੈਨੂੰ ਕਹਿਣ ਲਗਾ, "ਬੈਠੋ ਜਰਾ, ਮੈਂ ਬੜਾ ਹੈਰਾਨ ਆ ਬਈ ਤੁਸੀਂ ਨੌਂ ਦਿਨ ਭੁੱਖੇ ਰਹੇ, ਨਹੀਂ ਤਾਂ ਭੁੱਖ ਤਾਂ ਇਕ ਦਿਨ ਦੀ ਨਹੀਂ ਕੱਟੀ ਜਾਂਦੀ, ਕਹਿੰਦੇ ਹੁੰਦੇ ਆ, ਮੌਤੋ ਭੁੱਖ ਬੁਰੀ ਪਰ ਕਮਾਲ ਆ ਤੁਹਾਡੀ, ਨੌਂ ਦਿਨ ਭੁੱਖੇ

ਰਹਿ ਕੇ ਵੀ ਠੀਕ ਠਾਕ। ਇਹ ਦਸੋ ਤੁਸੀਂ ਭੁੱਖ ਕੱਟ ਕਿਵੇਂ ਲਈ?"

ਫਿਰ ਉਹਨੇ ਉਸੇ ਹੀ ਮੁਣਸ਼ੀ ਨੂੰ ਕਿਹਾ, "ਚੱਲ ਜਾ ਭੱਜ ਕੇ ਘਰ, ਸਟੀਲ ਦਾ ਗਲਾਸ ਮਾਂਜ ਕੇ ਚੰਗੀ ਤਰ੍ਹਾਂ ਬੀਬੀ ਜੀ ਨੂੰ ਆਖੀਂ ਅਲਾਚੀਆਂ ਵਾਲਾ ਦੁੱਧ ਦਿਓ ਉਬਾਲ ਕੇ, ਇਕ ਗਲਾਸ, ਭੱਜ ਕੇ ਹੋ। ਇਹ ਤਾਂ ਬੜਾ ਭਾਰ ਚੜਣ ਵਾਲੀ ਗੱਲ ਹੋ ਗਈ।" ਮੈਂ ਕਿਹਾ, "ਨਹੀਂ ਜੀ, ਮੈਂ ਕੋਈ ਦੁੱਧ ਨਹੀਂ ਪੀਣਾ, ਮੇਰੀ ਇਕ ਘੜੀ, ਕ੍ਰਿਪਾਨ ਤੇ ਸਾਢੇ ਤਿੰਨ ਸੌ ਰੁਪਈਆ ਆ, ਹੈਸ ਮੁਣਸ਼ੀ ਕੋਲ, ਉਹ ਦੁਆ ਦਿਓ ਤੇ ਫੇਰ ਜੇ ਤੁਸੀਂ ਮੈਨੂੰ ਛੱਡ ਦਿੱਤਾ ਹੈ ਤੇ ਮੈਂ ਜਾਵਾਂ ਤੇ ਨਹੀਂ ਤੇ ਅੰਦਰ ਜਾ ਕੇ ਬੈਠਾਂ।"

ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਘਟਨਾਵਾਂ ਦਾ ਵੇਰਵਾ ਮੈਂ ਦੂਜੀ ਛਪਣ ਵਾਲੀ ਕਿਤਾਬ ਵਿਚ ਦਿੱਤਾ ਹੈ। ਇਹ ਘਟਨਾ ਇਸ ਕਰਕੇ ਲਿਖੀ ਹੈ ਕਿ ਜਦੋਂ ਅਸੀਂ ਜੇਲ੍ਹੋਂ ਬਾਹਰ ਆਏ ਤਾਂ ਪੁਲਿਸ ਜੀਹਨੂੰ ਮਰਜ਼ੀ ਫੜ ਕੇ ਜਿਥੇ ਮਰਜ਼ੀ ਰੱਖਦੀ ਸੀ। ਕੋਈ ਦਾਦ ਫਰਿਆਦ ਨਹੀਂ ਸੀ। ਇਹ ਕੰਮ ਪੰਜਾਬ ਪੁਲਿਸ ਦੇ ਸਿੱਖ ਅਫਸਰ ਤੇ ਮੁਣਸ਼ੀ ਸਿਪਾਹੀ ਕਰਦੇ ਸਨ। ਉਸ ਥਾਣੇ ਵਿਚ ਉਦੋਂ ਲੱਗਪਗ ਸਾਰਾ ਹੀ ਸਿੱਖ ਅਮਲਾ ਫੈਲਾ ਸੀ ਸਿਵਾਏ ਇਕ ਸਿਪਾਹੀ ਤੋਂ। ਮੈਨੂੰ ਫੜ ਕੇ ਲਿਆਉਣ ਲੱਗੇ ਮੇਰੇ ਘਰ ਇਹ ਤਾਂ ਦੱਸ ਹੀ ਸਕਦੇ ਸਨ ਕਿ ਸਦਰ ਥਾਣੇ ਅੰਦਰ ਰਖਿਆ ਹੈ। ਨਹੀਂ ਤਾਂ 107/151 ਲਾ ਕੇ, ਜਿਸ ਦਾ ਮਤਲਬ ਅੰਦੇਸ਼ਾ ਨੁਕਸੇ ਅਮਨ ਹੁੰਦਾ ਹੈ ਤੇ ਇਸ ਤਰ੍ਹਾਂ ਵਿਰੋਧੀਆਂ ਦੀਆਂ ਗ੍ਰਿਫਤਾਰੀਆਂ ਕਰ ਕੇ, ਲੋਕਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ, ਮੈਨੂੰ ਵੀ ਜੇਲ੍ਹ ਭੇਜ ਸਕਦੇ ਸਨ। ਅਕਾਲੀ ਚਵਲ ਦੀ ਗੱਲ ਵੀ ਇਸ ਲਈ ਦੱਸੀ ਹੈ ਕਿ ਕਿਵੇਂ ਇਹ ਕੁੱਤੇ ਜਿਹੇ ਲੋਕ ਪੁਲਿਸ ਅੱਗੇ ਵਿੱਛ ਜਾਂਦੇ ਸਨ। ਇਨ੍ਹਾਂ ਦੀਆਂ ਇਨ੍ਹਾਂ ਗੱਲਾਂ ਕਰਕੇ ਹੀ ਪੁਲਿਸ ਜ਼ਿਆਦਾ ਬੂਏ ਚੜ੍ਹਦੀ ਸੀ। ਜਦੋਂ ਮੈਂ ਬਾਅਦ ਵਿਚ ਅਕਾਲੀ ਦਲ ਜ਼ਿਲ੍ਹਾ ਜਲੰਧਰ ਦਾ ਪ੍ਰਧਾਨ ਬਣਿਆ ਤਾਂ ਨਾਗਰੇ ਪਿੰਡ ਦੇ ਰਹਿਣ ਵਾਲੇ ਇਸ ਟੁੱਚੀ ਅਕਾਲੀ ਨੂੰ ਕਦੇ ਆਪਣੇ ਦਫਤਰ ਨਾ ਵੜਨ ਦਿੱਤਾ। ਉਹ ਚਾਹੁੰਦਾ ਸੀ ਕਿ ਮੈਂ ਉਸ ਨੂੰ ਵੀ ਅਕਾਲੀ ਦਲ ਵਿਚ ਕੋਈ ਛੋਟਾ ਮੋਟਾ ਅਹੁਦਾ ਦਿਆਂ ਪਰ ਮੈਂ ਉਸ ਨੂੰ ਸਾਫ ਦੱਸ ਦਿੱਤਾ ਸੀ ਕਿ ਜਿੰਨਾ ਚਿਰ ਮੈਂ ਇਸ ਜ਼ਿਲ੍ਹੇ ਦਾ ਪ੍ਰਧਾਨ ਹਾਂ ਤੈਨੂੰ ਮੈਂ ਕਿਸੇ ਪਿੰਡ ਦੀਆਂ ਮੜ੍ਹੀਆਂ ਦਾ ਚੌਕੀਦਾਰ ਵੀ ਨਹੀਂ ਬਣਾਉਣਾ, ਅਹੁਦੇ ਦੀ ਤਾਂ ਗੱਲ ਹੀ ਦੂਰ ਦੀ ਹੈ।

ਪੰਜਾਬ ਵਿਚ ਪਿਛਲੇ ਸਮੇਂ ਵਿਚ ਜੋ ਹੋਇਆ ਹੈ, ਉਸ ਵਿਚ ਸਾਧਾਂ ਸੰਤਾਂ ਦਾ ਨਾਂ ਵੀ ਬੋਲਦਾ ਹੈ ਜਾਂ ਬੋਲਣਾ ਚਾਹੀਦਾ ਹੈ। ਕਿਉਂਕਿ ਜਦੋਂ ਸਧਾਰਣ ਲੋਕਾਂ 'ਤੇ ਸਰਕਾਰੀ ਜ਼ੁਲਮ ਵਧਦਾ ਹੈ ਤਾਂ ਸਾਧ ਸੰਤ ਸੰਗਤਾਂ ਦੇ ਅੱਗੇ ਲੱਗ ਕੇ ਜ਼ੁਲਮ ਨੂੰ ਠੱਲ ਪਾਉਂਦੇ ਹਨ। ਹੈ ਕੋਈ ਮਾਈ ਦਾ ਲਾਲ, ਸੰਤ-ਸਾਧ ਜਿਹੜਾ ਆਖੇ ਕਿ ਮੈਂ ਸੰਗਤਾਂ ਦੀ ਥਾਂ ਮੋਢਾ ਦਿੱਤਾ ਸੀ? ਜ਼ਾਲਮ ਪੁਲਿਸ ਅਫਸਰਾਂ ਨੇ ਕਈ ਵਿਚਾਰੇ ਛੋਟੇ ਮੋਟੇ ਡੇਰਿਆਂ ਦੇ ਸਾਧਾਂ ਨੂੰ, ਖਾੜਕੂਆਂ ਨੂੰ ਰੋਟੀ ਖੁਆਉਣ ਤੇ ਮੰਜਾ ਬਿਸਤਰਾ ਦੇਣ ਕਰਕੇ ਬਥੇਰਾ ਕੁਟਿਆ ਫਾਂਟਿਆ ਹੈ ਪਰ ਉੱਚੇ ਉੱਚੇ ਗੁੰਬਦਾ ਵਾਲੇ ਤੇ ਲੰਮੀਆਂ ਲੰਮੀਆਂ ਗੱਡੀਆਂ ਵਾਲੇ ਸਾਧ ਕਿਤੇ ਨਹੀਂ ਰੜਕੇ। ਜਦੋਂ ਕੌਮ ਦੇ ਗਲ ਵਿਚ ਹਕੂਮਤ ਨੇ ਅੰਗੂਠਾ ਦਿੱਤਾ ਹੋਇਆ ਸੀ ਤਾਂ ਸੰਤਾਂ ਨੇ ਉਦੋਂ ਵੀ ਕਾਰ ਸੇਵਾ ਬੰਦ ਨਹੀਂ ਕੀਤੀ। ਕੌਮ ਨੂੰ ਏਹੋ ਜਹੇ ਸੰਤਾਂ ਦੇ ਬਲਿਹਾਰੇ ਜਾਣਾ ਚਾਹੀਦਾ ਹੈ। ਇਹ ਸਾਧ ਸੰਤ ਸਿੱਖ ਕੌਮ ਦੇ ਨੀਰੋ ਹਨ, ਜਿਹੜੇ ਪੰਜਾਬ, ਦਿੱਲੀ ਤੇ ਕਾਨਪੁਰ ਆਦਿ ਥਾਵਾਂ 'ਤੇ ਲੱਗੀ ਭਿਆਨਕ ਹਿੰਸਕ ਅੱਗ ਸਮੇਂ ਵੀ ਬੰਸਰੀ ਵਜਾਉਂਦੇ

ਰਹੇ। ਦਿੱਲੀ ਦੇ ਉਜੜੇ ਲੋਕਾਂ ਲਈ ਇਨ੍ਹਾਂ ਨੇ ਰੋਟੀ ਦੀ ਬੁਰਕੀ ਦਾ ਵੀ ਪ੍ਰਬੰਧ ਨਾ ਕੀਤਾ। ਪਰ ਹੁਣ ਦੇਸ਼ ਦੇ ਕਿਸੇ ਹਿੱਸੇ ਵਿਚ ਵੀ ਕੋਈ ਆਫਤ ਆਵੇ, ਇਹ ਟਰੱਕਾਂ ਦੇ ਟਰੱਕ ਸਮਾਨ ਭੇਜ ਕੇ ਲੰਗਰ ਸ਼ੁਰੂ ਕਰ ਦੇਂਦੇ ਹਨ ਤੇ ਫੋਟੋਆਂ ਖਿਚਵਾ ਕੇ ਅਖਬਾਰਾਂ ਵਿਚ ਲਵਾਉਂਦੇ ਹਨ। ਜਲੰਧਰ ਦੇ ਦੋ ਗੁਰਦੁਆਰਿਆਂ ਵਿਚ 1990 ਵਿਚ ਮਹਾਰਾਜ ਦੇ ਸਰੂਪ ਅਗਨ ਭੇਟ ਹੋ ਗਏ ਸਨ। ਮੈਂ ਉਦੋਂ ਜ਼ਿਲ੍ਹਾ ਜਲੰਧਰ ਦਾ ਪ੍ਰਧਾਨ ਸਾਂ। ਚਾਰ ਮਾਰੂਤੀ ਵੈਨਾਂ ਦੇ ਕੇ ਚਾਰ ਸਿੰਘਾਂ ਨੂੰ ਸਾਰੇ ਪੰਜਾਬ ਦੇ ਸੰਤਾਂ ਮਹਾਂਪੁਰਖਾਂ ਨੂੰ ਭੋਗ ਵਾਲੇ ਦਿਨ ਦਰਸ਼ਨ ਦੇਣ ਦੀ ਬੇਨਤੀ ਕਰਨ ਭੇਜਿਆ ਤੇ ਪੰਜਾਬ ਤੇ ਨਾਲ ਲਗਦੇ ਇਕੱਲੇ ਇਕੱਲੇ ਡੇਰੇ 'ਤੇ ਚਿੱਠੀਆਂ ਪਹੁੰਚਾਈਆਂ ਗਈਆਂ। ਜਲੰਧਰ ਦੀਆਂ ਸੰਗਤਾਂ ਦਾ ਰੋ ਰੋ ਬੁਰਾ ਹਾਲ ਹੋਇਆ ਪਿਆ ਸੀ ਪਰ ਭੋਗ ਵਾਲੇ ਦਿਨ ਸਿਰਫ ਦੋ ਮਹਾਂਪੁਰਖ ਆਏ। ਬਾਬਾ ਠਾਕਰ ਸਿੰਘ ਦਮਦਮੀ ਟਕਸਾਲ ਮਹਿਤਾ ਤੇ ਗਵਰਨਰ ਅਰਜਨ ਸਿੰਘ ਦੇ ਗੱਲ ਹੱਸ ਹੱਸ ਕੇ ਫੁੱਲਾਂ ਦਾ ਹਾਰ ਪਾਉਣ ਵਾਲਾ ਬਾਬਾ ਦਰਸ਼ਨ ਸਿੰਘ ਬੀੜ ਬਾਬਾ ਬੁੱਢਾ ਜੀ। ਬਾਕੀ ਹੋਰ ਕੋਈ ਸੰਤ ਨਾ ਆਇਆ। ਜਿਹੜੇ ਗੁਰੂ ਲਈ ਨਹੀਂ ਬਹੁੜਦੇ, ਉਨ੍ਹਾਂ ਬੰਦਿਆਂ ਲਈ ਕੀ ਬਹੁੜਨਾ ਸੀ। ਜਲੰਧਰ ਤੋਂ ਗੋਇੰਦਵਾਲ ਸਾਹਿਬ ਤੱਕ ਅਸਥੀਆਂ ਜਲ ਪ੍ਰਵਾਹ ਕਰਨ ਦਾ ਜਿੱਡਾ ਜਲੂਸ ਨਿਕਲਿਆ ਸ਼ਾਇਦ ਓਡਾ ਜਲੂਸ ਅੱਜ ਤੱਕ ਪੰਜਾਬ ਵਿਚ ਨਾ ਨਿਕਲਿਆ ਹੋਵੇ। ਸੰਗਤਾਂ ਦਾ ਸਮੁੰਦਰ ਠਾਠਾਂ ਮਾਰਦਾ ਸੀ ਪਰ ਸੰਤ ਦੋ ਹੀ ਸਨ। ਜਦੋਂ ਕਿ ਜਲੰਧਰ ਸ਼ਹਿਰ ਵਿਚ ਹੀ ਸਾਧਾਂ ਦੇ ਵੀਹ ਤੋਂ ਉੱਤੇ ਡੇਰੇ ਹਨ। ਪਰ ਸਦਕੇ ਜਾਈਏ ਸਿੱਖ ਸੰਗਤ ਦੇ ਜਿਨ੍ਹਾਂ ਨੇ ਇਹ ਵਿਹਲੜ ਜਿਹੇ ਲੋਕ ਮੋਢਿਆਂ 'ਤੇ ਚੁੱਕੇ ਹੋਏ ਹਨ।

ਅਸੀਂ ਬੇਵਕੂਫ ਤੇ ਮੰਦਬੁੱਧੀ ਲੋਕਾਂ ਨੂੰ ਮਹਾਂਪੁਰਖਾਂ ਦਾ ਦਰਜਾ ਦੇ ਦਿੱਤਾ ਹੈ। ਕਈ ਤਾਂ ਮਹਾਂਪੁਰਖ ਨਹੀਂ ਮਹਾਂਮੂਰਖ ਹਨ। ਸਾਧਾਂ ਸੰਤਾਂ ਦੇ ਹੁੰਦਿਆਂ ਸਿੱਖ ਬਗਾਵਤ 'ਤੇ ਨਹੀਂ ਉਤਰ ਸਕਦੇ। ਸਾਧ ਅਤੇ ਸੰਤ ਗੁਰੂਆਂ ਦੇ ਦੱਸੇ ਮਾਰਗ ਦੇ ਹੋਰ ਦੇ ਹੋਰ ਹੀ ਅਰਥ ਕੱਢ ਕੇ ਸੰਗਤਾਂ ਨੂੰ ਦੱਸਦੇ ਹਨ ਤੇ ਇਹ ਅਰਥ ਸਿਰਫ ਕੁਰਬਾਨੀ ਤੋਂ ਭੱਜਣ ਦੇ ਬਹਾਨੇ ਦਾ ਕੰਮ ਕਰਦੇ ਹਨ। ਇਨ੍ਹਾਂ ਨੇ ਨਰਕ ਸਵਰਗ ਤੇ 'ਜੋ ਕਿਸਮਤ ਵਿਚ ਲਿਖਿਆ ਹੈ, ਹੋ ਰਿਹਾ ਹੈ' ਵਰਗੇ ਸ਼ਬਦਾਂ ਨਾਲ ਸਿੱਖਾਂ ਨੂੰ ਨੀਮ ਪਾਗਲ ਬਣਾ ਦਿੱਤਾ ਹੈ। ਪਾਠਾਂ ਤੇ ਅਖੰਡ ਪਾਠਾਂ ਦੀਆਂ ਲੜੀਆਂ ਵਿਚ ਸਿੱਖਾਂ ਨੂੰ ਏਨਾ ਉਲਝਾ ਦਿੱਤਾ ਹੈ ਕਿ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਹੋਏ ਸ਼ਬਦ, 'ਚੂੰਕਾਰ ਅੱਜ ਹਮਾ ਹੀਲਤੇ ਦਰ ਗੁਜ਼ੱਸ਼ਤ। ਹਲਾਲ ਅਸਤ ਬੁਰਦਨ ਬਾਸ਼ਮਸ਼ੀਰ ਦਸਤ।' ਅਰਥਾਤ ਜਦੋਂ ਸਾਰੇ ਹੀਲੇ ਵਸੀਲੇ ਮੁੱਕ ਜਾਣ ਤੇ ਵੀ ਇਨਸਾਫ ਨਾ ਮਿਲੇ ਤਾਂ ਕਿਰਪਾਨ ਦੀ ਮੁੱਠ ਨੂੰ ਹੱਥ ਪਾ ਲੈਣਾ ਚਾਹੀਦਾ ਹੈ, ਭੁਲਾ ਦਿੱਤੇ ਹਨ। ਭਾਰਤ ਵਿਚ ਹੂਨ, ਤਤਾਰ, ਬਰਬਰ, ਮੁਗਲ, ਪੁਰਤਗਾਲੀ, ਫਰਾਂਸੀਸੀ ਤੇ ਅੰਗਰੇਜ਼ ਆਏ, ਜਿਨ੍ਹਾਂ ਦੀ ਕੋਈ ਵੁਕਤ ਨਹੀਂ ਸੀ, ਜਿਹੜੇ ਗਿਣਤੀ ਵਿਚ ਵੀ ਸੈਂਕੜਿਆਂ ਤੋਂ ਵੱਧ ਨਹੀਂ ਸਨ। ਪਰ ਉਹ ਆਉਂਦਿਆਂ ਹੀ ਦਿਓ ਕਦ ਭਾਰਤ ਨੂੰ ਝੱਟ ਦਬੋਚ ਲੈਂਦੇ ਸਨ। ਬ੍ਰਾਹਮਣ ਤੇ ਪੁਜਾਰੀ ਵਰਗ ਨੇ ਜਾਤਪਾਤੀ ਪ੍ਰਬੰਧ ਰਾਹੀਂ ਭਾਰਤ ਨੂੰ ਖੋਖਲਾ ਕਰ ਸੁੱਟਿਆ ਸੀ। ਇਸੇ ਤਰ੍ਹਾਂ ਹੀ ਅਖੌਤੀ ਡੇਰਿਆਂ ਵਾਲਿਆਂ ਤੇ ਕਾਰ ਸੇਵਾ ਵਾਲੇ ਸਾਧਾਂ ਨੇ ਸਿੱਖਾਂ ਨੂੰ ਖੋਖਲਾ ਕਰ ਦਿੱਤਾ ਹੈ।

ਜਦੋਂ ਕੌਰਵਾਂ ਦੇ ਦਰਬਾਰ ਵਿਚ ਦਰੋਪਤੀ ਦੀ ਸਾੜੀ ਉਤਾਰੀ ਜਾ ਰਹੀ ਸੀ ਤਾਂ ਉਹ ਬੇਬਸ ਆਪਣੇ ਪਤੀਆਂ ਵੱਲ ਦੇਖਦੀ ਰਹੀ। ਫਿਰ ਪੁਕਾਰ ਪੁਕਾਰ ਕੇ ਉਸਨੇ ਭੀਸ਼ਮ

ਪਿਤਾਮਾ, ਦਰੋਣਾਚਾਰੀਆ ਤੇ ਹੋਰ ਬਜ਼ੁਰਗਾਂ ਨੂੰ ਆਪਣੀ ਇੱਜ਼ਤ ਬਚਾਉਣ ਦੀ ਬੇਨਤੀ ਕੀਤੀ ਪਰ ਸਾਰੇ ਚੁੱਪ ਰਹੇ। ਪੰਜ ਹਜ਼ਾਰ ਸਾਲ ਪੁਰਾਣੀ ਇਹ ਘਟਨਾ ਅੱਜ ਵੀ ਇਤਿਹਾਸ ਦੇ ਪੰਨਿਆਂ 'ਤੇ ਭੀਸ਼ਮ ਪਿਤਾਮਾ, ਦਰੋਣਾਚਾਰੀਆ ਤੇ ਉਸ ਵੇਲੇ ਦੇ ਹੋਰ ਰਿਸ਼ੀਆਂ ਮੁਨੀਆਂ ਨੂੰ ਲਾਹਨਤਾਂ ਪਾਉਂਦੀ ਘਟਨਾ ਦੇ ਤੌਰ 'ਤੇ ਅੰਕਤ ਹੈ। ਹੁਣ ਵੀ ਸਿੱਖ ਸੰਘਰਸ਼ ਵੇਲੇ ਜਦੋਂ ਪਿੰਡਾਂ ਵਿਚੋਂ ਬੀਬੀਆਂ ਨੂੰ ਫੜ ਫੜ ਕੇ ਪੰਦਰਾਂ-ਪੰਦਰਾਂ, ਵੀਹ-ਵੀਹ ਦਿਨ ਥਾਣੇ ਰੱਖਿਆ ਜਾਂਦਾ ਸੀ, ਉਨ੍ਹਾਂ ਨਾਲ ਉਹ ਕੁਝ ਹੋਇਆ, ਜੋ ਉਹ ਬਾਹਰ ਆ ਕੇ ਦੱਸਣ ਜੋਗੀਆਂ ਨਹੀਂ ਸਨ, ਉਦੋਂ ਵੀ ਕਈਆਂ ਸੰਤਾਂ ਨੇ ਪੁਲਿਸ ਅਫਸਰਾਂ ਦੇ ਘਰਾਂ ਵਿਚ ਅਖੰਡ ਪਾਠਾਂ ਦੀਆਂ ਲੜੀਆਂ ਰੱਖੀਆਂ ਤੇ ਉਨ੍ਹਾਂ ਪੁਲਿਸ ਅਫਸਰਾਂ ਦੀ ਚੜ੍ਹਦੀਕਲਾ ਅਤੇ ਹਰ ਮੈਦਾਨ ਫਤਿਹ ਦੀਆਂ ਅੱਖਾਂ ਮੀਟ ਮੀਟ ਕੇ ਅਰਦਾਸਾਂ ਕੀਤੀਆਂ। ਜਦੋਂ ਕਿ ਉਨ੍ਹਾਂ ਨੂੰ ਪਤਾ ਸੀ ਕਿ ਜੇ ਇਹ ਅਰਦਾਸ ਵਾਹਿਗੁਰੂ ਨੇ ਮਨਜ਼ੂਰ ਕਰ ਲਈ ਤਾਂ ਜ਼ੁਲਮ ਹੋਰ ਵੀ ਵਧ ਜਾਏਗਾ। ਪਰ ਇਹ ਅੱਤ ਦੇ ਲਾਲਚੀ ਤੇ ਬੇਅਸੂਲੇ ਸਾਧ ਜ਼ੁਲਮ ਦਾ ਸਾਥ ਤਾਂ ਦੇਂਦੇ ਰਹੇ ਪਰ ਬੀਬੀਆਂ ਨੂੰ ਥਾਣਿਉਂ ਛੁਡਾਉਣ ਲਈ ਇਨ੍ਹਾਂ ਨੇ ਕੁਝ ਨਾ ਕੀਤਾ। ਇਨ੍ਹਾਂ 'ਚ ਪਿੰਡਾਂ ਦੇ ਡੇਰਿਆਂ ਅਤੇ ਇਤਿਹਾਸਕ ਤੇ ਵੱਡੇ ਵੱਡੇ ਡੇਰਿਆਂ ਦੇ ਸਾਧ ਵੀ ਸ਼ਾਮਲ ਸਨ। ਉਨ੍ਹਾਂ ਨੇ ਕਿਸੇ ਬੀਬੀ ਨੂੰ ਛੁਡਾਉਣ ਲਈ ਕੁਝ ਨਾ ਕੀਤਾ। ਬਹੁਤੇ ਕਾਰ ਸੇਵਾ ਵਾਲੇ ਸਾਧ ਤਾਂ ਇਸ ਕਰਕੇ ਵੀ ਸਰਕਾਰ ਦੇ ਜ਼ੁਲਮਾਂ ਅੱਗੇ ਨਹੀਂ ਕੁਸਕੇ ਕਿ ਕਿਤੇ ਸਰਕਾਰ ਮਕਰਾਣੇ ਤੋਂ ਆਉਣ ਵਾਲੇ ਪੱਥਰ 'ਤੇ ਹੀ ਪਾਬੰਦੀ ਨਾ ਲਾ ਦੇਵੇ। ਸਾਧ, ਸੰਤ, ਮਹੰਤ, ਬਾਬਾ ਜੀ ਤਾਂ ਉਹ ਹੁੰਦੇ ਹਨ ਜੋ ਜ਼ੁਲਮ ਨੂੰ ਰੋਕਣ ਲਈ ਅੱਗੇ ਆਉਣ ਤੇ ਬੇਇਨਸਾਫੀ ਵਿਰੁੱਧ ਜੰਗ ਦੀ ਅਗਵਾਈ ਕਰਨ ਪਰ ਇਹ ਬਾਬੇ ਤਾਂ ਇਸ ਪਾਸੇ ਮੂੰਹ ਨਹੀਂ ਕਰਦੇ। ਇਹ ਤਾਂ ਪੁਲਿਸ ਤੋਂ ਇਸ ਤਰ੍ਹਾਂ ਡਰਦੇ ਹਨ, ਜਿਵੇਂ ਨਜਾਇਜ ਧੰਦੇ ਵਾਲੇ ਡਰਦੇ ਹਨ। ਕੀ ਕਾਰਨ ਹੈ ਕਿ ਇਨ੍ਹਾਂ ਦੇ ਮਨਾਂ 'ਤੇ ਬਾਣੀ ਅਸਰ ਨਹੀਂ ਕਰਦੀ ਜਾਂ ਕੀ ਇਨ੍ਹਾਂ ਦਾ ਮਨ ਹੀ ਮੈਲਾ ਹੈ? ਪਤਾ ਨਹੀਂ ਸਾਰੇ ਛੁੱਟ ਛੁੱਟ ਕੇ ਵਿਦੇਸ਼ਾਂ ਵੱਲ ਭੱਜਦੇ ਹਨ। ਇਨ੍ਹਾਂ ਨੂੰ ਕੋਈ ਪੁਛੇ ਕਿ ਏਥੇ ਧਰਮ ਦੇ ਪ੍ਰਚਾਰ ਦਾ ਕੰਮ ਪੂਰਾ ਹੋ ਗਿਆ ਹੈ? ਲਾਲਚੀ ਕਿਸੇ ਥਾਂ ਦੇ।

ਹਰ ਧਰਮ ਦੀ ਜੀਵਨ ਜਾਂਚ ਵੱਖਰੀ-ਵੱਖਰੀ ਹੈ। ਸਿੱਖ ਧਰਮ ਦੀ ਰਹਿਣੀ ਬਹਿਣੀ ਵਿਚ ਜ਼ੁਲਮ ਨਾਲ ਟੱਕਰ ਲੈਣ ਵਾਲੇ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਤੇ ਬੁਜ਼ਦਿਲਾਂ ਤੇ ਡੰਗ ਟਪਾਊਆਂ ਨੂੰ ਸਿੱਖ ਸੰਗਤਾਂ ਮਾੜਾ ਭਾਵੇਂ ਨਾ ਵੀ ਆਖਣ ਪਰ ਸੰਤ ਸਿਪਾਹੀ ਦਾ ਦਰਜਾ ਨਹੀਂ ਦੇਂਦੀਆਂ। ਸਿੱਖ ਸੰਗਤਾਂ ਵਿਚ ਇਹ ਜਾਗਰੂਕਤਾ ਸਿੱਖ ਵਿਦਵਾਨ ਸਮੇਂ ਸਮੇਂ ਲਿਆਉਂਦੇ ਰਹੇ ਹਨ। ਅਖਬਾਰਾਂ ਦੇ ਲੇਖਾਂ, ਰਿਸਾਲਿਆਂ ਤੇ ਕਿਤਾਬਾਂ ਰਾਹੀਂ ਬੁੱਧੀਜੀਵੀ ਕੌਮ ਵਿਚ ਚੇਤਨਾ ਜਗਾਉਂਦੇ ਰਹੇ ਹਨ। ਪਰ ਜਦੋਂ ਦਾਂ ਭਾਰਤ ਅਜ਼ਾਦ ਹੋਇਆ ਹੈ ਬੁੱਧੀਜੀਵੀ ਵਰਗ ਤੇ ਵਿਦਵਾਨ ਝੋਲੀ ਚੁੱਕਣ ਵੱਲ ਵਧ ਪ੍ਰੇਰਤ ਹੋਏ ਹਨ। ਕੁਝ ਵਿਚਾਰੇ ਜਾਗਰੂਕ ਬੁੱਧੀਜੀਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ ਪਰ ਇਨ੍ਹਾਂ ਕੋਲ ਬਹੁਤੇ ਸਾਧਨ ਨਹੀਂ ਹਨ। ਜਿਨ੍ਹਾਂ ਕੋਲ ਸਾਧਨ ਹਨ ਤੇ ਜੋ ਉੱਚੇ ਰੁਤਬਿਆਂ 'ਤੇ ਬਿਰਾਜਮਾਨ ਹਨ, ਉਹ ਲਾਲਚਵੱਸ ਹੋ ਕੇ ਗਲਤ ਨੂੰ ਠੀਕ ਤੇ ਜ਼ੁਲਮ ਨੂੰ ਸਮਾਜ ਭਲਾਈ ਦਾ ਨਾਂ ਦੇ ਕੇ ਆਟੇ ਦੀ ਥਾਂ ਲੂਣ ਗੁੰਨਣ 'ਤੇ ਲੱਗੇ ਹੋਏ ਹਨ। ਇਹੋ ਜਿਹੇ ਲੋਕਾਂ ਵਾਸਤੇ ਅਮਰੀਕਾ ਵਿਚ ਵਿਸ਼ੇਸ਼ ਨਾਂ ਪੈ ਗਿਆ ਹੈ 'ਉਚ ਕੋਟੀ ਦੇ ਨੀਚ ਵਿਦਵਾਨ'। ਭਾਈ ਰਣਜੀਤ ਸਿੰਘ, ਜਥੇਦਾਰ ਅਕਾਲ ਤਖਤ ਨੇ ਇਹੋ ਜਿਹੇ ਲੋਕਾਂ ਨੂੰ ਹੀ ਲੱਲ੍ਹੀ ਛੱਲੀ

ਵਿਦਵਾਨ ਕਿਹਾ ਸੀ। ਸੱਚਮੁੱਚ ਹੀ ਉਨ੍ਹਾਂ ਲੋਕਾਂ ਲਈ ਇਹ ਬਹੁਤ ਖੂਬਸੂਰਤ ਨਾਂ ਹੈ। ਜੇ ਭਾਰਤੀ ਫੌਜ ਹਰਿਮੰਦਰ ਸਾਹਿਬ ਵਿਚ ਦਾਖਲ ਹੋ ਸਕਦੀ ਹੈ ਤਾਂ ਫਿਰ ਸਿੱਖਾਂ ਦੀ ਦਾਹੜੀ ਨੂੰ ਹੱਥ ਪਾਉਣਾ ਕਿੱਡਾ ਕੁ ਔਖਾ ਸੀ? ਜਿਸ ਤਰੀਕੇ ਨਾਲ ਸਾਰੇ ਪੰਜਾਬ ਵਿਚ ਕਰਫਿਊ ਲਾ ਕੇ ਲੋਕਾਂ ਨੂੰ ਬੇਬਸ ਤੇ ਨਿਹੱਥੇ ਕਰਕੇ ਅਕਾਲ ਤਖਤ ਸਾਹਿਬ ਢਾਹਿਆ ਗਿਆ, ਇਸ ਦੀ ਚੀਸ ਤਾਂ ਸਿੱਖ ਮਨਾਂ ਵਿਚ ਸਦਾ ਹੀ ਰਹੇਗੀ। ਪਰ ਸਿਤਮਜਰੀਫੀ ਦੀ ਗੱਲ ਤਾਂ ਇਹ ਹੈ ਕਿ ਜਿਨ੍ਹਾਂ ਅਕਾਲੀਆਂ ਨੇ ਸੱਦਾ ਦੇ ਕੇ ਫੌਜ ਬੁਲਾਈ ਸੀ, ਉਹ ਅੱਜ ਵੀ ਰਾਜ ਕਰ ਰਹੇ ਹਨ। ਜਦੋਂ 1985-86 ਵਿਚ ਪੰਜਾਬ ਲਹੂ ਲੁਹਾਨ ਸੀ ਤਾਂ ਸੁਰਜੀਤ ਸਿੰਘ ਬਰਨਾਲੇ ਨੇ ਉਦੋਂ ਹੀ ਸ਼ਹੀਦਾਂ ਦੇ ਖ਼ੂਨ 'ਤੇ ਕੁਰਸੀ ਡਾਹ ਲਈ ਸੀ। ਹੁਣ ਉਸੇ ਕੁਰਸੀ 'ਤੇ ਸ. ਪ੍ਰਕਾਸ਼ ਸਿੰਘ ਬਾਦਲ ਬੈਠਾ ਹੈ।

ਮੇਰੀ ਨਜ਼ਰ ਵਿਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਹੀ ਅਸਲ ਸੰਤ ਤੇ ਸਿਪਾਹੀ ਸਨ। ਜਿਹੜਾ ਸਰੂਪ ਮੇਰੀ ਨਜ਼ਰ ਵਿਚ ਕਿਸੇ ਸੰਤ ਦਾ ਹੋ ਸਕਦਾ ਹੈ, ਉਸ ਵਿਚ ਹੁਣ ਤੱਕ ਸਿਰਫ ਸੰਤ ਜਰਨੈਲ ਸਿੰਘ ਜੀ ਹੀ ਪੂਰੇ ਉਤਰਦੇ ਹਨ। ਪੋਲੀਆਂ ਪੋਲੀਆਂ ਗੱਲਾਂ ਵਾਲੇ ਅਤਿ ਦੇ ਮਿਠਬੋਲੜੇ ਤੇ ਗੁਰਬਾਣੀ ਦੇ ਵਿਦਵਾਨ ਬਹੁਤ ਸੰਤ ਹਨ ਪਰ ਇਕੋ ਵੇਲੇ ਸਿਪਾਹੀ ਤੇ ਸੰਤ ਜਰਨੈਲ ਸਿੰਘ ਹੀ ਸਨ। ਉਨ੍ਹਾਂ ਦੀ ਅਵਾਜ਼ ਕੁਰੱਖਤ ਤੇ ਬੋਲੀ ਖਰਵੀ ਸੀ। ਪਰ ਸੱਚ ਦੀ ਭਰੀ ਹੋਈ ਅਵਾਜ਼ ਦਾ ਮਿੱਠਾ ਹੋਣਾ ਜ਼ਰੂਰੀ ਨਹੀਂ। ਉਨ੍ਹਾਂ ਦੇ ਬਚਨ ਹੀ, ਮੇਰੇ ਅੱਤ ਦੇ ਤੰਗੀ ਭਰੇ ਬੰਦੀ ਦੇ ਦਿਨਾਂ ਵਿਚ, ਮੈਨੂੰ ਡੋਲਣ ਤੋਂ ਬਚਾਉਣ ਲਈ ਮੇਰਾ ਸਹਾਰਾ ਬਣੇ। ਨਹੀਂ ਤਾਂ ਪੈਂਤੀ ਦਿਨ ਦਾ ਸੀ.ਬੀ.ਆਈ. ਦਾ ਰੀਮਾਂਡ ਮੇਰੇ ਉੱਤੇ ਹਿਮਾਲਿਆ ਪਰਬਤ ਡਿਗਣ ਵਾਲੀ ਗੱਲ ਸੀ। ਜਿਹੜੇ ਸੱਜਣ ਅੱਜ ਵੀ ਸੰਤਾਂ ਦੇ ਸ਼ਹੀਦੀ ਦਿਨ ਦੀ ਥਾਂ ਜਨਮ ਦਿਨ ਮਨਾਉਂਦੇ ਹਨ, ਉਨ੍ਹਾਂ ਨੂੰ ਇਹ ਤਾਂ ਪਤਾ ਹੀ ਹੋਵੇਗਾ ਕਿ ਜਿਹੜਾ ਸ਼ਹੀਦ ਹੋ ਜਾਵੇ, ਉਹਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ, ਜਨਮ ਦਿਨ ਨਹੀਂ। ਸ਼ਹੀਦਾਂ ਦੇ ਜਨਮ ਨਾਲੋਂ ਉਨ੍ਹਾਂ ਦੀ ਸ਼ਹੀਦੀ ਵਧ ਮਹੱਤਵ ਰੱਖਦੀ ਹੈ। ਜਨਮ ਤਾਂ ਬਹੁਤ ਲੋਕ ਲੈਂਦੇ ਹਨ ਪਰ ਸ਼ਹੀਦੀ ਕੋਈ ਵਿਰਲਾ ਹੀ ਪਾਉਂਦਾ ਹੈ। ਜਿਹੜੇ ਸਿੱਖ ਕਹਿੰਦੇ ਹਨ, ਸੰਤ ਸ਼ਹੀਦ ਨਹੀਂ ਹੋਏ, ਉਹ ਕੌਮ ਦੇ ਦੇਣਦਾਰ ਹਨ। ਹਰ ਸਿੱਖ ਦੀ ਅੰਤਮ ਅਰਦਾਸ ਹੁੰਦੀ ਹੈ। ਕੀ ਸੰਤ ਜਰਨੈਲ ਸਿੰਘ ਜੀ ਕੋਲੋਂ ਕੋਈ ਐਸੀ ਭੁੱਲ ਜਾਂ ਗੁਨਾਹ ਹੋ ਗਿਆ ਹੈ, ਜਿਸ ਕਰਕੇ ਉਨ੍ਹਾਂ ਨੂੰ ਇਸ ਹੱਕ ਤੋਂ ਅਜੇ ਤੱਕ ਵਾਂਝਿਆਂ ਰੱਖਿਆ ਹੋਇਆ ਹੈ? ਉਨ੍ਹਾਂ ਦੀ ਸ਼ਹੀਦੀ ਨੂੰ ਲੁਕਾ ਕੇ ਹੁਣ ਕਿਹਦਾ ਮਨੋਬਲ ਉੱਚਾ ਕੀਤਾ ਜਾ ਰਿਹਾ ਹੈ? ਕੁਝ ਸਾਲ ਪਹਿਲਾਂ ਤਾਂ ਕਹਿੰਦੇ ਸੀ, ਕੌਮ ਦਾ ਮਨੋਬਲ ਡਿਗ ਪਵੇਗਾ, ਹੁਣ ਤਾਂ ਸਮੁੱਚੀ ਕੌਮ ਹੀ ਡਿੱਗੀ ਪਈ ਹੈ। ਹੁਣ ਤਾਂ ਝੂਠ ਬੋਲ ਕੇ ਸੰਤਾਂ ਦੀ ਸ਼ਹੀਦੀ ਲੁਕਾਉਣ ਦਾ ਕੋਈ ਲਾਭ ਨਹੀਂ। ਰਹੀ ਉਨ੍ਹਾਂ ਦੀ ਥਾਂ ਡੇਰੇ ਦਾ ਮੁਖੀ ਬਣਨ ਦੀ ਗੱਲ ਤਾਂ ਉਹ ਜਿਹੜਾ ਮਰਜ਼ੀ ਬਣ ਜਾਵੇ, ਸੰਤਾਂ ਨੇ ਕਿਹੜਾ ਉਹਨੂੰ ਰੋਕਣ ਆਉਣਾ ਹੈ? ਪਰ ਉਨ੍ਹਾਂ ਦੀ ਅੰਤਮ ਅਰਦਾਸ ਤਾਂ ਹੋਣੀ ਹੀ ਚਾਹੀਦੀ ਹੈ ਨਹੀਂ ਤਾਂ ਇਹ ਉਸ ਮਹਾਨ ਸ਼ਹੀਦ ਦੀ ਸ਼ਹੀਦੀ ਨੂੰ ਰੋਲਣ ਤੁੱਲ ਹੋਵੇਗਾ। ਉਨ੍ਹਾਂ ਨੇ ਮੈਦਾਨੇ ਜੰਗ ਵਿਚ ਗੱਜ ਵੱਜ ਕੇ ਸ਼ਹੀਦੀ ਪਾਈ ਹੈ, ਮੰਜੇ 'ਤੇ ਪੈ ਕੇ ਸਵਰਗਵਾਸ ਨਹੀਂ ਹੋਏ। ਕੀਰਤਪੁਰ ਸਾਹਿਬ ਦੇ ਰਜਿਸਟਰ ਵਿਚ ਸੰਤਾਂ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਦਾ ਵੇਰਵਾ ਮੌਜੂਦ ਹੈ, ਕੋਈ ਵੀ ਜਾ ਕੇ ਵੇਖ ਸਕਦਾ ਹੈ।

ਕੁਲਬੀਰ ਸਿੰਘ ਕੌੜਾ

ਸੀ.ਆਈ.ਡੀ. ਦਾ ਟੈਲੀਫੋਨ

ਵੀਰਵਾਰ, 12 ਜੂਨ 1986 ਨੂੰ, ਦੁਪਹਿਰ ਦੇ ਤਿੰਨ ਵੱਜੇ ਹੋਣੇ ਹਨ, ਜਦੋਂ ਟੈਲੀਫੋਨ ਦੀ ਘੰਟੀ ਵੱਜੀ। ਘਰ ਦੋ ਖਾਸ (ਵੀ.ਆਈ.ਪੀ.) ਪਰਿਵਾਰ ਆਏ ਹੋਏ ਸਨ। ਇਸ ਕਰਕੇ ਦੁਪਹਿਰ ਦਾ ਖਾਣਾ ਬੜਾ ਵੱਧੀਆ ਤੇ ਉਚੇਚ ਵਾਲਾ ਬਣਿਆ ਸੀ। ਗਰਮੀ ਜ਼ੋਰਾਂ ਦੀ ਪੈ ਰਹੀ ਸੀ। ਭਾਵੇਂ ਸਾਰੇ ਹੀ ਕਮਰਿਆਂ ਵਿਚ ਏ.ਸੀ. ਚੱਲ ਰਹੇ ਸਨ, ਪਰ ਫਿਰ ਵੀ ਸਾਰੇ ਹੀ ਇਕ ਕਮਰੇ ਵਿਚ ਗੱਲਾਂ ਬਾਤਾਂ ਕਰਦੇ ਕਰਦੇ ਸੌਂ ਗਏ ਸਨ। ਅੰਦਰ ਕਮਰੇ ਦਾ ਤਾਪਮਾਨ ਠੰਡਾ ਸੀ, ਬਾਹਰ ਕੜਾਕੇ ਦੀ ਗਰਮੀ ਪੈ ਰਹੀ ਸੀ। ਬਾਕੀ ਸਾਰੇ ਤਾਂ ਸੁੱਤੇ ਹੋਏ ਸਨ ਪਰ ਮੈਂ ਇਸ ਤਰ੍ਹਾਂ ਸਾਰਿਆਂ ਵਿਚ ਸੌਣ ਦਾ ਆਦੀ ਨਹੀਂ ਸਾਂ ਤੇ ਇਸ ਕਰਕੇ ਲੰਮਾ ਜ਼ਰੂਰ ਪਿਆ ਹੋਇਆ ਸਾਂ, ਸੁੱਤਾ ਨਹੀਂ ਸਾਂ। ਇਸ ਲਈ ਟੈਲੀਫੋਨ ਆਉਣ 'ਤੇ ਰਸੀਵਰ ਮੈਂ ਹੀ ਉਠ ਕੇ ਚੁਕਿਆ। ਦੂਸਰੇ ਪਾਸੇ ਗੱਲ ਕਰਨ ਵਾਲਾ ਆਦਮੀ ਇਸ ਤਰ੍ਹਾਂ ਬੋਲ ਰਿਹਾ ਲੱਗਦਾ ਸੀ, ਜਿਵੇਂ ਟੈਲੀਫੋਨ ਵਾਲੇ, ਐਕਸਚੇਂਜ ਵਿਚੋਂ, ਟੈਲੀਫੋਨ ਕਰਕੇ ਟੈਲੀਫੋਨ ਦੇ ਠੀਕ ਹੋਣ ਬਾਰੇ ਜਾ ਟੈਲੀਫੋਨ ਬਿੱਲ ਜਮਾਂ ਨਾ ਹੋਣ ਬਾਰੇ ਦੱਸਦੇ ਹਨ ਕਿ ਤੁਹਾਡਾ ਬਿੱਲ ਜਮ੍ਹਾ ਨਹੀਂ ਹੋਇਆ। ਟੈਲੀਫੋਨ 'ਤੇ ਗੱਲ ਇਸ ਤਰ੍ਹਾਂ ਹੋਈ ;

"ਤੁਹਾਡਾ ਟੈਲੀਫੋਨ ਨੰਬਰ ਕੀ ਹੈ ਜੀ?"

ਮੈਂ ਆਪਣੇ ਟੈਲੀਫੋਨ ਦਾ ਨੰਬਰ ਦੱਸਿਆ।

ਕਰਨ ਵਾਲਾ - "ਤੁਹਾਡਾ ਸ਼ੁਭ ਨਾਮ"

ਮੈਂ - "ਕੁਲਬੀਰ ਸਿੰਘ"

ਕਰਨ ਵਾਲਾ - "ਸਰਦਾਰ ਜੀ, ਮੈਂ ਸੀ.ਆਈ.ਡੀ. ਦਫਤਰ ਵਿਚੋਂ ਇੰਸਪੈਕਟਰ ਬੋਲ ਰਿਹਾ ਹਾਂ, ਤੁਹਾਡੇ ਕੋਲੋਂ ਕੁਝ ਗੱਲਾਂ ਪੁਛਣੀਆਂ ਹਨ, ਕੀ ਤੁਸੀਂ ਹੁਣੇ ਸਾਡੇ ਦਫਤਰ ਆਉਗੇ?"

ਮੈਂ - "ਇਸ ਤਰ੍ਹਾਂ ਹੈ ਜੀ, ਕਿ ਮੇਰੇ ਘਰ ਪ੍ਰਾਹੁਣੇ ਆਏ ਹੋਏ ਹਨ। ਮੈਂ ਉਨ੍ਹਾਂ ਨੂੰ ਬੱਸ ਅੱਡੇ 'ਤੇ ਛੱਡਣ ਜਾਣਾ ਹੈ, ਉਧਰੋਂ ਵਿਹਲਾ ਹੋ ਕੇ ਆਪ ਕੋਲ ਪਹੁੰਚ ਜਾਵਾਂਗਾ।"

ਸੀ.ਆਈ. ਡੀ. ਇੰਸਪੈਕਟਰ - "ਸਰਦਾਰ ਸਾਹਿਬ, ਤੁਹਾਡੇ ਘਰ ਦਾ ਪਤਾ ਕੀ ਹੈ, ਜਿਥੇ ਇਹ ਟੈਲੀਫੋਨ ਲੱਗਾ ਹੋਇਆ ਹੈ?"

ਮੈਂ ਘਰ ਦਾ ਪਤਾ ਵਿਸਥਾਰ ਨਾਲ ਦੱਸਿਆ।

ਇੰਸਪੈਕਟਰ - "ਸਰਦਾਰ ਸਾਹਿਬ, ਅਸੀਂ ਏਥੋਂ ਤੁਹਾਡੇ ਘਰ ਦੇ ਨੇੜਿਓਂ ਹੀ ਬੋਲਦੇ ਹਾਂ, ਤੁਹਾਡਾ ਕਾਰਖਾਨਾ ਕਿਥੇ ਹੈ?"

ਮੈਂ - "ਸਾਡਾ ਕਾਰਖਾਨਾ ਤਾਂ ਕੋਈ ਨਹੀਂ।"

ਇੰਸਪੈਕਟਰ - "ਸਰਦਾਰ ਸਾਹਿਬ ਤੁਹਾਡੇ ਕਿੰਨੇ ਟੈਲੀਫੋਨ ਹਨ ਤੇ ਕੀ-ਕੀ ਪਤੇ ਹਨ?"

ਮੈਂ ਪੂਰੀ ਤਫਸੀਲ ਵਿਚ ਟੈਲੀਫੋਨ ਦਾ ਵੇਰਵਾ ਤੇ ਪਤੇ ਦੱਸੇ ਤੇ ਨਾਲ ਹੀ ਪੁਛਿਆ ਕਿ, "ਤੁਹਾਡਾ ਦਫਤਰ ਕਿਥੇ ਹੈ? ਮੈਂ ਓਥੇ ਹੀ ਆ ਜਾਂਦਾ ਹਾਂ।"

ਇੰਸਪੈਕਟਰ – "ਨਹੀਂ ਜੀ ਕੋਈ ਗੱਲ ਨਹੀਂ, ਅਸੀਂ ਥੋੜੀ ਦੇਰ ਤੱਕ ਤੁਹਾਡੇ ਕੋਲ ਘਰ ਹੀ ਆ ਜਾਂਦੇ ਹਾਂ। ਪਰ ਇਹ ਦਸੋ ਕਿ ਤੁਹਾਡਾ ਕੋਈ ਰਿਸ਼ਤੇਦਾਰ ਬਾਹਰ ਵੀ ਰਹਿੰਦਾ ਹੈ?"

ਮੈਂ – "ਹਾਂ, ਮੇਰੀ ਪਤਨੀ ਦਾ ਭਰਾ ਕੈਨੇਡਾ ਰਹਿੰਦਾ ਹੈ।"

ਇੰਸਪੈਕਟਰ – "ਤੁਸੀਂ ਬਾਹਰ ਟੈਲੀਫੋਨ ਵੀ ਕਰਦੇ ਹੋ, ਕਿਸੇ ਨੂੰ?"

ਮੈਂ – "ਕਿਸੇ ਨੂੰ ਤਾਂ ਨਹੀਂ, ਉਨ੍ਹਾਂ ਨੂੰ ਤਾਂ ਕਰਦੇ ਹੀ ਰਹੀਦਾ ਹੈ।"

ਇੰਸਪੈਕਟਰ – "ਉਨ੍ਹਾਂ ਦੇ ਟੈਲੀਫੋਨ ਵੀ ਤੁਹਾਨੂੰ ਆਉਂਦੇ ਹਨ?"

ਮੈਂ – "ਹਾਂ, ਕਈ ਵਾਰੀ, ਪਰ ਕਿਉਂ ਕੀ ਗੱਲ, ਤੁਸੀਂ ਇਹ ਸਾਰਾ ਕੁਝ ਕਿਉਂ ਪੁੱਛਦੇ ਹੋ?"

ਇੰਸਪੈਕਟਰ – "ਅਸੀਂ ਇਕ ਟੈਲੀਫੋਨ ਦੇ ਬਾਰੇ ਵਿਚ ਕੁਝ ਜਾਣਕਾਰੀ ਚਾਹੁੰਦੇ ਹਾਂ। ਕੈਨੇਡਾ ਵਿਚ ਉਨ੍ਹਾਂ ਦਾ ਪਤਾ ਕੀ ਹੈ?"

ਮੈਂ – "ਥੋੜ੍ਹਾ ਠਹਿਰੋ, ਮੈਂ ਲੱਭ ਕੇ ਦੱਸਦਾ ਹਾਂ।"

ਇੰਸਪੈਕਟਰ – "ਚਲੋ ਰਹਿਣ ਦਿਓ। ਇਹ ਦਸੋ ਤੁਹਾਡਾ ਕੋਈ ਦਫਤਰ ਵੀ ਹੈ?"

ਮੈਂ – "ਹਾਂ, ਹੈ।" ਅਤੇ ਮੈਂ ਨਾਂ ਸਮੇਤ ਸਥਾਨ ਵਗੈਰਾ ਸਭ ਕੁਝ ਦੱਸ ਦਿੱਤਾ।

ਇੰਸਪੈਕਟਰ – "ਬਾਹਰੋਂ ਤੁਹਾਨੂੰ ਕਿੰਨੇ ਕੁ ਫੋਨ ਆਉਂਦੇ ਹਨ?"

ਮੈਂ – "ਮੈਂ ਦਸਿਆ ਨਾ ਕਿ ਮੇਰੇ ਸਾਲੇ ਦਾ ਫੋਨ ਆਉਂਦਾ ਹੀ ਰਹਿੰਦਾ ਹੈ ਤੇ ਅਸੀਂ ਵੀ ਉਸ ਨੂੰ ਕਰਦੇ ਹੀ ਰਹਿੰਦੇ ਹਾਂ।"

ਇੰਸਪੈਕਟਰ – "ਚਲੋ ਠੀਕ ਹੈ, ਅਸੀਂ ਆਪ ਹੀ ਕਿਸੇ ਵੇਲੇ ਆਪ ਨੂੰ ਮਿਲ ਲਵਾਂਗੇ।"

ਤੇ ਇਸ ਤਰ੍ਹਾਂ ਗੱਲਬਾਤ ਖਤਮ ਹੋ ਗਈ। ਹੁਣ ਤੱਕ ਲੱਗਪੱਗ ਸਾਰੇ ਹੀ ਸੁੱਤੇ ਹੋਏ ਪ੍ਰਾਹੁਣੇ ਤੇ ਬੱਚੇ ਜਾਗ ਪਏ ਸਨ। ਮੇਰੀ ਪਤਨੀ ਨੇ ਪੁਛਿਆ "ਕੀ ਗੱਲ, ਕਿਸਦਾ ਟੈਲੀਫੋਨ ਸੀ?" ਮੈਂ ਮੁਖਤਸਰ ਜਿਹਾ ਦਸਿਆ ਕਿ ਸੀ.ਆਈ.ਡੀ. ਵਾਲੇ ਸਨ।

ਸੀ.ਬੀ.ਆਈ. ਨੂੰ ਸੀ.ਆਈ.ਡੀ. ਸਮਝਣਾ

ਦੂਸਰੇ ਦਿਨ ਮੈਂ ਚੰਡੀਗੜ੍ਹ ਜਾਣਾ ਸੀ ਤੇ ਇਸ ਲਈ ਮੈਨੂੰ ਟੈਲੀਫੋਨ ਵਾਲੀ ਗੱਲ ਦੀ ਚਿੰਤਾ ਸੀ। ਐਸੀ ਕੀ ਗੱਲ ਹੋ ਸਕਦੀ ਹੈ, ਜੋ ਸੀ.ਆਈ.ਡੀ. ਵਾਲੇ ਪੁੱਛਗਿੱਛ ਕਰਨ ਲੱਗ ਪਏ? ਜਦੋਂ ਕਿ ਗੈਰਕਾਨੂੰਨੀ ਕੋਈ ਵੀ ਗੱਲ ਨਹੀਂ ਹੋਈ। ਇਨ੍ਹਾਂ ਸਾਰੀਆਂ ਗੱਲਾਂ ਦਾ ਮੈਨੂੰ ਕੋਈ ਉੱਤਰ ਨਹੀਂ ਸੀ ਮਿਲ ਰਿਹਾ। ਇਕ ਮਕੈਨਿਕ, ਜੋ ਸੀ.ਆਈ.ਡੀ. ਦੇ ਐਸ.ਪੀ. ਨੂੰ ਜਾਣਦਾ ਸੀ, ਨੂੰ ਨਾਲ ਲੈ ਕੇ ਮੈਂ ਸੀ.ਆਈ.ਡੀ. ਦੇ ਦਫਤਰ ਗਿਆ, ਪਰ ਉਹ ਐਸ.ਪੀ. ਦਫਤਰ ਨਾ ਮਿਲਿਆ।

ਦਫਤਰ ਵਿਚ ਡੀ.ਐਸ.ਪੀ. ਬੈਠਾ ਸੀ ਤੇ ਉਹ ਵੀ ਗਿਆਨੀ (ਮਕੈਨਿਕ) ਦਾ ਵਾਕਫ ਸੀ। ਅਸਾਂ ਉਸ ਨੂੰ ਸਾਰੀ ਗੱਲ ਦੱਸੀ ਤੇ ਉਸ ਨੇ ਦਫਤਰ ਵਿਚ ਜਿਹੜਾ-ਜਿਹੜਾ ਇੰਸਪੈਕਟਰ ਇਸ ਗੱਲ ਨਾਲ ਸਬੰਧਤ ਸੀ, ਨੂੰ ਬੁਲਾ ਕੇ ਪੁਛਿਆ ਕਿ ਕੀ ਮਾਮਲਾ ਹੈ? ਤਾਂ ਉਨ੍ਹਾਂ ਨੇ ਦੱਸਿਆ ਕਿ "ਸਾਡੇ ਕੋਲ ਏਹੋ ਜਿਹਾ ਕੋਈ ਕੇਸ ਨਹੀਂ ਤੇ ਨਾ

ਹੀ ਅਸਾਂ ਟੈਲੀਫੋਨ ਹੀ ਕੀਤਾ ਹੈ।" ਰਜਿਸਟਰ, ਜਿਸ ਵਿਚ ਇਸ ਕਿਸਮ ਦੇ ਨਵੇਂ ਕੇਸਾਂ ਦੇ ਇੰਦਰਾਜ ਦਰਜ ਕੀਤੇ ਜਾਂਦੇ ਸਨ, ਵੀ ਮੰਗਵਾ ਕੇ ਵੇਖਿਆ ਪਰ ਉਸ ਵਿਚ ਵੀ ਕੋਈ ਗੱਲ ਨਹੀਂ ਸੀ। ਡੀ.ਐਸ.ਪੀ. ਨੇ ਆਖਿਆ ਕਿ ਹੋ ਸਕਦਾ ਹੈ, ਤੁਹਾਨੂੰ ਕੋਈ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ ਕਿਉਂਕਿ ਇਹੋ ਜਿਹੇ ਕਈ ਕੇਸ ਅੱਜ ਕੱਲ੍ਹ ਹੋ ਰਹੇ ਹਨ। ਜੇ ਕੱਲ ਨੂੰ ਤੁਹਾਨੂੰ ਕਿਸੇ ਦਾ ਫੋਨ ਆਵੇ ਤਾਂ ਤੁਸੀਂ ਝੱਟ ਕਿਸੇ ਢੰਗ ਨਾਲ ਸਾਨੂੰ ਜਾਣਕਾਰੀ ਦਿਉ ਤੇ ਅਸੀਂ ਉਸ ਬਲੈਕਮੇਲਰ ਨੂੰ ਫੜ ਲਵਾਂਗੇ। ਨਿਸਚਿੰਤ ਹੋ ਕੇ ਮੈਂ ਅਤੇ ਮਕੈਨਿਕ ਦਫਤਰੋਂ ਬਾਹਰ ਆਏ। ਮਕੈਨਿਕ ਦਾ ਵੀ ਪੱਕਾ ਖਿਆਲ ਸੀ ਕਿ ਕੋਈ ਟੈਲੀਫੋਨ ਕਰਕੇ ਬਲੈਕਮੇਲ ਹੀ ਕਰਨਾ ਚਾਹੁੰਦਾ ਹੈ। ਮੈਂ ਵੀ ਇਸ ਗੱਲ ਨੂੰ ਠੀਕ ਹੀ ਸਮਝਦਾ ਸਾਂ। ਵਰਕਸ਼ਾਪ ਵਿਚ ਖੜੋਤੀ ਗੱਡੀ ਨੂੰ ਮੇਰਾ ਵੱਡਾ ਲੜਕਾ ਸੁਰਿੰਦਰ ਬਲਰਾਜ ਸਿੰਘ ਠੀਕ ਕਰਵਾ ਰਿਹਾ ਸੀ ਕਿਉਂਕਿ ਦੂਸਰੇ ਦਿਨ ਐਤਵਾਰ ਸੀ ਤੇ ਅਖ਼ਬਾਰ ਵਿਚ ਕਾਰ ਨੂੰ ਵੇਚਣ ਵਾਸਤੇ ਇਸ਼ਤਿਹਾਰ ਦਿੱਤਾ ਹੋਇਆ ਸੀ, ਇਸ ਲਈ ਉਸ ਨੂੰ ਠੀਕ ਕਰਵਾਉਣਾ ਬਹੁਤ ਜ਼ਰੂਰੀ ਸੀ। ਜਾਂਦਿਆਂ ਨੂੰ ਗੱਡੀ ਤਿਆਰ ਸੀ, ਅਸਾਂ ਸੈਲਫ ਮਾਰਿਆਂ ਤੇ ਚੰਡੀਗੜ੍ਹ ਲਈ ਚਾਲੇ ਪਾ ਦਿੱਤੇ।

ਚੰਡੀਗੜ੍ਹ ਪਹੁੰਚਣਾ

ਮੈਂ ਤੇ ਸੁਰਿੰਦਰ ਬਲਰਾਜ ਸਿੰਘ ਕੋਈ ਪੰਜ ਕੁ ਵਜੇ ਚੰਡੀਗੜ੍ਹ ਪਹੁੰਚੇ। ਚਾਹ ਪਾਣੀ ਪੀਤਾ ਤੇ ਸਾਰੇ ਬੈਠ ਕੇ ਗੱਪ-ਸ਼ੱਪ ਲਾਉਣ ਲੱਗ ਪਏ। ਏਨੇ ਚਿਰ ਨੂੰ ਸੁਰਿੰਦਰ ਬਲਰਾਜ ਸਿੰਘ ਦੇ ਮਾਮੇ ਨੇ ਦੱਸਿਆ ਕਿ ਕੋਈ ਘੰਟਾ ਕੁ ਹੋਇਆ ਹੈ, ਇਕ ਟੈਲੀਫੋਨ ਆਇਆ ਸੀ ਕਿ ਮੈਂ ਏਥੇ ਪਹੁੰਚ ਗਿਆ ਹਾਂ ਕਿ ਨਹੀਂ? ਪਰ ਉਸ ਨੇ ਦੱਸਿਆ ਕਿ ਉਹ ਅਵਾਜ਼ ਬੜੀ ਕੁਰੱਖਤ ਜਿਹੀ ਸੀ ਤੇ ਇਸ ਤਰ੍ਹਾਂ ਲੱਗਦੀ ਸੀ, ਜਿਵੇਂ ਪੁਲਿਸ ਵਾਲਿਆਂ ਦੀ ਹੁੰਦੀ ਹੈ। ਮੈਂ ਕੁਝ ਸੋਚਾਂ ਵਿਚ ਪੈ ਗਿਆ ਕਿ ਇਹ ਕੌਣ ਹੋ ਸਕਦਾ ਹੈ, ਜੋ ਮੇਰੇ ਏਥੇ ਆਉਣ ਬਾਰੇ ਪੁੱਛਗਿੱਛ ਕਰ ਰਿਹਾ ਹੈ। ਪਰ ਫਿਰ ਮੈਂ ਸੋਚਿਆ ਕਿ ਦੱਫਾ ਕਰੋ, ਹੋਵੇਗਾ ਕੋਈ। ਨਾਲ ਦੇ ਕਮਰੇ ਵਿਚ ਰੰਗੀਨ ਟੈਲੀਵਿਜ਼ਨ ਲੱਗਾ ਹੋਇਆ ਸੀ, ਜੋ ਸੁਰਿੰਦਰ ਬਲਰਾਜ ਸਿੰਘ ਦੇ ਮਾਮੇ ਨੇ ਇਕ-ਦੋ ਦਿਨ ਪਹਿਲਾਂ ਹੀ ਲਿਆ ਸੀ। ਸਾਰੇ ਟੈਲੀਵਿਜ਼ਨ ਵੇਖ ਰਹੇ ਸਨ। ਪ੍ਰੋਗਰਾਮ ਕੋਈ ਬਹੁਤ ਹੀ ਚੰਗਾ ਆ ਰਿਹਾ ਸੀ। ਏਸੇ ਲਈ ਹੀ ਬੱਚੇ ਖੂਬ ਰੌਲੀ ਪਾ ਰਹੇ ਸਨ। ਕਰੀਬ ਸੱਤ ਕੁ ਵਜੇ ਸੁਰਿੰਦਰ ਬਲਰਾਜ ਸਿੰਘ ਦੇ ਨਾਨੀ ਜੀ ਦੌੜ ਕੇ ਉਸ ਕਮਰੇ ਵਿਚ ਆਏ, ਜਿਥੇ ਟੈਲੀਵਿਜ਼ਨ ਲੱਗਾ ਹੋਇਆ ਸੀ। ਉਹ ਬਹੁਤ ਘਬਰਾਹਟ ਵਿਚ ਸਨ ਤੇ ਕਹਿ ਰਹੇ ਸਨ "ਪੁਲਿਸ ਆਈ ਹੈ"। ਪਰ ਕਿਸੇ ਨੇ ਕੋਈ ਖਿਆਲ ਨਾ ਕੀਤਾ। ਫਿਰ ਉਨ੍ਹਾਂ ਨੇ ਜ਼ੋਰ ਨਾਲ ਆਖਿਆ "ਬੰਦ ਕਰੋ ਟੈਲੀਵਿਜ਼ਨ, ਮੈਂ ਕਹਿੰਦੀ ਹਾਂ ਪੁਲਿਸ ਆਈ ਹੈ।" ਸਾਰਿਆਂ ਨੇ ਉਨ੍ਹਾਂ ਦੇ ਮੂੰਹ ਵੱਲ ਵੇਖਿਆ। ਉਹ ਬਹੁਤ ਹੀ ਘਬਰਾਹਟ ਵਿਚ ਸਨ ਤੇ ਅੱਖਾਂ ਵਿਚ ਪਾਣੀ ਸੀ। ਮੈਂ ਪੁੱਛਿਆ "ਕਿਥੇ ਆਈ ਹੈ, ਪੁਲਿਸ?" ਤਾਂ ਉਨ੍ਹਾਂ ਨੇ ਕਿਹਾ, "ਆਪਣੇ ਘਰ ਕਮਰੇ ਤੱਕ ਆ ਗਏ ਹਨ"। ਫੌਰਨ ਟੀ.ਵੀ. ਬੰਦ ਕਰ ਦਿੱਤਾ ਗਿਆ। ਸਾਰੇ ਜਿਥੇ-ਜਿਥੇ ਸਨ ਓਥੇ ਹੀ ਠਠੰਬਰ ਗਏ। ਕਿਉਂਕਿ ਜਿਸ ਘਰ ਵਿਚ ਪੁਲਿਸ ਆਈ ਸੀ, ਓਥੇ ਕਦੇ ਇਕ ਸਿਪਾਹੀ ਆਉਣ ਦਾ ਵੀ ਸਵਾਲ ਪੈਦਾ ਨਹੀਂ ਸੀ ਹੁੰਦਾ। ਇਸ ਲਈ ਸਾਰਿਆਂ ਦਾ ਠਠੰਬਰ ਜਾਣਾ ਕੁਦਰਤੀ ਗੱਲ ਸੀ। ਸਾਰੇ ਆਪੋ ਆਪਣੇ ਥਾਂ ਇਸ ਤਰ੍ਹਾਂ ਖੜ੍ਹੇ ਸਨ ਜਿਵੇਂ ਪੱਥਰ ਦੇ ਬੁੱਤ ਖੜੋਤੇ ਹੋਣ।

ਮੇਰੀਆਂ ਅੱਖਾਂ ਅੱਗੇ ਦੋ ਦਿਨ ਪਹਿਲਾਂ ਸੀ.ਆਈ.ਡੀ. ਇੰਸਪੈਕਟਰ ਦਾ ਆਉਣ ਵਾਲਾ ਟੈਲੀਫੋਨ ਤੇ ਸੁਰਿੰਦਰ ਬਲਰਾਜ ਸਿੰਘ ਦੇ ਮਾਮੇ ਦੇ ਇਹ ਲਫਜ਼ ਕਿ "ਇਕ ਟੈਲੀਫੋਨ ਹੁਣੇ ਆਇਆ ਸੀ ਤੇ ਉਹ ਮੇਰੇ ਏਥੇ ਪਹੁੰਚਣ ਬਾਰੇ ਪੁੱਛ ਰਿਹਾ ਸੀ" ਫਿਲਮ ਦੀ ਰੀਲ੍ਹ ਵਾਂਗ ਘੁੰਮ ਗਏ। ਮੈਨੂੰ ਸਮਝਣ ਲਗਿਆਂ ਦੇਰ ਨਾ ਲੱਗੀ ਕਿ ਪੁਲਿਸ ਮੈਨੂੰ ਹੀ ਫੜਨ ਆਈ ਹੈ। ਮੈਂ ਸਾਰਿਆਂ ਵੱਲ ਮੂੰਹ ਕਰਕੇ ਆਖਿਆ, "ਮੇਰਾ ਖਿਆਲ ਹੈ ਕਿ ਪੁਲਿਸ ਮੈਨੂੰ ਫੜਨ ਆਈ ਹੈ, ਉਨ੍ਹਾਂ ਨੂੰ ਬਿਠਾਓ, ਮੈਂ ਪੱਗ ਬੰਨ ਲਵਾਂ"। ਇਸ ਤਰ੍ਹਾਂ, ਮੈਂ ਛੇਤੀ-ਛੇਤੀ ਪੱਗ ਬੰਨ੍ਹਣ ਲੱਗ ਪਿਆ ਤੇ ਦੋ ਮਿੰਟਾਂ ਵਿਚ ਹੀ ਤਿਆਰ ਹੋ ਕੇ ਕਮਰੇ ਵਿਚ ਚਲਾ ਗਿਆ।

ਕਮਰੇ ਵਿਚ ਇਕ ਡੀ.ਐਸ.ਪੀ. ਇਕ ਇੰਸਪੈਕਟਰ ਤੇ ਦੋ ਥਾਣੇਦਾਰ ਸੋਫਿਆਂ 'ਤੇ ਬੈਠੇ ਸਨ ਤੇ ਬਾਕੀ ਦੀ ਪੁਲਿਸ ਬਾਹਰ ਖਲੋਤੀ ਸੀ। ਡੀ.ਐਸ.ਪੀ. ਨੂੰ ਬੁਲਾਉਣ ਤੋਂ ਬਾਅਦ ਮੈਂ ਸੋਫੇ 'ਤੇ ਬੈਠ ਗਿਆ ਤੇ ਡੀ.ਐਸ.ਪੀ. ਨੂੰ ਪੁਛਿਆ, "ਜੀ ਦਸੋ"?

ਡੀ.ਐਸ.ਪੀ. ਤੇ ਮੇਰੀ ਬਾਕੀ ਗੱਲਬਾਤ ਇਸ ਤਰ੍ਹਾਂ ਹੋਈ ;

ਮੈਂ - "ਹਾਂ ਜੀ ਦਸੋ?"

ਡੀ.ਐਸ.ਪੀ. - "ਤੁਹਾਡਾ ਸ਼ੁਭ ਨਾਂ ਕੁਲਬੀਰ ਸਿੰਘ ਹੈ?"

ਮੈਂ - "ਹਾਂ ਜੀ।"

ਡੀ.ਐਸ.ਪੀ. - "ਜਲੰਧਰ ਤੋਂ ਆਏ ਹੋ?"

ਮੈਂ - "ਹਾਂ ਜੀ।"

ਡੀ.ਐਸ.ਪੀ. - "ਏਥੇ ਕਦੋਂ ਕੁ ਪਹੁੰਚੇ ਹੋ?"

ਮੈਂ - "ਘੰਟਾ ਕੁ ਹੋ ਗਿਆ ਹੈ।"

ਡੀ.ਐਸ.ਪੀ. - "ਸਰਦਾਰ ਜੀ, ਤੁਸੀਂ ਸਾਡੇ ਨਾਲ ਥੋੜੀ ਦੇਰ ਲਈ ਪੁਲਿਸ ਸਟੇਸ਼ਨ ਚਲੋ।"

ਮੈਂ - "ਚਲੋ" ਤੇ ਇਹ ਕਹਿ ਕੇ ਮੈਂ ਸੋਫੇ ਤੋਂ ਉਠ ਖਲੋਤਾ। ਸੁਰਿੰਦਰ ਬਲਰਾਜ ਸਿੰਘ ਦਾ ਮਾਮਾ, ਜਿਸ ਦੇ ਹੱਥ ਵਿਚ ਕਾਰ ਦੀਆਂ ਚਾਬੀਆਂ ਫੜੀਆਂ ਹੋਈਆਂ ਸਨ, ਮੇਰੇ ਪਿਛੇ ਹੀ ਖਲੋਤਾ ਸੀ। ਪਹਿਲਾਂ ਮੈਂ ਦਰਵਾਜਾ ਖੋਲ੍ਹ ਕੇ ਬਾਹਰ ਨਿਕਲਿਆ, ਫਿਰ ਸਾਰੇ ਪੁਲਿਸ ਅਫ਼ਸਰ। ਬਾਹਰ ਨਿਕਲ ਕੇ ਮੈਂ ਵੇਖਿਆ ਵਿਹੜਾ ਤੇ ਸੜਕ ਪੁਲਿਸ ਨਾਲ ਭਰੀ ਹੋਈ ਸੀ। ਲੋਕ ਕੋਠਿਆਂ 'ਤੇ ਅਤੇ ਆਪਣੇ ਆਪਣੇ ਘਰਾਂ ਅੱਗੇ ਖੜ੍ਹੇ ਸਨ। ਮੈਂ ਜ਼ਰਾ ਦੂਰ ਤੱਕ ਨਿਗਾਹ ਮਾਰੀ ਤਾਂ ਉਸ ਸੈਕਟਰ ਦੇ ਮੋੜ ਉਤੇ ਵੀ ਪੁਲਿਸ ਖੜੀ ਸੀ ਤੇ ਮੋੜ ਉਸ ਘਰ ਤੋਂ ਪੰਜਾਹ ਘਰ ਅਗੇ ਜਾ ਕੇ ਸੀ। ਬਾਹਰ ਤਿੰਨ ਗੱਡੀਆਂ ਖੜ੍ਹੀਆਂ ਸਨ। ਇਕ ਜੀਪ ਤੇ ਦੋ ਮੈਟਾਡੋਰ। ਸੁਰਿੰਦਰ ਬਲਰਾਜ ਸਿੰਘ ਦੇ ਮਾਮੇ ਨੇ ਮੇਰੀ ਕਾਰ ਦਾ ਦਰਵਾਜਾ ਖੋਲ੍ਹਿਆ ਤੇ ਡੀ.ਐਸ.ਪੀ. ਨੂੰ ਆਖਿਆ "ਅਸੀਂ ਆਪਣੀ ਗੱਡੀ ਵਿਚ ਆ ਜਾਂਦੇ ਹਾਂ"। ਡੀ.ਐਸ.ਪੀ ਨੇ ਕੋਈ ਖ਼ਾਸ ਇਤਰਾਜ਼ ਨਹੀਂ ਕੀਤਾ ਤੇ ਇੰਸਪੈਕਟਰ ਵੱਲ ਇਸ਼ਾਰਾ ਕੀਤਾ। ਉਹ ਬਾਕੀ ਪੁਲਿਸ ਅਫ਼ਸਰਾਂ ਸਮੇਤ ਸਾਡੇ ਵਾਲੀ ਕਾਰ ਵਿਚ ਹੀ ਬੈਠ ਗਏ। ਚਾਰ ਪੁਲਿਸ ਅਫ਼ਸਰ ਤੇ ਦੋ ਅਸੀਂ। ਕਾਰ ਤੇ ਬਾਕੀ ਪੁਲਿਸ ਦੀਆਂ ਗੱਡੀਆਂ ਲੱਗਪਗ ਇਕੱਠੀਆਂ ਹੀ ਸਟਾਰਟ ਹੋਈਆਂ ਤੇ ਤੁਰ ਪਈਆਂ। ਪੁਲਿਸ ਦੇ ਆਦਮੀ, ਜਿਨ੍ਹਾਂ ਦੇ ਹੱਥਾਂ ਵਿਚ ਸਟੇਨਾਂ ਤੇ ਰਾਈਫਲਾਂ ਅਤੇ ਸੀ.ਆਰ.ਪੀ. ਵਾਲਿਆਂ ਕੋਲ ਐਸ.ਐਲ.ਆਰ. ਸਨ, ਭੱਜ ਕੇ ਮੈਟਾਡੋਰਾਂ ਵਿਚ ਚੜ੍ਹ ਚੁੱਕੇ ਸਨ। ਉਨ੍ਹਾਂ ਦੀ ਗਿਣਤੀ ਪੰਜਾਹ ਤੋਂ ਉੱਤੇ ਹੋਵੇਗੀ। ਲੋਕ ਸੈਂਕੜਿਆਂ

ਦੀ ਗਿਣਤੀ ਵਿਚ ਆਪਣੇ ਆਪਣੇ ਘਰਾਂ ਅੱਗੇ ਅਤੇ ਕੋਠਿਆਂ 'ਤੇ ਖਲੋ ਕੇ ਇਹ ਨਜ਼ਾਰਾ ਵੇਖ ਰਹੇ ਸਨ। ਕਿਸੇ ਦੀ ਕੀਤੀ ਹੋਈ ਕੋਈ ਗੱਲ ਸੁਣਦੀ ਤਾਂ ਨਹੀਂ ਸੀ ਪਰ ਉਨ੍ਹਾਂ ਦੇ ਮੂੰਹਾਂ ਵੱਲ ਵੇਖਿਆ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਕਹਿ ਰਹੇ ਹੋਣ ਕਿ ਇਕ ਹੋਰ "ਅੱਤਵਾਦੀ ਫੜ੍ਹਿਆ ਗਿਆ ਜੇ।"

ਘਰ ਦੇ ਨਾਲ ਹੀ ਵੱਡੀ ਸੜਕ ਵੱਲ ਦੋ ਮਕਾਨ ਹੋਰ ਛੱਡ ਕੇ ਮੋੜ ਪੈਂਦਾ ਹੈ। ਜਦੋਂ ਗੱਡੀਆਂ ਮੋੜ ਘੁੰਮੀਆਂ ਤਾਂ ਅਗੇ ਇਕ ਟਾਟਾ 607 ਟਰੱਕ ਵੱਡੀ ਸੜਕ ਤੋਂ ਥੋੜਾ ਉਰ੍ਹੇ ਖੜ੍ਹਾ ਸੀ। ਪਹਿਲਾਂ ਤਾਂ ਉਸ ਟਰੱਕ ਦੇ ਸਿਪਾਹੀ ਵੀ ਥੱਲੇ ਉਤਰੇ ਹੋਣਗੇ ਪਰ ਸਾਡੇ ਪਹੁੰਚਣ ਤੱਕ ਤਿੰਨ ਚਾਰ ਸਿਪਾਹੀਆਂ ਨੂੰ ਛੱਡ ਕੇ ਬਾਕੀ ਸਾਰੇ ਟਰੱਕ ਵਿਚ ਚੜ੍ਹ ਚੁੱਕੇ ਸਨ। ਸਾਰੇ ਹੀ ਹਥਿਆਰਾਂ ਨਾਲ ਲੈਸ। ਸਾਡੀ ਕਾਰ ਸਭ ਤੋਂ ਅੱਗੇ ਸੀ। ਵੱਡੀ ਸੜਕ 'ਤੇ ਪੈ ਕੇ ਸੁਰਿੰਦਰ ਬਲਰਾਜ ਸਿੰਘ ਦੇ ਮਾਮੇ ਨੇ ਗੱਡੀ ਟੈਗੋਰ ਥਿਏਟਰ ਵੱਲ ਮੋੜ ਲਈ। ਕਿਉਂਕਿ ਉਸ ਨੂੰ ਇਸ ਤਰ੍ਹਾਂ ਕਰਨ ਦਾ ਹੀ ਇੰਸਪੈਕਟਰ ਨੇ ਇਸ਼ਾਰਾ ਕੀਤਾ ਸੀ। ਸੈਕਟਰ ਦੇ ਦੂਜੇ ਸਿਰੇ 'ਤੇ ਵੀ ਇਕ ਤਿੰਨ ਟੱਨੀ ਗੱਡੀ ਸੀ.ਆਰ.ਪੀ. ਦੀ ਖੜ੍ਹੀ ਸੀ। ਉਨ੍ਹਾਂ ਜਵਾਨਾਂ ਵਿਚ ਵੀ ਪਹਿਲਾਂ ਹੀ ਹਰਕਤ ਹੋ ਚੁੱਕੀ ਸੀ ਤੇ ਲਗਪਗ ਉਹ ਵੀ ਗੱਡੀ ਵਿਚ ਸਵਾਰ ਹੋ ਚੁੱਕੇ ਸਨ। ਸੁਰਿੰਦਰ ਬਲਰਾਜ ਸਿੰਘ ਦਾ ਮਾਮਾ ਤਾਂ ਘਬਰਾਹਟ ਵਿਚ ਸੀ ਪਰ ਮੈਨੂੰ ਕੋਈ ਖਾਸ ਘਬਰਾਹਟ ਨਹੀਂ ਸੀ। ਇਸ ਲਈ ਮੈਂ ਨਿੱਕੀ ਤੋਂ ਨਿੱਕੀ ਗੱਲ ਵੱਲ ਵੀ ਧਿਆਨ ਦਿੱਤਾ ਤੇ ਇਸ ਸਿੱਟੇ 'ਤੇ ਪੁੱਜਾ ਕਿ ਸਾਰਾ ਸੈਕਟਰ ਪੁਲਿਸ ਨੇ ਘੇਰਿਆ ਹੋਇਆ ਸੀ। ਇਕ ਅੰਦਾਜ਼ੇ ਅਨੁਸਾਰ ਮੈਂ ਹਿਸਾਬ ਲਾਇਆ ਕਿ ਹਰ ਹਾਲਤ ਵਿਚ ਪੁਲਿਸ ਦੀ ਨਫਰੀ ਸੌ ਤੋਂ ਉੱਤੇ ਸੀ। ਵੱਡੀ ਸੜਕ ਵਾਲੇ ਬੰਨੇ ਵੀ ਬਹੁਤ ਲੋਕ ਖੜੇ ਸਨ, ਕੁਝ ਘਰਾਂ ਦੀਆਂ ਛੱਤਾਂ 'ਤੇ ਤੇ ਕੁਝ ਥੱਲੇ ਆਪਣੇ ਆਪਣੇ ਘਰਾਂ ਅੱਗੇ। ਜਿਹੜੇ ਪੁਲਿਸ ਅਫਸਰ ਕਾਰ ਵਿਚ ਸਨ, ਜਦ ਮੈਂ ਉਨ੍ਹਾਂ ਦੇ ਚਿਹਰਿਆਂ ਵੱਲ ਵੇਖਿਆ ਤਾਂ ਮੈਨੂੰ ਉਹ ਬਹੁਤ ਖੁਸ਼ ਜਾਪੇ। ਕਿਉਂਕਿ ਬਗੈਰ ਕਿਸੇ ਖਾਸ ਤਰਦੱਦ ਦੇ ਉਨ੍ਹਾਂ ਨੇ ਇਕ ਵੱਡਾ ਅੱਤਵਾਦੀ ਫੜ੍ਹ ਲਿਆ ਸੀ। ਉਹ ਇਕ ਦੂਸਰੇ ਵੱਲ ਵੇਖ ਵੇਖ ਕੇ ਮੁਸਕਰਾ ਰਹੇ ਸਨ ਤੇ ਖੁਸ਼ ਹੋ ਰਹੇ ਸਨ। ਉਨ੍ਹਾਂ ਲਈ ਇਹ ਇਕ ਵੱਡੀ ਪ੍ਰਾਪਤੀ ਸੀ। ਇਸ ਤਰ੍ਹਾਂ ਪੰਜ ਸੱਤ ਮਿੰਟਾਂ ਵਿਚ ਹੀ ਕਾਫਲਾ ਥਾਣੇ ਪਹੁੰਚ ਗਿਆ। ਰਸਤੇ ਵਿਚ ਦੋ ਗੱਡੀਆਂ ਅੱਗੇ ਤੇ ਸੀ.ਆਰ.ਪੀ. ਦੀ ਗੱਡੀ ਪਿੱਛੇ ਸੀ ਤੇ ਕਾਰ ਵਿਚਕਾਰ। ਰਾਈਫਲਾਂ ਦੇ ਮੂੰਹ ਕਾਰ ਵੱਲ ਸਨ।

ਥਾਣੇ ਪਹੁੰਚਣਾ

ਕਰੀਬ ਸੱਤ ਕੁ ਵਜੇ ਅਸੀਂ ਥਾਣੇ ਪਹੁੰਚ ਗਏ। ਕਾਰ ਰੋਕੀ ਤਾਂ ਬਾਕੀ ਗੱਡੀਆਂ ਵੀ ਰੁਕ ਗਈਆਂ। ਪੁਲਿਸ ਦੇ ਜਵਾਨ ਛਾਲਾਂ ਮਾਰ-ਮਾਰ ਕੇ ਥੱਲੇ ਉਤਰ ਆਏ। ਕਾਰ ਥਾਣੇ ਦੇ ਦਰਵਾਜੇ ਤੋਂ ਕੋਈ ਪੰਜਾਹ-ਸੱਠ ਗਜ ਉਰ੍ਹੇ ਖੜ੍ਹੀ ਸੀ। ਮੈਂ ਆਪ ਹੀ ਕਾਰ ਦਾ ਦਰਵਾਜਾ ਖੋਲ੍ਹਿਆ ਤੇ ਬਾਹਰ ਨਿਕਲਿਆ। ਬਾਕੀ ਅਫ਼ਸਰ ਵੀ ਬਾਹਰ ਆ ਗਏ। ਜਦੋਂ ਮੈਂ ਆਲੇ ਦੁਆਲੇ ਨਜ਼ਰ ਮਾਰੀ ਤਾਂ ਕੋਈ ਵੀਹ ਕੁ ਪੁਲਿਸ ਵਾਲੇ ਘੇਰਾ ਪਾਈ ਖੜ੍ਹੇ ਸਨ। ਡੀ.ਐਸ.ਪੀ. ਨੇ ਆਖਿਆ, "ਚਲੋ ਜੀ" ਤੇ ਮੈਂ ਥਾਣੇ ਦੇ ਦਰਵਾਜੇ ਵੱਲ ਪੁਲਿਸ ਵਾਲਿਆਂ ਵਿਚ ਘਿਰਿਆ ਤੁਰ ਪਿਆ। ਸਾਰਿਆਂ ਦੀਆਂ ਸਟੇਨਾਂ ਦੇ ਮੂੰਹ ਘੇਰੇ ਵਿਚ ਲਏ ਹੋਏ ਮੇਰੇ ਵੱਲ ਸਨ। ਵੱਡੇ ਥਾਣੇਦਾਰ ਦੇ ਕਮਰੇ ਵਿਚ ਇਕ ਵੱਡੇ ਸਾਰੇ ਮੇਜ਼ ਤੇ ਕੁਰਸੀਆਂ ਤੋਂ ਇਲਾਵਾ ਸੋਫਾ ਸੈਟ ਵੀ ਪਿਆ ਸੀ। ਡੀ.ਐਸ.ਪੀ. ਨੇ ਮੈਨੂੰ ਸੋਫੇ 'ਤੇ ਬੈਠ ਜਾਣ ਲਈ

ਆਖਿਆ। ਸੁਰਿੰਦਰ ਬਲਰਾਜ ਸਿੰਘ ਦਾ ਮਾਮਾ ਸੁਰਿੰਦਰ ਜੀਤ ਸਿੰਘ ਵੀ ਮੇਰੇ ਨਾਲ ਹੀ ਸੋਫੇ 'ਤੇ ਬੈਠ ਗਿਆ। ਸੁਰਿੰਦਰ ਜੀਤ ਸਿੰਘ ਨੇ ਇਕ ਸਿਪਾਹੀ ਤੋਂ ਪਾਣੀ ਮੰਗਿਆ, ਜੋ ਜਲਦੀ ਹੀ ਲੈ ਆਇਆ। ਮੈਂ ਤੇ ਸੁਰਿੰਦਰ ਜੀਤ ਸਿੰਘ ਪਾਣੀ ਪੀ ਕੇ ਹਟੇ ਹੀ ਸਾਂ ਕਿ ਵੱਡਾ ਥਾਣੇਦਾਰ, ਜੋ ਸਿੱਖ ਸੀ ਪਰ ਦਾਹੜੀ ਕੱਟੀ ਹੋਈ ਸੀ, ਆ ਕੇ ਸਾਹਮਣੇ ਵਾਲੀ ਕੁਰਸੀ 'ਤੇ ਬੈਠ ਗਿਆ। ਇਹ ਥਾਣੇਦਾਰ ਉਸ ਪਾਰਟੀ ਵਿਚ ਸ਼ਾਮਲ ਨਹੀਂ ਸੀ, ਜੋ ਮੈਨੂੰ ਫੜ ਕੇ ਲਿਆਈ ਸੀ। ਇਕ ਹੋਰ ਹਿੰਦੂ ਥਾਣੇਦਾਰ, ਜਿਸ ਦੇ ਦੋ ਸਟਾਰ ਹੀ ਸਨ, ਪਰ ਸਿੱਖ ਤੋਂ ਜੂਨੀਅਰ ਜਾਪਦਾ ਸੀ, ਵੀ ਆ ਕੇ ਇਕ ਕੁਰਸੀ 'ਤੇ ਬੈਠ ਗਿਆ। ਐਸ.ਐਚ.ਓ. ਨੇ ਮੈਨੂੰ ਤੇ ਸੁਰਿੰਦਰ ਜੀਤ ਸਿੰਘ ਨੂੰ ਹੱਥ ਨਾਲ ਕੁਰਸੀ ਵੱਲ ਇਸ਼ਾਰਾ ਕਰ ਕੇ ਆਖਿਆ, "ਸਰਦਾਰ ਜੀ, ਏਥੇ ਆ ਜਾਓ।" ਮੈਂ ਤੇ ਸੁਰਿੰਦਰ ਜੀਤ ਸਿੰਘ ਸੋਫੇ ਤੋਂ ਉੱਠ ਕੇ ਕੁਰਸੀਆਂ 'ਤੇ ਬੈਠ ਗਏ ਤਾਂ ਥਾਣੇਦਾਰ ਨੇ ਗੱਲ ਸ਼ੁਰੂ ਕੀਤੀ।

ਥਾਣੇਦਾਰ - "ਸਰਦਾਰ ਸਾਹਿਬ, ਕੀ ਨਾਂ ਤੁਹਾਡਾ?"

ਮੈਂ - "ਕੁਲਬੀਰ ਸਿੰਘ।"

ਥਾਣੇਦਾਰ - "ਏਥੇ ਚੰਡੀਗੜ੍ਹ ਕਿਵੇਂ ਆਏ ਸੀ?"

ਮੈਂ - (ਸੁਰਿੰਦਰ ਜੀਤ ਸਿੰਘ ਵੱਲ ਇਸ਼ਾਰਾ ਕਰਕੇ) "ਇਹ ਮੇਰੇ ਰਿਸ਼ਤੇਦਾਰ ਹਨ, ਇਨ੍ਹਾਂ ਵੱਲ ਆਇਆ ਸੀ।"

ਥਾਣੇਦਾਰ - "ਕੋਈ ਕੰਮ ਸੀ ਜਾਂ ਮਿਲਣ ਗਿਲਣ?"

ਮੈਂ - "ਮੇਰੇ ਕੋਲ ਇਕ ਕਾਰ ਹੈ, ਉਸ ਦਾ ਅਖ਼ਬਾਰ ਵਿਚ ਵੇਚਣ ਵਾਸਤੇ ਇਸ਼ਤਿਹਾਰ ਦਿੱਤਾ ਹੈ, ਇਕ ਤਾਂ ਉਹ ਕਾਰ ਵੇਚਣੀ ਸੀ, ਦੂਜਾ ਮੇਰੀ ਕੁਝ ਜ਼ਮੀਨ ਸਰਕਾਰ ਨੇ ਐਕੁਆਇਰ ਕੀਤੀ ਹੋਈ ਹੈ, ਉਸ ਦਾ ਪਤਾ ਸਤਾ ਕਰਨਾ ਸੀ।"

ਥਾਣੇਦਾਰ - "ਏਥੇ ਤੁਹਾਡੇ ਇਹ ਹੀ ਰਿਸ਼ਤੇਦਾਰ ਹਨ ਜਾਂ ਕੋਈ ਹੋਰ ਵੀ ਰਿਸ਼ਤੇਦਾਰੀ ਹੈ?"

ਮੈਂ - "ਜੀ ਮੇਰੀ ਏਥੇ ਲੜਕੀ ਵਿਆਹੀ ਹੋਈ ਹੈ।" ਇਸ ਤਰ੍ਹਾਂ ਮੈਂ ਆਪਣੇ ਕੁੜਮ ਸਾਹਿਬ ਦਾ ਨਾਂ ਤੇ ਘਰ ਦਾ ਪਤਾ ਸਾਰਾ ਦੱਸ ਦਿੱਤਾ।

ਥਾਣੇਦਾਰ - ਕੁਝ ਸੋਚ ਕੇ "ਅੱਛਾ ਅੱਛਾ, ਇਹ ਸ਼ਾਦੀ ਤਾਂ ਏਸੇ ਸਾਲ ਹੀ ਨਹੀਂ ਹੋਈ? ਮੈਨੂੰ ਵੀ ਸ਼ਾਦੀ ਦਾ ਕਾਰਡ ਆਇਆ ਸੀ ਪਰ ਮੈਂ ਜਾ ਨਹੀਂ ਸਾਂ ਸਕਿਆ। ਕਦੋਂ ਸੀ ਸ਼ਾਦੀ ਭਲਾ?"

ਮੈਂ - "ਏਸੇ ਸਾਲ ਜਨਵਰੀ ਵਿਚ" ਤੇ ਨਾਲ ਮੈਂ ਤਾਰੀਖ ਵੀ ਦੱਸ ਦਿੱਤੀ।

ਥਾਣੇਦਾਰ - "ਅੱਛਾ ਅੱਛਾ, ਠੀਕ ਹੈ। ਤੁਸੀਂ ਸਰਦਾਰ ਜੀ (ਮੇਰੇ ਕੁੜਮ ਦਾ ਨਾਂ ਲੈ ਕੇ) ਦੇ ਰਿਸ਼ਤੇਦਾਰ ਹੋ, ਅੱਛਾ ਚਾਹ ਪੀਓਗੇ ਇਕ ਪਿਆਲਾ?"

ਮੈਂ - ਚੁੱਪ ਰਿਹਾ।

ਥਾਣੇਦਾਰ ਨੇ ਸਿਪਾਹੀ ਨੂੰ ਬੁਲਾ ਕੇ ਚਾਹ ਦਾ ਆਖਿਆ ਤੇ ਫੇਰ ਆਪ ਹੀ ਆਖਣ ਲੱਗਾ, "ਇਹ ਕੀ ਮੁਆਮਲਾ ਹੈ, ਕਾਹਦੇ ਵਾਸਤੇ ਲਿਆਏ ਹਨ ਤੁਹਾਨੂੰ?"

ਮੈਂ - "ਮੈਨੂੰ ਤਾਂ ਜੀ ਪਤਾ ਨਹੀਂ, ਮੈਂ ਤਾਂ ਸਗੋਂ ਆਪ ਹੈਰਾਨ ਹਾਂ। ਤੁਹਾਨੂੰ ਪਤਾ ਹੋਣੈ?"

ਥਾਣੇਦਾਰ - "ਇਹ ਕੋਈ ਸੀ.ਬੀ.ਆਈ. ਦਾ ਕੇਸ ਹੈ। ਉਨ੍ਹਾਂ ਨੇ ਸਾਨੂੰ ਆਖਿਆ

ਸੀ ਕਿ ਤੁਸੀਂ ਚੰਡੀਗੜ੍ਹ ਦੇ ਥਾਵਾਂ 'ਤੇ ਆ ਸਕਦੇ ਹੋ। ਤੁਸੀਂ ਅੱਜ ਹੀ ਜਲੰਧਰੋਂ ਆਏ ਹੋ ਨਾ? ਮੇਰਾ ਖਿਆਲ ਹੈ ਤੁਸੀਂ ਸਾਢੇ ਬਾਰਾਂ ਵਜੇ ਦੁਪਹਿਰੇ ਚੱਲੇ ਸੀ ਜਲੰਧਰੋਂ?"

ਮੈਂ - "ਹਾਂ ਜੀ।"

ਏਨੇ ਚਿਰ ਨੂੰ ਚਾਹ ਆ ਗਈ। ਤਿੰਨਾਂ ਨੇ ਚਾਹ ਪੀਤੀ ਤੇ ਨਾਲ-ਨਾਲ ਗੱਲਾਂ ਕਰਦੇ ਰਹੇ। ਚਾਹ ਪੀ ਕੇ ਹਟੇ ਹੀ ਸਾਂ, ਕਿ ਦੋ ਬਾਊ ਜਿਹੇ ਅੰਦਰ ਆਏ। ਇਕ ਦੇ ਹੱਥ ਵਿਚ ਹੈਲਮਟ ਫੜਿਆ ਹੋਇਆ ਸੀ ਤੇ ਇਕ ਚਾਰ ਪੰਜ ਕੁ ਸਾਲ ਦਾ ਬੱਚਾ, ਸ਼ਾਇਦ ਉਹ ਕੁੜੀ ਸੀ, ਵੀ ਉਨ੍ਹਾਂ ਨਾਲ ਸੀ। ਬਾਹਰ ਦਰਵਾਜ਼ੇ ਵਿਚ ਇਕ ਬਹੁਤ ਸੋਹਣੀ ਔਰਤ ਖੜੀ ਸੀ, ਉਮਰ ਤੀਹ ਕੁ ਸਾਲ ਹੋਵੇਗੀ। ਉਨ੍ਹਾਂ ਦੋਹਾਂ ਦੇ ਅੰਦਰ ਆਉਣ 'ਤੇ ਦੋਵੇਂ ਥਾਣੇਦਾਰ ਉਠ ਕੇ ਖਲੋ ਗਏ। ਮੈਂ ਤੇ ਸੁਰਿੰਦਰ ਜੀਤ ਸਿੰਘ ਵੀ ਉਠ ਕੇ ਖਲੋ ਗਏ। ਮੈਨੂੰ ਸਮਝਣ ਲਗਿਆਂ ਦੇਰ ਨਾ ਲੱਗੀ ਕਿ ਇਹ ਹੀ ਸੀ.ਬੀ.ਆਈ. ਦੇ ਅਫ਼ਸਰ ਹਨ, ਜਿਨ੍ਹਾਂ ਦੀ ਇਹ ਥਾਣੇਦਾਰ ਗੱਲ ਕਰ ਰਿਹਾ ਸੀ। ਉਨ੍ਹਾਂ ਦੋਹਾਂ ਨੇ ਹੱਸ ਕੇ ਸਾਰਿਆਂ ਨੂੰ ਨਮਸਤੇ ਕੀਤੀ ਤੇ ਫਿਰ ਬੜੀ ਸੁਲਝੀ ਹੋਈ ਭਾਸ਼ਾ ਵਿਚ ਕਿਹਾ, "ਬੈਠੋ, ਬੈਠੋ"। ਦੋਹਾਂ ਵਿਚੋਂ ਇਕ ਜੋ ਬੁੱਢਾ ਸੀ, ਦੀ ਉਮਰ ਪੰਜਾਹ ਕੁ ਸਾਲ ਦੀ ਸੀ। ਪੰਜਾਹ ਸਾਲ ਵਾਲਾ ਪਤਲਾ ਤੇ ਲੰਮਾ ਜਿਹਾ ਆਦਮੀ ਸੀ ਤੇ ਵੇਖਣ ਨੂੰ ਕੋਈ ਮਾਮੂਲੀ ਆਦਮੀ ਲਗਦਾ ਸੀ। ਦੂਸਰਾ ਜੀਵਨ ਬੀਮਾ ਵਾਲਿਆਂ ਵਰਗਾ ਲੱਗਦਾ ਸੀ। ਸਾਰੇ ਬੈਠ ਗਏ ਤਾਂ ਮੇਰੇ ਵੱਲ ਮੂੰਹ ਕਰਕੇ ਬੁੱਢਾ ਬੋਲਿਆ, "ਤੁਹਾਡਾ ਨਾਂ ਸਰਦਾਰ ਜੀ, ਕੁਲਬੀਰ ਸਿੰਘ ਹੈ?"

ਮੈਂ - "ਹਾਂ ਜੀ।"

ਉਨ੍ਹਾਂ ਦੋਹਾਂ ਨੇ ਆਪਣੇ-ਆਪਣੇ ਬੈਗ ਵਿਚੋਂ ਪੈਡ ਕੱਢੇ ਤੇ ਮੇਜ਼ 'ਤੇ ਰੱਖ ਲਏ। ਪੈਨ ਖੋਲ੍ਹ ਲਏ ਤੇ ਨਾਲ ਹੀ ਇਕ ਹੋਰ ਕਾਗਜ਼, ਜਿਸ 'ਤੇ ਕੁਝ ਲਿਖ ਕੇ ਲਿਆਏ ਸਨ, ਉਹ ਵੀ ਮੇਜ਼ 'ਤੇ ਰੱਖ ਲਿਆ। ਉਹ ਦੋਵੇਂ ਹੀ ਇਹ ਕੰਮ ਬੜੀ ਤਸੱਲੀ ਨਾਲ ਤੇ ਹੌਲੀ-ਹੌਲੀ ਕਰ ਰਹੇ ਸਨ। ਉਨ੍ਹਾਂ ਦੇ ਨਾਲ ਆਈ ਔਰਤ, ਜੋ ਜਵਾਨ ਅਫ਼ਸਰ ਦੀ ਪਤਨੀ ਸੀ, ਬਾਹਰ ਬਰਾਂਡੇ ਵਿਚ ਹੀ ਟਹਿਲ ਰਹੀ ਸੀ। ਦੋਹਾਂ ਵਿਚੋਂ ਬੁੱਢੇ ਅਫ਼ਸਰ ਨੇ ਗੱਲਬਾਤ ਇਸ ਤਰ੍ਹਾਂ ਕੀਤੀ। ਬਾਅਦ ਵਿਚ ਪਤਾ ਲੱਗਾ ਕਿ ਉਹ ਚੰਡੀਗੜ੍ਹ ਬਰਾਂਚ ਦਾ ਸ਼ਾਇਦ ਡੀ.ਐਸ.ਪੀ. ਸੀ।

ਡੀ.ਐਸ.ਪੀ. - "ਸਰਦਾਰ ਸਾਹਿਬ, ਗੱਲ ਇਹ ਹੈ ਕਿ ਅਸੀਂ ਤੁਹਾਨੂੰ ਕੁਝ ਸਵਾਲ ਪੁਛਾਂਗੇ, ਤੁਸੀਂ ਉਨ੍ਹਾਂ ਦਾ ਠੀਕ-ਠੀਕ ਜਵਾਬ ਦੇਣਾ। ਕਿਉਂਕਿ ਫਿਰ ਸਾਡੇ ਵੱਡੇ ਅਫ਼ਸਰ ਆਉਣਗੇ ਤੇ ਉਹ ਵੀ ਤੁਹਾਨੂੰ ਕੁਝ ਗੱਲਾਂ ਪੁੱਛਣਗੇ।"

ਮੈਂ - "ਹਾਂ, ਠੀਕ ਹੈ ਜੀ"। ਮੈਂ ਸਮਝ ਚੁੱਕਾ ਸੀ ਕਿ ਗੱਲਬਾਤ ਬਹੁਤ ਧਿਆਨ ਨਾਲ ਕਰਨੀ ਪਵੇਗੀ। ਇਸ ਲਈ ਮੈਂ ਕੁਰਸੀ 'ਤੇ ਕੁਝ ਸਿੱਧਾ ਜਿਹਾ ਹੋ ਕੇ ਬੈਠ ਗਿਆ ਤੇ ਕੁਝ ਚੇਤੰਨ ਜਿਹਾ ਵੀ ਹੋ ਗਿਆ।

ਡੀ.ਐਸ.ਪੀ. - "ਸਰਦਾਰ ਸਾਹਬ, ਤੁਹਾਡਾ ਸ਼ੁਭ ਨਾਂ?"

ਮੈਂ - "ਕੁਲਬੀਰ ਸਿੰਘ।"

"ਪਿਤਾ ਜੀ ਦਾ ਨਾਂ?"

ਮੈਂ - "ਸ. ਬੁੱਢਾ ਸਿੰਘ।"

ਡੀ.ਐਸ.ਪੀ. - "ਕਿਥੇ ਰਹਿੰਦੇ ਹੋ, ਜਲੰਧਰ?"

ਮੈਂ - "ਹਾਂ ਜੀ।"

ਡੀ.ਐਸ.ਪੀ. - "ਸਰਦਾਰ ਜੀ, ਇਹ ਦਸੋ ਤੁਹਾਡੀ ਵਿਦਿਆ ਕਿੰਨੀ ਹੈ?"

ਮੈਂ - "ਬੀ.ਏ.।"

ਜਦੋਂ ਡੀ.ਐਸ.ਪੀ. ਪੁੱਛ ਰਿਹਾ ਸੀ ਤਾਂ ਜਵਾਨ ਅਫ਼ਸਰ ਵੀ ਉਹ ਸਾਰੀ ਗੱਲ ਨਾਲ ਦੀ ਨਾਲ ਲਿਖੀ ਜਾਂਦਾ ਸੀ ਤੇ ਇਕ ਥਾਣੇਦਾਰ, ਜੋ ਵੱਡੇ ਥਾਣੇਦਾਰ ਤੋਂ ਦੂਸਰਾ ਸੀ, ਉਹ ਵੀ ਨਾਲ-ਨਾਲ ਲਿਖਣ ਲੱਗ ਪਿਆ।

ਡੀ.ਐਸ.ਪੀ. - "ਸਰਦਾਰ ਸਾਹਬ ਤੁਹਾਡੇ ਕਿੰਨੇ ਬੱਚੇ ਹਨ?"

ਮੈਂ - "ਤਿੰਨ।"

ਡੀ.ਐਸ.ਪੀ. - "ਸਭ ਦੇ ਨਾਂ ਕੀ-ਕੀ ਹਨ?"

ਮੈਂ ਤਿੰਨਾਂ ਦੇ ਨਾਂ ਦੱਸੇ।

ਡੀ.ਐਸ.ਪੀ. - "ਮਾਤਾ ਜੀ ਦਾ ਨਾਂ?"

ਮੈਂ ਮਾਤਾ ਜੀ ਦਾ ਨਾਂ ਵੀ ਦੱਸਿਆ।

ਡੀ.ਐਸ.ਪੀ. - "ਵੱਡਾ ਬੱਚਾ ਕਿੰਨੀ ਉਮਰ ਦਾ ਹੈ, ਛੋਟਾ ਕਿੰਨੀ ਉਮਰ ਦਾ ਹੈ ਤੇ ਸਭ ਤੋਂ ਛੋਟਾ ਕਿੰਨੇ ਸਾਲ ਦਾ?"

ਮੈਂ ਸਭ ਦੀ ਉਮਰ ਦੱਸੀ।

ਡੀ.ਐਸ.ਪੀ. - "ਮਾਤਾ ਜੀ ਦੀ ਉਮਰ ਕਿੰਨੀ ਹੈ?"

ਮੈਂ ਮਾਤਾ ਜੀ ਦੀ ਉਮਰ ਦੱਸੀ।

ਡੀ.ਐਸ.ਪੀ. - "ਪਿਤਾ ਜੀ ਹਨ?"

ਮੈਂ ਦੱਸਿਆ ਕਿ ਨਹੀਂ ਤੇ ਨਾਲ ਮੌਤ ਦੀ ਤਾਰੀਖ ਵੀ ਦੱਸੀ।

ਡੀ.ਐਸ.ਪੀ. - "ਕਿੰਨੇ ਤਾਏ ਹਨ?"

ਮੈਂ - "ਕੋਈ ਨਹੀਂ?"

ਡੀ.ਐਸ.ਪੀ. - "ਕਿੰਨੇ ਚਾਚੇ ਹਨ?"

ਮੈਂ - "ਕੋਈ ਨਹੀਂ।"

ਡੀ.ਐਸ.ਪੀ. - "ਮਾਮੇ ਕਿੰਨੇ ਹਨ?"

ਮੈਂ - "ਕੋਈ ਨਹੀਂ, ਦੋ ਸਨ ਉਹ ਕਾਫੀ ਦੇਰ ਦੇ ਗੁਜ਼ਰ ਚੁੱਕੇ ਹਨ।"

ਡੀ.ਐਸ.ਪੀ. - "ਮਾਸੀਆਂ ਦਾ ਪਤਾ?"

ਮੈਂ - "ਇਕ ਯੂ.ਪੀ. ਵਿਚ ਰਹਿੰਦੀ ਹੈ, ਪਹਿਲਾਂ ਪਟਿਆਲੇ ਰਹਿੰਦੀ ਸੀ, ਹੁਣ ਯੂ.ਪੀ. ਦੇ ਪਤੇ ਦਾ ਪਤਾ ਨਹੀਂ।"

ਡੀ.ਐਸ.ਪੀ. - "ਕਿੰਨੀਆਂ ਭੈਣਾਂ ਹਨ?"

ਮੈਂ ਭੈਣਾਂ ਦੇ ਨਾਂ ਦੱਸੇ।

ਡੀ.ਐਸ.ਪੀ. - "ਨਾਂ, ਉਮਰ ਤੇ ਉਨ੍ਹਾਂ ਦੇ ਪਤੀਆਂ ਦੇ ਨਾਂ?"

ਮੈਂ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ।

ਡੀ.ਐਸ.ਪੀ. - "ਉਨ੍ਹਾਂ ਦੇ ਪਤੇ?"

ਮੈਂ ਉਹ ਵੀ ਦੱਸੇ।

ਡੀ.ਐਸ.ਪੀ. - "ਸਰਦਾਰ ਸਾਹਿਬ, ਇਹ ਦਸੋ ਕਿ ਤੁਸੀਂ ਕੋਈ ਨੌਕਰ ਵੀ ਰਖਿਆ ਹੋਇਆ ਹੈ?"

ਮੈਂ - "ਕੀ ਮਤਲਬ?"

ਡੀ.ਐਸ.ਪੀ. - "ਤੁਸੀਂ ਕੰਮ ਕੀ ਕਰਦੇ ਹੋ?"

ਮੈਂ - "ਖੇਤੀਬਾੜੀ।"

ਡੀ.ਐਸ.ਪੀ. - "ਖੇਤੀ ਦੇ ਕੰਮ ਵਾਸਤੇ ਨੌਕਰ ਤਾਂ ਹੋਣਗੇ, ਕਿੰਨੇ ਹਨ?"

ਮੈਂ - "ਹਾਂ ਜੀ, ਹੈਗੇ ਪੰਜ-ਛੇ।"

ਡੀ.ਐਸ.ਪੀ. - "ਕੋਈ ਘਰ ਵਾਸਤੇ ਵੀ ਨੌਕਰ ਹੈ। ਸਫਾਈ ਜਾਂ ਰੋਟੀ ਵਗੈਰਾ ਪਕਾਉਣ ਵਾਸਤੇ?"

ਮੈਂ - "ਨਹੀਂ ਜੀ।"

ਡੀ.ਐਸ.ਪੀ. ਨੇ ਦੂਸਰੇ ਵੱਲ ਇਸ਼ਾਰਾ ਕੀਤਾ, ਜੋ ਕੁਝ ਕਾਹਲੀ ਵਿਚ ਜਾਪਦਾ ਸੀ। ਕਿਉਂਕਿ ਉਸ ਦੀ ਕੁੜੀ ਬਾਰ-ਬਾਰ ਉਸਦਾ ਹੱਥ ਫੜ-ਫੜ ਕੇ ਬਾਹਰ ਨੂੰ ਖਿਚਦੀ ਸੀ ਕਿ ਘਰ ਚਲੀਏ ਤੇ ਉਸ ਦੀ ਘਰ ਵਾਲੀ ਵੀ ਬਾਹਰ ਖੜੀ ਸੀ। ਸ਼ਾਇਦ ਇਸ ਲਈ ਹੀ ਉਹ ਕੁਝ ਕਾਹਲੀ ਵਿਚ ਸੀ। ਹੁਣ ਸਵਾਲ ਪੁੱਛਣ ਦੀ ਵਾਰੀ ਦੂਸਰੇ ਦੀ ਸੀ, ਜੋ ਮੈਨੂੰ ਇੰਸਪੈਕਟਰ ਲੱਗਦਾ ਸੀ। ਹੋ ਸਕਦਾ ਹੈ, ਉਹ ਵੀ ਡੀ.ਐਸ.ਪੀ. ਹੋਵੇ। ਏਨੇ ਸਵਾਲ ਲਿਖਣ ਤੋਂ ਪਹਿਲਾਂ ਹੀ ਪੁਲਿਸ ਦਾ ਥਾਣੇਦਾਰ ਸਵਾਲ ਲਿਖਣੋਂ ਹੱਟ ਚੁੱਕਾ ਸੀ। ਸ਼ਾਇਦ ਉਸ ਨੂੰ ਸਮਝ ਲੱਗ ਗਈ ਸੀ ਕਿ ਉਨ੍ਹਾਂ ਦੇ ਥਾਣੇ ਦਾ ਇਸ ਕੇਸ ਨਾਲ ਕੋਈ ਤੁਅਲਕ ਨਹੀਂ। ਇਸ ਲਈ ਉਹ ਕੁਝ ਸਵਾਲ ਲਿਖ ਕੇ ਹੀ ਪੈਨ ਰੱਖ ਕੇ ਬੈਠ ਚੁੱਕਾ ਸੀ।

ਇੰਸਪੈਕਟਰ - "ਸਰਦਾਰ ਸਾਹਬ, ਅੱਜ ਤੁਸੀਂ ਚੰਡੀਗੜ੍ਹ ਆਏ ਸੀ?"

ਮੈਂ - "ਹਾਂ ਜੀ।"

ਇੰਸਪੈਕਟਰ - "ਏਥੇ ਤੁਹਾਡੀ ਕੀ ਰਿਸ਼ਤੇਦਾਰੀ ਹੈ?"

ਮੈਂ - "ਮੇਰੇ ਸਹੁਰੇ ਹਨ ਤੇ ਕੁੜਮ ਵੀ"

ਇੰਸਪੈਕਟਰ - "ਉਨ੍ਹਾਂ ਦੋਹਾਂ ਦਾ ਪਤਾ?"

ਮੈਂ ਉਨ੍ਹਾਂ ਦੇ ਪਤੇ ਦੱਸੇ।

ਇੰਸਪੈਕਟਰ - "ਤੁਹਾਡੀ ਪਤਨੀ ਦਾ ਨਾਂ?"

ਮੈਂ ਉਹ ਵੀ ਦਸਿਆ।

ਇੰਸਪੈਕਟਰ - "ਉਨ੍ਹਾਂ ਦੀ ਕੀ ਵਿਦਿਆ ਹੈ?"

ਮੈਂ ਪਤਨੀ ਦੀ ਵਿਦਿਆ ਦੱਸੀ।

ਇੰਸਪੈਕਟਰ - "ਤੁਹਾਡੇ ਸਹੁਰੇ ਦਾ ਨਾਂ?"

ਮੈਂ ਆਪਣੇ ਸਹੁਰੇ ਦਾ ਨਾਂ ਦੱਸਿਆ ਤੇ ਨਾਲ ਹੀ ਦਸਿਆ ਕਿ ਉਹ ਸਵਰਗਵਾਸ ਹੋ ਚੁੱਕੇ ਹਨ।

ਇੰਸਪੈਕਟਰ - "ਕਿੰਨੇ ਸਾਲੇ ਹਨ ਤੇ ਕੀ-ਕੀ ਨਾਂ ਹਨ?"

ਮੈਂ ਉਹ ਵੀ ਦੱਸੇ।

ਇੰਸਪੈਕਟਰ - "ਸਰਦਾਰ ਸਾਹਿਬ, ਤੁਹਾਡਾ ਕੋਈ ਰਿਸ਼ਤੇਦਾਰ ਬਾਹਰ ਵੀ ਰਹਿੰਦਾ ਹੈ?"

ਮੈਂ (ਕੁਝ ਹੋਰ ਵੀ ਚੌਕਸ ਹੋ ਕੇ) "ਹਾਂ ਜੀ, ਮੇਰਾ ਛੋਟਾ ਸਾਲਾ ਬਾਹਰ ਰਹਿੰਦਾ ਹੈ।"

ਇੰਸਪੈਕਟਰ - "ਉਨ੍ਹਾਂ ਦਾ ਪਤਾ?"

ਮੈਂ - ਇਕ ਲਫਾਫਾ ਜੇਬ ਵਿਚੋਂ ਕੱਢ ਕੇ, ਜੋ ਨਾਲ ਹੀ ਜਲੰਧਰੋਂ ਲਿਆਇਆ ਸੀ, ਮੇਜ਼ ਉੱਤੇ ਰੱਖ ਦਿੱਤਾ ਤੇ ਕਿਹਾ, "ਆਹ ਲਓ, ਪਤਾ ਤੇ ਟੈਲੀਫੋਨ ਉਪਰ ਲਿਖਿਆ ਹੈ।"

ਇੰਸਪੈਕਟਰ - "ਉਨ੍ਹਾਂ ਦੇ ਘਰ ਟੈਲੀਫੋਨ ਵੀ ਲੱਗਾ ਹੋਇਆ ਹੈ?"

ਮੈਂ - "ਹਾਂ ਜੀ, ਲਫਾਫੇ ਉਪਰ ਟੈਲੀਫੋਨ ਨੰਬਰ ਲਿਖਿਆ ਹੋਇਆ ਹੈ।" ਡੀ.ਐਸ.ਪੀ. ਨੇ ਉਸ ਲਫਾਫੇ ਨੂੰ ਫੜ ਕੇ ਉਪਰੋਂ ਪਤਾ ਪੜ੍ਹਿਆ ਅਤੇ ਫਿਰ ਆਪਣੀ ਡਾਇਰੀ ਵਿਚ ਰੱਖ ਲਿਆ।

ਇੰਸਪੈਕਟਰ - "ਸਰਦਾਰ ਸਾਹਿਬ, ਕਦੇ ਉਨ੍ਹਾਂ ਦਾ ਟੈਲੀਫੋਨ ਤੁਹਾਨੂੰ ਆਇਆ ਹੈ?"

ਮੈਂ - "ਹਾਂ, ਜੀ ਬਥੇਰੇ ਆਉਂਦੇ ਹਨ।"

ਇੰਸਪੈਕਟਰ - "ਤੁਸੀਂ ਵੀ ਉਨ੍ਹਾਂ ਨੂੰ ਕਦੇ ਟੈਲੀਫੋਨ ਕਰਦੇ ਹੋ?"

ਮੈਂ - "ਹਾਂ ਕਈ ਵਾਰੀ।"

ਇੰਸਪੈਕਟਰ - "ਆਮ ਤੌਰ ਤੇ ਟੈਲੀਫੋਨ ਤੇ ਤੁਹਾਡੀ ਉਨ੍ਹਾਂ ਨਾਲ ਕੀ ਗੱਲਬਾਤ ਹੁੰਦੀ ਹੈ?"

ਮੈਂ - "ਆਮ ਗੱਲਬਾਤ, ਜਿਵੇਂ ਰਿਸ਼ਤੇਦਾਰ ਕਰਦੇ ਹਨ, ਰਾਜੀ ਖੁਸ਼ੀ, ਬੱਚਿਆਂ ਦਾ ਹਾਲ ਚਾਲ, ਘਰੇਲੂ ਗੱਲਬਾਤ।"

ਇੰਸਪੈਕਟਰ - "ਤੁਹਾਡੇ ਘਰ ਦੇ ਟੈਲੀਫੋਨ ਦਾ ਨੰਬਰ?"

ਮੈਂ ਆਪਣੇ ਟੈਲੀਫੋਨ ਦਾ ਨੰਬਰ ਦਸਿਆ।

ਇੰਸਪੈਕਟਰ - "ਦੂਸਰਾ ਟੈਲੀਫੋਨ ਤੇ ਉਸ ਦਾ ਪਤਾ?"

ਮੈਂ ਉਹ ਵੀ ਦੱਸਿਆ।

ਇੰਸਪੈਕਟਰ - "ਤੁਹਾਨੂੰ ਪ੍ਰਾਪਰਟੀ ਡੀਲਰ ਵੀ ਆਖਦੇ ਹਨ?"

ਮੈਂ - "ਪਤਾ ਨਹੀਂ।"

ਇੰਸਪੈਕਟਰ - "ਤੁਸੀਂ ਇਕ ਦਫਤਰ ਖੋਲ੍ਹ ਰਖਿਆ ਹੈ?"

ਮੈਂ - "ਹਾਂ, ਪਰ ਮੇਰੇ ਕੋਲੋਂ ਕਦੇ ਕੋਈ ਸੌਦਾ ਨਹੀਂ ਕਰਵਾ ਹੋਇਆ। ਮੈਂ ਆਪਣੀ ਜ਼ਮੀਨ ਦੇ ਪਲਾਟ ਕੱਟੇ ਹੋਏ ਹਨ, ਉਨ੍ਹਾਂ ਵਿਚੋਂ ਛੇ-ਸੱਤ ਜ਼ਰੂਰ ਵੇਚੇ ਹਨ। ਬਾਹਰਲਾ ਕੋਈ ਕੰਮ ਕਦੇ ਨਹੀਂ ਕੀਤਾ।"

ਇੰਸਪੈਕਟਰ - "ਕਿਉਂ, ਕੀ ਗੱਲ?"

ਮੈਂ - "ਚਾਰ-ਪੰਜ ਸਾਲ ਤੋਂ ਹਲਾਤ ਖਰਾਬ ਹਨ। ਕੋਈ ਗਾਹਕ ਹੈ ਹੀ ਨਹੀਂ। ਵੇਚਣ ਵਾਲੇ ਤਾਂ ਬਥੇਰੇ ਹਨ ਪਰ ਖਰੀਦਦਾਰ ਕੋਈ ਨਹੀਂ।"

ਇੰਸਪੈਕਟਰ - "ਸਰਦਾਰ ਸਾਹਿਬ, ਦਫਤਰ 'ਚ ਫਿਰ ਕੋਈ ਆਦਮੀ ਵੀ ਰੱਖਿਆ ਹੋਣਾ ਹੈ?"

ਮੈਂ - "ਨਹੀਂ, ਕੋਈ ਨਹੀਂ। ਮੈਂ ਦਸਿਐ ਨਾ ਕਿ ਕੋਈ ਕੰਮ ਹੀ ਨਹੀਂ ਨਿਕਲਦਾ ਤਾਂ ਬੰਦਾ ਰੱਖ ਕੇ ਕੀ ਕਰਨਾ ਹੈ?"

ਇੰਸਪੈਕਟਰ - "ਫਿਰ ਤੁਹਾਨੂੰ ਉਹ ਦਫਤਰ ਰੱਖਣ ਦੀ ਕੀ ਲੋੜ ਹੈ?"

ਮੈਂ - "ਜਾਇਦਾਦ ਬਣੀ ਹੋਈ ਹੈ, ਸ਼ਹਿਰ ਵਿਚ ਥਾਂ ਹੈ, ਕਦੀ ਕਦੀ ਜਾ ਕੇ ਬੈਠ ਜਾਈਦਾ ਹੈ। ਵੈਸੇ ਵੀ ਇਹ ਦਫਤਰ ਪਹਿਲਾਂ ਦੁਕਾਨ ਸੀ ਤੇ ਏਥੇ ਆਂਡੇ ਤੇ ਮੀਟ ਵਿਕਦਾ

ਸੀ। ਬਾਅਦ ਵਿਚ ਉਹ ਧੰਦਾ ਬੰਦ ਹੋ ਗਿਆ ਤੇ ਦਫਤਰ ਦਾ ਬੋਰਡ ਲਾ ਦਿੱਤਾ।"

ਇੰਸਪੈਕਟਰ - "ਜਦੋਂ ਦੁਕਾਨ ਸੀ, ਉਦੋਂ ਕੋਈ ਬੰਦਾ ਕੰਮ ਕਰਦਾ ਸੀ?"

ਮੈਂ - "ਨਹੀਂ, ਆਪ ਹੀ ਬੈਠੀਦਾ ਸੀ।"

ਇੰਸਪੈਕਟਰ - "ਤੁਹਾਡਾ ਖਾਸ ਧੰਦਾ ਤਾਂ ਖੇਤੀ ਹੋਇਆ, ਉਸ ਵਾਸਤੇ ਕੋਈ ਕੰਮਕਾਰ ਸਾਂਭਣ ਲਈ ਬੰਦਾ ਰਖਿਆ ਹੋਵੇ?"

ਮੈਂ - "ਲੋੜ ਹੀ ਨਹੀਂ, ਮੈਂ ਪੱਠੇ ਬੀਜਦਾ ਹਾਂ, ਜਾਂ ਤਾਂ (ਕੱਟ ਕੇ) ਉਥੇ ਹੀ ਵੇਚ ਲਈਦੇ ਹਨ ਜਾਂ ਟਰਾਲੀ ਸ਼ਹਿਰ ਲੈ ਆਈ ਦੀ ਹੈ, ਬੰਦੇ ਨੇ ਕੀ ਕਰਨਾ ਹੈ।"

ਇੰਸਪੈਕਟਰ - "ਕਿੰਨੀ ਜ਼ਮੀਨ ਹੈ ਤੁਹਾਡੀ?"

ਮੈਂ - "30 ਏਕੜ।"

ਇੰਸਪੈਕਟਰ - "ਟਰੈਕਟਰ ਰਖਿਆ ਹੋਇਆ ਹੈ? ਕੀ ਨੰਬਰ ਤੇ ਮੇਕ ਕੀ ਹੈ?"

ਮੈਂ - "ਜੀਟਰ 2011 ਨੰਬਰ.......... ਤੇ ਮੈਸੀਫਰਗੂਸਨ ਨੰਬਰ........"

ਇੰਸਪੈਕਟਰ - "ਡਰਾਈਵਰ ਤਾਂ ਰਖਿਆ ਹੋਵੇਗਾ?"

ਮੈਂ - "ਨਹੀਂ, ਪੱਕਾ ਡਰਾਈਵਰ ਤਾਂ ਕੋਈ ਨਹੀਂ। ਮਜ਼ਦੂਰਾਂ ਵਿਚੋਂ ਹੀ ਕਈ ਬੰਦੇ ਚਲਾਉਣਾ ਜਾਣਦੇ ਹਨ। ਖੇਤ ਵਿਚ ਟਰੈਕਟਰ ਚਲਾਉਣਾ ਕੀ ਮੁਸ਼ਕਲ ਹੈ?"

ਇੰਸਪੈਕਟਰ - "ਪੱਕੇ ਬੰਦੇ ਕੋਈ ਨਹੀਂ ਰੱਖੇ?"

ਮੈਂ - "ਪੱਕੇ ਬੰਦੇ ਕੋਈ ਵੀ ਨਹੀਂ ਰੱਖਦਾ। ਕਿਉਂਕਿ ਬਿਹਾਰੀ ਮਜ਼ਦੂਰ ਆਉਂਦੇ ਜਾਂਦੇ ਰਹਿੰਦੇ ਹਨ।"

ਇੰਸਪੈਕਟਰ - "ਤੁਹਾਡੇ ਕੋਲ ਕਾਰ ਵੀ ਹੈ?"

ਮੈਂ - "ਹਾਂ।"

ਇੰਸਪੈਕਟਰ - "ਕਿਹੜੀ ਤੇ ਕਿਹੜਾ ਮਾਡਲ?"

ਮੈਂ - "ਫੀਅਟ 1972 ਮਾਡਲ। ਦੂਜੀ ਵੀ ਫੀਏਟ 1983 ਮਾਡਲ"

ਇੰਸਪੈਕਟਰ - "ਤੁਹਾਨੂੰ ਖੇਤੀ ਤੋਂ ਕਿੰਨੀ ਕੁ ਆਮਦਨ ਹੋ ਜਾਂਦੀ ਹੈ?"

ਮੈਂ - ਕੁਝ ਸੋਚ ਕੇ, ਹਿਸਾਬ ਜਿਹਾ ਲਗਾ ਕੇ, "ਏਹੋ ਹੀ ਕੋਈ ਲੱਖ ਸਵਾ ਲੱਖ ਸਾਲ ਦਾ।"

ਇੰਸਪੈਕਟਰ - "ਆਮਦਨ ਕਿ ਵੱਟਤ?"

ਮੈਂ - (ਕਾਫੀ ਹੁਸ਼ਿਆਰੀ ਨਾਲ ਜਵਾਬ ਦੇ ਰਿਹਾ ਸੀ ਤੇ ਸਮਝਦਾ ਸੀ ਕਿ ਇਹ ਕਿਉਂ ਪੁੱਛ ਰਿਹਾ ਹੈ) "ਨਹੀਂ, ਆਮਦਨ ਏਨੀ ਕੁ ਹੋ ਜਾਂਦੀ ਹੈ। ਗੰਦਾ ਨਾਲਾ ਪੈਂਦਾ ਹੈ, ਜ਼ਮੀਨ ਬੜੀ ਉਪਜਾਊ ਹੈ।"

ਇੰਸਪੈਕਟਰ - "ਕੋਈ ਹੋਰ ਵਹੀਕਲ ਵੀ ਹੈ?"

ਮੈਂ - "ਸਕੂਟਰ" ਹੈ ਤੇ ਨਾਲ ਹੀ ਮੈਂ ਸਕੂਟਰ ਦਾ ਨੰਬਰ ਦੱਸ ਦਿੱਤਾ।

ਇੰਸਪੈਕਟਰ - "ਬਿਹਾਰੀ ਮਜ਼ਦੂਰਾਂ ਤੋਂ ਇਲਾਵਾ ਕੋਈ ਪੰਜਾਬੀ ਵੀ ਹੈ?"

ਮੈਂ - "ਹਾਂ, ਇਕ ਹੈ" ਤੇ ਮੈਂ ਉਸ ਦਾ ਨਾਂ, ਉਸ ਦੇ ਪਿਓ ਦਾ ਨਾਂ ਵਗੈਰਾ ਸਭ ਕੁਝ ਦਸਿਆ, ਜੋ ਬਾਅਦ ਵਿਚ ਮੇਰੇ ਲਈ ਚਿੰਤਾ ਦਾ ਵਿਸ਼ਾ ਬਣਿਆ ਰਿਹਾ। ਕਿਉਂਕਿ ਮੈਨੂੰ ਖਤਰਾ ਸੀ ਕਿ ਕਿਤੇ ਉਸ ਆਦਮੀ ਨੂੰ ਵੀ ਨਾ ਫੜ ਲਿਆ ਹੋਵੇ?

ਇੰਸਪੈਕਟਰ - ਜਿਸ ਦੀ ਕੁੜੀ ਹੁਣ ਬਹੁਤ ਹੀ ਖਹਿੜੇ ਪੈ ਗਈ ਸੀ ਤੇ ਉਸ ਦਾ ਹੱਥ

ਫੜ-ਫੜ ਕੇ, ਰੋ-ਰੋ ਕੇ ਖਿਚਦੀ ਸੀ, ਨੂੰ ਵਰਚਾਉਣ ਵਾਸਤੇ ਇੰਸਪੈਕਟਰ ਉਠ ਖਲੋਤਾ ਤੇ ਬਾਹਰ ਬਰਾਂਡੇ ਵੱਲ, ਜਿਥੇ ਉਸ ਦੀ ਖ਼ੂਬਸੂਰਤ ਪਤਨੀ ਖੜੀ ਸੀ, ਵੱਲ ਚਲਾ ਗਿਆ। ਏਸੇ ਹੀ ਦੌਰਾਨ ਡੀ.ਐਸ.ਪੀ. ਨੇ ਪਾਣੀ ਮੰਗਿਆ, ਜੋ ਮੈਂ ਵੀ ਇਕ ਗਲਾਸ ਪੀ ਲਿਆ। ਪਾਣੀ ਪੀ ਕੇ ਪੈੱਨ ਤੇ ਪੈਡ ਫਿਰ ਡੀ.ਐਸ.ਪੀ. ਨੇ ਸਾਂਭ ਲਿਆ ਤੇ ਪੁੱਛਣਾ ਸ਼ੁਰੂ ਕਰ ਦਿੱਤਾ।

ਡੀ.ਐਸ.ਪੀ. – "ਸਰਦਾਰ ਸਾਹਿਬ, ਜਿਹੜਾ ਤੁਹਾਡਾ ਸਾਲਾ ਬਾਹਰ ਰਹਿੰਦਾ ਹੈ, ਉਸ ਦੇ ਟੈਲੀਫੋਨ ਤੁਹਾਨੂੰ ਜ਼ਿਆਦਾ ਆਉਂਦੇ ਹਨ ਕਿ ਤੁਸੀਂ ਉਸ ਨੂੰ ਜ਼ਿਆਦਾ ਵਾਰੀ ਕਰਦੇ ਹੋ?"

ਮੈਂ – (ਹੱਸ ਕੇ) "ਇਹ ਤਾਂ ਮੈਂ ਕਦੀ ਗਿਣੇ ਨਹੀਂ, ਕਿ ਕੌਣ ਕੀਹਨੂੰ ਜ਼ਿਆਦਾ ਕਰਦਾ ਹੈ।"

ਡੀ.ਐਸ.ਪੀ. – "ਜਦੋਂ ਤੁਹਾਡੇ ਸਾਲੇ ਦਾ ਟੈਲੀਫੋਨ ਆਵੇ, ਤੁਸੀਂ ਕੀ ਮਹਿਸੂਸ ਕਰਦੇ ਹੋ?"

ਮੈਂ – "ਸਾਨੂੰ ਸਾਰੇ ਟੱਬਰ ਨੂੰ ਚਾਅ ਚੜ੍ਹ ਜਾਂਦਾ ਹੈ ਕਿ ਟੈਲੀਫੋਨ ਆਇਆ ਹੈ।"

ਡੀ.ਐਸ.ਪੀ. – (ਦੁਹਰਾਅ ਕੇ) "ਚਾਅ ਚੜ੍ਹ ਜਾਂਦਾ ਹੈ, ਸਰਦਾਰ ਜੀ, ਤੁਹਾਡੀ ਉਮਰ ਤੇ ਜਨਮ ਤਾਰੀਖ ਕੀ ਹੈ?"

ਮੈਂ ਆਪਣੀ ਉਮਰ ਤੇ ਜਨਮ ਮਿਤੀ ਦੱਸੀ।

ਡੀ.ਐਸ.ਪੀ. – "ਤੁਹਾਡੇ ਵੱਡੇ ਤੇ ਛੋਟੇ ਸਾਲੇ ਦੀ ਉਮਰ?"

ਮੈਂ – "ਇਕ ਦੀ 38, ਤੇ ਇਕ ਦੀ 36 ਸਾਲ ਅੰਦਾਜ਼ਨ।" ਏਥੇ ਇਕ ਗੱਲ ਦੱਸਣ ਵਾਲੀ ਹੈ ਕਿ ਇਸ ਗੱਲਬਾਤ ਦੌਰਾਨ ਸੁਰਿੰਦਰ ਜੀਤ ਸਿੰਘ ਨੂੰ ਉਥੋਂ ਉਠਾ ਦਿੱਤਾ ਗਿਆ ਸੀ ਤੇ ਉਹ ਬਾਹਰ ਬਰਾਂਡੇ ਵਿਚ ਘੁੰਮ ਰਿਹਾ ਸੀ। ਮੈਨੂੰ ਬਾਅਦ ਵਿਚ ਉਸ ਨੇ ਦੱਸਿਆ ਕਿ ਉਹ ਬਰਾਂਡੇ ਨਾਲ ਦੇ ਕਮਰੇ ਵਿਚੋਂ ਟੈਲੀਫੋਨ ਕਰਨ ਲੱਗਾ ਤਾਂ ਉਸ ਨੂੰ ਟੈਲੀਫੋਨ ਕਰਨ ਤੋਂ ਰੋਕ ਦਿੱਤਾ ਗਿਆ। ਪਰ ਸੀ.ਬੀ.ਆਈ. ਵਾਲਿਆਂ ਦੇ ਆਉਣ ਤੋਂ ਪਹਿਲਾਂ, ਉਹ ਆਪਣੇ ਘਰ ਟੈਲੀਫੋਨ ਕਰ ਚੁੱਕਾ ਸੀ ਕਿ ਫਿਕਰ ਵਾਲੀ ਕੋਈ ਗੱਲ ਨਹੀਂ।

ਡੀ.ਐਸ.ਪੀ. – "ਤੁਹਾਡੀ ਪਤਨੀ ਦੀ ਉਮਰ?"

ਮੈਂ ਆਪਣੀ ਪਤਨੀ ਦੀ ਉਮਰ ਦੱਸੀ।

ਡੀ.ਐਸ.ਪੀ. – "ਬੱਚੇ ਕਿਹੜੇ-ਕਿਹੜੇ ਸਕੂਲ ਪੜ੍ਹਦੇ ਹਨ?"

ਮੈਂ ਸਕੂਲਾਂ ਦੇ ਨਾਂ ਦੱਸੇ।

ਡੀ.ਐਸ.ਪੀ. –"ਸਰਦਾਰ ਜੀ, ਤੁਸੀਂ ਕਿਥੇ ਕਿਥੇ ਪੜ੍ਹੇ ਤੇ ਦਸਵੀਂ ਪਾਸ ਕਦੋਂ ਕੀਤੀ?"

ਮੈਂ ਇਹ ਵੀ ਦਸਿਆ।

ਡੀ.ਐਸ.ਪੀ. – "ਤੁਸਾਂ ਅੰਮ੍ਰਿਤ ਛਕਿਆ ਹੋਇਆ ਹੈ?"

ਮੈਂ – "ਹਾਂ।"

ਡੀ.ਐਸ.ਪੀ. – "ਕਿਥੋਂ?"

ਮੈਂ – "ਸ੍ਰੀ ਅਕਾਲ ਤਖ਼ਤ ਸਾਹਿਬ ਤੋਂ।"

ਡੀ.ਐਸ.ਪੀ. – "ਅੰਮ੍ਰਿਤ ਛਕਾਉਣ ਵਾਲਿਆਂ ਦਾ ਨਾਂ?"

ਮੈਂ – "ਉਨ੍ਹਾਂ ਨੂੰ ਪੰਜ ਪਿਆਰੇ ਆਖਿਆ ਜਾਂਦਾ ਹੈ ਤੇ ਉਨ੍ਹਾਂ ਦਾ ਨਾਂ ਕੋਈ ਨਹੀਂ ਪੁੱਛਦਾ।"

ਡੀ.ਐਸ.ਪੀ. – "ਇਹ ਕੀ ਗੱਲ ਹੋਈ, ਨਾਂ ਕਿਉਂ ਨਹੀਂ ਪੁੱਛਦੇ?"

ਮੈਂ – ਜੋ ਹੁਣ ਕੁਝ ਉਤੇਜਿਤ ਹੋ ਗਿਆ ਸਾਂ, ਕੁਰਸੀ ਦੀ ਢੋਅ ਨਾਲੋਂ ਉਰ੍ਹੇ ਹਟ ਗਿਆ, ਤੇ ਬੋਲਿਆ, "ਬਿਲਕੁਲ ਉਸੇ ਤਰ੍ਹਾਂ, ਜਿਵੇਂ ਤੁਸੀਂ ਮੈਨੂੰ ਇਕ ਘੰਟੇ ਤੋਂ ਪੁੱਛ ਗਿੱਛ ਕਰ ਰਹੇ ਹੋ ਪਰ ਮੈਂ ਤੁਹਾਡਾ ਨਾਂ ਨਹੀਂ ਪੁਛਿਆ।"

ਡੀ.ਐਸ.ਪੀ. – "ਸਰਦਾਰ ਜੀ, ਤੁਸਾਂ ਬੜਾ ਰੁੱਖਾ ਜੁਆਬ ਦਿੱਤਾ ਹੈ?"

ਮੈਂ – "ਤੁਹਾਡਾ ਸਵਾਲ ਹੀ ਐਸਾ ਸੀ। ਵੈਸੇ ਵੀ ਅਸੀਂ ਸਿੱਖ, ਆਪਣੇ ਧਾਰਮਿਕ ਮਾਮਲਿਆਂ ਬਾਰੇ ਜਵਾਬ ਏਸੇ ਤਰ੍ਹਾਂ ਦੇ ਹੀ ਦੇਂਦੇ ਹਾਂ। ਅੱਜ ਤੱਕ ਕਿਸੇ ਅੰਮ੍ਰਿਤ ਛਕਣ ਵਾਲੇ ਨੇ ਪੰਜਾਂ ਪਿਆਰਿਆਂ ਦਾ ਨਾਂ ਨਹੀਂ ਪੁਛਿਆ। ਫਿਰ ਮੈਂ ਕਿਵੇਂ ਪੁੱਛ ਲੈਂਦਾ?"

ਡੀ.ਐਸ.ਪੀ. – "ਚਲੋ ਛੱਡੋ, ਸਿੱਖ ਅਤੇ ਹਿੰਦੂ ਵਿਚ ਕੀ ਫਰਕ ਹੈ, ਸਿੱਖੀ ਤਾਂ ਸਿਖਸ਼ਾ ਹੈ।"

ਮੈਂ – "ਸਿੱਖ ਸਿੱਖ ਹੈ ਤੇ ਹਿੰਦੂ-ਹਿੰਦੂ, ਸਿੱਖ ਕਦੀ ਵੀ ਹਿੰਦੂ ਨਹੀਂ ਹੁੰਦਾ ਤੇ ਫਿਰ ਸਿੰਘ ਤਾਂ ਹੈ ਹੀ ਬਿਲਕੁਲ ਵੱਖਰਾ। ਸਿੱਖ ਤਾਂ ਕੋਈ ਹਿੰਦੂ ਵੀ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਅਖਵਾ ਸਕਦਾ ਹੈ, ਪਰ ਉਹ ਸਿੰਘ ਨਹੀਂ ਅਖਵਾ ਸਕਦਾ।"

ਡੀ.ਐਸ.ਪੀ. – "ਕਿਉਂ ਜੀ, ਇਹ ਕੀ ਗੱਲ, ਸਿੱਖ ਤੇ ਸਿੰਘ ਵਿਚ ਵੀ ਫਰਕ ਹੈ?"

ਮੈਂ – ਮਜ਼ਾਕ ਤੇ ਨਰਾਜ਼ਗੀ ਦੇ ਰਲੇ ਮਿਲੇ ਭਾਵ ਨਾਲ "ਸਿੰਘ ਦੇ ਸਿੰਙ ਬਾਹਰ ਨਿਕਲੇ ਸਾਰੀ ਦੁਨੀਆਂ ਨੂੰ ਦਿਸਦੇ ਹਨ, ਜਿਵੇਂ ਕਿ ਮੇਰੇ ਸਿੰਙ ਨਿਕਲੇ ਹੋਏ ਹਨ ਤੇ ਤੁਹਾਡੇ ਨਹੀਂ।"

ਡੀ.ਐਸ.ਪੀ. – ਹੱਸਿਆ ਤੇ ਫਿਰ ਆਪਣੀ ਗੱਲ 'ਤੇ ਆ ਗਿਆ (ਮੈਂ ਸਭ ਸਮਝਦਾ ਸਾਂ ਤੇ ਬਹੁਤ ਸੰਭਲ-ਸੰਭਲ ਕੇ ਕਦਮ ਪੁੱਟ ਰਿਹਾ ਸਾਂ, ਪਰ ਨਾਲ ਹੀ ਸਿੱਖੀ ਦੀ ਤੌਹੀਨ ਵੀ ਬਰਦਾਸ਼ਤ ਨਹੀਂ ਸੀ ਕਰਨੀ ਚਾਹੁੰਦਾ) "ਟੈਲੀਫੋਨ 'ਤੇ ਤੁਸੀਂ ਅੱਜ ਕੱਲ ਦੇ ਹਾਲਾਤ ਬਾਰੇ ਵੀ ਗੱਲਬਾਤ ਕਰਦੇ ਹੋ?"

ਮੈਂ – "ਇਕ ਕਾਲ ਦਾ ਸਮਾਂ ਤਿੰਨ ਮਿੰਟ ਹੁੰਦਾ ਹੈ ਤੇ ਵੱਧ ਤੋਂ ਵੱਧ ਛੇ ਮਿੰਟ ਦੀ ਗੱਲ ਹੁੰਦੀ ਹੈ। ਏਨੇ ਚਿਰ ਵਿਚ ਬੰਦਾ ਘਰੇਲੂ ਗੱਲਾਂ ਕਰੇ ਕਿ ਸਿਆਸਤ ਦੀਆਂ ਤੇ ਨਾਲੇ ਉਸ ਬੰਦੇ ਨੂੰ ਹਿੰਦੋਸਤਾਨ ਦੀ ਸਿਆਸਤ ਨਾਲ ਕੀ ਲੱਗੇ, ਜਿਹੜਾ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਇਸ ਮੁਲਕ ਨੂੰ ਛੱਡ ਚੁੱਕਾ ਹੈ ਤੇ ਉਥੋਂ ਦਾ ਸ਼ਹਿਰੀ ਹੈ ਤੇ ਉਸ ਨੇ ਵਿਆਹ ਵੀ ਮੇਮ ਨਾਲ ਕਰਵਾਇਆ ਹੋਇਆ ਹੈ।"

ਡੀ.ਐਸ.ਪੀ. – "ਕਦੀ ਕੋਈ ਗੱਲ ਹੋ ਹੀ ਜਾਂਦੀ ਹੈ। ਤੁਸੀਂ ਇਕ ਵਾਰੀ ਟੈਲੀਫੋਨ 'ਤੇ ਆਖਿਆ ਸੀ ਕਿ ਏਥੇ ਤਾਂ ਅੱਗ ਲੱਗੀ ਹੋਈ ਹੈ?"

ਮੈਂ – "ਹਾਂ, ਹੋ ਸਕਦਾ ਹੈ, ਆਖ ਦਿੱਤਾ ਹੋਵੇ, ਪਰ ਮੈਨੂੰ ਇਹ ਯਾਦ ਨਹੀਂ।"

ਡੀ.ਐਸ.ਪੀ. – "ਯਾਦ ਕਰ ਲਓ, ਆਖਿਆ ਤਾਂ ਜ਼ਰੂਰ ਹੈ। ਮੈਂ ਇਹ ਹੀ ਤੁਹਾਨੂੰ ਪੁੱਛਦਾ ਹਾਂ ਕਿ ਕੀ ਗੱਲ ਹੋਈ ਸੀ, ਜਦੋਂ ਤੁਸੀਂ ਇਸ ਤਰ੍ਹਾਂ ਆਖਿਆ ਸੀ?"

ਮੈਂ – "ਮੈਂ ਕਹਿੰਦਾ ਹਾਂ ਕਿ ਆਖ ਦਿੱਤਾ ਹੋਣਾ ਹੈ। ਸ਼ਾਇਦ ਇਸ ਤਰ੍ਹਾਂ ਹੋਇਆ ਹੋਵੇ ਕਿ ਅਖ਼ਬਾਰ 'ਚ ਉਸ ਦਿਨ ਕੋਈ ਤਾਜ਼ਾ ਹਿੰਸਾ ਦੀ ਘਟਨਾ ਹੋਈ ਹੋਵੇ ਤੇ ਦਸ-ਪੰਦਰਾਂ

ਵਜਕਾ ਦਿੱਤੇ ਗਏ ਹੋਣ ਤਾਂ ਉਧਰੋਂ ਮੇਰੇ ਸਾਲੇ ਨੇ ਪੁਛਿਆ ਹੋਵੇ ਕਿ ਏਥੋਂ ਦਾ ਕੀ ਹਾਲ ਹੈ? ਤਾਂ ਮੈਂ ਆਪ ਵਾਲੀ ਗੱਲ ਆਖ ਦਿੱਤੀ ਹੋਵੇ।"

ਡੀ.ਐਸ.ਪੀ. – (ਲਗਦਾ ਹੈ, ਉਸ ਨੂੰ ਉਦੋਂ ਆਪ ਨਹੀਂ ਸੀ ਪਤਾ ਕਿ ਉਸਨੇ ਕਿਹੜੇ ਸਵਾਲ ਪੁਛਣੇ ਹਨ) "ਮੇਰੇ ਖਿਆਲ ਵਿਚ ਤਾਂ ਤੁਹਾਨੂੰ ਇਹ ਨਹੀਂ ਸੀ ਆਖਣਾ ਚਾਹੀਦਾ।"

ਮੈਂ – "ਤਾਂ ਹੋਰ ਕੀ ਆਖਦਾ ਕਿ ਏਥੇ ਬੜੀ ਸ਼ਾਂਤੀ ਵਰਤੀ ਹੋਈ ਹੈ ਤੇ ਸਾਰੇ ਬ੍ਰਹਿਮੰਡ ਵਿਚ ਸ਼ਬਦ ਕੀਰਤਨ ਦੀਆਂ ਧੁੰਨਾਂ ਗੂੰਜ ਰਹੀਆਂ ਹਨ।"

ਡੀ.ਐਸ.ਪੀ. – "ਸਰਦਾਰ ਜੀ ਤੁਸੀਂ ਤਲਵਿੰਦਰ ਸਿੰਘ ਨੂੰ ਜਾਣਦੇ ਹੋ?"

ਮੈਂ – "ਕਿਹੜਾ ਤਲਵਿੰਦਰ ਸਿੰਘ?"

ਡੀ.ਐਸ.ਪੀ. – "ਬੱਬਰ ਖਾਲਸਾ ਦਾ ਜਥੇਦਾਰ, ਜਿਹੜਾ ਅੱਜਕੱਲ੍ਹ ਕੈਨੇਡਾ ਵਿਚ ਰਹਿੰਦਾ ਹੈ?"

ਮੈਂ – "ਨਹੀਂ, ਮੈਂ ਤਾਂ ਉਸ ਦੀ ਸ਼ਕਲ ਵੀ ਨਹੀਂ ਵੇਖੀ।"

ਡੀ.ਐਸ.ਪੀ. – "ਤੇਜਿੰਦਰ ਸਿੰਘ?"

ਮੈਂ – "ਇਹ ਕੌਣ ਹੈ?"

ਡੀ.ਐਸ.ਪੀ. – "ਇਹ ਵੀ ਕੈਨੇਡਾ ਵਿਚ ਰਹਿੰਦਾ ਹੈ?"

ਮੈਂ – "ਇਸ ਦਾ ਤਾਂ ਮੈਂ ਨਾਂ ਵੀ ਤੁਹਾਡੇ ਕੋਲੋਂ ਹੀ ਸੁਣਿਆ ਹੈ। ਜਾਨਣ ਦਾ ਤਾਂ ਸੁਆਲ ਹੀ ਨਹੀਂ।"

ਡੀ.ਐਸ.ਪੀ. – "ਤੁਹਾਡਾ ਕੋਈ ਹੋਰ ਦੂਰ ਨੇੜੇ ਦਾ ਰਿਸ਼ਤੇਦਾਰ, ਬਾਹਰ ਹੋਰ ਕਿਸੇ ਦੇਸ਼ ਵਿਚ ਰਹਿੰਦਾ ਹੈ?"

ਮੈਂ – "ਕੋਈ ਨਹੀਂ।"

ਡੀ.ਐਸ.ਪੀ. – "ਸਰਦਾਰ ਸਾਹਿਬ, ਤੁਹਾਨੂੰ ਲੋਕ ਜ਼ਿਆਦਾ ਪ੍ਰਾਪਰਟੀ ਡੀਲਰ ਦੇ ਨਾਂ ਨਾਲ ਜਾਣਦੇ ਹਨ?"

ਮੈਂ – "ਹੋ ਸਕਦਾ ਹੈ, ਉਨ੍ਹਾਂ ਦੇ ਖਿਆਲ ਵਿਚ ਮੈਂ ਵੱਡਾ ਪ੍ਰਾਪਰਟੀ ਡੀਲਰ ਹੋਵਾਂ, ਪਰ ਮੈਂ ਤੁਹਾਨੂੰ ਦੱਸਿਆ ਹੈ ਨਾ ਕਿ ਆਪਣੇ ਪਲਾਟਾਂ ਤੋਂ ਬਗੈਰ ਮੈਂ ਹੋਰ ਕੋਈ ਸੌਦਾ ਨਹੀਂ ਕੀਤਾ।"

ਡੀ.ਐਸ.ਪੀ. – "ਇਹ ਗੱਲ ਤਾਂ ਨਹੀਂ ਹੋ ਸਕਦੀ। ਕੋਈ ਬੰਦਾ ਕਿਸੇ ਚੀਜ਼ ਵਿਚ ਕਾਮਯਾਬ ਹੋਵੇ ਤਾਂ ਹੀ ਲੋਕ ਉਸ ਨੂੰ ਕਾਮਯਾਬ ਸਮਝਦੇ ਹਨ।"

ਮੈਂ – "ਪਹਿਲਾਂ ਪਹਿਲਾਂ 1970ਵਿਆਂ ਵਗੈਰਾ ਵਿਚ ਮੈਂ ਡੇਅਰੀ ਬਣਾਈ ਸੀ ਤੇ ਉਸ ਵਿਚ ਬਿਲਕੁਲ ਕਾਮਯਾਬ ਨਹੀਂ ਸੀ, ਪਰ ਸਾਰੇ ਪਿੰਡ ਨੇ ਮੈਨੂੰ ਕਾਮਯਾਬ ਸਮਝ ਲਿਆ ਤੇ ਮੱਝਾਂ ਖਰੀਦ ਲਈਆਂ ਤੇ ਕਰਜਾਈ ਹੋ ਕੇ ਬਹਿ ਗਏ। ਫੇਰ ਮੈਂ ਸੂਰਾਂ ਦਾ ਫਾਰਮ ਬਣਾਇਆ। ਉਸ ਵਰਗਾ ਘਾਟੇਵੰਦਾ ਕੰਮ ਵੀ ਹੋਰ ਕੋਈ ਨਹੀਂ। ਮੈਂ ਲੋਕਾਂ ਨੂੰ ਬਥੇਰਾ ਆਖਿਆ ਪਈ ਸੂਰ ਰੱਖਣ ਦਾ ਕੋਈ ਫਾਇਦਾ ਨਹੀਂ ਪਰ ਉਨ੍ਹਾਂ ਮੇਰੀ ਰੀਸੇ ਸੂਰ ਲੈ ਆਂਦੇ ਤੇ ਪਿੰਡ ਵਿਚ ਸੂਰ ਹੀ ਸੂਰ ਫਿਰਦੇ ਦਿਸਣ ਲੱਗ ਪਏ। ਫਿਰ ਮੈਂ ਗੰਨਾ ਬੀਜਣ ਲੱਗ ਪਿਆ ਤੇ ਵੇਲਣਿਆਂ 'ਤੇ ਸਪਲਾਈ ਕਰਨ ਲੱਗ ਪਿਆ ਤੇ ਸਾਰਾ ਪਿੰਡ ਵੀ ਕਮਾਦ ਬੀਜ ਕੇ ਬਹਿ ਗਿਆ।"

ਡੀ.ਐਸ.ਪੀ. - "ਇਸ ਦਾ ਮਤਲਬ ਇਹ ਹੋਇਆ ਕਿ ਤੁਹਾਡਾ ਦਿਮਾਗ਼ ਬਹੁਤ ਤੇਜ਼ ਹੈ ਤੇ ਜੋ ਤੁਸੀਂ ਕਰਦੇ ਹੋ ਬਾਕੀ ਸਾਰੇ ਤੁਹਾਡੀ ਨਕਲ ਕਰਕੇ ਕਾਮਯਾਬ ਹੋਣਾ ਚਾਹੁੰਦੇ ਹਨ?"

ਮੈਂ - ਹਸ ਕੇ, "ਫਿਰ ਤਾਂ ਅੱਜ ਉਨ੍ਹਾਂ ਨੂੰ ਵੀ ਮੇਰੀ ਰੀਸ ਕਰਕੇ ਥਾਣੇ ਪਹੁੰਚ ਜਾਣਾ ਚਾਹੀਦਾ ਹੈ।"

ਡੀ.ਐਸ.ਪੀ. - "ਕਿਉਂ?"

ਮੈਂ - "ਕਿਉਂਕਿ, ਉਹ ਮੇਰੀ ਰੀਸ ਜੁ ਕਰਦੇ ਹੋਏ ਤੇ ਮੇਰੀ ਥਾਣੇ ਪਹੁੰਚਣ ਦੀ ਵੀ ਰੀਸ ਉਨ੍ਹਾਂ ਨੂੰ ਕਰਨੀ ਚਾਹੀਦੀ ਹੈ।" ਮੇਰੇ ਇਸ ਜੁਆਬ ਨਾਲ ਡੀ.ਐਸ.ਪੀ. ਕੁਝ ਸ਼ਰਮਿੰਦਾ ਹੋਇਆ ਤੇ ਕਿਨਾ ਚਿਰ ਪੈੱਨ ਦੀ ਨੋਕ ਨੂੰ ਹੌਲੀ ਹੌਲੀ ਕਾਗਜ 'ਤੇ ਠੋਕੀ ਗਿਆ ਤੇ ਬੋਲਿਆ ਕੁਝ ਨਾ। ਥੋੜੀ ਦੇਰ ਬਾਅਦ ਉਹ ਥੋੜਾ ਮੁਸਕਰਾਇਆ ਤੇ ਕਹਿਣ ਲੱਗਾ, "ਮੈਂ ਆਪ ਨੂੰ ਬੜੇ ਦੁੱਖ ਨਾਲ ਇਹ ਗੱਲ ਦੱਸਣੀ ਚਾਹੁੰਦਾ ਹਾਂ, ਪਰ ਮੇਰਾ ਦਿਲ ਨਹੀਂ ਕਰਦਾ।"

ਮੈਂ - ਜੋ ਲਗਪਗ ਪਹਿਲਾਂ ਹੀ ਜਾਣਦਾ ਸਾਂ ਕਿ ਇਹ ਦੁਖ ਭਰੀ ਗੱਲ ਕੀ ਹੈ ਤੇ ਜਿਸ ਵਾਸਤੇ ਮੈਂ ਆਪਣੇ ਆਪ ਨੂੰ ਦਿਮਾਗੀ ਤੌਰ 'ਤੇ ਪਹਿਲਾਂ ਹੀ ਤਿਆਰ ਕਰ ਚੁੱਕਾ ਸਾਂ, ਪਰ ਫਿਰ ਵੀ ਮੈਂ ਡੀ.ਐਸ.ਪੀ. ਨੂੰ ਆਖਿਆ "ਨਹੀਂ, ਤੁਸੀਂ ਦੱਸੋ ਜਿਹੜੀ ਗੱਲ ਹੈ।"

ਡੀ.ਐਸ.ਪੀ. - "ਅਸੀਂ ਤੁਹਾਨੂੰ ਗ੍ਰਿਫਤਾਰ ਕਰ ਰਹੇ ਹਾਂ। ਸਾਡਾ ਦਿਲ ਤਾਂ ਨਹੀਂ ਕਰਦਾ, ਪਰ ਉਪਰੋਂ ਹੁਕਮ ਆਇਆ ਹੈ। ਤੁਸੀਂ ਆਪਣੇ ਰਿਸ਼ਤੇਦਾਰ ਨੂੰ ਬੁਲਾ ਲਓ ਤਾਂ ਕਿ ਉਹ ਘਰ ਦੱਸ ਦੇਵੇ ਕਿ ਤੁਸੀਂ ਹਿਰਾਸਤ ਵਿਚ ਹੋ।"

ਡੀ.ਐਸ.ਪੀ. ਦੇ ਮੂੰਹ ਵਿਚੋਂ ਗੱਲ ਨਿਕਲਦਿਆਂ ਸਾਰ ਹੀ ਮੈਂ ਆਪਣੀ ਘੜੀ ਖੋਲ੍ਹ ਕੇ ਹੱਥ ਵਿਚ ਫੜ ਲਈ ਸੀ ਤੇ ਜੇਬਾਂ ਵਿਚ ਹੱਥ ਮਾਰ-ਮਾਰ ਕੇ ਡਰਾਇਵਿੰਗ ਲਾਇਸੈਂਸ ਤੇ ਹੋਰ ਕਾਗਜ਼ ਪੱਤਰ ਕੱਢ ਰਿਹਾ ਸਾਂ। ਮੈਂ ਬਿਲਕੁਲ ਗ੍ਰਿਫਤਾਰੀ ਲਈ ਤਿਆਰ ਸਾਂ। ਸੁਰਿੰਦਰ ਜੀਤ ਸਿੰਘ ਅੰਦਰ ਆਇਆ ਤੇ ਮੈਂ ਉਹ ਚੀਜ਼ਾਂ ਉਸ ਨੂੰ ਫੜਾ ਦਿੱਤੀਆਂ ਤੇ ਕਿਹਾ, "ਚੰਗਾ ਫਿਰ ਤੂੰ ਚੱਲ ਘਰ ਨੂੰ"।

ਡੀ.ਐਸ.ਪੀ.- (ਸੁਰਿੰਦਰ ਜੀਤ ਸਿੰਘ ਨੂੰ) "ਸਰਦਾਰ ਸਾਹਿਬ, ਇਨ੍ਹਾਂ ਦਾ ਖਾਣਾ ਤੁਸੀਂ ਲੈ ਆਓਗੇ ਕਿ ਅਸੀਂ ਪ੍ਰਬੰਧ ਕਰੀਏ? ਵੈਸੇ ਅਸੀਂ ਜਿਸ ਨੂੰ ਗ੍ਰਿਫਤਾਰ ਕਰੀਏ, ਉਸ ਦੀ ਰੋਟੀ ਪਾਣੀ ਦਾ ਪ੍ਰਬੰਧ ਸਾਡੇ ਜ਼ਿੰਮੇ ਹੁੰਦਾ ਹੈ।" ਫਿਰ ਆਪੇ ਹੀ, "ਚਲੋ ਅਸੀਂ ਰੋਟੀ ਦਾ ਪ੍ਰਬੰਧ ਹੁਣੇ ਕਰਦੇ ਹਾਂ, ਤੁਸੀਂ ਰਹਿਣ ਦਿਓ।" ਪਰ ਸੁਰਿੰਦਰ ਜੀਤ ਸਿੰਘ ਨੇ ਝੱਟ ਕਿਹਾ, ਨਹੀਂ ਜੀ, ਰੋਟੀ ਮੈਂ ਘਰੋਂ ਲਿਆਉਂਦਾ ਹਾਂ, ਘਰ ਰੋਟੀ ਤਿਆਰ ਹੈ।"

ਕ੍ਰਿਪਾਨ ਲਾਹੁਣ ਤੋਂ ਇਨਕਾਰ

ਘੜੀ ਅਤੇ ਜੇਬਾਂ ਦਾ ਸਾਰਾ ਸਮਾਨ ਮੈਂ ਸੁਰਿੰਦਰ ਜੀਤ ਸਿੰਘ ਦੇ ਹਵਾਲੇ ਕੀਤਾ। ਇਸ ਲਈ ਜਾਮਾ-ਤਲਾਸ਼ੀ ਦਾ ਕੰਮ ਤਾਂ ਠੀਕ ਹੋ ਗਿਆ ਪਰ ਗੱਲ ਕਿਰਪਾਨ 'ਤੇ ਆ ਕੇ ਅੜ ਗਈ। ਤਲਾਸ਼ੀ ਇਕ ਏ.ਐਸ.ਆਈ. ਲੈ ਰਿਹਾ ਸੀ ਤੇ ਕੋਈ ਅੱਠ-ਦੱਸ ਪੁਲਿਸ ਵਾਲੇ ਆਲੇ ਦੁਆਲੇ ਸ਼ਸਤਰਾਂ ਨਾਲ ਲੈਸ ਖੜੇ ਸਨ। ਵੱਡਾ (ਹਿੰਦੂ) ਥਾਣੇਦਾਰ ਆਖਣ ਲੱਗਾ "ਸਰਦਾਰ ਜੀ, ਕ੍ਰਿਪਾਨ ਲਾਹ ਦਿਓ, ਹਵਾਲਾਤ ਵਿਚ ਕ੍ਰਿਪਾਨ ਨਹੀਂ ਜਾਂਦੀ"।

ਮੈਂ - "ਸੰਵਿਧਾਨ ਦੀ ਧਾਰਾ 25 ਅਨੁਸਾਰ ਕ੍ਰਿਪਾਨ ਸਿੱਖ ਦਾ ਧਾਰਮਿਕ ਚਿੰਨ੍ਹ ਹੈ,

ਇਸ ਲਈ ਧਾਰਮਿਕ ਚਿੰਨ੍ਹ ਲਾਹੁਣ ਦਾ ਤਾਂ ਸੁਆਲ ਹੀ ਪੈਂਦਾ ਨਹੀਂ ਹੁੰਦਾ।"

ਸੀ.ਬੀ.ਆਈ. ਦਾ ਡੀ.ਐਸ.ਪੀ., ਜੋ ਮੇਰੀ ਗੱਲ ਸੁਣ ਕੇ ਥੋੜ੍ਹਾ ਉਤੇਜਤ ਜਿਹਾ ਹੋ ਗਿਆ ਸੀ, ਵੱਡੇ ਥਾਣੇਦਾਰ ਵੱਲ ਮੂੰਹ ਕਰਕੇ ਕਹਿਣ ਲੱਗਾ, " ਇਹ ਤੁਹਾਡਾ ਮਾਮਲਾ ਹੈ, ਹਵਾਲਾਤੀ ਤੁਹਾਡੇ ਜ਼ਿੰਮੇ ਹੈ, ਤੁਸੀਂ ਜਿਸ ਤਰ੍ਹਾਂ ਆਮ ਤੌਰ 'ਤੇ ਵਿਹਾਰ ਕਰਦੇ ਹੋ, ਉਸੇ ਤਰ੍ਹਾਂ ਕਰੋ।" ਉਸਦੀ ਗੱਲ ਸੁਣ ਕੇ ਥਾਣੇਦਾਰ ਦੇ ਨਾਲ ਖਲੋਤਾ ਛੋਟਾ ਥਾਣੇਦਾਰ ਅੱਗੇ ਹੋ ਕੇ ਬੋਲਿਆ, "ਸਰਦਾਰ ਜੀ, ਸਮਾਂ ਖਰਾਬ ਨਾ ਕਰੋ, ਕਾਨੂੰਨ ਕ੍ਰਿਪਾਨ ਦੀ ਇਜਾਜ਼ਤ ਨਹੀਂ ਦੇਂਦਾ।"

ਮੈਂ – "ਕਾਨੂੰਨ ਸੰਵਿਧਾਨ ਹੈ ਤੇ ਉਹ ਕ੍ਰਿਪਾਨ ਪਾਉਣ ਦੀ ਇਜਾਜ਼ਤ ਦੇਂਦਾ ਹੈ। ਸੰਵਿਧਾਨ ਤੋਂ ਬਗੈਰ ਕੋਈ ਹੋਰ ਕਾਨੂੰਨ ਦੀ ਕਿਤਾਬ ਵੀ ਹੈ? ਜੇ ਕੋਈ ਹੈ ਤਾਂ ਉਸ ਦਾ ਨਾਂ ਮੈਨੂੰ ਵੀ ਦੱਸ ਦਿਓ। ਕਿਉਂਕਿ ਮੈਨੂੰ ਤਾਂ ਸਿਰਫ ਇਹ ਹੀ ਪਤਾ ਹੈ ਕਿ ਹਿੰਦੋਸਤਾਨ ਦਾ ਇਕ ਸੰਵਿਧਾਨ ਹੈ ਤੇ ਉਹ 1950 ਵਿਚ ਲਾਗੂ ਹੋਇਆ ਸੀ ਤੇ ਉਹ ਹੀ ਅੱਜ ਤੱਕ ਲਾਗੂ ਹੈ। ਉਸ ਦੀ ਧਾਰਾ 25 ਕ੍ਰਿਪਾਨ ਦੀ ਇਜਾਜ਼ਤ ਦੇਂਦੀ ਹੈ। ਜੇ ਧਾਰਾ 25 ਸੰਵਿਧਾਨ ਵਿਚੋਂ ਕੱਟ ਦਿੱਤੀ ਗਈ ਹੈ ਤਾਂ ਫਿਰ ਮੈਨੂੰ ਦੱਸ ਦਿਓ। ਕਿਉਂਕਿ ਮੈਨੂੰ ਉਸ ਦੇ ਕੱਟਣ ਦਾ ਪਤਾ ਨਹੀਂ ਲੱਗਾ।" ਉਪਰੋਕਤ ਗੱਲ ਬਿਲਕੁਲ ਸਿੱਧੀ ਤੇ ਸਪੱਸ਼ਟ ਕਾਨੂੰਨ ਨਾਲ ਸਬੰਧ ਰੱਖਦੀ ਸੀ ਤੇ ਸੌ ਫੀਸਦੀ ਠੀਕ ਸੀ। ਇਸ ਲਈ ਕਿਸੇ ਨੂੰ ਵੀ ਕੋਈ ਗੱਲ ਨਾ ਅਹੁੜੀ ਤੇ ਸਾਰੇ ਆਪਣੇ-ਆਪਣੇ ਥਾਂ ਖੜੇ ਰਹੇ। ਵੱਡਾ ਥਾਣੇਦਾਰ ਜੋ ਥਾਣੇ ਦਾ ਇੰਚਾਰਜ ਹੋਣ ਕਰਕੇ ਇਸ ਮਸਲੇ ਨੂੰ ਇਕ ਦਮ ਹੱਲ ਕਰਨਾ ਚਾਹੁੰਦਾ ਸੀ ਤੇ ਕਾਨੂੰਨ ਦੇ ਗੇੜ ਵਿਚ ਪਿਆਂ, ਇਹ ਹੱਲ ਨਹੀਂ ਸੀ ਹੋਣਾ, ਉਹ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਹਿਣ ਲੱਗਾ "ਸਰਦਾਰ ਜੀ, ਤੁਹਾਨੂੰ ਪਤਾ ਹੈ ਸਾਰੀ ਗੱਲ ਦਾ, ਕ੍ਰਿਪਾਨ ਕਿਸੇ ਤਰ੍ਹਾਂ ਵੀ ਹਵਾਲਾਤ ਵਿਚ ਨਹੀਂ ਜਾ ਸਕਦੀ, ਜੇ ਤੁਸੀਂ ਆਪ ਨਾ ਲਾਹੀ ਤਾਂ ਫਿਰ ਸਾਨੂੰ ਲਾਹੁਣੀ ਪਊ।"

ਮੈਂ – "ਕਾਨੂੰਨ ਤਾਂ ਸਾਰਿਆਂ ਲਈ ਇਕੋ ਜਿਹਾ ਹੈ ਤੇ ਕਿਸੇ ਨੂੰ ਵੀ ਬਖਸ਼ਦਾ ਨਹੀਂ, ਜੇ ਤੁਸੀਂ ਸੰਵਿਧਾਨ ਦੀ ਧਾਰਾ 25 ਦੇ ਉਲਟ ਕੋਈ ਕੰਮ ਕਰੋਗੇ ਤਾਂ ਉਹ ਅਪਰਾਧ ਵਿਚ ਗਿਣਿਆ ਜਾਵੇਗਾ। ਜੇ ਤੁਸੀਂ ਕੋਈ ਕਾਨੂੰਨ ਤੋੜਨਾ ਚਾਹੁੰਦੇ ਹੋ ਤਾਂ ਖੁਸ਼ੀ ਨਾਲ ਤੋੜੋ ਪਰ ਮੇਰਾ ਖਿਆਲ ਹੈ ਕਿ ਜੇ ਕਾਨੂੰਨ ਦੇ ਦਾਇਰੇ ਵਿਚ ਹੀ ਰਹੋ ਤਾਂ ਚੰਗਾ ਹੈ, ਅੱਗੇ ਆਪ ਦੀ ਮਰਜੀ।" ਹੁਣ ਹਾਲਾਤ ਇਹ ਬਣ ਗਏ ਕਿ ਦੋ ਪੁਲਿਸ ਬਲ, ਇਕ ਚੰਡੀਗੜ੍ਹ ਪੁਲਿਸ ਤੇ ਦੂਜੀ ਸੀ.ਬੀ.ਆਈ. ਦੋਹਾਂ ਵਿਚੋਂ ਕੋਈ ਵੀ ਆਪਣੇ 'ਤੇ ਕਾਨੂੰਨ ਤੋੜਨ ਦਾ ਬੋਝ ਨਹੀਂ ਸੀ ਲੈਣਾ ਚਾਹੁੰਦਾ ਤੇ ਦੋਵੇਂ ਹੀ ਇਕ ਦੂਜੇ ਦੇ ਮੂੰਹ ਵੱਲ ਬਿਟਰ-ਬਿਟਰ ਵੇਖ ਰਹੇ ਸਨ। ਸੰਵਿਧਾਨ ਦੀ ਧਾਰਾ 25 ਸੱਚਮੁਚ ਹੀ ਸਿੱਖਾਂ ਨੂੰ ਕ੍ਰਿਪਾਨ ਦਾ ਹੱਕ ਦੇਂਦੀ ਹੈ। ਕਿਹੜਾ ਇਹ ਪੰਗਾ ਆਪਣੇ ਗਲ ਪਾਵੇ? ਪਰ ਫਿਰ ਵੀ ਸੀ.ਬੀ.ਆਈ. ਦਾ ਡੀ.ਐਸ.ਪੀ., ਜੋ ਆਪਣੇ ਆਪ ਨੂੰ ਉਸ ਵੇਲੇ ਸਭ ਤੋਂ ਸੀਨੀਅਰ ਸਮਝ ਕੇ ਉਨ੍ਹਾਂ ਦੀ ਅਗਵਾਈ ਕਰਨਾ ਆਪਣਾ ਹੱਕ ਸਮਝਦਾ ਸੀ, ਕੁਰਸੀ 'ਤੇ ਫਿਰ ਬੈਠ ਗਿਆ ਤੇ ਮੈਨੂੰ ਸੰਬੋਧਨ ਕਰਕੇ ਆਖਣ ਲੱਗਾ "ਸਰਦਾਰ ਜੀ, ਸੰਵਿਧਾਨ ਵਿਚ ਇਹ ਕਿਥੇ ਲਿਖਿਆ ਹੈ ਕਿ ਕ੍ਰਿਪਾਨ ਪਾ ਕੇ ਹਵਾਲਾਤ ਵਿਚ ਬੰਦ ਹੋਵੋ? ਇਹ ਤਾਂ ਸਿਰਫ ਧਾਰਮਿਕ ਚਿੰਨ ਹੀ ਹੈ, ਤੁਸੀਂ ਨਿੱਕੀ ਜਿਹੀ ਗੱਲ 'ਤੇ ਕਿਉਂ ਜ਼ਿੱਦ ਕਰਦੇ ਹੋ?"

ਮੈਂ – "ਤੇ ਜਨਾਬ, ਸੰਵਿਧਾਨ ਵਿਚ ਇਹ ਵੀ ਕਿਥੇ ਲਿਖਿਆ ਹੈ ਕਿ ਸਿੱਖਾਂ ਨੂੰ

ਹਵਾਲਾਤ ਵਿਚ ਬੰਦ ਕਰਨ ਲੱਗਿਆਂ, ਪਹਿਲਾਂ ਉਨ੍ਹਾਂ ਦਾ ਧਾਰਮਿਕ ਚਿੰਨ੍ਹ ਲਾਹ ਲਓ? ਜਿਸ ਆਦਮੀ ਨੂੰ ਪੁਲਿਸ ਫੜ ਕੇ ਬੰਦ ਕਰਨਾ ਚਾਹਵੇ, ਕੀ ਉਹ ਧਾਰਮਿਕ ਨਹੀਂ ਹੁੰਦਾ? ਪੁਲਿਸ ਹਿਰਾਸਤ ਵਿਚ ਉਹ ਅਧਰਮੀ ਹੋ ਜਾਂਦਾ ਹੈ? ਤੇ ਸੰਵਿਧਾਨ ਦੀ ਧਾਰਾ 25 ਉਨੇ ਚਿਰ ਲਈ ਕੈਂਸਲ ਹੋ ਜਾਂਦੀ ਹੈ, ਜਿੰਨਾ ਚਿਰ ਬੰਦਾ ਪੁਲਿਸ ਹਿਰਾਸਤ ਵਿਚ ਰਹੇ?"

ਕਮਾਲ ਦੀ ਗੱਲ ਤਾਂ ਇਹ ਸੀ ਕਿ ਮੈਨੂੰ ਗੱਲ 'ਤੇ ਗੱਲ ਫੁਰ ਰਹੀ ਸੀ ਤੇ ਕਾਨੂੰਨੀ ਦਾਅਪੇਚ ਇਸ ਤਰ੍ਹਾਂ ਯਾਦ ਆ ਰਹੇ ਸਨ, ਜਿਵੇਂ ਕੋਈ ਵੱਡਾ ਵਕੀਲ ਅਦਾਲਤ ਵਿਚ ਦਲੀਲਾਂ ਦੇ ਰਿਹਾ ਹੋਵੇ।

ਡੀ.ਐਸ.ਪੀ. - "ਗੱਲ ਤਾਂ ਬੜੀ ਮਾਮੂਲੀ ਜਿਹੀ ਹੈ।"

ਮੈਂ - "ਮਾਮੂਲੀ? ਚਾਰ ਸਾਲ ਹੋ ਗਏ ਹਨ, ਏਸੇ ਮਸਲੇ 'ਤੇ ਸਿੱਖਾਂ ਨੂੰ ਧਰਮਯੁੱਧ ਮੋਰਚਾ ਸ਼ੁਰੂ ਕੀਤੇ ਨੂੰ। ਕੇਂਦਰ ਸਰਕਾਰ ਨਾਲ ਹੋਰ ਲੜਾਈ ਹੀ ਕਾਹਦੀ ਹੈ? ਹਜ਼ਾਰਾਂ ਬੰਦੇ ਸ਼ਹੀਦੀਆਂ ਪਾ ਗਏ, ਲੱਖਾਂ ਜੇਲ੍ਹਾਂ ਵਿਚ ਗਏ ਤੇ ਹੁਣ ਵੀ ਜਾ ਰਹੇ ਹਨ ਤੇ ਤੁਸੀਂ ਇਸ ਨੂੰ ਮਾਮੂਲੀ ਕਹਿੰਦੇ ਹੋ? ਬਾਊ ਜੀ, ਇਹ ਤਾਂ ਸਾਡੀ ਜ਼ਿੰਦਗੀ ਮੌਤ ਦਾ ਸਵਾਲ ਹੈ।"

ਡੀ.ਐਸ.ਪੀ. - "ਉਹ ਕਿਵੇਂ?"

ਮੈਂ - "ਸਾਡਾ ਜੋ ਡਰ ਦਿਨੋ ਦਿਨ ਠੀਕ ਸਾਬਤ ਹੁੰਦਾ ਜਾਂਦਾ ਹੈ, ਉਹ ਇਹ ਹੈ ਕਿ ਸਾਡੀ ਵੱਖਰੀ ਪਛਾਣ, ਜੋ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ੀ ਸੀ, ਹੁਣ ਦੀ ਸਰਕਾਰ ਖਤਮ ਕਰ ਰਹੀ ਹੈ। ਅੱਜ ਕ੍ਰਿਪਾਨ ਲਾਹੁਣ 'ਤੇ ਮਜ਼ਬੂਰ ਕਰਦੀ ਹੈ। ਕੱਲ੍ਹ ਨੂੰ ਜਨੇਊ ਪਾਉਣ 'ਤੇ ਮਜ਼ਬੂਰ ਕਰ ਸਕਦੀ ਹੈ। ਕ੍ਰਿਪਾਨਾਂ ਲਹਿ ਜਾਣਗੀਆਂ, ਜਨੇਊ ਗਲ ਪੈ ਜਾਣਗੇ ਤੇ ਸੰਵਿਧਾਨ ਦੀ ਧਾਰਾ 25 ਬੀ-2 ਸੱਚ ਸਾਬਤ ਹੋ ਜਾਵੇਗੀ। ਏਸੇ ਤੋਂ ਡਰ ਕੇ ਤਾਂ ਸਿੱਖਾਂ ਨੇ ਮੋਰਚਾ ਲਾਇਆ ਹੈ।"

ਇੰਸਪੈਕਟਰ - "ਸੰਵਿਧਾਨ ਦੀ ਧਾਰਾ 25 ਬੀ-2 ਕੀ ਹੈ?"

ਡੀ.ਐਸ.ਪੀ. - "ਸਰਦਾਰ ਹੋਰਾਂ ਨੂੰ ਹੀ ਪਤਾ ਹੈ।"

ਮੈਂ - "ਨਹੀਂ ਜਨਾਬ, ਪਤਾ ਤਾਂ ਤੁਹਾਨੂੰ ਵੀ ਹੈ, ਪਰ ਚਲੋ ਮੈਂ ਹੀ ਦੱਸ ਦੇਂਦਾ ਹਾਂ। ਉਹ ਇਹ ਹੈ ਕਿ "ਸਿੱਖ ਕੇਸਾਧਾਰੀ ਹਿੰਦੂ ਹਨ, ਜਿਵੇਂ ਜੈਨੀ ਤੇ ਬੋਧੀ ਹਨ। ਜੈਨੀਆਂ ਤੇ ਬੋਧੀਆਂ ਦਾ ਤਾਂ ਭੋਗ ਪੈ ਗਿਆ ਹੈ, ਹੌਲੀ-ਹੌਲੀ ਸਰਕਾਰ ਦੀ ਨੀਤੀ ਸਾਡਾ ਵੀ ਕੀਰਤਨ ਸੋਹਿਲਾ ਪੜ੍ਹ ਦਊ"।

ਮੈਂ ਚਾਰ ਚੁਫੇਰੇ ਵੇਖਿਆ ਤਾਂ ਸਾਰੇ ਮੰਤਰ ਮੁਗਧ ਹੋਏ ਖੜੇ ਦਿੱਸੇ। ਪੁਲਿਸ ਦੇ ਜਵਾਨਾਂ ਵਿਚੋਂ ਬਹੁਤੇ ਸਿੱਖ ਸਨ ਤੇ ਐਸ.ਐਚ.ਓ. ਵੀ ਸਿੱਖ ਸੀ। ਉਹ ਸਾਰੇ ਇਸ ਤਰ੍ਹਾਂ ਮਸਤ ਜਿਹੇ ਹੋ ਕੇ ਖੜੇ ਸਨ, ਜਿਵੇਂ ਕਿਸੇ ਨੇ ਉਨ੍ਹਾਂ ਨੂੰ ਜਾਦੂ ਨਾਲ ਕੀਲ ਕੇ ਬੁੱਤ ਬਣਾ ਦਿੱਤਾ ਹੋਵੇ। ਸਿਵਾਏ ਡੀ.ਐਸ.ਪੀ. ਦੇ ਬਾਕੀ ਸਾਰੇ ਖੜੇ ਸਨ। ਪਰ ਇਹ ਸਭ ਗੱਲਾਂ ਹੋ ਜਾਣ ਤੋਂ ਬਾਅਦ ਐਸ.ਐਚ.ਓ. ਵੀ ਅਰਾਮ ਨਾਲ ਜਾ ਕੇ ਆਪਣੀ ਸਾਹਮਣੇ ਵਾਲੀ ਕੁਰਸੀ 'ਤੇ ਬੈਠ ਗਿਆ। ਛੋਟਾ ਥਾਣੇਦਾਰ ਸੋਫੇ 'ਤੇ ਤੇ ਸੀ.ਬੀ.ਆਈ. ਇੰਸਪੈਕਟਰ ਵੀ ਕੁਰਸੀ 'ਤੇ ਬੈਠ ਗਿਆ। ਸਾਰੇ ਹੀ ਬੁੱਤ ਬਣੇ ਬੈਠੇ ਸਨ, ਜਾਂ ਖਲੋਤੇ ਸਨ। ਕਮਰੇ ਵਿਚ ਪਿੰਨ ਸੁੱਟਣ ਦੀ ਅਵਾਜ ਵੀ ਸੁਣਾਈ ਦੇ ਸਕਦੀ ਸੀ। ਸਭ ਤੋਂ ਪਹਿਲਾਂ ਡੀ.ਐਸ.ਪੀ., ਸੀ.ਬੀ.ਆਈ. ਹਰਕਤ ਵਿਚ ਆਇਆ ਤੇ ਉਸਨੇ ਟੈਲੀਫੋਨ ਵੱਲ ਹੱਥ ਵਧਾਇਆ, ਜੋ

ਐਸ.ਐਚ.ਓ. ਨੇ ਫੋਨ ਉਸ ਵੱਲ ਸਰਕਾ ਦਿੱਤਾ। ਫੇਰ ਡੀ.ਐਸ.ਪੀ. ਨੇ ਕੋਈ ਨੰਬਰ ਘੁਮਾਇਆ ਤੇ ਗੱਲਬਾਤ ਸ਼ੁਰੂ ਕੀਤੀ। ਮੈਨੂੰ ਤਾਂ ਸਿਰਫ ਅੱਧੀ ਗੱਲਬਾਤ ਡੀ.ਐਸ.ਪੀ. ਵਾਲੀ ਹੀ ਸੁਣਦੀ ਸੀ, ਉਹ ਕੁਝ ਇਸ ਤਰ੍ਹਾਂ ਸੀ।

ਡੀ.ਐਸ.ਪੀ. ਨੇ ਪਹਿਲਾਂ ਦੱਸਿਆ ਕਿ ਐਫ.ਆਈ.ਆਰ. ਵਿਚ ਦਰਜ ਇਕ ਕੁਲਬੀਰ ਸਿੰਘ ਨਾਂ ਦੇ ਬੰਦੇ ਨੂੰ ਚੰਡੀਗੜ੍ਹ ਤੋਂ ਗ੍ਰਿਫਤਾਰ ਕੀਤਾ ਹੈ। ਪਰ ਉਹ ਕ੍ਰਿਪਾਨ ਨਹੀਂ ਲਾਹੁੰਦਾ ਤੇ ਸੰਵਿਧਾਨ ਦੀ ਧਾਰਾ 25 ਦਾ ਹਵਾਲਾ ਦੇਂਦਾ ਹੈ, ਹੁਣ ਜੀ ਫਿਰ ਕੀ ਕੀਤਾ ਜਾਵੇ?

ਡੀ.ਐਸ.ਪੀ. - "ਜਨਾਬ, ਬਹੁਤ ਸਮਝਾਇਆ ਹੈ।"

ਡੀ.ਐਸ.ਪੀ. - "ਹਾਂ ਜੀ, ਪੜ੍ਹਿਆ ਲਿਖਿਆ ਹੈ।"

ਡੀ.ਐਸ.ਪੀ. - "ਨਹੀਂ ਜਨਾਬ, ਇਹ ਕਰਨਾ ਠੀਕ ਨਹੀਂ।"

ਡੀ.ਐਸ.ਪੀ. - "ਲੋਕਲ ਪੁਲਿਸ ਇਸ ਵਿਚ ਦਖਲ ਨਹੀਂ ਦੇਂਦੀ, ਨਾਲੇ ਜਨਾਬ ਹਵਾਲਾਤ ਦੀ ਚਾਬੀ ਤਾਂ ਸਾਡੇ ਕੋਲ ਹੋਵੇਗੀ ਨਾ?"

ਡੀ.ਐਸ.ਪੀ. - "ਨਹੀਂ ਜੀ।"

ਡੀ.ਐਸ.ਪੀ. - "ਠੀਕ ਹੈ ਜਨਾਬ, ਮੈਂ ਉਨ੍ਹਾਂ ਨੂੰ ਪੁੱਛ ਲੈਂਦਾ ਹਾਂ, ਠੀਕ ਹੈ ਜੀ, ਜਿਵੇਂ ਉਹ ਕਹਿਣਗੇ। ਬੇਹਤਰ ਜਨਾਬ।"

ਤੇ ਇਸ ਤਰ੍ਹਾਂ ਕਰਕੇ ਉਸਨੇ ਟੈਲੀਫੋਨ ਰੱਖ ਦਿੱਤਾ ਤੇ ਉਸੇ ਵੇਲੇ ਫੇਰ ਚੁੱਕ ਕੇ ਘੁਮਾਇਆ। ਤੇ ਬਾਰ-ਬਾਰ ਕਈ ਵਾਰ ਘੁਮਾਇਆ ਪਰ ਸ਼ਾਇਦ ਅਗਲਾ ਨੰਬਰ ਵਿਹਲਾ ਨਹੀਂ ਸੀ। ਮੈਨੂੰ ਇਹ ਪਤਾ ਲੱਗ ਗਿਆ ਸੀ ਕਿ ਜਿਸ ਨੂੰ ਡੀ.ਐਸ.ਪੀ. ਨੇ ਪਹਿਲਾਂ ਟੈਲੀਫੋਨ ਕੀਤਾ ਹੈ, ਉਹ ਘੱਟ ਤੋਂ ਘੱਟ ਐਸ.ਪੀ. ਤਾਂ ਹੋਵੇਗਾ ਹੀ। ਪਰ ਹੁਣ ਇਹ ਕਿਸ ਨੂੰ ਟੈਲੀਫੋਨ ਕਰ ਰਿਹਾ ਹੈ? ਇਹ ਗੱਲ ਪੱਕੀ ਸੀ ਕਿ ਮੇਰੇ ਮਨ ਵਿਚ ਡਰ ਬਹੁਤ ਘੱਟ ਸੀ ਤੇ ਮੈਂ ਹਰ ਗੱਲ ਬੜੀ ਦਲੇਰੀ ਨਾਲ ਕਰ ਰਿਹਾ ਸਾਂ। ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਚੰਡੀਗੜ੍ਹ ਪੁਲਿਸ ਮੇਰੀਆਂ ਗੱਲਾਂ ਨਾਲ ਸਹਿਮਤ ਹੋ ਚੁੱਕੀ ਸੀ। ਇਸ ਦਾ ਪਤਾ ਮੈਨੂੰ ਓਦੋਂ ਲੱਗਾ ਜਦੋਂ ਹਿੰਦੂ ਥਾਣੇਦਾਰ ਨੇ ਐਸ.ਐਚ.ਓ. ਨੂੰ ਆਖਿਆ "ਜਨਾਬ ਸਾਰੇ ਕ੍ਰਿਪਾਨ ਲਾਹੁਣ ਤੋਂ ਪਹਿਲਾਂ ਇਸ ਤਰ੍ਹਾਂ ਹੀ ਕਰਦੇ ਹਨ, ਤੁਸੀਂ ਕਿਸ ਚੱਕਰ ਵਿਚ ਪੈ ਗਏ ਹੋ? ਇਸ ਸਰਦਾਰ ਨੂੰ ਕ੍ਰਿਪਾਨ ਤਾਂ ਲਾਹੁਣੀ ਹੀ ਪੈਣੀ ਹੈ, ਇਹ ਥਾਣਾ ਹੈ, ਗੁਰਦੁਆਰਾ ਨਹੀਂ, ਸਾਰੇ ਪਹਿਲਾਂ ਏਸੇ ਤਰ੍ਹਾਂ ਹੀ ਨਖਰੇ ਕਰਦੇ ਹਨ, ਕਿਹੜੀ ਹੈ ਧਾਰਾ ਧੂਰਾ ਜਿਸ ਦੀ ਇਹ ਗੱਲ ਕਰਦਾ ਹੈ, ਤਿੰਨ ਘੰਟੇ ਹੋ ਗਏ ਏਥੇ ਬੈਠਿਆਂ ਨੂੰ, ਵਿਚੋਂ ਕੰਮ ਨਬੇੜ।" ਮੈਨੂੰ ਇਹ ਗੱਲ ਸੁਣ ਕੇ ਬਹੁਤ ਗੁੱਸਾ ਆਇਆ ਅਜੇ ਮੈਂ ਕੁਝ ਬੋਲਣ ਹੀ ਲੱਗਾ ਸਾਂ ਕਿ ਲਾਗੇ ਖਲੋਤਾ ਇਕ ਸਿੱਖ ਛੋਟਾ ਥਾਣੇਦਾਰ, ਜੋ ਬਿਲਕੁਲ ਨਵਾਂ ਹੀ ਭਰਤੀ ਹੋਇਆ ਲੱਗਦਾ ਸੀ, ਬੋਲ ਪਿਆ, "ਦੀਵਾਨ ਸਾਹਿਬ ਨੂੰ ਸਿਰਫ ਘਰ ਜਾਣ ਦੀ ਕਾਹਲੀ ਹੈ, ਜਾਮਾਂ-ਤਲਾਸ਼ੀ ਤੇ ਹਵਾਲਾਤ ਮੇਰੇ ਜ਼ਿੰਮੇ ਪਾਈ ਹੈ, ਜਿੰਨਾ ਚਿਰ ਇਹ ਫੈਸਲਾ ਨਹੀਂ ਹੁੰਦਾ ਜਨਾਬ, ਮੈਂ ਹਵਾਲਾਤ ਨਹੀਂ ਜੇ ਖੋਲ੍ਹਣੀ। ਕ੍ਰਿਪਾਨ ਲੁਹਾਉਣ ਦਾ ਕੋਈ ਕਾਨੂੰਨ ਨਹੀਂ, ਮੈਨੂੰ ਤੁਹਾਡਾ ਲਿਖਤੀ ਹੁਕਮ ਚਾਹੀਦਾ ਹੈ, ਜਨਾਬ ਦਾ, ਤਾਂ ਮੈਂ ਕ੍ਰਿਪਾਨ ਨੂੰ ਹੱਥ ਪਾਉਣਾ ਜੇ"। ਜਵਾਨ ਸਿੱਖ ਅਫ਼ਸਰ ਦੀਆਂ ਅੱਖਾਂ ਵਿਚ ਗੁੱਸਾ ਸੀ ਪਰ ਮੈਨੂੰ ਉਹ ਸ਼ਰਾਬ ਪੀਤੀ ਹੋਈ ਵਿਚ ਵੀ ਲੱਗਦਾ ਸੀ। ਹੋ ਸਕਦਾ ਹੈ ਨਾ ਵੀ ਪੀਤੀ ਹੋਵੇ। ਐਸ.ਐਚ.ਓ. ਨੇ

ਹੱਥ ਨਾਲ ਉਸ ਨੂੰ ਇਸ਼ਾਰਾ ਕੀਤਾ ਤੇ ਕਿਹਾ, "ਸਾਹਿਬ, ਵੱਡੇ ਅਫ਼ਸਰਾਂ ਨਾਲ ਗੱਲ ਕਰ ਰਹੇ ਹਨ, ਕਾਹਲੇ ਨਾ ਪਵੋ"। ਟੈਲੀਫੋਨ ਮਿਲ ਨਹੀਂ ਸੀ ਰਿਹਾ, ਇਸ ਕਰਕੇ ਡੀ.ਐਸ.ਪੀ. ਨੇ ਐਸ.ਐਚ.ਓ. ਨੂੰ ਆਖਿਆ "ਤੁਸੀਂ ਆਮ ਤੌਰ 'ਤੇ ਇਹੋ ਜਿਹੇ ਕੇਸਾਂ ਵਿਚ ਕੀ ਕਰਦੇ ਹੋ?"

ਐਸ.ਐਚ.ਓ. – "ਜਨਾਬ, ਸਾਡੇ ਕੇਸ ਹੋਰ ਤਰ੍ਹਾਂ ਦੇ ਹੁੰਦੇ ਹਨ, ਆਮ ਤੌਰ 'ਤੇ ਫੌਜਦਾਰੀ ਕੇਸ ਹੁੰਦੇ ਹਨ ਤੇ ਇਸ ਕੇਸ ਦਾ ਤਾਂ ਸਾਨੂੰ ਪਤਾ ਹੀ ਨਹੀਂ ਕਿ ਜਨਾਬ ਨੇ ਇਨ੍ਹਾਂ ਨੂੰ ਸਿਆਸੀ ਮੰਤਵ ਵਿਚ ਗ੍ਰਿਫਤਾਰ ਕੀਤਾ ਹੈ ਕਿ ਕੋਈ ਫੌਜਦਾਰੀ ਗੱਲ ਹੈ?"

ਡੀ.ਐਸ.ਪੀ., ਜੋ ਕੇਸ ਦੀ ਨੌਵੀਅਤ ਨਹੀਂ ਸੀ ਦੱਸਣਾ ਚਾਹੁੰਦਾ ਕਿ ਇਹ ਕੀ ਕੇਸ ਹੈ ਤੇ ਕਾਹਦੇ ਵਿਚ ਫੜਿਆ ਹੈ, ਆਖਣ ਲੱਗਾ "ਐਸ.ਐਚ.ਓ. ਸਾਹਿਬ, ਤੁਸੀਂ ਸਰਦਾਰ ਸਾਹਿਬ, ਨਾਲ ਗੱਲ ਕਰਕੇ ਕੋਈ ਵਿਚਕਾਰਲਾ ਰਾਹ ਲੱਭੋ। ਟੈਲੀਫੋਨ 'ਤੇ ਡਾਇਰੈਕਟਰ ਸਾਹਿਬ ਨਾਲ ਗੱਲ ਨਹੀਂ ਹੋ ਰਹੀ।"

ਐਸ.ਐਚ.ਓ. (ਮੇਰੇ ਵੱਲ ਮੂੰਹ ਕਰਕੇ) "ਕਿਉਂ ਸਰਦਾਰ ਜੀ, ਤੁਸੀਂ ਹੀ ਕੋਈ ਐਸਾ ਤਰੀਕਾ ਦੱਸੋ, ਜਿਹਦੇ ਨਾਲ ਤੁਹਾਡੀ ਵੀ ਰਹਿ ਜਾਏ ਤੇ ਕਾਨੂੰਨ ਵੀ ਆਪਣਾ ਕੰਮ ਕਰੇ।"

ਮੈਂ – (ਥੋੜਾ ਜਿਹਾ ਗਲਾ ਸਾਫ ਕਰਕੇ) "ਵਿਚਕਾਰਲਾ ਤਰੀਕਾ ਤਾਂ ਜੀ ਏਹੋ ਹੀ ਹੈ ਪਈ"... (ਤੇ ਫਿਰ ਮੈਂ ਕੁਝ ਚਿਰ ਲਈ ਰੁਕ ਗਿਆ ਤੇ ਅਗੋਂ ਨਾ ਬੋਲਿਆ)

ਐਸ.ਐਚ.ਓ. ਤੇ ਡੀ.ਐਸ.ਪੀ. ਇਕੱਠੇ ਹੀ ਬੋਲ ਪਏ, "ਹਾਂ ਹਾਂ ਦੱਸੋ, ਤੁਸੀਂ ਖੁੱਲ੍ਹ ਕੇ ਗੱਲ ਕਰੋ"। ਸ਼ਾਇਦ ਉਨ੍ਹਾਂ ਦਾ ਖਿਆਲ ਸੀ ਕਿ ਮਸਲਾ ਹੱਲ ਹੋਣ ਹੀ ਲੱਗਾ ਹੈ।

ਮੈਂ ਆਲੇ ਦੁਆਲੇ ਖੜੀ ਪੁਲਿਸ ਵੱਲ ਵੇਖ ਕੇ "ਵੇਖੋ ਜੀ, ਤੁਸੀਂ ਕਈ ਜਾਣੇ ਹੋ ਤੇ ਮੈਂ ਇਕੱਲਾ ਹਾਂ, ਧੱਕੇ ਨਾਲ ਖੋਹ ਲਓ ਤੇ ਮੈਨੂੰ ਹਵਾਲਾਤ ਵਿਚ ਸੁੱਟ ਦਿਓ। ਮੈਂ ਗੁਰੂ ਅੱਗੇ ਸੱਚਾ ਤਾਂ ਰਹਾਂਗਾ ਨਾ, ਕਿ ਮੈਂ ਆਪ ਨਹੀਂ ਲਾਹੀ।"

ਐਸ.ਐਚ.ਓ. ਤੇ ਹੋਰ ਸਾਰਿਆਂ ਨੇ ਇਸ ਤਰ੍ਹਾਂ ਸਿਰ ਹਿਲਾਏ, ਜਿਸ ਤਰ੍ਹਾਂ ਉਨ੍ਹਾਂ ਨੂੰ ਮੇਰੀ ਤਜਵੀਜ਼ ਬਿਲਕੁੱਲ ਪਸੰਦ ਨਹੀਂ ਸੀ ਤੇ ਘੱਟ ਘੱਟ ਐਸ.ਐਚ.ਓ. ਤਾਂ ਇਸ ਤਰ੍ਹਾਂ ਕਰਨ ਨੂੰ ਬਿਲਕੁੱਲ ਤਿਆਰ ਨਹੀਂ ਸੀ ਲਗਦਾ। ਪਰ ਹਿੰਦੂ ਥਾਣੇਦਾਰ ਇਸ 'ਤੇ ਝੱਟ ਅਮਲ ਕਰ ਦੇਂਦਾ ਜੇ ਕੋਈ ਉਸ ਨੂੰ ਇਸ਼ਾਰੇ ਮਾਤਰ ਵੀ ਅਜਿਹਾ ਕਰਨ ਦੀ ਕਹਿ ਦੇਂਦਾ। ਡੀ.ਐਸ.ਪੀ. ਫਿਰ ਟੈਲੀਫੋਨ ਘੁਮਾਉਣ ਲੱਗ ਪਿਆ ਤੇ ਦੋ ਕੁ ਵਾਰੀ ਘੁਮਾਉਣ ਤੋਂ ਬਾਅਦ ਉਸ ਨੂੰ ਟੈਲੀਫੋਨ ਮਿਲ ਗਿਆ। ਉਸ ਅਫ਼ਸਰ ਦੇ ਲਾਈਨ 'ਤੇ ਆਉਣ ਨਾਲ ਉਸ ਨੇ ਗੱਲਬਾਤ ਇਸ ਤਰ੍ਹਾਂ ਸ਼ੁਰੂ ਕੀਤੀ ;

ਡੀ.ਐਸ.ਪੀ. – (ਨਮਸਤੇ ਵਗੈਰਾ ਕਰਨ ਤੋਂ ਬਾਅਦ) "ਜਨਾਬ, ਉਹ ਲੈਂਡ ਲਾਰਡ ਜਲੰਧਰ ਵਾਲਾ ਗ੍ਰਿਫਤਾਰ ਕਰ ਲਿਆ ਹੈ, ਜਨਾਬ ਏਥੇ ਚੰਡੀਗੜ੍ਹ ਤੋਂ।"

ਡੀ.ਐਸ.ਪੀ. – "ਸਾਡੀ ਹਿਰਾਸਤ ਵਿਚ ਹੈ, ਜਨਾਬ।"

ਡੀ.ਐਸ.ਪੀ. – "ਜਨਾਬ, ਮੁਸ਼ਕਲ ਇਹ ਹੈ ਕਿ ਉਹ ਦੱਸ ਰਹੇ ਹਨ ਕਿ ਸੰਵਿਧਾਨ ਦੀ ਧਾਰਾ ਸਬ-ਸੀ 25 ਇਨ੍ਹਾਂ ਨੂੰ ਕ੍ਰਿਪਾਨ ਪਾਉਣ ਤੇ ਆਪਣੇ ਕੋਲ ਰੱਖਣ ਦਾ ਹੱਕ ਦੇਂਦੀ ਹੈ। ਪਰ ਜਨਾਬ, ਪੁਲਿਸ ਚੌਕੀ ਵਾਲੇ ਕ੍ਰਿਪਾਨ ਲਾਹ ਕੇ ਬੰਦ ਕਰਨਾ ਚਾਹੁੰਦੇ ਹਨ।"

ਡੀ.ਐਸ.ਪੀ. – "ਬਹੁਤ ਗੱਲਬਾਤ ਹੋਈ ਹੈ ਜਨਾਬ, ਲੱਗਪਗ ਇਕ ਘੰਟਾ ਹੋ ਗਿਆ ਹੈ।"

ਡੀ.ਐਸ.ਪੀ. – "ਟਾਡਾ ਅਧੀਨ ਜਨਾਬ।"

ਡੀ.ਐਸ.ਪੀ. – "ਪੜ੍ਹਿਆ ਲਿਖਿਆ ਹੈ ਜਨਾਬ।"

ਡੀ.ਐਸ.ਪੀ. – "ਨਹੀਂ ਜੀ, ਸਹਿਮਤ ਨਹੀਂ ਹੋਇਆ।"

ਡੀ.ਐਸ.ਪੀ. – "Moral (ਹੌਂਸਲਾ) ਬਹੁਤ ਉੱਚਾ ਹੈ ਜੀ।"

ਡੀ.ਐਸ.ਪੀ. – "ਧੰਨਵਾਦ ਜਨਾਬ, ਓ.ਕੇ. ਹਾਂ ਜਨਾਬ।" ਉਸ ਨੇ ਟੈਲੀਫੋਨ ਰੱਖ ਦਿੱਤਾ। ਨਾਲ ਹੀ ਉਸ ਨੇ ਐਸ.ਐਚ.ਓ. ਨੂੰ ਆਖਿਆ "ਸਰਦਾਰ ਸਾਹਬ ਨੂੰ ਕ੍ਰਿਪਾਨ ਸਮੇਤ ਹੀ ਹਵਾਲਾਤ ਵਿਚ ਰੱਖੋ, ਬਾਕੀ ਮੈਂ ਤੁਹਾਨੂੰ ਹੁਣੇ ਦੱਸ ਦੇਂਦਾ ਹਾਂ।" ਤੇ ਇਸ ਤਰ੍ਹਾਂ ਉਨ੍ਹਾਂ ਨੇ ਮੈਨੂੰ ਦੋਹਰੀ ਹੱਥਕੜੀ ਲਾ ਲਈ ਤੇ ਹਵਾਲਾਤ ਵੱਲ ਲੈ ਤੁਰੇ, ਜੋ ਬੜੀ ਮੁਸ਼ਕਲ ਨਾਲ ਪੰਜਵਾਂ ਛੇਵਾਂ ਕਮਰਾ ਹੀ ਸੀ। ਥਾਣੇ ਦੇ ਬਾਹਰ ਸੀ.ਆਰ.ਪੀ. ਦੇ ਪਹਿਰੇ ਲੱਗ ਚੁੱਕੇ ਸਨ। ਇਕ ਮਿੱਟੀ ਦੀਆਂ ਬੋਰੀਆਂ ਦਾ ਮੋਰਚਾ ਵੀ ਬਣ ਚੁੱਕਾ ਸੀ ਤੇ ਕੋਈ ਪੰਦਰਾਂ ਕੁ ਸਿਪਾਹੀ ਸ਼ਸਤਰਾਂ ਸਮੇਤ ਨਾਲ ਨਾਲ ਤੁਰ ਰਹੇ ਸਨ। ਇਸ ਤਰ੍ਹਾਂ ਮੈਨੂੰ ਹਵਾਲਾਤ ਦਾ ਦਰਵਾਜ਼ਾ ਖੋਲ੍ਹ ਕੇ, ਅੰਦਰ ਖੜ੍ਹਾ ਕਰਕੇ, ਫਿਰ ਹੱਥਕੜੀਆਂ ਖੋਲ੍ਹੀਆਂ ਗਈਆਂ ਤੇ ਦਰਵਾਜਾ ਬੰਦ ਕਰ ਦਿੱਤਾ। ਦਰਵਾਜ਼ਾ ਬੰਦ ਕਰਨ ਤੋਂ ਬਾਅਦ ਜਦੋਂ ਪਿਛਲੀ ਦਿਵਾਰ ਵਾਲੇ ਬੰਨਿਓ ਸਾਂਕਲ ਅੱਗੇ ਨੂੰ ਧਕਿਆ ਤਾਂ ਉਹ ਲੋਹੇ ਦੇ ਔਂਗਲ ਵਿਚੋਂ ਲੰਘ ਕੇ ਅੱਗੇ ਨੂੰ ਵੱਧ ਗਿਆ। ਮੈਨੂੰ ਇਸ ਤਰ੍ਹਾਂ ਲੱਗਾ, ਜਿਵੇਂ ਕਿਸੇ ਨੇ ਉਹ ਸਾਂਕਲ ਮੇਰੇ ਸਿਰ ਵਿਚੋਂ ਦੂਜੇ ਪਾਸੇ ਕੱਢ ਦਿੱਤਾ ਹੋਵੇ। ਅਰਥਾਤ ਉਹ ਸਾਂਕਲ ਸਿਰ ਦੇ ਇਕ ਬੰਨਿਓ ਵੜ ਕੇ ਦੂਜੇ ਬੰਨੇ ਨਿਕਲ ਗਿਆ ਹੋਵੇ। ਇਕ ਵਾਰੀ ਤਾਂ ਮੇਰਾ ਸਾਰਾ ਸਰੀਰ ਸਿਰ ਤੋਂ ਲੈ ਕੇ ਪੈਰਾਂ ਤੱਕ ਹਿੱਲ ਗਿਆ। ਓਨੇ ਚਿਰ ਨੂੰ ਉਨ੍ਹਾਂ ਨੇ ਦੋ ਜਿੰਦਰੇ ਬਾਹਰਲੇ ਪਾਸੇ ਮਾਰੇ ਤੇ ਉਨ੍ਹਾਂ ਨੂੰ ਖਿੱਚ ਕੇ, ਵੇਖ ਕੇ, ਫਿਰ ਦਰਵਾਜੇ ਨੂੰ ਜ਼ੋਰ ਦੀ ਹਿਲਾ ਕੇ ਵੇਖਿਆ ਤੇ ਪਿੱਛੇ ਮੁੜ ਗਏ ਤੇ ਮੈਂ ਇਕੱਲਾ ਅੰਦਰ ਖਲੋਤਾ ਰਹਿ ਗਿਆ। ਹੈਰਾਨੀ ਤੇ ਘਬਰਾਹਟ ਦਾ ਮਿਲਿਆ ਜੁਲਿਆ ਅਸਰ ਮੇਰੇ 'ਤੇ ਹੋ ਚੁੱਕਾ ਸੀ। ਪਰ ਮੈਂ ਜਲਦੀ ਹੀ ਸੰਭਲ ਗਿਆ, ਜਦੋਂ ਬਾਹਰ ਖੜੇ ਦੋ ਸੰਤਰੀਆਂ ਵਿਚੋਂ ਇਕ ਨੇ ਕਿਹਾ, "ਸਰਦਾਰ ਜੀ, ਚਟਾਈ ਵਿਛਾ ਲਓ ਤੇ ਅਰਾਮ ਕਰੋ"। ਮੈਂ ਕੁਝ ਨਾ ਬੋਲਿਆ, ਪਰ ਮੈਂ ਚਟਾਈ ਵਿਛਾਈ ਤੇ ਉਸ ਉੱਤੇ ਬੈਠ ਕੇ ਕੰਧ ਨਾਲ ਢੋਅ ਲਾ ਲਈ। ਫਿਰ ਮੈਂ ਕੁਝ ਘਬਰਾਹਟ ਜਿਹੀ ਮਹਿਸੂਸ ਕੀਤੀ ਤੇ ਇਕ ਦਮ ਮੈਨੂੰ ਇਕ ਗੱਲ ਯਾਦ ਆਈ। ਮੈਂ ਜਲਦੀ ਨਾਲ ਪੈਂਟ ਦੀ ਜੇਬ ਵਿਚ ਹੱਥ ਮਾਰਿਆ ਤਾਂ ਕੁਝ ਖੁਸ਼ੀ ਜਿਹੀ ਹੋਈ। ਨੀਂਦ ਦੀਆਂ ਦੋ ਗੋਲੀਆਂ ਜੋ ਤਲਾਸ਼ੀ ਤੋਂ ਬਚੀਆਂ ਰਹਿ ਗਈਆਂ ਸਨ, ਮੇਰੇ ਹੱਥ ਵਿਚ ਸਨ। ਫਿਰ ਮੈਂ ਸੰਤਰੀ ਕੋਲੋਂ ਇਕ ਗਲਾਸ ਪਾਣੀ ਮੰਗਿਆ, ਜੋ ਉਸ ਨੇ ਕੂਲਰ ਤੋਂ ਠੰਡਾ ਠਾਰ ਲਿਆ ਕੇ ਦੇ ਦਿੱਤਾ। ਮੈਂ ਦੋ ਗੋਲੀਆਂ ਇਕੋ ਵਾਰੀ ਮੂੰਹ ਵਿਚ ਸੁੱਟ ਕੇ ਪੂਰਾ ਗਲਾਸ ਪਾਣੀ ਦਾ ਪੀਤਾ। ਠੰਡੇ ਪਾਣੀ ਨਾਲ ਮੈਨੂੰ ਬਹੁਤ ਰਾਹਤ ਮਹਿਸੂਸ ਹੋਈ। ਹਵਾਲਾਤ ਵਿਚ ਦੇਣ ਲਗਿਆਂ, ਆਮ ਤੌਰ 'ਤੇ ਪੱਗ ਲੁਹਾ ਲਈ ਜਾਂਦੀ ਹੈ ਤੇ ਨੰਗੇ ਸਿਰ ਹੀ ਅੰਦਰ ਬੰਦ ਕੀਤਾ ਜਾਂਦਾ ਹੈ ਪਰ ਅੱਜ ਮੈਨੂੰ ਪੱਗ ਲਾਹੁਣ ਵਾਸਤੇ ਵੀ ਕਿਸੇ ਨਹੀਂ ਸੀ ਆਖਿਆ। ਕਿਉਂਕਿ ਕ੍ਰਿਪਾਨ ਦਾ ਝਗੜਾ ਹੀ ਏਨਾ ਹੋ ਗਿਆ ਸੀ ਕਿ ਪੱਗ ਦੀ ਗੱਲ ਕਿਸੇ ਨੇ ਕੀਤੀ ਹੀ ਨਹੀਂ। ਮੈਂ ਅਰਾਮ ਨਾਲ ਚਟਾਈ 'ਤੇ ਕੁਝ ਚਿਰ ਬੈਠਾ ਰਿਹਾ। ਫਿਰ ਮੇਰਾ ਲੰਮਿਆ ਪੈਣ ਨੂੰ

ਜੀਅ ਕੀਤਾ ਤਾਂ ਮੈਂ ਉਸੇ ਹੀ ਚਟਾਈ 'ਤੇ ਲੰਮਾ ਪੈ ਗਿਆ। ਅਜੇ ਲੰਮੇ ਪਿਆਂ ਨੂੰ ਪੰਦਰਾਂ-ਵੀਹ ਮਿੰਟ ਹੀ ਹੋਏ ਹੋਣਗੇ ਕਿ ਪੁਲਿਸ ਦੇ ਅੱਠ ਕੁ ਸਿਪਾਹੀ ਫਿਰ ਆਏ। ਉਨ੍ਹਾਂ ਨੇ ਜਿੰਦਰੇ ਖੋਲ੍ਹੇ ਪਰ ਦਰਵਾਜਾ ਖੋਲ੍ਹਣ ਤੋਂ ਪਹਿਲਾਂ ਮੈਨੂੰ ਸੀਖਾਂ ਵਿਚੋਂ ਹੱਥ ਬਾਹਰ ਕਰਨ ਨੂੰ ਕਿਹਾ ਤੇ ਜਦੋਂ ਮੈਂ ਸੀਖਾਂ ਵਿਚੋਂ ਹੱਥ ਬਾਹਰ ਕੱਢ ਦਿੱਤੇ ਤਾਂ ਉਨ੍ਹਾਂ ਨੇ ਦੋਹਾਂ ਹੱਥਾਂ ਨੂੰ ਹੱਥਕੜੀਆਂ ਲਾ ਲਈਆਂ ਤੇ ਫਿਰ ਦਰਵਾਜਾ ਖੋਲ੍ਹ ਕੇ ਇਕ ਨੇ ਆਖਿਆ, "ਆਓ ਜੀ"। ਮੈਂ ਉਨ੍ਹਾਂ ਨਾਲ ਤੁਰ ਪਿਆ।

ਐਸ.ਐਚ.ਓ. ਦੇ ਕਮਰੇ ਦੇ ਅਗਲੇ ਬੰਨੇ ਇਕ ਹੋਰ ਕਮਰਾ ਸੀ, ਜਿਥੇ ਮੇਜ਼ ਤੇ ਕੁਰਸੀਆਂ ਪਈਆਂ ਸਨ। ਉਥੇ ਇਕ ਕੁਰਸੀ 'ਤੇ ਮੈਨੂੰ ਬੈਠਣ ਲਈ ਆਖਿਆ ਗਿਆ। ਮੇਰੇ ਬੈਠਣ ਤੋਂ ਪਹਿਲਾਂ ਹੀ ਦੋ ਅਫ਼ਸਰ ਹੱਥਾਂ ਵਿਚ ਵੀ.ਆਈ.ਪੀ. ਬੈਗ ਲਈ ਕਮਰੇ ਵਿਚ ਆਏ ਤੇ ਬੈਗ ਮੇਜ਼ 'ਤੇ ਰੱਖ ਕੇ ਆਪ ਕੁਰਸੀਆਂ 'ਤੇ ਬੈਠ ਗਏ ਤੇ ਮੈਨੂੰ ਵੀ ਉਨ੍ਹਾਂ ਵਿਚੋਂ ਇਕ ਨੇ ਬੈਠਣ ਦਾ ਇਸ਼ਾਰਾ ਕੀਤਾ। ਮੈਂ ਬੈਠ ਗਿਆ ਤਾਂ ਉਨ੍ਹਾਂ ਵਿਚੋਂ ਦੂਸਰੇ ਨੇ ਆਪਣਾ ਅਟੈਚੀ ਖੋਲ੍ਹਿਆ ਤੇ ਕੁਝ ਕਾਗਜ਼ ਕੱਢ ਕੇ ਮੇਜ਼ 'ਤੇ ਰੱਖ ਲਏ ਤੇ ਅਟੈਚੀ ਬੰਦ ਕਰਕੇ ਮੈਨੂੰ ਸੰਬੋਧਨ ਕੀਤਾ।

ਅਫ਼ਸਰ - "ਸਰਦਾਰ ਜੀ, ਤੁਹਾਡਾ ਨਾਂ?"

ਮੈਂ ਆਪਣਾ ਨਾਂ ਦੱਸਿਆ

ਅਫ਼ਸਰ - "ਕੀ ਕੰਮ ਕਰਦੇ ਹੋ? ਕਿਥੋਂ ਦੇ ਰਹਿਣ ਵਾਲੇ ਹੋ? ਕਿੰਨੀ ਜ਼ਮੀਨ ਹੈ? ਆਮਦਨ ਕਿੰਨੀ ਹੁੰਦੀ ਹੈ? ਬੱਚੇ ਕਿੰਨੇ ਹਨ? ਵੱਡੇ ਦੀ ਉਮਰ ਕੀ ਹੈ? ਛੋਟੇ ਦੀ ਕੀ ਹੈ? ਮਾਮੇ ਕਿੰਨੇ ਹਨ? ਚਾਚੇ-ਤਾਏ ਕਿੰਨੇ ਹਨ? ਵਗੈਰਾ-ਵਗੈਰਾ। ਗੱਲ ਕੀ? ਉਹ ਹੀ ਗੱਲਾਂ, ਜਿਹੜੀਆਂ ਕੁਝ ਚਿਰ ਪਹਿਲਾਂ ਪਹਿਲੇ ਅਫ਼ਸਰਾਂ ਨੇ ਪੁੱਛੀਆਂ ਸਨ। ਉਨ੍ਹਾਂ ਦੇ ਜੁਆਬ ਮੈਂ ਦੇ ਦਿੱਤੇ। ਕਿਉਂਕਿ ਇਹ ਕੋਈ ਮੁਸ਼ਕਲ ਸਵਾਲ ਨਹੀਂ ਸਨ ਤੇ ਨਾ ਹੀ ਇਨ੍ਹਾਂ ਵਿਚ ਰੱਤੀ ਮਾਸਾ ਵੀ ਝੂਠ ਬੋਲਣ ਦੀ ਕੋਈ ਗੁੰਜਾਇਸ਼ ਸੀ। ਨਾਲੇ ਝੂਠ ਬੋਲਣ ਵਾਲੀ ਗੱਲ ਵੀ ਤਾਂ ਕੋਈ ਨਹੀਂ ਸੀ। ਸਾਰਾ ਕੁਝ ਲਿਖ-ਲਿਖਾ ਕੇ ਦੂਸਰੇ ਅਫ਼ਸਰ ਨੇ ਆਪਣਾ ਬੈਗ ਚੁਕਿਆ ਤੇ ਉੱਠ ਕੇ ਖੜ੍ਹਾ ਹੋ ਗਿਆ ਤੇ ਮੈਨੂੰ ਪੁੱਛਿਆ, "ਸਰਦਾਰ ਸਾਹਬ, ਕਿਸੇ ਚੀਜ਼ ਦੀ ਤੁਹਾਨੂੰ ਕੋਈ ਲੋੜ ਹੋਵੇ ਤਾਂ ਦੱਸ ਦਿਓ। ਤੁਹਾਡੀ ਹਰ ਸਹੂਲਤ ਦਾ ਖਿਆਲ ਰੱਖਣਾ ਸਾਡਾ ਫਰਜ਼ ਵੀ ਹੈ ਤੇ ਡਿਊਟੀ ਵੀ।" ਫਿਰ ਉਸ ਨੇ ਨਾਲ ਹੀ ਦੂਸਰਾ ਸਵਾਲ ਕਰ ਦਿੱਤਾ, "ਖਾਣਾ ਖਾ ਲਿਆ?" ਮੈਂ ਕਿਹਾ, "ਨਹੀਂ ਜੀ, ਮੇਰਾ ਰਿਸ਼ਤੇਦਾਰ ਖਾਣਾ ਲੈਣ ਗਿਆ ਹੈ, ਮੇਹਰਬਾਨੀ।" ਫਿਰ ਉਨ੍ਹਾਂ ਦੋਹਾਂ ਨੇ ਹੀ ਆਪਣੇ-ਆਪਣੇ ਬੈਗ ਚੁੱਕੇ ਤੇ ਕਮਰੇ ਵਿਚੋਂ ਬਾਹਰ ਨਿਕਲ ਗਏ। ਇਹ ਪੁੱਛ-ਗਿੱਛ ਦੀ ਦੂਸਰੀ ਟੀਮ ਸੀ।

ਮੈਨੂੰ ਉਸੇ ਤਰ੍ਹਾਂ ਹੀ ਵਾਪਸ ਹਵਾਲਾਤ ਵਿਚ ਲੈ ਆਂਦਾ ਗਿਆ ਤੇ ਅੰਦਰ ਬੰਦ ਕਰਕੇ ਹੱਥਕੜੀ ਲਾਹ ਲਈ ਗਈ। ਪਰ ਹੁਣ ਹਵਾਲਾਤ ਅੱਗੇ ਨਾਲੋਂ ਬਦਲ ਚੁੱਕੀ ਸੀ। ਚਟਾਈ ਦੇ ਐਨ ਉਪਰ, ਜਿਥੇ ਪਹਿਲਾਂ ਹੀ ਤਾਰ ਤੇ ਹੋਲਡਰ ਲਮਕ ਰਹੇ ਸਨ, ਛੋਟੇ ਬਲਬ ਦੀ ਥਾਂ ਦੋ ਸੌ ਵਾਟ ਦਾ ਬਲਬ ਲੱਗਾ ਹੋਇਆ ਸੀ ਤੇ ਏਸੇ ਤਰ੍ਹਾਂ ਹੀ ਸਾਹਮਣੇ ਬਰਾਂਡੇ ਵਾਲੇ ਚਾਲੀ ਵਾਟ ਦੇ ਬਲਬ ਦੀ ਥਾਂ ਵੀ ਦੋ ਸੌ ਵਾਟ ਦਾ ਬਲਬ ਜਗ ਰਿਹਾ ਸੀ। ਰੋਸ਼ਨੀ ਬਹੁਤ ਹੀ ਜਿਆਦਾ ਸੀ ਤੇ ਅੱਖਾਂ ਨੂੰ ਚੁੰਧਿਆਉਂਦੀ ਸੀ। ਬਸ ਉਦੋਂ ਕੁ ਹੀ ਸੁਰਿੰਦਰ ਜੀਤ ਸਿੰਘ ਰੋਟੀ ਲੈ ਕੇ ਆ ਗਿਆ। ਰੋਟੀ ਵੀ ਬਾਹਰੋਂ ਟੈਸਟ ਹੋ ਕੇ ਆਈ ਸੀ। ਬਾਹਰ ਵਾਲੇ ਸਿਪਾਹੀਆਂ

ਨੇ ਸੁਰਿੰਦਰ ਜੀਤ ਸਿੰਘ ਨੂੰ ਰੋਟੀ ਪਹਿਲਾਂ ਖੁਆਈ ਸੀ ਤੇ ਉਸ ਦੇ ਖਾ ਲੈਣ 'ਤੇ ਜਦੋਂ ਉਨ੍ਹਾਂ ਨੂੰ ਤਸੱਲੀ ਹੋ ਗਈ ਤਾਂ ਹੀ ਰੋਟੀ ਤੇ ਖਾਣ ਵਾਲੀਆਂ ਚੀਜ਼ਾਂ ਅੰਦਰ ਆਉਣ ਦਿੱਤੀਆਂ ਗਈਆਂ ਸਨ। ਇਹ ਗੱਲ ਸੁਰਿੰਦਰ ਜੀਤ ਸਿੰਘ ਨੇ ਆਉਂਦਿਆਂ ਹੀ ਮੈਨੂੰ ਇਸ ਲਈ ਦੱਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਮੈਂ ਅੰਮ੍ਰਿਤਧਾਰੀ ਸਿੰਘ ਹਾਂ ਤੇ ਮੈਨੂੰ ਜੂਠ ਖੁਆਉਣੀ ਚੰਗੀ ਨਹੀਂ। ਪਰ ਨਾਲ ਹੀ ਉਸ ਨੇ ਇਹ ਵੀ ਦਸਿਆ ਕਿ ਹਰ ਇਕ ਚੀਜ਼ ਵਿਚੋਂ ਇਕ-ਇਕ ਬੁਰਕੀ ਹੀ ਲਈ ਹੈ ਤੇ ਹਰ ਵਾਰੀ ਹੱਥ ਧੋਂਦਾ ਰਿਹਾ ਹਾਂ, ਇਸ ਲਈ ਕੁਝ ਵੀ ਜੂਠਾ ਨਹੀਂ ਆਖਿਆ ਜਾ ਸਕਦਾ।

ਮੇਰਾ ਰੋਟੀ ਖਾਣ ਨੂੰ ਜ਼ਰਾ ਵੀ ਦਿਲ ਨਹੀਂ ਸੀ ਕਰਦਾ ਤੇ ਨਾ ਹੀ ਕੋਈ ਭੁੱਖ ਸੀ। ਪਰ ਮੈਂ ਡੇਢ ਕੁ ਫੁਲਕਾ ਇਸ ਲਈ ਖਾ ਲਿਆ ਮਤਾਂ ਸੁਰਿੰਦਰ ਜੀਤ ਸਿੰਘ ਇਹ ਨਾ ਸਮਝ ਲਵੇ ਕਿ ਮੈਂ ਘਬਰਾਅ ਗਿਆ ਹਾਂ ਤੇ ਰੋਟੀ ਨਹੀਂ ਖਾਂਦਾ। ਸੁਰਿੰਦਰ ਜੀਤ ਸਿੰਘ ਨੇ ਹੋਰ ਰੋਟੀ ਤੇ ਬਾਕੀ ਕਈ ਕੁਝ ਜੋ ਉਹ ਲੈ ਕੇ ਆਇਆ ਸੀ, ਖਾਣ ਲਈ ਬਹੁਤ ਜ਼ੋਰ ਲਾਇਆ ਪਰ ਮੈਨੂੰ ਇਕ ਤਾਂ ਭੁੱਖ ਨਹੀਂ ਸੀ, ਦੂਸਰਾ ਮੈਂ ਕਿਸੇ ਕੋਲੋਂ ਸੁਣ ਰਖਿਆ ਸੀ ਕਿ ਪੁੱਛਗਿੱਛ ਵਿਚ ਜ਼ਿਆਦਾ ਰੋਟੀ ਖਾਣੀ ਠੀਕ ਨਹੀਂ। ਇਹ ਹੀ ਗੱਲ ਮੈਂ ਸੁਰਿੰਦਰ ਜੀਤ ਸਿੰਘ ਨੂੰ ਦੱਸੀ ਤਾਂ ਉਹ ਮੰਨ ਗਿਆ ਤੇ ਬਾਕੀ ਬਚਿਆ ਖਾਣ ਪੀਣ ਦਾ ਸਮਾਨ ਸਮੇਟ ਲਿਆ। ਉਹ ਘਰੋਂ ਚਾਦਰ, ਸਿਰਹਾਣਾ ਤੇ ਇਕ ਹੱਥ ਪੱਖਾ ਵੀ ਲਿਆਇਆ ਸੀ, ਜੋ ਬਾਅਦ ਵਿਚ ਬੜਾ ਚਿਰ ਕੰਮ ਆਉਂਦੇ ਰਹੇ। ਚਾਦਰ ਤਾਂ ਰੀਮਾਂਡ ਮੁੱਕਣ 'ਤੇ ਹੀ ਵਾਪਸ ਗਈ। ਓਨੇ ਚਿਰ ਨੂੰ ਮੇਰੇ ਕੁੜਮ ਸਾਹਿਬ ਵੀ ਹਵਾਲਾਤ ਅਗੇ ਆ ਗਏ ਪਰ ਸੰਤਰੀਆਂ ਨੇ ਝੱਟ ਅੱਗੇ ਹੋ ਕੇ ਉਨ੍ਹਾਂ ਨੂੰ ਰੋਕ ਲਿਆ ਅਤੇ ਸਿਵਾਏ ਫਤਿਹ ਦੇ ਹੋਰ ਕੋਈ ਗੱਲ ਨਾ ਕਰਨ ਦਿੱਤੀ। ਕੁੜਮ ਸਾਹਬ ਦੀ ਪੀਤੀ ਹੋਈ ਲਗਦੀ ਸੀ ਤੇ ਉਹ ਸਿਪਾਹੀਆਂ ਅੱਗੇ ਲਾਚਾਰ ਸਨ, ਇਸ ਲਈ ਮੈਂ ਆਪ ਹੀ ਆਖਿਆ, "ਸਰਦਾਰ ਸਾਹਿਬ, ਤੁਸੀਂ ਅਰਾਮ ਕਰੋ ਕੋਈ ਗੱਲ ਨਹੀਂ"। ਇਸ ਤਰ੍ਹਾਂ ਉਹ ਇਹ ਕਹਿ ਕੇ ਕਿ ਚੰਗਾ ਸਵੇਰੇ ਮਿਲਾਂਗੇ, ਸੁਰਿੰਦਰ ਜੀਤ ਸਿੰਘ ਦੇ ਨਾਲ ਹੀ ਚਲੇ ਗਏ।

ਦੋ ਸੌ ਵਾਟ ਦੇ ਦੋ ਬਲਬਾਂ ਨਾਲ ਚਾਨਣ ਏਨਾ ਸੀ ਕਿ ਨੀਂਦ ਆ ਹੀ ਨਹੀਂ ਸੀ ਸਕਦੀ। ਅੱਖਾਂ ਅੱਗੇ ਬਾਂਹ ਰੱਖ ਕੇ ਸੌਣ ਨਾਲ ਵੀ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਬਾਂਹ ਦੇ ਵਿਚੋਂ ਦੀ ਰੋਸ਼ਨੀ ਅੱਖਾਂ ਤੱਕ ਪਹੁੰਚ ਰਹੀ ਸੀ। ਪਾਣੀ ਵੀ ਬੰਦ ਕਰ ਦਿੱਤਾ ਗਿਆ ਸੀ।

ਕੰਪੋਜ਼ ਨਾਲ ਨੀਂਦ ਆਉਂਦੀ ਸੀ ਪਰ ਰੋਸ਼ਨੀ ਆਉਣ ਨਹੀਂ ਸੀ ਦੇਂਦੀ। ਰਾਤ ਨੂੰ ਚਾਰ ਵਾਰੀ ਉਠਾ-ਉਠਾ ਕੇ ਪੁੱਛ-ਗਿੱਛ ਹੋਈ। ਇਕ ਅਫ਼ਸਰ ਅੰਬ ਤੇ ਰੋਟੀ ਲਿਆਇਆ। ਪਰ ਮੈਂ ਨਾ ਖਾਧੀ। ਬਾਕੀ ਸਾਰੀਆਂ ਹਵਾਲਾਤਾਂ ਵਿਚ ਪਾਣੀ ਚਲਦਾ ਸੀ ਪਰ ਮੇਰਾ ਹੀ ਪਾਣੀ ਬੰਦ ਸੀ। ਨਾਲ ਦੇ ਕਮਰੇ ਵਿਚ ਧਾਰਾ ਇਕ ਸੌ ਨੌਂ (ਅਵਾਰਾਗਰਦੀ) ਵਿਚ ਲਿਆਂਦੀ ਗਈ ਇਕ ਔਰਤ ਸੀ। ਉਸਦੀ ਰਾਖੀ ਇਕ ਸਪੋਹਿਣ ਕਰਦੀ ਸੀ, ਜੋ ਬਹੁਤ ਸੁਹਣੀ ਕੁੜੀ ਸੀ। ਉਸ ਤੋਂ ਬਾਅਦ ਜੋ ਆਈ ਉਹ ਵੀ ਬਹੁਤ ਸੋਹਣੀ ਤੇ ਬੀਬੀ ਕੁੜੀ ਸੀ, ਬਹੁਤ ਹਮਦਰਦੀ ਕਰਦੀ ਸੀ। 109 ਵਾਲੀ ਕਹੇ ਮੈਂ ਅੱਤਵਾਦੀ ਵੇਖਣਾ ਹੈ ਤੇ ਵੇਖ ਕੇ ਹੀ ਗਈ। ਸਿਪਾਹੀਆਂ ਤੇ ਸਪੋਹਿਣਾਂ ਦੀ ਡਿਊਟੀ ਬਦਲਦੀ ਰਹਿੰਦੀ ਸੀ।

ਦੋ ਸੌ ਵਾਟ ਦੇ ਦੋ ਬਲਬਾਂ ਦਾ ਚਾਨਣ ਏਨਾ ਜ਼ਿਆਦਾ ਸੀ ਕਿ ਨੀਂਦ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਮੈਂ ਲੰਮੇ ਪੈ ਕੇ ਅੱਖਾਂ ਉੱਤੇ ਬਾਂਹ ਰੱਖ ਲਈ। ਪਰ ਫਿਰ ਵੀ

ਇਸ ਤਰ੍ਹਾਂ ਮਾਲੂਮ ਹੁੰਦਾ ਸੀ ਜਿਵੇਂ ਬਾਂਹ ਦੇ ਵਿਚੋਂ ਦੀ ਚਾਨਣ ਅੱਖਾਂ ਵਿਚ ਵੱਜਦਾ ਹੋਵੇ। ਗਰਮੀ ਤਾਂ ਪਹਿਲਾਂ ਹੀ ਬਹੁਤ ਸੀ। ਫਿਰ ਹਵਾਲਾਤ ਵਿਚ ਪੱਖਾ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉੱਧਰ ਦੋ ਸੌ ਵਾਟ ਦਾ ਬਲਬ ਸਿੱਧਾ ਹੀ ਉਪਰ ਲੱਗਾ ਹੋਇਆ ਸੀ ਤੇ ਗਰਮੀ ਛੱਡ ਰਿਹਾ ਸੀ। ਮੈਨੂੰ ਏਨਾ ਸੇਕ ਲੱਗ ਰਿਹਾ ਸੀ ਕਿ ਮੈਂ ਇਕ ਵਾਰੀ ਥੱਲੇ ਵਛਾਈ ਹੋਈ ਚਟਾਈ ਤੇ ਚਾਦਰ ਚੁੱਕ ਕੇ ਪਰ੍ਹੇ ਵਛਾ ਲਈ, ਪਰ ਫੇਰ ਵੀ ਕੋਈ ਫਰਕ ਨਹੀਂ ਸੀ ਤੇ ਸਰੀਰ ਪਸੀਨੇ ਨਾਲ ਨਹਾ ਰਿਹਾ ਸੀ। ਬਾਹਰ ਬਰਾਂਡੇ ਵਾਲੇ ਬਲਬ ਦਾ ਵੀ ਸੇਕ ਸੀ। ਮੈਨੂੰ ਇਹ ਤਾਂ ਸਮਝ ਲੱਗ ਹੀ ਗਈ ਸੀ ਕਿ ਇਹ ਵੀ ਤਸੀਹੇ ਦੇਣ ਦਾ ਇਕ ਤਰੀਕਾ ਹੈ, ਜੋ ਸਹਿਣਾ ਪੈਣਾ ਹੈ। ਮੈਂ ਇਕ ਸਿਪਾਹੀ ਨੂੰ ਪੁੱਛਿਆ, "ਇਹ ਬਲਬ ਮੇਰੇ ਜਾਣ ਤੋਂ ਬਾਅਦ ਹੀ ਲਾਏ ਹਨ? ਪਹਿਲਾਂ ਤਾਂ ਛੋਟੇ-ਛੋਟੇ ਬਲਬ ਹੀ ਲੱਗੇ ਹੋਏ ਸੀ, ਬਾਕੀ ਬਰਾਂਡੇ ਵਿਚ ਵੀ ਛੋਟੇ ਬਲਬ ਹੀ ਹਨ, ਇਹ ਪਤਾ ਨਹੀਂ ਕਿਉਂ ਏਡੇ ਵੱਡੇ ਬਲਬ ਲਾਏ ਹਨ?" ਸਿਪਾਹੀ ਨੇ ਬੜਾ ਸੰਖੇਪ ਜਿਹਾ ਉੱਤਰ ਦਿੱਤਾ "ਹਾਂ ਜੀ"। ਮੈਨੂੰ ਪੱਕਾ ਹੀ ਵਿਸ਼ਵਾਸ ਹੋ ਗਿਆ ਕਿ ਇਹ ਮਾਮਲਾ ਤਸੀਹੇ ਦੇਣ ਦਾ ਹੀ ਹੈ।

ਨੀਂਦ ਤਾਂ ਆ ਨਹੀਂ ਸੀ ਰਹੀ ਤੇ ਗਰਮੀ ਕਰਕੇ ਲੰਮਾ ਵੀ ਨਹੀਂ ਸੀ ਪਿਆ ਜਾਂਦਾ। ਇਸ ਲਈ ਮੈਂ ਪਸ਼ਾਬ ਕਰਨ ਲਈ ਵਿਚੇ ਹੀ ਬਣੇ ਹੋਏ ਬਾਥਰੂਮ ਵੱਲ ਗਿਆ ਤੇ ਪਸ਼ਾਬ ਕਰਕੇ ਹੱਥ ਧੋਣ ਲਈ ਟੂਟੀ ਖੋਹਲੀ ਪਰ ਉਸ ਵਿਚ ਪਾਣੀ ਦੀ ਬੂੰਦ ਵੀ ਨਹੀਂ ਸੀ। ਜਦੋਂ ਮੈਂ ਬਰਾਂਡੇ ਤੋਂ ਅਗਲੇ ਬੰਨੇ ਲਗੀ ਹੋਈ ਟੂਟੀ ਵੱਲ ਵੇਖਿਆ ਤਾਂ ਪਾਣੀ ਚੱਲ ਰਿਹਾ ਸੀ। ਮੈਂ ਫਿਰ ਆ ਕੇ ਸਿਪਾਹੀ ਨੂੰ ਪੁਛਿਆ, "ਭਾਈ ਸਾਹਿਬ, ਟੂਟੀਆਂ ਵਿਚ ਪਾਣੀ ਆਉਣੋਂ ਬੰਦ ਹੋ ਗਿਆ ਹੈ?" ਉਸ ਨੇ ਉਸੇ ਹੀ ਟੂਟੀ ਵੱਲ ਵੇਖ ਕੇ ਤੇ ਫਿਰ ਨਾਲ ਦੇ ਕਮਰੇ ਵਾਲੀ ਟੂਟੀ ਵੇਖ ਕੇ ਕਿਹਾ "ਨਹੀਂ, ਅਜੇ ਤਾਂ ਪਾਣੀ ਚਲਦਾ ਹੈ"। ਮੈਨੂੰ ਝੱਟ ਹੀ ਸਮਝ ਲੱਗ ਗਈ ਕਿ ਪਾਣੀ ਵੀ ਜਾਣ ਕੇ ਕਟਿਆ ਹੈ। ਕਿਉਂਕਿ ਜਦੋਂ ਮੈਂ ਹਵਾਲਾਤ ਵਿਚ ਬੰਦ ਹੋਇਆ ਸੀ ਤਾਂ ਮੈਂ ਪਸ਼ਾਬ ਕਰਕੇ ਹੱਥ ਧੋਤੇ ਸਨ ਤੇ ਉਸ ਤੋਂ ਪਹਿਲਾਂ ਵੀ ਸਾਰਾ ਖੁਰਾ ਜਿਹਾ ਗਿੱਲਾ ਸੀ। ਹੁਣ ਉਹ ਸਾਰੀ ਥਾਂ ਵੀ ਸੁੱਕ ਗਈ ਸੀ ਤੇ ਟੂਟੀਆਂ ਵੀ ਸੁੱਕ ਗਈਆਂ ਸਨ। ਸਿੱਧੀ ਤੇ ਸਪੱਸ਼ਟ ਗੱਲ ਸੀ ਕਿ ਸਿਰਫ ਏਸੇ ਹੀ ਹਵਾਲਾਤ ਦਾ ਪਾਣੀ ਬੰਦ ਕੀਤਾ ਗਿਆ ਹੈ। ਇਹ ਵੀ ਇਕ ਤਰ੍ਹਾਂ ਨਾਲ ਤਸੀਹੇ ਦੇਣ ਦਾ ਦੂਜਾ ਤਰੀਕਾ ਸੀ। ਕਿਉਂਕਿ ਪਸ਼ਾਬ ਦੀ ਬਦਬੂ ਕਮਰੇ ਵਿਚੋਂ ਆਉਣ ਲੱਗ ਪਈ ਸੀ। ਮੈਨੂੰ ਇਹ ਵੀ ਧਿਆਨ ਸੀ ਕਿ ਏਸ ਬਦਬੂ ਵਿਚ ਅਜੇ ਪਤਾ ਨਹੀਂ ਕਿੰਨੇ ਦਿਨ ਰਹਿਣਾ ਪੈਣਾ ਹੈ।

ਖੈਰ ਸੀਖਾਂ ਕੋਲ ਆ ਕੇ ਮੈਂ ਸਿਪਾਹੀ ਨੂੰ ਆਖਿਆ "ਭਾਈ ਸਾਹਿਬ, ਥੋੜ੍ਹਾ ਪਾਣੀ ਮਿਲੂ, ਬੜੀ ਪਿਆਸ ਲੱਗੀ ਹੈ।" ਉਹ ਝੱਟ ਆਖੇ ਲੱਗ ਗਿਆ ਤੇ ਇਕ ਆਦਮੀ ਨੂੰ ਬੁਲਾ ਕੇ, ਜੋ ਸ਼ਾਇਦ ਬਿਨਾਂ ਵਰਦੀ ਦੇ ਸਿਪਾਹੀ ਸੀ, ਆਖਿਆ "ਉਥੋਂ ਗਲਾਸ ਲੈ ਕੇ ਦਫਤਰੋਂ ਇਕ ਗਲਾਸ ਪਾਣੀ ਲਿਆ ਦੇ ਸਰਦਾਰ ਹੋਰਾਂ ਨੂੰ, ਨਾਲੇ ਫਿਰ ਗਲਾਸ ਇਹਨਾਂ ਕੋਲ ਈ ਰਹਿਣ ਦਈਂ, ਫੇਰ ਰਾਤ ਨੂੰ ਤੇਹ ਲੱਗੂ"। ਉਹ ਪਾਣੀ ਲੈਣ ਗਿਆ ਕਿੰਨੇ ਚਿਰ ਬਾਅਦ ਮੁੜਿਆ ਤੇ ਸਟੀਲ ਦੇ ਗਲਾਸ ਵਿਚ ਕੋਈ ਡੇਢ ਕੁ ਘੁੱਟ ਪਾਣੀ ਲੈ ਆਇਆ। ਪਾਣੀ ਠੰਡਾ ਸੀ। "ਕੂਲਰ ਵਿਚ ਪਾਣੀ ਹੈ ਹੀ ਨਹੀਂ ਸੀ, ਮੈਂ ਏਨਾ ਕੁ ਹੀ ਲੈ ਆਇਆ ਹਾਂ।" ਮੈਂ ਪਾਣੀ ਫੜ ਕੇ ਪੀ ਲਿਆ ਪਰ ਡੇਢ ਘੁੱਟ ਗਿਣਤੀ ਦੇ ਪਾਣੀ ਨੇ ਕਿੰਨੀ ਕੁ ਤੇਹ ਲਾਹ ਦੇਣੀ ਸੀ? ਕੁਝ ਦੇਰ ਬੈਠਣ ਤੋਂ ਬਾਅਦ ਮੈਂ ਲੰਮਾ ਪੈ ਗਿਆ। ਕੰਪੋਜ ਨੀਂਦ ਲਿਆ ਰਹੀ ਸੀ

ਤੇ ਜ਼ਿਆਦਾ ਰੋਸ਼ਨੀ ਨੀਂਦ ਆਉਣ ਨਹੀਂ ਸੀ ਦੇਂਦੀ। ਓਨੇ ਚਿਰ ਨੂੰ ਪਹਿਲੇ ਸਿਪਾਹੀਆਂ ਦੀ ਡਿਊਟੀ ਵੀ ਬਦਲ ਚੁੱਕੀ ਸੀ। ਮੈਂ ਨਵੇਂ ਆਏ ਸੰਤਰੀ ਨੂੰ ਪਾਣੀ ਲਿਆਉਣ ਲਈ ਬੇਨਤੀ ਕੀਤੀ ਤੇ ਉਸ ਨੂੰ ਗਲਾਸ ਫੜਾ ਦਿੱਤਾ। ਪਰ ਪਹਿਲੇ ਸਿਪਾਹੀ, ਜੋ ਡਿਊਟੀ ਤੋਂ ਵਿਹਲਾ ਹੋ ਕੇ ਅਜੇ ਗਿਆ ਨਹੀਂ ਸੀ, ਨੇ ਉਸ ਦੇ ਨੇੜੇ ਆ ਕੇ ਕੁਝ ਆਖਿਆ ਤੇ ਫੇਰ ਚਲਾ ਗਿਆ। ਲਓ ਜੀ, ਪਾਣੀ ਫੇਰ ਆਇਆ ਤੇ ਫੇਰ ਡੇਢ ਕੁ ਘੁੱਟ। ਮੈਂ ਸਮਝਿਆ ਸ਼ਾਇਦ ਇਹ ਕਿਸੇ ਦਾ ਜੂਠਾ ਬਚਿਆ ਪਾਣੀ ਲੈ ਆਇਆ ਹੈ, ਇਸ ਲਈ ਮੈਂ ਪੁਛਿਆ "ਭਾਈ ਸਾਹਿਬ, ਪਾਣੀ ਬੜਾ ਥੋੜਾ ਜਿਹਾ ਲਿਆਏ ਹੋ, ਏਨੇ ਨਾਲ ਕੀ ਬਣੂ? ਪਾਣੀ ਵੀ ਮੁੱਲ ਵਿਕਦਾ ਹੈ? ਗਲਾਸ ਭਰ ਕੇ ਲੈ ਆਉਂਦੇ"। ਸਿਪਾਹੀ ਕੁਝ ਨਾ ਬੋਲਿਆ ਤੇ ਮੈਨੂੰ ਗਲਾਸ ਫੜਾ ਕੇ ਆਪ ਪਿੱਛੇ ਹੋ ਕੇ ਖੜੋ ਗਿਆ। ਮੈਨੂੰ ਕਿਉਂਕਿ ਵਹਿਮ ਹੋ ਗਿਆ ਸੀ, ਇਸ ਲਈ ਮੈਂ ਪਾਣੀ ਪੀਣਾ ਨਹੀਂ ਸੀ ਚਾਹੁੰਦਾ ਤੇ ਡੋਲ੍ਹਣਾ ਵੀ ਨਹੀਂ ਸਾਂ ਚਾਹੁੰਦਾ। ਇਸ ਉਧੇੜ ਬੁਣ ਵਿਚ ਹੀ ਮੈਂ ਗਲਾਸ ਫੜ ਕੇ ਖਲੋਤਾ ਰਿਹਾ ਤਾਂ ਦੋ ਕੁ ਮਿੰਟ ਬਾਅਦ ਉਹ ਸਿਪਾਹੀ ਥੋੜਾ ਜਿਹਾ ਨੇੜੇ ਆਇਆ ਤੇ ਕੋਲ ਆ ਕੇ ਕਹਿਣ ਲੱਗਾ "ਸਰਦਾਰ ਜੀ, ਪਾਣੀ ਜੂਠਾ ਨਹੀਂ, ਮੈਂ ਆਪ ਕੂਲਰ ਤੋਂ ਲਿਆਇਆਂ, ਅਫ਼ਸਰਾਂ ਦਾ ਹੁਕਮ ਹੀ ਏਹੋ ਆ" ਤੇ ਉਹ ਫਿਰ ਜਲਦੀ ਨਾਲ ਪਿਛੇ ਹੋ ਕੇ ਖਲੋ ਗਿਆ। ਮੈਂ ਸੀਖਾਂ ਨਾਲ ਮੂੰਹ ਲਾ ਕੇ ਪੁਛਿਆ "ਇਹ ਕੀ ਗੱਲ"? ਤੇ ਨਾਲੇ ਹੱਥ ਦੀਆਂ ਉਂਗਲਾ ਘੁਮਾਈਆਂ ਜਿਵੇਂ ਕੋਈ ਭੇਦ ਭਰੀ ਗੱਲ ਪੁਛੀਦੀ ਹੈ ਤੇ ਇਹ ਗੱਲ ਸਚ ਮੁੱਚ ਹੈ ਵੀ ਭੇਦ ਭਰੀ ਸੀ। ਉਸ ਸਿਪਾਹੀ ਨੇ ਫੇਰ ਆਖਿਆ, "ਜੀ, ਅਫ਼ਸਰ ਜਾਨਣ, ਪਰ ਪਾਣੀ ਸੁੱਚਾ ਹੈ ਵਹਿਮ ਨਾ ਕਰੋ"। ਮੈਂ ਝੱਟ ਪਾਣੀ ਮੂੰਹ ਨੂੰ ਲਾ ਲਿਆ ਤੇ ਇਕੋ ਘੁੱਟ ਵਿਚ ਪੀ ਲਿਆ। ਹੁਣ ਮੈਨੂੰ ਤੀਜੀ ਗੱਲ ਦਾ ਭੇਦ ਵੀ ਪਤਾ ਲੱਗ ਚੁੱਕਾ ਸੀ ਕਿ ਇਹ ਵੀ ਤਸੀਹੇ ਦੇਣ ਦੀ ਕਲਾ ਹੈ। ਦਰਅਸਲ ਮੈਂ ਇਸ ਨੂੰ ਤਸੀਹੇ ਨਹੀਂ ਬੁੱਚੜਪੁਣਾ ਸਮਝਦਾ ਸਾਂ। ਗਰਮੀਆਂ ਵਿਚ ਪਾਣੀ ਨਾ ਦੇਣਾ ਤਾਂ ਬੁੱਚੜਪੁਣਾ ਹੀ ਅਖਵਾ ਸਕਦਾ ਹੈ।

ਬਲਬਾਂ ਦੇ ਸੇਕ, ਬਾਥਰੂਮ ਦੀ ਬੋ ਤੇ ਪਿਆਸ ਨੇ ਮੇਰਾ ਬੁਰਾ ਹਾਲ ਕਰ ਛਡਿਆ ਸੀ। ਪਰ ਮੈਂ ਆਪਣੇ ਆਪ ਨੂੰ ਤਸੱਲੀ ਦੇ ਰਿਹਾ ਸਾਂ, ਜੂਨ 1984 ਦੇ ਸਾਕੇ ਨਾਲ ਤੁਲਨਾ ਦੇ ਕੇ। "ਸਿਘ ਬਿਨਾਂ ਰੋਟੀ ਪਾਣੀ ਦੇ ਸੱਤ-ਅੱਠ ਦਿਨ ਲੜਦੇ ਰਹੇ, ਮੈਨੂੰ ਤਾਂ ਅਜੇ ਘੰਟੇ ਹੀ ਸਾਰੇ ਤਿੰਨ ਚਾਰ ਹੋਏ ਹਨ"। ਕੰਪੇਜ ਨਾਲ ਨੀਂਦ ਆ ਰਹੀ ਸੀ ਤੇ ਲੰਮੇ ਪੈਣ ਨੂੰ ਜੀਅ ਕਰਦਾ ਸੀ। ਪਰ ਗਰਮੀ ਅਤੇ ਜ਼ਿਆਦਾ ਚਾਨਣ ਟਿਕਣ ਨਹੀਂ ਸੀ ਦੇਂਦਾ, ਸੌਣਾ ਤਾਂ ਕਿਸੇ ਪਾਸੇ ਰਿਹਾ। ਹੁਣ ਰਾਤ ਦੇ ਬਾਰਾਂ ਵੱਜ ਚੁੱਕੇ ਸਨ ਤੇ ਮੈਨੂੰ ਉਮੀਦ ਸੀ ਕਿ ਹੁਣ ਕੋਈ ਪੁੱਛਣ ਗਿੱਛਣ ਵਾਲਾ ਨਹੀਂ ਆਉਣ ਲੱਗਾ। ਸੰਤਰੀਆਂ ਦੀ ਡਿਊਟੀ ਵੀ ਬਦਲ ਗਈ ਸੀ। ਨਾਲ ਵਾਲੀ ਹਵਾਲਾਤ ਵਾਲੀ ਸਪੇਹਿਣ, ਛੋਟੀ ਉਮਰ ਦੀ ਕੁੜੀ ਸੀ ਤੇ ਬੜੀ ਸ਼ੋਖ ਤੇ ਚੰਚਲ ਜਿਹੀ ਵੀ। ਸਭ ਤੋਂ ਪਹਿਲਾਂ ਤਾਂ ਉਸ ਨੇ ਆਉਂਦੀ ਨੇ ਡਿਊਟੀ ਵਾਲੇ ਸਿਪਾਹੀ ਨੂੰ ਪੁੱਛਿਆ "ਕਹਿੰਦੇ ਕੋਈ ਬੜਾ ਵੱਡਾ ਅੱਤਵਾਦੀ ਫੜਿਐ ਅੱਜ"? ਸਿਪਾਹੀ ਨੇ ਅਗੋਂ ਜਵਾਬ ਦਿੱਤਾ "ਅੱਤਵਾਦੀ ਸਾਰੇ ਵੱਡੇ ਹੀ ਹੁੰਦੇ ਐ, ਛੋਟਾ ਕਿਹੜਾ ਹੁੰਦੈ"? "ਪਰ ਕਹਿੰਦੇ ਬਹੁਤ ਵੱਡਾ ਲੈਂਡਲਾਰਡ ਹੈ?" ਸਪੇਹਿਣ ਨੇ ਪੁਛਿਆ।

ਸਿਪਾਹੀ - "ਤੈਨੂੰ ਕਿੱਦਾਂ ਪਤੈ?"

ਸਪਹਿਣ - "ਰੇਡੀਓ ਵਿਚ ਆਇਆ 8-10 ਦੀਆਂ ਖਬਰਾਂ ਵਿਚ, ਕਿਥੇ ਬੰਦ

ਕੀਤੇ? ਦਰਸ਼ਨ ਤਾਂ ਕਰੀਏ।"

ਸਿਪਾਹੀ - "ਨਜ਼ਰ ਨਹੀਂ ਆਉਂਦਾ, ਅਸੀਂ ਛੇ ਜਣੇ ਐਵੇਂ ਤਾਂ ਨਹੀਂ ਸੁਕਣੇ ਪਏ?" (ਕਿਉਂਕਿ ਉਸ ਨੇ ਉਹ ਸਿਪਾਹੀ ਵੀ ਆਪਣੇ ਨਾਲ ਗਿਣ ਲਏ ਸਨ, ਜਿਹੜੇ ਰੇਤ ਦੀਆਂ ਬੋਰੀਆਂ ਪਿਛੇ ਬੈਠੇ ਸਨ) ਉਸ ਦੀ ਇਹ ਗੱਲ ਸੁਣ ਕੇ ਸਪੈਹਿਣ ਕੁੜੀ ਨੇ ਸੁਰੱਖਿਆ ਪ੍ਰਬੰਧ ਵੇਖੇ ਤਾਂ ਉਸ ਨੂੰ ਸਮਝ ਲੱਗ ਗਈ ਕਿ ਨਾਲ ਦੀ ਹਵਾਲਾਤ ਵਿਚ ਹੀ ਅੱਤਵਾਦੀ ਬੰਦ ਹੈ। ਮੈਨੂੰ ਉਹ ਕੁੜੀ ਨਜ਼ਰ ਆ ਰਹੀ ਸੀ, ਪਰ ਹੋ ਸਕਦਾ ਹੈ ਕਿ ਉਸ ਨੂੰ ਮੈਂ ਨਾ ਦਿਸਦਾ ਹੋਵਾਂ। ਕਿਉਂਕਿ ਥੰਮ ਦੇ ਉਹਲੇ ਬੰਦਾ ਵੇਖ ਨਹੀਂ ਸਕਦਾ।

ਸਿਪਾਹੀ ਕੁੜੀ ਅੱਗੇ ਤੱਕ ਆ ਗਈ ਤੇ ਜਦੋਂ ਉਸ ਨੇ ਮੈਨੂੰ ਬੈਠਿਆਂ ਵੇਖਿਆ ਤਾਂ ਇਕ ਦਮ ਓਥੇ ਹੀ ਖਲੋ ਗਈ ਤੇ ਦੋਵੇਂ ਹੱਥ ਜੋੜ ਕੇ "ਸਤਿ ਸ੍ਰੀ ਅਕਾਲ ਜੀ" ਕਹੀ। ਮੈਂ ਵੀ ਫ਼ਤਹਿ ਦਾ ਜੁਆਬ ਦਿੱਤਾ। ਫਿਰ ਉਸ ਨੇ ਪੁੱਛਿਆ "ਭਾਅ ਜੀ, ਤੁਹਾਨੂੰ ਚੰਡੀਗੜ੍ਹ ਤੋਂ ਹੀ ਫੜਿਐ?" ਮੈਂ ਹਾਂ ਵਿਚ ਜੁਆਬ ਦਿੱਤਾ। "ਕਾਹਦੇ ਵਿਚ"? ਉਸ ਨੇ ਦੂਸਰਾ ਸਵਾਲ ਕੀਤਾ। "ਪਤਾ ਨਹੀਂ, ਅਜੇ ਤੱਕ ਤਾਂ ਮੈਨੂੰ ਆਪ ਨਹੀਂ ਪਤਾ"। ਮੈਂ ਵੀ ਸੰਖੇਪ ਜਿਹਾ ਉੱਤਰ ਦਿੱਤਾ "ਭਾਅ ਜੀ, ਰੋਟੀ, ਪਾਣੀ, ਚਾਹ ਦੀ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦੱਸ ਦੇਣਾ"। ਮੈਂ ਉਸ ਦੀ ਗੱਲ 'ਤੇ ਹੱਸ ਪਿਆ, ਜਿਸ ਕਰਕੇ ਉਸ ਕੁੜੀ ਨੂੰ ਬਹੁਤ ਹੈਰਾਨੀ ਹੋਈ ਪਰ ਉਸ ਦੀ ਇਹ ਹੈਰਾਨੀ ਛੇਤੀ ਹੀ ਸਿਪਾਹੀ ਨੇ ਗੱਲ ਕਰਕੇ ਦੂਰ ਕਰ ਦਿੱਤੀ। "ਅਗਲੇ ਇਕ ਘੁੱਟ ਤੋਂ ਵੱਧ ਪਾਣੀ ਨਹੀਂ ਦੇਣ ਦੇਂਦੇ, ਇਹ ਚਾਹਵਾਂ ਦੀ ਸੇਵਾ ਪੁਛਦੀ ਫਿਰਦੀ ਹੈ"। ਉਹ ਕੁੜੀ ਇਹ ਗੱਲ ਸੁਣ ਕੇ ਹੋਰ ਵੀ ਹੈਰਾਨ ਹੋਈ ਤੇ ਉਸ ਦੇ ਮੂੰਹੋਂ ਨਿਕਲਿਆ "ਕਿਉਂ?" "ਇਹ ਉਹਨਾਂ ਨੂੰ ਪਤਾ ਹੋਊ, ਮੈਨੂੰ ਕੀ ਪਤਾ? ਤਿੰਨਾਂ ਥਾਣਿਆਂ ਦੀ ਪੁਲਿਸ ਇਕੱਠੀ ਕਰਕੇ ਤਾਂ ਦੋ ਥਾਵਾਂ 'ਤੇ ਛਾਪੇ ਮਾਰ ਕੇ, ਇਨ੍ਹਾਂ ਨੂੰ ਫੜ ਕੇ ਲਿਆਏ ਆ।" ਉਹ ਆਪਸ ਵਿਚ ਗੱਲ ਏਨੀ ਹੌਲੀ ਕਰਦੇ ਸਨ ਕਿ ਮੈਨੂੰ ਮਸਾਂ ਹੀ ਉਹ ਗੱਲ ਸੁਣਦੀ ਸੀ। ਪਰ ਜਦੋਂ ਸਿਪਾਹੀ ਨੇ ਦੋਹਾਂ ਥਾਵਾਂ 'ਤੇ ਛਾਪੇ ਦੀ ਗੱਲ ਕੀਤੀ ਤਾਂ ਮੈਂ ਇਕ ਦਮ ਤ੍ਰਬਕ ਕੇ ਉਠ ਖਲੋਤਾ ਤੇ ਸਿਪਾਹੀ ਨੂੰ ਪੁਛਿਆ, "ਭਾਈ ਸਾਹਿਬ, ਦੂਜੀ ਕਿਹੜੀ ਥਾਂ ਛਾਪਾ ਮਾਰਿਆ? ਅਠਾਰਾਂ ਸੈਕਟਰ ਵਿਚੋਂ ਤਾਂ ਮੈਨੂੰ ਗ੍ਰਿਫਤਾਰ ਕੀਤਾ ਹੈ"। "ਓ ਜੀ, ਤਿੰਨ ਸੈਕਟਰ ਇਕ ਵਕੀਲ ਦੇ ਘਰ ਛਾਪਾ ਮਾਰਿਆ ਸੀ, ਉਥੇ ਵੀ ਤੁਹਾਡੀ ਕੋਈ ਰਿਸ਼ਤੇਦਾਰੀ ਹੋਊ, ਉਥੇ ਤਾਂ ਮੈਂ ਵੀ ਗਿਆ ਸੀ, ਵੱਡੀ ਸਾਰੀ ਕੋਠੀ ਆ, ਪਰ ਉਥੇ ਮਿਲਿਆ ਕੋਈ ਨਹੀਂ।"

ਮੈਂ - "ਅਛਾ! ਉਥੇ ਤਲਾਸ਼ੀ ਵੀ ਲਈ ਉਨ੍ਹਾਂ ਦੇ ਘਰ ਦੀ?"

ਸਿਪਾਹੀ - "ਨਹੀਂ"

ਮੈਂ - "ਘੇਰਾ ਪਾਇਆ ਸੀ ਕਿ ਉਵੇਂ ਹੀ ਗਏ ਸੀ?"

ਸਿਪਾਹੀ - "ਸਰਦਾਰ ਜੀ, ਸਭ ਕੁਝ ਨਾ ਪੁਛੀ ਜਾਓ। ਅੱਤਵਾਦੀ ਫੜਨ ਲਈ ਪਹਿਲਾਂ ਘੇਰਾ ਹੀ ਪੈਂਦਾ ਹੁੰਦੈ। ਪਰ ਓਥੋਂ ਪਤਾ ਲੱਗਾ ਗਿਆ ਸੀ ਕਿ ਤੁਸੀਂ ਅਠਾਰਾਂ ਸੈਕਟਰ ਹੋ, ਇਸ ਲਈ ਓਥੇ ਜ਼ਿਆਦਾ ਚਿਰ ਨਹੀਂ ਰੁਕਣਾ ਪਿਆ।"

ਮੈਂ - "ਅੱਛਾ।"

ਸਪੈਹਿਣ - "ਜੇ ਤੁਹਾਨੂੰ ਪਤਾ ਲੱਗ ਗਿਆ ਸੀ ਤਾਂ ਅੱਗੇ ਪਿਛੇ ਹੋ ਜਾਂਦੇ।"

ਮੈਂ - "ਨਹੀਂ ਬੀਬੀ, ਅਗੇ ਪਿਛੇ ਹੋਣ ਦੀ ਕੀ ਲੋੜ ਸੀ? ਮੈਂ ਕਿਹੜਾ ਖੋਤੀ ਨੂੰ ਹੱਥ

ਲਾ ਦਿੱਤਾ। ਏਦਾਂ ਅੱਗੇ ਪਿਛੇ ਹੋ ਕੇ ਕਿੰਨਾ ਚਿਰ ਕੰਮ ਚਲੂ?" ਫਿਰ ਉਹ ਮੇਰੇ ਤੋਂ ਥੋੜ੍ਹਾ ਪਰ੍ਹੇ ਹੋ ਗਏ ਤੇ ਆਪਸ ਵਿਚ ਗੱਲਾਂ ਕਰਨ ਲੱਗ ਪਏ। ਉਹ ਗੱਲਾਂ ਮੈਨੂੰ ਨਹੀਂ ਸੁਣੀਆਂ। ਦਸ ਕੁ ਮਿੰਟ ਬਾਅਦ ਉਹ ਕੁੜੀ ਫਿਰ ਆਈ ਤੇ ਕਹਿਣ ਲੱਗੀ "ਭਾਅ ਜੀ, ਗਲਾਸ ਫੜਾਓ, ਮੈਂ ਤੁਹਾਨੂੰ ਪਾਣੀ ਲਿਆ ਕੇ ਦਿਆਂ"। ਮੈਂ ਗਲਾਸ ਫੜਾ ਦਿੱਤਾ ਤੇ ਉਹ ਲੈ ਕੇ ਚਲੀ ਗਈ। ਉਹ ਕੁੜੀ ਜਿੰਨੀ ਵੇਖਣ ਨੂੰ ਸੋਹਣੀ ਸੀ, ਓਨਾਂ ਹੀ ਉਸ ਦਾ ਦਿਲ ਸਾਫ ਸੀ। ਕਿਉਂਕਿ ਜੋ ਗੱਲਾਂ ਉਸ ਨੇ ਮੈਨੂੰ ਬਾਅਦ ਵਿਚ ਦੱਸੀਆਂ, ਉਨ੍ਹਾਂ ਨਾਲ ਉਸ ਦੀ ਨੌਕਰੀ ਵੀ ਜਾ ਸਕਦੀ ਸੀ ਤੇ ਤਕੜਾ ਐਕਸ਼ਨ ਵੀ ਉਸ 'ਤੇ ਲਿਆ ਜਾ ਸਕਦਾ ਸੀ।

ਥੋੜੀ ਦੇਰ ਬਾਅਦ ਉਹ ਕਾਹਲੇ-ਕਾਹਲੇ ਕਦਮਾਂ ਨਾਲ ਖਾਲੀ ਗਲਾਸ ਲਈ ਹੀ ਮੁੜ ਆਈ। ਉਸ ਨੇ ਆਉਂਦੀ ਨੇ ਆਖਿਆ, "ਭਾਅ ਜੀ, ਬਹੁਤ ਵੱਡੇ ਸੀ.ਬੀ.ਆਈ. ਦੇ ਅਫ਼ਸਰ ਆਏ ਆ, ਪਾਣੀ ਤੁਹਾਨੂੰ ਇਸ ਕਰਕੇ ਨਹੀਂ ਦੇਂਦੇ, ਕਿਉਂਕਿ ਉਨ੍ਹਾਂ ਨੇ ਤੁਹਾਨੂੰ ਬਿਜਲੀ ਦੇ ਕਰੰਟ ਲਾਉਣ ਦਾ ਪ੍ਰਬੰਧ ਕੀਤਾ ਹੋਇਆ ਹੈ। ਜਦੋਂ ਮੈਂ ਗਲਾਸ ਪਾਣੀ ਨਾਲ ਭਰ ਲਿਆ ਤਾਂ ਸਾਡੇ ਐਸ.ਐਚ.ਓ. ਸਾਹਿਬ ਨੇ ਆਖਿਆ, ਜੇ ਪਾਣੀ ਸਰਦਾਰ ਹੋਰਾਂ ਨੂੰ ਦੇਣਾ ਹੈ ਤਾਂ ਉਨ੍ਹਾਂ ਨੂੰ ਨਾ ਦੇਈਂ। ਪਾਣੀ ਪੀ ਕੇ ਔਖੇ ਹੋਣਗੇ।" ਮੈਂ ਪੁਛਿਆ, "ਕਿਉਂ? ਪਾਣੀ ਨਾਲ ਕੀ ਔਖਿਆਈ ਹੋ ਜਾਊ?" ਤਾਂ ਉਨ੍ਹਾਂ ਦਾ ਕਹਿਣਾ ਸੀ, "ਪਾਣੀ ਪੀਤਾ ਹੋਵੇ ਤਾਂ ਬੰਦੇ ਨੂੰ ਉਲਟੀਆਂ ਆਉਂਦੀਆਂ ਹਨ"। ਮੈਂ ਵੇਖਿਆ ਉਹ ਕੁੜੀ ਕੰਬ ਰਹੀ ਸੀ। ਫਿਰ ਉਸ ਨੇ ਅੱਖਾਂ ਵਿਚ ਗਲੇਡੂ ਭਰ ਕੇ ਆਖਿਆ "ਸ਼ਾਇਦ...." ਤੇ ਫਿਰ ਉਸ ਕੋਲੋਂ ਹੋਰ ਨਾ ਬੋਲਿਆ ਗਿਆ ਤੇ ਉਹ ਰੋਣ ਲੱਗ ਪਈ ਤੇ ਅੱਖਾਂ ਅੱਗੇ ਘੁੱਟ ਕੇ ਚੁੰਨੀ ਕਰ ਲਈ। ਮੈਂ ਉਸ ਨੂੰ ਦਿਲਾਸਾ ਦਿੱਤਾ ਤੇ ਕਿਹਾ "ਬੀਬਾ, ਜੋ ਵਾਹਿਗੁਰੂ ਨੂੰ ਮਨਜ਼ੂਰ ਹੈ, ਹੋਣਾ ਉਹ ਹੀ ਹੈ, ਤੂੰ ਦਿਲ ਛੋਟਾ ਨਾ ਕਰ। ਅੱਛਾ ਤੂੰ ਕੀ ਦੱਸਣ ਲੱਗੀ ਸੀ?" ਮੈਂ ਜਲਦੀ ਤੋਂ ਜਲਦੀ ਉਹ ਜਾਣਕਾਰੀ ਚਾਹੁੰਦਾ ਸੀ, ਜਿਸ ਨੇ ਉਸ ਪੁਲਿਸ ਵਾਲੀ ਕੁੜੀ ਨੂੰ ਰੁਆ ਦਿੱਤਾ ਸੀ। ਕਿਉਂਕਿ ਪੁਲਿਸ ਵਿਚ ਭਰਤੀ ਕੁੜੀ ਬੰਦਿਆਂ ਵਰਗੀ ਹੀ ਹੁੰਦੀ ਹੈ ਪਰ ਇਹ ਤਾਂ ਬਹੁਤ ਰੋ ਰਹੀ ਸੀ। ਉਸ ਨੇ ਛੇਤੀ ਨਾਲ ਅੱਖਾਂ ਪੂੰਝੀਆਂ ਤੇ ਆਖਿਆ "ਤੁਹਾਨੂੰ ਬੁੱਚੜਾਂ ਵਾਂਗ ਕੋਹਣਾ ਹੈ। ਪੁੱਠਾ ਲਟਕਾਉਣ ਨਾਲ ਵੀ ਪਾਣੀ ਪੀਤਿਆਂ ਉਲਟੀ ਆਉਂਦੀ ਹੈ" ਤੇ ਫਿਰ ਉਹ ਕਾਹਲੀ ਕਦਮਾਂ ਨਾਲ, ਨਾਲ ਦੀ ਹਵਾਲਾਤ, ਜਿਥੇ ਉਸ ਦੀ ਡਿਊਟੀ ਸੀ, ਉਥੇ ਜਾ ਕੇ ਖੜੀ ਹੋ ਗਈ।

ਬਹੁਤੀ ਰੋਸ਼ਨੀ ਦਾ ਫਾਇਦਾ ਮੈਨੂੰ ਇਹ ਜ਼ਰੂਰ ਹੋਇਆ ਕਿ ਮੇਰੀ ਨੀਂਦ ਉਚਟ ਗਈ ਸੀ ਤੇ ਹੁਣ ਮੈਨੂੰ ਨੀਂਦ ਤੰਗ ਨਹੀਂ ਸੀ ਕਰ ਰਹੀ ਸਗੋਂ ਕੰਪੋਜ ਨਸ਼ੇ ਜਿਹੇ ਦਾ ਕੰਮ ਕਰ ਰਹੀ ਸੀ, ਜੋ ਉਸ ਵੇਲੇ ਮੇਰੇ ਲਈ ਫਾਇਦੇਮੰਦ ਸੀ। ਕੋਈ ਦਸ ਕੁ ਮਿੰਟ ਬਾਅਦ ਹੱਥਕੜੀਆਂ ਫਿਰ ਛਣਕ ਪਈਆਂ ਤੇ ਭਾਰੇ ਬੂਟਾਂ ਦੀ ਅਵਾਜ਼ ਬਰਾਂਡੇ ਵਿਚੋਂ ਹਵਾਲਾਤ ਵੱਲ ਵਧਣ ਲੱਗ ਪਈ। ਫਿਰ ਉਸੇ ਹੀ ਤਰ੍ਹਾਂ ਹੱਥਕੜੀਆਂ ਹਵਾਲਾਤ ਦੇ ਅੰਦਰ ਹੀ ਲੱਗੀਆਂ ਤੇ ਮੈਂ ਹਥਿਆਰਬੰਦ ਦਸਤੇ ਨਾਲ ਘਿਰਿਆ ਇਕ ਕਮਰੇ ਵੱਲ ਜਾ ਰਿਹਾ ਸੀ।

ਇਹ ਤਿੰਨ ਅਫ਼ਸਰ ਨਵੇਂ ਸਨ ਤੇ ਮੇਰੇ ਜਾਣ ਤੋਂ ਪਹਿਲਾਂ ਬਹੁਤ ਰੁਝੇ ਹੋਏ ਕੁਝ ਲਿਖ ਰਹੇ ਸਨ। ਮੇਰੇ ਜਾਣ 'ਤੇ ਇਕ ਨੇ ਸਿਰ ਉਤਾਂਹ ਚੁਕਿਆ ਤੇ ਹੱਥ ਨਾਲ ਕੁਰਸੀ ਵੱਲ ਇਸ਼ਾਰਾ ਕੀਤਾ, ਜਿਸ ਦਾ ਮਤਲਬ ਸੀ ਬੈਠ ਜਾਓ। ਦੋ ਸਿਪਾਹੀ ਮੇਰੀ ਕੁਰਸੀ ਨਾਲ ਖੜੇ ਹੋ ਗਏ ਤੇ ਬਾਕੀ ਸੱਤ-ਅੱਠ ਨੇ ਦਰਵਾਜੇ ਅਗੇ ਪੋਜੀਸ਼ਨਾਂ ਲੈ ਲਈਆਂ। ਕਾਫੀ ਦੇਰ ਤੱਕ

ਉਨ੍ਹਾਂ ਅਫ਼ਸਰਾਂ ਨੇ ਮੈਨੂੰ ਨਹੀਂ ਬੁਲਾਇਆ ਤੇ ਆਪਣਾ ਕੰਮ ਹੀ ਕਰਦੇ ਰਹੇ। ਫਿਰ ਮੈਨੂੰ ਇਕ ਸ਼ਰਾਰਤ ਸੁਝੀ ਕਿ ਕਿਉਂ ਨਾ ਪਾਣੀ ਇਨ੍ਹਾਂ ਕੋਲੋਂ ਮੰਗਿਆ ਜਾਵੇ, ਵੇਖੀਏ ਭਲਾ ਕੀ ਆਖਦੇ ਹਨ?

ਮੈਂ ਛੋਟਾ ਜਿਹਾ ਖਰ੍ਹੂਰਾ ਮਾਰ ਕੇ ਗਲ ਸਾਫ ਕੀਤਾ ਤੇ ਫਿਰ ਕਿਹਾ "ਸ੍ਰੀ ਮਾਨ ਜੀ, ਇਕ ਗਲਾਸ ਪਾਣੀ...." ਪਾਣੀ ਦਾ ਨਾਂ ਸੁਣਦਿਆਂ ਹੀ ਉਹ ਸਾਰੇ ਇਕ ਦੂਜੇ ਵੱਲ ਵੇਖਣ ਲੱਗ ਪਏ ਤੇ ਫਿਰ ਇਕ ਨੇ ਮੇਰੇ ਵੱਲ ਮੂੰਹ ਕਰਕੇ ਆਖਿਆ "ਸਿਰਫ ਦੋ ਮਿੰਟ ਰੁਕੋ, ਹੁਣੇ ਮੰਗਵਾਉਂਦੇ ਹਾਂ"। ਇਸ ਤੋਂ ਅੱਗੇ ਮੈਂ ਨਾ ਬੋਲਿਆ ਤੇ ਫਿਰ ਉਸੇ ਤਰ੍ਹਾਂ ਹੀ ਕਮਰੇ ਵਿਚ ਖਾਮੋਸ਼ੀ ਛਾ ਗਈ। ਕੋਈ ਪੰਦਰਾਂ-ਵੀਹ ਮਿੰਟ ਏਸੇ ਤਰ੍ਹਾਂ ਹੀ ਲੰਘ ਗਏ ਫੇਰ ਇਕ, ਜੋ ਸੀਨੀਅਰ ਲੱਗਦਾ ਸੀ, ਮੇਰੇ ਵੱਲ ਮੂੰਹ ਕਰਕੇ ਬੋਲਿਆ।

ਅਫ਼ਸਰ - "ਸਰਦਾਰ ਸਾਹਿਬ, ਤੁਹਾਡਾ ਨਾਂ?"

ਮੈਂ - "ਕੁਲਬੀਰ ਸਿੰਘ।"

ਅਫ਼ਸਰ - "ਕਿਥੇ ਰਿਹਾਇਸ਼? ਕਿੰਨੇ ਪੜ੍ਹੇ ਹੋ? ਕਿੰਨੀ ਜ਼ਮੀਨ? ਕਿੰਨੇ ਬੱਚੇ? ਕੀ ਕੀ ਨਾਂ? ਚਾਚੇ? ਤਾਏ? ਮਾਮੇ? ਮਾਸੀ? ਭੈਣਾਂ ਵਗੈਰਾ ਵਗੈਰਾ ਬਿਲਕੁਲ ਉਹੋ ਹੀ ਗੱਲਾਂ ਜੋ ਪਹਿਲੇ ਅਫ਼ਸਰ ਪੁੱਛ ਕੇ ਗਏ ਸਨ। ਕੋਈ ਖਾਸ ਨਵੀਂ ਗੱਲ ਨਹੀਂ ਸੀ। ਉਹ ਪੁੱਛੀ ਜਾਂਦੇ ਸਨ ਤੇ ਮੈਂ ਜੁਆਬ ਦੇਈ ਜਾਂਦਾ ਸਾਂ। ਦੋ ਅਫ਼ਸਰ ਪੁਛਦੇ ਸਨ, ਤੀਸਰੇ ਨੇ ਉਸ ਬੈਠਕ ਵਿਚ ਇਕ ਵੀ ਗੱਲ ਨਹੀਂ ਕੀਤੀ ਤੇ ਚੁੱਪ ਚਾਪ ਪਿੱਛੇ ਬੈਠਾ ਸੁਣਦਾ ਰਿਹਾ। ਸਾਰੀ ਗੱਲਬਾਤ ਵਿਚ ਉਸ ਨੇ ਇਸ਼ਾਰੇ ਵਜੋਂ ਵੀ ਆਪਣਾ ਕੋਈ ਅੰਗ ਨਹੀਂ ਸੀ ਹਿਲਾਇਆ। ਇਹ ਮੇਰੇ ਲਈ ਥੋੜ੍ਹਾ ਹੈਰਾਨੀ ਵਾਲੀ ਗੱਲ ਸੀ। ਫਿਰ ਮੈਂ ਸਮਝਿਆ ਸ਼ਾਇਦ ਦੋ ਅਫ਼ਸਰ ਹੋਣ ਤੇ ਇਹ ਐਵੇਂ ਹੀ ਨਾਲ ਆ ਗਿਆ ਹੋਵੇ। ਫਿਰ ਉਨ੍ਹਾਂ ਵਿਚੋਂ ਇਕ ਨੇ ਕਿਹਾ, "ਸਰਦਾਰ ਸਾਹਿਬ, ਮੇਰੀ ਇਕ ਨਿੱਜੀ ਰਾਇ ਹੈ, ਜੇ ਤੁਸੀਂ ਆਖੋ ਤਾਂ ਦਿਆਂ।"

ਮੈਂ ਹੱਸ ਕੇ, "ਹਾਂ ਜੀ, ਰਾਏ ਲੈਣ ਵਾਸਤੇ ਤਾਂ ਕਈ ਵਾਰੀ ਬੜਾ-ਬੜਾ ਖਰਚ ਕਰਨਾ ਪੈਂਦਾ ਹੈ ਤੇ ਤੁਸੀਂ ਮੁਫਤ ਵਿਚ ਹੀ ਰਾਏ ਦੇ ਰਹੇ ਹੋ, ਇਹ ਤਾਂ ਮੇਰੇ ਲਈ ਬੜੀ ਚੰਗੀ ਗੱਲ ਹੈ।"

ਅਫ਼ਸਰ - "ਰਾਏ ਲੈਣ ਲਈ ਖਰਚ ਕਾਹਦਾ ਕਰਨਾ ਪੈਂਦਾ ਹੈ?"

ਮੈਂ - "ਜਨਾਬ, ਵਕੀਲਾਂ ਕੋਲੋਂ ਸਲਾਹ ਪੁੱਛਣ ਹੀ ਜਾਈਦੀ ਏ ਤਾਂ ਉਹ ਸਲਾਹ ਦੇਣ ਦੇ ਈ ਪੈਸੇ ਲੈ ਲੈਂਦੇ ਹਨ।" ਮੇਰਾ ਜੁਆਬ ਸੁਣ ਕੇ ਅਫ਼ਸਰ ਸ਼ਾਂਤ ਹੋ ਗਿਆ ਨਹੀਂ ਤਾਂ ਪਹਿਲਾਂ ਉਹ ਕੁਝ ਔਖਾ ਵਿਖਾਈ ਦੇਂਦਾ ਸੀ ਤੇ ਦੂਸਰਾ ਅਫ਼ਸਰ ਖੁੱਲ੍ਹ ਕੇ ਹਸਿਆ ਤੇ ਨਾਲੇ ਕਿਹਾ, "ਹਾਂ, ਇਹ ਗੱਲ ਬਿਲਕੁਲ ਠੀਕ ਹੈ।"

ਅਫ਼ਸਰ - "ਰਾਏ ਇਹ ਹੈ ਕਿ ਕਈ ਵਾਰ ਬੰਦਾ ਕੋਈ ਕੰਮ ਕਿਸੇ ਜਜ਼ਬੇ ਅਧੀਨ ਕਰਦਾ ਹੈ, ਹੋ ਸਕਦਾ ਹੈ ਸਿੱਖ ਹੋਣ ਨਾਤੇ ਤੁਸਾਂ ਪੰਥਕ ਜਜ਼ਬੇ ਥੱਲੇ ਕੋਈ ਕੰਮ ਕੀਤਾ ਹੋਵੇ, ਜੇ ਤੁਸੀਂ ਆਪ ਹੀ ਗੱਲ ਸਾਫ ਕਰ ਦਿਓ ਤਾਂ ਅਸੀਂ ਤੁਹਾਡੀ ਬੜੀ ਮਦਦ ਕਰ ਸਕਦੇ ਹਾਂ।" ਇਹ ਗੱਲ ਸੁਣਦਿਆਂ ਸਾਰ ਹੀ ਮੈਂ ਬੜਾ ਚੌਕਸ ਹੋ ਗਿਆ ਤੇ ਮੈਨੂੰ ਸਮਝ ਲੱਗ ਗਈ ਕਿ ਇਹ ਚਾਣਕੀਆ ਵਾਲੀ ਸਾਮ, ਦਾਮ, ਦੰਡ ਅਤੇ ਭੇਦ ਦੀ ਨੀਤੀ ਹੈ। ਇਹ ਅਫ਼ਸਰ ਹਰ ਹੱਥਕੰਡਾ ਵਰਤਣਗੇ। ਜਿਸ ਤਰ੍ਹਾਂ ਚੰਦਰ ਗੁਪਤ ਮੋਰੀਆ ਦੇ ਗੁਰੂ ਚਾਣਕੀਆ ਨੇ ਉਸ ਨੂੰ ਸਮਝਾਇਆ ਸੀ ਕਿ ਪਹਿਲਾਂ ਪਿਆਰ ਨਾਲ ਕੰਮ ਕਢੋ, ਫੇਰ

ਦਾਮ, ਅਰਥਾਤ ਪੈਸੇ ਦੇ ਕੇ ਕੰਮ ਕੱਢ ਲਓ, ਅਰਥਾਤ ਲਾਲਚ ਨਾਲ ਕੰਮ ਲਓ। ਜੇ ਫੇਰ ਵੀ ਕੰਮ ਨਾ ਬਣੇ ਤਾਂ ਦੰਡ ਦਿਓ। ਜਿਸ ਦਾ ਸਿੱਧਾ ਅਰਥ ਪੰਜਾਬੀ ਵਿਚ ਬਣਦਾ ਹੈ ਕੁੱਟੋ ਮਾਰੋ, ਜੇ ਫੇਰ ਵੀ ਗੱਲ ਨਹੀਂ ਬਣਦੀ ਤਾਂ ਭੇਦ ਲਓ। ਭੇਦ ਲੈਣ ਨਾਲ ਬਹੁਤ ਸਾਰੀਆਂ ਗੱਲਾਂ ਅਗੇ ਆ ਜਾਂਦੀਆਂ ਹਨ। ਸੋ ਮੈਂ ਸਮਝ ਗਿਆ ਸਾਂ ਕਿ ਇਹ ਅਜੇ ਪਹਿਲੀ ਨੀਤੀ ਹੈ।

ਮੈਂ – ਗਲਾ ਸਾਫ ਕਰਕੇ ਕੁਰਸੀ ਨਾਲੋਂ ਢੋਅ ਹਟਾ ਕੇ ਕਿਹਾ, "ਨਹੀਂ ਜੀ, ਏਹੋ ਜਿਹੀ ਕੋਈ ਗੱਲ ਨਹੀਂ। ਸੱਚ ਪੁਛੋ ਤਾਂ ਮੈਨੂੰ ਇਹ ਵੀ ਨਹੀਂ ਪਤਾ ਕਿ ਤੁਸੀਂ ਮੈਨੂੰ ਕਾਹਦੀ ਪੁੱਛ-ਗਿੱਛ ਕਰ ਰਹੇ ਹੋ। ਪਹਿਲੇ ਅਫ਼ਸਰ ਸਾਹਿਬਾਨ ਨੇ ਵੀ ਇਹ ਸਵਾਲ ਹੀ ਪੁੱਛੇ ਹਨ। ਇਹ ਨਹੀਂ ਦੱਸਿਆ ਕਿ ਗੱਲ ਕੀ ਹੈ, ਜਿਸ ਵਾਸਤੇ ਮੈਨੂੰ ਫੜਿਆ ਹੋਇਆ ਹੈ?"

ਅਫ਼ਸਰ – "ਗੱਲ ਵੀ ਦੱਸ ਦਿਆਂਗੇ, ਪਹਿਲਾਂ ਤੁਸੀਂ ਤਾਂ ਕੁਝ ਦਸੋ?"

ਮੈਂ – "ਜਿੰਨਾ ਚਿਰ ਮੈਨੂੰ ਗੱਲ ਦਾ ਪਤਾ ਨਾ ਹੋਵੇ ਮੈਂ ਕੀ ਦੱਸਾਂ?"

ਅਫ਼ਸਰ – "ਜੇ ਅਸੀਂ, ਤੁਹਾਨੂੰ ਦੱਸ ਦੇਈਏ ਕਿ ਤੁਸੀਂ ਦੇਸ਼ ਦੇ ਵਿਰੁੱਧ ਕੰਮ ਕੀਤਾ ਹੈ ਤਾਂ ਤੁਸੀਂ ਇਹ ਦਸੋਗੇ ਕਿ ਉਹ ਕੀ ਕੰਮ ਹੈ ਜੋ ਤੁਸੀਂ ਕੀਤਾ ਹੈ।" ਹੁਣ ਇਹ ਇਕ ਅਜੀਬ ਕਿਸਮ ਦੀ ਗੱਲ ਸੀ ਨਾ ਇਹ ਸਵਾਲ ਸੀ ਨਾ ਸੁਝਾਅ ਤੇ ਨਾ ਹੀ ਕੋਈ ਗੱਲ। ਇਕ ਵਾਰੀ ਤਾਂ ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਇਸ ਨੇ ਸ਼ਰਾਬ ਪੀਤੀ ਹੋਈ ਹੋਵੇ, ਕਿਉਂਕਿ ਗੱਲ ਬਿਲਕੁਲ ਬੇਥਵੀ ਸੀ, ਜਿਸ ਦਾ ਕੋਈ ਵੀ ਜੁਆਬ ਮੇਰੇ ਕੋਲ ਨਹੀਂ ਸੀ। ਜਦੋਂ ਦੂਸਰੇ ਅਫ਼ਸਰ ਨੇ ਵੀ ਇਹ ਹੀ ਗੱਲ ਦੁਹਰਾਈ ਤਾਂ ਮੈਨੂੰ ਸਮਝ ਲੱਗੀ ਕਿ ਇਹ ਤਾਂ ਬੜੀ ਕੁਚਾਲ ਚੱਲ ਰਹੇ ਹਨ।

ਮੈਂ – "ਪਰ ਤੁਸੀਂ ਇਹ ਤਾਂ ਦੱਸੋਗੇ ਹੀ ਕਿ ਮੈਂ ਦੇਸ਼ ਦੇ ਵਿਰੁੱਧ ਕੀ ਕੀਤਾ ਹੈ?"

ਅਫ਼ਸਰ – "ਇਹ ਹੀ ਤਾਂ ਅਸੀਂ ਤੁਹਾਨੂੰ ਪੁਛਦੇ ਹਾਂ। ਜੇ ਅਸਾਂ ਹੀ ਦੱਸਣਾ ਹੁੰਦਾ ਤਾਂ ਤੁਹਾਨੂੰ ਫੜਨ ਤੋਂ ਬਗੈਰ ਨਾ ਦੱਸ ਦੇਂਦੇ?"

ਮੈਂ – ਨਸ਼ੇ ਵਰਗੇ ਲੋਰ ਤੇ ਦਲੇਰੀ ਦੇ ਜਜ਼ਬੇ ਥੱਲੇ ਇਹ ਭੁੱਲ ਹੀ ਗਿਆ ਕਿ ਗੱਲ ਬਹੁਤ ਹਿਸਾਬ ਨਾਲ ਕਰਨੀ ਹੈ। ਮੈਂ ਇਕ ਦਮ ਭੜਕ ਪਿਆ ਅਤੇ ਦੋਹਾਂ ਵੱਲ ਮੂੰਹ ਕਰਕੇ ਕਿਹਾ "ਕਮਾਲ ਦੀ ਗੱਲ ਹੈ? ਤੁਹਾਡੀ ਗੱਲਬਾਤ ਵਿਚ ਪੁੱਛ-ਗਿੱਛ ਘੱਟ ਹੈ ਤੇ ਬੁਝਾਰਤਾਂ ਜ਼ਿਆਦਾ ਹਨ। ਜਦੋਂ ਮੈਨੂੰ ਪਤਾ ਹੀ ਨਹੀਂ ਕਿ ਮੈਂ ਕੀ ਕਸੂਰ ਕੀਤਾ ਹੈ ਤਾਂ ਤੁਹਾਨੂੰ ਦੱਸਾਂ ਕੀ? ਤੇ ਜਦੋਂ ਤੁਹਾਨੂੰ ਆਪ ਨੂੰ ਹੀ ਨਹੀਂ ਪਤਾ ਕਿ ਮੈਂ ਕੀ ਕੀਤਾ ਹੈ ਤਾਂ ਤੁਸਾਂ ਇਕ ਸ਼ਰੀਫ ਆਦਮੀ ਨੂੰ ਫੜ ਕਿਵੇਂ ਲਿਆ? ਫੜਨ ਵੇਲੇ ਤਾਂ ਸਾਰੇ ਚੰਡੀਗੜ੍ਹ ਦੀ ਪੁਲਿਸ ਭੇਜ ਦਿੱਤੀ ਤੇ ਇਹ ਪਤਾ ਹੀ ਨਹੀਂ ਕਿ ਕਾਹਦੇ ਵਾਸਤੇ ਫੜ ਰਹੇ ਹਾਂ? ਇਹ ਵੀ ਮੈਂ ਹੀ ਦੱਸਾਂ, ਦੇਸ਼ ਦੇ ਵਿਰੁੱਧ ਕਿਹੜਾ ਹਵਾਈ ਹਮਲਾ ਕਰ ਦਿੱਤਾ ਹੈ?" ਤੇ ਫਿਰ ਮੈਂ ਚੁੱਪ ਹੋ ਗਿਆ ਤੇ ਅਰਾਮ ਨਾਲ ਢੋਅ ਲਾ ਕੇ ਪ੍ਰਤੀਕਰਮ ਵਾਸਤੇ ਦੋਹਾਂ ਅਫ਼ਸਰਾਂ ਵੱਲ ਵੇਖਣ ਲੱਗ ਪਿਆ, ਜੋ ਪਹਿਲਾਂ ਹੀ ਮੇਰੇ ਮੂੰਹ ਵੱਲ ਧਿਆਨ ਨਾਲ ਵੇਖ ਰਹੇ ਸਨ। ਕੁਝ ਦੇਰ ਸਾਰੇ ਚੁੱਪ ਰਹੇ ਫੇਰ ਇਕ, ਜੋ ਅਗੇ ਘੱਟ ਬੋਲਿਆ ਸੀ, ਉਠਿਆ ਤੇ ਮੇਰੀ ਕੁਰਸੀ ਕੋਲ ਆ ਕੇ ਖੜ੍ਹਾ ਹੋ ਗਿਆ। ਫਿਰ ਉਸ ਨੇ ਹੱਥ ਵਧਾ ਕੇ ਆਪਣੀ ਕੁਰਸੀ ਖਿਚੀ, ਜਿਸ ਤੋਂ ਉਹ ਉਠਿਆ ਸੀ, ਨੇੜੇ ਕੀਤੀ ਤੇ ਬੈਠ ਗਿਆ, ਬਿਲਕੁਲ ਉਸ ਤਰ੍ਹਾਂ ਜਿਵੇਂ ਕੋਈ ਰਿਸ਼ਤੇਦਾਰ ਖਾਸ ਸਲਾਹ ਕਰਨ ਵਾਸਤੇ ਬੈਠਦਾ ਹੈ। ਫਿਰ ਉਸ ਨੇ ਹੌਲੀ ਜਿਹੀ ਇਕ ਕਾਗਜ ਕਢਿਆ ਤੇ ਪੁਛਿਆ :

ਅਫ਼ਸਰ - "ਇਹ ਟੈਲੀਫੋਨ ਨੰਬਰ ਤੁਹਾਡਾ ਹੈ?"

ਮੈਂ - "ਹਾਂ ਜੀ।"

ਅਫ਼ਸਰ - "ਏਥੋਂ ਕੁਝ ਕਾਲਾਂ ਹੋਈਆਂ ਹਨ ਬਾਹਰ ਦੀਆਂ, ਖਾਸ ਕਰ ਕੈਨੇਡਾ ਦੀਆਂ, ਇਹ ਸਾਰੀ ਪੁੱਛ ਗਿੱਛ ਏਸੇ ਵਾਸਤੇ ਹੀ ਹੈ।"

ਮੈਂ - "ਮੈਂ, ਆਪ ਨੂੰ ਪਹਿਲਾਂ ਦੱਸ ਚੁੱਕਾ ਹਾਂ ਕਿ ਮੇਰਾ ਰਿਸ਼ਤੇਦਾਰ ਬਾਹਰ ਰਹਿੰਦਾ ਹੈ ਤੇ ਮੈਂ ਉਸ ਨੂੰ ਕਈ ਵਾਰ ਕਾਲਾਂ ਕੀਤੀਆਂ ਹਨ।"

ਅਫ਼ਸਰ - "ਇਹ ਤੁਸੀਂ ਕਿਸ ਨੂੰ ਦਸਿਆ ਹੈ?"

ਮੈਂ - "ਆਪ ਤੋਂ ਪਹਿਲਾਂ ਜੋ ਅਫ਼ਸਰ ਆਏ ਸਨ, ਮੈਂ ਉਨ੍ਹਾਂ ਨੂੰ ਆਪਣੇ ਰਿਸ਼ਤੇਦਾਰ ਦਾ ਟੈਲੀਫੋਨ ਨੰਬਰ ਤੇ ਪਤਾ ਵੀ ਦਿੱਤਾ ਹੈ।"

ਅਫ਼ਸਰ - "ਉਥੇ ਵੀ ਕਦੀ ਤੁਹਾਨੂੰ ਟੈਲੀਫੋਨ ਆਏ ਹਨ?"

ਮੈਂ - "ਹਾਂ ਜੀ ਕਈ ਵਾਰੀ।"

ਅਫ਼ਸਰ - "ਆਮ ਤੌਰ 'ਤੇ ਟੈਲੀਫੋਨ ਦਿਨੇ ਆਉਂਦੇ ਹਨ ਕਿ ਰਾਤ ਨੂੰ?"

ਮੈਂ - "ਕਈ ਵਾਰ ਦਿਨੇ ਆਉਂਦੇ ਹਨ, ਕਈ ਵਾਰੀ ਰਾਤ ਨੂੰ। ਟੈਲੀਫੋਨ ਘਰ ਹੀ ਹੁੰਦਾ ਹੈ, ਜਦੋਂ ਵੀ ਆਵੇ ਸੁਣ ਲਈਦਾ ਹੈ।"

ਫਿਰ ਉਹ ਆਪਣੀ ਕੁਰਸੀ ਤੋਂ ਉਠ ਖਲੋਤਾ ਤੇ ਆਪਣੇ ਨਾਲ ਵਾਲੇ ਨੂੰ ਕਿਹਾ "ਠੀਕ ਹੈ, ਉਹ ਮੰਨਦੇ ਹਨ ਕਿ ਟੈਲੀਫੋਨ ਆਏ ਵੀ ਹਨ ਤੇ ਕੀਤੇ ਵੀ ਹਨ।" ਦੂਸਰਾ ਬੋਲਿਆ "ਹਾਂ ਠੀਕ ਹੈ, ਬੱਸ ਠੀਕ ਹੈ।" ਫਿਰ ਉਹ ਮੇਰੇ ਵੱਲ ਮੂੰਹ ਕਰਕੇ ਕਹਿਣ ਲੱਗਾ "ਅੱਛਾ ਸਰਦਾਰ ਸਾਹਿਬ ਹੁਣ ਤੁਸੀਂ ਅਰਾਮ ਕਰੋ, ਸਵੇਰੇ ਸਾਡੇ ਵੱਡੇ ਅਫ਼ਸਰ ਆਉਣਗੇ, ਉਨ੍ਹਾਂ ਨੂੰ ਸਾਰੀ ਗੱਲ ਸਚੋ ਸੱਚ ਦੱਸ ਦੇਣੀ।"

ਮੈਂ - "ਮੈਂ ਤਾਂ ਤੁਹਾਨੂੰ ਵੀ ਸੱਚੀ ਹੀ ਦੱਸੀ ਹੈ।"

ਅਫ਼ਸਰ - "ਹਾਂ ਏਸੇ ਤਰ੍ਹਾਂ ਹੀ" ਤੇ ਫਿਰ ਹੱਸ ਪਿਆ। ਉਨ੍ਹਾਂ ਦੇ ਉਠਣ ਦੀ ਦੇਰ ਸੀ ਕਿ ਪੁਲਿਸ ਸਾਵਧਾਨ ਹੋ ਗਈ ਤੇ ਫਿਰ ਹਵਾਲਾਤ ਵੱਲ ਸਾਰੇ ਖੜੱਪ ਖੜੱਪ ਕਰਦੇ ਤੁਰ ਪਏ। ਹਵਾਲਾਤ ਕੋਲ ਪਹੁੰਚ ਕੇ ਮੈਂ ਉਸ ਕੁੜੀ ਵੱਲ ਵੇਖਿਆ ਤੇ ਥੋੜ੍ਹਾ ਮੁਸਕਰਾਇਆ। ਪਹਿਲੇ ਸਿਪਾਹੀ ਦੀ ਡਿਊਟੀ ਖਤਮ ਹੋ ਕੇ ਨਵਾਂ ਸੰਤਰੀ ਆ ਗਿਆ ਸੀ ਪਰ ਉਹ ਕੁੜੀ ਦੂਹਰੀ ਡਿਊਟੀ ਦੇ ਰਹੀ ਸੀ, ਜਿਸ ਨੇ ਉਸ ਦੀ ਥਾਂ 'ਤੇ ਆਉਣਾ ਸੀ, ਉਹ ਅਚਾਨਕ ਛੁੱਟੀ ਲੈ ਕੇ ਆਪਣੇ ਘਰ ਵਾਪਸ ਚਲੀ ਗਈ ਸੀ। ਹੁਣ ਵਾਲਾ ਸੰਤਰੀ ਹਰਿਆਣਵੀ ਤੇ ਬੜਾ ਖੁਸ਼ਦਿਲ ਜਿਹਾ ਸੀ। ਹਵਾਲਾਤ ਵਿਚ ਬੰਦ ਹੋਣ ਤੋਂ ਬਾਅਦ ਬਾਕੀ ਦੀ ਗਾਰਦ ਵਾਪਸ ਚਲੀ ਗਈ ਤੇ ਉਹ ਸਿਪਾਹੀ ਕੁੜੀ ਜਲਦੀ ਨਾਲ ਮੇਰੇ ਵਾਲੀ ਹਵਾਲਾਤ ਦੇ ਅੱਗੇ ਆ ਗਈ। ਮੈਂ ਚਟਾਈ 'ਤੇ ਬੈਠਾ ਉਸ ਵੱਲ ਵੇਖ ਕੇ ਮੁਸਕਰਾ ਰਿਹਾ ਸਾਂ। ਮੈਨੂੰ ਠੀਕ ਠਾਕ ਵੇਖ ਕੇ ਉਹ ਕੁੜੀ ਵੀ ਖੁਸ਼ ਹੋਈ ਤੇ ਕਹਿਣ ਲੱਗੀ "ਕੁਝ ਆਖਿਆ ਤਾਂ ਨਹੀਂ?" ਮੈਂ ਹੱਸ ਕੇ ਕਿਹਾ, "ਨਹੀਂ"। ਫਿਰ ਉਸ ਕੁੜੀ ਨੇ ਦੱਸਿਆ ਕਿ ਜਿਨ੍ਹਾਂ ਚਿਰ ਤੁਸੀਂ ਆਏ ਨਹੀਂ, ਉਸ ਦੀ ਜਾਨ ਹੀ ਨਿਕਲੀ ਰਹੀ ਤੇ ਉਹ ਅਰਦਾਸ ਕਰਦੀ ਰਹੀ। ਮੈਂ ਉਸ ਦਾ ਸ਼ੁਕਰੀਆ ਕੀਤਾ ਤੇ ਫਿਰ ਉਸ ਨੇ ਇਹ ਵਿਸ਼ਾ ਬਦਲ ਕੇ ਹੋਰ ਸ਼ੁਰੂ ਕਰ ਲਿਆ, ਜਿਵੇਂ ਚੰਡੀਗੜ੍ਹ ਸ਼ਹਿਰ ਬਾਰੇ ਤੇ ਹੋਰ ਛੋਟੀਆਂ ਮੋਟੀਆਂ ਗੱਲਾਂ। ਗੱਲਾਂ-ਗੱਲਾਂ ਵਿਚ ਹੀ ਕੁੜੀ ਨੇ ਆਖਿਆ, ਇਹ ਚੰਡੀਗੜ੍ਹ ਨਹੀਂ ਚੰਡਾਲਗੜ੍ਹ ਹੈ, ਜਿਸ ਤੋਂ ਏਨਾ ਸਿਆਪਾ ਪਿਆ ਹੋਇਆ ਹੈ। ਫਿਰ

ਉਸ ਨੇ ਦਸਿਆ ਕਿ ਉਹ ਦੋ ਵਜੇ ਤੱਕ ਡਿਊਟੀ ਦੇਵੇਗੀ, ਕਿਉਂਕਿ ਉਸ ਦੀ ਸਹੇਲੀ ਨੂੰ ਜਿਸ ਦੀ ਡਿਊਟੀ ਸੀ, ਜ਼ਰੂਰੀ ਕੰਮ ਪੈ ਗਿਆ ਸੀ। ਉਸ ਨੇ ਫਿਰ ਪੁਛਿਆ "ਪਾਣੀ ਪੀਤਾ ਹੈ ਕਿ ਨਹੀਂ" ਮੈਂ ਕਿਹਾ "ਨਹੀਂ"। "ਤੁਸਾਂ ਉਨ੍ਹਾਂ ਤੋਂ ਪਾਣੀ ਮੰਗਿਆ ਨਹੀਂ"? "ਮੰਗਿਆ ਸੀ ਪਰ ਉਹ ਟਾਲ ਗਏ"। ਫਿਰ ਉਹ ਇਕ ਪਾਸੇ ਨੂੰ ਚਲੀ ਗਈ ਤੇ ਅੱਧਾ ਕੁ ਗਲਾਸ ਪਾਣੀ ਲਿਆਈ, "ਭਾਵੇਂ ਮੈਂ ਪੂਰਾ ਗਲਾਸ ਵੀ ਲੈ ਆਉਂਦੀ ਤਾਂ ਕੋਈ ਗੱਲ ਨਹੀਂ ਸੀ ਪਰ ਮੈਂ ਜਾਣ ਕੇ ਹੀ ਘੱਟ ਲਿਆਈ ਹਾਂ" ਉਹ ਕਹਿਣ ਲੱਗੀ। ਫਿਰ ਕੁਝ ਦੇਰ ਬਾਅਦ ਮੈਂ ਲੰਮਾ ਪੈ ਗਿਆ ਤੇ ਨੀਂਦ ਆ ਗਈ। ਉਸ ਤੋਂ ਬਾਅਦ ਮੇਰੀ ਅੱਖ ਉਦੋਂ ਖੁੱਲੀ ਜਦੋਂ ਸਵੇਰੇ ਪੰਜ ਕੁ ਵਜੇ ਹੱਥਕੜੀਆਂ ਖੜਕੀਆਂ ਅਤੇ ਇਕ ਥਾਣੇਦਾਰ ਨੇ ਅਵਾਜ ਮਾਰੀ। "ਸਰਦਾਰ ਜੀ ਉਠੋ"। "ਚਲੋ ਜੀ", ਉਸੇ ਲਹਿਜੇ ਵਿਚ ਹੀ ਮੈਂ ਆਖਿਆ ਤੇ ਉਠ ਕੇ ਬੈਠ ਗਿਆ। ਹਥਕੜੀਆਂ ਲਗ ਗਈਆਂ ਤਾਂ ਮੈਨੂੰ ਖਿਆਲ ਆਇਆ ਕਿ ਮੂੰਹ ਤਾਂ ਧੋਤਾ ਹੀ ਨਹੀਂ। ਇਸ ਲਈ ਮੈਂ ਉਸ ਥਾਣੇਦਾਰ ਨੂੰ ਆਖਿਆ, "ਜੇ ਥੋੜਾ ਜਿਹਾ ਪਾਣੀ ਮਿਲ ਜਾਂਦਾ ਤਾਂ ਮੂੰਹ ਧੋ ਲੈਂਦੇ।" ਥਾਣੇਦਾਰ ਨੇ ਸਿਪਾਹੀ ਨੂੰ ਆਖਿਆ, "ਜਾ ਬਈ ਪਾਣੀ ਲਿਆ ਦੇ।" ਉਸ ਦੇ ਕਹਿਣ ਦੀ ਦੇਰ ਸੀ ਕਿ ਸਿਪਾਹੀ ਪਾਣੀ ਲੈਣ ਚਲਾ ਗਿਆ ਤੇ ਥੋੜੀ ਦੇਰ ਬਾਅਦ ਇਕ ਕਰਮੰਡਲ ਜਿਹੇ ਵਿਚ ਤਿੰਨ ਕੁ ਕਿਲੋ ਪਾਣੀ ਲੈ ਆਇਆ। ਥਾਣੇਦਾਰ ਨੂੰ ਖਿਆਲ ਆਇਆ ਕਿ ਅੰਦਰ ਟੂਟੀ ਜੁ ਲੱਗੀ ਹੋਈ ਹੈ ਤਾਂ ਉਸ ਨੇ ਮੈਨੂੰ ਆਖਿਆ "ਸਰਦਾਰ ਜੀ, ਪਾਣੀ ਲਈ ਤਾਂ ਅੰਦਰ ਟੂਟੀ ਹੈ ਭਾਵੇਂ ਇਸ਼ਨਾਨ ਕਰ ਲੈਂਦੇ।" ਮੈਂ ਹੱਸ ਕੇ, "ਨਹੀਂ ਜੀ, ਮੈਂ ਤਾਂ ਕੱਲ ਦਾ ਵੇਖਿਆ ਨਹੀਂ, ਮੇਰੇ ਆਉਣ ਤੋਂ ਪਹਿਲਾਂ ਪਾਣੀ ਚਲਦਾ ਸੀ, ਮੇਰੇ ਆਉਣ 'ਤੇ ਤਾਂ ਬੂੰਦ ਪਾਣੀ ਦੀ ਨਹੀਂ ਆਈ।" "ਅੱਛਾ!" ਥਾਣੇਦਾਰ ਹੈਰਾਨ ਹੋਇਆ ਪਰ ਫਿਰ ਜਲਦੀ ਹੀ ਸ਼ਾਇਦ ਸਮਝ ਗਿਆ ਤੇ ਇਸ ਕਰਕੇ ਚੁੱਪ ਹੋ ਗਿਆ। ਮੈਂ ਹਥਕੜੀਆਂ ਸਮੇਤ ਹੀ ਬੁਰਸ਼ ਕੀਤਾ ਤੇ ਮੂੰਹ ਧੋਤਾ। ਟੱਟੀ ਜਾਣ ਦੀ ਮੈਨੂੰ ਲੋੜ ਨਾ ਪਈ। ਰੁਮਾਲ ਨਾਲ ਮੂੰਹ ਪੂੰਝਿਆ ਤੇ ਪੁਲਿਸ ਪਾਰਟੀ ਨਾਲ ਤੁਰ ਪਿਆ। ਕਮਰਾ ਰਾਤ ਵਾਲਾ ਹੀ ਸੀ। ਪਰ ਫਰਕ ਇਹ ਸੀ ਕਿ ਫਰਨੀਚਰ ਅੱਗੇ ਨਾਲੋਂ ਚੰਗਾ ਸੀ। ਏਥੋਂ ਹੀ ਮੈਂ ਹਿਸਾਬ ਲਾਇਆ ਕਿ ਵੱਡੇ ਅਫ਼ਸਰਾਂ ਲਈ ਚੰਗਾ ਫਰਨੀਚਰ ਆਇਆ ਹੈ। ਐਸ.ਐਚ.ਓ. ਵੀ ਓਥੇ ਪਹੁੰਚਿਆ ਹੋਇਆ ਸੀ। ਦਿਨ ਅਜੇ ਨਹੀਂ ਸੀ ਚੜ੍ਹਿਆ। ਮੈਨੂੰ ਪਹਿਲਾਂ ਉਸ ਕਮਰੇ ਵਿਚ ਕੁਝ ਚਿਰ ਲਈ ਬਿਠਾਇਆ, ਫਿਰ ਉਥੋਂ ਉਠਾ ਕੇ ਐਸ.ਐਚ.ਓ. ਵਾਲੇ ਕਮਰੇ ਵਿਚ ਲੈ ਆਂਦਾ। ਓਥੇ ਸੋਫੇ 'ਤੇ ਬਿਠਾ ਦਿੱਤਾ ਤੇ ਮੈਂ ਬੈਠਾ ਸੋਚ ਰਿਹਾ ਸੀ ਕਿ ਹੁਣ ਵਾਲੇ ਅਫ਼ਸਰ ਕੀ ਪੁੱਛਣਗੇ? ਫਿਰ ਮੈਂ ਬੇਫ਼ਿਕਰ ਹੋ ਕੇ, ਸੋਫੇ ਨਾਲ ਢੋਅ ਲਾ ਕੇ ਅੱਖਾਂ ਮੀਟ ਲਈਆਂ ਤਾਂ ਮੈਨੂੰ ਅਰਾਮ ਜਿਹਾ ਮਿਲਿਆ। ਇਸ ਤਰ੍ਹਾਂ ਕੋਈ ਪੌਣਾ ਕੁ ਘੰਟਾ ਬੀਤਿਆ ਹੋਵੇਗਾ ਕਿ ਐਸ.ਐਚ.ਓ. ਆ ਕੇ ਆਪਣੀ ਕੁਰਸੀ 'ਤੇ ਬੈਠ ਗਿਆ। ਮੈਂ ਲੱਗਪਗ ਸੁੱਤਾ ਹੋਇਆ ਈ ਸਾਂ। ਮੈਨੂੰ ਪਤਾ ਤੱਕ ਨਾ ਲੱਗਾ ਕਿ ਕੋਈ ਆਇਆ ਹੈ। ਘੂਕ ਸੁੱਤੇ ਨੂੰ ਮੈਨੂੰ ਚਾਹ ਦੇਣ ਵਾਲੇ ਸਿਪਾਹੀ ਨੇ ਉਠਾਇਆ। ਮੈਂ ਉਠਿਆ ਤੇ ਚਾਹ ਫੜ ਲਈ। ਥਾਣੇਦਾਰ ਵੇਖ ਕੇ ਮੁਸਕਰਾਇਆ। ਤਕਰੀਬਨ ਅਸਾਂ ਦੋਹਾਂ ਨੇ ਇਕੱਠਿਆਂ ਹੀ ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਕੀਤੀ ਤੇ ਮੈਂ ਚਾਹ ਪੀਣ ਲੱਗ ਪਿਆ।

ਥਾਣੇਦਾਰ – "ਸਰਦਾਰ ਸਾਹਿਬ, ਹੁਣ ਤਾਂ ਤੁਹਾਨੂੰ ਸਮਝ ਲੱਗ ਗਈ ਹੋਵੇਗੀ ਕਿ ਕੀ ਗੱਲ ਹੈ?"

ਮੈਂ - "ਹੋਰ ਤਾਂ ਜੀ, ਮੈਨੂੰ ਕੋਈ ਸਮਝ ਨਹੀਂ ਲੱਗੀ, ਕੱਲ ਜਿਨ੍ਹਾਂ ਨੇ ਮੇਰੇ ਕੋਲੋਂ ਪੁੱਛਗਿੱਛ ਕੀਤੀ ਹੈ ਉਹ ਇਹ ਕਹਿੰਦੇ ਹਨ ਕਿ ਟੈਲੀਫੋਨ 'ਤੇ ਗੱਲਬਾਤ ਕੈਨੇਡਾ ਹੋਈ ਹੈ ਤੇ ਮੈਂ ਕਿਹਾ ਹੈ ਏਥੇ ਅੱਗ ਲੱਗੀ ਹੋਈ ਹੈ। ਪਰ ਮੈਨੂੰ ਯਾਦ ਨਹੀਂ ਕਿ ਮੈਂ ਇਹ ਗੱਲ ਆਖੀ ਹੈ ਕਿ ਨਹੀਂ। ਹੋ ਸਕਦਾ ਹੈ ਕਿ ਆਖ ਵੀ ਦਿੱਤੀ ਹੋਵੇ। ਪਰ ਸਰਦਾਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਵਿਚ ਕਾਨੂੰਨ ਤੋੜਨ ਵਾਲੀ ਕੀ ਗੱਲ ਹੈ? ਅੱਗ ਲੱਗੀ ਹੋਈ ਹੈ। "ਪੰਜਾਬ ਮੇਂ ਆਗ ਲਗੀ ਹੂਈ ਹੈ" ਤਾਂ ਅਖ਼ਬਾਰਾਂ ਵੀ ਰੋਜ਼ ਕਹਿੰਦੀਆਂ ਰਹਿੰਦੀਆਂ ਹਨ ਤੇ ਜੇ ਮੈਂ ਕਹਿ ਦਿੱਤਾ ਤਾਂ ਕਿਹੜਾ ਕਾਨੂੰਨ ਟੁੱਟ ਗਿਆ"? ਥਾਣੇਦਾਰ ਨੇ ਵੀ ਹਾਂ ਵਿਚ ਸਿਰ ਹਿਲਾਇਆ। ਐਨ ਉਸੇ ਵੇਲੇ ਹੀ ਬੰਦੂਕਧਾਰੀ ਸਿਪਾਹੀ ਫੱਟ ਉਠ ਖੜਾ ਹੋਇਆ, ਕਿਉਂਕਿ ਅਫ਼ਸਰ ਓਨੇ ਚਿਰ ਨੂੰ ਅੰਦਰ ਆ ਚੁੱਕੇ ਸਨ। ਫਿਰ ਮੈਂ ਵੀ ਉਠ ਕੇ ਖਲੋ ਗਿਆ। ਦੋ ਅਫ਼ਸਰ ਸਨ। ਦੋਹਾਂ ਕੋਲ ਅਟੈਚੀ ਸਨ। ਥਾਣੇਦਾਰ ਨੇ ਸਲੂਟ ਮਾਰਨ ਲਈ ਹੱਥ ਚੁਕਿਆ। ਪਰ ਉਨ੍ਹਾਂ ਵਿਚੋਂ ਇਕ ਨੇ ਇਸ਼ਾਰਾ ਕਰਕੇ ਰੋਕ ਦਿੱਤਾ। ਥਾਣੇਦਾਰ ਦਾ ਚੁੱਕਿਆ ਹੋਇਆ ਹੱਥ ਓਥੇ ਹੀ ਰੁਕ ਗਿਆ। ਫਿਰ ਉਨ੍ਹਾਂ ਨੇ ਮੇਰੇ ਵੱਲ ਮੂੰਹ ਕਰਕੇ ਆਖਿਆ, "ਸਰਦਾਰ ਸਾਹਿਬ, ਠੀਕ ਠਾਕ, ਆਪ ਕੋ ਰਾਤ ਕੋਈ ਤਕਲੀਫ ਤੋ ਨਹੀਂ ਹੂਈ?" "ਨਹੀਂ ਜੀ।" ਮੇਰਾ ਜੁਆਬ ਸੀ। ਇਕ ਨੇ ਕਿਹਾ (ਜੋ ਕੁਝ ਗੰਜਾ ਜਿਹਾ ਤੇ ਉਮਰ ਵਿਚ ਵੱਡਾ ਸੀ) "ਹਮ ਯਹੀਂ ਬੈਠ ਜਾਤੇ ਹੈ, ਸਿਰਫ ਦਸ ਮਿੰਟ ਕੀ ਬਾਤ ਹੈ, ਜ਼ਿਆਦਾ ਬਾਤ ਤੋ ਹਮ ਨੇ ਕਰਨੀ ਨਹੀਂ"। "ਬੇਹਤਰ ਜਨਾਬ" ਪੰਜਾਬ ਪੁਲਿਸ ਦੇ ਐਸ.ਐਚ.ਓ. ਨੇ ਆਖਿਆ ਤੇ ਕਮਰੇ ਤੋਂ ਬਾਹਰ ਨਿਕਲ ਗਿਆ। ਉਸ ਦੀ ਖਾਲੀ ਹੋਈ ਕੁਰਸੀ 'ਤੇ ਉਹ ਹੀ ਗੰਜਾ ਜਿਹਾ ਅਫ਼ਸਰ ਬੈਠ ਗਿਆ ਤੇ ਮੈਨੂੰ ਮੇਜ ਵਾਲੀਆਂ ਕੁਰਸੀਆਂ 'ਤੇ ਆਉਣ ਦਾ ਇਸ਼ਾਰਾ ਕੀਤਾ। ਮੈਂ ਤੇ ਦੂਸਰਾ ਅਫ਼ਸਰ ਮੇਜ਼ ਵਾਲੀਆਂ ਕੁਰਸੀਆਂ 'ਤੇ ਬੈਠ ਗਏ।

ਅਫ਼ਸਰ - "ਆਪ ਕਾ ਨਾਮ।"

ਮੈਂ - "ਕੁਲਬੀਰ ਸਿੰਘ"

ਅਫ਼ਸਰ - "ਘਰ ਦਾ ਪਤਾ?"

ਮੈਂ ਦਸਿਆ ਤੇ ਲੱਗਪਗ ਉਹ ਹੀ ਗੱਲਾਂ, ਜੋ ਪਹਿਲਾਂ ਸਾਰੇ ਪੁਛਦੇ ਆ ਰਹੇ ਸੀ, ਉਨ੍ਹਾਂ ਨੇ ਪੁੱਛੀਆਂ। ਜਿਨ੍ਹਾਂ ਦਾ ਜੁਆਬ ਮੈਂ ਉਹ ਹੀ ਦਿੱਤਾ ਜੋ ਪਹਿਲਾਂ ਦੇ ਚੁੱਕਾ ਸਾਂ। ਇਸ ਤਰ੍ਹਾਂ ਉਨ੍ਹਾਂ ਨੇ ਕੋਈ ਪੌਣਾ ਕੁ ਘੰਟਾ ਲਾਇਆ ਤੇ ਉਠ ਕੇ ਖਲੋ ਗਏ। ਉਨ੍ਹਾਂ ਦੇ ਉਠਣ ਦਾ ਇਸ਼ਾਰਾ ਪੁਲਿਸ ਨੂੰ ਇਕ ਤਰ੍ਹਾਂ ਨਾਲ ਆ ਕੇ ਮੈਨੂੰ ਸਾਂਭ ਲੈਣ ਦਾ ਸੰਕੇਤ ਸੀ। ਕਿਉਂਕਿ ਮੇਰੇ ਨਾਲ ਸਿਰਫ ਦੋ ਹੀ ਸਿਪਾਹੀ ਸੋਫੇ 'ਤੇ ਬੈਠੇ ਸਨ। ਬਾਕੀ ਸਾਰੇ ਤਾਂ ਬਾਹਰ ਦਰਵਾਜ਼ਿਆਂ 'ਤੇ ਸਨ। ਇਸ ਤਰ੍ਹਾਂ ਇਨ੍ਹਾਂ ਅਫ਼ਸਰਾਂ ਦਾ ਹਊਆ ਵੀ ਲਹਿ ਗਿਆ ਤੇ ਮੈਂ ਫਿਰ ਹਵਾਲਾਤ ਦੀਆਂ ਸੀਖਾਂ ਪਿੱਛੇ ਆ ਗਿਆ।

ਘਰੋਂ ਚਾਹ ਤੇ ਰੋਟੀ ਲੈ ਕੇ ਆਉਣਾ

ਕੋਈ ਸੱਤ ਸਵਾ ਸੱਤ ਵਜੇ ਸੁਰਿੰਦਰ ਜੀਤ ਸਿੰਘ ਤੇ ਇੰਦਰ ਜੀਤ ਸਿੰਘ (ਮੇਰਾ ਦਾਮਾਦ) ਆਏ। ਉਹ ਚਾਹ ਥਰਮੋਸ ਵਿਚ ਲਿਆਏ ਸਨ। ਮੈਂ ਬਿਲਕੁਲ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਪ੍ਰਭਾਵ ਦਿੱਤਾ, ਜਿਵੇਂ ਹੁਣੇ ਹੀ ਉਠਿਆ ਹੋਵਾਂ। ਕਿਉਂਕਿ ਜਦੋਂ ਸੁਰਿੰਦਰ ਜੀਤ ਸਿੰਘ ਨੇ ਆਖਿਆ "ਮੂੰਹ ਧੋਣ ਨੂੰ ਪਾਣੀ ਲਿਆਵਾਂ?" ਤਾਂ ਮੈਂ ਇਹ ਨਾ ਦਸਿਆ ਕਿ ਮੈਂ ਮੂੰਹ ਧੋ ਕੇ ਚਾਹ ਪੀ ਚੁੱਕਾ ਹਾਂ। ਬਲਕਿ ਮੈਂ ਰਾਤ ਦੀ ਘਟੀ ਹੋਈ ਕੋਈ ਘਟਨਾ ਵੀ ਸੁਰਿੰਦਰ

ਜੀਤ ਸਿੰਘ ਤੇ ਇੰਦਰ ਜੀਤ ਸਿੰਘ ਨੂੰ ਨਾ ਦੱਸੀ। ਹੱਥ ਧੋ ਕੇ ਚਾਹ ਪੀਤੀ ਤੇ ਇੰਦਰ ਜੀਤ ਸਿੰਘ ਨੂੰ ਕਿਹਾ, "ਚੰਗਾ ਤੁਸੀਂ ਫਿਰ ਜਾਓ, ਜਾਣਾ ਹੋਣੇ ਖੰਨੇ"। ਉਹ ਵਿਚਾਰਾ ਕੁਝ ਨਹੀਂ ਸੀ ਬੋਲ ਰਿਹਾ ਤੇ ਬਹੁਤ ਹੀ ਹੈਰਾਨ ਪ੍ਰੇਸ਼ਾਨ ਜਿਹਾ ਲੱਗਦਾ ਸੀ। ਉਸ ਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਕੀ ਗੱਲ ਕਰੇ। "ਅੱਜ ਜਮਾਨਤ ਵਾਸਤੇ ਦਰਖਾਸਤ ਦੇ ਦਿਆਂਗੇ ਤੇ ਅੱਜ ਹੀ ਜਮਾਨਤ ਹੋ ਜਾਊ"। ਮੈਂ ਕਿਹਾ "ਅੱਛਾ, ਠੀਕ ਹੈ"। ਪਰ ਮੈਨੂੰ ਅੰਦਰੋਂ ਜਮਾਨਤ ਹੋ ਜਾਣ ਦੀ ਕੋਈ ਉਮੀਦ ਨਹੀਂ ਸੀ। ਫਿਰ ਵਿਚਾਰਾ ਇੰਦਰ ਜੀਤ ਸਿੰਘ ਬਗੈਰ ਕੋਈ ਗੱਲਬਾਤ ਕੀਤੇ ਸੁਰਿੰਦਰ ਜੀਤ ਸਿੰਘ ਦੇ ਨਾਲ ਹੀ ਚਲਾ ਗਿਆ। ਸੁਰਿੰਦਰ ਜੀਤ ਸਿੰਘ ਨੇ ਇਹ ਵੀ ਦੱਸਿਆ ਕਿ ਸੁਰਿੰਦਰ ਬਲਰਾਜ ਸਿੰਘ ਰਾਤ ਇੰਦਰ ਜੀਤ ਸਿੰਘ ਹੋਰਾਂ ਵੱਲ ਸੀ। ਮੈਂ ਦਿਲ ਵਿਚ ਕਿਹਾ "ਚੰਗਾ ਕੀਤਾ ਉਸ ਨੂੰ ਉਧਰ ਸੁਵਾ ਕੇ"। ਮੈਨੂੰ ਸਾਰੀ ਰਾਤ ਉਸੇ ਦਾ ਹੀ ਫਿਕਰ ਰਿਹਾ ਸੀ ਕਿ ਕਿਤੇ ਉਹ ਵੀ ਨਾ ਫੜਿਆ ਜਾਵੇ। ਸੁਰਿੰਦਰ ਜੀਤ ਸਿੰਘ ਨੇ ਭਾਂਡੇ ਵਗੈਰਾ ਸਮੇਟੇ ਤੇ ਨਾਲੇ ਮੇਰੇ ਬਦਲਣ ਵਾਸਤੇ ਜਿਹੜੇ ਕੱਪੜੇ ਲਿਆਂਦੇ ਸੀ ਉਹ ਦਿੱਤੇ। ਇਕ ਪਜਾਮਾ ਤੇ ਬਨੈਣ ਵਗੈਰਾ ਸੀ। ਥੱਲੇ ਵਛਾਉਣ ਲਈ ਇਕ ਚਾਦਰ ਵੀ ਸੀ।

ਮੈਂ ਚਾਹ ਵਗੈਰਾ ਪੀ ਕੇ ਲੰਮਾ ਪੈ ਗਿਆ ਤਾਂ ਮੈਨੂੰ ਨੀਂਦ ਆ ਗਈ। ਕਿਉਂਕਿ ਸਾਰੀ ਰਾਤ ਦਾ ਉਨੀਂਦਰਾ ਸੀ। ਦੋ ਢਾਈ ਘੰਟੇ ਸੌਣ ਨਾਲ ਮੈਂ ਬਿਲਕੁਲ ਤਰੋ ਤਾਜ਼ਾ ਹੋ ਗਿਆ ਸਾਂ। ਅਜੇ ਮੈਂ ਜਾਗਿਆ ਹੀ ਸੀ ਕਿ ਸੁਰਿੰਦਰ ਜੀਤ ਸਿੰਘ ਤੇ ਗੁਰਪ੍ਰੀਤ ਬਲਵਿੰਦਰ ਸਿੰਘ (ਮੇਰਾ ਛੋਟਾ ਲੜਕਾ) ਆ ਗਏ। ਗੁਰਪ੍ਰੀਤ ਬਲਵਿੰਦਰ ਸਿੰਘ ਬਹੁਤ ਖੁਸ਼ ਨਜ਼ਰ ਆ ਰਿਹਾ ਸੀ। ਮੈਂ ਹੱਸ ਕੇ ਕਿਹਾ, "ਕਿੱਦਾ?" ਉਸ ਨੇ ਸ਼ੇਅਰ ਪੜ੍ਹਿਆ 'ਅਬ ਉਦਾਸ ਬੈਠੇ ਹੋ ਗਰਮੀਓਂ ਕੀ ਸ਼ਾਮੋਂ ਮੇਂ, ਇਸ ਤਰ੍ਹਾਂ ਤੋ ਹੋਤਾ ਹੈ ਇਸ ਤਰ੍ਹਾਂ ਕੇ ਕਾਮੋਂ ਮੇਂ'। ਉਸ ਦਾ ਇਹ ਸ਼ੇਅਰ ਸੁਣ ਕੇ ਮੈਂ ਹੱਸਿਆ। "ਡੈਡੀ ਬਹਿ ਜਾ, ਬਹਿ ਜਾ ਹੋ ਗਈ, ਬਈ ਮਜਾ ਆ ਗਿਆ, ਸਵਾਦ ਆ ਗਿਆ" ਉਸ ਨੂੰ ਇਸ ਗੱਲ ਦੀ ਹੀ ਖੁਸ਼ੀ ਸੀ ਕਿ ਬਹੁਤ ਜ਼ਿਆਦਾ ਪੁਲਿਸ ਨੇ ਰੇਡ ਕੀਤਾ ਸੀ। ਮੈਂ ਉਸ ਨੂੰ ਪੁਛਿਆ "ਘਰ ਦੀ ਤਲਾਸ਼ੀ ਵੀ ਲਈ ਸੀ?" "ਆਹੋ, ਪਰ ਲੱਭਾ ਕੁਝ ਨਹੀਂ? ਇਕ ਟੈਲੀਫੋਨ ਦੀ, ਪੰਜਾਬ ਐਂਡ ਸਿੰਧ ਬੈਂਕ ਵਾਲੀ, ਨੰਬਰ ਲਿਖਣ ਵਾਲੀ ਡਰੈਕਟਰੀ ਜਿਹੀ ਲੈ ਕੇ ਗਏ ਆ, ਹੋਰ ਕੁਝ ਨਹੀਂ।" ਉਸ ਦੀ ਇਹ ਗੱਲ ਸੁਣ ਕੇ ਮੇਰੀ ਜਾਨ ਵਿਚ ਜਾਨ ਆਈ ਤੇ ਫਿਰ ਮੈਂ ਵੀ ਆਪਣੀ ਗ੍ਰਿਫ਼ਤਾਰੀ ਕੁਝ ਦੇਰ ਲਈ ਭੁੱਲ ਗਿਆ। ਬਲਵਿੰਦਰ ਸਿੰਘ ਦੀਆਂ ਗੱਲਾਂ ਹੀ ਏਹੋ ਜਿਹੀਆਂ ਸਨ। "ਡੈਡੀ ਹੁਣ ਤਾਂ ਆਪਣੀ ਬੱਲੇ-ਬੱਲੇ ਹੋ ਗਈ। ਪੁਲਿਸ ਦੀਆਂ ਚਾਰ ਗੱਡੀਆਂ ਸਨ, ਸਾਰਾ ਘਰ ਤੇ ਆਲਾ ਦੁਆਲਾ ਪੁਲਿਸ ਨੇ ਘੇਰਿਆ ਹੋਇਆ ਸੀ। ਲੋਕ ਕੋਠਿਆਂ 'ਤੇ ਖਲੋ ਖਲੋ ਵੇਖਦੇ ਸੀ। ਮੈਂ ਤੇ ਚੰਨੀ ਤਾਂ ਬਰਾਨ ਵਾਲੀ ਜ਼ਮੀਨ ਵਿਚ ਗਏ ਹੋਏ ਸੀ। ਮੈਂ ਜਾਂਦਾ ਨਹੀਂ ਸੀ ਚੰਨੀ ਬਦੋਬਦੀ ਲੈ ਗਿਆ। ਬਰਾਨ ਵਾਲੀ ਮੋਟਰ ਦਾ ਫਿਊਜ਼ ਉਡਿਆ ਹੋਇਆ ਸੀ। ਜਦੋਂ ਅਸੀਂ ਮੋਟਰ ਠੀਕ ਕਰਕੇ ਆਏ ਤਾਂ ਗੁਰਦੁਆਰੇ ਕੋਲ ਪੁਲਿਸ ਹੀ ਪੁਲਿਸ। ਮੈਂ ਚੰਨੀ ਨੂੰ ਆਖਿਆ, "ਪੁਲਿਸ ਪਤਾ ਨਹੀਂ ਕੀਹਦੇ ਘਰ ਆਈ ਆ, ਐਨੀ ਪੁਲਿਸ? ਫਿਰ ਜਦੋਂ ਮੈਂ ਆਪਣੇ ਘਰ ਦੇ ਅੰਦਰ ਵੀ ਪੁਲਿਸ ਸਟੇਨਾਂ ਫੜ ਕੇ ਖਲੋਤੀ ਵੇਖੀ ਤਾਂ ਮੈਂ ਕਿਹਾ, ਉਏ, ਇਹ ਤਾਂ ਆਪਣੇ ਘਰ ਆ ਤੇ ਫਿਰ ਅਸੀਂ ਸਕੂਟਰ ਸਟਾਰਟ ਕਰਕੇ ਪਿਛਾਂਹ ਹੀ ਭੱਜ ਗਏ। ਨਹੀਂ ਤੇ ਅਸੀਂ ਵੀ ਪੁਲਿਸ ਦੇ ਕਾਬੂ ਚੜ੍ਹ ਜਾਣਾ ਸੀ।" ਮੈਂ ਉਸ ਦੀਆਂ ਗੱਲਾਂ ਸੁਣ ਸੁਣ ਕੇ ਖੁਸ਼

ਹੁੰਦਾ ਰਿਹਾ। ਉਸ ਫਿਰ ਆਖਿਆ, "ਲਾਗੇ ਲਾਗੇ ਇਕ ਵਾਰੀ ਪਤਾ ਤਾਂ ਲੱਗ ਗਿਆ ਨਾ ਪਈ ਕਿੱਦਾਂ ਪੁਲਿਸ ਦੇ ਰੇਡ ਹੁੰਦੇ ਆ? ਲੈ ਮੈਂ ਕਿਹਾ ਕਿਤੇ ਪੁਛੋ ਨਾ ਯਾਰ ਡੈਡੀ (ਜਦੋਂ ਲਾਡ ਵਿਚ ਹੋਵੇ ਤਾਂ ਉਹ ਮੈਨੂੰ ਯਾਰ ਡੈਡੀ ਹੀ ਆਖਦਾ ਹੈ) ਇਕ ਵਾਰੀ ਤਾਂ ਸਾਰਾ ਇਲਾਕਾ ਮੰਨ ਗਿਆ। ਮਾਤਾ ਟੁੱਟ ਟੁੱਟ ਪਵੇ ਪੁਲਿਸ ਵਾਲਿਆਂ ਨੂੰ। ਉਨ੍ਹਾਂ ਨੂੰ ਆਖੇ ਦੋ ਤਿੰਨ ਜਣਿਆਂ ਤੋਂ ਵੱਧ ਅੰਦਰ ਨਹੀਂ ਵੜ ਸਕਦੇ। ਜਿਹੜੀ ਚੀਜ਼ ਨੂੰ ਹੱਥ ਲਾਓ ਓਥੇ ਹੀ ਥਾਂ ਸਿਰ ਰੱਖੋ, ਖਲ੍ਹਾਰਾ ਨਹੀਂ ਪਾਉਣਾ"। ਮੈਂ ਪੁਛਿਆ "ਡਰੀਂ ਨਾ? ਰੋਈ ਨਾ"? "ਨਾਂ, ਬੜਾ ਹੌਂਸਲਾ ਰਖਿਆ, ਫੋਟੋਆਂ ਫੂਟੂਆਂ, ਟੇਪਾਂ ਸਭ ਅਗਾਂਹ ਪਿਛਾਂਹ ਕਰ ਦਿੱਤੀਆਂ। ਕੋਈ ਚੀਜ ਘਰੋਂ ਨਹੀਂ ਲੱਭੀ। ਗੁਰਮੁਖ ਸਿੰਘ ਅੰਕਲ ਵੀ ਆਏ ਹੋਏ ਸੀ। ਉਨ੍ਹਾਂ ਦੇ ਸਾਹਮਣੇ ਤਲਾਸ਼ੀ ਲਈ। ਕੁੱਝ ਨਹੀਂ ਲੱਭਾ।" ਫਿਰ ਉਸ ਨੇ ਸੀਖਾਂ ਦੇ ਵਿਚ ਨੂੰ ਮੂੰਹ ਵਾੜ ਲਿਆ ਅਤੇ ਹੌਲੀ ਹੌਲੀ ਮੈਨੂੰ ਕਹਿਣ ਲੱਗਾ, "ਡੈਡੀ, ਫਿਕਰ ਨਾ ਕਰਿਓ, ਰਬ ਨਾ ਕਰੇ ਜੇ ਕੋਈ ਐਹੋ ਜਹੀ ਗਲ ਹੋ ਵੀ ਗਈ ਤਾਂ ਅਸੀਂ ਤੁਹਾਡਾ ਭੋਗ ਬਹੁਤ ਵਧੀਆ ਪੁਆਵਾਂਗੇ, ਪਰ ਲੋਕ ਕਿਤੇ ਸਾਨੂੰ ਸ਼ਰਮਿੰਦੇ ਨਾ ਕਰਨ, ਇਸ ਗਲ ਦਾ ਧਿਆਨ ਰਖਿਓ।" ਮੈਂ ਵੀ ਉਸ ਨਾਲ ਹੌਲੀ ਹੌਲੀ ਗੱਲਾਂ ਕਰ ਰਿਹਾ ਸੀ ਬਲਕਿ ਹੁਣ ਤਾਂ ਪਿਓ ਪੁੱਤਰ ਦੀ ਗੱਲ ਅੱਖਾਂ-ਅੱਖਾਂ ਵਿਚ ਹੀ ਹੋ ਰਹੀ ਸੀ। ਮੈਂ ਜਿਵੇਂ ਕਹਿ ਰਿਹਾ ਹੋਵਾਂ "ਪੁੱਤਰ, ਤੂੰ ਫਿਕਰ ਨਾ ਕਰ, ਮੈਂ ਭਾਵੇਂ ਟੁਕੜੇ-ਟੁਕੜੇ ਹੋ ਜਾਵਾਂ, ਮੇਰਾ ਉਲਾਂਭਾ ਨਹੀਂ ਆਉਂਦਾ।" ਇਸ ਤਰ੍ਹਾਂ ਪਿਓ ਪੁੱਤਰ ਦੀਆਂ ਕਾਫੀ ਗੱਲਾਂ ਹੋਈਆਂ। ਮੈਂ ਉਸ ਨੂੰ ਕਈ ਤਾਕੀਦਾਂ ਕੀਤੀਆਂ ਤੇ ਉਸ ਨੇ ਮੈਨੂੰ ਕੀਤੀਆਂ। ਗੱਲਾਂ ਮੁੱਕਣ ਵਿਚ ਹੀ ਨਹੀਂ ਸੀ ਆਉਂਦੀਆਂ। ਦੋਹਾਂ ਨੂੰ ਹੀ ਪਤਾ ਸੀ ਕਿ ਹੁਣ ਖੂਹ ਵਿਚ ਡਿਗੀ ਇੱਟ ਸੁਕੀ ਨਹੀਂ ਨਿਕਲਣੀ। ਪਰ ਫਿਰ ਵੀ ਦੋਵੇਂ ਹੌਂਸਲੇ ਵਿਚ ਸਾਂ। ਮੈਨੂੰ ਉਹ ਬਾਰ-ਬਾਰ ਇਕ ਹੀ ਗੱਲ ਦੀ ਤਾਕੀਦ ਕਰ ਰਿਹਾ ਸੀ, ਜਿਸ ਨੂੰ ਮੈਂ ਇਹ ਕਹਿ ਕੇ ਮੰਨ ਲੈਂਦਾ, "ਤੂੰ ਯਾਰ ਫਿਕਰ ਈ ਨਾ ਕਰ, ਘਾਬਰ ਨਾ, ਮਜਾਲ ਆ, ਭੋਰਾ ਫਿਕਰ ਨਾ ਕਰ" ਵਗੈਰਾ-ਵਗੈਰਾ। ਸਿਪਾਹੀ ਨੇ ਆ ਕੇ ਕਿਹਾ "ਜੀ ਕੋਈ ਅਫਸਰ ਨਾ ਆ ਜਾਵੇ", ਹੁਣ ਠੀਕ ਹੈ। ਬਲਵਿੰਦਰ ਸਿੰਘ ਤੇ ਉਸ ਦੇ ਮਾਮੇ ਨੇ ਭਾਂਡੇ ਚੁੱਕੇ ਤੇ ਹੌਂਸਲਾ ਦੇਣ ਲਈ, "ਅੱਜ ਜਮਾਨਤ ਦੀ ਦਰਖਾਸਤ ਦੇ ਦੇਨੇਂ ਆ ਜਮਾਨਤ ਹੋ ਜਾਊ"। ਮੈਂ ਸਿਰਫ ਸਿਰ ਹੀ ਹਿਲਾਇਆ, ਜਿਵੇਂ ਕਹਿ ਰਿਹਾ ਹੋਵਾਂ "ਜੋ ਵਾਹਿਗੁਰੂ ਨੂੰ ਮਨਜ਼ੂਰ" ਤੇ ਉਹ ਦੋਵੇਂ ਹੀ ਚਲੇ ਗਏ।

ਉਨ੍ਹਾਂ ਦੇ ਜਾਣ ਤੋਂ ਬਾਅਦ ਮੈਂ ਇਕੱਲਾ ਹੀ ਬੈਠਾ ਸੋਚਦਾ ਰਿਹਾ। ਮੇਰੀ ਬਿਰਤੀ ਉਦੋਂ ਟੁੱਟੀ ਜਦੋਂ ਹਵਾਲਾਤ ਦੇ ਦਰਵਾਜੇ ਦੇ ਜੰਦਰੇ ਨੂੰ ਚਾਬੀ ਲੱਗਣ ਦੀ ਅਵਾਜ਼ ਆਈ। ਮੈਂ ਉਠਿਆ ਤੇ ਸੀਖਾਂ ਵਿਚ ਹੱਥ ਅਗਾਂਹ ਨੂੰ ਕਰ ਦਿੱਤੇ। ਹੈੱਡ ਕਾਂਸਟੇਬਲ ਨੇ ਇਕ ਨੂੰ ਹੱਥਕੜੀ ਲਾਉਣ ਲਈ ਆਖਿਆ ਤੇ ਹੱਥਕੜੀ ਲੱਗਣ ਤੋਂ ਬਾਅਦ ਆਪ ਬਾਕੀ ਪਾਰਟੀ ਨਾਲ ਅੱਗੇ-ਅੱਗੇ ਹੋ ਕੇ ਤੁਰ ਪਿਆ। ਐਸ.ਐਚ.ਓ. ਦੇ ਨਾਲ ਵਾਲੇ ਕਮਰੇ ਵਿਚ ਮੈਨੂੰ ਬਿਠਾਇਆ ਗਿਆ। ਕੋਈ ਅੱਧਾ ਘੰਟਾ ਬੈਠੇ ਰਹਿਣ ਤੋਂ ਬਾਅਦ ਟੈਲੀਫੋਨ ਦੀ ਘੰਟੀ ਖੜਕੀ ਤੇ ਥਾਣੇਦਾਰ ਦੀਆਂ ਟੈਲੀਫੋਨ ਕਰਨ ਵਾਲੇ ਨਾਲ ਗੱਲਾਂਬਾਤਾਂ ਹੋਈਆਂ। ਫਿਰ ਉਸ ਨੇ ਸਿੱਖ ਹੌਲਦਾਰ ਨੂੰ ਉੱਚੀ ਅਵਾਜ ਦੇ ਕੇ ਆਖਿਆ "ਲੈ ਜਾਓ ਬਈ ਇਨ੍ਹਾਂ ਨੂੰ, ਬੰਦ ਕਰ ਦਿਓ, ਕੋਈ ਨਹੀਂ ਅਫਸਰ ਆ ਰਿਹਾ, ਟੈਲੀਫੋਨ ਆ ਗਿਆ ਉਨ੍ਹਾਂ ਦਾ, ਮੈਨੂੰ ਅਗੇ ਹੀ ਪਤਾ ਸੀ, ਅੱਜ ਐਤਵਾਰ ਆ ਕੀਹਨੇ ਆਉਣਾ ਹੈ? ਇਹ ਪੰਜਾਬ ਪੁਲਿਸ ਥੋੜ੍ਹੀ

ਹੈ? ਬਈ, ਜਿਨ੍ਹਾਂ ਨੂੰ ਨਾ ਕੋਈ ਛੁੱਟੀ ਨਾ ਵਾਸਤਾ।" ਇਸ ਤਰ੍ਹਾਂ ਮੈਂ ਫਿਰ ਹਵਾਲਾਤ 'ਚ ਪਹੁੰਚ ਗਿਆ। ਚਟਾਈ 'ਤੇ ਲੰਮਾ ਪਿਆ ਤਾਂ ਨੀਂਦ ਆ ਗਈ। ਫਿਰ ਮੇਰੀ ਅੱਖ ਚਾਰ ਵਜੇ ਖੁੱਲ੍ਹੀ, ਉਹ ਵੀ ਉਦੋਂ ਜਦੋਂ ਸੁਰਿੰਦਰ ਜੀਤ ਸਿੰਘ ਠੰਡਾ ਠਾਰ ਲੀਚੀ ਦਾ ਸ਼ਰਬਤ ਬੋਤਲ ਵਿਚ ਬਣਾ ਕੇ ਲਿਆਇਆ। ਮੈਂ ਸਾਰੀ ਬੋਤਲ ਹੀ ਪੀ ਗਿਆ ਤੇ ਫਿਰ ਕੁਝ ਗੱਲਾਂ ਦੋਹਾਂ ਦੀਆਂ ਹੋਈਆਂ ਤੇ ਸੁਰਿੰਦਰ ਜੀਤ ਸਿੰਘ ਚਲਾ ਗਿਆ। ਉਸ ਨੇ ਇਹ ਵੀ ਦੱਸਿਆ ਕਿ ਟੈਲੀਫੋਨ 'ਤੇ ਗੱਲਬਾਤ ਹੋ ਗਈ ਹੈ (ਪਹਿਲਾਂ, ਪਹਿਲੇ ਦਿਨ ਟੈਲੀਫੋਨ ਤੇ ਗੱਲਬਾਤ ਨਹੀਂ ਸੀ ਹੋ ਰਹੀ। ਕਿਉਂਕਿ ਟੈਲੀਫੋਨ ਸਿਸਟਮ ਕੱਟਿਆ ਹੋਇਆ ਸੀ।) ਉਸ ਨੇ ਇਹ ਵੀ ਦੱਸਿਆ ਕਿ ਹਰਬੰਸ ਕੌਰ (ਮੇਰੀ ਪਤਨੀ) ਨਾਲ ਗੱਲਬਾਤ ਹੋਈ ਹੈ, ਉਹ ਚੜ੍ਹਦੀਕਲਾ ਵਿਚ ਹੈ ਤੇ ਕਹਿੰਦੀ ਹੈ ਕਿ ਜੋ ਹੋਣਾ ਸੀ ਹੋ ਗਿਆ, ਹੁਣ ਅਸੀਂ ਕਿਸੇ ਨੂੰ ਕੀ ਸਮਝਦੇ ਹਾਂ? ਮੈਂ ਉਸ ਨੂੰ ਆਖਿਆ ਕਿ ਉਸ ਨੂੰ ਸਮਝਾਉਣਾ ਸੀ ਬਈ ਵਾਧੂ ਘਾਟੂ ਗੱਲ ਨਹੀਂ ਕਰਨੀ। ਪਰ ਉਸ ਨੇ ਦੱਸਿਆ ਕਿ ਉਹ ਬਿਲਕੁਲ ਚੜ੍ਹਦੀਕਲਾ ਵਿਚ ਹੈ ਤੇ ਕਹਿੰਦੀ ਹੈ "ਵਾਹਿਗੁਰੂ ਤੋਂ ਬਿਨਾਂ ਸਾਨੂੰ ਕਿਸੇ ਦਾ ਡਰ ਨਹੀਂ ਤੇ ਹੋਰ ਕੁੱਤਿਆਂ ਨੂੰ ਅਸੀਂ ਕੀ ਸਮਝਦੇ ਹਾਂ"। ਮੈਨੂੰ ਇਹ ਵੀ ਤਸੱਲੀ ਹੋਈ ਕਿ ਚਲੋ ਘਰ ਤਾਂ ਸਭ ਠੀਕ ਠਾਕ ਹੈ। ਸੁਰਿੰਦਰ ਜੀਤ ਸਿੰਘ ਨੂੰ ਸਿਪਾਹੀ ਗੱਲਬਾਤ ਤੋਂ ਰੋਕ ਰਿਹਾ ਸੀ, ਇਸ ਲਈ ਥੋੜੀਆਂ ਗੱਲਾਂ ਕਰਕੇ ਹੀ ਉਹ ਚਲਾ ਗਿਆ।

ਰਾਤ ਵਾਲੀ ਕੁੜੀ ਦੀ ਫਿਰ ਚਾਰ ਤੋਂ ਛੇ ਡਿਊਟੀ ਸੀ। ਉਸ ਨੇ ਆਉਂਦੀ ਨੇ ਹੀ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਆਖੀ ਤੇ ਸੀਖਾਂ ਕੋਲ ਆ ਕੇ ਪੁਛਿਆ "ਕੋਈ ਗੱਲ ਤਾਂ ਨਹੀਂ ਹੋਈ"? ਉਸਦਾ ਮਤਲਬ ਪੁਲਿਸ ਦੇ ਤਸੀਹਿਆਂ ਤੋਂ ਸੀ। ਮੈਂ ਕਿਹਾ "ਨਹੀਂ ਕੋਈ ਗੱਲ ਅਜੇ ਤੱਕ ਤਾਂ ਨਹੀਂ ਹੋਈ"। ਐਨੀ ਗੱਲ ਸੁਣ ਕੇ ਉਹ ਪਿਛੇ ਹੱਟ ਗਈ। ਲੱਗਦਾ ਸੀ ਕਿ ਸਖਤੀ ਅੱਗੇ ਨਾਲੋਂ ਵੀ ਵਧ ਗਈ ਹੈ। ਏਥੋਂ ਦੀ ਪੁਲਿਸ ਡਰਦੀ ਹੈ। ਕੋਈ ਸਾਢੇ ਚਾਰ ਵਜੇ ਮੇਰੇ ਕੁੜਮ ਸਾਹਿਬ ਤੇ ਉਨ੍ਹਾਂ ਨਾਲ ਇਕ ਵਕੀਲ ਆ ਗਏ। ਮੈਂ ਉਠ ਕੇ ਉਨ੍ਹਾਂ ਨੂੰ ਫਤਹਿ ਬੁਲਾਈ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਹੁਣ ਇਨ੍ਹਾਂ ਨੇ ਤੁਹਾਨੂੰ ਜੱਜ ਅੱਗੇ ਪੇਸ਼ ਕਰਨਾ ਹੈ। ਅਸੀਂ ਏਥੇ ਬਾਹਰ ਹੀ ਖੜ੍ਹੇ ਹਾਂ ਪਰ ਜੇ ਕਿਤੇ ਇਨ੍ਹਾਂ ਨੇ ਸਾਥੋਂ ਚੋਰੀ ਕਿਸੇ ਹੋਰ ਢੰਗ ਨਾਲ ਤੁਹਾਨੂੰ ਏਥੋਂ ਲਿਜਾਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਆਖਣਾ ਕਿ ਮੇਰੇ ਵਕੀਲ ਸਾਹਿਬ ਬਾਹਰ ਖੜੇ ਹਨ, ਉਹਨਾਂ ਨੂੰ ਨਾਲ ਬੁਲਾ ਲਓ। ਤੇ ਜੇ ਇਹ ਚੋਰੀ ਤੁਹਾਨੂੰ ਜੱਜ ਤੱਕ ਲੈ ਗਏ ਤਾਂ ਫਿਰ ਵੀ ਜੱਜ ਨੂੰ ਆਖਣਾ ਕਿ ਮੇਰੇ ਵਕੀਲ ਥਾਣੇ ਬੈਠੇ ਹਨ, ਉਨ੍ਹਾਂ ਨੂੰ ਬੁਲਾਇਆ ਜਾਵੇ। ਅੱਵਲ ਤਾਂ ਅਸੀਂ ਏਥੇ ਸਾਹਮਣੇ ਹੀ ਹਾਂ। ਜਮਾਨਤ ਵਾਸਤੇ ਕੋਸ਼ਿਸ਼ ਕਰਾਂਗੇ।

ਇਹ ਗੱਲਾਂ ਕਰਕੇ ਉਹ ਚਲੇ ਗਏ ਤੇ ਮੈਂ ਫਿਰ ਅਰਾਮ ਨਾਲ ਬੈਠ ਗਿਆ। ਹੁਣ ਮੈਂ ਪਜਾਮਾ ਲਾਹ ਕੇ ਬੁਸ਼ਰਟ ਤੇ ਪੈਂਟ ਪਾ ਲਈ ਤੇ ਉਸ ਕੁੜੀ ਨੇ ਕਿਤੋਂ ਸ਼ੀਸ਼ਾ ਲਿਆ ਦਿੱਤਾ। ਉਸ ਨਾਲ ਮੈਂ ਪੱਗ ਵੀ ਬੰਨ ਲਈ ਤੇ ਉਨ੍ਹਾਂ ਦੇ ਆਉਣ ਦੀ ਉਡੀਕ ਕਰਨ ਲੱਗਾ। ਕੋਈ ਲਗਪਗ ਸਾਢੇ ਪੰਜ ਵਜੇ ਅਫ਼ਸਰ ਆਏ ਤੇ ਇਕ ਸਿਪਾਹੀ ਆ ਕੇ ਦੱਸ ਗਿਆ "ਸਰਦਾਰ ਜੀ, ਤਿਆਰ ਹੋ ਜਾਓ, ਤੁਹਾਨੂੰ ਪੇਸ਼ ਕਰਨਾ ਹੈ।" ਮੈਂ ਤਾਂ ਅਗੇ ਹੀ ਤਿਆਰ ਸੀ। ਫਿਰ ਅੱਗੇ ਵਾਂਗ ਹੀ ਹਥਕੜੀਆਂ ਲੱਗੀਆਂ ਤੇ ਪੁਲਿਸ ਵੈਨ ਆ ਕੇ ਥਾਣੇ ਦੇ ਦਰਵਾਜੇ ਨਾਲ ਲੱਗ ਗਈ। ਜੀਪ ਵਿਚ ਅਫ਼ਸਰ ਸਨ। ਇਕ ਪੂਰਾ ਫੋਰ ਵੀਲ੍ਹਰ ਸੀ.ਆਰ.ਪੀ. ਦਾ ਭਰਿਆ

ਹੋਇਆ ਹੋਰ ਸੀ। ਮੇਰੇ ਨਾਲ ਵੀ ਅੱਠ ਕੁ ਸਿਪਾਹੀ ਬੈਠੇ ਸਨ। ਇਸ ਤਰ੍ਹਾਂ ਇਹ ਜੱਜ ਅੱਗੇ ਪੇਸ਼ੀ ਦੀ ਤਿਆਰੀ ਸੀ। ਮੇਰੇ ਕੁੜਮ ਸਾਹਿਬ ਤੇ ਸੁਰਿੰਦਰ ਜੀਤ ਸਿੰਘ ਵੀ ਕਾਰ 'ਤੇ ਲੱਗਪੱਗ ਨਾਲ ਨਾਲ ਹੀ ਆ ਰਹੇ ਸਨ। ਇਕ ਔਰਤ ਜੱਜ ਦੇ ਪੇਸ਼ ਕੀਤਾ ਗਿਆ। ਉਸ ਦੇ ਘਰ ਦੁਆਲੇ ਵੀ ਬੜੀ ਪੁਲਿਸ ਪਹਿਲਾਂ ਹੀ ਲੱਗੀ ਹੋਈ ਸੀ। ਔਰਤ ਜੱਜ ਆਪਣੇ ਘਰ ਤੋਂ ਬਾਹਰ ਆਈ ਤੇ ਮੈਨੂੰ ਉਸ ਤੋਂ ਕਾਫੀ ਪਿਛੇ ਖੜਾ ਕਰ ਦਿੱਤਾ ਗਿਆ। ਪਰ ਉਸ ਨੇ ਕਹਿ ਕੇ ਕੋਲ ਲਿਆਉਣ ਲਈ ਆਖਿਆ। ਫਿਰ ਵਕੀਲਾਂ ਨੇ ਜਮਾਨਤ ਦੀ ਅਰਜੀ ਦਿੱਤੀ ਤੇ ਸੀ.ਬੀ.ਆਈ. ਨੇ ਰਿਮਾਂਡ ਮੰਗਿਆ। ਜੱਜ ਔਰਤ ਨੇ ਮੈਨੂੰ ਪੁਛਿਆ "ਤੁਹਾਨੂੰ ਕਦੋਂ ਗ੍ਰਿਫਤਾਰ ਕੀਤਾ ਹੈ "ਜੀ ਕੱਲ"। "ਕਿੰਨੇ ਵਜੇ?" "ਜੀ ਸੱਤ ਵਜੇ"। ਉਸ ਨੇ ਪੰਜ ਦਿਨ ਦਾ ਪੁਲਿਸ ਰਿਮਾਂਡ ਦੇ ਦਿੱਤਾ। ਮੈਨੂੰ 14 ਤਾਰੀਖ ਨੂੰ ਫੜਿਆ ਸੀ 15 ਨੂੰ ਪੇਸ਼ ਕੀਤਾ ਤੇ ਪੰਜ ਦਿਨ ਦਾ ਰਿਮਾਂਡ ਦੇ ਦਿੱਤਾ। ਨਾਲ ਜਮਾਨਤ ਦੀ ਅਰਜੀ 'ਤੇ ਵੀ ਬਹਿਸ ਦੀ ਤਾਰੀਖ 20 ਪਾ ਦਿੱਤੀ ਤੇ ਇਸ ਤਰ੍ਹਾਂ ਇਹ ਡਰਾਮਾ ਵੀ ਖਤਮ ਹੋ ਗਿਆ। ਮੈਨੂੰ ਵਾਪਸ ਥਾਣੇ ਲਿਆਂਦਾ ਗਿਆ ਤੇ ਫਿਰ ਉਸੇ ਤਰ੍ਹਾਂ ਹੀ ਹਵਾਲਾਤ ਵਿਚ ਡੱਕ ਦਿੱਤਾ ਗਿਆ। ਉਸ ਰਾਤ ਸੁਰਿੰਦਰ ਜੀਤ ਰੋਟੀ ਲੈ ਕੇ ਆਇਆ ਤੇ ਨਾਲੇ ਦਸਿਆ ਕਿ ਸ਼ਾਇਦ ਤੁਹਾਨੂੰ ਦਿੱਲੀ ਲਿਜਾਣ ਜਾਂ ਹੋ ਸਕਦਾ ਹੈ ਜਲੰਧਰ ਲੈ ਜਾਣ। ਐਫ.ਆਈ.ਆਰ. ਜਲੰਧਰ ਦੀ ਹੈ। ਇਕ ਵਕੀਲ ਦੀ ਅੱਜ ਡਿਊਟੀ ਲਾ ਦਿੱਤੀ ਹੈ ਕਿ ਉਹ ਐਫ.ਆਈ.ਆਰ. ਦੀ ਕਾਪੀ ਪ੍ਰਾਪਤ ਕਰੇ। ਤੁਹਾਨੂੰ ਫੜਿਆ ਇਸ ਲਈ ਹੈ ਕਿ ਜਲੰਧਰ ਕੁਝ ਬੰਦੇ ਫੜੇ ਹਨ, ਉਨ੍ਹਾਂ ਨੇ ਤੁਹਾਡਾ ਨਾਂ ਲਿਆ ਹੈ। ਇਕ ਵਜੀਰ ਜੋ ਏਥੋਂ ਕਨੇਡਾ ਗਿਆ ਸੀ 'ਤੇ ਹਮਲਾ ਹੋਇਆ ਸੀ। ਉਸ ਸਿਲਸਿਲੇ ਵਿਚ ਇੰਟਰਪੋਲ ਇਸ ਕੇਸ ਦੀ ਤਫਤੀਸ਼ ਕਰ ਰਹੀ ਹੈ ਤੇ ਏਸੇ ਲਈ ਹੀ ਇਹ ਕੇਸ ਸੀ.ਬੀ.ਆਈ. ਨੂੰ ਸੌਂਪਿਆ ਗਿਆ ਹੈ। ਇਸ ਵਾਰ ਵੀ ਮੈਂ ਬਹੁਤ ਘੱਟ ਰੋਟੀ ਖਾਧੀ ਪਰ ਪਾਣੀ ਜਿਆਦਾ ਪੀਤਾ। ਕਿਉਂਕਿ ਮੈਂ ਇਹ ਸਮਝਦਾ ਸਾਂ ਕਿ ਸ਼ਾਇਦ ਮੈਨੂੰ ਪਾਣੀ ਰਾਤ ਵਾਂਗ ਨਾ ਹੀ ਮਿਲੇ। ਬਲਕਿ ਇਕ ਬੋਤਲ ਪਾਣੀ ਮੈਂ ਆਪਣੇ ਕੋਲ ਹੀ ਰੱਖ ਲਿਆ।

ਪਰ ਇਸ ਰਾਤ ਇਹੋ ਜਿਹਾ ਕੁਝ ਨਾ ਹੋਇਆ। ਕਿਸੇ ਨੇ ਮੈਨੂੰ ਨਾ ਬੁਲਾਇਆ। ਕੋਈ ਗੱਲ ਹੀ ਨਾ ਹੋਈ। ਰਾਤ ਸਾਰੀ ਸੁਤਿਆਂ ਹੀ ਨਿਕਲ ਗਈ। ਕਹਿੰਦੇ ਹਨ ਨੀਂਦ ਤਾਂ ਸੂਲੀ 'ਤੇ ਵੀ ਆ ਜਾਂਦੀ ਹੈ। ਇਸ ਰਾਤ ਰੋਸ਼ਨੀ ਨੇ ਵੀ ਮੈਨੂੰ ਪਹਿਲੀ ਰਾਤ ਜਿੰਨਾ ਪ੍ਰੇਸ਼ਾਨ ਨਾ ਕੀਤਾ। ਗਰਮੀ ਵੀ ਘੱਟ ਲੱਗੀ ਤੇ ਸੁਤਿਆਂ-ਸੁਤਿਆਂ ਦਿਨ ਚੜ੍ਹ ਗਿਆ।

ਸਵੇਰੇ ਪੰਜ ਵਜੇ ਹੱਥਕੜੀਆਂ ਛਣਕੀਆਂ। ਇਕ ਅਫ਼ਸਰ ਦੇ ਨਾਲ ਪੁਲਿਸ ਸੀ। ਮੈਂ ਉਸ ਅਫ਼ਸਰ ਨੂੰ ਟੁੱਟ ਕੇ ਪੈ ਗਿਆ, "ਕੀ ਮੈਂ ਅਜ਼ਾਦ ਹਿੰਦੋਸਤਾਨ ਦਾ ਸ਼ਹਿਰੀ ਨਹੀਂ? ਮੈਂ ਕਿਸੇ ਹੋਰ ਮੁਲਕ ਦਾ ਹਾਂ? ਇਹ ਕਿਥੇ ਲਿਖਿਆ ਹੈ ਕਿ ਤੁਸੀਂ ਕਿਸੇ ਸ਼ਰੀਫ ਆਦਮੀ ਨੂੰ ਫੜ ਲਓ ਤੇ ਫਿਰ ਉਸ ਨੂੰ ਪੀਣ ਨੂੰ ਪਾਣੀ ਵੀ ਨਾ ਦਿਓ ਤੇ ਟੱਟੀ ਪਿਸ਼ਾਬ ਦਾ ਪਾਣੀ ਕੱਟ ਦਿਓ ਤੇ ਦੋ ਦੋ ਸੌ ਵਾਟ ਦੇ ਬਲਬ ਉਸ ਨੂੰ ਤੰਗ ਕਰਨ ਨੂੰ ਲਾ ਦਿਓ?" ਮੈਂ ਉਪਰ ਜਗ ਰਹੇ ਬਲਬ ਵੱਲ ਇਸ਼ਾਰਾ ਕਰਕੇ ਕਿਹਾ, "ਕਿਸੇ ਹੋਰ ਹਵਾਲਾਤ ਵਿਚ ਵੀ ਏਡਾ ਬਲਬ ਹੈ?" ਫਿਰ ਮੈਂ ਦੂਜੇ ਬਰਾਂਡੇ ਵਾਲੇ ਬਲਬ ਵੱਲ ਇਸ਼ਾਰਾ ਕੀਤਾ। ਉਹ ਅਫ਼ਸਰ ਚੁੱਪ ਸੀ, ਉਸ ਨੂੰ ਕੋਈ ਗੱਲ ਨਹੀਂ ਸੀ ਅਹੁੜ ਰਹੀ। ਮੈਂ ਉਸ ਨੂੰ ਚੁੱਪ ਵੇਖ ਕੇ ਇਕ ਹੋਰ ਸੁਆਲ ਕਰ ਦਿੱਤਾ "ਜੇ ਤੁਹਾਨੂੰ ਇਸ ਹਵਾਲਾਤ ਵਿਚ ਏਨੀ ਗਰਮੀ ਵਿਚ ਬੰਦ ਕੀਤਾ ਹੋਵੇ, ਪਾਣੀ ਤੁਹਾਨੂੰ

ਪੀਣ ਨੂੰ ਨਾ ਹੋਵੇ, ਬਾਥਰੂਮ ਵੀ ਤੁਸੀਂ ਪਾਣੀ ਦੀ ਥੁੜ ਖੁਣੋ ਨਾ ਗਏ ਹੋਵੋ, ਦੋ ਦਿਨ ਤੋਂ ਨਹਾਤੇ ਵੀ ਨਾ ਹੋਵੋ ਤਾਂ ਤੁਹਾਨੂੰ ਸ਼ਕ ਨਹੀਂ ਪਵੇਗਾ ਕਿ ਤੁਸੀਂ ਅਜਾਦ ਭਾਰਤ ਦੇ ਸ਼ਹਿਰੀ ਹੋ ਜਾਂ ਪਾਕਿਸਤਾਨ ਦੇ? ਸਾਡੇ ਬਜ਼ੁਰਗਾਂ ਨੇ ਆਜ਼ਾਦੀ ਇਸ ਲਈ ਲਈ ਸੀ ਕਿ ਤੁਸੀਂ ਸਾਨੂੰ ਅੰਗਰੇਜ਼ਾਂ ਨਾਲੋਂ ਵੀ ਵਧ ਕੇ ਤਸੀਹੇ ਦਿਓ। ਤੁਸੀਂ ਮੈਨੂੰ ਗ੍ਰਿਫਤਾਰ ਕੀਤਾ ਹੈ, ਠੀਕ ਹੈ ਪਰ ਤੁਹਾਨੂੰ ਇਹ ਕੀ ਹੱਕ ਹੈ ਤੁਸੀਂ ਮੈਨੂੰ ਗਰਮੀ ਵਿਚ ਪੀਣ ਲਈ ਪਾਣੀ ਵੀ ਨਾ ਦਿਓ। ਲਾਅਨਤ ਹੈ ਏਹੋ ਜਿਹੀ ਅਜ਼ਾਦੀ ਦੇ।"

ਅਫ਼ਸਰ ਜੋ ਸ਼ਾਂਤ ਹੋ ਕੇ ਸੁਣ ਰਿਹਾ ਸੀ, ਬੋਲਿਆ, "ਚਲੋ ਛਡੋ ਸਰਦਾਰ ਜੀ, ਆਓ ਚਲੀਏ"। ਉਸ ਨੇ ਪਾਣੀ ਬੰਦ ਕਰਨ ਵਗੈਰਾ ਦਾ ਕੋਈ ਸਪੱਸ਼ਟੀਕਰਨ ਨਾ ਦਿੱਤਾ। ਮੈਂ ਕਿਹਾ "ਪਹਿਲਾਂ ਮੈਨੂੰ ਮੂੰਹ ਧੋਣ ਲਈ ਪਾਣੀ ਦਿਓ, ਬਲਕਿ ਪਹਿਲਾਂ ਮੈਂ ਟੱਟੀ ਜਾਣਾ ਹੈ, ਪਾਣੀ ਦਾ ਪ੍ਰਬੰਧ ਕਰੋ, ਫਿਰ ਜਿਥੇ ਜਾਣਾ ਹੋਊ ਵੇਖੀ ਜਾਊ, ਚਲਾਂਗੇ, ਓਨਾ ਚਿਰ ਮੈਂ ਕਿਤੇ ਨਹੀਂ ਜਾਣਾ। ਇਹ ਤੁਹਾਡਾ ਕਾਨੂੰਨੀ ਫਰਜ਼ ਵੀ ਹੈ ਤੇ ਇਨਸਾਨੀ ਵੀ।" ਮੈਂ ਦੋ ਟੁੱਕ ਗੱਲ ਮੁਕਾ ਦਿੱਤੀ।

ਅਫ਼ਸਰ ਨੇ ਕੋਈ ਵੀ ਹੀਲ ਹੁਜਤ ਨਾ ਕੀਤੀ ਤੇ ਸਿਪਾਹੀਆਂ ਨੂੰ ਦੋਹਾਂ ਤਰ੍ਹਾਂ ਦਾ ਹੀ ਪਾਣੀ ਦਾ ਪ੍ਰਬੰਧ ਕਰਨ ਨੂੰ ਆਖ ਕੇ ਆਪ ਚਲਾ ਗਿਆ ਤੇ ਜਾਂਦਾ ਹੋਇਆ ਕਹਿ ਗਿਆ "ਕੋਈ ਨਹੀਂ ਸਰਦਾਰ ਜੀ, ਪਾਣੀ ਆ ਜਾਂਦਾ ਹੈ, ਤੁਸੀਂ ਅਰਾਮ ਨਾਲ ਤਿਆਰ ਹੋਵੋ"। ਪਾਣੀ ਤਾਂ ਆ ਗਿਆ, ਪਰ ਇਹ ਇਕ ਵੱਖਰਾ ਹੀ ਤਜਰਬਾ ਸੀ। ਇਕ ਡਬੇ ਨੂੰ ਪਟੇ ਜਹੇ ਦੀ ਪੇਟੀ ਲਗੀ ਹੋਈ ਸੀ। ਚਾਰ ਕੁ ਕਿਲੋ ਪਾਣੀ ਸੀ। ਡੱਬਾ ਵੇਖ ਕੇ ਸਮਝ ਨਹੀਂ ਸੀ ਲੱਗਦੀ ਕਿ ਉਹ ਟੱਟੀ ਜਾਣ ਵਾਲਾ ਹੈ ਕਿ ਮੂੰਹ ਧੋਣ ਵਾਲਾ। ਡੱਬੇ ਦੀ ਸ਼ਕਲ ਤੋਂ ਤਾਂ ਉਹ ਟੱਟੀ ਜਾਣ ਵਾਲਾ ਲੱਗਦਾ ਸੀ। ਇਸ ਲਈ ਮੈਂ ਟੱਟੀ ਗਿਆ ਤੇ ਉਸ ਡੱਬੇ ਦਾ ਪਾਣੀ ਵਰਤਿਆ। ਪਰ ਮੂੰਹ ਧੋਣ ਵਾਸਤੇ ਪਾਣੀ ਨਾ ਆਇਆ। ਕਿਉਂਕਿ ਪਹਿਲਾ ਡੱਬਾ ਵੀ ਕੋਈ ਸਿਪਾਹੀ ਨਹੀਂ ਸਗੋਂ ਕੋਈ ਮੁਲਾਜ਼ਮ ਜਿਹੇ ਵਰਗਾ ਅਮਲੀ ਜਿਹਾ ਬੰਦਾ ਹੀ ਲਿਆਇਆ ਸੀ। ਮੈਂ ਜ਼ਿਆਦਾ ਲੜਨਾ ਵੀ ਮੁਨਾਸਬ ਨਾ ਸਮਝਿਆ। ਤੇ ਇਹ ਕਹਿ ਕੇ ਆਪਣੇ ਮਨ ਨੂੰ ਤਸੱਲੀ ਦੇ ਲਈ ਕਿ "ਸ਼ੇਰਾਂ ਦੇ ਮੂੰਹ ਕੀਹਨੇ ਧੋਤੇ ਨੇ"? ਮੈਨੂੰ ਇਹ ਸਮਝ ਲੱਗ ਗਈ ਸੀ ਕਿ ਇਹ ਵੀ ਇਨ੍ਹਾਂ ਦੀ ਹਰਾਮਜ਼ਦਗੀ ਹੈ। ਇਹ ਇਨ੍ਹਾਂ ਨੇ ਜਾਣ ਕੇ ਕੀਤਾ ਹੈ। ਸੋ ਦਸਤਾਰ ਸਜਾ ਕੇ ਮੈਂ ਤਿਆਰ ਹੋ ਗਿਆ ਤੇ ਚਾਦਰ ਦੀ ਤਹਿ ਲਾ ਕੇ ਕਛੇ ਮਾਰ ਲਈ। ਹਥਕੜੀਆਂ ਲਗੀਆਂ ਤੇ ਥਾਣਿਓਂ ਬਾਹਰ ਨੂੰ ਤੁਰ ਪਏ। ਇਕ ਚਾਦਰ, ਇਕ ਸਿਰਹਾਣਾ, ਇਕ ਤੌਲੀਆ ਤੇ ਇਕ ਹਥ ਵਾਲਾ ਪੱਖਾ ਤੇ ਇਕ ਪਜਾਮਾ ਮੇਰੇ ਕੋਲ ਸੀ, ਜੋ ਮੈਂ ਜੋੜ ਕੇ ਤਹਿਆਂ ਲਾਈਆਂ ਹੋਈਆਂ ਸਨ। ਅਫ਼ਸਰ ਤਾਂ ਕਹਿੰਦਾ ਸੀ ਕਪੜਿਆਂ ਦੀ ਕੋਈ ਲੋੜ ਨਹੀਂ ਪਰ ਮੈਂ ਫਿਰ ਵੀ ਉਹ ਲੈ ਹੀ ਲਏ, ਜੋ ਬਾਅਦ ਵਿਚ ਕੰਮ ਆਏ। ਮੈਂ ਪੁਲਿਸ ਪਾਰਟੀ ਨਾਲ ਜਦੋਂ ਥਾਣੇ ਦੇ ਦਰਵਾਜੇ ਕੋਲ ਆਇਆ ਤਾਂ ਟ੍ਰਿਬਿਊਨ ਦਾ ਇਕ ਪ੍ਰੈਸ ਫੋਟੋਗ੍ਰਾਫਰ ਦੌੜ ਕੇ ਕੈਮਰਾ ਚੁੱਕੀ ਅੱਗੇ ਨੂੰ ਫੋਟੋ ਖਿੱਚਣ ਵਾਸਤੇ ਆਇਆ। ਮੈਂ ਜ਼ੋਰ ਨਾਲ ਕਿਹਾ "ਠਹਿਰੋ"। ਉਹ ਰੁਕ ਗਿਆ, ਫੇਰ ਮੈਂ ਆਪਣੇ ਨਾਲ ਤੁਰ ਰਹੇ ਅਫ਼ਸਰ ਨੂੰ ਕਿਹਾ "ਜਾਂ ਤਾਂ ਮੈਨੂੰ ਇਹ ਦਸਿਆ ਜਾਵੇ ਕਿ ਮੈਨੂੰ ਕਿਸ ਗੱਲ ਵਿਚ ਫੜਿਆ ਹੈ ਤੇ ਜਾਂ ਇਸ ਨੂੰ ਮੇਰੀ ਫੋਟੋ ਖਿੱਚਣ ਤੋਂ ਰੋਕਿਆ ਜਾਵੇ।" ਅਫ਼ਸਰ ਜੋ ਏਡਾ ਭਲਾਮਾਣਸ ਤਾਂ ਨਹੀਂ ਸੀ ਕਿ ਉਹ ਮੇਰੀ ਗੱਲ ਮੰਨ ਜਾਂਦਾ ਸ਼ਾਇਦ ਉਹ ਆਪ ਹੀ ਫੋਟੋ ਨਹੀਂ ਖਿੱਚਣ ਦੇਣੀ

ਚਾਹੁੰਦਾ ਸੀ, ਮੇਰੇ ਏਨਾਂ ਆਖਦਿਆਂ ਹੀ ਉਸ ਨੇ ਹੱਥ ਦਾ ਇਸ਼ਾਰਾ ਕਰਕੇ ਉਸ ਨੂੰ ਫੋਟੋ ਖਿੱਚਣ ਤੋਂ ਰੋਕ ਦਿੱਤਾ। ਮੇਰਾ ਹੌਂਸਲਾ ਤਾਂ ਪਹਿਲਾਂ ਹੀ ਠੀਕ ਸੀ ਹੁਣ ਕੁਝ ਹੋਰ ਵੀ ਵਧ ਗਿਆ। ਇਕ ਸੀ.ਆਰ.ਪੀ. ਦਾ ਸਿਪਾਹੀ, ਜੋ ਨਾਲ ਨਾਲ ਤੁਰ ਰਿਹਾ ਸੀ, ਨੂੰ ਮੈਂ ਕਿਹਾ "ਆਹ ਫੜ" ਤੇ ਉਹ ਕੱਪੜੇ ਉਸ ਨੂੰ ਫੜਾ ਦਿੱਤੇ। ਉਸ ਨੇ ਵੀ ਚੁੱਪ ਕਰਕੇ ਫੜ ਲਏ ਤੇ ਜਾ ਕੇ ਜੀਪ ਵਿਚ ਰੱਖ ਦਿੱਤੇ। ਆਲੇ ਦੁਆਲੇ ਪੁਲਿਸ ਹੀ ਪੁਲਿਸ ਸੀ। ਮੈਂ ਜੀਪ ਵਿਚ ਤੇ ਇਕ ਫੋਰ ਵੀਲ੍ਹਰ ਵੱਡਾ ਡੀ.ਸੀ.ਐਮ. ਟਿਓਟਾ ਜੀਪ ਦੇ ਪਿੱਛੇ ਪਿੱਛੇ ਚੱਲਣ ਲਗ ਪਿਆ।

ਵੀਹ ਸੈਕਟਰ ਵਾਲੇ ਮੋੜ ਤੋਂ ਅੱਗੇ ਜਦੋਂ ਵੱਡਾ ਚੌਂਕ ਆਇਆ ਤਾਂ ਮੈਂ ਸੋਚ ਰਿਹਾ ਸੀ "ਵੇਖੋ ਹੁਣ ਜਲੰਧਰ ਜਾਂਦੇ ਹਨ ਕਿ ਦਿੱਲੀ"। ਪਰ ਗੱਡੀ ਦਿੱਲੀ ਵਾਲੀ ਸੜਕੇ ਪੈ ਗਈ। ਇਹ ਮੇਰੇ ਵਾਸਤੇ ਘਬਰਾਹਟ ਵਾਲੀ ਗੱਲ ਸੀ "ਇਕੱਲਾ ਦਿੱਲੀ। ਨਾ ਕੋਈ ਜਾਣ ਨਾ ਪਛਾਣ। ਏਥੇ ਰਹਿੰਦੇ ਤਾਂ ਸੌ ਵਾਕਫੀ, ਸੌ ਗੱਲ, ਦਿੱਲੀ ਆਪਣਾ ਕੌਣ ਹੈ?" ਮੈਂ ਹੁਣ ਸੋਚਾਂ ਵਿਚ ਘਿਰਿਆ ਪਿਆ ਸਾਂ, ਜਦੋਂ ਜੀਪ 'ਤੇ ਅੱਗੇ ਬੈਠੇ ਅਫਸਰ ਨੇ ਪਿੱਛੇ ਨੂੰ ਮੂੰਹ ਕਰਕੇ ਕਿਹਾ "ਸਰਦਾਰ ਜੀ, ਅਸੀਂ ਤੁਹਾਨੂੰ ਦਿੱਲੀ ਲੈ ਚੱਲੇ ਆਂ"। "ਬੜੀ ਵਧੀਆ ਗੱਲ ਹੈ, ਮੈਂ ਵੀ ਨਾਲੇ ਦਿੱਲੀ ਵੇਖ ਆਊਂ", ਮੈਂ ਘਬਰਾਹਟ ਵਿਚ ਹੁੰਦਿਆਂ ਹੋਇਆਂ ਵੀ ਇਸਦਾ ਵਿਖਾਲਾ ਨਹੀਂ ਸੀ ਕਰਨਾ ਚਾਹੁੰਦਾ। "ਜੇ ਤੁਸੀਂ ਹੁਣ ਵੀ ਸਾਨੂੰ ਸਾਰੀ ਗੱਲ ਸੱਚ ਸੱਚ ਦੱਸ ਦਿਓ ਤਾਂ ਮੈਂ ਤੁਹਾਨੂੰ ਵਾਪਸ ਲੈ ਜਾ ਸਕਦਾ ਹਾਂ" ਤੇ ਫੇਰ ਮੇਰੇ ਮੂੰਹ ਵੱਲ ਧਿਆਨ ਨਾਲ ਵੇਖਣ ਲੱਗ ਪਿਆ। "ਜਿਹੜੀ ਗੱਲ ਦਾ ਮੈਨੂੰ ਜਿੰਨਾ ਪਤਾ ਹੈ, ਉਹ ਤੁਹਾਨੂੰ ਦੱਸ ਦਿੱਤੀ ਹੈ ਤੇ ਹੋਰ ਮੈਨੂੰ ਕਿਸੇ ਦਾ ਪਤਾ ਨਹੀਂ, ਦਿੱਲੀ ਲੈ ਚਲੋ ਤੇ ਭਾਵੇਂ ਉਸ ਤੋਂ ਵੀ ਅਗਾਂਹ ਕਿਤੇ ਲੈ ਚਲੋ। ਜਿਸ ਗੱਲ ਦਾ ਪਤਾ ਹੀ ਨਾ ਹੋਵੇ ਜਗ੍ਹਾਂ ਬਦਲਣ ਨਾਲ ਤਾਂ ਕੋਈ ਤੁਅਲਕ ਨਹੀਂ। ਸੱਚ ਏਹੋ ਹੀ ਸੀ, ਜਿਹੜਾ ਤੁਸੀਂ ਮੈਨੂੰ ਪੁੱਛ ਚੁੱਕੇ ਹੋ ਤੇ ਮੈਂ ਤੁਹਾਨੂੰ ਦੱਸ ਚੁੱਕਾ ਹਾਂ।" ਮੈਂ ਭਾਵੇਂ ਅੰਦਰੋ ਜਲੰਧਰ ਜਾਣ ਦਾ ਹੀ ਚਾਹਵਾਨ ਸੀ ਪਰ ਮੈਨੂੰ ਇਹ ਉਮੀਦ ਨਹੀਂ ਸੀ ਕਿ ਇਹ ਦਿੱਲੀ ਨੂੰ ਤੁਰੀ ਹੋਈ ਗੱਡੀ ਹੁਣ ਜਲੰਧਰ ਵੱਲ ਮੁੜ ਪਵੇਗੀ। ਏਨੀਆਂ ਗੱਲਾਂ ਕਰਦਿਆਂ ਕਰਾਉਂਦਿਆਂ ਗੱਡੀ ਲੱਗਪਗ ਉਥੇ ਪਹੁੰਚ ਚੁੱਕੀ ਸੀ, ਜਿਥੋਂ ਪਟਿਆਲੇ ਤੇ ਦਿੱਲੀ ਵੱਲ ਸੜਕਾਂ ਮੁੜਦੀਆਂ ਹਨ। "ਸਰਦਾਰ ਜੀ, ਅਜੇ ਵੀ ਵੇਲਾ ਜੇ"। "ਨਹੀਂ ਜੀ, ਇਸ ਤੋਂ ਵੱਧ ਮੈਨੂੰ ਹੋਰ ਨਹੀਂ ਪਤਾ", ਮੈਂ ਵੀ ਉਸੇ ਤਰ੍ਹਾਂ ਕਾਹਲੀ ਤੇ ਰੁੱਖੇ ਲਹਿਜੇ ਵਿਚ ਜੁਆਬ ਦਿੱਤਾ, ਜਿਸ ਵਿਚ ਅਫਸਰ ਨੇ ਪੁਛਿਆ ਸੀ।

ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਨੇ ਆਖਿਆ, "ਲੈ ਲੈ, ਬੈਕ"। "ਵਾਪਸ ਮੁੜਾਂ ਜੀ?" ਡਰਾਈਵਰ ਨੇ ਪੁਛਿਆ? "ਹਾਂ" ਅਤੇ ਗੱਡੀਆਂ ਵਾਪਸ ਉਸੇ ਹੀ ਸੜਕੇ ਮੁੜ ਪਈਆਂ। ਮੈਂ ਦਿਲ ਵਿਚ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕੀਤਾ। ਪਰ ਮੈਂ ਹੈਰਾਨ ਬੜਾ ਸਾਂ ਕਿ ਇਹ ਕਿਵੇਂ ਚਮਤਕਾਰ ਵਾਪਰਿਆ। ਇਸ ਤਰ੍ਹਾਂ ਮੈਂ ਕੁਦਰਤ ਬਾਰੇ, ਪਰਮਾਤਮਾ ਦੀ ਹੋਂਦ ਬਾਰੇ ਸੋਚ ਰਿਹਾ ਸਾਂ, ਜਦੋਂ ਟ੍ਰਿਬਿਊਨ ਦਾ ਦਫਤਰ, ਫੇਰ 22 ਸੈਕਟਰ ਦਾ ਵੱਡਾ ਚੌਂਕ ਤੇ ਫੇਰ ਜਲੰਧਰ ਵਾਲੀ ਸੜਕ ਆ ਗਈ। ਗੱਡੀਆਂ ਫੱਟਾ-ਫੱਟ ਜਲੰਧਰ ਵੱਲ ਦੌੜੀਆਂ ਜਾ ਰਹੀਆਂ ਸਨ। ਫੇਰ ਬਜਵਾੜੇ ਵਾਲਾ ਮੋੜ ਆਇਆ ਤੇ ਏਸੇ ਤਰ੍ਹਾਂ ਗੱਡੀਆਂ ਭੱਜੀਆਂ ਜਾ ਰਹੀਆਂ ਸਨ। ਹੁਣ ਮੈਨੂੰ ਕੋਈ ਸ਼ੱਕ ਨਹੀਂ ਸੀ ਰਹਿ ਗਿਆ ਕਿ ਜਲੰਧਰ ਹੀ ਜਾ ਰਹੇ ਹਾਂ, ਨਹੀਂ ਤਾਂ ਜਿੰਨਾ ਚਿਰ ਗੱਡੀਆਂ ਚੰਡੀਗੜ੍ਹ ਦੇ ਵਿਚ ਸਨ, ਮੈਂ ਸਮਝਦਾ ਸਾਂ ਕਿ ਇਹ ਕੋਈ ਵੀ ਡਰਾਮਾ ਕਰ ਸਕਦੇ ਹਨ।

ਰੋਪੜ ਤੋਂ ਅੱਗੇ ਆ ਕੇ ਇਕ ਹਰਿਆਣਵੀ ਸਿਪਾਹੀ, ਜਿਸ ਦੀ ਪੇਟੀ ਨਾਲ ਮੇਰੀ ਹੱਥਕੜੀ ਬੱਝੀ ਹੋਈ ਸੀ, ਨੇ ਮੈਨੂੰ ਪੁਛਿਆ "ਸਰਦਾਰ ਸਾਹਿਬ, ਪੇਸ਼ਾਬ ਤੋਂ ਨਹੀਂ ਕਰਨਾ?" ਮੈਂ ਹਾਂ ਵਿਚ ਸਿਰ ਹਿਲਾਇਆ ਤਾਂ ਉਸ ਨੇ ਫੱਟ ਅਗੇ ਬੈਠੇ ਅਫ਼ਸਰ ਨੂੰ ਆਖਿਆ "ਜਨਾਬ, ਗਾਡੀ ਰੁਕਵਾਓ, ਸਰਦਾਰ ਜੀ ਕੋ ਪੇਸ਼ਾਬ ਕਰਨਾ ਹੈ।" ਕੁਦਰਤੀ ਉਥੇ ਇਕ ਢਾਬਾ ਲਾਗੇ ਹੀ ਸੀ ਤੇ ਕੁਝ ਰੌਣਕ ਜੇਹੀ ਵੀ ਸੀ। ਢਾਬੇ ਦੇ ਨੇੜੇ ਗੱਡੀ ਰੁਕ ਗਈ। ਪਿਛਲੀ ਗੱਡੀ ਵੀ ਰੁਕੀ ਤਾਂ ਸਾਰੇ ਸਿਪਾਹੀਆਂ ਨੇ ਉੱਤਰ ਕੇ ਪਹਿਲਾਂ ਉਸ ਢਾਬੇ ਦੇ ਆਲੇ ਦੁਆਲੇ ਘੇਰਾ ਜਿਹਾ ਪਾ ਲਿਆ। ਫਿਰ ਮੈਨੂੰ ਥੱਲੇ ਉਤਾਰਿਆ ਪਰ ਪਸ਼ਾਬ ਕਰਨ ਲਈ ਕੋਈ ਓਹਲਾ ਨਜ਼ਰ ਨਹੀਂ ਸੀ ਆਉਂਦਾ। ਫਿਰ ਲਾਗੇ ਹੀ ਇਕ ਢੱਠੀ ਹੋਈ ਕੰਧ ਸੀ, ਉਸ ਵੱਲ ਨੂੰ ਸਾਰੇ ਤੁਰ ਪਏ। ਅੱਠਾਂ ਦਸਾਂ ਸਿਪਾਹੀਆਂ ਦੇ ਅੱਗੇ ਪਿੱਛੇ ਪਏ ਹੋਏ ਘੇਰੇ ਜਿਹੇ ਕਰਕੇ ਤੇ ਬਿਲਕੁਲ ਦੋ ਬੰਦੇ ਕੋਲ ਖੜੇ ਹੋਣ ਕਰਕੇ, ਮੈਨੂੰ ਜਲਦੀ ਪਸ਼ਾਬ ਨਹੀਂ ਸੀ ਆ ਰਿਹਾ। ਜੋ ਬੰਦੇ ਬਿਲਕੁਲ ਅਗਲੇ ਬੰਨੇ ਖੜੇ ਸਨ ਮੈਂ ਉਨ੍ਹਾਂ ਨੂੰ ਆਖਿਆ "ਜ਼ਰਾ ਪਾਸੇ 'ਤੇ ਹੋ ਜਾਓ, ਏਦਾਂ ਤਾਂ ਮੈਨੂੰ ਪਸ਼ਾਬ ਈ ਨਹੀਂ ਆਉਣਾ"। ਉਹ ਝੱਟ ਪਾਸੇ ਹੱਟ ਗਏ। ਮੈਂ ਪਸ਼ਾਬ ਕੀਤਾ ਤੇ ਇਕ ਸਿਪਾਹੀ ਨੇ ਉਥੇ ਹੀ ਲਿਆ ਕੇ ਪਾਣੀ ਨਾਲ ਹੱਥ ਧੁਆ ਦਿੱਤੇ। ਫਿਰ ਸਾਰੇ ਜੀਪ ਵੱਲ ਮੁੜ ਆਏ ਤੇ ਮੈਂ ਤੇ ਉਹ ਸਿਪਾਹੀ ਜੀਪ ਵਿਚ ਬੈਠ ਗਏ ਤੇ ਬਾਕੀਆਂ ਨੇ ਜੀਪ ਘੇਰ ਲਈ। ਉਨੇ ਚਿਰ ਨੂੰ ਚਾਹ ਬਣ ਗਈ ਸੀ। ਮੇਰੇ ਲਈ ਚਾਹ ਦਾ ਗਲਾਸ ਤੇ ਬਿਸਕੁਟਾਂ ਦਾ ਬੰਦ ਪੈਕਟ ਆਇਆ। ਸਾਰੇ ਸਿਪਾਹੀਆਂ ਨੇ ਵੀ ਚਾਹ ਪੀਤੀ ਤੇ ਕਾਫਲਾ ਅੱਗੇ ਤੁਰ ਪਿਆ। ਇਕ ਵਾਰ ਰਸਤੇ ਵਿਚ ਬੰਗਿਆਂ ਤੋਂ ਅੱਗੇ ਆ ਕੇ ਵੀ ਮੈਂ ਪਸ਼ਾਬ ਕਰਨ ਲਈ ਆਖਿਆ ਤਾਂ ਫਿਰ ਉਹ ਹੀ (ਆਲਾ ਦੁਆਲਾ ਘੇਰਨ ਵਾਲਾ) ਡਰਾਮਾ ਹੋਇਆ। ਅੱਗੇ ਜੀਪ ਤੇ ਪਿਛੇ ਫੋਰ ਵੀਲ੍ਹਰ ਚਲਦਾ ਸੀ। ਕੋਈ ਕਾਰਾਂ ਵਗੈਰਾ ਜਦੋਂ ਲਾਗੋਂ ਦੀ ਓਵਰ ਟੇਕ ਕਰਦੀਆਂ ਤਾਂ ਸਭ ਦੀ ਨਜ਼ਰ ਮੇਰੇ 'ਤੇ ਜ਼ਰੂਰ ਪੈਂਦੀ ਤੇ ਉਹ ਕਿੰਨਾ ਚਿਰ ਵੇਖਦੇ ਹੀ ਰਹਿੰਦੇ। ਇਹ ਸਭ ਕੁਝ ਮੈਨੂੰ ਵਧੀਆ ਲੱਗਦਾ ਸੀ। ਪਰ ਇਕ ਡਰ ਜਿਹਾ ਵੀ ਮੈਨੂੰ ਪਰੇਸ਼ਾਨ ਕਰ ਰਿਹਾ ਸੀ। ਮੈਂ ਸਮਝ ਗਿਆ ਸੀ ਕਿ ਕੋਈ ਵੱਡਾ ਰੱਫੜ ਹੈ ਪਰ ਇਹ ਰੱਫੜ ਕੀ ਹੋ ਸਕਦਾ ਹੈ, ਮੇਰੇ 'ਤੇ ਕਿਹੜਾ ਕੇਸ ਬਣਾਇਆ ਗਿਆ ਹੋਊ? ਇਸਦੀ ਮੈਨੂੰ ਸਮਝ ਨਹੀਂ ਸੀ ਆ ਰਹੀ।

ਇਸ ਤਰ੍ਹਾਂ ਸੋਚਦਿਆਂ ਕਰਦਿਆਂ ਜਲੰਧਰ ਦੇ ਨਜ਼ਦੀਕ ਪਹੁੰਚ ਗਏ। ਉਸ ਅਫ਼ਸਰ ਨੇ ਰਸਤੇ ਵਿਚ ਕੋਈ ਗੱਲ ਮੇਰੇ ਨਾਲ ਨਾ ਕੀਤੀ। ਜੀਪ ਵਿਚ ਦੋ ਸਿੱਖ ਮੁਲਾਜ਼ਮ ਸਨ। ਇਕ ਡਰਾਈਵਰ ਤੇ ਦੂਸਰਾ ਪੁਲਸੀਆ। ਪਰ ਦੋਵੇਂ ਹੀ ਏਨੇ ਡਰਦੇ ਸਨ ਕਿ ਅੱਖ ਚੁੱਕ ਕੇ ਵੀ ਮੇਰੇ ਵੱਲ ਨਹੀਂ ਸਨ ਵੇਖਦੇ। ਸਗੋਂ ਹਰਿਆਣਵੀ, ਜਿਸ ਨਾਲ ਹਥਕੜੀ ਬੱਝੀ ਸੀ ਉਸ ਨੇ ਦੋ ਤਿੰਨ ਵਾਰੀ ਮੇਰਾ ਹੌਸਲਾ ਵਧਾਉਣ ਲਈ ਕਿਹਾ ਸੀ "ਸਰਦਾਰ ਸਾਹਿਬ, ਯਹ ਦੁਖ ਤਕਲੀਫ ਕਿਸਮਤ ਮੇਂ ਲਿਖਾ ਹੋਤਾ ਹੈ, ਫਿਕਰ ਕਰਨੇ ਕੀ ਬਾਤ ਨਹੀਂ। ਯਹ ਤੋ ਜ਼ਿੰਦਗੀ ਮੇਂ ਬਸ ਧੂਪ ਛਾਊਂ ਹੈ। ਕੇਸ ਭੀ ਮਰਦੋਂ ਪਰ ਬਨਤੇ ਹੈ, ਸੱਚ ਮੁੱਚ ਆਪ ਕੀ ਤੋ ਸ਼ਾਨ ਹੈ।" ਉਸ ਦੀਆਂ ਗੱਲਾਂ ਸੁਣ ਕੇ ਸੱਚ ਮੁੱਚ ਮੈਨੂੰ ਰਾਹਤ ਮਿਲਦੀ ਤੇ ਮੈਂ ਆਪਣੇ ਆਪ ਨੂੰ ਇਕ ਮਰਦ ਸਮਝਦਾ। ਨਾਲੇ ਮੈਨੂੰ ਆਪਣੇ ਛੋਟੇ ਪੁੱਤਰ ਗੁਰਪ੍ਰੀਤ ਬਲਵਿੰਦਰ ਸਿੰਘ ਦੀ ਗੱਲ ਵੀ ਯਾਦ ਆ ਜਾਂਦੀ, "ਜੇ ਦੋ ਸਿਪਾਹੀ ਫੜਨ ਆਉਂਦੇ, ਫੇਰ ਵੀ ਤਾਂ ਉਨ੍ਹਾਂ ਨਾਲ ਥਾਣੇ ਜਾਣਾ ਹੀ ਪੈਣਾ ਸੀ। ਹੁਣ ਤੇ ਸੈਂਕੜੇ ਪੁਲਿਸ ਵਾਲੇ ਆਏ, ਮੁਕੱਦਮਾ ਤਾਂ ਇਕ ਵਾਰੀ

ਬਣ ਗਿਆ ਪਰ ਸ਼ਾਨ ਵੀ ਤਾਂ ਬਣ ਗਈ ਨਾ।" ਤੇ ਮੈਂ ਸੋਚਦਾ "ਮੁੰਡਾ ਠੀਕ ਕਹਿੰਦਾ ਹੈ, ਜੇ ਦੋ ਪੁਲਿਸ ਵਾਲੇ ਆਉਂਦੇ ਤਾਂ ਜਾਣਾ ਤਾਂ ਪੈਣਾ ਹੀ ਸੀ। ਮੁਕੱਦਮਾ ਵੀ ਓਡਾ ਹੀ ਬਣਨਾ ਸੀ ਪਰ ਦੋ ਦੋ ਸਿਪਾਹੀ ਤਾਂ ਜੇਬ ਕਤਰਿਆਂ ਨੂੰ ਫੜਨ ਜਾਂਦੇ ਹਨ। ਚਲੋ ਮੁਕੱਦਮਾ ਤਾਂ ਬਣਿਆ ਪਰ ਫੜ ਤਾਂ ਚੱਜ ਨਾਲ ਈ ਹੋਏ ਆਂ।" ਏਨੇ ਚਿਰ ਨੂੰ ਜਲੰਧਰ ਦਾ ਬੀ.ਐਮ.ਸੀ. ਚੌਂਕ ਆ ਗਿਆ। ਮੈਂ ਸੋਚਿਆ ਸੀ.ਆਈ.ਏ. ਸਟਾਫ ਜਾਣਗੇ। ਪਰ ਗੱਡੀ ਓਧਰ ਨਾ ਮੁੜੀ ਤੇ ਸਿੱਧੀ ਅੰਮ੍ਰਿਤਸਰ ਵਾਲੀ ਸੜਕੇ ਹੀ ਪੈ ਗਈ। ਪਹਿਲਾਂ ਤਾਂ ਮੈਨੂੰ ਸ਼ੱਕ ਸੀ ਕਿ ਥਾਣਾ ਸਦਰ ਜਾਣਗੇ, ਜਿਹੜਾ ਸੀ.ਆਈ.ਏ. ਸਟਾਫ ਤੋਂ ਪਹਿਲਾਂ ਆਉਂਦਾ ਹੈ, ਪਰ ਉਹ ਅੰਦਾਜ਼ਾ ਵੀ ਗਲਤ ਨਿਕਲਿਆ ਸੀ। ਹੰਸ ਰਾਜ ਮਹਿਲਾ ਕਾਲਜ ਚੌਂਕ ਤੋਂ ਗੱਡੀ ਫਿਰ ਪਿਛਾਂਹ ਸਬਜੀ ਮੰਡੀ ਵੱਲ ਨੂੰ ਮੁੜ ਪਈ। ਮੈਂ ਏਨਾ ਸੋਚ ਚੁੱਕਾ ਸਾਂ ਕਿ ਹੁਣ ਥੱਕ ਗਿਆ ਸਾਂ ਤੇ ਇਸ ਲਈ ਸੋਚਣਾ ਹੀ ਛੱਡ ਦਿੱਤਾ। ਜਿਥੇ ਟੈਂਪੂ ਖਲੋਂਦੇ ਹਨ, ਉਨ੍ਹਾਂ ਕੋਲ ਗੱਡੀ ਹੌਲੀ ਹੋ ਗਈ ਤੇ 2 ਨੰਬਰ ਚੌਂਕੀ ਵੱਲ ਅੰਦਰ ਨੂੰ ਮੁੜ ਗਈ। ਇਹ ਪੁਲਿਸ ਚੌਂਕੀ ਨਵੀਂ ਬਣੀ ਹੈ ਤੇ ਮੈਂ ਅੱਗੇ ਕਦੇ ਇਸਦੇ ਅੰਦਰ ਨਹੀਂ ਸੀ ਗਿਆ। ਇਸ ਥਾਣੇ ਅੱਗੇ ਸੀ.ਆਰ.ਪੀ. ਪਹਿਲਾਂ ਹੀ ਤਾਇਨਾਤ ਸੀ ਤੇ ਉਨ੍ਹਾਂ ਦੀਆਂ ਛੇ-ਸੱਤ ਗੱਡੀਆਂ ਤਿਆਰ ਹੀ ਖੜੀਆਂ ਸਨ। ਇਹ ਚੌਂਕੀ ਦੋ ਮੰਜ਼ਲੀ ਹੈ ਤੇ ਬਿਲਕੁਲ ਨਵੇਂ ਢੰਗ ਨਾਲ ਬਣੀ ਹੋਈ ਹੈ।

ਜਲੰਧਰ ਦੀ ਚੌਂਕੀ ਨੰਬਰ ਦੋ 'ਚ

ਮੈਨੂੰ ਜੀਪ ਵਿਚੋਂ ਉਤਾਰ ਕੇ ਮੁੱਖ ਮੁਣਸ਼ੀ ਦੇ ਦਫਤਰ ਵਿਚ ਲਿਜਾਇਆ ਗਿਆ। ਜਿਥੇ ਅਫ਼ਸਰ ਨੇ ਮੁਣਸ਼ੀ ਨੂੰ ਆਖਿਆ, ਇਨ੍ਹਾਂ ਦਾ ਨਾਂ, ਪਿਤਾ ਦਾ ਨਾਂ ... ਹੈ, ਇਨ੍ਹਾਂ ਨੂੰ ਵੀ 5/86 ਵਿਚ ਪਾ ਕੇ ਹਵਾਲਾਤ ਵਿਚ ਲੈ ਲਓ। ਮੁਣਸ਼ੀ ਨੇ ਜੋ ਉਠ ਕੇ ਖੜਾ ਹੋ ਗਿਆ ਸੀ ਹਾਂ ਵਿਚ ਸਿਰ ਹਿਲਾ ਕੇ ਕਿਹਾ "ਠੀਕ ਹੈ ਜਨਾਬ"। ਇਹ ਕਹਿ ਕੇ ਅਫ਼ਸਰ ਚਲਾ ਗਿਆ ਤੇ ਮੁਣਸ਼ੀ ਨੇ ਮੈਨੂੰ ਪੁਛਿਆ "ਕੋਈ ਸੱਟ ਫੇਟ ਤੇ ਨਹੀਂ?" "ਨਹੀਂ" ਮੈਂ ਵੀ ਉਸੇ ਤਰ੍ਹਾਂ ਹੀ ਅਗੋਂ ਰੁੱਖਾ ਜਿਹਾ ਜਵਾਬ ਦਿੱਤਾ। "ਹੁਣ ਹੁਣ ਦੱਸ ਦੇ, ਫੇਰ ਨਾ ਮਗਰੋਂ ਆਖੀ, ਆਹ ਆ ਤੇ ਔਹ ਆ"। ਸਿੱਖ ਹੌਲਦਾਰ ਦਾ ਬੋਲਣ ਦਾ ਢੰਗ ਸੁਣ ਕੇ ਮੈਨੂੰ ਅੱਗ ਲੱਗ ਗਈ ਤੇ ਮੈਂ ਕਿਹਾ "ਤੈਨੂੰ ਇਕ ਵਾਰੀ ਨਹੀਂ ਸੁਣਿਆ, ਲਿਖ ਕੇ ਦਿਆਂ ਹੁਣ ਤੈਨੂੰ?"

ਮੁੱਖ ਮੁਣਸ਼ੀ ਜੋ ਆਪਣੇ ਆਪ ਨੂੰ ਕੁਝ ਸਮਝਦਾ ਸੀ, ਇਹ ਜਵਾਬ ਸੁਣ ਕੇ ਹੈਰਾਨ ਹੋ ਗਿਆ ਤੇ ਫਿਰ ਸ਼ਰਮਿੰਦਾ ਜਿਹਾ ਹੋ ਕੇ ਚੁੱਪ ਕਰ ਗਿਆ। ਮੈਂ ਤੀਰ ਨਿਸ਼ਾਨੇ 'ਤੇ ਲੱਗਾ ਵੇਖ ਕੇ ਫੇਰ ਬੋਲਿਆ "ਤੇਰੇ ਵਰਗੇ ਤਿੰਨਾਂ-ਤਿੰਨਾਂ ਫੀਤੀਆਂ ਵਾਲੇ ਵੀਹ ਹੋਣੇ ਆ, ਜਦੋਂ ਮੈਨੂੰ ਫੜਨ ਗਏ ਸੀ ਤੇ ਤੈਨੂੰ ਕਿਸੇ ਨੇ ਅਜੇ ਤੱਕ ਬੋਲਣ ਦੀ ਜਾਚ ਵੀ ਨਹੀਂ ਸਿਖਾਈ" ਮੈਨੂੰ ਚੰਡੀਗੜ੍ਹੋਂ ਹੀ ਪਤਾ ਲੱਗ ਚੁੱਕਾ ਸੀ ਕਿ ਇਸ ਕੇਸ ਵਿਚ ਜਲੰਧਰ ਪੁਲਿਸ ਦਾ ਕੋਈ ਕੰਮ ਨਹੀਂ ਤੇ ਫਿਰ ਇਨ੍ਹਾਂ ਦਾ ਰੋਅਬ ਵੀ ਕਾਹਦਾ ਸਹਿਣਾ? "ਸਰਦਾਰ ਜੀ, ਮੈਂ ਤੇ ਓਦਾਂ ਆਖਿਆ ਪਈ ਫੇਰ ਗੱਲ ਸਾਡੇ 'ਤੇ ਨਾ ਆ ਪਵੇ। ਮੈਂ ਤਾਂ ਤੁਹਾਨੂੰ ਪੁਛਿਆ ਤੇ ਤੁਸੀਂ ਗੁੱਸਾ ਕਰ ਲਿਆ।" ਮੈਂ ਹੋਰ ਗੱਲ ਕਰਨੀ ਮੁਨਾਸਬ ਨਾ ਸਮਝੀ। ਹੌਲਦਾਰ ਨੇ ਫੇਰ ਇਕ ਹੋਰ ਨੂੰ, ਜੋ ਸ਼ਾਇਦ ਚਿੱਟੇ ਕਪੜਿਆਂ ਵਿਚ ਛੋਟਾ ਮੁਣਸ਼ੀ ਸੀ, ਆਖਿਆ "ਜਾਮਾ ਤਲਾਸ਼ੀ ਲੈ ਕੇ ਬੰਦ ਕਰਦੇ" ਤੇ ਆਪ ਉਹ ਇਕ ਰਜਿਸਟਰ ਵਿਚ ਮੇਰਾ ਨਾਂ ਪਤਾ ਵਗੈਰਾ ਲਿਖਣ ਲੱਗ ਪਿਆ। ਜਾਮਾ ਤਲਾਸ਼ੀ ਵਿਚ ਜਦੋਂ ਮੁਣਸ਼ੀ ਦਾ ਹੱਥ ਕ੍ਰਿਪਾਨ 'ਤੇ ਗਿਆ ਤਾਂ ਉਸ ਆਖਿਆ "ਸਰਦਾਰ ਜੀ, ਕ੍ਰਿਪਾਨ ਲਾਹ ਦਿਓ"। "ਕਿਉਂ?" ਮੈਂ ਪੁਛਿਆ। "ਕ੍ਰਿਪਾਨ

ਹਵਾਲਾਤ ਵਿਚ ਨਹੀਂ ਜਾਂਦੀ ਹੁੰਦੀ।" ਮੁਨਸ਼ੀ ਨੇ ਆਖਿਆ। "ਅਗੇ ਨਹੀਂ ਸੀ ਜਾਂਦੀ ਹੁੰਦੀ, ਹੁਣ ਜਾਇਆ ਕਰੂ, ਮੈਂ ਸਿੱਧਾ ਏਥੇ ਨਹੀਂ ਆਇਆ, ਦੋ ਦਿਨ ਚੰਡੀਗੜ੍ਹ 17 ਸੈਕਟਰ ਥਾਣੇ ਰਿਹਾਂ ਤੇ ਇਹ ਮੇਰੇ ਨਾਲ ਹੀ ਰਹੀ ਹੈ, ਜੇ ਕੋਈ ਸ਼ੱਕ ਹੈ ਤਾਂ ਆਹ ਹੁਣੇ ਜਿਹੜਾ ਅਫ਼ਸਰ ਗਿਆ, ਇਹ ਨੂੰ ਪੁੱਛ ਆ, ਜਾਂ ਏਥੇ ਸੱਦ ਲਿਆ"। ਮੁਨਸ਼ੀ ਤਾਂ ਕੀ ਅੰਦਰ ਬੈਠੇ ਕਿਸੇ ਵੀ ਹੋਰ ਦੀ ਬੋਲਣ ਦੀ ਜੁਅਰਤ ਨਹੀਂ ਪਈ। ਕੁਝ ਚਿਰ ਸਾਰੇ ਚੁੱਪ ਰਹੇ, ਫਿਰ ਛੋਟਾ ਮੁਨਸ਼ੀ ਜੋ ਆਪ ਸਿੱਖ ਸੀ, ਬੋਲਿਆ "ਅਸੀਂ ਤਾਂ ਅੱਗੇ ਕ੍ਰਿਪਾਨ ਲੁਹਾ ਕੇ ਈ ਬੰਦ ਕਰਦੇ ਰਹੇ ਹਾਂ ਹਰ ਇਕ ਨੂੰ, ਅੱਜ ਨਵੀਂ ਗੱਲ ਸੁਣ ਲਈ ਆ"। "ਹਟ ਜਾਓਗੇ ਕ੍ਰਿਪਾਨਾਂ ਲੁਹਾਉਣੋਂ, ਅੱਗੇ ਤੁਹਾਨੂੰ ਪੁਛਦਾ ਵੀ ਕਿਹੜਾ ਸੀ," ਮੈਂ ਕਿਹਾ। ਵੱਡਾ ਮੁਨਸ਼ੀ ਤਾਂ ਬੱਸ ਬਿਟ ਬਿਟ ਵੇਖੀ ਹੀ ਜਾ ਰਿਹਾ ਸੀ। ਓਨੇ ਚਿਰ ਨੂੰ ਸੀ.ਬੀ.ਆਈ. ਅਫ਼ਸਰ ਆ ਗਿਆ। ਉਸ ਕਿਹਾ "ਜਨਾਬ ਇਹ ਕਹਿੰਦੇ ਚੰਡੀਗੜ੍ਹ ਕ੍ਰਿਪਾਨ ਸਮੇਤ ਈ ਹਵਾਲਾਤ ਵਿਚ ਰਹੇ ਆ, ਇਸ ਕਰਕੇ ਏਥੇ ਵੀ ਨਹੀਂ ਲਾਹੁਣੀ"। "ਹਾਂ ਕੋਈ ਗੱਲ ਨਹੀਂ, ਕਰ ਦਿਓ ਬੰਦ ਕ੍ਰਿਪਾਨ ਸਮੇਤ ਈ" ਤੇ ਇਸ ਤਰ੍ਹਾਂ ਸਾਰਾ ਝਗੜਾ ਹੀ ਖਤਮ ਹੋ ਗਿਆ। ਫਿਰ ਉਹ ਮੁਨਸ਼ੀ ਸਿਪਾਹੀਆਂ ਸਮੇਤ ਹਵਾਲਾਤ ਤੱਕ ਆਇਆ, ਜਿਥੇ ਅੰਦਰ ਪਹਿਲਾਂ ਹੀ ਛੇ ਆਦਮੀ ਬੈਠੇ ਹੋਏ ਸਨ ਤੇ ਦਰਵਾਜਾ ਖੋਲ ਕੇ ਮੈਨੂੰ ਅੰਦਰ ਬੰਦ ਕਰ ਦਿੱਤਾ।

ਸਫਰ, ਦੋ ਰਾਤਾਂ ਦਾ ਉਨੀਂਦਰਾ, ਨਹਾਉਣਾ ਤਾਂ ਕਿਤੇ, ਮੂੰਹ ਵੀ ਨਾ ਧੋਤਾ ਹੋਣ ਤੇ ਥਕਾਵਟ ਕਰਕੇ ਮੈਂ ਬੜਾ ਥੱਕਿਆ ਥੱਕਿਆ ਮਹਿਸੂਸ ਕਰ ਰਿਹਾ ਸੀ। ਮੈਂ ਹੱਥ ਵਿਚ ਫੜੇ ਹੋਏ ਕੱਪੜੇ ਥੱੜਪ ਕਰਕੇ ਭੁੰਜੇ ਵਿਛੇ ਹੋਏ ਕੰਬਲ 'ਤੇ ਸੁੱਟੇ ਤੇ ਸਾਰੇ ਕਮਰੇ 'ਚ ਨਿਗਾਹ ਮਾਰੀ। ਮੈਨੂੰ ਕੀ ਪਤਾ ਸੀ ਕਿ ਇਹ ਛੇ ਆਦਮੀ ਜੋ ਅੰਦਰ ਬੈਠੇ ਹਨ, ਮੇਰੇ ਮੁਕੱਦਮਾਵਾਰ ਹਨ? ਏਨੇ ਚਿਰ ਨੂੰ ਉਨ੍ਹਾਂ ਛਿਆਂ ਵਿਚੋਂ ਇਕ ਨੇ ਪੁਛਿਆ "ਸਰਦਾਰ ਜੀ, ਕਿਸ ਕੇਸ ਵਿਚ ਆਏ ਹੋ"? "ਕਹਿੰਦੇ ਆ ਕੈਨੇਡਾ ਟੈਲੀਫੋਨ ਹੋ ਗਿਆ, ਟੈਲੀਫੋਨ ਮੇਰਾ, ਇਨ੍ਹਾਂ ਦੇ ਕੀ ਢਿੱਡ ਪੀੜ ਹੁੰਦੀ ਆ? ਜੇ ਟੈਲੀਫੋਨ ਕਰਨਾ ਨਹੀਂ ਤਾਂ ਲਵਾਇਆ ਕਾਹਦੇ ਲਈ ਆ? ਟੈਲੀਫੋਨ ਸਾਡਾ ਅਸੀਂ ਭਾਵੇਂ ਕਾਲੇ ਚੋਰ ਨੂੰ ਕਰਾਈਏ, ਇਹ ਤਾਂ ਇਤਰਾਜ ਕਰਨ ਜੇ ਅਸੀਂ ਟੈਲੀਫੋਨ ਕਰਕੇ ਤੇ ਬਿੱਲ ਨਾ ਦੇਂਦੇ ਹੋਈਏ। ਹੈ ਕਿ ਨਹੀਂ! ਹੱਦ ਹੋਈ ਇਨ੍ਹਾਂ ਦੀ। ਟੈਲੀਫੋਨ ਹੋ ਗਿਆ ਕਿ ਖੋਤੀ ਨੂੰ ਹੱਥ ਲੱਗ ਗਿਆ? ਕਿੱਦਾਂ ਪਰਸੋਂ ਦੀ ਲਾਲਾ ਲਾਲਾ ਲਾਈ ਆ।" ਇਹ ਸਾਰੀਆਂ ਗੱਲਾਂ ਮੈਂ ਸਿਰਫ ਉਸ ਆਦਮੀ ਦੀ ਇਕੋ ਹੀ ਗੱਲ ਪੁੱਛਣ ਦੇ ਜੁਆਬ ਵਿਚ ਕਹਿ ਗਿਆ। ਮੈਨੂੰ ਮਹਿਸੂਸ ਹੋਇਆ ਕਿ ਮੇਰਾ ਏਨੀਆਂ ਗੱਲਾਂ ਕਰਨ ਕਰਕੇ ਜਿਵੇਂ ਥਕੇਵਾਂ ਹੀ ਲਹਿ ਗਿਆ ਹੋਵੇ। ਕਿਉਂਕਿ ਤਿੰਨ ਦਿਨ ਤੋਂ ਮੈਂ ਪਹਿਲੀ ਵਾਰ ਖੁੱਲ ਕੇ ਬੋਲਿਆ ਸਾਂ। ਪਰ ਮੇਰੀਆਂ ਗੱਲਾਂ ਸੁਣ ਕੇ ਉਹ ਸਾਰੇ ਹੀ ਗੁਲਾਬ ਦੇ ਫੁੱਲ ਵਾਂਗ ਖਿੜ ਗਏ, ਉਨ੍ਹਾਂ ਦੇ ਬੇਰੌਣਕਿਆਂ ਚੇਹਰਿਆਂ 'ਤੇ ਰੌਣਕ ਆ ਗਈ ਤੇ ਉਹ ਵੀ ਇਕ ਵਾਰ ਤਾਂ ਮੁਰਦਿਆਂ ਵਾਂਗ ਪਏ ਹੋਏ ਉਠ ਕੇ ਬੈਠ ਗਏ। ਉਨ੍ਹਾਂ ਸਾਰਿਆਂ ਨੇ ਬਾਅਦ ਵਿਚ ਮੈਨੂੰ ਦੱਸਿਆ ਕਿ ਅਸੀਂ ਦੋ ਦਿਨ ਤੋਂ ਬਹੁਤ ਘਾਬਰੇ ਹੋਏ ਬੈਠੇ ਸਾਂ। ਜਿਹੜਾ ਵੀ ਆਉਂਦਾ ਸੀ ਸਾਨੂੰ ਡਰਾਉਂਦਾ ਹੀ ਸੀ। ਏਦਾਂ ਦੀ ਦਲੇਰੀ ਭਰੀ ਗੱਲ ਤਿੰਨਾਂ ਦਿਨਾਂ ਤੋਂ ਕਿਸੇ ਦੇ ਮੂੰਹੋਂ ਨਹੀਂ ਸੀ ਸੁਣੀ। ਮੇਰਾ ਰੀਮਾਂਡ 20 ਤੱਕ ਦਾ ਸੀ ਪਰ ਉਨ੍ਹਾਂ ਦੱਸਿਆ ਕਿ ਜਿਹੜਾ ਜੱਜ ਏਥੇ ਆਇਆ ਸੀ, ਉਸ ਨੇ ਰੀਮਾਂਡ ਵੀ ਸੀ.ਬੀ.ਆਈ. ਵਾਲਿਆਂ ਦੇ ਕਹਿਣ 'ਤੇ ਸਿੱਧਾ 15 ਦਿਨ ਦਾ ਅਰਥਾਤ 30 ਤਾਰੀਖ ਤੱਕ ਦਾ ਦੇ ਛੱਡਿਆ ਸੀ। ਪੰਦਰਾਂ ਦਿਨ ਦਾ

ਰੀਮਾਂਡ ਸੁਣ ਕੇ ਇਕ ਹੋਰ ਸਤਵਾਂ ਆਦਮੀ, ਜਿਸਦਾ ਨਾਂ ਤਾਰਾ ਤੇ ਪੂਰਾ ਨਾ ਅਵਤਾਰ ਸਿੰਘ ਸੀ, ਨੂੰ ਕਚੀਆਂ ਤਰੇਲੀਆਂ ਆਉਣ ਲੱਗ ਪਈਆਂ ਤੇ ਉਸ ਰੌਲਾ ਪਾ ਦਿੱਤਾ "ਭਾਅ ਜੀ 30 ਤੱਕ ਦਾ ਰੀਮਾਂਡ ਮਿਲ ਗਿਆ ਜੇ" (ਉਸ ਆਪਣੇ ਬਾਹਰ ਖਲੋਤੇ ਸਾਥੀਆਂ ਨੂੰ ਦੱਸਿਆ ਸੀ) ਤੇ ਨਾਲ ਹੀ ਉਸ ਨੇ ਰੌਲਾ ਪਾ ਦਿੱਤਾ ਕਿ ਉਸ ਦੀ ਛਾਤੀ ਵਿਚ ਦਰਦ ਹੈ। ਉਸ ਨੂੰ ਸੀ.ਬੀ.ਆਈ. ਵਾਲਿਆਂ ਚੁੱਕ ਕੇ ਕੂਲਰ ਅਗੇ ਪਾਇਆ, ਜਿਥੋਂ ਉਸ ਦੇ ਸਾਲੇ ਉਸ ਨੂੰ ਚੁੱਕ ਕੇ ਹਸਪਤਾਲ ਲੈ ਗਏ ਤੇ ਸੀ.ਬੀ.ਆਈ. ਵਾਲੇ ਉਨ੍ਹਾਂ ਦੇ ਜਾਣ ਤੋਂ ਬਾਅਦ ਹੱਥਕੜੀਆਂ ਲੈ ਕੇ ਉਨ੍ਹਾਂ ਦੇ ਮਗਰ ਭੱਜੇ। ਮੈਨੂੰ ਸਾਥੀਆਂ ਨੇ ਦੱਸਿਆ ਕਿ ਹੁਣ ਉਸ ਦੇ ਪੈਰਾਂ ਨੂੰ ਮੰਜੇ ਨਾਲ ਕੜੀ ਲਾਈ ਹੋਈ ਹੈ ਤੇ ਉਸ ਦੀ ਜਨਾਨੀ ਉਸ ਦੇ ਸਰਹਾਣੇ ਬੈਠੀ ਹੈ। ਸਾਥੀਆਂ ਨੇ ਉਸਦੇ ਕਾਬੂ ਆਉਣ ਦੀ ਕਹਾਣੀ ਵੀ ਬੜੀ ਅਜੀਬ ਦੱਸੀ। ਕਹਿੰਦੇ ਜਦੋਂ ਉਨ੍ਹਾਂ ਵਿਚੋਂ ਇਕ ਦੇ ਘਰ ਤੇ ਫੈਕਟਰੀ ਰੇਡ ਹੋਇਆ ਤਾਂ ਇਹ ਆਦਮੀ ਤਮਾਸ਼ਾ ਵੇਖਣ ਆ ਗਿਆ ਕਿ ਚਲੋ ਚੱਲ ਕੇ ਵੇਖੀਏ ਪੁਲਿਸ ਕੀ ਕਰਨ ਆਈ ਹੈ? ਜਦੋਂ ਉਥੇ ਖੜਾ ਸੀ ਤਾਂ ਇਕ ਅਫ਼ਸਰ ਨੇ ਪੁਛਿਆ "ਤੁਮਾਰਾ ਨਾਮ ਕਯਾ ਹੈ"? ਉਸ ਆਖਿਆ "ਜੀ ਤਾਰਾ"। ਅਫ਼ਸਰ ਨੇ ਕਿਹਾ "ਪੂਰਾ ਨਾਂ ਦਸ"? ਉਸ ਕਿਹਾ "ਜੀ ਅਵਤਾਰ ਸਿੰਘ"। ਬਸ ਉਨ੍ਹਾਂ ਨੇ ਝਪਟ ਕੇ ਉਸ ਨੂੰ ਫੜ ਕੇ ਜੀਪ ਵਿਚ ਸੁੱਟ ਲਿਆ। ਅਖੇ ਅਸੀਂ ਤੈਨੂੰ ਈ ਤੇ ਲੱਭਦੇ ਫਿਰਦੇ ਆ। ਪਰ ਉਸ ਸਾਥੀ ਨੇ ਇਹ ਵੀ ਦਸਿਆ ਕਿ ਇਹ ਬੰਦਾ ਫੜਿਆ ਤਾਂ ਐਵੇਂ ਨਹੱਕ ਹੀ ਗਿਆ ਹੈ।

ਉਨ੍ਹਾਂ ਸਾਰਿਆਂ ਨੇ ਆਖਿਆ "ਸਰਦਾਰ ਜੀ ਕੀ ਛਕੋਗੇ, ਲੱਸੀ, ਚਾਹ ਵਗੈਰਾ"? ਪਰ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਤਿੰਨ ਦਿਨ ਤੋਂ ਨਹਾਤਾ ਨਹੀਂ ਸਗੋਂ ਮੂੰਹ ਵੀ ਨਹੀਂ ਧੋਤਾ। ਪਹਿਲਾਂ ਨਹਾਉਣਾ ਚਾਹੁੰਦਾ ਹਾਂ। ਉਨ੍ਹਾਂ ਨੇ ਝੱਟ ਸਾਬਣ, ਤੌਲੀਆ, ਤੇਲ ਵਗੈਰਾ ਮੇਰੇ ਹਵਾਲੇ ਕੀਤਾ ਤੇ ਆਖਿਆ "ਅੰਦਰ ਟੂਟੀ ਚੱਲਦੀ ਹੈ ਮੌਜ ਨਾਲ ਨਹਾਓ, ਫੇਰ ਤੁਹਾਨੂੰ ਰੋਟੀ ਪਾਣੀ ਛਕਾਉਂਦੇ ਆਂ"। ਮੈਂ ਇਸ਼ਨਾਨ ਕੀਤਾ, ਕੱਪੜੇ ਤਾਂ ਖੈਰ ਹੋਰ ਹੈ ਹੀ ਨਹੀਂ ਸਨ। ਇਸ਼ਨਾਨ ਕਰਨ ਨਾਲ ਮੇਰੀਆਂ ਅੱਖਾਂ ਖੁੱਲ ਗਈਆਂ ਤੇ ਸਾਰੀ ਥਕਾਵਟ ਦੂਰ ਹੋ ਗਈ। ਫੇਰ ਮੈਂ ਆ ਕੇ ਆਪਣੇ ਸਾਥੀਆਂ ਵਿਚ ਬੈਠ ਗਿਆ।

ਇਥੋਂ ਦੇ ਹੋਣ ਕਰਕੇ ਉਨ੍ਹਾਂ ਸਾਰਿਆਂ ਦੇ ਘਰ ਦੇ ਮਿੰਟ-ਮਿੰਟ ਬਾਅਦ ਆਉਂਦੇ ਸਨ। ਕੋਈ ਚਾਹ, ਕੋਈ ਲੱਸੀ, ਕੋਈ ਫਲ, ਕੋਈ ਕੁਝ ਤੇ ਕੋਈ ਕੁਝ ਲਿਆਉਂਦਾ ਸੀ। ਇਹ ਸਾਰਾ ਕੁਝ ਥਾਣੇ ਵਾਲਿਆਂ ਨੇ ਉਨ੍ਹਾਂ ਨੂੰ ਪ੍ਰਵਾਨ ਕੀਤਾ ਹੋਇਆ ਸੀ। ਲੱਗਦਾ ਇਹ ਸੀ ਕਿ ਏਨੇ ਮਿਲਣ ਆਉਣ ਵਾਲਿਆਂ ਨੂੰ ਰੋਕਣ ਤੋਂ ਉਹ ਅਸਮਰਥ ਸਨ। ਕਿਉਂਕਿ ਥਾਣੇ ਦੇ ਅੰਦਰ ਤੱਕ ਤਾਂ ਲੋਕ ਆ ਹੀ ਜਾਂਦੇ ਸਨ ਤੇ ਫੇਰ ਅੱਖ ਬਚਾ ਕੇ ਹਵਾਲਾਤ ਕੋਲ ਆ ਕੇ ਚੀਜ ਦੇ ਜਾਂਦੇ ਸਨ। ਹਵਾਲਾਤ ਦੇ ਪਿਛਲੇ ਪਾਸੇ ਵੀ ਬਾਰੀ ਸੀ। ਗੱਲਬਾਤ ਤਾਂ ਕਈ ਉਧਰੋਂ ਹੀ ਕਰ ਲੈਂਦੇ ਸਨ। ਪਰ ਫਿਰ ਵੀ ਕਾਫੀ ਪਾਬੰਦੀ ਸੀ। ਮੇਰਾ ਇਕ ਵਾਕਫ ਸਿਪਾਹੀ ਸੀ, ਮੈਂ ਕਈ ਵਾਰ ਉਸ ਨੂੰ ਆਪਣੇ ਕੋਲ ਸੱਦਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਇਆ। ਫਿਰ ਮੈਂ ਆਪਣੇ ਇਕ ਵਾਕਫ ਗੁਰਦਿਆਲ ਸਿੰਘ ਨੂੰ, ਜੋ ਉਥੇ ਕਿਸੇ ਕੰਮ ਆਇਆ ਸੀ, ਇਸ਼ਾਰਾ ਕੀਤਾ ਪਰ ਉਹ ਵੀ ਡਰਦਾ ਉਧਰ ਨਾ ਆਇਆ ਤੇ ਬਾਹਰ ਹੀ ਨਿਕਲ ਗਿਆ। ਮੈਂ ਆਪਣੇ ਘਰ ਟੈਲੀਫੋਨ ਕਰਕੇ ਜਾਂ ਕਿਸੇ ਨੂੰ ਭੇਜ ਕੇ ਇਹ ਦੱਸਣਾ ਚਾਹੁੰਦਾ ਸੀ ਕਿ ਮੈਂ ਚੰਡੀਗੜ੍ਹ ਤੋਂ ਏਥੇ ਆ ਗਿਆ ਹਾਂ। ਮੈਂ ਖਾਸ ਤੌਰ 'ਤੇ ਇਕ ਆਦਮੀ

ਨੂੰ ਸੁਨੇਹਾ ਭੇਜ ਕੇ ਆਪਣੇ ਕੋਲ ਸੱਦਣਾ ਚਾਹੁੰਦਾ ਸਾਂ। ਪਰ ਕਾਮਯਾਬ ਨਾ ਹੋ ਸਕਿਆ। ਮੈਂ ਇਕ ਨੂੰ ਟੈਲੀਫੋਨ ਨੰਬਰ ਵੀ ਦਿੱਤਾ ਤੇ ਆਖਿਆ ਕਿ ਘਰ ਟੈਲੀਫੋਨ ਹੀ ਕਰ ਦਿਓ, ਪਰ ਉਸ ਨੇ ਵੀ ਨਾ ਕੀਤਾ। ਡਰ ਤੇ ਸਹਿਮ ਦਾ ਵਾਤਾਵਰਣ ਛਾਇਆ ਹੋਇਆ ਸੀ, ਟੈਲੀਫੋਨ ਉਥੇ ਕਿਸ ਨੇ ਕਰਨਾ ਸੀ?

ਮੈਂ ਰੱਜ ਕੇ ਰੋਟੀ ਖਾਧੀ ਤੇ ਫਿਰ ਲੱਸੀ ਪੀਤੀ। ਕੁਝ ਚਿਰ ਬਾਅਦ ਹੀ ਗਰਮਾ ਗਰਮ ਚਾਹ ਮੰਗਵਾਈ ਗਈ। ਇਸ ਤਰ੍ਹਾਂ ਸਾਰਾ ਦਿਨ ਹੀ ਖਾਣ ਪੀਣ ਦਾ ਸਿਲਸਿਲਾ ਚਲਦਾ ਰਿਹਾ। ਖੂਬ ਖਾਧਾ, ਗੱਪਸ਼ੱਪ ਵੱਜਦੀ ਰਹੀ। ਸਾਰਿਆਂ ਨੇ ਇਕ ਦੂਜੇ ਦੇ ਦੁੱਖ ਸੁਣੇ। ਕਿਸ ਕਿਸ ਤਰ੍ਹਾਂ ਕੀਹਦੇ ਕੀਹਦੇ ਨਾਲ ਹੋਇਆ, ਇਹ ਸਾਰੀਆਂ ਗੱਲਾਂ ਵਾਰੋ ਵਾਰੀ ਇਕ ਦੂਜੇ ਨੇ ਸੁਣਾਈਆਂ। ਵਾਤਾਵਰਣ ਇਸ ਤਰ੍ਹਾਂ ਦਾ ਬਣ ਗਿਆ ਕਿ ਸਾਰੇ ਹੀ ਇਸ ਕੇਸ ਨੂੰ ਮਾਮੂਲੀ ਤੇ ਹਾਸੇ-ਹੀਣਾ ਸਮਝਣ ਲੱਗ ਪਏ ਸਨ। ਡਰ ਸਾਰਿਆਂ ਦੇ ਮਨਾਂ ਵਿਚੋਂ ਨਿਕਲ ਚੁੱਕਾ ਸੀ। ਪਰ ਕਈ-ਕਈ ਵਾਰ ਜਦੋਂ ਇਸ ਗੱਲ ਦਾ ਖਿਆਲ ਆਉਂਦਾ ਕਿ ਪੰਦਰਾਂ ਦਿਨ ਦਾ ਰੀਮਾਂਡ ਕਾਹਦੇ ਲਈ ਲਿਆ ਹੈ ਤਾਂ ਉਸ ਨਾਲੇ ਸਾਰਾ ਮਜ਼ਾ ਕਿਰਕਿਰਾ ਹੋ ਜਾਂਦਾ। ਪਰ ਬਾਕੀ ਸਾਰੇ ਇਹ ਮੰਨਦੇ ਸਨ ਕਿ ਮੇਰੇ ਆਉਣ ਨਾਲ ਬੜਾ ਫਰਕ ਪੈ ਗਿਆ ਹੈ ਤੇ ਹੁਣ ਸਾਰੇ ਦਲੇਰ ਹੋ ਗਏ ਹਨ।

ਏਸੇ ਹੀ ਦੌਰਾਨ ਇਕ ਘਟਨਾ ਹੋਰ ਵਾਪਰ ਗਈ, ਜਿਸ ਨਾਲ ਮੇਰਾ ਰੋਅਬ ਆਪਣੇ ਸਾਥੀਆਂ 'ਤੇ ਹੋਰ ਵੱਧ ਗਿਆ। ਹੋਇਆ ਇਉਂ ਕਿ ਇਕ ਸੀ.ਬੀ.ਆਈ. ਵਾਲੇ ਨੇ ਪੁਛਿਆ ਕਿ ਚੰਡੀਗੜ੍ਹ ਤੋਂ ਕੌਣ ਆਇਆ ਹੈ? ਸਿਰਫ ਉਸ ਦੇ ਪੁੱਛਣ ਦਾ ਮਤਲਬ ਏਨਾ ਹੀ ਸੀ ਕਿ ਉਸ ਨੂੰ ਵੱਡੇ ਅਫ਼ਸਰਾਂ ਨੇ ਆਖਿਆ ਸੀ ਕਿ ਪਤਾ ਕਰੋ ਕਿ ਉਸ ਨੂੰ ਖਾਣਾ ਵਗੈਰਾ ਮਿਲ ਗਿਆ ਹੈ ਕਿ ਨਹੀਂ? ਤੇ ਉਸ ਆਦਮੀ ਦੀ ਡਿਊਟੀ ਲਗਾਈ ਗਈ ਸੀ ਕਿ ਉਹ ਖਾਣੇ ਦਾ ਪ੍ਰਬੰਧ ਕਰਕੇ ਮੈਨੂੰ ਖਾਣਾ ਖੁਆਵੇ। ਜਦੋਂ ਉਸ ਨੇ ਪੁਛਿਆ ਕਿ ਚੰਡੀਗੜ੍ਹ ਸੇ ਕੌਨ ਆਏ ਹੈਂ? ਤਾਂ ਲਾਗੇ ਖਲੋਤੇ ਇਕ ਪੰਜਾਬ ਪੁਲਿਸ ਦੇ ਸਿਪਾਹੀ ਤੋਂ ਰਹਿ ਨਾ ਹੋਇਆ ਤੇ ਉਸ ਨੇ ਵੀ ਉਸੇ ਹੀ ਅੰਦਾਜ ਵਿਚ ਉੱਚੀ ਅਵਾਜ ਵਿਚ ਪੁਛਿਆ, "ਚੰਡੀਗੜ੍ਹ ਤੋਂ ਕਿਹੜਾ ਆਇਆ ਬਈ, ਉਏ"? ਮੈਨੂੰ ਇਹ ਸੁਣ ਕੇ ਅੱਗ ਲੱਗ ਗਈ। ਮੈਂ ਪਹਿਲਾਂ ਹੀ ਬਾਹਰਲੀਆਂ ਸੀਖਾਂ ਕੋਲ ਖਲੋਤਾ ਸੀ। ਇਸ ਲਈ ਮੈਂ ਹੱਥ ਮਾਰ ਕੇ ਉੱਚੀ ਸਾਰੀ ਕਿਹਾ "ਐਧਰ ਉਰੇ ਆ ਜਰਾ, ਤੈਨੂੰ ਦੱਸਾਂ ਕੌਣ ਆਇਆ ਹੈ"। ਉਹ ਸਿਪਾਹੀ ਉਸ ਸੀ.ਬੀ.ਆਈ. ਵਾਲੇ ਦੇ ਨਾਲ ਹੀ ਮੇਰੇ ਕੋਲ ਆ ਗਿਆ। ਮੈਂ ਉਸ ਪੰਜਾਬ ਪੁਲਿਸ ਵਾਲੇ ਨੂੰ ਕਿਹਾ "ਗੱਲ ਸੁਣ ਉਏ, ਤੈਨੂੰ ਕਿਸੇ ਭੈਣ.. ਨੇ ਬੋਲਣਾ ਨਹੀਂ ਸਿਖਾਇਆ? ਤੂੰ ਬੋਲਦਾ ਕਿੱਦਾਂ ਆ?" ਫਿਰ ਮੈਂ ਖਚਰ ਵਿਦਿਆ ਤੋਂ ਕੰਮ ਲੈਂਦੇ ਹੋਇਆ ਆਖਿਆ, "ਇਹ ਵੀ ਭਾਈ ਸਾਹਿਬ ਹੈਗੇ ਈ ਆ (ਇਸ਼ਾਰਾ ਸੀ.ਬੀ.ਆਈ. ਵਾਲੇ ਵੱਲ ਸੀ) ਇਨ੍ਹਾਂ ਨੇ ਕਿਡੇ ਪ੍ਰੇਮ ਨਾਲ ਪੁਛਿਆ ਤੇ ਤੂੰ ਕਿਵੇਂ ਬੋਲਿਆ? ਮੈਨੂੰ ਲੱਗਦਾ, ਤੈਨੂੰ ਦਾਖੂ ਦਾਣਾ ਦੇਣਾ ਪਊ"। ਉਹ ਸਿਪਾਹੀ ਤਰਲਿਆਂ 'ਤੇ ਆ ਗਿਆ ਤੇ ਕਹਿਣ ਲੱਗਾ, ਜੀ ਮੈਂ ਕੀ ਕਹਿ ਦਿੱਤਾ? ਮੈਂ ਤਾਂ ਸਗੋਂ ਪੁਛਿਆ, ਪਈ ਚੰਡੀਗੜ੍ਹੋਂ ਤੁਸੀਂ ਆਏ ਓ?" ਮੈਂ ਗੱਲ ਖਤਮ ਕਰਨ ਲਈ ਆਖਿਆ "ਚੱਲ ਜਾ ਕੰਮ ਕਰ ਆਪਣਾ ਤੇ ਅਗੋਂ ਤੋਂ ਤਮੀਜ਼ ਨਾਲ ਗੱਲ ਕਰੀਂ"। ਉਹ ਸਿਪਾਹੀ ਚਲਾ ਗਿਆ। ਸੀ.ਬੀ.ਆਈ. ਵਾਲਾ ਜੋ ਹਰਿਆਣਵੀ ਸੀ, ਵੀ ਕਹਿਣ ਲੱਗਾ, "ਸਰਦਾਰ ਸਾਹਿਬ, ਛੋੜੀਏ ਕਈ ਆਦਮੀਓਂ ਕੋ ਅਕਲ ਹੀ ਇਤਨੀ ਹੋਤੀ ਹੈ।

ਅੱਛਾ, ਆਪ ਯਹ ਬਤਾਈਏ ਕਿ ਆਪ ਨੇ ਖਾਨਾ ਖਾ ਲੀਆ ਜਾਂ ਮੈਂ ਲੇ ਕੇ ਆਊਂ? ਸਾਹਿਬ ਪੂਛ ਰਹੇ ਥੇ"। ਮੈਂ ਕਿਹਾ, "ਨਹੀਂ ਸ਼ੁਕਰੀਆ, ਮੈਨੇ ਖਾਨਾ ਇਨਸੇ ਖਾ ਲੀਆ ਹੈ ਮਿਹਰਬਾਨੀ" ਤੇ ਉਹ ਚਲਾ ਗਿਆ। ਇਹ ਸਾਰੀਆਂ ਗੱਲਾਂ ਸੁਣ ਕੇ ਮੇਰੇ ਸਾਥੀ ਬਹੁਤ ਹੀ ਖੁਸ਼ ਹੋਏ, "ਲੈ ਸਾਲੇ ਇਹ ਵੀ ਹੁਣ ਤਮੀਜ਼ ਨਾਲ ਈ ਬੋਲਣਗੇ। ਆ ਗਿਆ ਇਨ੍ਹਾਂ ਦਾ ਪਿਓ ਅਕਲ ਸਿਖਾਉਣ ਨੂੰ, ਸਾਲੇ ਅੱਗੇ ਬੰਦੇ ਨੂੰ ਬੰਦਾ ਈ ਨਹੀਂ ਸੀ ਸਮਝਦੇ"।

ਕੋਈ ਚਾਰ ਕੁ ਵਜੇ ਸਿਪਾਹੀ ਆਏ ਤੇ ਹਥਕੜੀ ਲਾ ਕੇ ਮੈਨੂੰ ਥਾਣੇ ਵਿਚ ਬਣੇ ਹੋਏ ਇਕ ਕਮਰੇ ਵਿਚ ਲੈ ਗਏ, ਜਿਥੇ ਘੱਟ ਤੋਂ ਘੱਟ ਬਾਰਾਂ ਤੋਂ ਪੰਦਰਾਂ ਅਫ਼ਸਰ ਬੈਠੇ ਸਨ। ਇਕ ਕੁਰਸੀ ਮੈਨੂੰ ਵੀ ਦਿੱਤੀ ਗਈ। ਉਥੇ ਕੁਝ ਪਤਾ ਨਹੀਂ ਸੀ ਲੱਗਦਾ ਕਿ ਵੱਡਾ ਕਿਹੜਾ ਹੈ ਤੇ ਛੋਟਾ ਕਿਹੜਾ। ਉਨ੍ਹਾਂ ਵਿਚ ਦੋ ਸਿੱਖ ਵੀ ਸਨ, ਜਿਨ੍ਹਾਂ ਵਿਚੋਂ ਇਕ ਥਥਲਾ ਕੇ ਬੋਲਦਾ ਸੀ। ਸਭ ਤੋਂ ਜਿਆਦਾ ਔਖੇ ਉਹ ਦੋਵੇਂ ਹੀ ਸਨ। ਉਨ੍ਹਾਂ ਨੂੰ ਸਿਰਫ 2 ਨੰਬਰ ਥਾਣੇ ਵਿਚ ਹੀ ਵੇਖਿਆ ਗਿਆ। ਉਸ ਤੋਂ ਬਾਅਦ ਉਹ ਫੇਰ ਨਜ਼ਰ ਨਹੀਂ ਆਏ। ਸਾਰੇ ਵਾਰੋ-ਵਾਰੀ ਸਵਾਲ ਕਰਦੇ ਸਨ। ਮੈਨੂੰ ਹਰ ਇਕ ਦੇ ਸਵਾਲ ਦਾ ਜੁਆਬ ਦੇਣਾ ਪੈਂਦਾ ਸੀ। ਇਹ ਬੜੀ ਅਜੀਬ ਜਿਹੀ ਪੁੱਛਗਿੱਛ ਸੀ। ਸ਼ੁਰੂ ਤਾਂ ਪਹਿਲਾਂ ਵਾਂਗ ਨਾਂ, ਪਿਤਾ ਦਾ ਨਾਂ, ਪਤਾ ਟਿਕਾਣਾ, ਕਿੰਨੀ ਜ਼ਮੀਨ, ਕਿੰਨੇ ਬੱਚੇ, ਕਿਹੜੇ ਕਿਹੜੇ ਰਿਸ਼ਤੇਦਾਰ ਤੋਂ ਹੀ ਹੋਈ, ਜਿਵੇਂ ਅੱਗੇ ਹੁੰਦੀ ਰਹੀ ਸੀ। ਪਰ ਇਸ ਵਾਰੀ ਵਿਚ ਕੁਝ ਨਵੇਂ ਨਾਂ ਆ ਗਏ। ਜਿਵੇਂ ਉਹ ਪੁਛਦੇ ਸਨ ਕਿ ਕੀ ਮੈਂ ਇਕ ਜਲੰਧਰ 'ਚ ਛਪਦੇ ਅਖ਼ਬਾਰ ਦੇ ਮਾਲਕ ਨੂੰ ਜਾਣਦਾ ਹਾਂ? ਉਸ ਦੇ ਲੜਕੇ ਨੂੰ ਜਾਣਦਾ ਹਾਂ? ਮੇਰਾ ਜੁਆਬ ਨਹੀਂ ਵਿਚ ਸੀ। ਫਿਰ ਵਿਚੋਂ ਇਕ ਨੇ ਕਿਹਾ ਹੋ ਸਕਦਾ ਹੈ ਤੁਸੀਂ ਕਦੇ ਮਿਲੇ ਹੋਵੋਂ ਪਰ ਨਾਂ ਦਾ ਪਤਾ ਨਾ ਹੋਵੇ ਤੇ ਸ਼ਕਲ ਤੋਂ ਜਾਣਦੇ ਹੋਵੋ। ਮੈਨੂੰ ਇਕ ਬੰਦੇ ਨੂੰ ਬੁਲਾ ਕੇ ਵਿਖਾਇਆ ਤੇ ਫਿਰ ਪੁਛਿਆ ਇਹ ਕੌਣ ਹੈ?

ਮੈਂ- "ਮੈਨੂੰ ਨਹੀਂ ਪਤਾ, ਮੈਂ ਇਸ ਨੂੰ ਅੱਗੇ ਕਦੇ ਨਹੀਂ ਵੇਖਿਆ ਤੇ ਨਾ ਹੀ ਮਿਲਿਆ ਹਾਂ।"

ਇਕ ਅਫ਼ਸਰ – "ਕਮਾਲ ਹੈ, ਇਹ ਹੀ ਤੇ ਅਖ਼ਬਾਰ ਦੇ ਮਾਲਕ ਦਾ ਲੜਕਾ ਹੈ।"

ਮੈਂ – "ਹੋਣਾ ਹੈ ਜੀ ਪਰ ਮੈਨੂੰ ਨਹੀਂ ਪਤਾ।"

ਇਕ ਅਫ਼ਸਰ – "ਅਖ਼ਬਾਰ ਦੇ ਮਾਲਕ ਨੂੰ ਵੀ ਬੁਲਾਈਏ?"

ਮੈਂ – "ਕਾਹਦੇ ਲਈ?"

ਅਫ਼ਸਰ – "ਕੀ ਪਤਾ, ਤੁਸੀਂ ਉਸ ਨੂੰ ਪਛਾਣ ਲਓ। ਕਈ ਵਾਰ ਬੰਦੇ ਦਾ ਚੇਤਾ ਭੁੱਲਾ ਹੁੰਦਾ ਹੈ ਪਰ ਵਾਕਫੀ ਹੁੰਦੀ ਹੈ।"

ਮੈਂ – "ਬੁਲਾ ਲਓ, ਜੇ ਮੈਂ ਜਾਣਦਾ ਹੋਇਆ ਤਾਂ ਦੱਸ ਦਊਂਗਾ।"

ਓਨੇ ਚਿਰ ਨੂੰ ਉਹ ਕੁਦਰਤੀ ਹੀ ਆਪਣਾ ਅਟੈਚੀ ਲੈਣ ਆ ਗਿਆ, ਜੋ ਉਸ ਕਮਰੇ ਵਿਚ ਹੀ ਪਿਆ ਸੀ। ਇਸ ਕਮਰੇ ਵਿਚ ਰਾਤ ਦਾ ਉਹ ਹੀ ਠਹਿਰਿਆ ਹੋਇਆ ਸੀ ਤੇ ਹੁਣ ਉਸ ਨੂੰ ਦੂਜਾ ਕਮਰਾ ਦੇ ਦਿੱਤਾ ਗਿਆ ਸੀ ਤੇ ਉਸ ਕਮਰੇ ਵਿਚ ਅਫ਼ਸਰ ਆਪ ਬੈਠ ਗਏ ਸਨ। ਕਿਉਂਕਿ ਇਹ ਕਮਰਾ ਦੂਜੇ ਕਮਰਿਆਂ ਨਾਲੋਂ ਵੱਡਾ ਸੀ। ਉਹ ਆਦਮੀ ਬਜ਼ੁਰਗ ਸੀ ਤੇ ਉਸ ਨੂੰ ਵੀ ਮੈਂ ਪਹਿਲਾਂ ਕਦੇ ਨਹੀਂ ਸੀ ਵੇਖਿਆ। ਹਾਂ ਜਦੋਂ ਉਹ ਇਕ ਹੋਰ ਅਖ਼ਬਾਰ ਵਿਚ ਮੁੱਖ ਸੰਪਾਦਕ ਸੀ ਤਾਂ ਉਸ ਦੇ ਸੰਪਾਦਕੀ ਮੈਂ ਪੜ੍ਹੇ ਸਨ। ਹੁਣ ਜਦੋਂ ਦੀ ਉਸ ਨੇ ਆਪਣੀ ਅਖ਼ਬਾਰ ਸ਼ੁਰੂ ਕੀਤੀ ਸੀ, ਉਸ ਦੇ ਸੰਪਾਦਕੀ ਵੀ ਪੜ੍ਹੇ ਸਨ। ਉਹ

ਲਿਖਦਾ ਚੰਗਾ ਹੈ ਤੇ ਉਸ ਦੀ ਕਲਮ ਵਿਚ ਜਾਨ ਹੈ। ਮੈਂ ਉਸ ਦੀਆਂ ਲਿਖਤਾਂ ਦੀ ਸਿਫਤ ਆਪਣੇ ਮਨ ਵਿਚ ਕਰਦਾ ਸੀ ਪਰ ਮੈਂ ਉਸ ਆਦਮੀ ਨੂੰ ਮਿਲਿਆ ਕਦੀ ਨਹੀਂ ਸੀ।

ਅਫ਼ਸਰ - "ਪਛਾਣਿਆ ਇਸ ਨੂੰ"?

ਮੈਂ - "ਪਤਾ ਨਹੀਂ ਕੌਣ ਹਨ, ਅੱਜ ਪਹਿਲੀ ਵਾਰ ਵੇਖਿਆ ਹੈ"

ਇਕ ਹੋਰ ਅਫ਼ਸਰ - "ਇਹ ਫਲਾਣੀ ਅਖ਼ਬਾਰ ਦਾ ਮਾਲਕ ਹੈ।"

ਮੈਂ - "ਮੈਂ ਇਨ੍ਹਾਂ ਨੂੰ ਕਦੇ ਮਿਲਿਆ ਨਹੀਂ ਪਰ ਇਨ੍ਹਾਂ ਦੀਆਂ ਲਿਖਤਾਂ ਬੜੀ ਵਾਰੀ ਪੜ੍ਹੀਆਂ ਹਨ, ਲਿਖਦੇ ਵਧੀਆ ਹਨ।"

ਇਕ ਹੋਰ ਅਫ਼ਸਰ - "ਵਧੀਆ ਕਿਵੇਂ?"

ਮੈਂ - "ਇਹ ਆਪਣੀ ਲਿਖਤ ਵਿਚ ਹੋਰਨਾਂ ਵਾਂਗ ਕਿੰਤੂ-ਪ੍ਰੰਤੂ ਤੇ ਅਗਰ-ਮਗਰ ਨਹੀਂ ਲਾਉਂਦੇ। ਜੇ ਹੱਕ ਵਿਚ ਲਿਖਦੇ ਹਨ ਤਾਂ ਹੱਕ ਵਿਚ ਲਿਖਦੇ ਹਨ ਜੇ ਵਿਰੁੱਧ ਲਿਖਦੇ ਹਨ ਤਾਂ ਪੂਰਾ ਵਿਰੁੱਧ।"

ਇਕ ਸਿੱਖ ਅਫ਼ਸਰ - "ਸਰਦਾਰ ਸਾਹਿਬ, ਏਡੇ ਵਧੀਆ ਲਿਖਾਰੀ ਨੂੰ ਤਾਂ ਫਿਰ ਤੁਸੀਂ ਪਹੁੰਚ ਕੇ ਮਿਲੇ ਹੋਵੋਗੇ, ਤੁਸੀਂ ਕਹਿੰਦੇ ਹੋ ਕਦੀ ਮਿਲੇ ਨਹੀਂ।"

ਮੈਂ - "ਜਸਵੰਤ ਸਿੰਘ ਕੰਵਲ, ਅੰਮ੍ਰਿਤਾ ਪ੍ਰੀਤਮ, ਸੰਤ ਸਿੰਘ ਸੇਖੋਂ, ਦਲੀਪ ਕੌਰ ਟਿਵਾਣਾ ਤੇ ਹੋਰ ਕਈ ਲੇਖਕ ਬਹੁਤ ਵਧੀਆ ਲਿਖਦੇ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਹੀ ਪੜ੍ਹੀਆਂ ਹਨ, ਉਨ੍ਹਾਂ ਨੂੰ ਮਿਲਣ ਮੈਂ ਇਕ ਵਾਰੀ ਵੀ ਨਹੀਂ ਗਿਆ। ਮੈਂ ਇਨ੍ਹਾਂ ਨੂੰ ਉਚੇਚਾ ਮਿਲਣ ਕਿਉਂ ਜਾਣਾ ਸੀ?" ਜਵਾਬ ਬਹੁਤ ਢੁਕਵਾਂ ਸੀ, ਇਸ ਲਈ ਅਗੋਂ ਕੋਈ ਨਾ ਬੋਲਿਆ।

ਇਕ ਹੋਰ ਅਫ਼ਸਰ - ਲਿਖੇ ਹੋਏ ਵੱਲ ਵੇਖ ਕੇ "ਅਛਾ ਸਰਦਾਰ ਜੀ, ਤੁਸੀਂ ਸੇਵਾ ਸਿੰਘ ਨੂੰ ਜਾਣਦੇ ਹੋ?"

ਮੈਂ - "ਨਹੀਂ ਮੈਂ ਉਸ ਨੂੰ ਨਹੀਂ ਜਾਣਦਾ।" ਮੈਂ ਇਸ ਸਵਾਲ ਦਾ ਜੁਆਬ ਏਨੀ ਜਲਦੀ ਨਾਲ ਦਿੱਤਾ ਕਿ ਸਾਰਿਆਂ ਨੂੰ ਸ਼ੱਕ ਹੋ ਗਿਆ ਕਿ ਇਸ ਨੂੰ ਕੀ ਪਤਾ, ਉਹ ਆਦਮੀ ਕੌਣ ਹੈ, ਜੇ ਇਹ ਜਾਣਦਾ ਨਹੀਂ ਤਾਂ।

ਕਈ ਅਫ਼ਸਰ ਇਕੱਠੇ ਹੀ - "ਸਰਦਾਰ ਜੀ, ਤੁਹਾਨੂੰ ਕਿਵੇਂ ਪਤਾ ਕਿ ਉਹ ਕੌਣ ਹੈ, ਹੁਣੇ ਹੁਣੇ ਤੁਸੀਂ ਆਖਿਐ ਮੈਂ ਨਹੀਂ ਜਾਣਦਾ"। ਮੈਂ ਆਪਣੀ ਗਲਤੀ ਸਮਝ ਗਿਆ ਤੇ ਛੇਤੀ ਨਾਲ ਬੋਲਿਆ "ਮੈਨੂੰ ਏਥੇ ਆਏ ਨੂੰ ਛੇ-ਸੱਤ ਘੰਟੇ ਹੋ ਗਏ ਹਨ ਤੇ ਓਦੋਂ ਦਾ ਮੈਂ ਉਸੇ ਦਾ ਹੀ ਨਾਂ ਸੁਣੀ ਜਾਨਾ, ਜਿਹੜੇ ਮੇਰੇ ਨਾਲ ਹਵਾਲਾਤ ਵਿਚ ਬੰਦ ਹਨ, ਉਹ ਆਖਦੇ ਹਨ ਸਾਡੇ ਟੈਲੀਫੋਨ ਤੋਂ ਉਹ ਆਦਮੀ ਧੋਖੇ ਨਾਲ ਟੈਲੀਫੋਨ ਕਰ ਗਿਆ ਹੈ ਤੇ ਹੁਣੇ ਹੀ ਰੌਲਾ ਪਿਆ ਸੀ, ਜਦੋਂ ਟਰੱਕ ਸਟਾਰਟ ਹੋਏ ਸਨ, ਕਿ ਸੇਵਾ ਸਿੰਘ ਨੂੰ ਫੜਨ ਚੱਲੇ ਹਨ। ਇਸ ਕਰਕੇ ਮੈਂ ਕਿਹਾ ਕਿ ਇਹ ਉਹ ਹੀ ਆਦਮੀ ਹੋਣੈ, ਜਿਸਦੀ ਤੁਸੀਂ ਹੁਣ ਗੱਲ ਕੀਤੀ ਹੈ ਤੇ ਮੈਂ ਤੁਹਾਨੂੰ ਦਸਿਆ ਹੈ ਕਿ ਮੈਂ ਜਾਣਦਾ ਤਾਂ ਕੀ ਅੱਜ ਤੋਂ ਪਹਿਲਾਂ ਕਦੀ ਇਸਦਾ ਨਾਂ ਵੀ ਨਹੀਂ ਸੁਣਿਆ"। ਗੱਲ ਬਣ ਗਈ ਸੀ। ਇਸ ਲਈ ਸਾਰਿਆਂ ਦੀ ਤਸੱਲੀ ਹੋ ਗਈ ਤੇ ਉਹ ਚੁੱਪ ਕਰ ਗਏ। ਨਹੀਂ ਤਾਂ ਕਈ ਸਵਾਲ, ਉਨ੍ਹਾਂ ਨੇ ਹੋਰ ਪੁਛਣੇ ਸਨ। ਉਨ੍ਹਾਂ ਨੇ ਮੈਨੂੰ ਹੋਰ ਵੀ ਕਈ ਸਵਾਲ ਕੀਤੇ, ਜਿਵੇਂ ਤੁਹਾਡੀ ਕੌਮ ਕੀ ਹੈ?

ਮੈਂ ਆਪਣੀ ਕੌਮ ਦੱਸੀ ਕਿ ਮੈਂ ਕੰਬੋਅ ਹਾਂ, ਪਰ ਵਿਚੋਂ ਇਕ ਦੋਹ ਨੇ ਆਖਿਆ ਅਸੀਂ

ਤਾਂ ਇਹ ਕੌਮ ਸੁਣੀ ਨਹੀਂ। ਉਸ ਦੇ ਜਵਾਬ ਵਿਚ ਮੈਂ ਕਿਹਾ, "ਸ਼ਹੀਦ ਊਧਮ ਸਿੰਘ ਨੂੰ ਜਾਣਦੇ ਹੋ? ਜਿਸ ਨੇ ਇੰਗਲੈਂਡ ਜਾ ਕੇ ਵੀਹ ਸਾਲ ਬਾਅਦ ਓਡਵਾਇਰ ਨੂੰ ਮਾਰ ਕੇ ਜਲ੍ਹਿਆਂ ਵਾਲੇ ਬਾਗ ਦਾ ਬਦਲਾ ਲਿਆ ਸੀ", ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਫਿਰ ਮੈਨੂੰ ਵਾਪਸ ਹਵਾਲਾਤ ਭੇਜ ਦਿੱਤਾ ਤੇ ਇਕ ਹੋਰ ਨੂੰ ਓਥੋਂ ਲੈ ਆਂਦਾ। ਇਸ ਤਰ੍ਹਾਂ ਇਹ ਸਿਲਸਿਲਾ ਕਾਫੀ ਦੇਰ ਚੱਲਦਾ ਰਿਹਾ ਤੇ ਏਨੇ ਚਿਰ ਨੂੰ ਹਨੇਰਾ ਹੋ ਗਿਆ। ਖਾਣਾ ਰਾਤ ਦਾ ਵੀ ਆ ਗਿਆ ਸੀ ਤੇ ਜਿੰਨੀ ਕਿਸੇ ਨੂੰ ਲੋੜ ਸੀ ਉਸ ਨੇ ਖਾ ਲਿਆ। ਮੇਰੇ ਘਰ ਸੁਨੇਹਾ ਭੇਜਣ ਦਾ ਕੋਈ ਜੁਗਾੜ ਨਾ ਬਣਿਆ। ਜਿਹੜੀਆਂ ਗੱਡੀਆਂ ਸੇਵਾ ਸਿੰਘ ਨੂੰ ਫੜਨ ਗਈਆਂ ਸਨ, ਉਹ ਵਾਪਸ ਆ ਗਈਆਂ ਸਨ ਤੇ ਉਹ ਫੜਿਆ ਨਹੀਂ ਸੀ ਗਿਆ।

ਰਾਤ ਦੇ ਅੱਠ ਕੁ ਵਜੇ ਇਕ ਗੰਜੀ ਟਿੰਡ ਵਾਲਾ ਅਫ਼ਸਰ, ਜੋ ਕਦ ਵਿਚ ਮਧਰਾ ਜਿਹਾ ਸੀ ਤੇ ਪੁੱਛ ਗਿੱਛ ਦੌਰਾਨ ਕਈ ਵਾਰ ਹਾਸੇ ਵਾਲੀ ਗੱਲ 'ਤੇ ਹੱਸਣ ਵੀ ਲੱਗ ਪੈਂਦਾ ਸੀ, ਆਇਆ ਅਤੇ ਸਾਰਿਆਂ ਨੂੰ ਹੁਕਮ ਦਿੱਤਾ "ਅਪਨੇ ਕਪੜੇ ਪਹਿਨ ਲੋ ਔਰ ਤਿਆਰ ਹੋ ਜਾਓ" .ਾਰੇ ਮਿੰਟਾਂ ਵਿਚ ਹੀ ਤਿਆਰ ਹੋ ਗਏ। ਸਭ ਨੂੰ ਦੋਹ-ਦੋਹ ਨੂੰ ਹੱਥਕੜੀਆਂ ਲਾਈਆ , ਮੈਨੂੰ ਇਕੱਲੇ ਨੂੰ ਲਾਈ, ਸਮਾਨ ਵੀ ਸਾਰਿਆਂ ਲਿਆ ਕੇ ਬਾਹਰ ਰੱਖ ਲਿਆ। ਸਮਾਨ ਕੀ ਸੀ? ਬਸ ਮੇਰੇ ਵਾਲੀ ਚਾਦਰ ਸਿਰਹਾਣਾ ਤੇ ਦੂਜਿਆਂ ਦੇ ਤੌਲੀਏ ਤੇ ਵੱਧ ਤੋਂ ਵੱਧ ਇਕ ਇਕ ਕਛਹਿਰਾ। ਪਹਿਲਾਂ ਤਾਂ ਉਸ ਨੇ ਕਿਹਾ ਸਮਾਨ ਨਹੀਂ ਉਠਾਣਾ ਪਰ ਬਾਅਦ ਵਿਚ ਕਿਹਾ ਉਠਾ ਲਓ। ਬੀ.ਐਸ.ਐਫ ਦੀਆਂ ਦੋ ਨਵੀਆਂ ਮਿਨੀ ਬੱਸਾਂ ਬਾਹਰ ਖੜੀਆਂ ਸਨ। ਸਭ ਨੂੰ ਉਨ੍ਹਾਂ ਵਿਚ ਬਿਠਾ ਲਿਆ। ਅਖ਼ਬਾਰ ਦਾ ਮਾਲਕ ਤੇ ਉਸ ਦਾ ਲੜਕਾ ਬੀ.ਐਸ.ਐਫ. ਦੇ ਟਰੱਕ ਵਿਚ ਅੱਗੇ ਬਿਠਾ ਲਏ। ਦੂਜਿਆਂ ਤੋਂ ਉਨ੍ਹਾਂ ਨੂੰ ਵੱਖਰਾ ਰਖਿਆ ਹੋਇਆ ਸੀ।

ਸਾਰੇ ਬੱਸਾਂ ਵਿਚ ਬੈਠ ਗਏ। ਨਾਲ ਤੁੰਨ ਤੁੰਨ ਕੇ ਸਿਪਾਹੀ ਬੈਠੇ ਸਨ। ਬੱਸਾਂ ਆਲੂਆਂ ਦੀਆਂ ਬੋਰੀਆਂ ਵਾਂਗ ਭਰੀਆਂ ਹੋਈਆਂ ਸਨ। ਗਰਮੀ ਵੀ ਬਹੁਤ ਜ਼ਿਆਦਾ ਸੀ। ਘਬਰਾਹਟ ਇਸ ਗੱਲ ਦੀ ਹੋ ਰਹੀ ਸੀ ਕਿ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਦਿੱਲੀ ਲੈ ਜਾ ਰਹੇ ਹਨ ਜਾਂ ਅੰਬਾਲੇ, ਅੰਮ੍ਰਿਤਸਰ ਜਾਂ ਹੋਰ ਕਿਤੇ। ਸਾਰਿਆਂ ਦੇ ਮਨ ਵਿਚ ਖੁਰੂ-ਖੁਰੂ ਹੋ ਰਿਹਾ ਸੀ। ਸਮਝ ਨਹੀਂ ਸੀ ਲੱਗਦੀ ਕਿ ਹੁਣ ਕਿਧਰ ਨੂੰ ਲੈ ਜਾਣਗੇ ਤੇ ਕਿਸ ਤਰ੍ਹਾਂ ਦੇ ਤਸੀਹੇ ਦੇਣਗੇ।

ਆਦਮਪੁਰ ਥਾਣੇ 'ਚ

ਬੱਸਾਂ ਤੁਰ ਪਈਆਂ। ਏਨੀ ਗੱਲ ਦੀ ਸਮਝ ਲੱਗੀ ਕਿ ਬੱਸਾਂ ਪਹਿਲਾਂ ਪੀ.ਏ.ਪੀ. ਜਾਣਗੀਆਂ। ਕਿਉਂਕਿ ਗੰਜਾ ਅਫ਼ਸਰ ਡਰਾਈਵਰ ਨੂੰ ਪੀ.ਏ.ਪੀ. ਦਾ ਰਸਤਾ ਸਮਝਾ ਰਿਹਾ ਸੀ। ਅਸੀਂ ਸਾਰੇ ਮਨ ਵਿਚ ਹੀ ਅੰਦਾਜ਼ੇ ਲਾ ਰਹੇ ਸੀ। ਇਕ ਦੂਜੇ ਨਾਲ ਤਾਂ ਗੱਲ ਹੀ ਨਹੀਂ ਸੀ ਕਰਨ ਦੇਂਦੇ। ਬੱਸਾਂ ਤੁਰ ਪਈਆਂ ਤੇ ਪੀ.ਏ.ਪੀ. ਚੌਕ ਪਹੁੰਚ ਗਈਆਂ। ਫਿਰ ਬੱਸਾਂ ਨੂੰ ਅੰਦਰ ਲੈ ਗਏ ਤੇ ਕੋਈ ਪੰਦਰਾਂ-ਵੀਹ ਮਿੰਟ ਬਾਅਦ ਓਥੋਂ ਫਿਰ ਚੱਲ ਪਏ। ਹੁਣ ਬੱਸਾਂ ਬਾਈਪਾਸ 'ਤੇ ਲੰਮਾ ਪਿੰਡ ਚੌਕ ਵੱਲ ਨੂੰ ਜਾ ਰਹੀਆਂ ਸਨ। ਲੰਮਾ ਪਿੰਡ ਚੌਕ ਆਇਆ ਤਾਂ ਬੱਸਾਂ ਹੁਸ਼ਿਆਰਪੁਰ ਸੜਕ 'ਤੇ ਪੈ ਗਈਆਂ ਤੇ ਅਸੀਂ ਸਮਝ ਗਏ ਕਿ ਇਹ ਹੁਸ਼ਿਆਰਪੁਰ

ਜਾ ਰਹੇ ਹਨ। ਆਦਮਪੁਰ ਆਇਆ ਤਾਂ ਬੱਸਾਂ ਥਾਣੇ ਅੱਗੇ ਰੁਕ ਗਈਆਂ। ਇਹ ਥਾਣਾ ਇਕ ਘੋਟਣੇ, ਜੋ ਸਿਰਫ ਸਿੱਖਾਂ ਨੂੰ ਮਾਰਨ ਕਰਕੇ ਹੀ ਡੀ.ਐਸ.ਪੀ. ਬਣ ਗਿਆ ਹੈ, ਦੇ ਅਧੀਨ ਹੈ। ਜੋ ਸਿੱਘਾਂ ਲਈ ਬਹੁਤ ਬਦਨਾਮ ਆਦਮੀ ਹੈ। ਕਹਿੰਦੇ ਹਨ ਕਿ ਹੁਣ ਤੱਕ ਉਸ ਨੇ ਸੈਂਕੜੇ ਹੀ ਆਦਮੀ ਕੁੱਟ-ਕੁੱਟ ਕੇ ਬੇਕਾਰ ਕੀਤੇ ਹਨ ਤੇ ਕਈਆਂ ਨੂੰ ਸ਼ਹੀਦ ਕੀਤਾ ਹੈ। ਅਸਾਂ ਸਾਰਿਆਂ ਨੇ ਸਮਝਿਆ ਕਿ ਇਸ ਥਾਣੇ ਨੂੰ ਹੀ ਹੁਣ ਪੁੱਛਗਿੱਛ ਕੇਂਦਰ ਜਾਂ ਜੇ ਠੀਕ ਕਿਹਾ ਜਾਵੇ ਤਾਂ ਤਸੀਹਾਘਰ ਬਣਾਉਣਗੇ। ਅਜੇ ਅਫ਼ਸਰ ਹੀ ਅੰਦਰ ਗਏ ਸਨ, ਅਸੀਂ ਬੱਸਾਂ ਦੇ ਅੰਦਰ ਹੀ ਬੈਠੇ ਸੀ। ਕਈ ਵਾਰ ਸਾਨੂੰ ਇਹ ਉਮੀਦ ਵੀ ਬੱਝ ਜਾਵੇ ਕਿ ਸ਼ਾਇਦ ਇਨ੍ਹਾਂ ਨੇ ਜਾਣਾ ਤਾਂ ਹੁਸ਼ਿਆਰਪੁਰ ਈ ਹੋਵੇ, ਥਾਣਾ ਰਸਤੇ ਵਿਚ ਆਉਂਦਾ ਹੈ, ਇਸ ਲਈ ਖਬਰ ਕਰਨ ਜਾਂ ਏਥੋਂ ਦਾ ਸਟਾਫ ਲੈਣ ਲਈ ਰੁਕੇ ਹੋਣ। ਕਿਉਂਕਿ ਇਸ ਤਰ੍ਹਾਂ ਦਾ ਪੁਲਿਸ ਕਾਨੂੰਨ ਹੈ ਕਿ ਜਿਸ ਥਾਣੇ ਵਿਚੋਂ ਦੀ ਅੱਗੇ ਜਾਣਾ ਹੋਵੇ, ਉਸ ਥਾਣੇ ਦਾ ਆਦਮੀ ਨਾਲ ਲੈਣਾ ਪੈਂਦਾ ਹੈ। ਪਰ ਇਹ ਸਭ ਅੰਦਾਜ਼ੇ ਹੀ ਸਨ। ਕੋਈ ਅੱਧਾ ਘੰਟਾ ਬਾਅਦ ਗੰਜੇ ਅਫ਼ਸਰ ਨੇ ਆ ਕੇ ਆਖਿਆ "ਨੀਚੇ ਲੈ ਆਓ" ਤੇ ਆਦਮਪੁਰ ਥਾਣੇ ਦਾ ਗੇਟ ਖੁਲ੍ਹ ਗਿਆ। ਅਸਾਂ ਸੋਚਿਆ "ਚਲੋ, ਜੇ ਕਿਸਮਤ ਵਿਚ ਤਸੀਹੇ ਲਿਖੇ ਹਨ ਤਾਂ ਉਹ ਮਿਲਣੇ ਹੀ ਹਨ।" ਸਾਰੇ ਥੱਲੇ ਆ ਗਏ ਅਤੇ ਹਵਾਲਾਤ ਦਾ ਦਰਵਾਜਾ ਵੀ ਸੰਤਰੀ ਨੇ ਖੋਲ੍ਹ ਦਿੱਤਾ। ਸਾਡੀ ਤਲਾਸ਼ੀ ਲੈ ਲੈ ਕੇ ਅੰਦਰ ਬੰਦ ਕਰੀ ਜਾਣ। ਜਦੋਂ ਮੇਰੀ ਤਲਾਸ਼ੀ ਲਈ ਤਾਂ ਕ੍ਰਿਪਾਨ ਫਿਰ ਰੜਕ ਪਈ। "ਏ ਕੀ ਆ"? ਇਕ ਹੌਲਦਾਰ ਨੇ ਪੁਛਿਆ। "ਕ੍ਰਿਪਾਨ ਆ ਹੋਰ ਕੀ ਆ" ਮੈਂ ਅਗੋਂ ਜਵਾਬ ਦਿੱਤਾ। "ਫਿਰ ਲਾਹ ਦਿਓ" ਹੌਲਦਾਰ ਨੇ ਸਹਿਜ ਨਾਲ ਆਖਿਆ। "ਕਿਹੜੀ ਗੱਲੋਂ?" ਮੈਂ ਵੀ ਉਸੇ ਲਹਿਜੇ ਵਿਚ ਹੀ ਹੌਲਦਾਰ ਨੂੰ ਪੁਛਿਆ। "ਇਹ ਅੰਦਰ ਨਹੀਂ ਜਾਂਦੀ ਹੁੰਦੀ" ਹੌਲਦਾਰ ਦਾ ਜੁਆਬ ਸੀ। "ਇਹ ਦੋ ਥਾਣਿਆਂ ਵਿਚ ਅੰਦਰ ਜਾ ਚੁੱਕੀ ਹੈ ਤੇ ਹੁਣ ਨਾ ਜਾਊ?" ਦੋ ਥਾਣਿਆਂ ਦਾ ਨਾਂ ਸੁਣ ਕੇ ਹੌਲਦਾਰ ਖਲੋ ਗਿਆ ਤੇ ਮੇਰੇ ਵੱਲ ਵੇਖਣ ਲੱਗ ਪਿਆ। "ਆਪਣੇ ਅਫ਼ਸਰਾਂ ਨੂੰ ਪੁੱਛ ਲਓ, ਹੈਰਾਨ ਹੋਣ ਵਾਲੀ ਕਿਹੜੀ ਗੱਲ ਆ"? "ਅਫ਼ਸਰ ਤਾਂ ਏਥੇ ਕੋਈ ਨਹੀਂ ਹੁਣ" ਹੌਲਦਾਰ ਨੇ ਆਖਿਆ। ਫੇਰ ਉਹ ਮੈਨੂੰ ਕਾਨੂੰਨ ਸਮਝਾਉਣ ਲੱਗ ਪਿਆ ਤੇ ਨਾਲ ਹੀ ਇਕ ਕਹਾਣੀ ਸੁਣਾਈ ਕਿ ਕਿਵੇਂ ਇਕ ਅੰਮ੍ਰਿਤਧਾਰੀ ਸਿੰਘ ਨੇ ਗਾਤਰੇ ਵਾਲੀ ਕ੍ਰਿਪਾਨ ਨਾਲ ਹਵਾਲਾਤ ਵਿਚ ਆਪਣਾ ਢਿੱਡ ਚੀਰ ਲਿਆ ਸੀ। ਫਿਰ ਉਸ ਨੇ ਮੈਨੂੰ ਇਹ ਵੀ ਦਸਿਆ ਕਿ ਏਥੇ ਅਸੀਂ ਰੋਜ਼ ਅੰਮ੍ਰਿਤਧਾਰੀਆਂ ਨੂੰ ਫੜ ਕੇ ਲਿਆਉਂਦੇ ਆ ਤੇ ਉਨ੍ਹਾਂ ਦੀਆਂ ਕ੍ਰਿਪਾਨਾਂ ਆਪਣੇ ਕੋਲ ਸੁੱਚੇ ਹੱਥਾਂ ਨਾਲ ਸਾਂਭ ਕੇ ਰੱਖ ਲੈਂਦੇ ਹਾਂ, ਫੇਰ ਜਦੋਂ ਉਹ ਸਵੇਰੇ ਇਸ਼ਨਾਨ ਕਰਦੇ ਹਨ ਤਾਂ ਕ੍ਰਿਪਾਨ ਲੈ ਕੇ ਕਰ ਲੈਂਦੇ ਹਨ ਤੇ ਫੇਰ ਸਾਨੂੰ ਫੜਾ ਦੇਂਦੇ ਹਨ। ਅਸੀਂ ਫੇਰ ਸਾਂਭ ਕੇ ਰੱਖ ਲੈਂਦੇ ਆਂ। ਤੁਸੀਂ ਵੀ ਕ੍ਰਿਪਾਨ ਦੇ ਦਿਓ ਸਵੇਰੇ ਇਸ਼ਨਾਨ ਕਰਨ ਲੱਗੇ ਲੈ ਲਿਓ ਤੇ ਆਪਣਾ ਨਿਤਨੇਮ ਕਰ ਲਿਓ।"

ਉਸ ਦੀਆਂ ਬੇਥਵੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਤਾਂ ਹੋਇਆ ਹੀ ਕਿਉਂਕਿ ਇਹ ਗੱਲਾਂ ਕਰਨ ਵਾਲਾ ਆਪ ਸਿੱਖ ਸੀ ਤੇ ਉਸ ਨੇ ਦਾਹੜੀ ਵੀ ਕੱਟੀ ਹੋਈ ਨਹੀਂ ਸੀ ਲਗਦੀ। ਪਰ ਜਿਹੜੀਆਂ ਉਸ ਨੇ ਗੱਲਾਂ ਕੀਤੀਆਂ ਸਨ ਉਹ ਤਾਂ ਇਕ ਗਏ ਗੁਜਰੇ ਬ੍ਰਾਹਮਣ ਤੋਂ ਵੀ ਮਾੜੀਆਂ ਸਨ। ਮੈਂ ਉਸ ਨਾਲ ਬਹਿਸ ਨਹੀਂ ਸੀ ਕਰਨੀ ਚਾਹੁੰਦਾ ਸਗੋਂ ਇਕ ਟੁੱਕ ਫੈਸਲਾ ਚਾਹੁੰਦਾ ਸੀ। ਇਸ ਲਈ ਮੈਂ ਆਖਿਆ "ਭਾਈ ਸਾਹਿਬ, ਜਿਹੜੇ ਅਗੇ

ਤੁਹਾਡੇ ਕੋਲ ਅੰਮ੍ਰਿਤਧਾਰੀ ਸਿੰਘ ਆਉਂਦੇ ਸੀ ਨਾ ਤੇ ਤੁਹਾਨੂੰ ਛੇਤੀ ਨਾਲ ਲਾਹ ਕੇ ਕ੍ਰਿਪਾਨ ਫੜਾ ਦੇਂਦੇ ਸੀ, ਮੈਂ ਉਹਨਾਂ ਵਿਚੋਂ ਨਹੀਂ। ਤੁਹਾਡੀ ਜਾਣਕਾਰੀ ਲਈ ਤੁਹਾਨੂੰ ਦੱਸਾਂ, ਪਈ ਕ੍ਰਿਪਾਨ ਕਕਾਰ ਹੈ ਤੇ ਗੁਰੂ ਸਾਹਿਬ ਨੇ ਅੰਗ ਸੰਗ ਰੱਖਣ ਲਈ ਬਖਸ਼ਿਆ ਹੈ, ਲਾਹ ਕੇ ਤੁਹਾਨੂੰ ਫੜਾਉਣ ਲਈ ਨਹੀਂ ਤੇ ਜਿਹੜੀ ਤੁਸਾਂ ਗੱਲ ਕੀਤੀ ਹੈ, ਪਈ ਸਵੇਰੇ ਇਸ਼ਨਾਨ ਕਰਨ ਲੱਗੇ ਲੈ ਲਿਓ, ਇਹ ਗੱਲ ਕਿਸੇ ਹੋਰ ਸਿੱਖ ਨੂੰ ਨਾ ਆਖ ਬਿਹੋ। ਕ੍ਰਿਪਾਨ ਸ਼ਸਤਰ ਹੈ, ਨਹਾਉਣ ਵਾਲਾ ਮੱਗ ਨਹੀਂ, ਪਈ ਸਵੇਰੇ ਇਹਦੇ ਨਾਲ ਨਹਾਉਣਾ ਹੈ। ਚੰਡੀਗੜ੍ਹ ਵੀ ਇਹ ਝਗੜਾ ਚਲਿਆ ਸੀ, ਉਨ੍ਹਾਂ ਨੇ ਮੈਨੂੰ ਦੋ ਰਾਤਾਂ ਕ੍ਰਿਪਾਨ ਸਮੇਤ ਈ ਰਖਿਆ ਸੀ। ਫੇਰ ਜਲੰਧਰ ਦੋ ਨੰਬਰ ਚੌਂਕੀ ਵਿਚ ਵੀ ਕ੍ਰਿਪਾਨ ਸਮੇਤ ਹੀ ਰਿਹਾਂ ਤੇ ਏਥੇ ਵੀ ਏਦਾਂ ਹੀ ਰਹਿਣਾ ਹੈ ਤੇ ਜੇ ਤੂੰ ਭਰਾਵਾ ਜਬਰਦਸਤੀ ਲਾਹੁਣੀ ਹੈ ਤਾਂ ਫਿਰ ਨਾਲ ਦੋ ਕੁ ਜਣੇ ਹੋਰ [illegible] ਲੈ। ਪਰ ਮੇਰਾ ਖਿਆਲ ਹੈ ਪਈ ਪਹਿਲਾਂ ਅਫ਼ਸਰਾਂ ਨਾਲ ਗੱਲ ਕਰੇਂ ਤਾਂ ਚੰਗਾ ਹੈ। ਇਕ ਅਫ਼ਸਰ ਅਜੇ ਵੀ ਥਾਣੇ ਅੰਦਰ ਬੈਠਾ ਰਜਿਸਟਰ ਪੂਰਾ ਕਰ ਰਿਹਾ ਸੀ। ਉਸ ਦਾ ਨਾ ਮੈਨੂੰ ਪਤਾ ਸੀ ਤੇ ਨਾਂ ਹੀ ਹੌਲਦਾਰ ਨੂੰ। ਉਹ ਉਥੋਂ ਹੀ ਬੋਲ ਪਿਆ "ਰਹਿਨੇ ਦੋ ਕ੍ਰਿਪਾਨ, ਕਰਦੋ ਐਸੇ ਹੀ ਬੰਦ"। ਸਿੱਖ ਹੌਲਦਾਰ ਫਿਰ ਬੋਲਿਆ, "ਸਾਹਿਬ ਇਕ ਵਾਰੀ ਏਕ ਨੇ ਕ੍ਰਿਪਾਨ ਆਪਣੇ ਆਪ ਕੋ ਲਗਾ ਲੀ ਥੀ ਇਸ ਲਿਏ ਕਹਿ ਰਿਹਾ ਥਾ"। ਹੌਲਦਾਰ ਅੱਧੀ ਹਿੰਦੀ ਪੰਜਾਬੀ ਜਿਹੀ ਰਲਾ ਕੇ ਬੋਲਿਆ। "ਨਹੀਂ ਕੋਈ ਬਾਤ ਨਹੀਂ, ਕੁਛ ਨਹੀਂ ਹੋਤਾ" ਉਸ ਅਫ਼ਸਰ ਨੇ ਕਿਹਾ। ਬੱਸ ਉਸ ਦੇ ਏਨਾ ਕਹਿਣ ਨਾਲ ਹੀ ਗੱਲ ਖਤਮ ਹੋ ਗਈ ਤੇ ਮੈਂ ਸਮੇਤ ਕ੍ਰਿਪਾਨ ਹਵਾਲਾਤ ਅੰਦਰ ਬੰਦ ਹੋ ਗਿਆ। ਉਸੇ ਤਰ੍ਹਾਂ ਹੀ ਬਾਹਰੋਂ ਸਾਂਕਲ ਲਗ ਕੇ ਜਿੰਦਰੇ ਲੱਗੇ ਤੇ ਸਾਰੇ ਅੰਦਰੋਂ ਬਾਹਰ ਬਿਟਰ ਬਿਟਰ ਵੇਖਣ ਲੱਗ ਪਏ।

ਇਸ ਥਾਣੇ ਦੀ ਹਵਾਲਾਤ ਕੋਈ ਵੀਹ ਫੁੱਟ ਲੰਬੀ ਤੇ ਅੱਠ ਕੁ ਫੁੱਟ ਚੌੜੀ ਹੋਵੇਗੀ। ਵਿਚ ਦੋ ਉਚੇ ਉਚੇ ਥੜ੍ਹੇ ਬਣੇ ਹੋਏ ਹਨ। ਸਭ ਤੋਂ ਪਿਛੇ ਗੁੱਠ ਵਿਚ ਇਕ ਨੁਕਰੇ ਇਕ ਸੀਟ ਉਵੇਂ ਹੀ ਨੱਪੀ ਹੋਈ ਹੈ। ਉਸਦੇ ਪਾਣੀ ਦਾ ਨਿਕਾਸ ਕਿਸੇ ਪਾਸੇ ਨਹੀਂ। ਸੀਟ ਬਿਲਕੁਲ ਉਸ ਤਰ੍ਹਾਂ ਹੀ ਰੱਖੀ ਹੋਈ ਹੈ, ਜਿਵੇਂ ਕੋਈ ਬਾਟਾ ਜਮੀਨ ਵਿਚ ਗਡਿਆ ਹੋਵੇ। ਉਪਰ ਨਿੱਕੇ ਨਿੱਕੇ ਦੋ ਰੋਸ਼ਨਦਾਨ ਹਨ ਹੋਰ ਕੋਈ ਦਰਵਾਜਾ ਬਾਰੀ ਨਹੀਂ। ਸਾਹਮਣੇ ਵਾਲਾ ਲੋਹੇ ਦਾ ਜੰਗਲਾ ਵੀ ਤਿੰਨ ਕੁ ਫੁੱਟ ਚੌੜਾ ਹੀ ਹੈ। ਇਸ ਵਿਚ ਸੱਤ ਆਦਮੀ ਥੱਲੇ ਚਾਦਰ ਵਿਛਾ ਕੇ ਹੀ ਬੈਠ ਗਏ। ਇਸਦੇ ਸਾਹਮਣੇ ਵੀ ਇਕ ਹਵਾਲਾਤ ਹੈ, ਜਿਸ ਉੱਤੇ ਜ਼ਨਾਨਾ ਹਵਾਲਾਤ ਲਿਖਿਆ ਹੋਇਆ ਹੈ ਪਰ ਉਥੇ ਰੱਖੀ ਖਾਦ ਹੋਈ ਹੈ, ਜੋ ਪੁਲਿਸ ਨੇ ਚੋਰੀ ਦੀ ਫੜੀ ਸੀ। ਉਸ ਵਿਚੋਂ ਕੁਝ ਤੇ ਇਕ ਦਿਨ ਸਾਡੇ ਸਾਹਮਣੇ ਬਿੱਲਾ ਡੀ.ਐਸ.ਪੀ. ਹੀ ਲੈ ਗਿਆ ਸੀ। ਉਸ ਹਵਾਲਾਤ ਵਿਚ ਕੀੜੇਮਾਰ ਦਵਾਈਆਂ ਵੀ ਸਨ, ਉਹ ਵੀ ਬਿੱਲਾ ਆਪਣੀ ਜ਼ਰੂਰਤ ਅਨੁਸਾਰ ਲੈ ਗਿਆ ਸੀ। ਹਵਾਲਾਤ ਦੇ ਪਿਛਲੇ ਹਿੱਸੇ ਦੀ ਕਦੀ ਸਫਾਈ ਨਹੀਂ ਸੀ ਹੋਈ। ਇਸ ਲਈ ਪਿਛਲੇ ਪਾਸੇ ਤਾਂ ਏਨੀ ਗੰਦੀ ਬਦਬੂ ਆਉਂਦੀ ਸੀ ਕਿ ਕੋਈ ਹੱਦ ਹੀ ਨਹੀਂ। ਥੜ੍ਹਿਆਂ ਦੇ ਪਿਛਲੇ ਬੰਨੇ ਪਾਟੇ ਕੰਬਲਾਂ ਦਾ ਇਕ ਢੇਰ ਲੱਗਾ ਹੋਇਆ ਸੀ, ਉਨ੍ਹਾਂ ਵਿਚ ਏਨੇ ਖਟਮਲ ਸਨ ਕਿ ਰਾਤ ਨੂੰ ਲਾਈਨ ਬਣੀ ਹੋਈ ਬਾਹਰ ਵੱਲ ਨੂੰ ਨਿਕਲਦੇ। ਬਸ ਬੈਠਣ ਲਈ ਜਗ੍ਹਾ ਤਾਂ ਓਨੀ ਕੁ ਹੀ ਸੀ, ਜਿੰਨੀ ਦਰਵਾਜੇ ਦੇ ਸਾਹਮਣੇ ਸਾਹਮਣੇ ਸੀ। ਉਹ ਥਾਂ ਕੋਈ ਛੇ ਫੁੱਟ ਜਰਬ ਅੱਠ ਫੁੱਟ ਹੋਵੇਗੀ। ਉਸ ਤੋਂ ਅੱਗੇ ਇਕ ਉੱਚਾ ਥੜ੍ਹਾ, ਜੋ ਦੋ ਫੁੱਟ ਚੌੜਾ ਹੋਵੇਗਾ, ਫਿਰ ਅਗੇ ਖਾਲੀ ਥਾਂ, ਫਿਰ ਉਸ ਤੋਂ ਅੱਗੇ ਦੋ ਫੁੱਟ ਚੌੜਾ

ਥੜ੍ਹਾ ਤੇ ਉਸ ਤੋਂ ਅੱਗੇ ਖਾਲੀ ਥਾਂ 'ਤੇ ਗੁੱਠ ਵਿਚ ਪਸ਼ਾਬ ਟੱਟੀ ਕਰਨ ਵਾਲਾ ਜ਼ਮੀਨ ਵਿਚ ਨਪਿਆ ਹੋਇਆ ਸੀਮੇਂਟ ਦੀ ਸੀਟ ਦਾ ਬਾਟਾ ਜਿਹਾ।

ਮੈਂ ਤੇ ਨਾਲ ਦੇ ਛੇ ਆਦਮੀ, ਅਗਲੇ ਪਾਸੇ ਹੀ ਦੂਹਰੇ ਬਿਸਤਰੇ ਵਾਲੀ ਮੇਰੀ ਚਾਦਰ ਵਿਛਾ ਕੇ ਬੈਠ ਗਏ। ਗਰਮੀ ਕਹਿਰ ਦੀ ਸੀ। ਪਸੀਨਾ ਇਸ ਤਰ੍ਹਾਂ ਚੋਂਦਾ ਸੀ ਜਿਵੇਂ ਪਰਨਾਲੇ ਛੁੱਟਦੇ ਹੋਣ। ਮੈਂ ਪਹਿਲੀ ਵਾਰ ਇਸ ਤਰ੍ਹਾਂ ਦਾ ਪੂਛਾਂ ਵਾਲਾ ਮੱਛਰ ਵੇਖਿਆ ਸੀ। ਮੱਛਰ ਏਨਾ ਜਿਆਦਾ ਤੇ ਏਨਾ ਮੋਟਾ ਸੀ ਕਿ ਉਸ ਨੂੰ ਵੇਖਦਿਆਂ ਹੀ ਡਰ ਲੱਗਦਾ ਸੀ। ਮੱਛਰ ਵੱਢ ਵੱਢ ਖਾਂਦਾ ਸੀ ਤੇ ਗਰਮੀ ਨਾਲ ਦਿਲ ਦਾ ਦੌਰਾ ਪੈਣ ਨੂੰ ਕਰਦਾ ਸੀ। ਮੇਰੇ ਨਾਲ ਦੇ ਸਾਥੀ ਵੀ ਘਰਾਂ ਤੋਂ ਸੌਖੇ ਸਨ ਤੇ ਸਾਰਿਆਂ ਦੇ ਘਰਾਂ ਵਿਚ ਕੂਲਰ ਤੇ ਏ.ਸੀ. ਚਲਦੇ ਸਨ। ਵਿਚੋਂ ਦੋ ਜ਼ਰਾ ਘਰੋਂ ਕਮਜ਼ੋਰ ਸਨ, ਜਿਹੜੇ ਇਕ ਅਖ਼ਬਾਰ ਦੀ ਨੌਕਰੀ ਵਾਲਾ ਤੇ ਉਸਦਾ ਭਰਾ ਸਨ। ਪਰ ਪੱਖੇ ਤਾਂ ਉਨ੍ਹਾਂ ਦੇ ਘਰ ਵੀ ਸਨ। ਗੱਲ ਕੀ ਪਹਿਲੀ ਰਾਤ ਤੜਫ ਕੇ ਕੱਢੀ। ਬੁਰੀ ਹਾਲਤ ਸੀ। ਉਸ ਤਰ੍ਹਾਂ ਦੇ ਹਾਲਾਤ ਨੂੰ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ, ਲਿਖਿਆ ਨਹੀਂ ਜਾ ਸਕਦਾ।

ਕਹਿੰਦੇ ਹਨ ਨੀਂਦ ਤਾਂ ਸੂਲੀ 'ਤੇ ਚੜ੍ਹੇ ਨੂੰ ਵੀ ਆ ਜਾਂਦੀ ਹੈ। ਅੱਧੀ ਰਾਤ ਤੋਂ ਬਾਅਦ ਇਕ-ਇਕ ਕਰਕੇ ਸਾਰੇ ਟੇਡੇ ਜਿਹੇ ਹੋਣ ਲੱਗ ਪਏ। ਫਿਰ ਨੀਂਦ ਆਉਣ ਲੱਗ ਪਈ। ਨੀਂਦ ਆਈ ਵਿਚ ਮੱਛਰ ਵੱਢਦਾ ਤਾਂ ਹੱਥ ਨਾਲ ਉਹ ਥਾਂ ਖੁਰਕ ਕੇ ਫੇਰ ਹੋਰ ਕਿਤੇ ਹੱਥ ਚਲਾ ਜਾਂਦਾ। ਕੋਈ ਉਠ ਕੇ ਬੈਠ ਜਾਂਦਾ, ਕੋਈ ਲੰਮਾ ਪੈ ਜਾਂਦਾ। ਇਸ ਤਰ੍ਹਾਂ ਕਰਦਿਆਂ ਹੀ ਦਿਨ ਚੜ੍ਹ ਗਿਆ। ਸਾਰਿਆਂ ਕੋਲ ਕੁਝ ਪੈਸੇ ਹੈਗੇ ਸਨ। ਆਪਣਿਆਂ ਪੈਸਿਆਂ ਦੀ ਸੰਤਰੀ ਨੂੰ ਆਖ ਕੇ ਚਾਹ ਮੰਗਵਾਈ। ਪਰ ਜ਼ਿਆਦਾ ਰੱਫੜ ਟੱਟੀ ਜਾਣ ਦਾ ਸੀ। ਇਸ ਤਰ੍ਹਾਂ ਦੀ ਗੰਦੀ ਥਾਂ ਟੱਟੀ ਜਾਣ ਦਾ ਕੋਈ ਆਦੀ ਨਹੀਂ ਸੀ। ਜਿਹੜਾ ਜਾਵੇ ਵੇਖ ਕੇ ਪਿਛਾਂਹ ਹੀ ਮੁੜ ਆਵੇ। ਨਾ ਕੋਈ ਓਥੇ ਪਾਣੀ ਦਾ ਪ੍ਰਬੰਧ ਸੀ। ਸੰਤਰੀ ਨੂੰ ਆਖ ਕੇ ਪੀਣ ਵਾਲਾ ਪਾਣੀ ਤਾਂ ਇਕ ਜੱਗ ਵਿਚ ਨਲਕੇ ਤੋਂ ਮੰਗਵਾ ਲੈਂਦੇ ਸਾਂ। ਪਰ ਹੋਰ ਕੋਈ ਚਾਰਾ ਨਾ ਵੇਖ ਫੇਰ ਸਾਰੇ ਉਥੇ ਹੀ ਵਾਰੋ ਵਾਰ ਟੱਟੀ ਗਏ। ਪਾਣੀ ਦੀ ਬਾਲਟੀ ਸੰਤਰੀ ਨੇ ਬਾਹਰ ਰਖਵਾ ਦਿੱਤੀ। ਇਕ ਡੱਬੇ ਜਿਹੇ ਨਾਲ ਪਾਣੀ ਪਾ ਪਾ ਕੇ ਕੰਮ ਚਲਾਇਆ। ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਏਥੇ ਕਿੰਨੇ ਦਿਨ ਕੱਟਣੇ ਪੈਣੇ ਹਨ।

ਉਸ ਥਾਣੇ ਦਾ ਮੁਣਸ਼ੀ, ਜੋ ਕ੍ਰਿਪਾਨ ਬਾਰੇ ਬਹਿਸ ਕਰਦਾ ਸੀ, ਉਹਨਾਂ ਵਿਚੋਂ ਦੋ ਕੁ ਦਾ ਜਾਣੂ ਸੀ ਤੇ ਜਦੋਂ ਉਸ ਨੂੰ ਪਤਾ ਲੱਗਾ ਕਿ ਇਹ ਸਾਰੇ ਜਲੰਧਰ ਦੇ ਹਨ ਤਾਂ ਆਪੇ ਹੀ ਕਹਿਣ ਲੱਗ ਪਿਆ "ਲਓ ਜੀ, ਤੁਸੀਂ ਰਾਤ ਔਖੇ ਸੌਖੇ ਕੱਟੋ, ਦਿਨ ਚੜ੍ਹਦੇ ਨੂੰ ਹੀ ਸਾਰੀ ਹਵਾਲਾਤ ਨੂੰ ਫਰਨੈਲ ਨਾਲ ਧੁਆ ਦਿਆਂਗੇ। ਬਿਲਕੁਲ ਸਫਾਈ ਹੋ ਜਾਊ। ਦੋ ਵੇਲੇ ਬੰਦਾ ਸਫਾਈ ਵਾਲਾ ਆਇਆ ਕਰੂ"। ਬੜੀਆਂ ਗੱਪਾਂ ਮਾਰੀ ਜਾਵੇ ਪਰ ਸਵੇਰੇ ਉਹ ਅੱਖ ਹੀ ਨਾ ਮਿਲਾਵੇ। ਰਾਤ ਨੂੰ ਹੀ ਸੀ.ਬੀ.ਆਈ. ਵਾਲਿਆਂ ਪਤਾ ਨਹੀਂ ਉਨ੍ਹਾਂ ਨੂੰ ਕੀ ਕੀ ਜਾਣਕਾਰੀਆਂ ਦਿੱਤੀਆਂ, ਸਵੇਰੇ ਕਿਸੇ ਹਵਾਲਾਤ ਵੱਲ ਮੂੰਹ ਨਾ ਕੀਤਾ। ਜੇ ਅੱਗੇ ਨੂੰ ਵੀ ਲੰਘ ਕੇ ਜਾਣਾ ਹੋਵੇ ਤਾਂ ਹਵਾਲਾਤ ਵੱਲ ਵੇਖੇ ਤੋਂ ਬਗੈਰ ਹੀ ਲੰਘ ਜਾਇਆ ਕਰਨ। ਸਾਰੇ ਬੜੇ ਹੈਰਾਨ ਹੋਏ ਪਈ ਇਹਨੂੰ ਰਾਤ ਵਾਲੇ ਨੂੰ ਕੀ ਹੋ ਗਿਆ ਹੈ? ਸਾਰਾ ਥਾਣਾ ਹੀ ਇਸ ਤਰ੍ਹਾਂ ਸੀ ਜਿਵੇਂ ਸੱਪ ਸੁੰਘ ਗਿਆ ਹੋਵੇ ਜਾਂ ਇਨ੍ਹਾਂ ਸਾਰਿਆਂ ਦੇ ਸਿਰ 'ਤੇ ਕਿਸੇ ਨੇ ਬਰਫ ਰੱਖ ਦਿੱਤੀ ਹੋਵੇ। ਸੰਤਰੀ ਨੂੰ ਆਖ ਕੇ ਪਾਣੀ ਨਲਕੇ ਦਾ ਮੰਗਵਾ ਲਈਦਾ ਸੀ। ਸੰਤਰੀ ਦੋ-

ਦੋ ਘੰਟੇ ਕਾਇਦ ਬਦਲਦੇ ਸਨ। ਕਈ ਵਿਚਾਰੇ ਚੰਗੇ ਆ ਜਾਂਦੇ ਸਨ ਤੇ ਕਈ ਪਾਣੀ ਦਾ ਆਖਿ ਾ ਵੀ ਔਖਾ ਜਿਹਾ ਮੰਨਦੇ ਸਨ। ਪਰ ਪਾਣੀ ਦੀ ਕੋਈ ਤੰਗੀ ਨਹੀਂ ਆਈ। ਜਦੋਂ ਚਾਹ ਮੰਗਵਾਉਂਦੇ ਤਾਂ ਸੰਤਰੀ ਵਾਸਤੇ ਜਰੂਰ ਮੰਗਵਾਈ ਦੀ ਸੀ। ਪਰ ਕਈ ਡਰਦੇ ਨਹੀਂ ਸਨ ਪੀਂਦੇ। ਕਈ ਪੀ ਲੈਂਦੇ ਸਨ। ਉਸ ਥਾਣੇ ਦਾ ਮੁਖੀ ਐਸ.ਐਚ.ਓ. ਮੇਰਾ ਵਾਕਫ ਸੀ। ਪਰ ਉਹ ਏਨਾ ਡਰ ਚੁੱਕਾ ਸੀ ਕਿ ਉਸ ਦੀ ਮੈਨੂੰ ਬੁਲਾਉਣ ਦੀ ਜੁਰਅਤ ਹੀ ਨਾ ਪਵੇ।

ਮੈਂ ਜਦੋਂ ਦੋ ਨੰਬਰ ਥਾਣੇ ਆਇਆ ਸੀ ਤਾਂ ਨਾਲਦਿਆਂ ਵਿਚੋਂ ਦੋ ਕੁ ਆਖਣ "ਜਦੋਂ ਸਾਨੂੰ ਅਦਾਲਤ ਵਿਚ ਪੇਸ਼ ਕੀਤਾ, ਉਸ ਦਿਨ ਬਹੁਤ ਦੁਨੀਆਂ ਆਵੇਗੀ। ਘੱਟ ਘੱਟ ਹਜ਼ਾਰ-ਹਜ਼ਾਰ ਆਦਮੀ ਤਾਂ ਇਕ ਇਕ ਪਿੱਛੇ ਆਵੇਗਾ ਹੀ। ਬਹੁਤ ਦੁਨੀਆਂ ਆਊ"। ਇਸ ਤਰ੍ਹਾਂ ਦੀਆਂ ਗੱਲਾਂ ਮੈਂ ਕੁਝ ਚਿਰ ਸੁਣੀਆਂ ਤੇ ਫਿਰ ਆਪਣੀ ਆਦਤ ਅਨੁਸਾਰ ਫਤਵਾ ਦੇ ਦਿੱਤਾ, "ਤੁਹਾਡੇ ਮਗਰ ਹਜ਼ਾਰ-ਹਜ਼ਾਰ ਤਾਂ ਕੀ ਸਾਰਿਆਂ ਮਗਰ ਕੁੱਲ ਵੀਹ ਬੰਦੇ ਵੀ ਨਹੀਂ ਆਉਣੇ, ਜਦੋਂ ਮੁਕੱਦਮੇ ਬਣਦੇ ਹਨ, ਉਦੋਂ ਕੋਈ ਕਿਸੇ ਦਾ ਨਹੀਂ ਬਣਦਾ। ਉਨ੍ਹਾਂ ਵੀਹਾਂ ਵਿਚ ਵੀ ਆਉਣਗੇ ਤੁਹਾਡੇ ਸੱਕੇ ਭਰਾ, ਭਣਵਈਏ ਤੇ ਰਿਸ਼ਤੇਦਾਰ, ਜਿਨ੍ਹਾਂ ਦੀ ਆਇਆਂ ਬਗੈਰ ਰਹਿ ਨਹੀਂ ਆਉਂਦੀ। ਉਹ ਬੰਦੇ ਹੀ ਆਉਣਗੇ, ਜਿਨ੍ਹਾਂ ਨੂੰ ਨਾਂ ਆਉਣ 'ਤੇ ਲੋਕ ਸ਼ਰਮਿੰਦਾ ਕਰਨਗੇ। ਬਾਕੀ ਯਾਰ, ਦੋਸਤ, ਦੁਕਾਨਾਂ ਵਾਲੇ, ਮਿਲਤਾਂ ਵਾਲੇ ਕੋਈ ਨੇੜੇ ਨਹੀਂ ਲੱਗਦਾ"। ਫੇਰ ਮੈਂ ਉਨ੍ਹਾਂ ਨੂੰ ਇਕ ਕਵੀ ਦੀ ਇਕ ਲਾਈਨ ਸੁਣਾ ਦਿੱਤੀ, "ਵਿਚ ਸੁਖਾਂ ਦੇ ਸਾਰੀ ਦੁਨੀਆਂ ਨੇੜੇ ਢੁਕ-ਢੁਕ ਬਹਿੰਦੀ, ਪਰਖੇ ਜਾਣ ਸੱਜਣ ਉਸ ਵੇਲੇ ਜਦ ਬਾਜੀ ਪੁਠੀ ਪੈਂਦੀ"। ਦੂਸਰੀ ਤੁਕ ਮੈਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਨੌਵੇਂ ਮਹਲੇ ਦੇ ਸਲੋਕਾਂ ਵਿਚੋਂ ਉਨ੍ਹਾਂ ਨੂੰ ਸੁਣਾਈ "ਸੁਖ ਮੇ ਬਹੁ ਸੰਗੀ ਭਇਓ, ਦੁਖ ਮੇ ਸੰਗ ਨਾ ਕੋਇ। ਕਹੁ ਨਾਨਕ ਹਰ ਭਜਾ ਮਨਾ ਅੰਤ ਸਹਾਈ ਹੋਇ।" ਤੀਸਰੀ ਤੁਕ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਮੈਂ ਉਨ੍ਹਾਂ ਨੂੰ ਸੁਣਾਈ। ਮਤਲਬ ਉਸਦਾ ਵੀ ਏਹੋ ਹੀ ਬਣਦਾ ਹੈ "ਸੁਖ ਮੇ ਆਨ ਬਹੁਤ ਮਿਲ ਬੈਠਤ ਰਹਿਤ ਚਹੁੰ ਦਿਸ ਘੇਰੇ। ਬਿਪਤ ਪਰੀ ਸਭ ਹੀ ਸੰਗ ਛਾਡਤ ਕੋਊ ਨਾ ਆਵਤ ਨੇਰੇ।" ਮੈਂ ਇਕ ਹੋਰ ਤੁਕ ਵੀ ਪੜ੍ਹ ਕੇ ਸੁਣਾਈ "ਜਗਤ ਮੇਂ ਝੂਠੀ ਦੇਖੀ ਪ੍ਰੀਤ। ਅਪਨੇ ਹੀ ਸੁਖ ਸਿਉਂ ਸਭ ਲਾਗੇ ਕਯਾ ਦਾਰਾ ਕਿਆ ਮੀਤ"। ਏਸੇ ਤਰ੍ਹਾਂ ਹੀ ਮੈਂ ਉਨ੍ਹਾਂ ਨੂੰ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਭੁਲੇਖੇ ਵਿਚ ਨਾ ਰਿਹੋ, ਕਿਸੇ ਨੇ ਨਹੀਂ ਜੇ ਆਉਣਾ। ਉਨ੍ਹਾਂ ਦਾ ਮਨ ਇਹ ਮੰਨਦਾ ਨਹੀਂ ਸੀ। ਭਾਵੇਂ ਅੰਦਰੋ ਉਹ ਮੰਨਦੇ ਹੀ ਹੋਣ ਪਰ ਬਾਹਰੋਂ ਜਾਹਰ ਨਹੀਂ ਸੀ ਕਰਦੇ। ਪਰ ਇਹ ਗੱਲਾਂ ਸੌ ਫੀਸਦੀ ਸੱਚੀਆਂ ਹੋਈਆਂ। ਬਾਅਦ ਵਿਚ ਜਦੋਂ ਜੇਲ੍ਹ ਵਿਚ ਵੀ ਉਨ੍ਹਾਂ ਦੀ ਮੁਲਾਕਾਤ ਕਰਨ ਕੋਈ ਨਾ ਆਇਆ ਤਾਂ ਮੈਂ ਉਨ੍ਹਾਂ ਨੂੰ ਉਹ ਗੱਲਾਂ ਚੇਤੇ ਕਰਾਈਆਂ, ਜਿਹੜੀਆਂ ਜਲੰਧਰ ਆਖੀਆਂ ਸਨ ਤਾਂ ਉਹ ਸ਼ਰਮਿੰਦੇ ਹੋਏ ਮੰਨ ਰਹੇ ਸਨ ਕਿ ਇਹ ਗੱਲ ਠੀਕ ਸੀ, ਐਵੇਂ ਸਾਡਾ ਭੁਲੇਖਾ ਹੀ ਸੀ। ਸਗੋਂ ਉਨ੍ਹਾਂ ਨੇ ਕਈ ਗੱਲਾਂ ਇਸ ਤਰ੍ਹਾਂ ਦੀਆਂ ਵੀ ਦੱਸੀਆਂ ਜਿਵੇਂ "ਲੋਕ ਘਰ ਆਉਣੋਂ ਹੀ ਹੱਟ ਗਏ ਹਨ", "ਲੈਣ ਦੇਣ ਨਹੀਂ ਕਰਦੇ", "ਜਿਹੜੇ ਬਹੁਤ ਦੋਸਤ ਸੀ, ਹੁਣ ਮੁਖਾਲਫਤ ਕਰਨ ਲੱਗ ਪਏ ਹਨ"। ਮੈਨੂੰ ਵੀ ਇਕ ਮੁਲਾਕਾਤ ਵਿਚ ਪਤਾ ਲੱਗਾ ਸੀ ਕਿ ਮੇਰਾ ਵੀ ਇਕ ਦੋਸਤ ਮੇਰੀ ਮੁਲਾਖਫਤ ਕਰਨ ਲੱਗ ਪਿਆ ਹੈ। ਭਾਵੇਂ ਬਾਹਰ ਹੁੰਦਿਆਂ ਉਹ ਮੇਰਾ ਬਹੁਤ ਹੀ ਚੰਗਾ ਦੋਸਤ ਸੀ ਤੇ ਦਿਨ ਵਿਚ ਕਈ ਵਾਰ ਉਸ ਨਾਲ ਉੱਠਣ ਬੈਠਣ ਤੇ ਮਿਲਣਾ ਗਿਲਣਾ ਹੁੰਦਾ ਸੀ। ਗੱਲ ਲਾਂਭੇ ਚਲੀ ਗਈ।

ਐਸ.ਐਚ.ਓ. ਤੇਜਾ ਸਿੰਘ ਕੰਬੋਅ ਡਰਿਆ ਹੋਇਆ ਸੀ। ਮੇਰੇ ਨਾਲ ਅੱਖ ਨਹੀਂ ਸੀ ਮਿਲਾਉਂਦਾ। ਉਸ ਥਾਣੇ ਵਿਚ ਮੈਂ ਤੇ ਮੇਰੇ ਸਾਥੀ ਕਰੀਬ ਦਸ ਦਿਨ ਰਹੇ ਪਰ ਇਕ ਵਾਰ ਵੀ ਉਹ ਹਵਾਲਾਤ ਵੱਲ ਨਾ ਆਇਆ। ਵੈਸੇ ਥਾਣੇ ਵਿਚ ਉਸ ਦੀ ਗੱਲ ਕੋਈ ਮੰਨਦਾ ਵੀ ਘੱਟ ਹੀ ਸੀ। ਐਵੇਂ ਨਿੱਕੀ ਜਿਹੀ ਗੱਲ ਵਾਸਤੇ ਵੀ ਉਸ ਨੂੰ ਕੱਟੇ ਵਾਂਗ ਅੜਿੰਗਣਾ ਪੈਂਦਾ। "ਓਏ ਫਲਾਣਿਆ, ਓਏ ਢੀਂਗੜਿਆ, ਭੱਜ ਕੇ ਜਾ ਓਏ, ਭੱਜ ਕੇ ਆ ਓਏ, ਤੈਨੂੰ ਆਖਿਆ ਸੀ ਆਹ ਕਰੀਂ, ਤੂੰ ਕੀਤਾ ਨਹੀਂ"। ਬਸ ਏਸੇ ਤਰ੍ਹਾਂ ਹੀ ਸਾਰਾ ਦਿਨ ਰੌਲੀ ਪਾਉਂਦਾ ਰਹਿੰਦਾ। ਇਸ ਤਰ੍ਹਾਂ ਦਾ ਕਮਜ਼ੋਰ ਥਾਣੇਦਾਰ ਮੈਂ ਅੱਜ ਤੱਕ ਨਹੀਂ ਸੀ ਵੇਖਿਆ। ਜੇ ਸ਼ਹੀਦ ਊਧਮ ਸਿੰਘ ਕੰਬੋਅ ਤੇ ਕਰਮਜੀਤ ਸਿੰਘ (ਜਿਹੜਾ ਰਾਜੀਵ ਗਾਂਧੀ ਨੂੰ ਮਾਰਨ ਲਈ ਕਈ ਦਿਨ ਪਾਰਕ ਵਿਚ ਲੁਕਿਆ ਰਿਹਾ ਸੀ ਤੇ ਜਿਸ ਨੇ ਛੋਲੇ ਚੱਬ ਕੇ ਤੇ ਪਾਣੀ ਪੀ ਕੇ ਗੁਜ਼ਾਰਾ ਕੀਤਾ ਸੀ, ਜਿਸ ਨੇ ਰਾਜੀਵ 'ਤੇ ਗੋਲੀ ਵੀ ਚਲਾਈ ਸੀ ਪਰ ਉਹ ਬਚ ਗਿਆ ਸੀ ਤੇ ਕਰਮਜੀਤ ਸਿੰਘ ਅੱਜ ਕੱਲ ਜੇਲ੍ਹ ਵਿਚ ਤਸੀਹੇ ਝੱਲ ਰਿਹਾ ਹੈ) ਮੇਰੀ ਬਰਾਦਰੀ ਦੇ ਸਨ ਤਾਂ ਇਹ ਠਾਣੇਦਾਰ ਤੇਜਾ ਸਿੰਘ ਵੀ ਮੇਰੀ ਹੀ ਬਰਾਦਰੀ ਦਾ ਹੈ। ਸਿਆਣੇ ਕਹਿੰਦੇ ਹਨ ਪਿੰਡਾਂ ਦੇ ਨਾਵਾਂ ਤੇ ਜਾਤ-ਬਰਾਦਰੀ ਤੋਂ ਡਰਪੋਕ ਤੇ ਬਹਾਦਰ ਦੀ ਪਛਾਣ ਨਹੀਂ ਹੁੰਦੀ, ਵਿਰਲਾ-ਵਿਰਲਾ ਬਹਾਦਰ ਨਿਕਲਦਾ ਹੈ।

ਮੇਰੇ ਸਾਥੀਆਂ ਵਿਚੋਂ ਇਕ ਬੁੱਢਾ ਆਪਣੇ ਆਪ ਨੂੰ ਬਹੁਤ ਕੁਝ ਸਮਝਦਾ ਸੀ ਤੇ ਹਰ ਗੱਲ ਵਿਚ ਇਕ ਅੱਧ ਡੀਂਗ ਜ਼ਰੂਰ ਮਾਰਦਾ ਸੀ। ਉਹ ਘੜੀ ਮੁੜੀ ਆਖੇ "ਕੋਈ ਸਿਪਾਹੀ ਵਾਕਫ ਮਿਲੇ ਨਾ ਤਾਂ ਮੈਂ ਆਪਣੇ ਘਰ ਸੁਨੇਹਾ ਭੇਜ ਦਿਆਂ"। ਜਾਂ ਕਹੇ "ਘਰੋਂ ਆਹ ਮੰਗਵਾ ਲਵਾਂ, ਔਹ ਮੰਗਵਾ ਲਵਾਂ" ਵਗੈਰਾ ਵਗੈਰਾ। ਮੇਰੇ ਕੋਲੋਂ ਉਸ ਦੀਆਂ ਗੱਲਾਂ ਸੁਣ ਕੇ ਰਹਿ ਨਾ ਹੋਇਆ ਤਾਂ ਮੈਂ ਆਖਿਆ "ਆਹ ਜਿਹੜਾ ਥਾਣੇਦਾਰ ਫਿਰਦਾ ਆ ਨਾਂ... ਦੋ ਸਟਾਰਾਂ ਵਾਲਾ", ਸਾਰਿਆਂ ਨੇ ਆਖਿਆ "ਆਹੋ"। ਮੈਂ ਕਿਹਾ, "ਇਹ ਮੇਰੀ ਜਾਤ ਬਰਾਦਰੀ ਦਾ ਹੈ ਤੇ ਮੇਰਾ ਬਹੁਤ ਹੀ ਚੰਗਾ ਜਾਣੂ ਹੈ ਬਲਕਿ ਅਕਸਰ ਮਿਲਦਾ ਰਹਿੰਦਾ ਹੈ, ਤੁਸੀਂ ਸਮਝ ਹੀ ਗਏ ਹੋਵੋਗੇ ਕਿ ਚੰਗੀ ਸਾਂਝ ਹੈ।" ਸਾਰਿਆਂ ਨੇ ਕਿਹਾ, "ਹਾਂ ਸਮਝ ਗਏ"। ਮੈਂ ਕਿਹਾ "ਇਹ ਰਿਸ਼ਤੇਦਾਰ ਹੋ ਕੇ ਮੇਰੇ ਨਾਲ ਅੱਖ ਨਹੀਂ ਮਿਲਾ ਰਿਹਾ, ਏਨਾ ਡਰਿਆ ਹੋਇਆ ਹੈ ਤੇ ਨਾ ਹੀ ਇਸ ਨੇ ਅੱਖ ਮਿਲਾਉਣੀ ਹੈ। ਇਸ ਨੂੰ ਇਹ ਵੀ ਪਤਾ ਹੈ ਕਿ ਬਾਹਰ ਜਾ ਕੇ ਵਿਆਹਾਂ ਸ਼ਾਦੀਆਂ ਵਿਚ ਅਸਾਂ ਫੇਰ ਇਕੱਠਿਆਂ ਹੋਣਾ ਹੈ। ਇਸ ਨੂੰ ਇਹ ਵੀ ਪਤਾ ਹੈ ਕਿ ਕੰਬੋਅ ਬਰਾਦਰੀ ਵਿਚ ਮੈਂ ਇਸ ਨੂੰ ਠਿੱਠ ਕਰਾਂਗਾ। ਪਰ ਇਹ ਫਿਰ ਵੀ ਮੇਰੇ ਨਾਲ ਗੱਲ ਨਹੀਂ ਕਰ ਰਿਹਾ। ਮੈਂ ਵੀ ਚਾਹੁੰਦਾ ਹਾਂ ਕਿ ਮੇਰੇ ਘਰ ਸੁਨੇਹਾ ਪਹੁੰਚ ਜਾਵੇ ਕਿ ਮੈਂ ਏਥੇ ਥਾਣੇ ਆਦਮਪੁਰ ਹਾਂ। ਪਰ ਮੈਨੂੰ ਪਤਾ ਹੈ ਕਿ ਇਸ ਨੂੰ ਕਹਿਣ ਦਾ ਕੋਈ ਫਾਇਦਾ ਨਹੀਂ। ਇਹ ਇਸ ਥਾਣੇ ਦਾ ਮੁਖੀ ਹੈ ਤੇ ਇਕ ਤਰ੍ਹਾਂ ਦਾ ਮਾਲਕ ਹੈ। ਜੇ ਇਸ ਦੀ ਇਹ ਹਾਲਤ ਹੈ ਤਾਂ ਸਿਪਾਹੀ ਕਿਹੜਾ ਮਾਈ ਦਾ ਲਾਲ ਹੈ, ਜਿਹੜਾ ਜੁਅਰਤ ਕਰੂ"? ਮੈਂ ਕਿਹਾ "ਕਮਲ ਨਾ ਕੁੱਟੋ ਤੇ ਅਰਾਮ ਨਾਲ ਬੈਠੋ"। ਬਾਕੀ ਸਾਰੇ ਤਾਂ ਸਹਿਮਤ ਸਨ ਪਰ ਇਹ ਬੰਦਾ ਅਖੀਰ ਤੱਕ ਕੋਈ ਨਾ ਕੋਈ ਕਮਲ ਕੁੱਟਦਾ ਹੀ ਰਿਹਾ। ਇਸ ਵਿਚ ਉਸ ਦਾ ਕਸੂਰ ਵੀ ਨਹੀਂ ਸੀ। ਉਹ ਏਨੀ ਕੁ ਹੀ ਅਕਲ ਦਾ ਮਾਲਕ ਸੀ। ਬਲਕਿ ਕਮਲ ਕੁੱਟਣ ਤੋਂ ਤਾਂ ਉਹ ਜੇਲ੍ਹ ਜਾ ਕੇ ਵੀ ਬਾਜ ਨਹੀਂ ਸੀ ਆਇਆ। ਸਿਰਫ ਰੀਮਾਂਡ ਦੇ ਪੰਜੀ ਦਿਨ ਉਹ ਜ਼ਰੂਰ (ਦਿੱਲੀ ਵਿਚ) ਦਬਿਆ ਰਿਹਾ ਤੇ ਉਥੇ ਉਸ ਡਰਦੇ ਨੇ ਇਕ ਵੀ ਕਮਲ ਨਹੀਂ ਕੁਟਿਆ

ਕਿਉਂਕਿ ਉਸ ਨੂੰ ਪਤਾ ਸੀ ਕਿ ਹੁਣ ਏਥੇ ਮਾਂਜਾ ਵੀ ਲਹਿ ਜਾਣਾ ਹੈ। ਜੇਲ੍ਹ ਜਾ ਕੇ ਉਹ ਫਿਰ ਉਸੇ ਤਰ੍ਹਾਂ ਦੀਆਂ ਹੀ ਗੱਲਾਂ ਕਰਨ ਲੱਗ ਪਿਆ। ਉਹ ਕੋਈ ਮਾੜੀ ਗੱਲ ਨਹੀਂ ਸੀ ਕਰਦਾ ਸਿਰਫ ਉਸ ਵਿਚ ਨੁਕਸ ਇਹ ਸੀ ਕਿ ਜਦੋਂ ਅਫ਼ਸਰਾਂ ਨਾਲ ਵਾਦ-ਵਿਵਾਦ ਚੱਲ ਰਿਹਾ ਹੁੰਦਾ ਤਾਂ ਉਹ ਕੋਈ ਐਸੀ ਨਿਕੰਮੀ ਗੱਲ ਕਰਦਾ, ਜਿਸ ਨਾਲ ਉਹ ਵਾਦ-ਵਿਵਾਦ ਤਾਂ ਵਿਚੇ ਹੀ ਰਹਿ ਜਾਂਦਾ ਤੇ ਗੱਲ ਘਟਿਓਂ ਕੌਡੀਆਂ ਹੋ ਜਾਂਦੀ। ਇਸ ਸਾਰੀ ਗੱਲ ਦਾ ਜਿਕਰ ਅੱਗੇ ਜਾ ਕੇ ਆਵੇਗਾ।

ਥਾਣੇ ਦੀ ਸਫਾਈ ਕਰਨ ਵਾਲਾ ਜਮਾਂਦਾਰ ਕਿਸੇ ਪਿੰਡੋਂ ਆਉਂਦਾ ਸੀ ਤੇ ਸਿਰਫ ਦਿਨ ਵਿਚ ਇਕ ਵਾਰ ਹੀ ਆ ਸਕਦਾ ਸੀ। ਦੂਸਰਾ ਉਸ ਨੂੰ ਥਾਣੇ ਵਿਚ ਝਾੜੂ ਫੇਰਨ ਦੇ ਕੁਝ ਪੈਸੇ ਮਿਲਦੇ ਸਨ ਪਰ ਹਵਾਲਾਤ ਦੀ ਸਫਾਈ ਕੁਝ ਚਿਰਾਂ ਤੋਂ ਕੱਟ ਹੋ ਗਈ ਸੀ ਤੇ ਉਸ ਦੀ ਸਫਾਈ ਦੇ ਉਸ ਨੂੰ ਪੈਸੇ ਨਹੀਂ ਸੀ ਮਿਲਦੇ। "ਅਖੇ ਥਾਣਾ ਛੋਟਾ ਹੈ ਗਾਹਕ ਬਹੁਤਾ ਨਹੀਂ ਪੈਂਦਾ।" ਹਵਾਲਾਤ ਵਿਚ ਬੰਦ ਹੋਣ ਵਾਲਿਆਂ ਨੂੰ ਉਹ ਗਾਹਕ ਹੀ ਆਖਦੇ ਸਨ। ਜਮਾਂਦਾਰ ਨੇ ਦਸਿਆ ਕਿ ਅੰਦਰ ਬੰਦ ਹੋਣ ਵਾਲੇ ਹੀ ਸਫਾਈ ਦਾ ਉਸ ਨੂੰ ਕੁਝ ਦੇ ਛਡਦੇ ਹਨ ਨਹੀਂ ਤਾਂ ਸਰਕਾਰ ਵਲੋਂ ਉਸ ਨੂੰ ਹਵਾਲਾਤ ਦੀ ਸਫਾਈ ਦਾ ਕੋਈ ਪੈਸਾ ਨਹੀਂ ਮਿਲਦਾ। ਪਹਿਲਾਂ ਮਿਲਦੇ ਹੁੰਦੇ ਸੀ। ਤਿੰਨਾ ਕੁ ਸਾਲਾਂ ਦੇ ਹੀ ਕੱਟੇ ਹਨ।

ਗਾਹਕ ਦੀ ਗੱਲ ਤੋਂ ਇਕ ਹੋਰ ਗੱਲ ਯਾਦ ਆਈ। ਇਕ ਦਿਨ ਸਵੇਰੇ ਸਵੇਰੇ ਹੀ ਇਕ ਸ਼ਰਾਬ ਦੇ ਠੇਕੇ 'ਤੇ ਗੋਲੀ ਚੱਲ ਗਈ ਤੇ ਲਹੂ ਲੁਹਾਣ ਹੋਇਆ ਠੇਕੇ ਦਾ ਕਰਿੰਦਾ ਭੱਜ ਕੇ ਥਾਣੇ ਆ ਗਿਆ। ਉਸ ਦੇ ਸਿਰ ਵਿਚ ਛਰੇ ਲੱਗੇ ਸਨ ਤੇ ਲਹੂ ਚੋਅ ਰਿਹਾ ਸੀ। ਜਦੋਂ ਥਾਣੇਦਾਰ ਨੂੰ ਪਤਾ ਲੱਗਾ ਤਾਂ ਉਸ ਆਖਿਆ "ਚਲੋ ਓਏ ਮੁੰਡਿਓ, ਕੰਮ ਨਿਕਲਿਆ ਹੈ, ਛੇਤੀ ਵਰਦੀਆਂ ਪਾਓ।" ਕੰਮ ਨਿਕਲਣ ਵਾਲੀ ਗੱਲ ਸੁਣ ਕੇ ਸਾਰੇ ਹੱਸੇ ਵੀ ਤੇ ਹੈਰਾਨ ਵੀ ਹੋਏ। ਉਨ੍ਹਾਂ ਨੇ ਵਰਦੀਆਂ ਵੁਰਦੀਆਂ ਪਾਉਂਦਿਆਂ ਅੱਧਾ ਕੁ ਘੰਟਾ ਲਾ ਦਿੱਤਾ। ਫਿਰ ਜੀਪ ਨੂੰ ਧੱਕਾ ਲਾ ਕੇ ਸਟਾਰਟ ਕਰਨ ਲੱਗ ਪਏ। ਮਸਾਂ ਹੀ ਉਹ ਸਟਾਰਟ ਹੋਈ ਤੇ ਫਿਰ ਉਹ ਬੜੀ ਫੁਰਤੀ ਨਾਲ ਛਾਲਾਂ ਮਾਰ ਕੇ ਵਿਚ ਬਹਿ ਗਏ ਤੇ ਗੋਲੀ ਮਾਰਨ ਵਾਲਿਆਂ ਦੇ ਮਗਰ ਗਏ। ਕੋਈ ਘੰਟੇ ਕੁ ਬਾਅਦ ਮੁੜ ਆਏ, "ਅਖੇ ਪਿੱਛਾ ਤਾਂ ਬੜਾ ਕੀਤਾ ਪਰ ਕਾਬੂ ਨਹੀਂ ਆਏ"। ਸਾਰਿਆਂ ਲਈ ਇਹ ਪੁਲਿਸ ਵਾਲਿਆਂ ਦਾ ਕੀਤਾ ਕੰਮ ਬੜਾ ਵਧੀਆ ਡਰਾਮਾ ਸੀ ਤੇ ਸਾਰੇ ਖੁਸ਼ ਹੋ ਰਹੇ ਸਨ।

ਖੈਰ ਗੱਲ ਜਮਾਂਦਾਰ ਦੀ ਹੋ ਰਹੀ ਸੀ। ਉਸ ਨੂੰ ਸਾਰਿਆਂ ਵੀਹ ਰੁਪਏ ਦਿੱਤੇ ਕਿ ਕੁਝ ਫਰਨੈਲ ਲੈ ਆਵੇ, ਇਕ ਦੋ ਬੱਤੀਆਂ ਕਛੂਆਂ ਛਾਪ ਅਗਰਬੱਤੀ ਦੀਆਂ ਲੈ ਆਵੇ। ਪਰ ਉਹ ਫਰਨੈਲ ਤਾਂ ਮੁਫਤ ਹੀ ਕਿਸੇ ਡੰਗਰਾਂ ਦੇ ਹਸਪਤਾਲ ਵਿਚੋਂ ਲੈ ਆਇਆ ਤੇ ਹੋਰ ਕੁਝ ਵੀ ਨਾ ਲਿਆਇਆ। ਫਰਨੈਲ ਦੀ ਬੋ ਏਨੀ ਗੰਦੀ ਸੀ ਕਿ ਉਹ ਟੱਟੀ ਦੀ ਬੋ ਨਾਲ ਰਲ ਕੇ ਬਹੁਤ ਭਿਆਨਕ ਕਿਸਮ ਦੀ ਬੋ ਬਣ ਜਾਂਦੀ। ਪਰ ਹੋਰ ਓਥੇ ਕੋਈ ਚਾਰਾ ਵੀ ਨਹੀਂ ਸੀ। ਸਫਾਈ ਦੇ ਨਾਂ 'ਤੇ ਉਹ ਸਿਰਫ ਏਨਾ ਕਰਦਾ ਕਿ ਉਹ ਬਾਟੇ (ਸੀਟ) ਵਾਲਾ ਗੰਦ ਇਕ ਡੱਬੇ ਨਾਲ ਬਾਲਟੀ ਵਿਚ ਪਾ ਪਾ ਕੇ ਬਾਹਰ ਸੁੱਟ ਆਉਂਦਾ। ਇਹ ਇਕ ਤਰ੍ਹਾਂ ਦੀ ਸੁੱਕੀ ਸਫਾਈ ਹੀ ਸੀ। ਪਾਣੀ ਤਾਂ ਪਾ ਕੇ ਧੋ ਹੀ ਨਹੀਂ ਸਨ ਸਕਦੇ। ਉਸ ਨੇ ਦੋ ਦਿਨ ਸਫਾਈ ਕੀਤੀ ਤੇ ਤੀਜੇ ਦਿਨ ਆਕੜ ਗਿਆ "ਅਖੇ ਮੈਂ ਸਫਾਈ ਨਹੀਂ ਕਰਨੀ, ਮੈਨੂੰ ਰੋਜ਼ ਦਾ ਰੋਜ਼ ਕੁਝ ਦਿਆ ਕਰੋ, ਹੋਰ ਨਹੀਂ ਤਾਂ ਕੱਪੜੇ ਹੀ ਦਿਓ।" ਸਾਰੇ ਹੈਰਾਨ ਹੋਏ ਪਈ ਉਲੂਆ ਇਕੋ

ਇਕ ਤਾਂ ਲੀੜਾ ਸਾਡੇ ਗੱਲ ਪਾਉਣ ਵਾਲਾ ਹੈ, ਉਹ ਵੀ ਤੈਨੂੰ ਦੇ ਦੇਈਏ ਤਾਂ ਨੰਗੇ ਹੋ ਜਾਈਏ? ਖੈਰ ਸਾਰਿਆਂ ਨੇ ਕਿਹਾ "ਨਹੀਂ ਕਰਨੀ ਤਾਂ ਨਾ ਕਰ। ਅੱਜ ਅਸੀਂ ਅਫ਼ਸਰਾਂ ਨਾਲ ਦੋ ਹੱਥ ਕਰਾਂਗੇ।" ਅਫ਼ਸਰਾਂ ਦੇ ਆਉਣ 'ਤੇ ਉਨ੍ਹਾਂ ਨੂੰ ਆਖ ਦਿੱਤਾ। ਪਰ ਫਿਰ ਵੀ ਪੈਸੇ ਕੁਝ ਨਾ ਕੁੱਝ ਜਮਾਂਦਾਰ ਨੂੰ ਦਿੱਤੇ ਹੀ ਜਾਂਦੇ। ਚੌਥੇ ਦਿਨ ਉਸ ਨੂੰ ਉਲਟੀਆਂ ਆਉਣ ਲੱਗ ਪਈਆਂ। ਕਿਉਂਕਿ ਉਹ ਪਿੰਡ ਵਿਚ ਰਹਿਣ ਵਾਲਾ ਜਮਾਂਦਾਰ ਸੀ ਤੇ ਸ਼ਹਿਰ ਦੇ ਜਮਾਂਦਾਰਾਂ ਵਾਂਗ ਟੱਟੀ ਦੀ ਸਫਾਈ ਦਾ ਆਦੀ ਨਹੀਂ ਸੀ। ਇਸ ਲਈ ਉਹ ਗੰਦ ਵੇਖ ਕੇ ਹੀ ਬੀਮਾਰ ਹੋ ਗਿਆ ਤੇ ਉਸ ਦਾ ਜੀਅ ਮਿਤਲਾ ਗਿਆ। ਗੱਲ ਕੀ ਸਫਾਈ ਦਾ ਦਸ ਦਿਨ ਹੀ ਬੁਰਾ ਹਾਲ ਰਿਹਾ। ਇਕ ਵਾਰੀ ਉਹ ਇਕ ਜਮਾਂਦਾਰਨੀ ਲੈ ਆਏ ਪਰ ਉਸ ਵੀ ਝਾੜੂ ਹੀ ਮਾਰਿਆ ਪਸ਼ਾਬ, ਪਾਣੀ ਤੇ ਟੱਟੀ ਦਾ ਰਲਿਆ ਮਿਲਿਆ, ਉਸ ਨਾ ਚੁਕਿਆ। ਫੇਰ ਹੋਰ ਜਮਾਂਦਾਰ ਸੀ.ਬੀ.ਆਈ. ਵਾਲੇ ਆਪ ਲਿਆਏ। ਪਰ ਦੂਜੇ ਦਿਨ ਉਹ ਵੀ ਨਾ ਆਇਆ।

ਮੱਛਰ ਦੀ ਹਾਲਤ ਤਾਂ ਇਹ ਸੀ ਕਿ ਸਾਰਿਆਂ ਦੇ ਸਰੀਰ ਮੱਛਰ ਨਾਲ ਕਾਲੇ ਹੋ ਜਾਂਦੇ। ਪੱਖਾ ਮਾਰ ਕੇ ਉਡਾਉਂਦੇ। ਉਹ ਫੇਰ ਆ ਬੈਠਦੇ। ਇਸ ਤਰ੍ਹਾਂ ਤੋੜਾ-ਖੋਹੀ ਸਾਰੀ ਰਾਤ ਚੱਲਦੀ ਰਹਿੰਦੀ। ਪਾਟੇ ਕੰਬਲਾਂ ਵਿਚੋਂ ਖਟਮਲਾਂ ਦੀਆਂ ਲਾਈਨਾਂ ਦੀਆਂ ਲਾਈਨਾਂ ਹੀ ਨਿਕਲਦੀਆਂ। ਗਰਮੀ ਨਾਲ ਜਾਨ ਕੰਦਲ ਆਵੇ। ਬਹੁਤ ਹੀ ਬੁਰਾ ਹਾਲ ਸੀ। ਦਸ ਦਿਨ ਤਾਂ ਨਰਕ ਦੇ ਦਿਨਾਂ ਨਾਲੋਂ ਵੀ ਭੈੜੇ ਸਨ। ਨਰਕ ਵੀ ਇਸ ਤੋਂ ਕਿੰਨਾ ਕੁ ਬੁਰਾ ਹੋ ਸਕਦਾ ਹੈ? ਅਸਲ ਨਰਕ ਉਹ ਹੀ ਸੀ। ਮੱਛਰ, ਮੱਖੀਆਂ ਵਰਗਾ ਮੋਟਾ, ਕਮਰੇ ਦੀ ਬਣਤਰ ਹੀ ਬੜੀ ਅਜੀਬ ਜਿਹੀ, ਬੋ ਐਨੀ ਆਉਂਦੀ ਕਿ ਸੰਤਰੀ ਵੀ ਹਵਾਲਾਤ ਦੇ ਦਰਵਾਜੇ ਅੱਗੇ ਖਲੋਣੋਂ ਹੱਟ ਗਏ ਤੇ ਸਾਰੇ ਸੰਤਰੀ ਪਰ੍ਹੇ ਖਲੋਂਦੇ। ਜਿੰਨੀ ਥੋੜ੍ਹੀ ਬਹੁਤ ਸਫਾਈ ਹੁੰਦੀ ਸੀ, ਉਹ ਸੰਤਰੀਆਂ ਦੀ ਵਜ੍ਹਾ ਕਰਕੇ ਵੀ ਸੀ। ਕਿਉਂਕਿ ਸਾਡੇ ਨਾਲੋਂ ਜਿਆਦਾ ਸੰਤਰੀ ਬਦਬੋ ਦੀ ਸ਼ਿਕਾਇਤ ਕਰਦੇ ਸਨ ਤੇ ਗੇਟ ਅਗੇ ਖੜੇ ਹੋਣ ਦੀ ਥਾਂ ਪਰੇ ਜਾ ਕੇ ਖੜੇ ਹੁੰਦੇ ਸਨ। ਅਫ਼ਸਰ ਪੁਛਦੇ ਤਾਂ ਉਹ ਅੱਗੋ ਬੋ ਦੀ ਗੱਲ ਆਖਦੇ। ਪਰ ਸੀ.ਬੀ.ਆਈ. ਵਾਲੇ ਖੁਸ਼ ਸਨ ਕਿ ਅਸੀਂ ਇਸ ਹਾਲਤ ਵਿਚ ਹਾਂ। ਉਨ੍ਹਾਂ ਦਾ ਖਿਆਲ ਸੀ ਕਿ ਸਾਨੂੰ ਇਸ ਤਰ੍ਹਾਂ ਤੰਗ ਕਰਕੇ ਹੀ ਉਨ੍ਹਾਂ ਨੇ ਸਭ ਕੁਝ ਉਗਲਵਾ ਲੈਣਾ ਹੈ। ਦੋ ਕੁ ਦਿਨ ਤਾਂ ਅਸੀਂ ਆਪਣੇ ਪੈਸਿਆਂ ਦੀ ਡਬਲ ਰੋਟੀ, ਬਿਸਕੁਟ ਤੇ ਚਾਹ ਵਗੈਰਾ ਮੰਗਵਾਉਂਦੇ ਰਹੇ, ਅਖ਼ਬਾਰ ਵੀ ਮੰਗਵਾ ਲੈਂਦੇ ਪਰ ਤੀਸਰੇ ਦਿਨ ਇਹ ਸਭ ਕੁਝ ਬੰਦ ਹੋ ਗਿਆ ਤੇ ਦੋ ਸੀ.ਬੀ.ਆਈ. ਦੇ ਬੰਦੇ ਪੱਕੇ ਤੌਰ 'ਤੇ ਥਾਣੇ ਵਿਚ ਆ ਕੇ ਬੈਠ ਗਏ। ਇਕ ਬਾਹਰ ਚਾਹ ਦੀ ਦੁਕਾਨ 'ਤੇ ਲਾ ਦਿੱਤਾ ਤਾਂ ਕਿ ਮਿਲਣ ਆਉਣ ਵਾਲਿਆਂ ਦਾ ਖਿਆਲ ਰੱਖੇ। ਬਾਕੀ ਦੇ ਅੱਠ ਦਿਨ ਤਾਂ ਅਸੀਂ ਸਾਰੀ ਦੁਨੀਆਂ ਨਾਲੋਂ ਕੱਟੇ ਹੀ ਰਹੇ। ਅਖ਼ਬਾਰ ਤਾਂ ਉੱਕਾ ਮਨ੍ਹਾ ਸੀ। ਚਾਹ ਦੋ ਵਾਰ ਆਉਂਦੀ ਸੀ, ਨਾਲ ਨੂੰ ਕੁਝ ਨਹੀਂ ਸੀ ਹੁੰਦਾ। ਜੇ ਅਸੀਂ ਆਖਦੇ "ਅਸੀਂ ਆਪਣੇ ਪੈਸਿਆਂ ਦੀ ਮੰਗਵਾ ਲੈਂਦੇ ਹਾਂ" ਤਾਂ ਉਹ ਕਹਿੰਦੇ "ਤੁਹਾਡੇ ਕੋਲ ਪੈਸੇ ਕਿਥੋਂ ਆਏ?" ਏਸ ਡਰ ਤੋਂ ਕਿ ਕਿਤੇ ਜੋ ਥੋੜ੍ਹੇ ਬਹੁਤ ਪੈਸੇ ਹਨ, ਖੋਹ ਹੀ ਨਾ ਲੈਣ, ਇਹ ਆਖਣੋਂ ਵੀ ਹਟ ਗਏ।

ਗਰਮ ਹਵਾਲਾਤ ਤੇ ਠੰਡਾ ਪਾਣੀ

ਜਿਸ ਤਰ੍ਹਾਂ ਉਪਰ ਦਸਿਆ ਹੈ ਕਿ ਹਵਾਲਾਤ ਦਾ ਤਾਪਮਾਨ ਬਹੁਤ ਹੀ ਗਰਮ ਹੁੰਦਾ ਸੀ ਤੇ ਪਸੀਨਾ ਚੋਂਦਾ ਰਹਿੰਦਾ ਸੀ। ਓਨੀ ਹੀ ਪਾਣੀ ਦੀ ਪਿਆਸ ਲੱਗਦੀ ਰਹਿੰਦੀ ਸੀ ਤੇ

ਘੜੀ ਘੜੀ ਪਾਣੀ ਪੀਂਦੇ ਰਹਿੰਦੇ ਸਾਂ। ਪਹਿਲੇ ਦੋ ਦਿਨ ਤਾਂ ਕਿਸੇ ਨੇ ਬਾਹਰ ਹੀ ਨਾ ਕਢਿਆ, ਸਿਵਾਏ ਉਨ੍ਹਾਂ ਤੋਂ ਜਿਨ੍ਹਾਂ ਨੂੰ ਪੁੱਛਗਿੱਛ ਲਈ ਲੈ ਕੇ ਜਾਂਦੇ ਸਨ। ਉਹ ਆਮ ਤੌਰ 'ਤੇ ਇਕੱਲੇ ਇਕੱਲੇ ਨੂੰ ਹੀ ਲੈ ਕੇ ਜਾਂਦੇ ਤੇ ਫਿਰ ਪਹਿਲੇ ਨੂੰ ਹਵਾਲਾਤ ਵਿਚ ਛੱਡ ਕੇ ਦੂਸਰੇ ਨੂੰ ਲੈ ਕੇ ਜਾਂਦੇ ਸਨ। ਦੋ ਦਿਨਾਂ ਵਿਚ ਬਹੁਤ ਹੀ ਬੁਰਾ ਹਾਲ ਹੋ ਗਿਆ ਸੀ। ਕੱਪੜੇ ਪਸੀਨੇ ਨਾਲ ਤਰ ਹੋ ਜਾਂਦੇ ਸਨ। ਤੀਸਰੇ ਦਿਨ ਉਨ੍ਹਾਂ ਦੇ ਅਫ਼ਸਰ ਆਏ ਤਾਂ ਸਾਰਿਆਂ ਨੇ ਕਿਹਾ, "ਇਹ ਮੁਲਕ ਅਜ਼ਾਦ ਹੈ? ਤੁਸੀਂ ਸਾਨੂੰ ਪੁੱਛਗਿੱਛ ਲਈ ਫੜਿਆ ਹੈ ਕਿ ਤਸੀਹੇ ਦੇ ਕੇ ਮਾਰਨ ਲਈ ਫੜਿਆ ਹੈ?" ਇਹ ਗੱਲਬਾਤ ਬਹੁਤੀ ਮੈਂ ਹੀ ਹਵਾਲਾਤ ਦੀਆਂ ਸੀਖਾਂ ਨਾਲ ਮੂੰਹ ਲਾ ਕੇ ਕੀਤੀ।

ਅਫ਼ਸਰ - "ਤੁਹਾਨੂੰ ਇਥੇ ਕੀ ਤਕਲੀਫ ਹੈ?"

ਮੈਂ - "ਤੁਸੀਂ ਬਾਹਰ ਖੜੇ-ਖੜੇ ਇਹ ਮਹਿਸੂਸ ਨਹੀਂ ਕਰ ਸਕਦੇ, ਜ਼ਰਾ ਅੰਦਰ ਆ ਕੇ ਬੈਠੋ, ਫਿਰ ਪਤਾ ਲਗੇਗਾ ਕਿ ਸਾਨੂੰ ਕਿੰਨੀ ਤਕਲੀਫ ਹੈ।"

ਅਫ਼ਸਰ - "ਕੀ ਅਸੀਂ ਕੋਈ ਅਪਰਾਧ ਕੀਤਾ ਹੈ?"

ਮੈਂ - "ਤੇ ਅਸਾਂ ਕਿਹੜਾ ਖੋਤੀ ਨੂੰ ਹੱਥ ਲਾ ਦਿੱਤਾ ਹੈ? ਅਪਰਾਧ ਤਾਂ ਅਸਾਂ ਵੀ ਕੋਈ ਨਹੀਂ ਕੀਤਾ।"

ਅਫ਼ਸਰ - "ਤੁਸੀਂ ਗੱਲ ਦੱਸੋ, ਗੱਲ ਕੀ ਹੈ?"

ਮੈਂ - "ਪਹਿਲੀ ਗੱਲ ਤਾਂ ਇਹ ਹੈ ਕਿ ਇਹ ਜਗ੍ਹਾ ਅੰਗਰੇਜ਼ਾਂ ਨੇ ਓਦੋਂ ਬਣਾਈ ਸੀ, ਜਦੋਂ ਦੇਸ਼ ਗੁਲਾਮ ਸੀ ਤੇ ਉਹ ਸਾਨੂੰ ਹਿੰਦੋਸਤਾਨੀਆਂ ਨੂੰ ਤੰਗ ਕਰਨ ਲਈ ਇਹੋ ਜਿਹੀਆਂ ਹਵਾਲਾਤਾਂ ਵਿਚ ਰੱਖਦੇ ਸਨ। ਹੁਣ ਜਦੋਂ ਦੇਸ਼ ਆਜ਼ਾਦ ਹੈ ਤੇ ਅਸੀਂ ਵੀ ਇਸ ਦੇਸ਼ ਦੇ ਨਾਗਰਿਕ ਹਾਂ ਤੇ ਤੁਸੀਂ ਵੀ ਸਾਨੂੰ ਉਸੇ ਹੀ ਹਵਾਲਾਤ ਵਿਚ ਬੰਦ ਕੀਤਾ ਹੈ, ਜਿਥੇ ਅੰਗਰੇਜ਼ ਸਾਡੇ ਬਜ਼ੁਰਗਾਂ ਨੂੰ ਰੱਖਦੇ ਸਨ।" ਅਫ਼ਸਰ ਸੁਣੀ ਗਿਆ ਤੇ ਮੈਂ ਹੋਰ ਕਿਹਾ "ਜਨਾਬ, ਤੁਸੀਂ ਇਕ ਦਿਨ ਵਿਚ ਕਿੰਨੀ ਵਾਰ ਨਹਾਉਂਦੇ ਹੋ?" ਅਫ਼ਸਰ ਨੇ ਗੱਲ ਕਰਨ ਲਈ ਮੂੰਹ ਖੋਲ੍ਹਿਆ ਹੀ ਸੀ ਕਿ ਮੈਂ ਸਵਾਲ ਦੁਬਾਰਾ ਦੁਹਰਾ ਦਿੱਤਾ "ਸਿਰਫ ਏਸੇ ਗੱਲ ਦਾ ਹੀ ਜਵਾਬ ਦੇ ਦਿਓ ਕਿ ਤੁਸੀਂ ਇਸ ਗਰਮੀ ਦੇ ਦਿਨਾਂ ਵਿਚ ਕਿੰਨੀ ਵਾਰ ਨਹਾਉਂਦੇ ਹੋ?"

ਅਫ਼ਸਰ - "ਦੋ ਵਾਰ ਤਾਂ ਨਹਾਉਂਦੇ ਹੀ ਹਾਂ?"

ਮੈਂ - "ਫਿਰ ਅਸੀਂ ਤਾਂ ਦੋ ਦਿਨ ਤੋਂ ਇਕ ਵਾਰ ਵੀ ਨਹੀਂ ਨਹਾਤੇ। ਤੁਹਾਨੂੰ ਹਿੰਦੋਸਤਾਨ ਦੀ ਵਿਸ਼ੇਸ਼ ਨਾਗਰਿਕਤਾ ਪ੍ਰਾਪਤ ਹੈ ਕਿ ਤੁਸੀਂ ਦਿਨ ਵਿਚ ਦੋ ਵਾਰ ਨਹਾਓ ਤੇ ਅਸੀਂ ਦੋ ਦਿਨਾਂ ਵਿਚ ਇਕ ਵਾਰ ਵੀ ਨਹੀਂ?"

ਅਫ਼ਸਰ - "ਪਰ ਤੁਹਾਨੂੰ ਨਹਾਉਣ ਤੋਂ ਕੀਹਨੇ ਰੋਕਿਆ ਹੈ?"

ਮੈਂ - "ਏਹ ਜਿਹੜਾ ਲੋਹੇ ਦਾ ਗੇਟ ਹੈ ਨਾ, ਇਹ ਚਾਬੀ ਨਾਲ ਖੁਲ੍ਹਦਾ ਹੈ, ਖੁੱਲ੍ਹ ਜਾ ਸਿਮ-ਸਿਮ ਕਹਿਣ ਨਾਲ ਨਹੀਂ ਖੁੱਲ੍ਹਦਾ ਕਿ ਅਸੀਂ ਆਪਣੀ ਮਰਜ਼ੀ ਨਾਲ ਨਹਾ ਕੇ ਅੰਦਰ ਆ ਕੇ ਬੈਠ ਜਾਇਆ ਕਰੀਏ।"

ਅਫ਼ਸਰ, ਜੋ ਡਿਪਟੀ ਦੇ ਰੈਂਕ ਦਾ ਸੀ, ਨੂੰ ਕੋਈ ਗੱਲ ਨਾ ਆਈ। ਉਹ ਏਨਾ ਨਿਰ-ਉਤਰ ਹੋਇਆ ਕਿ ਅੰਦਰ ਹਵਾਲਾਤੀਆਂ ਨਾਲ ਗੱਲ ਕਰਨ ਦੀ ਬਜਾਏ ਉਸ ਨੇ ਪੁਲਿਸ ਦੇ ਇਕ ਹੌਲਦਾਰ ਨੂੰ ਅਵਾਜ਼ ਮਾਰੀ ਤੇ ਉਸ ਨੂੰ ਕਿਹਾ, "ਅੱਜ ਤੋਂ ਇਨ੍ਹਾਂ ਸਾਰਿਆਂ ਨੂੰ ਦਿਨ ਵਿਚ ਦੋ ਵਾਰ ਨਹਾਉਣ ਲਈ ਬਾਹਰ ਕੱਢਣਾ ਹੈ। ਇਹ ਮੇਰਾ ਹੁਕਮ ਹੈ। ਆਪਣੇ

ਅਫ਼ਸਰ ਨੂੰ ਦੱਸ ਦਿਓ।" ਫਿਰ ਸਾਰਿਆਂ ਵੱਲ ਮੂੰਹ ਕਰਕੇ ਕਹਿਣ ਲੱਗਾ "ਕੋਈ ਹੋਰ ਤਕਲੀਫ ਹੈ ਤਾਂ ਉਹ ਵੀ ਦੱਸ ਦਿਓ।"

ਮੈਂ - "ਨਾ ਹੀ ਸਾਡੇ ਕੋਲ ਨਹਾਉਣ ਵਾਲਾ ਸਾਬਣ ਹੈ, ਨਾ ਹੀ ਕੱਪੜੇ ਧੋਣ ਵਾਲਾ ਤੇ ਨਾ ਹੀ ਕੋਈ ਕੱਪੜਾ ਹੈ।"

ਅਫ਼ਸਰ - "ਮੈਂ ਹੁਣੇ ਹੀ ਦੋਵੇਂ ਤਰ੍ਹਾਂ ਦੇ ਸਾਬਣ ਲਿਆ ਕੇ ਦਿੰਦਾ ਹਾਂ।"

ਮੈਨੂੰ ਇਕ ਗੱਲ ਹੋਰ ਯਾਦ ਆ ਗਈ ਕਿ ਕਿਉਂ ਨਾ ਚਾਹ ਪਾਣੀ ਦੀ ਵੀ ਗੱਲ ਕਰ ਲਈਏ। ਹੁਣ ਤਾਂ ਤੰਦੂਰ ਤਪਿਆ ਹੀ ਹੈ। ਦੋ ਰੋਟੀਆਂ ਵੱਧ ਘੱਟ ਲਹਿ ਜਾਣ ਨਾਲ ਕੀ ਫਰਕ ਪੈਣਾ ਹੈ। "ਅਸੀਂ ਪਹਿਲਾਂ ਚਾਹ ਮੰਗਵਾ ਲੈਂਦੇ ਹੁੰਦੇ ਸੀ ਤੇ ਨਾਲ ਬਿਸਕੁਟ ਤੇ ਬਰੈੱਡ ਵਗੈਰਾ ਵੀ ਮੰਗਵਾ ਲੈਂਦੇ ਸੀ, ਤੁਹਾਡੇ ਇਕ ਅਫ਼ਸਰ ਨੇ ਉਹ ਹੁਣ ਬੰਦ ਕਰਵਾ ਦਿੱਤੀ ਹੈ, ਸਵੇਰੇ ਚਾਹ ਹੀ ਦਿੰਦੇ ਹਨ, ਅਸੀਂ ਸ਼ਾਮ ਨੂੰ ਵੀ ਚਾਹ ਪੀਣ ਦੇ ਆਦੀ ਹਾਂ।"

ਅਫ਼ਸਰ - "ਠੀਕ ਹੈ ਚਾਹ ਅਤੇ ਬਰੈੱਡ ਵਗੈਰਾ ਵੀ ਆ ਜਾਇਆ ਕਰੇਗੀ, ਮੈਂ ਹੁਣੇ ਕਹਿ ਦੇਂਦਾ ਹਾਂ।"

ਮੈਂ - "ਧੰਨਵਾਦ ਤੁਹਾਡਾ ਤੇ ਫਿਰ ਇਹ ਕਹਿ ਕੇ ਪਿੱਛੇ ਹੋ ਕੇ ਬੈਠ ਗਿਆ।

ਸਾਬਣ ਆ ਗਿਆ। ਚਾਹ ਲਿਆਉਣ ਦਾ ਵੀ ਹੁਕਮ ਉਹ ਕਰ ਗਿਆ। ਨਹਾਉਣ ਵਾਸਤੇ ਤਾਂ ਉਨ੍ਹਾਂ ਨੇ ਉਸੇ ਵੇਲੇ ਹੀ ਸਾਨੂੰ ਬਾਹਰ ਕੱਢ ਲਿਆ। ਅਸੀਂ ਬਾਹਰ ਨਿਕਲ ਕੇ ਥਾਣੇ ਵਿਚ ਲੱਗੇ ਹੋਏ ਇਕੋ ਇਕ ਨਲਕੇ 'ਤੇ ਨਹਾਤੇ। ਕੱਪੜੇ (ਬਨੈਣ ਕੱਛਾ) ਵਗੈਰਾ ਧੋਤੇ ਤੇ ਸਾਨੂੰ ਕੁਝ ਹੋਸ਼ ਆਈ। ਫਿਰ ਉਨ੍ਹਾਂ ਨੇ ਸਾਨੂੰ ਅੰਦਰ ਕਰ ਦਿੱਤਾ। ਉਸ ਦਿਨ ਸ਼ਾਮ ਨੂੰ ਵੀ ਉਨ੍ਹਾਂ ਨੇ ਸਾਨੂੰ ਬਾਹਰ ਕੱਢ ਕੇ ਨੁਹਾਇਆ। ਇਹ ਨੁਹਾਉਣ ਦਾ ਕੰਮ ਤਾਂ ਦੱਸ ਦਿਨ ਹੀ ਚੱਲਦਾ ਰਿਹਾ। ਪਰ ਬਾਅਦ ਵਿਚ ਸਾਨੂੰ ਸਮਝ ਲੱਗੀ ਕਿ ਇਹ ਨੁਹਾਉਣਾ, ਜਿਥੇ ਸਾਨੂੰ ਕੁਝ ਚਿਰ ਲਈ ਆਰਾਮ ਦੇਂਦਾ ਹੈ ਤੇ ਸਾਨੂੰ ਤਪਦਿਆਂ ਨੂੰ ਪੀੜ ਨਹੀਂ ਹੁੰਦੀ, ਉਥੇ ਬਾਅਦ 'ਚ ਜ਼ਿਆਦਾ ਤੰਗੀ ਦੇਂਦਾ ਹੈ। ਗੱਲ ਕੀ ਸਾਰਿਆਂ ਨੂੰ ਹੀ ਇਹ ਪਤਾ ਲੱਗ ਗਿਆ ਕਿ ਇਹ ਵੀ ਤਸੀਹੇ ਦੇਣ ਦਾ ਇਕ ਢੰਗ ਇਨ੍ਹਾਂ ਨੇ ਲੱਭ ਲਿਆ ਹੈ। ਕਿਉਂਕਿ ਜਦੋਂ ਅਸੀਂ ਬਾਹਰ ਨਿਕਲਦੇ ਤਾਂ ਉਹ ਜ਼ਿਦ ਕਰਦੇ ਕਿ ਪਹਿਲਾਂ ਇਕ-ਇਕ ਵਾਰ ਨਲਕੇ ਥੱਲੇ ਜ਼ਰੂਰ ਹੋਵੋ। ਸਾਬਣ ਬਾਅਦ ਵਿਚ ਲਾਓ। ਸਾਰੇ ਇਸ ਗੱਲ ਨੂੰ ਹੁਣ ਚੰਗੀ ਤਰ੍ਹਾਂ ਸਮਝ ਚੁੱਕੇ ਸਨ ਕਿ ਭਾਵੇਂ ਇਨ੍ਹਾਂ ਨੂੰ ਟਾਰਚਰ ਦੇ ਇਸ ਤਰੀਕੇ ਦਾ ਪਹਿਲਾਂ ਪਤਾ ਨਾ ਵੀ ਹੋਵੇ ਪਰ ਹੁਣ ਇਹ ਇਸਨੂੰ ਟਾਰਚਰ ਵਜੋਂ ਹੀ ਵਰਤ ਰਹੇ ਹਨ। ਕਿਉਂਕਿ ਤਪਦੇ ਸਰੀਰ 'ਤੇ ਜਦੋਂ ਠੰਡਾ ਠਾਰ ਪਾਣੀ ਪੈਂਦਾ ਤਾਂ ਸਰੀਰ ਇਕ ਦਮ ਠੰਡਾ ਹੋ ਜਾਂਦਾ ਤੇ ਇਸ ਨਾਲ ਸਰੀਰ 'ਤੇ ਕੁਝ ਇਸ ਤਰ੍ਹਾਂ ਦਾ ਅਸਰ ਹੁੰਦਾ ਕਿ ਸਰੀਰ 'ਤੇ ਤਾਂ ਚੂੰਡੀ ਵਢਿਆਂ ਵੀ ਪੀੜ ਨਹੀਂ ਸੀ ਹੁੰਦੀ ਤੇ ਇਸ ਤਰ੍ਹਾਂ ਸਾਰਾ ਸਰੀਰ ਬੁਰੀ ਤਰ੍ਹਾਂ ਦਰਦ ਕਰਦਾ ਰਹਿੰਦਾ ਸੀ। ਇਸ ਦਾ ਮਤਲਬ ਤਾਂ ਇਹ ਹੀ ਸੀ ਕਿ ਇਹ ਵੀ ਇਕ ਤਰ੍ਹਾਂ ਨਾਲ ਤੰਗੀ ਹੈ। ਇਸ ਦਾ ਪਤਾ ਸਾਨੂੰ ਇਕ ਦਿਨ ਉਦੋਂ ਲੱਗਾ ਜਦੋਂ ਸਾਰਿਆਂ ਨੇ ਆਖਿਆ ਕਿ ਅੱਜ ਅਸੀਂ ਨਹੀਂ ਨਹਾਉਣਾ ਤਾਂ ਉਨ੍ਹਾਂ ਨੇ ਜ਼ਿਦ ਕੀਤੀ ਕਿ "ਨਹਾਉਣਾ ਪਵੇਗਾ, ਨਹੀਂ ਤਾਂ ਸਾਹਬ ਸਾਨੂੰ ਗੁੱਸੇ ਹੋਣਗੇ"। ਮੈਨੂੰ ਫਿਰ ਅੱਗੇ ਆਉਣਾ ਪਿਆ। ਮੈਂ ਸਪਸ਼ਟ ਕਹਿ ਦਿੱਤਾ ਕਿ ਸਾਹਿਬ ਨਾਲ ਅਸੀਂ ਆਪੇ ਗੱਲ ਕਰਾਂਗੇ ਤੈਨੂੰ ਸਾਡੇ ਨਾਲ ਫਾਲਤੂ ਗੱਲ ਕਰਨ ਦਾ ਕੋਈ ਮਤਲਬ ਨਹੀਂ। ਇਹ ਚਿੱਟੀਆਂ ਮੁੱਛਾਂ ਵਾਲਾ ਇਕ ਬ੍ਰਾਹਮਣ ਪੰਜਾਬੀ ਇੰਸਪੈਕਟਰ ਸੀ, ਜੋ ਆਰਜ਼ੀ

ਤੌਰ 'ਤੇ ਸੀ.ਬੀ.ਆਈ. ਵਿਚ ਗਿਆ ਸੀ। ਬਾਅਦ ਵਿਚ ਵੀ ਇਸ ਨਾਲ ਇਕ ਅੱਧ ਵਾਰ ਝੜੱਪ ਹੋਈ, ਜਿਸ ਦਾ ਬਦਲਾ ਉਹ ਏਥੇ ਤਾਂ ਨਾ ਲੈ ਸਕਿਆ ਪਰ ਦਿੱਲੀ ਜਾ ਕੇ ਉਸ ਨੇ ਪੂਰਾਂ ਬਦਲਾ ਲਿਆ।

ਦੋ ਦਿਨਾਂ ਵਿਚ ਹਰ ਇਕ ਨੂੰ ਦਿਨ ਵਿਚ ਤਕਰੀਬਨ ਦੋ-ਦੋ, ਤਿੰਨ-ਤਿੰਨ ਵਾਰ ਇਕ ਕੈਨਾਲ ਰੈਸਟ ਹਾਊਸ, ਜੋ ਆਦਮਪੁਰ ਤੋਂ ਥੋੜ੍ਹਾ ਹੀ ਅੱਗੇ ਨਹਿਰ ਦੇ ਕਿਨਾਰੇ 'ਤੇ ਹੈ, ਵਿਚ ਲਿਜਾਇਆ ਜਾਂਦਾ ਸੀ, ਜਿਥੇ ਇਨ੍ਹਾਂ ਨੇ ਆਰਜ਼ੀ ਦਫਤਰ ਬਣਾਇਆ ਹੋਇਆ ਸੀ। ਬੀ.ਐਸ.ਐਫ. ਦੀਆਂ ਮਿੰਨੀ ਬੱਸਾਂ, ਜੀਪਾਂ ਤੇ ਵੱਡੀਆਂ ਤਿੰਨ ਟਨੀ ਗੱਡੀਆਂ ਇਨ੍ਹਾਂ ਦੇ ਕੋਲ ਸਨ। ਸੁਰੱਖਿਆ ਦਾ ਪ੍ਰਬੰਧ ਏਨਾ ਸੀ ਕਿ ਰੈਸਟ ਹਾਊਸ ਦੇ ਲਾਗੇ ਚਿੜੀ ਪਰ ਨਹੀਂ ਸੀ ਮਾਰ ਸਕਦੀ। ਏਸੇ ਤਰ੍ਹਾਂ ਹੀ ਆਦਮਪੁਰ ਥਾਣੇ ਵਿਚ ਸੁਰੱਖਿਆ ਦਾ ਪ੍ਰਬੰਧ ਸੀ। ਹਰ ਵੇਲੇ ਥਾਣੇ ਦਾ ਦਰਵਾਜਾ ਬੰਦ ਰਹਿੰਦਾ, ਇਥੋਂ ਤੱਕ ਕਿ ਤਾਕੀ ਵੀ ਬੰਦ ਰਹਿੰਦੀ।

ਜੇ ਕਿਸੇ ਨੇ ਥਾਣੇ ਅੰਦਰ ਆਉਣਾ ਹੁੰਦਾ ਭਾਵੇਂ ਮੁਲਾਜ਼ਮ ਨੇ ਹੀ ਆਉਣਾ ਹੁੰਦਾ ਤਾਂ ਉਹ ਤਾਕੀ ਖੜਕਾਉਂਦਾ ਨਾਲੇ ਅਵਾਜ਼ ਦੇਂਦਾ, ਫਿਰ ਸੰਤਰੀ ਉਸ ਨੂੰ ਝੀਤ ਵਿਚੋਂ ਦੀ ਬਾਹਰ ਵੇਖਦਾ ਤੇ ਤਾਕੀ ਖੋਲ੍ਹ ਕੇ ਫੇਰ ਬੰਦ ਕਰ ਦੇਂਦਾ। ਰਾਤ ਨੂੰ ਤਾਂ ਤਾਕੀ ਘੱਟ ਹੀ ਖੁਲ੍ਹਦੀ ਤੇ ਸਾਰਿਆਂ ਨੂੰ ਸਵੇਰੇ ਆਉਣ ਨੂੰ ਆਖਿਆ ਜਾਂਦਾ। ਥਾਣੇ ਦੇ ਮੁਲਾਜ਼ਮ ਏਨਾ ਡਰਦੇ ਸਨ ਕਿ ਉਹ ਸੀ.ਬੀ.ਆਈ. ਵਾਲਿਆਂ ਦੇ ਹੁੰਦਿਆਂ ਉਚੀ ਸਾਹ ਵੀ ਨਾ ਲੈਂਦੇ। ਪੁੱਛਗਿੱਛ ਵਾਸਤੇ ਜਦੋਂ ਲੈ ਕੇ ਜਾਂਦੇ ਸਨ ਤਾਂ ਪਹਿਲਾਂ ਥਾਣੇ ਦਾ ਦਰਵਾਜਾ ਬੰਦ ਕਰਦੇ ਫੇਰ ਹਵਾਲਾਤ ਵਿਚ ਹੀ ਹੱਥਕੜੀ ਲੱਗਦੀ ਤੇ ਫੇਰ ਇਕ ਜਾਂ ਦੋ, ਜਿਨ੍ਹਾਂ ਨੂੰ ਰੈਸਟ ਹਾਊਸ ਲੈ ਕੇ ਜਾਣਾ ਹੁੰਦਾ, ਬਾਹਰ ਕੱਢਿਆ ਜਾਂਦਾ ਤੇ ਮਿੰਨੀ ਬੱਸ ਵਿਚ ਬਿਠਾ ਕੇ ਲਿਜਾਇਆ ਜਾਂਦਾ। ਇਕ ਜਣੇ ਨੂੰ ਲੈ ਜਾਣ ਵਾਸਤੇ ਕੋਈ ਪੰਦਰਾਂ ਪੁਲਿਸ ਦੇ ਮੁਲਾਜ਼ਮ ਹੁੰਦੇ। ਹੱਥਕੜੀਆਂ ਨੂੰ ਪੇਟੀਆਂ ਨਾਲ ਬੰਨ੍ਹਣ ਵਾਲੇ ਪੰਜਾਬ ਪੁਲਿਸ ਦੇ ਸਿਪਾਹੀ ਹੁੰਦੇ ਪਰ ਨਾਲ ਸੁਰੱਖਿਆ ਵਾਸਤੇ ਸੀ.ਆਰ.ਪੀ. ਦੇ ਹਥਿਆਰਬੰਦ ਬੰਦੇ ਹੁੰਦੇ। ਸਾਰਾ ਦਿਨ ਲਿਆਉਣ ਤੇ ਲਿਜਾਣ ਦਾ ਸਿਲਸਿਲਾ ਚੱਲਦਾ ਰਹਿੰਦਾ। ਉਥੇ ਰੈਸਟ ਹਾਊਸ ਵਿਚ ਜਾ ਕੇ ਵੱਖ ਵੱਖਰੇ ਕਮਰਿਆਂ ਵਿਚ ਪੁੱਛਗਿੱਛ ਕੀਤੀ ਜਾਂਦੀ। ਜਿੰਨੇ ਦਿਨ ਰੈਸਟ ਹਾਊਸ ਵਿਚ ਰਹੇ ਕੋਈ ਪੰਜ ਪਾਰਟੀਆਂ ਵੱਖ ਵੱਖਰੀ ਪੁੱਛਗਿੱਛ ਕਰਨ ਵਾਲੀਆਂ ਸਨ। ਸੀ.ਬੀ.ਆਈ. ਆਈ.ਬੀ ਤੇ ਰਾਅ ਵਗੈਰਾ। ਪਹਿਲਾਂ ਇਕ ਪਾਰਟੀ, ਜਿਸ ਵਿਚ ਆਮ ਤੌਰ 'ਤੇ ਦੋ ਤੋਂ ਤਿੰਨ ਬੰਦੇ ਹੁੰਦੇ ਸਨ, ਪੁੱਛਗਿੱਛ ਕਰਦੀ। ਫੇਰ ਦੂਸਰੇ ਕਮਰੇ ਵਿਚ ਕੋਈ ਦੂਸਰੀ ਪਾਰਟੀ ਪੁੱਛਗਿੱਛ ਕਰਦੀ। ਪਾਰਟੀ ਦੇ ਮੈਂਬਰ ਵੀ ਬਦਲਦੇ ਰਹਿੰਦੇ। ਕਦੀ ਇਕ ਟੀਮ ਵਿਚ ਕੋਈ ਹੋਰ ਹੁੰਦਾ ਤੇ ਦੂਸਰੀ ਵਾਰੀ ਉਸ ਦੀ ਥਾਂ ਕੋਈ ਹੋਰ ਹੁੰਦਾ। ਪੁੱਛਗਿੱਛ ਨਾਂ, ਪਿਤਾ ਦਾ ਨਾਂ, ਪੇਸ਼ਾ, ਵਿਦਿਆ, ਚਾਚੇ, ਮਾਮੇ, ਤਾਏ, ਬੱਚੇ ਵਗੈਰਾ ਤੋਂ ਹੀ ਸ਼ੁਰੂ ਹੁੰਦੀ। ਪਰ ਉਸ ਤੋਂ ਬਾਅਦ ਕਿਥੇ ਪੜ੍ਹੇ ਚੌਥੀ ਕਿਥੇ ਪਾਸ ਕੀਤੀ, ਦਸਵੀਂ ਕਿਥੇ ਕੀਤੀ, ਕਾਲਜ ਵਿਚ ਕਿਹੜੇ ਸਾਲ ਪੜ੍ਹੇ, ਦੋਸਤ ਕੌਣ-ਕੌਣ ਸਨ ਤੇ ਹੁਣ ਕਿਹੜਾ-ਕਿਹੜਾ ਦੋਸਤ ਹੈ ਵਗੈਰਾ ਵਗੈਰਾ। ਕਿਹੜੀ ਸਿਆਸੀ ਪਾਰਟੀ ਦੇ ਲੀਡਰ ਹੋ? ਜੇ ਲੀਡਰ ਨਹੀਂ ਤਾਂ ਵਰਕਰ ਹੋਵੋਗੇ। ਕਿਹੜੇ ਸੰਨ ਵਿਚ ਕੀ ਕੀਤਾ, ਪੜ੍ਹਾਈ ਕਦੋਂ ਛੱਡੀ, ਫੇਰ ਕੀ ਕੀਤਾ, ਕਿਸ ਨੂੰ ਮਿਲੇ, ਕੌਣ-ਕੌਣ ਮਿਲਦਾ ਰਿਹਾ ਹੈ, ਅੱਜ ਕੱਲ੍ਹ ਕਿਸ ਨੂੰ ਮਿਲੇ ਹੋ? ਵਗੈਰਾ ਵਗੈਰਾ। ਪੁੱਛਗਿੱਛ ਕਰਦਿਆਂ ਹੀ ਆਖੀ ਜਾਣਾ, ਇਹ ਕਿਵੇਂ ਹੋ ਸਕਦਾ ਹੈ? ਏਹ ਤੁਹਾਡੀ ਗੱਲ ਮੈਨੂੰ ਨਹੀਂ ਜਚਦੀ? ਏਹ

ਕਦੀ ਹੋ ਹੀ ਨਹੀਂ ਸਕਦਾ। ਸਰਦਾਰ ਜੀ, ਦੱਸਣਾ ਪਊ। ਵਿਚੋਂ ਗੱਲ ਦਸੋ ਤੇ ਸਿਆਪਾ ਮੁਕਾਓ। ਜਾਂ ਫਿਰ ਤੁਸੀਂ ਉਨ੍ਹਾਂ ਦਾ ਨਾ ਲੈਣ ਤੋਂ ਕਿਉਂ ਘਬਰਾਉਂਦੇ ਹੋ? ਤੁਸੀਂ ਸੱਚੀ ਗੱਲ ਦਸੋ, ਅਸੀਂ ਤੁਹਾਨੂੰ ਛੱਡ ਦਿਆਂਗੇ। ਇਹ ਸਨ ਉਪਰੋਕਤ ਕੁਝ ਲਾਈਨਾਂ, ਜੋ ਪੁੱਛਗਿੱਛ ਦੌਰਾਨ ਜ਼ਰੂਰ ਹੀ ਵਰਤੀਆਂ ਜਾਂਦੀਆਂ ਸਨ। ਭਾਵੇਂ ਕੋਈ ਠੀਕ ਵੀ ਦੱਸ ਰਿਹਾ ਹੋਵੇ ਫੇਰ ਵੀ ਉਸ ਨੂੰ ਗਲਤ ਦੱਸਣਾ ਉਨ੍ਹਾਂ ਦਾ ਤਕੀਆ ਕਲਾਮ ਸੀ। ਮੇਰੀ ਅਫ਼ਸਰਾਂ ਨਾਲ ਗੱਲਬਾਤ ਕੁਝ ਹੇਠ ਲਿਖੇ ਅਨੁਸਾਰ ਹੋਈ।

ਅਫ਼ਸਰ ਕਮਰੇ ਵਿਚ ਬੈਠੇ, ਪੱਖਾ ਚੱਲ ਰਿਹਾ ਹੈ, ਥੱਲੇ ਕਾਰਪੇਟ ਵਿਛਿਆ ਹੋਇਆ, ਸਾਫ ਸੁਥਰਾ ਕਮਰਾ ਪਰ ਅਫ਼ਸਰਾਂ ਦਾ ਸਮਾਨ ਖਿਲਰਿਆ ਹੋਇਆ। ਅਟੈਚੀ, ਕੱਪੜੇ, ਟੇਪ-ਰਿਕਾਰਡਰ ਵਗੈਰਾ। ਸਮੇਤ ਹੱਥਕੜੀਆਂ ਮੈਨੂੰ ਕਮਰੇ ਅੰਦਰ ਲਿਜਾਇਆ ਗਿਆ। ਵੱਡੇ ਖਾਣੇ ਦੇ ਮੇਜ 'ਤੇ ਦੋ ਅਫ਼ਸਰ ਬੈਠੇ ਸਨ, ਇਕ ਕੁਰਸੀ ਹੋਰ ਖਾਲੀ ਪਈ ਸੀ। ਅੰਦਰ ਤੱਕ ਪੰਜਾਬ ਪੁਲਿਸ ਨਾਲ ਰਹੀ, ਫਿਰ ਹੱਥਕੜੀ ਉਨ੍ਹਾਂ ਦੇ ਬੰਦੇ ਨੇ ਫੜ ਲਈ। ਮੈਨੂੰ ਬੈਠਣ ਦਾ ਇਸ਼ਾਰਾ ਹੋਇਆ। ਬੈਠਦਿਆਂ ਹੀ ਉਪਰੋਕਤ ਲਿਖੇ ਅਨੁਸਾਰ ਨਾਂ, ਪਤਾ ਤੇ ਚਾਚੇ, ਮਾਮੇ, ਤਾਏ ਪੁੱਛਣ ਤੋਂ ਬਾਅਦ ਉਸ ਨੇ ਕਿਹਾ, "ਸਰਦਾਰ ਸਾਹਿਬ, ਤੁਹਾਡੇ ਕੋਲ ਕਿਸ ਕਿਸ ਆਦਮੀ ਦਾ ਆਉਣਾ ਜਾਣਾ ਹੈ?"

ਮੈਂ - "ਖਾਸ ਕਿਸੇ ਦਾ ਨਹੀਂ, ਕੋਈ ਰਿਸ਼ਤੇਦਾਰ ਵਰ੍ਹੇ ਛਮਾਹੀ ਆਉਂਦਾ ਹੈ ਜਾਂ ਪਿੰਡ ਦਾ ਕੋਈ ਬੰਦਾ ਕਦੀ ਮਿਲਣ ਆ ਗਿਆ। ਉਹ ਵੀ ਮਿਲਣ ਘੱਟ ਤੇ ਕੋਈ ਚੀਜ਼ ਮੰਗਣ ਜ਼ਿਆਦਾ।"

ਅਫ਼ਸਰ - "ਕਿਹੜੀ ਚੀਜ਼ ਮੰਗਣ?"

ਮੈਂ - "ਟਰੈਕਟਰ, ਟਰਾਲੀ, ਹੱਲ, ਸੁਹਾਗਾ, ਜੋ ਜ਼ਿਮੀਂਦਾਰ ਆਮ ਤੌਰ 'ਤੇ ਇਕ ਦੂਜੇ ਕੋਲੋਂ ਮੰਗਦੇ ਹਨ।"

ਅਫ਼ਸਰ - "ਕਿਉਂ, ਉਨ੍ਹਾਂ ਕੋਲ ਆਪਣਾ ਸਮਾਨ ਨਹੀਂ ਹੁੰਦਾ?"

ਮੈਂ - "ਨਹੀਂ ਨਾ ਹੁੰਦਾ ਤਾਂ ਹੀ ਤਾਂ ਇਕ ਦੂਜੇ ਕੋਲੋਂ ਮੰਗਣ ਜਾਈਦਾ ਹੈ, ਜਿਵੇਂ ਆਪਣੀ ਟਰਾਲੀ ਪੰਚਰ ਹੋਈ ਹੋਵੇ ਤੇ ਪੱਠੇ ਮੰਡੀ ਭੇਜਣੇ ਹੋਣ ਤਾਂ ਟਰਾਲੀ ਕਿਸੇ ਦੀ ਮੰਗਣੀ ਹੀ ਪਊ। ਆਪਣਾ ਟਰੈਕਟਰ ਖਰਾਬ ਹੋ ਗਿਆ ਵਰਕਸ਼ਾਪ ਲੈ ਕੇ ਜਾਣਾ ਹੋਵੇ, ਕਿਸੇ ਦੇ ਟਰੈਕਟਰ ਪਿਛੇ ਟੋਚਨ ਕਰਕੇ ਹੀ ਲਿਜਾਣਾ ਪਊ, ਏਸੇ ਤਰ੍ਹਾਂ ਹੋਰ ਚੀਜ਼ਾਂ।"

ਅਫ਼ਸਰ - "ਹੋਰ ਕੋਈ ਨਹੀਂ ਆਉਂਦਾ?"

ਮੈਂ - "ਹੋਰ ਕੌਣ?"

ਅਫ਼ਸਰ - "ਕੋਈ ਟੈਲੀਫੋਨ ਕਰਨ?"

ਮੈਂ - "ਹਾਂ ਕਈ ਵਾਰ ਕਈ ਆ ਜਾਂਦੇ ਹਨ।"

ਅਫ਼ਸਰ - "ਉਹ ਟੈਲੀਫੋਨ ਕਿਥੇ ਕਰਦੇ ਹਨ?"

ਮੈਂ - "ਕੋਈ ਮੰਡੀ ਟੈਲੀਫੋਨ ਕਰਕੇ ਪੁੱਛਦਾ ਹੈ, ਦੂਜੇ ਸ਼ਨੀਵਾਰ ਮੰਡੀ ਬੰਦ ਤਾਂ ਨਹੀਂ? ਕੋਈ ਪੁੱਛਦਾ ਹੈ ਕੱਲ ਨੂੰ ਸਬਜੀ ਭੇਜ ਦੇਈਏ ਭਾਅ ਚੰਗਾ ਲੱਗੂ? ਸਭ ਏਸੇ ਤਰ੍ਹਾਂ ਦੇ।"

ਅਫ਼ਸਰ - "ਇਸ ਤਰ੍ਹਾਂ ਦੇ ਟੈਲੀਫੋਨ ਹਫਤੇ ਵਿਚ ਕਿੰਨੇ ਆਦਮੀ ਕਰਨ ਆਉਂਦੇ ਹਨ?"

ਮੈਂ – "ਹਫਤੇ ਵਿਚ ਨਹੀਂ, ਇਕ ਡੇਢ ਮਹੀਨੇ ਵਿਚ ਇਕ ਅੱਧ ਵਾਰੀ।"

ਅਫ਼ਸਰ – "ਖਿਝ ਕੇ, ਕਿਉਂ? ਏਨੇ ਘੱਟ ਟੈਲੀਫੋਨ ਕਿਉਂ ਕਰਨ ਆਉਂਦੇ ਹਨ?"

• ਮੈਂ – ਸਾਵਧਾਨ ਹੋ ਕੇ, "ਜਨਾਬ ਇਹ ਮੇਰਾ ਆਪਣਾ ਟੈਲੀਫੋਨ ਹੈ, ਕੋਈ ਪਬਲਿਕ ਕਾਲ ਆਫਿਸ ਤਾਂ ਨਹੀਂ? ਉਹਨਾਂ ਦੇ ਆਪਣੇ ਵੀ ਟੈਲੀਫੋਨ ਹਨ ਪਰ ਉਸ ਦਿਨ ਖਰਾਬ ਹੁੰਦੇ ਹਨ। ਨਾਲੇ ਉਹ ਟੈਲੀਫੋਨ ਕਰਕੇ ਪੁੱਛ ਪੁਛਾ ਲੈਂਦੇ ਹਨ ਤੇ ਨਾਲੇ ਮਹਿਕਮੇਂ ਨੂੰ ਸ਼ਿਕਾਇਤ ਲਿਖਵਾ ਜਾਂਦੇ ਹਨ।" ਮੈਂ ਬੜੀ ਹੁਸ਼ਿਆਰੀ ਨਾਲ ਟੈਲੀਫੋਨ ਕਰਨ ਵਾਲਿਆਂ ਦਾ ਘੇਰਾ ਸੀਮਤ ਕਰ ਦਿੱਤਾ ਤਾਂ ਕਿ ਬੇਲੋੜੀ ਬਕ ਬਕ ਘਟ ਹੋ ਜਾਵੇ।

ਅਫ਼ਸਰ – ਨਾਲ-ਨਾਲ ਲਿਖੀ ਜਾਂਦੇ "ਸਰਦਾਰ ਜੀ, ਜੋ ਅਸੀਂ ਤੁਹਾਨੂੰ ਪੁਛਦੇ ਹਾਂ, ਉਹ ਸਬਜ਼ੀ ਮੰਡੀ ਤੇ ਦਾਣਾ ਮੰਡੀ ਦਾ ਮਸਲਾ ਨਹੀਂ, ਬਾਹਰ ਦੇ ਟੈਲੀਫੋਨ ਕਰਨ ਕੌਣ ਆਉਂਦਾ ਹੈ?"

ਮੈਂ – "ਬਾਹਰ ਕਿਥੇ?"

ਅਫ਼ਸਰ – "ਦੂਜੇ ਦੇਸ਼ਾਂ ਨੂੰ ਜਿਵੇਂ ਕੈਨੇਡਾ, ਅਮਰੀਕਾ, ਇੰਗਲੈਂਡ?"

ਮੈਂ – "ਮੈਂ ਕਿਸਾਨ ਹਾਂ, ਪਹਿਲਾਂ ਵੀ ਆਪ ਨੂੰ ਦੱਸ ਚੁੱਕਾ ਹਾਂ ਕਿ ਮੇਰਾ ਇਕ ਸਾਲਾ ਛੋਟਾ ਕੈਨੇਡਾ ਰਹਿੰਦਾ ਹੈ, ਉਸ ਤੋਂ ਬਗੈਰ ਹੋਰ ਮੇਰਾ ਕੋਈ ਰਿਸ਼ਤੇਦਾਰ ਕਿਸੇ ਵੀ ਮੁਲਕ ਵਿਚ ਨਹੀਂ ਰਹਿੰਦਾ। ਰਿਸ਼ਤੇਦਾਰ ਤਾਂ ਕੀ ਕੋਈ ਦੋਸਤ ਮਿੱਤਰ ਵੀ ਨਹੀਂ। ਏਥੋਂ ਤੱਕ ਕਿ ਕੋਈ ਜਾਣ-ਪਛਾਣ ਵਾਲਾ ਵੀ ਨਹੀਂ ਤੇ ਮੇਰੇ ਟੈਲੀਫੋਨ ਤੋਂ ਕਿਸ ਨੇ ਟੈਲੀਫੋਨ ਕਿਸ ਨੂੰ ਕਰਨੇ ਹਨ?" ਮੈਂ ਸਫਾਈ ਪੇਸ਼ ਕਰਨ ਦੇ ਨਾਲ ਹੀ ਅਗੋਂ ਸਗੋਂ ਸਵਾਲ ਕਰ ਦਿੱਤਾ, ਜਿਵੇਂ ਪੁੱਛ ਗਿੱਛ ਵਾਲੇ ਉਹ ਅਫ਼ਸਰ ਨਹੀਂ ਮੈਂ ਹੁੰਦਾ ਹਾਂ।

ਅਫ਼ਸਰ – "ਕਮਾਲ ਹੈ? ਅਸੀਂ ਕੁਝ ਪੁਛਦੇ ਹਾਂ ਤੁਸੀਂ ਕੁਝ ਦੱਸਦੇ ਹੋ?"

ਮੈਂ – ਧਿਆਨ ਨਾਲ ਉਨ੍ਹਾਂ ਵਿਚੋਂ ਇਕ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ, "ਜੀ ਤੁਸੀਂ ਕੀ ਪੁਛਦੇ ਹੋ, ਮੇਰੇ ਅਜੇ ਤੱਕ ਸਮਝ ਵਿਚ ਨਹੀ ਬੈਠਾ, ਜੋ ਤੁਸੀਂ ਪੁਛਦੇ ਹੋ ਉਸਦਾ ਜੁਆਬ ਮੈਂ ਆਪ ਨੂੰ ਦੇਈ ਜਾ ਰਿਹਾ ਹਾਂ।" ਅਫ਼ਸਰ, ਜਿਨ੍ਹਾਂ ਦੇ ਪੱਲੇ ਹੁਣ ਤੱਕ ਮੈਂ ਕੁਝ ਨਹੀਂ ਸੀ ਪਾਇਆ, ਉਹ ਇਸ ਗੱਲ ਨੂੰ ਠੀਕ ਮੰਨਦੇ ਸਨ ਕਿ ਜੋ ਗੱਲ ਉਹ ਪੁੱਛਦੇ ਸਨ ਮੈਂ ਉਸ ਗੱਲ ਦਾ ਜੁਆਬ ਠੀਕ-ਠੀਕ ਬਿਨਾਂ ਕਿਸੇ ਝਿਜਕ ਦੇ ਦੇਈ ਜਾਂਦਾ ਸਾਂ। ਉਹ ਹੋਰ ਕਹਿ ਵੀ ਕੀ ਸਕਦੇ ਸਨ। ਜਾਂ ਤਾਂ ਮੈਂ ਜੁਆਬ ਦੇਣ ਲੱਗਾ ਸੋਚ ਵਿਚ ਪੈ ਜਾਂਦਾ ਹੋਵਾਂ ਜਾਂ ਪਹਿਲਾਂ ਕਿਸੇ ਵੇਲੇ ਹੋਰ ਤੇ ਦੂਜੀ ਵਾਰ ਜੁਆਬ ਹੋਰ ਦਿੱਤਾ ਹੋਵੇ, ਫੇਰ ਤਾਂ ਉਹ ਨੁਕਤਾ ਨੋਟ ਕਰ ਸਕਦੇ ਸਨ। ਪਰ ਏਥੇ ਤਾਂ ਪੰਜ ਦਿਨ ਤੋਂ ਬਿਆਨਾਂ ਦਾ ਅੱਖਰ ਬਾ ਅੱਖਰ ਰਲਦਾ ਸੀ ਤੇ ਇਕ ਥਾਂ ਵੀ ਕਾਟਵੇਂ ਬਿਆਨ ਨਹੀਂ ਸਨ ਆਏ। ਫੇਰ ਅਫ਼ਸਰਾਂ ਨੇ ਝੁੰਜਲਾਉਣਾ ਤਾਂ ਹੈ ਹੀ ਸੀ। ਫਿਰ ਉਹ ਇਕ ਵਢਿਓਂ ਹੀ ਤੁਰ ਪਏ। ਉਹ ਸਵਾਲ ਇਸ ਤਰ੍ਹਾਂ ਕਰਨ ਲੱਗ ਪਏ ਕਿ ਸੂਈ ਦੇ ਨੱਕੇ ਜਿੰਨੀ ਵੀ ਗੱਲਬਾਤ ਵਿਚ ਗੁੰਜਾਇਸ਼ ਨਾ ਰਹੇ।

ਅਫ਼ਸਰ – "ਤੁਹਾਡਾ ਬਾਹਰ ਕੌਣ ਰਹਿੰਦਾ ਹੈ?"

ਮੈਂ – ਜੋ ਸਮਝ ਚੁੱਕਾ ਸੀ ਕਿ ਇਹ ਹੁਣ ਬਗੈਰ ਪਾੜ੍ਹਾ ਛੱਡੇ ਤੋਂ ਹੱਲ ਵਾਹੁਣ ਲੱਗੇ ਹਨ। ਇਸ ਲਈ ਸਾਵਧਾਨ ਹੋ ਕੇ "ਜਨਾਬ, ਮੇਰਾ ਸਾਲਾ ਹੈ ਜੀ। ਮੇਰੀ ਪਤਨੀ ਦਾ ਛੋਟਾ ਭਰਾ"। ਤੇ ਨਾਲ ਹੀ ਮੈਂ ਉਸਦਾ ਨਾਂ ਵੀ ਦੱਸ ਦਿੱਤਾ। ਹੁਣ ਇਹ ਜੁਆਬ ਬਿਲਕੁਲ ਮੁਕੰਮਲ ਤੇ ਪੂਰਾ ਸੀ। ਇਸ ਵਿਚ ਕੋਈ ਮੀਨ ਮੇਖ ਉਨ੍ਹਾਂ ਤੋਂ ਨਾ ਹੋ ਸਕੀ।

ਅਫ਼ਸਰ - "ਇਸ ਤੋਂ (ਨਾਂ ਲੈ ਕੇ) ਬਗੈਰ ਕੋਈ ਹੋਰ ਰਿਸ਼ਤੇਦਾਰ ਕੈਨੇਡਾ ਰਹਿੰਦਾ ਹੋਵੇ?"

ਮੈਂ - "ਨਹੀਂ ਜੀ।"

ਅਫ਼ਸਰ - "ਕੋਈ ਰਿਸ਼ਤੇਦਾਰ ਇਸ ਉਪਰੋਕਤ ਬੰਦੇ ਤੋਂ ਬਗੈਰ ਹੋਰ ਹੈ ਹੀ ਨਹੀਂ?"

ਮੈਂ - "ਨਹੀਂ ਜੀ, ਰਿਸ਼ਤੇਦਾਰ ਤਾਂ ਹੈਗੇ ਆ ਪਰ ਇਸ ਤੋਂ ਬਗੈਰ ਬਾਹਰ ਯੂਰਪ ਦੇਸ਼ ਵਿਚ ਕੋਈ ਨਹੀਂ ਰਹਿੰਦਾ।" ਹੁਣ ਇਸ ਜੁਆਬ ਨਾਲ ਵੀ ਡੱਕਾ ਲੱਗ ਗਿਆ। ਕਿਉਂਕਿ ਮੈਂ ਤਾਂ ਉਨ੍ਹਾਂ ਦੇ ਅਧੂਰੇ ਸੁਆਲ ਨੂੰ ਪੂਰਾ ਤੇ ਸੋਧ ਕੇ ਜੁਆਬ ਦਿੱਤਾ ਸੀ।

ਅਫ਼ਸਰ - "ਕੋਈ ਦੋਸਤ ਤੁਹਾਡਾ ਬਾਹਰ ਰਹਿੰਦਾ ਹੋਵੇ?"

ਮੈਂ - "ਨਹੀਂ ਜੀ।"

ਅਫ਼ਸਰ - "ਕੋਈ ਬੰਦਾ, ਰਹਿੰਦਾ ਤਾਂ ਬਾਹਰ ਪਹਿਲਾਂ ਦਾ ਹੋਵੇ ਪਰ ਦੋਸਤ ਤੁਹਾਡਾ ਉਹ ਹੁਣੇ ਬਣਿਆ ਹੋਵੇ?"

ਮੈਂ - "ਨਹੀਂ ਜੀ ਏਦਾਂ ਦਾ ਕੋਈ ਬੰਦਾ ਨਹੀਂ।"

ਅਫ਼ਸਰ - "ਕੋਈ ਦੂਰ ਦਾ ਰਿਸ਼ਤੇਦਾਰ ਹੋਵੇ, ਜਿਸ ਨੂੰ ਤੁਸੀਂ ਨਾ ਜਾਣਦੇ ਹੋਵੋ, ਪਰ ਉਹ ਤੁਹਾਨੂੰ ਜਾਣਦਾ ਹੋਵੇ?"

ਮੈਂ - ਹੱਸ ਕੇ "ਜਨਾਬ, ਉਹ ਸਵਾਹ ਮੇਰਾ ਰਿਸ਼ਤੇਦਾਰ ਹੋਇਆ, ਜਿਸ ਨੂੰ ਮੈਂ ਨਾ ਜਾਣਦਾ ਹੋਵਾਂ ਤੇ ਉਹ ਮੈਨੂੰ ਜਾਣਦਾ ਹੋਵੇ। ਜਿਸ ਨੂੰ ਮੈਂ ਨਹੀਂ ਜਾਣਦਾ ਹੋਵਾਂਗਾ ਭਲਾ ਉਹ ਮੈਨੂੰ ਕਿਉਂ ਜਾਣਦਾ ਹੋਊ? ਮੇਰੇ ਕੋਲੋਂ ਉਸ ਨੇ ਕੀ ਜਲੇਬੀਆਂ ਲੈਣੀਆਂ ਹਨ? ਲੋਕ ਬਾਹਰ ਵਾਲਿਆਂ ਨਾਲ ਤਾਂ ਏਸ ਕਰਕੇ ਵਾਕਫੀ ਗੰਢਦੇ ਆ ਪਈ ਚਲੋ ਕੋਈ ਚੀਜ਼ ਈ ਵਿਦੇਸ਼ ਦੀ ਮੰਗਵਾ ਲਵਾਂਗੇ ਜਾਂ ਕਿਤੇ ਉਥੇ ਗਏ ਤਾਂ ਉਸ ਕੋਲ ਠਹਿਰਾਂਗੇ ਪਰ ਜਿਹੜਾ ਆਦਮੀ ਹਿੰਦੋਸਤਾਨ ਛੱਡ ਕੇ ਬਾਹਰ ਚਲਾ ਜਾਵੇ, ਉਸ ਨੂੰ ਏਥੋਂ ਵਾਲਿਆਂ ਨੂੰ ਚੇਤੇ ਰੱਖਣ ਦੀ ਕੀ ਲੋੜ ਹੈ?" ਇਹ ਗੱਲ ਵੀ ਅਫ਼ਸਰਾਂ ਦੇ ਗਿੱਟੇ ਵੱਜੀ ਤੇ ਉਹ ਦੋਵੇਂ ਹੀ ਚੁੱਪ ਹੋ ਗਏ। ਸਗੋਂ ਮੈਂ ਮਹਿਸੂਸ ਕੀਤਾ ਕਿ ਉਹ ਇਹ ਸਵਾਲ ਕਰਕੇ ਹੀ ਸ਼ਰਮਿੰਦੇ ਜਿਹੇ ਹੋ ਗਏ ਹਨ।

ਅਫ਼ਸਰ - "ਤੁਹਾਡੇ ਪਿੰਡ ਵਿਚੋਂ ਕੋਈ ਬਾਹਰ ਗਿਆ ਹੋਵੇ?"

ਮੈਂ (ਫੱਟ ਗੱਲ ਨੂੰ ਤਾੜ ਕੇ) "ਜਨਾਬ, ਮੈਂ ਪਿੰਡ ਵਿਚ ਨਹੀਂ ਰਹਿੰਦਾ। ਸ਼ਹਿਰ ਵਿਚ ਮੇਰੀ ਰਿਹਾਇਸ਼ ਹੈ ਤੇ ਸ਼ਹਿਰ ਵਿਚ ਤਾਂ ਆਪਣੇ ਗਵਾਂਢੀ ਦੇ ਨਾਂ ਦਾ ਪਤਾ ਨਹੀਂ ਹੁੰਦਾ। ਮੈਨੂੰ ਕੋਈ ਪਤਾ ਨਹੀਂ ਸਾਡੇ ਨੇੜਿਓਂ ਤੇੜਿਓਂ ਕੋਈ ਬਾਹਰ ਗਿਆ ਹੋਵੇ ਤਾਂ।" ਅਫ਼ਸਰਾਂ ਦਾ ਇਹ ਵਾਰ ਵੀ ਖਾਲੀ ਗਿਆ।

ਅਫ਼ਸਰ - "ਕੋਈ ਵੀ ਬਾਹਰ ਨਹੀਂ ਗਿਆ? ਕੋਈ ਦੋਸਤ ਦਾ ਦੋਸਤ ਵੀ ਨਹੀਂ?"

ਮੈਂ - "ਨਹੀਂ ਜੀ।"

ਅਫ਼ਸਰ - "ਕਮਾਲ ਹੈ। ਹੱਦ ਹੋ ਗਈ। ਸਰਦਾਰ ਜੀ, ਤੁਸੀਂ ਤਾਂ ਬੜੇ ਪਛੜੇ ਜਿਹੇ ਆਦਮੀ ਹੋ। ਅਸੀਂ ਤਾਂ ਸਮਝਿਆ ਸੀ ਤੁਸੀਂ ਬੜੇ ਮਿਲਣ ਗਿਲਣ ਵਾਲੇ ਹੋਵੋਗੇ?"

ਮੈਂ - "ਹਾਂ ਜੀ, ਇਹ ਗੱਲ ਤੁਹਾਡੀ ਠੀਕ ਹੈ। ਮੈਨੂੰ ਹੋਰ ਵੀ ਕਈਆਂ ਨੇ ਇਸ ਤਰ੍ਹਾਂ ਹੀ ਕਿਹਾ ਹੈ ਕਿ ਤੂੰ ਪਛੜਿਆਂ ਹੈ। ਸੱਚ ਮੁੱਚ ਹੀ ਮੇਰੀ ਵਾਕਫੀਅਤ ਬਹੁਤ ਘੱਟ ਹੈ।" ਇਹ ਗੱਲ ਸੁਣ ਕੇ ਤਾਂ ਦੋਵੇਂ ਅਫ਼ਸਰਾਂ ਦਾ ਜੀਅ ਕਰੇ ਕਿ ਉਹ ਕੰਧ ਵਿਚ ਮੱਥਾ ਮਾਰ ਲੈਣ

ਕਿਉਂਕਿ ਉਹ ਮੈਨੂੰ ਜੋਸ਼ ਦਵਾ ਕੇ ਸੱਚ ਪੁੱਛਣਾ ਚਾਹੁੰਦੇ ਸਨ ਪਰ ਮੈਂ ਆਪ ਹੀ ਮੰਨ ਗਿਆ ਸਾਂ ਕਿ ਮੇਰੀ ਵਾਕਫੀ ਬਹੁਤ ਹੀ ਘੱਟ ਹੈ।

'ਅਫ਼ਸਰ - ਜਿਨ੍ਹਾਂ ਨੇ ਮੇਰੀ ਉਹ ਗੱਲ ਕਿ ਮੈਨੂੰ ਹੋਰ ਵੀ ਕਈ ਪਛੜੇ ਆਖਦੇ ਹਨ ਝੱਟ ਫੜ ਲਈ ਤੇ ਪੁਛਿਆ, "ਸਾਡੇ ਬਗੈਰ ਹੋਰ ਤੁਹਾਨੂੰ ਕੌਣ ਪਛੜੇ ਆਖਦਾ ਹੈ? ਹੁਣੇ ਤੁਸੀਂ ਆਪ ਹੀ ਆਖਿਆ ਹੈ।" ਨਾਲ ਹੀ ਉਨ੍ਹਾਂ ਨੇ ਮੈਨੂੰ ਮੇਰੀ ਕਹੀ ਹੋਈ ਗੱਲ ਦਾ ਚੇਤਾ ਕਰਵਾ ਦਿੱਤਾ

ਮੈਂ - (ਜੋ ਆਪ ਹੀ ਫਸ ਗਿਆ ਸਾਂ, ਪਰ ਵਾਹਿਗੁਰੂ ਦੀ ਕਿਰਪਾ ਨਾਲ ਗਲ ਨੂੰ ਸਾਂਭ ਗਿਆ) "ਪਹਿਲੀ ਗੱਲ ਤਾਂ ਜੀ ਸਰਕਾਰ ਨੇ ਹੀ ਸਾਨੂੰ ਪਛੜਿਆ ਵਰਗ ਐਲਾਨ ਕੀਤਾ ਹੋਇਆ ਹੈ। ਹੋਰਨਾਂ ਦੀ ਤਾਂ ਗੱਲ ਹੀ ਛੱਡੋ।" ਮਗਰਲੀ ਗੱਲ ਕਰਕੇ ਮੈਂ ਫਿਰ ਗਲਤੀ ਕਰ ਗਿਆ ਸੀ।

ਅਫ਼ਸਰ - "ਸਰਕਾਰ ਤੋਂ ਬਗੈਰ ਹੋਰ ਕੌਣ ਆਖਦਾ ਹੈ?"

ਮੈਂ - "ਜੀ ਮੇਰਾ ਸਾਲਾ ਜਿਹੜਾ ਬਾਹਰ ਗਿਆ ਹੋਇਆ ਹੈ, ਉਸ ਦੇ ਖਿਆਲ ਵਿਚ ਵੀ ਮੈਂ ਪਛੜਿਆ ਹਾਂ। ਉਸ ਨੇ ਮੈਨੂੰ ਕਈ ਵਾਰ ਆਖਿਆ ਹੈ ਕਿ ਤੁਸੀਂ ਘੁੰਮਣ ਫਿਰਨ ਏਥੇ ਆਓ ਪਰ ਮੈਂ ਗਿਆ ਨਹੀਂ। ਘਰ ਦਾ ਕੰਮ ਹੀ ਨਹੀਂ ਛੱਡਦਾ, ਜਾਣਾ ਕੀ ਹੈ। ਹੋਰ ਮੇਰੀ ਇਕ ਸਾਲੇਹਾਰ ਹੈ, ਵੱਡੇ ਸਾਲੇ ਦੀ ਘਰ ਵਾਲੀ, ਉਹ ਵੀ ਮੈਨੂੰ ਏਸੇ ਤਰ੍ਹਾਂ ਹੀ ਆਖਦੀ ਹੈ, ਅਖੇ ਤੈਨੂੰ ਚੱਜ ਨਾਲ ਕੱਪੜੇ ਪਾਉਣੇ ਨਹੀਂ ਆਉਂਦੇ। ਆਹ ਕੱਪੜੇ ਉਸੇ ਨੇ ਹੀ ਮੈਨੂੰ ਪਸੰਦ ਕਰਕੇ ਦਿੱਤੇ ਸਨ, ਨਹੀਂ ਤਾਂ ਮੈਂ ਤਾਂ ਚਿੱਟੇ ਰੰਗ ਦੀਆਂ ਕਮੀਜ਼ਾਂ ਹੀ ਪਾਉਂਦਾ ਹਾਂ।" ਮੈਂ ਗੱਲ ਸਾਲੇ ਤੇ ਸਾਲੇਹਾਰ 'ਤੇ ਘੁੰਮਾ ਕੇ ਖਤਮ ਕਰ ਦਿੱਤੀ ਸੀ ਤੇ ਅਫ਼ਸਰ ਬਿਟਰ-ਬਿਟਰ ਮੇਰੇ ਵੱਲ ਝਾਕ ਰਹੇ ਸਨ, ਜਿਵੇਂ ਕਹਿ ਰਹੇ ਹੋਣ "ਤੇਰੀ ਸਾਲੇਹਾਰ ਦੇ ਮਜ਼ਾਕ ਨਾਲ ਅਸੀਂ ਤੇਰੇ 'ਤੇ ਮੁਕਦਮਾਂ ਕਿੱਦਾਂ ਫਿੱਟ ਕਰ ਦੇਈਏ?"

ਅਫ਼ਸਰ - "ਸਰਦਾਰ ਸਾਹਿਬ, ਗੱਲ ਘਰੇਲੂ ਦਾਇਰੇ ਵਿਚੋਂ ਬਾਹਰ ਕੱਢੋ ਤੇ ਸਾਡੇ ਪਿੜ ਪੱਲੇ ਕੁਝ ਪਾਓ, ਵੇਖੋ ਅਸੀਂ ਵੀ ਸਰਕਾਰ ਨੂੰ ਜੁਆਬ ਦੇਣਾ ਹੈ?"

ਮੈਂ - "ਜਨਾਬ ਮੈਨੂੰ ਇਕ ਚੁਟਕਲਾ ਯਾਦ ਆਇਆ ਹੈ, ਤੁਸੀਂ ਆਖੋ ਤਾਂ ਸੁਣਾਵਾਂ?" ਤੇ ਇਹ ਕਹਿ ਕੇ ਮੈਂ ਦੋਹਾਂ ਦੇ ਮੂੰਹ ਵੱਲ ਵਾਰੋ ਵਾਰੀ ਵੇਖਣ ਲੱਗ ਪਿਆ। ਜਿਵੇਂ ਕਹਿ ਰਿਹਾ ਹੋਵਾਂ, ਸਾਰੇ ਸਵਾਲਾਂ ਦਾ ਜੁਆਬ ਇਕੋ ਚੁਟਕਲੇ ਵਿਚ ਈ ਆ ਜਾਊ ਸਰਕਾਰ ਨੂੰ ਵੀ ਭਾਵੇਂ ਅੱਗੇ ਏਹੋ ਹੀ ਸੁਣਾ ਦਿਓ।

ਅਫ਼ਸਰ - ਖੁਸ਼ ਹੋ ਕੇ "ਹਾਂ-ਹਾਂ ਸੁਣਾਓ ਮਜਾ ਆ ਗਿਆ, ਅਸੀਂ ਤਾਂ ਅਗੇ ਹੀ ਬੜੇ ਬੋਰ ਹੋ ਗਏ ਆਂ, ਸੁਣਾਓ-ਸੁਣਾਓ, ਅਸੀਂ ਵੀ ਤੁਹਾਡੇ ਲਈ ਗਰਮ-ਗਰਮ ਚਾਹ ਮੰਗਵਾਉਂਦੇ ਹਾਂ।"

ਮੈਂ - "ਇਸ ਤਰ੍ਹਾਂ ਸੀ, ਜੀ ਕਿ ਇਕ ਕਵੀ ਸ਼ਹਿਰ ਵਿਚੋਂ ਪਿੰਡ ਕਵਿਤਾ ਲਿਖਣ ਦੇ ਖਿਆਲ ਨਾਲ ਆ ਗਿਆ, ਉਸ ਦੇ ਖਿਆਲ ਵਿਚ ਸੀ ਕਿ ਪਿੰਡਾਂ ਦੀ ਹਰਿਆਵਲ, ਖੂਹ, ਨਹਿਰਾਂ, ਫਸਲਾਂ ਬਹੁਤ ਕੁਝ ਐਸੀਆਂ ਚੀਜ਼ਾਂ ਹਨ, ਜਿਨ੍ਹਾਂ 'ਤੇ ਉਹ ਕਵਿਤਾ ਲਿਖ ਕੇ ਆਪਣਾ ਨਾਂ ਹੋਰ ਵੀ ਚਮਕਾ ਸਕਦਾ ਹੈ। ਪਰ ਤੁਹਾਨੂੰ ਪਤਾ ਹੈ ਕਿ ਸ਼ਹਿਰ ਵਿਚ ਤਾਂ ਕਵੀ ਦਰਬਾਰ, ਗੋਸ਼ਟੀਆਂ ਵਗੈਰਾ ਹੁੰਦੀਆਂ ਹੀ ਰਹਿੰਦੀਆਂ ਹਨ ਤੇ ਨਵੇਂ-ਨਵੇਂ ਖਿਆਲ ਵੀ ਕਵੀ ਨੂੰ ਫੁਰਦੇ ਹਨ। ਪਰ ਜਦੋਂ ਉਹ ਕਵੀ ਪਿੰਡ ਵਿਚ ਗਿਆ ਤਾਂ ਪਹਿਲਾਂ ਤਾਂ ਉਸ

ਨੂੰ ਪਿੰਡ ਦੇ ਛੱਪੜ 'ਤੇ ਨੰਗੇ ਨਿਆਣੇ ਡਡੂਆਂ ਨੂੰ ਵੱਟੇ ਮਾਰਦੇ ਮਿਲੇ। ਫੇਰ ਉਹ ਅੱਗੇ ਗਿਆ ਤੇ ਤਾਰੇ ਮੀਰੇ ਦੇ ਖੇਤ ਫੁੱਲਾਂ 'ਤੇ ਆਏ ਹੋਏ ਸਨ। ਉਹ ਕਵੀ ਖੇਤਾਂ ਦੇ ਵਿਚਕਾਰ ਬਹਿ ਗਿਆ ਤੇ ਲਿਖਣਾ ਸ਼ੁਰੂ ਕੀਤਾ ;

ਤਾਰਾ ਮੀਰਾ, ਇਹ ਹੈ ਤਾਰਾ ਮੀਰਾ।

ਸੁਣ ਮੇਰਿਆ ਵੀਰਾ, ਇਹ ਹੈ ਤਾਰਾ ਮੀਰਾ।

ਤੇ ਅਗਾਂਹ ਕੋਈ ਗੱਲ ਨਾਂ ਅਹੁੜੇ, ਅੱਗੋਂ ਲਿਖੇ ਕੀ? ਬਿਲਕੁਲ ਉਸ ਕਵੀ ਵਾਲੀ ਗੱਲ ਤੁਹਾਡੇ ਨਾਲ ਹੋਈ ਹੈ। ਦਿੱਲੀਓਂ ਤੁਸੀਂ ਜਲੰਧਰ ਪੁੱਛਗਿੱਛ ਕਰਨ ਆਏ ਹੋ। ਕਿਥੇ ਸੀ.ਬੀ.ਆਈ. ਦਾ ਲਾਲ ਕਿਲਾ ਤੇ ਕਿਥੇ ਆਦਮਪੁਰ ਦਾ ਰੈਸਟ ਹਾਊਸ। ਫੇਰ ਪੁੱਛਗਿੱਛ ਟੈਲੀਫੋਨ ਦੀ। ਜੇ ਤੇ ਕੋਈ ਕੁਮਰ ਨਰਾਇਣ ਦਾ ਕੇਸ ਹੋਵੇ ਜਾਂ ਲਾਰਕਿਨ ਬੱਰਦਰਜ਼ ਦਾ ਹੋਵੇ ਫੇਰ ਤਾਂ ਤੁਸੀਂ ਵੀ ਕਵਿਤਾ ਦੀਆਂ ਅਗਾਂਹ ਦੀਆਂ ਲਾਈਨਾਂ ਲਿਖੋ। ਹੁਣ ਟੈਲੀਫੋਨ ਦੀ ਗੱਲ ਤਾਂ ਤਾਰੇ ਮੀਰੇ ਦੇ ਖੇਤ ਵਾਲੀ ਆ। ਸੋ ਜਿਸ ਤਰ੍ਹਾਂ ਉਸ ਕਵੀ ਨੇ ਬਹੁਤ ਕੋਸ਼ਿਸ਼ ਕਰਨ 'ਤੇ ਵੀ ਸਿਰਫ ਦੋ ਹੀ ਲਾਈਨਾਂ ਲਿਖੀਆਂ ਸਨ, ਉਹ ਹੀ ਗੱਲ ਜਨਾਬ ਤੁਹਾਡੀ ਹੈ। ਵੇਖੋ ਨਾ ਟੈਲੀਫੋਨ ਸਾਡੇ, ਬਿੱਲ ਅਸੀਂ ਭਰਦੇ ਆਂ, ਅਸੀਂ ਭਾਵੇਂ ਕਾਲੇ ਚੋਰ ਨੂੰ ਕਰਵਾਈਏ, ਤੁਹਾਨੂੰ ਕੀ ਨੁਕਸਾਨ? ਮਹਿਕਮੇ ਨੂੰ ਪੈਸੇ ਪੂਰੇ ਮਿਲਦੇ ਹਨ। ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਦੱਸੋ ਤੁਸੀਂ ਸਾਥੋਂ ਕਾਹਦੀ ਪੁੱਛਗਿੱਛ ਕਰਨੀ ਹੈ? ਤਾਰੇ ਮੀਰੇ ਦੀ ਕਵਿਤਾ ਵਾਂਗ ਕੋਈ ਹੋਰ ਗੱਲ ਹੋਵੇ ਤਾਂ ਪੁੱਛ ਗਿੱਛ ਅੱਗੇ ਤੁਰੇ?"

ਮੇਰੇ ਸਿੱਧ ਪੱਧਰੇ ਤੇ ਬਿਨਾਂ ਕਿਸੇ ਵਲ ਛਲ ਤੋਂ ਸੁਣਾਏ ਚੁਟਕਲੇ ਨਾਲ ਉਹ ਹੱਸ-ਹੱਸ ਦੂਹਰੇ ਹੋ ਗਏ। ਫੇਰ ਇਕ ਆਖਣ ਲੱਗਾ "ਸਾਡਾ ਵੀ ਨੁਕਸਾਨ ਹੋਇਆ ਹੈ?" ਮੈਂ ਬਜਾਏ ਇਹ ਪੁੱਛਣ ਦੇ ਕਿ ਉਹਨਾਂ ਦਾ ਕੀ ਨੁਕਸਾਨ ਹੋਇਆ ਹੈ, ਇਕ ਮਰਾਸੀ ਵਾਲਾ ਚੁਟਕਲਾ ਸੁਣਾ ਦਿੱਤਾ।

ਮੈਂ - "ਤੁਹਾਡਾ ਤਾਂ ਉਸ ਮਰਾਸੀ ਵਾਲਾ ਨੁਕਸਾਨ ਹੋਇਆ ਲੱਗਦੈ।"

ਅਫ਼ਸਰ - "ਉਹ ਕਿਹੜਾ"?

ਮੈਂ - "ਇਕ ਵਾਰ ਇਕ ਦਰਜੀ ਦੀ ਦੁਕਾਨ 'ਤੇ ਚੋਰੀ ਹੋ ਗਈ। ਕਈਆਂ ਦਾ ਕੱਪੜਾ ਚੋਰੀ ਹੋ ਗਿਆ, ਉਹ ਬੜਾ ਅਫਸੋਸ ਕਰਨ। ਇਕ ਮਰਾਸੀ ਉੱਚੀ-ਉੱਚੀ ਰੋਈ ਜਾਵੇ, ਆਖੇ ਮੇਰਾ ਤੇ ਕੱਖ ਨਹੀਂ ਰਹਿ ਗਿਆ, ਮੇਰੇ ਤੇ ਦੰਦਾਂ ਦੀ ਰੋਹ ਨਹੀਂ ਰਹਿ ਗਈ।" ਕਿਸੇ ਨੇ ਉਸਦਾ ਮੋਢਾ ਹਲੂਣ ਕੇ ਪੁਛਿਆ "ਦਾਦਾ ਤੇਰਾ ਕੀ ਨੁਕਸਾਨ ਹੋ ਗਿਆ ਤੂੰ ਤਾਂ ਬਾਹਲਾ ਈ ਹਾਲੋਂ ਬੇਹਾਲ ਹੋਇਆ ਪਿਆ ਹੈਂ?" ਉਹ ਅਗੋਂ ਆਖਣ ਲੱਗਾ, "ਜਜਮਾਨ ਕੀ ਦੱਸਾਂ, ਮੇਰਾ ਨਾਪ ਚੋਰੀ ਹੋ ਗਿਆ ਹੈ"। ਅਫ਼ਸਰ ਹੱਸ ਹੱਸ ਕੇ ਲੋਟ ਪੋਟ ਹੋ ਗਏ। ਮੈਂ ਕਿਹਾ, "ਜਨਾਬ ਏਸ ਕੇਸ ਵਿਚ ਤਾਂ ਤੁਹਾਡਾ ਵੀ ਨਾਪ ਈ ਚੋਰੀ ਹੋ ਗਿਆ ਲੱਗਦੈ।" ਉਹ ਇਹ ਗੱਲ ਸੁਣ ਕੇ ਹੋਰ ਵੀ ਬੜਾ ਹੱਸੇ ਕਿਉਂਕਿ ਉਹ ਸੱਚ ਮੁੱਚ ਹੀ ਇਸ ਚੁੱਟਕਲੇ ਦਾ ਅਨੰਦ ਮਾਣ ਰਹੇ ਸਨ। ਇਕ ਨੇ ਤਾਂ ਹੱਸਦੇ ਹੱਸਦੇ ਮੇਰਾ ਦੋ ਤਿੰਨ ਵਾਰ ਮੋਢਾ ਵੀ ਥਾਪੜਿਆ। ਓਨੇ ਚਿਰ ਨੂੰ ਚਾਹ ਆ ਗਈ। ਫਿਰ ਸਾਰਿਆਂ ਨੇ ਚਾਹ ਪੀਤੀ। ਚਾਹ ਪੀਂਦੇ ਵੀ ਉਹ ਹੱਸਦੇ ਰਹੇ। ਫਿਰ ਉਨ੍ਹਾਂ ਨੇ ਸਿਪਾਹੀਆਂ ਨੂੰ ਬੁਲਾ ਕੇ ਮੈਨੂੰ ਲੈ ਜਾਣ ਵਾਸਤੇ ਆਖਿਆ। ਪਰ ਅਫ਼ਸਰ ਬਹੁਤ ਹੀ ਖ਼ੁਸ਼ ਖ਼ੁਸ਼ ਨਜ਼ਰ ਆ ਰਹੇ ਸਨ। ਬਾਅਦ ਵਿਚ ਵੀ ਕਦੀ ਕਿਸੇ ਟੀਮ ਵਿਚ, ਕਦੀ ਕਿਸੇ ਟੀਮ ਵਿਚ, ਉਨ੍ਹਾਂ ਵਿਚੋਂ ਕੋਈ ਹੁੰਦਾ ਤਾਂ ਉਹ ਮੇਰੇ ਨਾਲ

ਕਦੇ ਖਿਝ ਕੇ ਗੱਲ ਨਹੀਂ ਸਨ ਕਰਦੇ, ਸਗੋਂ ਮੁਸਕਰਾਉਂਦੇ ਰਹਿੰਦੇ ਸਨ।

ਜਿਸ ਤਰ੍ਹਾਂ ਉਪਰ ਲਿਖਿਆ ਹੈ, ਸੁਰੱਖਿਆ ਦਾ ਬਹੁਤ ਹੀ ਜ਼ਿਆਦਾ ਅਡੰਬਰ ਰਚਿਆ ਗਿਆ ਸੀ। ਕਿਸੇ ਦੇ ਘਰ ਪਤਾ ਨਹੀਂ ਸੀ ਕਿ ਸਾਰਿਆਂ ਨੂੰ ਫੜ ਕੇ ਕਿਥੇ ਲੈ ਗਏ ਹਨ। ਦੋ ਦਿਨ ਬਾਅਦ ਦੀ ਅਖ਼ਬਾਰ ਵਿਚ ਲਿਖਿਆ ਸੀ ਕਿ "ਪਾਰਲੀਮੈਂਟ ਉਡਾਉਣ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਕਿਸੇ ਅਣਦੱਸੀ ਥਾਂ 'ਤੇ ਲਿਜਾਇਆ ਗਿਆ ਹੈ" ਪਰ ਕਿਸੇ ਦੇ ਵੀ ਘਰ ਦਿਆਂ ਨੂੰ ਇਹ ਨਹੀਂ ਸੀ ਪਤਾ ਕਿ ਅਣਦੱਸੀ ਥਾਂ ਜਲੰਧਰ ਦੇ ਮੁੱਢ ਆਦਮਪੁਰ 'ਚ ਹੀ ਹੈ।

ਅੱਜ ਕੱਲ੍ਹ ਹਰ ਥਾਣੇ ਵਿਚ ਕੰਨਟੀਨ ਖੋਲ੍ਹੀ ਹੋਈ ਹੈ। ਉਸ ਵਿਚ ਸਿਰਫ ਰੋਟੀ ਹੀ ਪੱਕਦੀ ਹੈ। ਸਾਰੇ ਸਿਪਾਹੀ ਤੇ ਐਸ.ਐਚ.ਓ. ਤੱਕ ਵੀ ਰੋਟੀ ਉਥੋਂ ਹੀ ਖਾ ਲੈਂਦੇ ਹਨ। ਸਾਰੇ ਮੁਲਾਜ਼ਮਾਂ ਦੀ ਰੋਟੀ ਦਾ ਪ੍ਰਬੰਧ ਵੀ ਉਥੇ ਹੀ ਕੀਤਾ ਹੋਇਆ ਸੀ। ਰੋਟੀ ਲੱਗਪੱਗ ਠੀਕ ਹੀ ਹੁੰਦੀ ਸੀ। ਉਹ ਕੰਨਟੀਨ ਸਿਰਫ ਇਕ ਆਦਮੀ ਹੀ ਚਲਾਉਂਦਾ ਸੀ। ਸਵੇਰੇ ਯਾਰਾਂ ਕੁ ਵਜੇ ਤੋਂ ਸ਼ਾਮ ਨੂੰ ਸੱਤ ਕੁ ਵਜੇ ਤੱਕ ਰੋਟੀ ਮਿਲਦੀ ਸੀ। ਸ਼ਾਮ ਨੂੰ ਜਦੋਂ ਨਹਾ ਕੇ ਹਟਦੇ ਤਾਂ ਰੋਟੀ ਖਾਣ ਦੀ ਕੋਸ਼ਿਸ਼ ਬਾਹਰ ਬੈਠ ਕੇ ਹੀ ਹੁੰਦੀ। ਕਿਉਂਕਿ ਇਸ ਤਰ੍ਹਾਂ ਕੁਝ ਚਿਰ ਹੋਰ ਬਾਹਰ ਰਿਹਾ ਜਾ ਸਕਦਾ ਸੀ।

ਰਾਤ ਨੂੰ ਨੀਂਦ ਤਾਂ ਆਉਂਦੀ ਨਹੀਂ ਸੀ, ਇਸ ਲਈ ਰਾਤ ਦੇ ਬਾਰਾਂ-ਬਾਰਾਂ ਵਜੇ ਤੱਕ ਗੱਪ-ਸ਼ੱਪ ਚਲਦੀ ਰਹਿੰਦੀ। ਇਕ ਫਿਕਰ ਇਸ ਗੱਲ ਦਾ ਵੀ ਹੁੰਦਾ ਸੀ ਕਿ ਕਿਤੇ ਟੇਪ ਹੀ ਫਿੱਟ ਨਾ ਕੀਤੀ ਹੋਵੇ। ਬਾਹਰ ਖਲੋਤਾ ਸੰਤਰੀ ਮੰਗਣ 'ਤੇ ਪਾਣੀ ਲਿਆ ਦੇਂਦਾ ਸੀ। ਹੋਰ ਉਹ ਕੁਝ ਕਰਨ ਜੋਗਾ ਨਹੀਂ ਸੀ। ਕਿਉਂਕਿ ਸੀ.ਬੀ.ਆਈ. ਦੇ ਬੰਦੇ ਹਰ ਵੇਲੇ ਨਿਗ੍ਹਾ ਰੱਖਦੇ।

ਤੀਸਰੇ ਦਿਨ ਜਦੋਂ ਪੁੱਛਗਿੱਛ ਲਈ ਮੈਨੂੰ ਰੈਸਟ ਹਾਊਸ ਲੈ ਜਾਇਆ ਗਿਆ ਤਾਂ ਕੋਈ ਸਾਢੇ ਬਾਰਾਂ ਇਕ ਦਾ ਸਮਾਂ ਸੀ। ਗਰਮੀ ਬਹੁਤ ਜ਼ਿਆਦਾ ਸੀ। ਕਾਂ ਅੱਖ ਨਿਕਲਦੀ ਸੀ। ਰੈਸਟ ਹਾਊਸ ਦੇ ਵੱਡੇ ਕਮਰੇ ਵਿਚ ਮੈਂ ਤੇ ਮੇਰੇ ਹੋਰ ਇਕ ਸਾਥੀ ਅਖ਼ਬਾਰ ਦੇ ਮੈਨੇਜਰ ਨੂੰ ਇਕੱਠੇ ਲਿਜਾਇਆ ਗਿਆ ਸੀ। ਕਮਰੇ ਵਿਚ ਪਹਿਲਾਂ ਹੀ ਅਖ਼ਬਾਰ ਦਾ ਮਾਲਕ ਤੇ ਉਸਦਾ ਲੜਕਾ ਸਹਿਮੇ ਬੈਠੇ ਸਨ। ਕਿਉਂਕਿ ਉਹ ਹਰ ਵੇਲੇ ਰੈਸਟ ਹਾਊਸ ਵਿਚ ਹੀ ਰਹਿੰਦੇ ਸਨ, ਇਸ ਲਈ ਉਨ੍ਹਾਂ ਨੂੰ ਪੁੱਛਗਿੱਛ ਵੀ ਜ਼ਿਆਦਾ ਕਰਦੇ ਰਹਿੰਦੇ ਸਨ। ਬਾਕੀਆਂ ਨੂੰ ਤਾਂ ਉਚੇਚਾ ਦੂਰੋਂ ਲਿਆਉਣਾ ਪੈਂਦਾ ਸੀ। ਪਰ ਉਹ ਦੋਵੇਂ ਤਾਂ ਕੋਲ ਹੀ ਹੁੰਦੇ ਸਨ। ਜਦੋਂ ਜੀਅ ਕਰਦਾ ਪੁੱਛਣ ਲੱਗ ਪੈਂਦੇ। ਨਾਲੇ ਉਨ੍ਹਾਂ ਨੂੰ ਸਭ ਕੁਝ ਉਨ੍ਹਾਂ ਕੋਲੋਂ ਹੀ ਲੱਭਣ ਦੀ ਆਸ ਸੀ। ਕਿਉਂਕਿ ਮਾਲਕ ਦੇ ਲੜਕੇ ਨੇ ਉਨ੍ਹਾਂ ਖਾੜਕੂਆਂ ਨੂੰ ਮੈਨੇਜਰ ਦੇ ਭਰਾ ਦੇ ਘਰ ਟੈਲੀਫੋਨ ਕਰਵਾਉਣ ਲਈ ਖੜਿਆ ਸੀ। ਮੈਨੇਜਰ ਦੇ ਭਰਾ ਦੇ ਘਰ ਅਖ਼ਬਾਰ ਦਾ ਟੈਲੀਫੋਨ ਲੱਗਾ ਹੋਇਆ ਸੀ।

ਇਹ ਵੀ ਬੜੀ ਦਿਲਚਸਪ ਕਹਾਣੀ ਹੈ। ਅਖ਼ਬਾਰ ਦੇ ਮੈਨੇਜਰ ਨੂੰ ਇਕ ਟੈਲੀਫੋਨ ਪਹਿਲ ਦੇ ਆਧਾਰ 'ਤੇ ਅਖ਼ਬਾਰ ਦਾ ਲਾਇਸੈਂਸ ਮਿਲਣ 'ਤੇ ਹੀ ਮਿਲ ਜਾਂਦਾ ਹੈ। ਉਹ ਟੈਲੀਫੋਨ ਕਾਇਦੇ ਅਨੁਸਾਰ ਮੈਨੇਜਰ ਦੇ ਆਪਣੇ ਘਰ ਲੱਗਣਾ ਸੀ। ਪਰ ਉਹ ਘਰ ਕਿਰਾਏ 'ਤੇ ਸੀ ਤੇ ਮਾਲਕ ਮਕਾਨ ਬੜਾ ਕਾਨੂੰਨੀ ਆਦਮੀ ਸੀ। ਉਸ ਸੋਚਿਆ ਜੇ ਇਸ ਦਾ ਟੈਲੀਫੋਨ ਏਥੇ ਲੱਗ ਗਿਆ ਤਾਂ ਇਸ ਨੇ ਮਕਾਨ ਸਾਰੀ ਜ਼ਿੰਦਗੀ ਨਹੀਂ ਛੱਡਣਾ। ਇਸ

ਲਈ ਉਸ ਨੇ ਇਹ ਟੈਲੀਫੋਨ ਆਪਣੇ ਘਰ ਨਾ ਲੱਗਣ ਦਿੱਤਾ। ਮੈਨੇਜਰ ਨੇ ਸੋਚਿਆ ਕਿ ਇਸ ਦੀ ਫੀਸ ਤਾਂ ਅਖ਼ਬਾਰ ਨੇ ਭਰੀ ਹੈ, ਮੇਰਾ ਕੀ ਜਾਂਦਾ ਹੈ, ਕਿਉਂ ਨਾ ਆਪਣੇ ਭਰਾ ਦੇ ਘਰ ਲੁਆ ਦਿਆਂ? ਤਾਂ ਉਸ ਨੇ ਉਹ ਟੈਲੀਫੋਨ ਆਪਣੇ ਭਰਾ ਦੇ ਘਰ ਲੁਆ ਦਿੱਤਾ, ਜੋ ਉਸ ਤੋਂ ਵੱਡਾ ਹੈ ਤੇ ਕਰਿਆਨੇ ਦੀ ਦੁਕਾਨ ਕਰਦਾ ਹੈ। ਮੁਫਤ ਦਾ ਟੈਲੀਫੋਨ ਇਕ ਪੈਸਾ ਵੀ ਪਲਿਉਂ ਨਾ ਲਾਉਣਾ ਪਿਆ ਤੇ ਟੌਹਰ ਵਾਧੂ ਦਾ। ਜੇ ਵੈਸੇ ਲਵਾਉਣਾ ਹੋਵੇ ਤਾਂ ਟੈਲੀਫੋਨ ਵੀਹ ਹਜ਼ਾਰ ਰੁਪਏ ਦਾ ਲੱਗਦਾ ਹੈ। ਸੋ ਦੋਵੇਂ ਭਰਾ ਬੜੇ ਖੁਸ਼। ਇਕ ਦਿਨ ਆਖਦੇ ਹਨ ਕਿ ਦੋ ਬੰਦਿਆਂ ਨੂੰ ਨਾਲ ਲੈ ਕੇ ਮਾਲਕ ਦਾ ਲੜਕਾ ਟੈਲੀਫੋਨ ਵਾਲੇ ਘਰ ਗਿਆ ਤੇ ਕਿਹਾ ਕਿ ਬਾਹਰੋਂ ਟੈਲੀਫੋਨ ਆਵੇਗਾ। ਉਨ੍ਹਾਂ ਵਿਚਾਰਿਆਂ ਨੇ ਚਾਹ ਪਾਣੀ ਵੀ ਪਿਆਇਆ ਪਰ ਕਹਿੰਦੇ ਹਨ ਕਿ ਟੈਲੀਫੋਨ ਨਾ ਆਇਆ। ਜਿਨ੍ਹਾਂ ਨੂੰ ਉਹ ਨਾਲ ਲੈ ਕੇ ਗਿਆ ਸੀ, ਉਨ੍ਹਾਂ ਨੂੰ ਉਥੇ ਛੱਡ ਕੇ, ਉਹ ਤਾਂ ਦੱਸ ਕੁ ਮਿੰਟ ਬਾਅਦ ਹੀ ਉਠ ਕੇ ਆ ਗਿਆ ਤੇ ਦੂਸਰੇ ਦੋਵੇਂ ਵੀ ਵੀਹ-ਪੰਝੀ ਮਿੰਟ ਬਾਅਦ ਉਠ ਕੇ ਆ ਗਏ। ਹੁਣ ਸੀ.ਬੀ.ਆਈ. ਵਾਲੇ ਮਾਲਕ ਦੇ ਮੁੰਡੇ ਨੂੰ ਪੁੱਛਦੇ ਸਨ ਕਿ ਉਹ ਦੋਵੇਂ, ਜਿਹੜੇ ਤੇਰੇ ਨਾਲ ਗਏ ਸਨ, ਉਹ ਜ਼ਰੂਰ ਤੇਰੇ ਵਾਕਫ ਹਨ ਤੇ ਤੂੰ ਉਨ੍ਹਾਂ ਨੂੰ ਜਾਣਦਾ ਹੈ, ਦੱਸ ਉਹ ਬੰਦੇ ਕੌਣ ਹਨ? ਬੱਸ ਇਹ ਹੀ ਪੁੱਛਗਿੱਛ ਹੋਈ ਜਾਂਦੀ ਸੀ।

ਮਾਲਕ ਦਾ ਲੜਕਾ ਮੈਟ੍ਰਿਕ ਪਾਸ ਹੈ ਪਰ ਆਪਣੇ ਆਪ ਨੂੰ ਐਮ.ਏ. ਤੋਂ ਘੱਟ ਨਹੀਂ ਸਮਝਦਾ। ਉਹ ਗਾਉਣ ਵਜਾਉਣ ਦਾ ਵੀ ਸ਼ੌਂਕ ਰੱਖਦਾ ਹੈ ਤੇ ਅਖ਼ਬਾਰ ਦੇ ਫਿਲਮੀ ਐਡੀਸ਼ਨ ਵਿਚ ਲਿਖਦਾ ਹੈ। ਉਹ ਇਕ ਦੋ ਵਾਰੀ ਬੰਬਈ ਤੋਂ ਵੀ ਹੋ ਆਇਆ ਹੈ ਤੇ ਉਸਦੇ ਕਹਿਣ ਅਨੁਸਾਰ ਉਹ ਬਹੁਤ ਸਾਰੀਆਂ ਫਿਲਮੀ ਹਸਤੀਆਂ ਨੂੰ ਜਾਣਦਾ ਹੈ। ਕੋਈ ਐਟਲੇ ਬਰਾੜ ਨਾਂ ਦਾ ਮੁੰਡਾ, ਜੋ ਫਿਲਮ ਲਾਈਨ ਵਿਚ ਹੈ ਤੇ ਉਸ ਦੇ ਕਹਿਣ ਅਨੁਸਾਰ ਆਪ ਫਿਲਮ ਵੀ ਬਣਾ ਰਿਹਾ ਹੈ, ਉਸ ਦਾ ਬੜਾ ਦੋਸਤ ਹੈ। ਉਹ ਮੁੰਡਾ ਬੜੇ ਫੁਕੀ ਜਿਹੀ ਕਿਸਮ ਦਾ ਹੈ ਤੇ ਕੋਈ ਬਾਈ ਕੁ ਸਾਲ ਉਮਰ ਦਾ ਹੈ। ਜਦੋਂ ਸੀ.ਬੀ.ਆਈ. ਨੇ ਉਸ ਨੂੰ ਪੁੱਛਗਿੱਛ ਲਈ ਲਿਆਂਦਾ ਤਾਂ ਉਸ ਨੇ ਆਪਣੇ ਆਪ ਨੂੰ ਬਹੁਤ ਹੀ ਮਹਾਨ ਸਮਝਿਆ। ਸੀ.ਬੀ.ਆਈ. ਦੀ ਪੁੱਛਗਿੱਛ ਵਿਚ ਉਸ ਨੇ ਖ਼ੂਬ ਵਧਾ ਚੜ੍ਹਾ ਕੇ ਗੱਪਾਂ ਮਾਰੀਆਂ ਤੇ ਉਨ੍ਹਾਂ ਨੂੰ ਦੱਸਿਆ ਕਿ ਉਹ ਸਿੱਖਾਂ ਦੇ ਸਾਰੇ ਨੌਜਵਾਨ ਲੀਡਰਾਂ ਨੂੰ ਜਾਣਦਾ ਹੈ। ਜਾਣਦਾ ਹੀ ਨਹੀਂ ਬਲਕਿ ਜਦ ਉਹ ਟੈਲੀਫੋਨ ਕਰਨ ਜਾਂ ਸੁਣਨ ਆਉਂਦੇ ਹਨ ਤਾਂ ਉਹ ਉਨ੍ਹਾਂ ਨੂੰ ਨਾਸ਼ਤਾ ਵੀ ਕਰਵਾਉਂਦਾ ਹੈ। ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪ੍ਰੀਜ਼ੀਡੀਅਮ ਤੇ ਕਾਹਲੋਂ ਗਰੁੱਪ ਵਾਲੀ ਫੈਡਰੇਸ਼ਨ ਦੇ ਸਾਰੇ ਵੱਡੇ ਲੀਡਰ ਉਸ ਦੇ ਦੋਸਤ ਹਨ ਤੇ ਅਕਸਰ ਉਹ ਉਸ ਕੋਲ ਅਖ਼ਬਾਰ ਵਿਚ ਬਿਆਨ ਵਗੈਰਾ ਲਵਾਉਣ ਆਉਂਦੇ ਰਹਿੰਦੇ ਹਨ। ਉਸ ਨੇ ਇਹ ਵੀ ਦੱਸਿਆ ਕਿ ਉਹ ਧਰਮਵੀਰ ਸਿੰਘ, ਸੁਖਬੀਰ ਸਿੰਘ ਖਾਲਸਾ ਤੇ ਪ੍ਰਪਿੰਦਰ ਕੌਰ ਨੂੰ ਵੀ ਜਾਣਦਾ ਹੈ। ਐਟਲੇ ਬਰਾੜ ਨਾਂ ਦਾ ਫਿਲਮੀ ਹੀਰੋ ਤਾਂ ਉਸ ਦਾ ਖਾਸ ਦੋਸਤ ਹੈ। ਉਸ ਨੇ ਏਨੀਆਂ ਗੱਪਾਂ ਮਾਰੀਆਂ ਕਿ ਸੀ.ਬੀ.ਆਈ. ਵਾਲੇ ਉਸ ਨੂੰ ਮੁੱਖ ਧੁਰਾ ਸਮਝ ਕੇ ਚੱਲਣ ਲੱਗੇ। ਬਾਅਦ ਵਿਚ ਰੇਡੀਓ ਤੇ ਟੀ.ਵੀ. 'ਤੇ ਜਿਹੜੇ ਸਮਾਚਾਰ ਆਏ, ਉਨ੍ਹਾਂ ਵਿਚ ਵੀ ਉਸ ਦਾ ਤੇ ਉਸ ਦੇ ਪਿਓ ਦਾ ਜਿਕਰ ਪਹਿਲੇ ਨੰਬਰ 'ਤੇ ਕੀਤਾ ਜਾਂਦਾ। ਉਹ ਮੁੰਡਾ ਫਿਲਮੀ ਐਡੀਸ਼ਨ ਦਾ ਇਕ ਅੱਖਰ ਵੀ ਆਪ ਨਹੀਂ ਲਿਖ ਸਕਦਾ ਪਰ ਕਹਿੰਦਾ ਉਹ ਏਹੋ ਹੀ ਹੈ ਕਿ ਸਾਰੀ ਅਖ਼ਬਾਰ ਉਸਦੇ ਸਿਰ 'ਤੇ ਚਲਦੀ ਹੈ। ਐਮ.ਏ. ਪੜ੍ਹਿਆਂ ਤੱਕ ਨੂੰ ਉਹ ਆਪਣੇ

ਨਾਲੋਂ ਕਮ ਅਕਲ ਸਮਝਦਾ ਤੇ ਉਨ੍ਹਾਂ ਦੀ ਗੱਲ 'ਤੇ ਇਸ ਤਰ੍ਹਾਂ ਮੂੰਹ ਬਣਾ ਲੈਂਦਾ, ਜਿਵੇਂ ਆਪ ਪੀ.ਐਚ.ਡੀ. ਹੋਵੇ। ਉਸ ਨੇ ਬਹੁਤ ਸਾਰੀਆਂ ਕੁੜੀਆਂ, ਜੋ ਫਿਲਮੀ ਲਾਈਨ ਨਾਲ ਸਬੰਧਤ ਹਨ, ਦਾ ਵੀ ਨਾਂ ਆਪਣੇ ਨਾਲ ਜੋੜਿਆ। ਫੂਕੀ ਉਹ ਏਡਾ ਕਿ ਜੇ ਉਸ ਨੂੰ ਉਹ ਇਕ ਸਵਾਲ ਪੁਛਦੇ ਤਾਂ ਉਹ ਕਈ ਗੱਲਾਂ ਹੋਰ ਕਰਕੇ, ਜਵਾਬ ਕਈਆਂ ਸਵਾਲਾਂ ਦਾ ਇਕੋ ਵਾਰੀ ਦੇ ਜਾਂਦਾ। ਉਹ ਉਨ੍ਹਾਂ ਗੱਲਾਂ ਦਾ ਭੇਦ ਵੀ ਆਪਣੇ ਆਪ ਹੀ ਖੋਲ੍ਹ ਦਿੰਦਾ, ਜਿਹੜੀਆਂ ਉਨ੍ਹਾਂ ਦੇ ਚਿੱਤ ਚੇਤੇ ਵੀ ਨਹੀਂ ਸਨ ਹੁੰਦੀਆਂ। ਪਰ ਬਾਅਦ ਵਿਚ ਉਹ ਏਨਾ ਡਰ ਗਿਆ ਕਿ ਜਦੋਂ ਉਨ੍ਹਾਂ ਨੇ (ਦਿੱਲੀ ਦੇ ਥਾਣੇ 'ਚ) ਕਿਸੇ ਨੂੰ ਲੈਣ ਆਉਣ ਵਾਸਤੇ ਹੱਥਕੜੀਆਂ ਲੈ ਕੇ ਆਉਣੀਆਂ ਤਾਂ ਉਸ ਨੇ ਅੱਖਾਂ ਮੀਟ ਲੈਣੀਆਂ। ਬਿਲਕੁਲ ਉਸੇ ਹੀ ਤਰ੍ਹਾਂ ਜਿਵੇਂ ਬਿੱਲੀ ਨੂੰ ਵੇਖ ਕੇ ਕਬੂਤਰ ਮੀਟ ਲੈਂਦਾ ਹੈ। ਉਹ ਸਾਰਾ ਦਿਨ ਹੀ ਡਰਦਾ ਲੰਮਾ ਪਿਆ ਰਹਿੰਦਾ ਤੇ ਉਸ ਦਾ ਪਿਓ ਤੇ ਦੂਸਰੇ ਉਸ ਨੂੰ ਬਥੇਰਾ ਆਖਦੇ, "ਉਠ ਕੇ ਬੈਠ"। ਪਰ ਉਸ ਦੀ ਹਿੰਮਤ ਜਵਾਬ ਦੇ ਚੁੱਕੀ ਸੀ। ਜਿਸ ਆਦਮੀ ਦੀ ਮਸ਼ਹੂਰੀ ਟੀ.ਵੀ. ਤੇ ਰੇਡੀਓ, ਪ੍ਰੈਸ ਨੇ ਏਨੀ ਕੀਤੀ ਸੀ ਕਿ ਉਸ ਨੂੰ ਜ਼ਮੀਨ ਤੋਂ ਚੁੱਕ ਕੇ ਅਸਮਾਨ 'ਤੇ ਪਹੁੰਚਾ ਦਿੱਤਾ ਸੀ, ਉਹ ਬੰਦਾ ਏਡਾ ਨਿਕੰਮਾ ਸੀ ਕਿ ਹਰ ਵੇਲੇ ਉਭੇ ਸਾਹ ਲੈਂਦਾ ਰਹਿੰਦਾ ਤੇ ਕਈ ਵਾਰ ਆਖਦਾ "ਮੈਨੂੰ ਮਾਂ ਯਾਦ ਆਉਂਦੀ ਹੈ।" ਕਈ ਵਾਰ ਕਹਿੰਦਾ, "ਮੇਰੀ ਕੁੱਤੀ ਪਤਾ ਨਹੀਂ ਕਿੱਡੀ ਕੁ ਹੋ ਗਈ ਹੋਊ? ਇਕ ਮਹੀਨੇ ਤੋਂ ਮੈਂ ਉਸਨੂੰ ਨਹੀਂ ਵੇਖਿਆ।" ਉਸਦਾ ਪਿਓ ਉਸ ਨੂੰ ਕੋਈ ਕੰਮ ਆਖਦਾ ਤਾਂ ਉਸ ਨੂੰ ਗਸ਼ ਪੈ ਜਾਂਦੀ। ਦਿੱਲੀ ਦੇ ਪੁੱਛਗਿੱਛ ਕੇਂਦਰ ਵਿਚ ਉਹ ਮੇਰੇ ਵਾਲੇ ਪਾਸੇ ਸੌਣ ਲੱਗ ਪਿਆ। ਉਸ ਨੇ ਸਦਾ ਇਹ ਹੀ ਪੁੱਛਦੇ ਰਹਿਣਾ "ਅੰਕਲ ਹੁਣ ਕੀ ਹੋਊ?" ਮੈਂ ਉਸ ਨੂੰ ਬੜਾ ਹੌਸਲਾ ਦੇਣਾ ਕਿ ਕੁਝ ਨਹੀਂ ਹੁੰਦਾ, ਪਰ ਘੜੀ ਕੁ ਬਾਅਦ ਉਸ ਨੇ ਫੇਰ ਇਹ ਹੀ ਸਵਾਲ ਪੁੱਛ ਲੈਣਾ। ਅਖੀਰ ਮੈਂ ਦੋ ਕੁ ਦਿਨ ਵਿਚ ਹੀ ਉਸ ਤੋਂ ਏਨਾ ਤੰਗ ਆ ਗਿਆ ਕਿ ਉਸ ਥਾਂ ਸੌਣਾ ਛੱਡ ਕੇ ਅਖੀਰ 'ਤੇ ਜਾ ਕੇ ਸੌਣ ਲੱਗ ਪਿਆ। ਇਕ ਦਿਨ ਮੈਨੂੰ ਉਸ 'ਤੇ, ਕਿਸੇ ਗੱਲੋਂ ਏਨਾ ਗੁੱਸਾ ਆਇਆ (ਪੁੱਛ ਗਿੱਛ ਦੀ ਹੀ ਕਿਸੇ ਗੱਲ ਤੋਂ) ਕਿ ਮੈਂ ਉਸ ਦੇ ਪਿਓ ਨੂੰ ਆਖਿਆ "ਸਰਦਾਰ ਜੀ ਏਸ ਮੁੰਡੇ ਨੂੰ ਜੰਮਣ ਖੁਣੋਂ ਕੀ ਥੁੜਿਆ ਸੀ? ਇਹਦੇ ਨਾਲੋਂ ਤਾਂ ਵੱਟਾ ਜੰਮ ਲੈਂਦੇ, ਤੁਹਾਡੇ ਕਿਸੇ ਕੰਮ ਆਉਂਦਾ, ਇਹ ਬਾਈ ਸਾਲਾ ਦਾ ਹੋ ਗਿਆ ਹੈ ਤੇ ਗੱਲਾਂ ਕਰਦਾ ਹੈ ਅੱਠ ਸਾਲਾਂ ਦੇ ਮੁੰਡੇ ਵਰਗੀਆਂ। ਫੇਰ ਇਸ ਦੀ ਬਦਕਿਸਮਤੀ ਇਹ ਹੈ ਕਿ ਇਹ ਕੁਝ ਨਾ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਬਹੁਤ ਕੁਝ ਸਮਝਦਾ ਹੈ।" ਮੈਂ ਉਸ ਦੇ ਪਿਓ ਨੂੰ ਪੁਛਿਆ, "ਜੇ ਰੱਬ ਨਾ ਕਰੇ ਤੁਸੀਂ ਅੱਖਾਂ ਮੀਟ ਜਾਓ ਤਾਂ ਇਹ ਤੁਹਾਡਾ ਕੰਮਕਾਰ ਸੰਭਾਲ ਲਵੇਗਾ?" ਉਸ ਦਾ ਪਿਓ ਮੇਰੀਆਂ ਗੱਲਾਂ ਨਾਲ ਸੌ ਫੀਸਦੀ ਸਹਿਮਤ ਸੀ।

ਪੰਤਾਲੀ ਦਿਨ ਦਾ ਪੁਲਿਸ ਰੀਮਾਂਡ ਕੱਟਣ ਤੋਂ ਬਾਅਦ ਜਦੋਂ ਅਸੀਂ ਜੇਲ੍ਹ ਵਿਚ ਆ ਗਏ ਤਾਂ ਉਹ ਮੁੰਡਾ ਹਰ ਵੇਲੇ ਅੰਦਰ ਹੀ ਵੜਿਆ ਰਿਹਾ ਕਰੇ। ਲੰਗਰ ਸਾਰੇ ਆਪ ਬਣਾਉਂਦੇ ਸਨ ਪਰ ਉਹ ਕੋਈ ਕੰਮ ਵੀ ਨਾ ਕਰਿਆ ਕਰੇ, ਤਿਆਰ ਹੋਏ ਲੰਗਰ 'ਤੇ ਉਸ ਨੂੰ ਵਾਜਾਂ ਮਾਰਨੀਆਂ ਪੈਂਦੀਆਂ ਜਾ ਸਦ ਕੇ ਲਿਆਉਣਾ ਪੈਂਦਾ ਕਿ ਆ ਕੇ ਰੋਟੀ ਖਾ ਲੈ।

ਕਿਉਂਕਿ ਹੁਣ ਗੱਲ ਉਸ ਆਦਮੀ ਦੇ ਕਿਰਦਾਰ ਬਾਰੇ ਚੱਲ ਰਹੀ ਹੈ, ਜਿਸ ਨੇ ਸ਼ਾਇਦ ਇਕ ਹਫਤੇ ਤੱਕ ਟੀ.ਵੀ. ਤੇ ਰੇਡੀਓ, ਪ੍ਰੈਸ ਵਿਚ ਮਸ਼ਹੂਰੀ ਖੱਟੀ ਸੀ, ਇਸ ਲਈ ਉਸ ਦੀਆਂ ਕੁਝ ਹੋਰ ਗੱਲਾਂ ਦਾ ਵਰਨਣ ਕਰਨਾ ਵੀ ਜ਼ਰੂਰੀ ਹੈ। ਇਕ ਵਾਰ ਸਾਰਿਆਂ ਨੇ

ਭੁੱਖ ਹੜਤਾਲ ਕਰ ਦਿੱਤੀ। ਇਹ ਗੱਲ ਸਤਵੇਂ ਮਹੀਨੇ ਦੀ ਹੈ। ਉਨ੍ਹਾਂ ਦਿਨਾਂ ਵਿਚ ਮੁਲਾਕਾਤਾਂ ਵੀ ਬਾਹਰੋਂ ਆਈਆਂ ਤੇ ਸਮਾਨ ਬਾਹਰੋਂ ਖਾਣ ਪੀਣ ਦਾ ਏਨਾ ਆ ਗਿਆ ਕਿ ਰੁਲਦਾ ਫਿਰੇ। ਪਰ ਕਿਉਂਕਿ ਅਸੀਂ ਲੰਗਰ ਦੀ ਰੋਟੀ ਨਹੀਂ ਸੀ ਲੈਂਦੇ, ਇਸ ਲਈ ਹੜਤਾਲ ਸਮਝੀ ਗਈ ਤੇ ਕਾਗਜਾਂ ਵਿਚ ਲਿਖੀ ਗਈ ਪਰ ਖਾਣ ਪੀਣ ਦੀ ਕੋਈ ਪਰਵਾਹ ਨਹੀਂ ਸੀ। ਏਨਾ ਕੁਝ ਖਾਂਦਿਆਂ ਪੀਂਦਿਆਂ ਵੀ ਇਕ ਦਿਨ ਉਸ ਨੇ ਲੰਗਰ ਦੀ ਦਾਲ ਦੀ ਕੌਲੀ ਲੈ ਕੇ ਖਾ ਲਈ। ਬੱਸ ਫਿਰ ਕੀ ਸੀ, ਨੇਤਾ ਜੀ ਨੇ ਉਸਨੂੰ ਬੜਾ ਬੁਰਾ ਭਲਾ ਕਿਹਾ। ਇਹ ਸਾਰਾ ਡਰਾਮਾ ਪੂਰੇ ਵਾਰਡ ਦੇ ਕੈਦੀਆਂ ਤੇ ਮੁਲਾਜਮਾਂ ਨੇ ਵੇਖਿਆ। ਉਸ ਦੇ ਪਿਓ ਨੂੰ ਏਨੀ ਸ਼ਰਮ ਆਈ ਕਿ ਉਸ ਨੇ ਇਕ ਮੁਣਸ਼ੀ ਨੂੰ ਆਖ ਕੇ (ਜਿਨ੍ਹਾਂ ਨੂੰ ਪਹਿਲਾਂ ਲੰਬਰਦਾਰ ਕਹਿੰਦੇ ਸਨ) ਇਕ ਡਿਪਟੀ ਜੇਲ੍ਹਰ, ਜੋ ਆਰਜੀ ਤੌਰ 'ਤੇ ਕੰਮ ਕਰ ਰਿਹਾ ਸੀ ਨੂੰ ਕੁਝ ਪੈਸੇ ਦੇ ਕੇ ਆਪਣੀ ਬਦਲੀ ਜੇਲ੍ਹ ਨੰਬਰ ਦੋ ਵਿਚ ਵਾਰਡ ਨੰਬਰ ਸੱਤ ਦੀ ਕਰਵਾ ਲਈ। ਪਰ ਏਥੇ ਉਸ ਦਾ ਪਿਓ ਵੀ ਇਕ ਗਲਤੀ ਕਰ ਗਿਆ। ਉਹ ਇਹ ਕਿ ਬਦਲੀ ਦੇ ਹੁਕਮ ਆਈ.ਜੀ. ਕੋਲੋਂ ਚਾਰ ਬੰਦਿਆਂ ਦੇ ਆਏ। ਦੋਵੇਂ ਪਿਓ ਪੁੱਤ ਤੇ ਦੋਵੇਂ ਹੀ ਪੰਡਤ ਭਰਾ, ਜੋ ਉਸ ਦੀ ਅਖ਼ਬਾਰ ਦਾ ਮੈਨੇਜਰ ਤੇ ਉਸ ਦਾ ਭਰਾ ਸੀ। ਇਹ ਸਾਰੇ ਹੀ ਸੀ ਕਲਾਸ ਕੈਦੀ ਸਨ। ਉਸ ਦੇ ਪਿਓ ਨੇ ਖਚਰ ਵਿਦਿਆ ਇਹ ਖੇਡੀ ਕਿ ਉਸ ਨੇ ਉਸੇ ਹੀ ਮੁਣਸ਼ੀ ਦੇ ਰਾਹੀਂ ਉਨ੍ਹਾਂ ਪੰਡਤਾਂ ਦਾ ਨਾਂ ਕਟਵਾ ਦਿੱਤਾ ਤੇ ਦੋ ਹੋਰ ਬੰਦੇ, ਜਿੰਨਾਂ ਦੀ ਬੀ. ਕਲਾਸ ਸੀ, ਉਨ੍ਹਾਂ ਨੂੰ ਉਸ ਲਿਸਟ ਵਿਚ ਪਵਾ ਲਿਆ। ਇਸ ਤਰ੍ਹਾਂ ਉਨ੍ਹਾਂ ਦੇ ਖਾਣੇ ਦੀ ਮੁਸ਼ਕਲ ਬਿਲਕੁਲ ਹੱਲ ਹੋ ਗਈ। ਰਾਸ਼ਨ ਉਨ੍ਹਾਂ ਦੋਹਾਂ ਦਾ ਤੇ ਖਾਂਦੇ ਚਾਰ ਜਣੇ ਹੀ। ਉਸ ਪਿਓ ਪੁੱਤ ਦੇ ਜਾਣ 'ਤੇ ਕਿਸੇ ਨੂੰ ਕੋਈ ਅਫਸੋਸ ਨਹੀਂ ਸੀ ਪਰ ਦੂਜਿਆਂ ਦੋਂਹ ਦੇ ਜਾਣ 'ਤੇ ਸਾਰਿਆਂ ਨੇ ਬਹੁਤ ਅਫਸੋਸ ਕੀਤਾ ਬਲਕਿ ਰਾਤ ਨੂੰ ਰੋਟੀ ਵੀ ਨਾਂ ਖਾਧੀ। ਉਹ ਦੋਵੇਂ ਕਈ ਦਿਨ ਯਾਦ ਆਉਂਦੇ ਰਹੇ। ਹੌਲੀ ਹੌਲੀ ਤਾਂ ਕਹਿੰਦੇ ਹਨ ਮਰੇ ਵੀ ਭੁੱਲ ਜਾਂਦੇ ਹਨ ਪਰ ਨਹੀਂ ਉਹ ਹੁਣ ਵੀ ਸਾਰਿਆਂ ਨੂੰ ਯਾਦ ਆਉਂਦੇ ਹਨ।

ਇਸ ਮੁੰਡੇ ਦਾ ਏਡਾ ਲੰਮਾ ਚੌੜਾ ਵਰਨਣ ਇਸ ਕਰਕੇ ਕਰਨਾ ਪਿਆ ਕਿਉਂਕਿ ਇਸ ਨਾਲ ਜਲੰਧਰ ਦੇ ਆਦਮਪੁਰ ਥਾਣੇ ਦੀ ਇਕ ਕਹਾਣੀ ਵੀ ਜੁੜੀ ਹੋਈ ਹੈ। ਗੱਪਾਂ ਮਾਰਦੇ-ਮਾਰਦੇ ਨੇ, ਆਉਣ ਜਾਣ ਵਾਲੇ ਮੁੰਡਿਆਂ ਦੀਆਂ ਬਹੁਤ ਸਾਰੀਆਂ ਗੱਲਾਂ ਤੋਂ ਪਰਦਾ ਚੁੱਕ ਦਿੱਤਾ ਸੀ। ਫਲਾਣਾ ਬਿਆਨ ਲਵਾਉਣ ਆਉਂਦਾ ਰਿਹਾ ਹੈ। ਫਲਾਣਾ, ਬਾਬੇ ਜੋਗਿੰਦਰ ਸਿੰਘ ਸੰਯੁਕਤ ਅਕਾਲੀ ਦਲ ਵਾਲੇ ਨਾਲ ਆਉਂਦਾ ਰਿਹਾ ਹੈ। ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਲੀਡਰ ਪ੍ਰਪਿੰਦਰ ਕੌਰ ਦਾ ਵੀ ਦਸਿਆ ਕਿ ਉਹ ਆਈ ਸੀ। ਇਸ ਤਰ੍ਹਾਂ ਉਸ ਨੇ ਐਵੇਂ ਹੀ ਬਿਨਾਂ ਮਤਲਬ ਤੋਂ ਬਹੁਤ ਕੁਝ ਕਹਿ ਦਿੱਤਾ। ਹੁਣ ਉਸਦੀਆਂ ਇਨ੍ਹਾਂ ਗੱਲਾਂ ਨਾਲ ਸੀ.ਬੀ.ਆਈ. ਵਾਲੇ ਉਸਦੇ ਸਿਰ ਹੋ ਗਏ ਕਿ ਉਹ ਮੁੰਡੇ ਫੜਵਾ, ਜਿਹੜੇ ਪੰਡਤਾਂ ਦੇ ਘਰ ਟੈਲੀਫੋਨ ਕਰਨ ਗਏ ਸਨ ਤਾਂ ਉਸ ਨੇ ਫਿਰ ਲਿੱਦ ਕਰ ਦਿੱਤੀ ਕਿ ਇਕ ਨੂੰ ਤਾਂ ਮੈਂ ਜਾਣਦਾ ਹਾਂ ਪਰ ਦੂਸਰੇ ਨੂੰ ਨਾਲ ਲੈ ਕੇ ਉਹ ਆਇਆ ਸੀ, ਉਸ ਦਾ ਉਸ ਨੂੰ ਪਤਾ ਹੋਵੇਗਾ। ਸੀ.ਬੀ.ਆਈ. ਵਾਲਿਆਂ ਆਖਿਆ ਚੱਲ ਉਹ ਇਕ ਤਾਂ ਫੜਵਾ। ਉਨ੍ਹਾਂ ਨੇ ਉਸ ਮੁੰਡੇ ਤੇ ਅਖ਼ਬਾਰ ਦੇ ਮਾਲਕ ਨੂੰ ਨਾਲ ਲਿਆ ਤੇ ਕਿਹਾ ਦੱਸੋ ਉਹ ਕਿਥੇ ਰਹਿੰਦਾ ਹੈ? ਹੁਣ ਉਸ ਨੂੰ ਪਤਾ ਲੱਗਾ ਕਿ ਮੈਂ ਫਸ ਗਿਆ ਹਾਂ ਪਰ ਹੁਣ ਕੁਝ ਨਹੀਂ ਸੀ ਹੋ ਸਕਦਾ। ਉਨ੍ਹਾਂ ਹੋਰ ਆਖਿਆ ਕਿ, "ਜੇ ਤੂੰ ਉਹ ਬੰਦਾ ਫੜਵਾ ਦੇਵੇਂਗਾਂ ਤਾਂ ਤੁਹਾਨੂੰ ਦੋਹਾਂ

ਪਿਓ ਪੁੱਤਾਂ ਨੂੰ ਛੱਡ ਦਿਆਂਗੇ।" ਹੁਣ ਛੁੱਟ ਜਾਣ ਦਾ ਲਾਲਚ ਵੀ ਕੌਡੀ ਉੱਤੇ ਆਟਾ ਲੱਗਾ ਹੋਇਆ ਸੀ। ਇਸ ਲਈ ਇਹ ਕੌਡੀ ਨਿਗਲਣੀ ਹੀ ਪੈਣੀ ਸੀ। ਉਨ੍ਹਾਂ ਨੇ ਸੱਚਮੁੱਚ ਨਿਗਲ ਵੀ ਲਈ। ਉਹ ਮੁੰਡਾ ਪੁਲਿਸ ਦੀ ਜੀਪ ਨੂੰ ਠੀਕ ਉਸ ਥਾਂ ਲੈ ਗਿਆ, ਜਿਥੇ ਉਹ ਹਾਕੀ ਦੀ ਟੀਮ ਨੂੰ ਕੋਚਿੰਗ ਦੇਂਦਾ ਹੁੰਦਾ ਸੀ। ਵੈਸੇ ਉਸਦੀ ਨੌਕਰੀ ਪੰਜਾਬ ਸਿੰਧ ਬੈਂਕ ਦੀ ਹੈ ਪਰ ਬੈਂਕ ਨੇ ਉਸ ਨੂੰ ਖੇਡਣ ਦਾ ਕੰਮ ਸੌਂਪਿਆ ਹੋਇਆ ਹੈ। ਬਲਕਿ ਹੁਣ ਉਹ ਬੈਂਕ ਦਾ ਕੋਚ ਹੈ। ਉਸ ਕੋਚ ਵਿਚਾਰੇ ਨੂੰ ਕੀ ਪਤਾ ਸੀ ਕਿ ਬਲਾ ਪੈਣ ਵਾਲੀ ਹੈ। ਉਹ ਬੜੇ ਮਜੇ ਨਾਲ ਚਾਹ ਦੀ ਦੁਕਾਨ 'ਤੇ ਬੈਠਾ ਸੀ ਤੇ ਉਸ ਦੇ ਨਾਲ ਇਕ ਹੋਰ ਮੁੰਡਾ ਸੀ, ਜੋ ਉਸ ਕੋਲ ਕਰਜ਼ਾ ਲੈਣ ਵਾਸਤੇ ਬੈਂਕ ਦੀਆਂ ਸ਼ਰਤਾਂ ਪੁੱਛਣ ਆਇਆ ਸੀ। ਉਹ ਵੀ ਨਾਲ ਹੀ ਫੜ ਕੇ ਪੁਲਿਸ ਨੇ ਜੀਪ ਵਿਚ ਸੁੱਟ ਲਿਆ। ਪਹਿਲਾਂ ਉਨ੍ਹਾਂ ਨੂੰ ਥਾਣਾ ਸਦਰ ਲਿਜਾਇਆ ਗਿਆ ਫੇਰ ਆਦਮਪੁਰ ਰੈਸਟ ਹਾਊਸ ਲਿਆਂਦਾ ਗਿਆ। ਉਸ ਦੀ ਜੇਬ ਵਿਚਲੇ ਡਰਾਇਵਰੀ ਲਾਇਸੈਂਸ ਤੇ ਪਛਾਣ ਪੱਤਰ ਉੱਤੇ ਉਸਦੀ ਫੋਟੋ ਵੀ ਸੀ ਤੇ ਥੱਲੇ ਉਸਦਾ ਨਾਂ ਵੀ ਲਿਖਿਆ ਹੋਇਆ ਸੀ। ਹੁਣ ਸੀ.ਬੀ.ਆਈ. ਵਾਲੇ ਖੁਸ਼ੀ ਨਾਲ ਭੰਗੜੇ ਪਾ ਰਹੇ ਸਨ। ਇਕ ਦੂਜੇ ਨੂੰ ਜੱਫੀਆਂ ਵਿਚ ਲੈ ਕੇ ਇਕ ਦੂਸਰੇ ਦਾ ਮੂੰਹ ਚੁੰਮਦੇ ਤੇ ਵਧਾਈਆਂ ਦੇਂਦੇ ਕਿ ਅਸਲੀ ਅਵਤਾਰ ਸਿੰਘ ਫੜ ਲਿਆ ਸੀ। ਆਦਮਪੁਰ ਰੈਸਟ ਹਾਊਸ ਲਿਆ ਕੇ ਪੁੱਛਗਿੱਛ ਕੀਤੀ। ਨਾਲ ਦੇ ਨੂੰ ਵੀ ਪੁਛਿਆ। ਉਸ ਦਸਿਆ ਕਿ ਉਹ ਤਾਂ ਇਕ ਬੇਕਾਰ ਨੌਜਵਾਨ ਹੈ। ਪਹਿਲਾਂ ਕਿਸੇ ਕਾਰਖਾਨੇ ਕੰਮ ਕਰਦਾ ਸੀ, ਉਥੋਂ ਜਵਾਬ ਮਿਲ ਗਿਆ ਹੈ ਤੇ ਉਸ ਸੋਚਿਆ ਕਿਉਂ ਨਾ ਬੈਂਕ ਕੋਲੋਂ ਕਰਜਾ ਲੈ ਕੇ ਇਕ ਖਰਾਦ ਲਾ ਲਵੇ। ਇਸ ਲਈ ਉਹ ਬੈਂਕ ਗਿਆ ਤੇ ਸ਼ਰਤਾਂ ਪੁੱਛੀਆਂ। ਇਸ ਅਵਤਾਰ ਸਿੰਘ ਨੇ ਆਖਿਆ ਤੂੰ ਫਾਰਮ ਲੈ ਆਵੀਂ ਮੈਂ ਤੈਨੂੰ ਭਰ ਦਿਆਂਗਾ। ਉਹ ਆਦਮੀ ਫਾਰਮ ਲੈ ਕੇ ਭਰਵਾਉਣ ਆਇਆ ਸੀ ਕਿ ਫੜ ਹੋ ਗਿਆ। ਸੀ.ਬੀ.ਆਈ. ਨੇ ਪੁਛਿਆ, "ਇਸ ਨੇ ਤੈਨੂੰ ਏਥੇ ਫਾਰਮ ਭਰਨ ਦਾ ਸਮਾਂ ਕਿਉਂ ਦਿੱਤਾ?" ਉਸ ਦਸਿਆ ਕਿ ਇਹ ਸਾਰਾ ਦਿਨ ਗਰਾਊਂਡ ਹੀ ਤਿਆਰ ਕਰਵਾਉਂਦਾ ਹੈ ਤੇ ਕੋਚਿੰਗ ਦੇਂਦਾ ਹੈ। ਬੈਂਕ ਇਕ ਮਿੰਟ ਵੀ ਨਹੀਂ ਬੈਠਦਾ, ਇਸ ਲਈ ਇਸ ਨੇ ਆਖਿਆ ਸੀ ਕਿ ਫਾਰਮ ਉਥੇ ਲੈ ਆਵੀਂ, ਮੈਂ ਵਿਹਲਾ ਹੀ ਹੁੰਦਾ ਹਾਂ, ਭਰ ਦਿਆਂਗਾ। ਉਸ ਮੁੰਡੇ ਦਾ ਬਿਆਨ ਬਿਲਕੁਲ ਉਹੋ ਹੀ ਸੀ ਜੋ ਕੋਚ ਅਵਤਾਰ ਸਿੰਘ ਦਾ ਬਿਆਨ ਉਸ ਮੁੰਡੇ ਬਾਰੇ ਸੀ। ਪਰ ਫੇਰ ਵੀ ਚੌਵੀ ਘੰਟੇ ਦੋਹਾਂ ਕੋਲੋਂ ਹੀ ਪੁੱਛਗਿੱਛ ਹੁੰਦੀ ਰਹੀ। ਅਖੀਰ ਸੀ.ਬੀ.ਆਈ. ਦੋਹਾਂ ਨੂੰ ਲੈ ਕੇ ਆਦਮਪੁਰੋਂ ਜਲੰਧਰ ਵੱਲ ਤੁਰ ਪਈ। ਰਾਹ ਵਿਚ, ਜਿਥੋਂ ਦੋ ਸੜਕਾਂ ਹੁੰਦੀਆਂ ਹਨ, ਇਕ ਸੜਕ ਲੰਮਾ ਪਿੰਡ ਬਾਈਪਾਸ ਤੇ ਦੂਸਰੀ ਰਾਮਾਮੰਡੀ ਨੂੰ ਚਲੀ ਜਾਂਦੀ ਹੈ, ਉਥੇ ਚੌਂਕ ਵਿਚ ਜੀਪ ਖੜੀ ਕਰਕੇ ਨਾਲ ਦੇ ਮੁੰਡੇ ਨੂੰ ਕਿਹਾ "ਉੱਤਰ ਕੇ ਭੱਜ ਜਾ"। ਉਹ ਵਿਚਾਰਾ ਹੈਰਾਨ ਪ੍ਰੇਸ਼ਾਨ ਕਿ ਕਿਤੇ ਗੋਲੀ ਨਾ ਮਾਰ ਦੇਣ ਪਰ ਫਿਰ ਉਸ ਨੇ ਉਥੇ ਕੁਝ ਰਿਕਸ਼ੇ ਵਾਲੇ ਤੇ ਹੋਰ ਲੋਕ ਵੀ ਖੜੇ ਵੇਖੇ ਤੇ ਜੀਪ ਵਿਚੋਂ ਉਤਰ ਗਿਆ। ਉਸ ਨੂੰ ਉਤਾਰ ਕੇ ਜੀਪ ਤੇ ਬਾਕੀ ਗੱਡੀਆਂ ਜੋ ਨਾਲ ਸੁਰੱਖਿਆ ਵਾਸਤੇ ਸਨ ਅੱਗੇ ਚਲੀਆਂ ਗਈਆਂ ਤੇ ਕੋਚ ਅਵਤਾਰ ਸਿੰਘ ਦਾ ਰੀਮਾਂਡ 30 ਤਾਰੀਖ ਤੱਕ ਦਾ ਲੈ ਲਿਆ। ਹੈਰਾਨੀ ਇਹ ਕਿ ਉਸ ਨੂੰ ਜੱਜ ਦੇ ਦਰਸ਼ਨ ਤੱਕ ਨਹੀਂ ਕਰਾਏ। ਉਨ੍ਹਾਂ ਨੇ ਰੀਮਾਂਡ ਲੈ ਲਿਆ ਤੇ ਥਾਣਾ ਆਦਮਪੁਰ ਆ ਗਏ। ਇਕ ਹੋਰ ਮੁੰਡਾ ਹੁਸ਼ਿਆਰਪੁਰ ਦਾ ਹਰਭਜਨ ਸਿੰਘ ਫੜ੍ਹਿਆ ਗਿਆ। ਉਸ ਬਾਰੇ ਵੀ ਦੱਸਣਾ ਜ਼ਰੂਰੀ ਹੈ। ਕਿਉਂਕਿ ਇਹ ਵੀ ਅਵਤਾਰ ਸਿੰਘ ਕੋਚ ਨਾਲ

ਟੈਲੀਫੋਨ ਕਰਨ ਪੰਡਤਾਂ ਦੇ ਘਰ ਗਿਆ ਸੀ।

ਹਰਭਜਨ ਸਿੰਘ ਦਾ ਫੜਿਆ ਜਾਣਾ

ਆਦਮਪੁਰ ਥਾਣੇ 'ਚ ਹਵਾਲਾਤ ਦੇ ਬਿਲਕੁਲ ਸਾਹਮਣੇ ਵਿਹੜੇ ਵਿਚ ਇਕ ਬੈਂਚ ਡੱਠਾ ਹੋਇਆ ਸੀ। ਉਸ ਬੈਂਚ ਉੱਤੇ ਇਕ ਉੱਚਾ ਲੰਮਾ ਛੇ ਫੁੱਟਾ ਰਿਸ਼ਟ ਪੁਸ਼ਟ ਬਦਨ ਦਾ ਜਵਾਨ ਲਿਆ ਕੇ ਬਿਠਾ ਦਿੱਤਾ। ਇਕ ਗੰਜੀ ਟਿੰਡ ਵਾਲਾ ਮਧਰਾ ਅਫ਼ਸਰ, ਜਿਹੜਾ ਸਾਨੂੰ ਦੋ ਨੰਬਰ ਚੌਂਕੀ ਜਲੰਧਰ ਵਿਚੋਂ ਆਦਮਪੁਰ ਲਿਆਇਆ ਸੀ, ਸਾਹਮਣੇ ਕੁਰਸੀ 'ਤੇ ਬੈਠਾ ਸੀ। ਨੌਜਵਾਨ ਬੈਂਚ ਤੋਂ ਸਿੱਧਾ ਹੀ ਉਸਦੇ ਪੈਰਾਂ 'ਤੇ ਡਿੱਗ ਪਿਆ ਤੇ ਹੱਥ ਜੋੜ ਜੋੜ ਕੇ ਕੁਝ ਬੇਨਤੀਆਂ ਕਰਨ ਲੱਗਾ। ਉਹ ਕੀ ਆਖਦਾ ਸੀ, ਉਹ ਅੰਦਰ ਬੈਠਿਆਂ ਨੂੰ ਨਹੀਂ ਸੀ ਸੁਣਦਾ। ਪਰ ਉਸ ਦੇ ਜੁੜੇ ਹੱਥ ਤੇ ਘੜੀ ਮੁੜੀ ਪੈਰਾਂ 'ਤੇ ਡਿੱਗਣਾ, ਇਹ ਦੱਸਦਾ ਸੀ ਕਿ ਉਹ ਤਰਲੇ ਕੱਢ ਰਿਹਾ ਹੈ ਤੇ ਰਹਿਮ ਦੀ ਭੀਖ ਮੰਗ ਰਿਹਾ ਹੈ। ਅੰਦਰ ਬੈਠੇ ਸਾਰੇ ਇਹ ਵੇਖ-ਵੇਖ ਕੇ ਹੈਰਾਨ ਹੋ ਰਹੇ ਸਨ ਤੇ ਕ੍ਰੋਧ ਨਾਲ ਸਾਰਿਆਂ ਦੀਆਂ ਅੱਖਾਂ ਲਾਲ ਸਨ ਤੇ ਡੌਲੇ ਵੀ ਫਰਕ ਰਹੇ ਸਨ। ਹੈਰਾਨ ਇਸ ਕਰਕੇ ਸਨ ਕਿ "ਇਹ ਕਿਸ ਕੇਸ ਵਿਚ ਫੜਿਆ ਹੈ?" ਪਰ ਇਹ ਤਾਂ ਸਾਰਿਆਂ ਨੂੰ ਪਤਾ ਹੀ ਸੀ ਕਿ ਗੰਜਾ ਅਫ਼ਸਰ ਪਾਰਲੀਮੈਂਟ ਕੇਸ ਵਾਸਤੇ ਹੈ, ਇਸ ਲਈ ਇਹ ਵੀ ਏਸੇ ਕੇਸ ਵਿਚ ਹੀ ਫੜਿਆ ਹੋਵੇਗਾ। ਗੁੱਸਾ ਇਸ ਕਰਕੇ ਚੜ੍ਹ ਰਿਹਾ ਸੀ ਕਿ ਇਹ ਇਕ ਮਾਮੂਲੀ ਬੰਦੇ ਦੇ ਪੈਰੀਂ ਡਿੱਗ ਰਿਹਾ ਹੈ। ਗੁਰੂ ਕਾ ਸਿੱਖ ਹੋ ਕੇ, ਇਕ ਮਾਮੂਲੀ ਆਦਮੀ ਅੱਗੇ ਲਿਲਕੜੀਆਂ ਤਾਂ ਕੀ ਉਸਦੇ ਪੈਰਾਂ 'ਤੇ ਡਿੱਗ ਪੈਣਾ, ਕਿਸੇ ਤਰ੍ਹਾਂ ਵੀ ਕਿਸੇ ਨੂੰ ਚੰਗਾ ਨਹੀਂ ਸੀ ਲੱਗ ਰਿਹਾ। ਏਹਦੇ ਨਾਲੋਂ ਤਾਂ ਮਰ ਜਾਣਾ ਬੇਹਤਰ ਸੀ। ਪੁਰਾਣੇ ਸਿੱਖ ਇਕ ਦੂਜੇ ਦੇ ਸਾਹਮਣੇ ਕਤਲ ਹੋ ਜਾਂਦੇ ਸਨ, ਚਰਖੜੀਆਂ 'ਤੇ ਚੜ੍ਹ ਜਾਂਦੇ ਸਨ, ਬੰਦ ਬੰਦ ਕਟਵਾ ਲੈਂਦੇ ਸਨ ਪਰ ਮੁਆਫ਼ੀ ਮੰਗਣੀ ਤਾਂ ਕੀ ਉਨ੍ਹਾਂ ਵਲੋਂ ਦਿੱਤੀ ਹੋਈ ਇਹ ਪੇਸ਼ਕਸ਼ ਕਿ ਮੁਸਲਮਾਨ ਹੋ ਜਾਓ ਤੇ ਤੁਹਾਨੂੰ ਅਫ਼ਸਰਾਂ ਦੀਆਂ ਲੜਕੀਆਂ ਵਿਆਹ ਦਿੱਤੀਆਂ ਜਾਣਗੀਆਂ ਵੀ ਉਨ੍ਹਾਂ 'ਤੇ ਅਸਰ ਨਹੀਂ ਸੀ ਕਰਦੀ। ਪਰ ਇਹ ਏਡਾ ਉੱਚਾ ਲੰਮਾ ਜਵਾਨ ਇਕ ਗਿੱਠਮੁਠੀਏ ਦੇ ਪੈਰਾਂ ਤੋਂ ਸਿਰ ਈ ਨਹੀਂ ਸੀ ਚੁੱਕਦਾ। ਇਹ ਡਰਾਮਾ ਕੋਈ ਦਸ ਕੁ ਮਿੰਟ ਹੋਇਆ ਫਿਰ ਹਵਾਲਾਤ ਦਾ ਦਰਵਾਜ਼ਾ ਖੁਲ੍ਹਿਆ ਤੇ ਉਸ ਨੂੰ ਅੰਦਰ ਧੱਕ ਦਿੱਤਾ ਗਿਆ।

ਜਦੋਂ ਉਹ ਅੰਦਰ ਆਇਆ ਤਾਂ ਉਸ ਦੇ ਕੱਪੜੇ ਮੈਲੇ ਚਿੱਕੜ ਸਨ। ਰੋ ਰੋ ਕੇ ਉਸ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਪਸੀਨੋ ਪਸੀਨਿਓ ਹੋਇਆ, ਉਹ ਜੁਆਨ ਆ ਕੇ ਥੜ੍ਹੇ 'ਤੇ ਬੈਠ ਗਿਆ, ਜੋ ਹਵਾਲਾਤ ਵਿਚ ਬਣੇ ਹੋਏ ਸਨ। ਸਾਰੇ ਸੁੰਨ ਹੋ ਗਏ। ਕੋਈ ਉਸ ਨਾਲ ਡਰਦਾ ਗੱਲ ਨਾ ਕਰੇ ਮਤੇ ਇਹ ਵੀ ਸੀ.ਬੀ.ਆਈ. ਦਾ ਬੰਦਾ ਹੋਵੇ। ਕਿਉਂਕਿ ਸੁਣਿਆ ਹੋਇਆ ਸੀ ਕਿ ਇਹ ਇਸ ਕਿਸਮ ਦੇ ਡਰਾਮੇ ਕਰਨ ਦੇ ਮਾਹਰ ਹਨ। ਬਲਕਿ ਭੇਦ ਲੈਣ ਲਈ ਏਸੇ ਤਰ੍ਹਾਂ ਹੀ ਕਰਦੇ ਹਨ। "ਭਾਅ ਜੀ, ਇਹ ਕਿਤੇ ਮੇਰਾ ਪੁਲਿਸ ਮੁਕਾਬਲਾ ਕਰਕੇ, ਅੱਜ ਰਾਤ ਮੈਨੂੰ ਮਾਰ ਤੇ ਨਾ ਦੇਣਗੇ?" ਸਾਰਿਆਂ ਨੇ ਉਸ ਵੱਲ ਵੇਖਿਆ ਪਰ ਬੋਲਿਆ ਕੋਈ ਨਾ। ਸਾਰੇ ਇਸ ਤਰ੍ਹਾਂ ਚੁੱਪ ਸਨ ਜਿਵੇਂ ਸੱਪ ਸੁੰਘ ਗਿਆ ਹੋਵੇ। ਉਹ ਰੋ ਪਿਆ ਤੇ ਫਿਰ ਉਠ ਕੇ ਬੈਠ ਗਿਆ "ਭਾਅ ਜੀ, ਅੱਜ ਏਨ੍ਹਾਂ ਮੈਨੂੰ ਰਾਤ ਨੂੰ ਮਾਰ ਦੇਣਾ ਹੈ"। ਸਾਰੇ ਫੇਰ ਚੁੱਪ ਇਕ ਦੂਜੇ ਦੇ ਮੂੰਹ ਵੱਲ ਵੇਖੀ ਜਾਣ ਪਰ ਉਸ ਨਾਲ ਗੱਲ ਕਿਸੇ ਨਾ ਕੀਤੀ। ਜਿਹੜੇ ਦੋ ਬ੍ਰਾਹਮਣ ਉਸ ਨੂੰ ਜਾਣਦੇ ਸਨ, ਜਿੰਨ੍ਹਾ ਦੇ ਘਰ ਉਹ ਦੂਸਰੇ

ਮੁੰਡੇ ਅਵਤਾਰ ਸਿੰਘ ਘੁੱਲੇ (ਹਾਕੀ ਕੋਚ) ਦੇ ਨਾਲ ਗਿਆ ਸੀ, ਉਹ ਵੀ ਚੁੱਪ ਸਨ। ਮੈਂ ਉਸਦੇ ਮੂੰਹ ਵੱਲ ਵੇਖ ਵੇਖ ਕੇ ਇਹ ਅੰਦਾਜ਼ਾ ਲਾ ਰਿਹਾ ਸੀ ਕਿ ਇਹ ਮੁੰਡਾ ਐਕਟਿੰਗ ਤਾਂ ਨਹੀਂ ਕਰ ਰਿਹਾ। ਉਹ ਬੇਚੈਨ ਸੀ ਤੇ ਮੈਂ ਵੀ ਬੇਚੈਨੀ ਵੇਖ ਕੇ ਅੰਦਾਜਾ ਲਾਉਣ ਦਾ ਮਾਹਰ ਹਾਂ। ਉਸ ਦੀਆਂ ਅੱਖਾਂ ਵੀ ਦੱਸਦੀਆਂ ਸਨ ਕਿ ਉਹ ਬਹੁਤ ਬੁਰੀ ਤਰ੍ਹਾਂ ਬੇਆਰਾਮ ਰਿਹਾ ਸੀ। ਉਸਦਾ ਚੇਹਰਾ ਖੁੱਲ੍ਹੀ ਕਿਤਾਬ ਵਾਂਗ ਡਰ ਡਰ ਡਰ ਦੇ ਅੱਖਰਾਂ ਨਾਲ ਭਰਿਆ ਪਿਆ ਸੀ। ਜਦੋਂ ਕਿੰਨੀ ਦੇਰ ਤੋਂ ਬਾਅਦ ਵੀ ਕੋਈ ਨਾ ਬੋਲਿਆ ਤਾਂ ਉਹ ਇਕ ਤਰ੍ਹਾਂ ਨਾਲ ਫਿੱਸ ਹੀ ਪਿਆ। ਫਿਰ ਉਹ ਥੜ੍ਹੇ ਤੋਂ ਉਤਰ ਕੇ ਖਲੋ ਗਿਆ, ਫੇਰ ਪੰਜ ਸੱਤ ਸਕਿੰਟਾਂ ਵਿਚ ਹੀ ਬੈਠ ਗਿਆ, ਫਿਰ ਲੰਮਾ ਪੈ ਗਿਆ, ਫਿਰ ਅੱਧੇ ਮਿੰਟ ਬਾਅਦ ਉਠ ਕੇ ਬੈਠ ਗਿਆ। ਹੁਣ ਵਿਚੋਂ ਇਕ ਕਾਰਖਾਨੇਦਾਰ ਕੋਲੋਂ ਰਿਹਾ ਨਾ ਗਿਆ। ਉਸ ਪੁਛਿਆ "ਤੈਨੂੰ ਫੜਿਆ ਕਾਹਦੇ ਵਿਚ ਹੈ"? ਉਸ ਰੋਂਦੇ ਹੀ ਜਵਾਬ ਦਿੱਤਾ "ਕਹਿੰਦੇ ਆ ਤੂੰ ਟੈਲੀਫੋਨ ਕਰਦਾ ਰਿਹਾ ਹੈਂ। ਅਸੀਂ ਹਰਭਜਨ ਸਿੰਘ ਨਾ ਦੇ ਬੰਦੇ ਨੂੰ ਲੱਭਦੇ ਫਿਰਦੇ ਆ, ਉਹ ਤੂੰ ਹੀ ਹੈਂ। ਭਾਅ ਜੀ, ਮੈਂ ਕੋਈ ਟੈਲੀਫੋਨ ਨਹੀਂ ਕੀਤਾ। ਇਕ ਵਾਰੀ ਇਕ ਮੁੰਡਾ ਐਵੇਂ ਹੀ ਮੇਰਾ ਦੋਸਤ ਬਣ ਗਿਆ। ਮੈਂ ਉਸ ਨੂੰ ਜਾਣਦਾ ਵੀ ਨਹੀਂ ਸੀ। ਉਹ ਮੈਨੂੰ ਇਕ ਦਿਨ ਟੈਲੀਫੋਨ ਕਰਨ ਨਾਲ ਲੈ ਗਿਆ ਸੀ।" ਸਾਰਿਆਂ ਦਾ ਧਿਆਨ ਓਧਰ ਹੋ ਗਿਆ ਸੀ ਤੇ ਸਾਰੇ ਉਸਦੀਆਂ ਗੱਲਾਂ ਧਿਆਨ ਨਾਲ ਸੁਣ ਰਹੇ ਸਨ। ਉਸੇ ਕਾਰਖਾਨੇਦਾਰ ਨੇ ਪੁਛਿਆ "ਕਿਥੇ ਲੈ ਗਿਆ ਸੀ ਟੈਲੀਫੋਨ ਕਰਨ"? "ਇਹਨਾਂ ਦੇ ਘਰ", ਉਸ ਬ੍ਰਾਹਮਣ ਭਰਾਵਾਂ ਵੱਲ ਇਸ਼ਾਰਾ ਕਰ ਦਿੱਤਾ। ਸਾਰੇ ਹੈਰਾਨ ਪ੍ਰੇਸ਼ਾਨ ਹੋ ਗਏ ਕਿ ਇਨ੍ਹਾਂ ਨੇ ਇਕ ਵਾਰੀ ਨਹੀਂ ਆਖਿਆ ਕਿ ਅਸੀਂ ਇਸ ਨੂੰ ਜਾਣਦੇ ਹਾਂ। ਇਹ ਦੋਵੇਂ ਭਰਾ ਬੜੇ ਨਿਕੰਮੇ ਹਨ। ਹੁਣ ਸਭ ਨੂੰ ਯਕੀਨ ਹੋ ਗਿਆ ਸੀ ਕਿ ਇਹ ਸੀ.ਬੀ.ਆਈ. ਦਾ ਬੰਦਾ ਨਹੀਂ ਸਗੋਂ ਉਹ ਹੈ, ਜਿਸ ਦੇ ਭੁਲੇਖੇ ਜਲੰਧਰ ਵਿਚ ਵੀ ਹਰਭਜਨ ਸਿੰਘ ਬਾਰੇ ਪੁਛਦੇ ਸਨ। ਹੁਣ ਸਾਰਿਆਂ ਨੇ ਕਿਹਾ "ਯਾਰ ਤੂੰ ਉੱਕਾ ਫਿਕਰ ਨਾ ਕਰ, ਤੂੰ ਦੱਸ ਜੇ ਤੇਰਾ ਪੁਲਿਸ ਮੁਕਾਬਲਾ ਕਰਨਾ ਹੁੰਦਾ ਤਾਂ ਉਨ੍ਹਾਂ ਤੈਨੂੰ ਕੱਲ੍ਹ ਹੀ ਮਾਰ ਦੇਣਾ ਸੀ ਕਿ ਸਾਨੂੰ-ਵਿਖਾ ਕੇ ਮਾਰਨਾ ਸੀ? ਤੇਰਾ ਆਪਣਾ ਦਿਮਾਗ ਕੰਮ ਨਹੀਂ ਕਰਦਾ?" "ਨਹੀਂ ਮੇਰਾ ਦਿਮਾਗ ਕੰਮ ਨਹੀਂ ਕਰਦਾ, ਉਹ ਬਾਊ, ਮੈਨੂੰ ਆਖਦਾ ਸੀ ਤੂੰ ਆਪਣੇ ਨਾ ਦੀ ਪਰਚੀ ਲਿਖ ਕੇ ਜੇਬ ਵਿਚ ਪਾ ਲੈ ਤਾਂ ਕਿ ਤੇਰੀ ਲਾਸ਼ ਛੇਤੀ ਪਛਾਣੀ ਜਾਵੇ, ਅੱਜ ਰਾਤ ਤੈਨੂੰ ਖਤਮ ਕਰ ਦੇਣਾ ਹੈ।" ਸਾਰਿਆਂ ਨੇ ਕਿਹਾ...... "ਉਨ੍ਹਾਂ ਦੀ ਮਾਂ ਦੀ, ਤੈਨੂੰ ਹੱਥ ਲਾ ਕੇ ਤੇ ਵਿਖਾਉਣ, ਸਾਡੇ ਵਿਚੋਂ ਕੱਢ ਕੇ ਤੈਨੂੰ ਕਿੱਦਾਂ ਲੈ ਜਾਣਗੇ। ਅਸੀਂ ਜਾਣ ਦਿਆਂਗੇ ਪੋਲੇ ਪੈਰੀਂ ਤੈਨੂੰ। ਤੂੰ ਬਿਲਕੁਲ ਘਬਰਾ ਨਾ ਤੇ ਇਹ ਦੱਸ ਪਈ ਤੂੰ ਰੋਟੀ ਖਾਧੀ ਹੈ ਕਿ ਨਹੀਂ?" "ਨਹੀਂ" ਉਸ ਆਖਿਆ। ਸਾਰਿਆਂ ਆਖਿਆ "ਹੁਣੇ ਪ੍ਰਬੰਧ ਕਰਦੇ ਹਾਂ, ਅਜੇ ਅਸਾਂ ਵੀ ਨਹੀਂ ਖਾਧੀ"। ਇਨ੍ਹਾਂ ਗੱਲਾਂ ਨਾਲ ਉਸ ਨੂੰ ਕਾਫੀ ਧਰਵਾਸ ਹੋ ਗਈ ਤੇ ਉਹ ਕੁਝ ਨਾਰਮਲ ਹੋ ਗਿਆ। ਫਿਰ ਕਾਰਖਾਨੇ ਵਾਲਿਆਂ ਨੇ ਉਸ ਅਖ਼ਬਾਰ ਦੇ ਮੈਨੇਜਰ ਨੂੰ ਪੁਛਿਆ "ਕਿਉਂ ਓਇ ਤੂੰ ਜਾਣਦਾ ਨਹੀਂ ਏਹਨੂੰ?" "ਇਹ ਇਕੋ ਵਾਰੀ ਸਾਡੇ ਘਰ ਆਇਆ ਸੀ, ਇਕ ਇਹਦੇ ਨਾਲ ਹੋਰ ਸੀ ਪਰ ਟੈਲੀਫੋਨ ਨਹੀਂ ਸੀ ਆਇਆ ਤੇ ਇਹ ਉਠ ਕੇ ਪਹਿਲਾਂ ਆ ਗਿਆ ਸੀ ਤੇ ਇਸ ਦਾ ਸਾਥੀ ਬਾਅਦ ਵਿਚ ਪੰਦਰਾਂ ਕੁ ਮਿੰਟ ਬਾਅਦ ਕਾਕੇ ਨਾਲ ਉਠ ਕੇ ਆ ਗਿਆ ਸੀ।" (ਕਾਕਾ ਅਖ਼ਬਾਰ ਵਾਲੇ ਦੇ ਮੁੰਡੇ ਦਾ ਛੋਟਾ ਨਾਂ ਹੈ) ਉਹ ਮੁੰਡਾ ਵੀ ਮੈਨੇਜਰ ਦੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਸੀ ਕਿ ਏਸੇ

ਤਰ੍ਹਾਂ ਹੀ ਹੋਇਆ ਸੀ। ਅਵਤਾਰ ਸਿੰਘ ਘੁੱਲੇ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਪਹਿਲਾਂ ਉਠ ਕੇ ਆ ਗਿਆ ਸੀ ਤੇ ਮੈਂ ਬਾਅਦ ਵਿਚ ਆਇਆ ਸੀ।

ਮੈਂ ਆਪਣੀ ਹੀ ਧੁੰਨ ਵਿਚ ਬੈਠਾ ਇਹ ਸੋਚ ਰਿਹਾ ਸਾਂ ਪਈ "ਬੱਲੇ ਓਏ ਪੰਜਾਬ ਦਿਆ ਸਿੱਖ ਮੁੱਖ ਮੰਤਰੀਆ, ਆਪ ਤਾਂ ਤੂੰ ਰਾਜ ਸਾਂਭ ਕੇ ਬਹਿ ਗਿਆ ਤੇ ਕੌਮ ਦੇ ਨੌਜਵਾਨ ਮਾਮੂਲੀ ਮਾਮੂਲੀ ਜੁਰਮਾ ਲਈ ਵੀ ਸਿਰ ਘਸਿਆ ਕੋਲੋਂ ਜਾਨ ਦੀ ਭੀਖ ਮੰਗ ਰਹੇ ਹਨ। ਇਸ ਰਾਜ ਖੁਣੋ ਤੇਰਾ ਕੀ ਥੁੜਿਆ ਹੋਇਆ ਹੈ। ਜੇ ਇਹ ਟੈਲੀਫੋਨ ਕਰਨ ਚਲਾ ਵੀ ਗਿਆ ਤਾਂ ਕੀ ਇਸ ਦਾ ਏਨਾ ਜੁਰਮ ਹੈ ਕਿ ਇਸ ਨੂੰ ਸਿਰ ਘਸਿਆ ਪੁਲਿਸ ਮੁਕਾਬਲਾ ਬਣਾ ਕੇ ਮਾਰ ਦੇਵੇ? ਤੇ ਤੇਰੇ ਮੁੰਡੇ ਮੌਜਾਂ ਕਰਦੇ ਫਿਰਨ? ਇਤਿਹਾਸ ਤੈਨੂੰ ਕਿਵੇਂ ਮੁਆਫ ਕਰੂ? ਤੇਰੇ ਨਾਲ ਦੇ ਕੇਂਦਰ ਸਰਕਾਰ ਦੀਆਂ ਜੁੱਤੀਆਂ ਚੱਟੂ, ਜਿਹੜੇ ਅੱਜ ਰਾਜ ਗਦੀਆਂ ਸਾਂਭੀ ਬੈਠੇ ਹਨ, ਕਿੰਨਾ ਕੁ ਚਿਰ ਵਜ਼ੀਰੀਆਂ ਮਾਨਣਗੇ? ਇਹ ਸੋਨੇ ਵਰਗੀਆਂ ਜੁਆਨੀਆਂ ਤੁਸਾਂ ਗੋਲੀਆਂ ਨਾਲ ਭੁੰਨ ਦਿੱਤੀਆਂ ਹਨ। ਤੇਰੀ ਸ਼ਹਿ 'ਤੇ ਦਿੱਲੀਓਂ ਪੁਲਿਸ ਆ ਕੇ ਏਥੋਂ ਦੇ ਭੋਲੇ ਭਾਲੇ ਨੌਜਵਾਨਾਂ ਦੇ ਲਹੂ ਦੀ ਤਿਹਾਈ ਹੋਈ ਪਈ ਹੈ। ਕੀ ਤੂੰ ਅੰਨਾ ਹੈ? ਤੈਨੂੰ ਨਹੀਂ ਦਿਸਦਾ ਜੁਆਨਾਂ 'ਤੇ ਜ਼ੁਲਮ ਹੋ ਰਿਹਾ ਹੈ? ਤੇ ਤੂੰ ਰਾਜ ਦੇ ਨਸ਼ੇ ਵਿਚ ਮਸਤ ਹੈਂ। ਜਦੋਂ ਪੰਜਾਬ ਦੀ ਜੁਆਨੀ ਹੀ ਨਾ ਬਚੀ। ਪਰ ਤੈਨੂੰ ਕੀ ਤੇਰੇ ਪੁੱਤ ਬਚਣੇ ਚਾਹੀਦੇ ਹਨ, ਹੋਰ ਭਾਵੇਂ ਸਾਰੇ ਸਿੱਖਾਂ ਦੇ ਪੁੱਤ ਮਾਰੇ ਜਾਣ।"

"ਮੈਨੂੰ ਇਹਨਾਂ ਨਾ ਛਡਿਆ ਤਾਂ ਮੇਰੀ ਨੌਕਰੀ ਜਾਂਦੀ ਲੱਗੂ। ਮੇਰੇ ਘਰ ਦੇ ਮੈਨੂੰ ਕੀ ਆਖਣਗੇ? ਮੇਰਾ ਕਸੂਰ ਵੀ ਕੋਈ ਨਹੀਂ" ਤੇ ਉਹ ਫਿਰ ਰੋਣ ਲੱਗ ਪਿਆ। "ਬਰਨਾਲਿਆ ਵੇਖ! ਪਹਿਲੀ ਗੱਲ ਤਾਂ ਸਿੱਖਾਂ ਦੇ ਪੁੱਤ ਨੂੰ ਨੌਕਰੀ ਮਿਲਦੀ ਨਹੀਂ ਤੇ ਜੇ ਇਸ ਗਰੀਬ ਨੂੰ ਮਿਲੀ ਹੈ ਤਾਂ ਤੂੰ ਦਿੱਲੀ ਸਰਕਾਰ ਨਾਲ ਰਲ ਕੇ ਖੋਹ ਲੈਣ ਲੱਗਾ ਹੈਂ। ਦੱਸ ਜਦੋਂ ਇਸ ਦੀ ਨੌਕਰੀ ਨਾ ਰਹੀ ਤਾਂ ਇਹ ਤੇਰੀਆਂ ਲੱਤਾਂ ਦੀ ਮਾਲਸ਼ ਕਰਨੋ ਤਾਂ ਰਿਹਾ, ਹੱਥ ਵਿਚ ਸਟੇਨ ਈ ਫੜੂ। ਫੇਰ ਦੱਸ ਇਸ ਪਤੰਦਰ ਨੂੰ ਦੇਸ਼ ਦੀ ਮੁੱਖ ਧਾਰਾ ਵਿਚ ਕਿਵੇਂ ਲਿਆਵੇਂਗਾ? ਤੂੰ ਤਾਂ ਆਪ ਦੇਸ਼ ਦੀ ਮੁੱਖ ਧਾਰਾ ਤੋਂ ਉਖੜ ਚੁੱਕਾਂ ਹੈਂ। ਤੂੰ ਦੂਜਿਆਂ ਨੂੰ ਇਸ ਵਿਚ ਆਉਣ ਦੀਆਂ ਕੀ ਮੱਤਾਂ ਦੇਂਦਾ ਹੈਂ। ਤੇਰਾ ਬੇੜਾ ਤਾਂ ਹੁਣ ਗਰਕਣ 'ਤੇ ਆਇਆ ਹੀ ਹੋਇਆ ਹੈ, ਹੁਣ ਹਿੰਦੋਸਤਾਨ ਦਾ ਬੇੜਾ ਵੀ ਕਿਉਂ ਗਰਕ ਕਰਨ ਲੱਗਾ ਹੈਂ। ਕਈ ਲੋਕ ਤਾਂ ਇਹ ਵੀ ਆਖਦੇ ਹਨ ਕਿ ਤੂੰ ਹਿੰਦੂ ਬਣ ਜਾਣਾ ਹੈ ਤੇ ਤੇਰੇ ਮੁੰਡਿਆਂ ਵੀ ਏਸੇ ਤਰ੍ਹਾਂ ਹੀ ਕਰਨਾ ਹੈ। ਲਗਦਾ ਹੈ ਲੋਕ ਠੀਕ ਹੀ ਕਹਿੰਦੇ ਹਨ। ਤਾਂ ਹੀ ਤਾਂ ਤੂੰ ਦਰਬਾਰ ਸਾਹਿਬ ਪੁਲਿਸ ਭੇਜੀ ਹੈ ਤਾਂ ਕਿ ਤੂੰ ਕੇਂਦਰ ਦੇ ਹੋਰ ਨੇੜੇ ਹੋ ਜਾਵੇਂ ਤੇ ਉਹ ਤੈਨੂੰ ਹੋਰ ਵੱਡਾ ਅਹੁਦਾ ਦੇ ਦੇਣ। ਤੂੰ ਸਿੱਖਾਂ ਕੋਲੋਂ ਕੀ ਲੈਣਾ ਹੈ? ਤੂੰ ਉਸ ਮਾਂ ਨੂੰ ਤਾਂ ਪਾਰਲੀਮੈਂਟ ਵਿਚ ਸ਼ਰਧਾਂਜਲੀਆਂ ਦੇਂਦਾ ਫਿਰਦਾ ਹੈਂ। ਪਰ ਤੈਨੂੰ ਦਿੱਲੀ ਦੇ ਹਜ਼ਾਰਾਂ ਸਿੱਖ ਗਲਾਂ ਵਿਚ ਟਾਇਰ ਪਏ ਸੜਦੇ ਨਹੀਂ ਦਿਸੇ। ਇਕ ਚਿਤਾ ਚੰਦਨ ਦੀ ਲਕੜੀ ਵਿਚ ਸੜਦੀ ਦਿੱਸ ਪਈ ਤੇ ਉਸ ਨੂੰ ਤੂੰ ਸਿੱਖਾਂ ਦਾ ਨੁਮਾਇੰਦਾ ਹੋ ਕੇ ਸ਼ਰਧਾਂਜਲੀਆਂ ਦੇਵੇਂ ਪਰ ਆਪਣੇ ਭਰਾਵਾਂ ਲਈ ਤੇਰਾ ਮੂੰਹ ਸੀਤਾ ਗਿਆ। ਤੂੰ ਇਕ ਲਫਜ਼ ਮੂੰਹੋ ਨਹੀਂ ਕੱਢ ਸਕਿਆ ਕਿ ਇਹਨਾਂ ਪਿਉਆਂ ਨੂੰ ਕਿਉਂ ਸਾੜਿਆ ਜੇ?

ਇਨ੍ਹਾਂ ਨੂੰ ਛੱਡ ਤੂੰ ਤਾਂ ਜੋਧਪੁਰ ਵਾਲਿਆਂ ਧਰਮੀਆਂ ਨੂੰ ਤੇ ਫੌਜ ਵਿਚੋਂ ਜੋਸ਼ ਵਿਚ ਆ ਕੇ ਆਪਣੇ ਇਸ਼ਟ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਵੀ ਭੁੱਲ ਸੀਤੇ

ਹੋਏ ਹਨ। ਤੂੰ ਤੇ ਤੇਰੇ ਬਾਕੀ ਦੇ ਕੁੱਤੇ ਬਿੱਲੇ ਸ਼ਹੀਦਾਂ ਦੇ ਖ਼ੂਨ 'ਤੇ ਕੁਰਸੀਆਂ ਡਾਹ ਕੇ ਬਹਿ ਗਏ ਹੋ। ਅੱਗੇ ਓਦਾਂ ਹੀ ਬੱਸ ਨਹੀਂ ਇਕ ਤੂੰ ਨਵਾਂ ਹੀ ਰਿਬੇਰੋ ਲੈ ਆਇਆ ਹੈਂ। ਨੌਜਵਾਨ ਉਸਦੇ ਕੀ ਲਗਦੇ ਹਨ? ਉਹ ਤਾਂ ਉਨ੍ਹਾਂ ਲਈ ਬੰਦੂਕਾਂ ਦੇ ਮੂੰਹ ਖੋਲ੍ਹ ਦੇਵੇਗਾ ਤੇ ਤੂੰ ਬੈਠਾ ਬਿਟਰ ਬਿਟਰ ਵੇਖੀ ਜਾਵੇਂਗਾ। ਕਿਉਂਕਿ ਜੇ ਤੂੰ ਉਸਦੇ ਕੰਮ ਵਿਚ ਰੁਕਾਵਟ ਪਾਵੇਂਗਾ, ਤਾਂ ਉਹ, ਜਿਸ ਨੇ ਤੈਨੂੰ ਆਪਣੀ ਪਾਰਟੀ ਦੇ ਕਮਜ਼ੋਰ ਉਮੀਦਵਾਰ ਤੇਰੀ ਪਾਰਟੀ ਦੇ ਮੁਕਾਬਲੇ ਖੜੇ ਕਰਕੇ ਤੈਨੂੰ ਜਿਤਾਇਆ ਹੈ, ਤੇਰੇ ਢੂਹੇ ਉੱਤੇ ਲੱਤ ਮਾਰ ਕੇ ਕੁਰਸੀਓਂ ਭੁੰਜੇ ਸੁੱਟ ਦੇਵੇਗਾ। ਇਸ ਲਈ ਤੂੰ ਸਿਵਾਏ ਮੂਕ ਦਰਸ਼ਕ ਬਣ ਕੇ ਬਹਿਣ ਦੇ ਹੋਰ ਕੁਝ ਨਹੀਂ ਕਰੇਂਗਾ ਤੇ ਉਹ ਤੇਰੀ ਕੌਮ ਤੇਰੀਆਂ ਅੱਖਾਂ ਅੱਗੇ ਹੀ ਖਤਮ ਕਰੀ ਤੁਰਿਆ ਜਾਵੇਗਾ। ਗੋਲੀਆਂ ਨਾਲ ਭੁੰਨੀ ਜਾਵੇਗਾ। ਤਸੀਹਾ ਘਰਾਂ ਵਿਚ ਪੁਠਿਆਂ ਟੰਗ ਟੰਗ ਕੇ ਕੋਹੇਗਾ।"

ਫੇਰ ਮੈਨੂੰ ਯਾਦ ਆਇਆ ਆਪਣਾ ਦੇਸ਼ ਪਿਆਰ, ਜਿਸ ਤੋਂ ਮੈਂ ਏਨਾ ਪ੍ਰਭਾਵਤ ਸਾਂ ਕਿ ਪਾਕਿਸਤਾਨ ਗਿਆ ਤਾਂ ਉਥੇ ਝੂਠ ਬੋਲ ਬੋਲ ਕੇ ਹੀ ਹਿੰਦੋਸਤਾਨ ਦੀ ਸ਼ਾਨ ਵਧਾਉਂਦਾ ਰਿਹਾ। ਅਖੇ ਉਥੇ ਖੰਡ ਚਾਰ ਰੁਪਏ ਕਿਲੋ ਧੱਕੇ ਖਾਂਦੀ ਫਿਰਦੀ ਹੈ, ਜਦੋਂ ਕਿ ਉਦੋਂ ਗੁੜ ਦਾ ਭਾਅ ਵੀ ਪੰਜ ਰੁਪਏ ਕਿਲੋ ਤੋਂ ਘੱਟ ਨਹੀਂ ਸੀ। ਆਟਾ ਡੇਢ ਰੁਪਏ ਕਿਲੋ ਦਸਿਆ, ਮਿਲਦਾ ਢਾਈ ਰੁਪਏ ਕਿਲੋ ਸੀ। ਕੋਈ ਦਾਲ ਛੇ ਰੁਪਏ ਕਿਲੋ ਤੋਂ ਘੱਟ ਨਹੀਂ ਸੀ ਪਰ ਆਖਿਆ, ਉਥੇ ਸਾਡੇ ਤਾਂ ਚਾਰ ਰੁਪਏ ਕਿਲੋ ਉਹ ਦਾਲ ਮਿਲਦੀ ਹੈ, ਜਿਸ ਨੂੰ ਧਰਨ ਤੋਂ ਪਹਿਲਾਂ ਚੁਗਣਾ ਵੀ ਨਹੀਂ ਪੈਂਦਾ ਤੇ ਹੋਰ ਪਤਾ ਨਹੀਂ ਕੀ ਕੀ ਬਕਵਾਸ ਇਸ ਮੁਲਕ ਦੀ ਸ਼ਾਨ ਨੂੰ ਉੱਚਾ ਕਰਨ ਵਾਸਤੇ ਕੀਤਾ। ਟਰੈਕਟਰ ਸਾਡੇ ਆਪਣੇ ਬਣਨ, ਸਕੂਟਰ ਸਾਡੇ ਆਪਣੇ, ਟੈਂਕ ਤੇ ਹਵਾਈ ਜਹਾਜ ਸਾਡੇ ਆਪਣੇ। ਗੱਲ ਕੀ, ਹਿੱਕ ਥਾਪੜ ਕੇ ਆਖਿਆ, ਸਾਡਾ ਭਾਰਤ ਸੂਈ ਤੋਂ ਲੈ ਕੇ ਹਵਾਈ ਜਹਾਜ ਤੱਕ ਆਪ ਬਣਾਉਂਦਾ ਹੈ। ਇਸ ਤਰ੍ਹਾਂ ਜਿਥੇ ਵੀ ਗਿਆ ਏਹੋ ਜਿਹੀਆਂ ਹੀ ਗੱਲਾਂ ਕੀਤੀਆਂ, ਜਿਹੜੀਆਂ ਪੰਜ ਫੀਸਦੀ ਵੀ ਸੱਚੀਆਂ ਨਹੀਂ ਸਨ। ਇਕ ਥਾਂ 'ਤੇ ਤਾਂ ਮੈਂ ਏਥੋਂ ਤੱਕ ਕਹਿ ਦਿੱਤਾ ਪਈ ਜਿਹੜੀਆਂ ਮਸਜਿਦਾਂ ਪਿੰਡਾਂ ਵਿਚ ਮੁਸਲਮਾਨ ਛੱਡ ਕੇ ਆਏ ਸਨ, ਉਵੇਂ ਦੀਆਂ ਉਵੇਂ ਹੀ ਹਨ। ਕਈਆਂ ਵਿਚ ਤਾਂ ਗੁਰਦੁਆਰੇ ਬਣਾ ਲਏ ਹਨ। ਉਨ੍ਹਾਂ ਵਿਚਾਰੇ ਮੁਸਲਮਾਨਾਂ ਨੂੰ ਕੀ ਪਤਾ ਸੀ ਕਿ ਕਿਸੇ ਵੀ ਪਿੰਡ ਵਿਚ ਕੋਈ ਮਸਜਿਦ ਨਹੀਂ ਰਹਿਣ ਦਿੱਤੀ ਗਈ ਤੇ ਜੇ ਕਿਤੇ ਹੈ, ਉਥੇ ਖੋਤੇ ਜਾਂ ਪਸ਼ੂ ਬਝਦੇ ਹਨ। ਪਰ ਮੈਂ ਇਹ ਝੂਠ ਦੇਸ਼ ਪਿਆਰ ਦੇ ਜਜ਼ਬੇ ਥੱਲੇ ਬੋਲ ਰਿਹਾ ਸੀ ਤੇ ਗੀਤਾ ਦੇ ਉਪਦੇਸ਼ ਅਨੁਸਾਰ ਇਹ ਝੂਠ ਝੂਠ ਨਹੀਂ ਸਗੋਂ ਪੁੰਨ ਤੋਂ ਵੀ ਵੱਧ ਲਗਦਾ ਸੀ। ਹਰ ਮੁਸਲਮਾਨ ਦੇ ਸੁਆਲ ਦਾ ਜੁਆਬ ਮੈਂ ਆਪਣੇ ਦੇਸ਼ ਦੀ ਉੱਚੀ ਸ਼ਾਨ ਬਰਕਰਾਰ ਰੱਖਣ ਦੇ ਉਦੇਸ਼ ਨਾਲ ਦੇਂਦਾ, ਭਾਵੇਂ ਉਸ ਵਿਚ ਮੈਨੂੰ ਕਿੰਨਾ ਵੀ ਝੂਠ ਬੋਲਣਾ ਪੈਂਦਾ। ਸਾਡੇ ਹਰ ਪਿੰਡ ਨੂੰ ਪੱਕੀ ਸੜਕ ਹੈ, ਬਿਜਲੀ ਹੈ, ਵੋਹ ਹੈ, ਯੇਹ ਹੈ। ਫਿਰ ਮੈਨੂੰ ਯਾਦ ਆਇਆ ਕਿਵੇਂ ਮੈਂ ਚਾਰ ਵਾਰੀ ਆਪਣੇ ਫੌਜੀ ਵੀਰਾਂ ਨੂੰ ਖ਼ੂਨ ਦਿੱਤਾ ਸੀ। ਪਹਿਲੀ ਵਾਰ 1962 ਵਿਚ ਚੀਨ ਦੀ ਲੜਾਈ ਵੇਲੇ, ਫੇਰ 1965 ਵਿਚ ਪਾਕਿਸਤਾਨ ਦੀ ਜੰਗ ਵੇਲੇ, ਫੇਰ 1971 ਵਿਚ ਪਾਕਿਸਤਾਨ ਦੀ ਦੂਸਰੀ ਜੰਗ ਵੇਲੇ ਤੇ ਫੇਰ ਇਕ ਵਾਰ ਫੌਜੀ ਹਸਪਤਾਲ ਜਲੰਧਰ ਜਾ ਕੇ। ਇਹ ਸਾਰੇ ਸਰਟੀਫਿਕੇਟ ਮੈਂ ਸਾਂਭ ਕੇ ਰੱਖੇ ਹੋਏ ਹਨ। ਕਦੀ ਕਦੀ ਮੈਨੂੰ ਖੁਸ਼ੀ ਹੁੰਦੀ ਸੀ ਕਿ ਮੈਂ ਆਪਣੇ ਫੌਜੀ ਭਰਾਵਾਂ ਨੂੰ ਖ਼ੂਨ ਦਿੱਤਾ ਹੈ। ਪਰ ਹੁਣ ਤਾਂ ਮੈਂ ਹੋਰ ਹੀ ਸੋਚਾਂ ਵਿਚ ਸੀ। ਫੇਰ ਮੈਨੂੰ ਹਿੰਦੋਸਤਾਨ ਦੇ ਇਕ ਵੱਡੇ ਸ਼ਾਇਰ ਸ੍ਰੀ ਅਲਾਮਾ ਇਕਬਾਲ ਦਾ

ਸ਼ੇਅਰ ਯਾਦ ਆ ਗਿਆ, ਜੋ ਉਸ ਨੇ ਇਕ ਵਾਰੀ ਹੋਰ ਤਰ੍ਹਾਂ ਤੇ ਦੂਸਰੀ ਵਾਰ ਹੋਰ ਤਰ੍ਹਾਂ ਲਿਖਿਆ ਸੀ। ਪਹਿਲੀ ਵਾਰ ਉਸ ਨੇ ਲਿਖਿਆ ਸੀ-

"ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ।
ਹਮ ਬੁਲਬੁਲੇ ਹੈ ਇਸਕੀ ਯੇਹ ਗੁਲਸਤਾਂ ਹਮਾਰਾ।"

ਇਹ ਸ਼ੇਅਰ ਏਨਾ ਮਸ਼ਹੂਰ ਹੋਇਆ ਕਿ ਸਕੂਲਾਂ ਵਿਚ ਪ੍ਰਾਰਥਨਾ ਵਜੋਂ ਬਚਿਆਂ ਕੋਲੋਂ ਗਵਾਇਆ ਜਾਣ ਲੱਗਾ। ਇਹ ਸ਼ੇਅਰ ਹਰ ਬੰਦੇ ਦੀ ਜੁਬਾਨ 'ਤੇ ਸੌਖਾ ਹੀ ਚੜ੍ਹ ਗਿਆ ਤੇ ਸਾਰੇ ਲੋਕ ਹੀ ਇਸ ਨੂੰ ਗੁਣਗੁਣਾ ਲੈਂਦੇ। ਪਰ ਓਹੀ ਕਵੀ ਅਲਾਮਾ ਇਕਬਾਲ, ਜਿਸ ਨੇ ਕਦੇ ਇਸ ਦੇਸ਼ ਨੂੰ ਗੁਲਸਤਾਨ ਦੀ ਉਪਾਧੀ ਦਿੱਤੀ ਸੀ, ਇਸ ਦੇਸ਼ ਦੀ ਬਹੁਗਿਣਤੀ ਹਥੋਂ ਏਨਾ ਸਤਾਇਆ ਗਿਆ ਤੇ ਉਸ ਦੀ ਆਤਮਾ ਨੂੰ ਬਹੁਗਿਣਤੀ ਨੇ ਏਨਾ ਕਸ਼ਟ ਪਹੁੰਚਾਇਆ ਕਿ ਉਸ ਨੂੰ ਦੂਸਰਾ ਸ਼ੇਅਰ ਲਿਖਣਾ ਪਿਆ। ਉਹ ਇਸ ਤਰ੍ਹਾਂ ਹੈ-

"ਮੁਦਤੋਂ ਹੁਈ ਹੈਂ, ਇਤਨੀ ਰੰਜੋ ਗਮ ਸਹਿਤੇ ਹੂਏ।
ਸ਼ਰਮ ਸੀ ਆਤੀ ਹੈ, ਇਸ ਵਤਨ ਕੋ ਵਤਨ ਕਹਿਤੇ ਹੂਏ।"

ਸੋਚਦੇ ਸੋਚਦੇ ਮੇਰੀ ਉਨੀਂਦਰੇ ਕਰਕੇ ਅੱਖ ਲੱਗ ਗਈ। ਸੁਪਨੇ ਵਿਚ ਮੈਂ ਪਾਕਿਸਤਾਨ ਦੇ ਘੰਟਾ ਘਰ ਚੌਂਕ ਵਿਚ ਲੋਕਾਂ ਨਾਲ ਘਿਰਿਆ ਖੜ੍ਹਾ ਸੀ। ਇਕ ਮੁਸਲਮਾਨ ਨੇ ਪੁਛਿਆ "ਸਰਦਾਰ ਜੀ, ਤੁਹਾਡੇ ਭਾਰਤ ਵਿਚ ਖੰਡ ਦਾ ਕੀ ਭਾਅ ਹੈ?" ਮੈਂ ਕਿਹਾ, "ਸੱਤ ਰੁਪਏ ਕਿਲੋ।" ਹੈਂ ਹੈਂ, ਅੱਗੇ ਤਾਂ ਤੁਸੀਂ ਕਹਿੰਦੇ ਸੀ ਚਾਰ ਰੁਪਏ ਕਿਲੋ, ਇਹ ਤਿੰਨ ਰੁਪਏ ਕਿਲੋ ਇਕੋ ਦਿਨ ਵਿਚ ਵੱਧ ਗਈ? ਫੇਰ ਇਕ ਹੋਰ ਮੌਲਵੀ ਜੇਹੇ ਨੇ ਦਾਲਾਂ ਦਾ ਭਾਅ ਪੁੱਛ ਲਿਆ। ਮੈਂ ਕਿਹਾ "ਏਹੋ ਹੀ ਸੱਤ-ਅੱਠ ਰੁਪਏ ਕਿਲੋ"। ਇਸ ਤਰ੍ਹਾਂ ਸਾਰੇ ਭਾਅ ਪੁੱਛੀ ਗਏ ਤੇ ਮੈਂ ਠੀਕ ਠੀਕ ਭਾਅ ਦੱਸੀ ਗਿਆ। ਫਿਰ ਇਕ ਨੇ ਪੁਛਿਆ "ਸਰਦਾਰ ਸਾਹਿਬ, ਤੁਹਾਡੇ ਤਾਂ ਜਮਹੂਰੀਅਤ ਹੈ"? "ਹਾਂ" ਮੈਂ ਆਕੜ ਕੇ ਆਖਿਆ। "ਫੇਰ ਆਹ ਭਰਪੂਰ ਸਿੰਘ ਕਾਹਤੋਂ ਫੜਿਆ ਹੋਇਐ? ਜਮਹੂਰੀਅਤ ਤਾਂ ਕਲਮ ਦੀਆਂ ਲਿਖਤਾਂ ਨੂੰ ਸਿਰ ਮੱਥੇ ਮੰਨ ਕੇ ਆਪਣੇ ਵਿਚ ਸੁਧਾਰ ਭਾਵੇਂ ਕਰੇ, ਕਲਮ ਦਾ ਗੁੱਸਾ ਕਰਨਾ ਜਮਹੂਰੀਅਤ ਦੇ ਸੁਭਾਅ ਵਿਚ ਨਹੀਂ ਹੁੰਦਾ ਅਤੇ ਭਰਪੂਰ ਸਿੰਘ ਨੇ ਕਿਹੜਾ ਤੋਪ ਚਲਾ ਦਿੱਤੀ ਸੀ?" ਮੈਂ ਅਜੇ ਜੁਆਬ ਦੇਣ ਲਈ ਮੂੰਹ ਖੋਲ੍ਹਣ ਹੀ ਲੱਗਾ ਸੀ, ਜਦੋਂ ਇਕ ਹੋਰ ਮੁਸਲਮਾਨ ਬੋਲ ਉਠਿਆ, "ਸਰਦਾਰ ਸਾਹਿਬ, ਸਾਡੇ ਦੇਸ਼ ਵਿਚ ਮਾਰਸ਼ਲ ਲਾਅ ਹੈ ਤੇ ਕਾਨੂੰਨ ਮਾਰਸ਼ਲ ਲਾਅ ਦੇ ਅਸਰ ਥੱਲੇ ਹਨ, ਸਾਡਾ ਸੰਵਿਧਾਨ ਵੀ ਨਹੀਂ ਪਰ ਤੁਹਾਡਾ ਸੰਵਿਧਾਨ ਤਾਂ ਹਰ ਥਾਂ ਕਾਨੂੰਨ ਦੀ ਧਾਰਾ ਦੇ ਕੇ ਵਿਆਖਿਆ ਕਰਦਾ ਹੈ। ਸਰਕਾਰ ਨੂੰ ਹਦਾਇਤ ਹੈ ਕਿ ਸੰਵਿਧਾਨ ਦੀ ਕਿਸੇ ਧਾਰਾ ਦਾ ਉਲੰਘਣ ਕਰਨ ਵਾਲਾ ਅਧਿਕਾਰੀ ਦੋਸ਼ੀ ਹੋਵੇਗਾ। ਪਰ ਇਹ ਟਾਡਾ ਐਕਟ ਕੀ ਜੇ? ਇਸ ਸੰਵਿਧਾਨ ਦੀ ਕਿਹੜੀ ਧਾਰਾ ਹੈ, ਜਿਹਦੀ ਵੱਖੀ ਵਿਚ ਇਹ ਹੁੱਝ ਨਹੀਂ ਮਾਰਦਾ ਤੇ ਤੁਹਾਡਾ ਸੰਵਿਧਾਨ ਚੁੱਪ ਕਰਕੇ ਬੈਠਾ ਹੈ।" ਮੈਂ ਫਿਰ ਮੂੰਹ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਇਕ ਨੌਜਵਾਨ ਮੁਸਲਮਾਨ ਬੋਲ ਪਿਆ "ਸਰਦਾਰ ਸਾਹਿਬ ਸਾਡੇ ਫੌਜੀ ਰਾਜ ਹੈ ਤੇ ਤੁਹਾਡੇ ਲੋਕਤੰਤਰ, ਆਓ ਬਹਿ ਕੇ ਹਿਸਾਬ ਕਰੀਏ ਕਿ ਬੰਦੇ ਤੁਹਾਡੇ ਵਾਲੇ ਪਾਸੇ ਜ਼ਿਆਦਾ ਸਰਕਾਰ ਨੇ ਮਾਰੇ ਆ ਕਿ ਏਧਰ ਸਾਡੇ ਵਾਲੇ ਬੰਨੇ?" ਮੈਂ ਘੰਟਾ ਘਰ ਲਾਇਲਪੁਰ ਦੇ ਚੌਂਕ ਵਿਚ ਖੜ੍ਹਾ ਪਬਲਿਕ ਨੂੰ ਇਹ ਦੱਸਣ ਹੀ ਲੱਗਾ ਸੀ ਕਿ ਬੰਦੇ ਤਾਂ..... ਅਜੇ ਇਹ ਗੱਲ ਮੇਰੇ ਮੂੰਹ ਵਿਚ ਹੀ ਸੀ ਇਕ ਹੋਰ ਬੋਲ ਉਠਿਆ "ਸਰਦਾਰ ਜੀ ਕਹਿੰਦੇ

ਤੁਹਾਨੂੰ ਕ੍ਰਿਪਾਨ ਪਾਉਣ ਦਾ ਵੀ ਹੱਕ ਹੈਗਾ?"

"ਹਾਂ ਜੀ, ਬਕਾਇਦਾ ਅਸੀਂ ਕ੍ਰਿਪਾਨ ਪਾ ਸਕਦੇ ਹਾਂ।"

"ਕਿੰਨੇ ਇੰਚ ਦੀ?" ਸਵਾਲ ਸੀ

"ਛੇ ਇੰਚ ਫਲ ਵਾਲੀ।"

"ਸੰਵਿਧਾਨ ਵਿਚ ਸਾਈਜ਼ ਵੀ ਕਿਤੇ ਲਿਖਿਆ ਹੋਇਆ ਹੈ?"

"ਲਿਖਿਆ ਤੇ ਕਿਤੇ ਨਹੀਂ।" ਮੈਂ ਕਿਹਾ।

"ਜਹਾਜ 'ਤੇ ਚੜਨ ਲੱਗੇ ਤੇ ਹਵਾਲਾਤ ਵਿਚ ਵੜਨ ਲੱਗੇ ਵੀ ਪਾ ਸਕਦੇ ਹੋ?"

"ਨਹੀਂ" ਮੈਂ ਜਵਾਬ ਦਿੱਤਾ।

"ਕਿਉਂ ਨਹੀਂ? ਕੀ ਤੁਹਾਡਾ ਸੰਵਿਧਾਨ 25 ਧਾਰਾ ਵਿਚ ਤੁਹਾਨੂੰ ਕ੍ਰਿਪਾਨ ਪਾਉਣ ਦੀ ਲਿਖਤੀ ਗਰੰਟੀ ਨਹੀਂ ਦੇਂਦਾ?" ਮੁਸਲਮਾਨ ਨੇ ਪੁਛਿਆ।

"ਦੇਂਦਾ ਹੈ, ਪਰ ਪਾਉਣ ਨਹੀਂ ਦੇਂਦੇ।"

"ਕੌਣ ਰੋਕਦਾ ਹੈ, ਤੇ ਜਿਹੜਾ ਰੋਕਦਾ ਹੈ, ਉਹ ਕਾਨੂੰਨ ਤੋਂ ਉੱਤੇ ਹੈ?" ਮੁਸਲਮਾਨ ਨੇ ਪੁਛਿਆ

ਮੈਨੂੰ ਜਵਾਬ ਨਾ ਅਹੁੜਿਆ ਤੇ ਮੈਂ ਚੁੱਪ ਰਿਹਾ।

ਇਕ ਮੁਸਲਮਾਨੀ ਬੁਰਕਾ ਪਾਈ ਔਰਤ ਮੇਰੇ ਲਾਗੇ ਆ ਕੇ ਪੁੱਛਣ ਲੱਗੀ, "ਕਹਿੰਦੇ ਤੁਹਾਡੇ ਦੇਸ਼ 'ਚ ਔਰਤ ਨੂੰ ਅਜ਼ਾਦੀ ਬੜੀ ਆ?"

"ਹਾਂ ਜੀ, ਬਿਲਕੁਲ ਸਾਡੇ ਦੇਸ਼ 'ਚ ਔਰਤ ਅਜ਼ਾਦ ਹੈ।" ਮੈਂ ਆਖਿਆ।

"ਅਜ਼ਾਦੀ ਹੈ ਤਾਂ ਫੇਰ ਸੜ ਸੜ ਕੇ ਕਿਉਂ ਮਰਦੀਆਂ ਹਨ? ਸਾਡੇ ਤਾਂ ਕਦੀ ਕੋਈ ਮੁਸਲਮਾਨੀ ਸੜ ਕੇ ਨਹੀਂ ਮਰੀ?"

"ਸ਼ਾਇਦ ਇਸ ਲਈ ਕਿ ਤੁਹਾਡੇ ਮਜ਼ਬ ਵਿਚ ਸੜ ਕੇ ਮਰਨਾ ਗੁਨਾਹ ਹੈ।" ਮੇਰਾ ਜੁਆਬ ਸੀ

"ਪਰ ਸਾਡੇ ਤਾਂ ਕੋਈ ਮੁਸਲਮਾਨੀ ਕਦੇ ਜ਼ਹਿਰ ਪੀ ਕੇ ਜਾਂ ਗੋਲੀਆਂ ਖਾ ਕੇ ਵੀ ਨਹੀਂ ਮਰੀ। ਤੁਹਾਡੇ ਤਾਂ ਸੜਨ ਤੋਂ ਇਲਾਵਾ ਜ਼ਹਿਰ ਵੀ ਰੱਜ ਕੇ ਖਾਂਦੀਆਂ ਹਨ ਤੇ ਹੋਰ ਢੰਗਾਂ ਨਾਲ ਵੀ ਮਰਦੀਆਂ ਹਨ।"

ਮੇਰੇ ਕੋਲ ਇਸ ਸਵਾਲ ਦਾ ਕੋਈ ਜੁਆਬ ਨਹੀਂ ਸੀ। ਇਸ ਲਈ ਮੈਂ ਬਿਟਰ ਬਿਟਰ ਵੇਖਣ ਤੋਂ ਬਗੈਰ ਕੁਝ ਨਾ ਬੋਲਿਆ। ਲੋਕਾਂ ਦੀਆਂ ਅਵਾਜ਼ਾਂ ਸਨ, "ਸਿੱਖ ਇਸ ਕਰਕੇ ਨਹੀਂ ਬੋਲਦਾ, ਇਸ ਨੂੰ ਮੁਸਲਮਾਨੀ ਦਾ ਹੁਸਨ ਲੈ ਡੁੱਬਾ ਹੈ ਤੇ ਜਾਂ ਫਿਰ ਸੱਚੀ ਏਥੋਂ ਨਾਲੋਂ ਉਥੇ ਔਰਤਾਂ ਦੀ ਮੌਤ ਦਰ ਜ਼ਿਆਦਾ ਹੈ।"

ਇਕ ਬੁੱਢਾ ਜਿਹਾ ਮੁਸਲਮਾਨ ਟੋਪੀ ਠੀਕ ਕਰਦਾ ਕਰਦਾ ਬੋਲਿਆ "ਸਰਦਾਰ ਜੀ, ਇਕ ਚੀਜ਼ ਅਸੀਂ ਤੁਹਾਨੂੰ ਕੱਲ੍ਹ ਨਹੀਂ ਸੀ ਪੁੱਛ ਸਕੇ, ਜਦੋਂ ਤੁਸੀਂ ਖੰਡ ਦਾ ਭਾਅ ਚਾਰ ਰੁਪਏ ਕਿਲੋ ਤੇ ਦਾਲਾਂ ਤਿੰਨ ਰੁਪਏ ਕਿਲੋ ਦੱਸ ਰਹੇ ਸੀ, ਸਾਡਾ ਦਿਮਾਗ ਹੀ ਸੁੰਨ ਹੋ ਗਿਆ ਸੀ, ਇਸ ਲਈ ਚੇਤਾ ਭੁੱਲ ਗਿਆ ਸੀ।"

"ਹੁਣ ਪੁੱਛ ਲਓ।" ਮੈਂ ਆਖਿਆ

"ਤੁਹਾਡੇ ਮੰਗਤੇ ਹੈਗੇ?"

ਮੈਨੂੰ ਬੰਗਾਲੀ ਤੇ ਬਿਹਾਰੀ ਮੰਗਤਿਆਂ ਦੀਆਂ ਲਾਈਨਾਂ ਕੇ.ਪੀ. ਬਿਸਕੁਟਾਂ ਵਾਲੇ ਦੇ

ਥੜ੍ਹੇ 'ਤੇ ਬੈਠੀਆਂ, ਡਬਲ ਰੋਟੀਆਂ ਦੀ ਬਾਹਰਲੀ ਛਿੱਲੜ ਜਿਹੀ ਵਾਸਤੇ ਤਰਲੇ ਕੱਢਦੀਆਂ ਦਿੱਸੀਆਂ। ਫਿਰ ਮੈਨੂੰ ਸਟੇਸ਼ਨ 'ਤੇ ਝੁੰਡਾਂ ਦੇ ਝੁੰਡ ਮੰਗਤਿਆਂ ਦੇ ਦਿੱਸੇ। ਫਿਰ ਮੈਨੂੰ ਬਜ਼ਾਰਾਂ ਵਿਚ ਤੁਰੇ ਫਿਰਦੇ ਅੰਨ੍ਹੇ ਦਿਸੇ, ਹੋਰ ਪਿੰਗਲਵਾੜੇ ਤੇ ਅਪਾਹਜ ਆਸ਼ਰਮਾਂ ਦੇ ਘੰਟੀਆਂ ਵਜਾਉਂਦੇ ਚਾਰ ਪਹੀਆਂ ਵਾਲੀ ਰੇੜ੍ਹੀ ਲਈ ਜਾਂਦੇ ਮੰਗਤੇ ਦਿੱਸੇ, ਯਤੀਮਖਾਨੇ ਵਾਲੇ "ਮਰ ਗਏ ਜਿਨ੍ਹਾਂ ਦੇ ਮਾਪੇ, ਮਾਵਾਂ ਠੰਡੀਆਂ ਛਾਵਾਂ" ਗਾਉਂਦੇ ਫਿਰਦੇ ਦਿੱਸੇ, ਫਿਰ ਟੱਲੀਆਂ ਖੜਕਾਉਂਦੇ ਸ਼ਿਵ ਭੋਲੇ ਦੇ ਉਪਾਸ਼ਕ ਦਿੱਸੇ, ਫਿਰ ਮੇਰੀ ਨਿਗ੍ਹਾ ਉਨ੍ਹਾਂ ਮੰਗਤੀਆਂ 'ਤੇ ਗਈ, ਜਿਹੜੀਆਂ ਮੂੰਹੋਂ ਨਹੀਂ ਬੋਲਦੀਆਂ ਤੇ ਇਕ ਖਤ ਜਿਹਾ ਅੱਗੇ ਕਰ ਦੇਂਦੀਆਂ ਹਨ, ਜਿਸ 'ਤੇ ਲਿਖਿਆ ਹੁੰਦਾ ਹੈ, ਇਹ ਬੋਲੀ ਤੇ ਗੂੰਗੀ ਹੈ, ਇਸਦੀ ਮਦਦ ਕਰੋ। ਮੈਨੂੰ ਬੈਰੰਗਾਂ ਦੇ ਪਹੀਆਂ ਵਾਲੀ ਰੇੜ੍ਹੀ 'ਤੇ ਲੰਮਾ ਪਿਆ ਬੰਦਾ, ਜੋ ਇਕ ਗੇਂਡੜੀ ਵਰਗਾ ਲੱਗਦਾ ਹੈ, ਹੱਥਾਂ ਨਾਲ ਰੇੜ੍ਹੀ ਭਜਾਈ ਜਾਂਦਾ ਦਿਸਿਆ। ਫੇਰ ਮੈਨੂੰ ਸਿਨਮੇ ਦੇ ਬਾਹਰ ਹੇ ਰਾਮ, ਹੇ ਰਾਮ ਕਰਦੇ ਦਿੱਸੇ। ਫੇਰ ਭਾਟੜੇ ਤੇ ਨਿਹੰਗ ਦਿੱਸੇ, ਜਿਹੜੇ ਜਨਾਨੀਆਂ ਅਗੇ ਬਾਟਾ ਹੀ ਕਰ ਦੇਂਦੇ ਹਨ। ਉਸ ਤੋਂ ਬਾਅਦ ਮੇਰੀਆਂ ਅੱਖਾਂ ਅੱਗੇ ਸ਼ਨੀ ਦਾ ਤੇਲ ਮੰਗਣ ਵਾਲਿਆਂ ਦਾ ਸੀਨ ਆਇਆ, ਜਿਨ੍ਹਾਂ ਨੇ ਸਰ੍ਹੋਂ ਦੇ ਤੇਲ ਵਾਲੀ ਕੌਲੀ ਵਿਚ ਲੋਹੇ ਦੀਆਂ ਲੋਲੋ ਜਹੀਆਂ ਕੱਟ ਕੇ ਪਾਈਆਂ ਹੁੰਦੀਆਂ ਹਨ ਤੇ ਤੁਰੇ ਜਾਂਦੇ ਲੋਕ ਉਸ ਵਿਚ ਪੈਸੇ ਸੁੱਟੀ ਜਾਂਦੇ ਹਨ। ਫਿਰ ਢੋਲ ਵਜਾ ਕੇ ਭੰਡਾਰੇ ਲਈ ਪੈਸੇ ਮੰਗਦੇ ਲੋਕ ਵੀ ਦਿੱਸੇ, ਮੈਨੂੰ ਕੋਹੜੇ ਵੀ ਦਿੱਸੇ ਜੋ ਇਹ ਕਹਿ ਕੇ ਡੰਡੇ ਨਾਲ ਮੰਗਦੇ ਹਨ ਕਿ ਜੇ ਪੈਸੇ ਨਾ ਦਿੱਤੇ ਤਾਂ ਦਰਵਾਜੇ ਵਿਚਕਾਰ ਬੈਠ ਜਾਵਾਂਗੇ ਤੇ ਬੂਹੇ ਵਿਚ ਥੁੱਕ ਦਿਆਂਗੇ, ਮੈਨੂੰ ਮਾਤਾ ਦੀਆਂ ਭੇਟਾਂ ਗਾਉਣ ਵਾਲੇ ਹੋਰ ਝੰਡਿਆਂ ਵਾਲੇ ਦਿੱਸੇ। ਬਾਬਾ ਬਾਲਕ ਨਾਥ ਨੂੰ ਜਾਣ ਵਾਲੇ ਦਿਸੇ। ਫਿਰ ਮੈਨੂੰ ਸਫੇਦਪੋਸ਼ ਮੰਗਤੇ ਦਿਸੇ, ਜਿਹੜੇ ਇਹ ਕਹਿੰਦੇ ਹਨ ਕਿ ਜੇਬ ਕੱਟੀ ਗਈ ਹੈ, ਕਿਰਾਇਆ ਹੈ ਨਹੀਂ, ਕ੍ਰਿਪਾ ਕਰਕੇ ਕੁਝ ਪੈਸੇ ਦੇ ਦਿਓ। ਏਸੇ ਤਰ੍ਹਾਂ ਹੋਰ ਵੀ ਮੰਗਤੇ ਦਿਸੀ ਜਾਂਦੇ ਸਨ। ਜਦੋਂ ਉਹ ਮੁਸਲਮਾਨ ਫੇਰ ਬੋਲ ਪਿਆ "ਸਰਦਾਰ ਜੀ, ਜੇ ਸਾਡੇ ਏਥੇ ਇਕ ਵੀ ਮੰਗਤਾ ਵਿਖਾ ਦਿਓ, ਤੁਹਾਡੀਆਂ ਜੁੱਤੀਆਂ ਤੇ ਸਾਡਾ ਸਿਰ"। "ਪਰ ਤੁਸੀਂ ਮੰਗਤੇ ਕਿਵੇਂ ਹਟਾਏ ਹਨ"? ਮੈਂ ਪੁਛਿਆ। "ਪਹਿਲਾਂ ਤੁਸੀਂ ਦੱਸੋ, ਤੁਹਾਡੀ ਜਮਹੂਰੀਅਤ ਨੇ ਹੁਣ ਤੱਕ ਕਿਉਂ ਨਹੀਂ ਹਟਾਏ?"

ਇਸ ਸਵਾਲ ਦਾ ਜੁਆਬ ਮੇਰੇ ਕੋਲ ਕਿਥੇ ਸੀ? ਸੱਚਮੁੱਚ ਹੀ ਸਵਾਲ ਬੜਾ ਗੰਭੀਰ ਸੀ। ਚਾਲੀ ਸਾਲ ਦੀ ਅਜ਼ਾਦੀ ਵਿਚ ਅਸੀਂ ਮੰਗਤਿਆਂ ਨੂੰ ਮੰਗਣ ਤੋਂ ਹਟਾ ਕੇ ਕੰਮੀ ਧੰਦੀ ਨਹੀਂ ਲਾ ਸਕੇ, ਜਦੋਂ ਕਿ ਤਾਨਾਸ਼ਾਹੀ ਵਾਲਾ ਮੁਲਕ ਇਸ ਲਾਅਨਤ ਤੋਂ ਕਦੋਂ ਦਾ ਸੁਰਖਰੂ ਹੋ ਕੇ ਬੈਠਾ ਹੈ। ਮੈਨੂੰ ਇਕ ਹੋਰ ਭਲੇ ਪੁਰਖ ਨੇ ਪੁਛਿਆ "ਸਰਦਾਰ ਸਾਹਿਬ, ਬਾਕੀ ਸਭ ਕੁਝ ਭੁੱਲ ਜਾਓ, ਇਹ ਲੋਕ ਤੁਹਾਡਾ ਐਵੇਂ ਵਕਤ ਖਰਾਬ ਕਰ ਰਹੇ ਹਨ, ਤੁਸੀਂ ਮੈਨੂੰ ਸਿਰਫ ਇਕ ਗੱਲ ਦਾ ਹੀ ਜੁਆਬ ਦਿਓ ਕਿ ਤੁਸਾਂ ਸਿੱਖਾਂ ਨੇ ਅਜ਼ਾਦੀ ਤੋਂ ਬਾਅਦ ਹੁਣ ਤੱਕ ਕੀ ਖਟਿਆ ਹੈ?"

"ਖਟਿਆ ਹੀ ਖਟਿਆ ਹੈ, ਸਾਨੂੰ ਤਕਲੀਫ ਵੀ ਕੀ ਹੈ?" ਮੇਰਾ ਜਵਾਬ ਸੀ।

"ਆਰਥਿਕ ਤੌਰ 'ਤੇ ਕੀ ਖਟਿਆ ਹੈ?"

"ਅਸੀਂ ਵਧੀਆ ਕੱਪੜੇ ਪਾਉਂਦੇ ਹਾਂ, ਸਕੂਟਰ ਤੇ ਕਾਰਾਂ ਸਾਡੇ ਥੱਲੇ ਹਨ। ਟਰੈਕਟਰ ਟਰਾਲੀਆਂ ਸਾਡੇ ਕੋਲ ਹਨ, ਹੋਰ ਸਾਨੂੰ ਕੀ ਚਾਹੀਦਾ ਹੈ?"

'ਸੁਣਿਐ ਤੁਸੀਂ ਲੈਂਡ ਮਾਰਟਗੇਜ ਬੈਂਕ ਦੇ ਕਰਜ਼ਾਈ ਹੋ ਤੇ ਵਪਾਰਕ ਬੈਂਕਾਂ ਦੇ ਵੀ

ਕਰਜਾਈ ਹੋ। ਜੇ ਉਹ ਬੈਂਕ ਆਪਣਾ ਦਿੱਤਾ ਹੋਇਆ ਕਰਜਾ ਤੁਹਾਡੇ ਕੋਲੋਂ ਇਕੋ ਵਾਰੀ ਮੰਗ ਲੈਣ ਤਾਂ ਤੁਹਾਡੇ ਟਰੈਕਟਰ, ਟਰਾਲੀਆਂ, ਸਕੂਟਰ, ਕਾਰਾਂ ਨੂੰ ਛੱਡ ਕੇ ਤੁਹਾਡੇ ਟੈਰਾਲੀਨ ਦੇ ਕੱਪੜੇ ਵੀ ਲੁਹਾ ਕੇ ਕਰਜਾ ਪੂਰਾ ਨਹੀਂ ਹੋਣਾ। ਕਿਉਂਕਿ ਤੁਹਾਡੇ ਦੇਸ਼ ਦੇ ਆਰਥਿਕ ਮਾਹਿਰਾਂ ਨੇ ਹੀ ਇਹ ਸਿੱਟਾ ਕਢਿਆ ਹੈ ਕਿ 95 ਫੀਸਦੀ ਕਿਸਾਨ ਕਰਜਾਈ ਹੈ ਤੇ ਉਹ ਓਨਾ ਕਰਜਾਈ ਹੈ, ਜਿੰਨੇ ਉਸ ਦੇ ਸਿਰ 'ਤੇ ਵਾਲ ਹਨ। ਜ਼ਮੀਨਾਂ ਤੁਹਾਡੀਆਂ ਬੈਂਕਾਂ ਕੋਲ ਗਹਿਣੇ ਪਈਆਂ ਹੋਈਆਂ ਹਨ। ਤੁਹਾਡੀ ਸਰਕਾਰ ਬਾਹਰੋਂ ਦੂਜਿਆਂ ਦੇਸ਼ਾਂ ਤੋਂ ਢਾਈ ਸੌ ਰੁਪਏ ਕੁਇੰਟਲ ਕਣਕ ਖਰੀਦਦੀ ਹੈ। ਪਰ ਤੁਸੀਂ ਹੁਣ ਸਾਰੀ ਕਮੀ ਪੂਰੀ ਕਰ ਦਿੱਤੀ ਹੈ, ਇਸ ਲਈ ਸਰਕਾਰ ਨੂੰ ਅਨਾਜ ਬਾਹਰੋਂ ਲੈਣ ਦੀ ਲੋੜ ਨਹੀਂ। ਇਸ ਲਈ ਉਹ ਤੁਹਾਡਾ ਅਨਾਜ ਆਪ ਖਰੀਦਦੀ ਹੈ ਪਰ ਢਾਈ ਸੌ ਰੁਪਏ ਕੁਇੰਟਲ ਦੀ ਥਾਂ ਡੇਢ ਸੌ ਰੁਪਏ ਕੁਇੰਟਲ। ਤੁਹਾਨੂੰ ਸੌ ਰੁਪਏ ਕੁਇੰਟਲ ਦੀ ਕੱਟ ਕਾਹਤੋਂ ਲਾਈ ਜਾਂਦੀ ਹੈ? ਇਹ ਕੱਟ ਲਾ ਕੇ ਕਿਤੇ ਤੁਹਾਡੀ ਸਰਕਾਰ ਅਨਾਜ ਵਿਚ ਆਤਮ ਨਿਰਭਰ ਹੋਣ ਦਾ ਤੁਹਾਨੂੰ ਇਨਾਮ ਤਾਂ ਨਹੀਂ ਦੇ ਰਹੀ?"

ਮੈਂ ਇਨ੍ਹਾਂ ਸਾਰੀਆਂ ਗੱਲਾਂ ਤੋਂ ਇਨਕਾਰੀ ਨਹੀਂ ਸੀ ਹੋ ਸਕਦਾ, ਕਿਉਂਕਿ ਅੰਗਰੇਜ਼ੀ ਦੀ ਕਹਾਵਤ ਹੈ ਕਿ ਤੱਥਾਂ ਅਤੇ ਅੰਕੜਿਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਮੈਨੂੰ ਪਤਾ ਸੀ ਕਿ ਟਰੈਕਟਰ, ਟਰਾਲੀਆਂ, ਜ਼ਮੀਨ ਗਹਿਣੇ ਧਰ ਕੇ ਹੀ ਲਈਆਂ ਹਨ। ਜੇ ਸੱਚ ਮੁੱਚ ਸਰਕਾਰ ਫੌਰੀ ਵਸੂਲੀ ਕਰਨ ਦੀ ਜਿੱਦ ਕਰੇ ਤਾਂ ਟਰੈਕਟਰ ਟਰਾਲੀਆਂ ਤੇ ਡੰਗਰ ਵੱਛਾ ਛੱਡ ਕੇ ਗਲ ਦੇ ਕੱਪੜੇ ਵੇਚ ਕੇ ਵੀ ਬੈਂਕਾਂ ਦਾ ਘਰ ਪੂਰਾ ਨਹੀਂ ਹੋ ਸਕਦਾ। ਫਿਰ ਮੈਂ ਇਸ ਗੱਲ ਨਾਲ ਵੀ ਸਹਿਮਤ ਸੀ ਕਿ ਸਰਕਾਰ ਬਾਹਰੋਂ ਵਾਕਿਆ ਹੀ ਢਾਈ ਸੌ ਰੁਪਏ ਕੁਇੰਟਲ ਤੇ ਸਾਡੇ ਕੋਲੋਂ ਡੇਢ ਸੌ ਰੁਪਏ ਕੁਇੰਟਲ ਕਣਕ ਖਰੀਦਦੀ ਹੈ। ਨਾਲੇ ਉਥੇ ਵਿਦੇਸ਼ੀ ਕਰੰਸੀ ਦੇਣੀ ਪੈਂਦੀ ਹੈ, ਏਥੇ ਆਪਣੇ ਛਪੇ ਹੋਏ ਨੋਟ, ਫਿਰ ਘੱਟ ਕਿਉਂ ਦਿੱਤੇ ਜਾਂਦੇ ਹਨ? ਪਰ ਫਿਰ ਵੀ ਇਹ ਮਤਲਬ ਤਾਂ ਨਹੀਂ ਕਿ ਝੱਗਾ ਚੁੱਕ ਕੇ ਢਿੱਡ ਨੰਗਾ ਕਰਕੇ ਗੁਆਂਢੀ ਨੂੰ ਵਿਖਾਇਆ ਜਾਵੇ। ਇਸ ਖਿਆਲ ਨਾਲ ਮੈਂ ਉਸ ਕੋਲ ਹਾਰ ਨਹੀਂ ਸੀ ਮੰਨਣੀ ਚਾਹੁੰਦਾ। ਪਰ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਸ ਪੁਛ ਲਿਆ, "ਸਰਦਾਰ ਸਾਹਿਬ, ਕਹਿੰਦੇ ਹਨ ਪੰਜਾਬ ਵਿਚ ਤੁਸੀਂ ਸੱਤਰ ਫੀਸਦੀ ਟਰੈਕਟਰ ਖਰੀਦਦੇ ਹੋ ਤੇ ਬਾਕੀ ਸਾਰਾ ਦੇਸ਼ ਤੀਹ ਫੀਸਦੀ ਲੈਂਦਾ ਹੈ। ਪਰ ਇਕ ਵੀ ਟਰੈਕਟਰਾਂ ਦਾ ਕਾਰਖਾਨਾ ਪੰਜਾਬ ਵਿਚ ਨਹੀਂ ਲੱਗਾ, ਇਹ ਕੀ ਗੱਲ?" ਫਿਰ ਉਸ ਨੇ ਅੱਗੇ ਹੋਰ ਸਵਾਲ ਕਰ ਦਿੱਤਾ "ਪੰਜਾਬ ਵਿਚ ਕਿੰਨੀ ਕੁ ਵੱਡੀ ਸਨਅਤ ਲੱਗੀ ਹੈ? ਟਿਊਬਵੈਲਾਂ ਦੀ ਬਿਜਲੀ ਕਿੰਨੇ ਘੰਟੇ ਦਿਨ ਵਿਚ ਆਉਂਦੀ ਹੈ? ਫਿਰੋਜ਼ਪੁਰ ਵਾਲੀ ਨਹਿਰ ਕਿੰਨੀ ਕੁ ਚੱਲਦੀ ਹੈ? ਅੱਜ ਤੱਕ ਉਸ ਨੇ ਕਦੇ ਦੋ ਫਸਲਾਂ ਇਕੱਠੀਆਂ ਵੀ ਸਿੰਜੀਆਂ ਹਨ?" ਮੈਨੂੰ ਇਸ ਤਰ੍ਹਾਂ ਨਮੋਸ਼ੀ ਕਾਰਨ ਚੁੱਪ ਵੇਖ ਕੇ ਕਿਸੇ ਨੇ ਭੀੜ ਵਿਚੋਂ ਕੱਢਣਾ ਚਾਹਿਆ ਤੇ ਮੈਨੂੰ ਬਾਂਹ ਤੋਂ ਫੜ ਕੇ ਖਿੱਚਿਆ। ਖਿੱਚਣ ਵੇਲੇ ਤ੍ਰਭਕ ਕੇ ਮੇਰੀ ਅੱਖ ਖੁੱਲ੍ਹ ਗਈ ਤੇ ਮੈਂ ਵੇਖਿਆ ਬਾਂਹ ਮੇਰੇ ਇਕ ਸਾਥੀ ਨੇ ਫੜੀ ਹੋਈ ਸੀ ਤੇ ਕਹਿ ਰਿਹਾ ਸੀ "ਰੋਟੀ ਆ ਗਈ ਹੈ ਖਾ ਲਈਏ।" ਮੈਂ ਤ੍ਰਭਕ ਕੇ ਉਠਿਆ। ਉਹ! ਏਹ ਤਾਂ ਸੁਪਨਾ ਹੀ ਸੀ। ਹਵਾਲਾਤ ਵਿਚ ਬੈਠਿਆਂ ਵੀ ਸੁਪਨੇ ਆ ਸਕਦੇ ਹਨ ਤੇ ਉਹ ਵੀ ਏਨੇ ਸੱਚੇ, ਮੈਂ ਕਦੀ ਅਨੁਮਾਨ ਹੀ ਨਹੀਂ ਸੀ ਲਾਇਆ। ਹੁਣ ਮੈਂ ਬੈਠਾ-ਬੈਠਾ ਅੱਖਾਂ ਖੋਲ੍ਹ ਕੇ ਸਭ ਗੱਲਾਂ ਧਿਆਨ ਨਾਲ ਸੋਚਣ ਲੱਗਾ। ਕੀ ਖੱਟਿਆ ਅਸਾਂ

ਆਰਥਿਕ ਖੇਤਰ ਵਿਚ? ਜ਼ਮੀਨਾਂ ਗਹਿਣੇ ਪਾ ਕੇ ਟਰਾਲੀਆਂ 'ਤੇ ਜੈ ਜਵਾਨ ਜੈ ਕਿਸਾਨ ਲਿਖਵਾ ਲਿਆ ਤੇ ਕੀ ਇਸ ਤਰ੍ਹਾਂ ਲਿਖਣ ਨਾਲ ਅਸੀਂ ਵਾਹੀਕਾਰ ਖੁਸ਼ਹਾਲ ਹੋ ਗਏ ਹਾਂ? ਮੈਂ ਆਪਣੇ ਆਪ ਨੂੰ ਹੀ ਪੁੱਛ ਰਿਹਾ ਸੀ। ਪਰ ਜੁਆਬ ਕੋਈ ਨਹੀਂ ਸੀ ਆਉਂਦਾ। ਫੇਰ ਰੋਟੀ ਆ ਗਈ ਤੇ ਸਾਰਿਆਂ ਨੇ ਖਾ ਲਈ। ਉਸ ਨਵੇਂ ਫੜੇ ਆਏ ਮੁੰਡੇ ਨੇ ਵੀ ਰੋਟੀ ਖਾਧੀ। ਸ਼ਾਇਦ ਉਹ ਭੁੱਖਾ ਸੀ। ਰੋਟੀ ਖਾ ਚੁੱਕਣ ਤੋਂ ਬਾਅਦ ਉਸ ਨੂੰ ਘੜੀ ਮੁੜੀ ਏਹੋ ਹੀ ਹੌਲ ਉਠੇ "ਮੇਰੀ ਨੌਕਰੀ ਦਾ ਕੀ ਬਣੂ, ਮੇਰੇ ਘਰ ਦੇ ਮੈਨੂੰ ਕੀ ਆਖਣਗੇ। ਮੈਂ ਤਾਂ ਐਵੇਂ ਹੀ ਮਾਰਿਆ ਗਿਆ। ਹੁਣ ਮੈਨੂੰ ਜਾਨੋਂ ਹੀ ਨਾ ਮਾਰ ਦੇਣ?" ਪ੍ਰੇਸ਼ਾਨੀ ਦੀ ਹਾਲਤ ਵਿਚ ਸਾਰੇ ਟੇਡੇ ਮੇਡੇ ਹੋ ਕੇ ਉਥੇ ਹੀ ਸੌਂ ਗਏ। ਪਰ ਨੀਂਦ ਕਾਹਦੀ ਆਉਣੀ ਸੀ?

ਦੂਜੇ ਦਿਨ ਸਵੇਰੇ ਹੀ ਅੱਠ ਵਜੇ ਚਾਹ ਪੀਣ ਤੋਂ ਬਾਅਦ, ਹੱਥਕੜੀਆਂ ਆਈਆਂ ਤੇ ਸਾਡੇ ਵਿਚੋਂ ਦੋ ਜਣਿਆਂ ਨੂੰ ਲੈ ਗਏ। ਉਹ ਕੋਈ ਦਸ ਵਜੇ ਵਾਪਸ ਆਏ ਤੇ ਦੋ ਹੋਰਾਂ ਨੂੰ ਲੈ ਗਏ। ਫਿਰ ਉਹ ਯਾਰਾਂ ਵਜੇ ਵਾਪਸ ਮੁੜੇ ਤਾਂ ਮੇਰੀ ਵਾਰੀ ਆ ਗਈ। ਮੇਰੇ ਨਾਲ ਦੋਵੇਂ ਪੰਡਤ ਭਰਾ ਵੀ ਸੱਦੇ ਗਏ ਸਨ। ਰੈਸਟ ਹਾਊਸ ਪਹੁੰਚੇ ਤਾਂ ਸਾਰਿਆਂ ਨੂੰ ਇਕੋ ਵੱਡੇ ਕਮਰੇ ਵਿਚ ਹੀ ਬਿਠਾ ਦਿੱਤਾ। ਉਥੇ ਹੀ ਅਖ਼ਬਾਰ ਦਾ ਮਾਲਕ ਤੇ ਉਸ ਦਾ ਮੁੰਡਾ ਵੀ ਟਾਟ 'ਤੇ ਬੈਠੇ ਸਨ। ਗੰਜੀ ਟਿੰਡ ਵਾਲੇ ਨੇ ਮੈਨੂੰ ਪੁੱਛਣਾ ਸ਼ੁਰੂ ਕਰ ਦਿੱਤਾ ਤੇ ਮੈਨੇਜਰ ਨੂੰ ਇਕ ਹੋਰ ਅਫ਼ਸਰ ਪੁੱਛ ਗਿੱਛ ਕਰਨ ਲੱਗਾ। ਉਸ ਦੇ ਭਰਾ ਨੂੰ ਦੂਸਰੇ ਕਮਰੇ ਵਿਚ ਸੱਦਿਆ ਹੋਇਆ ਸੀ। ਗੰਜੀ ਟਿੰਡ ਵਾਲੇ ਨੇ ਸਵਾਲ ਉਥੋਂ ਹੀ ਸ਼ੁਰੂ ਕੀਤੇ, ਜਿਥੋਂ ਪਹਿਲਾਂ ਸਾਰੇ ਕਰਦੇ ਰਹੇ ਸਨ ਨਾਂ, ਪਤਾ, ਪੇਸ਼ਾ, ਬੱਚੇ ਕਿੰਨੇ, ਪੜ੍ਹਾਈ-ਲਿਖਾਈ ਵਗੈਰਾ। ਕਿਸ ਕਿਸ ਨੂੰ ਜਾਣਦੇ ਹੋ, ਵਗੈਰਾ ਵਗੈਰਾ। ਫੇਰ ਉਹ ਵਿਚੋਂ ਹੀ ਪੁਛਣੋਂ ਹੱਟ ਗਿਆ ਤੇ ਬਾਹਰ ਚਲਾ ਗਿਆ। ਮੈਂ ਉਥੇ ਹੀ ਬੈਠਾ ਰਿਹਾ। ਜਦੋਂ ਉਹ ਗੰਜਾ ਅਫ਼ਸਰ ਕਿੰਨੀ ਦੇਰ ਤੱਕ ਨਾ ਆਇਆ ਤਾਂ ਮੈਂ ਉਥੇ ਹੀ ਲੰਮਾ ਪੈ ਗਿਆ। ਕੁਝ ਥਕਾਵਟ ਦੂਰ ਕਰਨ ਦੇ ਖਿਆਲ ਨਾਲ। ਫੇਰ ਮੈਂ ਵੇਖਿਆ ਕਿ ਮੈਨੇਜਰ ਨੂੰ ਵੀ ਦੂਸਰੇ ਕਮਰੇ ਵਿਚ ਲਿਜਾ ਰਹੇ ਸਨ। ਮੈਂ ਉਠ ਕੇ ਬੈਠ ਗਿਆ। ਮੇਰਾ ਖਿਆਲ ਸੀ ਸ਼ਾਇਦ ਮੈਨੂੰ ਵੀ ਬੁਲਾਉਣਗੇ। ਹੁਣ ਉਸ ਕਮਰੇ ਵਿਚ ਅਖ਼ਬਾਰ ਦਾ ਮਾਲਕ, ਉਸਦਾ ਮੁੰਡਾ ਤੇ ਮੈਂ ਹੀ ਸਾਂ। ਅਖ਼ਬਾਰ ਦੇ ਮਾਲਕ ਨੇ ਮੈਨੂੰ ਪੁੱਛਿਆ "ਤੁਸੀਂ ਸਰਦਾਰ ਜੀ, ਕਿਥੋਂ ਦੇ ਰਹਿਣ ਵਾਲੇ ਹੋ?" ਮੈਂ ਆਪਣਾ ਥਹੁ ਪਤਾ ਦੱਸਿਆ। ਫਿਰ ਉਸ ਪੁੱਛਿਆ "ਤੁਹਾਨੂੰ ਕਿਵੇਂ ਫੜਿਆ?" ਮੈਂ ਸੰਖੇਪ ਜਿਹਾ ਉੱਤਰ ਦੇ ਦਿੱਤਾ। ਮੇਰੇ ਘਰ ਵਾਲੀ ਜਗ੍ਹਾ ਸ਼ਾਇਦ ਉਸ ਅੱਗੇ ਨਹੀਂ ਸੀ ਸੁਣੀ। ਉਸ ਬਾਰੇ ਉਸ ਨੇ ਫਿਰ ਪੁਛਿਆ ਇਹ ਕਿਹੜੀ ਥਾਂ ਹੋਈ? ਮੈਂ ਇਸ ਦਾ ਵੀ ਜਵਾਬ ਦੇ ਦਿੱਤਾ। ਫੇਰ ਉਸ ਨੇ ਮੈਨੂੰ ਮੇਰਾ ਨਾਂ ਪੁਛਿਆ ਤਾਂ ਮੈਂ ਆਪਣਾ ਨਾਂ ਦੱਸ ਦਿੱਤਾ। ਹੁਣ ਉਲਟਾ ਮੈਂ ਉਸ ਨੂੰ ਪੁਛਿਆ, "ਜੀ ਤੁਸੀਂ ਅਖ਼ਬਾਰ ਕਢਦੇ ਹੋ?" "ਹਾਂ ਜੀ ਮੇਰਾ ਨਾਂ ਭਰਪੂਰ ਸਿੰਘ ਹੈ।" "ਅੱਛਾ। ਇਹ ਸਰਦਾਰ ਜੀ, ਤੁਹਾਡੇ ਲੜਕੇ ਹਨ?" ਮੈਂ ਪੁਛਿਆ। ਫੇਰ ਮੈਂ ਸ਼ੱਕੀ ਜਿਹੀ ਨਜ਼ਰ ਚੁਫੇਰੇ ਮਾਰੀ ਤਾਂ ਮੈਨੂੰ ਇਕ ਤਾਰ ਦੇ ਨਾਲ ਮਾਈਕ ਜਿਹਾ ਇਕ ਅਟੈਚੀ ਦੇ ਪਿਛੇ ਪਿਆ ਦਿੱਸਿਆ। ਉਸ ਕਮਰੇ ਵਿਚ ਅਟੈਚੀ ਵਗੈਰਾ ਪਏ ਹੀ·ਹੋਏ ਸਨ। ਉਹ ਤਾਰ ਬਾਹਰ ਵੱਲ ਜਾ ਰਹੀ ਸੀ। ਮੈਂ ਉਧਰ ਨਜ਼ਰ ਮਾਰੀ ਤਾਂ ਮੈਨੇਜਰ ਖੜਾ ਸੀ ਪਰ ਉਸ ਨੂੰ ਇਕ ਅਫ਼ਸਰ ਨੇ ਬੁੱਲਾ ਕੇ ਮੂੰਹ 'ਤੇ ਉਂਗਲੀ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ, ਜੋ ਮੈਂ ਪੂਰੀ ਤਰ੍ਹਾਂ ਵੇਖ ਲਿਆ। ਫਿਰ ਉਸ ਅਫ਼ਸਰ ਨੇ ਮੈਨੇਜਰ ਨੂੰ ਬਾਂਹ ਤੋਂ ਫੜ ਕੇ ਪਰੇ ਵੱਲ ਖਿੱਚ ਲਿਆ। ਹੁਣ ਮੈਨੂੰ ਸਮਝ

ਲੱਗ ਗਈ ਸੀ ਕਿ ਮੇਰੀਆਂ ਗੱਲਾਂ ਅਖ਼ਬਾਰ ਦੇ ਮਾਲਕ ਨਾਲ ਟੇਪ ਕਰਨ ਲਈ ਇਹ ਸਾਰਾ ਅਡੰਬਰ ਰਚਿਆ ਗਿਆ ਹੈ। ਤਾਂ ਹੀ ਸਾਰੇ ਕਮਰੇ ਵਿਚੋਂ ਬਾਹਰ ਚਲੇ ਗਏ ਸਨ ਤੇ ਸਾਨੂੰ ਤਿੰਨਾਂ ਨੂੰ ਇਕੱਠੇ ਛਡਿਆ ਗਿਆ ਹੈ। ਵੈਸੇ ਤਾਂ ਮੈਂ ਉਨ੍ਹਾਂ ਪਿਉ ਪੁੱਤਾਂ ਨੂੰ ਪਹਿਲਾਂ ਵੀ ਬਿਲਕੁਲ ਨਹੀਂ ਸੀ ਜਾਣਦਾ। ਪਰ ਹੁਣ ਤਾਂ ਉਹ ਟੇਪ ਹੀ ਇਸ ਕਰਕੇ ਕਰ ਰਹੇ ਸਨ ਕਿ ਪਤਾ ਲੱਗੇ ਕਿ ਇਹ ਪਹਿਲਾਂ ਵੀ ਇਕ ਦੂਜੇ ਨੂੰ ਜਾਣਦੇ ਹਨ ਕਿ ਨਹੀਂ? ਇਸ ਲਈ ਮੈਂ ਨਾ ਤਾਂ ਉਨ੍ਹਾਂ ਨੂੰ ਕੋਈ ਇਸ਼ਾਰਾ ਕੀਤਾ ਤੇ ਨਾ ਹੀ ਆਪ ਉਨ੍ਹਾਂ ਨੂੰ ਪ੍ਰਗਟ ਕੀਤਾ ਕਿ ਮੈਂ ਟੇਪ ਕਰਨ ਵਾਲੀ ਗੱਲ ਸਮਝ ਗਿਆ ਹਾਂ। ਇਸ ਲਈ ਉਨ੍ਹਾਂ ਨੂੰ ਪੱਕਾ ਯਕੀਨ ਕਰਾਉਣ ਵਾਸਤੇ ਕਿ ਮੈਂ ਉਨ੍ਹਾਂ ਨੂੰ ਨਹੀਂ ਜਾਣਦਾ, ਗੱਲਬਾਤ ਇਸ ਤਰ੍ਹਾਂ ਸ਼ੁਰੂ ਕੀਤੀ ;

ਮੈਂ – "ਸਰਦਾਰ ਸਾਹਿਬ, ਤੁਸੀਂ ਇਹ ਦੱਸੋ ਕਿ ਅੱਜ ਤੋਂ ਪਹਿਲਾਂ ਤੁਸਾਂ ਕਦੇ ਮੈਨੂੰ ਵੇਖਿਆ ਹੈ ਜਾਂ ਮੈਂ ਤੁਹਾਨੂੰ ਮਿਲਿਆ ਹਾਂ?"

ਉਹ – "ਨਹੀਂ, ਅੱਜ ਪਹਿਲੀ ਵਾਰ ਤੁਹਾਡੇ ਦਰਸ਼ਨ ਹੋਏ ਹਨ।"

ਮੈਂ – "ਲਓ ਜੀ, ਮੈਨੂੰ ਕੱਲ ਦੇ ਵੀਹ ਵਾਰ ਪੁੱਛ ਬੈਠੇ ਆ ਪਈ ਤੂੰ ਇਨ੍ਹਾਂ ਨੂੰ ਜਾਣਦਾ ਹੈ? ਤੁਸੀਂ ਹੀ ਕਸਮ ਖਾ ਕੇ ਦੱਸੋ ਪਈ ਤੁਸੀਂ ਮੈਨੂੰ ਜਾਣਦੇ ਹੋ? ਜਾਂ ਤੁਹਾਡਾ ਲੜਕਾ ਮੈਨੂੰ ਜਾਣਦਾ ਹੈ?"

ਉਹ – "ਨਾ ਨਾ, ਜਾਨਣ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ। ਮੈਂ ਕਿਤੇ ਵੀ ਜਾ ਕੇ ਕਸਮ ਖਾਣ ਨੂੰ ਤਿਆਰ ਹਾਂ। ਪਰ ਇਹ ਐਡੇ ਹਰਾਮਜਾਦੇ ਹਨ ਕਿ ਐਵੇਂ ਹੀ ਬਾਤ ਦਾ ਬਤੰਗੜ ਬਣਾਈ ਜਾਂਦੇ ਹਨ।" ਉਸ ਦੀ ਗੱਲ ਮੁਕਦਿਆਂ ਹੀ ਉਸਦਾ ਮੁੰਡਾ ਬੋਲ ਪਿਆ "ਲਓ ਅੰਕਲ, ਮੈਂ ਅੱਜ ਤੁਹਾਨੂੰ ਪਹਿਲੀ ਵਾਰ ਵੇਖਿਆ ਹੈ ਤੇ ਮੈਨੂੰ ਅਜੇ ਵੀ ਤੁਹਾਡੇ ਨਾਂ ਦਾ ਪਤਾ ਨਹੀਂ। ਪਰ ਮੈਨੂੰ ਕਹਿੰਦੇ ਆ ਤੂੰ ਕੁਲਬੀਰ ਸਿੰਘ ਨਾਂ ਦੇ ਬੰਦੇ ਨੂੰ ਜਾਣਦਾ ਹੈ। ਮੈਂ ਬਥੇਰਾ ਕਹਿਨਾਂ, ਬਈ ਮੈਂ ਨਹੀਂ ਜਾਣਦਾ, ਘੜੀ ਮੁੜੀ ਉਹੋ ਹੀ ਸਵਾਲ ਪੁੱਛਦੇ ਹਨ। ਮੈਂ ਤਾਂ ਉਨ੍ਹਾਂ ਨੂੰ ਓਦਣ ਦਾ ਈ ਕਹਿਨਾ ਪਈ ਮੈਨੂੰ ਗੁਰੂ ਦੀ ਕਸਮ ਲੱਗੇ, ਮੈਨੂੰ ਭਾਵੇਂ ਕਿਸੇ ਗੁਰਦੁਆਰੇ ਲੈ ਚੱਲੋ, ਮੈਂ ਕਸਮ ਖਾਂਦਾ ਹਾਂ, ਪਈ ਮੈਂ ਉਨ੍ਹਾਂ ਨੂੰ ਜਾਣਦਾ ਤਾਂ ਕੀ ਕਦੀ ਨਾਂ ਵੀ ਨਹੀਂ ਸੁਣਿਆ।" ਉਸ ਮੁੰਡੇ ਦਾ ਪਿਓ ਜੋ ਸਾਰੀਆਂ ਟੇਪ ਵਗੈਰਾ ਕਰਨ ਦੀਆਂ ਗੱਲਾਂ ਤੋਂ ਬੇਖਬਰ ਸੀ, ਵਿਚੇ ਹੀ ਬੋਲ ਪਿਆ "ਇਹ ਬੜੇ ਭੈਣ.............. ਹੁੰਦੇ ਆ ਜੀ, ਐਵੇਂ ਹੀ ਅਗਲੇ ਨੂੰ ਬੇਵਕੂਫ ਬਣਾਈ ਫਿਰਦੇ ਆ।" ਹੁਣ ਉਨ੍ਹਾਂ ਨੂੰ ਸ਼ਾਇਦ ਯਕੀਨ ਹੋ ਚੁੱਕਾ ਸੀ ਕਿ ਇਹ ਇਕ ਦੂਸਰੇ ਨੂੰ ਨਹੀਂ ਜਾਣਦੇ ਤੇ ਨਾਲੇ ਹੋ ਸਕਦਾ ਹੈ ਗਾਲ੍ਹਾਂ ਖਾ ਕੇ ਵੀ ਰੱਜ ਗਏ ਹੋਣ, ਇਸ ਲਈ ਉਨ੍ਹਾਂ ਨੇ ਕੜੱਕ ਦੀ ਅਵਾਜ ਨਾਲ ਟੇਪ ਬੰਦ ਕਰ ਦਿੱਤੀ, ਜੋ ਮੈਂ ਆਪ ਸੁਣੀ। ਫਿਰ ਉਨ੍ਹਾਂ ਉਹ ਟੇਪ ਇਕ ਚਪੜਾਸੀ ਨੂੰ ਫੜਾਇਆ ਤੇ ਉਹ ਫੜ ਕੇ ਸ਼ਾਇਦ ਦੂਸਰੇ ਕਮਰੇ ਵਿਚ ਲੈ ਗਿਆ। ਜਿਥੇ ਗੰਜੇ ਹੋਣੀ ਬੈਠੇ ਸਨ ਤੇ ਉਨ੍ਹਾਂ ਨੇ ਵਜਾ ਕੇ ਉਹ ਟੇਪ ਵੇਖਣੀ ਸੀ।

ਕੋਈ ਵੀਹ ਕੁ ਮਿੰਟ ਬਾਅਦ ਗੰਜਾ ਵਾਪਸ ਆ ਗਿਆ ਤੇ ਫੇਰ ਕੁਰਸੀ 'ਤੇ ਬੈਠ ਗਿਆ। ਹੁਣ ਮੈਂ ਉਸ ਦੀਆਂ ਅੱਖਾਂ ਵੱਲ ਵੇਖਿਆ ਤਾਂ ਮੈਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਹ ਕਹਿ ਰਿਹਾ ਹੋਵੇ "ਨਹੀਂ ਯਾਰ ਸਾਨੂੰ ਹੀ ਗਲਤੀ ਲੱਗੀ ਸੀ, ਤੁਸੀਂ ਇਕ ਦੂਜੇ ਦੇ ਵਾਕਫ ਨਹੀਂ, ਲੱਗ ਗਿਆ ਪਤਾ ਸਾਨੂੰ"। ਮੈਂ ਅੰਦਰੋ ਬੜਾ ਖੁਸ਼ ਸੀ। ਮੈਂ ਸੋਚਦਾ ਸੀ ਕਿ ਜਿਹੜਾ ਯਕੀਨ ਉਨ੍ਹਾਂ ਨੂੰ ਸੁਤੇ ਸਿੱਧ ਹੀ ਹੋ ਗਿਆ ਹੈ, ਵੈਸੇ ਕਰਾਉਣਾ ਹੁੰਦਾ ਤਾਂ

ਸ਼ਾਇਦ ਮੈਥੋਂ ਇਨ੍ਹਾਂ ਨੂੰ ਯਕੀਨ ਕਰਵਾ ਹੀ ਨਾ ਹੁੰਦਾ।

ਫਿਰ ਉਸ ਮੈਨੂੰ ਪੁਛਿਆ "ਚਾਹ ਪੀਓਗੇ"? "ਨਹੀਂ ਜੀ, ਚਾਹ ਦੀ ਲੋੜ ਤਾਂ ਨਹੀਂ ਪਰ ਜੇ ਇਕ ਗੱਲ ਹੋਰ ਕਰ ਸਕੋ ਤਾਂ ਉਹ ਮਿਹਰਬਾਨੀ ਕਰਕੇ ਕਰਵਾ ਦਿਓ। ਜਿਸ ਹਵਾਲਾਤ ਵਿਚ ਸਾਨੂੰ ਰੱਖਿਆ ਹੋਇਆ ਹੈ, ਉਹ ਵੱਧ ਤੋਂ ਵੱਧ ਦੋ-ਤਿੰਨ ਆਦਮੀਆਂ ਵਾਸਤੇ ਹੈ ਪਰ ਅਸੀਂ ਉਥੇ ਅੱਠ ਜਣੇ ਹਾਂ, ਫਿਰ ਟੱਟੀ ਜਾਣ ਦਾ ਕੋਈ ਪ੍ਰਬੰਧ ਨਹੀਂ, ਸਫਾਈ ਕਰਨ ਕੋਈ ਨਹੀਂ ਆਉਂਦਾ। ਮੈਨੂੰ ਅੱਜ ਤਿੰਨ ਦਿਨ ਹੋ ਗਏ ਹਨ ਟੱਟੀ ਗਏ ਨੂੰ। ਜਦੋਂ ਮੈਂ ਉਧਰ ਜਾਨਾ, ਮੇਰਾ ਜੀਅ ਖਰਾਬ ਹੋ ਜਾਂਦਾ ਹੈ। ਮੈਨੂੰ ਉਲਟੀ ਆ ਜਾਂਦੀ ਹੈ। ਮੈਨੂੰ ਗੈਸ ਦੀ ਸ਼ਿਕਾਇਤ ਵੀ ਪਹਿਲਾਂ ਤੋਂ ਹੀ ਹੈ। ਟੱਟੀ ਨਾ ਆਉਣ ਕਰਕੇ ਗੈਸ ਬਹੁਤ ਹੋ ਗਈ ਹੈ। ਮੈਂ ਠੀਕ ਤਰ੍ਹਾਂ ਤੁਰ ਫਿਰ ਵੀ ਨਹੀਂ ਸਕਦਾ। ਵੇਖੋ ਮੇਰਾ ਪੇਟ ਕਿਵੇਂ ਤਣਿਆ ਪਿਆ ਹੈ" ਤੇ ਕਹਿ ਕੇ ਮੈਂ ਬੁਸ਼ਰਟ ਚੁੱਕ ਕੇ ਢਿੱਡ ਵਿਖਾ ਦਿੱਤਾ। ਫੇਰ ਮੈਂ ਉਸ ਦੇ ਮੂੰਹ ਵੱਲ ਵੇਖਣ ਲੱਗ ਪਿਆ, ਜਿਵੇਂ ਪੁੱਛ ਰਿਹਾ ਹੋਵਾਂ "ਪੁੱਤ ਹੁਣ ਦੱਸ ਸਫਾਈ ਕਿਵੇਂ ਨਾ ਕਰਵਾਏਂਗਾ?" ਪਰ ਮੈਂ ਵੇਖਿਆ ਗੰਜੇ ਅਫ਼ਸਰ ਦੀਆਂ ਅੱਖਾਂ ਵਿਚ ਇਹ ਗੱਲ ਸੁਣ ਕੇ ਚਮਕ ਆ ਗਈ ਹੈ ਤੇ ਨਾਲ ਹੀ ਉਸਦਾ ਚਿਹਰਾ ਹੱਸ ਪਿਆ। ਮੁਸਕਰਾਹਟ ਉਸ ਦਿਆਂ ਬੁੱਲਾਂ 'ਤੇ ਸਪਸ਼ਟ ਵਿਖਾਈ ਦੇਣ ਲੱਗੀ।

ਉਸ ਗੰਜੇ ਨੇ ਮੇਰੇ ਵੱਲ ਵੇਖੇ ਤੋਂ ਬਗੈਰ ਹੀ ਕਹਿ ਦਿੱਤਾ "ਅੱਛਾ ਅਭੀ ਕਰਵਾਏਗੇਂ ਸਫਾਈ"। "ਤੇ ਮੈਨੂੰ ਦਵਾਈ ਵੀ ਲੈ ਦਿਓ। ਮੈਂ ਕਦੇ ਵੀ ਐਮ.ਡੀ. ਡਾਕਟਰ ਤੋਂ ਘੱਟ ਦਵਾਈ ਨਹੀਂ ਲਈ, ਜੇ ਮੈਨੂੰ ਟੱਟੀਆਂ ਜ਼ਿਆਦਾ ਲੱਗ ਜਾਣ ਤਾਂ ਉਹ ਵੀ ਛੇਤੀ ਕੰਟਰੋਲ ਨਹੀਂ ਹੁੰਦੀਆਂ।" ਇਹ ਗੱਲ ਕਹਿ ਕੇ ਮੈਂ ਉਸ ਨੂੰ ਇਕ ਹੋਰ ਅੜਾਉਣੀ ਪਾ ਦਿੱਤੀ ਸੀ। ਅਸਲ ਵਿਚ ਮੈਨੂੰ ਕੋਈ ਤਕਲੀਫ ਤਾਂ ਹੈ ਹੀ ਨਹੀਂ ਸੀ, ਸਿਰਫ ਮੈਂ ਤਾਂ ਉਨ੍ਹਾਂ ਨੂੰ ਵਾਹਣੇ ਹੀ ਪਾਉਣਾ ਚਾਹੁੰਦਾ ਸਾਂ ਪਰ ਉਹ ਗੰਜਾ ਇਸ ਸਭ ਕੁਝ ਨੂੰ ਸੱਚ ਮੰਨ ਬੈਠਾ ਸੀ, ਕਹਿਣ ਲੱਗਾ "ਤੁਸੀਂ ਤਾਂ ਸ਼ਿਕਾਇਤ ਕਰਦੇ ਹੋ, ਕਿ ਉਥੇ ਆਦਮੀ ਜ਼ਿਆਦਾ ਹਨ, ਅਸੀਂ ਤਾਂ ਇਨ੍ਹਾਂ ਦੋਵਾਂ ਨੂੰ ਵੀ ਉਥੇ ਹੀ ਭੇਜ ਰਹੇ ਹਾਂ।" "ਹੱਦ ਹੋ ਗਈ ਜੀ, ਤੁਸੀਂ ਦੱਸੋ ਉਸ ਏਨੇ ਕਮਰੇ ਵਿਚ ਦਸ ਬੰਦੇ ਰਹਿ ਸਕਦੇ ਹਨ? ਫੇਰ ਟੱਟੀ ਜਾਣ ਦੀ ਮੁਸ਼ਕਲ ਅਤੇ ਉਪਰੋਂ ਗਰਮੀ ਕਿੰਨੀ ਹੈ।" ਹੁਣ ਮੇਰਾ ਗੁੱਸਾ ਕਾਬੂ ਤੋਂ ਬਾਹਰ ਹੋ ਚੁੱਕਾ ਸੀ। "ਬਾਊ ਜੀ, ਏਹ ਤਸੀਹੇ ਦੇਣ ਨਾਲੋਂ ਪੁਲਿਸ ਮੁਕਾਬਲਾ ਹੀ ਕਿਉਂ ਨਹੀਂ ਬਣਵਾ ਦੇਂਦੇ? ਅਸੀਂ ਸਾਰੇ ਆਪਣਾ ਆਪਣਾ ਨਾਂ ਲਿਖ ਕੇ ਆਪਣੀਆਂ ਜੇਬਾਂ ਵਿਚ ਪਾ ਲੈਂਦੇ ਹਾਂ ਤਾਂ ਕਿ ਸਾਡੀਆਂ ਲਾਸ਼ਾਂ ਜਲਦੀ ਪਛਾਣੀਆਂ ਜਾਣ।" ਮੈਂ ਰਾਤ ਵਾਲੇ ਮੁੰਡੇ ਵਾਲੀ ਗੱਲ ਰੜਕਾ ਦਿੱਤੀ ਸੀ। ਇਹ ਗੱਲ ਏਨੀ ਜ਼ਹਿਰੀਲੀ ਤੀਰ ਵਾਂਗ ਉਸ ਦੇ ਕਾਲਜੇ ਵੱਜੀ ਕਿ ਉਸ ਦਾ ਮੂੰਹ ਫੱਕ ਹੋ ਗਿਆ। ਉਹ ਸਮਝ ਗਿਆ ਕਿ ਉਸ ਨੇ ਇਨ੍ਹਾਂ ਨੂੰ ਸਾਰੀ ਗੱਲ ਦੱਸ ਦਿੱਤੀ ਹੈ। ਉਹ ਕੁਝ ਬੋਲਿਆ ਨਾਂ ਸਗੋਂ ਗੱਲ ਨੂੰ ਲਾਂਭੇ ਪਾਉਣ ਲਈ ਆਖਣ ਲੱਗਾ, "ਅਸੀਂ ਤਾਂ ਜਲੰਧਰੋਂ ਹੀ ਨਹੀਂ ਸੀ ਆਉਣਾ ਚਾਹੁੰਦੇ ਪਰ ਉਥੇ ਦਖਲਅੰਦਾਜ਼ੀ ਬਹੁਤ ਸੀ। ਇਕ ਬੰਦੇ ਨੂੰ ਤਾਂ ਸਾਡੇ ਹੱਥਾਂ ਵਿਚੋਂ ਹੀ ਖੋਹ ਕੇ ਲੈ ਗਏ ਤੇ ਜਾ ਕੇ ਹਸਪਤਾਲ ਜਮ੍ਹਾ ਕਰਵਾ ਦਿੱਤਾ।" "ਤੇ ਤੁਸੀਂ ਕੀ ਚਾਹੁੰਦੇ ਸੀ ਕਿ ਤੁਸੀਂ ਉਸ ਨੂੰ ਜੀਊਂਦੇ ਨੂੰ ਹਸਪਤਾਲ ਦਾਖਲ ਕਰਵਾਉਣ ਦੀ ਥਾਂ ਉਸ ਦਾ ਮਰਿਆ ਹੋਇਆ ਸਰੀਰ ਹਸਪਤਾਲ ਲੈ ਕੇ ਖੁਦ ਆਪ ਜਾਂਦੇ? ਜੇ ਉਸ ਦੇ ਘਰ ਦੇ ਉਸ ਨੂੰ ਚੁੱਕ ਕੇ ਹਸਪਤਾਲ ਲੈ ਗਏ ਤਾਂ ਉਨ੍ਹਾਂ ਕੀ ਬੁਰਾ ਕੀਤਾ? ਉਹ ਉਸ ਨੂੰ ਚੁੱਕ ਕੇ ਰੂਪੋਸ਼

ਤਾਂ ਨਹੀਂ ਸੀ ਹੋ ਗਏ? ਇਸ ਵਿਚ ਉਨ੍ਹਾਂ ਗੈਰਕਾਨੂੰਨੀ ਕੀ ਕੀਤੀ?" ਇਹ ਗੱਲ ਵੀ ਗੰਜੇ ਦੇ ਗਿੱਟੇ ਵੱਜੀ।

"ਬਾਊ ਜੀ, ਮੇਰੇ ਪਿਤਾ ਜੀ ਨੇ ਇਸ ਹਿੰਦੋਸਤਾਨ ਨੂੰ ਅਜ਼ਾਦ ਕਰਵਾਉਣ ਵਾਸਤੇ ਛੇ ਸਾਲ ਕੈਦ ਕੱਟੀ ਸੀ। ਪਹਿਲਾਂ ਉਹ ਅੰਗਰੇਜ਼ਾਂ ਦੇ ਤਸੀਹੇ ਝਲਦੇ ਰਹੇ, ਹੁਣ ਅਸੀਂ ਝੱਲਣ 'ਤੇ ਮਜਬੂਰ ਹਾਂ। ਪਰ ਅੰਗਰੇਜ਼ਾਂ ਦੇ ਰਾਜ ਵੇਲੇ ਵੀ ਇਸ ਹਵਾਲਾਤ ਵਿਚ ਦਸ ਬੰਦੇ ਉਨ੍ਹਾਂ ਕਦੇ ਨਾ ਰੱਖੇ ਹੋਣਗੇ ਤੇ ਤੁਸੀਂ ਅਜ਼ਾਦ ਭਾਰਤ ਵਿਚ, ਉਸ ਕੁੜ ਵਿਚ ਬਲਕਿ ਕਾਲਕੋਠੜੀ ਅੰਦਰ ਏਨੀ ਗਰਮੀ ਵਿਚ ਦਸ ਬੰਦੇ ਰੱਖਣ ਲੱਗੇ ਹੋ।" ਕਈ ਅਫ਼ਸਰ ਹੋਰ ਵੀ ਉਥੇ ਇਹ ਗੱਲਾਂ ਸੁਣ ਰਹੇ ਸਨ, ਕਿਉਂਕਿ ਇਸ ਅਰਸੇ ਦੌਰਾਨ ਮੈਨੇਜਰ ਤੇ ਉਸਦੇ ਭਰਾ ਵਾਲੀ ਟੀਮ ਵੀ ਕਮਰੇ ਵਿਚ ਆ ਚੁੱਕੀ ਸੀ। ਲੱਗਪੱਗ ਛੇ ਕੁ ਅਫ਼ਸਰ ਹੋਣਗੇ ਜਦੋਂ ਗੰਜੇ ਤੇ ਮੇਰਾ ਵਾਦ-ਵਿਵਾਦ ਚੱਲ ਰਿਹਾ ਸੀ।

ਮੈਂ ਕਿਹਾ "ਤੁਸਾਂ ਸਾਨੂੰ ਗ੍ਰਿਫਤਾਰ ਕੀਤਾ, ਕਿਸ ਤਾਕਤ ਨਾਲ? ਕਾਨੂੰਨ ਨਾਲ। ਹੁਣ ਤੁਸੀਂ ਸਾਡੀ ਪੁੱਛਗਿੱਛ ਕਰ ਰਹੇ ਹੋ, ਤੁਹਾਨੂੰ ਇਹ ਅਖਤਿਆਰ ਕਿਸ ਨੇ ਦਿੱਤਾ? ਕਾਨੂੰਨ ਨੇ। ਕਾਨੂੰਨ ਅਨੁਸਾਰ ਤੁਸੀਂ ਸਾਨੂੰ ਗ੍ਰਿਫਤਾਰ ਕਰਕੇ, ਸਾਡੇ ਘਰਾਂ ਦੀ ਤਲਾਸ਼ੀ ਲੈ ਕੇ, ਪੁੱਛਗਿੱਛ ਕਰਕੇ, ਅਦਾਲਤ ਅੱਗੇ ਚਲਾਨ ਪੇਸ਼ ਕਰਨਾ ਹੈ। ਇਸ ਵਿਚ ਕਾਨੂੰਨ ਤੁਹਾਨੂੰ ਇਹ ਸਭ ਕੁਝ ਕਰਨ ਦੀ ਸ਼ਕਤੀ ਦੇਂਦਾ ਹੈ ਪਰ ਤੁਹਾਨੂੰ ਕਾਨੂੰਨ ਕਿਤੇ ਵੀ ਇਹ ਸ਼ਕਤੀ ਨਹੀਂ ਦੇਂਦਾ ਕਿ ਤੁਸੀਂ ਸਾਨੂੰ ਪਸ਼ੂਆਂ ਵਾਂਗ ਰੱਖੋ ਤੇ ਸਾਨੂੰ ਜ਼ਰੂਰੀ ਜ਼ਿੰਦਗੀ ਦੀਆਂ ਚੀਜ਼ਾਂ ਵੀ ਨਾ ਦਿਓ। ਟੱਟੀ ਜਾਣਾ ਮਨੁੱਖ ਦੀ ਕੁਦਰਤੀ ਕਿਰਿਆ ਹੈ ਪਰ ਜਿਥੇ ਤੁਸੀਂ ਸਾਨੂੰ ਰਖਿਆ ਹੈ ਉਥੇ ਬੰਦਾ ਟੱਟੀ ਨਹੀਂ ਜਾ ਸਕਦਾ। ਜ ਸਾਡਾ ਯਕੀਨ ਨਹੀਂ ਤਾਂ ਤੁਸੀਂ ਸਿਰਫ ਸਾਨੂੰ ਉਸ ਥਾਂ ਤੱਕ ਹੀ ਜਾ ਕੇ ਵਿਖਾਓ, ਜਿਥੇ ਅਸੀਂ ਪਸ਼ਾਬ ਤੇ ਟੱਟੀ ਕਰਦੇ ਹਾਂ।"

"ਪਰ ਸਰਦਾਰ ਜੀ, ਹਵਾਲਾਤਾਂ ਅਸੀਂ ਤਾਂ ਨਹੀਂ ਬਣਾਈਆਂ, ਉਹ ਤਾਂ ਅੰਗਰੇਜ਼ਾਂ ਦੇ ਵੇਲੇ ਦੀਆਂ ਹੀ ਬਣੀਆਂ ਹੋਈਆਂ ਹਨ", ਇਕ ਲੰਬੇ ਜਿਹੇ ਆਈ.ਬੀ. ਵਾਲੇ ਨੇ ਕਿਹਾ। "ਫਿਰ ਬਾਊ ਜੀ, ਪੁੱਛਗਿੱਛ ਵਾਸਤੇ ਵੀ ਅੰਗਰੇਜ਼ ਹੀ ਸੱਦ ਲਓ, ਤੁਸੀਂ ਕਾਹਨੂੰ ਤਕਲੀਫ ਕਰਦੇ ਹੋ? ਹਵਾਲਾਤਾਂ ਅੰਗਰੇਜ਼ਾਂ ਦੀਆਂ ਤੇ ਪੁਛਣ ਵਾਰੀ ਸਾਡੇ ਕੋਲੋਂ ਚੰਦਰਮਾਂ ਲੋਕ ਦੀ ਜਾਣਕਾਰੀ ਵੀ ਚਾਹੁੰਦੇ ਹੋ।" ਫਿਰ ਮੈਨੂੰ ਥੋੜਾ ਜਿਹਾ ਗੁੱਸਾ ਆਇਆ, ਮੈਂ ਆਖਿਆ "ਕੀ ਗੱਲ ਅਸੀਂ ਹਿੰਦੋਸਤਾਨ ਦੇ ਰਹਿਣ ਵਾਲੇ ਨਹੀਂ?"

ਅਫ਼ਸਰ – "ਅਸੀਂ ਕਦੋਂ ਆਖਦੇ ਹਾਂ ਨਹੀਂ।"

ਮੈਂ – "ਫਿਰ ਸਾਡੇ ਵਾਸਤੇ ਟੱਟੀ ਜਾਣ ਲਈ ਢੁਕਵੀਂ ਥਾਂ ਦਾ ਪ੍ਰਬੰਧ ਕਿਉਂ ਨਹੀਂ ਕੀਤਾ ਜਾਂਦਾ?"

ਅਫ਼ਸਰ – (ਹੱਸ ਕੇ) "ਲਓ, ਤੁਸਾਂ ਟੱਟੀ ਹੀ ਜਾਣਾ ਹੈ, ਤੁਸਾਂ ਕਿਹੜਾ ਉਥੇ ਬੈਠੇ ਰਹਿਣਾ ਹੈ।"

ਮੈਂ – "ਚਲੋ ਇਕ ਵਾਰ ਤੁਸੀਂ ਵੀ ਸਾਡੇ ਆਖੇ ਲੱਗ ਕੇ ਸਾਡੇ ਵਾਲੇ ਥਾਂ ਹੀ ਟੱਟੀ ਬੈਠ ਲਿਓ, ਤੁਸਾਂ ਵੀ ਮੁੜ ਕੇ ਏਥੇ ਹੀ ਆ ਜਾਣਾ ਹੈ, ਤੁਸੀਂ ਕਿਹੜਾ ਉਥੇ ਬੈਠੇ ਰਹਿਣਾ ਹੈ।"

ਬਾਕੀ ਅਫ਼ਸਰ ਖਿੜ ਖਿੜਾ ਕੇ ਹੱਸ ਪਏ।

ਇਕ ਹੋਰ ਬੋਲਿਆ "ਸਰਦਾਰ ਜੀ, ਗੁਜਾਰਾ ਹੀ ਕਰਨਾ ਹੈ, ਥੋੜੇ ਦਿਨਾਂ ਦੀ ਗੱਲ

ਹੈ, ਤੁਸੀਂ ਸਾਨੂੰ ਸਾਰੀ ਗੱਲ ਦੱਸੋ ਸੱਚੀ ਸੱਚੀ ਤੇ ਅਸੀਂ ਤੁਹਾਨੂੰ ਛੱਡਣ ਵਾਲੇ ਬਣੀਏ।"

ਮੈਂ - "ਮਹਾਤਮਾ ਗਾਂਧੀ, ਜਿਸ ਨੂੰ ਤੁਸੀਂ ਰਾਸ਼ਟਰ ਪਿਤਾ ਮੰਨਦੇ ਹੋ, ਦਾ ਇਹ ਕਹਿਣਾ ਸੀ ਕਿ 'ਮੇਰਾ ਸ਼ੌਚਆਲਯ ਇਤਨਾ ਸਾਫ ਹੋ ਕਿ ਮੈਂ ਵਹਾਂ ਬੈਠ ਕੇ ਗੀਤਾ ਕਾ ਪਾਠ ਕਰ ਸਕੂੰ' ਤੇ ਪਤਾ ਜੇ ਇਹ ਮੰਗ ਮਹਾਤਮਾ ਜੀ ਨੇ ਕਿਥੇ ਕੀਤੀ ਸੀ?"

ਇਕ ਅਫ਼ਸਰ - "ਕਿਥੇ?"

ਮੈਂ - "ਅਹਿਮਦਾਬਾਦ ਕੇਂਦਰੀ ਜੇਲ੍ਹ ਵਿਚ। ਕੀ ਗੱਲ ਮਹਾਤਮਾ ਜੀ ਨੂੰ ਮਾੜੇ ਥਾਂ ਟੱਟੀ ਨਹੀਂ ਸੀ ਆਉਂਦੀ? ਤੇ ਉਹ ਇਹ ਮੰਗ ਵੀ ਇਕ ਵਿਦੇਸ਼ੀ ਸਰਕਾਰ ਕੋਲੋਂ ਕਰ ਰਿਹਾ ਸੀ, ਜਦੋਂ ਕਿ ਅਸੀਂ ਆਪਣੀ ਸਰਕਾਰ ਕੋਲੋਂ ਕਰ ਰਹੇ ਹਾਂ ਤੇ ਉਸ ਦੇਸ਼ ਦੇ ਸ਼ਹਿਰੀਆਂ ਵਜੋਂ, ਜਿਨ੍ਹਾਂ ਦੇਸ਼ ਲਈ ਨੱਬੇ ਫੀਸਦੀ ਕੁਰਬਾਨੀਆਂ ਕੀਤੀਆਂ ਹਨ।"

ਅਫ਼ਸਰ - "ਫਿਰ ਅੰਗਰੇਜ਼ ਅਫ਼ਸਰਾਂ ਨੇ ਇਹ ਗੱਲ ਮੰਨ ਲਈ ਸੀ?"

ਮੈਂ - "ਹਾਂ, ਬਿਲਕੁਲ ਉਸੇ ਤਰ੍ਹਾਂ ਹੀ, ਜਿਸ ਤਰ੍ਹਾਂ ਮਹਾਤਮਾ ਨੇ ਮੰਗ ਕੀਤੀ ਸੀ। ਮਹਾਤਮਾ ਜੀ ਨੇ ਕਿਹਾ ਸੀ, ਸਰਦੀਆਂ ਦੇ ਦਿਨਾਂ ਵਿਚ ਮੈਂ ਠੰਡੇ ਕਮੋਡ 'ਤੇ ਬੈਠ ਨਹੀਂ ਸਕਦਾ। ਪਹਿਲਾਂ ਕਮੋਡ ਨੂੰ ਫਰਨੈਲ ਨਾਲ ਸਾਫ ਕਰਵਾਇਆ ਜਾਏ, ਫੇਰ ਉਸ ਨੂੰ ਗਰਮ ਕਰਕੇ ਸਟੈਂਡ 'ਤੇ ਰੱਖਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਉਹ ਠੰਡਾ ਨਾ ਲੱਗੇ। ਇਹ ਮੰਗ ਉਸ ਆਦਮੀ ਦੀ ਸੀ, ਜੋ ਹਿੰਦੋਸਤਾਨ ਦੀ ਜ਼ਿਆਦਾਤਰ ਨੰਗੀ ਅਬਾਦੀ ਨੂੰ ਵੇਖ ਕੇ ਆਪ ਸਿਰਫ ਇਕ ਲੰਗੋਟੀ ਹੀ ਪਾਉਂਦਾ ਸੀ। ਦੂਸਰੇ ਪਾਸੇ ਅਸੀਂ ਉਹ ਬੰਦੇ ਮੰਗ ਕਰ ਰਹੇ ਹਾਂ, ਜੋ ਵੋਟ ਦਾ ਹੱਕ ਰੱਖਦੇ ਹਾਂ। ਜਦੋਂ ਕਿ ਗਾਂਧੀ ਜੀ ਵੋਟ ਦਾ ਹੱਕ ਨਹੀਂ ਸਨ ਰੱਖਦੇ। ਅਸੀਂ ਆਮਦਨ ਟੈਕਸ ਦੇਂਦੇ ਹੋਣ ਤੋਂ ਇਲਾਵਾ ਦੇਸ਼ ਲਈ ਕੁਰਬਾਨੀਆਂ ਕਰਦੇ ਰਹੇ ਹਾਂ। ਮੇਰੇ ਪਿਤਾ ਜੀ ਨੂੰ ਇਕ ਕੇਸ ਵਿਚ ਕਾਲੇ ਪਾਣੀ ਦੀ ਸਜ਼ਾ ਹੋਈ ਸੀ ਪਰ ਬਾਅਦ ਵਿਚ ਉਹ ਬਰੀ ਹੋ ਗਏ। ਫਿਰ ਵੀ ਉਨ੍ਹਾਂ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਜੇਲ੍ਹਾਂ ਵਿਚ ਛੇ ਸਾਲ ਦੀ ਕੈਦ ਕੱਟੀ ਸੀ। ਫਿਰ ਅਸੀਂ ਫਰਨੈਲ ਨਹੀਂ ਮੰਗਦੇ, ਗਰਮ ਕਮੋਡ ਨਹੀਂ ਮੰਗਦੇ, ਸਿਰਫ ਇਹ ਹੀ ਕਹਿੰਦੇ ਹਾਂ ਕਿ ਜੇ ਸਾਨੂੰ ਉਥੇ ਰੱਖਣਾ ਹੈ ਤਾਂ ਘੱਟ ਘੱਟ ਦੋ ਵਾਰ ਦਿਨ ਵਿਚ ਸਫਾਈ ਤਾਂ ਕਰਵਾ ਦਿਆ ਕਰੋ। ਇਸ ਵਿਚ ਅਸਾਂ ਕੀ ਐਸਾ ਕਹਿ ਦਿੱਤਾ ਹੈ, ਜੋ ਤੁਹਾਡੇ ਵੱਸੋਂ ਬਾਹਰ ਹੈ?"

ਇਕ ਅਫ਼ਸਰ - "ਸਰਦਾਰ ਸਾਹਿਬ, ਮੱਤ ਭੂਲੋ ਕਿ ਆਪ ਮੁਜਰਿਮ ਹੈ, ਔਰ ਮੁਜਰਿਮੋ ਕੇ ਸਾਥ ਐਸਾ ਹੀ ਸਲੂਕ ਹੋਤਾ ਹੈ।"

ਮੈਂ - ਬਹੁਤ ਗੁੱਸੇ ਵਿਚ "ਜਿੰਨਾ ਚਿਰ ਅਦਾਲਤ ਸਾਨੂੰ ਮੁਜਰਿਮ ਕਰਾਰ ਨਹੀਂ ਦੇ ਦੇਂਦੀ, ਤਦ ਤੱਕ ਅਸੀਂ ਸ਼ੱਕੀ ਹਾਂ, ਦੋਸ਼ੀ ਨਹੀਂ, ਸ਼ਾਇਦ ਸ੍ਰੀਮਾਨ ਜੀ, ਤੁਹਾਡੀ ਜਾਣਕਾਰੀ ਬਹੁਤ ਘੱਟ ਹੈ।" ਮੇਰੀ ਇਹ ਗੱਲ ਸੁਣ ਕੇ ਸਾਰਿਆਂ ਨੇ ਉਸ ਅਫ਼ਸਰ ਨੂੰ ਘੂਰਿਆ ਤੇ ਚੁੱਪ ਰਹਿਣ ਦੀ ਹਦਾਇਤ ਕੀਤੀ। ਫਿਰ ਇਕ ਅਫ਼ਸਰ ਅੱਗੇ ਆਇਆ ਤੇ ਉਸ ਮੇਰਾ ਮੋਢਾ ਫੜ ਕੇ ਬੜੇ ਪਿਆਰ ਨਾਲ ਕਿਹਾ "ਸਰਦਾਰ ਸਾਹਿਬ, ਹਮ ਆਪਸੇ ਵਾਦਾ ਕਰਤੇ ਹੈਂ ਕਿ ਆਪ ਕੀ ਸਹੂਲਤ ਕਾ ਪੂਰਾ ਖਿਆਲ ਰੱਖੇਂਗੇ, ਸਫਾਈ ਕਾ ਪ੍ਰਬੰਧ ਭੀ ਕਰਵਾ ਦੇਤੇ ਹੈਂ, ਦੋ ਬਾਰ ਸਫਾਈ ਹੋਗੀ। ਹਮ ਆਪ ਕੋ ਤਕਲੀਫ ਦੇ ਕਰ ਖੁਸ਼ ਨਹੀਂ ਹੈ। ਯਕੀਨ ਮਾਨੋਂ ਯਹ ਹਮਾਰੀ ਮਜਬੂਰੀ ਹੈ, ਨਹੀਂ ਤੋਂ ਹਮ ਭੀ ਯਹਾਂ ਕਹਾਂ ਸੁਖੀ ਹੈ। ਆਪ ਦੇਖੀਏ ਹਮ ਕਰੀਬ ਸੋਲ੍ਹਾ-ਸਤਰਾਂ ਅਫ਼ਸਰ ਤੀਨ ਕਮਰੋਂ ਮੇਂ ਰਹਿਤੇ ਹੈ। ਹਮ ਸਮਝਤੇ ਹੈਂ ਕਿ ਆਪ ਬਹੁਤ

ਤਕਲੀਫ ਮੇਂ ਹੈ। ਮੈਂ ਅਭੀ ਆਪ ਕੀ ਗੈਸ ਕੇ ਲਿਏ ਦਵਾਈ ਕਾ ਭੀ ਪ੍ਰਬੰਧ ਕਰਤਾ ਹੂੰ, ਆਪ ਬੇਫਿਕਰ ਹੋ ਕੇ ਜਾਈਏ। ਅਗਰ ਕਾਮ ਨਹੀਂ ਹੋਗਾ ਤੋ ਫਿਰ ਹਮੇਂ ਕਹਿਨਾ।"

ਮੈਂ – "ਚਲੋ ਠੀਕ ਹੈ ਜੀ।"

ਇਕ ਅਫ਼ਸਰ – "ਸਰਦਾਰ ਜੀ, ਪਲੀਜ਼, ਏਕ ਬਾਤ, ਯਹ ਮੈਂ ਸਿਰਫ ਆਮ ਜਾਣਨੇ ਕੇ ਲੀਏ ਹੀ ਪੂਛ ਰਹਾਂ ਹੂੰ, ਯੇ ਮਹਾਤਮਾ ਗਾਂਧੀ ਵਾਲੀ ਬਾਤ ਕਿਸ ਕਿਤਾਬ ਮੇਂ ਲਿਖੀ ਹੈ?"

ਮੈਂ – "ਇਹ ਉਨ੍ਹਾਂ ਨੇ ਆਪਣੀ ਆਤਮ ਕਥਾ ਵਿਚ ਵੀ ਲਿਖੀ ਹੈ ਤੇ ਸ੍ਰੀ ਮਹਿਤਾ ਨੇ ਇਕ ਕਿਤਾਬ "Truth of Mr. Gandhi" (ਸੱਚ ਅਤੇ ਸ੍ਰੀ ਗਾਂਧੀ) ਲਿਖੀ ਹੈ, ਉਸ ਵਿਚ ਵੀ ਹੈ।" ਕੋਲੋਂ ਅਖ਼ਬਾਰ ਦਾ ਮਾਲਕ ਬੋਲ ਪਿਆ, "ਉਸ ਵਿਚ ਇਹ ਤਾਂ ਲਿਖਿਆ ਹੀ ਹੈ, ਹੋਰ ਵੀ ਬਹੁਤ ਕੁਝ ਲਿਖਿਆ ਹੋਇਆ ਹੈ। ਜਿਸ ਤਰ੍ਹਾਂ ਗਾਂਧੀ ਜੀ ਦੋ ਕੁੜੀਆਂ ਨੂੰ ਨੰਗੀਆਂ ਕਰਕੇ ਆਪਣੇ ਨਾਲ ਇਹ ਵੇਖਣ ਲਈ ਸਵਾਉਂਦੇ ਸਨ ਕਿ ਅਜੇ ਵੀ ਮੇਰੇ ਵਿਚਲਾ ਕਾਮ ਮਰਿਆ ਹੈ ਕਿ ਨਹੀਂ? ਫਿਰ ਇਹ ਵੀ ਲਿਖਿਆ ਹੈ ਕਿ ਜਦੋਂ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਹੋ ਗਈ ਸੀ ਤੇ ਉਨ੍ਹਾਂ ਦਾ ਸਰੀਰ ਘਰ ਵਿਚ ਹੀ ਪਿਆ ਸੀ ਤਾਂ ਉਹ ਆਪਣੀ ਪਤਨੀ ਨਾਲ ਸਹਿਵਾਸ ਕਰ ਰਹੇ ਸਨ।"

ਉਪਰੋਕਤ ਗੱਲਾਂ ਹੋਣ ਨਾਲ ਤਕਰੀਬਨ ਕੁੜੱਤਣ ਵਾਲਾ ਮਾਹੌਲ ਖ਼ਤਮ ਹੋ ਗਿਆ ਸੀ ਤੇ ਸਾਰੇ ਖੁਸ਼ ਜਿਹੇ ਹੀ ਸਨ। ਸਾਰਿਆਂ ਦੀਆਂ ਹੱਥਕੜੀਆਂ ਫੜ ਕੇ ਸਿਪਾਹੀ ਤੁਰ ਪਏ ਤੇ ਗੱਡੀਆਂ ਵਿਚ ਬੈਠ ਕੇ ਵਾਪਸ ਥਾਣੇ ਆ ਗਏ। ਹੁਣ ਉਸ ਹਵਾਲਾਤ ਵਿਚ ਦਸ ਆਦਮੀ ਸਨ। ਥਾਂ ਤਾਂ ਥੋੜ੍ਹੀ ਸੀ, ਪਰ ਪ੍ਰੇਮ ਮੁਹੱਬਤ ਵੀ ਦੁੱਖ ਮੁਸੀਬਤਾਂ ਵਿਚ ਕੁਝ ਜ਼ਿਆਦਾ ਹੀ ਆ ਜਾਂਦਾ ਹੈ। ਸਾਰਿਆਂ ਨੇ ਬੈਠ ਕੇ ਦੁਪਹਿਰ ਦੀ ਰੋਟੀ ਖਾਧੀ। ਫੇਰ ਉਥੇ ਬੈਠੇ ਸੀ.ਬੀ.ਆਈ. ਦੇ ਬੰਦੇ ਨੂੰ ਆਖ ਕੇ ਚਾਹ ਮੰਗਵਾਈ। ਅਖ਼ਬਾਰ ਦੇ ਮਾਲਕ ਨੂੰ ਨੇਤਾ ਜੀ ਆਖਦੇ ਸਨ। ਉਨ੍ਹਾਂ ਦੀ ਗੱਲਬਾਤ ਬੜੀ ਚੰਗੀ ਹੁੰਦੀ ਸੀ, ਕਿਉਂਕਿ ਉਹ ਇਕ ਵਾਰ ਹਜ਼ਾਰੀ ਬਾਗ ਜੇਲ੍ਹ 'ਚ ਵੀ ਐਨ.ਐਸ.ਏ. ਵਿਚ ਰਹਿ ਆਏ ਸਨ, ਇਸ ਲਈ ਉਨ੍ਹਾਂ ਨੂੰ ਜੇਲ੍ਹ ਤੇ ਥਾਣਿਆਂ ਦਾ ਕੁਝ ਤਜਰਬਾ ਵੀ ਸੀ। ਉਨ੍ਹਾਂ ਦੇ ਕਹਿਣ ਮੁਤਾਬਕ, ਇਹ ਸਾਡਾ ਇਸ ਕੇਸ ਵਿਚ ਕੁਝ ਨਹੀਂ ਵਿਗਾੜ ਸਕਦੇ। ਸਿਰਫ ਪ੍ਰੇਸ਼ਾਨੀ ਹੀ ਹੈ। ਹਾਲਾਂਕਿ ਉਨ੍ਹਾਂ ਦੋਹਾਂ ਪਿਓ ਪੁੱਤਾਂ ਨੇ ਉਸ ਬੈਂਕ ਵਾਲੇ ਨੂੰ ਨਾਲ ਜਾ ਕੇ ਫੜਵਾਇਆ ਸੀ ਪਰ ਫਿਰ ਵੀ ਉਸ ਬੈਂਕ ਵਾਲੇ ਨੂੰ ਉਨ੍ਹਾਂ 'ਤੇ ਕੋਈ ਗੁੱਸਾ ਨਹੀਂ ਸੀ ਤੇ ਜਿੰਨੇ ਦਿਨ ਉਥੇ ਰਹੇ, ਉਸ ਨੇ ਐਸੀ ਕੋਈ ਗੱਲ ਨਹੀਂ ਕੀਤੀ, ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਉਹ ਇਨ੍ਹਾਂ ਨਾਲ ਨਰਾਜ਼ ਹੈ ਤੇ ਕੋਈ ਬਦਲਾ ਲਊ ਕਾਰਵਾਈ ਕਰ ਸਕਦਾ ਹੈ। ਸਾਰਾ ਦਿਨ ਤੇ ਰਾਤ ਨੂੰ ਕੇਸ ਦੀਆਂ ਹੀ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਅਖ਼ਬਾਰ ਦਾ ਮਾਲਕ ਸਾਰਿਆਂ ਨੂੰ ਦੱਸ ਰਿਹਾ ਸੀ, "ਭਾਵੇਂ ਉਥੇ ਸਾਨੂੰ ਰੈਸਟ ਹਾਊਸ ਵਿਚ ਰਖਿਆ ਹੋਇਆ ਸੀ ਪਰ ਅਸੀਂ ਪਿਓ ਪੁੱਤਰ ਉਥੇ ਬਹੁਤ ਔਖੇ ਸਾਂ। ਹਰ ਵੇਲੇ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਬਘਿਆੜ ਅਗੇ ਬੱਕਰੀ ਬੰਨ੍ਹੀ ਹੋਈ ਹੋਵੇ। ਏਥੇ ਆ ਕੇ ਮੈਂ ਬਹੁਤ ਰਾਹਤ ਮਹਿਸੂਸ ਕਰ ਰਿਹਾਂ ਹਾਂ। ਭਾਵੇਂ ਏਥੇ ਗਰਮੀ ਹੈ ਤੇ ਉਥੇ ਪੱਖੇ ਸਨ ਪਰ ਏਥੇ ਦਿਮਾਗੀ ਅਰਾਮ ਹੈ।" ਉਹ ਕੁਝ ਗਾਲੜੀ ਕਿਸਮ ਦੇ ਆਦਮੀ ਹਨ, ਇਸ ਲਈ ਉਹ ਸਾਰਿਆਂ ਨੂੰ ਬਹੁਤ ਗੱਲਾਂ ਸੁਣਾਉਂਦੇ ਰਹਿੰਦੇ ਸਨ। ਖਾਸ ਤੌਰ 'ਤੇ ਉਹ ਇਹ ਦਾਅਵਾ ਕਰਦੇ ਸਨ ਕਿ ਉਹ ਇੰਦਰਾ ਗਾਂਧੀ ਕੋਲ ਜਦੋਂ ਜੀ

ਚਾਹੇ ਜਾ ਸਕਦੇ ਸਨ। ਬਲਕਿ ਉਹ ਜਦੋਂ ਵੀ ਜਾਣ, ਉਹ ਪਾਰਲੀਮੈਂਟ ਛੱਡ ਕੇ ਆ ਕੇ ਉਨ੍ਹਾਂ ਨੂੰ ਮਿਲਦੀ ਸੀ। ਉਹ ਇਹ ਵੀ ਦੱਸਦੇ ਸਨ ਕਿ ਉਹ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਵੀ ਬਹੁਤ ਨੇੜੇ ਸਨ ਤੇ ਉਨ੍ਹਾਂ ਦੇ ਕਹਿਣ 'ਤੇ ਹੀ ਉਹ ਇੰਦਰਾ ਗਾਂਧੀ ਨੂੰ ਮਿਲਦੇ ਸਨ। ਇਹ ਇੰਦਰਾ ਗਾਂਧੀ ਨੂੰ ਮਿਲਣ ਵਾਲਾ ਫੈਸਲਾ ਦੋ ਵਾਰ ਹੋਇਆ ਸੀ ਤੇ ਉਸ ਮੀਟਿੰਗ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਜੀ ਤੇ ਉਹ ਆਪ, ਸਾਰੇ ਫੈਸਲਾ ਕਰਕੇ ਉਸ ਨੂੰ ਮਿਲੇ ਸਨ ਅਤੇ ਇੰਦਰਾ ਗਾਂਧੀ ਅਨੰਦਪੁਰ ਦਾ ਮਤਾ ਇਨ ਬਿੰਨ, ਜਿਵੇਂ ਹੈ, ਉਸੇ ਤਰ੍ਹਾਂ ਹੀ, ਮੰਨ ਗਈ ਸੀ ਤੇ ਇਹ ਰਿਕਾਰਡ, ਉਨ੍ਹਾਂ ਦੇ ਕਹਿਣ ਮੁਤਾਬਕ, ਅਜੇ ਵੀ ਅਕਾਲੀ ਦਲ ਦੇ ਦਫਤਰ ਵਿਚ ਮੌਜੂਦ ਹੈ। ਇੰਦਰਾ ਗਾਂਧੀ ਨੇ ਅਨੰਦਪੁਰ ਮਤੇ ਉਤੇ ਲਿਖ ਕੇ ਭੇਜਿਆ ਸੀ, "Agreed as it is." (ਜਿਵੇਂ ਹੈ, ਉਵੇਂ ਹੀ ਮਨਜ਼ੂਰ ਹੈ)। ਫੇਰ ਉਹ ਇਹ ਵੀ ਦੱਸਿਆ ਕਰਦੇ ਸਨ ਕਿ ਜਥੇਦਾਰ ਟੌਹੜਾ ਉਨ੍ਹਾਂ ਦਾ ਪਿਓ ਬਣਿਆ ਹੋਇਆ ਹੈ ਤੇ ਉਹ ਉਸ ਦਾ ਪੁੱਤਰ ਹੈ। ਜਦੋਂ ਵਿਚੋਂ ਕੋਈ ਪੁੱਛਦਾ ਨੇਤਾ ਜੀ, ਤੁਹਾਡੀ ਤੇ ਉਨ੍ਹਾਂ ਦੀ ਉਮਰ ਤਾਂ ਇਕੋ ਜਿਹੀ ਹੀ ਹੈ ਤਾਂ ਉਹ ਕਹਿੰਦੇ ਮੇਰਾ ਉਨ੍ਹਾਂ ਨਾਲ ਪਿਛਲੇ ਜਨਮ ਦਾ ਸਬੰਧ ਹੈ। ਪਿਛਲੇ ਜਨਮ ਵਿਚ ਉਹ ਮੇਰਾ ਪਿਓ ਸੀ। ਕਈ ਵਾਰ ਉਹ ਇਹ ਵੀ ਦਸਿਆ ਕਰਦੇ ਕਿ ਉਹ ਮਹਾਨ ਆਤਮਾਵਾਂ ਨਾਲ ਗੱਲਬਾਤ ਕਰਨ ਦੀ ਸਮਰੱਥਾ ਰੱਖਦੇ ਹਨ। ਉਹ ਕਹਿੰਦੇ ਹੁੰਦੇ ਸਨ ਕਿ ਇਸ ਗੱਲ ਲਈ ਅਭਿਆਸ ਕਰਨਾ ਪੈਂਦਾ ਹੈ। ਜਿਵੇਂ ਕਿ ਉਹ ਆਪਣੇ ਮਰੇ ਹੋਏ ਪਿਓ ਨਾਲ ਵੀ ਕਈ ਵਾਰ ਗੱਲਬਾਤ ਕਰ ਲੈਂਦੇ ਹਨ। ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ (ਦੀ ਆਤਮਾ) ਨਾਲ ਉਨ੍ਹਾਂ ਨੇ ਕਈ ਵਾਰ ਗੱਲਾਂ ਕੀਤੀਆਂ ਹਨ। ਪਰ ਸੰਤ ਜਰਨੈਲ ਸਿੰਘ ਜੀ ਖਾਲਸਾ ਵਾਸਤੇ ਉਹ ਕਹਿੰਦੇ ਕਿ ਮੈਂ ਦਾਅਵਾ ਕਰਦਾ ਹਾਂ ਕਿ ਉਹ ਸ਼ਹੀਦ ਨਹੀਂ ਹੋਏ, ਨਹੀਂ ਤਾਂ ਮੇਰਾ ਉਨ੍ਹਾਂ ਨਾਲ ਵੀ ਆਤਮਕ ਸਬੰਧ ਕਾਇਮ ਹੋ ਜਾਣਾ ਸੀ।

ਕਿਉਂਕਿ ਸਾਰਿਆਂ ਕੋਲ ਵਿਹਲਾ ਟਾਈਮ ਨਹੀਂ ਸੀ ਕੱਟਦਾ, ਇਸ ਲਈ ਉਨ੍ਹਾਂ ਦੀਆਂ ਗੱਲਾਂ ਹੀ ਸਾਰਿਆਂ ਲਈ ਦਿਲਚਸਪੀ ਤੇ ਵੱਕਤ ਕੱਟਣ ਦਾ ਸਾਧਨ ਸਨ। ਉਹ ਦੱਸਦੇ ਸੀ ਕਿ ਉਹ ਇੰਦਰਾ ਗਾਂਧੀ ਨੂੰ ਭੈਣ ਜੀ, ਆਖਦੇ ਸੀ ਤੇ ਉਹ ਉਨ੍ਹਾਂ ਨੂੰ ਭਾਈ ਸਾਹਿਬ ਕਿਹਾ ਕਰਦੀ ਸੀ। ਇਕ ਵਾਰ ਉਨ੍ਹਾਂ ਨੇ ਹੋਰ ਦਸਿਆ ਕਿ ਉਹ ਇਕ ਵਾਰੀ ਇੰਦਰਾ ਗਾਂਧੀ ਨੂੰ ਮਿਲ ਕੇ ਆਏ ਤਾਂ ਰਾਜੀਵ ਉਨ੍ਹਾਂ ਨੂੰ ਬਰਾਂਮਦੇ ਵਿਚ ਮਿਲ ਪਿਆ। ਉਸ ਨੇ ਆਖਿਆ, "ਮੰਮੀ ਨੇ ਤੁਹਾਨੂੰ ਫਿਰ ਅੰਦਰ ਬੁਲਾਇਆ ਹੈ।" ਉਹ ਦੱਸਦੇ ਹਨ ਕਿ ਉਹ ਉਸ ਨਾਲ ਫਿਰ ਉਸ ਦੇ ਕਮਰੇ ਵਿਚ ਗਏ। ਉਥੇ ਇੰਦਰਾ ਗਾਂਧੀ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ "ਭਾਈ ਸਾਹਿਬ ਆਪ ਪੰਜਾਬ ਮਸਲਾ ਹੱਲ ਕਰਵਾ ਦੀਜੀਏ"। ਇਸ ਤਰ੍ਹਾਂ ਦੀਆਂ ਉਹ ਹੋਰ ਵੀ ਕਈ ਗੱਲਾਂ ਦਸਦੇ ਸੀ। ਉਹ ਕਹਿੰਦੇ ਸਨ ਕਿ ਉਸ ਨੇ ਇਕ ਵੇਲੇ ਤਾਂ ਇੰਦਰਾ ਗਾਂਧੀ ਕੋਲੋਂ ਸਾਰੀਆਂ ਹੀ ਮੰਗਾਂ ਮਨਵਾ ਦਿੱਤੀਆਂ ਸਨ, ਜਿਵੇਂ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣਾ, ਚੰਡੀਗੜ੍ਹ ਪੰਜਾਬ ਨੂੰ ਮਿਲਣਾ ਤੇ ਅਨੰਦਪੁਰ ਸਾਹਿਬ ਦਾ ਮਤਾ।

ਹੁਣ ਵੀ ਜਦੋਂ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ, ਇੰਦਰਾ ਦੀ ਮੌਤ ਤੋਂ ਬਾਅਦ ਹੋਇਆ ਤਾਂ ਉਹ ਆਖਦੇ ਸੀ, "ਮੈਂ ਰਾਜੀਵ ਨੂੰ ਮਿਲਿਆ, ਉਹ ਗੱਲਬਾਤ ਕਰਨ ਤੋਂ

ਬਾਅਦ ਜਦੋਂ ਉਸ ਨੂੰ ਬਾਹਰ ਤੱਕ ਛੱਡਣ ਆਇਆ ਤਾਂ ਉਨ੍ਹਾਂ ਨੇ ਰਾਜੀਵ ਦੀ ਪੰਦਰਾਂ ਮਿੰਟ ਤੱਕ ਬਾਂਹ ਫੜੀ ਰੱਖੀ।" ਉਹ ਕਹਿੰਦੇ, "ਮੈਂ ਉਸ ਨੂੰ ਇਹ ਸਮਝਾਉਂਦਾ ਰਿਹਾ ਕਿ ਉਹ ਹੁਣ ਸਿਆਣਾ ਬਣੇ ਤੇ ਸਿੱਖਾਂ ਨਾਲ ਸੁਲਾਹ ਕਰ ਲਵੇ।" ਫਿਰ ਉਹ ਦੱਸਦੇ 1983 ਵਿਚ ਜਦੋਂ ਉਹ ਐਨ.ਐਸ.ਏ. ਵਿਚ ਜਥੇਦਾਰ ਟੌਹੜਾ, ਸੁਖਜਿੰਦਰ ਸਿੰਘ ਤੇ ਜਥੇਦਾਰ ਤਲਵੰਡੀ ਨਾਲ ਫੜੇ ਗਏ ਤਾਂ ਉਨ੍ਹਾਂ ਨੂੰ ਹਜ਼ਾਰੀ ਬਾਗ ਜੇਲ੍ਹ ਵਿਚ ਰੱਖਿਆ ਗਿਆ। ਉਨ੍ਹਾਂ ਨੂੰ ਚੰਡੀਗੜ੍ਹ ਜੇਲ੍ਹ ਵਿਚ ਵੀ ਰੱਖਿਆ ਗਿਆ ਸੀ। ਚੰਡੀਗੜ੍ਹ ਜੇਲ੍ਹ ਦਾ ਸੁਪਰਡੈਂਟ, ਸ੍ਰੀ ਸ਼ਰਮਾ ਉਨ੍ਹਾਂ ਦੇ ਕਹਿਣ ਅਨੁਸਾਰ ਉਨ੍ਹਾਂ ਦਾ ਬੜਾ ਦੋਸਤ ਹੈ। ਹਜ਼ਾਰੀ ਬਾਗ ਦੀ ਗੱਲ ਉਹ ਬਹੁਤ ਵਾਰ ਸੁਣਾਇਆ ਕਰਦੇ ਸਨ। ਕਿਵੇਂ ਜਥੇਦਾਰ ਤਲਵੰਡੀ ਤਿੰਨ ਫੁੱਟੀ ਕ੍ਰਿਪਾਨ ਜੇਲ੍ਹ ਵਿਚ ਲੈ ਕੇ ਗਿਆ, ਕਿਵੇਂ ਉਹ ਉਥੇ ਮੁਰਗੇ ਤੋਂ ਬਗੈਰ ਰੋਟੀ ਨਹੀਂ ਸੀ ਖਾਂਦੇ ਤੇ ਜੇਲ੍ਹ ਅਧਿਕਾਰੀਆਂ ਕੋਲੋਂ ਉਨ੍ਹਾਂ ਮਨਵਾਇਆ ਸੀ ਕਿ ਸਵੇਰ ਵਾਲਾ ਮੁਰਗਾ ਸਾਡੇ ਸਾਹਮਣੇ ਝਟਕਾਇਆ ਜਾਵੇ ਤੇ ਉਹ ਤਦ ਝਟਕਾਇਆ ਜਾਵੇ ਜੇ ਸ਼ਾਮ ਵਾਸਤੇ ਮੁਰਗਾ ਸਾਹਮਣੇ ਜੇਲ੍ਹ ਦੇ ਵਿਹੜੇ ਵਿਚ ਲੱਗੀ ਕਿੱਕਰ ਦੇ ਬੂਟੇ ਨਾਲ ਲੱਤ ਨੂੰ ਰੱਸੀ ਪਾ ਕੇ ਬੰਨਿਆ ਹੋਵੇ, ਨਹੀਂ ਤਾਂ ਅਸੀਂ ਰੋਟੀ ਨਹੀਂ ਖਾਵਾਂਗੇ। ਉਹ ਕਹਿੰਦੇ, ਜੇਲ੍ਹ ਵਾਲੇ ਇਸੇ ਤਰ੍ਹਾਂ ਹੀ ਕਰਦੇ। ਇਸ ਤਰ੍ਹਾਂ ਦੀਆਂ ਉਹ ਹੋਰ ਵੀ ਕਈ ਗੱਲਾਂ ਸੁਣਾਇਆ ਕਰਦੇ ਸਨ। ਸਾਡੇ ਵਾਸਤੇ ਇਹ ਮਨੋਰੰਜਨ ਦਾ ਵੱਡਾ ਸਾਧਨ ਸੀ। ਇਸ ਲਈ ਉਨ੍ਹਾਂ ਦੀਆਂ ਕਈ ਅਜਿਹੀਆਂ ਗੱਲਾਂ, ਜੋ ਸਾਨੂੰ ਪਸੰਦ ਨਹੀਂ ਸਨ, ਉਦੋਂ ਵੀ ਅਸੀਂ ਉਨ੍ਹਾਂ ਨੂੰ ਟੋਕਦੇ ਨਹੀਂ ਸਾਂ। ਜਦੋਂ ਉਹ ਇੰਦਰਾ ਗਾਂਧੀ ਦਾ ਨਾਂ ਸ਼ਰਧਾ ਨਾਲ ਲੈਂਦੇ ਤਾਂ ਅਸੀਂ ਉਨ੍ਹਾਂ ਨੂੰ ਇਸ ਕਰਕੇ ਨਹੀਂ ਸੀ ਟੋਕਦੇ, ਕਿਉਂਕਿ ਉਨ੍ਹਾਂ ਦੀਆਂ ਸੁਲਾਹ ਕਰਵਾਉਣ ਵਾਲੀਆਂ ਗੱਲਾਂ ਸਾਨੂੰ ਉੱਕਾ ਫੋਕੀਆਂ ਲੱਗਦੀਆਂ। ਦਰਅਸਲ ਪੰਜਾਬ ਸਮੱਸਿਆ ਇਸ ਕਦਰ ਉਲਝ ਗਈ ਸੀ ਕਿ ਭਰਪੂਰ ਸਿੰਘ ਬਲਬੀਰ ਤਾਂ ਕੀ ਕੋਈ ਵੀ ਇਸ ਨੂੰ ਨਹੀਂ ਸੁਲਝਾਅ ਸਕਦਾ ਸੀ। ਏਥੋਂ ਤੱਕ ਕਿ ਇੰਦਰਾ ਗਾਂਧੀ ਵੀ ਇਸ ਨੂੰ ਸੁਲਝਾਉਣ ਵਿਚ ਅਸਮਰੱਥ ਸੀ। ਨਹੀਂ ਤਾਂ ਉਹ ਏਨੀ ਮੂਰਖ ਨਹੀਂ ਸੀ ਕਿ ਮਸਲਾ ਨਾ ਸੁਲਝਾਉਂਦੀ ਤੇ ਸਾਰੇ ਸਿੱਖਾਂ ਨੂੰ ਨਰਾਜ਼ ਕਰ ਲੈਂਦੀ। ਉਹ ਏਨੀ ਮੂਰਖ ਵੀ ਨਹੀਂ ਸੀ ਕਿ ਉਹ ਨਾ ਸਮਝਦੀ ਕਿ ਫੌਜੀ ਕਾਰਵਾਈ ਤੇ ਦਰਬਾਰ ਸਾਹਬ 'ਤੇ ਹਮਲਾ ਕਿਵੇਂ ਹਿੰਦੋਸਤਾਨ ਦੇ ਟੁਕੜੇ ਤੱਕ ਕਰ ਸਕਦਾ ਹੈ। ਉਸ ਨੇ ਜ਼ਰੂਰ ਸਮਝੌਤੇ ਦੇ ਸਾਰੇ ਪਾਪੜ ਵੇਲੇ ਹੋਣਗੇ ਤੇ ਫੇਰ ਹੀ ਏਡਾ ਵੱਡਾ ਫੈਸਲਾ ਲਿਆ ਹੋਵੇਗਾ। ਇਹ ਹੋ ਸਕਦਾ ਹੈ ਕਿ ਹਿੰਦੂ ਵੋਟ ਬਟੋਰਨ ਦੇ ਲਾਲਚ ਨੇ ਉਸ ਦੀ ਮੱਤ ਮਾਰ ਦਿੱਤੀ ਹੋਵੇ ਤੇ ਗੱਲ ਵਿਗੜਦੀ ਵਿਗੜਦੀ ਉਸ ਦੇ ਵੱਸੋਂ ਬਾਹਰ ਹੋ ਗਈ ਹੋਵੇ। ਭਰਪੂਰ ਸਿੰਘ ਤਾਂ ਵਿਚਾਰਾ 'ਕੀ ਪਿੱਦੀ ਕੀ ਪਿੱਦੀ ਦਾ ਸ਼ੋਰਬਾ' ਵਾਲੀ ਗੱਲ ਸੀ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਗੱਲ ਬੜੀ ਮਾਂਜ ਸਵਾਰ ਕੇ ਕਰਦੇ ਹਨ, ਇਸ ਲਈ ਉਹ ਸੱਚੀ ਹੀ ਜਾਪਦੀ।

ਅਸਲ ਵਿਚ 27 ਅਪ੍ਰੈਲ ਨੂੰ ਬੰਗਲਾ ਸਾਹਿਬ ਜਾ ਕੇ ਇੰਦਰਾ ਗਾਂਧੀ ਨੇ ਡਰਾਮਾ ਕੀਤਾ ਸੀ ਕਿ ਸਿੱਖਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ ਪਰ ਮੰਗੀ ਅਸਲ ਵਿਚ ਕੋਈ ਵੀ ਨਾ ਗਈ। ਸ. ਭਰਪੂਰ ਸਿੰਘ ਬਲਬੀਰ ਜਿਹੜਾ ਵਾਰ-ਵਾਰ ਇਹ ਕਹਿੰਦੇ ਸਨ ਕਿ ਇਕ ਸਟੇਜ 'ਤੇ ਮੈਂ ਇੰਦਰਾ ਗਾਂਧੀ, ਸੰਤ ਹਰਚੰਦ ਸਿੰਘ ਤੇ ਸੰਤ ਜਰਨੈਲ ਸਿੰਘ ਦਰਮਿਆਨ ਸਮਝੌਤਾ ਕਰਵਾ ਦਿੱਤਾ ਸੀ ਤੇ ਇੰਦਰਾ ਗਾਂਧੀ ਨੇ ਫਾਈਲ ਤੇ ਲਿਖ ਦਿੱਤਾ ਸੀ "Agreed as it is." ਇਹ ਇੰਦਰਾ ਗਾਂਧੀ ਦਾ ਹੀ ਬਿਆਨ ਸੀ, ਜਿਹੜਾ ਉਸ ਨੇ

ਜ਼ਬਾਨੀ ਕਲਾਮੀ ਆਪਣੀ ਸਪੀਚ ਵਿਚ ਬੰਗਲਾ ਸਾਹਿਬ ਦਿੱਤਾ ਸੀ ਪਰ ਪਰਨਾਲਾ ਉਥੇ ਦਾ ਉਥੇ ਹੀ ਸੀ। ਸ. ਭਰਪੂਰ ਸਿੰਘ ਬਲਬੀਰ ਜੀ ਜਦੋਂ ਇਹ ਗੱਲ ਜੱਜ ਸਾਹਮਣੇ, ਸੀ.ਬੀ.ਆਈ. ਸਾਹਮਣੇ ਜਾਂ ਅੱਗੋਂ ਪਿਛੋਂ ਕਹਿੰਦੇ ਸਨ ਤਾਂ ਅਸੀਂ ਉਨ੍ਹਾਂ ਨੂੰ ਕਦੀ ਨਹੀਂ ਸੀ ਟੋਕਦੇ। ਜੱਜ ਤੇ ਸੀ.ਬੀ.ਆਈ. ਸਾਹਮਣੇ ਤਾਂ ਸਾਡੀ ਟੌਹਰ ਬਣਦੀ ਸੀ। ਪਰ ਸਾਨੂੰ ਪਤਾ ਸੀ ਕਿ ਇਹ ਗੱਲ ਸੱਚ ਨਹੀਂ, ਜੇ ਹੁੰਦੀ ਤਾਂ ਸਮਝੌਤਾ ਹੋ ਜਾਣ ਦੀਆਂ ਧੁੰਮਾਂ ਪੂਰੀ ਦੁਨੀਆਂ ਵਿਚ ਪੈਣੀਆਂ ਸਨ। ਜਿਸ ਤਰ੍ਹਾਂ ਇਕ ਪਲੇਠੀ ਦਾ ਬੱਚਾ ਜੰਮਣ ਲੱਗੀ ਕੁੜੀ ਨੇ ਆਪਣੀ ਸੱਸ ਨੂੰ ਕਿਹਾ ਸੀ, "ਮਾਂ ਜਦੋਂ ਬੱਚਾ ਜੰਮਣ ਲੱਗਾ ਮੈਨੂੰ ਜਗਾ ਦੇਈਂ"। ਸੱਸ ਨੇ ਕਿਹਾ, "ਪੁੱਤ ਤੈਨੂੰ ਕੀ ਜਗਾਉਣਾ ਸਗੋਂ ਤੂੰ ਸਾਰੇ ਆਂਢ-ਗੁਆਂਢ ਨੂੰ ਜਗਾਉਣਾ ਹੈ।" ਜੇ ਇੰਦਰਾ ਨੇ ਚੁੱਪ ਚੁਪੀਤੇ ਹੀ 'ਜਿਵੇਂ ਹੈ ਮਨਜ਼ੂਰ ਹੈ।" ਲਿਖਣਾ ਸੀ ਤਾਂ ਉਹਨੂੰ ਏਨਾ ਸਿਆਪਾ ਕਰਨ ਦੀ ਪਹਿਲੇ ਦਿਨੋਂ ਹੀ ਕੀ ਲੋੜ ਸੀ? ਉਸ ਨੇ ਸਾਰੀਆਂ ਏਜੰਸੀਆਂ ਤੇ ਆਪਣੀ ਜਾਨ ਤੱਕ ਨੂੰ ਵੀ ਦਾਅ 'ਤੇ ਲਾ ਦਿੱਤਾ ਸੀ। ਉਸ ਨੂੰ ਪਤਾ ਸੀ ਕਿ ਜੇ ਸਿੱਖਾਂ ਦਾ ਦਰਬਾਰ ਸਾਹਿਬ ਢੱਠਾ ਤਾਂ ਉਹ ਬੂਰੇ ਦੇ ਘਰ ਤੱਕ ਅਪੜਨਗੇ। ਉਸ ਨੂੰ ਰਾਜੀਵ ਦੇ ਮਾਰੇ ਜਾਣ ਦਾ ਪੂਰਾ ਖਦਸ਼ਾ ਸੀ, ਏਸੇ ਲਈ ਹੀ ਉਸ ਨੇ ਢਾਈ ਢਾਈ ਫੁੱਟ ਦੇ ਪਾਈਪ ਤੇ ਸਰੀਏ ਪਹਿਲਾਂ ਹੀ ਵਢਾ ਕੇ ਰੱਖੇ ਹੋਏ ਸਨ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਸ ਨੇ ਆਪ ਹੀ ਪੈਂਦੀ ਸੱਟੇ ਝਪੁੱਟੀ ਜਾਣਾ ਹੈ। 'ਮੰਦੇ ਕੰਮੀ ਨਾਨਕ ਜਦ ਕਦ ਮੰਦਾ ਹੋਏ, ਬੋਏ ਪੇੜ ਬਬੂਲ ਕਾ ਆਮ ਕਹਾਂ ਸੇ ਹੋਏ' ਵਾਂਗ ਰਾਜੀਵ ਵੀ ਕੁਝ ਸਾਲਾਂ ਬਾਅਦ ਆਪਣੀ ਬਾਲੀ ਹੋਈ ਸ੍ਰੀ ਲੰਕਾ ਦੀ ਅੱਗ ਵਿਚ ਸੜ੍ਹ ਮਰਿਆ। ਪਹਿਲਾਂ ਤਾਂ ਇਕ ਪਰੇਡ ਵਿਚ ਇਕ ਫੌਜੀ ਰਾਈਫਲ ਦਾ ਬੱਟ ਮਾਰ ਕੇ ਸਿਰ ਹੀ ਖੋਲ੍ਹ ਦੇਣ ਲੱਗਾ ਸੀ ਪਰ ਅਗੋਂ ਧਾਨੂੰ ਨਾਂ ਦੀ ਬਹਾਦਰ ਕੁੜੀ ਦੇ ਹੱਥੋਂ ਨਾ ਬਚ ਸਕਿਆ।

ਜਥੇਦਾਰ ਟੌਹੜੇ ਨਾਲ ਆਪਣੇ ਸਬੰਧ ਉਹ ਬੜੀ ਸ਼ਾਨ ਨਾਲ ਦੱਸਦੇ, ਪਰ ਕਿਉਂਕਿ ਸਾਰਿਆਂ ਨੂੰ ਜਥੇਦਾਰ ਟੌਹੜੇ ਦੇ ਗੱਦਾਰ ਹੋਣ ਦਾ ਭੁਲੇਖਾ ਹੈ ਤੇ ਇਹ ਵੀ ਗੁੱਸਾ ਹੈ ਕਿ ਉਹ ਪਹਿਲਾਂ ਤਾਂ ਕਹਿੰਦਾ ਰਿਹਾ "ਫੌਜ ਮੇਰੀ ਲਾਸ਼ ਤੋਂ ਲੰਘ ਕੇ ਜਾਵੇਗੀ" ਪਰ ਬਾਅਦ ਵਿਚ ਉਹ ਮਾਸੂਮ ਤੇ ਭੋਲੇ ਭਾਲੇ ਲੋਕ, ਜੋ ਗੁਰਦੁਆਰੇ ਮੱਥਾ ਟੇਕਣ ਗਏ ਸਨ ਤੇ ਉਥੇ ਫੌਜ ਹੱਥੋਂ ਮਾਰੇ ਗਏ ਸਨ, ਉਨ੍ਹਾਂ ਦੀਆਂ ਲਾਸ਼ਾਂ ਤੋਂ ਲੰਘ ਕੇ ਆਪ ਫੌਜੀਆਂ ਦੀਆਂ ਗੱਡੀਆਂ ਵਿਚ ਜਾ ਬੈਠਾ। ਇਹ ਗੱਲ ਸਾਰੇ ਉਸ ਦੇ ਸਾਹਮਣੇ ਹੀ ਕਹਿ ਦੇਂਦੇ ਸਨ ਕਿ ਉਹ ਸਿੱਖ ਕੌਮ ਦਾ ਗੱਦਾਰ ਹੈ। ਕਈ ਗੁਰਦੁਆਰਿਆਂ ਉਤੇ ਹਮਲਾ ਕਰਨ ਕਰਕੇ ਇੰਦਰਾ ਗਾਂਧੀ ਨੂੰ ਵੀ ਕਸੂਰਵਾਰ ਕਹਿੰਦੇ ਸਨ। ਉਹ ਇਨ੍ਹਾਂ ਗੱਲਾਂ ਦਾ ਖੰਡਨ ਕਦੀ ਨਹੀਂ ਸੀ ਕਰਦੇ, ਸਗੋਂ ਵਿਸ਼ਾ ਬਦਲ ਲੈਂਦੇ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਉਹ ਹੁਣ ਵੀ ਰਾਜੀਵ ਦੇ ਦੋਸਤ ਹਨ ਤੇ ਉਹ ਹੁਣ ਵੀ ਉਨ੍ਹਾਂ (ਭਰਪੂਰ ਸਿੰਘ) ਨੂੰ ਪਹਿਲਾਂ ਵਾਲਾ ਹੀ ਇਜ਼ਤ ਮਾਣ ਦੇਂਦਾ ਹੈ। ਪਰ ਫਿਰ ਸਵਾਲ ਇਹ ਉਠਦਾ ਹੈ ਕਿ ਉਨ੍ਹਾਂ ਨੂੰ ਫੜ ਕੇ ਸੀ.ਬੀ.ਆਈ. ਕਿਉਂ ਮੁਕੱਦਮਾ ਬਣਾ ਰਹੀ ਹੈ? ਜੇ ਪ੍ਰਧਾਨ ਮੰਤਰੀ ਉਨ੍ਹਾਂ ਦਾ ਦੋਸਤ ਹੈ ਤਾਂ ਫਿਰ ਉਨ੍ਹਾਂ 'ਤੇ ਕੇਸ ਕਾਹਦਾ ਬਣਨ ਦੀ ਤਿਆਰੀ ਹੋ ਰਹੀ ਹੈ। ਪਰ ਉਦੋਂ ਰਾਜੀਵ ਬਾਹਰ ਗਿਆ ਹੋਇਆ ਸੀ।

ਆਦਮਪੁਰ ਥਾਣੇ 'ਚ ਪੰਜਵਾਂ ਦਿਨ

ਚੌਥੀ ਰਾਤ ਵੀ ਕੱਟੀ ਗਈ। ਸਵੇਰੇ ਫੇਰ ਅੱਠ ਵਜੇ ਹੀ ਮਿੰਨੀ ਬੱਸ ਘੁਰਰ ਘੁਰਰ

ਕਰਦੀ ਆ ਕੇ ਦਰਵਾਜ਼ੇ ਅੱਗੇ ਖਲੋ ਗਈ। ਉਸ ਦੀ ਅਵਾਜ਼ ਹੀ ਵੱਖਰੀ ਸੀ ਤੇ ਝੱਟ ਪਛਾਣੀ ਜਾਂਦੀ ਸੀ। ਪੁੱਛਗਿੱਛ ਦੀ ਵਾਰੀ ਮੇਰੀ ਸੀ। ਉਸ ਦਿਨ ਮੇਰੇ ਰੀਮਾਂਡ ਦੀ ਤਾਰੀਖ ਵੀ ਖਤਮ ਹੋ ਚੁੱਕੀ ਸੀ। ਮੈਂ ਸਮਝਿਆ ਸ਼ਾਇਦ ਜਲੰਧਰ ਲੈ ਜਾ ਕੇ, ਪੇਸ਼ ਕਰਕੇ, ਹੋਰ ਰੀਮਾਂਡ ਲੈਣਗੇ। ਪਰ ਉਹ ਸਿੱਧੇ ਫੇਰ ਰੈਸਟ ਹਾਊਸ ਚਲੇ ਗਏ ਤੇ ਵੱਡੇ ਕਮਰੇ ਵਿਚ ਇਕ ਸਿੱਖ ਅਫ਼ਸਰ ਤੇ ਦੋ ਹੋਰ ਹਿੰਦੂ ਅਫ਼ਸਰ ਆਪਣੇ ਪੈੱਨ ਤੇ ਪੈਡ ਖੋਲ੍ਹ ਕੇ ਬੈਠ ਗਏ। ਉਨ੍ਹਾਂ ਕੁਰਸੀ ਵੱਲ ਇਸ਼ਾਰਾ ਕੀਤਾ। ਮੈਂ ਬੈਠ ਗਿਆ ਤਾਂ ਉਹ ਹੀ ਸਵਾਲ ਫੇਰ ਸ਼ੁਰੂ ਹੋ ਗਏ। ਕੀ ਨਾਂ, ਕਿਥੇ ਘਰ, ਪਿਤਾ ਦਾ ਨਾਂ, ਵਿਦਿਆ, ਕੀ ਧੰਦਾ ਵਗੈਰਾ-ਵਗੈਰਾ। ਸਵਾਲ ਤਾਂ ਸਾਰੇ ਅਫ਼ਸਰ ਹੀ ਵਾਰੀ ਵਾਰੀ ਪੁੱਛ ਰਹੇ ਸਨ, ਪਰ ਹੁਣ ਸਵਾਲ, ਪਹਿਲੇ ਅੱਜ ਤੱਕ ਦੇ ਪੁੱਛੇ ਗਏ, ਸਵਾਲਾਂ ਤੋਂ ਕੁਝ ਵੱਖਰੇ ਸਨ। ਬਾਅਦ ਵਿਚ ਤਾਂ ਇਨ੍ਹਾਂ ਦੇ ਵਖਰੇਵੇਂ ਦੀ ਹੱਦ ਹੀ ਹੋ ਗਈ ਸੀ।

ਇਕ ਅਫ਼ਸਰ – "ਪੰਥ ਦੀ ਸੇਵਾ ਕਰ ਰਹੇ ਹੋ?"

ਮੈਂ – "ਨਹੀਂ।"

ਅਫ਼ਸਰ – "ਕਿਉਂ ਨਹੀਂ?"

ਮੈਂ – "ਅਜੇ ਤੱਕ ਮੈਨੂੰ ਇਹ ਨਹੀਂ ਪਤਾ ਲੱਗਾ ਕਿ ਅਸਲੀ ਪੰਥ ਕਿਹੜਾ ਹੈ, ਟੌਹੜੇ ਦਾ, ਲੌਂਗੋਵਾਲ ਦਾ ਜਾਂ ਬਰਨਾਲੇ ਦਾ?"

ਦੂਜਾ ਅਫ਼ਸਰ – "ਭਿੰਡਰਾਂਵਾਲੇ ਦਾ ਵੀ ਪੰਥ ਹੈ, ਉਸਦਾ ਤੁਸਾਂ ਨਾਂ ਨਹੀਂ ਲਿਆ?"

ਮੈਂ – "ਅੱਛਾ! ਸੰਤ ਭਿੰਡਰਾਂਵਾਲਿਆਂ ਦਾ ਵੀ ਕੋਈ ਪੰਥ ਹੈ? ਮੈਨੂੰ ਨਹੀਂ ਸੀ ਪਤਾ।"

ਦੂਸਰਾ ਅਫ਼ਸਰ – ਖਿਝ ਕੇ "ਸਰਦਾਰ ਜੀ ਐਸੇ ਕਾਮ ਨਹੀਂ ਚਲੇਗਾ"।

ਮੈਂ – "ਤੋ ਫਿਰ ਕੈਸੇ ਚਲੇਗਾ?" ਮੈਂ ਵੀ ਉਸਦੀ ਸਾਂਗ ਲਾਉਣ ਵਾਂਗ ਹੀ ਆਖਿਆ।

ਅਫ਼ਸਰ –"ਆਪ ਲੋਗੋਂ ਨੇ ਭਿੰਡਰਾਂਵਾਲਾ ਪੰਥ ਕੋ ਹੀ,.... ਕਯਾ ਕਹਿਤੇ ਹੈਂ ਵੋਹ, ਕਯਾ ਦੇ ਰਖੀ ਹੈ?" ਅਫ਼ਸਰ ਨੂੰ ਮਾਨਤਾ ਲਫਜ਼ ਨਹੀਂ ਸੁੱਝ ਰਿਹਾ ਸੀ। ਇਸ ਗੱਲ 'ਤੇ ਮੈਨੂੰ ਆਪਣੇ ਆਪ ਹੀ ਹਾਸਾ ਆ ਗਿਆ ਤੇ ਮੈਂ ਉਸ ਹਾਸੇ ਨੂੰ ਰੋਕ ਨਾ ਸਕਿਆ ਤੇ ਹੱਸ ਪਿਆ।

ਅਫ਼ਸਰ – ਬਹੁਤ ਜ਼ਿਆਦਾ ਖਿਝ ਕੇ "ਕਯਾ ਬਾਤ ਹੈ ਆਪ ਕੋ ਹਸੀਂ ਕਿਉਂ ਆ ਰਹੀ ਹੈ? ਯੇ ਠੀਕ ਨਹੀਂ ਹੈ, ਆਪ.........."

ਮੈਂ – "ਬਾਊ ਜੀ, ਮੈਨੂੰ ਇਹ ਸਮਝ ਨਹੀਂ ਲੱਗਦੀ ਕਿ ਤੁਸੀਂ ਚੰਗੇ ਭਲੇ ਪੰਜਾਬੀ ਹੁੰਦੇ ਹੋਏ ਵੀ ਇਕ ਪੰਜਾਬੀ ਨਾਲ ਪੰਜਾਬੀ ਬੋਲੀ ਵਿਚ ਗੱਲ ਕਿਉਂ ਨਹੀਂ ਕਰਦੇ? ਹੁਣ ਤੁਸੀਂ ਜਿਹੜਾ ਪਹਿਲਾਂ ਸਵਾਲ ਪੁਛਿਆ ਸੀ, ਉਸ ਵਿਚ ਇਕ ਲਫਜ਼ ਮਾਨਤਾ ਆਉਂਦਾ ਸੀ, ਪਰ ਤੁਹਾਨੂੰ ਹਿੰਦੀ ਬੋਲਣ ਕਰਕੇ ਯਾਦ ਨਹੀਂ ਸੀ ਆਇਆ। ਜੇ ਤੁਸੀਂ ਪੰਜਾਬੀ ਵਿਚ ਗੱਲ ਕੀਤੀ ਹੁੰਦੀ ਤਾਂ ਉਹ ਸਵਾਲ ਮੈਨੂੰ ਸਮਝਣ ਵਿਚ ਵੀ ਸੌਖ ਹੁੰਦੀ ਤੇ ਤੁਹਾਨੂੰ ਪੁੱਛਣ ਵਿਚ ਵੀ।"

ਅਫ਼ਸਰ – "ਆਪ ਕੋ ਕੈਸੇ ਪਤਾ ਹੈ, ਮੈਂ ਪੰਜਾਬੀ ਹੂੰ?"

ਮੈਂ – "ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ ਵਾਂਗ ਪੰਜਾਬੀ ਤਾਂ ਦੂਰੋਂ ਪਛਾਣਿਆ

ਜਾਂਦਾ ਹੈ, ਫਿਰ ਉਰਦੂ ਦਾ ਇਕ ਲਫਜ਼ ਹੈ 'ਲਹਿਜ਼ਾ ਏ ਗੁਫਤਗੂ' ਤੁਹਾਡਾ ਇਹ ਪੰਜਾਬੀ ਹੈ। ਪੰਜਾਬੀ ਬੋਲੀ ਤੁਹਾਡੀ ਮਾਂ ਬੋਲੀ ਹੈ, ਇਸ ਲਈ ਬਦੋਬਦੀ ਤੁਹਾਡੇ ਮੂੰਹ ਵਿਚੋਂ ਨਿਕਲਣ ਨੂੰ ਕਰਦੀ ਹੈ, ਪਰ ਤੁਹਾਡਾ ਹਿਸਾਬ ਤਾਂ ਉਹ ਹੈ......................" ਫਿਰ ਮੈਂ ਕੁਝ ਸੋਚ ਕੇ ਚੁੱਪ ਹੋ ਗਿਆ, ਕਿਉਂਕਿ ਮੈਨੂੰ ਅਗਲੀ ਗੱਲ ਕਰਨੀ ਮੁਨਾਸਬ ਨਾ ਲੱਗੀ।

ਅਫ਼ਸਰ – "ਹਾਂ ਹਾਂ ਬੋਲੋ।"

ਮੈਂ – "ਨਹੀਂ ਜੀ ਕੁਛ ਨਹੀਂ।"

ਸਾਰੇ ਅਫ਼ਸਰ ਇਕੱਠੇ ਹੀ "ਨਹੀਂ, ਨਹੀਂ ਆਪ ਅਪਨੀ ਬਾਤ ਬਿਨਾਂ ਕਿਸੀ ਸੰਕੋਚ ਕੇ ਕਹਿ ਸਕਤੇ ਹੈਂ।"

ਮੈਂ – "ਪੰਜਾਬੀ ਦੀ ਇਕ ਕਹਾਵਤ ਹੈ 'ਦੇਸੀ ਘੋੜੇ ਖੁਰਾਸਾਨੀ ਦੁਲੱਤੇ", ਏਥੇ ਉਹ ਗੱਲ ਹੈ। ਪੰਜਾਬੀ ਹੋ ਕੇ ਜਦੋਂ ਬੰਦਾ ਹਿੰਦੀ ਬੋਲੇ ਤਾਂ ਉਪਰ ਵਾਲੀ ਪੰਜਾਬੀ ਕਹਾਵਤ ਪੂਰੀ ਢੁੱਕਦੀ ਹੈ।

ਸਿੱਖ ਅਫ਼ਸਰ – ਜੋ ਹੁਣ ਤੱਕ ਚੁੱਪ ਸੀ ਬੋਲਿਆ "ਸਰਦਾਰ ਜੀ, ਸਵਾਲ ਤੁਸਾਂ ਪੁਛਣੇ ਹਨ ਕਿ ਅਸਾਂ?"

ਮੈਂ – (ਨਿਡਰਤਾ ਜਿਹੀ ਆਪਣੇ ਆਪ ਹੀ ਆ ਗਈ) "ਜੇ ਮੈਂ ਤੁਹਾਨੂੰ ਸਵਾਲ ਪੁਛਣੇ ਹੁੰਦੇ ਤਾਂ ਆਹ ਹਥਕੜੀਆਂ ਤੁਹਾਡੇ ਹੱਥਾਂ ਵਿਚ ਨਾ ਹੁੰਦੀਆਂ? ਇਹ ਮੇਰੇ ਹੱਥਾਂ ਵਿਚ ਹਨ, ਇਸ ਲਈ ਕੋਈ ਸ਼ੱਕ ਹੀ ਨਹੀਂ ਕਿ ਸਵਾਲ ਤੁਸੀਂ ਪੁਛਣੇ ਹਨ।" ਇਹ ਗੱਲ ਮੈਂ ਇਸ ਤਰ੍ਹਾਂ ਚੱਬ ਚੱਬ ਕੇ ਆਖੀ, ਜਿਵੇਂ ਇਕ ਡਾਕਟਰ ਨੇ ਮਰੀਜ਼ ਨੂੰ ਕਿਹਾ ਸੀ ਕਿ ਤੈਨੂੰ ਤਾਂ ਵਾਰੀ ਵਾਲਾ ਬੁਖਾਰ ਹੋ ਗਿਆ ਹੈ। ਮਰੀਜ਼ ਨੇ ਕਿਹਾ, "ਡਾਕਟਰ ਸਾਹਿਬ ਜੇ ਵਾਰੀ ਵਾਲਾ ਹੁੰਦਾ ਤਾਂ ਕਦੇ ਤੁਹਾਨੂੰ ਤੇ ਕਦੇ ਮੈਨੂੰ ਨਾ ਚੜ੍ਹਦਾ, ਇਹ ਤਾਂ ਇਕੱਲਾ ਮੈਨੂੰ ਹੀ ਚੜ੍ਹਦਾ ਹੈ, ਇਸ ਲਈ ਵਾਰੀ ਵਾਲਾ ਨਹੀਂ ਹੋਣਾ, ਚੰਗੀ ਤਰ੍ਹਾਂ ਵੇਖੋ।"

ਸਿੱਖ ਅਫ਼ਸਰ – ਕੁਝ ਝੇਂਪ ਕੇ "ਦੇਖੋ, ਜੋ ਪੁਛੀਏ ਉਸ ਦਾ ਹੀ ਜੁਆਬ ਦਿਓ।"

ਮੈਂ – "ਹਾਂ ਜੀ, ਬਿਲਕੁਲ ਠੀਕ, ਪਰ ਪ੍ਰਸ਼ਨ ਮੈਨੂੰ ਪੰਜਾਬੀ ਵਿਚ ਹੀ ਪੁੱਛੇ ਜਾਣ।" ਮੈਂ ਨਵਾਂ ਅੜਿੱਕਾ ਡਾਹ ਦਿੱਤਾ।

ਦੂਜਾ ਅਫ਼ਸਰ – "ਸਰਦਾਰ ਸਾਹਿਬ, ਯਕੀਨ ਮਾਨੀਏ, ਮੁਝੇ ਪੰਜਾਬੀ ਨਹੀਂ ਆਤੀ ਅਬ ਮੈਂ ਕਯਾ ਕਰੂੰ?"

ਮੈਂ – "ਪਰ ਮੈਂ ਤਾਂ ਗੱਲ ਪੰਜਾਬੀ ਵਿਚ ਕੀਤੀ ਸੀ, ਜਿਹੜੀ ਤੁਹਾਡੀ ਸਮਝ ਵਿਚ ਆ ਗਈ ਹੈ। ਜੇ ਤੁਹਾਨੂੰ ਸਮਝ ਨਾ ਆਉਂਦੀ ਤਾਂ ਤੁਸੀਂ ਆਪਣੇ ਨਾਲ ਦਿਆਂ ਵੱਲ ਝਾਕਣਾ ਸੀ ਅਤੇ ਸਾਹਿਬ ਬਹਾਦਰ ਮੈਂ ਸ਼ਰਤ ਲਾ ਕੇ ਕਹਿ ਸਕਦਾ ਹਾਂ ਕਿ ਤੁਹਾਡਾ ਤਾਂ ਜੰਮਪਲ ਵੀ ਪੰਜਾਬ ਦਾ ਹੈ। ਤੁਹਾਨੂੰ ਤਾਂ ਹਿੰਦੀ ਓਨੀ ਕੁ ਹੀ ਆਉਂਦੀ ਹੈ, ਜਿੰਨੀ ਕੁ ਮੈਨੂੰ ਆਉਂਦੀ ਹੈ।"

ਸਿੱਖ ਅਫ਼ਸਰ – ਜੋ ਆਪਣੇ ਆਪ ਨੂੰ ਭਾਰਤ ਮਾਤਾ ਦਾ ਜੇਠਾ ਪੁੱਤ ਸਮਝਦਾ ਸੀ ਤੇ ਦੂਜੇ ਅਫ਼ਸਰਾਂ ਕੋਲੋਂ ਸ਼ਾਬਾਸ਼ ਲੈਣੀ ਚਾਹੁੰਦਾ ਸੀ, ਝੱਟ ਲੋਹੇ ਲਾਖਾ ਹੋ ਗਿਆ। ਉਸਦਾ ਮੂੰਹ ਲਾਲ ਸੁਰਖ ਹੋ ਗਿਆ। ਕੁਰਸੀ ਨਾਲੋਂ ਢੋਹ ਹਟਾ ਕੇ ਬੋਲਿਆ "ਸਰਦਾਰ ਜੀ, ਮੈਨੂੰ ਸਮਝ ਨਹੀਂ ਆਉਂਦੀ, ਤੁਸਾਂ ਸੀ.ਬੀ.ਆਈ. ਨੂੰ ਸਮਝ ਕੀ ਰੱਖਿਆ ਹੈ? ਕਿਸੇ ਗੱਲ ਦੀ ਕੋਈ ਹੱਦ ਵੀ ਹੁੰਦੀ ਹੈ, ਅਸਾਂ ਤੁਹਾਨੂੰ ਬਕਾਇਦਾ ਗ੍ਰਿਫਤਾਰ ਕੀਤਾ ਹੈ। ਇਸ ਲਈ ਨਹੀਂ

ਕੀਤਾ ਕਿ ਤੁਸੀਂ ਸਾਨੂੰ ਜ਼ੁਬਾਨਾਂ ਤੇ ਬੋਲੀਆਂ ਸਮਝਾਓ। ਅਸੀਂ ਜੋ ਪੁੱਛਦੇ ਹਾਂ, ਉਸਦਾ ਜੁਆਬ ਦਿਓ, ਹੁਣ ਫਾਲਤੂ ਗੱਲ ਕੋਈ ਨਾ ਹੋਵੇ।"

ਮੈਂ - "ਠੀਕ ਹੈ ਜੀ, ਪਰ ਮੈਨੂੰ ਹਿੰਦੀ ਬਿਲਕੁਲ ਨਹੀਂ ਜੇ ਆਉਂਦੀ, ਇਸ ਲਈ ਹਿੰਦੀ ਵਿਚ ਪੁੱਛੇ ਹੋਏ ਸਵਾਲ ਦਾ ਮੇਰੇ ਲਈ ਉੱਤਰ ਦੇਣਾ ਬੜਾ ਮੁਸ਼ਕਲ ਹੈ।" ਮੈਂ ਸਾਰੀ ਗੱਲ ਮੁਕਾ ਦਿੱਤੀ।

ਸਿੱਖ ਅਫ਼ਸਰ - "ਫੇਰ ਹੁਣ ਤੁਹਾਨੂੰ ਹਿੰਦੀ ਸਿਖਾਈ ਜਾਵੇ, ਟਿਊਸ਼ਨ ਰੱਖ ਕੇ ਦੇਈਏ?"

ਮੈਂ - "ਇਹ ਮੈਨੂੰ ਨਹੀਂ ਪਤਾ, ਮੈਨੂੰ ਹਿੰਦੀ ਨਹੀਂ ਆਉਂਦੀ, ਇਸ ਨੂੰ ਮੈਂ ਸਮਝ ਨਹੀਂ ਸਕਦਾ।" ਮੈਂ ਪੱਕੇ ਪੈਰੀਂ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ। "ਹੁਣ ਤੁਸੀਂ ਮੈਨੂੰ ਫਾਰਸੀ ਵਿਚ ਸੁਆਲ ਪੁੱਛੋ ਤਾਂ ਉਨ੍ਹਾਂ ਦਾ ਜੁਆਬ ਮੈਨੂੰ ਕਿਵੇਂ ਆ ਸਕਦਾ ਹੈ?"

ਸਿੱਖ ਅਫ਼ਸਰ - "ਚੰਗਾ ਟਿੱਡ ਵਿਚ ਕਾਨਾ ਪਾਇਐ। ਸਰਦਾਰ ਜੀ, ਤੁਸੀਂ ਪੜ੍ਹੇ ਲਿਖੇ ਹੋ, ਫੇਰ ਤੁਹਾਨੂੰ ਹਿੰਦੀ ਕਿਵੇਂ ਨਹੀਂ ਆਉਂਦੀ ਹੋਊ..................?"

ਮੈਂ - "ਹਿੰਦੀ, ਮੈਨੂੰ ਕੋਈ ਇਕੱਲੇ ਨੂੰ ਨਹੀਂ ਆਉਂਦੀ? ਦੱਖਣ ਭਾਰਤ ਦੀਆਂ ਸਾਰੀਆਂ ਸਟੇਟਾਂ ਵਿਚ ਰਹਿਣ ਵਾਲੇ ਕਿਸੇ ਨੂੰ ਵੀ ਨਹੀਂ ਆਉਂਦੀ। ਕੇਰਲਾ, ਮਦਰਾਸ ਵਗੈਰਾ ਵਿਚ ਤੇ ਮੈਂ ਕਦੇ ਡਾਕਖਾਨੇ ਜਾਂ ਰੇਲਵੇ ਸਟੇਸ਼ਨ 'ਤੇ ਵੀ ਹਿੰਦੀ ਦਾ ਬੋਰਡ ਲੱਗਾ ਨਹੀਂ ਵੇਖਿਆ। ਦੁਕਾਨਾਂ 'ਤੇ ਲੱਗਾ ਹਿੰਦੀ ਦਾ ਬੋਰਡ ਤਾਂ ਉਥੋਂ ਦੇ ਲੋਕ ਤੋੜ ਹੀ ਦੇਂਦੇ ਹਨ। ਰਹੀ ਪੜ੍ਹੇ ਲਿਖੇ ਹੋਣ ਦੀ ਗੱਲ ਤਾਂ ਇਹ ਬਾਊ ਜੀ ਵੀ ਤਾਂ ਪੜ੍ਹੇ ਲਿਖੇ ਹਨ। ਫਿਰ ਸਰਦਾਰ ਸਾਹਿਬ, ਇਨ੍ਹਾਂ ਨੂੰ ਪੰਜਾਬੀ ਕਿਉਂ ਨਹੀਂ ਆਉਂਦੀ? ਜੋ ਵੀ ਪੰਜਾਬੀ ਹੈ, ਉਸ ਨੂੰ ਪੰਜਾਬੀ ਆਉਂਦੀ ਹੈ, ਭਾਵੇਂ ਉਹ ਕੁਝ ਸਾਲਾਂ ਲਈ, ਕਿਤੇ ਵਿਦੇਸ਼ ਚਲਾ ਜਾਵੇ, ਫਿਰ ਇਹ ਬਾਊ ਜੀ ਤਾਂ ਵਧ ਤੋਂ ਵਧ ਦਿੱਲੀਓਂ ਹੀ ਆਏ ਹਨ। ਹੁਣ ਦੋਹਾਂ ਧਿਰਾਂ ਦਾ ਤੋੜਾ ਬਾਊ ਜੀ, ਪੰਜਾਬੀ ਬੋਲੀ ਤੇ ਹਿੰਦੀ ਬੋਲੀ 'ਤੇ ਹੀ ਟੁੱਟਣ ਲੱਗ ਪਿਆ। ਮੈਂ ਆਪਣੇ ਆਪ ਨੂੰ ਠੀਕ ਸਮਝਦਾ ਸੀ ਤੇ ਫੇਰ ਮੈਂ ਕੋਈ ਵੀ ਸਰੀਰਕ ਕਸ਼ਟ ਸਹਿਣ ਵਾਸਤੇ ਤਿਆਰ ਸੀ, ਇਸ ਲਈ ਮੈਂ ਆਪਣੇ ਸਟੈਂਡ ਤੋਂ ਪਿੱਛੇ ਨਹੀਂ ਸੀ ਹਟਣਾ ਚਾਹੁੰਦਾ। ਹਿੰਦੂ ਅਫ਼ਸਰ ਸ਼ਰਮ ਮਹਿਸੂਸ ਕਰ ਰਿਹਾ ਸੀ। ਵਿਸ਼ਾ ਬਦਲਣਾ ਵੀ ਕਾਫੀ ਔਖਾ ਹੋ ਗਿਆ ਸੀ ਕਿਉਂਕਿ ਹਿੰਦੂ ਅਫ਼ਸਰ ਹੁਣ ਕਿਸੇ ਤਰ੍ਹਾਂ ਪੰਜਾਬੀ ਬੋਲ ਨਹੀਂ ਸੀ ਸਕਦਾ। ਇਸ ਨਾਲ ਉਸਦਾ ਮੁਲੱਮਾ ਉਤਰਦਾ ਸੀ। ਦੂਜਾ ਹਿੰਦੂ ਅਫ਼ਸਰ ਵੀ ਘੱਟ ਹੀ ਹਿੰਦੀ ਬੋਲਣ ਵਾਲਾ ਸੀ, ਬਲਕਿ ਉਹ ਦੱਖਣ ਦਾ ਹੋਣ ਕਰਕੇ ਹਿੰਦੀ ਘੱਟ ਹੀ ਜਾਣਦਾ ਸੀ ਤੇ ਪੰਜਾਬੀ ਦਾ ਉਸ ਨੂੰ ਕੁਝ ਪਤਾ ਨਹੀਂ ਸੀ। ਹਿੰਦੀ ਨਾਂ ਜਾਣਨ ਦਾ ਪਤਾ ਮੈਨੂੰ ਇਸ ਕਰਕੇ ਲੱਗਾ ਕਿ ਉਹ ਜਦੋਂ ਵੀ ਹਿੰਦੀ ਵਿਚ ਪੁਛਦਾ ਸੀ ਤਾਂ ਹਿੰਦੀ ਬਹੁਤ ਅਟਕ ਅਟਕ ਕੇ ਬੋਲਦਾ ਸੀ। ਗੱਲ ਪਿਛੇ "ਯਹ ਕਰਨੇ ਕਾ ਨਹੀਂ" "ਵੋਹ ਕਰਨੇ ਕਾ ਨਾਹੀਂ" ਲਾਉਂਦਾ। ਇਨ੍ਹਾਂ ਸਭ ਗਲਾਂ ਤੋਂ ਉਸ ਦੇ ਤਾਮਿਲ ਜਾਂ ਤੇਲਗੂ ਹੋਣ ਦਾ ਪਤਾ ਲੱਗਦਾ ਸੀ। ਜਦੋਂ ਜੁਆਬ ਦਿੱਤਾ ਜਾਂਦਾ ਤਾਂ ਉਹ ਦੂਜਿਆਂ ਦੇ ਮੂੰਹ ਵੱਲ ਬਿਟਰ ਬਿਟਰ ਵੇਖਣ ਲੱਗ ਪੈਂਦਾ। ਹਿੰਦੀ ਤਾਂ ਉਹ ਸਮਝਦਾ ਹੀ ਸੀ ਤੇ ਕੁਝ-ਕੁਝ ਬੋਲਦਾ ਵੀ ਸੀ ਪਰ ਪੰਜਾਬੀ ਦਾ ਉਹ ਅੱਖਰ ਵੀ ਨਹੀਂ ਸੀ ਜਾਣਦਾ। ਦੂਜੇ ਅਫ਼ਸਰ ਦੀ ਤੇ ਮੇਰੀ ਹੁਣ ਉਹ ਗੱਲ ਬਣ ਗਈ ਸੀ, ਜਿਵੇਂ ਇਕ ਮੰਗਤੇ ਨੇ ਤੁਰੇ ਜਾਂਦੇ ਬੰਦੇ ਨੂੰ ਕਿਹਾ ਸੀ, "ਓ, ਕਾਲੇ ਕਪੜਿਆਂ ਵਾਲੇ ਭਾਈ, ਇਸ ਅੰਨੇ ਮੰਗਤੇ ਨੂੰ ਕੁਝ ਦੇਂਦਾ

ਜਾ।" ਅਗੋਂ ਉਸਦਾ ਜੁਆਬ ਸੀ, "ਬਾਬਾ, ਮੈਂ ਤੇ ਅੱਗੇ ਈ ਬੋਲਾ ਆ, ਮੈਨੂੰ ਸੁਣ ਜਾਂਦਾ ਤਾਂ ਜ਼ਰੂਰ ਤੈਨੂੰ ਕੁਝ ਦੇਂਦਾ।"

ਸਿੱਖ ਬਹੁਤ ਚਲਾਕ ਤੇ ਮੱਕਾਰ ਅਫ਼ਸਰ ਸੀ। ਸ਼ਾਇਦ ਉਹ ਐਸ.ਪੀ. ਸੀ ਤੇ ਆਈ.ਬੀ. ਨਾਲ ਸਬੰਧਤ ਸੀ। ਅਖੀਰ ਉਸ ਨੇ ਉਹ ਵਿਸ਼ਾ ਬਦਲ ਹੀ ਲਿਆ ਤੇ ਆਪਣੀ ਕੁਰਸੀ ਨੂੰ ਮੇਜ ਤੋਂ ਦੋ ਫੁੱਟ ਪਿੱਛੇ ਧੱਕ ਕੇ, ਸਿੱਧਾ ਹੋ ਕੇ ਬੈਠ ਗਿਆ। ਉਸ ਦੇ ਬੈਠਣ ਦੇ ਢੰਗ ਤੋਂ ਇਹ ਲੱਗਦਾ ਸੀ ਕਿ ਇਹ ਹੁਣ ਸੱਟ ਖਾਧੇ ਸੱਪ ਵਾਂਗ ਫੁੰਕਾਰੇ ਮਾਰ-ਮਾਰ ਕੇ ਸਵਾਲ ਪੁੱਛੇਗਾ ਤੇ ਇਨ੍ਹਾਂ ਦੇ ਜੁਆਬ ਵੀ ਮੈਨੂੰ ਦੇਣੇ ਹੀ ਪੈਣਗੇ। ਹਿੰਦੂ ਅਫ਼ਸਰ ਹੁਣ ਮੈਦਾਨ ਵਿਚੋਂ ਇਕ ਦਮ ਪਿੱਛੇ ਹਟ ਗਿਆ ਸੀ ਤੇ ਮੇਜ 'ਤੇ ਪਿਆ ਇੰਡੀਆ ਟੂ ਡੇ ਪੜ੍ਹਨ ਲੱਗ ਪਿਆ ਸੀ। ਬਾਅਦ ਵਿਚ ਉਹ ਗੱਲਬਾਤ ਹੁੰਦੀ ਵਿਚ ਕਦੀ-ਕਦੀ ਰਸਾਲੇ ਤੋਂ ਧਿਆਨ ਹਟਾ ਕੇ ਵੇਖ ਲੈਂਦਾ ਸੀ ਪਰ ਸਵਾਲ ਉਸ ਨੇ ਉਸ ਤੋਂ ਬਾਅਦ ਕੋਈ ਨਾ ਪੁੱਛਿਆ। ਸਿਰਫ ਸਿੱਖ ਅਫ਼ਸਰ ਨਾਲ ਸਵਾਲ ਜਵਾਬ ਹੀ ਸੁਣਦਾ ਰਿਹਾ।

ਸਿੱਖ ਅਫ਼ਸਰ – "ਤੁਸੀਂ ਕਦੀ ਪਾਕਿਸਤਾਨ ਗਏ ਹੋ?"

ਮੈਂ – ਬਿਨਾਂ ਕਿਸੇ ਝਿਜਕ ਦੇ "ਹਾਂ ਜੀ"। ਪਰ ਉਵੇਂ ਮੇਰਾ ਅੰਦਰ ਬੁਰੀ ਤਰ੍ਹਾਂ ਹਿਲ ਗਿਆ ਸੀ ਤੇ ਇਹ ਸਵਾਲ ਇਸ ਤਰ੍ਹਾਂ ਸੀ, ਜਿਵੇਂ ਕੋਈ ਅਚਾਨਕ ਸਿਰ ਵਿਚ ਡੰਡਾ ਮਾਰ ਦੇਵੇ।

ਸਿੱਖ ਅਫ਼ਸਰ – "ਕਦੋਂ? ਤੇ ਕਿਉਂ?"

ਮੈਂ – "1980 ਵਿਚ, ਸੈਰ ਕਰਨ"। ਫਿਰ ਮੈਂ ਸੈਰ ਕਰਨ ਵਾਲੀ ਗੱਲ ਵਿਚ ਸੋਧ ਕਰ ਦਿੱਤੀ ਤੇ ਕਿਹਾ ਉਥੇ ਇਕ ਮੁਸਲਮਾਨ ਦੋਸਤ ਰਹਿੰਦਾ ਹੈ, ਉਸ ਨੂੰ ਮਿਲਣ। ਮੈਂ ਬਹੁਤ ਜ਼ਿਆਦਾ ਚੌਕਸ ਸੀ ਤੇ ਹਰ ਲਫਜ਼ ਨੂੰ ਚਿੱਥ ਕੇ ਮੂੰਹ 'ਚੋਂ ਕੱਢਣ ਦਾ ਮਨ ਬਣਾ ਲਿਆ ਸੀ।

ਸਿੱਖ ਅਫ਼ਸਰ – "ਉਹ ਪਾਕਿਸਤਾਨੀ ਮੁਸਲਮਾਨ ਤੁਹਾਡਾ ਦੋਸਤ ਕਿਵੇਂ ਹੈ?" ਅਫ਼ਸਰ ਦੇ ਬੁੜਕ ਕੇ ਬੋਲਣ ਤੋਂ ਬੜਾ ਸਾਫ ਨਜ਼ਰ ਆ ਰਿਹਾ ਸੀ ਕਿ ਸ਼ਾਇਦ ਉਹ ਸੋਚ ਰਿਹਾ ਸੀ ਕਿ ਹੁਣ ਕੰਮ ਬਣ ਗਿਆ ਸਮਝੋ।

ਮੈਂ – "ਇਹ ਇਕ ਲੰਮੀ ਕਹਾਣੀ ਹੈ, ਦਰਅਸਲ....................."

ਸਿੱਖ ਅਫ਼ਸਰ – ਕੁਝ ਚਮਕ ਕੇ "ਸਰਦਾਰ ਸਾਹਿਬ, ਅਸਾਂ ਕਹਾਣੀਆਂ ਨਹੀਂ ਸੁਣਨੀਆਂ, ਸਿਰਫ ਦੋ ਹਰਫਾਂ ਦਾ ਜੁਆਬ ਚਾਹੀਦਾ ਹੈ। ਉਹ ਤੁਹਾਡਾ ਦੋਸਤ ਕਿਵੇਂ ਹੈ?" ਅਫ਼ਸਰ ਨੇ ਓਹੀ ਸਵਾਲ ਫਿਰ ਦੁਹਰਾ ਦਿੱਤਾ।

ਮੈਂ – "ਮੈਂ ਦਸਿਆ ਨਾ ਗੱਲ ਲੰਬੀ ਹੈ। ਆਖੋ ਤਾਂ ਸ਼ੁਰੂ ਤੋਂ ਸੁਣਾ ਦੇਂਦਾ ਹਾਂ, ਇਸ ਦਾ ਜੁਆਬ ਇਕ ਦੋ ਲਫਜ਼ਾਂ ਨਾਲ ਪੂਰਾ ਹੋਣ ਵਾਲਾ ਨਹੀਂ।" ਹਿੰਦੂ ਅਫ਼ਸਰ ਨੇ ਹੱਥ ਵਾਲਾ ਰਸਾਲਾ ਫੇਰ ਮੇਜ਼ 'ਤੇ ਹੀ ਰੱਖ ਦਿੱਤਾ ਤੇ ਮੇਰੇ ਵੱਲ ਇਸ ਤਰ੍ਹਾਂ ਵੇਖਣ ਲੱਗ ਪਿਆ, ਜਿਵੇਂ ਕਹਿ ਰਿਹਾ ਹੋਵੇ "ਕਿਉਂ ਹੁਣ ਆ ਗਿਆਂ ਕਹਾਣੀਆਂ 'ਤੇ। ਅਸੀਂ ਤਾਂ ਵੱਡੇ ਵੱਡੇ ਨਹੀਂ ਛੱਡੇ।" ਅਫ਼ਸਰ ਦੇ ਚਿਹਰੇ 'ਤੇ ਲਾਲ ਰੌਣਕ ਸਪੱਸ਼ਟ ਚਮਕ ਰਹੀ ਸੀ। ਫਿਰ ਉਸ ਨੇ ਸਿੱਖ ਅਫ਼ਸਰ ਵੱਲ ਵੇਖਿਆ, ਜਿਵੇਂ ਉਸ ਨੂੰ ਸ਼ਾਬਾਸ਼ ਦੇ ਰਿਹਾ ਹੋਵੇ ਤੇ ਕਹਿ ਰਿਹਾ ਹੋਵੇ "ਬੱਲੇ ਓ ਤੇਰੇ ਸਰਦਾਰਾ, ਫਸਾ ਲਿਆ ਈ, ਇਹ ਵੀ ਬੜੀਆਂ ਫੜ੍ਹਾਂ ਮਾਰਦਾ ਸੀ।" ਹਿੰਦੂ ਅਫ਼ਸਰ ਖੁਸ਼ੀ ਨਾਲ ਖਿੜਿਆ ਪਿਆ ਸੀ। ਫੇਰ ਉਸਨੇ ਆਪਣੇ ਸਾਥੀ ਨੂੰ ਸੰਬੋਧਨ ਕਰਕੇ

ਕਿਹਾ "ਸਰਦਾਰ ਸਾਹਿਬ, ਸੁਨ ਲੋ ਕਹਾਨੀ, ਕੈਸੀ ਫਿਲਮੀ ਕਹਾਨੀ ਹੈ।" ਮੈਂ ਵੀ ਸਿੱਖ ਅਫ਼ਸਰ ਵੱਲ ਮੂੰਹ ਕਰਕੇ ਕਹਿਣ ਹੀ ਲੱਗਾ ਸੀ ਕਿ "ਕਿਉਂ, ਹੁਣ ਜੇ ਇਹ ਨੂੰ ਪੰਜਾਬੀ ਨਹੀਂ ਆਉਂਦੀ ਤਾਂ ਫਿਰ ਕਹਾਣੀ ਵਾਲੀ ਗੱਲ ਕਿਵੇਂ ਸਮਝ ਲੱਗ ਗਈ ਹੈ?" ਪਰ ਮੈਂ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਕੋਈ ਵੀ ਗੱਲ ਕਰਨੀ ਮੁਨਾਸਬ ਨਾ ਸਮਝੀ, ਉਂਜ ਮੈਂ ਦਿਲੋਂ ਇਹ ਚਾਹੁੰਦਾ ਸੀ ਕਿ ਲਫਜ਼ ਘੱਟਾਓਂ ਘੱਟ ਬੋਲੇ ਜਾਣ, ਸੋ ਮੈਂ ਇਸ 'ਤੇ ਅਮਲ ਵੀ ਕੀਤਾ।

ਸਿੱਖ ਅਫ਼ਸਰ – "ਹਾਂ ਜੀ ਸੁਣਾ ਦਿਓ, ਮੁਸਲਮਾਨ ਨਾਲ ਯਾਰੀ ਦੀ ਵੀ ਕਹਾਣੀ, ਪੁੱਛਗਿੱਛ ਫੇਰ ਸਹੀ।"

ਮੈਂ – "ਇਸ ਤਰ੍ਹਾਂ ਹੈ ਜੀ, ਅਸੀਂ ਵੰਡ ਤੋਂ ਪਹਿਲਾ ਪਾਕਿਸਤਾਨ ਵਿਚ ਰਹਿੰਦੇ ਸਾਂ। ਜਿਲ੍ਹਾ ਲਾਇਲਪੁਰ, ਚੱਕ 224, ਆਰ.ਬੀ., ਇਸ ਮੁਸਲਮਾਨ ਦੇ ਪਿਤਾ ਜੀ ਵੀ ਉਥੇ ਹੀ ਰਹਿੰਦੇ ਸਨ।"

ਸਿੱਖ ਅਫ਼ਸਰ – "ਕਿਥੇ?"

ਮੈਂ – "ਸਾਡੇ ਹੀ ਪਿੰਡ ਚੱਕ ਨੰਬਰ 224, ਆਰ.ਬੀ. 'ਚ।"

ਸਿੱਖ ਅਫ਼ਸਰ – "ਅੱਛਾ! ਤੁਸੀਂ ਬਿਨਾਂ ਰੁਕੇ ਸੁਣਾਈ ਜਾਓ, ਓਵੇਂ ਅਸੀਂ ਬਹੁਤੀਆਂ ਕਹਾਣੀਆਂ ਸੁਣ ਕੇ ਖੁਸ਼ ਨਹੀਂ।" ਇਹ ਗੱਲ ਮੈਨੂੰ ਬਰਛੇ ਵਾਂਗ ਚੁੱਭੀ ਪਰ ਫੇਰ ਵੀ ਮੈਂ ਆਪਣੇ ਮਨ ਹੀ ਮਨ ਪ੍ਰਣ ਕਰ ਰਖਿਆ ਸੀ ਕਿ ਮਨਾਂ ਮੱਥਾ ਗਰਮ ਨਹੀਂ ਕਰਨਾ ਜੇ ਗਰਮ ਹੋ ਗਿਆ ਤਾਂ ਫੇਰ ਗੜਬੜ ਵੱਟ 'ਤੇ ਪਈ ਹੈ।

ਮੈਂ – "ਇਸ ਚੌਧਰੀ ਸਾਹਿਬ ਦੇ ਅੱਬਾ ਤੇ ਮੇਰੇ ਪਿਤਾ ਜੀ, ਦੋਵੇਂ ਬਹੁਤ ਗਹਿਰੇ ਦੋਸਤ ਸਨ। ਵਿਆਹਾਂ ਸ਼ਾਦੀਆਂ ਵਿਚ ਸਾਡਾ ਆਉਣਾ ਜਾਣਾ ਸੀ। ਪਾਕਿਸਤਾਨ ਬਣ ਗਿਆ। ਅਸੀਂ ਏਧਰ ਆ ਗਏ, ਉਦੋਂ ਮੇਰੀ ਉਮਰ ਸਾਰੀ ਦੋ ਸਾਲ ਦੀ ਸੀ ਤੇ ਚੌਧਰੀ ਸਾਹਿਬ ਦੀ ਉਮਰ ਵੀ ਏਨੀ ਕੁ ਹੀ ਸੀ। 1979 ਵਿਚ ਉਹ ਏਥੇ ਇਕ ਹਿੰਦੂ ਹਕੀਮ ਦੀ ਜ਼ਿੰਮੇਵਾਰੀ 'ਤੇ ਭਾਰਤ ਆਇਆ।"

ਸਿੱਖ ਅਫ਼ਸਰ – ਵਿਚੋ ਹੀ ਟੋਕ ਕੇ "ਕਿਥੋਂ ਦਾ ਹਕੀਮ ਸੀ?"

ਮੈਂ – "ਹੁਸ਼ਿਆਰਪੁਰ ਦਾ ਤੇ ਉਸਦਾ ਨਾਂ ਹੈ ਹਕੀਮ ਰਾਮ ਕ੍ਰਿਸ਼ਨ ਟੋਡਾ। ਹੁਸ਼ਿਆਰਪੁਰ ਦੇ ਮੁੱਖ ਬਾਜ਼ਾਰ ਵਿਚ ਹੀ ਉਸਦੀ ਦੁਕਾਨ ਹੈ ਹਕੀਮੀ ਦੀ, ਬੜਾ ਮਸ਼ਹੂਰ ਹਕੀਮ ਹੈ। ਹੁਣ ਦੋਵੇਂ ਅਫ਼ਸਰ ਫਟਾਫਟ ਲਿਖਣ ਲੱਗ ਪਏ ਤੇ ਉਨ੍ਹਾਂ ਨੇ ਸਾਰਾ ਹੀ ਪਤਾ ਦੁਬਾਰਾ ਪੁੱਛ ਕੇ ਲਿਖ ਲਿਆ।"

ਸਿੱਖ ਅਫ਼ਸਰ – "ਫੇਰ"?

ਮੈਂ – "ਚੌਧਰੀ ਸਾਹਿਬ, ਨਾਲ ਉਨ੍ਹਾਂ ਦਾ ਮੁਣਸ਼ੀ ਅੱਲਾ ਦਿੱਤਾ ਵੀ ਸੀ। ਅੱਲਾ ਦਿੱਤਾ ਅਤੇ ਹਕੀਮ ਰਾਮ ਕ੍ਰਿਸ਼ਨ ਟੋਡਾ ਇਕੋ ਮੁਹੱਲੇ ਦੇ ਰਹਿਣ ਵਾਲੇ ਸਨ ਤੇ ਵੰਡ ਵੇਲੇ ਵਿੱਛੜ ਗਏ ਸਨ। ਏਸੇ ਕਰਕੇ ਹੀ ਹਕੀਮ ਨੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ 'ਤੇ ਏਥੇ ਬੁਲਾਇਆ ਸੀ। ਪਰ ਹੁਸ਼ਿਆਰਪੁਰ ਜਾਣ ਤੋਂ ਪਹਿਲਾਂ ਉਹ ਦੋਵੇਂ ਜਲੰਧਰ ਦੇ ਇਕ ਹੋਟਲ ਵਿਚ ਰਾਤ ਰਹੇ ਤੇ ਉਨ੍ਹਾਂ ਕਮਰਾ ਬੁੱਕ ਕਰਵਾ ਲਿਆ। ਉਸ ਹੋਟਲ ਵਿਚ ਮੇਰਾ ਵੀ ਬੜਾ ਆਉਣਾ ਜਾਣਾ ਸੀ।"

ਸਿੱਖ ਅਫ਼ਸਰ – "ਤੁਸੀਂ ਉਥੇ ਕੀ ਲੈਣ ਜਾਂਦੇ ਸੀ?"

ਮੈਂ - "ਸ਼ਰਾਬ ਪੀਣ। ਕਿਉਂਕਿ ਉਸ ਹੋਟਲ ਦਾ ਮਾਲਕ ਵੀ ਸ਼ਰਾਬ ਪੀਣ ਦਾ ਸ਼ੌਕੀਨ ਹੈ ਤੇ ਮੇਰਾ ਦੋਸਤ ਹੈ।" ਇਹ ਗੱਲ ਮੈਂ ਬਗੈਰ ਕਿਸੇ ਝਿਜਕ ਦੇ ਆਖ ਦਿੱਤੀ। ਹੁਣ ਕਹਾਣੀ ਬੜੀ ਵਧੀਆ ਹੋ ਗਈ ਸੀ। ਦੋਵੇਂ ਅਫ਼ਸਰ ਇਸ ਤਰ੍ਹਾਂ ਲਿਖ ਰਹੇ ਸਨ, ਜਿਵੇਂ ਅਧਿਆਪਕ ਦੇ ਲਿਖਾਉਣ 'ਤੇ ਬੱਚੇ ਲਿਖਦੇ ਹਨ।

ਸਿੱਖ ਅਫ਼ਸਰ - "ਫੇਰ ਕੀ ਹੋਇਆ?" ਅਫ਼ਸਰ ਇਕ ਦਮ ਤਹਿ ਤਕ ਪਹੁੰਚ ਜਾਣਾ ਚਾਹੁੰਦਾ ਸੀ।

ਮੈਂ - "ਚੌਧਰੀ ਸਾਹਿਬ ਦੇ ਨਾਲ ਆਇਆ ਮੁਨਸ਼ੀ, ਹੋਟਲ ਦੇ ਮਾਲਕ ਨੂੰ ਪੁੱਛਣ ਲੱਗਾ ਕਿ ਏਥੇ ਕੋਈ ਪਾਕਿਸ੍ਤਾਨ ਤੋਂ ਆਇਆ ਸਰਦਾਰ ਨਹੀਂ ਮਿਲ ਸਕਦਾ? ਅਚਾਨਕ ਥੋੜ੍ਹੀ ਦੇਰ ਬਾਅਦ ਇਤਫਾਕ ਨਾਲ ਮੈਂ ਵੀ ਉਥੇ ਜਾ ਪੁੱਜਾ। ਹੋਟਲ ਮਾਲਕ ਨੇ ਮੈਨੂੰ ਪੁਛਿਆ "ਪਾਕਿਸਤਾਨ ਵਿਚ ਤੁਸੀਂ ਕਿਥੇ ਰਹਿੰਦੇ ਸੀ"? ਮੈਂ ਦਸਿਆ "ਲਾਇਲਪੁਰ"। "ਪਿੰਡ ਕਿਹੜਾ?" ਮੁਨਸ਼ੀ ਨੇ ਝੱਟ ਪੁਛਿਆ। ਮੈਂ ਕਿਹਾ, '224 ਆਰ.ਬੀ. ਬੁੱਢਾ ਸਿੰਘ ਵਾਲਾ। ਬੱਸ ਫੇਰ ਕੀ ਸੀ ਮੁਣਸ਼ੀ ਖੁਸ਼ੀ ਨਾਲ ਉਛਲ ਪਿਆ। ਫਿਰ ਹੋਟਲ ਮਾਲਕ ਨੇ ਹੀ ਮੈਨੂੰ ਦੱਸਿਆ "ਇਹ ਵੀ ਤੁਹਾਡੇ ਸ਼ਹਿਰ ਤੇ ਤੁਹਾਡੇ ਹੀ ਪਿੰਡ ਦੇ ਹਨ, ਇਨ੍ਹਾਂ ਦੇ ਚੌਧਰੀ ਸਾਹਿਬ ਕੱਪੜੇ ਦੀ ਮਿੱਲ ਦੇ ਮਾਲਕ ਹਨ, ਉਪਰ ਬੈਠੇ ਹਨ।"

ਸਿੱਖ ਅਫ਼ਸਰ - "ਫੇਰ ਉਸ ਤੋਂ ਬਾਅਦ?"

ਮੈਂ - "ਮੈਂ ਉਪਰ ਗਿਆ। ਚੌਧਰੀ ਸਾਹਿਬ ਗਰਮੀ ਤੇ ਮੱਛਰ ਕਰਕੇ ਹਾਲੋਂ ਬੇਹਾਲ ਸਨ, ਜਦੋਂ ਮੁਣਸ਼ੀ ਨੇ ਦੱਸਿਆ ਕਿ ਸਰਦਾਰ ਸਾਹਿਬ ਆਪਣੇ ਪਿੰਡ ਦੇ ਹਨ ਤਾਂ ਚੌਧਰੀ ਸਾਹਿਬ ਵੀ ਬੜੇ ਖੁਸ਼ ਹੋਏ। ਉਨ੍ਹਾਂ ਮੇਰੇ ਪਿਤਾ ਜੀ ਦਾ ਨਾਂ ਪੁਛਿਆ। ਮੈਂ ਆਪਣੇ ਪਿਤਾ ਜੀ ਦਾ ਨਾਂ ਦੱਸਿਆ। ਉਨ੍ਹਾਂ ਨੇ ਉਨ੍ਹਾਂ ਦੀਆਂ ਕੁਝ ਗੱਲਾਂ ਮੈਨੂੰ ਸੁਣਾਈਆਂ, ਜਿਸ ਬਾਰੇ ਉਨ੍ਹਾਂ ਆਖਿਆ ਕਿ ਮੇਰੀ ਵਾਲਦਾ ਮੈਨੂੰ ਇਹ ਦੱਸਦੀ ਹੁੰਦੀ ਸੀ। ਉਹ ਗੱਲਾਂ ਸੁਣ ਕੇ ਹੀ ਮੈਂ ਸਮਝ ਗਿਆ ਕਿ ਇਹ ਗੱਲਾਂ ਬਿਲਕੁਲ ਸੱਚੀਆਂ ਹਨ। ਕਿਉਂਕਿ ਬਿਲਕੁਲ ਉਹ ਹੀ ਗੱਲਾਂ ਸਾਡੇ ਘਰ ਵੀ ਮੇਰੇ ਪਿਤਾ ਜੀ ਤੇ ਮਾਤਾ ਜੀ ਕਰਿਆ ਕਰਦੇ ਸਨ। ਉਨ੍ਹਾਂ ਨੇ ਮੈਨੂੰ ਇਹ ਵੀ ਦੱਸਿਆ ਕਿ ਤੁਹਾਡੇ ਖੂਹ ਵਿਚ ਅਜੇ ਵੀ ਤੁਹਾਡੇ ਬਾਬਾ ਜੀ ਦੇ ਨਾਂ ਦੀ ਪੱਥਰ ਦੀ ਸਿਲ ਲੱਗੀ ਹੋਈ ਹੈ। ਮੈਨੂੰ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕੋਈ ਸ਼ੱਕ ਨਾ ਰਹਿ ਗਿਆ। ਇਕ ਹੋਰ ਸਿੱਖ ਦੀ, ਜੋ ਉਥੇ ਜਾਇਦਾਦ ਦੇ ਲਾਲਚ ਕਰਕੇ ਮੁਸਲਮਾਨ ਬਣ ਗਿਆ ਸੀ, ਵੀ ਗੱਲ ਹੋਈ। ਉਸ ਆਦਮੀ ਦੀ ਜ਼ਮੀਨ ਦੇ ਬੰਨੇ ਨਾਲ ਸਾਡਾ ਬੰਨਾ ਲੱਗਦਾ ਸੀ। ਉਸ ਬਾਰੇ ਵੀ ਮੈਂ ਆਪਣੇ ਘਰੋਂ ਬਹੁਤ ਵਾਰੀ ਸੁਣ ਚੁੱਕਾ ਸਾਂ। ਮੈਨੂੰ ਹੁਣ ਕੋਈ ਸ਼ੱਕ ਨਾ ਰਿਹਾ। ਮੈਂ ਉਸ ਨੂੰ ਸਲਾਮਾਂ ਲੇਕਮ ਕਰਕੇ ਘਰ ਆ ਗਿਆ।"

ਅਫ਼ਸਰ ਵਿਚੋਂ ਹੀ ਟੋਕ ਕੇ "ਤੁਸਾਂ ਉਸ ਨੂੰ ਆਪਣੇ ਘਰ ਆਉਣ ਵਾਸਤੇ ਨਾ ਆਖਿਆ?"

ਮੈਂ - "ਨਹੀਂ"

ਸਿੱਖ ਅਫ਼ਸਰ - "ਕਿਉਂ?"

ਮੈਂ - "ਦਰਅਸਲ ਘਰ ਜਾ ਕੇ ਮੈਂ ਪਹਿਲਾਂ ਆਪਣੇ ਮਾਤਾ ਜੀ ਕੋਲੋਂ ਚੰਗੀ ਤਰ੍ਹਾਂ ਤਸੱਲੀ ਕਰ ਲੈਣਾ ਚਾਹੁੰਦਾ ਸਾਂ ਕਿਉਂਕਿ ਮੈਂ ਜ਼ਰਾ ਸ਼ੱਕੀ ਸੁਭਾਅ ਦਾ ਆਦਮੀ ਹਾਂ ਤੇ ਹਰ ਬੰਦੇ ਨਾਲ ਮੇਲ ਗੇਲ ਵਧਾਉਣ ਤੋਂ ਪਹਿਲਾਂ ਉਸ ਬਾਰੇ ਪੂਰੀ ਘੋਖ ਕਰਦਾ ਹਾਂ।" ਮੇਰੇ ਇਹ

ਕਹਿਣ ਨਾਲ ਅਫ਼ਸਰਾਂ ਵਲੋਂ ਹੋਰ ਬੇਤੁਕਾ ਸਵਾਲ ਕਰਨ 'ਤੇ ਇਕ ਤਰ੍ਹਾਂ ਰੋਕ ਲੱਗ ਗਈ ਸੀ। ਪਰ ਉਹ ਬਰਾਬਰ ਸਭ ਕੁਝ ਲਿਖੀ ਜਾ ਰਹੇ ਸਨ।

ਸਿੱਖ ਅਫ਼ਸਰ – "ਫੇਰ ਤੁਸਾਂ ਘਰੋਂ ਤਸੱਲੀ ਕੀਤੀ?"

ਮੈਂ – "ਹਾਂ ਜੀ, ਘਰ ਜਾ ਕੇ ਸਭ ਤੋਂ ਪਹਿਲਾਂ ਮੈਂ ਇਹ ਹੀ ਗੱਲ ਕੀਤੀ। ਪਹਿਲਾਂ ਮੈਂ ਰਾਤ ਹੀ ਉਸ ਨੂੰ ਆਪਣੇ ਘਰ ਲੈ ਆਉਣ ਵਾਸਤੇ ਤਿਆਰ ਹੋਇਆ, ਫਿਰ ਸੋਚਿਆ ਕੀ ਪਤਾ, ਉਹ ਐਸ ਵੇਲੇ ਡਰਦਾ ਮਾਰਾ ਆਵੇ ਕਿ ਨਾ? ਸੋ ਮੈਂ ਸਵੇਰੇ ਸੂਰਜ ਨਿਕਲਣ ਨਾਲ ਹੀ ਹੋਟਲ ਪਹੁੰਚ ਗਿਆ ਤੇ ਉਸ ਨੂੰ ਨਾਲ ਘਰ ਲੈ ਆਇਆ। ਉਸ ਦਿਨ ਹੀ ਅਸਾਂ ਜਲੰਧਰ ਚੌਕੀ ਨੰਬਰ 4 ਵਿਚ ਉਨ੍ਹਾਂ ਦੀ ਆਮਦ ਦੀ ਰੱਪਟ ਦਰਜ ਕਰਾਈ ਤੇ ਹੁਸ਼ਿਆਰਪੁਰ ਦੀ ਰਵਾਨਗੀ ਭਰਵਾਈ। ਮੇਰੇ ਕੋਲ ਆਪਣੀ ਕਾਰ ਸੀ, ਉਸੇ 'ਤੇ ਅਸੀਂ ਹੁਸ਼ਿਆਰਪੁਰ ਗਏ। ਹਕੀਮ ਉਨ੍ਹਾਂ ਨੂੰ ਬਹੁਤ ਖੁਸ਼ ਹੋ ਕੇ ਮਿਲਿਆ। ਉਨ੍ਹਾਂ ਜੱਫੀਆਂ ਪਾਈਆਂ, ਸੁੱਖ ਸਾਂਦ ਪੁੱਛੀ। ਦੁਪਹਿਰ ਦੀ ਰੋਟੀ ਉਨ੍ਹਾਂ ਦੇ ਘਰ ਹੀ ਖਾਧੀ। ਰੋਟੀ ਬੜੇ ਉਚੇਚ ਨਾਲ ਉਨ੍ਹਾਂ ਬਣਾਈ ਸੀ। ਘੱਟ ਘੱਟ ਛੇ-ਸੱਤ ਤਾਂ ਸਬਜੀਆਂ ਹੀ ਸਨ।" (ਇਹ ਗੱਲਾਂ, ਮੈਂ ਘਰੋੜ ਘਰੋੜ ਕੇ ਕੀਤੀਆਂ)।

ਸਿੱਖ ਅਫ਼ਸਰ – "ਫਿਰ?"

ਮੈਂ – "ਰੋਟੀ ਖਾ ਕੇ ਚੌਧਰੀ ਸਾਹਿਬ ਤੇ ਮੈਂ ਵਾਪਸ ਆ ਗਏ। ਮੁਣਸ਼ੀ ਉਥੇ ਰਹਿ ਪਿਆ।"

ਸਿੱਖ ਅਫ਼ਸਰ – "ਕਿਉਂ?"

ਮੈਂ – "ਕਿਉਂਕਿ ਹਕੀਮ ਮੁਣਸ਼ੀ ਦਾ ਲਗੋਟੀਆ ਸੀ ਤੇ ਚੌਧਰੀ ਮੇਰੇ ਪਿੰਡ ਦਾ ਸੀ", ਜਵਾਬ ਢੁਕਵਾਂ ਸੀ, ਇਸ ਲਈ ਹੋਰ ਸਵਾਲ ਨਹੀਂ ਸੀ ਬਣਦਾ। ਦੋਵੇਂ ਅਫ਼ਸਰ ਮੂੰਹ ਖੋਲ੍ਹ ਕੇ ਵੀ ਕੁਝ ਨਾ ਪੁੱਛ ਸਕੇ।

ਹਿੰਦੂ ਅਫ਼ਸਰ, ਜਿਸ ਕੋਲੋਂ ਹੁਣ ਚੁੱਪ ਰਹਿਣਾ ਔਖਾ ਹੋਇਆ ਪਿਆ ਸੀ ਤੇ ਸਮਝ ਰਿਹਾ ਸੀ ਕਿ ਕਹਾਣੀ ਐਸਾ ਮੋੜ ਲਈ ਜਾਂਦੀ ਹੈ, ਜਿਸ ਨੂੰ ਝੁਠਲਾਉਣਾ ਔਖਾ ਹੋਇਆ ਪਿਆ ਹੈ, ਬੋਲਣੋ ਨਾ ਰਹਿ ਸਕਿਆ। ਉਸ ਨੇ ਹੱਥ ਦਾ ਇਸ਼ਾਰਾ ਕਰਕੇ ਸਿੱਖ ਅਫ਼ਸਰ ਨੂੰ ਚੁੱਪ ਕਰਾ ਦਿੱਤਾ ਤੇ ਆਪ ਸਿੱਧਾ ਹੋ ਪਿਆ। "ਫਿਰ ਵੋਹ ਆਪ ਕੇ ਪਾਸ ਕਿਤਨੇ ਦਿਨ ਰਹਾ, ਕਯਾ ਕਰਤਾ ਰਹਾ?"

ਮੈਂ – ਚੁੱਪ ਰਿਹਾ।

ਸਿੱਖ ਅਫ਼ਸਰ – "ਪੁਛਦੇ ਹਨ ਪਈ ਉਹ ਤੁਹਾਡੇ ਕੋਲ ਕਿੰਨੇ ਦਿਨ ਰਿਹਾ ਤੇ ਉਨ੍ਹਾਂ ਦਿਨਾਂ ਵਿਚ ਕੀ ਕਰਦਾ ਰਿਹਾ?"

ਮੈਂ – "ਅੱਛਾ ਅੱਛਾ......... ਮੇਰੇ ਕੋਲ ਉਹ ਦਸ ਕੁ ਦਿਨ ਰਿਹਾ ਤੇ ਇਨ੍ਹਾਂ ਦਿਨਾਂ ਵਿਚ ਉਸ ਨੂੰ ਜਲੰਧਰ ਦੇ ਹਸਪਤਾਲ ਵਿਚ ਕੰਮ ਸੀ, ਉਸ ਕੰਮ ਦੇ ਪਿੱਛੇ ਹੀ ਪਿਆ ਰਿਹਾ।" ਹਿੰਦੂ ਅਫ਼ਸਰ ਨੂੰ ਹੁਣ ਪੱਕਾ ਪਤਾ ਲੱਗ ਗਿਆ ਸੀ ਕਿ ਇਸ ਨੇ ਮੇਰੇ ਹਿੰਦੀ ਦੇ ਸਵਾਲਾਂ ਦਾ ਪੰਜਾਬੀ ਵਿਚ ਤਰਜਮਾ ਕੀਤੇ ਤੋਂ ਬਗੈਰ ਜਵਾਬ ਨਹੀਂ ਦੇਣਾ। ਇਸ ਲਈ ਉਸ ਨੇ ਇਸ ਤੋਂ ਬਾਅਦ ਘੱਟ ਹੀ ਕੋਈ ਗੱਲ ਪੁੱਛੀ।

ਸਿੱਖ ਅਫ਼ਸਰ – "ਕੀ ਕੰਮ ਸੀ?"

ਮੈਂ – "ਪਾਕਿਸਤਾਨ ਵਿਚ ਉਸ ਦੀ ਜ਼ਮੀਨ ਦਾ ਝਗੜਾ ਚੱਲਦਾ ਹੈ। ਜਿਸ ਔਰਤ

ਦੀ ਜ਼ਮੀਨ ਦੇ ਵਾਰਸਾਂ ਨਾਲ ਝਗੜਾ ਹੈ, ਉਥੇ ਇਹ ਸਿੱਧ ਕਰਨਾ ਹੈ ਕਿ ਉਹ ਔਰਤ ਪਾਕਿਸਤਾਨ ਬਣਨ ਤੋਂ ਬਹੁਤ ਸਮਾਂ ਪਹਿਲਾਂ ਪਲੇਗ ਪੈਣ ਨਾਲ ਮਰ ਗਈ ਸੀ। ਉਹ ਹਸਪਤਾਲ ਦੇ ਮੌਤ ਰਜਿਸਟਰ ਵਿਚੋਂ ਉਸ ਦੀ ਮੌਤ ਦਾ ਸਰਟੀਫਿਕੇਟ ਲੈਣਾ ਚਾਹੁੰਦਾ ਸੀ। ਉਹ ਲੈਂਦਿਆਂ ਕਰਦਿਆਂ ਦਸ ਕੁ ਦਿਨ ਲੱਗ ਗਏ। ਉਸ ਨੂੰ ਸਰਟੀਫਿਕੇਟ ਮਿਲ ਗਿਆ ਤੇ ਦਸ ਦਿਨ ਬਾਅਦ ਉਹ ਚਲਾ ਗਿਆ। ਦਸ ਦਿਨ ਉਹ ਜਾਂ ਤਾਂ ਬਹੁਤਾ ਹਸਪਤਾਲ ਹੀ ਰਿਹਾ ਜਾਂ ਫਿਰ ਮੈਂ ਉਸ ਨੂੰ ਬਜ਼ਾਰ ਵਿਚ ਖਰੀਦਦਾਰੀ ਕਰਵਾਉਂਦਾ ਰਿਹਾ ਜਾਂ ਅਸੀਂ ਦਾਰੂ ਪੀਂਦੇ ਰਹੇ।"

ਸਿੱਖ ਅਫ਼ਸਰ – "ਫਿਰ?"

ਮੈਂ – "ਫਿਰ ਕੀ, ਉਸ ਦਾ ਕੰਮ ਹੋ ਗਿਆ ਤੇ ਉਹ ਚਲਾ ਗਿਆ।"

ਸਿੱਖ ਅਫ਼ਸਰ – "ਤੁਹਾਡੇ ਨਾਲ ਉਸ ਨੇ ਕੀ ਗੱਲਾਂ ਕੀਤੀਆਂ?"

ਮੈਂ – "ਸ਼ਰਾਬ ਪੀਂਦਿਆਂ ਸ਼ਰਾਬੀਆਂ ਵਾਲੀਆਂ, ਏਥੋਂ ਦੀਆਂ ਜਨਾਨੀਆਂ ਦੇ ਨੰਗੇਜ ਬਾਰੇ ਵੇਖ-ਵੇਖ ਉਹ ਬੜਾ ਹੈਰਾਨ ਹੁੰਦਾ ਸੀ ਕਿਉਂਕਿ ਉਨ੍ਹਾਂ ਦੀਆਂ ਜਨਾਨੀਆਂ ਕੱਪੜਿਆਂ ਨਾਲ ਢਕੀਆਂ ਰਹਿੰਦੀਆਂ ਹਨ।"

ਸਿੱਖ ਅਫ਼ਸਰ –ਜੋ ਹੁਣ ਕਾਫੀ ਖਿਝ ਗਿਆ ਜਾਪਦਾ ਸੀ ਤੇ ਮੱਥੇ ਤਿਊੜੀਆਂ ਉਭਾਰੀ ਬੈਠਾ ਸੀ, ਇਕ ਦਮ ਉਠ ਕੇ ਖਲੋ ਗਿਆ ਤੇ ਕੁਝ ਸੋਚ ਕੇ ਫੇਰ ਬੈਠ ਗਿਆ। "ਸਰਦਾਰ ਜੀ, ਰੱਬ ਦਾ ਵਾਸਤਾ ਜੇ ਸਾਡੇ ਪਿੜ ਪੱਲੇ ਕੁਝ ਪਾਓ, ਅਸੀਂ ਵੀ ਕਿਸੇ ਨੂੰ ਜੁਆਬ ਦੇਣਾ ਹੈ, ਤੁਹਾਡੇ ਯੱਕੜਾਂ ਨਾਲ ਤਾਂ ਗੱਲ ਨਹੀਂ ਬਣਨੀ"।

ਮੈਂ – "ਨਹੀਂ ਜੀ, ਮੈਂ ਤੇ ਕੋਈ ਚੀਜ ਤੁਹਾਥੋਂ ਲੁਕਾਈ ਨਹੀਂ, ਹੋਰ ਹੁਕਮ ਕਰੋ ਮੈਂ ਸਵਾਲਾਂ ਦੇ ਜਵਾਬ ਦੇਈ ਜਾਂਦਾ ਹਾਂ।"

ਸਿੱਖ ਅਫ਼ਸਰ – "ਯਾਰ ਅਜੇ ਤੱਕ ਤਾਂ ਤੂੰ ਹੱਥਕੜੀਆਂ ਨਾਲ ਈ ਖੇਡੀ ਜਾਨੈ, ਢਿੱਡ ਦੀ ਗੱਲ ਤਾਂ ਇਕ ਵੀ ਨਹੀਂ ਦੱਸੀ। ਕਦੀ ਅਖੇ ਸ਼ਰਾਬ ਦੀਆਂ ਗੱਲਾਂ ਕਰਦੇ ਸਾਂ ਕਦੇ ਜਨਾਨੀਆਂ ਦੀਆਂ ਤੇ ਫੇਰ ਖਾਲਿਸਤਾਨ ਦੀਆਂ ਸਕੀਮਾਂ ਕਿਹੜੇ ਵੇਲੇ ਸੋਚਦੇ ਸੀ?"

ਮੈਂ – "ਕਿਹੜੇ ਖਾਲਿਸਤਾਨ ਦੀਆਂ?" ਮੈਨੂੰ ਅਫ਼ਸਰ ਦੇ ਰਵੱਈਏ ਵਿਚ ਤਬਦੀਲੀ 'ਤੇ ਭੋਰਾ ਵੀ ਹੈਰਾਨੀ ਨਹੀਂ ਸੀ। ਮੈਨੂੰ ਪਤਾ ਲੱਗ ਗਿਆ ਸੀ ਕਿ ਕੁਝ ਪਿੜ ਪੱਲੇ ਨਾ ਪੈਣ ਕਰਕੇ ਇਹਨਾਂ ਦਾ ਖਿਝਣਾ ਸੁਭਾਵਕ ਹੈ। ਮੈਂ ਆਪਣੇ ਦਿਲ ਅੰਦਰ ਖੁਸ਼ ਸੀ ਕਿ ਅਜੇ ਤੱਕ ਗੱਡੀ ਲੀਹ 'ਤੇ ਹੈ।

ਸਿੱਖ ਅਫ਼ਸਰ – "ਚਲੋ ਛੱਡੋ, ਇਹ ਦੱਸੋ ਹੋਟਲ ਵਿਚ ਉਹ ਕਿੰਨੇ ਦਿਨ ਰਹੇ?"

ਮੈਂ – "ਸਿਰਫ ਇਕ ਰਾਤ।"

ਅਫ਼ਸਰ – "ਹੋਟਲ ਦਾ ਬਿੱਲ ਕੀਹਨੇ ਦਿੱਤਾ?"

ਮੈਂ – "ਮੈਂ ਦਿੱਤਾ ਸੀ।"

ਅਫ਼ਸਰ – "ਕਿੰਨੇ ਰੁਪਏ?"

ਮੈਂ – "ਪੰਦਰਾਂ-ਵੀਹ ਰੁਪਏ ਹੋਣੇ ਹਨ।"

ਅਫ਼ਸਰ – "ਸਿਰਫ ਪੰਦਰਾਂ-ਵੀਹ ਰੁਪਏ, ਸਰਦਾਰ ਜੀ ਕੀ ਗੱਲ ਕਰਦੇ ਓ?" ਤਲਖੀ ਆਪਣੇ ਆਪ ਬਾਹਰ ਆ ਰਹੀ ਸੀ।

ਮੈਂ - "ਤੇ ਉਹ ਕਿਹੜਾ ਜੀ, ਫਾਈਵ ਸਟਾਰ ਵਿਚ ਠਹਿਰੇ ਸਨ, ਓਦਾਂ ਦੇ ਹੋਟਲਾਂ ਦਾ ਕਿਰਾਇਆ ਏਨਾ ਹੀ ਹੁੰਦਾ ਹੈ, ਉਸ ਹੋਟਲ ਦਾ ਕਿਰਾਇਆ ਸ਼ਾਇਦ ਹੁਣ ਛੇ ਸਾਲ ਬਾਅਦ ਵੀ ਵੀਹ ਰੁਪਏ ਤੋਂ ਵੱਧ ਨਹੀਂ ਹੋਵੇਗਾ।"

ਸਿੱਖ ਅਫ਼ਸਰ - "ਉਹ ਪੈਸੇ ਤੁਸਾਂ ਕਿਉਂ ਦਿੱਤੇ, ਉਸ ਨੇ ਕਿਉਂ ਨਾ ਦਿੱਤੇ?"

ਮੈਂ - "ਉਨ੍ਹਾਂ ਪੈਸਿਆਂ ਦੀ ਗੱਲ ਤਾਂ ਵੱਖਰੀ ਰਹੀ, ਉਸ ਦੇ ਦਸ ਦਿਨ ਰਹਿਣ 'ਤੇ ਜੇ ਉਨ੍ਹਾਂ ਕਿਤੇ ਪਸ਼ਾਬ ਵੀ ਕੀਤਾ ਤਾਂ ਪੈਸੇ ਮੈਂ ਹੀ ਦਿੱਤੇ। ਘਰ ਆਏ ਮਹਿਮਾਨ ਦੇ ਪੈਸੇ ਕੌਣ ਖਰਚ ਕਰਵਾਉਂਦਾ ਹੈ?"

ਸਿੱਖ ਅਫ਼ਸਰ - "ਉਸ ਨੇ ਇਕ ਪੈਸਾ ਵੀ ਨਾ ਖਰਚਿਆ?"

ਮੈਂ - "ਨਹੀਂ, ਕਿਉਂਕਿ ਉਸ ਕੋਲ ਭਾਰਤੀ ਕਰੰਸੀ ਨਹੀਂ ਸੀ ਤੇ ਪਾਕਿਸਤਾਨੀ ਕੋਈ ਲੈਂਦਾ ਨਹੀਂ ਸੀ। ਉਸ ਨੇ ਜਿਹੜੀ ਖਰੀਦਦਾਰੀ ਕੀਤੀ, ਉਹ ਉਸ ਕੋਲ ਡਾਲਰ ਸਨ, ਜਿਹੜੇ ਕਿ ਕਾਨੂੰਨੀ ਤੌਰ 'ਤੇ ਉਹ ਪਾਸਪੋਰਟ 'ਤੇ ਲਿਖਵਾ ਕੇ ਲਿਆਇਆ ਸੀ। ਨਾਲੇ ਮੈਂ ਉਸ ਦਾ ਕੋਈ ਪੈਸਾ ਖਰਚ ਨਹੀਂ ਹੋਣ ਦਿੱਤਾ ਤੇ ਹਰ ਥਾਂ ਪੈਸੇ ਮੈਂ ਹੀ ਦਿੱਤੇ।" ਗੱਲ ਇਕ ਟੱਕ ਮੁੱਕ ਗਈ।

ਸਿੱਖ ਅਫ਼ਸਰ - "ਉਨ੍ਹਾਂ ਨੇ ਖਰੀਦਦਾਰੀ ਕਿੰਨੀ ਕੁ ਕੀਤੀ ਤੇ ਕੀ ਕੀ ਲਿਆ?"

ਮੈਂ - "ਨਾਲ਼ੇ, ਪਰਾਂਦੀਆਂ, ਬਿੰਦੀਆਂ, ਪਰਸ ਤੇ ਹੋਰ ਇਸ ਤਰ੍ਹਾਂ ਦੇ ਸਮਾਨ ਦੇ ਬਗੈਰ ਉਨ੍ਹਾਂ ਨੇ ਕੁਝ.ਨਹੀਂ ਖਰੀਦਿਆ।"

ਸਿੱਖ ਅਫ਼ਸਰ - "ਕੱਪੜਾ ਨਹੀਂ ਲਿਆ?"

ਮੈਂ - "ਨਹੀਂ।"

ਸਿੱਖ ਅਫ਼ਸਰ - "ਕਿਉਂ?"

ਮੈਂ - "ਉਸ ਦੀ ਆਪਣੀ ਕੱਪੜੇ ਦੀ ਮਿੱਲ ਹੈ, ਹੋਰ ਜਪਾਨੀ ਕੱਪੜਾ ਤੇ ਵਿਦੇਸ਼ੀ ਵਧੀਆ ਕੱਪੜਾ ਉਥੇ ਧੱਕੇ ਖਾਂਦਾ ਫਿਰਦਾ ਹੈ ਅਤੇ ਉਥੇ ਸਸਤਾ ਵੀ ਹੈ।"

ਸਿੱਖ ਅਫ਼ਸਰ - "ਤੁਹਾਨੂੰ ਕਿਵੇਂ ਪਤਾ ਹੈ ਕਿ ਉਥੇ ਕੱਪੜਾ ਸਸਤਾ ਹੈ?"

ਮੈਂ - ਹੱਸ ਕੇ, "ਕਿਉਂਕਿ ਮੈਂ ਵੀ ਪਾਕਿਸਤਾਨ ਗਿਆ ਹਾਂ ਤੇ ਕੱਪੜਾ ਦੁਕਾਨਾਂ 'ਤੇ ਰੁਲਦਾ ਫਿਰਦਾ ਮੈਂ ਆਪ ਵੇਖਿਆ ਹੈ।"

ਹਿੰਦੂ ਅਫ਼ਸਰ - "ਸਰਦਾਰ ਸਾਹਿਬ, ਵੋਹ ਆਪਕਾ ਦੋਸਤ ਆਪ ਕੇ ਲੀਏ ਕੋਈ ਤੋਹਫਾ ਭੀ ਲਾਇਆ ਥਾ?"

ਮੈਂ - "ਨਹੀਂ।"

ਹਿੰਦੂ ਅਫ਼ਸਰ - "ਫਿਰ ਆਪ ਕਾ ਦੋਸਤ ਕੈਸਾ, ਜੋ ਅਪਨੇ ਦੇਸ਼ ਸੇ, ਆਪਕੇ ਲੀਏ ਕੁਛ ਭੀ ਲੇਕਰ ਨਾ ਆਇਆ?"

ਮੈਂ - "ਉਹ ਮੈਨੂੰ ਇਤਫਾਕ ਨਾਲ ਮਿਲਿਆ ਸੀ, ਮੈਨੂੰ ਮਿਲਣ ਪਾਕਿਸਤਾਨੋਂ ਨਹੀਂ ਸੀ ਆਇਆ। ਮਿਲਣ ਦਾ ਵੀਜ਼ਾ ਤਾਂ ਉਸ ਰਾਮ ਕ੍ਰਿਸ਼ਨ ਹਕੀਮ ਦਾ ਲਿਆ ਸੀ ਪਰ ਲਿਆਂਦਾ ਉਸ ਲਈ ਵੀ ਕੁਝ ਨਹੀਂ ਸੀ।"

ਸਿੱਖ ਅਫ਼ਸਰ - "ਕਿਉਂ, ਲਿਆਂਦਾ ਕੁਝ ਕਿਉਂ ਨਾ?"

ਮੈਂ - "ਸ਼ਾਇਦ, ਉਹ ਦੋ ਰਹਿਬਰ ਵਾਟਰ ਕੂਲਰ ਲਿਆਏ ਸੀ। ਉਹ ਆਪਣੇ ਈਮਾਨਦਾਰ ਇਮੀਗਰੇਸ਼ਨ ਅਫ਼ਸਰਾਂ ਦੀ ਭੇਂਟ ਚੜ੍ਹ ਗਏ। ਤੁਹਾਨੂੰ ਤਾਂ ਪਤਾ ਹੀ ਹੈ

ਆਪਣੇ ਅਫ਼ਸਰ ਕਿੰਨੇ ਈਮਾਨਦਾਰ ਹਨ।"

ਮੈਂ ਚੋਟ ਲਾ ਗਿਆ ਸੀ। ਹੁਣ ਤੱਕ ਉਹ ਮੇਰੇ ਕੋਲੋਂ ਕੁਝ ਪ੍ਰਾਪਤ ਨਾ ਕਰ ਸਕੇ। ਮੈਂ ਖੁਸ਼ ਸਾਂ। ਸੱਚ ਮੁੱਚ ਹੀ ਮੈਂ ਹੁਣ ਤੱਕ ਦੀ ਪੁੱਛਗਿੱਛ ਵਿਚ ਨੁੱਠ ਵਿਖਾ ਗਿਆ ਸਾਂ। ਅਫ਼ਸਰ ਖਿਝੇ ਪਏ ਸਨ। ਲਿਖ ਲਿਖ ਕੇ ਥੱਕ ਵੀ ਗਏ ਸਨ। ਉਨ੍ਹਾਂ ਨੇ ਕੋਲ ਹੀ ਦਰਵਾਜ਼ਿਆਂ ਦੇ ਬਾਹਰ ਖੜ੍ਹੇ ਸਿਪਾਹੀਆਂ ਨੂੰ ਬੁਲਾਇਆ ਤੇ ਮੈਨੂੰ ਲੈ ਜਾਣ ਦਾ ਇਸ਼ਾਰਾ ਕਰ ਦਿੱਤਾ। ਮੈਂ ਵੇਖਿਆ ਸਿੱਖ ਅਫ਼ਸਰ ਮੱਥਾ ਘੁੱਟ ਰਿਹਾ ਸੀ। ਸ਼ਾਇਦ ਉਸਦਾ ਸਿਰ ਦਰਦ ਕਰਨ ਲੱਗ ਪਿਆ ਸੀ। ਹਿੰਦੂ ਦੋਵੇਂ ਅਫ਼ਸਰ ਕੁਰਸੀਆਂ ਤੋਂ ਉਠ ਕੇ ਅੰਗੜਾਈਆਂ ਲੈ ਰਹੇ ਸਨ। ਮੈਂ ਰੈਸਟ ਹਾਊਸ ਵਿਚੋਂ ਬਾਹਰ ਖੜ੍ਹੀਆਂ ਗੱਡੀਆਂ ਵੱਲ ਤੁਰ ਪਿਆ।

ਉਸੇ ਹੀ ਦਿਨ, ਵਾਰੋ ਵਾਰੀ ਬਾਕੀ ਸਾਰਿਆਂ ਨੂੰ ਵੀ ਰੈਸਟ ਹਾਊਸ ਲੈ ਕੇ ਗਏ। ਕਰੀਬ ਦੋ ਵਜੇ ਮੈਨੂੰ ਲੈਣ ਫਿਰ ਗੱਡੀ ਆਈ। ਰੈਸਟ ਹਾਊਸ ਵਿਚ ਇਕ ਤਾਂ ਓਹੀ ਸਿੱਖ ਅਫ਼ਸਰ ਸੀ, ਬਾਕੀ ਦੋ ਅਫ਼ਸਰਾਂ ਦੀ ਥਾਂ 'ਤੇ ਦੋ ਹੋਰ ਹਿੰਦੂ ਅਫ਼ਸਰ ਸਨ। ਇਕ ਹੋਰ ਆਦਮੀ ਸੀ, ਜੋ ਸਭ ਤੋਂ ਪਿਛੇ ਬੈਠਾ ਸੀ ਤੇ ਉਹ ਵੇਖਣ ਨੂੰ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਇਨ੍ਹਾਂ ਨਾਲ ਹੀ ਇਨ੍ਹਾਂ ਦਾ ਕੋਈ ਦੋਸਤ ਜਾਂ ਪ੍ਰਾਹੁਣਾ ਹੈ। ਉਹ ਲਿਖਦਾ ਵੀ ਕੁਝ ਨਹੀਂ ਸੀ ਤੇ ਸਵਾਲ ਵੀ ਕੋਈ ਨਹੀਂ ਸੀ ਕਰਦਾ, ਬਲਕਿ ਏਥੋਂ ਤੱਕ ਕਿ ਪੁੱਛਗਿੱਛ ਦੌਰਾਨ ਗੱਲ ਵੀ ਕੋਈ ਨਹੀਂ ਸੀ ਕਰਦਾ। ਸਿਰਫ ਹਾਸੇ ਵਾਲੀ ਗਲ 'ਤੇ ਹੱਸ ਪੈਂਦਾ, ਪਰ ਦੂਸਰੇ ਅਫ਼ਸਰਾਂ ਦੇ ਗੁੱਸੇ ਵਿਚ ਆ ਜਾਣ 'ਤੇ ਰੱਤੀ ਭਰ ਵੀ ਗੁੱਸੇ ਵਿਚ ਨਾ ਆਉਂਦਾ।

ਮੈਂ ਜਾਂਦੇ ਹੀ ਸਭ ਤੋਂ ਪਹਿਲਾਂ ਇਹ ਸ਼ਿਕਾਇਤ ਕੀਤੀ ਕਿ ਹੱਥਕੜੀਆਂ ਬਹੁਤ ਛੋਟੀਆਂ ਹਨ ਤੇ ਇਹ ਦਿਖਾਉਣ ਵਾਸਤੇ ਦੋਵੇਂ ਹੱਥ ਇਕ ਅਫ਼ਸਰ ਅੱਗੇ ਕਰ ਦਿੱਤੇ। ਉਸ ਅਫ਼ਸਰ ਨੇ ਦੋਹਾਂ ਹੱਥਾਂ ਦੀਆਂ ਹੱਥਕੜੀਆਂ ਨੂੰ ਵਾਰੋ ਵਾਰੀ ਹਿਲਾ ਕੇ ਵੇਖਿਆ। ਸੱਚਮੁੱਚ ਹੀ ਉਹ ਬਹੁਤ ਛੋਟੀਆਂ ਸਨ ਤੇ ਹਿਲਾਉਣ 'ਤੇ ਹਿਲਦੀਆਂ ਨਹੀਂ ਸਨ। ਗੁੱਟਾਂ ਉੱਤੇ ਫਸੀਆਂ ਪਈਆਂ ਸਨ। ਉਸ ਅਫ਼ਸਰ ਨੇ ਹਮਦਰਦੀ ਵਜੋਂ ਮੇਰੇ ਹੱਥ ਸਿੱਖ ਅਫ਼ਸਰ ਅੱਗੇ ਕਰ ਦਿੱਤੇ ਤੇ ਕਿਹਾ "ਹਾਂ ਬਹੁਤ ਤੰਗ ਹੈਂ, ਇਨਸੇ ਤੋ ਹਾਥ ਬਹੁਤ ਦਰਦ ਕਰਤੇ ਹੋਗੇਂ"। ਸਿੱਖ ਅਫ਼ਸਰ ਨੇ ਵੀ ਹਿਲਾ ਕੇ ਵੇਖੀਆਂ ਤੇ ਫਿਰ ਬਾਹਰ ਸਟੇਨਾਂ ਵਾਲੇ ਸਿਪਾਹੀਆਂ ਵਿਚੋਂ ਇਕ ਨੂੰ ਬੁਲਾਇਆ ਤੇ ਪੁਛਿਆ "ਥਾਣੇ ਮੇਂ ਔਰ ਬੜੀ ਹੱਥਕੜੀ ਨਹੀਂ ਹੈ?" "ਜੀ ਹੋਗੀ", ਹਰਿਆਣਵੀ ਸੀ.ਆਰ.ਪੀ. ਵਾਲੇ ਨੇ ਆਖਿਆ। "ਤੋ ਏਕ ਆਦਮੀ ਦੌੜ ਕੇ ਜਾਓ, ਅੱਛਾ ਗਾੜੀ ਹੀ ਲੇ ਜਾਓ, ਬੜੀ ਹੱਥੜਕੀਆਂ ਲੇ ਆਓ"। ਤੀਸਰੇ ਅਫ਼ਸਰ ਨੇ ਕਿਹਾ, "ਅਗਰ ਬਹੁਤ ਹੀ ਟਾਈਟ ਹੈ ਤੋ ਖੁਲਵਾ ਦੇਤੇ ਹੈਂ, ਫਿਰ ਜਾਨੇ ਕੇ ਸਮਯ ਤਕ ਦੂਸਰੀ ਆ ਜਾਏਂਗੀ।" "ਨਹੀਂ ਖੁਲਵਾਨੀ ਨਹੀਂ, ਅਭੀ ਆ ਜਾਤੇ ਹੈ," ਸਿੱਖ ਅਫ਼ਸਰ ਨੇ ਕਿਹਾ। ਹੁਣ ਮੈਨੂੰ ਰੱਤੀ ਵੀ ਸ਼ੱਕ ਨਾ ਰਿਹਾ ਕਿ ਉਹ ਸਿਰਫ ਡਰ ਕਰਕੇ ਹੀ ਹੱਥਕੜੀਆਂ ਨਹੀਂ ਖੋਲ੍ਹ ਰਹੇ, ਹਾਲਾਂਕਿ ਰੈਸਟ ਹਾਊਸ ਦੇ ਆਲੇ ਦੁਆਲੇ ਘੱਟ ਤੋਂ ਘੱਟ ਚਾਰ ਸੌ ਆਦਮੀ ਦੀ ਨਫਰੀ ਸੀ, ਜਿਨ੍ਹਾਂ ਵਿਚੋਂ ਉਸ ਵੇਲੇ ਪੰਝੀ-ਤੀਹ ਆਦਮੀ ਹਥਿਆਰਬੰਦ ਡਿਊਟੀ 'ਤੇ ਸਨ। ਇਸ ਗੱਲ ਨਾਲ ਮੈਨੂੰ ਖੁਸ਼ੀ ਜਿਹੀ ਵੀ ਹੋਈ ਕਿ ਚਲੋ ਤਕਲੀਫ ਤਾਂ ਹੈ ਹੀ ਪਰ ਇਨ੍ਹਾਂ ਦੇ ਵੀ ਤਾਂ ਡਰਦਿਆਂ ਦੇ ਪੱਦ ਨਿਕਲੇ ਪਏ ਹਨ। ਮੈਨੂੰ ਇਕ ਨਿਹੰਗ ਦੀ ਗੱਲ ਯਾਦ ਆਈ, ਜਿਸ ਨੇ ਕਿਸੇ ਨਾਲ ਸ਼ਰਤ ਲਾਈ ਸੀ ਕਿ ਉਹ ਰੇਲ ਗੱਡੀ ਰੋਕ ਸਕਦਾ ਹੈ। ਜਦੋਂ ਗੱਡੀ ਦੌੜੀ ਆ ਰਹੀ ਸੀ ਤਾਂ ਉਹ ਰੇਲਵੇ ਲਾਈਨ ਵਿਚ ਖਲੋ ਕੇ ਕ੍ਰਿਪਾਨ ਨਾਲ ਗਤਕਾ

ਖੇਡਣ ਲੱਗ ਪਿਆ। ਗੱਡੀ ਚੀਕਾਂ ਤੇ ਚੀਕਾਂ ਮਾਰਦੀ ਆ ਰਹੀ ਸੀ ਪਰ ਨਿਹੰਗ ਲਾਈਨ ਵਿਚੋਂ ਨਹੀਂ ਸੀ ਹਟਦਾ। ਇਸ ਲਈ ਗੱਡੀ ਚੀਕਾਂ ਮਾਰੀ ਜਾਂਦੀ ਤੇ ਨਾਲੇ ਭੱਜੀ ਆਉਂਦੀ ਸੀ। ਜਦੋਂ ਬਿੱਲਕੁਲ ਹੀ ਗੱਡੀ ਸਿਰ 'ਤੇ ਆ ਗਈ ਤਾਂ ਨਿਹੰਗ ਛਾਲ ਮਾਰ ਕੇ ਲਾਈਨ ਵਿਚੋਂ ਬਾਹਰ ਹੋ ਗਿਆ ਤੇ ਗੱਡੀ ਅੱਗੇ ਲੰਘ ਗਈ। ਜਿਸ ਨਾਲ ਸ਼ਰਤ ਲਾਈ ਸੀ, ਉਸ ਨੇ ਪੁੱਛਿਆ, "ਨਿਹੰਗ ਸਿਹਾਂ ਗੱਡੀ ਤਾਂ ਰੁਕੀ ਨਹੀਂ"। ਨਿਹੰਗ ਨੇ ਕਿਹਾ, "ਰੁਕੀ ਤਾਂ ਨਹੀਂ, ਪਰ ਚੀਕਾਂ ਤੇ ਕਢਾ ਦਿੱਤੀਆਂ ਨਾ।" ਮੈਨੂੰ ਇਸ ਗਲ ਦੀ ਖੁਸ਼ੀ ਜਹੀ ਦੀ ਤਰੰਗ ਆਈ ਕਿ ਖਾਲਿਸਤਾਨ ਤਾਂ ਭਾਵੇਂ ਨਹੀਂ ਬਣਿਆ ਪਰ ਇਨ੍ਹਾਂ ਦੇ ਪਦ ਤਾਂ ਕਢਾ ਹੀ ਦਿੱਤੇ ਆ ਨਾ। ਜਿਨਾ ਚਿਰ ਸਿਪਾਹੀ ਨਵੀਆਂ ਹੱਥਕੜੀਆਂ ਨਾ ਲਿਆਏ, ਓਨਾਂ ਚਿਰ ਤੱਕ ਉਨ੍ਹਾਂ ਨੇ ਮੈਨੂੰ ਕੋਈ ਸਵਾਲ ਨਾ ਪੁਛਿਆ। ਆਪੋ ਆਪਣੇ ਕਾਗਜ਼ਾਂ ਵਿਚ ਹੀ ਰੁੱਝੇ ਰਹੇ। ਉਹ ਕਾਗਜ਼ ਮੈਨੂੰ ਵੇਖਣ ਨਹੀਂ ਸੀ ਦੇਂਦੇ। ਸਾਰਿਆਂ ਨੇ ਫਾਈਲਾਂ ਨੂੰ ਉਪਰ ਚੁਕਿਆ ਹੋਇਆ ਸੀ ਤਾਂ ਕਿ ਸਾਹਮਣੇ ਬੈਠਾ ਮੈਂ ਵੇਖ ਨਾ ਸਕਾਂ। ਇਕ ਅਫ਼ਸਰ ਨੇ ਦੂਸਰੇ ਨਾਲ ਕੋਈ ਗੱਲ ਕੀਤੀ, ਜੋ ਮੈਂ ਸ਼ਾਇਦ ਧਿਆਨ ਨਾ ਹੋਣ ਕਰਕੇ ਚੰਗੀ ਤਰ੍ਹਾਂ ਸੁਣੀ ਨਹੀਂ ਸੀ। ਦੂਸਰੇ ਨੇ ਫੱਟ ਕਿਹਾ "ਉਹ ਅੰਗਰੇਜ਼ੀ ਜਾਣਦਾ ਹੈ", ਇਸ਼ਾਰਾ ਮੇਰੇ ਵੱਲ ਸੀ। ਹੱਥਕੜੀਆਂ ਆ ਗਈਆਂ। ਪਹਿਲੀਆਂ ਖੁੱਲ੍ਹ ਕੇ ਨਵੀਆਂ ਲੱਗ ਗਈਆਂ। ਇਨ੍ਹਾਂ ਦਾ ਸਾਈਜ਼ ਠੀਕ ਸੀ। ਫਿਰ ਉਨ੍ਹਾਂ ਤਿੰਨਾਂ ਨੇ ਹੀ ਲਗਪਗ ਇਕੱਠਿਆਂ ਹੀ ਪੁੱਛ ਲਿਆ "ਹੁਣ ਠੀਕ ਹੈ?" ਮੈਂ "ਹਾਂ" ਵਿਚ ਸਿਰ ਹਿਲਾ ਦਿੱਤਾ। ਉਨ੍ਹਾਂ ਵਿਚੋਂ ਸਿੱਖ ਅਫ਼ਸਰ ਬੋਲਿਆ, "ਚਲੋ ਹੁਣ ਕੁਛ ਕੰਮ ਵੀ ਕਰ ਲਈਏ"। ਫਿਰ ਉਸ ਨੇ ਆਪਣੀ ਫਾਈਲ ਵੱਲ ਵੇਖ ਕੇ ਪੁਛਿਆ "ਸਰਦਾਰ ਜੀ, ਹੁਣ ਤੁਸੀਂ ਇਹ ਵੀ ਦੱਸੋ ਕਿ ਕਦੀ ਤੁਸੀਂ ਵੀ ਪਾਕਿਸਤਾਨ ਗਏ ਹੋ?"

ਮੈਂ – "ਹਾਂ ਜੀ, 1980 ਵਿਚ ਮੈਂ ਵੀ ਗਿਆ ਸੀ ਤੇ ਬਾਰਾਂ ਦਿਨ ਚੌਧਰੀ ਸਾਹਿਬ ਦੇ ਘਰ ਰਿਹਾ ਸੀ।"

ਇਕ ਅਫ਼ਸਰ, ਜੋ ਹਿੰਦੂ ਸੀ, ਇਕ ਸਵਾਲ ਦੇ ਇਕੱਠੇ ਹੀ ਦੋ ਜਵਾਬ ਸੁਣ ਕੇ ਖਿੜ ਖਿੜ ਕਰਕੇ ਹੱਸ ਪਿਆ, "ਸਰਦਾਰ ਜੀ, ਅਬ ਤੋਂ ਆਪ ਹਮਾਰਾ ਕਾਮ ਕਾਫੀ ਆਸਾਨ ਕਰ ਰਹੇ ਹੈਂ। ਕ੍ਰਿਪਾ ਕਰਕੇ ਇਸੀ ਤਰ੍ਹਾਂ ਹੀ ਜਵਾਬ ਦੇਤੇ ਜਾਈਏ। ਹਮਾਰਾ ਕਾਮ ਜਲਦੀ ਨਿਪਟ ਜਾਏਗਾ ਔਰ ਆਪ ਕੀ ਰਿਹਾਈ ਕਾ ਕਾਮ ਭੀ ਆਸਾਨ ਹੋ ਜਾਏਗਾ"। "ਸਾਲਿਓ! ਤੁਹਾਡਾ ਕੰਮ ਭਾਵੇਂ ਛੇਤੀ ਮੁੱਕ ਜਾਵੇ, ਸਾਡੀ ਰਿਹਾਈ ਅਜੇ ਏਡੀ ਛੇਤੀ ਕਿਥੋਂ", ਮੈਂ ਮਨ ਹੀ ਮਨ ਸੋਚ ਗਿਆ ਤੇ ਉਸ ਦੀ ਗੱਲ ਦਾ ਅਗੋਂ ਕੋਈ ਜਵਾਬ ਨਾ ਦਿੱਤਾ।

ਸਿੱਖ ਅਫ਼ਸਰ – "ਸਰਦਾਰ ਸਾਹਿਬ, ਮੈਂ ਤੁਹਾਨੂੰ ਕੋਈ ਜਿਆਦਾ ਸਵਾਲ ਪੁੱਛ ਪੁੱਛ ਕੇ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦਾ। ਇਸ ਲਈ ਮੋਟੀਆਂ ਮੋਟੀਆਂ ਪੰਜ ਸੱਤ ਗੱਲਾਂ ਤੁਹਾਨੂੰ ਪੁੱਛਦਾਂ ਹਾਂ, ਉਨ੍ਹਾਂ ਦਾ ਜੁਆਬ ਇਸ ਤਰ੍ਹਾਂ ਠੀਕ ਠੀਕ ਦਿਓ ਕਿ ਅਸੀਂ ਤੁਹਾਡੀ ਰਿਹਾਈ ਵਾਸਤੇ ਅਦਾਲਤ ਨੂੰ ਲਿਖ ਦੇਈਏ, ਨਹੀਂ ਤਾਂ ਤੁਹਾਨੂੰ ਪਤਾ ਹੈ, ਜਿਸ ਜੁਰਮ ਵਿਚ ਤੁਹਾਨੂੰ ਫੜਿਆ ਹੈ, ਉਸ ਵਿਚ ਜਮਾਨਤ ਦਾ ਖਾਨਾ ਤਾਂ ਹੈ ਹੀ ਨਹੀਂ।"

ਮੈਂ – "ਮੈਂ ਤੁਹਾਨੂੰ ਸਾਰੀਆਂ ਗੱਲਾਂ ਹੁਣ ਤੱਕ ਆਪਣੀ ਯਾਦ ਸ਼ਕਤੀ ਅਨੁਸਾਰ ਠੀਕ ਠੀਕ ਹੀ ਦੱਸੀਆਂ ਹਨ, ਅੱਗੋਂ ਵੀ ਠੀਕ ਦੱਸਣ ਦਾ ਯਤਨ ਕਰਾਂਗਾ। ਰਹੀ ਗੱਲ ਜਮਾਨਤ ਦੀ ਜਾਂ ਰਿਹਾਈ ਦੀ ਤੇ ਉਹ ਪੰਜਾਬੀ ਦਾ ਅਖਾਣ ਹੈ ਕਿ ਭੇਡ ਦੇ ਖੂਨੋਂ ਕਦੇ ਪਿੰਡ ਫਾਹੇ ਨਹੀਂ ਲੱਗਾ ਤੇ ਮੇਰੇ ਖਿਆਲ ਅਨੁਸਾਰ ਫਾਹੇ ਮੈਂ ਵੀ ਨਹੀਂ ਲੱਗਣ ਲੱਗਾ।

ਕਿਉਂਕਿ ਮੈਂ ਤਾਂ ਭੇਡ ਵੀ ਨਹੀਂ ਮਾਰੀ।" ਇਹ ਗੱਲ ਇਕ ਤਰ੍ਹਾਂ ਨਾਲ ਅਫ਼ਸਰਾਂ ਨੂੰ ਚਿਤਾਵਨੀ ਸੀ ਕਿ ਮੈਂ ਕਿਸੇ ਵੀ ਗਲਤ ਦਬਾਅ ਜਾਂ ਲਾਲਚ ਅੱਗੇ ਝੁਕ ਕੇ, ਤੁਹਾਡੇ ਫਰੇਬ ਤੇ ਸ਼ਬਦਜਾਲ ਵਿਚ ਨਹੀਂ ਫਸਣਾ। ਐਵੇਂ ਫਰੇਬੀ ਗੱਲਾਂ ਦਾ ਤਾਣਾ ਨਾ ਬੁਣੋ ਤੇ ਨਾ ਹੀ ਲਾਲਚ ਦੀ ਕੋਈ ਗੱਲ ਕਰੋ। ਮੈਂ ਸੱਚ 'ਤੇ ਅੜਿਆ ਰਹਾਂਗਾ ਤੇ ਆਪਣੀ ਜਾਨ ਛੁਡਾਉਣ ਲਈ ਐਵੇਂ ਨਜਾਇਜ਼ ਹੀ ਕਿਸੇ ਨੂੰ ਫਸਾਉਣ ਦਾ ਪਾਪ ਨਹੀਂ ਖੱਟਾਂਗਾ।" ਇਸ ਜੁਆਬ ਤੋਂ ਅਫ਼ਸਰ ਫੱਟ ਤਾੜ ਗਏ ਕਿ ਉਹ ਮੈਨੂੰ ਲਾਲਚ ਰੂਪੀ ਖਿਡੌਣੇ ਨਾਲ ਨਹੀਂ ਖਿਡਾ ਸਕਦੇ। ਕਿੰਨਾ ਚਿਰ ਉਹ ਕੁਝ ਨਾ ਬੋਲੇ, ਜਿਵੇਂ ਕਹਿ ਰਹੇ ਹੋਣ "ਫਿਰ ਹੁਣ ਤੇਰਾ ਕੀ ਇਲਾਜ਼ ਕਰੀਏ? ਕੋਈ ਤਿੰਨ੍ਹ-ਚਾਰ ਮਿੰਟ ਬਾਅਦ ਇਕ ਹਿੰਦੂ ਅਫ਼ਸਰ, ਜੋ ਸਰਦਾਰ ਤੋਂ ਸੀਨੀਅਰ ਲੱਗਦਾ ਸੀ, ਬੋਲਿਆ "ਇਸ ਕਾ ਮਤਲਬ ਤੋ ਫਿਰ ਯਹ ਹੂਆ ਕਿ ਆਪ ਏਕਦਮ ਬੇਕਸੂਰ ਵਾ ਨਿਰਦੋਸ਼ ਹੈ?"

ਮੈਂ - "ਇਸ ਵਿਚ ਕੀ ਸ਼ੱਕ ਹੈ?"

ਸਿੱਖ ਅਫ਼ਸਰ "ਸਰਦਾਰ ਜੀ ਦਾਈਆਂ ਤੋਂ ਪੇਟ ਲੁਕਾਉਣ ਦਾ ਫਾਇਦਾ ਨਹੀਂ ਹੁੰਦਾ, ਸਿਆਣੀਆਂ ਦਾਈਆਂ ਵੇਖ ਕੇ ਹੀ ਦੱਸ ਦੇਂਦੀਆਂ ਹਨ ਸਭ ਕੁਝ।"

ਮੈਂ - "ਹਾਂ ਜੀ, ਸਿਆਣੀਆਂ ਦਾਈਆਂ ਹੀ ਦੱਸ ਦੇਂਦੀਆਂ ਹਨ, ਅਨਾੜੀ ਤਾਂ ਕਈ ਵਾਰ ਢਿੱਡ ਮਲ ਮਲ ਕੇ ਗਰਭ ਹੀ ਡੇਗ ਦੇਂਦੀਆਂ ਨੇ"। ਇਹ ਇਕ ਹੋਰ ਚੋਟ ਸੀ, ਜੋ ਬਿਲਕੁਲ ਸਪੱਸ਼ਟ ਕਰ ਰਹੀ ਸੀ ਕਿ ਤੁਸੀਂ ਦੂਸਰੀ ਕਿਸਮ ਦੀਆਂ ਦਾਈਆਂ ਹੋ। ਅਫ਼ਸਰ ਅੰਦਰੋਂ ਹੀ ਅੰਦਰ ਸ਼ਰਮਿੰਦੇ ਹੋ ਗਏ।

"ਹਾਂ ਸੱਚ ਕਿੰਨੇ ਦਿਨ ਰਹੇ ਸੀ, ਤੁਸੀਂ ਉਥੇ?" ਸਿੱਖ ਅਫ਼ਸਰ ਨੇ ਪੁਛਿਆ।

"ਜੀ ਮੈਂ ਦਸਿਆ ਨਾ ਅੱਗੇ, ਬਾਰਾਂ ਕੁ ਦਿਨ," ਮੈਂ ਕਿਹਾ।

"ਪਾਕਿਸਤਾਨ ਤੁਸੀਂ ਗਏ ਕਿਥੇ ਸੀ?" ਹਿੰਦੂ ਅਫ਼ਸਰ ਨੇ ਪੁਛਿਆ।

"ਲਾਇਲਪੁਰ, ਜਿਸ ਨੂੰ ਅੱਜ ਕੱਲ੍ਹ ਫੈਸਲਾਬਾਦ ਆਖਦੇ ਹਨ", ਮੈਂ ਜਵਾਬ ਦਿੱਤਾ।

"ਬਸ ਲਾਇਲਪੁਰ ਹੀ ਰਹੇ?" ਦੂਸਰੇ ਹਿੰਦੂ ਅਫ਼ਸਰ ਨੇ ਸਹਿਜੇ ਜਿਹੇ ਪੁਛਿਆ।

"ਹਾਂ ਜੀ", ਮੇਰਾ ਸੰਖੇਪ ਉਤਰ ਸੀ।

"ਇਹ ਗੱਲ ਕਿਹੜੇ ਸੰਨ ਦੀ ਹੈ?" ਸਰਦਾਰ ਨੇ ਪੁਛਿਆ।

"ਸ਼ਾਇਦ 1980 ਦੀ" ਮੈਂ ਇਸ ਵਾਰੀ ਲਫਜ਼ ਸ਼ਾਇਦ ਵਰਤ ਦਿੱਤਾ। ਭਾਵੇਂ ਸਿੱਖ ਅਫ਼ਸਰ ਚਲਾਕ ਆਦਮੀ ਸੀ ਪਰ ਉਸ ਦੀ ਫਾਈਲ ਵਿਚ ਮੈਂ ਆਪਣਾ ਪਾਸਪੋਰਟ ਵੇਖ ਲਿਆ ਸੀ। ਉਸ ਪਾਸਪੋਰਟ ਦੀ ਖਾਸ ਨਿਸ਼ਾਨੀ ਇਹ ਸੀ ਕਿ ਉਸ ਦੀ ਇਕ ਨੁਕਰ ਵਿਚ ਪੰਚ ਨਾਲ ਮੋਰੀ ਕੱਢੀ ਹੋਈ ਸੀ ਤੇ ਉਸ ਵਿਚ ਸੂਤ ਦਾ ਮੋਟਾ ਧਾਗਾ ਗੰਢ ਮਾਰਿਆ ਹੋਇਆ ਸੀ। ਪਾਸਪੋਰਟ ਵੇਖ ਕੇ ਮੇਰਾ ਕੰਮ ਕੁਦਰਤੀ ਆਸਾਨ ਹੋ ਗਿਆ। ਚਾਹ ਕੇ ਵੀ ਕਿਤੇ ਨਿੱਕਾ ਮੋਟਾ ਝੂਠ ਬੋਲਣ ਦਾ ਇਰਾਦਾ ਮੈਂ ਬਿਲਕੁਲ ਤਿਆਗ ਦਿੱਤਾ। ਕਿਉਂਕਿ ਸਬੂਤ ਤਾਂ ਉਨ੍ਹਾਂ ਦੇ ਹੱਥ ਵਿਚ ਸੀ, ਝੂਠ ਲੁਕਣਾ ਵੀ ਕਿਥੇ ਸੀ?"

"ਤੁਸੀਂ ਆਪਣੇ ਪਿੰਡ ਗਏ?" ਇਕ ਅਫ਼ਸਰ ਨੇ ਪੁਛਿਆ।

"ਹਾਂ ਜੀ, ਪਰ ਅੱਜ ਕੱਲ੍ਹ ਉਥੇ ਪਿੰਡ ਨਾਂ ਦੀ ਕੋਈ ਚੀਜ਼ ਨਹੀਂ। ਪੀਪਲ ਕਾਲੋਨੀ ਨੰਬਰ ਦੋ ਬਣ ਗਈ ਹੈ, ਸਾਡੀ ਸਾਰੀ ਜ਼ਮੀਨ 'ਤੇ ਅਬਾਦੀ ਹੀ ਅਬਾਦੀ ਹੋ ਗਈ ਹੈ"। ਕਿਉਂਕਿ ਪੀਪਲ ਕਾਲੋਨੀ ਨੰਬਰ ਦੋ ਦੇ ਥਾਣੇ ਦੀ ਮੋਹਰ ਮੇਰੇ ਪਾਸਪੋਰਟ 'ਤੇ ਸੀ।

"ਤੁਸਾਂ ਆਪਣਾ ਘਰ ਵੀ ਵੇਖਿਆ?" ਸਵਾਲ ਸੀ।

"ਹਾਂ ਜੀ, ਉਹ ਵੇਖਣ ਹੀ ਤਾਂ ਮੈਂ ਗਿਆ ਸੀ" ਮੈਂ ਕਿਹਾ।

"ਅੱਛਾ ਤੇ ਆਪਣੇ ਦੋਸਤ ਨੂੰ ਮਿਲਣ ਦੀ ਕੋਈ ਗੱਲ ਨਹੀਂ ਸੀ?"

"ਜੇ ਦੋਸਤ ਨਾ ਹੁੰਦਾ ਤੇ ਉਹ ਮੈਨੂੰ ਚਿੱਠੀ ਨਾ ਲਿਖਦਾ ਤਾਂ ਮੈਨੂੰ ਵੀਜ਼ਾ ਹੀ ਕਿਥੇ ਮਿਲਣਾ ਸੀ? ਮੇਰਾ ਆਪਣਾ ਘਰ ਵੇਖਣ ਦਾ ਸੁਪਨਾ ਪੂਰਾ ਨਹੀਂ ਸੀ ਹੋਣਾ। ਇਹ ਸਭ ਮੇਰੇ ਉਸ ਮੁਸਲਮਾਨ ਦੋਸਤ ਦੀ ਵਜ੍ਹਾ ਕਰਕੇ ਹੀ ਹੋਇਆ" ਮੈਂ ਸਪੱਸ਼ਟ ਤੇ ਸਾਫ ਗੱਲ ਕਰ ਦਿੱਤੀ।

"ਜੇ ਤੁਹਾਡਾ ਘਰ ਜਾਂ ਪਿੰਡ ਪਾਕਿਸਤਾਨ ਵਿਚ ਨਾ ਹੁੰਦਾ, ਤੁਸੀਂ ਫੇਰ ਵੀ ਪਾਕਿਸਤਾਨ ਜਾਂਦੇ?" ਕਿੱਡਾ ਖਚਰਾ ਸਵਾਲ ਸੀ, ਜੋ ਸਿੱਖ ਨੇ ਕਿੰਨਾ ਚਿਰ ਚੁੱਪ ਰਹਿਣ ਪਿਛੋਂ ਪੁਛਿਆ ਸੀ।

"ਫੇਰ ਮੈਂ ਪਾਕਿਸਤਾਨ ਨੂੰ ਅੱਗ ਲਾਉਣ ਜਾਣਾ ਸੀ? ਪਾਕਿਸਤਾਨ ਦੇ ਕਈ ਜਿਲ੍ਹੇ ਹੋਣਗੇ, ਪਰ ਮੈਂ ਸਿਰਫ ਆਪਣੇ ਹੀ ਜ਼ਿਲ੍ਹੇ ਵਿਚ ਗਿਆ ਹਾਂ, ਸਿਆਲਕੋਟ ਜਾਂ ਗੁਜਰਾਂਵਾਲੇ ਕਿਉਂ ਨਹੀਂ ਚਲਾ ਗਿਆ?" ਮੇਰਾ ਜਵਾਬ ਸੀ।

"ਜਦ ਤੁਸੀਂ ਪਾਕਿਸਤਾਨ ਸਦਾ ਲਈ ਛੱਡ ਹੀ ਆਏ ਤਾਂ ਫਿਰ ਘਰ ਤੇ ਪਿੰਡ ਵੇਖਣ ਦਾ ਤੁਹਾਨੂੰ ਕੀ ਆਸਰਾ ਸੀ?" ਸਿੱਖ ਨੇ ਪੁਛਿਆ।

"ਜਦ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਮਰ ਹੀ ਗਈ ਤਾਂ ਫਿਰ ਉਸ ਦੇ ਘਰ ਨੂੰ ਉਸ ਦੀ ਯਾਦਗਾਰ ਬਨਾਉਣ ਦੀ ਕੀ ਲੋੜ ਸੀ? ਤ੍ਰੈ ਮੂਰਤੀ ਭਵਨ ਪੰਡਤ ਜਵਾਹਰ ਲਾਲ ਨਹਿਰੂ ਦੀ ਮੌਤ ਤੋਂ ਬਾਅਦ ਮਿਊਜ਼ੀਅਮ ਬਣਾ ਦਿੱਤਾ ਤੇ ਉਨਾਂ ਦਾ ਖਾਨਦਾਨ ਹਰ ਸਾਲ ਉਥੇ ਉਨ੍ਹਾਂ ਦੀ ਮੌਤ ਦੀ ਸਾਲਗਿਰ੍ਹਾ ਮਨਾਉਣ ਜਾਂਦਾ ਹੈ। ਕੀ ਉਹ ਮੌਤ ਦਿਨ, ਉਨ੍ਹਾਂ ਦਾ ਪਰਿਵਾਰ ਮਤਲਬ ਸ੍ਰੀਮਤੀ ਗਾਂਧੀ ਆਪਣੇ ਘਰ ਨਹੀਂ ਸੀ ਮਨਾ ਸਕਦੀ? ਹੁਣ ਵੀ ਪ੍ਰਧਾਨ ਮੰਤਰੀ ਕਸ਼ਮੀਰ ਜਾਂਦੀ ਸੀ ਤਾਂ ਨਹਿਰ ਕਿਨਾਰੇ ਬਣੇ ਆਪਣੇ ਮਕਾਨ ਨੂੰ ਕਸ਼ਮੀਰ ਵੈਲੀ ਵਿਚ ਜ਼ਰੂਰ ਵੇਖਣ ਜਾਂਦੀ ਸੀ। ਹਾਲਾਂ ਕਿ ਹੁਣ ਉਥੇ ਮਕਾਨ ਨਾ ਦੀ ਕੋਈ ਚੀਜ਼ ਨਹੀਂ। ਢੱਠੇ ਹੋਏ ਮਕਾਨ ਦਾ ਥੇਹ ਹੀ ਹੈ। ਸਾਡਾ ਵੀ ਏਸੇ ਤਰ੍ਹਾਂ ਹੀ ਆਪਣਾ ਜੱਦੀ ਘਰ ਵੇਖਣ ਨੂੰ ਜੀਅ ਕਰਦਾ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਮੇਰਾ ਜਨਮ ਹੀ ਉਸ ਮਕਾਨ ਵਿਚ ਹੋਇਆ ਸੀ, ਜਿਸ ਨੂੰ ਵੇਖਣ ਗਿਆ ਸਾਂ।" ਮੈਂ ਏਹ ਸਾਰਾ ਕੁਝ ਇਕਸਾਰ ਹੀ ਆਖ ਛਡਿਆ ਤੇ ਉਨ੍ਹਾਂ ਵੀ ਬਿਨਾਂ ਟੋਕੇ ਤੋਂ ਸੁਣ ਲਿਆ। ਹੁਣ ਮੈਨੂੰ ਸਪੱਸ਼ਟ ਪਤਾ ਲੱਗ ਗਿਆ ਸੀ ਕਿ ਇਸ ਤੋਂ ਬਾਅਦ ਉਹ ਇਹ ਸਵਾਲ ਪੁਛਣਗੇ, ਜਿਨ੍ਹਾਂ ਤੋਂ ਮੈਂ ਜਾਂ ਤਾਂ ਘਬਰਾ ਜਾਵਾਂ ਜਾਂ ਗੁੱਸੇ ਵਿਚ ਆ ਜਾਵਾਂ। ਇਸ ਲਈ ਮੈਂ ਚੌਕਸ ਸੀ ਪਰ ਅੰਦਰ ਹੀ ਅੰਦਰ ਇਹ ਵੀ ਸੋਚ ਰਿਹਾ ਸੀ ਕਿ ਡੋਰੀ ਪਰਮਾਤਮਾ ਦੇ ਹੱਥ ਹੈ, ਜਿਵੇਂ ਡੋਰ ਖਿੱਚੀ ਜਾਵੇਗਾ ਪੁਤਲਾ ਨਾਚ ਕਰੀ ਜਾਵੇਗਾ। ਕਿਹੜੀ ਗੱਲ ਵਿਚੋਂ ਇਹ ਕੀ ਕੱਢਣਾ ਚਾਹੁੰਦੇ ਹਨ, ਇਸ ਦਾ ਮੈਨੂੰ ਕੋਈ ਤਜਰਬਾ ਨਹੀਂ ਸੀ। ਇਹ ਟੀਮ ਆਈ ਬੀ ਦੀ ਸੀ ਕਿਉਂਕਿ ਸਿੱਖ ਅਫ਼ਸਰ ਆਈ.ਬੀ. ਦਾ ਐਸ.ਪੀ. ਸੀ। ਪਰ ਪਿਛੇ ਬੈਠਾ ਚੁੱਪ ਚਾਪ ਆਦਮੀ ਬਿਲਕੁਲ ਉਵੇਂ ਹੀ ਬੈਠਾ ਸੀ। ਇਸ ਸਾਰੀ ਪੁੱਛਗਿੱਛ ਵਿਚ ਉਸ ਦਾ ਕੋਈ ਹਿੱਸਾ ਨਹੀਂ ਸੀ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਉਹ "ਰਾਅ" ਦਾ ਸੀ। ਉਨ੍ਹਾਂ ਦੀ ਬੈਲਟ ਨੂੰ ਆਮ ਤੌਰ 'ਤੇ ਛੋਟੀ ਜਿਹੀ ਟੇਪ ਲੱਗੀ ਹੁੰਦੀ ਹੈ। ਵੇਖਣ ਨੂੰ ਉਹ ਐਨਕ ਵਾਲੀ ਡੱਬੀ ਲੱਗਦੀ ਹੈ ਪਰ ਹੁੰਦੀ

ਟੇਪ ਹੈ। ਉਸ ਨੇ ਇਕ ਵਾਰ ਉਸ ਨੂੰ ਪਿੱਛੇ ਵੀ ਕੀਤਾ ਸੀ। ਪਰ ਉਦੋਂ ਮੈਨੂੰ ਕੁਝ ਪਤਾ ਨਹੀਂ ਸੀ। ਇਹ ਤਾਂ ਫਿਰ ਦਿੱਲੀ ਆ ਕੇ ਸਪੱਸ਼ਟ ਹੋਇਆ। ਖੈਰ ਉਨ੍ਹਾਂ ਨੇ ਕੁਝ ਗੱਲਾਂ ਹੋਰ ਪੁੱਛੀਆਂ ਜਿਵੇਂ ;

"ਪੰਜਾ ਸਾਹਿਬ, ਨਨਕਾਣਾ ਸਾਹਿਬ ਗਏ?"

"ਨਨਕਾਣਾ ਸਾਹਿਬ ਗਏ ਸੀ, ਉਹ ਗੁਰਦੁਆਰਾ ਸਾਹਿਬ ਲਾਇਲਪੁਰ ਦੇ ਰਸਤੇ ਵਿਚ ਪੈਂਦਾ ਹੈ ਤੇ ਕਾਨੂੰਨੀ ਤੌਰ 'ਤੇ ਮੈਂ ਉਥੇ ਜਾ ਸਕਦਾ ਸੀ। ਪੰਜਾ ਸਾਹਿਬ ਦਾ ਮੇਰੇ ਕੋਲ ਵੀਜ਼ਾਂ ਨਹੀਂ ਸੀ, ਮੈਂ ਉੱਤਰ ਦਿੱਤਾ।"

"ਪਰ ਤੁਹਾਡੇ ਪਾਸਪੋਰਟ ਉਤੇ ਤਾਂ ਪੰਜਾ ਸਾਹਿਬ ਦੀ ਮੋਹਰ ਹੈ," ਸਿੱਖ ਨੇ ਕਿਹਾ।

"ਅੱਛਾ ਜੀ, ਫੇਰ ਤਾਂ ਇਹ ਕਿਸੇ ਭੂਤ ਪ੍ਰੇਤ ਦਾ ਹੀ ਕੰਮ ਹੈ ਕਿਤੇ ਅਲਮਾਰੀ ਵਿਚ ਪਏ ਪਏ 'ਤੇ ਲਾ ਗਏ ਹੋਣਗੇ"। ਅਫ਼ਸਰ ਢੀਠ ਤੇ ਲੋੜ ਤੋਂ ਵੱਧ ਬੇਵਕੂਫ ਲੱਗਦੇ ਸਨ। ਪਰ ਇਨ੍ਹਾਂ ਦੋਹਾਂ ਗੱਲਾਂ ਤੋਂ ਇਲਾਵਾ ਉਹ ਮੱਕਾਰ ਜ਼ਿਆਦਾ ਸਨ।

"ਸਰਦਾਰ ਸਾਹਿਬ, ਚਾਹ ਪੀਓਗੇ?" ਅਫ਼ਸਰ ਨੇ ਪੁਛਿਆ।

"ਨਹੀਂ ਜੀ ਮਿਹਰਬਾਨੀ" ਮੇਰਾ ਜੁਆਬ ਸੀ।

"ਕਿਉਂ? ਕੀ ਗੱਲ ਪੀ ਲੈਂਦੇ ਇਕ ਕੱਪ, ਅਸੀਂ ਵੀ ਨਾਲ ਪੀ ਲਵਾਂਗੇ?"

"ਨਹੀਂ ਜਨਾਬ, ਕਿਉਂ ਮੇਰੀਆਂ ਕਿਸਾਨ ਦੀਆਂ ਆਦਤਾਂ ਵਿਗਾੜਦੇ ਹੋ? ਨਾਲੇ ਮੈਂ ਕਿਹੜਾ ਕੋਈ ਵੱਡਾ (ਇੱਜ਼ਤ ਵਾਲਾ) ਆਦਮੀ ਹਾਂ, ਜੋ ਅਫ਼ਸਰਾਂ ਸਾਹਮਣੇ ਬੈਠ ਕੇ ਚਾਹ ਪੀਵਾਂ।" ਮੈਂ ਕਹਿ ਗਿਆ।

"ਨਹੀਂ, ਨਹੀਂ ਇਹ ਤੁਸਾਂ ਕੀ ਗੱਲ ਕੀਤੀ ਕਿ ਤੁਸੀਂ ਭਾਰਤ ਦੇ ਇਜ਼ਤਦਾਰ ਸ਼ਹਿਰੀ ਨਹੀਂ, ਇਹ ਤੁਹਾਨੂੰ ਭੁਲੇਖਾ ਕਿਵੇਂ ਪੈ ਗਿਆ?" ਇਕ ਹਿੰਦੂ ਅਫ਼ਸਰ ਨੇ ਆਪਣੀ ਪੁਸ਼ਤੈਨੀ ਔਕਾਤ 'ਬਗਲ ਮੇਂ ਛੁਰੀ ਮੂੰਹ ਮੇਂ ਰਾਮ ਰਾਮ' ਵਾਲੀ ਗੱਲ ਅਨੁਸਾਰ ਕਿਹਾ।

"ਹੂੰਅ..... ਕਦੀ ਇਜ਼ਤਦਾਰ ਸ਼ਹਿਰੀਆਂ ਦੇ ਦੋਹਾਂ ਹੱਥਾਂ ਨੂੰ ਹੱਥਕੜੀਆਂ ਲੱਗੀਆਂ ਕਿਤੇ ਨਹੀਂ ਵੇਖੀਆਂ, ਜਿਵੇਂ ਤੁਹਾਡੇ ਸਾਹਮਣੇ ਮੇਰੇ ਹੱਥਾਂ ਨੂੰ ਹਨ", ਮੈਂ ਗਿਲ੍ਹੇ ਨਾਲ ਕਿਹਾ।

"ਏਹ ਤਾਂ ਜੀ ਏਸ ਕਰਕੇ ਹੈ ਕਿ ਤੁਸੀਂ ਦੌੜ ਨਾ ਜਾਓ, ਹੋਰ ਕੋਈ ਗੱਲ ਨਹੀਂ", ਅਫ਼ਸਰ ਨੇ ਮੁਸ਼ਕੜੀਆਂ ਵਿਚ ਹਸਦਿਆਂ ਕਿਹਾ।

"ਤੇ ਫੇਰ ਜਨਾਬ ਪੈਰਾਂ ਨੂੰ ਬੇੜੀਆਂ ਵੀ ਪਾ ਦਿਓ, ਨਾਲੇ ਸਾਨੂੰ ਵੀ ਦੇਸ਼ ਪਿਆਰ ਦਾ ਪ੍ਰਸ਼ਾਦ ਮਿਲ ਜਾਊ", ਇਸ ਵਾਰ ਗਿਲ੍ਹਾ ਕੁਝ ਤਲਖ ਵੀ ਸੀ।

"ਤੁਸੀਂ ਚਾਹ ਪੀਣ ਵਾਲੇ ਬਣੋ, ਹੱਥਕੜੀਆਂ ਖੁਲਵਾ ਦੇਂਦੇ ਆਂ।"

"ਨਹੀਂ ਜੀ", ਬਹੁਤ ਬਹੁਤ ਸ਼ੁਕਰੀਆ, ਇਕ ਟੁੱਕ ਜੁਆਬ ਸੀ।

"ਅਛਾ ਚਲੋ ਨਾ ਸਹੀ, ਸਾਡੀ ਇਕ ਬੇਨਤੀ ਤਾਂ ਮੰਨੋ", ਸਿੱਖ ਨੇ ਆਖਿਆ।

"ਹੁਕਮ ਕਰੋ", ਮੈਂ ਚੌਕਸ ਹੋ ਗਿਆ।

"ਅਖ਼ਬਾਰ ਦਾ ਇਕ ਮਾਲਕ ਵੀ ਤੁਹਾਡੇ ਨਾਲ ਹਵਾਲਾਤ ਵਿਚ ਬੰਦ ਹੈ, ਉਹ ਕੀ ਗੱਲਬਾਤ ਕਰਦਾ ਹੈ, ਉਸ ਦਾ ਕੁਝ ਵੇਰਵਾ ਹੀ ਸਾਨੂੰ ਦੇ ਛਡੋ", ਅਫ਼ਸਰ ਦਾ ਕਹਿਣਾ ਸੀ।

"ਕੱਲ ਉਹ ਦੱਸ ਰਿਹਾ............" ਅਜੇ ਗੱਲ ਮੇਰੇ ਮੂੰਹ 'ਚ ਹੀ ਸੀ, ਜਦੋਂ ਤਿੰਨੇ

ਇਕੱਠੇ ਹੀ ਬੋਲ ਪਏ, "ਹਾਂ-ਹਾਂ ਕੀ ਦੱਸ ਰਿਹਾ ਸੀ?"

ਕਿ ਉਹ ਬੜਾ ਚੰਗਾ ਕੁੱਕ ਹੈ, ਸਬਜ਼ੀ ਬਹੁਤ ਵਧੀਆ ਬਣਾ ਲੈਂਦਾ ਹੈ ਤੇ ਰੋਜ਼ ਮੀਟ ਜ਼ਰੂਰ ਖਾਂਦਾ ਹੈ ਭਾਵੇਂ ਇਕ ਦੋ ਬੋਟੀਆਂ ਹੀ ਹੋਣ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੇ ਸ੍ਰੀ ਰਾਜੀਵ ਬਾਰੇ ਕਹਿੰਦਾ ਸੀ, ਉਹ ਉਨ੍ਹਾਂ ਨੂੰ ਜਾਣਦਾ ਹੈ। ਦੱਸਦਾ ਸੀ ਕਿ ਜੇ ਉਸ ਨੇ ਪ੍ਰਧਾਨ ਮੰਤਰੀ ਨੂੰ ਜਾਂ ਰਾਸ਼ਟਰਪਤੀ ਨੂੰ ਮਿਲਣਾ ਹੋਵੇ ਤਾਂ ਸਮਾਂ ਲੈਣ ਦੀ ਕੋਈ ਲੋੜ ਨਹੀਂ," ਮੈਂ ਨਿਰਸੰਕੋਚ ਦੱਸ ਦਿੱਤਾ।

"ਟੈਲੀਫੋਨ ਕਿਸ ਨੂੰ ਕੀਤੇ ਜਾ ਕਰਾਏ? ਖਾਲਿਸਤਾਨ ਵਾਸਤੇ ਪ੍ਰੈਸ ਪ੍ਰਾਪੇਗੰਡਾ ਜਾਂ ਕਿਸੇ ਅੱਤਵਾਦੀ ਨਾਲ ਸਬੰਧਾਂ ਬਾਰੇ ਨਹੀਂ ਕੋਈ ਗੱਲ ਕਰਦਾ?"

"ਨਹੀਂ, ਇਹ ਤੇ ਕੋਈ ਗੱਲ ਨਹੀਂ ਹੋਈ," ਮੇਰਾ ਜੁਆਬ ਸੀ।

"ਤੇ ਫੇਰ ਸਵਾਹ ਸਾਨੂੰ ਦੱਸਣ ਡਿਹਾ ਏਂ, ਸਾਨੂੰ ਬੇਵਕੂਫ ਬਣਾਈ ਜਾਂਦਾ ਏ, ਮੀਟ ਜ਼ਰੂਰ ਖਾਂਦੇ, ਚੰਗੀ ਸਬਜ਼ੀ ਬਣਾਉਂਦੇ, ਅਸਾਂ ਉਹਦੇ ਖਾਣਿਆਂ 'ਚੋਂ ਕੀ ਕੱਢਣਾ ਪਾਉਣੈ? ਯਾਰ ਗੱਲ ਦੱਸ ਸਿੱਧੀ ਤਰ੍ਹਾਂ, ਐਵੇਂ ਕਹਾਣੀਆਂ ਪਾਉਣ ਡਿਹੈਂ", ਸਿੱਖ ਅਫ਼ਸਰ ਦਾ ਮੂੰਹ ਲਾਲ ਹੋਇਆ ਪਿਆ ਸੀ ਤੇ ਗੁੱਸੇ ਨਾਲ ਥੋੜ੍ਹਾ ਥੋੜ੍ਹਾ ਕੰਬ ਵੀ ਰਿਹਾ ਸੀ।

"ਹੋਰ ਕੋਈ ਗੱਲ ਨਹੀਂ ਉਸ ਨੇ ਕੀਤੀ" ਮੈਂ ਫੇਰ ਕਿਹਾ।

"ਸਰਦਾਰ ਜੀ, ਜੇ ਤੁਸੀਂ ਕੋਈ ਚੱਜ ਦੀ ਗੱਲ ਸਾਨੂੰ ਦੱਸ ਦਿਓ ਤਾਂ ਅਸੀਂ ਵੀ ਤੁਹਾਡਾ ਫਾਇਦਾ ਕਰ ਸਕਦੇ ਹਾਂ", ਹਿੰਦੂ ਅਫ਼ਸਰ ਬੋਲਿਆ।

"ਸਾਹਿਬ ਬਹਾਦਰ, ਤੁਸੀਂ ਮੇਰਾ ਫਾਇਦਾ ਕੋਈ ਨਾ ਕਰੋ, ਪਰ ਮਿਹਰਬਾਨੀ ਕਰਕੇ ਕੇਸ ਦੀ ਪੁੱਛ ਪੜਤਾਲ ਆਪਣੀ ਜ਼ਮੀਰ ਦੀ ਅਵਾਜ਼ ਨਾਲ ਕਰੋ, ਰੇਤ ਦੇ ਮਹੱਲ ਕਦੇ ਨਹੀਂ ਖੜੋਂਦੇ। ਮੈਨੂੰ ਝੂਠ ਬੋਲਣ ਵਾਸਤੇ ਨਾ ਪਰੇਰੋ, ਮੈਨੂੰ ਸੱਚਮੁੱਚ ਹੀ ਉਸ ਨੇ ਕੋਈ ਗੱਲ ਨਹੀਂ ਦੱਸੀ ਤੇ ਨਾ ਹੀ ਉਨ੍ਹਾਂ ਸਾਰਿਆਂ ਵਿਚੋਂ ਕਿਸੇ ਨੇ ਕੋਈ ਗੱਲ ਕੀਤੀ ਹੈ, ਸੱਚ-ਸੱਚ ਹੀ ਰਹਿਣਾ ਹੈ। ਪਹਿਲਾਂ ਤਾਂ ਤੁਸੀਂ ਮੈਨੂੰ ਸਿਰਫ ਇਹ ਹੀ ਦੱਸਣ ਦੀ ਖੇਚਲ ਕਰੋ ਕਿ ਮੈਨੂੰ ਕਿਉਂ ਗ੍ਰਿਫਤਾਰ ਕੀਤਾ ਹੈ? ਜਦੋਂ ਮੈਨੂੰ ਆਪਣੇ ਕਸੂਰ ਦਾ ਹੀ ਪਤਾ ਨਹੀਂ ਤਾਂ ਦੂਜਿਆਂ ਦੇ ਕਸੂਰ ਮੈਨੂੰ ਕਿਥੋਂ ਲੱਭ ਪੈਣਗੇ?"

"ਤੂੰ ਸਾਨੂੰ ਬੇਵਕੂਫ ਬਣਾਉਂਦੇ", ਸਿੱਖ ਬੋਲਿਆ।

"ਤੇ ਤੁਸੀਂ ਮੈਨੂੰ ਮੁਖਬਰ ਬਣਨ ਲਈ ਪ੍ਰੇਰਦੇ ਹੋ?" ਮੈਨੂੰ ਵੀ ਹੁਣ ਗੁੱਸਾ ਆ ਗਿਆ ਸੀ ਤੇ ਮੈਂ ਨਿਕਲਣ ਵਾਲੇ ਨਤੀਜਿਆਂ ਦੀ ਪ੍ਰਵਾਹ ਕੀਤੇ ਬਗੈਰ ਲੋਹੇ ਲਾਖਾ ਹੋ ਕੇ ਅਫ਼ਸਰਾਂ ਨੂੰ ਖਰੀਆਂ ਖਰੀਆਂ ਸੁਣਾਉਣਾ ਚਾਹੁੰਦਾ ਸੀ। ਕਿਉਂਕਿ ਸੁਭਾਅ ਅਨੁਸਾਰ ਮੈਂ ਬਥੇਰਾ ਜਬਤ ਕਰ ਲਿਆ ਸੀ ਤੇ ਹੋਰ ਜਬਤ ਵਿਚ ਰਹਿਣਾ ਮੇਰੇ ਲਈ ਹੁਣ ਔਖਾ ਸੀ। ਮੈਂ ਸਿੱਖ ਅਫ਼ਸਰ ਵੱਲ ਮੂੰਹ ਭੁਆਂ ਲਿਆ ਤੇ ਉਸ ਨੂੰ ਪੁਛਿਆ "ਪਹਿਲਾਂ ਸਰਦਾਰ ਜੀ, ਮੈਨੂੰ ਇਹ ਦੱਸੋ, ਕਦੀ ਤੁਸੀਂ ਮੈਨੂੰ "ਸਰਦਾਰ ਸਾਹਿਬ" ਕਰਕੇ ਬੁਲਾਉਂਦੇ ਹੋ ਤੇ ਕਦੀ "ਤੂੰ" ਕਹਿ ਕੇ, ਇਹ ਵਿਦਿਆ ਤੁਸੀਂ ਕਿਥੋਂ ਸਿਖੀ ਹੈ? ਕੀ ਤੁਸੀਂ ਮੈਨੂੰ ਬੇਵਕੂਫ ਨਹੀਂ ਬਣਾ ਰਹੇ? ਕੀ ਗੱਲ ਭਾਰਤ ਸਰਕਾਰ ਦੀ ਵਫਾਦਾਰੀ ਦਾ ਸਾਰਾ ਠੇਕਾ ਤੁਸਾਂ ਹੀ ਲੈ ਲਿਆ ਹੈ? ਪਹਿਲਾਂ ਮੈਨੂੰ ਦੱਸੋ ਤੁਸੀਂ ਕਿਸ ਕਾਨੂੰਨ ਅਨੁਸਾਰ ਮੇਰੇ ਕੋਲੋਂ ਮੁਖਬਰ ਦਾ ਕੰਮ ਲੈਣਾ ਚਾਹੁੰਦੇ ਹੋ? ਮੈਨੂੰ ਕੀ ਪਤਾ ਅਖ਼ਬਾਰ ਵਾਲਾ ਕੀ ਗੱਲਾਂ ਕਰਦਾ ਹੈ ਤੇ ਜੇ ਮੈਨੂੰ ਪਤਾ ਵੀ ਹੋਵੇ ਤਾਂ ਕਿਹੜਾ ਕਾਨੂੰਨ ਕਹਿੰਦਾ ਹੈ ਕਿ ਉਹ ਮੈਂ ਤੁਹਾਨੂੰ ਜ਼ਰੂਰ ਦੱਸਾਂ? ਹੱਦ ਹੋ ਗਈ, ਚੰਗਾ ਦੇਸ਼

ਅਜ਼ਾਦ ਹੈ, ਚੰਗੇ ਭਲੇ ਸ਼ਹਿਰੀਆਂ ਨੂੰ ਆਪਣਾ ਇਕ ਸਟਾਰ ਵਧਾਉਣ ਲਈ ਬੇਈਮਾਨੀ ਦਾ ਸਬਕ ਪੜ੍ਹਾਉਣ ਡਹੇ ਜੇ," ਇਹ ਕਹਿ ਕੇ ਮੈਂ ਚੁੱਪ ਹੋ ਗਿਆ।

"ਸਰਦਾਰ ਜੀ, ਅਸੀਂ ਤੁਹਾਡਾ ਬਹੁਤ ਲਿਹਾਜ ਕਰ ਰਹੇ ਹਾਂ, ਸਮਝੇ?" ਸਿੱਖ ਅਫ਼ਸਰ ਆਪਣੀ ਲਹਿੰਦੀ ਵੇਖ ਕੇ ਬੋਲਿਆ।

"ਨਹੀਂ ਤੇ ਤੁਸੀਂ ਮੇਰੇ 'ਤੇ ਕਿਹੜੀ ਤੋਪ ਚਲਾ ਦੇਣੀ ਹੈ, ਸਜ਼ਾ ਮੈਨੂੰ ਅਦਾਲਤ ਨੇ ਦੇਣੀ ਹੈ। ਜੇ ਮੈਂ ਕਸੂਰਵਾਰ ਹੋਇਆ ਤਾਂ ਸਜ਼ਾ ਮਿਲੇਗੀ, ਜੇ ਨਿਰਦੋਸ਼ ਹੋਇਆ ਤਾਂ ਤੁਹਾਡੇ ਸਾਹਮਣੇ ਖੜ੍ਹਿਆਂ ਤੋਂ ਮੇਰੀਆਂ ਹੱਥਕੜੀਆਂ ਖੋਲ੍ਹਣ ਦਾ ਹੁਕਮ ਹੋ ਜਾਵੇਗਾ ਤੇ ਤੁਸੀਂ ਵੇਖਦੇ ਹੀ ਰਹਿ ਜਾਓਗੇ," ਮੈਂ ਗੁੱਸੇ ਨਾਲ ਉਬਲ ਪਿਆ।

"ਤੇ ਤੁਸੀਂ ਕਿਉਂ ਅੰਮ੍ਰਿਤਧਾਰੀ ਹੋ ਕੇ ਝੂਠ ਬੋਲਦੇ ਹੋ?" ਸਿੱਖ ਫਿਰ ਬੋਲਿਆ।

"ਤੁਸਾਂ ਮੈਨੂੰ ਝੂਠ ਬੁਲਾਉਣ ਦੀ ਕਸਰ ਨਹੀਂ ਛੱਡੀ, ਇਹ ਤਾਂ ਮੈਂ ਹੀ ਸੱਚਾ ਸਿੱਖ ਹਾਂ ਤੇ ਗੁਰੂ ਦੀ ਮੇਰੇ 'ਤੇ ਕਿਰਪਾ ਹੈ ਕਿ ਮੈਂ ਝੂਠ ਬੋਲਣ ਲਈ ਮੰਨਿਆ ਨਹੀਂ।"

"ਕਿਉਂ, ਮੈਂ ਸਿੱਖ ਨਹੀਂ?" ਸਿੱਖ ਨੇ ਪੁਛਿਆ।

"ਤੁਸੀਂ ਕਾਹਦੇ ਸਿੱਖ ਹੋ? ਦਾੜ੍ਹੀ ਰੰਗੀ ਫਿਰਦੇ ਹੋ ਤੇ ਲੋਕਾਂ ਨੂੰ ਖਾਹ-ਮਖਾਹ ਝੂਠੇ ਕੇਸਾਂ ਵਿਚ ਫੜ-ਫੜ ਕੇ ਭਾਰਤ ਸਰਕਾਰ ਕੋਲੋਂ ਨੰਬਰ ਲੈ ਰਹੇ ਹੋ। ਤੁਹਾਡਾ ਤਾਂ ਅਕਾਲ ਤਖਤ ਸਾਹਿਬ 'ਤੇ ਕਰਵਾਇਆ ਪ੍ਰਸ਼ਾਦ ਵੀ ਪ੍ਰਵਾਨ ਨਹੀਂ, ਤੁਸੀਂ ਸਿੱਖ ਕਾਹਦੇ? ਮੈਂ ਹੋਰ ਸ਼ੁਰਲੀ ਛੱਡ ਦਿੱਤੀ।

"ਅੱਛਾ ਜੇ ਮੈਂ ਅਕਾਲ ਤਖਤ 'ਤੇ ਪ੍ਰਸ਼ਾਦ ਕਰਵਾਵਾਂ ਤੇ ਉਸ ਦੀ ਅਰਦਾਸ ਨਹੀਂ ਹੋਊ?"

"ਨਹੀਂ।"

"ਕਿਉਂ?"

"ਦਾੜ੍ਹੀ ਕੱਟਿਆਂ ਤੇ ਰੰਗਿਆਂ ਵਾਲਿਆਂ ਦੀ ਅਰਦਾਸ ਨਹੀਂ ਹੁੰਦੀ, ਭੁਲੇਖੇ ਵਿਚ ਤੁਹਾਨੂੰ ਕੋਈ ਜਵਾਨ ਸਮਝ ਕੇ ਕਰ ਦੇਵੇ ਤਾਂ ਕਹਿ ਨਹੀਂ ਸਕਦਾ।"

"ਸਰਦਾਰ ਜੀ, ਬਹੁਤੀਆਂ ਮੱਤਾਂ ਨਾ ਦਿਓ, ਕਿਸੇ ਇੰਟੈਰੋਗੇਸ਼ਨ ਸੈਂਟਰ ਵਿਚ ਭੇਜ ਦਿੱਤਾ ਤਾਂ ਸਾਰੀ ਸਿੱਖੀ ਨਿਕਲ ਜਾਊ।"

"ਮੇਰੀ ਤਾਂ ਸਿੱਖੀ ਹੈਗੀ ਆ, ਅਰਦਾਸ ਕਰਨ 'ਤੇ ਸ਼ਾਇਦ ਨਾ ਹੀ ਨਿਕਲੇ ਪਰ ਤੁਹਾਡੀ ਤਾਂ ਪਹਿਲਾਂ ਹੀ ਹੈ ਨਹੀਂ। ਰਹੀ ਗੱਲ ਇੰਟੈਰੋਗੇਸ਼ਨ ਸੈਂਟਰ ਦੀ, ਉਹ ਕੋਈ ਤੁਸਾਂ ਘੱਟ ਤਾਂ ਨਹੀਂ ਕੀਤੀ ਹੋਈ। ਹੱਥ ਜਕੜੇ ਹੋਏ ਹਨ, ਦੋਹਾਂ ਹੱਥਾਂ ਨੂੰ ਹੱਥਕੜੀਆਂ ਟੱਟੀ ਪਸ਼ਾਬ ਦਾ ਕੋਈ ਥਾਂ ਨਹੀਂ, ਭੋਰਾ ਜਿਨੇ ਕਮਰੇ ਵਿਚ ਦਸ ਜਣਿਆਂ ਨੂੰ ਡੱਕਿਆ ਹੋਇਐ, ਰੋਟੀ, ਪਾਣੀ ਵੀ ਉਸ ਤਰ੍ਹਾਂ ਦੇਂਦੇ ਓ, ਜਿਵੇਂ ਦੁਸ਼ਮਣ ਦੇਸ਼ ਦੇ ਰਹਿਣ ਵਾਲੇ ਹੁੰਦੇ ਆਂ ਸਗੋਂ ਉਨ੍ਹਾਂ ਨਾਲੋਂ ਵੀ ਭੈੜਾ, ਮੁਰਗਿਆ ਵਾਂਗ ਗਰਮੀ ਵਿਚ ਅਸੀਂ ਹਫਣ ਡਹੇ ਆ, ਹੋਰ ਇੰਟੈਰੋਗੇਸ਼ਨ ਸੈਂਟਰ ਕਿੱਦਾਂ ਦਾ ਹੁੰਦਾ ਹੈ? ਕੀ ਗੱਲ ਮੈਂ ਸਰਹੱਦ ਟੱਪ ਕੇ ਚਲਾ ਗਿਆ ਸੀ? ਬਕਾਇਦਾ ਉਨ੍ਹਾਂ ਦੀ ਸਰਕਾਰ ਕੋਲੋਂ ਵੀਜ਼ਾ ਲਿਆ। ਆਪਣੀ ਸਰਕਾਰ ਕੋਲੋਂ ਪੁੱਛ ਕੇ ਤੇ ਫਿਰ ਗਿਆ ਸਾਂ। ਪਾਸਪੋਰਟ ਤੁਹਾਡੇ ਕੋਲ ਹੈ, ਮੋਹਰਾਂ ਲੱਗੀਆਂ ਹੋਈਆਂ। ਇਸ ਵਿਚ ਕੀ ਗੈਰ-ਕਾਨੂੰਨੀ ਹੋਈ ਹੈ?" ਮੈਂ ਹੋਰ ਵੀ ਬਹੁਤ ਕੁਝ ਕਹਿ ਗਿਆ।

"ਅਸੀਂ ਤਾਂ ਤੁਹਾਡਾ ਫਾਇਦਾ ਹੀ ਕਰਦੇ ਆਂ, ਜੇ ਤੁਸੀਂ ਸੱਚ ਸੱਚ ਦੱਸ ਦਿਓ ਤਾਂ

ਤੁਹਾਡੀਆਂ ਸਾਰੀਆਂ ਪ੍ਰੇਸ਼ਾਨੀਆਂ ਦੂਰ ਹੋ ਜਾਣਗੀਆਂ। ਤੁਹਾਨੂੰ ਰੱਖ ਵੀ ਏਥੇ ਰੈਸਟ ਹਾਊਸ ਵਿਚ ਲਵਾਂਗੇ ਤੇ ਸ਼ਾਮ ਨੂੰ ਪੈਗ ਸ਼ੈਗ ਵੀ ਲਵਾ ਦਿਆਂਗੇ। ਤੁਸੀਂ ਸਾਨੂੰ ਉਨ੍ਹਾਂ ਬਾਰੇ ਜਾਣਕਾਰੀ ਦੇਈ ਜਾਓ, ਸਾਡਾ ਵਾਇਦਾ ਰਿਹਾ ਤੁਹਾਨੂੰ ਛੱਡ ਦਿਆਂਗੇ।"

"ਲਾਅਨਤ ਆ ਏਹੋ ਜਿਹੇ ਸਿੱਖ ਦੇ, ਜਿਹੜਾ ਇਕ ਅੰਮ੍ਰਿਤਧਾਰੀ ਸਿੰਘ ਨੂੰ ਸ਼ਰਾਬ ਪਿਆਉਣ ਦੀ ਗੱਲ ਕਰੇ। ਸਰਦਾਰ ਜੀ, ਪੀਣੀ ਤਾਂ ਕਿਤੇ ਰਹੀ, ਕੋਈ ਵੀ ਮਹਿੰਗੀ ਤੋਂ ਮਹਿੰਗੀ ਸਕਾਚ ਲੈ ਆਓ, ਮੈਨੂੰ ਉਨ੍ਹਾਂ ਬੋਤਲਾਂ 'ਤੇ ਪਸ਼ਾਬ ਕਰਨ ਲਈ ਆਖੋ ਤਾਂ ਮੈਂ ਪਸ਼ਾਬ ਵੀ ਨਹੀਂ ਕਰਨਾ ਤੇ ਤੁਸੀਂ ਪਿਆਉਣ ਦੀ ਗੱਲ ਕਰ ਰਹੇ ਹੋ?" ਮੇਰੇ ਕੜਕਵੇਂ ਬੋਲਾਂ ਨੇ ਅਫ਼ਸਰ ਦਾ ਮੂੰਹ ਫੱਕ ਕਰ ਦਿੱਤਾ। ਸ਼ਾਇਦ ਨਿਡਰਤਾ ਉਸ ਵੇਲੇ ਬਹੁਤ ਵੱਡੀ ਅਕਲਮੰਦੀ ਸੀ, ਨਹੀਂ ਤਾਂ ਜਿਹੜੀ ਲਾਈਨ 'ਤੇ ਉਹ ਤੋਰ ਰਹੇ ਸਨ, ਜੇ ਮੈਂ ਜਰਾ ਵੀ ਥਿੜਕ ਜਾਂਦਾ ਤਾਂ ਕਾਸੇ ਜੋਗਾ ਨਾ ਰਹਿੰਦਾ। ਇਹ ਗੱਲ ਮੈਨੂੰ ਰੀਮਾਂਡ ਖਤਮ ਹੋਣ ਤੋਂ ਬਾਅਦ ਸ਼ੀਸ਼ੇ ਵਾਂਗ ਸਾਫ ਦਿੱਸ ਰਹੀ ਹੈ। ਇਸ ਸਾਰੀ ਗੱਲ ਦਾ ਫਾਇਦਾ ਇਹ ਹੋਇਆ ਕਿ ਪਾਕਿਸਤਾਨ ਦੀਆਂ ਗੱਲਾਂ ਮੁੜ ਨਾ ਹੋਈਆਂ। ਬਲਕਿ ਸਦਾ ਲਈ ਹੀ ਇਹ ਵਿਸ਼ਾ ਖਤਮ ਹੋ ਗਿਆ। ਦੋਵੇਂ ਹਿੰਦੂ ਅਫ਼ਸਰ ਵੀ ਸ਼ਰਮਸਾਰ ਹੋ ਗਏ ਸਨ। ਫੇਰ ਉਨ੍ਹਾਂ ਵਿਚੋਂ ਇਕ ਨੇ ਆਈ ਹੋਈ ਚਾਹ ਦੇ ਚਾਰ ਪਿਆਲਿਆਂ ਵਿਚੋਂ ਇਕ ਮੇਰੇ ਵੱਲ ਕਰ ਦਿੱਤਾ ਤੇ ਆਪਣੇ ਲਈ ਹੋਰ ਲਿਆਉਣ ਦਾ ਇਸ਼ਾਰਾ ਕਰ ਦਿੱਤਾ। ਫੇਰ ਉਸ ਨੇ ਹੱਥਕੜੀ ਵਾਲੇ ਸਿਪਾਹੀ ਨੂੰ ਬੁਲਾਇਆ ਤੇ ਕਿਹਾ, ਦੋਵੇਂ ਹੱਥ ਖੋਲ੍ਹ ਦਿਓ। ਉਸ ਨੇ ਚਾਬੀ ਲਾ ਕੇ ਦੋਵੇਂ ਹੱਥਕੜੀਆਂ ਖੋਲ੍ਹ ਦਿੱਤੀਆਂ ਤੇ ਸੰਗਲ ਲੈ ਕੇ ਬਾਹਰ ਚਲਾ ਗਿਆ। ਫਿਰ ਉਸ ਨੇ ਆਪ ਪਿਆਲਾ ਪਲੇਟ ਸਮੇਤ ਚੁਕਿਆ ਤੇ ਇਸ ਤਰ੍ਹਾਂ ਮੇਰੇ ਅੱਗੇ ਕੀਤਾ ਕਿ ਮੈਂ ਨਾਂਹ ਹੀ ਨਾ ਕਰ ਸਕਿਆ ਤੇ ਪਿਆਲਾ ਫੜ ਲਿਆ। ਸਾਰੇ ਪਾਸੇ ਚੁੱਪ ਛਾਈ ਹੋਈ ਸੀ। ਉਨ੍ਹਾਂ ਚੋਹਾਂ ਨੇ ਹੀ ਓਨਾ ਚਿਰ ਚਾਹ ਦਾ ਘੁਟ ਨਾ ਭਰਿਆ, ਜਿੰਨਾ ਚਿਰ ਮੈਂ ਚਾਹ ਮੂੰਹ ਨੂੰ ਨਾ ਲਾਈ। ਚਾਹ ਪੀ ਚੁੱਕਣ ਤੋਂ ਬਾਅਦ ਇਕ ਹਿੰਦੂ ਅਫ਼ਸਰ ਨੇ ਕਿਹਾ "ਮਾਫ ਕਰਨਾ ਸਰਦਾਰ ਸਾਹਿਬ, ਅਸੀਂ ਮਹਿਸੂਸ ਕਰ ਰਹੇਂ ਹਾਂ ਕਿ ਤੁਹਾਡੇ ਮਨ ਨੂੰ ਠੇਸ ਲੱਗੀ ਹੈ। ਮੇਰੀ ਤੁਹਾਡੇ ਅੱਗੇ ਇਹ ਬੇਨਤੀ ਹੈ ਕਿ ਤੁਸੀਂ ਉਸ ਗੱਲ ਨੂੰ ਭੁੱਲ ਜਾਓ। ਅਸੀਂ ਵੀ ਆਪਣੇ ਜ਼ਿੰਮੇ ਲੱਗੀ ਡਿਊਟੀ ਕਰ ਰਹੇ ਹਾਂ, ਸਾਡਾ ਤੁਹਾਡੇ ਨਾਲ ਕੀ ਵੈਰ ਹੈ? ਰਹੀ ਤੁਹਾਡੀ ਹਵਾਲਾਤ ਦੀ ਤੰਗੀ ਦੀ ਗੱਲ, ਉਹ ਸਾਡੇ ਬਿਲਕੁਲ ਵੱਸੋਂ ਬਾਹਰ ਦੀ ਗੱਲ ਹੈ। ਹਿੰਦੋਸਤਾਨ ਏਨਾ ਪਛੜਿਆ ਹੋਇਆ ਹੈ ਕਿ ਇਸ ਦੀ ਤਬਦੀਲੀ ਦੀਆਂ ਗੱਲਾਂ ਸਿਰਫ ਕਿਤਾਬਾਂ ਤੱਕ ਹੀ ਹਨ, ਅਸੀਂ ਵੇਖ-ਵੇਖ ਕੇ ਆਪ ਬੜੇ ਹੈਰਾਨ ਹਾਂ ਕਿ ਏਨਾ ਖੁਸ਼ਹਾਲ ਸੂਬਾ ਪਰ ਥਾਣਿਆਂ ਦੀ ਬੁਰੀ ਹਾਲਤ ਹੈ। ਪਰ ਕੀ ਕੀਤਾ ਜਾਵੇ। ੭੭ ਫੀਸਦੀ ਵਿਚਾਰਿਆਂ ਲੋਕਾਂ ਨੂੰ ਤਾਂ ਆਪਣੇ ਹੱਕਾਂ ਦਾ ਵੀ ਨਹੀਂ ਪਤਾ। ਸਿਰਫ ਆਪਾਂ ਦਸ-ਪੰਦਰਾਂ ਮਿੰਟ ਗੱਲ ਕਰਨੀ ਹੈ, ਉਸ ਤੋਂ ਬਾਅਦ ਤੁਸੀਂ ਅਰਾਮ ਕਰਨਾ। ਅੱਛਾ, ਗੱਲ ਇਹ ਹੈ ਕਿ ਤੁਹਾਡੇ ਟੈਲੀਫੋਨ ਤੋਂ ਕੁਝ ਕਾਲਾਂ ਬਾਹਰ ਹੋਈਆ ਹਨ ਤੇ ਕੁਝ ਆਈਆਂ ਹਨ, ਇਹ ਕਿਵੇਂ ਤੇ ਕਿਸ ਤਰ੍ਹਾਂ ਹੋਇਆ ਹੈ?"

ਮੈਂ - "ਜਨਾਬ ਨੂੰ ਮੈਂ ਪਹਿਲਾਂ ਵੀ ਦੱਸਿਆ ਹੈ ਕਿ ਮੇਰਾ ਸਾਲਾ ਬਾਹਰ ਰਹਿੰਦਾ ਹੈ। ਉਸ ਨੂੰ ਦੋ ਕਾਲਾਂ ਮੈਂ ਕੀਤੀਆਂ ਹਨ ਤੇ ਦੋ ਹੀ ਉਸ ਦੀਆਂ ਆਈਆਂ ਹਨ। ਟੈਲੀਫੋਨ ਨੰਬਰ ਉਸ ਦਾ ਮੈਂ ਤੁਹਾਨੂੰ ਦਿੱਤਾ ਹੋਇਆ ਹੈ, ਜੇ ਇਨ੍ਹਾਂ ਤੋਂ ਬਗੈਰ ਮੇਰੇ ਟੈਲੀਫੋਨ ਤੋਂ ਕੋਈ ਹੋਰ ਵਿਦੇਸ਼ੀ ਕਾਲ ਕੀਤੀ ਹੋਵੇ ਜਾਂ ਆਈ ਹੋਵੇ ਤਾਂ ਤੁਸੀਂ ਤਿੰਨ ਰੁਪਏ ਦਾ ਅਸ਼ਟਾਮ

ਮੰਗਵਾ ਲਓ, ਮੈਂ ਹਲਫੀਆ ਬਿਆਨ ਲਿਖ ਦਿੰਦਾ ਹਾਂ ਜਾਂ ਮੈਨੂੰ ਅਦਾਲਤ ਵਿਚ ਲੈ ਚਲੋ, ਮੈਂ ਉਥੇ ਬਿਆਨ ਦੇ ਦੇਂਦਾ ਹਾਂ ਕਿ ਫਿਰ ਮੈਂ ਸਜ਼ਾ ਦਾ ਹੱਕਦਾਰ ਹੋਵਾਂਗਾ ਅਤੇ ਉਹਦੇ ਵਾਸਤੇ ਤੁਹਾਨੂੰ ਕੋਈ ਕੇਸ ਚਲਾਉਣ ਦੀ ਲੋੜ ਨਹੀਂ, ਤੁਸੀਂ ਮੈਨੂੰ ਸਜ਼ਾ ਸੁਣਾ ਦੇਣੀ, ਮੈਂ ਉਹ ਭੁਗਤਾਂਗਾ। ਕੋਈ ਅਪੀਲ ਨਹੀਂ ਕਰਾਂਗਾ, ਇਸ ਤੋਂ ਵੱਧ ਮੈਂ ਤੁਹਾਨੂੰ ਹੋਰ ਕੀ ਤਸੱਲੀ ਕਰਵਾਵਾਂ। ਹੁਣ ਇਹ ਤਾਂ ਹੋ ਨਹੀਂ ਸਕਦਾ ਕਿ ਮੈਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣਾ ਛੱਡ ਦੇਵਾਂ, ਟੈਲੀਫੋਨ 'ਤੇ ਗੱਲ ਵੀ ਨਾ ਕਰਾਂ। ਉਨ੍ਹਾਂ ਦੋ ਟੈਲੀਫੋਨਾਂ ਤੋਂ ਬਗੈਰ ਤੀਜਾ ਹੋਇਆ ਹੋਵੇ ਤਾਂ ਮੈਂ ਕਸੂਰਵਾਰ ਹਾਂ"।

"ਤੁਹਾਡੀ ਗੱਲ ਸਾਨੂੰ ਸੌ ਫੀਸਦੀ ਸੱਚੀ ਲੱਗਦੀ ਹੈ। ਪਰ ਇਹ ਵੀ ਹੋ ਸਕਦਾ ਹੈ ਕਿ ਕਿਸੇ ਨੇ ਤੁਹਾਨੂੰ ਭੁਲੇਖੇ ਵਿਚ ਪਾ ਕੇ ਟੈਲੀਫੋਨ ਕਰ ਲਿਆ ਹੋਵੇ," ਅਫ਼ਸਰ ਨੇ ਕਿਹਾ।

"ਨਹੀਂ ਜੀ, ਮੈਨੂੰ ਕਿਸੇ ਨੇ ਭੁਲੇਖੇ ਵਿਚ ਨਹੀਂ ਪਾਇਆ, ਮੈਨੂੰ ਕੋਈ ਬਿੱਲ ਵਾਧੂ ਕਾਲ ਦਾ ਨਹੀਂ ਆਇਆ, ਰਿਕਾਰਡ ਵੇਖ ਸਕਦੇ ਹੋ ਪਰ ਜੇ ਕਿਸੇ ਨੇ ਬਗੈਰ ਕਾਲ ਚਾਰਜ ਕਰਵਾਏ ਤੋਂ ਕਿਸੇ ਐਕਸਚੇਂਜ ਵਾਲੇ ਨਾਲ ਮਿਲ ਕੇ ਕਰ ਲਿਆ ਹੋਵੇ ਤਾਂ ਤੁਹਾਡਾ ਫਰਜ਼ ਬਣਦਾ ਹੈ ਕਿ ਇਸ ਗੱਲ ਦਾ ਪਤਾ ਲਗਾਓ ਨਾ ਕਿ ਮੈਨੂੰ ਹੀ ਕਸੂਰਵਾਰ ਸਮਝੋ।"

ਅਫ਼ਸਰ "ਚਲੋ ਠੀਕ ਹੈ...... ਆ ਬਈ", ਉਸ ਹੱਥਕੜੀਆਂ ਵਾਲੇ ਨੂੰ ਸਦਿਆ। ਹੱਥਕੜੀਆਂ ਲੱਗ ਗਈਆਂ ਤੇ ਮੋਟਰ ਥਾਣੇ ਵੱਲ ਭੱਜ ਪਈ। ਉਪਰ ਵਾਲੀ ਸਾਰੀ ਪੁੱਛਗਿੱਛ ਦਾ ਸਿੱਟਾ ਮੈਂ ਇਹ ਕੱਢਿਆ ਕਿ ਰੀਮਾਂਡ ਦਾ ਆਖਰੀ ਦਿਨ ਹੋਣ ਕਰਕੇ, ਉਹ ਚਾਹੁੰਦੇ ਸਨ ਕਿ ਸਭ ਕੁਝ ਅੱਜ ਹੀ ਮੰਨਵਾ ਲਈਏ ਤੇ ਜੇ ਕਬੂਲ ਕਰਵਾ ਲਈਏ ਤਾਂ ਕੰਮ ਮੁੱਕਦਾ ਹੋਵੇ। ਫੇਰ ਹੋਰ ਰੀਮਾਂਡ ਲੈਣ ਦੀ ਲੋੜ ਨਾ ਪਵੇ ਤੇ ਕਬੂਲ ਕਰਨ ਦਾ ਬਿਆਨ ਕਰਵਾ ਕੇ ਕੰਮ ਬਣ ਜਾਵੇ ਨਹੀਂ ਤਾਂ ਰੀਮਾਂਡ ਦੀ ਤਾਰੀਖ ਵਧਾਉਣੀ ਪਵੇਗੀ, ਜੋ ਉਨ੍ਹਾਂ ਨੇ ਉਸੇ ਦਿਨ ਹੀ ਵਧਵਾ ਲਿਆ।

ਗਰਮੀਆਂ ਦੇ ਦਿਨ ਚਾਰ ਵਜੇ ਤਾਂ ਮਸਾਂ ਦਿਨ ਹੀ ਢਲਦਾ ਹੈ ਅਤੇ ਮੈਨੂੰ ਹਵਾਲਾਤ ਵਿਚ ਆਇਆਂ ਬਹੁਤ ਚਿਰ ਨਹੀਂ ਸੀ ਹੋਇਆ ਕਿ ਮੋਟਰ ਫਿਰ ਆ ਕੇ ਬਾਹਰ ਖੜੋ ਗਈ। ਅੱਗੇ ਵਾਂਗ ਹੀ ਸਿਪਾਹੀ ਹਵਾਲਾਤ ਅੱਗੇ ਆਏ ਤੇ ਨਾਂ ਲੈ ਕੇ ਆਵਾਜ਼ ਮਾਰੀ। ਪਰ ਉਨ੍ਹਾਂ ਦੇ ਨਾਲ ਘੱਟ ਘੱਟ ਵੀਹ ਬੰਦੇ ਹਥਿਆਰਬੰਦ ਹੋਰ ਸਨ। ਸੀ.ਬੀ.ਆਈ. ਦਾ ਮੁਖੀ ਡੀ.ਐਸ.ਪੀ. ਵੀ ਨਾਲ ਸੀ। ਹੱਥਕੜੀਆਂ ਲੱਗਣ ਤੋਂ ਬਾਅਦ ਥਾਣੇ ਦੇ ਵੱਡੇ ਕਮਰੇ ਵਿਚ ਮੇਰਾ ਨਾਂ ਪਤਾ ਇਕ ਰਜਿਸਟਰ ਵਿਚ ਲਿਖਿਆ ਤੇ ਫੇਰ ਮਿਨੀ ਬੱਸ ਵਿਚ ਬੈਠਣ ਲਈ ਆਖਿਆ। ਅੱਗੇ ਅੱਗੇ ਇਕ ਜੀਪ ਤੇ ਪਿੱਛੇ ਮਿਨੀ ਬੱਸ ਚੱਲ ਪਈ। ਗੱਡੀਆਂ ਪੀ.ਏ.ਪੀ. ਦੇ ਅੰਦਰ ਜਾ ਵੜੀਆਂ ਤੇ ਅਫ਼ਸਰ ਮੈੱਸ ਵਿਚ ਜਾ ਖਲੋਤੀਆਂ। ਗਰਮੀ ਬਹੁਤ ਸੀ। ਸਾਹਮਣੇ ਹੀ ਅਫ਼ਸਰ ਮੈੱਸ ਦਾ ਇਕ ਕਮਰਾ ਸੀ, ਜਿਸ ਦੀ ਸੀਲਿੰਗ ਨੀਵੀਂ ਲੱਗੀ ਹੋਈ ਸੀ ਤੇ ਛੱਤ ਵਾਲਾ ਪੱਖਾ ਜ਼ੋਰਾਂ ਵਿਚ ਚੱਲ ਰਿਹਾ ਸੀ। ਦਰਵਾਜ਼ਾ ਖੋਲ੍ਹਣ 'ਤੇ ਧੁੱਪ ਸਾਰੇ ਕਮਰੇ ਅੰਦਰ ਚਲੀ ਜਾਂਦੀ ਸੀ। ਉਥੇ ਦੋ ਮੰਜੇ ਅਤੇ ਬਿਸਤਰੇ ਪਏ ਸਨ, ਮੈਨੂੰ ਮੰਜੇ ਉਤੇ ਬਿਠਾ ਦਿੱਤਾ ਤੇ ਸਾਹਮਣੇ ਦੋ ਸਿਪਾਹੀ ਬੈਠ ਗਏ। ਬਾਕੀ ਹਥਿਆਰਬੰਦ ਸਿਪਾਹੀਆਂ ਨੇ ਅਫ਼ਸਰ ਮੈੱਸ ਦਾ ਆਲਾ ਦੁਆਲਾ ਘੇਰ ਲਿਆ।

ਕਾਫੀ ਦੇਰ ਬੈਠੇ ਰਹਿਣ 'ਤੇ ਇਕ ਆਦਮੀ ਆਇਆ (ਜੋ ਸਿੱਖ ਸੀ) ਤੇ ਉਸ ਨੇ ਮੈਨੂੰ ਪਾਣੀ ਪੁੱਛਿਆ। ਹਾਂ ਕਰਨ 'ਤੇ ਉਹ ਜਾ ਕੇ ਠੰਡਾ ਪਾਣੀ ਲਿਆਇਆ, ਸਿਪਾਹੀ ਵੀ

ਤ੍ਰਿਹਾਏ ਸਨ, ਉਨ੍ਹਾਂ ਵੀ ਪਾਣੀ ਪੀਤਾ। ਸਿਪਾਹੀ ਏਨੇ ਡਰੇ ਹੋਏ ਸਨ ਕਿ ਮੇਰੇ ਨਾਲ ਤਾਂ ਕੀ ਉਹ ਆਪਸ ਵਿਚ ਵੀ ਕੋਈ ਗੱਲ ਨਹੀਂ ਸਨ ਕਰਦੇ। ਅਫ਼ਸਰ ਪਤਾ ਨਹੀਂ ਕਿਥੇ ਗਏ ਸਨ? ਮੈਨੂੰ ਇਹ ਤਾਂ ਪਤਾ ਹੀ ਸੀ ਕਿ ਰੀਮਾਂਡ ਲੈਣ ਆਏ ਹਨ। ਮਜਿਸਟਰੇਟ ਨੂੰ ਏਥੇ ਲੈਣ ਗਏ ਹਨ, ਪਤਾ ਨਹੀਂ ਕਿੰਨੀ ਦੇਰ ਲੱਗੇ? ਮੈਂ ਇਕ ਮੰਜੇ 'ਤੇ ਅਰਾਮ ਨਾਲ ਲੰਮਾ ਪੈ ਗਿਆ ਤੇ ਝੱਟ ਅੱਖ ਲੱਗ ਗਈ। ਕੋਈ ਸ਼ਾਮ ਦੇ ਛੇ ਕੁ ਵਜੇ ਸਿਪਾਹੀਆਂ ਨੇ ਉਠਾਇਆ ਤੇ ਕਿਹਾ "ਚਲੋ ਜੀ"। ਬਾਹਰ ਗਏ ਤਾਂ ਉਨ੍ਹਾਂ ਫਿਰ ਆਖਿਆ ਕਿ, "ਨਹੀਂ ਅਜੇ ਥੋੜੀ ਦੇਰ ਲੱਗੇਗੀ"। ਫੇਰ ਅੰਦਰ ਆ ਕੇ ਬੈਠ ਗਏ। ਗੱਡੀ ਦਾ ਟਾਇਰ ਪੰਚਰ ਸੀ। ਬਦਲ ਕੇ ਫੇਰ ਅਵਾਜ਼ ਆਈ। ਸਾਰੇ ਫੇਰ ਉਸ ਕਮਰੇ ਵਿਚੋਂ ਬਾਹਰ ਆ ਗਏ। ਮੈਂ ਬੱਸ ਵਿਚ ਬੈਠਾ ਸੋਚ ਰਿਹਾ ਸੀ, ਇਹ ਚੰਗਾ ਰੀਮਾਂਡ ਹੈ, ਨਾ ਮਜਿਸਟਰੇਟ ਅੱਗੇ ਪੇਸ਼ ਕੀਤਾ, ਨਾ ਉਸ ਨੇ ਮੇਰੀ ਸ਼ਕਲ ਵੇਖੀ, ਕਮਾਲ ਹੈ? ਫਿਰ ਮੈਂ ਸੋਚਿਆ ਸ਼ਾਇਦ ਰੀਮਾਂਡ ਨਾ ਹੀ ਲਿਆ ਹੋਵੇ, ਇਨ੍ਹਾਂ ਸੋਚਾਂ ਵਿਚ ਹੀ ਥਾਣਾ ਆਦਮਪੁਰ ਆ ਗਿਆ। ਥਾਣੇ ਦੇ ਵੱਡੇ ਕਮਰੇ ਵਿਚ, ਜਿਥੇ ਮੁਣਸ਼ੀ ਬੈਠਦਾ ਹੈ, ਉਥੇ ਇਕ ਅਫ਼ਸਰ ਨੇ ਆਖਿਆ 30 ਤੱਕ ਰੀਮਾਂਡ ਨੋਟ ਕਰ ਲਓ। ਹੁਣ ਮੈਨੂੰ ਰੀਮਾਂਡ ਬਾਰੇ ਕੋਈ ਸ਼ੱਕ ਨਾ ਰਿਹਾ।

ਆਦਮਪੁਰ ਤੋਂ ਜਲੰਧਰ ਤੇ ਜਲੰਧਰ ਤੋਂ ਆਦਮਪੁਰ ਤਕ ਦੋ ਅਫ਼ਸਰਾਂ ਨੇ ਆਪਣੇ ਪਿਸਤੌਲ ਹੱਥ ਵਿਚ ਨੰਗੇ ਫੜੇ ਹੋਏ ਸਨ, ਜਿਨ੍ਹਾਂ ਦਾ ਮੂੰਹ ਮੇਰੇ ਵੱਲ ਸੀ। ਪਿੱਛੇ ਬੈਠੇ ਦੋ ਸਟੇਨਧਾਰੀਆਂ ਦੀਆਂ ਸਟੇਨਾਂ ਦਾ ਮੂੰਹ ਵੀ ਮੇਰੇ ਵੱਲ ਸੀ। ਮੈਂ ਹੈਰਾਨ ਹੋਇਆ ਕਿ ਏਨੀ ਫੌਜ ਦੇ ਹੁੰਦਿਆਂ ਵੀ, ਇਹ ਏਨਾ ਡਰਦੇ ਹਨ। ਰਾਹ ਵਿਚ ਇਕ ਅਫ਼ਸਰ ਨੂੰ ਮੈਂ ਆਖਿਆ, "ਕਾਨੂੰਨ ਅਨੁਸਾਰ ਤੁਸੀਂ ਆਪਣੇ ਪਿਸਤੌਲ ਦਾ ਮੂੰਹ ਮੇਰੇ ਵੱਲ ਨਹੀਂ ਕਰ ਸਕਦੇ, ਇਸ ਵਿਚ ਗੋਲੀ ਹੋਵੇਗੀ, ਕੋਈ ਹਾਦਸਾ ਵੀ ਹੋ ਸਕਦਾ ਹੈ। ਇਹ ਸਿਪਾਹੀਆਂ ਦੀਆਂ ਸਟੇਨਾਂ ਵੀ ਪਰੇ ਕਰਵਾਓ, ਹਰ ਰੋਜ਼ ਅਖ਼ਬਾਰ ਵਿਚ ਆਉਂਦਾ ਰਹਿੰਦਾ ਹੈ 'ਗਲਤੀ ਸੇ ਗੋਲੀ ਚੱਲ ਗਈ', ਮੈਨੂੰ ਪਤਾ ਹੈ, ਸਾਰਿਆਂ ਦੀਆਂ ਗੰਨਾਂ ਦੀਆਂ ਨਾਲੀਆਂ ਵਿਚ ਗੋਲੀਆਂ ਹਨ, ਸਿਰਫ ਘੋੜਾ ਦਬਾਉਣ ਦੀ ਹੀ ਲੋੜ ਹੈ।" ਇਹ ਗੱਲ ਇਕ ਸੀਨੀਅਰ ਅਫ਼ਸਰ ਮਿਸਟਰ ਵਿਜੇ ਨੂੰ ਆਖੀ, ਜਿਸ ਦੇ ਨਾਂ ਦਾ ਪਤਾ ਮੈਨੂੰ ਬਾਅਦ ਵਿਚ ਲੱਗਾ। ਉਸ ਨੇ ਅਗੋਂ ਜਵਾਬ ਕੁਝ ਨਾ ਦਿੱਤਾ ਤੇ ਸਿਪਾਹੀਆਂ ਨੂੰ ਕਿਹਾ, "ਆਪਣੀਆਂ ਗੰਨਾਂ ਇਕ ਪਾਸੇ ਕਰ ਲਵੋ"। ਉਸ ਆਪਣੇ ਪਿਸਤੌਲ ਦਾ ਮੂੰਹ ਵੀ ਮੇਰੇ ਪੈਰਾਂ ਵੱਲ ਨੂੰ ਕਰ ਦਿੱਤਾ। ਜਿੰਨੇ ਦਿਨ ਅਸੀਂ ਪੰਜਾਬ ਵਿਚ ਰਹੇ, ਉਨ੍ਹਾਂ ਨੇ ਆਮ ਤੌਰ 'ਤੇ ਕਾਨੂੰਨੀ ਨੁਕਤੇ 'ਤੇ ਕਿੰਤੂ ਪ੍ਰੰਤੂ ਨਹੀਂ ਕੀਤਾ। ਕਿਉਂਕਿ ਕਾਨੂੰਨ ਉਨ੍ਹਾਂ ਨੂੰ ਉਹ ਹੀ ਆਖਿਆ ਜਾਂਦਾ ਸੀ, ਜਿਸ ਬਾਰੇ ਸੌ ਫੀਸਦੀ ਪਤਾ ਹੁੰਦਾ ਸੀ ਕਿ ਇਹ ਠੀਕ ਹੈ ਤੇ ਅਜਿਹਾ ਕਰਨਾ ਅਪਰਾਧ ਹੈ। ਫਿਰ ਇਹ ਗੱਲ ਨਹੀਂ, ਅਫ਼ਸਰ ਉਸ ਠੀਕ ਗੱਲ ਨੂੰ ਠੀਕ ਮੰਨ ਵੀ ਜਾਂਦੇ ਸਨ ਜਾਂ ਆਪਣੇ ਵੱਡੇ ਨੂੰ ਪੁੱਛ ਕੇ ਉਹ ਸ਼ੱਕ ਦੂਰ ਕਰ ਦੇਂਦੇ ਸਨ। ਪਰ ਦਿੱਲੀ ਜਾ ਕੇ ਉਨ੍ਹਾਂ ਮਨਆਈਆਂ ਕੀਤੀਆਂ ਤੇ ਕਾਨੂੰਨ ਤੋਂ ਪਰ੍ਹੇ ਹੱਟ ਕੇ ਵੀ ਬਹੁਤ ਸਾਰੀਆਂ ਗੱਲਾਂ ਕੀਤੀਆਂ। ਮੇਰੇ ਦੂਜੇ ਸਾਥੀਆਂ ਦਾ ਰੀਮਾਂਡ ਵੀ ਤੀਹ ਤੱਕ ਸੀ, ਇਸ ਲਈ ਮੈਨੂੰ ਕੋਈ ਹੈਰਾਨੀ ਵੀ ਨਹੀਂ ਸੀ। ਹੁਣ ਆਸਾਂ ਉਮੀਦਾਂ 30 ਤੱਕ ਅੱਗੇ ਪੈ ਗਈਆਂ ਸਨ।

ਮੈਂ 15 ਤਾਰੀਖ ਨੂੰ ਆਪਣੇ ਸਾਥੀ ਮੁਕੱਦਮਾਵਾਰਾਂ ਨਾਲ ਰਲਿਆ ਸਾਂ ਤੇ ਉਸੇ ਦਿਨ ਤੋਂ ਹੀ ਮੈਂ ਉਨ੍ਹਾਂ ਨੂੰ ਦਲੇਰ ਤੇ ਹਾਸੇ ਵਾਲੀਆਂ ਗੱਲਾਂ ਸੁਣਾ ਸੁਣਾ ਕੇ ਖੁਸ਼ ਰੱਖਿਆ ਸੀ।

ਜਦੋਂ ਦੇ ਨੇਤਾ ਜੀ ਆਏ ਸਨ, ਉਨ੍ਹਾਂ ਨੇ ਹਾਸੇ ਵਾਲੀਆਂ ਗੱਲਾਂ ਵਿਚ ਹੋਰ ਵੀ ਵਾਧਾ ਕਰ ਦਿੱਤਾ ਸੀ। ਆਮ ਤੌਰ 'ਤੇ ਵਾਰੀ ਨੇਤਾ ਜੀ ਤੇ ਮੈਂ ਹੀ ਲੈਂਦੇ। ਦੂਸਰੇ ਸਾਰੇ ਸਰੋਤੇ ਹੀ ਸਨ। ਨੇਤਾ ਜੀ ਦੇ ਖਿਆਲ ਅਨੁਸਾਰ ਵੀ ਇਹ ਇਕ ਮਾਮੂਲੀ ਕੇਸ ਸੀ, ਜਿਸ ਨੂੰ ਹਰ ਹਾਲਤ ਵਿਚ ਸੀ.ਬੀ.ਆਈ. ਨੂੰ ਵਾਪਸ ਲੈਣਾ ਪੈਣਾ ਸੀ, ਹਾਂ ਥੋੜ੍ਹੇ ਦਿਨਾਂ ਦੀ ਖੱਜਲ ਖੁਆਰੀ ਜ਼ਰੂਰ ਸੀ। ਜਦੋਂ ਸਾਰੇ ਇਕੱਠੇ ਹੁੰਦੇ ਤਾਂ ਕਿਸੇ ਹਾਸੇ ਵਾਲੀ ਗੱਲ 'ਤੇ ਸਾਰੇ ਹੱਸ ਹੱਸ ਲੋਟ ਪੋਟ ਹੁੰਦੇ ਰਹਿੰਦੇ। ਭਾਵੇਂ ਕਿੰਨੀ ਵੀ ਗਰਮੀ ਤੇ ਤੰਗ ਥਾਂ ਸੀ, ਸਾਰਿਆਂ ਨੂੰ ਚੇਤਾ ਹੀ ਭੁੱਲ ਜਾਂਦਾ ਪਰ ਜਦੋਂ ਇਕ ਜਣੇ ਨੂੰ ਲੈ ਕੇ ਗਏ ਹੁੰਦੇ ਤਾਂ ਸਾਰੇ ਅਨਮਨੇ ਜਿਹੇ ਹੋ ਜਾਂਦੇ ਤੇ ਇਕ ਦੂਜੇ ਨਾਲ ਗੱਲ ਕਰਨ ਨੂੰ ਵੀ ਜੀਅ ਨਾ ਕਰਦਾ, ਸਾਰੇ ਚੁੱਪ ਚਾਪ ਬੈਠੇ ਰਹਿੰਦੇ, ਘੜੀ ਘੜੀ ਪਾਣੀ ਪੀਂਦੇ ਰਹਿੰਦੇ ਤੇ ਗੁੱਠ ਵਿਚ ਅਤਿ ਗੰਦੇ ਥਾਂ ਪਸ਼ਾਬ ਕਰਨ ਤੁਰੇ ਰਹਿੰਦੇ ਤੇ ਹੱਥ ਧੋ ਕੇ ਫਿਰ ਚੁੱਪ ਚਾਪ ਬੈਠ ਜਾਂਦੇ। ਹੁਣ ਚਾਹ ਵੀ ਬਾਰ-ਬਾਰ ਨਹੀਂ ਸੀ ਆਉਂਦੀ। ਸਿਰਫ ਦਿਨ ਵਿਚ ਦੋ ਵਾਰ ਹੀ ਚਾਹ ਆਉਂਦੀ ਸੀ, ਸਵੇਰੇ ਯਾਰਾਂ ਵਜੇ ਤੇ ਸ਼ਾਮ ਨੂੰ ਛੇ ਵਜੇ ਰੋਟੀ।

ਔਰਤ ਅਫ਼ਸਰਾਂ ਦੀ ਪੁੱਛਗਿੱਛ

ਦੂਜੇ ਦਿਨ ਮੇਰੀ ਵਾਰੀ ਕੋਈ ਦਸ ਕੁ ਵਜੇ ਆਈ। ਪਹਿਲਾਂ ਵਾਂਗ ਹੀ ਜਕੜਿਆ ਮੈਂ ਜਦੋਂ ਰੈਸਟ ਹਾਊਸ ਪਹੁੰਚਿਆ ਤਾਂ ਉਥੋਂ ਦਾ ਨਜ਼ਾਰਾ ਵੇਖ ਕੇ ਮੇਰਾ ਦਿਲ ਖੁਸ਼ ਹੋ ਗਿਆ। ਉਥੇ ਉਨ੍ਹਾਂ ਕਾਲੇ ਪੀਲੇ ਤੇ ਬੇ-ਢੱਬੇ ਅਫ਼ਸਰਾਂ ਦੀ ਥਾਂ, ਇਕ ਗੰਜਾ ਤੇ ਉਸ ਦੇ ਨਾਲ ਤਿੰਨ ਖੂਬਸੂਰਤ ਔਰਤਾਂ ਬੈਠੀਆਂ ਸਨ। ਇਕ ਦੀ ਉਮਰ ਕੋਈ ਤੀਹ-ਬੱਤੀ ਸਾਲ, ਦੂਜੀ ਦੀ ਵੀ ਲੱਗਪਗ ਏਨੀ ਕੁ ਹੀ ਤੇ ਤੀਜੀ ਦੀ ਚੌਵੀ-ਪੰਝੀ ਸਾਲ ਹੋਵੇਗੀ। ਕਮਰੇ ਵਿਚੋ ਸੈਂਟ ਦੀਆਂ ਲਪਟਾਂ ਉਠ ਰਹੀਆਂ ਸਨ। ਇਕ ਜੋ ਸਭ ਤੋਂ ਛੋਟੀ ਸੀ, ਦੇ ਵਾਲ ਬਾਬ ਕੱਟ ਸਨ। ਇਨ੍ਹਾਂ ਤਿੰਨਾਂ ਨੇ ਹੀ ਸਾੜੀਆਂ ਪਾਈਆਂ ਹੋਈਆਂ ਸਨ। ਇਕ ਦੀ ਸਿਲਕ ਦੀ ਸਾੜੀ, ਉਸ ਦੇ ਏਅਰ ਹੋਸਟੈੱਸ ਹੋਣ ਦਾ ਭੁਲੇਖਾ ਪਾਉਂਦੀ ਸੀ। ਦੋ ਦੇ ਬਲਾਊਜ਼ ਬਾਹਵਾਂ ਤੋਂ ਬਿਨਾਂ ਸਨ। ਇਕ ਜੋ ਸੀਨੀਅਰ ਲੱਗਦੀ ਸੀ, ਦਾ ਕੱਦ ਕਾਫੀ ਲੰਬਾ ਸੀ। ਦੂਸਰੀ ਦਾ ਦਰਮਿਆਨਾ ਤੇ ਸਭ ਤੋਂ ਛੋਟੀ ਥੋੜ੍ਹੇ ਪੱਕੇ ਰੰਗ ਦੀ, ਚੁਸਤ ਚਲਾਕ ਤੇ ਖੂਬਸੂਰਤ ਨੈਣ ਨਕਸ਼ਾਂ ਵਾਲੀ, ਐਂਗਲੋ ਇੰਡੀਅਨ ਲੱਗਦੀ ਸੀ। ਇਹ ਅੰਦਾਜ਼ਾ, ਉਸ ਦੇ ਗਲ ਵਿਚ ਪਈ ਹੋਈ ਸਲੀਬ ਤੋਂ ਲੱਗਦਾ ਸੀ। ਦੂਸਰੀਆਂ ਦੋਹਾਂ ਦੇ ਰੰਗ ਗੋਰੇ ਸਨ। ਗੱਲ ਕੀ, ਇਕ ਤਰ੍ਹਾਂ ਨਾਲ ਤਾਂ ਰੈਸਟ ਹਾਊਸ ਵਿਚ ਬਹਾਰ ਛਾਈ ਪਈ ਸੀ। ਮੈਂ ਦਿਲ ਹੀ ਦਿਲ ਖੁਸ਼ ਹੋਇਆ ਕਿ ਚਲੋ ਰੁੱਖੇ ਵਿਸ਼ੇ ਵਿਚ ਕੁਝ ਮਨੋਰੰਜਨ ਤਾਂ ਆਇਆ। ਉਸ ਦਿਨ ਮੈਂ ਆਪਣੇ ਸਾਥੀਆਂ ਵਿਚੋਂ ਰੈਸਟ ਹਾਊਸ ਆਉਣ ਵਾਲਾ ਸਭ ਤੋਂ ਪਹਿਲਾ ਸਾਂ। ਜਦੋਂ ਵੱਡੇ ਕਮਰੇ ਵਿਚ ਗਏ ਤਾਂ ਅੱਗੇ ਵਾਂਗ ਸਿਪਾਹੀ ਬਾਹਰ ਹੀ ਰਹਿ ਗਏ। ਕਮਰਾ ਉਸ ਵੇਲੇ ਹਾਸੇ ਨਾਲ ਗੂੰਜ ਰਿਹਾ ਸੀ।

ਪਰ ਮੇਰਾ ਇਹ ਚੜ੍ਹਿਆ ਹੋਇਆ ਨਸ਼ਾ ਜਿਹਾ, ਇਕ ਵਿਚਾਰ ਆ ਜਾਣ 'ਤੇ ਝੱਟ ਉਤਰ ਗਿਆ, ਉਤਰ ਹੀ ਨਹੀਂ ਗਿਆ, ਬਲਕਿ ਉਸ ਵਿਚਾਰ ਨੇ ਮੇਰੇ ਸਿਰ ਵਿਚ ਇਸ ਤਰ੍ਹਾਂ ਦੀ ਸੱਟ ਮਾਰੀ ਤੇ ਸਿਰ ਏਨੇ ਜ਼ੋਰ ਨਾਲ ਚੱਕਰਾਇਆ ਕਿ ਡਿਗਦਾ ਡਿਗਦਾ ਮਸਾਂ ਬਚਿਆ। ਮੈਨੂੰ ਸਮਝ ਲੱਗ ਗਈ ਸੀ ਕਿ ਇਹ ਕਿਉਂ ਆਈਆਂ ਹਨ? ਹੁਣ ਮੈਨੂੰ ਉਹ ਖੂਬਸੂਰਤ ਔਰਤਾਂ ਨਹੀਂ ਸਗੋਂ ਚੁੜੇਲਾਂ ਦਿੱਸ ਰਹੀਆਂ ਸਨ। ਇਕ ਅਨਜਾਣੇ ਖਿਆਲ ਨੇ

ਮੇਰੇ ਸਰੀਰ 'ਤੇ ਇਸ ਤਰ੍ਹਾਂ ਦਾ ਅਸਰ ਕੀਤਾ, ਜਿਵੇਂ ਦਿਲ ਦਾ ਦੌਰਾ ਪੈ ਗਿਆ ਹੋਵੇ ਜਾਂ ਸਰੀਰ ਨੂੰ ਅਧਰੰਗ ਹੋ ਗਿਆ ਹੋਵੇ। ਮੈਨੂੰ ਡਰਾਉਣੇ ਖਿਆਲਾਂ ਵਿਚ ਡੁੱਬੇ ਨੂੰ ਇਹ ਪਤਾ ਵੀ ਨਾ ਲੱਗਾ ਕਿ ਮੈਨੂੰ ਕਦੋਂ ਬੈਠਣ ਦਾ ਇਸ਼ਾਰਾ ਕੀਤਾ ਗਿਆ ਸੀ। ਇਸ਼ਾਰਾ ਲੰਮੀ ਖ਼ੂਬਸੂਰਤ ਔਰਤ ਨੇ ਬੜੀ ਅਦਾ ਨਾਲ ਕੀਤਾ ਸੀ ਪਰ ਮੈਂ ਤਾਂ ਇਕ ਤਰ੍ਹਾਂ ਨੀਮ ਬੇਹੋਸ਼ੀ ਦੀ ਹਾਲਤ ਵਿਚ ਸਾਂ। ਫਿਰ ਦੂਸਰੀ ਵਾਰ ਗੰਜੇ ਨੇ ਮੂੰਹੋਂ ਬੋਲ ਕੇ ਤੇ ਨਾਲੇ ਹੱਥ ਨਾਲ ਬੈਠਣ ਦਾ ਇਸ਼ਾਰਾ ਕੀਤਾ। ਮੈਂ ਕੋਲ ਪਈ ਕੁਰਸੀ 'ਤੇ ਬੈਠ ਗਿਆ। ਹੁਣ ਮੇਰਾ ਉਨ੍ਹਾਂ ਖ਼ੂਬਸੂਰਤ ਔਰਤਾਂ ਨੂੰ ਵੇਖਣ ਦਾ ਵੀ ਕੋਈ ਮਨ ਨਹੀਂ ਸੀ ਸਗੋਂ ਉਹ ਮੈਨੂੰ ਬਹੁਤ ਬੁਰੀਆਂ ਲੱਗ ਰਹੀਆਂ ਸਨ। ਉਨ੍ਹਾਂ ਵਿਚੋਂ ਇਕ ਨੂੰ ਤਾਂ ਬਾਅਦ ਵਿਚ ਮੈਂ ਇੰਡੀਆ ਟੂ ਡੇ ਵਿਚ ਛਪੀ ਚਾਰਲਸ ਸ਼ੋਬਰਾਜ ਦੀ ਪ੍ਰੇਮਿਕਾ ਵਕੀਲ ਸਨੇਹ ਸੰਗਰ ਨੂੰ ਬਾਂਹ ਤੋਂ ਫੜਿਆ ਹੋਇਆ, ਅਦਾਲਤ ਵਿਚ ਪੇਸ਼ ਕਰਨ ਸਮੇਂ ਲਈ ਗਈ ਫੋਟੋ ਵਿਚ ਵੀ ਵੇਖਿਆ ਸੀ।

ਮੈਂ ਬੈਠਦੇ ਸਾਰ ਹੀ ਇਕ ਨਜ਼ਰ ਕਾਹਲੀ ਕਾਹਲੀ ਸਾਰੇ ਕਮਰੇ ਵਿਚ ਮਾਰੀ। ਫਿਰ ਦੂਸਰੇ ਕਮਰਿਆਂ ਵੱਲ ਵੇਖਿਆ ਪਰ ਸਿਵਾਏ ਤਣੇ ਹੋਏ ਪਰਦਿਆਂ ਤੋਂ ਮੈਨੂੰ ਕੁਝ ਨਾ ਦਿਸਿਆ। ਮੇਰਾ ਸਰੀਰ ਉੱਕਾ ਹੀ ਜਵਾਬ ਦੇਈ ਜਾ ਰਿਹਾ ਸੀ। ਏਹ ਚੁੜੇਲਾਂ ਖ਼ੈਰ ਨਾਲ ਨਹੀਂ ਆਈਆਂ, ਜ਼ਰੂਰ ਕੋਈ ਸਿੰਘਣੀ ਗ੍ਰਿਫਤਾਰ ਕੀਤੀ ਹੋਈ ਹੈ, ਫਿਰ ਮੇਰਾ ਸਰੀਰ ਇਹ ਸੋਚ ਕੇ ਬਿਲਕੁਲ ਹੀ ਝੂਠਾ ਪੈ ਗਿਆ ਕਿ ਕੀ ਪਤਾ ਮੇਰੀ ਆਪਣੀ ਪਤਨੀ ਹੀ ਗ੍ਰਿਫਤਾਰ ਕਰ ਲਈ ਗਈ ਹੋਵੇ? ਇਨ੍ਹਾਂ ਹਰਾਮਜਾਦੀਆਂ ਦਾ ਕੀ ਜਾਣਾ ਹੈ, ਬਲਕਿ ਇਸ ਤਰ੍ਹਾਂ ਦਾ ਇਸ਼ਾਰਾ ਸਿੱਖ ਅਫ਼ਸਰ ਨੇ ਦਿੱਤਾ ਵੀ ਸੀ ਕਿ "ਜੇ ਤੁਸੀਂ ਕੁਝ ਨਾ ਦੱਸੋਗੇ ਤਾਂ ਫਿਰ ਸਾਨੂੰ ਮਜਬੂਰ ਹੋ ਕੇ...............।" ਫਿਰ ਇਕ ਦਮ ਮੈਨੂੰ ਕੁਝ ਹੌਸਲੇ ਜਿਹੇ ਦੀ ਤਰੰਗ ਆਈ ਕਿ ਚਲੋ ਜੇ ਫੜ ਵੀ ਲਈ ਹੋਵੇ ਤਾਂ ਕਿਹੜਾ ਕਿਸੇ ਬੁਰੇ ਕੰਮ ਵਿਚ ਫੜੀ ਹੈ, ਵੇਖੀ ਜਾਵੇਗੀ, ਜਿਹੜੀ ਹੋਵੇਗੀ। ਸਿਆਣੇ ਆਖਦੇ ਹਨ ਰੱਬ ਅਤਿ ਘਟਾ ਘਨਘੋਰ ਛਾਈ ਵਿਚ ਤੇ ਜੋਰਦਾਰ ਕਾਲੇ ਬੱਦਲਾਂ ਵਾਲੇ ਪੈਂਦੇ ਮੀਂਹ ਵਿਚ ਵੀ ਕਈ ਵਾਰ ਥੋੜੇ ਸਮੇਂ ਲਈ ਧੁੱਪ ਕੱਢ ਦੇਂਦਾ ਹੈ। ਏਹੋ ਹੀ ਹਿਸਾਬ ਮੇਰੇ ਨਾਲ ਹੋਇਆ। ਉਹ ਹੌਸਲੇ ਦੀ ਤਰੰਗ ਬਸ ਓਨਾ ਕੁ ਚਿਰ ਦੀ ਹੀ ਸੀ, ਜਿੰਨੀ ਦੇਰ ਲਈ ਮੀਂਹ ਪੈਂਦੇ ਵਿਚ ਧੁੱਪ ਨਿਕਲਦੀ ਹੈ ਤੇ ਫੇਰ ਕੋਈ ਮੋਟਾ ਬੱਦਲ ਸੂਰਜ ਅੱਗੇ ਆ ਜਾਂਦਾ ਹੈ।

ਬਰੀਕ ਤੇ ਸੁਰੀਲੀ ਆਵਾਜ਼ ਨੇ ਮੇਰੀ ਸੋਚ ਦੀ ਲੜੀ ਤੋੜੀ। ਟੀਮ ਦੀ ਮੁਖੀ ਪੁੱਛ ਰਹੀ ਸੀ- "ਤੁਹਾਡਾ ਨਾਮ?"

ਮੈਂ - 'ਕੁਲਬੀਰ ਸਿੰਘ'

"ਤੁਹਾਡੀ ਪਤਨੀ ਦਾ ਨਾਮ?" ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਮੇਰੇ ਐਨ ਸਾਹਮਣੇ ਬੰਬ ਫੱਟ ਗਿਆ ਹੋਵੇ ਤੇ ਉਸ ਦੀ ਚਮਕ ਨਾਲ ਮੇਰੀਆਂ ਅੱਖਾਂ ਅੱਗੇ ਭੰਬੂ ਤਾਰੇ ਘੁੰਮ ਰਹੇ ਹੋਣ।

"ਜੀ ਹਰਬੰਸ ਕੌਰ।"

"ਸ਼ਾਦੀ ਤੋਂ ਪਹਿਲਾਂ ਉਹ ਕਿਥੇ ਰਹਿੰਦੇ ਸਨ?" ਲੈ ਜਾਹ ਜਾਂਦੀ ਲਗੀਆ, ਮੈਂ ਸੋਚਿਆ ਪਰ ਦੱਸਣਾ ਤਾਂ ਪੈਣਾ ਹੀ ਸੀ। ਦਸਿਆ, ਚੰਡੀਗੜ੍ਹ।

"ਤੁਹਾਡੀ ਸ਼ਾਦੀ ਕਦੋਂ ਹੋਈ?" ਸਭ ਤੋਂ ਛੋਟੀ ਨੇ ਪੁਛਿਆ। ਮੈਂ ਸਾਲ ਤੇ ਮਹੀਨਾ ਦੱਸ ਦਿੱਤਾ, ਪਰ ਮੇਰਾ ਮਨ ਬੁਰੀ ਤਰ੍ਹਾਂ ਕਾਹਲਾ ਪਿਆ ਹੋਇਆ ਸੀ ਤੇ ਸਖਤ ਸਿਰਦਰਦ

ਹੋ ਰਹੀ ਸੀ। ਮੈਂ ਆਪਣੀ ਇਹ ਹਾਲਤ ਉਨ੍ਹਾਂ ਦੁਸ਼ਟਾਂ ਤੋਂ ਹਰ ਹਾਲਤ ਵਿਚ ਲੁਕਾਉਣਾ ਚਾਹੁੰਦਾ ਸਾਂ। ਬਗੈਰ ਪਾਣੀ ਦੀ ਪਿਆਸ ਤੋਂ ਵੀ, ਮੈਂ ਜੀ ਬਿਆਣੇ ਨੇ ਪਾਣੀ ਮੰਗ ਲਿਆ। ਗੰਜੇ ਨੇ ਇਕ ਨੂੰ ਪਾਣੀ ਲਿਆਉਣ ਵਾਸਤੇ ਆਖਿਆ। ਉਹ ਝੱਟ ਠੰਡਾ ਪਾਣੀ ਲੈ ਆਇਆ। ਮੈਂ ਗਲਾਸ ਫੜ ਕੇ ਦੋ ਘੁੱਟ ਪਾਣੀ ਪੀਤਾ, ਫਿਰ ਉਸ ਗੰਜੇ ਅਫ਼ਸਰ ਨੂੰ ਹੀ ਆਖਿਆ, "ਜੀ ਕੋਈ ਕਰੋਸਿਨ ਜਾਂ ਮੈਟਾਸਿਨ, ਵਗੈਰਾ ਗੋਲੀ ਨਹੀਂ, ਤੁਹਾਡੇ ਕੋਲ?"

"ਕਿਉਂ ਕੀ ਗੱਲ ਹੋਈ?" ਗੰਜੇ ਨੇ ਪੁਛਿਆ

"ਰਾਤ ਮੈਨੂੰ ਬੁਖਾਰ ਹੋ ਗਿਆ ਸੀ ਤੇ ਹੁਣ ਵੀ ਸ਼ਾਇਦ ਹੈ। ਪਰ ਫਿਰ ਮੈਨੂੰ ਝੱਟ ਖਿਆਲ ਆ ਗਿਆ ਕਿ ਪਿੰਡਾ ਤਾਂ ਸਗੋਂ ਠੰਡਾ ਹੁੰਦਾ ਜਾਂਦਾ ਹੈ, ਮੈਂ ਫਿਰ ਕਿਹਾ ਮੇਰਾ ਸਿਰਦਰਦ ਹੋ ਰਹਾ ਹੈ ਅਤੇ ਬਹੁਤ ਜ਼ਿਆਦਾ ਸਿਰਦਰਦ ਹੈ। ਵਿਚੇ ਹੀ ਹਿੰਦੀ ਵੀ ਬੋਲੀ ਗਈ।

"ਮੇਰੇ ਪਰਸ 'ਚ ਇਕ ਗੋਲੀ ਹੈ, ਸਿਰਦਰਦ ਦੀ, ਮੈਂ ਹੁਣੇ ਦਿੰਦੀ ਹਾਂ," ਫਿਰ ਉਸ ਨੇ ਸਾਹਮਣੇ ਪਿਆ ਪਰਸ ਚੁਕਿਆ ਤੇ ਇਕ ਗੋਲੀ ਸੈਰਾਡਾਨ ਕੱਢ ਕੇ ਮੈਨੂੰ ਫੜਾ ਦਿੱਤੀ, ਜੋ ਮੈਂ ਪਾਣੀ ਦੇ ਬਾਕੀ ਗਲਾਸ ਨਾਲ ਖਾ ਲਈ। ਫਿਰ ਮੈਂ ਐਕਟਿੰਗ ਵਜੋਂ ਆਪਣੇ ਹੱਥ ਨਾਲ ਮੱਥਾ ਘੁੱਟ ਲਿਆ ਤੇ ਕਈ ਵਾਰ ਹੇਠ ਉੱਤੇ ਘੁਟਿਆ।

"ਤੁਹਾਡੀ ਤਬੀਅਤ ਕੁਝ ਜਿਆਦਾ ਹੀ ਖਰਾਬ ਹੈ", ਉਨ੍ਹਾਂ ਵਿਚੋਂ ਦੂਜੀ ਨੇ ਆਖਿਆ। ਉਸ ਦਾ ਸਰੀਰ ਲੰਬੀ ਨਾਲੋਂ ਭਾਰਾ ਸੀ ਤੇ ਕੱਦ ਕੁਛ ਛੋਟਾ, ਪਰ ਸੀ ਬੜੀ ਪਟਾਕਾ।

"ਹਾਂ ਜੀ" ਮੈਨੂੰ ਕਹਿਣਾ ਪਿਆ, ਹਾਲਾਂ ਕਿ ਮੈਨੂੰ ਪਤਾ ਸੀ ਕਿ ਮੇਰੀ ਤਬੀਅਤ ਕਿਉਂ ਖਰਾਬ ਹੈ।

"ਤੁਸੀਂ ਇਸ ਤਰ੍ਹਾਂ ਕਰੋ, ਥੋੜੀ ਦੇਰ ਅਰਾਮ ਕਰ ਲਓ, ਹੁਣੇ ਗੋਲੀ ਖਾਧੀ ਹੈ ਨਾ?" ਗੰਜੇ ਨੇ ਆਖਿਆ।

ਮੈਂ ਚੁੱਪ ਰਿਹਾ।

ਫਿਰ ਉਨ੍ਹਾਂ ਤਿੰਨਾਂ ਔਰਤਾਂ ਨੇ ਵੀ ਲੱਗਪਗ ਇਕੱਠਿਆਂ ਹੀ, ਇਹ ਹੀ ਸਲਾਹ ਦਿੱਤੀ। ਹੁਣ ਪਤਾ ਨਹੀਂ ਮਨੁੱਖੀ ਹਮਦਰਦੀ ਵਜੋਂ ਕਿ ਉਹ ਇਸ ਵਿਚੋਂ ਵੀ ਕੁਝ ਨੋਟ ਕਰ ਰਹੀਆਂ ਸਨ ਪਰ ਨਾਲ ਦੇ ਕਮਰੇ ਵਿਚ ਗੰਜਾ ਆਪ ਲੈ ਕੇ ਗਿਆ। ਹੱਥਕੜੀਆਂ ਮੈਂ ਇਕੱਠੀਆਂ ਕਰਕੇ ਹੱਥ ਵਿਚ ਫੜੀਆਂ ਹੋਈਆਂ ਸਨ। ਉਹ ਕਮਰਾ ਖਾਲੀ ਸੀ ਤੇ ਅਫ਼ਸਰਾਂ ਦਾ ਸਮਾਨ ਉਸ ਵਿਚ ਖਿਲਰਿਆ ਪਿਆ ਸੀ। ਮੈਂ ਡਬਲਬੈੱਡ 'ਤੇ ਲੇਟ ਗਿਆ ਤੇ ਲਗਪਗ ਘੰਟਾ ਭਰ ਸੁੱਤਾ ਰਿਹਾ। ਥਕਾਵਟ ਹੀ ਏਨੀ ਸੀ ਕਿ ਨੀਂਦ ਆ ਗਈ। ਨਾਲੇ ਹਵਾਲਾਤ ਵਿਚ ਤਾਂ ਨੀਂਦ ਆਉਂਦੀ ਨਹੀਂ ਸੀ, ਪੱਖੇ ਥੱਲੇ ਪੈਣ ਦੀ ਦੇਰ ਸੀ, ਨੀਂਦ ਨੇ ਝੱਟ ਆ ਘੇਰਿਆ।

ਘੰਟੇ ਬਾਅਦ ਇਕ ਸਿਪਾਹੀ ਚਾਹ ਦਾ ਕੱਪ ਲੈ ਕੇ ਆਇਆ ਤੇ ਮੈਨੂੰ ਉਠਾਇਆ। ਮੈਂ ਉਠ ਕੇ ਚਾਹ ਦਾ ਪਿਆਲਾ ਫੜਿਆ ਤੇ ਸਰਸਰੀ ਨਜ਼ਰ ਬਾਹਰ ਮਾਰੀ। ਤਾਕੀ ਦੇ ਬਾਹਰ ਕੜਕਦੀ ਧੁੱਪ ਵਿਚ ਹਥਿਆਰਬੰਦ ਸਿਪਾਹੀ ਇਸ ਤਰ੍ਹਾਂ ਖੜੇ ਸਨ, ਜਿਵੇਂ ਕਮਰੇ ਅੰਦਰ ਕੇਂਦਰ ਦਾ ਪ੍ਰਧਾਨ ਮੰਤਰੀ ਠਹਿਰਿਆ ਹੋਵੇ। ਮੈਂ ਚਾਹ ਪੀਤੀ। ਸੌਣ ਨਾਲ ਤੇ ਫਿਰ ਚਾਹ ਪੀਣ ਨਾਲ ਮੈਨੂੰ ਕਾਫੀ ਆਰਾਮ ਆਇਆ, ਸਿਰਦਰਦ ਵੀ ਹੁਣ ਨਹੀਂ ਸੀ ਪਰ ਇਕ ਸੋਚ ਦਾ ਬੁੱਲਾ ਆਇਆ ਤੇ ਨਾਲ ਹੀ ਮੱਠਾ-ਮੱਠਾ ਸਿਰਦਰਦ ਕਰਨ ਲੱਗ ਪਿਆ। ਚਾਹ

ਪੀ ਕੇ ਮੈਂ ਆਪ ਹੀ ਉਸ ਕਮਰੇ ਵਿਚੋਂ ਬਾਹਰ ਆ ਗਿਆ ਤੇ ਮੇਜ਼ 'ਤੇ ਬੈਠ ਗਿਆ। ਇਕ ਕਾਲੇ ਜਿਹੇ ਤਾਮਿਲ ਅਫ਼ਸਰ ਤੋਂ ਬਗੈਰ ਹੋਰ ਉਥੇ ਕੋਈ ਨਹੀਂ ਸੀ। ਮੈਂ ਉਸ ਨੂੰ ਬੁਲਾਇਆ ਤੇ ਉਸ ਨੇ ਆਪਣਾ ਹੱਥ ਹੀ ਮਿਲਾਉਣ ਲਈ ਅੱਗੇ ਕਰ ਦਿੱਤਾ, ਜਿਸ 'ਤੇ ਮੈਨੂੰ ਹੈਰਾਨੀ ਦੇ ਨਾਲ-ਨਾਲ ਮਾਣ ਜਿਹਾ ਵੀ ਮਹਿਸੂਸ ਹੋਇਆ।

ਮੈਂ ਮਨ ਵਿਚ ਅੰਦਾਜ਼ਾ ਲਾਇਆ ਕਿ ਦੱਖਣ ਦੇ ਹਿੰਦੂਆਂ ਤੇ ਉੱਤਰ ਦੇ ਹਿੰਦੂਆਂ ਵਿਚ ਕਿੰਨਾ ਫਰਕ ਹੈ? ਇਹ ਆਦਮੀ ਦੱਖਣ ਦਾ ਹੈ, ਇਸ ਲਈ ਇਸ ਨੂੰ ਸਿੱਖਾਂ ਨਾਲ ਕੋਈ ਖਾਸ ਨਫ਼ਰਤ ਨਹੀਂ ਪਰ ਪੰਜਾਬੀ, ਹਰਿਆਣਵੀ ਤੇ ਦਿੱਲੀ ਵਗੈਰਾ ਦੇ ਹਿੰਦੂ ਤਾਂ ਸਿੱਖਾਂ ਨਾਲ ਬਹੁਤ ਹੀ ਨਫ਼ਰਤ ਕਰਦੇ ਹਨ ਤੇ ਉਸੇ ਨਫ਼ਰਤ ਦਾ ਹੀ ਨਤੀਜਾ ਹੈ ਕਿ ਇਹ ਹਿੰਦੂ ਅਫ਼ਸਰ ਸਿੱਖਾਂ 'ਤੇ ਤਸ਼ੱਦਦ ਕਰਦੇ ਹਨ। ਮੈਂ ਫਿਰ ਸੋਚਾਂ ਵਿਚ ਡੁੱਬਾ ਹੋਇਆ ਸੀ ਕਿ ਕਿਤੇ ਮੇਰੀ ਪਤਨੀ ਵੀ ਤਾਂ ਨਹੀਂ ਗ੍ਰਿਫ਼ਤਾਰ ਕਰ ਲਈ ਗਈ। ਕਿਉਂਕਿ ਦੂਸਰੇ ਕਮਰੇ ਵਿਚ ਔਰਤਾਂ ਦੀ ਆਵਾਜ਼ ਆ ਰਹੀ ਸੀ ਪਰ ਉਨ੍ਹਾਂ ਵਿਚ ਮੇਰੀ ਪਤਨੀ ਦੀ ਅਵਾਜ਼ ਨਹੀਂ ਸੀ। ਇਸੇ ਕਰਕੇ ਹੀ ਮੈਂ ਕੁਝ ਤਸੱਲੀ ਜਿਹੀ ਵਿਚ ਸੀ। ਫਿਰ ਮੈਂ ਸੋਚਿਆ ਮਨਾਂ ਜੋ ਹੋਣਾ ਹੈ, ਉਹ ਹੋ ਕੇ ਰਹਿਣਾ ਹੈ, ਘੱਟ ਤੋਂ ਘੱਟ ਤੈਨੂੰ ਘਬਰਾਹਟ ਵਿਚ ਨਹੀਂ ਆਉਣਾ ਚਾਹੀਦਾ, ਜੇ ਤੂੰ ਘਬਰਾ ਕੇ ਗੱਲ ਕਰੇਂਗਾਂ ਤਾਂ ਸ਼ਾਇਦ ਇਸਦਾ ਮਤਲਬ ਇਹ ਕੱਢ ਲਿਆ ਜਾਵੇ ਕਿ ਕੋਈ ਗੜਬੜ ਹੈ। ਇਸ ਲਈ ਜੋ ਹੋਣਾ ਹੈ ਉਹ ਤਾਂ ਹੋਣਾ ਹੀ ਹੈ, ਹੁਣ ਡਰਨਾ ਨਹੀਂ, ਜੋ ਹੋਵੇਗੀ ਵੇਖੀ ਜਾਵੇਗੀ। ਬੰਦਿਆਂ ਨਾਲ ਤੇ ਖਾਸ ਕਰਕੇ ਸਿੰਘਾਂ ਨਾਲ ਬਣਦੀਆਂ ਹੀ ਆਈਆਂ ਹਨ, ਇਹ ਤੇਰੇ ਨਾਲ ਕੋਈ ਨਵੀਂ ਤਾਂ ਨਹੀਂ ਹੋ ਰਹੀ। ਫਿਰ ਮੈਨੂੰ ਗੁਰਬਾਣੀ ਦੀ ਤੁਕ ਯਾਦ ਆ ਗਈ "ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ। ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ।" ਇਸ ਨਾਲ ਮੈਨੂੰ ਬਹੁਤ ਹੀ ਦਲੇਰੀ ਆਈ ਤੇ ਮੈਂ ਇਕ ਤਰ੍ਹਾਂ ਨਾਲ ਕਾਇਮ ਹੀ ਹੋ ਗਿਆ। ਹੁਣ ਮੈਂ ਹਰ ਮਾੜੀ ਤੋਂ ਮਾੜੀ ਗੱਲ ਵਾਸਤੇ ਤਿਆਰ ਸਾਂ। ਕੁਰਸੀ 'ਤੇ ਬੈਠਾ ਮੈਂ ਇਹ ਸੋਚਾਂ ਸੋਚ ਹੀ ਰਿਹਾ ਸੀ ਕਿ ਨਾਲ ਦੇ ਕਮਰੇ ਵਿਚੋਂ, ਜਿਧਰ ਮੇਰੀ ਪਿੱਠ ਸੀ, ਉਹ ਹੀ ਟੀਮ ਦੁਬਾਰਾ ਆ ਗਈ। ਉਹ ਤਿੰਨੇ ਹੀ ਆ ਕੇ ਬੈਠ ਗਈਆਂ। ਮੈਨੂੰ ਹੁਣ ਉਹ ਇਸ ਤਰ੍ਹਾਂ ਦੀਆਂ ਲੱਗ ਰਹੀਆਂ ਸਨ, ਜਿਸ ਤਰ੍ਹਾਂ ਦੀਆਂ ਟੀ.ਵੀ. ਦੇ ਸੀਰੀਅਲ "ਤਿਤਲੀਆਂ" ਦੀਆਂ ਪਾਤਰ ਹੁੰਦੀਆਂ ਹਨ। ਹੁਣ ਮੇਰੇ ਮਨ ਵਿਚੋਂ ਡਰ ਉੱਡ ਚੁੱਕਾ ਸੀ ਤੇ ਮੈਨੂੰ ਫਿਰ ਉਹ ਚੰਗੀਆਂ ਲੱਗਣ ਲੱਗ ਪਈਆਂ ਸਨ। ਉਨ੍ਹਾਂ ਵਿਚੋਂ ਲੰਬੀ ਨੇ ਪੁਛਿਆ "ਅਬ ਆਪ ਕੀ ਤਬੀਅਤ ਕੈਸੀ ਹੈ?" "ਏਕ ਦਮ ਠੀਕ", ਮੈਂ ਬੜੇ ਉਤਸ਼ਾਹ ਨਾਲ ਆਖਿਆ। ਇਸ ਤਰ੍ਹਾਂ ਆਖਣ ਨਾਲ ਸਾਰੇ ਹੱਸ ਪਏ। ਹੁਣ ਗੰਜੇ ਦੀ ਥਾਂ ਉਹ ਕਾਲਾ ਤਾਮਿਲ ਬੈਠਾ ਸੀ, ਉਹ ਵੀ ਖਿੜ ਖਿੜਾ ਕੇ ਹੱਸਿਆ।

"ਅੱਛਾ ਜੀ ਤੁਹਾਡਾ ਨਾਮ"? ਦੂਜੀ ਨੇ ਪੁਛਿਆ।

ਮੈਂ – "ਕੁਲਬੀਰ ਸਿੰਘ"

"ਤੁਹਾਡੀ ਪਤਨੀ ਦਾ ਨਾਮ?"

" ਹਰਬੰਸ ਕੌਰ" ਮੈਂ ਦੱਸਿਆ।

"ਤੁਹਾਡੀ ਵਿਦਿਆ?"

"ਗਰੈਜੂਏਟ"

"ਤੁਹਾਡੀ ਪਤਨੀ ਦੀ ਵਿਦਿਆ?"

"ਬਾਹਰਵੀਂ ਪਾਸ"

"ਤੁਹਾਡੀ ਉਮਰ ਕਿੰਨੀ ਹੈ?"

"'ਕਿਉਂ ਜੀ, ਕੀ ਗਲ ਹੋ ਗਈ?" ਮੈਂ ਇਸ ਤਰ੍ਹਾਂ ਸ਼ਰਾਰਤ ਨਾਲ ਪੁਛਿਆ ਕਿ ਉਹ ਤਿੰਨੇ ਤੇ ਚੌਥਾ ਕਾਲਾ ਵੀ ਬਹੁਤ ਜ਼ੋਰ ਜ਼ੋਰ ਦੀ ਹੱਸਣ ਲੱਗ ਪਏ। ਸਭ ਤੋਂ ਛੋਟੀ ਨੂੰ ਤਾਂ ਹੱਸਦਿਆਂ ਹੱਸਦਿਆਂ ਉੱਥੂ ਵੀ ਆ ਗਿਆ। ਹੱਸ ਤਾਂ ਪੁੱਛਣ ਵਾਲੀ ਵੀ ਰਹੀ ਸੀ, ਪਰ ਉਹ ਕੁਝ ਸ਼ਰਮਿੰਦੀ ਜਿਹੀ ਵੀ ਹੋ ਗਈ ਸੀ।

"ਦੱਸ ਦਿਓ ਨਾ, ਐਸੀ ਕੋਈ ਗੱਲ ਨਹੀਂ?" ਲੰਬੀ ਨੇ ਆਖਿਆ

"ਨਹੀਂ ਨਹੀਂ, ਮੇਰੀ ਉਮਰ ਕੋਈ ਜ਼ਿਆਦਾ ਤੇ ਨਹੀਂ। ਸਿਰਫ ਚਾਲੀ ਸਾਲ ਹੈ"। ਮੈਂ ਫਿਰ ਇਸ ਢੰਗ ਨਾਲ ਆਖਿਆ ਕਿ ਉਹ ਸਾਰੇ ਫਿਰ ਹੱਸਣ 'ਤੇ ਮਜ਼ਬੂਰ ਹੋ ਗਏ। ਹੁਣ ਉਹ ਵਾਤਾਵਰਣ ਪੁੱਛਗਿੱਛ ਵਾਲਾ ਘੱਟ ਤੇ ਕਲੱਬ ਵਰਗਾ ਜ਼ਿਆਦਾ ਲੱਗਦਾ ਸੀ।

"ਤੁਹਾਡੀ ਪਤਨੀ ਦੀ ਉਮਰ ਕਿੰਨੀ ਹੈ?"

"ਤੁਹਾਡੇ ਤੋਂ ਤਾਂ ਘੱਟ ਹੀ ਹੋਵੇਗੀ?" ਦੂਜੀ ਨੇ ਹੱਸਦੀ ਨੇ ਹੀ ਪੁਛਿਆ।

"ਨਹੀਂ ਮੇਰੇ ਤੋਂ ਸਿਰਫ ਇਕ-ਦੋ ਸਾਲ ਛੋਟੀ ਹੈ, ਇਕ ਦਮ ਛੋਟੀ ਨਹੀਂ"।

ਸਾਰੇ ਹੀ ਫੇਰ ਮੁਸਕਰਾ ਪਏ।

"ਬੱਚੇ ਕਿੰਨੇ ਹਨ?" ਲੰਮੀ ਨੇ ਪੁਛਿਆ।

ਮੈਂ ਥੋੜਾ ਗੰਭੀਰ ਹੋ ਕੇ ਦੱਸ ਦਿੱਤਾ।

"ਕਿੰਨੀ ਕਿੰਨੀ ਉਮਰ ਦੇ?" ਉਸੇ ਨੇ ਹੀ ਫੇਰ ਪੁਛਿਆ।

ਮੈਂ ਸਭ ਦੀ ਉਮਰ ਦੱਸੀ।

"ਨਾਂ ਕੀ ਕੀ ਹਨ?"

ਮੈਂ ਨਾਂ ਵੀ ਦੱਸੇ।

"ਅੱਛਾ ਜੀ, ਅਸੀਂ ਕੁਛ ਜਾਣਕਾਰੀ ਚਾਹਾਂਗੇ, ਆਪ ਦੇ ਘਰ ਦੇ ਬਾਰੇ ਵਿਚ" ਮੈਂ ਬਗੈਰ ਬੋਲੇ ਹਾਂ ਵਿਚ ਸਿਰ ਹਿਲਾ ਦਿੱਤਾ।

"ਤੁਸੀਂ ਕਿੱਥੇ ਰਹਿੰਦੇ ਹੋ"?

ਮੈਂ ਰਿਹਾਇਸ਼ ਦਾ ਪਤਾ ਦੱਸਿਆ। ਸਾਰਿਆਂ ਨੇ ਹੀ ਆਪਣੇ ਆਪਣੇ ਅੱਗੇ ਪਈਆਂ ਡਾਇਰੀਆਂ ਤੋਂ ਵੇਖਿਆ।

"ਤੁਹਾਡੇ ਮਕਾਨ ਦੇ ਕਿੰਨੇ ਕਮਰੇ ਹਨ?"

ਮੈਂ ਮੂੰਹ ਥੋੜ੍ਹਾ ਉਪਰ ਵੱਲ ਕਰਕੇ ਗਿਣਨ ਲੱਗ ਪਿਆ। ਫਿਰ ਮੈਂ ਦੱਸਿਆ "ਛੇ ਬੈੱਡਰੂਮ, ਦੋ ਲਾਬੀਆਂ, ਇਕ ਡਰਾਇੰਗ ਡਾਇਨਿੰਗ, ਚਾਰ ਬਰਾਮਦੇ, ਇਕ ਰਸੋਈ, ਚਾਰ ਬਾਥਰੂਮ।"

"ਰਸੋਈ ਘਰ ਦਾ ਕੰਮ ਕੌਣ ਕਰਦਾ ਹੈ?" ਦੂਜੀ ਨੇ ਪੁਛਿਆ

"ਮੇਰੀ ਪਤਨੀ", ਮੈਂ ਛੋਟਾ ਉੱਤਰ ਦਿੱਤਾ ਪਰ ਉਹ ਸਾਰੀਆਂ ਹੀ ਇਕ ਤਰ੍ਹਾਂ ਨਾਲ ਚੌਂਕ ਗਈਆਂ। ਪਤਾ ਨਹੀਂ ਕਿਸ ਗੱਲੋਂ, ਅੰਗਰੇਜ਼ੀ ਬੋਲਣ ਕਰਕੇ ਜਾ ਫਿਰ ਪਤਨੀ ਰਸੋਈ ਵਿਚ ਕੰਮ ਕਰੇ, ਸ਼ਾਇਦ ਇਸ ਗੱਲੋਂ।

"ਕੋਈ ਨੌਕਰ ਨਹੀਂ?" ਕਾਲੇ ਨੇ ਪੁਛਿਆ।

"ਨਹੀਂ।"

"ਏਨਾ ਕੰਮ ਇਕ ਆਦਮੀ ਕਿਵੇਂ ਕਰ ਸਕਦਾ ਹੈ?"

"ਆਦਮੀ ਨਹੀਂ ਜੀ, ਔਰਤ, ਮੇਰੀ ਪਤਨੀ ਔਰਤ ਹੈ", ਇਸ ਜਵਾਬ ਨਾਲ ਫਿਰ ਸਾਰਾ ਕਮਰਾ ਹਾਸੇ ਨਾਲ ਗੂੰਜ ਪਿਆ।

"ਮੈਂ ਤੋ ਨਹੀਂ ਮਾਨ ਸਕਤੀ", ਲੰਬੀ ਨੇ ਹਿੰਦੀ ਵਿਚ ਆਖਿਆ।

"ਮਾਨ ਜਾਈਏ ਨਾ", ਮੈਂ ਇਸ ਤਰ੍ਹਾਂ ਲਮਕਾ ਕੇ ਆਖਿਆ ਕਿ ਉਸਦੀ ਭਾਵਨਾ ਬਿਲਕੁਲ ਹੀ ਬਦਲ ਗਈ ਤੇ ਪੁੱਛਣ ਵਾਲੀ ਦੀਆਂ ਸ਼ਰਮ ਨਾਲ ਗੱਲਾਂ ਲਾਲ ਹੋ ਗਈਆਂ। ਜਦੋਂ ਕਿ ਬਾਕੀ ਤਿੰਨਾਂ ਦੇ ਹੀ ਹੱਸ ਹੱਸ ਢਿੱਡ 'ਚ ਪੀੜਾਂ ਪੈ ਗਈਆਂ। ਪਰ ਮੈਂ ਉੱਕਾ ਨਾ ਹਸਿਆ। ਏਸੇ ਕਰਕੇ ਹੀ ਉਹ ਜ਼ਿਆਦਾ ਹੱਸ ਰਹੇ ਸਨ, ਜੇ ਮੈਂ ਵੀ ਹੱਸਦਾ ਫਿਰ ਤਾਂ ਇਹ ਗੱਲ ਮੇਰੀ ਸ਼ਰਾਰਤ ਸਮਝੀ ਜਾਂਦੀ। ਪਰ ਹੁਣ ਇਹ ਸੁਭਾਵਕ ਹੀ ਮਜ਼ਾਕ ਜਿਹਾ ਬਣ ਗਿਆ ਸੀ।

"ਤੁਸੀਂ ਪੁਛੋ" ਲੰਬੀ ਨੇ ਕਾਲੇ ਨੂੰ ਆਖਿਆ। ਮੈਂ ਉਸ ਦੇ ਇਹ ਕਹਿਣ 'ਤੇ ਖੁਸ਼ ਹੋ ਗਿਆ ਕਿ ਹੁਣ ਨਹੀਂ ਇਨ੍ਹਾਂ ਤੋਂ ਲਈਦਾ। ਔਰਤ ਔਰਤ ਹੈ ਭਾਵੇਂ ਉਹ ਪੁਲਿਸ ਦੀ ਹੋਵੇ ਭਾਵੇਂ ਕੋਈ ਹੋਰ।

"ਕੋਈ ਨੌਕਰ ਰਖਿਆ ਹੀ ਨਹੀਂ ਆਪਨੇ?" ਕਾਲੇ ਨੇ ਪੁਛਿਆ।

"ਜੀ ਨਹੀਂ।"

"ਕਦੀ ਵੀ ਨਹੀਂ?"

"ਕਦੀ ਵੀ ਨਹੀਂ।"

"ਕਿਉਂ?"

"ਕਦੀ ਜ਼ਰੂਰਤ ਹੀ ਨਹੀਂ ਪਈ।"

"ਸਫਾਈ ਵਗੈਰਾ ਕੌਣ ਕਰਦਾ ਹੈ?" ਛੋਟੀ ਨੇ ਸਲੀਬ ਨੂੰ ਹੱਥ ਵਿਚ ਫੜਦਿਆਂ ਤੇ ਛਡਦਿਆਂ ਪੁਛਿਆ?

"ਮੇਰੀ ਪਤਨੀ-ਕਰਦੀ ਹੈ।"

"ਲੇਕਿਨ ਏਡੇ ਵੱਡੇ ਘਰ ਦੀ ਸਫਾਈ ਕਰਨੀ ਤਾਂ ਬਹੁਤ ਮੁਸ਼ਕਲ ਹੈ?" ਫਿਰ ਉਸ ਨੇ ਹੀ ਸਲੀਬ ਨਾਲ ਖੇਡਦਿਆਂ ਪੁੱਛਿਆ।

"ਮੈਂ ਇਹ ਮਕਾਨ 1971 ਵਿਚ ਬਣਾਇਆ ਸੀ, ਉਦੋਂ ਤੋਂ ਕੋਈ ਨੌਕਰ ਨਹੀਂ ਰਖਿਆ, ਉਹ ਹੀ ਸਫਾਈ ਕਰਦੇ ਹਨ। ਸਭ ਕਮਰਿਆਂ ਵਿਚ ਦੀਵਾਰ ਤੋਂ ਦੀਵਾਰ ਤਕ ਗਲੀਚੇ ਹਨ। ਸਫਾਈ ਘੱਟ ਹੀ ਕਰਨੀ ਪੈਂਦੀ ਹੈ।"

"ਰਸੋਈ ਦਾ ਕੰਮ ਵੀ ਓਹੀ ਕਰਦੇ ਹਨ, ਤੁਸੀਂ ਕਿਹਾ ਸੀ ਨਾ?"

"ਹਾਂ ਜੀ, ਬਿਲਕੁਲ।" ਮੈਂ ਆਖਿਆ।

"ਲਾਅਨ ਦਾ ਘਾਹ ਵਗੈਰਾ ਕੌਣ ਕੱਟਦਾ ਹੈ?" ਲੰਬੀ ਨੇ ਪੁਛਿਆ?

"ਉਹ ਤੇ ਮਸ਼ੀਨ ਨਾਲ ਕਿਸੇ ਲੇਬਰ ਦੇ ਆਦਮੀ ਤੋਂ ਕਟਵਾ ਲਈਦਾ ਹੈ। ਮੈਂ ਗੰਭੀਰ ਉੱਤਰ ਦਿੱਤਾ। ਮੈਂ ਸੁਚੇਤ ਸੀ ਤੇ ਮੈਨੂੰ ਪਤਾ ਸੀ ਕਿ ਇਹ ਭੋਲੇ ਭਾਲੇ ਤੇ ਸਿੱਧੇ ਸਾਧੇ ਸਵਾਲ ਨਹੀਂ ਤਲਵਾਰ ਦੇ ਵਾਰ ਹਨ। ਇਹ ਕੀ ਮੰਨਵਾਉਣਾ ਚਾਹੁੰਦੇ ਹਨ, ਮੈਂ ਸਮਝ ਚੁੱਕਾ ਸੀ। ਏਨੇ ਨੂੰ ਚਾਹ ਆ ਗਈ। ਮੇਰੇ ਵੱਲ ਸਭ ਤੋਂ ਪਹਿਲਾਂ ਟਰੇਅ ਕੀਤੀ। ਹੋਇਆ ਇਸ ਤਰ੍ਹਾਂ ਕਿ ਸਿਪਾਹੀ ਨੇ ਟਰੇਅ ਲੰਬੀ ਵੱਲ ਕੀਤੀ ਸੀ। ਇਸ ਤੋਂ ਮੈਨੂੰ ਸਮਝ ਲੱਗ ਗਈ

ਕਿ ਇਹ ਸੀਨੀਅਰ ਹੈ ਤੇ ਕਾਲੇ ਅਫਸਰ ਤੋਂ ਵੀ ਸੀਨੀਅਰ ਹੈ। ਪਰ ਉਸ ਨੇ ਆਪ ਕੱਪ ਚੁੱਕਣ ਦੀ ਥਾਂ ਟਰੇਅ ਮੇਰੇ ਵੱਲ ਕਰਵਾ ਦਿੱਤੀ। ਮੈਂ ਕਿਹਾ ਵੀ ਕਿ ਮੈਂ ਚਾਹ ਪੀ ਲਈ ਹੈ ਪਰ ਉਸ ਨੇ ਕਿਹਾ "ਨਹੀਂ ਲੀਜੀਏ, ਕੋਈ ਬਾਤ ਨਹੀਂ ਹਮ ਭੀ ਦੁਬਾਰਾ ਲੇ ਰਹੇ ਹੈਂ।"

"ਧੰਨਵਾਦ" ਕਹਿ ਕੇ ਮੈਂ ਚਾਹ ਦਾ ਪਿਆਲਾ ਚੁੱਕ ਲਿਆ। ਦੂਜਿਆਂ ਸਾਰਿਆਂ ਨੇ ਵੀ ਚਾਹ ਦੇ ਪਿਆਲੇ ਚੁੱਕ ਲਏ। ਚਾਹ ਪੀਂਦਿਆਂ ਕੋਈ ਸਵਾਲ ਜਵਾਬ ਨਾ ਹੋਇਆ ਸਿਵਾਏ ਇਸ ਦੇ ਕਿ ਇਹ ਕਿਸ ਵਿਭਾਗ ਦਾ ਰੈਸਟ ਹਾਊਸ ਹੈ। ਇਸ ਸ਼ਹਿਰ ਦਾ ਕੀ ਨਾਂ ਹੈ ਵਗੈਰਾ ਵਗੈਰਾ। ਜਲੰਧਰ ਏਥੋਂ ਕਿੰਨੀ ਦੂਰ ਹੈ।

ਲੰਬੀ ਤੇ ਦੂਸਰੀ ਨੇ ਚਾਹ ਪੀਂਦਿਆਂ ਪੀਂਦਿਆਂ ਆਪਣੀਆਂ ਡਾਇਰੀਆਂ ਵੱਲ ਵੀ ਸਰਸਰੀ ਨਿਗਾਹ ਮਾਰੀ। ਸ਼ਾਇਦ ਸਾਰੇ ਸਵਾਲ ਉਸ ਵਿਚ ਲਿਖੇ ਹੋਏ ਸਨ।

ਚਾਹ ਪੀਣ ਤੋਂ ਬਾਅਦ ਉਨ੍ਹਾਂ ਨੇ ਬਕਾਇਦਾ ਆਪਣੇ ਪੈੱਨ ਤੇ ਪੈਡ ਕੱਢ ਲਏ। ਹੁਣ ਉਹ ਸਵਾਲ ਪੁਛਦੀਆਂ ਤੇ ਜਵਾਬ ਲਿਖਦੀਆਂ ਸਨ। ਮੈਂ ਸਮਝ ਗਿਆ ਕਿ ਅਜੇ ਏਡੀ ਛੇਤੀ ਜਾਨ ਨਹੀਂ ਛੁੱਟਦੀ। ਪਰ ਹੁਣ ਮੈਂ ਕਰ ਵੀ ਕੀ ਸਕਦਾ ਸੀ? ਮੈਂ ਮਹਿਸੂਸ ਕੀਤਾ ਕਿ ਇਹ ਔਰਤਾਂ ਐਵੇਂ ਕੈਂਵੇ ਨਹੀਂ। ਕਾਫੀ ਵੱਡੀਆਂ ਅਫ਼ਸਰ ਹਨ। ਇਸ ਲਈ ਜਰਾ ਤਰੀਕੇ ਨਾਲ ਹੀ ਬੋਲਣਾ ਚਾਹੀਦਾ ਹੈ। ਹੁਣ ਮੈਂ ਸਵਾਲਾਂ ਦਾ ਜਵਾਬ ਦੇਣ ਵੇਲੇ ਪਹਿਲਾਂ ਮੈਡਮ ਲਫਜ਼ ਦੀ ਵਰਤੋਂ ਕਰਨ ਲੱਗ ਪਿਆ। ਇਸ ਦਾ ਬਹੁਤ ਹੀ ਵਧੀਆ ਅਸਰ ਹੋਇਆ। ਲੱਗਦਾ ਹੈ ਕਿ ਇਸ ਤਕਨੀਕ ਨੇ ਹੀ ਉਨ੍ਹਾਂ ਤਿੰਨਾਂ ਔਰਤਾਂ ਨੂੰ ਮੇਰੇ ਪੱਖ ਵਿਚ ਰਿਪੋਰਟ ਦੇਣ ਵਿਚ ਕਾਫੀ ਮਦੱਦ ਕੀਤੀ ਹੋਵੇਗੀ।

"ਤੁਹਾਡੀ ਆਮਦਨ ਕਿੰਨੀ ਹੈ?" ਲੰਬੀ ਨੇ ਡਾਇਰੀ ਵਿਚੋਂ ਪੜ੍ਹ ਕੇ ਪੁੱਛਿਆ।

"ਜੀ ਏਹੋ ਕੋਈ ਲੱਖ, ਸਵਾ ਲੱਖ ਸਾਲ ਦੀ, ਮੈਂ ਤੇ ਕਿਸਾਨ ਹੀ ਆਂ"

"ਕਿੰਨੀ?"

"ਮੈਡਮ, ਮੈਂ ਕਿਸਾਨ ਹਾਂ, ਆਮਦਨ ਕੋਈ ਖਾਸ ਜ਼ਿਆਦਾ ਨਹੀਂ, ਕਦੀ ਫਸਲ ਅੱਛੀ ਹੋ ਜਾਂਦੀ ਹੈ ਤੇ ਜ਼ਿਆਦਾ ਹੋ ਜਾਂਦੀ ਹੈ, ਕਦੀ ਘੱਟ ਵੀ ਰਹਿੰਦੀ ਹੈ।" ਮੈਂ ਇਸ ਤਰ੍ਹਾਂ ਐਕਟਿੰਗ ਕੀਤੀ ਜਿਵੇਂ ਸੱਚ ਨਾ ਦੱਸਣਾ ਚਾਹੁੰਦਾ ਹੋਵਾਂ।

"ਪਰ ਆਪ ਤੋ ਕਹਿ ਰਹੇ ਥੇ ਲਾਖ ਸਵਾ ਲਾਖ, ਨਹੀਂ?"

"ਹਾਂ ਜੀ ਅੰਦਾਜ਼ਨ ਇਤਨੀ ਹੀ ਹੋਤੀ ਹੈ, ਬੜੀ ਮੁਸ਼ਕਲ ਸੇ।"

"ਆਦਮਨ ਤੇ ਚੰਗੀ ਹੈ" ਛੋਟੀ ਨੇ ਆਖਿਆ। ਉਹ ਕੁਝ ਹੋਰ ਵੀ ਆਖਣਾ ਚਾਹੁੰਦੀ ਸੀ, ਪਰ ਮੈਂ ਵਿਚੋਂ ਹੀ ਬੋਲ ਪਿਆ? "ਜੀ ਉਮਰ ਭੀ ਕੋਈ ਜ਼ਿਆਦਾ ਨਹੀਂ 40 ਸਾਲ ਹੀ ਹੈ"। ਇਹ ਕਹਿਣ ਦੀ ਦੇਰ ਹੀ ਸੀ ਕਿ ਸਾਰੇ ਫੇਰ ਠਹਾਕਾ ਮਾਰ ਕੇ ਹੱਸ ਪਏ। ਇਸ ਵਾਰ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਮੇਰੇ ਇਹ ਕਹਿਣ ਦਾ ਕੀ ਮਤਲਬ ਹੈ, ਏਸੇ ਲਈ ਹੀ ਉਨ੍ਹਾਂ ਦਾ ਹਾਸਾ ਰੁਕਦਾ ਨਹੀਂ ਸੀ। ਥੋੜ੍ਹੀ ਦੇਰ ਪਿਛੋਂ ਹੀ ਉਹ ਫੇਰ ਹੱਸ ਪੈਂਦੀਆਂ ਸਨ।

"ਤੁਹਾਡੇ ਘਰ ਜਦੋਂ ਮਹਿਮਾਨ ਆਉਂਦੇ ਹਨ ਤਾਂ ਵੀ ਖਾਣਾ ਤੁਹਾਡੀ ਪਤਨੀ ਹੀ ਬਣਾਉਂਦੇ ਹਨ? ਕੰਮ ਕੁਝ ਜ਼ਿਆਦਾ ਹੀ ਹੋ ਜਾਂਦਾ ਹੋਵੇਗਾ?" ਦੂਜੀ ਨੇ ਡਾਇਰੀ 'ਚੋਂ ਪੜ੍ਹ ਕੇ ਪੁਛਿਆ।

"ਹਾਂ ਜੀ ਕੰਮ ਜ਼ਿਆਦਾ ਹੋ ਜਾਂਦਾ ਹੈ, ਮੈਂ ਸੋਚਦਾਂ ਹਾਂ ਕੋਈ ਸਹਾਇਕ ਲੈ ਆਵਾਂ, ਉਸ ਵਿਚਾਰੀ ਦੇ ਕੰਮ ਦਾ ਬੋਝ ਹਲਕਾ ਹੋ ਜਾਇਗਾ।"

"ਤਾਂ ਤੁਸੀਂ ਦੂਸਰੀ ਸ਼ਾਦੀ ਦੀ ਸੋਚ ਰਹੇ ਹੋ?" ਉਸ ਨੇ ਹਸਦੀ ਨੇ ਪੁਛਿਆ।

"ਸੋਚ ਨਹੀਂ ਰਿਹਾ ਜੀ ਬਲਕਿ ਮੈਂ ਤੇ ਤਿਆਰ ਹਾਂ" ਸੁਣਦਿਆਂ ਸਾਰ ਹੀ ਸਾਰੇ ਖੂਬ ਹੱਸੇ।

"ਤੁਸੀਂ ਟੈਲੀਫੋਨ ਕਿੱਥੇ ਰੱਖਦੇ ਹੋ?" ਲੰਮੀ ਨੇ ਪੁਛਿਆ।

"ਆਪਣੇ ਬੈੱਡਰੂਮ 'ਚ।"

"ਤੁਹਾਡੀ ਪਤਨੀ ਦਾ ਬੈੱਡਰੂਮ ਅਲੱਗ ਹੈ?"

"ਹਾਂ ਜੀ"

"ਉਹ ਤੁਹਾਡੇ ਬੈੱਡਰੂਮ ਵਿਚ ਨਹੀਂ ਆ ਸਕਦੇ?"

"ਆ ਤੇ ਸਕਦੇ ਹਨ, ਪਰ ਥੋੜੇ ਸਮੇਂ ਦੇ ਲਈ, ਸੌਣ ਲਈ ਉਨ੍ਹਾਂ ਨੂੰ ਆਪਣੇ ਬੈੱਡਰੂਮ ਵਿਚ ਹੀ ਜਾਣਾ ਪੈਂਦਾ ਹੈ।" ਸਾਰੀਆਂ ਹੱਸੀਆਂ ਪਰ ਗੱਲ ਹੀ ਇਸ ਤਰ੍ਹਾਂ ਦੀ ਸੀ ਕਿ ਖੁੱਲ੍ਹ ਕੇ ਹੱਸ ਵੀ ਨਹੀਂ ਸਨ ਸਕਦੀਆਂ।

"ਤੇ ਇਸਦਾ ਮਤਲਬ ਇਹ ਹੋਇਆ ਕਿ ਜਦੋਂ ਕਿਤਿਓਂ ਟੈਲੀਫੋਨ ਆਉਂਦਾ ਹੈ ਤਾਂ ਤੁਸੀਂ ਆਪ ਹੀ ਚੁੱਕਦੇ ਹੋ। ਪਰ ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੋਵੇਗਾ ਕਿ ਤੁਸੀਂ ਘਰ 'ਚੋਂ ਬਾਹਰ ਹੋਵੋ, ਫਿਰ ਤਾਂ ਉਹ ਹੀ ਚੁਕਦੇ ਹੋਣਗੇ?"

"ਮੇਰਾ ਘਰ ਖੇਤਾਂ ਵਿਚ ਹੀ ਹੈ। ਮੈਂ ਕਦੀ ਘੱਟ ਹੀ ਬਾਹਰ ਜਾਂਦਾ ਹਾਂ। ਬਾਹਰ ਵੀ ਬੈਠਾ ਹੋਵਾਂ ਤਾਂ ਮੈਨੂੰ ਬੁਲਾ ਲੈਂਦੇ ਹਨ। ਜਦੋਂ ਦੀ ਮੈਂ ਸ਼ਰਾਬ ਛੱਡੀ ਹੈ, ਬਾਹਰ ਨਹੀਂ ਜਾਂਦਾ, ਘਰ ਵਿਚ ਹੀ ਰਹਿੰਦਾ ਹਾਂ। ਛੇ-ਸੱਤ ਮਹੀਨੇ ਤੋ ਮੈਂ ਕਦੀ ਵੀ ਬਾਹਰ ਨਹੀਂ ਗਿਆ। ਜੇ ਮੇਰੀ ਪਤਨੀ ਟੈਲੀਫੋਨ ਚੁੱਕਣ ਵੀ ਤਾਂ ਇਹ ਹੀ ਕਹਿਣ ਲਈ ਕਿ ਮੈਂ ਘਰ ਵਿਚ ਨਹੀਂ ਹਾਂ ਜਾਂ ਬੁਲਾ ਦੇਂਦੀ ਹਾਂ।"

"ਬੱਚੇ ਚੁੱਕ ਲੈਂਦੇ ਹੋਣਗੇ?"

"ਹਾਂ ਜੀ, ਕਦੀ-ਕਦੀ ਚੁੱਕ ਲੈਂਦੇ ਹਨ ਪਰ ਉਨ੍ਹਾਂ ਨੂੰ ਸਵੇਰੇ ਛੇ ਵਜੇ ਹੀ ਸਕੂਲ ਦੀ ਟਿਊਸ਼ਨ ਪੜ੍ਹਨ ਜਾਣਾ ਪੈਂਦਾ ਹੈ, ਸਾਰਾ ਦਿਨ ਪੜ੍ਹਨ ਤੋਂ ਬਾਅਦ ਸ਼ਾਮ ਨੂੰ ਫਿਰ ਟਿਊਸ਼ਨ ਪੜ੍ਹਦੇ ਹਨ। ਸਿਰਫ ਸ਼ਾਮ ਨੂੰ ਹੀ ਘਰ ਆਉਂਦੇ ਹਨ।" ਹੁਣ ਮੈਨੂੰ ਸ਼ੀਸ਼ੇ ਵਾਂਗ ਸਾਫ ਹੋ ਗਿਆ ਸੀ ਕਿ ਸਿਰਫ ਏਨੀ ਗੱਲ ਪੁੱਛਣ ਕਰਕੇ ਹੀ ਡੇਢ ਦੋ ਘੰਟੇ ਤੋਂ ਵੱਲ ਵਿੰਗ ਮਾਰੇ ਜਾ ਰਹੇ ਹਨ। ਸਵਾਲ ਸਿਰਫ ਏਨਾ ਹੈ ਕਿ ਤੁਹਾਡੀ ਪਤਨੀ ਦਾ ਟੈਲੀਫੋਨ ਕਰਨ ਜਾਂ ਸੁਣਨ ਵਿਚ ਕਿੰਨਾ ਕੁ ਹੱਥ ਹੈ। ਪਰ ਗੱਲ ਨੂੰ ਕਿਵੇਂ ਘੁੰਮਾ ਫਿਰਾ ਕੇ ਪੁਛਿਆ ਹੈ। ਮੈਨੂੰ ਆਪਣੇ ਦਿਮਾਗ 'ਤੇ ਆਪਣੀ ਸਮਝ 'ਤੇ ਭਰੋਸਾ ਜਾਗ ਪਿਆ ਸੀ। ਮੈਨੂੰ ਲੱਗਾ ਕਿ ਮੈਂ ਕਾਫੀ ਸਮਝਦਾਰ ਹਾਂ। ਕਿਸੇ ਵਲ ਛਲ ਵਿਚ ਨਹੀਂ ਫਸਿਆ। ਹੁਣ ਮੈਨੂੰ ਇਹ ਵੀ ਭਰੋਸਾ ਜਿਹਾ ਹੋ ਗਿਆ ਸੀ ਕਿ ਮੇਰੀ ਪਤਨੀ ਨੂੰ ਅਜੇ ਗ੍ਰਿਫਤਾਰ ਨਹੀਂ ਕੀਤਾ ਗਿਆ। ਮੁੰਡਿਆਂ ਨੂੰ ਵੀ ਨਹੀਂ ਪਰ ਮੈਨੂੰ ਪੱਕਾ ਪਤਾ ਨਹੀਂ ਸੀ, ਜਿਸ ਕਰਕੇ ਇਕ ਅਨਜਾਣਿਆ ਜਿਹਾ ਡਰ ਅਜੇ ਵੀ ਮੇਰੇ ਦਿਮਾਗ ਵਿਚ ਹਲਚਲ ਮਚਾ ਰਿਹਾ ਸੀ।

ਮੈਂ ਅਜੇ ਬੈਠਾ ਹੀ ਸੀ, ਜਦੋਂ ਉਹ ਤਿੰਨੇ ਉਠ ਕੇ ਖਲੋ ਗਈਆਂ, ਫੇਰ ਕਾਲਾ ਅਫਸਰ ਵੀ ਉਠ ਕੇ ਖਲੋ ਗਿਆ। ਮੈਂ ਸੋਚਿਆ ਮੈਨੂੰ ਵੀ ਖਲੋਣਾ ਚਾਹੀਦਾ ਹੈ। ਇਸ ਲਈ ਮੈਂ ਵੀ ਖਲੋ ਗਿਆ। ਉਨ੍ਹਾਂ ਤਿੰਨਾਂ ਨੇ ਲਿਖੇ ਹੋਏ ਸਾਰੇ ਸੁਆਲਾਂ ਜੁਆਬਾਂ ਵਾਲੇ ਪੈਡ ਆਪਣੇ ਪਰਸਾਂ ਵਿਚ ਰੱਖੇ ਤੇ ਮੈਨੂੰ ਸੰਬੋਧਨ ਕਰਕੇ ਲੰਬੀ ਨੇ ਆਖਿਆ "ਆਪਨੇ ਅਭੀ ਖਾਨਾ ਖਾਨੇ

ਭੀ ਜਾਨਾ ਹੋਗਾ, ਖਾਨੇ ਕੇ ਬਾਅਦ ਫਿਰ ਥੋੜ੍ਹੀ ਬਾਤਚੀਤ ਹੋਗੀ", ਫਿਰ ਉਸ ਨੇ ਕਾਲੇ ਅਫ਼ਸਰ ਨੂੰ ਆਖਿਆ, "ਹਮ ਜਾ ਰਹੇਂ ਹੈਂ"।

ਕੋਈ ਚਾਰ ਕੁ ਵਜੇ ਗੱਡੀ ਘੁਰਰ ਘੁਰਰ ਕਰਦੀ ਆ ਪਹੁੰਚੀ। ਨਾਂ ਲੈ ਕੇ ਮੈਨੂੰ ਹੀ ਅਵਾਜ਼ ਪਈ। ਮੈਂ ਜਲਦੀ ਜਲਦੀ ਸ਼ੀਸ਼ੇ ਨਾਲ ਪੱਗ ਬੰਨੀ ਤੇ ਤਿਆਰ ਹੋ ਕੇ ਹਵਾਲਾਤ ਤੋਂ ਬਾਹਰ ਆ ਗਿਆ। ਪੰਜ-ਛੇ ਮਿੰਟ ਬਅਦ ਹੀ ਫਿਰ ਉਥੇ ਪਹੁੰਚ ਗਿਆ ਤੇ ਉਸੇ ਟੇਬਲ ਦੇ ਆਲੇ ਦੁਆਲੇ ਲੱਗੀਆਂ ਕੁਰਸੀਆਂ ਵਿਚੋਂ ਸਿਰਫ ਇਕ ਹੀ ਕੁਰਸੀ ਖਾਲੀ ਸੀ, ਜਿਸ 'ਤੇ ਮੈਨੂੰ ਬਿਠਾਇਆ ਗਿਆ। ਹੁਣ ਮੈਡਮਾਂ ਦੋ ਹੀ ਸਨ, ਲੰਬੀ ਤੇ ਸਭ ਤੋਂ ਛੋਟੀ ਪਰ ਸਿੱਖ ਅਫ਼ਸਰ ਤੇ ਇਕ ਹੋਰ ਲੰਬੇ ਜਿਹੇ ਐਨਕਾਂ ਵਾਲੇ ਅਫ਼ਸਰ ਦੇ ਨਾਲ ਸਵੇਰ ਵਾਲਾ ਕਾਲਾ ਤਾਮਿਲ ਅਫ਼ਸਰ ਵੀ ਸੀ। ਦੋ ਅਫ਼ਸਰ ਹੋਰ ਸਨ, ਉਹ ਪਰ੍ਹੇ ਸੋਫੇ 'ਤੇ ਬੈਠੇ ਸਨ। ਰੈਸਟ ਹਾਊਸ ਵਿਚ ਸੋਫੇ ਦੇ ਦੋ ਸੈੱਟ ਸਨ।

ਜਾਂਦਿਆਂ ਹੀ ਮੈਂ ਸਾਰਿਆਂ ਨੂੰ ਫਤਿਹ ਬੁਲਾਈ ਤੇ ਕੁਰਸੀ 'ਤੇ ਬੈਠ ਗਿਆ। ਸਭ ਤੋਂ ਪਹਿਲਾਂ ਸਿੱਖ ਅਫ਼ਸਰ ਗਲਾ ਸਾਫ ਕਰਕੇ ਬੋਲਿਆ "ਸਰਦਾਰ ਜੀ, ਖਾਣਾ ਖਾ ਲਿਆ?"

"ਨਹੀਂ ਜੀ।"

"ਕਿਉਂ?"

ਕਿਉਂਕਿ ਮੈਂ ਪੰਜ ਦਿਨਾਂ ਤੋਂ ਟੱਟੀ ਨਹੀਂ ਗਿਆ ਅਤੇ ਮੈਨੂੰ ਪੇਟ ਵਿਚ ਗੈਸ ਵੀ ਹੈ। ਮੇਰਾ ਸਿਰਦਰਦ ਕਰਦਾ ਹੈ ਤੇ ਚੱਕਰ ਜਿਹੇ ਆਉਂਦੇ ਹਨ।

"ਕਦੋਂ ਤੋਂ ਹੈ?" ਸਿੱਖ ਅਫ਼ਸਰ ਨੇ ਪੁਛਿਆ।"

"ਸਵੇਰ ਤੋਂ ਹੀ ਹੈ, ਮੈਡਮ ਨੇ ਇਕ ਗੋਲੀ ਦਿੱਤੀ ਸੀ, ਕੁਝ ਚਿਰ ਅਰਾਮ ਰਿਹਾ, ਹੁਣ ਫਿਰ ਓਦਾਂ ਹੀ ਹੈ", ਮੈਂ ਉੱਤਰ ਦਿੱਤਾ।

"ਇਹ ਮੈਡਮ ਤੁਹਾਡੇ ਨਾਲ ਕੁਝ ਗੱਲਬਾਤ ਕਰਨਗੇ, ਫੇਰ ਤੁਹਾਨੂੰ ਦਵਾਈ ਦਿਵਾਂ ਦਿਆਂਗੇ। ਕਿਉਂਕਿ ਅਸੀਂ ਆਪਣੀ ਮਰਜ਼ੀ ਨਾਲ ਕੋਈ ਦਵਾਈ ਨਹੀਂ ਦੇਣੀ।"

"ਸਿਰਦਰਦ ਵਾਸਤੇ ਕੋਈ ਗੋਲੀ ਮਿਲ ਜਾਂਦੀ ਤਾਂ ਚੰਗਾ ਸੀ।" ਮੈਂ ਕਿਹਾ।

ਉਸੇ ਹੀ ਮੈਡਮ ਨੇ ਆਪਣੇ ਪਰਸ ਨੂੰ ਅਜੇ ਖੋਲ੍ਹਿਆ ਹੀ ਸੀ, ਜਦੋਂ ਸਿੱਖ ਬੋਲ ਪਿਆ "ਨਾ ਦਿਓ ਜੀ, ਡਾਕਟਰ ਤੋਂ ਬਗੈਰ ਕੋਈ ਦਵਾਈ ਨਹੀਂ ਦੇਣੀ"। ਉਸਨੇ ਫਿਰ ਪਰਸ ਉਥੇ ਹੀ ਰੱਖ ਦਿੱਤਾ ਤੇ ਮੇਰੇ ਵੱਲ ਇਸ ਤਰ੍ਹਾਂ ਵੇਖਿਆ, ਜਿਵੇਂ ਕਹਿ ਰਹੀ ਹੋਵੇ "ਹੁਣ ਮੈਂ ਕੀ ਕਰ ਸਕਦੀ ਹਾਂ?"

ਸਿੱਖ ਅਫ਼ਸਰ – "ਫੇਰ ਹੁਣ ਕੁਝ ਸਾਡੇ ਵੀ ਪਿੜ ਪੱਲੇ ਪਾ ਦਿਓ, ਦੱਸੇ ਤੋਂ ਬਗੈਰ ਤਾਂ ਨਹੀਂ ਜਾਨ ਛੁੱਟਣੀ।"

ਮੈਂ – "ਹੁਣ ਝੂਠ ਹੀ ਬੋਲੀ ਜਾਵਾਂ, ਸੱਚ ਤਾਂ ਤੁਸੀਂ ਮੰਨਦੇ ਨਹੀਂ। ਹਰ ਸੱਚੀ ਗੱਲ ਨੂੰ ਵੀ ਤੁਸੀਂ ਝੂਠੀ ਹੋਣ ਦਾ ਸਰਟੀਫਿਕੇਟ ਦੇ ਦੇਂਦੇ ਹੋ, ਇਸ ਤਰ੍ਹਾਂ ਸਾਡੀ ਜਾਨ ਸੱਚ ਮੁੱਚ ਹੀ ਕਿਥੋਂ ਛੁੱਟਣੀ ਹੈ।"

ਸਿੱਖ ਅਫ਼ਸਰ – "ਸਰਦਾਰ ਜੀ, ਸੱਚ ਪੁੱਛਣ ਦੇ ਤਾਂ ਸਾਨੂੰ ਬਥੇਰੇ ਤਰੀਕੇ ਆਉਂਦੇ ਹਨ ਅਜੇ ਤਾਂ ਅਸੀਂ ਸ਼ਰਾਫਤ ਹੀ ਵਰਤੀ ਜਾਂਦੇ ਆ ਤੇ ਤੁਸੀਂ ਪਤਾ ਨਹੀਂ ਸਾਡੀ ਸ਼ਰਾਫਤ ਨੂੰ ਸਾਡੀ ਕਮਜ਼ੋਰੀ ਸਮਝੀ ਜਾਂਦੇ ਹੋ।" ਮੈਨੂੰ ਉਸਦੀ ਇਹ ਗੱਲ ਆਪਣੀ ਸਿੱਧੀ ਬੇਇਜ਼ਤੀ ਲੱਗੀ। ਉਹ ਉਨ੍ਹਾਂ ਔਰਤਾਂ ਦੇ ਸਾਹਮਣੇ ਆਪਣੀ ਟੌਹਰ ਜਮ੍ਹਾ ਰਿਹਾ ਸੀ ਤੇ ਦੱਸ ਰਿਹਾ ਸੀ

ਕਿ ਉਹ ਕਿਵੇਂ ਉਨ੍ਹਾਂ ਸਿੱਖਾਂ ਨੂੰ ਵੀ ਕੁਝ ਨਹੀਂ ਸਮਝਦਾ, ਜਿਨ੍ਹਾਂ ਤੋਂ ਵੇਲੇ ਦੀ ਸਰਕਾਰ ਕੰਬੀ ਪਈ ਹੈ। ਅਰਥਾਤ ਉਹ ਸਾਨੂੰ ਅੱਤਵਾਦੀ ਮੰਨ ਕੇ ਚੱਲ ਰਿਹਾ ਸੀ ਤੇ ਇਹ ਪ੍ਰਭਾਵ ਦੇ ਰਿਹਾ ਸੀ ਕਿ ਸਿਰਫ ਤੇ ਸਿਰਫ ਉਹ ਇਕੱਲਾ ਹੀ ਇਨ੍ਹਾਂ ਵਿਗੜੇ ਹੋਏ ਅੱਤਵਾਦੀਆਂ ਕੋਲੋਂ ਪੁੱਛਗਿੱਛ ਕਰਨ ਦੇ ਸਮਰੱਥ ਹੈ। ਮਿੱਟੀ ਦਾ ਆਦਮੀ ਵੀ ਏਹੋ ਜਿਹੇ ਵੇਲੇ ਗਰਮ ਹੋ ਸਕਦਾ ਹੈ। ਬਿਲਕੁਲ ਚੁੱਪ ਚਾਪ ਉਸਦੀਆਂ ਗੱਲਾਂ ਨੂੰ ਸੁਣੀ ਜਾਣਾ ਮੈਨੂੰ ਕਾਇਰਤਾ ਲੱਗੀ ਤੇ ਕਾਇਰ ਬਣਨ ਦਾ ਮੇਰਾ ਕੋਈ ਵਿਚਾਰ ਨਹੀਂ ਸੀ। ਇਸ ਵੇਲੇ ਈਨ ਮੰਨਣੀ ਮੈਨੂੰ ਕਿਵੇਂ ਵੀ ਪਸੰਦ ਨਾ ਆਈ ਤੇ ਮੈਂ ਉਸ ਨਾਲ ਗੱਲਾਂ ਕਰਕੇ ਦੋ ਹੱਥ ਕਰਨ ਦਾ ਮਨ ਬਣਾ ਲਿਆ। ਹੁਣ ਮੈਂ ਸਿਰਫ ਬਹਾਨਾ ਹੀ ਲੱਭਦਾ ਸੀ। ਕਿਉਂਕਿ ਚੰਗੇ ਨੰਬਰਾਂ ਤੋਂ ਬਗੈਰ ਤਾਂ ਐਵੇਂ ਜਾਬਾਂ ਦਾ ਭੇੜ ਬਣਨਾ ਸੀ। ਮੈਨੂੰ ਚੁੱਪ ਵੇਖ ਕੇ ਉਹ ਫਿਰ ਬੋਲਿਆ, "ਏਸ ਪੰਥ ਨੇ ਤੁਹਾਨੂੰ ਦਾਣੇ ਤਾਂ ਨਹੀਂ ਦੇ ਦੇਣੇ, ਆਪਣੇ ਹੀ ਦੇਸ਼ ਨਾਲ ਗੱਦਾਰੀ ਕਰਕੇ ਆਕੜੇ ਫਿਰਦੇ ਓ, ਪਤਾ ਜੇ ਇਹ ਆਜ਼ਾਦੀ ਕਿੱਦਾਂ ਲਈ ਸੀ?" ਬਸ ਮੈਨੂੰ ਨੁਕਤਾ ਮਿਲ ਗਿਆ। "ਮੈਡਮ" ਮੈਂ ਸੀਨੀਅਰ ਨੂੰ ਸੰਬੋਧਨ ਕਰਕੇ ਕਿਹਾ, ਸਿੱਖ ਅਫਸਰ ਨਾਲ ਗੱਲ ਨਾ ਕਰਨੀ ਤੇ ਔਰਤ ਅਫ਼ਸਰ ਨੂੰ ਸੰਬੋਧਨ ਕਰਨ ਨਾਲ ਹੀ ਉਸ ਦੀ ਪੂਛ ਕੱਟੀ ਜਾਂਦੀ ਸੀ ਕਿਉਂਕਿ ਸਰਦਾਰ ਸੀਨੀਅਰ ਸੀ ਤੇ ਮੈਡਮ ਸ਼ਾਇਦ ਉਸ ਤੋਂ ਛੋਟੀ ਸੀ।

"ਮੇਰੇ ਪਿਤਾ ਜੀ ਅਜ਼ਾਦੀ ਘੁਲਾਟੀਏ ਸਨ, ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਛੇ ਸਾਲ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿਚ ਗੁਜ਼ਾਰੇ। ਇਕ ਵਾਰੀ ਉਨ੍ਹਾਂ ਨੂੰ ਕਾਲੇ ਪਾਣੀ ਦੀ ਸਜ਼ਾ ਵੀ ਹੋ ਗਈ ਸੀ। ਇਕ ਕੇਸ ਵਿਚ ਉਨ੍ਹਾਂ ਨੇ ਤੇ ਉਨ੍ਹਾਂ ਦੇ ਦੋ ਹੋਰ ਸਾਥੀਆਂ ਨੇ ਇਕ ਪੁਲਿਸ ਦੇ ਮੁਖਬਰ ਨੂੰ ਦਿਨ ਦਿਹਾੜੇ ਨਹਿਰ ਦੇ ਪੁੱਲ 'ਤੇ ਗੋਲੀ ਮਾਰ ਦਿੱਤੀ ਸੀ। ਫਿਰ ਮੇਰੇ ਬਾਬੇ ਨੇ ਅੱਧਾ ਮੁਰੱਬਾ ਜ਼ਮੀਨ ਵੇਚ ਕੇ ਮੇਰੇ ਪਿਤਾ ਜੀ ਤੇ ਉਨ੍ਹਾਂ ਦੇ ਸਾਥੀਆਂ ਦੇ ਮੁਕੱਦਮੇ ਦੀ ਪੈਰਵੀ ਕੀਤੀ ਤੇ ਉਹ ਹਾਈਕੋਰਟ, ਜੋ ਉਦੋਂ ਸ਼ਿਮਲੇ ਹੁੰਦਾ ਸੀ, ਵਿਚੋਂ ਬਰੀ ਹੋ ਗਏ। ਦੋ ਸਾਲ ਦੀ ਕੈਦ ਉਨ੍ਹਾਂ ਨੇ ਮਹਾਤਮਾ ਗਾਂਧੀ ਦੀ ਨਾ ਮਿਲਵਰਤਣ ਲਹਿਰ ਵਿਚ ਮੁਲਤਾਨ ਜੇਲ੍ਹ ਵਿਚ ਕੱਟੀ। ਕਹਿੰਦੇ ਹਨ, ਹੋਰ ਜੇਲ੍ਹਾਂ ਦੀ ਦਸ ਸਾਲ ਤੇ ਮੁਲਤਾਨ ਜੇਲ੍ਹ ਦੀ ਦੋ ਸਾਲ ਦੀ ਕੈਦ ਇਕ ਬਰਾਬਰ ਹੈ। ਜਿਸ ਦੇ ਪਿਓ ਨੇ ਛੇ ਸਾਲ ਅਜ਼ਾਦੀ ਵਾਸਤੇ ਕੈਦ ਕੱਟੀ ਹੋਵੇ ਤੇ ਜਿਸ ਦੇ ਬੇਟੇ ਨੇ ਚਾਰ ਵਾਰ ਫੌਜੀਆਂ ਨੂੰ ਖੂਨ ਦਿੱਤਾ ਹੋਵੇ ਤੇ ਲੜਾਈ ਦੇ ਦਿਨਾਂ ਵਿਚ ਠੀਕਰੀ ਪਹਿਰੇ ਦਿੱਤੇ ਹੋਣ, ਉਸ ਨੂੰ ਇਕ ਤਨਖਾਹਦਾਰ ਮੁਲਾਜ਼ਮ ਦੇਸ਼ ਦੀ ਆਜ਼ਾਦੀ ਦੀ ਕੀਮਤ ਦੱਸ ਰਿਹਾ ਹੈ। ਜੀ, ਜ਼ਰਾ ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਦੇ ਪਿਤਾ ਨੇ, ਬਾਬੇ ਨੇ, ਚਾਚੇ ਨੇ, ਮਾਮੇ ਨੇ ਜਾਂ ਖਾਨਦਾਨ ਦੇ ਕਿਸੇ ਹੋਰ ਜੀਅ ਨੇ ਕੈਦ ਕੱਟੀ ਹੈ? ਕਾਗਜ ਪੈਂਸਲ ਤੁਹਾਡੇ ਹੱਥ ਹੈ, ਮੇਰੇ ਖਾਨਦਾਨ ਦੀਆਂ ਕੁਰਬਾਨੀਆਂ ਮੈਂ ਗਿਣਾਉਂਦਾ ਹਾਂ ਤੇ ਆਪਣੇ ਦੀਆਂ ਇਹ ਗਿਣਾਉਣ ਤੇ ਨੰਬਰ ਤੁਸੀਂ ਲਾ ਦਿਓ। ਫੇਰ ਵੇਖਿਓ ਕੀਹਦੇ ਨੰਬਰ ਜ਼ਿਆਦਾ ਹੁੰਦੇ ਹਨ।" ਸਾਰੇ ਚੁੱਪ ਕਰਕੇ ਸੁਣ ਰਹੇ ਸਨ। ਸਿੱਖ ਤਿਲਮਿਲਾਇਆ, "ਅਸੀਂ ਆਪਣੀ ਡਿਊਟੀ ਨਾ ਕਰੀਏ?"

"ਤੇ ਮੈਂ ਆਪਣੇ ਆਪ ਦੀ ਰਾਖੀ ਨਾ ਕਰਾਂ?" ਚੋਟ ਬਰਾਬਰ ਦੀ ਵੱਜੀ। "ਕਾਨੂੰਨ ਵਿਚ ਇਹ ਸਪਸ਼ਟ ਲਿਖਿਆ ਹੋਇਆ ਹੈ ਕਿ ਮੈਨੂੰ ਹੱਕ ਹੈ ਕਿ ਮੈਂ ਤੁਹਾਡੇ ਉਨ੍ਹਾਂ ਸਵਾਲਾਂ ਦੇ ਜਵਾਬ ਨਾ ਦਿਆਂ, ਜੋ ਮੇਰੇ ਵਿਰੁੱਧ ਜਾਂਦੇ ਹੋਣ। ਤੁਸੀਂ ਮੇਰੇ ਹੱਕ ਤੋਂ ਮੈਨੂੰ ਕਿਵੇਂ ਵਾਂਝਿਆ ਕਰ ਸਕਦੇ ਹੋ?" ਮੈਨੂੰ ਉੱਕਾ ਹੀ ਨਹੀਂ ਸੀ ਪਤਾ ਕਿ ਕਾਨੂੰਨ ਵਿਚ ਏਦਾਂ ਕੁਝ

ਲਿਖਿਆ ਹੋਇਆ ਵੀ ਹੈ ਕਿ ਨਹੀਂ। ਇਹ ਤਾਂ ਮੈਨੂੰ ਜੇਲ੍ਹ ਵਿਚ ਜਾ ਕੇ ਇਕ ਰਿੱਟ ਪਟੀਸ਼ਨ ਪੜ੍ਹਨ 'ਤੇ ਪਤਾ ਲੱਗਾ, ਜੋ ਮੇਰੇ ਵਲੋਂ ਮੇਰੇ ਕੁੜਮ ਸਾਹਬ ਨੇ ਟਾਡਾ ਤੁੜਵਾਉਣ ਲਈ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਦਾਖਲ ਕੀਤੀ ਹੈ। ਉਸ ਵਿਚ ਉਪਰੋਕਤ ਗੱਲ ਬਿਲਕੁਲ ਲਿਖੀ ਹੋਈ ਹੈ। ਫਿਰ ਮੈਂ ਸਿੱਖ ਅਫ਼ਸਰ ਨੂੰ ਪੁਛਿਆ "ਤੁਸੀਂ ਹਮੇਸ਼ਾਂ ਧਮਕੀ ਦੇ ਕੇ ਕਹਿੰਦੇ ਹੋ, ਆਹ ਕਰ ਦਿਆਂਗੇ। ਵਾਹ ਕਰ ਦਿਆਂਗੇ। ਸੀ.ਪੀ.ਸੀ. ਵਿਚ ਕਿਹੜੇ ਪੰਨੇ 'ਤੇ ਲਿਖਿਆ ਹੋਇਆ ਹੈ ਕਿ ਮੁਲਜ਼ਮ ਨੂੰ ਧਮਕੀਆਂ ਦਿੱਤੀਆਂ ਜਾਣ ਤੇ ਉਹ ਵੀ ਥਰਡ ਡਿਗਰੀ ਵਰਤਣ ਦੀਆਂ? ਸਰਦਾਰ ਸਾਹਿਬ, ਕਾਨੂੰਨ ਨੂੰ ਆਪਣੇ ਹੱਥ ਨਾ ਲਓ। ਜੇ ਅੱਜ ਇਹ ਹੱਥਕੜੀਆਂ ਮੇਰੇ ਹੱਥ ਹਨ ਤਾਂ ਕਾਨੂੰਨ ਤੋੜਨ 'ਤੇ ਇਹ ਤੁਹਾਡੇ ਹੱਥੀਂ ਵੀ ਪੈ ਸਕਦੀਆਂ ਹਨ। ਕਾਨੂੰਨ ਤਾਂ ਅੰਨ੍ਹੇ ਦੀ ਲਾਠੀ ਹੈ।" ਮੈਂ ਵਾਹਵਾ ਲੈਕਚਰ ਜਿਹਾ ਝਾੜ ਛਡਿਆ, ਜਿਸ ਨਾਲ ਸਿੱਖ ਅਫ਼ਸਰ ਦੀ ਭੰਡ ਲਹਿ ਗਈ। ਧਮਕੀ ਦੇਣ ਵਾਲੀ ਗੱਲ ਤੋਂ ਉਹ ਮੁੱਕਰ ਨਹੀਂ ਸੀ ਸਕਦਾ ਕਿਉਂਕਿ ਸਾਰਿਆਂ ਦੇ ਸਾਹਮਣੇ ਹੀ ਤਾਂ ਉਸ ਨੇ ਧਮਕੀ ਦਿੱਤੀ ਸੀ ਤੇ ਕਾਨੂੰਨ ਸੱਚਮੁੱਚ ਹੀ ਅਜਿਹੀ ਧਮਕੀ ਮੁਲਜ਼ਮ ਨੂੰ ਦੇਣ ਦੀ ਇਜਾਜ਼ਤ ਨਹੀਂ ਦੇਂਦਾ। ਸਿੱਖ ਅਫ਼ਸਰ ਗੁੱਸੇ ਨਾਲ ਉਬਲ ਪਿਆ ਤੇ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਜ਼ੋਰ ਦੀ ਮੇਜ਼ 'ਤੇ ਹੱਥ ਮਾਰਿਆ ਤੇ ਬੋਲਿਆ, "ਕਮਾਲ ਹੋ ਗਈ, ਮੁਜਰਮ ਈ ਪੜਤਾਲੀਆ ਅਫ਼ਸਰਾਂ ਨੂੰ ਮੱਤਾਂ ਦੇਣ ਲੱਗ ਪਏ ਹਨ। ਕਾਨੂੰਨ ਦੇ ਰਾਜ ਦਾ ਇਨ੍ਹਾਂ ਨੇ ਭੱਠਾ ਬਿਠਾ ਦਿੱਤਾ ਹੈ। ਇਹ ਸਾਨੂੰ ਕੁਝ ਨਹੀਂ ਸਮਝਦੇ, ਪੰਜਾਬ ਪੁਲਿਸ ਨੂੰ ਕੀ ਸਮਝਦੇ ਹੋਣਗੇ?"

"ਮੈਡਮ" ਮੈਂ ਫਿਰ ਉਸੇ ਅਫ਼ਸਰ ਨੂੰ ਸੰਬੋਧਨ ਕੀਤਾ ਤੇ ਕਿਹਾ "ਮੁਜਰਮ ਕਹਿੰਦੇ ਹਨ ਦੋਸ਼ੀ ਨੂੰ ਤੇ ਦੋਸ਼ੀ ਉਹ ਹੁੰਦਾ ਹੈ, ਜਿਸ ਨੂੰ ਅਦਾਲਤ ਸਜ਼ਾ ਸੁਣਾ ਦੇਵੇ। ਜਿਸ ਨੂੰ ਪੁਲਿਸ ਫੜਦੀ ਹੈ ਤੇ ਜਿੰਨਾ ਚਿਰ ਉਸ ਨੂੰ ਅਦਾਲਤ ਸਜ਼ਾ ਨਹੀਂ ਦੇਂਦੀ ਉਹ ਮੁਲਜ਼ਮ ਹੁੰਦਾ ਹੈ। ਮੈਂ ਐਸ ਵੇਲੇ ਮੁਲਜ਼ਮ ਹਾਂ ਮੁਜਰਿਮ ਨਹੀਂ। ਕਲ ਨੂੰ ਮੈਨੂੰ ਅਦਾਲਤ ਬਾਇੱਜ਼ਤ ਬਰੀ ਕਰ ਦੇਵੇ ਤਾਂ ਸਰਦਾਰ ਸਾਹਿਬ, ਜੋ ਗੱਲਾਂ ਮੈਨੂੰ ਕਹਿ ਰਹੇ ਹਨ, ਉਹ ਮੈਨੂੰ ਸਾਰੀ ਜ਼ਿੰਦਗੀ ਰੜਕਦੀਆਂ ਰਹਿਣਗੀਆਂ ਕਿ ਨਾ? ਇਹ ਮੈਨੂੰ ਮੁਲਜ਼ਮ ਦੀ ਬਜਾਏ ਮੁਜਰਮ ਆਖੀ ਜਾ ਰਹੇ ਹਨ। ਮੈਂ ਕਿਸ ਸਵਾਲ ਦਾ, ਜੀ ਜਵਾਬ ਨਹੀਂ ਦਿੱਤਾ? ਜਾਂ ਮੈਂ ਕਦੋਂ ਆਖਿਆ ਹੈ ਕਿ ਜਵਾਬ ਨਹੀਂ ਦੇਣਾ। ਜੇ ਸਰਦਾਰ ਜੀ, ਝੂਠਾ ਕੇਸ ਮੇਰੇ 'ਤੇ ਬਣਾ ਕੇ ਤੁਹਾਡੀ ਤਰੱਕੀ ਹੁੰਦੀ ਹੈ ਤਾਂ ਤੁਸੀਂ ਬਿਆਨ ਆਪੇ ਹੀ ਲਿਖ ਲਓ, ਮੈਂ ਦਸਤਖਤ ਕਰ ਦਿੰਦਾ ਹਾਂ। ਫਿਰ ਤਾਂ ਮੈਂ ਸੱਚਾ ਹੋ ਜਾਵਾਂਗਾ ਨਾ। ਹੁਣ ਤੱਕ ਤੁਸੀਂ ਮੈਨੂੰ ਵੀਹ ਵਾਰ ਤੋਂ ਜ਼ਿਆਦਾਵਾਰ ਝੂਠਾ ਕਹਿ ਚੁੱਕੇ ਹੋ। ਮੈਨੂੰ ਤਾਂ ਸਮਝ ਨਹੀਂ ਆਉਂਦੀ, ਤੁਸੀਂ ਮੈਨੂੰ ਮਨਵਾਉਣਾ ਕੀ ਚਾਹੁੰਦੇ ਹੋ?" ਐਨੀਆਂ ਗੱਲਾਂ ਹੋਣ 'ਤੇ ਵੀ ਕੋਈ ਅਫ਼ਸਰ ਨਾ ਬੋਲਿਆ। ਮੈਡਮ ਸਿਰ ਹਿਲਾ ਕੇ ਮਦਦ ਕਰਦੀ ਸੀ। ਜੇ ਸਿਰ ਨਹੀਂ ਵੀ ਹਿਲਾਉਂਦੀ ਸੀ ਤਾਂ ਵੀ ਉਹ ਪ੍ਰਸੰਸਾ ਕਰਦੀ ਜਾਪਦੀ ਸੀ। ਬਾਕੀ ਸਾਰੇ ਅਫ਼ਸਰਾਂ ਦਾ ਵੀ ਏਹੋ ਹਾਲ ਸੀ। ਛੋਟੀ ਮੈਡਮ ਵੀ ਬੜੀ ਖੁਸ਼ ਸੀ।

"ਆਪ ਇਨਕੋ ਦਵਾਈ ਕਿਉਂ ਨਹੀਂ ਦਿਲਵਾਤੇ?" ਮੈਡਮ ਨੇ ਇਕ ਹਿੰਦੂ ਅਫ਼ਸਰ ਨੂੰ ਆਖਿਆ।

"ਜੀ ਅਭੀ ਦਿਲਵਾ ਦੇਤੇ ਹੈਂ", ਉਸ ਨੇ ਜਵਾਬ ਦਿੱਤਾ।

ਇਕ ਘਟਨਾ ਹੋਰ ਬੜੀ ਵਧੀਆ ਹੋਈ। ਉਹ ਪਹਿਲੇ ਦਿਨ ਵਾਲੀਆਂ ਛੋਟੀਆਂ ਹੱਥਕੜੀਆਂ ਸਿਪਾਹੀ ਨੇ ਫੇਰ ਮੈਨੂੰ ਮਾਰ ਦਿੱਤੀਆਂ ਤੇ ਮੈਂ ਵੀ ਜਾਣ ਕੇ ਚੁੱਪ ਰਿਹਾ। ਉਹ

ਹੱਥਕੜੀਆਂ ਮੇਰੇ ਗੁੱਟਾਂ ਵਿਚ ਫਸੀਆਂ ਪਈਆਂ ਸਨ। ਇਹ ਗੱਲ ਵੀ ਮੈਨੂੰ ਅਚਾਨਕ ਯਾਦ ਆ ਗਈ। ਮੈਂ ਦੋਵੇਂ ਹੱਥ ਮੈਡਮ ਅੱਗੇ ਕਰ ਦਿੱਤੇ। ਭਾਵੇਂ ਕਿ ਮੈਂ ਉਸ ਤੋਂ ਦੂਰ ਸਾਂ ਤੇ ਉਹ ਵਧੇ ਹੋਏ ਹੱਥਾਂ ਨੂੰ ਛੂਹ ਨਹੀਂ ਸੀ ਸਕਦੀ ਪਰ ਮੈਂ ਫਿਰ ਵੀ ਆਖਿਆ, "ਮੈਡਮ, ਐਨਾ ਜ਼ੁਲਮ ਤਾਂ ਕੋਈ ਦੁਸ਼ਮਣ ਦੇਸ਼ ਦੇ ਬੰਦੇ ਨਾਲ ਵੀ ਨਹੀਂ ਕਰਦਾ, ਜਿਵੇਂ ਸਾਡੇ ਨਾਲ ਕਰ ਰਹੇ ਹਨ। ਵੇਖੋ!" ਮੈਂ ਉਵੇਂ ਹੀ ਹੱਥ ਅਗਾਂਹ ਨੂੰ ਕਰ ਛੱਡੇ ਤੇ ਥੱਲੇ ਨਾ ਕੀਤੇ। ਨਾਲ ਦੀ ਕੁਰਸੀ 'ਤੇ ਬੈਠੇ ਅਫ਼ਸਰ ਨੇ ਮੇਰੇ ਗੁੱਟਾਂ 'ਤੇ ਹੱਥਕੜੀਆਂ ਦਾ ਰਿੰਗ ਹਿਲਾ ਕੇ ਵੇਖਿਆ, ਜਿਹੜਾ ਸੱਚਮੁੱਚ ਹੀ ਬਹੁਤ ਤੰਗ ਸੀ। ਫਿਰ ਉਸ ਤੋਂ ਅਗਲੀ ਕੁਰਸੀ ਵਾਲੇ ਨੇ ਤੇ ਉਸ ਨੇ, ਦੋਹਾਂ ਨੇ ਹੀ, ਕਿਹਾ "ਬਹੁਤ ਤੰਗ ਹੈ, ਯਹ ਠੀਕ ਨਹੀਂ ਹੈ"। ਫਿਰ ਮੈਡਮ ਕੁਰਸੀ ਤੋਂ ਉਠ ਕੇ ਆਈ ਤੇ ਦੂਜੀ ਵੀ ਉਸਦੇ ਨਾਲ ਹੀ ਉਠ ਕੇ ਆਈ। ਦੋਹਾਂ ਨੇ ਵਾਰੋ ਵਾਰੀ ਹੱਥਕੜੀ ਦੋਹਾਂ ਹੱਥਾਂ ਨਾਲ ਹਿਲਾਈ, ਬਹੁਤ ਤੰਗ ਹੋਣ ਕਰਕੇ ਅਗਾਂਹ ਪਿਛਾਂਹ ਨਹੀਂ ਸੀ ਹੁੰਦੀ। ਮੈਂ ਆਪਣੇ ਹੱਥ ਦੇ ਪੋਟਿਆਂ ਵੱਲ ਇਸ਼ਾਰਾ ਕਰਕੇ ਆਖਿਆ, "ਵੇਖੋ ਜੀ, ਉਂਗਲਾਂ ਨੀਲੀਆਂ ਹੋ ਗਈਆਂ ਹਨ। ਰੋਜ਼ ਏਸੇ ਤਰ੍ਹਾਂ ਹੀ ਲਿਆਉਂਦੇ ਹਨ। ਕੱਲ ਖੁਲ੍ਹਵਾ ਦਿੱਤੀ ਸੀ, ਅੱਜ ਫੇਰ ਲਾ ਦਿੱਤੀ ਹੈ, ਤੁਸੀਂ ਦੱਸੋ ਇਹ ਤਕਲੀਫ ਦੇਣਾ ਨਹੀਂ? ਮੇਰੇ ਗੁੱਟ ਫੋੜੇ ਵਾਂਗ ਦੁਖਦੇ ਹਨ ਤੇ ਸਿਪਾਹੀ ਫੜ ਕੇ ਇਸ ਤਰ੍ਹਾਂ ਖਿਚਦੇ ਹਨ, ਜਿਵੇਂ ਕਿਸੇ ਡੰਗਰ ਦਾ ਸੰਗਲ ਹੁੰਦਾ ਹੈ।"

"ਬਹੁਤ ਬੁਰਾ ਸਰਦਾਰ ਸਾਹਿਬ, ਇਸ ਤਰ੍ਹਾਂ ਨਾ ਕਰੋ, ਤੁਸਾਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੈ, ਉਨ੍ਹਾਂ ਨੂੰ ਪੁੱਛਗਿੱਛ ਕਰੋ, ਉਹ ਤੁਹਾਨੂੰ ਹਰ ਗੱਲ ਦਾ ਉਤਰ ਦੇਣ ਲਈ ਤਿਆਰ ਹਨ, ਫਿਰ ਐਸਾ ਕਿਉਂ?" ਫਿਰ ਉਸਨੇ ਮੈਨੂੰ ਸੰਬੋਧਨ ਕਰਕੇ ਕਿਹਾ, "ਮਾਫ ਕਰਨਾ, ਸਰਦਾਰ ਸਾਹਿਬ, ਮੈਂ ਕਿਸੇ ਹੋਰ ਮਹਿਕਮੇ ਨਾਲ ਸਬੰਧਤ ਹਾਂ।"

ਫਿਰ ਉਸਨੇ ਉਸੇ ਹੀ ਸਰਦਾਰ ਅਫ਼ਸਰ ਵੱਲ ਮੂੰਹ ਕਰਕੇ ਕਿਹਾ, "ਕਿਸੇ ਬੰਦੇ ਨੂੰ ਆਖੋ ਹੱਥਕੜੀਆਂ ਬਦਲੀ ਕਰੇ ਤੇ ਓਨਾ ਚਿਰ ਇਹ ਹੱਥਕੜੀਆਂ ਖੁਲਵਾ ਦਿਓ, ਇਹ ਕਿਤੇ ਨਹੀਂ ਦੌੜਨਗੇ, ਮੈਂ ਜ਼ਿੰਮੇਵਾਰ ਹਾਂ"। ਇਸ ਤਰ੍ਹਾਂ ਮੈਡਮ ਦੇ ਆਖਣ 'ਤੇ ਹੱਥਕੜੀਆਂ ਖੁੱਲ੍ਹ ਗਈਆਂ। ਉਸ ਨੇ ਫਿਰ ਮੇਰੇ ਵੱਲ ਮੂੰਹ ਕਰਕੇ ਕਿਹਾ, "ਤੁਸੀਂ ਇਕ ਕੱਪ ਚਾਹ ਲਓਗੇ, ਸਰਦਾਰ ਸਾਹਿਬ?" "ਨਹੀਂ ਜੀ, ਧੰਨਵਾਦ"। ਫਿਰ ਉਸ ਨੇ ਬਗੈਰ ਮੇਰੇ ਵੱਲ ਵੇਖੇ ਸਿਪਾਹੀ ਨੂੰ ਚਾਹ ਲਿਆਉਣ ਲਈ ਕਿਹਾ, ਉਹ ਵਧੀਆ ਟੀ ਸੈਟ ਵਿਚ ਚਾਹ ਲਿਆਇਆ। ਇਹ ਕੁਝ ਕਰਕੇ ਉਹ ਮੇਰੀ ਹਮਦਰਦੀ ਜਿੱਤ ਗਈ ਸੀ ਪਰ ਮੈਂ ਇਸ ਹਮਦਰਦੀ ਤੋਂ ਵੀ ਸੁਚੇਤ ਸਾਂ। ਹੁਣ ਇਹ ਪਤਾ ਲੱਗ ਗਿਆ ਸੀ ਕਿ ਮੈਡਮ ਸਿੱਖ ਤੋਂ ਸੀਨੀਅਰ ਹੈ ਤੇ ਬਾਕੀ ਸਾਰਾ ਸਟਾਫ ਸਿੱਖ ਤੋਂ ਜੂਨੀਅਰ ਹੈ।

ਛੋਟੀ ਮੈਡਮ ਕਿਸ ਰੈਂਕ ਦੀ ਸੀ, ਇਹ ਮੈਨੂੰ ਪਤਾ ਨਹੀਂ ਸੀ ਲੱਗ ਸਕਿਆ।

"ਮੈਡਮ, ਮੈਂ ਤੁਹਾਡਾ ਧਿਆਨ ਇਕ ਹੋਰ ਗੱਲ ਵੱਲ ਦਿਵਾਉਂਦਾ ਹਾਂ", ਫਿਰ ਮੈਂ ਹਵਾਲਾਤ ਦਾ ਸਾਈਜ਼ ਤੇ ਤਕਲੀਫਾਂ ਗਿਣਾ ਦਿੱਤੀਆਂ। ਮੇਰੀਆਂ ਸਾਰੀਆਂ ਗੱਲਾਂ ਨੂੰ ਸਾਰਿਆਂ ਨੇ ਧਿਆਨ ਨਾਲ ਸੁਣਿਆ। ਉਸ ਨੇ ਆਖਿਆ ਕਿ ਉਸ ਨੂੰ ਇਹ ਤਾਂ ਪਤਾ ਹੈ ਕਿ ਪੰਜਾਬ ਦੇ ਥਾਣੇ ਬਹੁਤ ਪੁਰਾਣੇ ਤੇ ਮਾੜੇ ਹਨ, ਜਦੋਂ ਕਿ ਉਹ ਕਰ ਕੁਝ ਨਹੀਂ ਸਕਦੀ। ਉਸ ਨੇ ਇਹ ਵੀ ਦੱਸਿਆ ਕਿ ਜਲੰਧਰ ਤੋਂ ਆਦਮਪੁਰ ਲਿਆਉਣ ਦਾ ਕਾਰਣ ਇਹ ਸੀ ਕਿ ਉਥੇ ਤੁਹਾਨੂੰ ਮਿਲਣ ਵਾਲੇ ਬਹੁਤ ਆਉਂਦੇ ਸਨ ਤੇ ਸਾਡੇ ਕੋਲੋਂ ਕੰਟਰੋਲ ਨਹੀਂ ਸੀ ਕੀਤੇ ਜਾਂਦੇ। ਸਾਨੂੰ ਇਹ ਵੀ ਖ਼ਤਰਾ ਪੈਦਾ ਹੋ ਗਿਆ ਸੀ ਕਿ ਤੁਹਾਨੂੰ ਛੁਡਾਉਣ ਵਾਲੇ ਹੀ

ਨਾ ਆ ਜਾਣ ਤੇ ਇਹ ਸਾਰੀਆਂ ਗੱਲਾਂ ਸੋਚ ਕੇ ਅਸੀਂ ਐਸ.ਐਸ.ਪੀ. ਜਲੰਧਰ ਨਾਲ ਗੱਲ ਕੀਤੀ ਤੇ ਉਨ੍ਹਾਂ ਨੇ ਸਾਡਾ ਪ੍ਰਬੰਧ ਇਸ ਥਾਣੇ ਵਿਚ ਕਰ ਦਿੱਤਾ। ਅਸੀਂ ਵੀ ਏਥੇ ਬੜੇ ਪ੍ਰੇਸ਼ਾਨ ਹਾਂ। ਫਿਰ ਉਸ ਨੇ ਇਹ ਵੀ ਯਕੀਨ ਦੁਆਇਆ ਕਿ ਉਹ ਕੋਸ਼ਿਸ਼ ਕਰੇਗੀ ਕਿ ਸਫਾਈ ਵਗੈਰਾ ਦਾ ਪ੍ਰਬੰਧ ਠੀਕ ਹੋ ਜਾਵੇ ਪਰ ਬਦਲਿਆਂ ਤੁਹਾਨੂੰ ਕਿਤੇ ਨਹੀਂ ਜਾ ਸਕਦਾ। ਏਨੀ ਨਫਰੀ ਪੁਲਿਸ ਦੀ ਵੀ ਨਾਲ ਬਦਲਣੀ ਬੜੀ ਔਖੀ ਹੈ।

ਅਖੀਰ ਸੀ ਤਾਂ ਉਹ ਵੀ ਪੁਲਿਸ ਦੇ ਮਹਿਕਮੇ ਦੀ ਹੀ। ਉਸਨੇ ਮੈਨੂੰ ਸਲਾਹ ਦਿੱਤੀ ਕਿ ਜੇ ਸਾਰੇ ਹੀ ਮੁਲਜ਼ਮ ਠੀਕ ਠੀਕ ਦੱਸ ਦੇਣ ਤਾਂ ਕੰਮ ਆਸਾਨ ਹੋ ਸਕਦਾ ਹੈ। ਜੋ ਟੈਲੀਫੋਨ ਕਰਨ ਆਉਂਦੇ ਸਨ, ਉਨ੍ਹਾਂ ਨੂੰ ਫੜਵਾ ਦਿਓ, ਤੁਹਾਡਾ ਕੰਮ ਮੁੱਕ ਜਾਵੇਗਾ। ਮੈਂ ਉਸ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਦਾ ਰਿਹਾ ਪਰ ਬੋਲਿਆ ਕੁਝ ਨਾ। ਫਿਰ ਉਸ ਨੇ ਕਿਹਾ "ਹਮ ਆਪਕਾ ਥੋੜਾ ਸਮਾਂ ਔਰ ਲੇਂਗੇ, ਮੇਰਾ ਅਪਨਾ ਖਿਆਲ ਹੈ ਕਿ ਆਪ ਜੋ ਕੁਛ ਭੀ ਆਪਕੋ ਪਤਾ ਹੈ ਬਤਾ ਦੇਂਗੇ"।

ਮੈਂ - "ਹਾਂ ਠੀਕ ਹੈ ਜੀ।"

ਉਸ ਨੇ ਸਾਰਿਆਂ ਨੂੰ ਬਾਹਰ ਜਾਣ ਵਾਸਤੇ ਆਖਿਆ ਪਰ ਮੂੰਹੋਂ ਕੁਝ ਨਾ ਬੋਲੀ। ਸਿਰਫ ਘੜੀ ਦਾ ਸਮਾਂ ਵੇਖਣ ਲਈ ਬਾਂਹ ਉਤਾਂਹ ਹੀ ਚੁੱਕੀ ਕਿ ਸਾਰੇ ਅਫ਼ਸਰ ਉਸ ਦਾ ਇਸ਼ਾਰਾ ਸਮਝ ਕੇ ਝੱਟ ਉਠ ਖਲੋਤੇ ਤੇ ਕਮਰਾ ਖਾਲੀ ਹੋ ਗਿਆ। ਹੁਣ ਕਮਰੇ ਵਿਚ ਦੋ ਉਹ ਔਰਤਾਂ ਅਫ਼ਸਰ ਤੇ ਮੈਂ ਹੀ ਸੀ। ਗੱਲਬਾਤ ਇਸ ਤਰ੍ਹਾਂ ਸ਼ੁਰੂ ਹੋਈ। (ਇਹ ਗੱਲਬਾਤ ਉਹ ਨਾਲ ਨਾਲ ਲਿਖਦੀਆਂ ਵੀ ਰਹੀਆਂ)

ਨਾਂ, ਪਿਤਾ ਦਾ ਨਾਂ, ਘਰ ਦਾ ਪਤਾ ਵਗੈਰਾ ਵਗੈਰਾ, ਜੋ ਆਮ ਪਹਿਲਾਂ ਪੁਛਿਆ ਜਾਂਦਾ ਸੀ, ਉਹ ਪੁੱਛਣ ਤੋਂ ਬਾਅਦ ਉਨ੍ਹਾਂ ਨੇ ਪਹਿਲਾ ਸਵਾਲ ਇਹ ਕੀਤਾ ;

ਅਫ਼ਸਰ - "ਤੁਹਾਡਾ ਟੈਲੀਫੋਨ ਤੁਹਾਡੇ ਬੈੱਡਰੂਮ 'ਚ ਰਹਿੰਦਾ ਹੈ?"

ਮੈਂ - "ਹਾਂ ਜੀ"

ਅਫ਼ਸਰ - "ਸਾਨੂੰ ਇਹ ਪਤਾ ਲੱਗਾ ਹੈ ਕਿ ਤੁਹਾਡੀ ਕੋਠੀ ਦੇ ਹਰ ਕਮਰੇ ਵਿਚ ਟੈਲੀਫੋਨ ਦੇ ਸਾਕਟ ਲੱਗੇ ਹੋਏ ਹਨ, ਕੀ ਇਹ ਠੀਕ ਹੈ?"

ਮੈਂ - "ਹਾਂ ਜੀ, ਪਹਿਲਾਂ ਏਸੇ ਤਰ੍ਹਾਂ ਹੀ ਸੀ ਹੁਣ ਸਿਰਫ ਦੋ ਕਮਰਿਆਂ 'ਚ ਹੀ ਹਨ।"

ਅਫ਼ਸਰ - "ਇਹ ਕਿਵੇਂ ਹੋਇਆ?"

ਮੈਂ - "ਦੋ ਸਾਕਟਾਂ ਦੀ ਮੈਂ ਐਮਰਜੈਂਸੀ ਲਾਈਟ ਵਾਸਤੇ ਵਰਤੋਂ ਕਰ ਲਈ ਹੈ ਕਿਉਂਕਿ ਅੰਡਰ ਗਰਾਊਂਡ ਕਰਨ ਦਾ ਮੇਰੇ ਕੋਲ ਹੋਰ ਕੋਈ ਤਰੀਕਾ ਨਹੀਂ ਸੀ। ਸਾਕਟਾਂ ਦੀ ਜਗ੍ਹਾ ਮੈਂ ਹੁਣ ਬਲਬ ਲਾ ਦਿੱਤੇ ਹਨ। ਜਦੋਂ ਬਿਜਲੀ ਅਚਾਨਕ ਬੰਦ ਹੋ ਜਾਂਦੀ ਹੈ ਤਾਂ ਐਮਰਜੈਂਸੀ ਲਾਈਟ ਆਪਣੇ ਆਪ ਜਗ ਪੈਂਦੀ ਹੈ। ਜਦ ਬਿਜਲੀ ਦੁਬਾਰਾ ਆ ਜਾਂਦੀ ਹੈ ਤਾਂ ਐਮਰਜੈਂਸੀ ਲਾਈਟ ਬੰਦ ਹੋ ਜਾਂਦੀ ਹੈ।"

ਔਰਤ ਅਫ਼ਸਰ - "ਸਾਨੂੰ ਦਿੱਲੀ ਤੋਂ ਬੁਲਾਇਆ ਗਿਆ ਹੈ। ਪੜਤਾਲੀਆ ਅਫ਼ਸਰ ਤੁਹਾਡੀ ਪਤਨੀ ਨੂੰ ਵੀ ਗ੍ਰਿਫਤਾਰ ਕਰਨਾ ਚਾਹੁੰਦਾ ਸੀ। ਸਾਨੂੰ ਏਸੇ ਲਈ ਬੁਲਾਇਆ ਗਿਆ ਹੈ। ਪਰ ਤੁਸੀਂ ਹੁਣ ਤੱਕ ਜਿੰਨੀਆਂ ਗੱਲਾਂ ਕੀਤੀਆਂ ਹਨ, ਸਾਨੂੰ ਤੁਹਾਡੇ ਉਪਰ ਵਿਸ਼ਵਾਸ ਹੈ। ਅਸੀਂ ਦੂਜੀ ਰਿਪੋਰਟ ਵੀ ਪੜ੍ਹੀ ਹੈ। ਅਸੀਂ ਤੁਹਾਡੇ 'ਤੇ ਵਿਸ਼ਵਾਸ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕਰ ਰਹੇ ਪਰ ਕੋਈ ਐਸੀ ਗੱਲ ਨਾ ਹੋਵੇ, ਜੋ ਹੁਣ ਤੁਸੀਂ ਸਾਡੇ ਤੋਂ

ਛੁਪਾ ਰਹੇ ਹੋਵੇ ਅਤੇ ਬਾਅਦ 'ਚ ਪਤਾ ਲੱਗ ਜਾਵੇ, ਸਾਡੀ ਇਸ 'ਚ ਬਹੁਤ ਬਦਨਾਮੀ ਹੋਵੇਗੀ।"

ਮੈਂ - "ਨਹੀਂ ਜੀ ਸਵਾਲ ਹੀ ਪੈਦਾ ਨਹੀਂ ਹੁੰਦਾ" ਮੈਂ ਮਨ ਹੀ ਮਨ ਸੋਚ ਰਿਹਾ ਸੀ, ਸਾਲੀਓ ਤੁਹਾਡੀ ਕਾਹਦੀ ਬਦਨਾਮੀ, ਤੁਹਾਡਾ ਤਾਂ ਕੰਮ ਹੀ ਇਹ ਹੈ।

ਛੋਟੀ ਅਫ਼ਸਰ - "ਤੇ ਇਸਦਾ ਮਤਲਬ ਹੈ, ਅਸੀਂ ਵਾਪਸ ਚਲੀਆਂ ਜਾਈਏ ਅਤੇ ਕਹਿ ਦੇਈਏ ਕਿ ਕਿਸੇ ਨੂੰ ਗ੍ਰਿਫਤਾਰ ਕਰਨ ਦੀ ਜ਼ਰੂਰਤ ਨਹੀਂ।"

ਮੈਂ - "ਤੁਹਾਡੀ ਮੇਹਰਬਾਨੀ ਹੋਵੇਗੀ। ਪਰ ਮੈਨੂੰ ਇਹ ਸਮਝ ਨਹੀਂ ਆ ਰਹੀ, ਕਿ ਇਕ ਸਿੱਧੇ ਸਾਦੇ ਕੇਸ ਨੂੰ ਉਲਝਾਇਆ ਕਿਉਂ ਜਾ ਰਿਹਾ ਹੈ? ਜਦੋਂ ਮੈਂ ਕਹਿੰਦਾ ਹਾਂ ਕਿ ਫੋਨ ਮੇਰੇ ਕਮਰੇ ਵਿਚ ਹੈ, ਮੈਂ ਹੀ ਸੁਣਦਾ ਹਾਂ, ਮੇਰਾ ਕਿਸੇ ਨਾਲ ਸਬੰਧ ਨਹੀਂ ਅਤੇ ਫਿਰ ਮੈਨੂੰ ਅਜੇ ਛੱਡਿਆ ਵੀ ਕਿੱਥੇ ਜਾ ਰਿਹਾ ਹੈ? ਜਿੰਨਾ ਪ੍ਰਚਾਰ ਤੁਹਾਡੇ ਮਹਿਕਮੇ ਨੇ ਅਖ਼ਬਾਰਾਂ ਅਤੇ ਰੇਡੀਓ ਵਿਚ ਕਰ ਦਿੱਤਾ ਹੈ, ਇਹ ਸਾਨੂੰ ਛੱਡਣ ਵਾਲੀ ਗੱਲ ਤੋਂ ਕੋਹਾਂ ਦੂਰ ਹੈ। ਮੈਂ ਅੱਜ ਹੀ ਆਲ ਇੰਡੀਆ ਰੇਡੀਓ ਉੱਪਰ ਏਸੇ ਗੱਲ ਦਾ ਤਪਸਰਾ ਸੁਣਿਆ ਹੈ। ਇਹ ਤਾਂ ਸਾਨੂੰ ਸਿੱਖਾਂ ਨੂੰ ਬਦਨਾਮ ਕਰਨ ਦੀ ਇਕ ਸੋਚੀ ਸਮਝੀ ਚਾਲ ਹੈ। ਇਹ ਵੀ ਹੋ ਸਕਦਾ ਹੈ ਕਿ ਬਦਨਾਮ ਕਰਨ ਦੇ ਨਾਲ ਨਾਲ ਸਾਨੂੰ ਬੇਇਜ਼ਤ ਕਰਨ ਦੀ ਵੀ ਕੋਈ ਸਕੀਮ ਹੋਵੇ।"

"ਚਲੋ ਠੀਕ ਹੈ, ਮੈਂ ਤੁਹਾਡੀ ਗੱਲ 'ਤੇ ਯਕੀਨ ਕਰ ਲੈਂਦੀ ਹਾਂ।" ਲੰਬੀ ਔਰਤ ਨੇ ਆਖਿਆ।

"ਤੁਹਾਡਾ ਬਹੁਤ ਬਹੁਤ ਧੰਨਵਾਦ", ਮੇਰਾ ਕਹਿਣਾ ਬਣਦਾ ਹੀ ਸੀ। ਉਨ੍ਹਾਂ ਨੇ ਆਪਣੇ ਪਰਸ ਚੁੱਕੇ ਤੇ ਰੈਸਟ ਹਾਊਸ ਦੇ ਦੂਸਰੇ ਕਮਰੇ ਵਿਚ ਚਲੀਆਂ ਗਈਆਂ।

ਮੈਨੂੰ ਉਨ੍ਹਾਂ 'ਤੇ ਅੱਜੇ ਵੀ ਕੋਈ ਇਤਬਾਰ ਨਹੀਂ ਸੀ ਤੇ ਏਸੇ ਲਈ ਹੀ ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ। ਵਾਪਸ ਹਵਾਲਾਤ ਜਾ ਕੇ ਮੈਂ ਕਿਸੇ ਗੱਲ ਦਾ ਕੋਈ ਜਿਕਰ ਨਾ ਕੀਤਾ। ਸਿਰਫ ਏਨਾ ਹੀ ਦੱਸਿਆ ਕਿ ਔਰਤ ਅਫ਼ਸਰ ਵੀ ਆਈਆਂ ਹੋਈਆਂ ਹਨ। ਕਿਉਂਕਿ ਉਸ ਦਿਨ ਸਿਰਫ ਮੈਨੂੰ ਹੀ ਹੇਠ ਉੱਤੇ ਦੋ ਵਾਰ ਲਿਆਂਦਾ ਗਿਆ ਸੀ, ਹੋਰ ਕਿਸੇ ਨੂੰ ਨਹੀਂ। ਉਸ ਤੋਂ ਬਾਅਦ ਵੀ ਕਿਸੇ ਨੂੰ ਨਹੀਂ ਲਿਆਂਦਾ ਗਿਆ ਤੇ ਉਹ ਦਿਨ ਵੀ ਲੰਘ ਗਿਆ।

ਪੁੱਤਰਾਂ ਦੇ ਫੜੇ ਜਾਣ ਦਾ ਤੌਖਲਾ

ਦੂਸਰੇ ਦਿਨ ਸਾਰੇ ਸਾਥੀਆਂ ਵਿਚੋਂ ਦੋ ਪਿਓ ਪੁੱਤਰਾਂ ਨੂੰ ਪਹਿਲਾਂ ਲੈ ਕੇ ਗਏ। ਕੋਈ ਦੋ ਘੰਟੇ ਬਾਅਦ ਉਹ ਵਾਪਸ ਆਏ ਅਤੇ ਉਹਨਾਂ ਨੂੰ ਬੇਸਬਰੀ ਨਾਲ ਉਡੀਕ ਰਹੇ ਸਾਰੇ ਸਾਥੀਆਂ ਨੇ ਪੁਛਿਆ "ਕੀ ਗੱਲ ਹੋਈ"? ਉਹਨਾਂ ਆਖਿਆ ਹੋਰ ਗੱਲਾਂ ਤਾਂ ਸਾਰੀਆਂ ਪੁਰਾਣੀਆਂ ਅੱਗੇ ਵਾਲੀਆਂ ਹੀ ਪੁੱਛਦੇ ਰਹੇ ਹਨ, ਦੋ ਮੁੰਡੇ ਲਿਆਂਦੇ ਹਨ ਫੜ ਕੇ, ਅੰਮ੍ਰਿਤਧਾਰੀ ਹਨ। "ਕਿੰਨੀ ਕਿੰਨੀ ਉਮਰ ਦੇ ਹਨ?" ਮੈਂ ਧੜਕਦੇ ਦਿਲ ਨਾਲ ਪੁਛਿਆ।

ਚੌਦਾਂ-ਪੰਦਰਾਂ ਸਾਲ ਉਮਰ ਦੇ ਅਣਦਾੜੀਏ ਹਨ। ਮੇਰਾ ਦਿਲ ਇਕ ਤਰ੍ਹਾਂ ਨਾਲ ਬੰਦ ਹੀ ਹੋ ਗਿਆ ਤੇ ਦਿਮਾਗ ਵਿਚ ਬੰਬ ਫਟ ਗਿਆ। ਮੇਰੇ ਸਾਹਮਣੇ ਸਾਰੀ ਹਵਾਲਾਤ ਸਮੇਤ ਥਾਣਾ ਘੁੰਮ ਰਿਹਾ ਸੀ। ਪਰ ਇਹ ਗੱਲ ਕਿਸੇ ਅੱਗੇ ਜ਼ਾਹਰ ਵੀ ਤਾਂ ਨਹੀਂ ਸੀ ਕੀਤੀ ਜਾ ਸਕਦੀ। ਉਨ੍ਹਾਂ ਪਹਿਲੇ ਦੋਹਾਂ ਨੂੰ ਛੱਡ ਕੇ ਇਕ ਹੋਰ ਨੂੰ ਲੈ ਗਏ। ਮੈਂ ਉਸਦੇ ਆਉਣ ਤੱਕ ਅਨਮਨਾ ਜਿਹਾ ਹੀ ਰਿਹਾ। ਬਾਰ-ਬਾਰ ਪਹਿਲੇ ਦੋ ਆਦਮੀਆਂ ਨੂੰ ਪੁੱਛਦਾ, ਪਰ ਉਹ

ਇਸ ਤੋਂ ਵੱਧ ਕੁਝ ਨਾ ਦੱਸਦੇ ਕਿ ਮੁੰਡੇ ਅੰਮ੍ਰਿਤਧਾਰੀ ਹਨ। ਹਲਕੀ ਉਮਰ ਦੇ ਹਨ। ਕੋਈ ਦੋ ਘੰਟੇ ਬਾਅਦ ਉਹ ਤੀਸਰਾ ਸਾਥੀ ਵਾਪਸ ਆਇਆ। ਉਸ ਨੂੰ ਵੀ ਸਾਰੀਆਂ ਰਵਾਇਤੀ ਗੱਲਾਂ ਪੁਛੀਆਂ ਗਈਆਂ ਸਨ। ਪਰ ਮੈਂ ਦੋ ਮੁੰਡਿਆਂ ਬਾਰੇ ਉਚੇਚੇ ਤੌਰ 'ਤੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ। ਉਸ ਆਖਿਆ "ਦੋ ਮੁੰਡੇ ਅੰਮ੍ਰਿਤਧਾਰੀ ਹਨ, ਮੁੱਛ ਫੁੱਟ ਹਨ।" ਹੁਣ ਮੈਂ ਇਕ ਤਰ੍ਹਾਂ ਰੋਣਹਾਕਾ ਜਿਹਾ ਹੀ ਹੋ ਗਿਆ। ਫਿਰ ਮੈਂ ਜ਼ੋਰ ਦੇ ਕੇ ਪੁੱਛਿਆ ਤਾਂ ਉਸ ਅੱਗੋਂ ਆਖਿਆ "ਭਾਅ ਜੀ, ਉਹ ਤੁਹਾਡੇ ਮੁੰਡੇ ਨਹੀਂ, ਹੋਰ ਹਨ।" ਮੈਂ ਪੁਛਿਆ "ਤੈਨੂੰ ਕਿਦਾਂ ਪਤਾ ਹੈ?" ਉਸ ਨੇ ਆਖਿਆ, "ਮੈਨੂੰ ਪਤਾ ਹੈ, ਮੈਂ ਜੁ ਕਹਿੰਦਾ ਹਾਂ ਕਿ ਉਹ ਨਹੀਂ, ਪੱਕੀ ਗੱਲ ਹੈ, ਤਸੱਲੀ ਰੱਖੋ"। ਮੈਂ ਕੁਝ ਸ਼ਾਂਤ ਤਾਂ ਹੋਇਆ ਪਰ ਸਾਰੀ ਗੱਲ ਪੁੱਛੇ ਤੋਂ ਬਗੈਰ ਮੈਨੂੰ ਚੈਨ ਕਿਥੇ ਸੀ? ਇਕ ਇਕ ਮਿੰਟ ਤਾਂ ਇਕ ਇਕ ਘੰਟੇ ਬਰਾਬਰ ਹੋਇਆ ਪਿਆ ਸੀ। ਬੜੀ ਮੁਸ਼ਕਲ ਨਾਲ ਸ਼ਾਮ ਪਈ। ਸ਼ਾਮ ਨੂੰ ਸਾਰੇ ਨਲਕੇ 'ਤੇ ਨਹਾਉਣ ਵਾਸਤੇ ਹਵਾਲਾਤ ਵਿਚੋਂ ਬਾਹਰ ਕੱਢੇ ਜਾਂਦੇ ਸਨ। ਜਦੋਂ ਸਾਰਿਆਂ ਨੂੰ ਬਾਹਰ ਕਢਿਆ ਗਿਆ ਤਾਂ ਉਹ ਹੀ ਵੇਲਾ ਸੀ, ਚੰਗੀ ਤਰ੍ਹਾਂ ਗੱਲ ਪੁੱਛਣ ਦਾ। ਉਸ ਨੇ ਆਖਿਆ "ਭਾਅ ਜੀ, ਤੁਹਾਡਾ ਮੁੰਡਾ ਫੁੱਟਬਾਲ ਖੇਡਦਾ ਹੈ ਨਾਂ?" ਤੇ ਫਿਰ ਉਸ ਨੇ ਸਕੂਟਰ ਦਾ ਨੰਬਰ ਵੀ ਦੱਸ ਦਿੱਤਾ। ਉਸ ਆਖਿਆ, "ਉਸ ਨੂੰ ਮੈਂ ਜਾਣਦਾ ਹਾਂ, ਸਕੂਟਰ ਦਾ ਵੀ ਮੈਨੂੰ ਪਤਾ ਹੈ ਤੇ ਮੁੰਡੇ ਦਾ ਵੀ, ਉਹ ਨਹੀਂ ਫੜਿਆ।" "ਤੇ ਦੂਸਰਾ"? ਮੈਂ ਪੁਛਿਆ। ਉਸ ਆਖਿਆ "ਉਹ ਵੀ ਨਹੀਂ। ਉਸ ਦਿਨ ਉਹ ਆਇਆ ਸੀ ਤੇ ਮੈਂ ਵੇਖਿਆ ਹੋਇਆ ਹੈ।" ਫਿਰ ਉਸਨੇ ਸਾਰੀ ਘਟਨਾ ਦੱਸੀ ਕਿ ਉਹ ਕਿਵੇਂ ਤੇ ਕਿਸ ਕੰਮ ਆਇਆ ਸੀ। ਹੁਣ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਸਾਂ। ਪਰ ਮੈਂ ਫਿਰ ਤਸੱਲੀ ਕਰਨ ਲਈ ਪੁਛਿਆ, "ਪੱਕੀ ਗੱਲ ਹੈ ਨਾ"? "ਅਜੇ ਵੀ ਕੋਈ ਕਸਰ ਹੈ? ਹੱਦ ਹੋ ਗਈ।" ਉਹ ਜ਼ਰਾ ਔਖਾ ਜਿਹਾ ਹੋ ਕੇ ਬੋਲਿਆ। ਮੇਰੇ ਤੋਂ ਫਿਰ ਨਾ ਰਹਿ ਹੋਇਆ ਤੇ ਫਿਰ ਪੁਛਿਆ "ਹੁਣ ਮੈਂ ਫਿਕਰ ਤਾਂ ਨਾ ਕਰਾਂ?" "ਨਹੀਂ", ਉਸ ਏਨੀ ਉੱਚੀ ਆਖਿਆ ਕਿ ਆਲੇ ਦੁਆਲੇ ਸਾਰਿਆਂ ਨੇ ਉਹ "ਨਹੀਂ" ਲਫਜ਼ ਸੁਣ ਲਿਆ। "ਅੱਛਾ ਠੀਕ ਹੈ।" ਮੈਂ ਹੌਲੀ ਜਿਹੀ ਆਖਿਆ ਤੇ ਇਸ ਤਰ੍ਹਾਂ ਮੇਰੀ ਚਿੰਤਾ ਦੂਰ ਹੋ ਗਈ। ਜਦੋਂ ਦੂਸਰੇ ਦਿਨ ਮੈਂ ਆਪ ਗਿਆ ਤਾਂ ਮੈਂ ਵੇਖਿਆ, ਰੈਸਟ ਹਾਊਸ ਦੇ ਨਾਲ ਹੀ ਕਿਸੇ ਅੰਮ੍ਰਿਤਧਾਰੀ ਦਾ ਘਰ ਹੈ ਤੇ ਉਸ ਦੇ ਦੋ ਮੁੰਡੇ ਉਥੇ ਤੁਰੇ ਫਿਰਦੇ ਸਨ। ਮੈਨੂੰ ਇਹ ਤਾਂ ਪਤਾ ਸੀ ਕਿ ਮੇਰਾ ਇਕੱਲੇ ਦਾ ਇਹ ਕੁਝ ਨਹੀਂ ਵਿਗਾੜ ਸਕਦੇ ਪਰ ਜੇ ਹੋਰ ਕਿਸੇ ਨੂੰ ਫੜ ਲਿਆਏ ਤਾਂ ਸਮਝੋ ਕੰਮ ਖਰਾਬ ਹੀ ਖਰਾਬ ਹੈ। ਕਿਉਂਕਿ ਇਨ੍ਹਾਂ ਸਾਹਮਣੇ ਟਿਕਣਾ ਜਣੇ ਖਣੇ ਦਾ ਕੰਮ ਨਹੀਂ।

ਦੂਸਰੇ ਦਿਨ ਦੇ ਯਾਰਾਂ ਕੁ ਵਜੇ ਮੈਨੂੰ ਬੁਲਾਇਆ ਗਿਆ। ਮੇਰੇ ਤੋਂ ਪਹਿਲਾਂ, ਜਿਹੜੇ ਦੋ ਨੂੰ ਲੈ ਕੇ ਗਏ ਸਨ, ਉਨ੍ਹਾਂ ਨੂੰ ਵੀ ਵਾਪਸ ਨਹੀਂ ਸੀ ਲਿਆਂਦਾ ਗਿਆ ਤੇ ਮੈਨੂੰ ਵੀ ਲੈ ਗਏ। ਅੱਜ ਅੱਗੇ ਤੋਂ ਉਲਟ ਰੈਸਟ ਹਾਊਸ ਅੰਦਰ ਨਹੀਂ ਲੈ ਕੇ ਗਏ ਸਨ। ਅਗੋਂ ਰੈਸਟ ਹਾਊਸ ਦੇ ਪਾਸੇ 'ਤੇ ਦੋ ਤਿੰਨ ਕਮਰੇ ਸਨ, ਜੋ ਹਰ ਰੈਸਟ ਹਾਊਸ ਵਿਚ ਹੁੰਦੇ ਹਨ ਤੇ ਆਮ ਤੌਰ 'ਤੇ ਸਟਾਫ ਉਥੇ ਠਹਿਰਦਾ ਹੈ, ਜਾਂ ਰੈਸਟ ਹਾਊਸ ਦਾ ਸਟਾਫ ਉਥੇ ਰਹਿੰਦਾ ਹੈ। ਉਥੇ ਇਕ ਪਾਸੇ ਉਸ ਵੇਲੇ ਸਬਜ਼ੀ ਬਣ ਰਹੀ ਸੀ ਕਿਉਂਕਿ ਜਦੋਂ ਉਨ੍ਹਾਂ ਕਮਰਿਆਂ ਵਿਚੋਂ ਇਕ ਕਮਰੇ ਵਿਚ ਗਏ ਤਾਂ ਉਥੇ ਇਕ ਮੇਜ਼, ਚਾਰ ਕੁਰਸੀਆਂ ਲੱਗੀਆਂ ਹੋਈਆਂ ਸਨ। ਪਰ ਬੈਠਾ ਕੋਈ ਨਹੀਂ ਸੀ। ਮੈਂ ਹੱਥਕੜੀ ਵਾਲੇ ਸਿਪਾਹੀਆਂ ਨੂੰ ਪਸ਼ਾਬ ਜਾਣ ਦਾ ਕਿਹਾ। ਉਹ ਕਮਰਿਆਂ ਦੇ ਮਗਰ ਲੈ ਗਏ। ਪਿਛੇ ਪੈਲੀਆਂ ਸਨ। ਉਥੇ ਮੈਂ ਪਸ਼ਾਬ ਕੀਤਾ। ਸਿਪਾਹੀ

ਏਨਾ ਡਰਦੇ ਸਨ ਕਿ ਉਨ੍ਹਾਂ ਨੇ ਮੈਨੂੰ ਰੈਸਟ ਹਾਊਸ ਦੇ ਪਿੱਛੇ ਖੜਨ ਤੋਂ ਪਹਿਲਾਂ, ਸੁਰੱਖਿਆ ਗਾਰਡਾਂ ਨੂੰ ਪਿਛੇ ਆ ਜਾਣ ਲਈ ਆਖਿਆ। ਜਦੋਂ ਵੀਹ ਕੁ ਬੰਦੇ ਪਿਛੇ ਆ ਗਏ, ਫੇਰ ਪਸ਼ਬ ਕਰਨ ਲਈ ਲੈ ਕੇ ਗਏ। ਪਿਛਲੇ ਪਾਸੇ ਹੀ ਉਨ੍ਹਾਂ ਨੇ ਚੁੱਲ੍ਹਾ ਬਣਾ ਕੇ ਸਬਜ਼ੀ ਰੱਖੀ ਹੋਈ ਸੀ। ਉਸ ਵੇਲੇ ਤੋਰੀਆਂ ਬਣ ਰਹੀਆਂ ਸਨ। ਨੇੜੇ ਹੀ ਮੈਨੂੰ ਪਸ਼ਾਬ ਕਰਨ ਲਈ ਆਖਿਆ ਗਿਆ। ਕਿਉਂਕਿ ਸਿਪਾਹੀ ਹੋਰ ਅੱਗੇ ਜਾਣ ਦਾ ਹੌਸਲਾ ਨਹੀਂ ਕਰ ਰਹੇ ਸਨ। ਜਦੋਂ ਵਾਪਸ ਆਏ ਤਾਂ ਪਹਿਲਾਂ ਮੈਂ ਹੱਥ ਧੁਆਉਣ ਵਾਸਤੇ ਆਖਿਆ। ਉਨ੍ਹਾਂ ਨੇ ਉਸੇ ਲਾਂਗਰੀ ਕੋਲੋਂ ਪਾਣੀ ਲੈ ਕੇ ਹੱਥ ਧੁਆ ਦਿੱਤੇ। ਜਦੋਂ ਕਮਰੇ ਵਿਚ ਆਏ ਤਾਂ ਚਾਰ ਅਫ਼ਸਰ ਬੈਠੇ ਸਨ। ਇਹ ਸਾਰੇ ਹੀ ਨਵੇਂ ਸਨ ਤੇ ਇਕ ਐਨਕਾਂ ਵਾਲਾ ਲੰਬਾ ਜਿਹਾ ਇਹਨਾਂ ਦਾ ਟੀਮ ਮੁੱਖੀ ਲੱਗਦਾ ਸੀ। ਮੇਰੇ ਬੈਠਣ ਵਾਸਤੇ ਕੋਈ ਕੁਰਸੀ ਨਹੀਂ ਸੀ। ਸਿਪਾਹੀਆਂ ਨੇ ਲਿਆ ਕੇ ਮੈਨੂੰ ਕਮਰੇ ਵਿਚ ਖੜ੍ਹਾ ਕਰ ਦਿੱਤਾ। ਉਨ੍ਹਾਂ ਨੇ ਹੱਥ ਨਾਲ ਇਸ਼ਾਰਾ ਕਰਕੇ ਸਿਪਾਹੀਆਂ ਨੂੰ ਵੀ ਨਾਲ ਹੀ ਖੜੇ ਰਹਿਣ ਦਾ ਹੁਕਮ ਦਿੱਤਾ। ਇਹ ਪਹਿਲੀ ਵਾਰੀ ਸੀ, ਜਦੋਂ ਮੈਨੂੰ ਬੈਠਾਉਣ ਦਾ ਕੋਈ ਪ੍ਰੋਗਰਾਮ ਨਹੀਂ ਸੀ ਤੇ ਨੰਬਰ ਦੋ, ਇਹ ਪਹਿਲਾ ਮੌਕਾ ਸੀ, ਜਦੋਂ ਸਿਪਾਹੀ ਵੀ ਕਮਰੇ ਵਿਚ ਹੀ ਖੜੇ ਸਨ।

ਮੇਰੇ ਖੜੇ ਖੜੇ ਮੈਨੂੰ, ਨਾਂ, ਪਿਤਾ ਦਾ ਨਾਂ, ਪਤਾ, ਵਿਦਿਆ ਵਗੈਰਾ। ਮਾਮੇ, ਮਾਸੀਆਂ, ਚਾਚੇ, ਤਾਏ ਸਭ ਕੁਝ ਪੁਛਿਆ ਗਿਆ।

ਫਿਰ ਪੁਛਿਆ ਗਿਆ "ਭਿੰਡਰਾਂਵਾਲੇ ਨੂੰ ਜਾਣਦੇ ਹੋ?"

ਮੈਂ – "ਨਹੀਂ।"

"ਕਦੀ ਉਨ੍ਹਾਂ ਦਾ ਭਾਸ਼ਣ ਸੁਣਿਆ ਹੈ?" ਦੂਜਾ ਸਵਾਲ ਸੀ।

"ਨਹੀਂ" ਸੰਖੇਪ ਉੱਤਰ ਸੀ।

"ਟੇਪ ਵੀ ਨਹੀਂ?"

"ਹਾਂ ਟੇਪ ਸੁਣੀ ਹੈ।" ਮੇਰਾ ਸਪੱਸ਼ਟ ਉੱਤਰ ਸੀ।

"ਤੁਹਾਡੇ ਘਰ ਵਿਚ ਹੈ?" ਐਨਕਾਂ ਵਾਲੇ ਨੇ ਪੁਛਿਆ।

"ਨਹੀਂ।"

"ਤਾਂ ਫਿਰ ਕਿੱਥੇ ਸੁਣੀ ਸੀ?" ਹੈਰਾਨੀ ਤੇ ਰੋਅਬ ਰਲਿਆ ਮਿਲਿਆ ਸੀ।

"ਮੈਂ ਸਵੇਰੇ ਜਦੋਂ ਤੂੜੀ ਦਾ ਟਰੱਕ ਲੈਣ ਮੰਡੀ ਜਾਂਦਾ ਸਾਂ ਟਾਲ ਲਈ ਤਾਂ (ਟਰੱਕ ਯੂਨੀਅਨ ਵੀ ਉਥੇ ਹੀ ਹੈ) ਖੜੇ ਟਰੱਕਾਂ ਵਿਚ ਕਈ ਵਾਰ ਇਹ ਟੇਪ ਚੱਲ ਰਹੀ ਹੁੰਦੀ ਸੀ।"

"ਕਮਾਲ ਹੈ, ਲੋਕ ਟਰੱਕਾਂ ਵਿਚ ਵੀ ਭਿੰਡਰਾਂਵਾਲੇ ਨੂੰ ਸੁਣਦੇ ਹਨ?"

"ਹਾਂ ਜੀ, ਮੈਂ ਤਾਂ ਜਦੋਂ ਵੀ ਸੁਣੀ ਹੈ, ਟਰੱਕਾਂ ਵਿਚ ਲੱਗੀ ਹੀ ਸੁਣੀ ਹੈ।" ਮੇਰਾ ਜੁਆਬ ਸੀ।

"ਟਰੱਕ ਦਾ ਕੀ ਨੰਬਰ ਸੀ?" ਲਿਖਦੇ ਲਿਖਦੇ ਇਕ ਅਫ਼ਸਰ ਨੇ ਪੁਛਿਆ।

"ਮੈਂ ਉਸਦਾ ਨੰਬਰ ਪੜ੍ਹ ਕੇ ਕੀ ਲੈਣਾ ਸੀ? ਆਮ ਤੌਰ 'ਤੇ ਸਾਰੇ ਟਰੱਕਾਂ ਵਾਲਿਆਂ ਕੋਲ ਹੀ ਟੇਪਾਂ ਹਨ, ਕਦੀ ਕਿਸੇ ਟਰੱਕ ਵਿਚੋਂ ਸੁਣੀ ਹੈ, ਕਦੀ ਕਿਸੇ ਵਿਚੋਂ।"

"ਉਹ ਸਵੇਰੇ ਸਵੇਰੇ ਹੀ ਭਿੰਡਰਾਂਵਾਲੇ ਨੂੰ ਸੁਣਨਾ ਪਸੰਦ ਕਰਦੇ ਹਨ?"

"ਹਾਂ ਜੀ, ਪਸੰਦ ਕਰਦੇ ਹੋਣਗੇ, ਤਾਂ ਹੀ ਤਾਂ ਲਾਉਂਦੇ ਹਨ"

"ਤੁਸੀਂ ਪੱਠਿਆਂ ਦੀ ਮੰਡੀ 'ਚ ਕਿੰਨੀ ਦੇਰ ਰਹਿੰਦੇ ਹੋ?" ਅਫ਼ਸਰ ਨੇ ਨਿਖਾਰ ਕੇ

ਪੁਛਿਆ।

"ਕਈ ਵਾਰ ਤਾਂ ਤੂੜੀ ਜਲਦੀ ਪਸੰਦ ਆ ਜਾਂਦੀ ਹੈ ਤੇ ਜਲਦੀ ਬੋਲੀ ਲੱਗ ਜਾਂਦੀ ਹੈ। ਕਈ ਵਾਰ ਪਸੰਦ ਹੀ ਨਹੀਂ ਆਉਂਦੀ ਜਾਂ ਪਸੰਦ ਆ ਵੀ ਜਾਏ ਤਾਂ ਬਹੁਤ ਮਹਿੰਗੀ ਹੋਣ ਦੀ ਵਜ੍ਹਾ ਕਰਕੇ ਵੀ ਨਹੀਂ ਲੈਂਦੇ।"

"ਤਾਂ ਤੁਸੀਂ ਕਿਸੇ ਟਰੱਕ ਦਾ ਨੰਬਰ ਨਹੀਂ ਦੱਸ ਸਕਦੇ?"

"ਨਹੀਂ ਜੀ।"

"ਕਿਸੇ ਕਾਰ ਦੇ ਸਟੀਰੀਓ 'ਚ ਸੁਣਿਆ ਹੈ?"

"ਨਹੀਂ ਜੀ।"

"ਭਿੰਡਰਾਂਵਾਲੇ ਦੇ ਬਾਰੇ ਤੁਸੀਂ ਕੀ ਜਾਣਦੇ ਹੋ?"

"ਕੁਛ ਵੀ ਨਹੀਂ।"

"ਕਿਉਂ?"

""ਕਿਉਂਕਿ ਮੈਂ ਤਾਂ ਇੰਦਰਾ ਗਾਂਧੀ ਦੇ ਬਾਰੇ ਵੀ ਬਹੁਤ ਘੱਟ ਜਾਣਦਾ ਹਾਂ, ਮੈਂ ਕੋਈ ਸਿਆਸੀ ਆਦਮੀ ਨਹੀਂ ਹਾਂ।"

"ਪਰ ਭਿੰਡਰਾਂਵਾਲਾ ਤਾਂ ਸਿਆਸੀ ਨਹੀਂ ਸੀ ਉਹ ਤੇ ਸੰਤ ਸੀ, ਤੁਹਾਡਾ ਸਿੱਖਾਂ ਦਾ ਗੁਰੂ ਸੀ।"

"ਗੁਰੂ ਅਸੀਂ ਕਿਸੇ ਨੂੰ ਨਹੀਂ ਮੰਨਦੇ, ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ। ਇਹ ਤੁਸੀਂ ਬੜੀ ਮਾੜੀ ਗੱਲ ਆਖੀ ਹੈ, ਅਸੀਂ ਸਿੱਖ ਗੁਰੂਡੰਮ ਦੇ ਬਹੁਤ ਵਿਰੁੱਧ ਹਾਂ, ਏਹੀ ਤੇ ਸਾਡਾ ਨਿਰੰਕਾਰੀਆਂ ਨਾਲ ਝਗੜਾ ਹੈ। ਉਹ ਆਪਣੇ ਆਪ ਨੂੰ ਗੁਰੂ ਕਹਾਉਂਦਾ ਸੀ। ਇਕ ਸਿੱਖ ਨੂੰ ਗੁੱਸਾ ਆ ਗਿਆ, ਉਸਨੇ ਉਸ ਨੂੰ ਮਾਰ ਦਿੱਤਾ"।

"ਤਾਂ ਫਿਰ ਅਸੀਂ ਉਸਨੂੰ ਸੰਤ ਕਹੀਏ?"

ਮੈਂ ਤਾਂ ਨਹੀਂ ਕਹਿੰਦਾ, ਤੁਸੀਂ ਉਨ੍ਹਾਂ ਨੂੰ ਕੀ ਕਹੋ, ਤੁਹਾਡੀ ਮਰਜੀ ਹੈ। ਤੁਸੀਂ ਸੰਤ ਤਾਂ ਕਹਿ ਸਕਦੇ ਹੋ ਪਰ ਗੁਰੂ ਅਸੀਂ ਤੁਹਾਨੂੰ ਨਹੀਂ ਕਹਿਣ ਦਿਆਂਗੇ"

"ਤੂੰ ਸਾਡਾ ਕੀ ਕਰ ਲਵੇਂਗਾਂ?" ਇਕ ਨੇ ਬਹੁਤ ਹੀ ਗੰਭੀਰਤਾ ਨਾਲ ਮੇਰੇ ਵੱਲ ਮੂੰਹ ਚੁੱਕ ਕੇ, ਵੇਖ ਕੇ ਆਖਿਆ। ਇਹ ਪਹਿਲਾਂ ਨਹੀਂ ਬੋਲਿਆ ਸੀ ਤੇ ਇਸਦਾ ਪਹਿਲਾ ਹੀ ਸਵਾਲ ਸੀ।

"ਮੈਂ ਹੋਰ ਤਾਂ ਕੁਝ ਨਹੀਂ ਕਰ ਸਕਦਾ, ਪਰ ਇਹ ਤਾਂ ਕਰ ਸਕਦਾ ਹਾਂ ਨਾ ਕਿ ਤੁਹਾਡੇ ਸਵਾਲਾਂ ਦਾ ਜਵਾਬ ਨਾ ਦਿਆਂ। ਅਤੇ ਤੁਹਾਡੀ ਪੁੱਛਗਿੱਛ ਦਾ ਬਾਈਕਾਟ ਕਰ ਦਿਆਂ।" ਮੈਂ ਬਹੁਤ ਹੀ ਵਿਸ਼ਵਾਸ ਨਾਲ ਆਖਿਆ। ਉਨ੍ਹਾਂ ਨੂੰ ਸੱਚ ਮੁੱਚ ਹੀ ਯਕੀਨ ਹੋ ਗਿਆ ਕਿ ਇਹ ਲੋਕ ਗੁਰੂਡੰਮ ਤੋਂ ਬਹੁਤ ਚਿੜਦੇ ਹਨ, ਜੇ ਅਸੀਂ ਫਿਰ ਇਸ ਤਰ੍ਹਾਂ ਦੀ ਗੱਲ ਕੀਤੀ ਤਾਂ ਇਹ ਸ਼ਾਇਦ ਪੁੱਛਗਿੱਛ ਦਾ ਬਾਈਕਾਟ ਕਰ ਹੀ ਦੇਵੇ।

"ਉਹ ਸੰਤ ਤਾਂ ਸੀ ਹੀ, ਇਹ ਤਾਂ ਤੁਸੀਂ ਮੰਨਦੇ ਹੋ ਨਾ?"

"ਇਸ 'ਚ ਕੀ ਸ਼ੱਕ ਹੈ ਕਿ ਉਹ ਇਕ ਸੰਤ ਸਨ।"

"ਤੁਹਾਨੂੰ ਕਿਵੇਂ ਪਤਾ?"

"ਰਾਜੀਵ ਗਾਂਧੀ ਨੇ ਆਖਿਆ ਸੀ, ਇਕ ਵਾਰ ਕਿ ਸੰਤ ਜਰਨੈਲ ਸਿੰਘ ਸੰਤ ਹਨ, ਮੈਂ ਅਖ਼ਬਾਰ ਵਿਚ ਪੜ੍ਹਿਆ ਸੀ।"

"ਤੁਸੀਂ ਉਸ ਨੂੰ ਦੇਖਿਆ ਹੈ?"

"ਨਹੀਂ", ਮੈਂ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ", ਮੈਂ ਲਫਜ਼ ਦਰਸ਼ਨ ਨੂੰ ਥੋੜ੍ਹਾ ਚਿੱਥ ਕੇ ਆਖਿਆ।

"ਜਦੋਂ ਤੁਸੀਂ ਦਰਸ਼ਨ ਨਹੀਂ ਕੀਤੇ ਤਾਂ ਫਿਰ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਉਹ ਇਕ ਸੰਤ ਸੀ?"

"ਦਰਸ਼ਨ ਤਾਂ ਮੈਂ ਗੁਰੂ ਨਾਨਕ ਦੇਵ ਜੀ ਦੇ ਵੀ ਨਹੀਂ ਕੀਤੇ, ਗੁਰੂ ਗੋਬਿੰਦ ਸਿੰਘ ਜੀ ਦੇ ਵੀ ਨਹੀਂ ਕੀਤੇ ਪਰ ਅਸੀਂ ਫਿਰ ਵੀ ਉਨ੍ਹਾਂ ਨੂੰ ਗੁਰੂ ਮੰਨਦੇ ਹਾਂ, ਰਹੀ ਗੱਲ ਸੰਤ ਜੀ ਦੀ ਤੇ ਉਹ ਮੈਂ ਤੁਹਾਨੂੰ ਦੱਸ ਚੁੱਕਿਆ ਹਾਂ ਕਿ ਰਾਜੀਵ ਗਾਂਧੀ ਨੇ ਹੀ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸੰਤ ਕਿਹਾ ਸੀ, ਅਸਾਂ ਵੀ ਉਨ੍ਹਾਂ ਨੂੰ ਸੰਤ ਸਮਝ ਲਿਆ।"

"ਪਰ ਉਹ ਸੰਤ ਨਹੀਂ ਸੀ।"

"ਤਾਂ ਫਿਰ ਤੁਸੀਂ ਰਾਜੀਵ ਗਾਂਧੀ ਨੂੰ ਪੁੱਛੋ, ਉਸਨੇ ਉਨ੍ਹਾਂ ਨੂੰ ਸੰਤ ਕਿਉਂ ਕਿਹਾ?"

"ਸਰਦਾਰ ਸਾਹਿਬ, ਤੁਸੀਂ ਰਾਜੀਵ ਗਾਂਧੀ ਨੂੰ ਤੇ 'ਉਸ' ਸ਼ਬਦ ਨਾਲ ਸੱਦਦੇ ਹੋ ਜਦੋਂ ਕਿ ਜਰਨੈਲ ਸਿੰਘ ਨੂੰ "ਉਨ੍ਹਾਂ" ਕਹਿ ਕੇ, ਇਹ ਕੀ ਗੱਲ ਹੋਈ?"

"ਰਾਜੀਵ ਗਾਂਧੀ ਪਹਿਲਾਂ ਇਕ ਮਾਮੂਲੀ ਪਾਇਲੈਟ ਸੀ ਅਤੇ ਹੁਣ ਸਿਰਫ ਪ੍ਰਧਾਨ ਮੰਤਰੀ ਜਦੋਂ ਕਿ ਜਰਨੈਲ ਸਿੰਘ ਸੰਤ ਹਨ। ਇਸ ਲਈ, ਇਕ ਆਦਮੀ ਨੂੰ ਤੇ 'ਉਸ' ਕਹਿ ਸਕਦੇ ਹਾਂ ਪਰ ਸੰਤਾਂ ਨੂੰ ਤਾਂ ਇਜ਼ਤ ਦੇਣੀ ਹੀ ਪਵੇਗੀ।"

"ਓਹ! ਤਾਂ ਤੁਸੀਂ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਰਾਜੀਵ ਤੋਂ ਵੱਡਾ ਮੰਨਦੇ ਹੋ?"

"ਇਸ ਵਿਚ ਕੀ ਸ਼ੱਕ ਹੈ?, ਔਰਗਜ਼ੇਬ ਬਾਦਸ਼ਾਹ, ਜੋ ਕਿ ਪੂਰੇ ਹਿੰਦੋਸਤਾਨ ਦਾ ਬਾਦਸ਼ਾਹ ਸੀ ਨੂੰ ਅਸੀਂ ਸਿਰਫ ਔਰੰਗਜ਼ੇਬ ਹੀ ਕਹਿੰਦੇ ਹਾਂ, ਜਦ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਾਂ। ਰਾਜਾ ਜਾਂ ਪ੍ਰਧਾਨ ਮੰਤਰੀ ਹੋਣ ਨਾਲ ਕੀ ਹੁੰਦਾ ਹੈ? ਧਾਰਮਕ ਸ਼ਖਸੀਅਤ ਅਪਨੀ ਜਗ੍ਹਾਂ 'ਤੇ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਗੱਲਾਂ ਕੇਸ ਨਾਲ ਸਬੰਧਤ ਨਹੀਂ। ਇਨ੍ਹਾਂ ਗੱਲਾਂ ਵਿਚ ਆਪਣੇ ਜਜ਼ਬਾਤ ਨੂੰ ਦਬਾਉਣ ਦਾ ਨੁਕਸਾਨ ਤਾਂ ਹੋ ਸਕਦਾ ਹੈ, ਫ਼ਾਇਦਾ ਨਹੀਂ ਹੋਵੇਗਾ। ਕਿਉਂਕਿ ਇਹ ਸਵਾਲ ਇਨ੍ਹਾਂ ਦਾ ਪੁੱਛਣ ਦਾ ਮਕਸਦ ਹੀ ਮੇਰੇ ਅੰਦਰਲੇ ਮਨ ਨੂੰ ਟੋਹਣਾ ਹੈ। ਜੇ ਮੈਂ ਨਿਖਾਰ ਕੇ ਆਪਣਾ ਅੰਦਰ ਇਨ੍ਹਾਂ ਸਾਹਮਣੇ ਨਾ ਲਿਆਂਦਾ ਤਾਂ ਮੇਰੀ ਸਖਸ਼ੀਅਤ ਇਨ੍ਹਾਂ ਲਈ ਸਦਾ ਸ਼ੱਕੀ ਜਿਹੀ ਬਣੀ ਰਹੇਗੀ। ਨਿਖਾਰ ਕੇ ਸਪੱਸ਼ਟ ਤੇ ਸਖਤ ਗੱਲਾਂ ਕਰਨ ਨਾਲ, ਇਹ ਇਕ ਅੰਦਾਜ਼ਾ ਤਾਂ ਲਗਾ ਹੀ ਲੈਣਗੇ ਕਿ ਮੈਂ ਕਿਸੇ ਡਰ ਜਾਂ ਦਬਾਅ ਕਾਰਨ ਕੋਈ ਗੱਲ ਕਰਨ ਤੋਂ ਝਿਜਕਦਾ ਨਹੀਂ ਅਤੇ ਬਾਅਦ ਵਿਚ ਇਸ ਗੱਲ ਨੇ ਬਹੁਤ ਫਾਇਦਾ ਵੀ ਦਿੱਤਾ। ਜਦੋਂ ਮੈਂ ਕਿਸੇ ਗੱਲ 'ਤੇ ਲੋਹੇ ਲਾਖਾ ਹੋ ਜਾਂਦਾ ਤਾਂ ਉਹ ਚੁੱਪ ਹੋ ਜਾਂਦੇ। ਇਸ ਤਰ੍ਹਾਂ ਇਨ੍ਹਾਂ ਦੀਆਂ ਨਜ਼ਰਾਂ 'ਚ ਮੇਰੀ ਸਖਸ਼ੀਅਤ ਖੜ੍ਹੇ ਪਾਣੀ ਅਤੇ ਚੁੱਪ ਆਦਮੀ ਵਾਲੀ ਨਹੀਂ ਸੀ ਰਹਿ ਗਈ। ਇਸੇ ਲਈ ਹੀ ਤਾਂ ਇਹ ਐਨੇ ਫਜ਼ੂਲ ਪ੍ਰਸ਼ਨ ਕਰਦੇ ਸਨ। ਵਾਹਿਗੁਰੂ ਵਲੋਂ ਹੀ ਮੈਨੂੰ ਇਹ ਅਕਲ ਆਈ ਸੀ। ਮਿਸਾਲ ਦੇ ਤੌਰ 'ਤੇ ਜਦੋਂ ਉਨ੍ਹਾਂ ਪੁਛਿਆ ਕਿ ਤੁਸੀਂ ਟੈਲੀਫੋਨ ਕਰਦੇ ਰਹਿੰਦੇ ਹੋ? ਤਾਂ ਮੈਂ ਉਲਟਾ ਉਨ੍ਹਾਂ ਨੂੰ ਹੀ ਸਵਾਲ ਕਰ ਦਿੱਤਾ, "ਹੋਰ ਟੈਲੀਫੋਨ ਹੁੰਦਾ ਕਾਹਦੇ ਵਾਸਤੇ ਹੈ?" ਅਸੀਂ ਬਿੱਲ ਅਦਾ ਕਰਦੇ ਹਾਂ, ਕਰਨ ਵਾਸਤੇ ਹੀ ਕਰਦੇ ਹਾਂ। ਪਰ ਜਦੋਂ ਉਨ੍ਹਾਂ ਨੇ ਇਹ ਹੀ ਸਵਾਲ ਹੋਰ ਢੰਗ ਨਾਲ ਕੀਤਾ, ਜਿਵੇਂ, ਤੁਸੀਂ

ਟੈਲੀਫੋਨ ਦੀ ਦੁਰਵਰਤੋਂ ਕਰਦੇ ਹੋ ਅਤੇ ਦੂਸਰੇ ਦੇਸ਼ਾਂ ਵਿਚ ਤੁਹਾਡੇ ਟੈਲੀਫੋਨ ਨਾਲ ਸੰਪਰਕ ਹੁੰਦਾ ਹੈ ਤਾਂ ਮੈਂ ਸਪੱਸ਼ਟ ਮੁਕਰ ਗਿਆ ਤੇ ਕਹਿ ਦਿੱਤਾ "ਇਹ ਬਿਲਕੁਲ ਗਲਤ ਹੈ, ਇਸ ਤਰ੍ਹਾਂ ਕਦੀ ਨਹੀਂ ਹੋਇਆ, ਜੇ ਇਸ ਤਰ੍ਹਾਂ ਹੋਇਆ ਹੋਵੇ ਤਾਂ ਮੈਂ ਅਦਾਲਤ ਵਿਚ ਵੀ ਨਹੀਂ ਜਾਂਦਾ, ਮੈਨੂੰ ਦੱਸ ਦਿਓ, ਮੈਂ ਕਦੋਂ ਕਿਸੇ ਨਾਲ ਗੱਲ ਕੀਤੀ ਹੈ ਤਾਂ ਮੈਂ ਤੁਹਾਡੀ ਦੱਸੀ ਹੋਈ ਕੋਈ ਸਜ਼ਾ ਵੀ ਭੁਗਤਣ ਨੂੰ ਤਿਆਰ ਹਾਂ। ਮੇਰੇ ਟੈਲੀਫੋਨ ਦੀ ਦੁਰਵਰਤੋਂ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।" ਪਹਿਲੇ ਦਿਨ ਤੋਂ ਲੈ ਕੇ 35 ਦਿਨ ਦੇ ਰੀਮਾਂਡ ਵਿਚ ਇਹੋ ਹੀ ਗੱਲ ਦੁਹਰਾਈ ਜਾਂਦੀ ਰਹੀ, ਜਿਸ ਨੇ ਮੈਨੂੰ ਫਾਇਦਾ ਦਿੱਤਾ।

ਹੱਥਕੜੀਆਂ ਲਾਉਣ ਦਾ ਢੰਗ ਅੱਜ ਬੜਾ ਅਜੀਬ ਜਿਹਾ ਸੀ। ਹਮੇਸ਼ਾਂ ਇਕ ਹੱਥਕੜੀ ਨਾਲ ਇਕ ਸੰਗਲ ਅਤੇ ਦੋ ਹੱਥਾਂ ਵਿਚ ਪਾਉਣ ਵਾਲੇ ਕੜੇ ਜਿਹੇ ਹੁੰਦੇ ਹਨ। ਪਰ ਅੱਜ ਦੋ ਹੱਥਾਂ ਨੂੰ ਇਕ ਹੱਥਕੜੀ ਦੇ ਦੋਵੇਂ ਕੜੇ ਲਾ ਕੇ, ਵਿਚਕਾਰਦੀ ਇਕ ਹੋਰ ਹੱਥਕੜੀ ਦਾ ਕੜਾ ਦੋਹਾਂ ਹੱਥਾਂ ਵਿਚਕਾਰ ਵਾਲੇ ਸੰਗਲ ਨੂੰ ਪਾਇਆ ਹੋਇਆ ਸੀ। ਇਸ ਤਰ੍ਹਾਂ ਦੋ ਸਿਪਾਹੀਆਂ ਨੇ ਦੋ ਸੰਗਲ ਆਪਣੀਆਂ ਪੇਟੀਆਂ ਨੂੰ ਲਾਏ ਹੋਏ ਸਨ। ਇਹ ਗੱਲ ਮੇਰੇ ਲਈ ਬੜੀ ਅਜੀਬ ਸੀ। ਮੈਂ ਇਸ ਤਰ੍ਹਾਂ ਇਕ ਆਦਮੀ ਨੂੰ ਫੜੀ ਜਾਂਦੇ ਦੋ ਸਿਪਾਹੀ ਕਦੀ ਨਹੀਂ ਸਨ ਵੇਖੇ। ਕਾਫੀ ਦੇਰ ਜਦੋਂ ਖਲੋਤਿਆਂ ਨੂੰ ਹੋ ਗਿਆ ਤਾਂ ਇਕ ਐਨਕਾਂ ਵਾਲੇ ਬਾਊ ਨੇ ਜੋ ਆਈ.ਬੀ. ਦਾ ਲੱਗਦਾ ਸੀ ਕਿਹਾ, "ਸਰਦਾਰ ਜੀ ਬੈਠਣਾ ਹੈ ਤਾਂ ਬੈਠ ਜਾਓ।"

"ਕਿਥੇ?" ਮੈਂ ਪੁਛਿਆ।

"ਥੱਲੇ ਜ਼ਮੀਨ 'ਤੇ।"

"ਮੈਂ ਥੱਲੇ ਜ਼ਮੀਨ 'ਤੇ ਬੈਠਣ ਦਾ ਆਦੀ ਨਹੀਂ।"

"ਅੱਛਾ!" ਉਸ ਨੇ ਬੜੇ ਵਿਅੰਗ ਨਾਲ ਪੁਛਿਆ। ਫੇਰ ਅੱਗੋਂ ਆਪ ਹੀ ਆਖਿਆ "ਤੇ ਫਿਰ ਤੁਸੀਂ ਕਿਥੇ ਬੈਠਦੇ ਹੋ?"

"ਅੱਜ ਤੱਕ ਤਾਂ ਕੁਰਸੀ 'ਤੇ ਹੀ ਬੈਠਦੇ ਰਹੇ ਹਾਂ" ਮੈਂ ਬੜੇ ਰੋਹ ਜਿਹੇ ਨਾਲ ਆਖਿਆ।

"ਚਲੋ ਨਹੀਂ ਬੈਠਣਾ ਤਾਂ ਨਾ ਸਹੀ, ਅਸੀਂ ਤਾਂ ਤੁਹਾਡਾ ਹੀ ਫਾਇਦਾ ਸੋਚਦੇ ਸਾਂ।"

ਮੈਂ ਕੁਝ ਨਾ ਬੋਲਿਆ।

ਉਨ੍ਹਾਂ ਚੋਹਾਂ ਵਿਚੋਂ ਇਕ ਆਦਮੀ ਐਸਾ ਸੀ, ਜਿਸ ਨੇ ਇਕ ਵੀ ਗੱਲ ਨਹੀਂ ਸੀ ਕੀਤੀ ਤੇ ਅਖੀਰ ਤੱਕ ਉਵੇਂ ਹੀ ਬੈਠਾ ਰਿਹਾ। ਮੈਨੂੰ ਹੋਰ ਵੀ ਕਈ ਸਵਾਲ ਪੁੱਛੇ ਗਏ ਪਰ ਅੱਜ ਪਾਕਿਸਤਾਨ ਦੀ ਕੋਈ ਗੱਲ ਨਾ ਹੋਈ। ਹੁਣ ਲਗਪਗ ਖਲੋਤਿਆਂ ਨੂੰ ਦੋ ਘੰਟੇ ਹੋ ਗਏ ਸਨ। ਮੇਰੀ ਆਪਣੀ ਘੜੀ ਤਾਂ ਚੰਡੀਗੜ੍ਹ ਹੀ ਲੁਹਾ ਲਈ ਗਈ ਸੀ ਪਰ ਆਈ.ਬੀ. ਦੇ ਅਫ਼ਸਰ ਦੀ ਘੜੀ ਸਪੱਸ਼ਟ ਦੱਸ ਰਹੀ ਸੀ ਕਿ ਦੋ ਘੰਟੇ ਦਾ ਸਮਾਂ ਹੋ ਗਿਆ ਹੈ। ਇਸੇ ਹੀ ਦੌਰਾਨ ਉਨ੍ਹਾਂ ਅਫ਼ਸਰਾਂ ਵਾਸਤੇ ਚਾਹ ਵੀ ਆਈ ਪਰ ਉਨ੍ਹਾਂ ਅੱਗੇ ਵਾਂਗ ਮੈਨੂੰ ਨਾ ਪੁੱਛਿਆ। ਮੈਂ ਸਮਝ ਗਿਆ ਕਿ ਹੁਣ ਸਖਤੀ ਦਾ ਦੌਰ ਸ਼ੁਰੂ ਹੋ ਰਿਹਾ ਹੈ। ਸਿਪਾਹੀਆਂ ਵਾਸਤੇ ਦੋ ਸਟੂਲ ਮੰਗਵਾ ਕੇ ਉਨ੍ਹਾਂ ਨੂੰ ਉਨ੍ਹਾਂ ਸਟੂਲਾਂ 'ਤੇ ਬਿਠਾ ਦਿੱਤਾ ਗਿਆ ਸੀ ਪਰ ਮੈਂ ਖੜਾ ਹੀ ਰਿਹਾ। ਚਾਹ ਪੀਣ ਤੋਂ ਬਾਅਦ ਅਫ਼ਸਰਾਂ ਨੇ ਫੇਰ ਆਪਣਾ ਕੰਮ ਸ਼ੁਰੂ ਕੀਤਾ। ਗਰਮੀ ਬਹੁਤ ਸੀ। ਮੈਂ ਰੁਮਾਲ ਨਾਲ ਆਪਣਾ ਪਸੀਨਾ ਪੂੰਝਦਾ ਤਾਂ ਹੱਥਕੜੀਆਂ ਖੜਕ ਖੜਕ ਤੇ ਛਣ ਛਣ ਦੀ ਰਲੀ ਮਿਲੀ ਅਵਾਜ਼ ਦਿੰਦੀਆਂ। ਗਰਮੀ ਬਹੁਤ ਹੋਣ ਕਰਕੇ

ਪਿਆਸ ਵੀ ਬਹੁਤ ਲੱਗਦੀ ਸੀ ਪਰ ਮੈਂ ਸੋਚ ਲਿਆ ਸੀ ਕਿ ਪਾਣੀ ਨਹੀਂ ਮੰਗਣਾ। ਜਦੋਂ ਬੁੱਲ ਸੁਕਦੇ ਤਾਂ ਮੈਂ ਬੁੱਲਾਂ 'ਤੇ ਜੀਭ ਫੇਰ ਲੈਂਦਾ। ਇਸ ਤਰ੍ਹਾਂ ਕਈ ਵਾਰ ਹੋਇਆ। ਅਖੀਰ ਇਕ ਅਫ਼ਸਰ ਤੋਂ ਰਹਿ ਨਾ ਹੋਇਆ ਤੇ ਉਸ ਪੁਛਿਆ "ਸਰਦਾਰ ਸਾਹਿਬ, ਹਮਾਰੀ ਆਪ ਕੇ ਸਾਥ ਕੋਈ ਦੁਸ਼ਮਨੀ ਨਹੀਂ ਹੈ, ਹਮ ਅਪਨੀ ਡੀਊਟੀ ਪੂਰੀ ਕਰ ਰਹੇ ਹੈਂ, ਪਿਆਸ ਹੈ ਤੋ ਪਾਨੀ ਮੰਗਵਾਊਂ।" ਮੈਂ ਕੁਝ ਨਾ ਬੋਲਿਆ। ਉਸ ਨੇ ਆਪਣੇ ਆਪ ਹੀ ਇਕ ਬਾਹਰ ਖੜੇ ਸਿਪਾਹੀ ਨੂੰ ਠੰਡਾ ਪਾਣੀ ਲਿਆਉਣ ਵਾਸਤੇ ਆਖਿਆ। ਉਹ ਥੋੜ੍ਹੀ ਦੇਰ ਬਾਅਦ ਇਕ ਗਲਾਸ ਵਿਚ ਪਾਣੀ ਲਿਆਇਆ ਪਰ ਪਾਣੀ ਉਤੇ ਡਬਲ ਰੋਟੀ ਦੇ ਬਰੀਕ ਭੋਰਿਆਂ ਵਰਗਾ ਕੁਝ ਤਰ ਰਿਹਾ ਸੀ। ਮੈਂ ਵੇਖਿਆ ਤੇ ਫੇਰ ਹੋਰ ਚੰਗੀ ਤਰ੍ਹਾਂ ਨੀਝ ਨਾਲ ਵੇਖਿਆ। ਮੂੰਹ ਦੇ ਅੱਧ ਤੱਕ ਗਿਆ ਪਾਣੀ ਦਾ ਗਲਾਸ ਥੱਲੇ ਕਰ ਲਿਆ ਤੇ ਕਿਹਾ, "ਚਲੋ ਕੋਈ ਗੱਲ ਨਹੀਂ। ਬਾਅਦ ਵਿਚ ਪੀ ਲਊਗਾਂ," ਤੇ ਗਲਾਸ ਸਿਪਾਹੀ ਵੱਲ ਕਰ ਦਿੱਤਾ।

"ਕੀ ਗੱਲ, ਪਾਣੀ 'ਚ ਕੁਝ ਖਰਾਬੀ ਹੈ?"

"ਗਲਾਸ ਸਾਫ ਨਹੀਂ ਜ਼ਰਾ", ਮੈਂ ਕਿਹਾ ਤਾਂ ਸਿਪਾਹੀ ਵੀ ਆਪਣੀ ਗਲਤੀ ਸਮਝ ਗਿਆ। ਉਸ ਝੱਟ ਪਾਣੀ ਖੁਲੇ ਦਰਵਾਜੇ ਥਾਣੀਂ ਬਾਹਰ ਡੋਲ੍ਹ ਦਿੱਤਾ ਤੇ ਕਿਹਾ "ਮੈਂ ਅਭੀ ਔਰ ਲਾਯਾ"

ਹੁਣ ਉਹ ਦੂਜੀ ਵਾਰ ਗਲਾਸ ਮਾਂਜ ਕੇ ਪਾਣੀ ਲਿਆਇਆ, ਮੈਂ ਫੜਿਆ ਤੇ ਪੀ ਲਿਆ।

"ਸਰਦਾਰ ਸਾਹਿਬ ਚਾਹ ਪੀਓਗੇ?" ਇਕ ਅਫ਼ਸਰ ਨੇ ਪੁਛਿਆ।

"ਨਹੀਂ ਜੀ, ਸ਼ੁਕਰੀਆ।"

"ਐਸੀ ਕੀ ਗੱਲ ਹੋ ਗਈ, ਤੁਹਾਨੂੰ ਬੈਠਣ ਲਈ ਕਿਹਾ, ਤੁਸੀਂ ਬੈਠੇ ਨਹੀਂ, ਹੁਣ ਤੁਸੀਂ ਚਾਹ ਵੀ ਨਹੀਂ ਪੀਂਦੇ, ਕੀ ਕੋਈ ਨਰਾਜ਼ਗੀ ਹੈ?"

ਅਫ਼ਸਰ ਦੀਆਂ ਅੱਖਾਂ ਵਿਚ ਸ਼ਰਾਰਤ ਸੀ, ਜਿਸ ਨੂੰ ਮੈਂ ਬਾਖੂਬੀ ਤਾੜ ਗਿਆ ਸਾਂ। ਇਸ ਲਈ ਮੈਂ ਢੁਕਵਾਂ ਉਤਰ ਦੇਣਾ ਹੀ ਜਾਇਜ ਸਮਝਿਆ। ਕਿਉਂਕਿ ਇਕ ਗੱਲ ਤਾਂ ਬੜੀ ਸਾਫ ਤੇ ਸਪੱਸ਼ਟ ਸੀ ਕਿ ਹੁਣ ਖੂਹ ਵਿਚ ਇੱਟ ਡਿੱਗ ਚੁੱਕੀ ਸੀ ਤੇ ਮੈਨੂੰ ਪਤਾ ਸੀ ਕਿ ਇਹ ਹੁਣ ਸੁੱਕੀ ਨਹੀਂ ਨਿਕਲਣੀ। ਇਸ ਲਈ ਨੀਵਾਂ ਡਿਗਣਾ ਤੇ ਆਜ਼ਜ਼ੀ ਵਿਚ ਆਉਣਾ ਸਿਰਫ ਆਤਮ ਗਿਲਾਨੀ ਹੀ ਨਹੀਂ ਸਗੋਂ ਲਾਅਨਤ ਵੀ ਸੀ। 'ਤੇਲੀ ਵੀ ਕੀਤਾ ਤੇ ਰੁੱਖਾ ਵੀ ਖਾਧਾ' ਦੇ ਅਖਾਣ ਵਾਂਗ ਅੱਤਵਾਦੀ ਵੀ ਅਖਵਾਇਆ ਤੇ ਮਿੰਨਤਾਂ ਵੀ ਕੀਤੀਆਂ ਤਾਂ ਫਿਰ ਫਾਇਦਾ ਕੀ ਹੋਇਆ? ਮੈਂ ਸਹਿਜ ਭਾਅ ਨਾਲ ਬੋਲਿਆ "ਨਰਾਜ਼ਗੀ ਕਾਹਦੀ ਹੈ ਜੀ, ਤੁਸੀਂ ਭਾਰਤ ਮਾਤਾ ਦੇ ਸੱਚੇ ਸੁੱਚੇ ਸਪੂਤ, ਅਸੀਂ ਦੇਸ਼ ਧ੍ਰੋਹੀ ਤੇ ਗੱਦਾਰ ਤੇ ਅੱਤਵਾਦੀ ਵੱਖਰੇ। ਸਾਡਾ ਤੁਹਾਡਾ ਸਾਹਿਬ ਬਹਾਦਰ ਕੀ ਮੁਕਾਬਲਾ ਹੈ। ਇਕ ਪਾਸੇ ਭੁੰਜੇਂ ਬਹੀਏ, ਨਾਲੇ ਹੱਥਕੜੀਆਂ ਨਾਲ ਜਕੜੇ ਹੱਥਾਂ ਨਾਲ ਚਾਹ ਵੀ ਪੀਈਏ। ਇਹ ਤਾਂ ਤੁਹਾਡੀ ਸ਼ਾਨ ਵਿਚ ਗੁਸਤਾਖੀ ਵਾਲੀ ਗੱਲ ਹੋਊ। ਆਪਣੇ ਮਾਲਕਾਂ ਦੀ ਸ਼ਾਨ ਵਿਚ ਸਾਡੇ ਵਲੋਂ ਗੁਸਤਾਖੀ ਨਾਲ ਤਾਂ ਅਸੀਂ ਹੋਰ ਵੀ ਕਸੂਰਵਾਰ ਹੋ ਜਾਵਾਂਗੇ।" ਮੈਂ ਗੱਲ ਕਰਕੇ ਚੁੱਪ ਹੀ ਹੋ ਗਿਆ।

ਇਕ ਅਫ਼ਸਰ ਜੋ ਮੇਰੇ ਨਾਲ ਹੀ ਬੈਠਾ ਸੀ, ਝੱਟ ਉਠ ਕੇ ਖਲੋ ਗਿਆ ਤੇ ਕੁਰਸੀ ਮੇਰੇ ਵੱਲ ਕਰਕੇ ਕਿਹਾ "ਲਉ ਸਰਦਾਰ ਸਾਹਿਬ, ਬੈਠੋ। ਛੋਟੀ ਸੀ ਬਾਤ ਕੇ ਲੀਏ ਹਮ ਆਪਕੋ

ਨਰਾਜ਼ ਨਹੀਂ ਕਰੋਂਗੇ।" ਮੈਂ ਉਸਦੀ ਬਾਂਹ ਫੜ ਕੇ ਥੱਲੇ ਨੂੰ ਬੈਠਾਉਣ ਦਾ ਜ਼ੋਰ ਜਿਹਾ ਲਾਉਂਦਿਆਂ ਕਿਹਾ "ਨਹੀਂ ਜਨਾਬ, ਤੁਸੀਂ ਬੈਠੋ ਕੋਈ ਗੱਲ ਨਹੀਂ। ਮੇਰਾ ਖਲੋਤੇ ਦਾ ਕੁਝ ਨਹੀਂ ਵਿਗੜਦਾ"। "ਲਉ ਸਰਦਾਰ ਸਾਹਿਬ ਮੈਨੇ ਤੋ ਆਪ ਕੇ ਲੀਏ ਅਪਨੀ ਕੁਰਸੀ ਖਾਲੀ ਕਰ ਦੀ ਹੈ। ਅਬ ਆਪ ਕੀ ਮਰਜੀ"। ਉਸਨੇ ਬਹੁਤ ਹੀ ਸ਼ਰਾਰਤ ਭਰੇ ਅੰਦਾਜ਼ ਵਿਚ ਆਖਿਆ। "ਸਾਹਿਬ ਬਹਾਦਰ ਕੁਰਸੀ ਤੇ ਤੁਸਾਂ ਖਾਲੀ ਕਰ ਦਿੱਤੀ, ਤੁਹਾਡੀ ਮਿਹਰਬਾਨੀ। ਆਹ ਪੁਆਉਣ ਲਈ ਕੌਣ ਆਏਗਾ? ਤੁਸੀਂ ਤਾਂ ਕੁਰਸੀ ਛੱਡ ਕੇ ਪਹਿਲੇ ਈ ਬਹੁਤ ਮਿਹਰਬਾਨੀ ਕਰ ਚੁਕੇ ਹੋ।" ਉਸੇ ਹੀ ਅੰਦਾਜ਼ ਵਿਚ ਮੈਂ ਕਹਿ ਦਿੱਤਾ। "ਤੋ ਆਪਕਾ ਮਤਲਬ ਹੈ ਕਿ ਯਹ ਹੱਥਕੜੀਆਂ ਭੀ ਹਮ ਮੇਂ ਸੇ ਕੋਈ ਪਹਿਨ ਲੇ?" ਇਕ ਅਫ਼ਸਰ, ਜੋ ਹੁਣ ਤੱਕ ਬਹੁਤ ਘੱਟ ਬੋਲਿਆ ਸੀ, ਨੇ ਕਿਹਾ। "ਹਾਂ, ਜੀ ਅਗਰ ਮਿਹਰਬਾਨੀ ਹੋ ਜਾਏ ਤਾਂ ਚੰਗਾ ਹੀ ਹੈ, ਫਿਰ ਮੈਂ ਵੀ ਤੁਹਾਡੇ ਵਾਂਗ ਬੈਠ ਜਾਵਾਂ" ਮੇਰੇ ਇਹ ਕਹਿਣ 'ਤੇ ਉਹ ਚਾਰੇ ਤਾਂ ਕੀ ਨਾਲ ਬੈਠੇ ਦੋ ਸਿਪਾਹੀ ਵੀ ਖਿੜ ਖਿੜਾ ਕੇ ਹੱਸ ਪਏ ਤੇ ਕਿੰਨਾ ਚਿਰ ਹੱਸਦੇ ਹੀ ਰਹੇ। "ਖ਼ੂਬ ਮਜ਼ਾ ਆਇਆ", ਇਕ ਨੇ ਆਖਿਆ। ਮਜਾ ਤਾਂ ਸਾਲਿਆਂ ਤੈਨੂੰ ਚੰਗੀ ਤਰ੍ਹਾਂ ਲਿਆ ਦਿਆਂ ਜੇ ਕਿਤੇ ਹੱਥ ਖੁੱਲ੍ਹੇ ਹੁੰਦੇ ਤਾਂ, ਮੈਂ ਆਪਣੇ ਮਨ ਹੀ ਮਨ ਆਖ ਗਿਆ। ਹੋਰ ਕਈ ਸਵਾਲ ਪੁਛਦਿਆਂ ਕਰਦਿਆਂ ਹੁਣ ਪੂਰੇ ਤਿੰਨ ਘੰਟੇ ਹੋ ਗਏ ਸਨ। ਮੇਰੇ ਪੈਰ ਥਕਾਵਟ ਨਾਲ ਚੂਰ ਹੋ ਗਏ ਸਨ। ਸਰੀਰ ਟੁੱਟਦਾ ਸੀ ਤੇ ਖੜੇ ਰਹਿਣਾ ਔਖਾ ਹੋਇਆ ਪਿਆ ਸੀ। ਤਿੰਨ ਘੰਟੇ ਦੀ ਬੈਠਕ ਨੇ ਉਨ੍ਹਾਂ ਅਫ਼ਸਰਾਂ ਦੇ ਵੀ ਵਾਜੇ ਵਜਾ ਦਿੱਤੇ ਸਨ। ਉਹ ਵੀ ਥੱਕ ਕੇ ਉਬਾਸੀਆ ਲੈ ਰਹੇ ਸਨ। "ਸਰਦਾਰ ਸਾਹਿਬ, ਇਤਨਾ ਸਮਾਂ ਭੀ ਲਗ ਗਿਆ ਲੇਕਿਨ ਹਮਾਰੇ ਪੱਲੇ ਭੀ ਕੁਛ ਨਹੀਂ ਪੜਾ, ਕਯਾ ਫਾਇਦਾ ਹੁਆ?" ਉਨ੍ਹਾਂ ਨੇ ਲਿਖ ਲਿਖ ਕੇ ਵੀਹ-ਵੀਹ ਕਾਗਜ਼ ਕਾਲੇ ਕਰ ਸੁੱਟੇ ਸਨ ਤੇ ਉਹ ਵੀ ਬੁਰੀ ਤਰ੍ਹਾਂ ਥੱਕੇ ਪਏ ਸਨ। ਅਖੀਰ ਇਕ ਨੇ ਘੜੀ ਵੱਲ ਵੇਖਦਿਆਂ ਕਿਹਾ, "ਚਲੋ ਫਿਰ ਜਾਨੇ ਦੋ ਇਨਕੋ" ਤੇ ਸਿਪਾਹੀ ਉਠ ਕੇ ਖਲੋ ਗਏ। ਅਗਲੇ ਹੀ ਪਲ ਸਾਰੇ ਗੱਡੀ ਵੱਲ ਨੂੰ ਤੁਰ ਪਏ।

ਹਵਾਲਾਤ ਵਿਚ ਜਾ ਕੇ, ਮੈਂ ਰੱਜ ਕੇ ਪਾਣੀ ਪੀਤਾ। ਰੋਟੀ ਵੀ ਮੈੱਸ ਵਿਚੋਂ ਮੰਗਵਾ ਲਈ ਤੇ ਖਾ ਕੇ ਮੈਂ ਲੰਮਾ ਪੈ ਗਿਆ। ਜਦੋਂ ਦੋ ਘੰਟੇ ਬਾਅਦ ਉਠਿਆ ਤਾਂ ਸਾਰਿਆਂ ਨੇ ਕਿਹਾ "ਯਾਰ ਤੂੰ ਤਾਂ ਬਹੁਤ ਘੁਰਾੜੇ ਮਾਰੇ ਪਰ ਅਸੀਂ ਤੈਨੂੰ ਜਗਾਇਆ ਨਹੀਂ, ਕੀ ਗੱਲ ਥੱਕ ਗਿਆ ਸੀ?" ਥੋੜੀ ਦੇਰ ਬਾਅਦ ਹੀ ਚਾਹ ਮੰਗਵਾਈ ਗਈ। ਗੱਡੀ ਚਾਹ ਪੀਂਦਿਆਂ ਹੀ ਆ ਕੇ ਖੜੀ ਹੋ ਗਈ ਸੀ। ਹੁਣ ਵਾਰੀ ਫਿਰ ਮੇਰੀ ਤੇ ਦੋ ਹੋਰ ਬੰਦਿਆਂ ਦੀ ਸੀ। ਸਾਰੇ ਫੇਰ ਰੈਸਟ ਹਾਊਸ ਪਹੁੰਚ ਗਏ।

ਹੁਣ ਵਾਲੀ ਟੀਮ ਵਿਚ ਦੋ ਮਦਰਾਸੀ ਸਨ, ਜਿਨ੍ਹਾਂ ਵਿਚੋਂ ਇਕ ਤਾਂ ਪਹਿਲਾਂ ਵੀ ਇਕ ਵਾਰੀ ਬੈਠਾ ਸੀ ਪਰ ਇਕ ਬਿਲਕੁਲ ਨਵਾਂ ਸੀ ਤੇ ਇਉਂ ਲੱਗਦਾ ਸੀ ਜਿਵੇਂ ਅੱਜ ਹੀ ਆਇਆ ਹੈ। ਅੱਜ ਤੋਂ ਪਹਿਲਾਂ ਮੈਂ ਉਸ ਨੂੰ ਪਹਿਲਾਂ ਨਹੀਂ ਸੀ ਵੇਖਿਆ। ਸਰਦਾਰ ਵੀ ਇਸ ਟੀਮ ਵਿਚ ਸੀ। ਪਰ ਨਵਾਂ ਆਉਣ ਵਾਲਾ ਮਦਰਾਸੀ ਸੀਨੀਅਰ ਜਾਪਦਾ ਸੀ। ਇਨ੍ਹਾਂ ਦਾ ਇਕ ਤਰੀਕਾ ਇਹ ਵੀ ਹੈ ਕਿ ਦੂਸਰੇ ਦੇ ਜਾਂ ਸੀਨੀਅਰ ਦੇ ਆਉਣ 'ਤੇ ਇਹ ਨਾ ਤਾਂ ਆਉਣ ਵਾਲੇ ਨੂੰ ਇੱਜ਼ਤ ਦੇਂਦੇ ਹਨ ਤੇ ਨਾ ਹੀ ਉਠ ਕੇ ਖਲੋਂਦੇ ਹਨ। ਇਸ ਲਈ ਇਹ ਪਤਾ ਲਾਉਣਾ ਬਹੁਤ ਹੀ ਮੁਸ਼ਕਲ ਹੈ ਕਿ ਇਹ ਦੂਸਰੇ ਤੋਂ ਵੱਡਾ ਹੈ ਜਾਂ ਛੋਟਾ ਹੈ। ਸਿੱਖ ਅਫ਼ਸਰ ਦਾ ਤੇ ਪੰਜਾਬੀ ਹਿੰਦੂ ਅਫ਼ਸਰਾਂ ਦਾ ਰਵੱਈਆ ਬਹੁਤ ਹੀ ਮਾੜਾ ਅਤੇ ਨਿੰਦਣਯੋਗ

ਹੈ। ਜਿਥੇ ਹਿੰਦੂ ਅਫ਼ਸਰ ਮੁਲਜ਼ਮਾਂ ਨਾਲ ਜਾਣ ਬੁੱਝ ਕੇ ਮਾੜਾ ਵਿਹਾਰ ਕਰਦੇ ਹਨ, ਉਥੇ ਸਿੱਖ ਅਫ਼ਸਰ, ਸਿਰਫ ਇਹ ਦੱਸਣ ਵਾਸਤੇ ਕਿ ਉਹ ਦੇਸ਼ ਭਗਤ ਹਨ ਤੇ ਦੇਸ਼ ਦੇ ਵਫਾਦਾਰ ਹਨ, ਇਸ ਲਈ ਵਿਗੜੇ ਹੋਏ ਸਿੱਖ ਸਮਝ ਕੇ, ਉਨ੍ਹਾਂ ਨਾਲ ਬੁਰਾ ਸਲੂਕ ਕਰਨਾ ਆਪਣਾ ਫਰਜ਼ ਸਮਝਦੇ ਹਨ। ਵੈਸੇ ਵੀ ਐਸੀਆਂ ਸਿੱਖ ਧਰਮ ਦੀਆਂ ਬਹੁਤ ਸਾਰੀਆਂ ਗੱਲਾਂ ਹਨ, ਜੋ ਉਹ ਸਿੱਖ ਨਾ ਦੱਸੇ ਤਾਂ ਦੂਜਿਆਂ ਨੂੰ ਪਤਾ ਹੀ ਨਹੀਂ ਲੱਗ ਸਕਦਾ। ਇਹ ਸਿੱਖ ਤਾਂ ਭਾਰਤ ਦਾ ਵਫਾਦਾਰ ਤੇ ਵੱਡਾ ਪੁੱਤਰ ਬਣ ਕੇ ਬਰੀਕ ਤੋਂ ਬਰੀਕ ਗੱਲ ਵੀ ਪੁੱਛਣ ਤੋਂ ਨਹੀਂ ਸੀ ਟਲਦਾ। ਸੰਤਾਂ ਬਾਰੇ ਸਵਾਲ ਉਸ ਇਉਂ ਕੀਤੇ ;

"ਸੰਤ ਨੂੰ ਕਦੋਂ ਮਿਲੇ?"

"ਕਿਹੜੇ ਸੰਤ ਨੂੰ?"

"ਇਕੋ ਹੀ ਤਾਂ ਸੰਤ ਹੈ, ਜਿਸ ਨੇ ਸਾਰਿਆਂ ਨੂੰ ਵਖਤ ਪਾਇਆ ਹੋਇਆ ਹੈ।"

"ਕੌਣ ਲੌਂਗੋਵਾਲ?" ਮੈਂ ਜਾਣ ਕੇ ਚਿੜਾਉਣ ਲਈ ਉਸ ਨੂੰ ਪੁਛਿਆ।

"ਤੁਹਾਨੂੰ ਨਹੀਂ ਪਤਾ, ਕਿਹੜਾ ਸੰਤ?"

"ਮੈਨੂੰ ਕੀ ਪਤਾ ਹੈ, ਤੁਸੀਂ ਕਿਸ ਦੀ ਗੱਲ ਕਰਦੇ ਹੋ? ਏਥੇ ਤਾਂ ਇੱਟ ਪੁੱਟੋ ਤੇ ਸੰਤ ਨਿਕਲ ਆਉਂਦਾ ਹੈ, ਇੱਟ ਪੁੱਟੋ ਤੇ ਕੀ ਇੱਟ ਦੇ ਉਤੇ ਦਸ ਦਸ ਸੰਤ ਬੈਠੇ ਹਨ।"

"ਮੈਂ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗੱਲ ਕਰਦਾ ਹਾਂ।"

"ਮੈਂ ਉਨ੍ਹਾਂ ਨੂੰ ਅੱਜ ਤੱਕ ਕਦੀ ਨਹੀਂ ਵੇਖਿਆ।"

"ਹੈਂ! ਹੈਂ! ਵੇਖਿਆ ਵੀ ਨਹੀਂ?"

"ਬਿਲਕੁਲ ਨਹੀਂ।"

"ਸਰਦਾਰ ਜੀ, ਕੀ ਗੱਲ ਕਰਦੇ ਹੋ? ਸਾਰੀ ਦੁਨੀਆਂ ਨੇ ਵੇਖਿਆ, ਤੁਸੀਂ ਕਿਉਂ ਨਾ ਵੇਖਿਆ?"

"ਬਸ ਜੀ ਮੇਰੀ ਮਾੜੀ ਕਿਸਮਤ ਸਮਝੋ, ਮੈਂ ਦਰਸ਼ਨ ਕਰ ਈ ਨਾ ਸਕਿਆ।"

"ਵੈਸੇ ਤੁਸੀਂ ਉਸ ਦੀ ਦਿਲੋਂ ਇਜ਼ਤ ਕਰਦੇ ਹੋ?" ਸਿੱਖ ਅਫ਼ਸਰ ਨੇ ਇਸ ਤਰ੍ਹਾਂ ਪੁਛਿਆ, ਜਿਵੇਂ ਉਸ ਨੂੰ ਕੋਈ ਸ਼ੱਕ ਹੋਵੇ।

"ਹਾਂ, ਉਹ ਬਹੁਤ ਮਾਣਯੋਗ ਸਖਸ਼ੀਅਤ ਸਨ।"

"ਉਹ ਕਿਵੇਂ?"

"ਸੰਤ ਸਿਪਾਹੀ ਕਹਿ ਲਓ ਤਾਂ ਜ਼ਿਆਦਾ ਢੁਕਦਾ ਹੈ। ਉਹ ਮਰਦ ਸੀ, ਜਿਸ ਗੱਲ ਨੂੰ ਮੂੰਹੋਂ ਕੱਢ ਦਿੱਤਾ, ਲਗਦੇ ਵਾਹ ਪੂਰੀ ਕੀਤੀ। ਕਹਿੰਦੇ ਹਨ, ਉਹ ਭਜਨ ਬੰਦਗੀ ਵੀ ਬਹੁਤ ਕਰਦੇ ਸਨ ਪਰ ਮੇਰੀ ਮਾੜੀ ਕਿਸਮਤ ਮੈਂ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸਕਿਆ।" ਮੈਂ ਅਫਸੋਸ ਪ੍ਰਗਟ ਕਰ ਰਿਹਾ ਸੀ। ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਦਰਸ਼ਨ ਨਾ ਕਰਨ ਦਾ ਮੈਨੂੰ ਬਹੁਤ ਅਫਸੋਸ ਹੋਵੇ, ਜਿਹੜਾ ਕਿ ਸੱਚਮੁੱਚ ਹੈ ਵੀ ਸੀ।

"ਸੰਤ ਲੌਂਗੋਵਾਲ ਭਜਨ ਬੰਦਗੀ ਨਹੀਂ ਸੀ ਕਰਦੇ?"

"ਮੈਨੂੰ ਜੀ ਕੀ ਪਤਾ, ਮੈਂ ਕਿਹੜਾ ਉਹਦਾ ਪੀ.ਏ. ਲੱਗਾ ਰਿਹਾਂ?"

"ਸਰਦਾਰ ਸਾਹਿਬ, ਮੈਂ ਤੁਹਾਨੂੰ ਇਹ ਜਿਹੜੀਆਂ ਗੱਲਾਂ ਪੁੱਛ ਰਿਹਾਂ ਹਾਂ, ਉਹ ਤੁਹਾਡੇ ਸਾਹਮਣੇ ਲਿਖ ਨਹੀਂ ਰਿਹਾ। ਇਹ ਆਪਣੀਆਂ ਇਕ ਤਰ੍ਹਾਂ ਦੀਆਂ ਜਾਤੀ ਗੱਲਾਂ ਹਨ। ਤੁਸੀਂ ਬੇਸ਼ੱਕ ਖੁਲ੍ਹ ਕੇ ਗੱਲ ਕਰੋ। ਗੱਲ ਕਰਨ ਦਾ ਤਾਂ ਕੋਈ ਹਰਜ਼ ਨਹੀਂ, ਨਾ ਹੀ

ਕੋਈ ਜੁਰਮ ਬਣਦਾ ਹੈ।" ਉਹ ਸ਼ੈਤਾਨ ਅਫ਼ਸਰ ਮੈਨੂੰ ਵਰਗਲਾ ਰਿਹਾ ਸੀ ਪਰ ਮੈਨੂੰ ਏਨੇ ਦਿਨਾਂ ਦਾ ਤਜਰਬਾ ਦੱਸਦਾ ਸੀ ਕਿ ਲਾਲ ਨਿਸ਼ਾਨ ਤੋਂ ਅਗਾਂਹ ਨਹੀਂ ਟੱਪਣਾ। ਇਸ ਲਈ ਬਗੈਰ ਗੁੱਸੇ ਵਿਚ ਆਇਆ, ਮੈਂ ਸਹਿਜ ਭਾਅ ਨਾਲ ਜਵਾਬ ਦੇਂਦਾ ਸਾਂ। ਪਰ ਸਿੱਖ ਅਫ਼ਸਰ ਮੇਰੇ ਮੂੰਹੋਂ ਅੰਗਿਆਰ ਕਢਵਾਉਣਾ ਚਾਹੁੰਦਾ ਸੀ, ਜਿਸ ਨੂੰ ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾ ਸਾਂ।

"ਆਹ ਜਿਹੜਾ ਅਟੈਚੀ ਰਖਿਆ ਹੋਇਆ ਹੈ, ਇਸ ਦੇ ਹੁੰਦਿਆਂ ਲਿਖਣ ਦੀ ਕੀ ਲੋੜ ਹੈ? ਮੇਰੇ ਜਾਣ ਤੋਂ ਬਾਅਦ ਹੌਲੀ ਟੇਪ ਕਰਕੇ ਇਕੱਲੇ ਇਕੱਲੇ ਲਫਜ਼ ਦਾ ਮਤਲਬ ਕੱਢ ਲੈਣਾ ਹੈ," ਨਾਲ ਹੀ ਮੈਂ ਜ਼ੋਰ ਦੀ ਠਹਾਕਾ ਮਾਰਿਆ। ਮੈਨੂੰ ਹਸਦਿਆਂ ਵੇਖ ਕੇ ਉਹ ਮਦਰਾਸੀ ਵੀ ਬਗੈਰ ਸਮਝੇ ਤੋਂ ਹੀ ਹੱਸ ਪਿਆ ਤੇ ਉਸ ਨੇ ਸਰਦਾਰ ਨੂੰ ਪੁਛਿਆ, "ਕੀ ਮਾਮਲਾ ਹੈ?"

"ਇਹ ਟੇਪ ਰੀਕਾਰਡਰ ਨੂੰ ਪਛਾਣ ਗਏ ਹਨ।"

"ਸਰਦਾਰ ਜੀ, ਹੁਣ ਜਦੋਂ ਮੈਨੂੰ ਪਤਾ ਲੱਗ ਹੀ ਗਿਆ ਹੈ ਕਿ ਇਹ ਟੇਪ ਰੀਕਾਰਡਰ ਹੈ, ਜ਼ਰਾ ਖੋਲ੍ਹ ਕੇ ਦਿਖਾ ਤਾਂ ਦਿਓ ਕਿ ਇਹ ਕਿੰਨਾ ਕੁ ਵੱਡਾ ਹੈ ਤੇ ਕਿਸ ਤਰ੍ਹਾਂ ਫ਼ਿੱਟ ਕੀਤਾ ਹੋਇਆ ਹੈ?"

"ਇਹ ਨਹੀਂ ਹੋ ਸਕਦਾ ਜੀ, ਬੱਸ ਤੁਸਾਂ ਪਛਾਣ ਲਿਆ ਏਨਾ ਹੀ ਬੜਾ ਹੈ। ਲੱਗਦਾ ਹੈ ਤੁਸੀਂ ਕਿਸੇ ਐਸੇ ਬੰਦੇ ਨੂੰ ਮਿਲੇ ਹੋ, ਜਿਸ ਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਹੈ। ਤੁਸੀਂ ਤਾਂ ਇਸ ਤਰ੍ਹਾਂ ਲੱਗਦੇ ਹੋ, ਜਿਵੇਂ ਕਿਤੋਂ ਟਰੇਨਿੰਗ ਲਈ ਹੁੰਦੀ ਹੈ ਜਾਂ ਕਿਸੇ ਨੇ ਤੁਹਾਨੂੰ ਟਰੇਨਿੰਗ ਦਿੱਤੀ ਹੋਈ ਹੈ। ਅੱਛਾ! ਇਹ ਦੱਸੋ ਤੁਸੀਂ ਪਹਿਲਾਂ ਵੀ ਕਦੀ ਫੜੇ ਗਏ ਹੋ, ਸੀ.ਬੀ.ਆਈ. ਦੁਆਰਾ?"

"ਨਹੀਂ ਜੀ, ਤੇ ਟਰੇਨਿੰਗ ਮੈਨੂੰ ਕੀਹਨੇ ਦੇਣੀ ਸੀ, ਇਹ ਤਾਂ ਦਿਮਾਗ਼ ਦੀ ਗੱਲ ਹੈ।"

"ਕਿਸ ਤਰ੍ਹਾਂ?" ਸਾਲਾ ਢੀਠ ਅਫ਼ਸਰ ਗੱਲ ਛੱਡਦਾ ਨਹੀਂ ਸੀ ਦਿਸਦਾ।

"ਇਸ ਕਿਸਮ ਦੇ ਅਟੈਚੀ ਨੂੰ ਟੇਬਲ 'ਤੇ ਕੌਣ ਰੱਖਦਾ ਹੈ? ਫਿਰ ਤੁਹਾਡੇ ਕੋਲ ਦੋ ਹੋਰ ਅਟੈਚੀ ਵੀ ਹਨ। ਉਹ ਔਹ ਭੁੰਜੇ ਪਏ ਹਨ। ਉਨ੍ਹਾਂ ਨੂੰ ਖੋਲ੍ਹ ਕੇ ਬਾਊ ਜੀ ਨੇ ਦੋ ਵਾਰ ਕਾਗਜ਼ ਕੱਢੇ ਹਨ ਤੇ ਰੱਖੇ ਹਨ, ਪਰ ਇਹ ਸਜਾਅ ਕੇ ਟੇਬਲ 'ਤੇ ਰਖਿਆ ਹੋਇਆ ਹੈ। ਸਿੱਧੀ ਗੱਲ ਹੈ ਕਿ ਇਹ ਅਟੈਚੀ ਨਹੀਂ ਕੁਝ ਹੋਰ ਹੈ। ਨਾਲੇ ਖੁਲ੍ਹਣ ਵਾਲੇ ਕੁੰਡੇ ਕਾਫੀ ਦੇਰ ਤੋਂ ਖੁਲ੍ਹੇ ਨਹੀਂ ਲੱਗਦੇ, ਤੁਸੀਂ ਆਪ ਵੇਖੋ ਨਾ, ਕੁੰਡਿਆਂ ਵੱਲ।" ਬਾਕੀ ਦੂਸਰੇ ਅਫ਼ਸਰ ਵੀ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸਧਾਰਣ ਆਦਮੀ ਸਾਡਾ ਟੇਪ ਫੜ ਗਿਆ ਹੈ ਤਾਂ ਉਹ ਵੀ ਨਰਾਜ਼ ਹੋਣ ਦੀ ਥਾਂ ਬੇਸ਼ਰਮਾਂ ਵਾਂਗ ਖੁਸ਼ ਹੀ ਹੋਏ ਬਲਕਿ ਇਕ ਨੇ ਤਾਂ ਮੇਰੇ ਮੋਢੇ 'ਤੇ ਥਾਪੀ ਵੀ ਦਿੱਤੀ।

"ਅੱਛਾ ਹੁਣ ਤੁਸੀਂ ਕੁਝ ਸਾਡੇ ਪਿੜ ਪੱਲੇ ਪਾ ਦਿਓ। ਅਸੀਂ ਏਥੇ ਏਨੀ ਗਰਮੀ ਵਿਚ ਰਹਿ ਕੇ ਬੜੇ ਦੁਖੀ ਹਾਂ। ਰੋਜ਼ ਭਿੰਡੀਆਂ ਤੋਰੀਆਂ ਦੀ ਸਬਜੀ ਖਾ ਖਾ ਅੱਕ ਗਏ ਹਾਂ। ਸਾਡੇ 'ਤੇ ਕੁਝ ਤਰਸ ਖਾਓ। ਨਾਲੇ ਸਾਨੂੰ ਪਤਾ ਹੈ ਤੁਸੀਂ ਤਾਂ ਬਹੁਤ ਹੀ ਦੁਖੀ ਹੋ। ਸੱਚੀ ਗੱਲ ਹੈ, ਜਿਥੇ ਅਸਾਂ ਤੁਹਾਨੂੰ ਰੱਖਿਆ ਹੋਇਆ ਹੈ, ਉਹ ਥਾਂ ਬਹੁਤ ਹੀ ਮਾੜੀ ਹੈ ਤੇ ਸਾਨੂੰ ਇਹ ਵੀ ਫ਼ਿਕਰ ਹੈ ਕਿ ਤੁਸੀਂ ਕਿਤੇ ਉਥੇ ਬੀਮਾਰ ਨਾ ਹੋ ਜਾਓ। ਏਨੇ ਬੰਦਿਆਂ ਦਾ ਏਨੇ ਥੋੜੇ ਥਾਂ ਵਿਚ ਰਹਿਣਾ ਬਹੁਤ ਮੁਸ਼ਕਲ ਹੈ। ਸਫਾਈ ਦਾ ਪ੍ਰਬੰਧ ਅਸੀਂ ਕਰਵਾਉਣਾ ਚਾਹੁੰਦੇ ਹਾਂ ਪਰ

ਜਮਾਂਦਾਰ ਕੋਈ ਨਹੀਂ ਮਿਲਦਾ। ਤੁਸੀਂ ਵੀ ਦੁਖੀ ਹੋ, ਅਸੀਂ ਵੀ ਤੰਗ ਹਾਂ, ਕਿਉਂ ਨਹੀਂ ਗੱਲ ਸਪੱਸ਼ਟ ਕਰਕੇ ਸਿਆਪਾ ਮੁਕਾਉਂਦੇ?" ਇਕ ਹਿੰਦੂ ਅਫ਼ਸਰ, ਜੋ ਕਦੀ ਵੀ ਪਹਿਲਾਂ ਨਹੀਂ ਸੀ ਬੋਲਿਆ ਤੇ ਮੈਂ ਉਸ ਨੂੰ ਹਿੰਦੀ ਬੋਲਣ ਤੇ ਸਮਝਣ ਵਾਲਾ ਸਮਝਦਾ ਰਿਹਾ, ਠੇਠ ਪੰਜਾਬੀ ਵਿਚ ਕਿੱਡਾ ਹੀ ਲੰਬਾ ਚੌੜਾ ਲੈਕਚਰ ਦੇ ਗਿਆ।

ਮੈਂ ਵੀ ਗੰਭੀਰ ਹੋ ਗਿਆ ਤੇ ਮੈਂ ਭੈੜਾ ਜਿਹਾ ਮੂੰਹ ਬਣਾ ਕੇ ਆਖਿਆ "ਸਾਹਿਬ ਬਹਾਦਰ, ਤੁਸੀਂ ਯਕੀਨ ਨਹੀਂ ਕਰਦੇ, ਸੱਚੀ ਗੱਲ ਹੈ ਕਿ ਆਹ ਜਿਹੜੀਆਂ ਗੱਲਾਂ ਤੁਸੀਂ ਮੈਨੂੰ ਪੁੱਛ ਰਹੇ ਹੋ, ਇਨ੍ਹਾਂ ਬਾਰੇ ਮੈਂ ਕੁਝ ਨਹੀਂ ਜਾਣਦਾ। ਤੁਸੀਂ ਤਾਂ ਜਨਾਬ ਏਥੇ ਰੈਸਟ ਹਾਊਸ ਵਿਚ ਠਹਿਰੇ ਹੋਏ ਹੋ, ਉਪਰ ਪੱਖਾ ਚੱਲਦਾ ਹੈ ਪਰ ਅਸੀਂ ਬਗੈਰ ਪੱਖੇ ਤੋਂ ਏਨੇ ਗੰਦੇ ਥਾਂ ਵਿਚ ਡੱਕੇ ਹੋਏ ਹਾਂ ਕਿ ਅੰਗਰੇਜ਼ਾਂ ਦੀ ਯਾਦ ਤਾਜ਼ਾ ਹੁੰਦੀ ਹੈ। ਅਜੇ ਕੱਲ ਹੀ ਤੁਹਾਡਾ ਇਕ ਛੋਟਾ ਅਫ਼ਸਰ ਆਖ ਰਿਹਾ ਸੀ, 'ਮੁਲਜ਼ਮ ਨੂੰ ਰੱਖਣ ਦਾ ਵਧੀਆ ਤਰੀਕਾ ਤਾਂ ਅੰਗਰੇਜ਼ਾਂ ਦਾ ਸੀ, ਮੁਲਜ਼ਮ ਨੂੰ ਏਨਾ ਤੰਗ ਕਰੀਦਾ ਸੀ, ਉਹ ਆਪੇ ਸਭ ਕੁਝ ਦੱਸਦਾ ਸੀ, ਏਥੇ ਇਨ੍ਹਾਂ ਨੂੰ ਸਿਰ ਚੜ੍ਹਾਇਆ ਹੋਇਆ ਹੈ।' ਉਹ ਤੁਹਾਡਾ ਮੁਲਾਜ਼ਮ ਜਿਹੜਾ ਔਹ ਸਾਹਮਣੇ ਖੜ੍ਹਾ ਹੈ, ਕੱਲ ਕਹਿ ਰਿਹਾ ਸੀ, 'ਸਿੱਖ ਜੇ ਇਹ ਕਹਿਣਾ ਨਹੀਂ ਛੱਡਦੇ ਕਿ ਅਸੀਂ ਵੱਖਰੀ ਕੌਮ ਹਾਂ ਤਾਂ ਮੇਰੇ ਹਵਾਲੇ ਕੀਤੇ ਜਾਣ, ਮੈਂ ਇਕੱਲਾ ਹੀ ਇਹਨਾਂ ਲਈ ਬੜਾ ਹਾਂ'। ਹੁਣ ਜੇ ਅਸੀਂ ਇਹ ਸੁਣ ਕੇ ਚੁੱਪ ਰਹਿ ਜਾਂਦੇ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਗੁੱਸਾ ਨਹੀਂ ਆਉਂਦਾ। ਪਰ ਅਸੀਂ ਤਾਂ ਹੁਣ ਸੱਚਮੁੱਚ ਹੀ ਮਹਿਸੂਸ ਕਰ ਰਹੇ ਹਾਂ ਕਿ ਅਸੀਂ ਗੁਲਾਮ ਹਾਂ। ਜਿਸ ਤਰ੍ਹਾਂ ਹੱਥਕੜੀਆਂ ਲਾ ਕੇ ਤੁਸੀਂ ਸਾਨੂੰ ਲਿਆਉਂਦੇ ਤੇ ਲਿਜਾਂਦੇ ਹੋ, ਬਦਬੋ ਵਿਚ ਅਸੀਂ ਰਹਿੰਦੇ ਹਾਂ ਸਾਨੂੰ ਕੀ ਪਤਾ ਸੀ, ਅਜ਼ਾਦੀ ਦਾ ਤੋਹਫ਼ਾ ਇਸ ਤਰ੍ਹਾਂ ਦਾ ਮਿਲੇਗਾ। ਮੇਰੇ ਪਿਤਾ ਜੀ ਨੂੰ ਕੈਦ ਕੱਟਣ ਦੀ ਇਸ ਦੇਸ਼ ਦੀ ਅਜ਼ਾਦੀ ਵਾਸਤੇ ਕੀ ਲੋੜ ਸੀ? ਫਿਰ ਮੈਂ ਚਾਰ ਵਾਰ ਖ਼ੂਨ ਕਾਹਨੂੰ ਦੇਣਾ ਸੀ। ਦੋ ਲੜਾਈਆਂ ਵਿਚ ਪੈਸੇ ਕੋਲ ਨਾ ਹੁੰਦਿਆਂ ਵੀ ਹਜ਼ਾਰਾਂ ਰੁਪਏ ਦੇ ਫੰਡ ਦਿੱਤੇ ਤੇ ਆਪ ਮਗਰੋਂ ਆੜ੍ਹਤੀਆਂ ਤੋਂ ਉਧਾਰ ਲੈ ਕੇ ਖੇਤੀ ਦਾ ਕੰਮ ਚਲਾਇਆ। ਉਸ ਮੁਲਾਜ਼ਮ ਨੂੰ ਪੁਛੋ, ਜਦੋਂ ਮੇਰਾ ਪਿਓ ਮੁਲਤਾਨ ਜੇਲ੍ਹ ਵਿਚ ਸੀ, ਉਦੋਂ ਇਹਦਾ ਪਿਓ ਕਿਥੇ ਸੀ? ਜ਼ਰੂਰ ਕਿਤੇ ਪਕੌੜੇ ਤਲਦਾ ਹੋਵੇਗਾ। ਇਸ ਨੇ ਆਪਣੀ ਜ਼ਿੰਦਗੀ ਵਿਚ ਕਿੰਨੀ ਕੁ ਈਮਾਨਦਾਰੀ ਵਰਤੀ ਹੋਵੇਗੀ। ਇਸਦਾ ਅੰਦਾਜ਼ਾ ਏਥੋਂ ਲਾਓ, ਇਸ ਨੇ ਕੱਲ੍ਹ ਮੇਰੀ ਜੇਬ੍ਹ ਵਿਚੋਂ ਚੌਂਤੀ ਰੁਪਏ ਤਲਾਸ਼ੀ ਲੈ ਕੇ ਕੱਢੇ ਹਨ। ਪੈਸੇ ਮੇਰੀ ਜੇਬ੍ਹ ਵਿਚ ਹੀ ਪਏ ਸਨ। ਇਸ ਨੇ ਉਹ ਪੈਸੇ ਲੈ ਲਏ, ਕੀ ਉਹ ਤੁਹਾਡੇ ਕੋਲ ਜਮ੍ਹਾਂ ਕਰਵਾਏ ਹਨ? ਮੈਂ ਕੱਲ ਦੇ ਸਾਰੇ ਅਫ਼ਸਰਾਂ ਨੂੰ ਪੁਛਿਆ ਹੈ, ਕਹਿੰਦੇ ਜਮ੍ਹਾਂ ਨਹੀਂ ਕਰਵਾਏ। ਫਿਰ ਇਸ ਨੂੰ ਤੁਸਾਂ ਸਾਡੀ ਰਾਖੀ ਵਾਸਤੇ ਬਿਠਾ ਛਡਿਆ ਹੈ, ਚਾਹ ਤੇ ਰੋਟੀ ਵੀ ਇਹ ਹੀ ਮੰਗਵਾ ਕੇ ਦੇਂਦਾ ਹੈ। ਚਾਹ ਦੇ ਪੈਸੇ ਸਾਡੇ ਕੋਲੋਂ ਲੈ ਕੇ ਦੇਂਦਾ ਹੈ ਤੇ ਏਧਰ ਬਿੱਲ ਬਣਾ ਕੇ ਤੁਹਾਨੂੰ ਫੜਾ ਦੇਂਦਾ ਹੈ ਤੇ ਕਹਿੰਦਾ ਹੈ, 'ਸਾਰੇ ਸਿੱਖਾਂ ਨੂੰ ਸਰਕਾਰ ਮੇਰੇ ਹਵਾਲੇ ਕਰ ਦੇਵੇ, ਮੈਂ ਇਹਨਾਂ ਨਾਲ ਸਿੱਝਾਂਗਾ।' ਤੁਸੀਂ ਇਸ ਨੂੰ ਬੁਲਾ ਕੇ ਪੁਛੋ ਚਾਹ ਦੇ ਪੈਸੇ ਸਾਡੇ ਕੋਲੋਂ ਕਿਉਂ ਮੰਗਦਾ ਹੈ? ਅਸੀਂ ਏਥੇ ਕੋਈ ਕਮਾਈ ਕਰਦੇ ਹਾਂ? ਫਿਰ ਮੇਰੇ 34 ਰੁਪਏ ਵੀ ਡਕਾਰ ਗਿਆ ਹੈ। ਜੇ ਸਾਨੂੰ ਪਤਾ ਹੁੰਦਾ, ਆਜ਼ਾਦੀ ਏਹੋ ਜਿਹਾਂ ਲਈ ਆਉਣੀ ਹੈ ਤੇ ਅਸਾਂ ਪਿਓ ਪੁੱਤਾਂ ਨੇ ਜੇਲ੍ਹਾਂ ਵਿਚ ਰੁਲਣਾ ਹੈ ਤਾਂ ਸਾਨੂੰ ਸਿੱਖਾਂ ਨੂੰ 85 ਫੀਸਦੀ ਕੁਰਬਾਨੀਆਂ ਕਰਨ ਦੀ ਤੇ ਫਾਂਸੀਆਂ 'ਤੇ ਚੜ੍ਹਨ ਦੀ ਕੀ ਲੋੜ ਸੀ? ਸਾਡੇ ਵਲੋਂ ਤਾਂ ਨਿੱਜ ਇਹ ਮੁਲਕ ਅਜ਼ਾਦ

ਹੁੰਦਾ। ਤੁਹਾਡੇ ਰਾਜ ਨਾਲੋਂ ਤਾਂ ਕਹਿੰਦੇ ਅੰਗਰੇਜ਼ ਦਾ ਰਾਜ ਸੌ ਦਰਜੇ ਚੰਗਾ ਸੀ। ਬੁਰਾ ਸਲੂਕ ਤਾਂ ਉਹ ਉਹਨਾਂ ਨਾਲ ਕਰਦੇ ਸਨ, ਜੋ ਆਜ਼ਾਦੀ ਮੰਗਦੇ ਸਨ। ਦੂਜਿਆਂ ਨੂੰ ਤਾਂ ਉਹ ਕੁਝ ਨਹੀਂ ਸਨ ਕਹਿੰਦੇ। ਮੇਰੇ ਪਿਤਾ ਜੀ ਅਜ਼ਾਦੀ ਮੰਗਦੇ ਸਨ, ਉਨ੍ਹਾਂ ਨੇ ਛੇ ਸਾਲ ਜੇਲ੍ਹ ਕੱਟੀ। 85 ਫੀਸਦੀ ਅਜ਼ਾਦੀ ਵੀ ਅਸਾਂ ਸਿੱਖਾਂ ਨੇ ਮੰਗੀ ਪਰ ਸਾਂਭ ਕੇ ਓਹੋ ਜਿਹੇ ਬਹਿ ਗਏ। ਕੱਲ ਮੈਨੂੰ ਜਿਹੜੀ ਦਵਾਈ ਇਸ ਨੇ ਡਾਕਟਰ ਕੋਲੋਂ ਲਿਆ ਕੇ ਦਿੱਤੀ ਸੀ, ਉਸ ਦੇ ਪੈਸੇ ਵੀ ਮੇਰੇ ਕੋਲੋਂ ਮੰਗਦਾ ਸੀ। ਮੇਰੇ ਸਾਹਮਣੇ ਸੱਦ ਕੇ ਪੁੱਛ ਲਓ ਭਾਵੇਂ।"

ਮੇਰੀਆਂ ਇਹ ਗੱਲਾਂ ਸੁਣ ਕੇ ਸਾਰੇ ਅਫ਼ਸਰਾਂ ਦਾ ਮੂੰਹ ਲਾਲ ਹੋ ਗਿਆ, ਕੁਝ ਸ਼ਰਮ ਨਾਲ ਕੁਝ ਹੈਰਾਨੀ ਨਾਲ। ਉਨ੍ਹਾਂ ਦਾ ਸਟਾਫ ਕੀ ਕਰ ਰਿਹਾ ਹੈ, ਸੁਣ ਕੇ ਉਨ੍ਹਾਂ ਦੇ ਕੰਨਾਂ ਦੀਆਂ ਖਿੜਕੀਆਂ ਖੁੱਲ੍ਹ ਗਈਆਂ ਸਨ। ਉਨ੍ਹਾਂ ਨੇ ਆਪਸ ਵਿਚ ਇਸ਼ਾਰੇ ਕੀਤੇ। ਫੇਰ ਸਿੱਖ ਨੇ ਉਸ ਨੂੰ ਅਵਾਜ਼ ਮਾਰ ਲਈ। ਉਹ ਆਇਆ ਤਾਂ ਉਸ ਨੂੰ ਬੜੀ ਰੋਅਬ ਵਾਲੀ ਅਵਾਜ਼ ਵਿਚ ਆਖਿਆ, "ਏਥੇ ਖੜੋ" ਤੇ ਇਕ ਸਿਪਾਹੀ ਨੂੰ ਇਕ ਅਫ਼ਸਰ ਦਾ ਨਾਂ ਲੈ ਕੇ ਏਥੇ ਲਿਆਉਣ ਵਾਸਤੇ ਆਖਿਆ। ਉਹ ਅਫ਼ਸਰ ਵੀ ਆ ਗਿਆ। ਉਨ੍ਹਾਂ ਨੇ ਅਫ਼ਸਰ ਲਈ ਕੁਰਸੀ ਮੰਗਵਾ ਕੇ ਬਿਠਾਇਆ ਤੇ ਉਸ ਨੂੰ ਕਿਹਾ "ਇਸ ਨੂੰ ਪੁਛੋ ਇਸ ਨੇ ਏਹਨਾਂ ਦੀ ਜੇਬ੍ਹ ਵਿਚੋਂ ਪੈਸੇ ਕੱਢੇ ਹਨ?" ਫਿਰ ਸਿੱਖ ਆਪ ਹੀ ਉਸ ਵੱਲ ਸਿੱਧਾ ਹੋ ਪਿਆ ਤੇ ਪੁਛਿਆ "34 ਰੁਪਏ ਕੱਢੇ ਹਨ, ਤੂੰ ਇਹਨਾਂ ਦੀ ਜੇਬ੍ਹ ਵਿਚੋਂ?" ਉਸਦੀ ਤਾਂ ਖਾਨਿਓਂ ਗਈ, ਉਸ ਦਾ ਪੀਲਾ ਭੂਕ ਮੂੰਹ ਹੋ ਗਿਆ। ਖੁੜਕ ਤਾਂ ਉਸ ਨੂੰ ਸੱਦਣ ਵੇਲੇ ਹੀ ਗਈ ਸੀ ਕਿ ਸਿੱਖ ਨੇ ਹੀ ਕੋਈ ਪੰਗਾ ਪਾਇਆ ਹੈ।

"ਹਾਂ ਜੀ, ਕੱਲ ਜਾਮਾ ਤਲਾਸ਼ੀ ਲਈ ਸੀ।"

"ਜਨਾਬ, ਦਸ ਦਿਨਾਂ ਬਾਅਦ ਜਾਮਾ ਤਲਾਸ਼ੀ ਲੈਣੀ ਸੀ? ਜਿਹੜੇ ਗੰਜੀ ਟਿੰਡ ਵਾਲੇ ਸਾਹਿਬ ਹਨ ਨਾ, ਮਧਰੇ ਜਿਹੇ, ਉਨ੍ਹਾਂ ਦੀ ਜਾਣਕਾਰੀ ਵਿਚ ਹੈ ਕਿ ਮੇਰੇ ਕੋਲ 34 ਰੁਪਏ ਹਨ, ਭਾਵੇਂ ਉਨ੍ਹਾਂ ਨੂੰ ਵੀ ਪੁੱਛ ਲਓ। ਮੈਂ ਉਨ੍ਹਾਂ ਨੂੰ ਕੱਢ ਕੇ ਦਿੱਤੇ ਸਨ, ਉਨ੍ਹਾਂ ਕਿਹਾ ਸੀ 'ਚੱਲੋ ਇਹ ਕੋਈ ਬਹੁਤੀ ਰਕਮ ਨਹੀਂ ਆਪਣੇ ਕੋਲ ਹੀ ਰੱਖ ਲਓ।' ਹੁਣ ਸਵਾਲ ਸਾਹਿਬ ਬਹਾਦਰ, ਇਹ ਨਹੀਂ ਕਿ ਇਹਨੇ ਪੈਸੇ ਮੇਰੇ ਕੋਲੋਂ ਕਿਉਂ ਕੱਢੇ? ਸਵਾਲ ਇਹ ਹੈ ਕਿ ਇਸ ਭਾਰਤ ਸਰਕਾਰ ਦੇ ਈਮਾਨਦਾਰ ਸਪੂਤ ਨੂੰ ਪੁਛੋ ਕਿ ਇਸਨੇ ਉਹ ਪੈਸੇ ਮੇਰੀ ਜੇਬ੍ਹ ਵਿਚੋਂ ਕਢਾ ਕੇ ਆਪਣੀ ਜੇਬ੍ਹ ਵਿਚ ਕਿਉਂ ਪਾ ਲਏ ਤੇ ਤੁਹਾਡੇ ਕੋਲ ਜਮ੍ਹਾਂ ਕਿਉਂ ਨਹੀਂ ਕਰਵਾਏ?" ਹੁਣ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ।

ਉਸ ਨਵੇਂ ਸੱਦੇ ਅਫ਼ਸਰ ਨੇ ਪੁਛਿਆ - "ਪੈਸੇ ਲਏ ਇਹਨਾਂ ਕੋਲੋਂ?"

"ਹਾਂ ਜੀ।"

"ਕਿੰਨੇ?"

"34 ਰੁਪਏ ਜੀ।"

"ਜਮ੍ਹਾਂ ਕਰਵਾਏ?

"ਨਹੀਂ ਜੀ।"

"ਕਿਉਂ?"

ਬੱਸ ਚੁੱਪ, ਜਵਾਬ ਕੀ ਦੇਂਦਾ "ਜਨਾਬ ਮੈਨੂੰ ਕੱਲ ਯਾਦ ਨਹੀਂ ਰਿਹਾ ਅੱਜ ਜਮ੍ਹਾਂ ਕਰਵਾਉਣੇ ਸਨ।"

ਮੈਨੂੰ ਯਾਦ ਆਇਆ ਇਹ ਘਟਨਾ ਕੱਲ ਦੀ ਨਹੀਂ, ਪਰਸੋਂ ਦੀ ਹੈ।

ਮੈਂ ਫਿਰ ਅਫ਼ਸਰ ਨੂੰ ਕਿਹਾ, "ਜਨਾਬ ਪੈਸੇ ਤਾਂ ਏਹਨੇ ਪਰਸੋਂ ਦੇ ਲਏ ਹੋਏ ਹਨ, ਪਰਸੋਂ, ਕੱਲ ਤੇ ਅੱਜ ਤਿਨ ਦਿਨ ਹੋ ਗਏ ਹਨ।"

"ਸਰਦਾਰ ਜੀ, ਤੁਸੀਂ ਗੈਰ-ਕਾਨੂੰਨੀ ਕੰਮ ਕਿਉਂ ਕੀਤਾ? ਪੈਸੇ ਆਪਣੀ ਜੇਬ ਵਿਚੋਂ ਕੱਢ ਕੇ ਕਿਉਂ ਨਾ ਦਿੱਤੇ?"

"ਦਿੱਤੇ ਸੀ ਜੀ, ਅਫ਼ਸਰ ਸਾਹਿਬ ਨੇ ਆਪ ਨਹੀਂ ਲਏ, ਕਹਿੰਦੇ ਚਾਹ ਵਗੈਰਾ ਦੇ ਪੈਸੇ ਦੇਈ ਜਾਓ, ਬੁਲਾ ਕੇ ਪੁੱਛ ਲਓ ਭਾਵੇਂ।"

"ਫੇਰ ਏਹਨਾਂ ਦਾ ਕੀ ਕਸੂਰ ਹੈ, ਨਾਲੇ ਜਾਮਾ ਤਲਾਸ਼ੀ ਤਾਂ ਅਸਾਂ ਲੈਣੀ ਹੁੰਦੀ ਹੈ, ਅਗਲੇ ਨੇ ਭਾਵੇਂ ਜੋ ਮਰਜੀ ਲੁਕਾ ਕੇ ਰੱਖਿਆ ਹੋਵੇ, ਸਾਡਾ ਕੰਮ ਹੈ ਚੰਗੀ ਤਰ੍ਹਾਂ ਟੋਹ ਕੇ ਹਰ ਚੀਜ਼ ਕਢਵਾਉਣੀ", ਸਿੱਖ ਅਫ਼ਸਰ ਬੋਲਿਆ।

"ਨਾਲੇ ਇਨ੍ਹਾਂ ਵਿਚਾਰਿਆਂ ਨੇ ਤਾਂ ਅਫ਼ਸਰ ਦੀ ਜਾਣਕਾਰੀ ਵਿਚ ਲੈ ਆਂਦੇ ਸੀ, ਇਨ੍ਹਾਂ ਦੀ, ਮੰਦੀ ਨੀਅਤ ਕਾਹਦੀ ਹੋਈ। ਚੋਰ ਤਾਂ ਇਹ ਹੈ, ਜਿਸ ਨੇ ਪੈਸੇ ਲੈ ਕੇ ਜਮ੍ਹਾਂ ਨਹੀਂ ਕਰਵਾਏ।" ਮੈਂ ਹੁਣ ਖੁਸ਼ ਸੀ। ਮੈਂ ਲੱਗਦੇ ਹੱਥ ਬਲਦੀ 'ਤੇ ਹੋਰ ਤੇਲ ਪਾ ਦਿੱਤਾ। "ਜਨਾਬ, ਰੋਜ਼ ਚਾਹ ਦੇ ਪੈਸੇ ਵੀ ਸਾਡੇ ਕੋਲੋਂ ਲੈਂਦਾ ਹੈ, ਜਿਹੜੀ ਦਵਾਈ ਮੈਨੂੰ ਦਿਵਾਈ ਸੀ, ਉਸ ਦੇ ਪੈਸੇ ਵੀ ਮੈਂ ਹੀ ਦਿੱਤੇ ਸਨ।"

ਨਵੇਂ ਆਏ ਅਫ਼ਸਰ ਨੇ ਕਾਗਜ਼ ਫੜਿਆ, ਪੈਨ ਖੋਲ੍ਹਿਆ ਤੇ ਮੁਅੱਤਲੀ ਦੇ ਹੁਕਮ ਉਸ ਦੇ ਹੱਥ ਫੜਾ ਦਿੱਤੇ। ਲਿਖੇ ਤਾਂ ਸਾਰਿਆਂ ਦੇ ਸਾਹਮਣੇ ਪਰ ਦਿੱਤੇ ਪਰੇ ਜਾ ਕੇ। ਉਸ ਦਾ ਪੱਕਾ ਪਤਾ ਉਦੋਂ ਲੱਗਾ ਕਿ ਇਹ ਮੁਅੱਤਲ ਹੋ ਗਿਆ ਹੈ, ਜਦੋਂ ਆਪਣੇ ਕੱਪੜੇ ਅਟੈਚੀ ਵਿਚ ਪਾ ਕੇ ਪਤਾ ਨਹੀਂ ਕਿਧਰ ਜਾਣ ਲਈ ਉਹ ਰੈਸਟ ਹਾਊਸ ਵਿਚੋਂ ਬਾਹਰ ਪੈਦਲ ਹੀ ਤੁਰ ਗਿਆ। ਮੇਰਾ ਉਸ ਦਿਨ ਦੋਹਰਾ ਫਾਇਦਾ ਹੋਇਆ। ਇਕ ਤਾਂ ਮੈਂ ਉਹ ਬਕਵਾਸ ਕਰਨ ਦਾ ਤੁਰਤ ਫੁਰਤ ਬਦਲਾ ਲੈ ਲਿਆ, ਦੂਜਾ ਮੈਂ ਰੌਲ ਘਚੋਲੇ ਵਿਚ ਪੁੱਛ ਗਿੱਛ ਤੋਂ ਬਚ ਗਿਆ। ਉਸ ਨਵੇਂ ਆਏ ਅਫ਼ਸਰ ਨੇ 34 ਰੁਪਏ ਵੀ ਉਸ ਕੋਲੋਂ ਲੈ ਕੇ ਮੈਨੂੰ ਹੀ ਦੇ ਦਿੱਤੇ। ਕਿਉਂਕਿ ਮੈਂ ਉਸ ਨੂੰ ਦੱਸਿਆ ਸੀ ਕਿ ਬਾਹਰ ਬੈਠੇ ਚਾਹ ਵਾਲੇ ਕੋਲੋਂ ਅਸੀਂ ਉਧਾਰ ਚਾਹ ਮੰਗਵਾਈ ਸੀ ਤੇ ਪੈਸੇ ਅਜੇ ਦੇਣ ਵਾਲੇ ਹਨ। ਉਹ ਅੱਜ ਵੀ ਮੰਗਣ ਆਇਆ ਸੀ। ਉਸ ਨੇ ਪੈਸੇ ਬਿਨਾਂ ਸੋਚੇ ਹੀ ਮੇਰੇ ਹੱਥ ਫੜੇ ਦਿੱਤੇ ਤੇ ਨਾਲ ਕਿਹਾ, "ਮੈਂ ਸਾਲੇ ਕੀ ਨੌਕਰੀ ਖਤਮ ਕਰਵਾਊਂਗਾ।" ਇਹ ਸਾਰਾ ਡਰਾਮਾ ਮੇਰੇ ਸਾਹਮਣੇ ਹੋਇਆ ਪਰ ਮੈਨੂੰ ਜਰਾ ਵੀ ਵਿਸ਼ਵਾਸ ਨਹੀਂ ਕਿ ਉਸਨੂੰ ਸੱਚਮੁੱਚ ਹੀ ਨੌਕਰੀ ਤੋਂ ਕੱਢ ਦਿੱਤਾ ਹੋਵੇਗਾ। ਕਿਉਂਕਿ ਇਸ ਤਰ੍ਹਾਂ ਦੇ ਡਰਾਮੇ ਨਾਲ ਕਿਸੇ ਦੀ ਨੌਕਰੀ ਖਤਮ ਨਹੀਂ ਕੀਤੀ ਜਾ ਸਕਦੀ। ਇਹ ਸਿਰਫ ਇਕ ਨੌਟੰਕੀ ਸੀ, ਡਰਾਮਾ ਸੀ ਪਰ ਮੈਨੂੰ ਸਿਰਫ ਇਹ ਫਾਇਦਾ ਹੋਇਆ ਕਿ ਮੈਂ ਉਸ ਦਿਨ ਪੁੱਛਗਿੱਛ ਨੂੰ ਟਾਲ ਗਿਆ, ਜਿਸ ਨੂੰ ਮੈਂ ਆਪਣੀ ਵੱਡੀ ਪ੍ਰਾਪਤੀ ਸਮਝਿਆ।

ਉਸ ਦਿਨ 24 ਤਾਰੀਖ ਸੀ, ਗਰਮੀ ਦੀ ਹੱਦ ਹੋ ਗਈ ਸੀ, ਰਾਤ ਨੂੰ ਬੱਦਲ ਦੇ ਦੋ ਚਾਰ ਟੁਕੜੇ ਅਸਮਾਨ 'ਤੇ ਤੈਰ ਰਹੇ ਸਨ। ਸਾਰਿਆਂ ਨੇ ਆਖਿਆ, "ਹੇ ਸਤਿਗੁਰੂ ਜੇ ਕਿਤੇ ਭਰਵਾਂ ਮੀਂਹ ਪੈ ਜਾਵੇ ਤਾਂ ਆਹ ਹਵਾਲਾਤ ਪਾਣੀ ਨਾਲ ਭਰ ਜਾਵੇ, ਫੇਰ ਮਜਾ ਆਵੇ। ਹੋਰ ਨਹੀਂ ਤਾਂ ਸਾਲੇ ਜਲੰਧਰ ਹੀ ਮੋੜ ਕੇ ਲੈ ਚੱਲਣ। ਏਥੇ ਤਾਂ ਬੜੇ ਦੁਖੀ ਆਂ।" ਪਤਾ ਨਹੀਂ ਸ਼ਾਇਦ ਅਰਦਾਸ ਇੰਨ ਬਿੰਨ ਸੁਣੀ ਗਈ। ਰਾਤ ਦੇ ਬਾਰਾਂ ਕੁ ਵਜੇ ਏਨੇ ਜ਼ੋਰ ਦਾ

ਮੀਂਹ ਪਿਆ ਤੇ ਹਨੇਰੀ ਆਈ ਕਿ ਬਿਜਲੀ ਦੇ ਖੰਬੇ ਪੁੱਟ ਗਏ ਤੇ ਦਰਖਤ ਡਿੱਗ ਪਏ, ਹਵਾਲਾਤ ਪਾਣੀ ਨਾਲ ਭਰ ਗਈ। ਸਾਰੀ ਰਾਤ ਅਸੀਂ ਬਹਿ ਕੇ ਕੱਟੀ। ਪਾਣੀ ਜਦੋਂ ਅੰਦਰ ਆਇਆ ਤਾਂ ਪਿਛਲੇ ਪਾਸੇ ਨੂੰ ਨੀਵਾਂ ਹੋਣ ਕਰਕੇ ਪਾਣੀ ਪਹਿਲਾਂ ਪਿੱਛੇ ਨੂੰ ਭੱਜ ਤੁਰਿਆ ਪਰ ਬਾਹਰੋਂ ਏਨਾ ਪਾਣੀ ਆਇਆ ਕਿ ਗਿੱਟੇ ਤੋਂ ਵੀ ਜ਼ਿਆਦਾ ਪਾਣੀ ਹਵਾਲਾਤ ਵਿਚ ਖਲੋ ਗਿਆ। ਸਾਰੇ ਹਵਾਲਾਤ ਵਿਚ ਬਣੇ ਹੋਏ ਦੋ ਥੜ੍ਹਿਆਂ ਜਿਹਾਂ 'ਤੇ ਬੈਠ ਗਏ, ਜੋ ਜ਼ਮੀਨ ਤੋਂ ਕਰੀਬ ਢਾਈ ਫੁੱਟ ਉੱਚੇ ਸਨ। ਪਿਛਲੇ ਬੱਠਲ ਜਿਹੇ ਦਾ ਗੰਦ ਤੇ ਪਸ਼ਾਬ ਵੀ ਸਾਰੀ ਹਵਾਲਾਤ ਦੇ ਪਾਣੀ ਵਿਚ ਰਲ ਗਿਆ। ਹੁਣ ਸਾਰਿਆਂ ਨੂੰ ਪੱਕੀ ਆਸ ਬੱਝ ਗਈ ਸੀ ਕਿ ਹੁਣ ਏਥੇ ਨਹੀਂ ਰੱਖ ਸਕਦੇ ਤੇ ਜ਼ਰੂਰ ਵਾਪਸ ਜਲੰਧਰ ਲੈ ਕੇ ਜਾਣਗੇ। ਰਾਤ ਔਖਿਆਂ ਸੌਖਿਆਂ ਬਹਿ ਕੇ ਕੱਟੀ। ਜਦੋਂ ਦਿਨ ਚੜ੍ਹਿਆ ਤਾਂ ਇਕ ਇੰਸਪੈਕਟਰ ਆ ਗਿਆ ਤੇ ਨਾਲ ਹੀ ਗੱਡੀਆਂ ਆ ਪਹੁੰਚੀਆਂ।

"ਇਸ ਤਰ੍ਹਾਂ ਕਰੋ, ਆਪਣਾ ਆਪਣਾ ਸਮਾਨ ਲੈ ਕੇ ਤਿਆਰ ਹੋ ਜਾਓ, ਪੰਜ ਮਿੰਟਾਂ ਵਿਚ", ਉਸ ਨੇ ਹੁਕਮ ਜਿਹੇ ਵਾਂਗ ਆਖਿਆ। ਅਗੋਂ ਸਾਡੀ ਗੱਲ ਤਾਂ 'ਅੰਨਾ ਕੀ ਭਾਲੇ ਦੋ ਅੱਖਾਂ', ਵਾਲੀ ਸੀ। ਝੱਟ ਤਿਆਰ ਹੋ ਗਏ, ਤਿਆਰੀ ਸਾਡੀ ਕਾਹਦੀ ਸੀ, 'ਕਿਸੇ ਮਾਈ ਨੇ ਬੱਸ ਕੰਡਕਟਰ ਨੂੰ ਪੁਛਿਆ, ਭਾਈ, ਆਹ ਬੱਸ ਚੰਡੀਗੜ੍ਹ ਜਾਣ ਨੂੰ ਤਿਆਰ ਆ?' ਅਗੋਂ ਕੰਡਕਟਰ ਨੇ ਕਿਹਾ, ਤਿਆਰ ਈ ਆ, ਹੋਰ ਅਸਾਂ ਕਿਹੜੇ ਇਹਨੂੰ ਲੀੜੇ ਪਵਾਉਣੇ ਆ?' ਅਸਾਂ ਕਿਹੜੇ ਲੀੜੇ ਪਾਉਣੇ ਸਨ, ਜਾਂ ਕੋਈ ਤਿਆਰੀ ਕਰਨੀ ਸੀ। ਅਖੇ ਓਹੋ ਬੀਬੀ ਦੇ ਕੱਪੜੇ ਸੁਥਣ, ਨਾਲਾ ਤੇ ਹੱਥ। ਸਾਡੇ ਕੋਲ ਗਲ ਦੇ ਹੀ ਕਪੜੇ ਸਨ ਤੇ ਇਕ ਚਾਦਰ ਤੇ ਇਕ ਪੱਖਾ ਬੱਸ। ਗੱਡੀਆਂ ਵਿਚ ਬੈਠੇ ਤੇ ਗੱਡੀਆਂ ਜਲੰਧਰ ਨੂੰ ਜਾਣ ਦੀ ਥਾਂ ਬੈਕ ਹੋ ਕੇ ਰੈਸਟ ਹਾਊਸ ਚਲੀਆਂ ਗਈਆਂ। ਸਾਰਿਆਂ ਨੂੰ ਗੱਡੀਆਂ ਦੇ ਵਿਚ ਹੀ ਬੈਠੇ ਰਹਿਣ ਦਿੱਤਾ ਗਿਆ। ਸਾਰੇ ਅਫ਼ਸਰ ਤੇ ਮਾਤਹਿਤ ਵੀ ਆਪਣਾ ਸਮਾਨ ਸਮੇਟ ਸਮੇਟ ਕੇ ਗੱਡੀਆਂ ਵਿਚ ਸੁੱਟ ਰਹੇ ਸਨ। ਕੋਈ ਪੌਣੇ ਕੁ ਘੰਟੇ ਬਾਅਦ ਗੱਡੀਆਂ ਫੇਰ ਸਟਾਰਟ ਹੋਈਆਂ ਤੇ ਰੈਸਟ ਹਾਊਸ ਵਿਚੋਂ ਬਾਹਰ ਨਿਕਲ ਗਈਆਂ। ਪਰ ਇਹ ਕੀ? ਇਹ ਤਾਂ ਨਹਿਰੇ ਨਹਿਰ ਪੈ ਗਈਆਂ। ਜਦੋਂ ਪੱਕੀ ਸੜਕ ਚੜ੍ਹ ਕੇ ਹੁਸ਼ਿਆਰਪੁਰ ਵੱਲ ਤੁਰੀਆਂ ਸਨ ਤਾਂ ਸਾਰਿਆਂ ਸਮਝਿਆ, ਹੁਸ਼ਿਆਰਪੁਰ ਜਾ ਰਹੇ ਹਨ ਪਰ ਇਹ ਪੱਕੀ ਸੜਕ ਤੋਂ ਲਹਿ ਕੇ ਨਹਿਰ ਦੇ ਰਸਤੇ ਪੈ ਗਈਆਂ। ਸਾਰਿਆਂ ਦੇ ਦਿਲ ਧੜਕ ਉਠੇ ਕਿ ਪਤਾ ਨਹੀਂ ਕੀ ਮਾਜਰਾ ਹੈ। ਕੁਝ ਚਿਰ ਬਾਅਦ ਗੱਡੀਆਂ ਆਦਮਪੁਰ ਹਵਾਈ ਫੌਜ ਦੇ ਹਵਾਈ ਜਹਾਜ਼ਾਂ ਦੇ ਅੱਡੇ ਦੇ ਗੇਟ ਅੱਗੇ ਸਨ।

ਹਵਾਈ ਜਹਾਜ਼ 'ਤੇ ਦਿੱਲੀ ਨੂੰ

ਹਵਾਈ ਫੌਜ ਦੇ ਹਵਾਈ ਜਹਾਜ਼ਾਂ ਦੇ ਅੱਡੇ ਦੇ ਗੇਟ ਤੋਂ ਥੋੜ੍ਹਾ ਅੱਗੇ ਇਕ ਦਫਤਰ ਦੇ ਸਾਹਮਣੇ ਗੱਡੀਆਂ ਰੁਕ ਗਈਆਂ। ਸੀ.ਬੀ.ਆਈ. ਅਫ਼ਸਰ ਡੀ.ਪੀ. ਸਿੰਘ ਹਵਾਈ ਫੌਜ ਦੇ ਅਫ਼ਸਰ ਦੇ ਕਮਰੇ ਵਿਚ ਗਿਆ। ਸਮਝ ਨਹੀਂ ਸੀ ਲੱਗ ਰਹੀ ਕਿ ਏਥੇ ਕਿਉਂ ਆਏ ਹਨ? ਕੋਈ ਪੰਦਰਾਂ ਮਿੰਟ ਬਾਅਦ ਸੀ.ਬੀ.ਆਈ. ਸਟਾਫ ਬੱਸਾਂ ਅੰਦਰ ਆਇਆ ਤੇ ਸਾਰਿਆਂ ਦੀਆਂ ਅੱਖਾਂ 'ਤੇ ਪੱਟੀਆਂ ਬੰਨ੍ਹ ਦਿੱਤੀਆਂ। ਦਿਮਾਗ ਵਿਚ ਇਹ ਹੀ ਗੱਲ ਆਉਂਦੀ ਸੀ ਕਿ ਸ਼ਾਇਦ ਫੌਜੀ ਖੇਤਰ ਹੋਣ ਕਰਕੇ ਅੱਖਾਂ 'ਤੇ ਪੱਟੀਆਂ ਬੰਨ੍ਹੀਆਂ ਗਈਆਂ ਹਨ। ਦੂਸਰਿਆਂ ਦਾ ਵੀ ਇਹ ਪਹਿਲਾ ਤਜਰਬਾ ਸੀ।

ਕੁਝ ਦੇਰ ਬਾਅਦ ਗਲਾਸਾਂ ਵਿਚ ਪਈ ਹੋਈ ਚਾਹ ਫੜਾਉਣ ਲੱਗ ਪਏ। ਕਈਆਂ ਨੇ ਫੜ ਕੇ ਪੀ ਲਈ ਪਰ ਮੈਂ ਨਾਂਹ ਕਰ ਦਿੱਤੀ ਤੇ ਨਾਲੇ ਮੂੰਹੋਂ ਕਿਹਾ, "ਅੱਖਾਂ 'ਤੇ ਪੱਟੀ ਬੰਨ੍ਹ ਕੇ ਚਾਹ ਨਹੀਂ ਪੀਤੀ ਜਾਂਦੀ"। ਥੋੜੀ ਦੇਰ ਬਾਅਦ ਗੱਡੀਆਂ ਉਥੋਂ ਅੱਗੇ ਤੁਰ ਪਈਆਂ। ਕੋਈ ਦੋ ਫਰਲਾਂਗ 'ਤੇ ਜਾ ਕੇ ਗੱਡੀਆਂ ਰੁਕੀਆਂ। ਹੁਣ ਮੈਂ ਸਮਝ ਗਿਆ ਸੀ ਕਿ ਇਹ ਰੱਨ-ਵੇ ਹੈ ਤੇ ਜਹਾਜ 'ਤੇ ਦਿੱਲੀ ਲੈ ਕੇ ਜਾਣਗੇ। ਹੋ ਸਕਦਾ ਹੈ ਕਿਤੇ ਹੋਰ ਹੀ ਲੈ ਜਾਣ। ਪਰ ਲੈ ਜਾਣਾ ਜਹਾਜ ਵਿਚ ਹੀ ਹੈ। ਸਾਰਿਆਂ ਦੀਆਂ ਵਾਰੋ ਵਾਰੀ ਤਲਾਸ਼ੀਆਂ ਲਈਆਂ ਗਈਆਂ। ਮੇਰੀ ਕ੍ਰਿਪਾਨ ਵੀ ਲਾਹ ਲਈ। ਉਨ੍ਹਾਂ ਕ੍ਰਿਪਾਨ ਵਿਚੋਂ ਖਿਚ ਲਈ ਤੇ ਮਿਆਨ ਕਿਹਾ ਭਾਵੇਂ ਪਾਈ ਰੱਖੋ। ਪਰ ਮੈਂ ਕਿਹਾ ਸਾਰੀ ਕ੍ਰਿਪਾਨ ਹੀ ਲਾਹੀ ਜਾਵੇ। ਉਹ ਮੰਨ ਗਏ। ਮੈਨੂੰ ਹੁਣ ਕ੍ਰਿਪਾਨ 'ਤੇ ਅੜਨਾ ਕੋਈ ਬਹੁਤਾ ਸਾਰਥਕ ਨਾ ਲੱਗਾ ਕਿਉਂਕਿ ਹੁਣ ਗੱਲ ਸਾਰੇ ਕਾਨੂੰਨਾਂ ਤੇ ਦਲੀਲਾਂ ਤੋਂ ਅਗਾਂਹ ਲੰਘ ਚੁੱਕੀ ਸੀ। ਅਸੀਂ ਇਸ ਭਾਰਤ ਰੂਪੀ ਦੇਸ਼ ਦੇ ਦੁਸ਼ਮਣ ਸਮਝ ਲਏ ਗਏ ਸਾਂ ਤੇ ਸਾਡੇ ਨਾਲ ਹੁਣ ਉਹ ਹੀ ਸਲੂਕ ਹੋ ਰਿਹਾ ਸੀ, ਜਿਹੜਾ ਦੇਸ਼ਾਂ ਦੇ ਦੁਸ਼ਮਣਾਂ ਨਾਲ ਹੁੰਦਾ ਹੈ। ਇਹ ਸਾਡੀਆਂ ਕੁਰਬਾਨੀਆਂ ਦਾ ਸਿਲਾ ਸੀ। ਇਹ ਉਹ ਸਲੂਕ ਸੀ, ਜਿਹੜਾ ਹਮੇਸ਼ਾਂ ਹੀ ਬਹੁਗਿਣਤੀਆਂ ਧਾਰਮਿਕ ਘਟਗਿਣਤੀਆਂ ਨੂੰ ਗੁਲਾਮ ਕਰਨ ਲਈ ਕਰਦੀਆਂ ਆਈਆਂ ਹਨ। ਪੈਂਟ ਦੀਆਂ ਬੈਲਟਾਂ ਵੀ ਲਾਹ ਲਈਆਂ ਤੇ ਚੰਗੀ ਤਰ੍ਹਾਂ ਪੂਰੀ ਤਲਾਸ਼ੀ ਲਈ ਗਈ। ਜੇਬ੍ਹ ਵਿਚ ਪੇਟ ਗੈਸ ਦੀਆਂ ਦੋ ਗੋਲੀਆਂ ਸਨ, ਉਹ ਵੀ ਕੱਢ ਲਈਆਂ। ਹੱਥਕੜੀਆਂ ਦੋਹ ਦੋਹ ਹੱਥਾਂ ਨੂੰ ਲਾਈਆਂ ਗਈਆਂ। ਪਹਿਲਾਂ ਇਕ ਇਕ ਹੱਥ ਨੂੰ ਸੀ। ਬਾਹਾਂ ਤੋਂ ਫੜ ਫੜ ਕੇ ਅੰਨਿਆਂ ਵਾਂਗ ਜਹਾਜ ਦੀਆਂ ਪੌੜੀਆਂ ਤੋਂ ਚੜ੍ਹਾਇਆ ਗਿਆ। ਉਨ੍ਹਾਂ ਸਿਪਾਹੀਆਂ ਨੇ ਹੀ ਸੀਟਾਂ 'ਤੇ ਬੈਠਣ ਦੀ ਮਦਦ ਕੀਤੀ। ਕਿਉਂਕਿ ਇਕ ਤਾਂ ਦਿਖਾਈ ਨਹੀਂ ਸੀ ਦੇਂਦਾ, ਦੂਸਰਾ ਘਬਰਾਹਟ ਸੀ। ਮੈਂ ਸੋਚ ਰਿਹਾ ਸੀ ਕਿ ਅਜੀਬ ਤਜਰਬਾ ਹੋ ਰਿਹਾ ਹੈ। ਬਹੁਤ ਘੱਟ ਲੋਕ ਹੋਣਗੇ, ਜਿਨ੍ਹਾਂ ਨੂੰ ਇਹ ਤਜਰਬਾ ਹੋਵੇਗਾ। ਫਿਰ ਮੈਂ ਮਨ ਹੀ ਮਨ ਏਸ ਤਰ੍ਹਾਂ ਦਾ ਤਜਰਬਾ ਰੱਖਣ ਵਾਲਿਆਂ ਦੀ ਗਿਣਤੀ ਕੀਤੀ। ਮੈਂ ਸਾਰੇ ਹਿੰਦੋਸਤਾਨ ਵਿਚੋਂ ਕੁੱਝ ਸੈਂਕੜੇ ਲੋਕ ਹੀ ਆਪਣੀ ਗਿਣਤੀ ਵਿਚ ਲਿਆਂਦੇ। ਸੌ ਬੰਦਾ ਨਾ ਹੋਇਆ ਦੋ ਸੌ ਹੋਵੇਗਾ। ਮੇਰੇ ਅੰਦਰ ਖੁਸ਼ੀ ਦੀ ਇਕ ਤਰੰਗ ਜਿਹੀ ਉਠੀ ਕਿ ਚਲੋ, ਅਸੀਂ ਉਨ੍ਹਾਂ ਗਿਣਤੀ ਦੇ ਬੰਦਿਆਂ ਵਿਚੋਂ ਹਾਂ, ਜਿਨ੍ਹਾਂ ਨੂੰ ਇਸ ਦੇਸ਼ ਦੀ ਸਰਕਾਰ ਅੱਖਾਂ ਬੰਨ੍ਹ ਕੇ ਜਹਾਜ ਰਾਹੀਂ ਲੈ ਕੇ ਜਾ ਰਹੀ ਹੈ। ਪਰ ਇਹ ਖੁਸ਼ੀ ਕੋਈ ਬਹੁਤਾ ਚਿਰ ਰਹਿਣ ਵਾਲੀ ਨਹੀਂ ਸੀ। ਭਾਵੇਂ ਕੁਝ ਵੀ ਸੀ ਡਰ ਤੇ ਘਬਰਾਹਟ ਦੀ ਧੁੰਦ ਨੇ ਇਸ ਖੁਸ਼ੀ ਨੂੰ ਆਪਣੀ ਲਪੇਟ ਵਿਚ ਲੈ ਲਿਆ। ਹੁਣ ਮੈਨੂੰ ਇਨ੍ਹਾਂ ਦਾ ਲਾਲ ਕਿਲੇ ਵਾਲਾ ਇੰਟੈਰੋਗੇਸ਼ਨ ਸੈਂਟਰ ਯਾਦ ਆ ਗਿਆ, ਜਿਥੇ ਬੁੱਚੜਪੁਣੇ ਤੋਂ ਲੈ ਕੇ ਨਵੀਨਤਮ ਯੰਤਰ ਤੱਕ ਹਨ।

ਇਕ ਸਾਥੀ ਨੂੰ ਜੋ ਬਜੁਰਗ ਸੀ ਪਸ਼ਾਬ ਆ ਗਿਆ ਤੇ ਉਸ ਨੇ ਪਸ਼ਾਬ ਕਰਨ ਦੀ ਇੱਛਾ ਪ੍ਰਗਟ ਕੀਤੀ। ਸਿਪਾਹੀ ਉਸ ਨੂੰ ਪਸ਼ਾਬ ਕਰਵਾਉਣ ਲੈ ਗਏ ਪਰ ਹੁਣ ਅੱਖਾਂ ਬੰਨ੍ਹੀਆਂ ਹੋਈਆਂ ਹੋਣ ਕਰਕੇ ਤੇ ਘਬਰਾਹਟ ਕਰਕੇ, ਉਸ ਨੂੰ ਜਲਦੀ ਪਸ਼ਾਬ ਕਿਥੇ ਆਉਣਾ ਸੀ? ਉਹ ਸਿਪਾਹੀ ਆਖਣ "ਬਾਬਾ ਨਾ ਤੈਨੂੰ ਪਸ਼ਾਬ ਆਇਆ ਨਾ ਵਾਸਤਾ ਐਵੇਂ ਹੀ ਕਰੀ ਜਾਂਨੈ।" ਪਰ ਉਹ ਆਖੇ "ਆਇਆ ਹੈ"। ਮੈਂ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮਨ ਵਿਚ ਹੱਸਿਆ ਤੇ ਸੋਚਿਆ, ਸਾਲਾ ਡਰ ਵੀ ਕਿੰਨੀ ਭੈੜੀ ਚੀਜ਼ ਹੈ, ਕਿਵੇਂ ਚੰਗੇ ਭਲੇ

ਬੰਦੇ ਨੂੰ ਬੇਵਕੂਫ ਬਣਾ ਦੇਂਦਾ ਹੈ। ਫੇਰ ਪਤਾ ਨਹੀਂ ਉਸ ਨੂੰ ਪਸ਼ਾਬ ਆਇਆ ਕਿ ਨਹੀਂ, ਉਨੇ ਚਿਰ ਨੂੰ ਜਹਾਜ ਦਾ ਇੰਜਣ ਸਟਾਰਟ ਹੋ ਗਿਆ। ਥੋੜੀ ਦੇਰ ਬਾਅਦ ਜਹਾਜ ਭੱਜਾ ਤੇ ਉੱਡ ਗਿਆ।

ਜਦੋਂ ਜਹਾਜ਼ ਰੰਨ-ਵੇ ਤੋਂ ਉਡਿਆ ਤਾਂ ਮੈਨੂੰ 1965 ਦੀ ਜੰਗ ਦੀ ਯਾਦ ਆਈ। ਹੋਰ ਕਿਸਾਨਾਂ ਦੇ ਟਰੈਕਟਰਾਂ ਨਾਲ ਮੈਂ ਵੀ ਏਸੇ ਹਵਾਈ ਅੱਡੇ ਦੇ ਨਾਲ ਨਾਲ ਮੱਕੀ ਤੇ ਕਮਾਦ ਦੀਆਂ ਫਸਲਾਂ ਨੂੰ ਭੰਨ ਕੇ ਜ਼ਮੀਨ 'ਤੇ ਵਿਛਾਉਣ ਲਈ ਆਪਣਾ ਰੂਸੀ ਡੀ.ਟੀ.-28 ਟਰੈਕਟਰ ਲੈ ਕੇ ਆਇਆ ਸਾਂ। ਉਦੋਂ ਫੌਜੀ ਮਾਹਰਾਂ ਨੂੰ ਇਹ ਖਤਰਾ ਸੀ ਕਿ ਪਾਕਿਸਤਾਨੀ ਫੌਜ ਦੇ ਛੱਤਾ ਬਰਦਾਰ ਹਵਾਈ ਅੱਡੇ ਦੇ ਨੇੜੇ ਉਤਾਰੇ ਜਾਣਗੇ ਤੇ ਉਹ ਹਵਾਈ ਅੱਡੇ ਦੇ ਨਾਲ ਵਾਲੇ ਖੇਤਾਂ ਦੀਆਂ ਫਸਲਾਂ ਵਿਚ ਲੁਕ ਜਾਣਗੇ ਤੇ ਮੌਕਾ ਮਿਲਦਿਆਂ ਹੀ ਉਹ ਰੰਨ-ਵੇ ਸਮੇਤ ਬੰਕਰਾਂ ਵਿਚ ਖੜੋਤੇ ਜਹਾਜ ਨਸ਼ਟ ਕਰ ਦੇਣਗੇ। ਦੋ-ਦੋ ਟਰੈਕਟਰਾਂ ਦੇ ਮਗਰ ਇਕ ਚਾਲੀ ਚਾਲੀ ਫੁੱਟ ਰੇਲ ਦੀ ਲਾਈਨ ਨੂੰ ਬੰਨ ਕੇ ਸੁਹਾਗੇ ਵਾਂਗ ਖਿਚਿਆ ਜਾਂਦਾ ਸੀ ਤੇ ਚਾਲੀ ਫੁੱਟ ਵਿਚ ਜਿੰਨੀ ਵੀ ਛੱਲੀਆਂ 'ਤੇ ਆਈ ਮੱਕੀ ਜਾਂ ਕੰਧ ਵਾਂਗ ਖਲੋਤੇ ਕਮਾਦ ਦੀ ਫਸਲ ਆਉਂਦੀ ਸੀ ਕੜੱਕ ਕੜੱਕ ਕਰਕੇ ਟੁੱਟ ਕੇ ਜ਼ਮੀਨ 'ਤੇ ਵਿਛ ਜਾਂਦੀ ਸੀ ਤੇ ਇਸ ਕੰਮ ਲਈ ਘੱਟ ਘੱਟ ਦਸ ਜੋੜੀਆਂ ਟਰੈਕਟਰ ਲੱਗੇ ਹੋਏ ਸਨ। ਕਈ ਵਾਰ ਫੇਰਨ ਨਾਲ ਫਸਲਾਂ ਦਾ ਕਚੂੰਮਰ ਨਿਕਲ ਜਾਂਦਾ ਸੀ ਤੇ ਇਸ ਤਰ੍ਹਾਂ ਹਵਾਈ ਅੱਡੇ ਦੇ ਚਾਰ ਚੁਫੇਰੇ ਚੋਹਾਂ ਪਾਸਿਆਂ 'ਤੇ ਦਸ ਦਸ ਕਿਲੋ ਮੀਟਰ ਦਾ ਖੇਤਰ ਰੜਾ ਪਟੱਕ ਕਰ ਦਿੱਤਾ ਸੀ। ਦੂਰ ਦੂਰ ਤੱਕ ਕਿਸੇ ਫਸਲ ਦੀ ਕੋਈ ਰੁਕਾਵਟ ਨਹੀਂ ਸੀ। ਸਲਵਾੜ੍ਹ (ਕਾਨ੍ਹੇ) ਦੇ ਬੂਟੇ ਹੋਕਾ ਦੇ ਕੇ ਫੌਜ ਨੇ ਮੁਫਤ ਵਢਾ ਦਿੱਤੇ ਸੀ। ਉਚੇ ਦਰਖਤਾਂ 'ਤੇ ਫੌਜੀ ਦੂਰਬੀਨਾ ਲੈ ਕੇ ਬਹਿ ਗਏ ਸਨ ਤਾਂ ਕਿ ਏਨੇ ਇਲਾਕੇ ਵਿਚ ਹਰ ਚੀਜ਼ ਨਜ਼ਰ ਥੱਲੇ ਰਹੇ। ਮੇਰੇ ਵਾਲੇ ਟਰੈਕਟਰ ਨੂੰ ਹੋਰ ਕਿਸੇ ਟਰੈਕਟਰ ਨਾਲ ਰੇਲਵੇ ਲਾਈਨ ਬੰਨ ਕੇ ਤੋਰਦੇ ਤਾਂ ਗੇਅਰਾਂ ਦੀ ਸਪੀਡ ਇਕੋ ਜਿਹੀ ਨਾ ਹੋਣ ਕਰਕੇ ਕਦੇ ਇਕ ਟਰੈਕਟਰ ਅੱਗੇ ਹੋ ਜਾਂਦਾ ਤੇ ਕਦੇ ਦੂਜਾ ਅੱਗੇ ਹੋ ਜਾਂਦਾ। ਫਿਰ ਦਸ ਕੁ ਵਜੇ ਸਾਬੋਵਾਲ ਪਿੰਡ ਦਾ ਇਕ ਮੇਰੀ ਕੁ ਹੀ ਉਮਰ ਦਾ ਮੁੰਡਾ ਏਸੇ ਹੀ ਮਾਰਕੇ ਦਾ ਟਰੈਕਟਰ ਲੈ ਕੇ ਆਇਆ ਤਾਂ ਸਾਡਾ ਦੋਹਾਂ ਦਾ ਜੁੱਟ ਬਣ ਗਿਆ। ਜੇ ਅਸੀਂ ਪਹਿਲੇ ਗੇਅਰ ਵਿਚ ਦੋਵੇਂ ਟਰੈਕਟਰ ਤੋਰਨੇ ਹੁੰਦੇ ਤਾਂ ਇਕ ਉਂਗਲੀ ਖੜੀ ਕਰ ਦੇਂਦੇ ਤੇ ਜੇ ਦੂਜੇ ਗੇਅਰ ਵਿਚ ਪਾਉਣੇ ਹੋਣ ਤਾਂ ਦੋ ਉਂਗਲੀਆਂ ਖੜੀਆਂ ਕਰ ਦੇਂਦੇ। ਸਾਡੀ ਜੋੜੀ ਨੇ ਬਹੁਤ ਮਕੱਈਆਂ ਤੇ ਕਮਾਦ ਦੇ ਖੇਤ ਜ਼ਮੀਨ 'ਤੇ ਵਿਛਾਏ। ਸਿਵਲ ਸੁਰੱਖਿਆ ਅਫ਼ਸਰ ਤੇ ਡੀ.ਸੀ. ਜਲੰਧਰ ਵੀ ਮੌਕੇ 'ਤੇ ਮੌਜੂਦ ਸਨ। ਡੀ.ਸੀ. ਨੇ ਸਾਡੀ ਜੋੜੀ ਨੂੰ ਸਰਟੀਫਿਕੇਟ ਤੇ ਲਿਫਾਫੇ ਵਿਚ ਪਾ ਕੇ ਇਕ-ਇਕ ਸੌ ਰੁਪਏ ਇਨਾਮ ਦਿੱਤਾ ਤੇ ਸਾਡੇ ਨਾਲ ਟਰੈਕਟਰਾਂ ਕੋਲ ਖਲੋ ਕੇ ਫੋਟੋ ਖਿਚਵਾਈਆਂ। ਹਰ ਟਰੈਕਟਰ ਵਾਲੇ ਨੂੰ ਡੀਜ਼ਲ ਸਰਕਾਰ ਦੇਂਦੀ ਸੀ ਪਰ ਅਸਾਂ ਦੋਹਾਂ ਨੇ ਸਰਕਾਰੀ ਡੀਜ਼ਲ ਵੀ ਨਾ ਪੁਆਇਆ ਤੇ ਆਪਣੇ ਪੱਲਿਉਂ ਪੈਸੇ ਖਰਚ ਕੇ ਡੀਜ਼ਲ ਭਰਵਾਉਂਦੇ ਰਹੇ। ਅਸਾਂ ਦੋਹਾਂ ਨੇ ਹੀ ਵਿਤੋਂ ਵਧ ਕੇ ਫੌਜੀ ਫੰਡ ਵੀ ਦਿੱਤਾ।

ਹਵਾਈ ਅੱਡੇ ਦੇ ਚਾਰ ਚੁਫੇਰੇ ਦਸ ਦਸ ਕਿਲੋ ਮੀਟਰ ਦਾ ਇਲਾਕਾ ਜਹਾਜ਼ ਵਿਚ ਬੈਠਿਆਂ ਮੇਰੀਆਂ ਅੱਖਾਂ ਅੱਗੇ ਉਵੇਂ ਹੀ ਘੁੰਮਦਾ ਸੀ, ਜਿਵੇਂ ਕੱਲ ਦੀ ਗੱਲ ਹੋਵੇ। ਇਸ ਥਾਂ ਦਾ ਚੱਪਾ ਚੱਪਾ ਮੈਂ ਵੇਖਿਆ ਹੋਇਆ ਸੀ ਪਰ ਅੱਜ ਅੱਖਾਂ ਕਿਉਂ ਬੰਨੀਆਂ ਹੋਈਆਂ ਹਨ?

ਕੀ ਅੱਜ ਇਨ੍ਹਾਂ ਨੇ ਦੁਸ਼ਮਣ ਫੌਜ ਦੇ ਛੱਤਾ-ਬਰਦਾਰ ਫੜੇ ਹਨ? ਮੇਰਾ ਮਨ ਕਹਿੰਦਾ 'ਹਾਂ', ਇਹ ਸਾਨੂੰ ਪਾਕਿਸਤਾਨੀਆਂ ਤੋਂ ਵੀ ਭੈੜਾ ਸਮਝਦੇ ਹਨ। ਇਹ ਦੁਸ਼ਮਣ ਦੇਸ਼ ਦੇ ਫੌਜੀਆਂ ਤੋਂ ਵੀ ਸਾਨੂੰ ਵੱਧ ਨਫਰਤ ਕਰਦੇ ਹਨ। ਅੱਖਾਂ ਬੰਨ ਕੇ ਸਾਡੇ ਕੋਲੋਂ ਕੀ ਲੁਕਾ ਰਹੇ ਹਨ? ਕੀ ਅਸਾਂ ਕਦੇ ਆਦਮਪੁਰ ਨਹੀਂ ਵੇਖਿਆ ਕਿ ਦਿੱਲੀ ਨਹੀਂ ਵੇਖੀ? ਹੱਦ ਹੋ ਗਈ ਏਹੋ ਜਿਹੀ ਅਜ਼ਾਦੀ ਖੁਣੋ ਕੀ ਥੁੜਿਆ ਸੀ? ਅੱਜ ਸਾਡੀ ਇਸ ਦੇਸ਼ ਵਿਚ ਕੀ ਔਕਾਤ ਹੈ? ਸਾਡੇ ਸਿੱਖ ਲੀਡਰ ਉੱਲੂ ਦੇ ਪੱਠੇ ਕੀ ਸੋਚ ਕੇ ਹਿੰਦੂਆਂ ਨਾਲ ਰਲੇ? ਇਹ ਆਪਣਾ ਵੱਖਰਾ ਅਜ਼ਾਦ ਮੁਲਕ ਲੈਣ ਦੀ ਤੌਫੀਕ ਰੱਖਦੇ ਸਨ, ਕਿਉਂਕਿ ਅੰਗਰੇਜ਼ ਨੇ ਇਨ੍ਹਾਂ ਨੂੰ ਤੀਜੀ ਧਿਰ ਲੱਗਪੱਗ ਮੰਨ ਹੀ ਲਿਆ ਸੀ, ਫਿਰ ਇਨ੍ਹਾਂ ਨੇ ਰਾਜ ਭਾਗ ਅੰਗਰੇਜ਼ਾਂ ਕੋਲੋਂ ਮੰਗਿਆ ਹੀ ਕਦੋਂ ਸੀ?

ਜਹਾਜ਼ ਦੇ ਉਡਦਿਆਂ ਉਡਦਿਆਂ ਇਕ ਏਅਰ ਗੈਪ ਆਇਆ ਤੇ ਮੇਰੀ ਸੋਚ ਦੀ ਬਿਰਤੀ ਟੁੱਟੀ। ਮੇਰੀਆਂ ਅੱਖਾਂ ਅੱਗੇ, ਜਲੰਧਰ ਦੇ ਲਾਗੇ ਕਰਤਾਰਪੁਰ ਦੇ ਪਿੰਡ ਬਿਸਰਾਮ ਪੁਰ ਦੇ ਕਿਸਾਨ ਸਰੂਪ ਸਿੰਘ ਦੇ ਕਮਾਦ ਵਿਚੋਂ, ਮਾਰੇ ਗਏ ਤਿੰਨ ਪਾਕਿਸਤਾਨੀ ਛਾਤਾ-ਬਰਦਾਰਾਂ ਦਾ ਸੀਨ ਆਇਆ। ਇਕ ਕਿਸਾਨ ਆਪਣਾ ਖੂਹ ਵਾਹ ਰਿਹਾ ਸੀ ਕਿ ਉਸ ਨੂੰ ਸਰੂਪ ਸਿੰਘ ਦੇ ਕਮਾਦ ਦੇ ਮੱਥੇ ਵਗਦੀ ਆਡ ਵਿਚੋਂ ਤਿੰਨ ਬੰਦਿਆਂ ਦੇ ਹੱਥ ਪਾਣੀ ਦੇ ਬੁੱਕ ਭਰ ਭਰ ਕੇ ਪੀਂਦੇ ਦਿਸੇ। ਉਹ ਤਿੰਨੇ ਬੰਦੇ ਤਾਂ ਕਮਾਦ ਦੇ ਬੂਝਿਆਂ ਦੇ ਪਿੱਛੇ ਲੁਕ ਕੇ ਬੈਠੇ ਸਨ ਪਰ ਜਦੋਂ ਉਹ ਬਾਹਵਾਂ ਲੰਮੀਆਂ ਕਰਕੇ ਆਡ ਵਿਚੋਂ ਬੁੱਕ ਭਰਦੇ ਤਾਂ ਅਰਕਾਂ ਤਕ ਬਾਹਵਾਂ ਉਸ ਕਿਸਾਨ ਨੂੰ ਦਿੱਸ ਪਈਆਂ। ਉਹ ਕਿਸਾਨ ਭੱਜ ਕੇ ਪਿੰਡ ਗਿਆ ਤੇ ਪਿੰਡ ਵਾਲਿਆਂ ਨੂੰ ਛਾਤਾ-ਬਰਦਾਰਾਂ ਦੇ ਕਮਾਦ ਵਿਚ ਹੋਣ ਬਾਰੇ ਦੱਸਿਆ। ਪੇਂਡੂ ਉਦੋਂ ਫੌਜ ਤੋਂ ਵੀ ਦੋ ਕਦਮ ਅਗਾਂਹ ਹੋ ਜਾਂਦੇ ਸਨ। ਜੇ ਨਿੱਜੀ ਟਰੱਕਾਂ ਵਿਚ ਕਿਤੇ ਅਸਲਾ ਭੇਜਿਆ ਜਾਂਦਾ ਜਾਂ ਕੋਈ ਹੋਰ ਚੀਜ਼ ਲੱਦੀ ਹੁੰਦੀ ਤਾਂ ਨਿੱਜੀ ਟਰੱਕਾਂ ਦੇ ਡਰਾਈਵਰ ਫੌਜ ਦੇ ਟਰੱਕਾਂ ਤੋਂ ਵੀ ਅਗਾਂਹ ਲੰਘ ਜਾਂਦੇ। ਪੇਂਡੂ ਜਨਾਨੀਆਂ ਰੋਟੀਆਂ ਮੋਰਚਿਆਂ ਤੱਕ ਪਹੁੰਚਾ ਦੇਂਦੀਆਂ ਸਨ। ਪਿੰਡੋਂ ਲੋਕ ਇਕੱਠੇ ਹੋ ਕੇ ਆਏ ਤੇ ਕਮਾਦ ਨੂੰ ਘੇਰਾ ਪਾ ਲਿਆ। ਕਰਤਾਰਪੁਰ ਥਾਣੇ ਦੀ ਪੁਲਿਸ ਵੀ ਸੱਦ ਲਈ। ਲਾਗਲੇ ਪਿੰਡ ਦੇ ਲੋਕ ਵੀ ਇਕੱਠੇ ਹੋ ਕੇ ਆ ਗਏ। ਪਿੰਡ ਦੀ ਮੁੰਡੀਰ ਕਮਾਦ ਦੇ ਲਾਗੇ ਉਚੇ ਦਰਖਤਾਂ 'ਤੇ ਚੜ੍ਹ ਗਈ। ਪੁਲਿਸ ਨੂੰ ਮੁੰਡੀਰ ਨੇ ਹੀ ਦੱਸਿਆ ਕਿ ਉਹ ਹੁਣ ਕਮਾਦ ਵਿਚ ਨਹੀਂ, ਕਮਾਦ ਦੇ ਨਾਲ ਲਗਦੇ ਚਰ੍ਹੀ ਦੇ ਖੇਤ ਵਿਚ ਚਲੇ ਗਏ ਹਨ। ਜਦੋਂ ਪੁਲਿਸ ਚਰ੍ਹੀ ਵਿਚ ਵੜੀ ਤਾਂ ਉਹਨਾਂ ਅੱਗੋਂ ਬਰਸੱਟ ਮਾਰਿਆ। ਪੁਲਿਸ ਡਿਗਦੀ ਢਹਿੰਦੀ ਚਰ੍ਹੀ ਦੇ ਖੇਤ ਵਿਚੋਂ ਬਾਹਰ ਭੱਜ ਆਈ। ਫੌਜ ਨੂੰ ਬੁਲਾਇਆ ਗਿਆ, ਉਨ੍ਹਾਂ ਨੇ ਲੋਕਾਂ ਦਾ ਘੇਰਾ ਪਿੱਛੇ ਕਰਵਾ ਦਿੱਤਾ ਤੇ ਅਥਰੂ ਗੈਸ ਦੇ ਗੋਲੇ ਸੁਟੇ ਤੇ ਫਾਇਰਿੰਗ ਕੀਤੀ। ਬੇਬਸ ਹੋ ਕੇ ਉਹ ਤਿੰਨੇ ਪਾਕਿਸਤਾਨੀ ਬਾਹਵਾਂ ਖੜੀਆਂ ਕਰਕੇ ਬਾਹਰ ਆ ਗਏ। ਉਨ੍ਹਾਂ ਦੀ ਤਲਾਸ਼ੀ ਲੈਣ ਤੋਂ ਬਾਅਦ ਨਿਹੱਥੇ ਕਰਕੇ ਨਾਲ ਦੇ ਖੂਹ 'ਤੇ ਲਿਆ ਕੇ ਪੁੱਛ ਗਿੱਛ ਸ਼ੁਰੂ ਹੋਈ। ਲੋਕਾਂ ਨੂੰ ਦੂਰ ਭਜਾ ਦਿੱਤਾ ਗਿਆ। ਕਈਆਂ ਪਿੰਡਾਂ ਦੇ ਲੋਕ, ਲਾ ਨਿਆਣਿਆਂ ਤੇ ਬੁੱਢਿਆਂ ਤੱਕ, ਇਹ ਨਜ਼ਾਰਾ ਵੇਖਣ ਆਏ ਸਨ।

ਭੀੜ ਵਿਚ ਦੋ ਫੌਜੀ ਵੀ ਖੜ੍ਹੇ ਸਨ। ਇਕ ਫੌਜੀ ਪੜ੍ਹਾਈ (Education Core) ਦੇ ਰਿਟਾਇਰਡ ਸੂਬੇਦਾਰ ਮੇਜਰ ਤੇ ਦੂਜਾ ਸਿੱਖ ਰਜਮੈਂਟ ਦਾ ਪੈਨਸ਼ਨ ਆਇਆ ਹੋਇਆ ਜਮਾਂਦਾਰ (ਨਾਇਬ ਸੂਬੇਦਾਰ)। ਜਮਾਂਦਾਰ ਨੇ ਸੂਬੇਦਾਰ ਮੇਜਰ ਨੂੰ ਪੁਛਿਆ "ਸਾਹਿਬ,

ਹੁਣ ਇਨ੍ਹਾਂ ਨੂੰ ਮਾਰ ਦੇਣਗੇ?" ਸੂਬੇਦਾਰ ਮੇਜਰ ਫੌਜੀਆਂ ਨੂੰ ਪੜਾਉਂਦਾ ਤਾਂ ਹੈ ਹੀ ਸੀ ਨਾਲ ਫੌਜ ਦੇ ਕਾਇਦੇ ਕਾਨੂੰਨ ਵੀ ਪੜਾਉਂਦਾ ਸੀ। ਬਲਖ ਬੁਖਾਰੇ ਬਸਰੇ ਤੇ ਗਾਜ਼ਾ ਪੱਟੀ ਵਰਗੀਆਂ ਲਾਮਾਂ 'ਤੇ ਜਾ ਆਇਆ ਸੀ ਤੇ ਉਸ ਕੋਲ ਬਹੁਤ ਸਾਰੇ ਮੈਡਲ ਸਨ, ਫੌਜੀ ਕਾਨੂੰਨਾਂ ਦਾ ਉਹ ਮਾਹਰ ਸਮਝਿਆ ਜਾਂਦਾ ਸੀ। ਫੌਜ ਵਿਚ ਇਹ ਕਮਿਸ਼ਨ ਲੈ ਕੇ ਉੱਚੇ ਅਹੁਦੇ 'ਤੇ ਵੀ ਜਾ ਸਕਦਾ ਸੀ ਪਰ ਉਸ ਨੂੰ ਦਮੇਂ ਦੀ ਸ਼ਿਕਾਇਤ ਸੀ ਤੇ ਇਸ ਲਈ ਡਾਕਟਰੀ ਅਧਾਰ 'ਤੇ ਉਹ ਕੈਟਾਗਰੀ ਸੀ ਹੋ ਚੁੱਕਾ ਸੀ, ਕਿਉਂਕਿ ਉਹ ਉੱਚੀਆਂ ਪਹਾੜੀ ਚੋਟੀਆਂ 'ਤੇ ਨਹੀਂ ਜਾ ਸਕਦਾ ਸੀ। ਜਮਾਂਦਾਰ ਦਾ ਸਵਾਲ ਸੁਣ ਕੇ ਸੂਬੇਦਾਰ ਨੇ ਉਸ ਨੂੰ ਕਿਹਾ, "ਕਮਲਿਆ! ਤੈਨੂੰ ਚੇਤਾ ਭੁੱਲ ਗਿਆ, ਜਿਹੜਾ ਬਾਹਵਾਂ ਖੜੀਆਂ ਕਰ ਦੇਵੇ ਉਹਨੂੰ ਮਾਰਨ ਦਾ ਹੁਕਮ ਹੈ ਕਿਤੇ? ਇਨ੍ਹਾਂ ਨੂੰ ਕਰਨਲ ਸਾਹਿਬ ਪੁੱਛ ਗਿੱਛ ਕਰਨਗੇ। ਇਹ ਹੁਣ ਕੈਦ ਰਹਿਣਗੇ, ਜਦੋਂ ਲੜਾਈ ਮੁੱਕਣ 'ਤੇ ਬੰਦੀ ਬਣਾਏ ਹੋਏ ਫੌਜੀਆਂ ਦਾ ਤਬਾਦਲਾ ਹੋਊਗਾ ਇਨ੍ਹਾਂ ਨੂੰ ਪਾਕਿਸਤਾਨ ਭੇਜ ਦੇਣਗੇ। ਆਪਣੇ ਬੰਦੇ ਏਧਰ ਆ ਜਾਣਗੇ। ਐਨਾ ਚਿਰ ਅੰਗਰੇਜ਼ਾਂ ਨਾਲ ਰਹੇ ਆਂ, ਕਈ ਲੜਾਈਆਂ ਲੜੀਆਂ ਇਹੋ ਹੀ ਕਾਨੂੰਨ ਆ। ਚੇਤਾ ਈ ਜਦੋਂ ਬੁਖਾਰੇ ਦੁਸ਼ਮਣ ਦੇ ਫੌਜੀ ਜ਼ਖਮੀ ਹੋ ਗਏ ਸੀ ਤੇ ਕਰਨਲ ਸਾਹਿਬ ਨੇ ਹੁਕਮ ਦਿੱਤਾ ਸੀ ਇਨ੍ਹਾਂ ਨੂੰ ਪਿੱਛੇ ਹਸਪਤਾਲ ਲੈ ਜਾਓ। ਤੈਨੂੰ ਤੇ ਘਲਿਆ ਸੀ, ਉਦੋਂ ਉਨ੍ਹਾਂ ਦੇ ਨਾਲ। ਨਾਲੇ ਜਨੇਵਾ ਸਮਝੌਤਾ ਹੋਇਆ ਹੈ ਸਾਰੇ ਮੁਲਕਾਂ ਦਾ, ਫੇਰ ਸੇਂਟ ਪੀਟਰਸ ਬਰਗ ਦੀ ਸੰਧੀ 1869 ਤੇ ਹੇਗ ਕਨਵੈਨਸ਼ਨ 1907 ਦੇ ਅਨੁਸਾਰ ਕੋਈ ਦੇਸ਼ ਦੂਜੇ ਦੇਸ਼ ਦੇ ਫੌਜੀ ਨੂੰ ਮਾਰ ਨਹੀਂ ਸਕਦਾ। ਇਹ ਕਨੂੰਨ ਦੀ ਉਲੰਘਣਾ ਹੈ।"

ਓਨੇ ਚਿਰ ਤੱਕ ਪੁੱਛਗਿੱਛ ਖਤਮ ਹੋ ਚੁੱਕੀ ਸੀ। ਫੇਰ ਲੋਕਾਂ ਨੇ ਲਹਿੰਦੇ ਵੱਲ ਮੂੰਹ ਕਰਕੇ ਉਹ ਤਿੰਨੇ ਫੌਜੀ ਨਮਾਜ ਪੜ੍ਹਦੇ ਵੇਖੇ। ਲੋਕਾਂ ਤੋਂ ਉਨ੍ਹਾਂ ਦੀ ਦੂਰੀ ਫਰਲਾਂਗ ਤੋਂ ਵੀ ਵੱਧ ਸੀ। ਨਮਾਜ਼ ਖਤਮ ਹੋਣ 'ਤੇ ਉਹ ਤਿੰਨੇ ਗੋਡਿਆਂ ਪਰਨੇ ਹੀ ਬੈਠੇ ਸਨ, ਜਦੋਂ ਤਿੰਨ ਸਿੱਖ ਫੌਜੀਆਂ ਨੇ ਰਾਈਫਲਾਂ ਦੇ ਬੋਲਟ ਮਾਰੇ। ਉਹ ਸੂਬੇਦਾਰ ਮੇਜਰ ਅਜੇ ਵੀ ਆਖੇ "ਕਰਨਲ ਸਾਹਿਬ ਡਰਾਉਂਦੇ ਆ, ਮਾਰਨ ਨਹੀਂ ਲੱਗੇ।" ਤਦੇ ਹੀ ਲੋਕਾਂ ਨੇ ਗੋਲੀ ਚੱਲਣ ਦੀ ਅਵਾਜ਼ ਸੁਣੀ। ਦੋ ਤਾਂ ਥਾਂ 'ਤੇ ਢੇਰੀ ਹੋ ਗਏ ਪਰ ਤੀਜੇ ਦੀਆਂ ਆਂਦਰਾ ਦਾ ਗੁੱਛਾ ਢਿੱਡ ਵਿਚੋਂ ਬਾਹਰ ਨਿਕਲ ਆਇਆ ਸੀ। ਲੋਕਾਂ ਵੇਖਿਆ, ਉਸ ਤੀਜੇ ਪਾਕਿਸਤਾਨੀ ਨੇ ਆਪਣੇ ਹੱਥ ਦਾ ਚੱਪਾ ਆਪਣੇ ਸਿਰ ਵੱਲ ਕਰਕੇ ਇਸ਼ਾਰਾ ਕੀਤਾ। ਜਿਸਦਾ ਮਤਲਬ ਸੀ "ਦਿਮਾਗ ਵਿਚ ਗੋਲੀ ਮਾਰੋ।" ਹੁਣ ਇਕ ਹੋਰ ਗੋਲੀ ਉਸ ਦੇ ਸਿਰ ਦਾ ਨਿਸ਼ਾਨਾ ਲੈ ਕੇ ਚਲਾਈ ਗਈ ਸੀ। ਨਾਲ ਹੀ ਉਹ ਵੀ ਜ਼ਮੀਨ 'ਤੇ ਢੇਰੀ ਹੋ ਗਿਆ। ਫਿਰ ਇਕ ਤਿੰਨ ਟਨੇ ਟਰੱਕ ਨੂੰ ਲਾਸ਼ਾਂ ਦੇ ਨੇੜੇ ਲਿਆਂਦਾ ਗਿਆ ਤੇ ਡਾਲਾ ਖੋਲ੍ਹ ਕੇ ਉਹ ਤਿੰਨੇ, ਦੋ-ਦੋ ਫੌਜੀਆਂ ਨੇ ਟਰੱਕ ਵਿਚ ਏਦਾ ਸੁੱਟੇ ਜਿਵੇਂ ਆਲੂਆਂ ਦੀਆਂ ਬੋਰੀਆਂ ਸੁੱਟੀਦੀਆਂ ਹਨ। ਫੌਜ ਆਪਣਾ ਕੰਮ ਮੁਕਾ ਕੇ ਜਾ ਚੁੱਕੀ ਸੀ ਪਰ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਉਹ ਫੌਜੀ ਸੂਬੇਦਾਰ ਮੇਜਰ ਤਾਂ ਏਡਾ ਸ਼ਰਮਿੰਦਾ ਹੋਇਆ ਕਿ ਉਸੇ ਵੇਲੇ ਹੀ ਪਰ੍ਹਾਂ ਨੂੰ ਚਲਾ ਗਿਆ। ਕਈ ਲੋਕ ਕਹਿੰਦੇ ਸਨ, "ਬਹੁਤ ਬੁੱਚੜਪੁਣਾ ਕੀਤਾ ਬਈ ਆਪਣੀ ਫੌਜ ਨੇ, ਜਦੋਂ ਫੜੇ ਗਏ ਸੀ, ਕੈਦ ਕਰ ਲੈਂਦੇ ਮਾਰਨ ਦਾ ਕੀ ਮਤਲਬ? ਏਦਾ ਤਾਂ ਫਿਰ ਉਹ ਸਾਡਿਆਂ ਬੰਦਿਆਂ ਨੂੰ ਵੀ ਮਾਰ ਦੇਣਗੇ।"

ਜੋ ਘਿਨਾਉਣਾ ਕੰਮ 1965 ਵਿਚ ਭਾਰਤੀ ਫੌਜੀਆਂ ਨੇ ਪਾਕਿਸਤਾਨੀਆਂ ਨਾਲ

ਕੀਤਾ ਸੀ, ਉਸ ਤੋਂ ਕਈ ਗੁਣਾਂ ਵਧ ਭੈੜਾ 1984 ਵਿਚ ਭਾਰਤੀ ਫੌਜ ਨੇ ਗੁਰਪੁਰਬ ਮਨਾਉਣ ਗਏ ਬੀਬੀਆਂ, ਬੱਚਿਆਂ ਤੇ ਬੁੱਢਿਆਂ ਨਾਲ ਕੀਤਾ। ਨੌਜਵਾਨਾਂ ਨੂੰ, ਜਿਹੜੇ ਵਿਚਾਰੇ ਸਿਰਫ ਮੱਥਾ ਟੇਕਣ ਹੀ ਗਏ ਸਨ ਤੇ ਲੜਾਈ ਨਾਲ ਜਿਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਹੀਂ ਸੀ, ਉਨ੍ਹਾਂ ਨੂੰ ਵੀ ਸਿਰ ਦੀਆਂ ਕੰਨਪਟੀਆਂ 'ਤੇ ਰਾਈਫਲਾਂ ਦੀਆਂ ਗੋਲੀਆਂ ਚਲਾ ਕੇ ਮਾਰ ਦਿੱਤਾ। ਬੀਬੀਆਂ ਨਾਲ ਬਲਾਤਕਾਰ ਕੀਤੇ, ਬੁੱਢਿਆਂ ਦੀਆਂ ਦਾਹੜੀਆਂ ਫੜ ਕੇ ਕੁੱਟਿਆ ਤੇ ਛੋਟੇ ਬੱਚਿਆਂ ਨੂੰ ਵੀ ਨਾ ਬਖਸ਼ਿਆ। ਇਹ ਸਾਰਾ ਕਾਰਾ ਜਲ੍ਹਿਆਂ ਵਾਲੇ ਬਾਗ ਤੋਂ ਕਿਹੜੇ ਪਾਸਿਉਂ ਘੱਟ ਸੀ?

ਓਧਰ ਦਰਬਾਰ ਸਾਹਿਬ ਦੇ ਚਾਰ ਚੁਫੇਰੇ ਹਿੰਦੂਆਂ ਦੇ ਉੱਚੇ ਮਕਾਨਾਂ, ਜਿਨ੍ਹਾਂ ਵਿਚ ਫੌਜ ਨੇ ਆਪਣੇ ਮੋਰਚੇ ਬਣਾਏ ਹੋਏ ਸਨ, ਅੰਦਰ ਹਿੰਦੂ ਉਨ੍ਹਾਂ ਦੀ ਚਾਹ, ਲੱਸੀ ਤੇ ਸ਼ਰਬਤਾਂ ਨਾਲ ਸੇਵਾ ਕਰ ਰਹੇ ਸਨ। ਇਹ ਗੱਲ ਰੇਡੀਓ ਤੇ ਟੈਲੀਵਿਜਨ ਦੀਆਂ ਖਬਰਾਂ ਵਿਚ ਬਾਰ ਬਾਰ ਉਚੇਚੇ ਤੌਰ 'ਤੇ ਦੱਸੀ ਜਾ ਰਹੀ ਸੀ। ਫੌਜ ਨੂੰ ਸ਼ਰਾਬ ਦਾ ਵਿਸ਼ੇਸ਼ ਕੋਟਾ, ਜਿਹੜਾ ਲੜਾਈ ਦੇ ਮੈਦਾਨ ਵਿਚ ਦਿੱਤਾ ਜਾਂਦਾ ਹੈ, ਤਕਸੀਮ ਕੀਤਾ ਗਿਆ। ਜਿਨ੍ਹਾਂ ਹਿੰਦੂ ਘਰਾਂ ਵਿਚ ਕਦੇ ਗੰਢੇ ਦਾ ਤੜਕਾ ਨਹੀਂ ਸੀ ਲੱਗਾ ਤੇ ਸ਼ਰਾਬ ਪੀਣੀ ਤੇ ਦੂਰ ਹੱਥ ਲਾਉਣ ਨੂੰ ਵੀ ਗੁਨਾਹ ਸਮਝਿਆ ਜਾਂਦਾ ਸੀ, ਉਨ੍ਹਾਂ ਘਰਾਂ ਦੇ ਚੌਂਕਿਆਂ ਵਿਚ ਆਂਡਿਆਂ ਦੀਆਂ ਭੁਰਜੀਆਂ ਬਣੀਆਂ ਤੇ ਮਾਸ ਦੇ ਪਤੀਲੇ ਤਿਆਰ ਹੋਏ। ਨਵੀਆਂ ਆਈਆਂ ਵਹੁਟੀਆਂ ਦੇ ਦਾਜ ਦੇ ਗਲਾਸ, ਆਪਣੇ ਫੌਜੀ ਬਹਾਦਰਾਂ ਨੂੰ, ਸ਼ਰਾਬ ਪੀਣ ਲਈ ਉਚੇਚੇ ਤੌਰ 'ਤੇ ਦਿੱਤੇ ਗਏ ਤੇ ਘਰਾਂ ਦੀਆਂ ਬਹੂਆਂ ਤੇ ਬੇਟੀਆਂ ਨੇ ਫੌਜੀਆਂ ਵੱਲ ਵਿਸ਼ੇਸ਼ ਮੁਸਕਾਨਾਂ ਬਖੇਰੀਆਂ। ਬੁੱਢੀਆਂ ਨੇ ਮੱਥੇ ਚੁੰਮੇ ਤੇ ਘਰ ਦੇ ਬੰਦਿਆਂ ਨੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਫੌਜੀਆਂ ਨਾਲ ਉਹ ਇਸ ਤਰ੍ਹਾਂ ਪੇਸ਼ ਆਏ ਜਿਵੇਂ ਉਨ੍ਹਾਂ ਨੇ ਆਪਣੇ ਹੀ ਸ਼ਹਿਰੀਆਂ ਨੂੰ ਨਹੀਂ ਸਗੋਂ ਦੁਸ਼ਮਣ ਦੇਸ਼ ਦੀ ਫੌਜ ਨੂੰ ਹਰਾਇਆ ਹੋਵੇ। 'ਅਖੇ ਸਾਡਾ ਨਹੁੰ ਮਾਸ ਦਾ ਰਿਸ਼ਤਾ ਹੈ।' ਹਿੰਦੂਆਂ ਤੇ ਸਿੱਖਾਂ ਵਿਚ ਨਹੁੰ ਕਿਹੜਾ ਹੈ ਤੇ ਮਾਸ ਕਿਹੜਾ ਹੈ? ਇਹ ਅਜੇ ਤੱਕ ਪਤਾ ਨਹੀਂ ਲੱਗਾ।

ਜਹਾਜ਼ ਪਤਾ ਨਹੀਂ ਕਿਥੇ ਜਾ ਰਿਹਾ ਸੀ, ਦਿਲ ਧੜਕ ਰਹੇ ਸਨ। ਮੇਰੇ ਅੰਦਰ ਇਹ ਵਿਸ਼ਵਾਸ ਸੀ ਕਿ ਵਾਹਿਗੁਰੂ ਭਲੀ ਕਰੇਗਾ। ਨਾਲੇ ਮੇਰੇ ਲਈ ਤਾਂ ਇਹ ਇਕ ਤਜਰਬਾ ਸੀ, ਬਿਲਕੁਲ ਨਵਾਂ ਤੇ ਅਨੋਖਾ ਤਜਰਬਾ। ਅੱਖਾਂ ਬੱਧੀਆਂ ਹੋਈਆਂ, ਹੱਥਕੜੀਆਂ ਲੱਗੀਆਂ ਹੋਈਆਂ, ਆਪਣੇ ਹੀ ਦੇਸ਼ ਦੀ ਪੁਲਿਸ ਤੋਂ ਬੰਦੀ ਬਣੇ ਹੋਏ। ਬੜਾ ਅਜੀਬ ਜਿਹਾ ਨਜ਼ਾਰਾ ਸੀ ਉਹ। ਪਰ ਫਿਰ ਵੀ ਦਿਲ ਵਿਚ ਬਾਰ ਬਾਰ ਖਿਆਲ ਆਉਂਦਾ ਕਿ ਦਿੱਲੀ ਲੈ ਕੇ ਜਾਣਗੇ ਜਾਂ ਭਾਰਤ ਦੇ ਹੋਰ ਕਿਸੇ ਸ਼ਹਿਰ? ਫਿਰ ਮੈਨੂੰ ਇਕ ਨਿਹੰਗ ਦੀ ਗੱਲ ਯਾਦ ਆ ਗਈ ਤੇ ਮੇਰਾ ਹਾਸਾ ਨਿਕਲ ਗਿਆ। ਇਕ ਨਿਹੰਗ ਕਿਸੇ ਪਾਸੇ ਸਾਈਕਲ 'ਤੇ ਜਾ ਰਿਹਾ ਸੀ ਪਰ ਹਵਾ ਅਗੋਂ ਦੀ ਹੋਣ ਕਰਕੇ ਪੈਡਲ ਮਾਰਨ 'ਤੇ ਜ਼ੋਰ ਲਗਦਾ ਸੀ। ਨਿਹੰਗ ਸਾਈਕਲ ਤੋਂ ਉਤਰ ਗਿਆ ਤੇ ਬੋਲਿਆ, "ਮੈਂ ਵੀ ਕਮਲਾ ਈ ਆਂ। ਏਧਰ ਕਿਹੜੀ ਮੇਰੀ ਭੂਆ ਬੈਠੀ ਮੈਨੂੰ ਉਡਕਦੀ ਆ? ਜਿਧਰ ਨੂੰ ਹਵਾ ਦਾ ਰੁਖ ਆ ਓਧਰ ਈ ਸਹੀ ਤੇ ਉਸ ਨੇ ਸਾਈਕਲ ਦਾ ਮੂੰਹ ਉਲਟੇ ਪਾਸੇ ਮੋੜ ਲਿਆ। ਉਸ ਨਿਹੰਗ ਵਾਂਗ ਸਾਨੂੰ ਦਿੱਲੀ ਕੀ ਤੇ ਕੋਈ ਹੋਰ ਸ਼ਹਿਰ ਕੀ ਸਾਡੇ ਲਈ ਤਾਂ ਸਾਰੇ ਹੀ ਤਸੀਹਾ ਘਰ ਸਨ। ਸਾਨੂੰ ਸੋਚਣ ਦੀ ਕੀ ਲੋੜ ਕਿੱਥੇ ਲੈ ਚੱਲੇ ਹਨ। ਪਰ ਇਕ ਅਫ਼ਸਰ ਕਿ ਸਿਪਾਹੀ ਨੇ ਮੇਰਾ ਹਾਸਾ ਸੁਣ ਕੇ ਕਿਹਾ

"ਕਿਸ ਬਾਤ ਕੀ ਹਸੀਂ ਆ ਰਹੀ ਹੈ?" ਮੈਂ ਕਿਹਾ, "ਕੋਈ ਬਾਤ ਨਹੀਂ ਐਸੇ ਹੀ।"

ਪਤਾ ਨਹੀਂ ਜਹਾਜ਼ ਹੌਲੀ ਚਾਲ ਸੀ ਜਾਂ ਅੱਖਾਂ ਬੰਨੀਆਂ ਹੋਣ ਕਰਕੇ ਹੀ ਕੋਈ ਫਰਕ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਜਹਾਜ਼ ਬਹੁਤ ਜ਼ਿਆਦਾ ਦੇਰ ਤੱਕ ਉਡਦਾ ਰਿਹਾ ਹੋਵੇ। ਘੱਟ ਘੱਟ ਦੋ ਘੰਟੇ ਤਾਂ ਲੱਗੇ ਹੀ ਹੋਣਗੇ। ਇਹ ਜਹਾਜ਼ ਬੀ.ਐਸ.ਐਫ. ਦਾ ਸੀ। ਅੱਖਾਂ ਬੰਨੀਆਂ ਹੋਣ ਕਰਕੇ ਕੁਝ ਦਿਸਿਆ ਤਾਂ ਨਹੀਂ ਪਰ ਇਕ ਸਾਥੀ ਆਖਦਾ ਸੀ ਕਿ ਉਸ ਦੀ ਪੱਟੀ ਥੋੜ੍ਹੀ ਖੁੱਲ੍ਹੀ ਹੋਣ ਕਰਕੇ ਉਸ ਨੇ ਬੀ.ਐਸ.ਐਫ. ਪੜ੍ਹਿਆ ਸੀ। ਜਹਾਜ਼ ਦੀਆਂ ਸੀਟਾਂ 'ਤੇ ਚੜ੍ਹੇ ਮੋਟੇ ਕੱਪੜੇ ਤੋਂ ਇਹ ਪਤਾ ਲੱਗਦਾ ਸੀ ਕਿ ਫੌਜੀ ਜਹਾਜ਼ ਹੈ। ਮੈਂ ਅੱਗੇ ਵੀ ਕਈ ਵਾਰ ਜਹਾਜ਼ ਦਾ ਸਫਰ ਕੀਤਾ ਹੈ ਪਰ ਏਨੀ ਦੇਰ ਕਦੇ ਨਹੀਂ ਲੱਗੀ। ਕਦੀ ਜਹਾਜ਼ ਦਾ ਇੰਜਣ ਤੇਜ਼ ਹੋ ਜਾਂਦਾ ਤੇ ਕਦੇ ਹੌਲੀ। ਹਵਾਈ ਗੈਪ ਜ਼ਿਆਦਾ ਵਾਰ ਨਹੀਂ ਆਏ। ਜਹਾਜ਼ ਦੀ ਚਾਲ ਵਧਣ ਘਟਣ ਤੋਂ ਤਾਂ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਜਹਾਜ਼ ਪਹਾੜਾਂ ਉੱਤੇ ਉਡ ਰਿਹਾ ਹੋਵੇ। ਫਿਰ ਜਹਾਜ਼ ਲੈਂਡ ਕਰ ਗਿਆ। ਲੈਂਡ ਕਰਦਿਆਂ ਹੀ ਇਕ ਟਰੱਕ ਜਿਹੇ ਵਰਗੀ ਗੱਡੀ ਦੀ ਅਵਾਜ਼ ਆਈ। ਜਹਾਜ਼ ਤੋਂ ਉਤਾਰ ਕੇ ਸਾਨੂੰ ਉਸ ਗੱਡੀ ਵਿਚ ਸਵਾਰ ਕਰ ਦਿੱਤਾ ਗਿਆ। ਮਾਲੂਮ ਹੁੰਦਾ ਸੀ ਕਿ ਉਹ ਬੜੀ ਲੰਬੀ ਗੱਡੀ ਹੈ। ਬਾਅਦ ਵਿਚ ਉਹ ਹੀ ਗੱਡੀ ਕਚਹਿਰੀ ਵਗੈਰਾ ਲੈ ਕੇ ਜਾਂਦੀ ਸੀ। ਉਹ ਆਮ ਲੇਲੈਂਡ ਵੱਡੀ ਗੱਡੀ ਹੈ, ਜੋ ਪੁਲਿਸ ਵਾਲੇ ਵਰਤਦੇ ਹਨ। ਕਾਫੀ ਦੇਰ ਲੱਗਣ ਤੋਂ ਬਾਅਦ ਗੱਡੀ ਟਿਕਾਣੇ ਆ ਕੇ ਖਲੋ ਗਈ। ਇਹ ਰਸਤਾ ਕੋਈ ਪੌਣੇ ਘੰਟੇ ਦਾ ਸੀ। ਰਸਤੇ ਵਿਚ ਰੇਲ ਗੱਡੀਆਂ ਦਾ ਜੰਕਸ਼ਨ ਵੀ ਆਉਂਦਾ ਸੀ। ਬਹੁਤ ਸਾਰੇ ਇੰਜਣ ਭਾਫ ਛੱਡ ਰਹੇ ਸਨ। ਫੇਰ ਬਹੁਤ ਸੰਘਣੀ ਅਬਾਦੀ ਤੇ ਟਰੈਫਿਕ ਵਾਲਾ ਇਲਾਕਾ ਵੀ ਆਇਆ ਸੀ।

ਜਦੋਂ ਗੱਡੀ ਵਿਚੋਂ ਉਤਾਰਿਆ ਗਿਆ ਤਾਂ ਹਰ ਇਕ ਉੱਤੇ ਇਕ ਇਕ ਚਾਦਰ ਜਿਹੀ ਸੁੱਟ ਦਿੱਤੀ ਗਈ। ਦਿਸਦਾ ਤਾਂ ਪਹਿਲਾਂ ਹੀ ਕੁਝ ਨਹੀਂ ਸੀ। ਫਿਰ ਇਹ ਚਾਦਰ ਸੁੱਟਣ ਨਾਲ ਹੋਰ ਵੀ ਹਨੇਰਾ ਜਿਹਾ ਹੋ ਗਿਆ। ਕਾਹਲੀ ਕਾਹਲੀ ਕਦਮਾਂ ਨਾਲ ਇਕ ਇਕ ਨੂੰ ਫੜ ਕੇ ਦੋ ਦੋ ਸਿਪਾਹੀ ਤੁਰਦੇ ਸਨ। ਪਹਿਲਾਂ ਇਕ ਪੌੜੀਆਂ ਚੜ੍ਹੇ, ਫਿਰ ਦੂਸਰੀਆਂ ਪੌੜੀਆਂ ਉਤਰੇ ਤਾਂ ਮੈਂ ਫੱਟ ਸਮਝ ਗਿਆ ਕਿ ਇਹ ਜ਼ਮੀਨਦੋਜ਼ ਤਹਿਖਾਨਾ ਹੈ। ਕੁਝ ਕਦਮ ਚੱਲਣ ਤੋਂ ਬਾਅਦ ਸਾਰਿਆਂ ਨੂੰ ਰੋਕ ਲਿਆ ਗਿਆ। ਚਾਦਰਾਂ ਵਰਗੇ ਮੋਟੇ ਕੱਪੜੇ ਲਾਹ ਦਿੱਤੇ। ਇਕ ਭਾਰੀ ਅਵਾਜ਼ ਨੇ ਮੇਰੇ ਕੋਲ ਆ ਕੇ ਨਾਂ ਪਤਾ ਪੁਛਿਆ, ਵਿਦਿਆ ਕੀ ਹੈ। ਗੱਲ ਕੀ ਉਹ ਹੀ ਸਵਾਲ ਪੁੱਛੇ ਜੋ ਆਮ ਤੌਰ 'ਤੇ ਪੁੱਛਗਿੱਛ ਕਰਨ ਤੋਂ ਪਹਿਲਾਂ ਪੁੱਛੇ ਜਾਂਦੇ ਹਨ। ਸਾਰੇ ਸਵਾਲਾਂ ਦਾ ਜਵਾਬ ਲੈਣ ਤੋਂ ਬਾਅਦ ਫਿਰ ਦੂਸਰਿਆਂ ਨੂੰ ਵੀ ਇਸ ਤਰ੍ਹਾਂ ਹੀ ਪੁੱਛਿਆ ਗਿਆ। ਇਹ ਕੰਮ ਮੁੱਕ ਜਾਣ ਤੋਂ ਬਾਅਦ ਕੁਝ ਕਦਮ ਹੋਰ ਅੱਗੇ ਨੂੰ ਤੋਰਿਆ, ਫਿਰ ਖੱਬੇ ਹੱਥ ਮੋੜ ਕੇ ਕੁਝ ਕਦਮ ਚਲਾਇਆ ਤੇ ਖੜ੍ਹੇ ਕਰ ਦਿੱਤਾ। ਫਿਰ ਇਕ ਹੱਥ ਨੇ ਮੇਰੀਆਂ ਪਟੀਆਂ ਖੋਲ੍ਹ ਦਿੱਤੀਆਂ। ਜਦੋਂ ਪੱਟੀਆਂ ਨੂੰ ਹੱਥ ਪਾਇਆ ਗਿਆ ਤਾਂ ਕਾਫੀ ਰਾਹਤ ਜਿਹੀ ਮਹਿਸੂਸ ਹੋਈ। ਮੈਨੂੰ ਇਹ ਉਮੀਦ ਨਹੀਂ ਸੀ ਕਿ ਇਹ ਪੱਟੀਆਂ ਕਦੀ ਖੁੱਲ੍ਹਣਗੀਆਂ ਵੀ। ਪੱਟੀ ਖੁੱਲ੍ਹ ਜਾਣ 'ਤੇ ਵੀ ਅੱਖਾਂ ਤੋਂ ਝਾਉਲਾ ਝਾਉਲਾ ਜਿਹਾ ਦਿਸਦਾ ਸੀ। ਇਕ ਦਮ ਹਵਾ ਲੱਗਣ ਨਾਲ ਅੱਖਾਂ ਵਿਚੋਂ ਕੌੜਾ ਜਿਹਾ ਪਾਣੀ ਵਗਣਾਂ ਸ਼ੁਰੂ ਹੋ ਗਿਆ। ਮੈਂ ਇਕ ਹੱਥ ਉਪਰ ਚੁੱਕ ਕੇ ਅੱਖਾਂ 'ਤੇ ਫੇਰਿਆ। ਇਕ ਦੋ ਵਾਰੀ ਬੰਦ ਕਰਕੇ ਅੱਖਾਂ ਖੋਲ੍ਹੀਆਂ ਤਾਂ ਦਿਸਣਾ ਸ਼ੁਰੂ ਹੋ ਗਿਆ। ਸਾਹਮਣੇ ਪਾਸੇ ਦੀਵਾਰ ਸੀ।

ਸੱਜੇ ਪਾਸੇ ਬਾਕੀ ਸਾਰੇ ਵੀ ਲਾਈਨ ਵਿਚ ਖੜ੍ਹੇ ਸਨ। ਸਾਰਿਆਂ ਦੀਆਂ ਹੀ ਪੱਟੀਆਂ ਖੁੱਲ੍ਹ ਚੁੱਕੀਆਂ ਸਨ। ਸਭ ਤੋਂ ਪਹਿਲੀ ਨਜ਼ਰ ਜਿਸ ਆਦਮੀ 'ਤੇ ਪਈ, ਉਹ ਲੰਬੇ ਕੱਦ ਦਾ ਪਤਲਾ ਤੇ ਕਾਲੇ ਰੰਗ ਦਾ ਆਦਮੀ ਸੀ, ਦਾਹੜੀ ਮੁਸਲਮਾਨਾਂ ਵਾਂਗ ਖੱਤ ਕੱਢ ਕੇ ਕੱਟੀ ਹੋਈ। ਉਸਦੇ ਬੋਲਣ ਚਾਲਣ ਤੋਂ ਪਤਾ ਲੱਗਦਾ ਸੀ ਕਿ ਇਹ ਕੋਈ ਵੱਡਾ ਅਫ਼ਸਰ ਹੈ। ਸਭ ਤੋਂ ਪਹਿਲਾਂ ਉਸ ਨੇ ਆਖਿਆ "ਦੇਖੋ, ਸਾਰੇ ਅਰਾਮ ਨਾਲ ਬੈਠੋ, ਕੰਬਲ ਵਿਛਾ ਲਓ ਪਰ ਇਕ ਦੂਸਰੇ ਨਾਲ ਗੱਲ ਨਹੀਂ ਕਰਨੀ, ਨਹੀਂ ਤਾਂ ਸਾਨੂੰ ਵੱਖੋ ਵੱਖਰੇ ਕਰਨੇ ਪੈਣਗੇ। ਬੇਹਤਰ ਇਹ ਹੀ ਹੈ ਕਿ ਗੱਲਬਾਤ ਕੋਈ ਨਾ ਹੋਵੇ, ਖਾਣਾ ਹੁਣੇ ਆਉਂਦਾ ਹੈ, ਆਰਾਮ ਕਰੋ ਤੇ ਇਹ ਕਹਿ ਕੇ ਉਹ ਚਲਾ ਗਿਆ।

ਇਹ ਇਕ ਇਟੈਰੋਗੇਸ਼ਨ ਸੈਂਟਰ ਦੀ ਹਵਾਲਾਤ ਸੀ। ਇਹ ਥਾਣਾ ਬਿਲਕੁਲ ਨਵਾਂ ਹੀ ਬਣਿਆ ਹੈ। ਇਸ ਹਵਾਲਾਤ ਦੇ ਸੱਜੇ ਤੇ ਖੱਬੇ ਵੀ ਹਵਾਲਾਤਾਂ ਹਨ ਤੇ ਸਾਹਮਣੇ ਰਿਕਾਰਡ ਰੂਮ ਲਿਖਿਆ ਹੋਇਆ ਸੀ। ਆਮ ਹਵਾਲਾਤਾਂ ਨਾਲੋਂ ਇਸ ਦੇ ਜੰਗਲੇ ਦਾ ਬਹੁਤ ਫਰਕ ਸੀ। ਆਮ ਹਵਾਲਾਤ ਦਾ ਜੰਗਲਾ ਸਿਰਫ ਤਿਨ-ਚਾਰ ਫੁੱਟ ਹੀ ਹੁੰਦਾ ਹੈ ਤੇ ਉਹ ਹੀ ਦਰਵਾਜ਼ਾ ਹੁੰਦਾ ਹੈ ਪਰ ਇਹ ਸਾਰਾ ਮੱਥਾ ਹੀ ਲੋਹੇ ਦੇ ਜੰਗਲੇ ਦਾ ਸੀ। ਕੋਈ ਪੰਦਰਾਂ ਫੁੱਟ ਲੰਬਾ ਮੱਥਾ ਹੋਵੇਗਾ। ਇਕ ਨੁੱਕਰ ਵਿਚ ਟੱਟੀ ਦੀ ਸੀਟ ਲੱਗੀ ਹੋਈ ਸੀ ਤੇ ਉਸਦੇ ਆਲੇ ਦੁਆਲੇ ਢਾਈ ਫੁੱਟ ਦੀਵਾਰ ਕੀਤੀ ਹੋਈ ਸੀ। ਨਾਲ ਦੇ ਪਾਸਿਆਂ ਦੀਆਂ ਹਵਾਲਾਤਾਂ ਵੀ ਏਸੇ ਤਰ੍ਹਾਂ ਦੀਆਂ ਸਨ ਪਰ ਉਹ ਇਸ ਤੋਂ ਛੋਟੀਆਂ ਸਨ। ਸਾਹਮਣੇ ਲੰਬੀ ਗੈਲਰੀ ਸੀ। ਉਸ ਵਿਚ ਪਹਿਰਾ ਦੇਣ ਵਾਲਿਆਂ ਦੀ ਗਿਣਤੀ ਦਸ ਤੋਂ ਉਪਰ ਹੋਵੇਗੀ। ਉਨ੍ਹਾਂ ਦੇ ਮੋਢਿਆਂ 'ਤੇ ਪੀ.ਏ.ਸੀ. ਲਿਖਿਆ ਹੋਇਆ ਸੀ। ਇਹ ਯੂ.ਪੀ. ਦਾ ਇਕ ਹਥਿਆਰਬੰਦ ਬਲ ਹੈ। ਪੀ.ਏ.ਸੀ. ਦਾ ਮਤਲਬ ਹੈ ਪ੍ਰੋਵੀਂਸ਼ਲ ਆਰਮਡ ਕੰਸਟੇਬਲਰੀ। ਉਸ ਥਾਣੇ ਵਿਚ ਹੋਰ ਆਉਣ ਵਾਲੇ ਸਾਰੇ ਅਫ਼ਸਰਾਂ ਜਾਂ ਸਿਪਾਹੀਆਂ ਨੂੰ ਥਾਣੇ ਵਿਚ ਵੜਨ ਤੋਂ ਪਹਿਲਾਂ ਹੀ ਆਪਣੇ ਮੋਢਿਆਂ ਵਾਲੇ ਬੈਜ ਖੋਲ੍ਹ ਕੇ ਪੁੱਠੇ ਕਰਨੇ ਪੈਂਦੇ ਸਨ। ਵੀਹ ਦਿਨ ਵਿਚ ਇਕ ਵਾਰ ਵੀ ਕਿਸੇ ਦੇ ਮੋਢੇ 'ਤੇ ਸਿੱਧੇ ਬੈਜ ਨਹੀਂ ਵੇਖੇ। ਇਸ ਗੱਲ ਉਤੇ ਏਨੀ ਸਖਤੀ ਨਾਲ ਪਾਲਣਾ ਕੀਤੀ ਜਾਂਦੀ ਸੀ ਕਿ ਕੋਈ ਗਲਤੀ ਨਾਲ ਵੀ ਮੋਢਿਆਂ 'ਤੇ ਸਿੱਧੇ ਬੈਜਾਂ ਨਾਲ ਨਹੀਂ ਵੇਖਿਆ।

ਕੁਝ ਦੇਰ ਬਾਅਦ ਰੋਟੀ ਆ ਗਈ। ਇਹ ਕਿਸੇ ਤੰਦੂਰ ਤੋਂ ਆਈ ਜਾਪਦੀ ਸੀ। ਦਾਲ ਨੂੰ ਤੜਕਾ ਲੱਗਾ ਹੋਇਆ ਸੀ ਤੇ ਤੰਦੂਰੀ ਫੁਲਕੇ ਸਨ। ਸਲਾਦ ਵੀ ਨਾਲ ਸੀ। ਕਾਫੀ ਦਿਨਾਂ ਬਾਅਦ ਏਨੀ ਸਵਾਦ ਰੋਟੀ ਖਾਧੀ। ਬੱਸ ਇਸ ਤੋਂ ਬਾਅਦ ਫਿਰ ਕਦੇ ਉਥੋਂ ਰੋਟੀ ਨਹੀਂ ਆਈ। ਬਾਅਦ ਵਿਚ ਜੋ ਰੋਟੀ ਆਉਂਦੀ ਸੀ, ਉਸ ਵਿਚੋਂ ਤਾਂ ਦਾਲ ਦਾ ਦਾਣਾ ਲਭਿਆਂ ਵੀ ਨਹੀਂ ਸੀ ਲਭਦਾ। ਕਣਕ ਦੇ ਲੋਹ ਦੇ ਫੁਲਕੇ ਹੁੰਦੇ ਸਨ। ਸ਼ਾਇਦ ਥਾਣੇ ਦੀ ਮੈਸ ਵਿਚੋਂ ਰੋਟੀ ਆਉਂਦੀ ਸੀ। ਇਕ ਦਿਨ ਰੋਟੀ ਲਿਆਉਣ ਵਾਲੇ ਮੁੰਡੇ ਨੂੰ ਮੈਂ ਪੁਛਿਆ, "ਇਸ ਨੂੰ ਤੜਕਾ ਕਿਉਂ ਨਹੀਂ ਲਾਉਂਦੇ?" ਉਸ ਨੇ ਕਿਹਾ, "ਤੜਕਾ ਇਸ ਨੂੰ ਪਿਆਜ਼ ਦਾ ਨਹੀਂ ਜੀਰੇ ਦਾ ਲੱਗਦਾ ਹੈ।" ਚਾਹ ਪੀਣ ਨੂੰ ਬਹੁਤ ਹੀ ਦਿਲ ਕਰਦਾ ਰਹਿੰਦਾ ਸੀ ਪਰ ਫੁਲਕੇ ਦੋ ਤੋਂ ਵੱਧ ਕੋਈ ਨਹੀਂ ਸੀ ਖਾਂਦਾ। ਇਟੈਰੋਗੇਸ਼ਨ ਸੈਂਟਰ ਵਿਚ ਘੱਟ ਰੋਟੀ ਖਾਣੀ ਹੀ ਚੰਗੀ ਸੀ। ਕਈ ਵਾਰ ਜਦੋਂ ਪੁੱਛਗਿੱਛ ਲਈ ਉਪਰ ਲੈ ਕੇ ਜਾਂਦੇ ਤਾਂ ਪੁੱਛਗਿੱਛ ਬਹੁਤ ਲੰਬੀ ਹੋਣ ਕਰਕੇ ਚਾਹ ਵੀ ਮੰਗਵਾ ਲੈਂਦੇ ਸਨ।

ਜਹਾਜ਼ ਦੇ ਸਫਰ ਤੇ ਪੁਲਿਸ ਬੱਸ ਦੀ ਥਕਾਵਟ ਨਾਲ ਪਹਿਲੇ ਦਿਨ ਛਾਤੀ ਦਰਦ ਹੋਣ ਲੱਗ ਪਈ ਤੇ ਮੋਢੇ ਦੇ ਜੋੜ ਏਨੇ ਥੱਕ ਗਏ ਸਨ ਕਿ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਿਸੇ ਨੇ ਡਾਂਗਾ ਮਾਰੀਆਂ ਹੋਣ। ਸਾਰਾ ਸਰੀਰ ਹੀ ਦਰਦ ਕਰਦਾ ਸੀ। ਰੋਟੀ ਵਗੈਰਾ ਖਾਣ ਤੋਂ ਬਾਅਦ ਲੰਮੇ ਤਾਂ ਪੈ ਗਏ ਪਰ ਨੀਂਦ ਨਾ ਦੀ ਕੋਈ ਚੀਜ਼ ਨਹੀਂ ਸੀ। ਅਜੀਬ ਕਿਸਮ ਦੀ ਹਵਾਲਾਤ, ਅਜੀਬ ਤਰ੍ਹਾਂ ਦੇ ਹਾਲਾਤ, ਹੁਣ ਅਸਲ ਇਂਟਰੋਗੇਸ਼ਨ ਸੈਂਟਰ ਵਿਚ ਆ ਗਏ ਸਾਂ।

ਦਿੱਲੀ ਥਾਣੇ 'ਚ ਪਹਿਲੀ ਰਾਤ

ਦੁਪਹਿਰ ਨੂੰ ਦੋ ਕੁ ਵਜੇ ਹਵਾਲਾਤ ਵਿਚ ਬੰਦ ਹੋ ਚੁੱਕੇ ਸਾਂ। ਖਾਣਾ ਖਾਣ ਤੋਂ ਬਾਅਦ ਥੱਕੇ ਟੁੱਟੇ ਲੰਮੇ ਪੈ ਗਏ ਕਿਉਂਕਿ ਰਸਤੇ ਵਿਚ ਪੁੱਠੀ ਹੱਥਕੜੀ ਵੱਜਣ ਕਰਕੇ ਛਾਤੀ ਤੇ ਮੋਢੇ ਬਹੁਤ ਦੁਖਦੇ ਸਨ ਤੇ ਥਕਾਵਟ ਹੱਦੋਂ ਵੱਧ ਸੀ। ਦੁਪਹਿਰ ਨੂੰ ਗਰਮੀ ਵੀ ਬਹੁਤ, ਥਕਾਵਟ ਤੇ ਘਬਰਾਹਟ ਵੀ ਬਹੁਤ ਸੀ। ਲੰਮੇ ਪੈ ਗਏ ਤਾਂ ਨੀਂਦ ਬਹੁਤ ਆਈ। ਏਸੇ ਤਰ੍ਹਾਂ ਸ਼ਾਮ ਨੂੰ ਚਾਹ ਆਈ ਤਾਂ ਸਾਰੇ ਜਾਗ ਪਏ ਤੇ ਰਾਤ ਪੈਣ ਤੱਕ ਹੌਲੀ ਹੌਲੀ ਗੱਲਾਂ ਬਾਤਾਂ ਕਰਦੇ ਰਹੇ। ਸ਼ਾਮ ਨੂੰ ਜਿਸ ਸਿਪਾਹੀ ਦੀ ਡਿਊਟੀ ਸੀ, ਉਹ ਉਸ ਥਾਣੇ ਦਾ ਸੀ। ਦਰਅਸਲ ਪੀ.ਏ.ਸੀ. ਵੱਖਰੀ ਡਿਊਟੀ ਦੇਂਦੀ ਸੀ ਤੇ ਥਾਣੇ ਦਾ ਇਕ ਸਿਪਾਹੀ ਵੱਖਰੀ ਡਿਊਟੀ ਦੇਂਦਾ ਸੀ। ਇਸ ਤਰ੍ਹਾਂ ਥਾਣਾ ਤਾਂ ਪੁਲਿਸ ਸਟੇਸ਼ਨ ਸੀ, ਪਰ ਮੱਲ ਲਿਆ ਸੀ, ਸੀ.ਬੀ.ਆਈ. ਨੇ। ਬਿਲਕੁਲ ਨਾਲ ਦੀ ਹਵਾਲਾਤ ਵਾਲੇ ਪਾਸੇ ਜ਼ੋਰ ਦੀ ਦਰਵਾਜ਼ਾ ਖੜਕਿਆ। ਸਾਰਿਆਂ ਦਾ ਧਿਆਨ ਇਕ ਦੱਮ ਉਧਰ ਹੋ ਗਿਆ। ਇਸ ਤਰ੍ਹਾਂ ਲੱਗੇ, ਜਿਵੇਂ ਕੋਈ ਪੁੱਛਗਿੱਛ ਵਾਲਾ ਹਵਾਲਾਤੀ 'ਤੇ ਤਸ਼ੱਦਦ ਕਰ ਰਿਹਾ ਹੈ ਤੇ ਉਸ ਨੂੰ ਕੁਝ ਪੁੱਛ ਰਿਹਾ ਹੈ ਪਰ ਉਹ ਹਵਾਲਾਤੀ ਕੁਝ ਦੱਸਣ ਦੀ ਥਾਂ ਅਗੋਂ ਗਾਲਾਂ ਕੱਢ ਰਿਹਾ ਹੈ। ਉੱਚੀ-ਉੱਚੀ ਬੋਲਣ ਦੀ ਤੇ ਅਗੋਂ ਗਾਲਾਂ ਕੱਢਣ ਦੀ ਅਵਾਜ਼ ਬਹੁਤ ਜ਼ੋਰ ਜ਼ੋਰ ਦੀ ਆਉਂਦੀ ਸੀ। ਪੁੱਛਗਿੱਛ ਵਾਲੇ ਦੀ ਅਵਾਜ਼ ਬਹੁਤ ਭਾਰੀ ਸੀ ਤੇ ਰੋਅਬ ਵਾਲੀ ਸੀ। ਏਸੇ ਤਰ੍ਹਾਂ ਹੀ ਅਗੋਂ ਬੋਲਣ ਵਾਲਾ ਵੀ ਡਾਕੂ ਜਾਂ ਕੋਈ ਹੋਰ ਬਹੁਤ ਵੱਡਾ ਬਦਮਾਸ਼ ਲੱਗਦਾ ਸੀ। ਇਹ ਡਰਾਮਾ ਕੋਈ ਪੌਣਾ ਘੰਟਾ ਚੱਲਿਆ।

ਸਾਰਿਆਂ ਨੇ ਸਮਝਿਆ ਕਿ ਇਹ ਅਸਲ ਇੰਟੈਰੋਗੇਸ਼ਨ ਸੈਂਟਰ ਹੈ ਤੇ ਏਸੇ ਤਰ੍ਹਾਂ ਹੀ ਸਾਡੇ ਨਾਲ ਵੀ ਹੋਵੇਗੀ। ਹੋਰ ਤਾਂ ਕਿਸੇ ਦਾ ਪਤਾ ਨਹੀਂ ਪਰ ਮੈਂ ਤਾਂ ਇਸ ਗੱਲ ਵਾਸਤੇ ਵੀ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ ਕਿ ਦੱਸਣਾ ਕੁਝ ਨਹੀਂ, ਏਸੇ ਤਰ੍ਹਾਂ ਅੱਗੋਂ ਗਾਲ੍ਹਾਂ ਹੀ ਕੱਢਣੀਆਂ ਹਨ। ਖੈਰ ਜੋ ਵੀ ਸੀ ਵਾਤਾਵਰਣ ਬੜਾ ਭਿਆਨਕ ਸੀ। ਕਦੀ ਜ਼ੋਰ ਦੀ ਕੋਈ ਚੀਕ ਵੱਜਣ ਦੀ ਅਵਾਜ਼ ਆਵੇ ਪਰ ਅਸ਼ਕੇ ਉਸ ਹਵਾਲਾਤੀ ਦੇ, ਜਿਸ ਨੇ ਹਰ ਗੱਲ ਦਾ ਜੁਆਬ ਗਾਲ੍ਹ ਵਿਚ ਹੀ ਦਿੱਤਾ। ਪੁੱਛਣ ਵਾਲਾ ਗੁੜ ਪੰਜਾਬੀ ਬੋਲਦਾ ਸੀ ਤੇ ਅੱਗੋਂ ਹਰਿਆਣਵੀ ਸੀ। ਕਾਫੀ ਬਕ ਬਕ ਤੋਂ ਬਾਅਦ ਇਹ ਰੌਲਾ ਖਤਮ ਹੋ ਗਿਆ ਤੇ ਸਾਰੇ ਜਾਗੋਮੀਟੀ ਵਿਚ ਹੀ ਪਏ ਰਹੇ। ਦਿਨ ਚੜ੍ਹਿਆ ਪਰ ਉਸ ਤਹਿਖਾਨੇ ਵਿਚ ਦਿਨ ਚੜ੍ਹੇ ਦਾ ਕੀ ਪਤਾ ਲੱਗਦਾ ਸੀ? ਘੜੀ ਕਿਸੇ ਕੋਲ ਹੈ ਨਹੀਂ ਸੀ, ਡਿਊਟੀ ਵਾਲੇ ਸਿਪਾਹੀ ਨੂੰ ਸਮਾਂ ਪੁੱਛਿਆ, ਉਹ ਦੱਸਦਾ ਨਹੀਂ ਸੀ। ਅਖੀਰ ਚਾਹ ਆਈ ਤਾਂ ਉਸ ਮੁੰਡੇ ਨੂੰ ਸਮਾਂ ਪੁੱਛਿਆ। ਉਸ ਦੱਸਿਆ ਸੱਤ ਵੱਜੇ ਹਨ। ਰਾਤ ਵਾਲੀ ਘਟਨਾ ਦਾ ਸਾਰਿਆਂ 'ਤੇ ਬੜਾ ਅਸਰ ਸੀ। ਉਸੇ ਹੀ ਬੰਦੇ ਦੀ ਡਿਊਟੀ ਜਦੋਂ ਦੁਪਹਿਰ ਨੂੰ ਫੇਰ ਆਈ ਤਾਂ ਉਸਦੀ ਅਵਾਜ਼

ਤੋਂ ਪਛਾਣਿਆ ਪਤਾ ਲੱਗਾ ਕਿ ਇਹ ਸਾਲਾ ਤਾਂ ਥਾਣੇ ਦਾ ਸਿਪਾਹੀ ਹੈ। ਬਾਅਦ ਵਿਚ ਤਾਂ ਪੱਕਾ ਹੀ ਪਤਾ ਲੱਗ ਗਿਆ ਕਿ ਪੰਗੇ ਲੈਣ ਦੀ ਇਸਦੀ ਆਦਤ ਹੈ। ਹਰ ਹਵਾਲਾਤੀ ਨੂੰ ਪੁੱਛਣਾ, "ਤੂੰ ਕੌਣ ਹੈ? ਤੈਨੂੰ ਕਾਹਦੇ ਵਿਚ ਫੜਿਆ ਹੈ, ਕਿਥੋਂ ਫੜਿਆ ਹੈ?" ਇਹ ਸਭ ਕੁਝ ਪੁਛਣਾ ਉਹ ਆਪਣਾ ਧਰਮ ਸਮਝਦਾ ਸੀ। ਉਸ ਦੀ ਅਵਾਜ਼ ਬਹੁਤ ਭਾਰੀ ਸੀ ਤੇ ਪੁੱਛਣ ਦਾ ਢੰਗ ਅਫ਼ਸਰਾਂ ਵਾਲਾ ਸੀ। ਸਿਰ ਤੋਂ ਮੋਨਾ ਸੀ ਪਰ ਪੱਗ ਬੰਨਦਾ ਸੀ। ਢਿੱਡ ਬਹੁਤ ਵੱਡਾ ਸੀ ਤੇ ਮਟਕੇ ਵਾਂਗ ਅੱਗੇ ਨੂੰ ਵਧਿਆ ਹੋਇਆ ਸੀ। ਕਦੀ ਚੁੱਪ ਕਰਕੇ ਨਹੀਂ ਸੀ ਬੈਠਦਾ। ਹਮੇਸ਼ਾਂ ਉੱਚੀ ਉੱਚੀ ਗੱਲਾਂ ਕਰਦਾ ਸੀ। ਉਸ ਦੇ ਉੱਚਾ ਬੋਲਣ ਕਰਕੇ ਤੇ ਤਕੜਾ ਜਿਹਾ ਹੋਣ ਕਰਕੇ ਸਭ ਨੂੰ ਉਸ ਨਾਲ ਨਫਰਤ ਜਿਹੀ ਹੀ ਹੋ ਗਈ ਸੀ। ਉਹ ਨਾ ਹਿੰਦੂ ਸੀ ਨਾ ਸਿੱਖ ਪਰ ਪੰਜਾਬੀ ਸੀ। ਉਸਦਾ ਮੂੰਹ ਤਾਂ ਠੀਕ ਸੀ ਪਰ ਬੇਢੱਬਾ ਢਿੱਡ ਬਹੁਤ ਬੁਰਾ ਲੱਗਦਾ ਸੀ। ਪਤਾ ਲੱਗਾ ਕਿ ਰਾਤ ਵੀ ਇਹ ਹੀ ਸਾਲਾ ਉਸ ਹਵਾਲਾਤੀ ਨਾਲ ਪੰਗੇ ਲੈ ਰਿਹਾ ਸੀ। ਉਹ ਕੋਈ ਅਪਰਾਧੀ ਨਹੀਂ ਸੀ, ਸਿਰਫ ਸ਼ਰਾਬੀ ਸੀ। ਉਸ ਨੂੰ ਜਿਹੜੀ ਮਾਰਨ ਦੀ ਅਵਾਜ਼ ਆਉਂਦੀ ਸੀ, ਉਹ ਵੀ ਉਹ ਸ਼ਰਾਬੀ ਜਦੋਂ ਸੀਖਾਂ ਨੂੰ ਦੋਹ ਹੱਥਾਂ ਨਾਲ ਫੜ ਕੇ ਗੁਸੇ ਵਿਚ ਅੰਦਰ ਬਾਹਰ ਨੂੰ ਜ਼ੋਰ ਲਾਉਂਦਾ ਸੀ ਤਾਂ ਇਸ ਤਰ੍ਹਾਂ ਦੀ ਅਵਾਜ਼ ਆਉਂਦੀ ਸੀ, ਜਿਵੇਂ ਕੋਈ ਉਸ ਨੂੰ ਹੰਟਰ ਮਾਰ ਰਿਹਾ ਹੋਵੇ।

ਸਵੇਰੇ ਉਸ ਨੂੰ ਛੱਡ ਦਿੱਤਾ ਜਾਂ ਕੋਈ ਛੁਡਵਾ ਕੇ ਲੈ ਗਿਆ। ਪਰ ਉਸ ਦੀ ਉਹ ਰਾਤ ਵਾਲੀ ਘਟਨਾ ਕਦੀ ਵੀ ਭੁੱਲਣਯੋਗ ਨਹੀਂ ਸੀ। ਉਹ ਹਵਾਲਾਤੀ ਸ਼ਰਾਬੀ, ਉਸਦੀ ਹਰ ਗੱਲ ਦਾ ਮੋੜਵਾਂ ਉੱਤਰ ਦੇਂਦਾ ਸੀ ਤੇ ਉਹ ਪੁਲਿਸ ਵਾਲਾ ਵੀ ਘੱਟ ਨਹੀਂ ਸੀ। ਬਾਅਦ ਵਿਚ ਜਿਹੜੇ ਕੁਝ ਬੰਦੇ ਉਥੇ ਰਹਿ ਗਏ ਸਨ ਤੇ ਜਿਨ੍ਹਾਂ ਦਾ ਪੁਲਿਸ ਰੀਮਾਂਡ ਹੋਰ ਲੈ ਲਿਆ ਸੀ, ਉਹ ਦੱਸਦੇ ਹਨ ਕਿ ਇਕ ਦਿਨ ਉਸ ਸਿਪਾਹੀ ਨੇ ਬੜਾ ਤਕੜਾ ਸਟੈਂਡ ਲੈ ਲਿਆ। ਪਹਿਲਾਂ ਵੀ ਇਕ ਖਾੜਕੂ ਦੇ ਫੜੇ ਜਾਣ ਦੀ ਖਬਰ ਉਸੇ ਨੇ ਹੀ ਅਖ਼ਬਾਰ ਪੜ੍ਹ ਕੇ ਸੁਣਾਈ ਸੀ। ਬਾਅਦ ਵਿਚ ਤਾਂ ਉਹ ਰੋਜ਼ ਹੀ ਮੋਟੀਆਂ ਮੋਟੀਆਂ ਖਬਰਾਂ ਪੜ੍ਹ ਕੇ ਸੁਣਾ ਦਿਆ ਕਰਦਾ ਸੀ। ਸਟੈਂਡ ਉਸ ਨੇ ਇਹ ਲਿਆ ਕਿ ਅਦਾਲਤ ਵਿਚ ਪੇਸ਼ ਕਰਨ ਤੋਂ ਬਾਅਦ ਸਾਨੂੰ ਛੇਆਂ ਨੂੰ ਜੇਲ੍ਹ ਵਿਚ ਭੇਜ ਦਿੱਤਾ ਤੇ ਬਾਕੀ ਚੌਹਾਂ ਨੂੰ ਫਿਰ ਰੀਮਾਂਡ ਵਿਚ ਦੇ ਦਿੱਤਾ। ਪਰ ਵਕੀਲਾਂ ਨੇ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਥਾਣੇ ਵਿਚ ਜਾ ਕੇ ਰੋਜ਼ ਇਕ ਵਾਰ ਮਿਲਣ ਦੀ ਇਜਾਜ਼ਤ ਲੈ ਦਿੱਤੀ। ਜੇ ਉਹ ਆਪ ਨਾ ਜਾਣ ਤਾਂ ਉਨ੍ਹਾਂ ਦਾ ਵਕੀਲ ਰੋਜ਼ ਦਿਨ ਵਿਚ ਇਕ ਵਾਰ ਜਾ ਸਕਦਾ ਸੀ। ਉਹ ਇਕ ਮੁੰਡੇ ਨੂੰ ਗੁਟਕਾ ਦੇ ਕੇ ਆਏ, ਜੋ ਸੀ.ਬੀ.ਆਈ. ਵਾਲਿਆਂ ਰੱਖ ਲਿਆ ਤੇ ਉਸ ਨੂੰ ਦਿੱਤਾ ਨਾ। ਉਸ ਵਿੰਗੇ ਜਿਹੇ ਢਿੱਡਲ ਨੇ ਇਹ ਗੱਲ ਉਸ ਮੁੰਡੇ ਨੂੰ ਦੱਸ ਦਿੱਤੀ। ਉਸ ਨੇ ਗੁਟਕੇ ਬਾਰੇ ਪੁਛਿਆ ਤਾਂ ਸੀ.ਬੀ.ਆਈ. ਵਾਲਿਆਂ ਨੂੰ ਪਤਾ ਲੱਗ ਗਿਆ ਕਿ ਇਹ ਗੱਲ ਇਸ ਨੂੰ ਉਸ ਵਿੰਗੇ ਜਿਹੇ ਸਰਦਾਰ ਨੇ ਦੱਸੀ ਹੈ। ਉਨ੍ਹਾਂ ਕੁਝ ਡਾਂਟ ਡਪਟ ਵਾਲੀ ਗੱਲ ਕੀਤੀ। ਪਰ ਉਹ ਰੋਜ਼ ਸਿੱਖਾਂ 'ਤੇ ਹੁੰਦੇ ਜ਼ੁਲਮ ਵੇਖ ਵੇਖ ਕੇ ਅੱਗੇ ਹੀ ਦੁਖੀ ਹੋਇਆ ਪਿਆ ਸੀ, ਉਸ ਨੇ ਰਾਈਫਲ ਤੇ ਗੋਲੀਆਂ ਵਾਲੀ ਬੈਲਟ ਭੁਆਂ ਕੇ ਮਾਰੀ ਅਤੇ ਕਿਹਾ, "ਜਾਓ! ਕਰ ਲਓ, ਜੋ ਮੈਨੂੰ ਕਰਨਾ ਹੈ, ਮੈਂ ਆਪਣੀ ਜ਼ਮੀਰ ਨੂੰ ਦੱਬ ਦੱਬ ਕੇ ਤੰਗ ਆ ਗਿਆ ਹਾਂ। ਲਓ, ਲਾ ਲਓ ਜਿਹੜਾ ਜ਼ੋਰ ਲੱਗਦਾ ਜੇ, ਕਰ ਦਿਓ ਮੈਨੂੰ ਮੁਅੱਤਲ, ਬਣਾ ਲਓ ਮੇਰੇ 'ਤੇ ਮੁਕੱਦਮਾ।" ਉਹ ਬਹੁਤ ਲੋਹੇ ਲਾਖਾ ਹੋ ਗਿਆ। ਬਾਅਦ ਵਿਚ ਪਤਾ ਲੱਗਾ ਕਿ ਉਸ ਸਿਪਾਹੀ ਦਾ ਕੁਝ ਵੀ ਵਿਗਾੜਿਆ

ਨਾ ਜਾ ਸਕਿਆ ਤੇ ਸਿਰਫ ਉਸ ਨੂੰ ਸੰਤਰੀ ਦੀ ਡਿਊਟੀ ਤੋਂ ਹਟਾ ਕੇ ਦੂਜੇ ਕੰਮ 'ਤੇ ਲਾ ਦਿੱਤਾ ਗਿਆ। ਇਹ ਤਾਂ ਸਗੋਂ ਉਸ ਦੇ ਫਾਇਦੇ ਵਾਲੀ ਗੱਲ ਹੋਈ, ਕੁੱਬੇ ਦੇ ਲੱਤ ਮਾਰੀ ਉਹਦਾ ਕੁੱਬ ਨਿਕਲ ਗਿਆ ਵਾਂਗ ਉਹ ਸੰਤਰੀ ਡਿਊਟੀ ਤੋਂ ਛੁੱਟ ਗਿਆ। ਪਰ ਉਸ ਦੀ ਉਸ ਦਲੇਰੀ ਨੇ ਸਾਰਿਆਂ ਦੇ ਦਿਲਾਂ ਅੰਦਰ ਉਸ ਦਾ ਕੁਝ ਸਤਿਕਾਰ ਜਿਹਾ ਬਣਾ ਦਿੱਤਾ। ਨਹੀਂ ਤਾਂ ਸਾਰਿਆਂ ਨੂੰ ਉਸ ਨਾਲ ਇਕ ਤਰ੍ਹਾਂ ਨਫਰਤ ਜਿਹੀ ਹੀ ਸੀ।

ਇਕ ਸਿੱਖ ਹੌਲਦਾਰ ਦੀ ਦਿਲਚਸਪ ਕਹਾਣੀ

ਰਿਕਾਰਡ ਕਮਰੇ ਦਾ ਇਕ ਹੌਲਦਾਰ ਬਗੈਰ ਕਿਸੇ ਵੱਲ ਵੇਖੇ (ਕਿਉਂਕਿ ਉਨ੍ਹਾਂ ਸਭ ਨੂੰ ਹਦਾਇਤ ਸੀ ਕਿ ਹਵਾਲਾਤੀਆਂ ਨਾਲ ਗੱਲ ਤਾਂ ਕੀ ਉਧਰ ਵੇਖਣਾ ਵੀ ਨਹੀਂ) ਰੋਜ਼ ਨੌਂ ਵਜੇ ਡਿਊਟੀ 'ਤੇ ਆਉਂਦਾ ਸੀ ਤੇ ਪੰਜ ਵਜੇ ਚਲਾ ਜਾਂਦਾ ਸੀ। ਉਸਦੇ ਆਉਣ 'ਤੇ ਪਤਾ ਲੱਗ ਜਾਂਦਾ ਸੀ ਕਿ ਨੌਂ ਵੱਜੇ ਹਨ ਤੇ ਜਾਣ 'ਤੇ ਪਤਾ ਲੱਗਦਾ ਸੀ ਕਿ ਪੰਜ ਵੱਜੇ ਹਨ। ਉਸਦੇ ਹੱਥ ਵਿਚ ਸਵੇਰੇ ਆਉਂਦੇ ਦੇ ਇਕ ਝੋਲਾ ਜ਼ਰੂਰ ਹੁੰਦਾ। ਸ਼ਾਇਦ ਉਹ ਜਾਣ ਲੱਗਾ ਘਰ ਵਾਸਤੇ ਸਬਜ਼ੀ ਵਗੈਰਾ ਲੈ ਕੇ ਜਾਂਦਾ ਸੀ। ਉਸਦੀ ਬੋਲੀ ਬੜੀ ਅਜੀਬ ਕਿਸਮ ਦੀ ਸੀ। ਬੋਲਣ ਲੱਗਾ ਸਾਰਾ ਮੂੰਹ ਹੀ ਅੱਡ ਲੈਂਦਾ ਸੀ ਤੇ ਅੱਡੇ ਹੋਏ ਮੂੰਹ ਨਾਲ ਹੀ ਦੂਸਰੇ ਦੀ ਗੱਲ ਸੁਣਦਾ ਸੀ। ਭਾਵੇਂ ਉਹ ਕਿੰਨਾ ਚਿਰ ਵੀ ਗੱਲ ਕਰੀ ਜਾਂਦਾ, ਉਹ ਮੂੰਹ ਅੱਡੀ ਰੱਖਦਾ। ਵੇਖਣ ਨੂੰ ਉਹ ਜੰਮੂ ਦਾ ਲੱਗਦਾ ਸੀ ਪਰ ਬਹੁਤੀ ਗੱਲਬਾਤ ਹਿੰਦੀ ਵਿਚ ਕਰਦਾ ਸੀ ਤੇ ਕਿਤੇ ਕਿਤੇ ਪੰਜਾਬੀ ਬੋਲਦਾ ਸੀ। ਸਾਡੇ 'ਤੇ ਸੀ.ਬੀ.ਆਈ. ਵਲੋਂ ਵੀਹ ਦਿਨ ਦੇ ਜ਼ੁਲਮ ਨੇ ਉਸ 'ਤੇ ਐਸਾ ਅਸਰ ਕੀਤਾ ਕਿ ਇਕ ਦਿਨ ਉਸ ਨੇ ਹੱਲਾ ਗੁੱਲਾ ਕਰ ਦਿੱਤਾ। ਹੋਇਆ ਇਸ ਤਰ੍ਹਾਂ ਕਿ ਥਾਣੇ ਵਾਲਿਆਂ ਉਸ ਨੂੰ ਇਕ ਮੁਲਜ਼ਮ ਦਾ ਰੀਮਾਂਡ ਲੈਣ ਭੇਜਿਆ। ਅੱਗੋਂ ਮੈਜਿਸਟਰੇਟ ਨੇ ਉਸਦਾ ਸਿਰਫ ਦੋ ਦਿਨ ਦਾ ਹੀ ਰੀਮਾਂਡ ਦਿੱਤਾ। ਜਦੋਂ ਉਹ ਦਫਤਰ ਆਇਆ ਤਾਂ ਉਸ ਦੀ ਝਾੜ ਹੋਈ ਕਿ ਤੂੰ ਦੋ ਦਿਨ ਦਾ ਰੀਮਾਂਡ ਲੈ ਕੇ ਕਿਉਂ ਆਇਆਂ ਹੈ? ਤੈਨੂੰ ਤਾਂ ਸੱਤ ਦਿਨ ਦਾ ਆਖਿਆ ਸੀ। ਉਸ ਨੇ ਕਿਹਾ, "ਮੈਨੂੰ ਇਹ ਦੱਸੋ ਕਿ ਰੀਮਾਂਡ ਮੈਂ ਮੰਗਣਾ ਸੀ ਕਿ ਸਰਕਾਰੀ ਵਕੀਲ ਨੇ? ਫਿਰ ਉਹ ਦੇਣਾ ਮੈਂ ਸੀ ਕਿ ਮੈਜਿਸਟਰੇਟ ਨੇ? ਸਰਕਾਰੀ ਵਕੀਲ ਨੇ ਬਥੇਰਾ ਰੌਲਾ ਪਾਇਆ ਮੈਂ ਵੀ ਲੱਗਦੀ ਵਾਹ ਲਾਈ ਪਰ ਮੈਜਿਸਟਰੇਟ ਅੜ ਗਿਆ ਤੇ ਉਸ ਨੇ ਦੋ ਦਿਨਾਂ ਦਾ ਹੀ ਰੀਮਾਂਡ ਦਿੱਤਾ ਤਾਂ ਹੁਣ ਮੇਰਾ ਇਸ ਵਿਚ ਕੀ ਕਸੂਰ ਹੈ?" ਗੱਲ ਕੀ, ਗੱਲ ਵਧ ਗਈ ਤੇ ਉਸ ਨੇ ਰਜਿਸਟਰ ਚੁੱਕ ਕੇ ਜ਼ੋਰ ਜ਼ੋਰ ਨਾਲ ਥੱਲੇ ਸੁੱਟ ਦਿੱਤੇ ਅਤੇ ਬੈਲਟ ਲਾਹ ਦਿੱਤੀ। ਉਸ ਨੇ ਕਿਹਾ, "ਮੈਂ ਹੁਣੇ ਆਈ.ਜੀ. ਦੇ ਅੱਗੇ ਪੇਸ਼ ਹੋ ਕੇ ਪੁੱਛਦਾ ਹਾਂ ਕਿ ਮੈਨੂੰ ਸਿੱਖ ਹੋਣ ਕਰਕੇ ਨਫਰਤ ਕਿਉਂ ਕੀਤੀ ਜਾਂਦੀ ਹੈ? ਤੁਸਾਂ ਸਾਰੇ ਸਿੱਖਾਂ ਨੂੰ ਦੁਬੇਲ ਸਮਝ ਲਿਆ ਹੈ। ਨਿਕਲਣ ਵਾਲੇ ਗੰਭੀਰ ਸਿੱਟਿਆਂ ਦਾ ਮੈਨੂੰ ਪਤਾ ਹੈ ਤੇ ਮੈਂ ਉਸ ਲਈ ਤਿਆਰ ਹਾਂ। ਮੈਨੂੰ ਪਤਾ ਹੈ, ਮੈਨੂੰ ਕਿਸੇ ਨੇ ਇਨਸਾਫ ਨਹੀਂ ਦੇਣਾ ਪਰ ਮੈਂ ਹੁਣ ਨੌਕਰੀ ਹੀ ਨਹੀਂ ਕਰਨੀ। ਇਸ ਨਾਲੋਂ ਤਾਂ ਮੰਗ ਕੇ ਖਾ ਲੈਣਾ ਚੰਗਾ ਹੈ। ਮੇਰੇ ਸਾਹਮਣੇ ਔਹ ਸਿੱਖਾਂ ਨੂੰ ਮਹੀਨਾ ਹੋ ਗਿਆ ਹੈ ਵਖਤ ਭਰਦਿਆਂ ਨੂੰ, ਮੈਂ ਸਵਾਹ ਦਾ ਸਿੱਖ ਹਾਂ? ਜੇ ਉਨ੍ਹਾਂ ਨੂੰ ਪਾਣੀ ਦਾ ਘੁੱਟ ਵੀ ਨਹੀਂ ਪੁੱਛ ਸਕਦਾ ਤਾਂ। ਬੱਸ ਹੁਣ ਮੈਂ ਨੌਕਰੀ ਨਹੀਂ ਕਰਨੀ ਪਰ ਤੁਹਾਨੂੰ ਵੀ ਸੁੱਕਾ ਨਹੀਂ ਛੱਡਣਾ। ਮਰ ਜਾਣਾ ਹੈ ਜਾਂ ਮਾਰ ਦੇਣਾ ਹੈ।" ਸਾਥੀ ਦੱਸਦੇ ਹਨ ਕਿ ਉਪਰ ਵਾਲੇ ਅਫਸਰਾਂ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਠੰਡਾ ਕੀਤਾ ਤੇ ਉਸ ਕੋਲੋਂ ਕੀਤੀ ਹੋਈ ਗਲਤੀ ਦੀ ਮੁਆਫੀ ਮੰਗੀ ਤਾਂ ਹੀ ਕਿਤੇ ਉਹ ਦੁਬਾਰਾ

ਕੰਮ 'ਤੇ ਲੱਗਾ। ਇਨ੍ਹਾਂ ਘਟਨਾਵਾਂ ਤੋਂ ਹੋਰ ਤਾਂ ਕੁਝ ਨਹੀਂ ਸਿਰਫ ਇਹ ਹੀ ਪਤਾ ਲੱਗਦਾ ਹੈ ਕਿ ਉਸ ਥਾਣੇ ਦੇ ਦੋਵੇਂ ਹੀ ਸਿੱਖ ਪੁਲਿਸ ਮੁਲਾਜ਼ਮਾਂ ਦੀ ਜ਼ਮੀਰ, ਫੜੇ ਹੋਏ ਸਿੱਖਾਂ 'ਤੇ ਹੁੰਦੇਂ, ਜ਼ੁਲਮ ਵੇਖ ਵੇਖ ਕਿਵੇਂ ਬਾਗੀ ਹੋ ਉਠੀ ਤੇ ਕੀ ਇਹ ਇਕ ਸੰਕੇਤ ਨਹੀਂ ਕਿ ਇਸ ਤਰ੍ਹਾਂ ਪੰਜਾਬ ਵਿਚ ਵੀ ਪੁਲਿਸ ਬਾਗੀ ਹੋ ਸਕਦੀ ਹੈ? ਪਰ ਨਹੀਂ ਪੰਜਾਬ ਪੁਲਿਸ ਦੀ ਜ਼ਮੀਰ ਮਰ ਚੁੱਕੀ ਹੈ।

ਖੈਰ ਦੂਸਰੇ ਦਿਨ ਦੁਪਹਿਰ ਨੂੰ ਸਟਾਫ ਆਉਣਾ ਸ਼ੁਰੂ ਹੋ ਗਿਆ। ਇਕ ਦੇ ਹੱਥ ਵਿਚ ਦੋ ਕੁ ਕਾਲੀਆਂ ਪੱਟੀਆਂ ਸਨ। ਪਰ ਉਹ ਛੋਟੀਆਂ ਹੋਣ ਕਰਕੇ ਪੂਰੀਆਂ ਨਹੀਂ ਸਨ ਆਉਂਦੀਆਂ। ਉਨ੍ਹਾਂ ਨੇ ਫੜੇ ਹੋਏ ਮੁਲਜ਼ਮਾਂ ਦੀਆਂ ਉਹ ਹੀ ਪੱਟੀਆਂ ਜੋ ਜਹਾਜ਼ ਵਿਚ ਵਰਤੀਆਂ ਸਨ, ਵਰਤਣੀਆਂ ਸ਼ੁਰੂ ਕਰ ਦਿੱਤੀਆਂ। ਦੋ ਕਾਲੀਆਂ ਕੇਸਕੀਆਂ ਸਨ। ਦੋ ਹੋਰ ਪੱਗਾਂ ਨਾਲੋਂ ਪਾਟੀਆਂ ਹੋਈਆਂ ਪੱਟੀਆਂ ਸਨ। ਏਸੇ ਤਰ੍ਹਾਂ ਹੀ ਸਾਰਿਆਂ ਵਾਸਤੇ ਇਕ ਇਕ ਪੱਟੀ ਦਾ ਪ੍ਰਬੰਧ ਉਨ੍ਹਾਂ ਨੇ ਕਰ ਲਿਆ। ਇਕ ਦਾ ਨਾਂ ਲੈ ਕੇ ਅਵਾਜ਼ ਮਾਰੀ। ਫਿਰ ਕਿਹਾ "ਕੱਪੜੇ ਪਹਿਨ ਲਉ"। ਜਿਸ ਦਾ ਨਾਂ ਲਿਆ ਸੀ, ਉਸ ਕੱਪੜੇ ਪਾਏ। ਕਿਉਂਕਿ ਗਰਮੀ ਹੋਣ ਕਰਕੇ ਤੇ ਹੋਰ ਕੋਈ ਕੱਪੜਾ ਨਾ ਹੋਣ ਕਰਕੇ ਕੱਛਾ ਬਨੈਣ ਹੀ ਆਮ ਤੌਰ 'ਤੇ ਪਾਇਆ ਹੁੰਦਾ ਸੀ। ਹਵਾਲਾਤ ਦੀ ਚਾਬੀ ਤਾਂ ਹਮੇਸ਼ਾਂ ਹੀ ਸੀ.ਬੀ.ਆਈ. ਵਾਲਿਆਂ ਦੇ ਬੰਦੇ ਕੋਲ ਹੀ ਹੁੰਦੀ ਸੀ ਤੇ ਉਨ੍ਹਾਂ ਦੀਆਂ ਵੀ ਡਿਊਟੀਆਂ ਦੂਸਰੇ ਸਟਾਫ ਵਾਂਗ ਹੀ ਬਦਲਦੀਆਂ ਸਨ। ਹਵਾਲਾਤ ਖੋਲ੍ਹੀ, ਅੰਦਰ ਹੀ ਅੱਖਾਂ 'ਤੇ ਪੱਟੀ ਬੰਨੀ, ਫਿਰ ਬਾਹਰ ਜਾ ਕੇ ਉਸ ਦੀਆਂ ਚੱਪਲਾਂ ਜਾਂ ਜੁਤੀ, ਜੋ ਕੁਝ ਵੀ ਸੀ, ਪੁਆਉਂਦੇ ਤੇ ਦੋਹਰੀ ਹੱਥਕੜੀ ਲਾ ਕੇ ਲੈ ਤੁਰਦੇ। ਕੁਝ ਕਦਮ ਜਾ ਕੇ ਸੱਜੇ ਹੱਥ ਮੁੜ ਕੇ ਤੇ ਤਿੰਨ ਚਾਰ ਕਦਮ ਹੋਰ ਅੱਗੇ ਚੱਲ ਕੇ ਪੌੜੀਆਂ ਸ਼ੁਰੂ ਹੁੰਦੀਆਂ ਸਨ। ਉਹ ਅੱਠ-ਦਸ ਪੌੜੀਆਂ ਚੜ੍ਹ ਕੇ ਫੇਰ ਸੱਜੇ ਪਾਸੇ ਮੁੜਦੀਆਂ ਤੇ ਫਿਰ ਸਿੱਧੇ ਉਪਰ ਚੜ੍ਹ ਕੇ ਪਹਿਲੀ ਮੰਜ਼ਿਲ ਆ ਜਾਂਦੀ। ਉਸ ਤੋਂ ਅੱਗੇ ਵੱਖ-ਵੱਖ ਕਮਰੇ ਸਨ, ਕਦੇ ਖੱਬੇ ਕਦੇ ਸੱਜੇ ਲੈ ਜਾਇਆ ਜਾਂਦਾ। ਫਿਰ ਕਮਰੇ ਵਿਚ ਜਾ ਕੇ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ ਜਾਂਦੀ ਤੇ ਅੱਖਾਂ ਖੁਲ੍ਹਦਿਆਂ ਹੀ ਤਿੰਨਾਂ ਚੋਹਾਂ ਜਾਂ ਪੰਜਾਂ ਦੀ ਟੀਮ ਬੈਠੀ ਦਿਖਾਈ ਦੇਂਦੀ। ਕੁਰਸੀ ਦਿੱਤੀ ਜਾਂਦੀ। ਫਿਰ ਬੈਠਦਿਆਂ ਹੀ ਸਵਾਲਾਂ ਦੀ ਝੜੀ ਲੱਗ ਜਾਂਦੀ। ਸਦਾ ਸ਼ੁਰੂ ਨਾਂ ਤੋਂ ਹੁੰਦਾ, ਫੇਰ ਧੰਦਾ ਕੀ ਹੈ, ਵਿਦਿਆ ਕੀ ਹੈ, ਪਤਾ ਕੀ ਹੈ ਵਗੈਰਾ। ਇਹ ਹਰ ਵਾਰੀ ਦੋਹਰਾਇਆ ਜਾਂਦਾ, ਮਾਮੇ, ਚਾਚੇ, ਤਾਏ, ਮਾਸੀਆਂ, ਭੈਣਾਂ, ਭਰਾ, ਭਾਣਜੇ, ਭਤੀਜੇ ਸਭ ਰਿਸ਼ਤੇਦਾਰੀਆਂ ਪੁਛਦੇ। ਉਨ੍ਹਾਂ ਦਾ ਘਰ ਘਾਟ ਕਿਥੇ ਹੈ ਵਗੈਰਾ-ਵਗੈਰਾ। ਇਸ ਗੱਲੋਂ ਮੈਨੂੰ ਮੌਜ ਸੀ ਨਾ ਮਾਮੇ, ਨਾ ਚਾਚੇ, ਨਾ ਤਾਏ, ਨਾ ਭਤੀਜੇ। ਬੱਸ ਕੁਝ ਰਿਸ਼ਤੇਦਾਰੀਆਂ ਹੀ ਸਨ, ਜਿਨ੍ਹਾਂ ਦਾ ਨਾਂ ਝੱਟ ਲਿਖਿਆ ਜਾਂਦਾ ਤੇ ਫੇਰ ਹੋਰ ਸਵਾਲਾਂ ਵਾਸਤੇ ਵੇਹਲੇ ਹੋ ਜਾਂਦੇ।

ਉਸ ਦਿਨ ਵੀ ਮੇਰੀ ਤੀਜੀ ਚੌਥੀ ਵਾਰੀ ਆਈ। ਪਹਿਲੇ ਹੋ ਕੇ ਆਇਆਂ ਨੂੰ ਪੁਛਿਆ ਤਾਂ ਉਨ੍ਹਾਂ ਦਸਿਆ ਕਿ ਉਹ ਹੀ ਸਵਾਲ ਹਨ, ਕੋਈ ਨਵੇਂ ਨਹੀਂ। ਅੱਖਾਂ ਬੰਨ੍ਹ ਕੇ ਜਦੋਂ ਉਪਰ ਲੈ ਕੇ ਗਏ ਤਾਂ ਹੁਣ ਏਥੇ ਸਾਰਾ ਸਟਾਫ ਨਵਾਂ ਸੀ। ਪਹਿਲਿਆਂ ਵਿਚੋਂ ਇਕ ਵੀ ਨਹੀਂ ਸੀ। ਗੱਲਬਾਤ ਸ਼ੁਰੂ ਹੋਈ ;

ਇਕ ਅਫ਼ਸਰ – "ਸਰਦਾਰ ਜੀ, ਕੀ ਨਾਮ ਤੁਹਾਡਾ?"

ਮੈਂ – ਆਪਣਾ ਨਾਂ ਦੱਸਿਆ।

ਇਕ ਅਫ਼ਸਰ - "ਕਿੱਥੇ ਰਹਿੰਦੇ ਹੋ?"

ਮੈਂ - ਪਤਾ ਵੀ ਦੱਸਿਆ।

ਗੱਲ ਕੀ ਸਾਰਾ ਕੁਝ ਓਹੋ ਹੀ ਸੀ, ਜੋ ਪਹਿਲਾਂ ਪੁੱਛ ਚੁੱਕੇ ਸਨ। ਨਵੀਂ ਕੋਈ ਗੱਲ ਨਹੀਂ ਸੀ। ਇਸ ਲਈ ਕੋਈ ਵੀ ਦਿੱਕਤ ਪੇਸ਼ ਨਾ ਆਈ। ਪਰ ਫਿਰ ਵੀ ਬਹੁਤ ਗੱਲਾਂ ਪੁਛਦੇ ਸਨ, ਇਸ ਲਈ ਕੋਈ ਡੇਢ ਕੁ ਘੰਟਾ ਤਾਂ ਲੱਗ ਹੀ ਗਿਆ। ਇਸ ਟੀਮ ਨੇ ਨਾ ਕੋਈ ਧਾਰਮਕ ਨੌਵੀਅਤ ਦਾ ਸਵਾਲ ਪੁਛਿਆ, ਨਾ ਹੀ ਕੋਈ ਚੁਭਵੀਂ ਗੱਲ ਕੀਤੀ। ਬਸ ਸਾਧਾਰਣ ਜਾਣਕਾਰੀ ਵਾਲੇ ਸਵਾਲ ਪੁਛੇ ਤੇ ਮੇਰੇ ਕੋਲੋਂ ਤਸੱਲੀਬਖਸ਼ ਜਵਾਬ ਮਿਲ ਜਾਣ 'ਤੇ ਵਾਪਸ ਭੇਜ ਦਿੱਤਾ। ਉਸ ਤੋਂ ਬਾਅਦ ਕਿਸੇ ਹੋਰ ਦੀ ਵਾਰੀ ਆਈ ਤੇ ਇਸੇ ਤਰ੍ਹਾਂ ਰਾਤ ਦੇ ਦੱਸ ਵਜੇ ਤੱਕ ਇਹ ਸਿਲਸਿਲਾ ਚੱਲਦਾ ਰਿਹਾ। ਇਸ ਦਿਨ ਲੱਗਪਗ ਸਾਰਿਆਂ ਦੀ ਹੀ ਵਾਰੀ ਆਈ। ਪਰ ਇਕ ਗੱਲ ਹੋਰ ਇਹ ਹੋਈ ਕਿ ਇਕ ਸਾਥੀ ਅਵਤਾਰ ਸਿੰਘ ਘੁਲੇ ਨੂੰ ਪੁੱਛਗਿੱਛ ਤੋਂ ਬਾਅਦ ਦੂਸਰਿਆਂ ਨਾਲੋਂ ਵੱਖਰਾ ਕਰਕੇ ਨਾਲ ਦੀ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ। ਫੇਰ ਉਹ ਕਦੀ ਵੀ ਦੂਸਰਿਆਂ ਨਾਲ ਨਾ ਮਿਲਣ ਦਿੱਤਾ ਗਿਆ ਤੇ ਸਾਰਾ ਰੀਮਾਂਡ ਹੀ ਉਸ ਵੱਖਰੇ ਰਹਿ ਕੇ ਕੱਟਿਆ। ਉਸ ਦੇ ਵੱਖਰੇ ਰਹਿਣ ਦਾ ਉਸ ਦੇ ਮਨ 'ਤੇ ਕੀ ਅਸਰ ਸੀ, ਉਹ ਏਥੇ ਲਿਖਣਾ ਬਹੁਤ ਹੀ ਜ਼ਰੂਰੀ ਹੈ।

ਜਦੋਂ ਉਸ ਨੂੰ ਬਾਰਾਂ-ਤੇਰਾਂ ਦਿਨ ਵੱਖਰੇ ਨੂੰ ਇਕ ਸੈੱਲ ਵਿਚ ਬੰਦ ਰਹਿੰਦਿਆਂ ਹੋ ਗਏ (ਹਾਲਾਂਕਿ ਉਹ ਸੈੱਲ ਨਾਲ ਦਾ ਹੀ ਸੀ, ਕਈ ਵਾਰ ਉਸ ਨੂੰ ਆਪਣੇ ਸਾਥੀਆਂ ਦੀ ਅਵਾਜ਼ ਵੀ ਸੁਣਦੀ ਸੀ ਤੇ ਲੈ ਕੇ ਜਾਂਦਿਆਂ ਨੂੰ ਵੀ ਉਹ ਵੇਖਦਾ ਸੀ। ਜਦੋਂ ਉਸ ਦੀਆਂ ਅੱਖਾਂ 'ਤੇ ਪੱਟੀ ਬੰਨਦੇ ਸਨ ਤਾਂ ਕਈ ਵਾਰ ਉਹ ਪੱਟੀ ਹਵਾਲਾਤ ਤੋਂ ਬਾਹਰ ਗੈਲਰੀ ਵਿਚ ਲਿਆ ਕੇ ਵੀ ਬੰਨ ਦੇਂਦੇ ਸਨ। ਇਸ ਤਰ੍ਹਾਂ ਉਸ ਦੇ ਸਾਥੀ, ਉਸ ਦੀਆਂ ਅੱਖਾਂ ਅੱਗੇ ਹੀ ਰਹਿੰਦੇ ਸਨ ਤੇ ਉਨ੍ਹਾਂ ਦੀ ਅਵਾਜ਼ ਵੀ ਉਹ ਸੁਣਦਾ ਸੀ) ਤਾਂ ਇਕ ਵੱਡੇ ਅਫ਼ਸਰ ਨੇ ਖ਼ੁਸ਼ ਹੋ ਕੇ ਉਸ ਨੂੰ ਪੁਛਿਆ "ਦੱਸ ਅੱਜ ਤੈਨੂੰ ਕੀ ਚਾਹੀਦਾ ਹੈ, ਮੈਂ ਤੇਰੀ ਹਰ ਮਦਦ ਕਰਾਂਗਾ"। ਉਸ ਕਿਹਾ "ਜੀ, ਫਿਰ ਤੁਸੀਂ ਇਸ ਤਰ੍ਹਾਂ ਕਰੋ, ਮੈਨੂੰ ਮੇਰੇ ਸਾਥੀਆਂ ਨਾਲ ਇਕੱਠਾ ਕਰ ਦਿਓ"। ਉਸ ਅਫ਼ਸਰ ਨੇ ਕਿਹਾ "ਸ਼ੁਦਾਈਆ, ਤੂੰ ਕੁਝ ਖਾਣ ਪੀਣ ਨੂੰ ਮੰਗ, ਕੋਈ ਹੋਰ ਸਹੂਲਤ ਮੰਗ, ਇਹ ਕੀ, ਬਈ ਮੈਨੂੰ ਮੇਰੇ ਸਾਥੀਆਂ ਨਾਲ ਇਕੱਠਾ ਕਰ ਦਿਓ, ਇਹ ਵੀ ਕੋਈ ਮੰਗ ਹੈ। ਤੂੰ ਉਨ੍ਹਾਂ ਕੋਲੋਂ ਕੀ ਧਾਰਾਂ ਲੈਣੀਆਂ ਹਨ?" ਉਸ ਨੇ ਆਖਿਆ "ਜੀ ਬੱਸ ਮੈਨੂੰ ਨਾ ਕੁਝ ਖਾਣ ਲਈ ਚਾਹੀਦਾ ਹੈ, ਨਾ ਕੁਝ ਹੋਰ ਚਾਹੀਦਾ ਹੈ, ਬੱਸ ਮੈਨੂੰ ਮੇਰੇ ਸਾਥੀਆਂ ਨਾਲ ਮਿਲਾ ਦਿਓ"। ਉਸ ਅਫ਼ਸਰ ਨੇ ਠੰਡਾ ਹਉਕਾ ਭਰ ਕੇ ਆਖਿਆ, "ਮੈਨੂੰ ਅਫਸੋਸ ਹੈ........ ਕਿ ਮੈਂ ਤੈਨੂੰ ਉਨ੍ਹਾਂ ਨਾਲ ਇਕੱਠਾ ਨਹੀਂ ਕਰ ਸਕਦਾ। ਕਿਉਂਕਿ ਮੈਂ ਤੇਰਾ ਪੜਤਾਲੀਆ ਅਫ਼ਸਰ ਨਹੀਂ, ਭਾਵੇਂ ਮੈਂ ਉਸੇ ਹੀ ਰੈਂਕ ਦਾ ਹਾਂ ਪਰ ਇਹ ਕੰਮ ਉਹ ਹੀ ਕਰ ਸਕਦਾ ਹੈ।" ਹੁਣ ਏਥੇ ਵੇਖਣ ਵਾਲੀ ਗੱਲ ਇਹ ਹੈ ਕਿ ਵੱਖਰੇ ਰਹਿਣ ਦੀ ਉਸ ਨੂੰ ਕਿਨੀ ਕੁ ਮਾਨਸਿਕ ਤਕਲੀਫ ਸੀ, ਜਿਸ ਕਰਕੇ ਉਸ ਨੇ ਹੋਰ ਹਰ ਗੱਲ ਨਾਲੋਂ ਇਕੱਠਾ ਕਰਨ ਵਾਲੀ ਗੱਲ ਉਸ ਅਫ਼ਸਰ ਨੂੰ ਆਖੀ। ਉਸ ਵੇਲੇ ਉਸ ਨੂੰ ਸਭ ਤੋਂ ਕੀਮਤੀ ਮੰਗ ਇਹ ਹੀ ਲੱਗਦੀ ਹੋਵੇਗੀ, ਨਹੀਂ ਤਾਂ ਉਹ ਇਹ ਵੀ ਕਹਿ ਸਕਦਾ ਸੀ ਕਿ ਤੁਸੀਂ ਮੇਰੇ ਕੇਸ ਵਿਚ ਮੇਰੀ ਮਦਦ ਕਰੋ ਜਾਂ ਕੋਈ ਵੀ ਹੋਰ ਸਹੂਲਤਾਂ ਲੈ ਸਕਦਾ ਸੀ। ਜੇ ਉਹ ਕੋਈ ਵੀ ਹੋਰ ਮੰਗ ਕਰਦਾ ਤਾਂ ਅੱਜ ਇਹ ਗੱਲ ਆਖੀ ਜਾ ਸਕਦੀ ਹੈ ਕਿ ਉਹ

ਅਫ਼ਸਰ ਉਸ ਦੀ ਕੋਈ ਵੀ ਮੰਗ ਪੂਰੀ ਕਰ ਦੇਂਦਾ। ਕਿਉਂਕਿ ਉਹ ਬੜਾ ਦਲੇਰ ਅਫ਼ਸਰ ਸੀ ਤੇ ਕਿਸੇ ਨੂੰ ਕੋਈ ਚੁਭਵੀਂ ਗੱਲ ਨਹੀਂ ਸੀ ਕਰਦਾ, ਸ਼ਾਇਦ ਉਹ ਦਲਿੱਤ ਸੀ। ਉਸ ਵਿਚ ਬੰਦੇ ਦਾ ਚਿਹਰਾ ਵੇਖ ਕੇ ਉਸ ਨੂੰ ਪੜ੍ਹ ਲੈਣ ਦੀ ਸਮਰੱਥਾ ਸੀ। ਪਰ ਉਹ ਦੂਜੇ ਅਫ਼ਸਰਾਂ ਵਾਂਗ ਚੁਭਵੀਆਂ ਗੱਲਾਂ ਕਰਕੇ ਦੂਸਰੇ ਦਾ ਮਨ ਨਹੀਂ ਸੀ ਟੋਹਦਾਂ। ਉਹ ਆਪਣੀ ਸੂਝ ਬੂਝ ਨਾਲ ਹੀ ਐਸੇ ਸਵਾਲ ਕਰਦਾ ਸੀ ਕਿ ਅਸਲੀਅਤ ਉਸਦੇ ਸਾਹਮਣੇ ਆ ਜਾਂਦੀ ਸੀ। ਉਹ ਬਿਲਕੁਲ ਹੋਛਾਪਣ ਨਹੀਂ ਸੀ ਵਿਖਾਉਂਦਾ। ਉਸ ਦੀ ਕੀਤੀ ਹਰ ਗੱਲ ਦਾ ਕੋਈ ਅਰਥ ਹੁੰਦਾ ਸੀ। ਉਸਦੀ ਕੀਤੀ ਝੂਠੀ ਹਮਦਰਦੀ ਵੀ ਸੱਚੀ ਮਾਲੂਮ ਹੁੰਦੀ ਸੀ। ਸੀ.ਬੀ.ਆਈ. ਦੇ ਸਾਰੇ ਅਫ਼ਸਰਾਂ ਵਿਚੋਂ ਉਸ ਨੂੰ ਲਾਇਕ ਅਫ਼ਸਰ ਆਖਿਆ ਜਾ ਸਕਦਾ ਹੈ। ਅੱਧੇ ਨਾਲੋਂ ਜ਼ਿਆਦਾ ਤਾਂ ਇਸ ਵਿਭਾਗ ਵਿਚ ਹਰਿਆਣਾ ਤੇ ਯੂ.ਪੀ. ਪੁਲਿਸ ਵਿਚੋਂ ਆਏ ਹੋਏ ਹਨ। ਪਰ ਉਹ ਸਾਰੇ ਇੰਸਪੈਕਟਰ ਦੇ ਰੈਂਕ ਤੋਂ ਵੱਧ ਨਹੀਂ ਸਨ।

ਗੱਲ ਦੂਸਰੇ ਪਾਸੇ ਚਲੀ ਗਈ। ਇਕੱਲੇ ਰਹਿਣ ਦਾ ਕਿੰਨਾ ਮਾਨਸਿਕ ਦੁੱਖ ਹੁੰਦਾ ਹੈ, ਇਹ ਗੱਲ ਮੈਨੂੰ ਜੇਲ੍ਹ ਵਿਚ ਜਾ ਕੇ ਜੇਲ੍ਹ ਮੈਨੂਅਲ ਪੜ੍ਹਨ 'ਤੇ ਪਤਾ ਲੱਗੀ। ਤਨਹਾਈ ਕੈਦ ਇਕ ਸਜ਼ਾ ਹੈ, ਜੋ ਜੇਲ੍ਹ ਵਿਚ ਵਿਗੜੇ ਹੋਏ ਕੈਦੀਆਂ ਨੂੰ ਸਿੱਧਾ ਕਰਨ ਲਈ ਦਿੱਤੀ ਜਾਂਦੀ ਹੈ। ਤਨਹਾਈ ਕੈਦ ਸਿਰਫ ਪੰਦਰਾਂ ਦਿਨ ਹੀ ਦਿੱਤੀ ਜਾ ਸਕਦੀ ਹੈ ਪਰ ਉਸ ਵਿਚ ਵੀ ਇਕ ਸ਼ਰਤ ਹੈ ਕਿ ਖਾਣਾ ਉਹ ਬੰਦਾ ਦੂਸਰੇ ਕੈਦੀਆਂ ਨਾਲ ਹੀ ਖਾਵੇਗਾ, ਦਿਨ ਵਿਚ ਇਕ ਘੰਟਾ ਉਸ ਨੂੰ ਫਿਰਨ ਦੀ ਖੁਲ੍ਹ ਦਿੱਤੀ ਜਾਵੇਗੀ ਤੇ ਉਸ ਨੂੰ ਕੈਦੀਆਂ ਤੋਂ ਏਨਾਂ ਦੂਰ ਨਹੀਂ ਰੱਖਿਆ ਜਾਵੇਗਾ ਕਿ ਉਨ੍ਹਾਂ ਦੀ ਅਵਾਜ਼ ਉਸ ਤੱਕ ਨਾ ਪਹੁੰਚਦੀ ਹੋਵੇ। ਕਹਿੰਦੇ ਹਨ, ਕਈ ਬੰਦੇ ਜਿਨ੍ਹਾਂ ਨੂੰ ਇਸ ਤਰ੍ਹਾਂ ਪਹਿਲਾਂ ਪਹਿਲ ਵੱਖਰਾ ਰੱਖਿਆ ਗਿਆ ਸੀ ਤੇ ਉਨ੍ਹਾਂ ਨੂੰ ਪੰਦਰਾਂ ਦਿਨ ਲਈ ਪੱਕਾ ਹੀ ਬੰਦ ਕਰ ਦਿੱਤਾ ਗਿਆ ਸੀ, ਉਨ੍ਹਾਂ ਵਿਚੋਂ ਕਈ ਆਪਣਾ ਮਾਨਸਿਕ ਸੰਤੁਲਨ ਗਵਾ ਬੈਠੇ ਸਨ। ਇਸ ਲਈ ਤਨਹਾਈ ਕੈਦ ਵਾਲੇ ਕਾਨੂੰਨ ਵਿਚ ਸੋਧ ਕਰਕੇ ਇਹ ਦੋ ਗੱਲਾਂ ਲਿਆਉਣੀਆਂ ਪਈਆਂ। ਲੱਗਦਾ ਹੈ ਬਾਰਾਂ-ਤੇਰਾਂ ਦਿਨ ਦੇ ਇਕੱਲ ਨੇ, ਉਸ ਸਾਥੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਸੀ ਤੇ ਉਹ ਆਪਣੇ ਸਾਥੀਆਂ ਵਿਚ ਆਉਣ ਲਈ ਕਾਹਲਾ ਸੀ। ਪਰ ਉਸਦੀ ਇਹ ਖਾਹਿਸ਼ ਅਖੀਰ ਤੱਕ ਵੀ ਉਨ੍ਹਾਂ ਨੇ ਪੂਰੀ ਨਾ ਕੀਤੀ। ਕਿਉਂਕਿ ਹੋ ਸਕਦਾ ਹੈ, ਉਹ ਉਸ ਨੂੰ ਇਕੱਲਿਆਂ ਰੱਖ ਕੇ ਏਨਾ ਥੱਕਾ ਤੇ ਹੰਭਾ ਦੇਣਾ ਚਾਹੁੰਦੇ ਸਨ ਕਿ ਉਹ ਸੱਚਾਈ ਦੱਸਣ 'ਤੇ ਮਜ਼ਬੂਰ ਹੋ ਜਾਵੇ। ਖਿਡਾਰੀ ਹੋਣ ਕਰਕੇ ਸਰੀਰਕ ਤੌਰ 'ਤੇ ਤਾਂ ਉਹ ਕਾਫੀ ਮਜ਼ਬੂਤ ਸੀ ਪਰ ਮਾਨਸਿਕ ਤੌਰ 'ਤੇ ਉਸ ਨੂੰ ਉਨ੍ਹਾਂ ਨੇ ਕਾਫੀ ਕਮਜ਼ੋਰ ਕਰ ਦਿੱਤਾ ਸੀ। ਸਭ ਤੋਂ ਜ਼ਿਆਦਾ ਭਾਰ ਉਸੇ 'ਤੇ ਹੀ ਪਿਆ।

ਨਿਕੰਮੀ ਰੋਟੀ ਤੇ ਅੱਧਾ ਕੱਪ ਚਾਹ

ਸ਼ਾਮ ਨੂੰ ਜਿਹੜੀ ਰੋਟੀ ਆਈ ਉਸ ਵਿਚ ਦਾਲ ਦਾ ਦਾਣਾ ਕਿਤੇ ਵਿਰਲਾ ਵਿਰਲਾ ਹੀ ਸੀ। ਪਿੱਛ ਵਰਗੀ ਮੂੰਗੀ ਦੀ ਦਾਲ ਬਗੈਰ ਤੜਕੇ ਤੋਂ, ਪਰ ਉਸ ਉਪਰ ਜੀਰਾ ਤੈਰਦਾ ਫਿਰਦਾ ਸੀ। ਸਾਧਾਰਣ ਫੁਲਕੇ। ਇਸ ਰੋਟੀ ਦੀ ਕੀਮਤ, ਦਾਲ ਤੇ (ਛੇ ਰੋਟੀਆਂ ਵੱਧ ਤੋਂ ਵੱਧ ਮਿਲ ਸਕਦੀਆਂ ਸਨ) ਰੋਟੀਆਂ 1 ਰੁਪਏ 15 ਪੈਸੇ ਸੀ, ਚਾਹ ਦਾ ਕੱਪ ਬਹੁਤ ਛੋਟੇ ਸਾਈਜ਼ ਦਾ ਸੀ। ਆਮ ਤੌਰ 'ਤੇ ਬੰਗਾਲ ਵਗੈਰਾ ਵਿਚ ਇਸ ਤਰ੍ਹਾਂ ਦੇ ਕੱਪ ਹੁੰਦੇ ਹਨ। ਅੱਧੇ ਕੱਪ ਦੇ ਬਰਾਬਰ ਇਹ ਕੱਪ 25 ਪੈਸੇ ਕੀਮਤ ਦਾ ਸੀ। ਕਦੀ ਪਤਲੀ ਜਿਹੀ ਦਾਲ

ਹੁੰਦੀ ਸੀ ਤੇ ਕਦੀ ਹਲਵੇ ਦੀ ਸਬਜੀ, ਜਿਸ ਨੂੰ ਉਹ ਲਿਆਉਣ ਵਾਲਾ ਗੋਰਖਾ ਮੁੰਡਾ, ਕਾਸ਼ੀ ਫਲ ਦੀ ਸਬਜ਼ੀ ਆਖਦਾ ਸੀ। ਇਕ ਬੰਦੇ ਦੀ ਰੋਟੀ ਵਾਸਤੇ 17 ਰੁਪਏ 50 ਪੈਸੇ ਦਾ ਖਰਚਾ ਸਰਕਾਰ ਦੇਂਦੀ ਹੈ, ਪਰ ਏਥੇ 1 ਰੁਪਏ 15 ਪੈਸੇ + 1 ਰੁਪਏ 15 ਪੈਸੇ+ 50 ਪੈਸੇ ਦੋ ਕੱਪ ਚਾਹ ਦੇ ਸਾਰੇ 2 ਰੁਪਏ 80 ਪੈਸੇ ਬਣਦੇ ਸਨ। ਬਾਕੀ ਪੈਸੇ ਉਹ ਆਪ ਹੀ ਛਕ ਜਾਂਦੇ ਸਨ। ਏਨਾ ਕੁਝ ਹੋਣ 'ਤੇ ਵੀ ਉਹ ਪੜਤਾਲੀਆ ਅਫ਼ਸਰ ਆਮ ਤੌਰ 'ਤੇ ਕਹਿੰਦਾ ਰਹਿੰਦਾ ਸੀ, "ਮੁਫਤ ਕੀ ਰੋਟੀਆਂ ਖਾਤੇਂ ਹੈਂ, ਬਤਾਤੇ ਕੁਛ ਹੈਂ ਨਹੀਂ"। ਇਹ ਗੱਲਾਂ ਉਹ ਆਮ ਤੌਰ 'ਤੇ ਉਦੋਂ ਕਰਦਾ ਸੀ, ਜਦੋਂ ਮਾਯੂਸ ਹੋ ਜਾਂਦਾ ਸੀ ਕਿ ਕੇਸ ਦੀ ਕੋਈ ਉੱਨਤੀ ਨਹੀਂ ਹੋ ਰਹੀ ਸੀ ਤੇ ਤਰੱਕੀ ਦੀਆਂ ਸੰਭਾਵਨਾਵਾਂ ਤਾਂ ਕੀ ਏਥੇ ਤਾਂ ਉਲਟਾ ਤਰੱਟੀ ਵੀ ਹੋ ਸਕਦੀ ਹੈ।

ਸਰਕਾਰ ਦਾ ਕਰੋੜਾਂ ਰੁਪਏ ਇਸ ਕੇਸ 'ਤੇ ਖਰਚ ਹੋ ਚੁੱਕਾ ਸੀ, ਪਰ ਪ੍ਰਾਪਤੀ ਦੁਆਨੀ ਦੀ ਨਹੀਂ ਹੋਈ ਸੀ। ਇਕ ਟੀਮ ਪੁੱਛ ਗਿੱਛ ਵਾਸਤੇ ਕੈਨੇਡਾ ਵੀ ਭੇਜੀ ਗਈ ਸੀ। ਉਹ ਵੀ ਅੰਗੂਠੇ ਚੂਪਦੇ ਹੀ ਮੁੜ ਆਏ ਸਨ। ਹੁਣ ਪੜਤਾਲੀਆ ਅਫ਼ਸਰ ਪ੍ਰੇਸ਼ਾਨ ਨਾ ਹੁੰਦਾ ਤਾਂ ਕੀ ਕਰਦਾ? ਉਹ ਏਨਾ ਬੌਖਲਾ ਗਿਆ ਸੀ ਕਿ ਰਾਤ ਨੂੰ ਫੋਨ ਕਰਕੇ ਕਿਸੇ ਅਫ਼ਸਰ ਨੂੰ ਡਿਊਟੀ ਉੱਤੇ ਆਉਣ ਨੂੰ ਕਹਿੰਦਾ, ਫਲਾਨੇ ਆਦਮੀ ਨੂੰ ਬੁਲਾ ਕੇ ਉਸ ਨੂੰ ਫਲਾਨੀ ਫਲਾਨੀ ਗੱਲ ਪੁੱਛ। ਉਸ ਦਾ ਫੋਨ ਆਉਣ ਦੀ ਦੇਰ ਹੁੰਦੀ, ਰਾਤ ਦੇ ਦੋ ਵਜੇ, ਤਿੰਨ ਵਜੇ, ਚਾਰ ਵਜੇ ਜੋ ਵੀ ਵੱਕਤ ਹੁੰਦਾ ਹੱਥਕੜੀਆਂ ਖੜਕ ਪੈਂਦੀਆਂ ਤੇ ਜਿਸ ਨੂੰ ਪੁੱਛਣ ਬਾਰੇ ਉਸ ਨੂੰ ਕਿਹਾ ਜਾਂਦਾ, ਉਸ ਨੂੰ ਜਗਾ ਕੇ ਉਪਰ ਲੈ ਜਾਇਆ ਜਾਂਦਾ। ਉਸ ਨੂੰ ਸਵਾਲ ਪੁਛੇ ਜਾਂਦੇ, ਫਿਰ ਉਸ ਦਾ ਜੁਆਬ ਰੀਕਾਰਡ ਕਰਕੇ ਟੇਪ ਫੋਨ 'ਤੇ ਉਸ ਨੂੰ ਦਿੱਤਾ ਜਾਂਦਾ। ਫਿਰ ਉਹ ਅੱਗੋਂ ਹੋਰ ਗੱਲ ਪੁੱਛਣ ਲਈ ਕਹਿੰਦਾ। ਫਿਰ ਉਹ ਅਫ਼ਸਰ ਆ ਕੇ, ਉਸ ਨੂੰ ਉਹ ਗੱਲ ਪੁਛਦਾ ਤੇ ਉਸਦਾ ਜੁਆਬ ਉਸ ਨੂੰ ਉਸੇ ਵੇਲੇ ਦੇਂਦਾ। ਇਸ ਤਰ੍ਹਾਂ ਇਹ ਸਿਲਸਿਲਾ ਘੰਟਿਆਂ ਬੱਧੀ ਚੱਲਦਾ ਰਹਿੰਦਾ। ਪਰ ਨਤੀਜਾ ਫਿਰ ਓਹੀ 'ਢਾਕ ਤੇ ਤੀਨ ਪਾਤ' ਵਾਲਾ ਹੁੰਦਾ। ਜਿਵੇਂ ਕਿਸੇ ਨੇ ਇਕ ਅਵਾਰਾ ਫਿਰਦੇ ਗਾਂ ਤੇ ਵੱਛੇ ਵੱਲ ਇਸ਼ਾਰਾ ਕਰਕੇ ਪੁਛਿਆ, 'ਓਏ ਆਹ ਗਾਂ ਤੇ ਵੱਛਾ ਕੀਹਦੇ ਆ?' 'ਗਾਂ ਦਾ ਤਾਂ ਜੀ ਪਤਾ ਨਹੀਂ, ਵੱਛੇ ਦਾ ਪਤਾ ਆ।' ਅਗੋਂ ਕਿਸੇ ਨੇ ਜਵਾਬ ਦਿੱਤਾ 'ਚਲ, ਵੱਛਾ ਈ ਦਸ ਕੀਹਦਾ ਆ?' 'ਵੱਛਾ ਤਾਂ ਜੀ ਹੈਸ ਗਾਂ ਦਾ ਆ।' ਬਸ ਏਹੋ ਹੀ ਹਾਲ ਸਾਡੀ ਪੁੱਛਗਿੱਛ ਦਾ ਸੀ ਕਿਸੇ ਨੂੰ ਗਾਂ ਦਾ ਪਤਾ ਸੀ ਕਿ ਇਹ ਇਸ ਵੱਛੇ ਦੀ ਮਾਂ ਹੈ ਤੇ ਕਿਸੇ ਨੂੰ ਵੱਛੇ ਦਾ ਪਤਾ ਸੀ ਕਿ ਉਸ ਗਾਂ ਦਾ ਹੈ ਪਰ ਇਹ ਦੋਵੇਂ ਕੀਹਦੇ ਆ? ਪਤਾ ਨਹੀਂ ਸੀ। ਇਹ ਗੱਲ ਤਕਰੀਬਨ ਰੋਜ਼ ਰਾਤ ਨੂੰ ਹੁੰਦੀ। ਇਸ ਤਰ੍ਹਾਂ ਇਹ ਸੌਖਾ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਰਾਤ ਨੂੰ ਸੌਂਦਾ ਨਹੀਂ ਸੀ ਤੇ ਜੇ ਸੌਂਦਾ ਸੀ ਤਾਂ ਸੁੱਤਾ ਪਿਆ ਉਠ ਕੇ ਵੀ ਕੇਸ ਦੀ ਕੋਈ ਗੱਲ ਯਾਦ ਆਉਣ 'ਤੇ ਝੱਟ ਪੁੱਛਣ ਬਹਿ ਜਾਂਦਾ ਸੀ। ਅਖੀਰਲੇ ਦਿਨਾਂ ਵਿਚ ਉਸਦਾ ਸਾਰਾ ਸਟਾਫ ਏਨਾ ਤੰਗ ਆ ਗਿਆ ਸੀ ਕਿ ਉਹ ਸਾਡੇ ਸਾਹਮਣੇ ਹੀ ਉਸ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੇ ਕਿ ਸਾਲਾ ਬੇਵਕੂਫ, ਬੇਕਸੂਰ ਸਿੱਖਾਂ ਨੂੰ ਫੜ ਲਿਆਇਆ ਹੈ ਤੇ ਹੁਣ ਉਨ੍ਹਾਂ ਨੂੰ ਤੰਗ ਕਰ ਰਿਹਾ ਹੈ।

ਕਹਿੰਦੇ ਹਨ, ਇਹ ਗੱਲ ਇਕ ਅਫ਼ਸਰ ਦੇ ਅਰਦਲੀ (ਸਿਪਾਹੀ) ਨੇ ਆ ਕੇ ਦੱਸੀ ਸੀ, ਕਿ ਇਕ ਦਿਨ ਇਕ ਅਫ਼ਸਰ ਨੇ ਆਪਣੀ ਪਤਨੀ ਨੂੰ ਆਖਿਆ ਕਿ, "ਡੀ.ਪੀ.

ਸਿੰਘ ਪੰਜਾਬ ਵਿਚੋਂ ਕੁਝ ਸਿੱਖ ਫੜ ਲਿਆਇਆ ਹੈ, ਜਿਨ੍ਹਾਂ ਨੂੰ ਇੱਲ ਦਾ ਨਾ ਕੁੱਕੜ ਨਹੀਂ ਪਤਾ ਤੇ ਇਹ ਸਾਰੀ ਪੰਜਾਬ ਸਮੱਸਿਆ ਹੀ ਉਨ੍ਹਾਂ ਦੇ ਹੱਡਾਂ ਵਿਚੋਂ ਕੱਢਣੀ ਚਾਹੁੰਦਾ ਹੈ। ਜਦੋਂ ਉਨ੍ਹਾਂ ਨੂੰ ਪਤਾ ਹੀ ਕੁਝ ਨਹੀਂ ਤਾਂ ਉਹ ਦੱਸਣ ਵੀ ਕੀ?" ਫਿਰ ਉਸ ਨੇ ਕਿਹਾ ਕਿ ਮੈਂ ਤਾਂ ਸਾਰੀ ਪੁੱਛਗਿੱਛ ਕਰ ਕਰ ਕੇ ਇਹ ਅੰਦਾਜ਼ਾ ਲਾਇਆ ਹੈ ਕਿ ਉਨ੍ਹਾਂ ਨੂੰ ਜਿੰਨਾ ਕੁ ਪਤਾ ਸੀ, ਉਨ੍ਹਾਂ ਨੇ ਬਗੈਰ ਝੂਠ ਬੋਲੇ ਤੇ ਲੁਕਾਏ ਤੋਂ ਦੱਸ ਦਿੱਤਾ ਹੈ। ਹੁਣ ਅਸੀਂ ਉਨ੍ਹਾਂ ਨੂੰ ਝੂਠ ਬੋਲਣ 'ਤੇ ਮਜਬੂਰ ਕਰ ਰਹੇ ਹਾਂ। ਉਸ ਅਫ਼ਸਰ ਨੇ ਇਹ ਵੀ ਆਖਿਆ ਕਿ ਉਸਦੀ ਜ਼ਮੀਰ ਉਨ੍ਹਾਂ ਨੂੰ ਕੋਈ ਵੀ ਹੋਰ ਪੁੱਛਗਿੱਛ ਕਰਨ ਨੂੰ ਨਹੀਂ ਮੰਨਦੀ, ਜੇ ਮੈਂ ਉਸ ਦੀ ਥਾਂ ਹੋਵਾਂ ਤਾਂ ਬਗੈਰ ਇਕ ਮਿੰਟ ਲਾਏ ਤੋਂ ਇਹ ਕੇਸ ਵਾਪਸ ਲੈ ਲਵਾਂ ਤੇ ਉਨ੍ਹਾਂ ਦੀਆਂ ਹੱਥਕੜੀਆਂ ਖੋਲ੍ਹ ਦਿਆਂ। ਪਰ ਇਹ ਆਦਮੀ ਏਡਾ ਮੂਰਖ ਹੈ ਕਿ ਸਹੀ ਗੱਲ ਕਰਨ ਦੀ ਥਾਂ ਅਜੇ ਵੀ ਕੇਸ ਉਲਝਾਈ ਜਾਂਦਾ ਹੈ ਤੇ ਉਨ੍ਹਾਂ ਦਾ ਹੋਰ ਰੀਮਾਂਡ ਮੰਗ ਲਿਆ ਹੈ। ਇਹ ਵੱਧ ਤੋਂ ਵੱਧ ਉਨ੍ਹਾਂ ਕੋਲੋਂ ਝੂਠ ਬੁਲਵਾ ਸਕਦਾ ਹੈ, ਜਿਹੜਾ ਉਨ੍ਹਾਂ ਨੇ ਅਦਾਲਤ ਵਿਚ ਜਾ ਕੇ ਮੁੱਕਰ ਜਾਣਾ ਹੈ ਤੇ ਗੱਲ ਖਤਮ ਹੋ ਜਾਣੀ ਹੈ। ਕਿਸੇ ਗੱਲ ਦੀ ਕੋਈ ਹੱਦ ਵੀ ਹੁੰਦੀ ਹੈ।" ਉਸ ਅਰਦਲੀ ਨੇ ਦਸਿਆ ਕਿ ਅਫ਼ਸਰ ਆਖਦਾ ਸੀ, "ਮੈਂ ਉਨ੍ਹਾਂ ਨੂੰ ਹੁਣ ਕੋਈ ਤੰਗੀ ਨਹੀਂ ਦੇਣੀ ਤੇ ਐਵੇਂ ਹੀ ਬੁਲਾ ਕੇ ਆਪਣੇ ਕੋਲ ਬਿਠਾ ਲਿਆ ਕਰਨਾ ਹੈ ਤੇ ਗੱਪਾਂ ਸ਼ੱਪਾਂ ਮਾਰ ਕੇ ਵਾਪਸ ਤੋਰ ਦਿਆਂ ਕਰਨਾ ਹੈ।" ਤੇ ਸੱਚ ਮੁੱਚ ਹੀ ਸਾਰਿਆਂ ਨੇ ਇਸ ਗੱਲ ਨੂੰ ਦੂਜੇ ਦਿਨ ਮਹਿਸੂਸ ਕੀਤਾ ਕਿ ਉਸ ਦੀ ਪੁੱਛਗਿੱਛ ਵਿਚ ਫਰਕ ਪੈ ਗਿਆ ਹੈ। ਉਹ ਏਧਰ ਓਧਰ ਦੀਆਂ ਗੱਪਾਂ ਜ਼ਿਆਦਾ ਮਾਰਦਾ, ਘਰੇਲੂ ਗੱਲਾਂ ਕਰਨ ਲੱਗ ਪੈਂਦਾ। ਆਪਣੀਆਂ ਘਰੇਲੂ ਗੱਲਾਂ ਦੱਸਣ ਲੱਗ ਪੈਂਦਾ, ਇਕ ਬੈਠਕ ਵਿਚ ਹੀ ਦੋ-ਤਿੰਨ ਵਾਰ ਚਾਹ ਮੰਗਵਾ ਲੈਂਦਾ ਤੇ ਕਈ ਵਾਰ ਏਥੋਂ ਤੱਕ ਆਖ ਦੇਂਦਾ, "ਯਾਰ ਤੂੰ ਏਧਰ ਨਾ ਬਹਿ, ਏਧਰ ਕੁਰਸੀ 'ਤੇ ਆ ਜਾ, ਉਹ ਸਾਲਾ ਆ ਗਿਆ ਤਾਂ ਸੜੂੰ ਸੜੂੰ ਕਰੇਗਾ।" ਇਹ ਤਾਂ ਸੀ ਇਕ ਅਫ਼ਸਰ ਦੀ ਕੇਸ ਬਾਰੇ ਸੋਚਣੀ ਪਰ ਉਸ ਨਾਲ ਤਾਂ ਘੱਟੋ ਘੱਟ ਤੀਹ ਅਫ਼ਸਰ ਲੱਗੇ ਹੋਏ ਸਨ। ਉਹਨਾਂ ਵਿਚੋਂ ਕਈਆਂ ਦੀ ਸੋਚਣੀ ਖਾਸ ਤੌਰ 'ਤੇ, ਜੋ ਪੰਜਾਬੀ ਹਿੰਦੂ ਸਨ, ਬਿਲਕੁਲ ਇਸ ਤੋਂ ਉਲਟ ਸੀ। ਉਹ ਵੱਧ ਤੋਂ ਵੱਧ ਸਰੀਰਕ ਕਸ਼ਟ ਦੇਂਦੇ ਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੇ। ਕਈ ਗੱਲਾਂ ਤਾਂ ਉਹ ਐਸੀਆਂ ਕਰਦੇ ਕਿ ਸੁਣਦੇ ਸਾਰ ਅੱਗ ਲੱਗ ਜਾਂਦੀ। ਇਹ ਗੱਲਾਂ ਆਮ ਤੌਰ 'ਤੇ ਉਹ ਉਦੋਂ ਕਰਦੇ, ਜਦੋਂ ਕਿਸੇ ਨੂੰ ਸਰੀਰਕ ਤੌਰ 'ਤੇ ਵੀ ਦੁੱਖ ਦਿੱਤਾ ਜਾ ਰਿਹਾ ਹੁੰਦਾ। ਹੋਰ ਤਾਂ ਕਿਸੇ ਦਾ ਪਤਾ ਨਹੀਂ ਪਰ ਮੈਂ ਤਾਂ ਕਦੇ ਉਧਾਰ ਨਹੀਂ ਸੀ ਰਖਿਆ। ਉਸਦਾ ਨਤੀਜਾ ਇਹ ਹੁੰਦਾ ਕਿ ਸਰੀਰਕ ਤਕਲੀਫ ਹੋਰ ਵਧਾ ਦਿੱਤੀ ਜਾਂਦੀ। ਪਰ ਫੇਰ ਕੀ ਸੀ, ਢੁਕਵਾਂ ਜਵਾਬ ਮੋੜ ਦੇਣ 'ਤੇ ਮਨ ਤਾਂ ਹਲਕਾ ਫੁੱਲ ਵਰਗਾ ਹੋ ਜਾਂਦਾ ਸੀ। ਜਦੋਂ ਮਨ ਹਲਕਾ ਫੁੱਲ ਹੋ ਜਾਂਦਾ, ਫਿਰ ਸਰੀਰਕ ਤਕਲੀਫ ਬਹੁਤਾ ਕਸ਼ਟ ਨਹੀਂ ਸੀ ਦੇਂਦੀ। ਕਈ ਵਾਰ ਐਸਾ ਹੁੰਦਾ ਕਿ ਇਕ ਦਿਨ ਮਜ਼ਬੂਰੀ ਵੱਸ ਉਨ੍ਹਾਂ ਦੀ ਚੁੰਭਵੀਂ ਗੱਲ ਦਾ ਜੁਆਬ ਨਾ ਮੋੜਿਆ ਜਾ ਸਕਦਾ ਹੁੰਦਾ ਤਾਂ ਮੈਂ ਮੌਕਾ ਪੈਣ 'ਤੇ ਦੂਜੇ ਦਿਨ ਉਹ ਉਧਾਰ ਲਾਹ ਦੇਂਦਾ। ਏਸੇ ਤਰ੍ਹਾਂ ਹੀ ਇਹ ਖੇਲ੍ਹ ਚੱਲਦਾ ਰਿਹਾ ਤੇ ਵਾਹਿਗੁਰੂ ਨੇ ਅੰਗ ਸੰਗ ਹੋ ਕੇ ਡੋਲਣ ਤੋਂ ਰੋਕੀ ਰੱਖਿਆ। ਬੱਸ ਇਹ ਸਾਰਾ ਕੁਝ ਇਸ ਤਰ੍ਹਾਂ ਹੀ ਸੀ ਜਿਵੇਂ ਕਿਸੇ ਨੇ ਕਿਸੇ ਨੂੰ ਪੁਛਿਆ, "ਤੁਹਾਡਾ ਵਿਹਲਾ ਸਮਾਂ ਕਿਵੇਂ ਗੁਜ਼ਰਦਾ ਹੈ?" ਤਾਂ ਉਸ ਬੰਦੇ ਨੇ ਕਿਹਾ, "ਮੈਂ ਤੇ ਮੇਰੀ ਪਤਨੀ ਇਕ ਖੇਡ ਖੇਡਦੇ ਹਾਂ ਉਹ ਮੈਨੂੰ ਵੇਲਣਾ ਮਾਰਦੀ ਹੈ, ਜੇ ਵੱਜ ਜਾਵੇ ਤਾਂ

ਉਹ ਖੁਸ਼ ਹੋ ਜਾਂਦੀ ਹੈ ਤੇ ਜੇ ਨਾ ਵੱਜੇ ਤਾਂ ਮੈਂ ਖੁਸ਼ ਹੋ ਜਾਂਦਾ ਹਾਂ।" ਜੇ ਤੇ ਪੁਛਗਿੱਛ ਕਰਦਿਆਂ ਕੋਈ ਮਾੜੀ ਮੋਟੀ ਜਾਣਕਾਰੀ ਮਿਲ ਜਾਂਦੀ ਤਾਂ ਉਹ ਖੁਸ਼ ਹੋ ਜਾਂਦੇ ਤੇ ਜੇ ਅਸੀਂ ਪੁਛਗਿੱਛ ਵਿਚ ਠੁੱਠ ਵਿਖਾ ਜਾਂਦੇ ਤਾਂ ਅਸੀਂ ਖੁਸ਼ ਹੋ ਜਾਂਦੇ।

ਸਖਤੀ ਦਾ ਦੌਰ

ਦੂਜੇ ਦਿਨ ਸਵੇਰ ਦੇ ਕੋਈ ਸਾਢੇ ਨੌਂ ਵਜੇ ਹੱਥਕੜੀਆਂ ਛਣਕੀਆਂ, ਅੱਖਾਂ 'ਤੇ ਪੱਟੀਆਂ ਬੰਨੀਆਂ ਤੇ ਪੌੜੀਆਂ ਚੜ੍ਹ ਕੇ ਉਪਰ ਚਲੇ ਗਏ। ਪੱਟੀਆਂ ਅੱਜ ਨਾ ਖੋਲ੍ਹੀਆਂ ਗਈਆਂ ਤੇ ਹੱਥਕੜੀਆਂ ਵੀ ਦੋਵੇਂ ਕੜੇ ਇਕ ਹੱਥ ਨੂੰ ਮਾਰ ਦਿੱਤੇ ਗਏ ਤੇ ਦੂਜੇ ਵਿਹਲੇ ਹੋਏ ਹੱਥ ਨੂੰ ਲਿਆ ਕੇ ਹੋਰ ਹੱਥਕੜੀ ਮਾਰ ਦਿੱਤੀ ਗਈ। ਇਹ ਬੜੀ ਅਜੀਬ ਗੱਲ ਸੀ। ਕਿਉਂਕਿ ਇਸ ਤਰ੍ਹਾਂ ਪਹਿਲਾਂ ਅੱਗੇ ਕਦੇ ਨਹੀਂ ਸੀ ਹੋਇਆ। ਇਹ ਹੱਥਕੜੀ ਦੋਹਾਂ ਹੱਥਾਂ ਨੂੰ ਤਾਂ ਸਦਾ ਲੱਗਦੀ ਸੀ, ਪੁੱਠੀ ਹੱਥਕੜੀ ਹੱਥ ਪਿੱਛੇ ਕਰਕੇ ਵੀ ਬਥੇਰੀ ਵਾਰ ਲੱਗੀ ਸੀ ਪਰ ਇਹ ਦੋ ਹੱਥਕੜੀਆਂ ਦੋਹਾਂ ਹੱਥਾਂ ਨੂੰ, ਅੱਜ ਪਹਿਲੀ ਵਾਰ ਹੀ ਹੋਇਆ ਸੀ। ਮੈਂ ਝੱਟ ਸਮਝ ਗਿਆ ਕਿ ਇਹ ਜ਼ਰੂਰ ਕੋਈ ਖਾਸ ਗੱਲ ਹੈ। ਅੱਜ ਜਦੋਂ ਕੁਰਸੀ 'ਤੇ ਬਿਠਾਇਆ ਤੇ ਸਵਾਲ ਪੁੱਛਦੇ ਹੋਏ ਅੱਖਾਂ ਬੱਧੀਆਂ ਤਾਂ ਪਤਾ ਨਾ ਲੱਗੇ ਕਿ ਕੌਣ ਸਾਹਮਣੇ ਹੈ। ਸਾਹਮਣੇ ਹੋ ਕੇ ਪੁੱਛਣ ਵਾਲੇ ਦੀਆਂ ਅੱਖਾਂ ਬਹੁਤ ਕੁਝ ਦੱਸ ਜਾਂਦੀਆਂ ਹਨ। ਜੇ ਅੱਖਾਂ ਵੇਖ ਕੇ ਪੜਤਾਲੀਆ ਅਫ਼ਸਰ ਕੁਝ ਲੱਭ ਲੈਂਦਾ ਹੈ ਤਾਂ ਮੁਲਜ਼ਮ ਵੀ ਪੜਤਾਲੀਆ ਅਫ਼ਸਰ ਦੀਆਂ ਅੱਖਾਂ ਵੇਖ ਕੇ ਬਥੇਰਾ ਕੁਝ ਤਾੜ ਜਾਂਦਾ ਹੈ। ਮੇਰੀ ਤਾਂ ਤਕਨੀਕ ਹੀ ਇਹ ਸੀ। ਪਰ ਅੱਜ ਕੰਮ ਉਲਟਾ ਹੋਇਆ ਪਿਆ ਸੀ। ਸਵਾਲ ਤਾਂ ਸਾਰੇ ਉਹੀ ਹੀ ਸਨ ਤੇ ਸ਼ੁਰੂ ਵੀ ਉਥੋਂ ਹੀ ਹੋਏ ਸਨ, ਜਿਥੋਂ ਪਹਿਲਾਂ ਹੁੰਦੇ ਸਨ ਪਰ ਉਹਨਾਂ ਦਾ ਜੁਆਬ ਦੇ ਚੁਕਣ ਤੋਂ ਬਾਅਦ ਗੱਲਬਾਤ ਨਵੇਂ ਗੇੜ ਵਿਚ ਦਾਖਲ ਹੋ ਗਈ। ਕੁਝ ਬਾਹਰ ਰਹਿਣ ਵਾਲੇ ਬੰਦਿਆਂ ਦੇ ਨਾਵਾਂ ਦੀ ਪੁੱਛ ਪੜਤਾਲ ਸੀ, ਜਿਨ੍ਹਾਂ ਬਾਰੇ ਮੇਰਾ ਇਕੋ ਹੀ ਜਵਾਬ ਸੀ ਕਿ ਮੈਂ ਉਹਨਾਂ ਨੂੰ ਨਹੀਂ ਜਾਣਦਾ ਤੇ ਅੱਜ ਤੱਕ ਸ਼ਕਲ ਵੀ ਨਹੀਂ ਵੇਖੀ। ਇਕ ਅਫ਼ਸਰ ਨੇ ਬੜੇ ਰੋਅਬ ਵਾਲੀ ਅਵਾਜ਼ ਵਿਚ ਆਖਿਆ, "ਹੁਣ ਆਖਰੀ ਵਾਰ ਇਹ ਗੱਲ ਪੁਛਣੀ ਹੈ, ਨਹੀਂ ਤਾਂ ਫਿਰ ਸਾਨੂੰ ਉਲਾਂਭਾ ਕੋਈ ਨਹੀਂ। ਠੀਕ ਦੱਸ ਦਿਓ ਤਾਂ ਠੀਕ ਹੈ, ਨਹੀਂ ਤਾਂ ਫਿਰ ਇਹ ਇੰਟੈਰੋਗੇਸ਼ਨ ਸੈਂਟਰ ਹੈ, ਹੋਟਲ ਨਹੀਂ" ਤੇ ਨਾਲ ਹੀ ਉਸ ਨੇ ਫਿਰ ਸਵਾਲ ਦੁਹਰਾਇਆ, "ਕੈਨੇਡਾ ਵਿਚ ਫਲਾਣੇ ਫਲਾਣੇ ਨੂੰ ਜਾਣਦੇ ਹੋ?"

"ਨਹੀਂ" ਮੇਰਾ ਜਵਾਬ ਪਹਿਲਾਂ ਵਾਲਾ ਸੀ, ਪਰ ਸੀ ਦ੍ਰਿੜਤਾ ਵਾਲਾ।

"ਫੇਰ ਅਸੀਂ ਵੀ ਹੁਣ ਬਰੀ ਜ਼ੁੰਮਾ ਹਾਂ, ਫੇਰ ਨਾ ਆਖਿਓ" ਉਸ ਅਫ਼ਸਰ ਨੇ ਇਹ ਗੱਲ ਬੜੀ ਚੱਬ ਚੱਬ ਕੇ ਕੀਤੀ।

"ਬਰੀ ਜ਼ੁੰਮਾ ਤੇ ਨਾ ਜ਼ੁੰਮਾ ਵਾਲੀ ਕਿਹੜੀ ਗੱਲ ਹੈ, ਜਦੋਂ ਨਹੀਂ ਪਤਾ ਤਾਂ ਹੀ ਆਖਿਆ ਹੈ, ਨਹੀਂ ਪਤਾ।"

"ਹੁਣੇ ਲੱਗ ਜਾਂਦੈ ਪਤਾ"

ਤੇ ਇਹ ਕਹਿਣ ਦੇ ਨਾਲ ਹੀ ਕਿਸੇ ਨੇ ਦੋਵੇਂ ਸੰਗਲ ਫੜ ਕੇ ਖਿੱਚੇ, ਸਿੱਧਾ ਇਸ਼ਾਰਾ ਉਠਣ ਦਾ ਸੀ। ਉਠ ਕੇ ਖਲੋ ਜਾਣ 'ਤੇ ਉਸ ਨੇ ਸੰਗਲ ਫੜ ਕੇ ਇਕ ਪਾਸੇ ਨੂੰ ਤੁਰਨਾ ਸ਼ੁਰੂ ਕੀਤਾ ਤੇ ਕਮਰੇ ਦੇ ਅਖੀਰ 'ਤੇ ਜਾ ਕੇ ਆਖਿਆ "ਸੱਜੀ ਬਾਂਹ ਉਤਾਂਹ ਚੁਕੋ"। ਸੱਜੀ ਬਾਂਹ ਉਤਾਂਹ ਚੁੱਕ ਦਿੱਤੀ ਤਾਂ ਕਿਸੇ ਨੇ ਸਟੂਲ 'ਤੇ ਚੜ੍ਹ ਕੇ ਜਾ ਪਤਾ ਨਹੀਂ ਕਿਸ ਚੀਜ਼

'ਤੇ ਖਲੋ ਕੇ, ਉਸ ਸੰਗਲ ਦਾ ਕੁੰਡਾ ਉਪਰ ਅੜਾ ਦਿੱਤਾ। ਉਹ ਬਾਂਹ ਉਤਾਂਹ ਦੀ ਉਤਾਂਹ ਹੀ ਰਹਿ ਗਈ। ਫਿਰ ਏਸੇ ਤਰ੍ਹਾਂ ਖੱਬੀ ਬਾਂਹ ਵਾਲਾ ਪਾਸਾ ਵੀ ਉਪਰ ਅੜਾ ਦਿੱਤਾ। ਦੋਵੇਂ ਬਾਂਹਵਾਂ ਤਣੀਆਂ ਗਈਆਂ ਤੇ ਪੂਰੀ ਤਰ੍ਹਾਂ ਉਪਰ ਵੱਲ ਨੂੰ ਖਿੱਚੀਆਂ ਗਈਆਂ। ਫਿਰ ਕੋਈ ਅਵਾਜ ਨਾ ਆਈ। ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਸਾਰੇ ਕਮਰੇ ਵਿਚੋਂ ਚਲੇ ਗਏ ਹੋਣ (ਵੈਸੇ ਜਾਣ ਦੇ ਕਦਮਾਂ ਦੀ ਅਵਾਜ਼ ਵੀ ਸੁਣੀ ਸੀ)। ਫਿਰ ਕਮਰੇ ਵਿਚ ਚੁੱਪ ਚਾਪ ਹੋ ਗਈ। ਸਮਾਂ ਕੋਈ ਦਸ ਵੱਜੇ ਹੋਣਗੇ। ਕਿਉਂਕਿ ਸਾਢੇ ਨੌਂ ਵਜੇ ਤਾਂ ਥਲਿਓ ਆਏ ਸੀ।

ਅੱਖਾਂ ਤੋਂ ਕੁਝ ਨਾ ਦਿਸਣ ਕਰਕੇ, ਦਿਲ ਬਹੁਤ ਕਾਹਲਾ ਪੈਂਦਾ ਸੀ। ਕੋਈ ਅੱਧੇ ਕੁ ਘੰਟੇ ਬਾਅਦ ਸਰੀਰ ਵਿਚ ਇਸ ਤਰ੍ਹਾਂ ਹੋਣ ਲੱਗ ਪਿਆ, ਜਿਵੇਂ ਕੀੜੀਆਂ ਤੁਰਦੀਆਂ ਹਨ, ਬਲੱਡ ਪਰੈਸ਼ਰ ਜਿਹਾ ਹੋ ਗਿਆ ਹੁੰਦਾ ਹੈ। ਮੈਂ ਅੱਖਾਂ ਮੀਟ ਲਈਆਂ ਤੇ ਮਨ ਵਿਚ ਵਾਹਿਗੁਰੂ ਵਾਹਿਗੁਰੂ ਹੀ ਸ਼ੁਰੂ ਕਰ ਦਿੱਤਾ। ਕਿਉਂਕਿ ਕੋਈ ਵੀ ਪਾਠ ਮੈਨੂੰ ਪੂਰਾ ਨਹੀਂ ਸੀ ਆਉਂਦਾ। ਚੌਪਈ ਸਾਹਿਬ ਵੀ ਨਹੀਂ ਸੀ ਆਉਂਦਾ। ਸੋ ਵਾਹਿਗੁਰੂ ਵਾਹਿਗੁਰੂ ਕਰੀ ਜਾਣ ਨਾਲ ਵੀ ਕੁਝ ਰਾਹਤ ਜਿਹੀ ਮਹਿਸੂਸ ਹੋਈ। ਉਸ ਤੋਂ ਬਾਅਦ ਕੂਹਣੀਆਂ ਤੋਂ ਉਪਰ ਬਾਹਵਾਂ ਸੌਣੀਆਂ ਸ਼ੁਰੂ ਹੋ ਗਈਆਂ ਤੇ ਪੈਰਾਂ ਵਾਲੇ ਪਾਸੇ ਦਰਦ ਵਧਣ ਲੱਗ ਪਈ। ਪਤਾ ਨਹੀਂ ਕਿੰਨਾ ਸਮਾਂ ਹੋ ਗਿਆ ਸੀ, ਜਦੋਂ ਇਕ ਅਫਸਰ ਆਇਆ ਤੇ ਉਸ ਨੇ ਪੁਛਿਆ "ਕਿਉਂ ਸਰਦਾਰ ਜੀ, ਆਇਆ ਕੁਝ ਯਾਦ"? ਇਹ ਸਵਾਲ ਉਸ ਨੇ ਹਿੰਦੀ ਵਿਚ ਪੁਛਿਆ ਸੀ।

"ਨਹੀਂ ਯਾਦ ਆਉਣ ਵਾਲੀ ਕੋਈ ਗੱਲ ਹੀ ਨਹੀਂ ਤਾਂ ਯਾਦ ਕੀ ਆਵੇ?" ਫਿਰ ਉਸ ਨੇ ਹੋਰ ਕੋਈ ਗੱਲ ਨਾ ਕੀਤੀ ਤੇ ਵਾਪਸ ਚਲਾ ਗਿਆ। ਕੁਝ ਦੇਰ ਹੋਰ ਲੰਘ ਜਾਣ 'ਤੇ ਉਹ ਫਿਰ ਆਇਆ। ਇਸ ਵਾਰੀ ਉਸ ਨੇ ਸਵਾਲ ਕੋਈ ਨਾ ਪੁਛਿਆ। ਮੈਨੂੰ ਇਸ ਤਰ੍ਹਾਂ ਲੱਗਾ, ਜਿਵੇਂ ਉਸ ਨੇ ਮੇਰੇ ਗਿੱਟੇ ਨੂੰ ਹੱਥ ਲਾ ਕੇ ਘੁਟਿਆ ਹੋਵੇ। ਫਿਰ ਦੂਸਰੇ ਪੈਰ ਦੇ ਗਿੱਟੇ ਨੂੰ ਘੁਟਿਆ ਤੇ ਚਲਾ ਗਿਆ। ਹੁਣ ਦਰਦ ਪੈਰਾਂ ਵੱਲ ਬਹੁਤ ਹੋ ਰਹੀ ਸੀ ਪਰ ਬਾਹਵਾਂ ਲੱਗਪੱਗ ਸੌਂ ਗਈਆਂ ਸਨ। ਮਾਲੂਮ ਇਸ ਤਰ੍ਹਾਂ ਹੁੰਦਾ ਸੀ, ਜਿਵੇਂ ਬਾਹਵਾਂ ਨਾਲ ਹੋਣ ਹੀ ਨਾ। ਫਿਰ ਮੈਂ ਛਾਤੀ ਵਿਚ ਥੋੜੀ ਥੋੜੀ ਦਰਦ ਮਹਿਸੂਸ ਕੀਤੀ। ਪੈਰਾਂ ਵਾਲੀ ਦਰਦ ਬਹੁਤ ਵਧ ਗਈ ਸੀ ਪਰ ਛਾਤੀ ਵਾਲੀ ਦਰਦ ਮੱਠੀ ਮੱਠੀ ਤੇ ਮਿੱਠੀ ਮਿੱਠੀ ਜਿਹੀ ਸੀ। ਮਾਲੂਮ ਹੁੰਦਾ ਸੀ ਕਿ ਕਮਰੇ ਵਿਚ ਕੋਈ ਬੰਦਾ ਹੈ ਪਰ ਉਸਦੀ ਹਰਕਤ ਕੋਈ ਨਹੀਂ ਸੀ। ਫਿਰ ਮੈਂ ਮਹਿਸੂਸ ਕੀਤਾ ਕਿ ਸਿਰਦਰਦ ਵਧ ਰਹੀ ਹੈ ਤੇ ਉਲਟੀ ਆਉਣ ਨੂੰ ਜੀਅ ਕਰਦਾ ਹੈ। ਏਥੇ ਹੁਣ ਵਾਹਿਗੁਰੂ ਵਾਹਿਗੁਰੂ ਕਰਦਿਆਂ ਇਕ ਸੋਚ ਵੀ ਨਾਲ-ਨਾਲ ਚੱਲਣ ਲੱਗ ਪਈ, "ਮਨਾਂ ਏਹਨਾਂ ਸਾਲਿਆਂ ਦਾ ਕੁਝ ਨਹੀਂ ਜਾਣਾ, ਜਾਨ ਤੇਰੀ ਚਲੀ ਜਾਣੀ ਹੈ"। ਫੇਰ ਮਨ ਆਪ ਹੀ ਜਵਾਬ ਦੇ ਦੇਵੇ "ਏਦਾਂ ਲੋਕ ਮਰਨ ਲੱਗਣ ਤਾਂ ਫੇਰ ਏਥੇ ਰੋਜ ਹੀ ਮਰ ਜਾਇਆ ਕਰਨ"। ਫਿਰ ਮਨ ਨੇ ਤਕੜਾਈ ਨਾਲ ਫਤਵਾ ਦੇ ਦਿੱਤਾ, "ਮਰਨਾ ਇਕ ਵਾਰ ਹੈ, ਗਿੱਦੜਾਂ ਵਾਲੀ ਗੱਲ ਨਹੀਂ ਕਰਨੀ, ਮਰ ਗਏ ਤਾਂ ਮਰ ਗਏ, ਬੱਸ? ਹੋਰ ਕੋਈ ਗੱਲ ਸੋਚ ਵਿਚ ਨਹੀਂ ਆਉਣੀ ਚਾਹੀਦੀ।" ਫਿਰ ਸਿਰ ਭਾਰਾ ਭਾਰਾ ਤੇ ਛਾਤੀ ਦੀ ਦਰਦ ਵਧਦੀ ਗਈ। ਪਰ ਮਨ ਵਿਚ ਕਮਜ਼ੋਰੀ ਦਾ ਖਿਆਲ ਕੋਈ ਨਾ ਆਇਆ। ਫਿਰ ਦਿਮਾਗ ਨੇ ਸੋਚਣਾ ਬੰਦ ਕਰ ਦਿੱਤਾ, ਬੱਸ ਚੱਕਰ ਜਿਹੇ ਆਉਂਦੇ ਮਹਿਸੂਸ ਹੋਣ ਲੱਗੇ। ਫਿਰ ਇਕ ਅਵਾਜ਼ ਉੱਭਰੀ, ਜੋ ਅੱਗੇ ਨਾਲੋਂ ਕੁਝ ਉੱਚੀ ਸੀ, ਜਾਂ ਪਤਾ ਨਹੀਂ ਕੰਨਾਂ ਨੂੰ ਹੀ ਉੱਚੀ

ਲੱਗਦੀ ਸੀ।

"ਕਿਉਂ, ਦੱਸਣਾ ਏ ਸੱਚ ਕਿ ਮਰਨਾ ਏਂ ਏਂਦਾ ਈ?"

"ਮਰਨੈ ਏਂਦਾ ਈ।" ਮੈਨੂੰ ਇਹ ਕਹਿਣਾ ਸੁੱਝ ਹੀ ਨਹੀਂ ਸੀ ਰਿਹਾ ਕਿ ਮੈਨੂੰ ਕੁਝ ਨਹੀਂ ਪਤਾ ਜਾਂ ਮੈਂ ਅੱਗੇ ਹੀ ਸੱਚ ਦੱਸ ਦਿੱਤਾ ਹੈ, ਵਗੈਰਾ ਵਗੈਰਾ। ਹੁਣ ਤਾਂ ਇਸ ਤਰ੍ਹਾਂ ਸੀ ਜਿਵੇਂ ਹੱਠ ਨਾਲ ਹੱਠ ਟਕਰਾਅ ਰਿਹਾ ਹੋਵੇ। "ਅਜੇ ਵੀ ਖੁਲ੍ਹਵਾ ਸਕਦਾ ਹਾਂ," ਇਹ ਗਲ ਮੈਨੂੰ ਸੁਣ ਤਾਂ ਪਈ ਪਰ ਅਗੋਂ ਬੋਲਣ ਲਈ ਕੁਝ ਨਹੀਂ ਸੁਝਿਆ। ਕਿਉਂਕਿ ਦਿਮਾਗ਼ ਵਿਚ ਤਾਂ ਕੀੜੀਆਂ ਵਾਂਗ ਝਰਨਾਹਟ ਛਿੜੀ ਹੋਈ ਸੀ। ਫਿਰ ਵੀ ਮੈਂ ਮੂੰਹ ਖੋਲ੍ਹਿਆ ਤਾਂ ਉਲਟੀ ਉਪਰ ਨੂੰ ਉਭਰੀ ਪਰ ਬਾਹਰ ਨਾ ਨਿਕਲ ਸਕੀ। ਤਿੰਨ ਚਾਰ ਬੰਦਿਆਂ ਨੇ ਦੌੜ ਕੇ ਆ ਕੇ ਸੰਗਲ ਲਾਹ ਦਿੱਤੇ ਤੇ ਫਟਾਫਟ ਬਾਹਵਾਂ ਮਲਣੀਆਂ ਸ਼ੁਰੂ ਕਰ ਦਿੱਤੀਆਂ। ਅੱਖਾਂ 'ਤੇ ਪੱਟੀ ਉਸੇ ਤਰ੍ਹਾਂ ਹੀ ਬੱਝੀ ਹੋਈ ਸੀ। ਉਲਟੀ ਘੜੀ ਘੜੀ ਆਉਣ ਨੂੰ ਕਰਦੀ ਸੀ ਪਰ ਹੁੰਦੀ ਵੀ ਨਹੀਂ ਸੀ। ਫੇਰ ਇਕ ਮੰਜੇ 'ਤੇ ਮੈਨੂੰ ਫੜ ਕੇ, ਚੁੱਕ ਕੇ, ਪਾ ਦਿੱਤਾ ਗਿਆ ਤੇ ਲੱਤਾਂ ਇਕ ਨੇ ਫੜ ਕੇ ਉਪਰ ਨੂੰ ਚੁੱਕ ਲਈਆਂ। ਇਹ ਸਾਰੀਆਂ ਗੱਲਾਂ ਧੁੰਦਲੀਆਂ ਧੁੰਦਲੀਆਂ ਜਿਹੀਆਂ ਯਾਦ ਹਨ। ਫਿਰ ਬਾਹਵਾਂ ਨੂੰ ਹੱਥ ਨਾ ਲੱਗੇ। ਬਿਲਕੁੱਲ ਉਸੇ ਹੀ ਤਰ੍ਹਾਂ, ਜਿਸ ਤਰ੍ਹਾਂ ਬੰਦਾ ਬੈਠਾ ਰਹੇ ਤਾਂ ਪੈਰ ਸੌਂ ਜਾਂਦੇ ਹਨ ਤੇ ਕੋਈ ਛੇੜ ਦੇਵੇ ਤਾਂ ਝਰਨਾਹਟ ਜਿਹੀ ਛਿੜ ਪੈਂਦੀ ਹੈ ਤੇ ਬੜਾ ਅਜੀਬ ਜਿਹਾ ਲੱਗਦਾ ਹੈ। ਮੇਰੇ ਮੂੰਹੋ ਆਪਣੇ ਆਪ ਹੀ ਨਿਕਲ ਗਿਆ "ਨਾ ਹੱਥ ਲਾਓ ਬਾਹਵਾਂ ਨੂੰ"। ਇਸ 'ਤੇ ਇਕ ਅਫ਼ਸਰ ਹੱਸਿਆ ਪਰ ਬੋਲਿਆ ਕੁਝ ਨਹੀਂ। ਉਲਟੀ ਦਾ ਬੱਤ ਜਿਹਾ ਆਇਆ, ਜੋ ਮੈਂ ਪਾਸਾ ਮੋੜ ਕੇ ਮੰਜੇ ਤੋਂ ਭੁੰਜੇ ਕਰ ਦਿੱਤਾ। ਇਕ ਆਦਮੀ ਪਾਣੀ ਦਾ ਕੋਈ ਭਾਂਡਾ ਫੜੀ ਆਇਆ ਤੇ ਕਿਹਾ, ਲਉ ਮੂੰਹ ਧੋ ਲਓ। ਮੈਂ ਹੱਥ ਦੀ ਚੂਲੀ ਅੱਗੇ ਕੀਤੀ ਤੇ ਪਾਣੀ ਨਾਲ ਮੂੰਹ ਤੱਕ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਪਾਣੀ ਮੂੰਹ ਤੱਕ ਨਾ ਆਇਆ ਸਾਰੀ ਬਾਂਹ ਵਿਚ ਝਰਨਾਹਟ ਛਿੜ ਗਈ। ਫਿਰ ਇਕ ਅਫ਼ਸਰ ਨੇ ਹੀ ਜਾ ਮਾਤਹਿਤ ਨੇ ਮੇਰੀ ਜੇਬ ਵਿਚੋਂ ਰੁਮਾਲ ਕੱਢਿਆ ਤੇ ਮੂੰਹ ਸਾਫ ਕਰ ਦਿੱਤਾ। ਇਕ ਨੇ ਕਿਹਾ "ਅਰਾਮ ਕਰਨ ਦਿਓ ਹੌਲੀ ਹੌਲੀ ਠੀਕ ਹੋ ਜਾਵੇਗਾ।" ਇਸ ਤਰ੍ਹਾਂ ਕੁਝ ਚਿਰ ਪਏ ਰਹਿਣ ਤੋਂ ਬਾਅਦ ਬੇਹੋਸ਼ੀ ਜਿਹੀ ਵਰਗੀ ਨੀਂਦ ਆਈ। ਕੁਝ ਚਿਰ ਬਾਅਦ ਇਕ ਆਦਮੀ ਨੇ ਆ ਕੇ ਜਗਾਇਆ ਤੇ ਕਿਹਾ, "ਉਠੋ"। ਮੈਂ ਉਠ ਕੇ ਬੈਠ ਗਿਆ। ਚੱਕਰ ਜਿਹੇ ਆ ਰਹੇ ਸਨ ਪਰ ਲੱਤਾਂ ਤੇ ਬਾਹਵਾਂ ਬਿਲਕੁਲ ਠੀਕ ਠਾਕ ਸਨ। ਫਿਰ ਉਹ ਏਦਾਂ ਹੀ ਟੂਟੀ ਦੇ ਸਾਹਮਣੇ ਲੈ ਗਿਆ, ਜੋ ਨਾਲ ਦੇ ਕਮਰੇ ਵਿਚ ਹੀ ਸੀ। ਇਕ ਹੱਥ ਦੀ ਹੱਥਕੜੀ ਵੀ ਖੋਲ੍ਹ ਦਿੱਤੀ। ਮੂੰਹ ਸਾਫ ਕਰਨ ਤੋਂ ਬਾਅਦ ਉਹ ਮੈਨੂੰ ਕਮਰੇ ਵਿਚੋਂ ਬਾਹਰ ਲੈ ਆਇਆ ਤੇ ਦੋ ਕਮਰੇ ਛੱਡ ਕੇ ਇਕ ਹੋਰ ਕਮਰੇ ਵਿਚ ਲਿਜਾ ਕੇ ਬਿਠਾ ਦਿੱਤਾ। ਫਿਰ ਅੱਖਾਂ ਦੀ ਪੱਟੀ ਖੋਲ੍ਹ ਦਿੱਤੀ। ਇਕ ਆਦਮੀ ਚਾਹ ਦਾ ਪਿਆਲਾ ਕੇਤਲੀ ਵਿਚੋਂ ਭਰ ਕੇ ਲਿਆ ਰਿਹਾ ਦਿਸਿਆ। ਉਸ ਨੇ ਉਹ ਪਿਆਲਾ ਮੈਨੂੰ ਫੜਾ ਦਿੱਤਾ ਤੇ ਕਿਹਾ "ਲਉ ਜੀ"।

ਮੈਂ ਹੁਣ ਚਾਹ ਵਗੈਰਾ ਕੁਝ ਨਹੀਂ ਪੀਣੀ ਚਾਹੁੰਦਾ ਸੀ। ਮੈਨੂੰ ਗੁੱਸਾ ਸੀ ਤੇ ਮੇਰਾ ਦਿਲ ਕਰਦਾ ਸੀ ਕਿ ਇਨ੍ਹਾਂ ਨੂੰ ਉੱਚੀ ਉੱਚੀ ਗਾਲ੍ਹਾਂ ਕੱਢਾਂ ਪਰ ਉਸ ਆਦਮੀ ਨੇ ਬੜੀ ਹਮਦਰਦੀ ਨਾਲ ਆਖਿਆ, "ਸਰਦਾਰ ਸਾਹਿਬ, ਪਤਾ ਨਹੀਂ ਅਜੇ ਕਿੰਨਾ ਚਿਰ ਹੋਰ ਲੱਗਣਾ ਹੈ। ਇਹਨਾਂ ਦਾ ਤਾਂ ਕੁਝ ਨਹੀਂ ਜਾਣਾ, ਆਪਣੀ ਸਿਹਤ ਦਾ ਖਿਆਲ ਵੀ ਤੁਸਾਂ ਆਪ ਰੱਖਣਾ ਹੈ। ਇਹਨਾਂ ਨੂੰ ਕੀ।" ਭਾਵੇਂ ਉਹ ਬੰਦਾ ਉਹਨਾਂ ਦਾ ਹੀ ਸੀ ਪਰ ਮੈਨੂੰ

ਉਸਦੀ ਗੱਲ ਜਚ ਗਈ ਤੇ ਮੈਂ ਪਿਆਲਾ ਫੜ ਕੇ ਮੂੰਹ ਨੂੰ ਲਾ ਲਿਆ। ਮੈਂ ਸੋਚ ਰਿਹਾ ਸੀ "ਇਹ ਮੈਚ ਹੈ ਵੇਖੋ ਕੌਣ ਜਿੱਤਦਾ ਹੈ? ਖਿਡਾਰੀਆ ਵਾਲਾ ਜਜ਼ਬਾ ਰੱਖ ਕੇ ਚਲੋ।" ਚਾਹ ਪਿਆਉਣ ਤੋਂ ਬਾਅਦ ਇਕ ਹੋਰ ਆਦਮੀ ਨੇ ਆ ਕੇ ਫੇਰ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਤੇ ਕਿਹਾ "ਆਓ"। ਮੈਂ ਮਨ ਵਿਚ ਸੋਚ ਲਿਆ ਕਿ ਸਾਥੀਆਂ ਨੂੰ ਕੋਈ ਗੱਲ ਨਹੀਂ ਦੱਸਣੀ। ਇਸਦੇ ਦੋ ਕਾਰਨ ਮੇਰੇ ਦਿਮਾਗ਼ ਵਿਚ ਸਨ। ਇਕ ਤਾਂ ਸਾਥੀ ਨਿਰਾਸ਼ ਹੋਣਗੇ, ਦੂਜਾ ਆਪਣਾ ਮਨੋਬਲ ਵੀ ਘਟੇਗਾ, ਨਾਲੇ ਕੋਈ ਹੋਰ ਕਰ ਵੀ ਕੀ ਸਕਦਾ ਹੈ, ਇਸ ਲਈ ਕਿਸੇ ਨੂੰ ਇਹ ਆਪਣੀਆਂ ਨਿੱਜੀ ਗੱਲਾਂ ਦੱਸਣ ਦੀ ਵੀ ਕੀ ਲੋੜ ਹੈ? ਸੋ ਮੈਂ ਆਮ ਚਾਲ ਤੁਰਦਾ ਹੋਇਆ ਹਵਾਲਾਤ ਵਿਚ ਆ ਗਿਆ ਤੇ ਸਾਥੀਆਂ ਦੇ ਇਹ ਪੁੱਛਣ 'ਤੇ "ਬੜਾ ਚਿਰ ਲੱਗਾ, ਕੀ ਗੱਲ ਸੀ, ਕੀ ਪੁਛਿਆ?" ਦਾ ਜਵਾਬ ਮੈਂ ਸਹਿਜ ਭਾਅ ਨਾਲ ਅੱਗੇ ਵਾਲਾ ਹੀ ਦਿੱਤਾ "ਕੋਈ ਖਾਸ ਗੱਲ ਨਹੀਂ ਪੁੱਛੀ, ਉਹ ਹੀ ਅੱਗੇ ਵਾਲੀਆਂ, ਬਸ"। ਉਸ ਦਿਨ ਹੋਰ ਕਿਸ ਦੀ ਵਾਰੀ ਆਈ, ਹੁਣ ਯਾਦ ਨਹੀਂ।

ਮੈਨੂੰ ਇਕ ਗੱਲ ਦਾ ਇਹ ਬੜਾ ਲਾਭ ਸੀ ਕਿ ਮੇਰੀ ਕੋਈ ਵੀ ਨਿੱਜੀ ਗੱਲ ਕਿਸੇ ਹੋਰ ਨਾਲ ਸਬੰਧਤ ਨਹੀਂ ਸੀ, ਜਿਵੇਂ ਕਿ ਦੂਸਰਿਆਂ ਦੀਆਂ ਸਨ। ਕਿਸੇ ਇਕ ਹੀ ਆਦਮੀ ਦਾ ਦੋਵੇਂ ਪਾਰਟੀਆਂ ਨਾ ਲੈਂਦੀਆਂ ਸਨ ਕਿ ਉਸ ਨੇ ਹੀ ਕੈਨੇਡਾ ਟੈਲੀਫੋਨ ਕੀਤੇ। ਫਿਰ ਉਹ ਆਪਸ ਵਿਚ ਇਕ ਦੂਜੇ ਨੂੰ ਵੀ ਜਾਣਦੇ ਸਨ। ਜੇ ਅਖ਼ਬਾਰ ਦੇ ਮਾਲਕ ਦੀ ਗੱਲ ਲਈਏ ਤਾਂ ਉਹ ਵੀ ਪੰਜ ਬੰਦਿਆਂ ਦਾ ਇਕ ਗਰੁੱਪ ਬਣ ਜਾਂਦਾ ਸੀ ਤੇ ਦੂਜਿਆਂ ਦਾ ਚਾਰ ਜਣਿਆਂ ਦਾ ਇਕ ਗਰੁੱਪ ਬਣਦਾ ਸੀ ਪਰ ਮੈਂ ਤਾਂ ਇਕੱਲਾ ਹੀ ਸੀ ਤੇ ਦੋਹਾਂ ਵਿਚੋਂ ਕਿਸੇ ਗਰੁੱਪ ਨਾਲ ਵੀ ਮੇਰਾ ਕੋਈ ਸਬੰਧ ਤਾਂ ਕੀ ਅਸੀਂ ਇਕ ਦੂਜੇ ਨੂੰ ਜਾਣਦੇ ਬੁਝਦੇ ਤੱਕ ਨਹੀਂ ਸਾਂ। ਏਥੋਂ ਤੱਕ ਕਿ ਕਦੀ ਇਕ ਦੂਜੇ ਦਾ ਨਾਂ ਵੀ ਨਹੀਂ ਸੁਣਿਆ ਸੀ।

ਉਸ ਰਾਤ ਮੇਰੀਆਂ ਅੱਖਾਂ 'ਤੇ ਪੱਟੀ ਬੰਨ ਕੇ ਮੈਨੂੰ ਉਪਰ ਲੈ ਕੇ ਗਏ, ਜਿਥੇ ਅਫ਼ਸਰ ਮੇਜ ਦੁਆਲੇ ਬੈਠੇ ਲਗਦੇ ਸਨ। ਉਹ ਵਾਰੀ ਵਾਰੀ ਮੈਨੂੰ ਸੁਆਲ ਪੁੱਛਦੇ ਤੇ ਮੈਂ ਉਨ੍ਹਾਂ ਸਵਾਲਾਂ ਦਾ ਜੁਆਬ ਦੇਈ ਜਾਂਦਾ। ਮੈਂ ਇਥੋਂ ਹੀ ਅੰਦਾਜ਼ਾ ਲਾਉਂਦਾ ਹਾਂ ਕਿ ਉਹ ਪੰਜ ਛੇ ਜਣੇ ਤਾਂ ਜ਼ਰੂਰ ਹੋਣਗੇ। ਫਿਰ ਵਿਚੋਂ ਕੁਝ ਚਿਰ ਲਈ ਸਵਾਲ ਪੁਛਣੇ ਬੰਦ ਹੋ ਗਏ ਤੇ ਖਾਮੋਸ਼ੀ ਜਿਹੀ ਛਾ ਗਈ। ਕੁਝ ਚਿਰ ਬਾਅਦ ਹੀ ਵਿਚੋਂ ਇਕ ਨੇ ਗੱਲ ਸ਼ੁਰੂ ਕਰ ਦਿੱਤੀ। ਉਸਦੇ ਲਫਜ਼ ਮੈਨੂੰ ਗੋਲੀ ਵਾਂਗ ਵੱਜ ਰਹੇ ਸਨ। ਉਸ ਨੇ ਕਿਹਾ, "ਯੇ ਜੋ ਸਿਖੋਂ ਕੇ ਗੁਰੂ ਥੇ, ਸਾਰੇ ਕੇ ਸਾਰੇ ਹੀ ਜ਼ਰਾਇਮ ਪੇਸ਼ਾ ਥੇ। ਪਹਿਲਾ ਗੁਰੂ ਨਾਨਕ ਥਾ, ਉਸ ਕੋ ਭੀ ਬਾਬਰ ਨੇ ਜੇਲ੍ਹ ਮੇਂ ਡਾਲਾ ਔਰ ਉਸ ਕੋ ਚੱਕੀ ਭੀ ਪੀਸਨੀ ਪੜੀ, ਕਠੋਰ ਦੰਡ ਥਾ ਇਸ ਲਿਏ। ਫਿਰ ਪਾਂਚਵੇਂ ਗੁਰੂ ਕੋ ਮੌਤ ਕੀ ਸਜ਼ਾ ਹੁਈ, ਉਸ ਕੇ ਬਾਅਦ ਛੱਠੇ ਗੁਰੂ ਕੋ ਭੀ ਜਹਾਂਗੀਰ ਨੇ ਗਵਾਲੀਅਰ ਕੀ ਜੇਲ੍ਹ ਮੇਂ ਬੰਦ ਰੱਖਾ, ਨੌਵੇਂ ਗੁਰੂ ਕੋ ਭੀ ਔਰੰਗਜ਼ੇਬ ਨੇ ਸਜ਼ਾਏ ਮੌਤ ਦੀ ਔਰ ਦਸਵਾਂ ਗੁਰੂ ਭੀ ਇਸ਼ਤਿਹਾਰੀ ਮੁਜਰਮ ਘੋਸ਼ਿਤ ਕੀਆ ਹੂਆ ਥਾ, ਕਾਬੂ ਆ ਜਾਤਾ ਤੋ ਵੋਹ ਭੀ ਮਾਰਾ ਜਾਤਾ। ਆਗੇ ਯੇ ਲੋਗ ਹੈਂ ਤੋ ਯੇ ਭੀ ਸਭ ਜ਼ਰਾਇਮ ਪੇਸ਼ਾ ਹੈ। ਗੁਰੂ ਜੈਸੇ ਥੇ, ਵੈਸੀ ਹੀ ਸਿਖਸ਼ਾ ਮਿਲਤੀ ਥੀ।"

ਇਹ ਗੱਲਾਂ ਸੁਣ ਸੁਣ ਕੇ ਮੇਰੇ ਕੰਨ ਸ਼ਾਂ-ਸ਼ਾਂ ਕਰਨ ਲੱਗ ਪਏ, ਦਿਮਾਗ ਫਟਣ ਵਾਲਾ ਹੋ ਗਿਆ, ਜੇ ਕੋਈ ਡਾਕਟਰ ਉਸ ਵੇਲੇ ਮੇਰਾ ਬਲੱਡ ਪ੍ਰੈਸ਼ਰ ਚੈਕ ਕਰਦਾ ਤਾਂ ਜ਼ਰੂਰ ਹੀ ਉਹ ਖਤਰੇ ਦੀ ਹੱਦ ਟੱਪ ਗਿਆ ਹੁੰਦਾ। ਮੈਂ ਆਪਣੇ ਦਿਲ ਵਿਚ ਮਰਨਾ ਤੱਕ ਚੁੱਕਾ

ਸਾਂ, ਮੈਨੂੰ ਹੋਰ ਕੁਝ ਨਹੀਂ ਸੀ ਸੁੱਝ ਔੜ ਰਿਹਾ। ਪਰ ਅਖੀਰ ਮੈਂ ਖੰਗੂਰਾ ਜਿਹਾ ਮਾਰ ਕੇ ਥੁੱਕ ਨਿਗਲਿਆ ਤੇ ਗਲਾ ਸਾਫ ਕਰਕੇ ਕਿਹਾ, "ਯਹ ਤੋ ਆਪ ਬਿਲਕੁਲ ਠੀਕ ਕਹਿ ਰਹੇ ਹੋ, ਹਮਾਰੇ ਸਭ ਗੁਰੂ ਹੀ ਅਪਰਾਧੀ ਬਿਰਤੀ ਕੇ ਥੇ, ਕਿਉਂਕਿ ਵੋਹ ਆਪ ਕੇ ਬ੍ਰਾਹਮਣੋਂ ਕੇ ਬਨਾਏ ਹੁਣੇ ਪਾਖੰਡੋਂ ਕੋ ਨਹੀਂ ਮਾਨਤੇ ਥੇ, ਲੇਕਿਨ ਵੋਹ ਸਾਰੇ ਤੋ ਬੜੇ ਹੋ ਕੇ ਜੇਲ੍ਹ ਮੇਂ ਗਏ ਥੇ ਪਰ ਆਪ ਕਾ ਕ੍ਰਿਸ਼ਨ ਤੋ ਜਨਮਾ ਹੀ ਜੇਲ੍ਹ ਮੇ ਥਾ।" ਫਿਰ ਮੈਂ ਬਨਾਵਟੀ ਜਿਹਾ ਹਾਸਾ ਹਸਿਆ, ਜਿਸ ਤਰ੍ਹਾਂ ਦਾ ਹਾਸਾ ਅਜੀਤ ਅਖ਼ਬਾਰ ਦੇ ਮੁਖ ਸੰਪਾਦਕ ਸ. ਬਰਜਿੰਦਰ ਸਿੰਘ ਹੱਸਦੇ ਹੁੰਦੇ ਹਨ। ਮੈਨੂੰ ਚੌਹਾਂ ਪਾਸਿਆਂ ਤੋਂ ਧੌਲ ਧੱਫਾ ਸ਼ੁਰੂ ਹੋ ਗਿਆ ਪਰ ਜਲਦੀ ਹੀ ਇਕ ਅਫ਼ਸਰ ਦੀ ਕੜਕਦੀ ਅਵ੍ਹਾਜ਼ 'ਤੇ ਬੰਦ ਹੋ ਗਿਆ। ਮੇਰਾ ਸਰੀਰ ਹੌਲਾ ਫੁੱਲ ਵਰਗਾ ਹੋ ਗਿਆ ਸੀ, ਇਕ ਅਦਭੁਤ ਜਿਹੀ ਖੁਸ਼ੀ ਮੇਰੇ ਅੰਦਰੋਂ ਫੁੱਟ ਰਹੀ ਸੀ। ਉਸੇ ਖੁਸ਼ੀ ਵਿਚ ਹੀ ਦਲੇਰੀ ਕਰਕੇ ਮੈਂ ਕਿਹਾ, "ਜਿਹਨੇ ਮੇਰੇ ਗੁਰੂਆਂ ਨੂੰ ਅਪਰਾਧੀ ਕਿਹਾ ਹੈ, ਜੇ ਉਹ ਆਪਣੇ ਪਿਓ ਦਾ ਹੈ ਤਾਂ ਮੇਰੀਆਂ ਅੱਖਾਂ ਤੇ ਮੇਰੇ ਹੱਥਾਂ ਦੀਆਂ ਹੱਥਕੜੀਆਂ ਖੋਲ੍ਹੇ, ਫੇਰ ਮੈਂ ਉਹਦੀ ਭੈਣ ਨੂੰ............" ਤੇ ਮੈਂ ਬਹੁਤ ਹੀ ਮੋਟੀ ਗੰਦੀ ਗਾਲ੍ਹ ਕੱਢ ਦਿੱਤੀ। ਪਰ ਕੁਝ ਵੀ ਨਾ ਹੋਇਆ, ਸਿਰਫ ਇਕ ਅਫ਼ਸਰ ਨੇ ਉਸੇ ਨੂੰ ਹੀ ਕਿਹਾ, "ਅਬ ਜਾਓ ਯਹਾਂ ਸੇ, ਮੈਂ ਤੁਮਹਾਰੀ ਰਿਪੋਰਟ ਮੇਂ ਲਿਖੂੰਗਾ ਕਿ ਤੁਮ ਫਜ਼ੂਲ ਬਕਵਾਸ ਕਰਤੇ ਹੋ" ਤੇ ਫਿਰ ਮੈਨੂੰ ਬਾਹਰ ਜਾਂਦੇ ਦੇ ਕਿਸੇ ਦੇ ਕਦਮਾਂ ਦੀ ਅਵਾਜ ਸੁਣਾਈ ਦਿੱਤੀ ਤੇ ਦਰਵਾਜਿਓਂ ਬਾਹਰ ਜਾਂਦੇ ਦੀ ਵੀ। ਪੂਰੇ ਕਮਰੇ ਵਿਚ ਖਾਮੋਸ਼ੀ ਸੀ। ਫੇਰ ਉਸੇ ਹੀ ਅਫ਼ਸਰ ਨੇ ਕਿਹਾ, "ਮਾਫ ਕਰਨਾ ਸਰਦਾਰ ਸਾਹਿਬ, ਆਪ ਕੀ ਧਾਰਮਿਕ ਭਾਵਨਾਓਂ ਕੋ ਜੋ ਠੇਸ ਪਹੁੰਚੀ ਹੈ, ਮੁਝੇ ਇਸ ਕਾ ਬਹੁਤ ਦੁਖ ਹੁਆ ਹੈ, ਗੁਰੂ ਹਮਾਰੇ ਸਭ ਕੇ ਹੈਂ, ਹਮ ਉਸ ਪਰ ਐਕਸ਼ਨ ਲੇਂਗੇ। ਆਪ ਜਾਏਂ ਅਰਾਮ ਕਰੇਂ" ਤੇ ਮੈਨੂੰ ਥੱਲੇ ਲੈ ਆਂਦਾ ਗਿਆ। ਰੀਮਾਂਡ ਦੇ ਦਿਨਾਂ ਵਿਚ ਪਹਿਲੀ ਵਾਰ ਅੱਜ ਮੇਰੇ ਅੰਦਰੋਂ ਖੁਸ਼ੀ ਨਿਕਲਣ ਨੂੰ ਕਰਦੀ ਸੀ। ਪਰ ਇਹ ਗੱਲ ਮੈਂ ਇਸ ਕਰਕੇ ਆਪਣੇ ਤੱਕ ਹੀ ਸੀਮਤ ਰੱਖੀ ਕਿਉਂਕਿ ਮੈਨੂੰ ਪਤਾ ਸੀ ਕਿ ਹਵਾਲਾਤ ਵਿਚ ਗੱਲਬਾਤ ਰਿਕਾਰਡ ਕਰਨ ਦਾ ਸਿਸਟਮ ਲੱਗਾ ਹੋਇਆ ਹੈ। ਉਸ ਰਾਤ ਮੈਨੂੰ ਬਹੁਤ ਨੀਂਦ ਆਈ। ਸਾਥੀ ਦੱਸਦੇ ਸਨ ਕਿ ਮੈਂ ਰਾਤ ਨੂੰ ਬੜੇ ਘੁਰਾੜੇ ਮਾਰੇ। ਮੈਨੂੰ ਖੁਸ਼ੀ ਸੀ ਕਿ ਮੈਂ ਬਦਲਾ ਲੈ ਲਿਆ ਸੀ।

ਦੂਸਰੇ ਦਿਨ ਦੁਪਹਿਰ ਤੱਕ ਤਾਂ ਮੇਰੇ ਸਾਥੀਆਂ ਨੂੰ ਹੀ ਪੁੱਛਗਿੱਛ ਲਈ ਲੈ ਕੇ ਜਾਂਦੇ ਰਹੇ, ਦੁਪਹਿਰ ਦੀ ਰੋਟੀ ਤੋਂ ਬਾਅਦ ਮੇਰੀ ਵਾਰੀ ਆਈ। ਮੇਜ ਦੇ ਨਾਲ ਪਈ ਕੁਰਸੀ 'ਤੇ ਬੈਠਣ ਨਾਲ ਹੀ ਮੇਰੀ ਪੱਟੀ ਖੋਲ੍ਹ ਦਿੱਤੀ ਗਈ। ਇਹ ਮੇਰੇ ਲਈ ਵੱਡੀ ਹੈਰਾਨੀ ਦੀ ਗੱਲ ਸੀ। ਜਿਸ ਅਫ਼ਸਰ ਨੂੰ ਮੈਂ ਮੇਜ ਦੇ ਦੂਜੇ ਪਾਸੇ ਬੈਠੇ ਵੇਖਿਆ, ਉਹ ਇਕ ਕਾਲੇ ਜਿਹੇ ਰੰਗ ਦਾ ਲੰਬਾ ਤੇ ਪਤਲੇ ਜਿਹੇ ਸਰੀਰ ਦਾ ਵਿਅਕਤੀ ਸੀ, ਜਿਸ ਨੇ ਦਾੜ੍ਹੀ ਦੇ ਮੁਸਲਮਾਨਾਂ ਵਰਗੇ ਸ਼ਾਹਜਹਾਨੀ ਖੱਤ ਕੱਢੇ ਹੋਏ ਸਨ। ਜਦੋਂ ਉਸ ਨੇ ਮੇਰੇ ਨਾਲ ਪਹਿਲੀ ਗੱਲ ਹੀ ਕੀਤੀ ਤਾਂ ਮੈਂ ਫੱਟ ਸਮਝ ਗਿਆ ਕਿ ਇਹ ਉਹ ਹੀ ਹੈ, ਜਿਸ ਨੇ ਇਕ ਹੋਰ ਅਫ਼ਸਰ ਨੂੰ ਕੱਲ ਝਾੜ ਪਾ ਕੇ ਕਮਰੇ ਵਿਚੋਂ ਬਾਹਰ ਕੱਢਿਆ ਸੀ। ਮੇਰੇ ਬੈਠਦਿਆਂ ਹੀ ਉਸ ਨੇ ਕਿਹਾ, "ਮੈਂ ਕੱਲ ਵਾਲੀ ਘਟਨਾ ਤੋਂ ਤੁਹਾਡਾ ਪ੍ਰਸ਼ੰਸਕ ਬਣ ਗਿਆ ਹਾਂ।" ਉਸ ਦੇ ਇਹ ਲਫਜ਼ ਮੇਰੇ ਕੰਨਾਂ ਵਿਚ ਕੱਚ ਵਾਂਗ ਰੜਕੇ ਤੇ ਮੈਂ ਪੁਛਿਆ, "ਮੇਰੇ ਪ੍ਰਸ਼ੰਸਕ, ਉਹ ਕਿਵੇਂ?" ਉਸ ਨੇ ਕਿਹਾ "ਮੈਂ ਅੱਜ ਸਵੇਰ ਦਾ ਕੰਮ ਕਰ ਕਰ ਕੇ ਥੱਕ ਗਿਆ ਹਾਂ, ਤੁਸੀਂ ਵੀ ਖਾਣਾ ਖਾ ਕੇ ਆਏ ਹੋ, ਇਕ ਇਕ ਪਿਆਲਾ ਚਾਹ ਨਾ ਪੀਈਏ?" ਫਿਰ ਉਸ ਨੇ ਮੇਰੇ ਜੁਆਬ ਨੂੰ ਉਡੀਕੇ ਤੋਂ

ਬਗੈਰ ਹੀ ਇਕ ਸਿਪਾਹੀ ਨੁਮਾ ਆਦਮੀ ਨੂੰ ਦੋ ਕੱਪ ਕੜਕ ਚਾਹ ਲਿਆਉਣ ਲਈ ਕਿਹਾ। ਫਿਰ ਉਹ ਕਾਫੀ ਦੇਰ ਤੱਕ ਚੁੱਪ ਰਿਹਾ ਤੇ ਇਕ ਦਮ ਬੋਲਿਆ, "ਤੁਸਾਂ ਚੰਗੀ ਝੰਡ ਕੀਤੀ ਉਸ ਬਦਤਮੀਜ਼ ਹਿੰਦੂ ਦੀ, ਸਾਲਾ ਆਪਣੇ ਆਪ ਨੂੰ ਹਰੀਸ਼ ਚੰਦਰ ਦੀ ਔਲਾਦ ਸਮਝਦਾ ਸੀ। ਨਾ! ਉਹਨੂੰ ਕੋਈ ਪੁਛੇ, ਪਈ ਤੂੰ ਕ੍ਰਿਸ਼ਨ ਦਾ ਮਾਮਾ ਲਗਦੈਂ, ਜਿਹੜਾ ਤੂੰ ਸਾਡੇ ਗੁਰੂਆਂ ਨੂੰ ਮਾੜੇ ਬੋਲ ਬੋਲਦੈਂ"। ਚਾਹ ਆ ਗਈ, ਪਰ ਮੈਂ ਓਨਾ ਚਿਰ ਹੱਥ ਨਾ ਲਾਇਆ, ਜਿੰਨਾ ਚਿਰ ਉਸ ਇਹ ਨਾ ਕਿਹਾ ਕਿ "ਪਲੀਜ ਲਓ"। ਮੇਰਾ ਦਿਮਾਗ ਇਸ ਅਚਾਨਕ ਆਈ ਤਬਦੀਲੀ ਨੂੰ ਕਬੂਲ ਨਹੀਂ ਸੀ ਕਰ ਰਿਹਾ, ਮੈਨੂੰ ਦਾਲ ਵਿਚ ਕੁਝ ਕਾਲਾ ਕਾਲਾ ਲੱਗਾ ਪਰ ਦਿਮਾਗ ਕੋਈ ਸੁਝਾਅ ਵੀ ਨਹੀਂ ਸੀ ਦੇ ਰਿਹਾ। ਮੇਰੀ ਏਨੀ ਜੁਅਰਤ ਵੀ ਨਹੀਂ ਸੀ ਪੈ ਰਹੀ ਕਿ ਮੈਂ ਆਪਣੇ ਵਾਲਾ ਕੱਪ ਉਸ ਅਫ਼ਸਰ ਦੇ ਕੱਪ ਨਾਲ ਵਟਾ ਸਕਦਾ। ਉਹ ਅਫ਼ਸਰ ਤਾਂ ਸੁੜਕੇ ਲੈ ਲੈ ਕੇ ਚਾਹ ਪੀ ਰਿਹਾ ਸੀ ਪਰ ਮੈਂ ਅਜੇ ਤੱਕ ਘੁੱਟ ਵੀ ਨਹੀਂ ਸੀ ਭਰਿਆ। ਗਰਮ ਚਾਹ ਦੀ ਹਵਾੜ ਮੇਰੀਆਂ ਨਾਸਾਂ ਅੰਦਰ ਜਾ ਰਹੀ ਸੀ। ਮੈਂ ਐਵੇਂ ਐਵੇਂ ਜਿਹੇ ਚਾਹ ਪੀਣ ਦੀ ਐਕਟਿੰਗ ਕੀਤੀ ਪਰ ਮੇਰਾ ਦਿਲ ਨਾ ਮੰਨਿਆ ਤੇ ਚਾਹ ਦਾ ਕੱਪ ਮੇਰੇ ਹਥੋਂ ਡਿਗ ਪਿਆ, ਜਾਂ ਮੈਂ ਆਪ ਹੀ ਛੱਡ ਦਿੱਤਾ। ਚਾਹ ਮੇਰੇ ਕਪੜਿਆਂ 'ਤੇ ਵੀ ਡੁੱਲ੍ਹ ਗਈ। ਮੈਂ ਛੇਤੀ ਨਾਲ ਕਿਹਾ "ਮਾਫ ਕਰਨਾ ਜਨਾਬ," ਮੈਂ ਹੱਥਾਂ ਨਾਲ ਆਪਣੇ ਕੱਪੜਿਆਂ 'ਤੇ ਡਿੱਗੇ ਚਾਹ ਰੂਪੀ ਪਾਣੀ ਨੂੰ ਝਾੜਨ ਲੱਗ ਪਿਆ। ਉਸ ਨੇ ਕਿਹਾ ਕੋਈ ਗੱਲ ਨਹੀਂ, ਸਾਹਮਣੇ ਗੁਸਲਖਾਨੇ ਵਿਚ ਧੋ ਲਓ, ਚਾਹ ਹੋਰ ਮੰਗਵਾ ਲੈਨੇ ਆਂ, ਐਸਾ ਹੋ ਜਾਂਦਾ ਹੈ। ਕੱਲ੍ਹ ਮੈਂ ਤੇ ਮੇਰੀ ਪਤਨੀ ਆਪਣੇ ਰਿਸ਼ਤੇਦਾਰ ਦੇ ਘਰ ਗਏ ਤਾਂ ਚਾਹ ਦਾ ਭਰਿਆ ਭਰਾਇਆ ਕੱਪ ਮੇਰੀ ਪਤਨੀ ਦੇ ਹੱਥੋਂ ਛੁੱਟ ਕੇ ਉਸ ਦੇ ਕੱਪੜਿਆਂ 'ਤੇ ਡੁੱਲ੍ਹ ਗਿਆ। ਸਗੋਂ ਰੇਸ਼ਮੀ ਸਾੜੀ ਨੂੰ ਵੀ ਦਾਗ ਪੈ ਗਏ। ਅੱਜ ਮੈਂ ਡਰਾਈਕਲੀਨ ਲਈ ਦੇ ਕੇ ਆਇਆ ਹਾਂ। ਕੋਈ ਗੱਲ ਨਹੀਂ ਫੇਰ ਕੀ ਹੋਇਆ।"

ਗੁਸਲਖਾਨੇ ਵਿਚ ਮੈਂ ਸਭ ਤੋਂ ਪਹਿਲਾਂ ਠੰਡਾ ਪਾਣੀ ਪਾ ਕੇ ਆਪਣਾ ਮੂੰਹ ਧੋਤਾ। ਫੇਰ ਮੈਂ ਕਪੜਿਆਂ 'ਤੇ ਡੁੱਲੀ ਚਾਹ ਵਾਲੇ ਥਾਂਵਾਂ 'ਤੇ ਚੁਲੀਆਂ ਪਾ ਪਾ ਕੇ ਕਪੜੇ ਧੋਤੇ। ਫਿਰ ਮੈਂ ਰੱਜ ਕੇ ਪਾਣੀ ਪੀਤਾ। ਪਰ ਉਸ ਚਾਹ ਦੀ ਹਵਾੜ ਏਨੀਂ ਅਣਪਛਾਤੀ ਜਿਹੀ ਸੀ ਕਿ ਮੈਂ ਉਸ ਨੂੰ ਨਿਰੋਲ ਚਾਹ ਦਾ ਦਰਜਾ ਨਾ ਦੇ ਸਕਿਆ। ਮੈਨੂੰ ਮਾੜਾ ਜਿਹਾ ਉਲਟੀ ਦਾ ਬੱਤ ਵੀ ਆਇਆ। ਮੂੰਹ ਹੱਥ ਧੋ ਕੇ ਮੈਂ ਬਾਹਰ ਆਇਆ ਤਾਂ ਉਹ ਅਫ਼ਸਰ, ਜਿਹੜਾ ਆਪਣੇ ਆਪ ਨੂੰ ਬੰਗੜ ਕਹਿੰਦਾ ਸੀ, ਮੈਨੂੰ ਬਿਠਾ ਕੇ, ਇਹ ਕਹਿ ਕੇ ਚਲਾ ਗਿਆ ਕਿ ਮੈਂ ਹੁਣੇ ਆਉਂਦਾ ਹਾਂ, ਤੁਸੀਂ ਬੈਠੋ। ਨਾਲ ਦੇ ਕਮਰੇ ਵਿਚੋਂ ਮੇਰੇ ਕਿਸੇ ਸਾਥੀ ਦੀ ਪੁੱਛਗਿੱਛ ਦੀ ਅਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਪਰ ਕੀਹਨੂੰ, ਕੌਣ ਤੇ ਕੀ ਪੁੱਛਿਆ ਜਾ ਰਿਹਾ ਹੈ, ਇਹ ਮੈਨੂੰ ਨਹੀਂ ਸੀ ਸੁਣਦਾ। ਕਾਫੀ ਦੇਰ ਬੈਠ ਬੈਠ ਕੇ ਮੈਂ ਬਹੁਤ ਹੀ ਅੱਕ ਤੇ ਥੱਕ ਗਿਆ ਸਾਂ। ਮੇਜ 'ਤੇ ਸਿਰ ਰੱਖ ਕੇ ਮੈਂ ਸੌਣ ਦੀ ਕੋਸ਼ਿਸ਼ ਵੀ ਕੀਤੀ ਪਰ ਬੇਚੈਨੀ ਹੋ ਰਹੀ ਸੀ। ਜਦੋਂ ਉਹ ਅਫ਼ਸਰ ਦੁਬਾਰਾ ਆਇਆ ਤਾਂ ਉਸ ਨੇ ਇਕ ਅਖ਼ਬਾਰ ਬੜੀ ਲਾਪ੍ਰਵਾਹੀ ਜਹੀ ਨਾਲ ਮੇਰੇ ਅੱਗੇ ਕਰਕੇ ਸੁੱਟ ਦਿੱਤੀ ਤੇ ਨਾਲੇ ਮੈਨੂੰ ਕਿਹਾ, "ਤੁਹਾਨੂੰ ਸੁਣ ਕੇ ਬੜਾ ਦੁੱਖ ਹੋਵੇਗਾ ਕਿ ਬਲਬੀਰ ਸਿੰਘ ਰਾਏਪੁਰ ਅੱਜ ਮਾਰਿਆ ਗਿਆ ਹੈ, ਉਹ ਖੁੱਲਰ ਕਾਂਗਰਸੀ ਨੂੰ ਮਾਰਨ ਗਿਆ ਸੀ ਪਰ ਆਪ ਮਾਰਿਆ ਗਿਆ।" ਮੈਂ ਪੁਛਿਆ, "ਕੌਣ ਬਲਬੀਰ ਸਿੰਘ?" "ਓਹੋ ਜਿਹਨੇ ਬਾਹਰ ਟੈਲੀਫੋਨ ਕੀਤੇ ਸੀ।" ਮੈਂ ਹਸਿੱਆ ਤੇ ਕਿਹਾ, "ਜਦੋਂ ਮਹਾਂਭਾਰਤ

ਵਿਚ ਅਰਜੁਨ ਦਾ ਪੁੱਤ ਅਭਿਮਨਿਊ ਮਾਰਿਆ ਗਿਆ ਤਾਂ ਅਰਜੁਨ ਨੇ ਕਿਹਾ, ਮੈਂ ਆਪਣੇ ਪੁੱਤਰ ਨੂੰ ਮਿਲਣਾ ਹੈ, ਮੈਂ ਉਹਦੇ ਬਗੈਰ ਨਹੀਂ ਰਹਿ ਸਕਦਾ, ਮੈਂ ਹੁਣ ਲੜਨਾ ਵੀ ਨਹੀਂ। ਕ੍ਰਿਸ਼ਨ ਨੇ ਕਿਹਾ, ਅਰਜੁਨ ਤੂੰ ਲੜਾਈ ਤੋਂ ਮੂੰਹ ਨਾ ਮੋੜ, ਮੈਂ ਤੈਨੂੰ ਤੇਰੇ ਅਭਿਮਨਿਊ ਨਾਲ ਮਿਲਾ ਦੇਂਦਾ ਹਾਂ। ਕ੍ਰਿਸ਼ਨ ਨੇ ਬ੍ਰਹਿਮੰਡ ਵਿਚ ਤੁਰੇ ਜਾਂਦੇ ਨੌਜਵਾਨਾਂ ਵੱਲ ਇਸ਼ਾਰਾ ਕਰਕੇ ਕਿਹਾ ਅਰਜੁਨ ਇਹ ਸਾਰੇ ਅਭਿਮਨਿਊ ਹਨ, ਤੂੰ ਆਪਣਾ ਪੁੱਤ ਇਨ੍ਹਾਂ ਵਿਚੋਂ ਪਛਾਣ ਲੈ। ਪਰ ਬਹੁਤ ਭਟਕਣ ਤੋਂ ਬਾਅਦ ਵੀ ਅਰਜੁਨ ਆਪਣੇ ਪੁੱਤਰ ਅਭਿਮਨਿਊ ਨੂੰ ਨਾ ਪਛਾਣ ਸਕਿਆ। ਅਰਜੁਨ ਨੂੰ ਗਿਆਨ ਹੋ ਗਿਆ ਕਿ ਇਸ ਪੂਰੀ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ। ਏਥੇ ਲੱਖਾਂ ਅਰਜੁਨ ਹਨ ਤੇ ਲੱਖਾਂ ਅਭਿਮਨਿਊ ਹਨ। ਜੇ ਅਰਜੁਨ ਆਪਣੇ ਸਕੇ ਪੁੱਤਰ ਨੂੰ ਨਹੀਂ ਸੀ ਪਛਾਣ ਸਕਿਆ ਤਾਂ ਮੈਂ ਤਾਂ ਕਿਸੇ ਬਲਬੀਰ ਸਿੰਘ ਨਾਂ ਦੇ ਬੰਦੇ ਨੂੰ ਜਾਣਦਾ ਹੀ ਨਹੀਂ, ਮੈਂ ਉਹਨੂੰ ਕਿਵੇਂ ਪਛਾਣ ਸਕਦਾ ਹਾਂ? ਬੰਗੜ ਸਾਹਿਬ ਇਸ ਕੌਡ ਕਬੱਡੀ ਦਾ ਕੋਈ ਅੰਤ ਵੀ ਹੈ ਕਿ ਨਹੀਂ?"

ਉਸ ਆਪੇ ਬਣੇ ਬੰਗੜ ਨਾਂ ਦੇ ਅਫਸਰ ਨੇ ਕਿਹਾ, "ਸਾਡੇ ਵਲੋਂ ਤਾਂ ਅੰਤ ਹੀ ਅੰਤ ਹੈ ਪਰ ਜਿਹੜਾ ਤੁਹਾਨੂੰ ਫੜ ਕੇ ਲਿਆਇਆ ਹੈ, ਉਹ ਅਜੇ ਤੁਹਾਨੂੰ ਹੋਰ ਨਿਚੋੜਨਾ ਚਾਹੁੰਦਾ ਹੈ। ਉਸ ਦਾ ਅੰਤ ਅਜੇ ਨੇੜੇ ਤੇੜੇ ਨਹੀਂ।" "ਚਲੋ ਕੋਈ ਗੱਲ ਨਹੀਂ ਭੇਡ ਦੇ ਖੂਨੋਂ ਕਦੇ ਪਿੰਡ ਫਾਹੇ ਨਹੀਂ ਲਗਦਾ। ਲਾ ਲਵੇ ਉਹ ਵੀ ਜਿਹੜਾ ਉਹਦਾ ਜ਼ੋਰ ਲਗਦੈ," ਮੈਂ ਬੜੀ ਲਾਪ੍ਰਵਾਹੀ ਨਾਲ ਕਿਹਾ। ਉਹ ਆਪਣੇ ਸਾਹਮਣੇ ਵਾਲੀ ਕੁਰਸੀ ਤੋਂ ਉਠ ਕੇ ਮੇਰੇ ਬਿਲਕੁਲ ਨਾਲ ਵਾਲੀ ਕੁਰਸੀ 'ਤੇ ਬੈਠ ਗਿਆ ਤੇ ਸੱਕੇ ਭਰਾਵਾਂ ਨਾਲ ਗਲ ਕਰਨ ਵਾਲੇ ਲਹਿਜੇ ਵਿਚ ਬੋਲਿਆ, "ਮੈਂ ਤੁਹਾਨੂੰ ਆਪਣਾ ਭਰਾ ਸਮਝ ਕੇ ਗਲ ਕਰਨ ਲੱਗਾਂ ਹਾਂ, ਗੱਲ ਨੂੰ ਸੁੱਟ ਨਾ ਪਾਇਓ, ਪਹਿਲਾਂ ਮੇਰੀ ਗਲ ਨੂੰ ਚਿਥਿਓ ਫੇਰ ਜੁਆਬ ਦਿਓ, ਕਾਹਲੀ ਨਾ ਕਰਿਓ। ਮੈਂ ਕਹਿਨਾ, ਤੁਸੀਂ ਦੂਜੇ ਬੰਦਿਆਂ ਤੋਂ ਕੀ ਲੈਣੇ, ਉਹ ਸਾਰੇ ਤੇ ਇਕ ਦੂਜੇ ਨੂੰ ਜਾਣਦੇ ਹਨ ਪਰ ਤੁਸੀਂ ਕਿਸੇ ਨੂੰ ਨਹੀਂ ਜਾਣਦੇ। ਮੈਂ ਕਹਿਨਾਂ ਤੁਸੀਂ ਆਪਣੇ ਆਪ ਨੂੰ ਬਾਕੀ ਸਾਰਿਆਂ ਨਾਲੋਂ ਵੱਖਰਾ ਕਿਉਂ ਨਹੀਂ ਕਰ ਲੈਂਦੇ? ਤੁਹਾਨੂੰ ਜਿੰਨੀ ਕੁ ਗੱਲ ਦਾ ਪਤਾ ਹੈ, ਓਨੀ ਕੁ ਦੱਸ ਕੇ ਆਪਣੀ ਜਾਨ ਛੁਡਾਓ। ਓਦਾਂ ਵੀ ਸਾਨੂੰ, ਤੁਹਾਨੂੰ ਉਨ੍ਹਾਂ ਨਾਲ ਜੋੜਨ ਵਿਚ ਕਾਫੀ ਮੁਸ਼ਕਲ ਆ ਰਹੀ ਹੈ। ਤੁਸੀਂ ਏਨੇ ਦਿਨਾਂ ਦੇ ਇਕ ਕਮਰੇ ਵਿਚ ਇਕੱਠੇ ਹੋ, ਉਹ ਕੋਈ ਨਾ ਕੋਈ ਗਲ ਤਾਂ ਕਰਦੇ ਈ ਹੋਣਗੇ, ਤੁਸੀਂ ਉਹ ਗੱਲਾਂ ਮੈਨੂੰ ਦੱਸ ਦਿਓ ਤਾਂ ਮੈਂ ਡੀ.ਪੀ. ਸਿੰਘ ਨੂੰ ਦੱਸ ਕੇ ਤੁਹਾਨੂੰ ਕੱਲ੍ਹ ਈ ਰਿਹਾ ਕਰਵਾ ਦੇਂਦਾ ਹਾਂ।" "ਸਿੱਧਾ ਕਿਉਂ ਨਹੀਂ ਕਹਿੰਦੇ ਕਿ ਮੈਂ ਮੁਖਬਰ ਬਣ ਜਾਵਾਂ"। "ਨਹੀਂ ਨਹੀਂ, ਉਹ ਗੱਲ ਨਹੀਂ ਮੈਂ ਕਰਦਾ, ਮੈਂ ਤਾਂ ਕਹਿਨਾ ਤੁਸੀਂ ਕੋਈ ਅਦਾਲਤ ਵਿਚ ਗਵਾਹੀ ਥੋੜ੍ਹਾ ਦੇਣੀ ਆ, ਤੁਸੀਂ ਤਾਂ ਮੈਨੂੰ ਹੀ ਗੱਲ ਦੱਸਣੀ ਹੈ"। ਮੈਂ ਕਿਹਾ, "ਬੰਗੜ ਸਾਹਿਬ, ਮੈਂ ਬਚਿਆਂ ਵਾਲੇ ਕਾਮਿਕਸ ਬਹੁਤ ਪੜ੍ਹਦਾ ਹਾਂ। ਮੈਨੂੰ ਲਗਦੈ ਤੁਸੀਂ ਵੀ ਬਹੁਤ ਪੜ੍ਹਦੇ ਹੋ। ਕਿਸੇ ਗਲ ਦੀ ਕੋਈ ਹੱਦ ਹੁੰਦੀ ਹੈ। ਤੁਸੀਂ ਆਪਣੇ ਸਾਰੇ ਹੱਥਕੰਡੇ ਤੇ ਤਰੀਕੇ ਅਪਨਾ ਲਏ ਹਨ। ਜਾਣੋਂ ਤੁਸੀਂ ਸਾਨੂੰ ਮਾਰ ਨਹੀਂ ਸਕਦੇ। ਕੁੱਲ ਮਿਲਾ ਕੇ ਹੁਣ ਸਾਡਾ ਕੁਝ ਨਹੀਂ ਵਿਗੜ ਸਕਦਾ, ਐਵੇਂ ਆਪਣਾ ਹਰਬਾਂ ਦਾ ਭੇਤ ਹੈ। ਹੁਣ ਤੁਸੀਂ ਆਖੀ ਜਾਂਦੇ ਓ, ਕਾਲੀ ਕੀੜੀ ਤੇਜ ਭਜਦੀ ਹੈ, ਅਗੋਂ ਅਸੀਂ ਆਖੀ ਜਾਂਦੇ ਆਂ, ਨਹੀਂ, ਕੱਕੀ ਕੀੜੀ ਤੇਜ ਭੱਜਦੀ ਹੈ।" ਉਹਨੇ ਮੇਰੇ ਨਾਲ ਹੱਥ ਮਿਲਾਇਆ ਤੇ ਕਿਹਾ, "ਲਓ ਫੇਰ ਅੱਜ ਤੋਂ ਮੇਰੇ ਵਲੋਂ ਪੁੱਛਗਿੱਛ ਖਤਮ" ਤੇ

ਸੱਚਮੁਚ ਹੀ ਉਸ ਨੇ ਉਸ ਤੋਂ ਬਾਅਦ ਮੈਨੂੰ ਕਦੀ ਕੁਝ ਨਾ ਪੁਛਿਆ।

ਜੇਲ੍ਹ ਵਿਚ ਆ ਕੇ ਜਦੋਂ ਮੈਂ ਇਹ ਗੱਲਾਂ ਸਰਦਾਰ ਕਰਤਾਰ ਸਿੰਘ ਨਾਰੰਗ ਨੂੰ ਦੱਸੀਆਂ ਤਾਂ ਉਨ੍ਹਾਂ ਕਿਹਾ, "ਇਸ ਤਰ੍ਹਾਂ ਦੀ ਪੁੱਛਗਿੱਛ ਨੂੰ (Stock Home Syndrome) ਸਟਾਕ ਹੋਮ ਸਿੰਡਰੋਮ ਕਹਿੰਦੇ ਹਨ ਤੇ ਇਹ ਲੜਾਈ ਦੇ ਦਿਨਾਂ ਵਿਚ ਦੂਜੇ ਦੇਸ਼ ਦੀ ਫੌਜ ਦੇ ਬੰਦਿਆਂ ਤੋਂ ਕੀਤੀ ਜਾਂਦੀ ਹੈ। ਤੁਹਾਨੂੰ ਵੀ ਉਹ ਦੁਸ਼ਮਣ ਫੌਜ ਦੇ ਬੰਦੇ ਸਮਝ ਕੇ ਹੀ ਉਸੇ ਤਰ੍ਹਾਂ ਦਾ ਵਰਤਾਓ ਕਰ ਰਹੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤਰ੍ਹਾਂ ਦਾ ਵੇਰਵਾ 'ਯੋਰਪ ਦੀ ਮੁਕਤੀ' (The liberation of Europe) ਨਾਂ ਦੀ ਕਿਤਾਬ ਵਿਚੋਂ ਬਾਖੂਬੀ ਮਿਲਦਾ ਹੈ। ਚਾਹ ਦੀ ਬਦਬੋ ਬਾਰੇ ਤੇ ਮੇਰਾ ਉਸ ਨੂੰ ਪੀਣ ਨੂੰ ਜੀਅ ਨਾ ਕਰਨ ਬਾਰੇ ਉਨ੍ਹਾਂ ਕਿਹਾ, ਇਕ ਖਾਸ ਕਿਸਮ ਦੀ ਦਵਾਈ ਹੁੰਦੀ ਹੈ, ਜਿਹੜੀ ਆਮ ਤੌਰ 'ਤੇ ਸ਼ਰਾਬ ਜਾਂ ਬੀਅਰ ਵਿਚ ਮਿਲਾਈ ਜਾਂਦੀ ਹੈ, ਉਹ ਪੀ ਕੇ ਬੰਦਾ ਬੜ-ਬੜਾਉਣ ਲੱਗ ਪੈਂਦਾ ਹੈ। ਪਰ ਤੁਸੀਂ ਕਿਉਂਕਿ ਸ਼ਰਾਬ ਨਹੀਂ ਪੀਂਦੇ, ਇਸ ਲਈ, ਉਨ੍ਹਾਂ ਨੂੰ ਇਹ ਚਾਹ ਵਿਚ ਮਿਲਾਉਣੀ ਪਈ ਤੇ ਉਸ ਦੀ ਬਦਾਮ ਰੋਗਨ ਵਰਗੀ ਤਿੱਖੀ ਜਹੀ ਸੁਗੰਧ ਤੁਹਾਡੀਆਂ ਨਾਸਾਂ ਨੇ ਫੜ ਲਈ ਤੇ ਤੁਹਾਡਾ ਪੀਣ ਨੂੰ ਜੀਣ ਨਾ ਕੀਤਾ। ਜੇ ਤੁਸੀਂ ਇਕ ਘੁੱਟ ਵੀ ਪੀ ਜਾਂਦੇ ਤਾਂ ਫਿਰ ਹੋ ਸਕਦਾ ਹੈ, ਸਾਰੀ ਚਾਹ ਹੀ ਪੀ ਲੈਂਦੇ। ਸ਼ਰਬਤ ਉਨ੍ਹਾਂ ਇਸ ਕੰਮ ਲਈ ਸ਼ਾਇਦ ਇਸ ਕਰਕੇ ਨਾ ਵਰਤਿਆ ਹੋਵੇ ਕਿਉਂਕਿ ਜਿਸ ਦਿਨ ਦੇ ਤੁਸੀਂ ਫੜੇ ਗਏ ਸੀ, ਉਨ੍ਹਾਂ ਕਦੀ ਤੁਹਾਨੂੰ ਸ਼ਰਬਤ ਨਹੀਂ ਸੀ ਪਿਆਇਆ, ਚਾਹ ਹਮੇਸ਼ਾਂ ਪਿਆਉਂਦੇ ਸਨ। ਸ਼ਰਬਤ ਦਾ ਤਾਂ ਤੁਹਾਨੂੰ ਸ਼ੱਕ ਪੈ ਸਕਦਾ ਸੀ, ਜਿਵੇਂ ਚੂਹੇ ਮਾਰਨ ਲਈ ਪਾਈ ਦਵਾਈ ਲਈ ਵਰਤਿਆ ਅਨਾਜ ਕੋਈ ਨਵਾਂ ਹੋਵੇ ਤਾਂ ਚੂਹੇ ਉਹ ਦਵਾਈ ਵਾਲਾ ਅਨਾਜ ਨਹੀਂ ਖਾਂਦੇ।"

ਨਾਰੰਗ ਸਾਹਿਬ, ਨੇ ਇਕ ਹੋਰ ਅਦੱਭੁਤ ਗੱਲ ਮੈਨੂੰ ਦੱਸੀ। ਜਿਸ ਤਰ੍ਹਾਂ ਦੀ ਉਪਰੋਕਤ ਦਵਾਈ ਉਨ੍ਹਾਂ ਚਾਹ ਵਿਚ ਪਾਈ ਸੀ ਤੇ ਪੀ ਕੇ ਬੰਦਾ ਬੇਮੁਹਾਰਾ ਬੋਲਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਹੀ ਇਕ ਹੋਰ ਦਵਾਈ, ਜਿਸ ਦਾ ਨਾਂ ਸਟਿਲ ਬੇਸਟਰੋਲ ਹੈ, ਅਗਰ ਕਿਸੇ ਔਰਤ ਨੂੰ ਚਾਹ ਵਿਚ ਜਾਂ ਕਿਸੇ ਹੋਰ ਪੀਣ ਵਾਲੇ ਪਦਾਰਥ ਵਿਚ ਪਾ ਕੇ ਪਿਆ ਦਿੱਤੀ ਜਾਵੇ ਤਾਂ ਉਹ ਬਹੁਤ ਕਾਮੁਕ ਹੋ ਜਾਂਦੀ ਹੈ ਤੇ ਸਹਿਜੇ ਹੀ ਉਸ ਪਿਆਉਣ ਵਾਲੇ ਕਾਮੀ ਪੁਰਸ਼ ਦੀ ਬਦਨੀਤੀ ਦਾ ਸ਼ਿਕਾਰ ਹੋ ਜਾਂਦੀ ਹੈ। ਉਸ ਵਿਚਾਰੀ ਨੂੰ ਉੱਕਾ ਪਤਾ ਨਹੀਂ ਲਗਦਾ ਕਿ ਉਹ ਏਨੀ ਕਾਮੁਕ ਕਿਉਂ ਹੋ ਗਈ ਹੈ। ਕਈ ਆਪਣੇ ਆਪ 'ਤੇ ਕਾਬੂ ਵੀ ਪਾ ਲੈਂਦੀਆਂ ਹਨ। ਆਮ ਤੌਰ 'ਤੇ ਵੈਟਨਰੀ ਵਾਲੇ ਇਸ ਨੂੰ ਕੁੱਤੀਆਂ ਦਾ ਗਰਭਪਾਤ ਕਰਾਉਣ ਲਈ ਵਰਤਦੇ ਹਨ। ਇਸੇ ਤਰ੍ਹਾਂ ਇਕ ਹੋਰ ਦਵਾਈ ਫੌਜ ਵਿਚ ਵਰਤੀ ਜਾਂਦੀ ਹੈ। ਇਸ ਗੋਲੀ ਨਾਲ ਚਾਰ ਪੰਜ ਦਿਨ ਤੱਕ ਉੱਕਾ ਭੁੱਖ ਨਹੀਂ ਲੱਗਦੀ। ਪਰ ਬਾਅਦ ਵਿਚ ਇਹ ਸਰੀਰ ਨੂੰ ਹੈਂਗ ਓਵਰ ਕਰਦੀ ਹੈ। ਕਾਮ ਉਤੇਜਨਾ ਵਾਲੀ ਗੱਲ ਤੋਂ ਬਗੈਰ ਹੋਰ ਬਹੁਤ ਸਾਰੀਆਂ ਦਾ ਜ਼ਿਕਰ ਜਸੂਸੀ ਕਿਤਾਬਾਂ ਵਿਚ ਮਿਲਦਾ ਹੈ।

6/86 ਨੰਬਰ ਐਫ.ਆਈ.ਆਰ. ਵਾਲੇ ਨਈਮਉਲਾ, ਜਿਸ ਨੇ ਕਈ ਬੰਦੇ ਵੱਖ-ਵੱਖ ਅਦਾਲਤਾਂ ਦੇ ਹੁਕਮ ਆਪੇ ਹੀ ਕਰਕੇ, ਜੇਲ੍ਹ ਵਿਚੋਂ ਕੈਦੀ ਰਿਹਾਅ ਕਰਵਾ ਦਿੱਤੇ ਸਨ ਤੇ ਕਈਆਂ ਦੀਆਂ ਜਮਾਨਤਾਂ ਮਨਜ਼ੂਰ ਕਰਵਾ ਦਿੱਤੀਆਂ ਸਨ, ਉਹ ਆਲੂ ਦੀ ਅਦਾਲਤ ਦੀ ਮੋਹਰ ਆਪੇ ਬਣਾਉਣ ਦਾ ਮਾਹਰ ਸੀ ਤੇ ਕਈ ਜੱਜਾਂ ਦੇ ਦਸਤਖਤ ਉਸ ਦੇ ਦਿਮਾਗ

ਵਿਚ ਯਾਦ ਸਨ, ਨੂੰ ਵੀ ਸਾਡੇ ਜੇਲ੍ਹ ਵਿਚ ਹੁੰਦਿਆਂ ਹੀ, ਸੀ.ਬੀ.ਆਈ. ਵਾਲੇ ਜੇਲ੍ਹ ਵਿਚੋਂ ਰੀਮਾਂਡ 'ਤੇ ਲੈ ਕੇ ਗਏ ਸਨ। ਉਹ ਰੀਮਾਂਡ ਮੁੱਕਣ 'ਤੇ ਜੇਲ੍ਹ ਵਿਚ ਆ ਕੇ ਦੱਸਦਾ ਸੀ ਕਿ ਉਸ ਨੂੰ ਇਕ ਅਫ਼ਸਰ ਨੇ ਅੰਨਾ ਕਰ ਦੇਣ ਦੀ ਧਮਕੀ ਦਿੱਤੀ ਤੇ ਉਸ ਦੀਆਂ ਅੱਖਾਂ ਵਿਚ ਕੁਝ ਚਿਪ-ਚਿਪਾ ਪਦਾਰਥ ਪਾ ਦਿੱਤਾ। ਉਸ ਦੀਆਂ ਅੱਖਾਂ ਜੁੜ ਗਈਆਂ ਤੇ ਜ਼ੋਰ ਲਾਉਣ 'ਤੇ ਵੀ ਨਾ ਖੁੱਲ੍ਹਣ। ਪਰ ਉਸ ਨੇ ਫਿਰ ਵੀ ਕੁਝ ਨਾ ਦੱਸਿਆ ਤੇ ਇਕ ਹੋਰ ਅਫ਼ਸਰ ਨੇ ਆ ਕੇ ਡਰਾਮਾ ਕੀਤਾ ਕਿ ਮੈਨੂੰ ਤੇਰੇ 'ਤੇ ਤਰਸ ਆ ਗਿਆ ਹੈ ਤੇ ਮੂੰਹ ਧੁਆ ਦਿੱਤਾ। ਅੱਖਾਂ 'ਤੇ ਪਾਣੀ ਪਾਉਣ ਨਾਲ ਹੌਲੀ ਹੌਲੀ ਅੱਖਾਂ ਖੁੱਲ੍ਹ ਗਈਆਂ। ਜਦੋਂ ਉਸ ਨੇ ਉਂਗਲ ਨੂੰ ਉਹ ਚਿਪ-ਚਿਪਾ ਪਾਣੀ ਲਾ ਕੇ ਨਾਸਾਂ ਅੱਗੇ ਕੀਤਾ ਤਾਂ ਹੈਰਾਨ ਹੋਇਆ ਕਿ ਇਹ ਤਾਂ ਸਿਰਫ ਸ਼ਹਿਦ ਹੈ। ਸੱਚਮੁੱਚ ਹੀ ਇਹ ਗੱਲਾਂ ਮੈਂ ਉਸ ਕਿਤਾਬ ਵਿਚ ਪੜ੍ਹੀਆਂ, ਜਿਹੜੀ ਨਾਰੰਗ ਸਾਹਿਬ ਨੇ ਆਪਣੀ ਪਤਨੀ ਨੂੰ ਕਹਿ ਕੇ ਜੇਲ੍ਹ ਵਿਚ ਮੰਗਵਾਈ ਸੀ ਤੇ ਮੈਨੂੰ ਪੜ੍ਹਨ ਲਈ ਦਿੱਤੀ ਸੀ। ਇਹ ਪੜ੍ਹਨ ਤੋਂ ਬਾਅਦ ਇਸ ਭਾਰਤ ਰੂਪੀ ਦੇਸ਼ ਤੋਂ ਮੇਰਾ ਦਿਲ ਬੜਾ ਖੱਟਾ ਹੋਇਆ। ਮੈਨੂੰ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਵਰਗੇ ਪੰਥ ਦੇ ਲੀਡਰਾਂ ਦੀ ਸੋਚ 'ਤੇ ਬੜੀ ਹੈਰਾਨੀ ਹੋਈ, ਜਿਨ੍ਹਾਂ ਨੇ 1947 ਦੀ ਭਾਰਤ ਤੇ ਪਾਕਿਸਤਾਨ ਦੀ ਵੰਡ ਵੇਲੇ ਸਿੱਖਾਂ ਦੀ ਯੋਗ ਅਗਵਾਈ ਨਾ ਕੀਤੀ ਤੇ ਪੂਰੀ ਕੌਮ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ। ਉਥੋਂ ਦੇ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਤੇ ਕਰੋੜਾਂ ਰੁਪਈਆ ਦੀ ਹੈਸੀਅਤ ਰੱਖਣ ਵਾਲੇ ਮੇਰੇ ਪਿਤਾ ਜੀ ਵਰਗਿਆਂ ਨੂੰ ਏਥੇ ਪਾਕਿਸਤਾਨ ਵਿਚ ਛੱਡੀ ਆਪਣੀ ਜ਼ਮੀਨ ਦੀ ਅਲਾਟਮੈਂਟ ਕਰਵਾਉਣ ਲਈ ਗੱਡੀ ਦੇ ਤੱਤੇ ਤੇ ਰੜੇ ਫਰਸ਼ਾਂ 'ਤੇ ਬਹਿ ਕੇ ਸਫਰ ਕਰਨਾ ਪਿਆ ਤੇ ਪੈਸੇ ਪੈਸੇ ਦਾ ਮੁਥਾਜ ਹੋਣਾ ਪਿਆ। ਮੇਰੇ ਪਿਤਾ ਜੀ ਪਾਕਿਸਤਾਨ ਵਿਚ ਰਹਿ ਗਏ ਪ੍ਰਭਾਤ ਬੈਂਕ ਆਫ ਇੰਡੀਆ ਦੇ ਡਾਇਰੈਕਟਰ ਸਨ ਅਤੇ ਆਪਣੇ ਹਿੱਸੇ ਦੇ ਹਿਸਾਬ ਬੈਂਕ ਦੇ ਕੈਸ਼ ਗਰੰਟਰ ਸਨ ਪਰ ਪਾਕਿਸਤਾਨ ਬਣਨ ਨਾਲ ਬੈਂਕ ਫੇਲ੍ਹ ਹੋ ਗਿਆ ਤੇ ਮੇਰੇ ਪਿਤਾ ਜੀ ਨੂੰ ਬੈਂਕ ਦੀ ਰਕਮ ਵਿਚੋਂ ਕੱਚੀ ਕੌਡੀ ਨਸੀਬ ਨਾ ਹੋਈ ਤੇ ਉਹ ਜਿੰਨਾ ਚਿਰ ਜੀਂਦੇ ਰਹੇ ਗਰੀਬੀ ਵਿਚ ਦਿਨ ਕੱਟੇ ਤੇ ਫੇਰ ਇਸ ਦੁਨੀਆਂ ਤੋਂ ਚਲੇ ਗਏ। ਉਨ੍ਹਾਂ ਅੱਗ ਲਾਉਣੀ ਸੀ ਹਿੰਦੋਸਤਾਨ ਨੂੰ।

ਮਾਸਟਰ ਤਾਰਾ ਸਿੰਘ ਹਿੰਦੂ ਪਰਿਵਾਰ ਵਿਚੋਂ ਸੀ। ਉਸ ਦੇ ਪਿਤਾ ਦਾ ਨਾਂ ਲਾਲਾ ਗੋਪੀ ਚੰਦ ਸੀ ਤੇ ਉਸ ਦਾ ਆਪਣਾ ਨਾਂ ਨਾਨਕ ਚੰਦ ਸੀ। ਅੰਮ੍ਰਿਤ ਛਕ ਕੇ ਤਾਰਾ ਸਿੰਘ ਤਾਂ ਬਣ ਗਿਆ ਪਰ ਦਿਲੋਂ ਅਖੀਰ ਤੱਕ ਹਿੰਦੂ ਹੀ ਰਿਹਾ। ਉਸ ਦਾ ਹਰ ਚੁਣਿਆ ਹੋਇਆ ਰਸਤਾ ਹਿੰਦੂਆਂ ਵੱਲ ਹੀ ਜਾਂਦਾ ਸੀ। ਅਸੈਂਬਲੀ 'ਤੇ ਚੜ੍ਹ ਕੇ ਮੁਸਲਿਮ ਲੀਗ ਦਾ ਝੰਡਾ ਕਾਹਦਾ ਵਢਿਆ, ਸਿੱਖਾਂ ਦੀ ਕਿਸਮਤ ਨੂੰ ਵੱਢ ਦਿੱਤਾ। ਹਿੰਦੂਆਂ ਨੇ ਫੱਟ ਉਸ ਨੂੰ ਆਪਣਾ ਨੇਤਾ ਮਨ ਲਿਆ ਤੇ ਫਿਰ ਉਸ ਕੋਲੋਂ ਮਨਮਰਜੀ ਦੇ ਫੈਸਲੇ ਕਰਵਾਏ, ਜਿਨ੍ਹਾਂ ਵਿਚ ਸਿੱਖਾਂ ਦਾ ਵੱਖਰਾ ਮੁਲਕ ਨਾ ਮੰਗਣਾ ਤੇ ਸਗੋਂ ਹਿੰਦੋਸਤਾਨ ਵਿਚ ਸ਼ਾਮਲ ਹੋਣਾ ਵੀ ਇਕ ਸੀ। ਇਹ ਟੱਬਰ ਏਧਰ ਆ ਕੇ ਵੀ ਸਿੱਖਾਂ 'ਤੇ ਸੁਆਰ ਰਿਹਾ। ਇਸ ਦੀ ਪੁੱਤਰੀ ਬੀਬੀ ਰਜਿੰਦਰ ਕੌਰ ਜਦੋਂ ਇੰਦਰਾ ਗਾਂਧੀ ਨੂੰ ਮਿਲਣ ਜਾਂਦੀ ਸੀ ਤਾਂ ਸਾੜੀ ਬੰਨ ਕੇ ਤੇ ਮੱਥੇ 'ਤੇ ਬਿੰਦੀ ਲਾ ਕੇ ਜਾਂਦੀ ਸੀ। ਗਿਆਨੀ ਕਰਤਾਰ ਸਿੰਘ, ਜਿਸ ਨੂੰ ਪੰਥ ਦਾ ਦਿਮਾਗ ਆਖਦੇ ਸਨ, ਦੇ ਦਿਮਾਗ਼ ਵਿਚ ਗੋਹਾ ਭਰਿਆ ਹੋਇਆ ਸੀ। ਉਸ ਨੇ ਅੰਗਰੇਜ਼ ਨੂੰ ਲਾਇਲਪੁਰ ਦੀ ਤਹਿਸੀਲ ਜੜ੍ਹਾਂ ਵਾਲੀ ਨਾਲ ਨਕੋਦਰ ਤਹਿਸੀਲ ਦੇ ਵਟਾਂਦਰੇ ਲਈ ਦਰਖਾਸਤ

ਭੇਜੀ ਸੀ। ਉਸ ਨੂੰ ਪਤਾ ਹੀ ਨਹੀਂ ਸੀ ਕਿ ਮੁਲਕ ਦੀ ਸਰਹੱਦ ਉੱਤੋਂ ਦੀ ਅਗਲੇ ਜਾਨਵਰ ਨਹੀਂ ਲੰਘਣ ਦੇਂਦੇ। ਬੁਰਜੀਆਂ ਲੱਗ ਜਾਂਦੀਆਂ ਹਨ। ਤਦ ਸਰਹੱਦ 'ਤੇ ਗੋਲੀ ਦਾ ਪਹਿਰਾ ਹੁੰਦਾ ਹੈ। ਕੁਲ ਮਿਲਾ ਕੇ ਸਿੱਖਾਂ ਵਿਚ ਮੂਰਖਾਂ ਦੀ ਗਿਣਤੀ ਦੂਜੀਆਂ ਕੌਮਾਂ ਨਾਲੋਂ ਜ਼ਿਆਦਾ ਹੈ। ਅਸਾਂ ਸਿੱਖਾਂ ਨੇ ਬੇਵਕੂਫ ਤੇ ਹੀਣ ਜਾਂ ਘੱਟ ਬੁੱਧੀ ਵਾਲੇ ਲੋਕਾਂ ਨੂੰ ਲੀਡਰਾਂ ਦਾ ਦਰਜਾ ਦੇ ਦਿਤਾ ਹੈ। ਉਨ੍ਹਾਂ ਮੂਰਖਾਂ ਜਿਹਾਂ ਨੂੰ ਹੀ ਅਸਾਂ ਖਿਤਾਬ ਵੀ ਦੇ ਦਿੱਤੇ ਹਨ। ਕਿਸੇ ਨੂੰ ਲੋਹ ਪੁਰਸ਼, ਕਿਸੇ ਨੂੰ ਟਕਸਾਲੀ ਅਕਾਲੀ ਤੇ ਵਾਹਿਦ ਲੀਡਰ। ਅਗੋਂ ਇਨ੍ਹਾਂ ਹੀ ਮੂਰਖਾਂ ਦੀ ਔਲਾਦ ਵੀ ਰਾਜਨੀਤੀ ਵਿਚ ਸੌਖੀ ਆ ਜਾਂਦੀ ਹੈ ਕਿਉਂਕਿ ਉੱਲੂ ਮਰ ਜਾਂਦੇ ਹਨ ਔਲਾਦ ਛੱਡ ਜਾਂਦੇ ਹਨ। ਬਲਕਿ ਨਿਜ਼ਾਮ ਹੀ ਐਸਾ ਹੈ ਕਿ ਪਿਤਾ ਪੁਰਖੀ ਲੀਡਰੀ ਦਾ ਚੱਕਰਵਿਊ ਤੋੜਿਆ ਨਹੀਂ ਜਾ ਸਕਦਾ। ਸਿੱਖਾਂ ਦੀ ਮਾੜੀ ਕਿਸਮਤ, ਹੋਰ ਕੀ।

ਮੈਨੂੰ ਸਿਰਦਾਰ ਕਪੂਰ ਸਿੰਘ ਦੀ ਸਾਚੀ ਸਾਖੀ ਵਾਲੀ ਗੱਲ ਯਾਦ ਆਈ। ਮੇਰਾ ਜੀਅ ਕਰੇ ਕਿ ਇਸ ਗੱਲ ਨੂੰ ਸ਼ੀਸ਼ੇ ਵਿਚ ਮੜ੍ਹਾ ਕੇ ਟੰਗਣਾ ਚਾਹੀਦਾ ਹੈ, "ਹਿੰਦੂ, ਰਾਜਸੀ ਮਸਲਿਆਂ ਦੇ ਅੰਤਰੀਵ ਭਾਵ ਤੇ ਉਨ੍ਹਾਂ ਤੋਂ ਨਿਕਲਣ ਵਾਲੇ ਸਿੱਟਿਆਂ ਤੋਂ ਕਈ ਵਰ੍ਹੇ ਪਹਿਲਾਂ ਸੋਚ ਰੱਖਦਾ ਹੈ। ਮੁਸਲਮਾਨ, ਜਦੋਂ ਮਸਲਾ ਸਾਹਮਣੇ ਆਵੇ ਤਾਂ ਉਸ ਨੂੰ ਸੰਜੀਦਗੀ ਨਾਲ ਸੋਚਣਾ ਸ਼ੁਰੂ ਕਰ ਦੇਂਦਾ ਹੈ। ਪਰ ਸਿੱਖ, ਜਿੰਨਾ ਚਿਰ ਉਹ ਮਸਲਾ ਆਪਣੇ ਆਪ ਹੱਲ ਹੋ ਕੇ ਕਿਸੇ ਪਾਸੇ ਪੱਕਾ ਨਹੀਂ ਲੱਗ ਜਾਂਦਾ, ਉਸ ਬਾਰੇ ਸੋਚਣ ਦੀ ਖੇਚਲ ਹੀ ਨਹੀਂ ਕਰਦਾ। ਫੜ੍ਹਾਂ ਮਾਰਦਾ ਰਹਿੰਦਾ ਹੈ, ਸੋਚ ਸਮਝ ਤੋਂ ਖਾਲੀ ਹੈ।" ਮੁਸਲਮਾਨ ਬੜੀ ਚਤੁਰਤਾ ਨਾਲ ਦੋ ਇਸਲਾਮੀ ਦੇਸ਼ ਲੈਣ ਵਿਚ ਕਾਮਯਾਬ ਹੋ ਗਏ, ਪਾਕਿਸਤਾਨ ਤੇ ਹੁਣ ਵਾਲਾ ਬੰਗਲਾ ਦੇਸ਼। ਸਿੱਖਾਂ ਝੁੱਡੂਆਂ ਨੂੰ ਦੇਸ਼ ਦੀ ਵੰਡ ਤੋਂ ਪਹਿਲਾਂ ਤੀਸਰੀ ਧਿਰ ਮੰਨਿਆ ਜਾ ਚੁੱਕਾ ਸੀ, ਇਸ ਹੈਸੀਅਤ ਵਿਚ ਉਹ ਵੀ ਆਪਣਾ ਵੱਖਰਾ ਦੇਸ਼ ਲੈ ਸਕਦੇ ਸਨ ਪਰ ਉਨ੍ਹਾਂ ਨੇ ਕੋਈ ਹਾਣ-ਲਾਭ ਨਾ ਸੋਚਿਆ ਤੇ ਕਦੋਂ ਬਹੁਗਿਣਤੀ ਦੇ ਗੁਲਾਮ ਹੋ ਗਏ, ਖੋਤਿਆਂ ਨੂੰ ਪਤਾ ਹੀ ਨਾ ਲੱਗਾ। ਹੁਣ ਇਸ ਦੇਸ਼ ਵਿਚ ਕੁੱਤਿਆਂ ਤੋਂ ਵੀ ਭੈੜੀ ਜ਼ਿੰਦਗੀ ਜੀਅ ਰਹੇ ਹਨ। ਲਾਲਾ ਲਾਜਪਤ ਰਾਏ ਵਰਗੇ, ਜਿਹਦੀ ਛਤਰੀ 'ਤੇ ਮਾੜੀ ਜਿਹੀ ਇਕ ਅੰਗਰੇਜ਼ ਅਫ਼ਸਰ ਦੀ ਸੋਟੀ ਵੱਜੀ ਤੇ ਉਹ ਉਸ ਘਟਨਾ ਤੋਂ ਬਾਅਦ ਕਿਲ੍ਹ ਕਿਲ੍ਹ ਕੇ ਕਈਆਂ ਥਾਵਾਂ 'ਤੇ ਭਾਸ਼ਨ ਕਰਦਾ ਰਿਹਾ, ਦਿੱਲੀ ਗਿਆ ਵਾਪਸ ਆਇਆ, ਸੈਰ ਕਰਨ ਜਾਂਦਾ ਰਿਹਾ, ਤਾਸ਼ ਖੇਡਦਾ ਰਿਹਾ ਤੇ ਦੋਸਤਾਂ ਨਾਲ ਗੱਪਾਂ ਮਾਰਦਾ ਰਿਹਾ, ਘਟਨਾ ਤੋਂ ਅਠਾਰਾਂ ਦਿਨ ਬਾਅਦ ਮਰਿਆ, ਉਹ ਸ਼ੇਰੇ ਪੰਜਾਬ ਤੇ ਅਸੀਂ ਜਿਹੜੇ ਜਰਖੇਜ਼ ਜ਼ਮੀਨਾਂ ਗੁਆ ਕੇ, ਨਹਿਰੀ ਪਾਣੀ ਦੀ ਸਿੰਜਾਈ ਛੱਡ ਕੇ, ਰੇਤ ਦੇ ਟਿੱਬੇ ਵਾਹੁੰਦੇ ਰਹੇ ਤੇ ਖੂਹ ਹਿਕਦੇ ਰਹੇ, ਉਹ ਅੱਜ ਗੱਦਾਰ ਤੇ ਅੱਤਵਾਦੀ। ਵਾਹ ਸਿੱਖੋ। ਜਿਹੜੇ ਆਪਣੀ ਹੀ ਧੋਤੀ ਵਿਚ ਅੜ ਕੇ ਮੂਧੇ ਮੂੰਹ ਡਿਗ ਪੈਂਦੇ ਸਨ, ਉਹ ਅੱਜ ਸਾਡੇ 'ਤੇ ਰਾਜ ਕਰ ਰਹੇ ਹਨ ਤੇ ਅਸੀਂ ਮੰਗਤਿਆਂ ਵਾਂਗ ਕਣਕ ਦਾ ਭਾਅ ਵਧਾਉਣ ਲਈ ਉਨ੍ਹਾਂ ਨੂੰ ਬੇਨਤੀਆਂ ਕਰਦੇ ਹਾਂ ਤੇ ਉਹ ਅਗੋਂ ਸਾਨੂੰ ਟਿੱਡੀਆਂ ਪੁਚਕਾਰਦੇ ਹਨ। ਲਾਅਨਤ ਆ ਸਾਡੇ ਏਹੋ ਜਿਹੀ ਆਜ਼ਾਦੀ ਲੈਣ ਦੇ। ਬਾਕੀ ਸੂਬੇ ਬੋਲੀਆਂ ਦੇ ਅਧਾਰ 'ਤੇ ਬਣੇ। ਪੰਜਾਬ ਵਿਚ ਪੱਛਮੀ ਪੰਜਾਬ ਤੋਂ ਆਏ ਹਿੰਦੂ ਖੱਤਰੀ ਭਾਵੇਂ ਉਥੇ ਪੰਜਾਬੀ ਹੀ ਬੋਲਦੇ ਸਨ ਪਰ ਹੁਣ ਉਹ ਕਿਉਂਕਿ ਹਿੰਦੋਸਤਾਨ ਵਿਚ ਆ ਗਏ ਹਨ, ਇਸ ਲਈ ਇਨ੍ਹਾਂ ਦੀ ਬੋਲੀ ਵੀ ਹਿੰਦੋਸਤਾਨ ਵਿਚ ਆਉਣ ਕਰਕੇ ਪੰਜਾਬੀ ਤੋਂ ਬਦਲ ਕੇ ਹਿੰਦੀ ਹੋ ਗਈ ਹੈ। ਇਸ ਲਈ ਇਹ ਦੋ ਭਾਸ਼ੀ ਸੂਬਾ ਹੈ, ਇਹ ਉਹ

ਹੀ ਪੰਜਾਬੀ ਖੱਤਰੀ ਹਨ, ਜਿਨ੍ਹਾਂ ਵਿਚੋਂ ਸਿੱਖ ਵੀ ਬਣੇ ਸਨ ਤੇ ਦਸ ਗੁਰੂ ਵੀ ਇਨ੍ਹਾਂ ਵਿਚੋਂ ਹੀ ਸਨ। ਗੁਰੂ ਤਾਂ ਸਾਰੇ ਪੰਜਾਬੀ ਸਨ ਪਰ ਇਹ ਹੁਣ ਹਿੰਦੀ ਬੋਲਣ ਗਿੱਝ ਗਏ ਹਨ। ਇਸ ਲਈ ਹਿੰਦੀ ਬੋਲਣ ਵਾਲੇ ਹਨ।

ਦੂਜੇ ਦਿਨ 28 ਤਾਰੀਖ ਸੀ ਤੇ ਦਸ ਵਜੇ ਸਵੇਰ ਤੱਕ ਕੋਈ ਹਿਲਜੁਲ ਨਾ ਹੋਈ। ਦਸ ਵਜੇ ਦੇ ਲਗਪਗ ਇਕ-ਇਕ, ਦੋ-ਦੋ ਕਰਕੇ ਅਫਸਰ ਆਉਣੇ ਸ਼ੁਰੂ ਹੋਏ। ਫਿਰ ਇਕ ਅਫਸਰ ਜੋ ਪੜਤਾਲੀਆ ਅਫਸਰ ਦੇ ਰੈਂਕ ਦਾ ਹੀ ਸੀ, ਆਇਆ ਤੇ ਉਸ ਆਉਂਦੇ ਨੇ ਹੀ ਪੁੱਛਿਆ "ਖਾਣਾ ਖਾ ਲੀਆ? ਚਾਹ ਵਗੈਰਾ ਮਿਲੀ ਹੈ?" ਸਾਰਿਆਂ ਦੇ ਹਾਂ ਕਹਿਣ 'ਤੇ ਉਸ ਨੇ ਨਾਂ ਲੈ ਕੇ ਸਾਡੇ ਵਿਚੋਂ ਇਕ ਨੂੰ ਬੁਲਾਇਆ ਤੇ ਉਹ ਉਠ ਕੇ ਚਲੇ ਗਿਆ। ਫਿਰ ਹੱਥਕੜੀਆਂ ਫੜ ਕੇ ਉਪਰ ਚਲੇ ਗਏ। ਉਸ ਤੋਂ ਬਾਅਦ ਕੋਈ ਦੋ ਘੰਟੇ ਬਾਅਦ ਉਹ ਥੱਲੇ ਆਇਆ ਤੇ ਦੋ ਹੋਰਾਂ ਨੂੰ ਉਪਰ ਲੈ ਗਏ। ਏਸੇ ਤਰ੍ਹਾਂ ਕਰਦਿਆਂ ਮੇਰੀ ਵਾਰੀ ਦੁਪਹਿਰ ਤੋਂ ਬਾਅਦ ਆਈ। ਪੜਤਾਲੀਆ ਅਫਸਰ ਨੇ ਆਪ ਮੈਨੂੰ ਇਕ ਕਮਰੇ ਵਿਚ ਬੁਲਾਇਆ ਤੇ ਨਾਲ ਹੀ ਆਪਣੇ ਸਟੈਨੋਂ ਨੂੰ ਸੱਦ ਲਿਆ। ਹੁਣ ਪੜਤਾਲੀਆ ਅਫਸਰ ਪ੍ਰਸ਼ਨ ਪੁੱਛਦਾ ਸੀ ਤੇ ਮੈਂ ਜਵਾਬ ਦੇਂਦਾ ਸੀ ਤੇ ਨਾਲ ਦੀ ਨਾਲ ਹੀ ਸਟੈਨੋ ਸ਼ਾਰਟਹੈਂਡ ਵਿਚ ਲਿਖੀ ਜਾਂਦਾ ਸੀ। ਇਹ ਕਮਰਾ ਬਹੁਤ ਹੀ ਛੋਟਾ ਸੀ। ਸਿਰਫ ਚਾਰ ਕੁ ਬੰਦਿਆਂ ਦੇ ਬੈਠਣ ਦੀ ਹੀ ਥਾਂ ਸੀ। ਬਸ ਪੜਤਾਲੀਆ ਅਫਸਰ ਨੇ ਆਪ ਇਕੋ ਵਾਰੀ ਹੀ ਮੇਰੇ ਨਾਲ ਗੱਲਬਾਤ ਕੀਤੀ ਫੇਰ ਉਸ ਤੋਂ ਬਾਅਦ ਕਦੀ ਨਹੀਂ ਕੀਤੀ। ਜਾਂ ਫਿਰ ਪੰਜ ਮਹੀਨੇ ਬਾਅਦ ਜੇਲ੍ਹ ਵਿਚ ਆ ਕੇ ਸੁਪਰਡੈਂਟ ਦੇ ਕਮਰੇ ਵਿਚ ਕੀਤੀ। ਬਾਕੀ ਪੁੱਛਗਿੱਛ ਹੋਰ ਟੀਮਾਂ ਹੀ ਕਰਦੀਆਂ ਰਹੀਆਂ।

ਡੀ.ਪੀ. ਸਿੰਘ ਦੀ ਪੁੱਛਗਿੱਛ ਕੋਈ ਵੱਖਰੀ ਨਹੀਂ ਸੀ। ਉਹੋ ਹੀ ਕਿੰਨੇ ਭੈਣ ਭਰਾ? ਚਾਚੇ-ਤਾਏ? ਜਨਮ ਤਾਰੀਖ? ਮਾਮੇ ਕਿੰਨੇ? ਕਿੱਥੇ ਜਨਮ ਹੋਇਆ? ਉਮਰ ਕੀ ਹੈ? ਬੱਚੇ ਕਿੰਨੇ ਹਨ? ਟੈਲੀਫੋਨ ਕਿੰਨੇ ਹਨ? ਕਿਥੇ-ਕਿਥੇ ਲੱਗੇ ਹਨ? ਕੌਣ-ਕੌਣ ਗੱਲ ਕਰਨ ਆਉਂਦਾ ਹੈ? ਦੁਕਾਨ ਦੀ ਚਾਬੀ ਕਿਥੇ ਹੁੰਦੀ ਹੈ? ਅੰਮ੍ਰਿਤ ਛਕਿਆ? ਕਿਥੋਂ? ਕਿਉਂ? ਕੈਨੇਡਾ ਵਿਚਲੇ ਚਾਰ-ਪੰਜ ਨਾਂ ਲਏ ਤੇ ਪੁੱਛਿਆ ਇਨ੍ਹਾਂ ਨੂੰ ਜਾਣਦੇ ਹੋ? ਕਿਹੜੇ ਕਾਲਜ ਵਿਚ ਪੜ੍ਹੇ? ਕਿਹੜੇ ਸਕੂਲ ਵਿਚ ਦਸਵੀਂ ਕੀਤੀ? ਇਕ ਦੋ ਪਤੇ, ਫੋਨ ਦੀ ਡਾਇਰੀ ਵਿਚ ਲਿਖੇ ਹੋਏ ਸਨ, ਉਨ੍ਹਾਂ ਬਾਰੇ ਪੁੱਛਿਆ, ਉਹ ਕਿਨ੍ਹਾਂ ਦੇ ਹਨ? ਆਰ.ਐਸ. ਨਰੂਲਾ ਕੌਣ ਹੈ? ਕਿਥੇ ਰਹਿੰਦਾ ਹੈ? ਤੁਸੀਂ ਉਸ ਨੂੰ ਕਿਵੇਂ ਜਾਣਦੇ ਹੋ? ਦਿੱਲੀ 'ਚ ਹੋਰ ਕੌਣ ਰਿਸ਼ਤੇਦਾਰ ਹੈ? ਬਾਹਰ ਕੌਣ-ਕੌਣ ਰਹਿੰਦਾ ਹੈ? ਕਿਸੇ ਦੋਸਤ ਦਾ ਦੋਸਤ ਰਹਿੰਦਾ ਹੋਵੇ ਤਾਂ ਦੱਸੋ? ਪੋਲਟਰੀ ਫਾਰਮ ਕਿਉਂ ਛਡਿਆ? ਪ੍ਰਾਪਰਟੀ ਡੀਲਰ ਦਾ ਕੰਮ ਸ਼ੁਰੂ ਕਿਉਂ ਕੀਤਾ? ਬੰਦ ਕਿਉਂ ਕੀਤਾ? ਜੀ.ਬੀ. ਸਿੰਘ ਦਾ ਕੀ ਮਤਲਬ ਬਣਦਾ ਹੈ? ਬੱਚੇ ਕਿੰਨੇ ਹਨ? ਕੀ-ਕੀ ਕਰਦੇ ਹਨ? ਹਰਭਜਨ ਸਿੰਘ ਨਾਂ ਦੇ ਕਿਸੇ ਬੰਦੇ ਨੂੰ ਜਾਣਦੇ ਹੋ? ਸੇਵਾ ਸਿੰਘ ਕੌਣ ਹੈ? ਏਨੇ ਟੈਲੀਫੋਨ, ਜੋ ਤੁਹਾਡੇ ਘਰ ਪਏ ਹਨ, ਉਹ ਕਿਥੋਂ ਆਏ? ਹਰ ਕਮਰੇ ਵਿਚ ਟੈਲੀਫੋਨ ਦੀ ਸਹੂਲਤ ਕਿਉਂ ਹੈ? ਜ਼ਮੀਨ ਕਿੰਨੀ ਹੈ? ਆਮਦਨ ਕਿੰਨੀ ਹੈ? ਕਾਰਾਂ ਕਿੰਨੀਆਂ ਹਨ? ਸਕੂਟਰ ਕਿੰਨੇ ਹਨ? ਟਰੈਕਟਰ ਕਿੰਨੇ ਹਨ? ਟਾਲ ਕਿਥੇ ਹੈ? ਉਥੇ ਕੌਣ ਬੈਠਦਾ ਹੈ? ਦੁਕਾਨ 'ਤੇ ਕੌਣ ਬੈਠਦਾ ਹੈ? ਲੜਕੇ ਕਿਹੜੇ ਸਕੂਲ ਵਿਚ ਪੜ੍ਹਦੇ ਹਨ? ਉਨ੍ਹਾਂ ਦੇ ਕਿਹੜੇ ਦੋਸਤ ਆਉਂਦੇ ਹਨ? ਮਾਸੀਆਂ, ਮਾਸੜ, ਹੋਰ ਕੋਈ ਰਿਸ਼ਤੇਦਾਰ, ਉਨ੍ਹਾਂ ਦੇ ਲੜਕੇ ਕਿਥੇ ਰਹਿੰਦੇ ਹਨ? ਮਹਿਤੇ ਕਿੰਨੀ ਵਾਰ ਗਏ ਹੋ? ਅੰਮ੍ਰਿਤਸਰ ਕਿੰਨੀ ਵਾਰ ਗਏ ਹੋ? ਮਨਬੀਰ ਸਿੰਘ,

ਹਰਭਜਨ ਸਿੰਘ, ਬਲਬੀਰ ਸਿੰਘ ਨੂੰ ਜਾਣਦੇ ਹੋ? ਦਸਵੀਂ ਕਿਸ ਸਾਲ ਕੀਤੀ? ਹੁਣ ਦੋਸਤ ਕੌਣ ਹੈ? ਪਹਿਲਾਂ ਦੋਸਤ ਕਿਹੜੇ ਸਨ? ਅਸਲੇ ਦੇ ਕਿੰਨੇ ਲਾਇਸੰਸ ਹਨ? ਨੌਕਰ ਕਿੰਨੇ ਹਨ? ਕੌਣ ਟਰੈਕਟਰ ਚਲਾਉਂਦਾ ਹੈ? ਇਸ ਤਰ੍ਹਾਂ ਦੇ ਹੋਰ ਕਈ ਸਵਾਲ ਸਨ, ਜਿਨ੍ਹਾਂ ਵਿਚੋਂ 95 ਫੀਸਦੀ ਦੇ ਜਵਾਬ ਤਾਂ ਸਿੱਧੇ "ਨਾਂਹ" ਵਿਚ ਹੀ ਸਨ, ਪੰਜ ਫੀਸਦੀ ਦੇ ਜੁਆਬ ਏਨੇ ਤਸੱਲੀਬਖਸ਼ ਸਨ ਕਿ ਕਿੰਤੂ ਪ੍ਰੰਤੂ ਕਰਨਾ ਔਖਾ ਸੀ। ਚੰਡੀਗੜ੍ਹ ਕੀ ਲੈਣ ਗਏ ਸੀ? ਉਸਦਾ ਜੁਆਬ ਇਹ ਸੀ ਕਿ ਗੱਡੀ ਵੇਚਣ ਗਿਆ ਸੀ। ਫਿਰ ਉਸ ਪੁਛਿਆ, ਤੁਹਾਨੂੰ ਗੱਡੀ ਵੇਚਣ ਦੀ ਜ਼ਰੂਰਤ ਕਿਉਂ ਪਈ?

ਉੱਤਰ - "ਗੱਡੀ ਬਹੁਤ ਪੁਰਾਣੀ ਸੀ, 72 ਮਾਡਲ, ਹੁਣ ਚਲਦੀ ਬਹੁਤ ਘੱਟ ਸੀ ਤੇ ਮੁਰੰਮਤ ਦਾ ਖਰਚਾ ਜ਼ਿਆਦਾ ਹੁੰਦਾ ਸੀ, ਇਸ ਲਈ ਵੇਚਣ ਦਾ ਇਰਾਦਾ ਸੀ।"

ਪ੍ਰਸ਼ਨ - "ਉਥੇ ਹੀ ਕਿਉਂ ਵੇਚਣ ਗਏ? ਜਲੰਧਰ ਕਿਉਂ ਨਹੀਂ ਵੇਚੀ?"

ਉਤਰ - "ਚੰਡੀਗੜ੍ਹ ਕਾਰ ਬਜ਼ਾਰ ਹਰ ਐਤਵਾਰ ਨੂੰ ਲੱਗਦਾ ਹੈ ਅਤੇ ਦੂਸਰਾ ਉਥੋਂ ਦਾ ਇਸ਼ਤਿਹਾਰ ਦਿੱਤਾ ਸੀ, ਗੱਡੀ ਦਾ ਨੰਬਰ ਵੀ ਚੰਡੀਗੜ੍ਹ ਦਾ ਹੈ। ਉਥੇ ਗੱਡੀ ਜਲਦੀ ਤੇ ਚੰਗੀ ਕੀਮਤ 'ਤੇ ਵਿਕ ਜਾਂਦੀ ਹੈ।"

ਪ੍ਰਸ਼ਨ - "ਇਸ਼ਤਿਹਾਰ ਕਦੋਂ ਦਿੱਤਾ ਸੀ? ਅਤੇ ਕਿਹੜੀ ਤਾਰੀਖ ਲਈ ਸੀ? ਇਹ ਸਵਾਲ ਪੁੱਛ ਕੇ ਪੜਤਾਲੀਆ ਅਫ਼ਸਰ ਮੁਸਕਰਾਇਆ ਕਿ ਹੁਣ ਫਸ ਗਿਆ ਸਮਝੋ।"

ਉੱਤਰ - "ਇਸ਼ਤਿਹਾਰ ਪੰਦਰਾਂ ਤਾਰੀਖ ਲਈ ਸੀ, ਚੌਦਾਂ ਨੂੰ ਮੈਂ ਉਥੇ ਪਹੁੰਚ ਗਿਆ ਸੀ, ਕਿਉਂਕਿ ਸਵੇਰੇ ਹੀ ਲੋਕ ਗੱਡੀਆਂ ਦੇਖਣ ਆਉਣੇ ਸ਼ੁਰੂ ਹੋ ਜਾਂਦੇ ਹਨ।"

ਪ੍ਰਸ਼ਨ - "ਇਸ਼ਤਿਹਾਰ ਕਿਸ ਅਖ਼ਬਾਰ ਵਿਚ ਦਿੱਤਾ ਸੀ?"

ਉੱਤਰ - "ਟ੍ਰਿਬਿਊਨ ਵਿਚ।"

ਉਹ ਉਠ ਕੇ ਖੜਾ ਹੋ ਗਿਆ ਅਤੇ ਐਤਵਾਰ 15 ਜੂਨ ਦੀ ਅਖ਼ਬਾਰ ਲੈ ਆਇਆ। ਉਸ ਨੇ ਉਹ ਅਖ਼ਬਾਰ ਮੇਰੇ ਅੱਗੇ ਸੁੱਟ ਦਿੱਤੀ ਤੇ ਆਖਿਆ, "ਕਿੱਥੇ ਹੈ ਇਸ ਵਿਚ, ਤੁਹਾਡਾ ਇਸ਼ਤਿਹਾਰ?"

ਮੈਂ ਲੱਭਣਾ ਸ਼ੁਰੂ ਕੀਤਾ ਪਰ ਜਲਦੀ-ਜਲਦੀ ਵਿਚ ਲੱਭੇ ਹੀ ਨਾ। ਅਖੀਰ ਬੜੇ ਅਰਾਮ ਨਾਲ ਲੱਭਣਾ ਸ਼ੁਰੂ ਕੀਤਾ ਤਾਂ ਦਿਮਾਗ਼ ਵਿਚ ਖਿਆਲ ਆਇਆ ਕਿ ਇਸਦੀ ਤਾਰੀਖ ਵੇਖਣੀ ਚਾਹੀਦੀ ਹੈ। ਜਦੋਂ ਤਾਰੀਖ ਵੇਖੀ ਤਾਂ ਉਹ 22 ਜੂਨ ਦਾ ਅਖ਼ਬਾਰ ਸੀ। ਉਸੇ ਵੇਲੇ ਅਖ਼ਬਾਰ ਇਕੱਠੀ ਕਰਕੇ ਉਸਦੇ ਅੱਗੇ ਰੱਖੀ ਤੇ ਕਿਹਾ "15 ਜੂਨ ਦੀ ਲਿਆਓ ਇਹ 22 ਜੂਨ ਦੀ ਹੈ।" ਉਹ ਜਾਣ ਬੁੱਝ ਕੇ 22 ਤਾਰੀਖ ਦੀ ਲਿਆਇਆ ਲੱਗਦਾ ਸੀ। ਕਿਉਂਕਿ ਇਕ ਮਿੰਟ ਬਾਅਦ ਹੀ ਉਹ 15 ਜੂਨ ਵਾਲੀ ਲੈ ਆਇਆ। ਉਸ ਵਿਚ ਉਹ ਇਸ਼ਤਿਹਾਰ ਹੈ ਸੀ। ਇਸੇ ਤਰ੍ਹਾਂ ਹੀ ਉਸ ਨੇ ਹੋਰ ਵੀ ਲੇਖਿਓਂ ਭੁਲੇਖਿਓਂ ਏਧਰ ਓਧਰ ਦੀਆਂ ਕਈ ਗੱਲਾਂ ਕੀਤੀਆਂ ਪਰ ਵਾਹਿਗੁਰੂ ਦੀ ਕ੍ਰਿਪਾ ਸੀ ਕਿ ਉਸ ਨੂੰ ਉਸਦਾ ਢੁਕਵਾਂ ਉਤਰ ਮਿਲਦਾ ਰਿਹਾ। ਇਸ ਦੌਰਾਨ ਉਸਨੇ ਪਤਾ ਨਹੀਂ ਤੰਬਾਕੂ ਵਾਲੇ ਦਸ ਕੁ ਪਾਨ ਤਾਂ ਖਾਧੇ ਹੀ ਹੋਣਗੇ। ਪਾਨ ਖਾਣ ਦਾ ਉਸਦਾ ਤਰੀਕਾ ਵੀ ਬੜਾ ਅਜੀਬ ਸੀ। ਪਾਨ ਮੂੰਹ ਵਿਚ ਰੱਖਣ ਲੱਗਾ, ਉਹ ਸਾਰਾ ਮੂੰਹ ਹੀ ਅੱਡ ਲੈਂਦਾ ਸੀ ਤੇ ਫਿਰ ਦਾੜ੍ਹਾਂ ਦੇ ਅਖੀਰ 'ਤੇ ਪਾਨ ਰੱਖਦਾ ਸੀ ਤੇ ਉਸ ਨੂੰ ਅੱਠ-ਦਸ ਵਾਰ ਛੋਟੀ ਛੋਟੀ ਚਬਾ ਕੇ ਉਸਦਾ ਥੁੱਕ ਸੁੱਟਦਾ ਸੀ, ਫਿਰ ਨਾਰਮਲ ਹੁੰਦਾ ਸੀ। ਪਰ ਥੁੱਕ ਬੜੀ ਵਾਰ ਸੁੱਟਦਾ ਸੀ। ਜਦੋਂ ਆਪ ਉਹ ਪਾਨ ਖਾਂਦਾ

ਤਾਂ ਮੇਰੇ ਲਈ ਉਹ ਚਾਹ ਜ਼ਰੂਰ ਮੰਗਵਾ ਲੈਂਦਾ। ਚਾਰ ਕੁ ਵਾਰ ਚਾਹ ਤਾਂ ਉਸ ਮੰਗਵਾਈ ਹੋਵੇਗੀ। ਇਹ ਮੀਟਿੰਗ ਬੜੀ ਲੰਬੀ ਸੀ। ਫਿਰ ਉਸ ਨੇ ਪੈਡ ਕੱਢਿਆ ਤੇ ਕਿਹਾ ਇਸ 'ਤੇ ਲਿਖ ਦਿਓ I want to go to Bombay ਤੇ ਏਸੇ ਤਰ੍ਹਾਂ ਹੀ ਕੁਝ ਹੋਰ ਲਿਖਵਾਇਆ। ਥੱਲੇ ਦਸਤਖਤ ਕਰਨ ਵਾਸਤੇ ਆਖਿਆ। ਜਦੋਂ ਦਸਤਖਤ ਕਰ ਦਿੱਤੇ ਤਾਂ ਨਾਲ ਹੀ ਮੈਂ ਉਸ ਦਿਨ ਦੀ ਤਾਰੀਖ ਵੀ ਪਾ ਦਿੱਤੀ। ਇਸ ਗੱਲ ਦਾ ਮਤਲਬ ਉਹ ਝੱਟ ਸਮਝ ਗਿਆ। ਤਾਰੀਖ ਪਾਉਣ ਦਾ ਮਤਲਬ ਸੀ ਕਿ ਉਸ ਦਿਨ ਮੈਂ ਰੀਮਾਂਡ ਵਿਚ ਸੀ ਤਾਂ ਕਿ ਉਸ ਕਾਗਜ਼ ਦੀ ਗਲਤ ਵਰਤੋਂ ਨਾ ਹੋਵੇ। ਉਸ ਨੇ ਕਿਹਾ "ਅਰੇ ਭਈਆ, ਅਪਨੇ ਦਸਤਖਤ ਕੋ ਕਾਟ ਦੋ, ਕਹੀਂ ਕੱਲ ਕੋ ਯਹ ਹੀ ਨਾ ਕਹਿ ਦੇਨਾਂ ਕਿ ਮੇਰੀ ਜਾਇਦਾਦ ਲਿਖ ਲੀ ਹੈ।" ਦਸਤਖਤ ਕੱਟ ਦਿੱਤੇ ਤਾਂ ਉਸਨੇ ਉਹ ਕਾਗਜ ਅਟੈਚੀ ਵਿਚ ਰੱਖ ਲਿਆ। ਏਧਰ ਉਧਰ ਦੇ ਹੋਰ ਕਈ ਸਵਾਲ ਪੁੱਛ ਕੇ ਉਸਨੇ ਆਪਣੇ ਸਟੈਨੋ ਨੂੰ ਲਿਖਵਾਏ। ਸਾਰੀ ਪੁੱਛਗਿੱਛ ਦੌਰਾਨ ਉਸਦੀ ਬੋਲੀ ਬਹੁਤ ਹੀ ਮਿੱਠੀ ਰਹੀ। ਆਪ ਤੋਂ ਬਗੈਰ ਨਹੀਂ ਸੀ ਬੋਲਦਾ, ਤਸੱਲੀ ਹੋ ਜਾਣ ਤੋਂ ਬਾਅਦ ਉਸ ਨੇ ਸਿਪਾਹੀਆਂ ਨੂੰ ਥੱਲੇ ਲੈ ਜਾਣ ਵਾਸਤੇ ਆਖਿਆ।

ਦੂਸਰੇ ਦਿਨ ਫਿਰ ਕੋਈ ਯਾਰਾਂ ਕੁ ਵਜੇ ਮੇਰੀ ਵਾਰੀ ਆਈ। ਅੱਖਾਂ ਖੋਲ੍ਹ ਦਿੱਤੀਆਂ ਤਾਂ ਇਕ ਕੁਰਸੀ ਬੈਠਣ ਵਾਸਤੇ ਅੱਗੇ ਕੀਤੀ ਗਈ। ਬੈਠਣ ਤੋਂ ਬਾਅਦ ਚਾਰ ਅਫ਼ਸਰਾਂ ਵਿਚੋਂ ਇਕ ਨੇ ਸਿੱਧਾ ਹੀ ਆਖਿਆ, "ਸਰਦਾਰ ਕੁਲਬੀਰ ਸਿੰਘ ਜੀ, ਦੇਖੋ ਅਗਰ ਤੁਸੀਂ ਸਾਰੀ ਗੱਲ ਸਾਡੇ ਪੱਲੇ ਨਾ ਪਾਈ ਤਾਂ ਤੁਹਾਨੂੰ ਕਿਸੇ ਪੁੱਛਗਿੱਛ ਕੇਂਦਰ (ਬੁੱਚੜ ਘਰ) ਵਿਚ ਭੇਜਣਾ ਸਾਡੀ ਮਜਬੂਰੀ ਹੋਵੇਗੀ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਹ ਨੌਬਤ ਨਾ ਆਉਣ ਦਿਓ। ਹੁਣ ਤੁਸੀਂ ਆਪਣੇ ਆਪ ਹੀ ਸਾਨੂੰ ਸਾਰੀ ਗੱਲ ਸਪੱਸ਼ਟ ਦੱਸੋ।"

"ਕੀ ਦੱਸਾਂ?" ਮੈਂ ਪੁਛਿਆ।

"ਏਹੋ ਹੀ, ਜੋ ਅਸੀਂ ਪੁੱਛਦੇ ਹਾਂ" ਅਫ਼ਸਰ ਨੇ ਆਖਿਆ।

"ਹਾਂ ਜੀ ਪੁਛੋ? ਮੈਂ ਤੁਹਾਨੂੰ ਠੀਕ ਠੀਕ ਉੱਤਰ ਦੇਈ ਜਾਵਾਂਗਾ"।

"ਨਹੀਂ, ਅੱਗੇ ਬਹੁਤ ਹੋ ਗਏ ਪ੍ਰਸ਼ਨ-ਉੱਤਰ, ਹੁਣ ਤਾਂ ਸਾਡੇ ਨਾਲ ਪੰਜਾਬੀ ਵਿਚ ਗੱਲ ਕਰਨ ਵਾਲੀ ਗੱਲ ਕਰੋ।"

"ਮੈਂ ਤਾਂ ਜੀ ਅੱਗੇ ਹੀ ਪੰਜਾਬੀ ਵਿਚ ਗੱਲ ਕਰਦਾ ਰਿਹਾ ਹਾਂ।"

"ਉਹ ਪੰਜਾਬੀ ਨਹੀਂ, ਸੱਚ ਦੱਸਣ ਵਾਲੀ ਪੰਜਾਬੀ।"

"ਹਾਂ ਫਿਰ ਦੱਸੋ?"

"ਕੀ?"

"ਜੋ ਮੈਂ ਕਿਹਾ ਹੈ", ਅਫ਼ਸਰ ਨੇ ਆਖਿਆ। ਹੁਣ ਉਸਦੀ ਗੱਲ ਹੀ ਏਸ ਕਿਸਮ ਦੀ ਸੀ ਕਿ ਹੋਰ ਕੋਈ ਗੱਲ ਕਰਨ ਦਾ ਫਾਇਦਾ ਹੀ ਨਹੀਂ ਸੀ। ਇਸ ਲਈ ਮੈਂ ਉਸਦੀਆਂ ਅੱਖਾਂ ਵਿਚ ਅੱਖਾਂ ਗੱਡ ਦਿੱਤੀਆਂ ਤੇ ਗੱਲ ਕੋਈ ਨਾ ਕੀਤੀ। ਉਸ ਨੇ ਫਿਰ ਅੱਖਾਂ ਥੱਲੇ ਕਰਕੇ ਕਿਹਾ, "ਫਿਰ ਮਜਬੂਰ ਕਰਦੇ ਹੋ ਤਸ਼ੱਦਦ ਕਰਨ ਲਈ।"

"ਮਜ਼ਬੂਰ ਤਾਂ ਨਹੀਂ ਕਰਦਾ, ਪਰ ਤੁਸੀਂ ਸੱਚ ਨੂੰ ਸੱਚ ਮੰਨਣ ਲਈ ਹੀ ਤਿਆਰ ਨਹੀਂ ਤਾਂ ਇਸ ਨੂੰ ਮੈਂ ਆਪਣੀ ਬਦਕਿਸਮਤੀ ਹੀ ਕਹਿ ਸਕਦਾ ਹਾਂ"।

"ਫਿਰ ਸਾਡੀ ਵੀ ਮਜਬੂਰੀ ਹੈ, ਅਸੀਂ ਤੁਹਾਨੂੰ ਇਕ ਘੰਟੇ ਦਾ ਸਮਾਂ ਦੇਂਦੇ ਹਾਂ, ਸੋਚ ਲਓ ਤੇ ਆ ਕੇ ਸੱਚ ਸੱਚ ਦੱਸ ਦਿਓ।"

"ਸੱਚ ਉਹ ਹੀ ਹੈ, ਜੋ ਮੈਂ ਅੱਗੇ ਦੱਸ ਚੁੱਕਾਂ ਹਾਂ, ਉਸ ਤੋਂ ਵੱਧ ਮੈਨੂੰ ਕੁਝ ਪਤਾ ਨਹੀਂ ਤੇ ਘੰਟਾ ਜਾਂ ਮਿੰਟਾਂ ਦਾ ਸਮਾਂ ਬੇਅਰਥ ਹੈ।" ਉਸਨੇ ਇਕ ਆਦਮੀ ਨੂੰ ਹੋਰ ਹੱਥਕੜੀ ਲਿਆਉਣ ਲਈ ਆਖਿਆ, ਉਹ ਲੈ ਆਇਆ ਤਾਂ ਪਹਿਲਾਂ ਵਾਂਗ ਹੀ ਮੇਰੇ ਹੱਥਾਂ ਨੂੰ ਹੱਥਕੜੀਆਂ ਮਾਰੀਆਂ ਗਈਆਂ, ਫਿਰ ਅੱਖਾਂ 'ਤੇ ਪੱਟੀ ਬੰਨੀ ਗਈ, ਇਹ ਕੰਮ ਬਹੁਤ ਹੀ ਹੌਲੀ ਹੌਲੀ ਕੀਤਾ ਗਿਆ ਤੇ ਵਿਚ ਵਿਚ ਪੁੱਛੀ ਵੀ ਜਾਣ, "ਅਜੇ ਵੀ ਦੱਸ ਦਿਓ, ਚੰਗੇ ਰਹਿ ਜਾਓਗੇ"। ਪਰ ਬੋਲਣ ਦਾ ਕੋਈ ਫਾਇਦਾ ਹੀ ਨਹੀਂ ਸੀ, ਇਸ ਲਈ ਮੈਂ ਅੱਗੋਂ ਕੋਈ ਜਵਾਬ ਨਾ ਦਿੱਤਾ ਤੇ ਅਡੋਲ ਸਭ ਕੰਮ ਹੁੰਦੇ ਰਹੇ। ਫਿਰ ਉਨ੍ਹਾਂ ਉਸੇ ਥਾਂ ਹੀ ਲਿਜਾ ਖੜਾ ਕੀਤਾ, ਅਗੇ ਵਾਂਗ ਹੀ ਸੰਗਲ ਟੰਗੇ ਤੇ ਅੱਖਾਂ ਖੋਲ੍ਹ ਦਿੱਤੀਆਂ। ਉਹ ਚਾਰੇ ਅਫਸਰ ਆ ਕੇ ਸਾਹਮਣੇ ਖਲੋ ਗਏ। ਇਕ ਨੇ ਚਾਕ ਲਿਆ ਤੇ ਪੈਰਾਂ ਦੁਆਲੇ ਦੋ ਗੋਲ ਚੱਕਰ ਵਾਹ ਦਿੱਤੇ। ਇਕ ਕੋਈ ਫੁੱਟ ਕੁ ਅਰਧ ਵਿਆਸ ਦਾ ਤੇ ਦੂਸਰਾ ਲੱਗਪੱਗ ਦੋ ਫੁੱਟ ਦਾ। ਫਿਰ ਕਿਹਾ, "ਪੈਰ ਇਨ੍ਹਾਂ ਚੱਕਰਾਂ ਦੇ ਵਿਚ ਰਹਿਣ, ਬਾਹਰ ਨਾ ਨਿਕਲਣ ਤੇ ਨਾ ਹੀਂ ਅੰਦਰ ਜਾਣ। ਜੇ ਅੱਗੇ ਪਿੱਛੇ ਹੋਏ ਤਾਂ ਫਿਰ ਡੰਡਾ ਵਰਤਣਾ ਪਵੇਗਾ।" ਇਸ ਵਾਰ ਹੱਥਕੜੀਆਂ ਕੁਝ ਤੰਗ ਕਰਕੇ ਬੰਨੀਆਂ ਗਈਆਂ ਸਨ। ਸਰੀਰ ਦਾ ਸਾਰਾ ਭਾਰ ਪੱਬਾਂ 'ਤੇ ਆਉਂਦਾ ਸੀ ਤੇ ਅੱਡੀਆਂ ਉਤਾਂਹ ਚੁੱਕੀਆਂ ਗਈਆਂ ਸਨ। ਚੱਕਰਾਂ ਦਾ ਸਿਆਪਾ ਇਹ ਪੈ ਗਿਆ ਕਿ ਮਾਨਸਿਕ ਤੌਰ 'ਤੇ ਦਿਮਾਗ 'ਤੇ ਉਨ੍ਹਾਂ ਦਾ ਅਸਰ ਹੋ ਰਿਹਾ ਸੀ। ਪੈਰ ਬਦੋਬਦੀ ਹਿੱਲ ਜਾਂਦੇ, ਕਦੀ ਬਾਹਰ ਚਲੇ ਜਾਂਦੇ ਤੇ ਕਦੇ ਜ਼ਿਆਦਾ ਹੀ ਅੰਦਰ ਵੱਲ ਹੋ ਜਾਂਦੇ। ਇਕ ਲੰਬਾ ਜਿਹਾ ਵਿਅਕਤੀ ਸ਼ਾਇਦ ਪੰਜਾਬ ਪੁਲਿਸ ਦਾ ਆਰਜੀ ਤੌਰ 'ਤੇ ਆਇਆ ਹੋਇਆ ਸੀ, ਉਸ ਦੇ ਹੱਥ ਵਿਚ ਮੋਟਾ ਸਾਰਾ ਬੈਂਤ ਦਾ ਡੰਡਾ ਸੀ। ਦੋ ਤਿੰਨ ਵਾਰ ਪੈਰ ਹਿਲੇ ਤਾਂ ਉਹ ਵੇਖਦਾ ਰਿਹਾ, ਬੇਧਿਆਨੀ ਵਿਚ ਪੈਰ ਫਿਰ ਹਿੱਲ ਗਏ ਤਾਂ ਉਸ ਨੇ ਗਿੱਟਿਆਂ 'ਤੇ ਜ਼ਮੀਨ ਨਾਲ ਘਸੜਾ ਘਸੜਾ ਕੇ ਦੋ ਸੋਟੇ ਉਸ ਗਿੱਟੇ 'ਤੇ ਤੇ ਦੋ ਦੂਸਰੇ ਗਿਟੇ 'ਤੇ ਮਾਰ ਦਿੱਤੇ। ਦਰਦ ਏਨੀ ਹੋਈ, ਜਿਸਦੀ ਕੋਈ ਹੱਦ ਨਹੀਂ ਸੀ। ਆਵਾਜ਼ ਵੀ ਇਸ ਤਰ੍ਹਾਂ ਆਈ ਜਿਵੇਂ ਇਹ ਡੰਡੇ ਕਿਸੇ ਬੰਦੇ ਦੇ ਨਹੀਂ ਮੱਝ ਦੇ ਗਿੱਟਿਆਂ 'ਤੇ ਵੱਜੇ ਹੋਣ। ਪੈਰ ਸੜੂੰ ਸੜੂੰ ਕਰਨ ਲੱਗ ਪਏ। ਪਰ ਮੂੰਹੋਂ ਆਵਾਜ਼ ਕੱਢਣੀ ਤਾਂ ਬੁਜ਼ਦਿਲੀ ਸੀ। ਕਸੀਸ ਵੱਟ ਕੇ ਪੀੜ ਜਰੀ। ਓਨੇ ਚਿਰ ਨੂੰ ਪੈਰ ਫੇਰ ਹਿੱਲ ਗਏ। ਉਸ ਨੇ ਫੇਰ ਦੋ ਦੋ ਡੰਡੇ ਮਾਰ ਦਿੱਤੇ। ਦਰਦ ਨਾਲ ਚੀਕਣ ਨੂੰ ਜੀਅ ਕਰੇ ਪਰ ਵਾਹਿਗੁਰੂ ਦਾ ਸ਼ੁਕਰ ਹੈ ਕਿ ਮੂੰਹ ਵਿਚੋਂ ਅਵਾਜ਼ ਨਾ ਨਿਕਲੀ। ਹੁਣ ਹਾਲਤ ਬੜੀ ਅਜੀਬ ਸੀ। ਪੰਜੇ ਵੀ ਥੱਕ ਗਏ ਸਨ, ਉਤੋਂ ਖਿਚਿਆਂ ਥੱਲੇ ਵੱਲ ਬਾਹਵਾਂ ਹੋਰ ਨਹੀਂ ਸਨ ਹੁੰਦੀਆਂ। ਇਸ ਕਰਕੇ ਅੱਡੀਆਂ ਜ਼ਮੀਨ 'ਤੇ ਲੱਗਦੀਆਂ ਨਹੀਂ ਸਨ, ਜੇ ਅੱਡੀਆਂ ਲੱਗਦੀਆਂ ਸਨ ਤਾਂ ਗੁੱਟ ਖਿੱਚੇ ਜਾਂਦੇ ਸਨ। ਇਸ ਨਾਲੋਂ ਤਾਂ ਇਹ ਹੀ ਚੰਗਾ ਸੀ ਕਿ ਅੱਖਾਂ 'ਤੇ ਪੱਟੀ ਬੱਝੀ ਰਹਿੰਦੀ। ਗੁੱਟ ਖਿੱਚੇ ਗਏ ਸਨ, ਫੋੜਿਆਂ ਵਾਂਗ ਦੁਖਦੇ ਤਾਂ ਅੱਗੇ ਹੀ ਸਨ, ਮੋਢਿਆਂ ਵਿਚੋਂ ਬੜੀ ਅਜੀਬ ਜਿਹੀ ਦਰਦ ਨਿਕਲ ਰਹੀ ਸੀ ਤੇ ਸਹਿਣ ਕਰਨੀ ਔਖੀ ਸੀ। ਏਨੇ ਨੂੰ ਇਕ ਹੋਰ ਅਫ਼ਸਰ, ਜੋ ਅੱਗੇ ਨਹੀਂ ਸੀ ਬੋਲਿਆ, ਦੋ ਕਦਮ ਅੱਗੇ ਆ ਗਿਆ ਤੇ ਪੁਛਿਆ "ਹੁਣ ਆਇਆ ਕੁਝ ਚੇਤਾ?"

"ਨਹੀਂ", ਜਵਾਬ ਮਿਲਿਆ।

"ਹੁਣੇ ਖੁਲਵਾ ਦੇਂਦੇ ਆ, ਸਿਰਫ ਇਹ ਦੱਸ ਦਿਓ ਕਿ ਕਿਸ ਕਿਸ ਨੂੰ ਪਨਾਹ ਦੇਂਦੇ ਰਹੇ ਹੋ"।

"ਪਨਾਹ ਤਾਂ ਪਨਾਹਗੀਰਾਂ ਨੂੰ ਦਿੱਤੀ ਜਾਂਦੀ ਹੈ, ਮੇਰਾ ਘਰ ਕੋਈ ਰਫਿਊਜੀ ਕੈਂਪ ਨਹੀਂ ਸੀ, ਤੁਸੀਂ ਖੁਲ੍ਹਵਾਓ ਤੇ ਭਾਵੇਂ ਨਾ, ਸੱਚ ਨੇ ਤਾਂ ਸੱਚ ਹੀ ਰਹਿਣਾ ਹੈ।" ਇਹ ਜੁਆਬ ਸੁਣ ਕੇ ਉਹ ਮੂਰਖਾਂ ਵਾਂਗ ਹੱਸਣ ਲੱਗ ਪਏ। ਫੇਰ ਇਕ ਹੋਰ ਬੋਲਿਆ "ਅਜੇ ਤਾਂ ਸਾਰੇ ਵੀਹ ਮਿੰਟ ਹੀ ਹੋਏ ਹਨ" ਤੇ ਨਾਲ ਹੀ ਉਸ ਘੜੀ ਵੇਖੀ। ਐਸ ਵਾਰੀ ਪਹਿਲੀ ਵਾਰ ਨਾਲੋਂ ਜਿਆਦਾ ਤੰਗੀ ਸੀ, ਖਲੋਣਾ ਮੁਸ਼ਕਲ ਹੋ ਗਿਆ ਸੀ, ਦਰਦ ਨਾਲ ਸਰੀਰ ਟੁੱਟਣ ਲੱਗ ਪਿਆ, ਮੌਰ ਦਰਦ ਨਾਲ ਭਰ ਗਏ, ਲੱਤਾਂ ਆਕੜ ਗਈਆਂ, ਸਾਰਾ ਸਰੀਰ ਹੀ ਤਿੜਕਣ ਲੱਗ ਪਿਆ। ਇਕ ਵਾਰ ਖਿਆਲ ਆਇਆ ਕਿ ਇਸ ਤਰ੍ਹਾਂ ਤਾਂ ਬੰਦਾ ਮਰ ਵੀ ਸਕਦਾ ਹੈ, ਅਣਿਆਈ ਮੌਤ ਹੋਵੇਗੀ ਪਰ ਫੇਰ ਨਾਲ ਹੀ ਇਕ ਸੀਨ ਯਾਦ ਆ ਗਿਆ, ਫਿਲਮ ਵਾਂਗ ਰੀਲ ਅੱਖਾਂ ਅੱਗੇ ਘੁੰਮ ਗਈ। ਹਵਾਲਾਤ ਦੇ ਬਾਹਰ ਤੇ ਅੰਦਰ ਬੈਠੇ ਪਿਓ ਪੁੱਤ ਦੀਆਂ ਗੱਲਾਂ ਯਾਦ ਆਈਆਂ ਤਾਂ ਆਪਣੇ ਆਪ 'ਤੇ ਲਾਹਨਤ ਪਾਉਣ ਨੂੰ ਜੀਅ ਕਰੇ ਕਿ ਇਹ ਸੋਚ ਹੀ ਕਿੱਦਾਂ ਲਿਆ। ਔਖਿਆਂ ਸੁਖਾਲਿਆਂ ਵੀਹ ਕੁ ਮਿੰਟ ਹੋਰ ਲੰਘ ਗਏ। ਉਹ ਅਫ਼ਸਰ ਸਾਰੇ ਬਰਾਬਰ ਕੋਲ ਖੜੇ ਸਨ। "ਕਿਉਂ ਹੁਣ ਫਿਰ ਕੀ ਵਿਚਾਰ ਹੈ? ਅੱਜੇ ਤਾਂ ਚਾਲ੍ਹੀ ਮਿੰਟ ਹੀ ਹੋਏ ਹਨ, ਸ਼ਾਮ ਕਦੋਂ ਪੈਣੀ ਹੈ। ਜੋ ਕੁਝ ਵੀ ਪਤਾ ਹੈ ਦੱਸ ਦਿਓ"। ਜਬਾਨ ਤੋਂ ਫਿਰ ਵੀ ਨਾਂਹ ਸੀ। "ਜਦੋਂ ਕਿਸੇ ਗੱਲ ਦਾ ਪਤਾ ਹੀ ਨਹੀਂ ਤਾਂ ਦੱਸੀਏ ਕੀ?"

ਫਿਰ ਸਰੀਰ ਢਿੱਲਾ ਹੋਣ ਲੱਗ ਪਿਆ। ਲੱਤਾਂ ਭਾਰ ਚੁੱਕਣ ਤੋਂ ਇਨਕਾਰੀ ਹੋ ਗਈਆਂ। ਪੰਜੇ ਇਸ ਤਰ੍ਹਾਂ ਸਨ, ਜਿਵੇਂ ਨਾਲ ਹੁੰਦੇ ਹੀ ਨਹੀਂ। ਕੁਝ ਗੁੱਸਾ ਜਿਹਾ ਵੀ ਮਨ ਵਿਚ ਆਇਆ। ਪੂਰਾ ਜ਼ੋਰ ਲਾ ਕੇ ਪੰਜਿਆਂ ਨੂੰ ਜਾਣ ਕੇ ਹਿਲਾਇਆ ਤਾਂ ਲੱਤਾਂ ਬਾਹਰ ਵੱਲ ਨੂੰ ਹੋ ਗਈਆਂ। ਪੰਜੇ ਲਕੀਰ ਤੋਂ ਕਿੰਨਾ ਅੱਗੇ ਟੱਪ ਗਏ। ਡੰਡੇ ਵਾਲੇ ਨੇ ਫੇਰ ਆਪਣਾ ਕੰਮ ਕੀਤਾ ਪਰ ਪੈਰ ਹਿੱਲ ਹੁੱਲ ਕੇ ਉਥੇ ਹੀ ਰਹੇ। ਡੰਡਿਆਂ ਦੀ ਸੱਟ ਵੀ ਪਹਿਲਾਂ ਨਾਲੋਂ ਕੁਝ ਘੱਟ ਲੱਗੀ। ਬਾਹਾਂ ਬਿਲਕੁਲ ਸੌਂ ਗਈਆਂ ਸਨ। ਉਸ ਨੇ ਡੰਡੇ ਨਾਲ ਪੈਰਾਂ ਨੂੰ ਧੱਕ ਕੇ ਥਾਂ ਸਿਰ ਕਰ ਦਿੱਤਾ ਪਰ ਬਹੁਤਾ ਚਿਰ ਉਹ ਫਿਰ ਇਕ ਥਾਂ ਨਾ ਰਹਿ ਸਕੇ ਤੇ ਐਸ ਵਾਰੀ ਅੰਦਰ ਵੱਲ ਨੂੰ ਹੋ ਗਏ। ਜਦੋਂ ਉਹ ਫੇਰ ਮਾਰਨ ਲੱਗਾ ਤਾਂ ਇਕ ਅਫ਼ਸਰ ਨੇ ਹੱਥ ਨਾਲ ਉਸ ਨੂੰ ਰੋਕ ਦਿੱਤਾ। ਫਿਰ ਉਸ ਨੇ ਬਿਲਕੁਲ ਨੇੜੇ ਆ ਕੇ ਇਸ ਤਰ੍ਹਾਂ ਗੱਲ ਕੀਤੀ, ਜਿਵੇਂ ਕੋਈ ਖੁਸ਼ਖਬਰੀ ਦੱਸਣ ਆਇਆ ਹੋਵੇ। ਉਸ ਹਮਦਰਦੀ ਜਤਾਉਂਦੇ ਹੋਏ ਨੇ ਕਿਹਾ, "ਸਰਦਾਰ ਜੀ, ਕਿੱਡੇ ਅਫਸੋਸ ਦੀ ਗੱਲ ਹੈ ਕਿ ਅਸੀਂ ਤੁਹਾਨੂੰ ਕੋਲ ਖਲੋ ਕੇ ਮਰਵਾ ਰਹੇ ਹਾਂ। ਸੱਚ ਪੁੱਛੋ ਤਾਂ ਮੇਰਾ ਦਿਲ ਬੈਠਦਾ ਜਾਂਦਾ ਹੈ। ਤੁਸੀਂ ਪੜ੍ਹੇ ਲਿਖੇ ਹੋ, ਸਮਝਦਾਰ ਤੇ ਅਮੀਰ ਆਦਮੀ ਹੋ, ਤੁਹਾਨੂੰ ਜੋ ਕੁਝ ਪਤਾ ਹੈ ਤਾਂ ਦੱਸ ਕੇ ਸਿਆਪਾ ਕਿਉਂ ਨਹੀਂ ਨਬੇੜਦੇ? ਕਿਉਂ ਐਵੇਂ ਗਿੱਟੇ ਭਨਵਾਈ ਜਾਂਦੇ ਓ? ਆਪਣੇ ਗਿੱਟਿਆਂ ਦਾ ਹਾਲ ਤਾਂ ਵੇਖੋ। ਮੈਂ ਸ਼ਰਤ ਲਾ ਕੇ ਕਹਿ ਸਕਦਾਂ ਹਾਂ ਕਿ ਤੁਸੀਂ ਕਦੇ ਥਾਣੇ ਵੀ ਨਹੀਂ ਗਏ, ਹਵਾਲਾਤ ਵੀ ਨਹੀਂ ਕੱਟੀ ਤੇ ਨਾ ਹੀ ਕਦੀ ਕੁੱਟ ਖਾਧੀ ਹੈ। ਤੁਹਾਨੂੰ ਪਤੈ, ਪੁਲਿਸ ਦੀ ਮਾਰ ਤਾਂ ਕੰਧਾਂ ਕੰਬਾ ਦੇਂਦੀ ਹੈ, ਤੁਸੀਂ ਮੂੰਹੋਂ ਬੋਲਣ ਦੀ ਸੌਂਹ ਖਾ ਲਈ ਹੈ? ਮੈਂ ਤੁਹਾਨੂੰ ਅਜੇ ਵੀ ਬਚਾ ਸਕਦਾ ਹਾਂ ਤੇ ਤੁਹਾਡੇ ਨਾਲ ਲਿਖਤੀ ਵਾਅਦਾ ਕਰ ਸਕਦਾ ਹਾਂ ਕਿ ਬੰਦਿਆਂ ਦਾ ਨਾਂ ਦੱਸ ਦੇਣ 'ਤੇ ਤੁਹਾਨੂੰ ਉਸੇ ਵੇਲੇ ਛੱਡ ਦਿੱਤਾ ਜਾਵੇਗਾ। ਹੁਣ ਦੱਸੋ, ਤੁਸੀਂ ਅਜੇ ਵੀ ਨਾਂਹ ਹੀ ਕਰ ਦਿਓਗੇ ਜਾਂ ਆਪਣੀ ਜਾਨ ਛੁਡਾਉਣ ਦੀ ਗੱਲ ਕਰੋਗੇ?"

"ਮੈਂ ਹੁਣ ਵੀ ਨਾਂਹ ਹੀ ਕਰਾਂਗਾ, ਕਿਉਂਕਿ ਮੈਨੂੰ ਕੁਝ ਪਤਾ ਹੀ ਨਹੀਂ।" ਇਹ ਗੱਲ

ਮੈਂ ਮੂੰਹੋਂ ਕਸੀਸ ਵੱਟ ਕੇ ਕਹੀ। ਕਿਉਂਕਿ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਲੱਕਵਾ ਹੋ ਗਿਆ ਹੋਵੇ ਤੇ ਮੂੰਹ ਵਿੰਗਾ ਹੋ ਗਿਆ ਹੋਵੇ। ਹੁਣ ਬੋਲਣ ਵਿਚ ਵੀ ਕਠਨਾਈ ਆ ਰਹੀ ਸੀ। ਉਹ ਅਫ਼ਸਰ ਪਿਛੇ ਹਟ ਗਿਆ ਤੇ ਡੰਡੇ ਵਾਲਾ ਅੱਗੇ ਆ ਗਿਆ, "ਲਉ ਸਰਦਾਰ ਜੀ, ਜੇ ਤੁਸੀਂ ਭਲਮਾਣਸੀ ਨਹੀਂ ਮੰਨਦੇ ਤਾਂ ਹੁਣ ਹਲਾ ਕੇ ਵਿਖਾਓ ਪੈਰ।" ਇਹ ਸੁਣਦਿਆਂ ਹੀ ਮੈਨੂੰ ਏਨਾ ਗੁੱਸਾ ਆ ਗਿਆ ਕਿ ਮੈਂ ਕਿਹਾ "ਲੈ ਆਹ ਫੜ ਫੇਰ" ਤੇ ਪੈਰ ਜਾਣ ਬੁੱਝ ਕੇ ਔਖਿਆ ਹੋ ਕੇ ਹਿਲਾ ਦਿੱਤੇ। ਇਹ ਤਾਂ ਹੁਣ ਉਸ ਨੂੰ ਸਿੱਧੀ ਹੀ ਚੁਣੌਤੀ ਸੀ। ਉਸ ਨੇ ਐਸ ਵਾਰੀ ਗਿੱਟਿਆਂ ਦੀ ਥਾਂ ਪਿੰਨੀਆਂ 'ਤੇ ਇਕ ਇਕ ਸੋਟਾ ਮਾਰਿਆ ਪਰ ਕੋਈ ਖਾਸ ਪੀੜ ਨਾ ਹੋਈ ਤੇ ਸਗੋਂ ਮਗਰੋਂ ਮਿੱਠੀ ਮਿੱਠੀ ਝਰਨਾਹਟ ਜਿਹੀ ਛਿੜ ਪਈ। ਪਰ ਸਾਹਮਣੇ ਖਲੋਤਾ ਇਕ ਅਫ਼ਸਰ ਕੁਝ ਘਬਰਾਅ ਗਿਆ ਤੇ ਉਸ ਨੂੰ ਕਿਹਾ "ਜਲਦੀ ਕਰ, ਏਥੇ ਹੱਥਾਂ ਨਾਲ ਮਲ ਦੇ"। ਫਿਰ ਦੂਸਰਾ ਅਫ਼ਸਰ ਵੀ ਕੋਲ ਆਇਆ ਤੇ ਉਸ ਨੇ ਵੀ ਕਿਹਾ "ਜਲਦੀ ਕਰ ਇਕ ਦੋ ਆਦਮੀ ਹੋਰ ਬੁਲਾ, ਨਾਲੇ ਖੋਲ੍ਹ ਦੇ ਉਪਰੋਂ"। ਫਿਰ ਉਸ ਨੇ ਅਹਿਸਾਨ ਜਤਾਉਂਦੇ ਹੋਏ ਨੇ ਕਿਹਾ, "ਲਓ ਸਰਦਾਰ ਜੀ, ਅਸੀਂ ਤਾਂ ਧਰਮ ਨਾਲ ਤੁਹਾਡਾ ਦੁੱਖ ਨਹੀਂ ਵੇਖ ਸਕਦੇ, ਹੁਣ ਤੁਹਾਨੂੰ ਖੁਲ੍ਹਵਾ ਦਿੱਤਾ ਹੈ ਪਰ ਹੁਣ ਤੁਸੀਂ ਸਾਡੀ ਲਾਜ ਰਖਿਓ"। ਸਾਲੇ ਅਜੇ ਵੀ ਆਸ ਲਾਈ ਬੈਠੇ ਸਨ।

ਇਸ ਵਾਰੀ ਥੋੜੇ ਸਮੇਂ ਲਈ ਬੰਨਿਆ ਸੀ, ਇਸ ਲਈ ਛਾਤੀ ਵਿਚ ਦਰਦ ਘੱਟ ਹੋਇਆ ਸੀ, ਜ਼ਿਆਦਾ ਮੋਢੇ ਤੇ ਵੱਖੀਆਂ ਦੁਖਦੀਆਂ ਸਨ, ਜਾਂ ਲੱਤਾਂ ਦੁਖਦੀਆਂ ਸਨ। ਬਾਹਾਂ ਦੇ ਜੋੜ ਇਸ ਤਰੀਕੇ ਨਾਲ ਜੜ੍ਹ ਹੋ ਗਏ ਸਨ ਕਿ ਬਾਹਾਂ ਥੱਲੇ ਕੀਤਿਆਂ ਜੋੜਾਂ ਤੋਂ ਮੁੜਦੀਆਂ ਨਹੀਂ ਸਨ। ਹੱਥਕੜੀਆਂ ਦੇ ਕੱਸਾ ਵਾਲਾ ਹੱਥਾਂ ਦਾ ਥਾਂ ਨੀਲਾ ਹੋ ਗਿਆ ਸੀ। ਦੋਹਾਂ ਲੱਤਾਂ 'ਤੇ ਸੋਜ ਪੈ ਗਈ ਸੀ। ਪਿੰਨੀਆਂ ਉੱਤੇ ਲਾਸਾਂ ਦੇ ਵੱਡੇ ਵੱਡੇ ਨਿਸ਼ਾਨ ਉਭਰ ਆਏ ਸਨ, ਗਿੱਟੇ ਪਾਥੀਆਂ ਵਰਗੇ ਹੋ ਗਏ ਸਨ ਤੇ ਪੰਜਿਆਂ 'ਤੇ ਵੀ ਸੋਜ ਆ ਗਈ ਸੀ। ਬਾਹਾਂ ਵਿਚ ਝਰਨਾਹਟ ਜਿਹੀ ਛਿੜ ਗਈ, ਜਿਵੇਂ ਕੀੜੀਆਂ ਤੁਰਦੀਆਂ ਹਨ। ਇਕ ਅਫ਼ਸਰ ਨੇ ਹਮਦਰਦੀ ਜਤਾਉਂਦੇ ਹੋਏ ਨੇ ਆਖਿਆ, "ਕਮਰੇ ਵਿਚ ਘੁੰਮੋ ਫਿਰੋ ਠੀਕ ਹੋ ਜਾਏਗਾ"। ਫਿਰਿਆਂ ਤਾਂ ਨਹੀਂ ਸੀ ਜਾਂਦਾ ਪਰ ਫਿਰ ਵੀ ਤੁਰਨ ਨਾਲ ਤੇ ਫੇਰ ਲੱਤਾਂ ਨੂੰ ਕੁਰਸੀ ਦੇ ਪਿੱਛੇ ਤੇ ਉਚਿਆਂ ਰੱਖ ਕੇ, ਦੂਸਰੀ ਕੁਰਸੀ 'ਤੇ ਬੈਠੇ ਰਹਿਣ ਨਾਲ ਕੋਈ ਘੰਟੇ ਕੁ ਵਿਚ ਸੋਜ ਉੱਤਰ ਗਈ। ਇਸ ਦੌਰਾਨ ਦੋ ਵਾਰ ਗਰਮ ਚਾਹ ਤੇ ਮੱਠੀਆਂ ਆਈਆਂ। ਪਹਿਲੀ ਵਾਰ ਤਾਂ ਹੱਥ ਮਾਰ ਕੇ ਚਾਹ ਪਰੇ ਸੁੱਟ ਦਿੱਤੀ। ਪਰ ਉਨ੍ਹਾਂ ਢੀਠ ਅਫ਼ਸਰਾਂ ਨੇ ਉੱਕਾ ਗੁੱਸਾ ਨਾ ਕੀਤਾ ਤੇ ਹੋਰ ਮੰਗਵਾ ਲਈ। ਫੇਰ ਇਕ ਨੇ ਬੜੇ ਮਾਣ ਜਿਹੇ ਨਾਲ ਆਖਿਆ "ਸਰਦਾਰ ਸਾਹਿਬ, ਹੁਣ ਨਾ ਡੋਲਿਓ, ਇਹ ਮੈਂ ਆਪਣੇ ਪੈਸਿਆਂ ਦੀ ਮੰਗਵਾਈ ਹੈ, ਸਰਕਾਰੀ ਨਹੀਂ, ਨਾਲੇ ਤੁਸੀਂ ਸਾਡੇ ਭਰਾ ਹੋ, ਸਾਲੀ ਨੌਕਰੀ ਹੈ, ਕੀ ਕਰੀਏ"। ਪਰ ਮੈਂ ਸਮਝਦਾ ਸੀ ਕਿ ਇਹ ਸਭ ਇਨ੍ਹਾਂ ਦੇ ਪਖੰਡ ਹਨ ਤੇ ਇਨ੍ਹਾਂ 'ਤੇ ਇਤਬਾਰ ਕਰਨ ਵਾਲੀ ਕੋਈ ਗੱਲ ਹੀ ਨਹੀਂ। ਠੀਕ ਹੋ ਜਾਣ ਤੋਂ ਬਾਅਦ ਅੱਖਾਂ 'ਤੇ ਪੱਟੀ ਬੰਨੀ ਅਤੇ ਥੱਲੇ ਵਾਪਸ ਭੇਜ ਦਿੱਤਾ। ਲੱਤ 'ਤੇ ਪਈ ਹੋਈ ਲਾਸ ਵੀ ਮਲੀ ਜਾਣ ਨਾਲ ਠੀਕ ਹੋ ਗਈ ਸੀ। ਥੱਲੇ ਸਾਥੀਆਂ ਨੇ ਫੇਰ ਪੁਛਿਆ ਕੋਈ ਖਾਸ ਗੱਲ ਪੁਛੀ ਹੋਵੇ? "ਨਹੀਂ", ਦਾ ਸੰਖੇਪ ਜਿਹਾ ਜਵਾਬ ਦਿੱਤਾ ਤੇ ਮੈਂ ਲੰਮਾ ਪੈ ਗਿਆ।

ਇਸ ਤੋਂ ਬਾਅਦ ਇਕ ਨੌਜਵਾਨ ਦੀ ਵਾਰੀ ਸੀ। ਉਸ ਨੂੰ ਗਏ ਨੂੰ ਘੰਟਾ ਕੁ ਹੋ

ਗਿਆ ਤਾਂ ਮੈਨੂੰ ਫੇਰ ਸੱਦ ਲਿਆ ਗਿਆ। ਉਪਰ ਗਏ ਤੇ ਅੱਖਾਂ ਤੋਂ ਪੱਟੀ ਖੋਲ੍ਹਣ 'ਤੇ ਅੱਗੇ ਅਜੀਬ ਨਜ਼ਾਰਾ ਸੀ। ਉਸ ਮੁੰਡੇ ਨੂੰ ਪੁੱਠਾ ਲਟਕਾਇਆ ਹੋਇਆ ਸੀ ਤੇ ਉਹ ਰੋ ਰਿਹਾ ਸੀ। ਕੱਪੜੇ ਵੀ ਉਸਦੇ ਸਾਰੇ ਲਾਹੇ ਹੋਏ ਸਨ। ਸਿਰਫ ਤੇੜ ਕੱਛਾ ਹੀ ਸੀ। ਮੰਜੇ ਨੂੰ ਖੜਾ ਕਰਕੇ ਉਸ ਦੇ ਪਾਵਿਆਂ 'ਤੇ (ਲੋਹੇ ਦੀ ਪਾਈਪ ਦਾ ਮੰਜਾ ਸੀ) ਇਕ ਪਾਈਪ ਪਾ ਕੇ ਮੁੰਡੇ ਦੀਆਂ ਬਾਹਵਾਂ ਲੱਤਾਂ ਨਾਲ ਬੰਨੀਆਂ ਹੋਈਆਂ ਸਨ ਤੇ ਵਿਚੋਂ ਦੀ ਪਾਈਪ ਪਾਇਆ ਹੋਇਆ ਸੀ। ਕਈ ਵਾਰ ਉਸ ਨੂੰ ਘੁੰਮਾ ਵੀ ਦੇਂਦੇ ਸਨ। ਮੈਨੂੰ ਵਿਖਾਉਣ ਦਾ ਮਕਸੱਦ ਇਹ ਸੀ ਕਿ ਇਸ ਨੂੰ ਵੇਖ ਕੇ ਡਰ ਜਾਵੇਗਾ ਤੇ ਸਭ ਕੁਝ ਦੱਸ ਦੇਵੇਗਾ। ਇਕ ਅਫ਼ਸਰ ਨੇ ਕਿਹਾ, "ਇਹ ਹਾਲ ਹੋਵੇਗਾ ਤਾਂ ਫਿਰ ਚੰਗਾ ਹੈ? ਸਿੱਧਾ ਹੋ ਕੇ ਦੱਸਦਾ ਕਿਉਂ ਨਹੀਂ?" "ਜੇ ਪਤਾ ਹੀ ਨਾ ਹੋਵੇ ਤਾਂ ਦੱਸ ਕੀ ਦਿਆ?" ਅੱਗੋਂ ਜਵਾਬ ਵੀ ਬੜਾ ਰੁੱਖਾ ਸੀ ਤੇ ਉਸ ਨੂੰ ਇਸਦੀ ਉੱਕਾ ਆਸ ਨਹੀਂ ਸੀ। "ਠੀਕ ਹੈ ਲੈ ਚਲੋ, ਉਸੇ ਕਮਰੇ ਵਿਚ" ਉਸ ਨੇ ਇਕ ਸਿਪਾਹੀ ਜਿਹੇ ਨੂੰ ਕਿਹਾ ਤੇ ਮੈਨੂੰ ਉਸ ਕਮਰੇ ਵਿਚ ਲਿਜਾ ਕੇ ਉਸ ਨੇ ਖੜ੍ਹਾ ਕਰ ਦਿੱਤਾ। ਫਿਰ ਉਹ ਅਫ਼ਸਰ ਆਪ ਆਇਆ ਤੇ ਕਿਹਾ, "ਹੱਥਕੜੀਆਂ ਖੁੱਲੀਆਂ ਕਰਕੇ ਬੰਨ ਦੇ।" ਐਸ ਵਾਰੀ ਬਾਹਵਾਂ ਤਾਂ ਉਪਰ ਕਰਵਾ ਦਿੱਤੀਆਂ ਪਰ ਹੱਥਕੜੀਆਂ ਗਿੱਠ ਗਿੱਠ ਢਿੱਲੀਆਂ ਰੱਖੀਆਂ। ਬਾਹਵਾਂ ਉਪਰ ਕੀਤਿਆਂ ਸੰਗਲ ਢਿੱਲੇ ਸਨ। "ਬਾਹਵਾਂ ਥੱਲੇ ਨਾ ਹੋਣ, ਮੈਂ ਬਾਰ ਬਾਰ ਦੱਸਣ ਦਾ ਆਦੀ ਨਹੀਂ, ਸਮਝ ਗਏ ਨਾ?" ਅਫ਼ਸਰ ਦੀ ਅਵਾਜ਼ ਕੁਰੱਖਤ ਸੀ।

ਪਰ ਬਹੁਤ ਦੇਰ ਬਾਹਵਾਂ ਵੀ ਬਗੈਰ ਕਿਸੇ ਆਸਰੇ ਦੇ ਉੱਚੀਆਂ ਨਾ ਰਹਿ ਸਕੀਆਂ ਤੇ ਥੱਕ ਕੇ ਬਦੋਬਦੀ ਥੱਲੇ ਨੂੰ ਆ ਗਈਆਂ। ਬਹੁਤ ਕੋਸ਼ਿਸ਼ ਕਰਨ 'ਤੇ ਵੀ ਬਾਹਵਾਂ ਉਪਰ ਨੂੰ ਨਹੀਂ ਸਨ ਉਠਦੀਆਂ। ਉਹ ਅਫ਼ਸਰ ਪਰ੍ਹੇ ਖੜਾ ਸਭ ਕੁਝ ਵੇਖੀ ਜਾ ਰਿਹਾ ਸੀ ਪਰ ਕਰ ਕੁਝ ਨਹੀਂ ਸੀ ਰਿਹਾ। ਫਿਰ ਦੂਸਰੇ ਕਮਰੇ ਵਿਚੋਂ ਇਕ ਬੇਵਕੂਫ ਕਿਸਮ ਦਾ ਪੰਜਾਬੀ ਹਿੰਦੂ ਆਇਆ। ਪਤਾ ਨਹੀਂ, ਉਹ ਕਿਸ ਰੈਂਕ ਦਾ ਸੀ ਪਰ ਅਫ਼ਸਰ ਨਹੀਂ ਸੀ। ਉਸ ਨੇ ਹੱਥ ਵਾਲਾ ਡੰਡਾ ਸੰਗਲਾਂ 'ਤੇ ਮਾਰਿਆ ਤੇ ਕਿਹਾ "ਉੱਚਾ ਕਰ" ਮੈਂ ਕੁਝ ਨਾ ਬੋਲਿਆ। ਫਿਰ ਉਸ ਨੇ ਪਿੰਨੀਆਂ 'ਤੇ ਸੋਟੇ ਮਾਰਨੇ ਸ਼ੁਰੂ ਕਰ ਦਿੱਤੇ। ਕੋਈ ਚਾਰ-ਚਾਰ, ਪੰਜ-ਪੰਜ ਸੋਟੇ ਪਿੰਨੀਆਂ 'ਤੇ ਮਾਰੇ ਤੇ ਕਿਹਾ "ਦੱਸਣਾ ਵੀ ਨਹੀਂ ਤੇ ਬਾਹਵਾਂ ਵੀ ਉੱਚੀਆਂ ਨਹੀਂ ਕਰਨੀਆਂ, ਦੋ ਗੱਲਾਂ ਇਕੱਠੀਆਂ ਈ ਕਿਵੇਂ ਹੋਣਗੀਆਂ, ਦੱਸ ਦੇ ਹੁਣੇ ਲਾਹ ਦੇਂਦੇ ਆਂ, ਪੰਜਾਬ ਵਿਚ ਬੰਦੇ ਮਾਰਨੇ ਈ ਸੌਖੇ ਆ?" ਮੈਂ ਬਹੁਤ ਗੁੱਸੇ ਵਿਚ ਆ ਕੇ ਬੋਲਿਆ "ਤੇਰਾ ਕੌਣ ਮਰ ਗਿਆ ਹੈ, ਮੇਰੇ ਹੱਥੋਂ?" "ਤੇ ਜਿਹੜੀ ਪਾਰਲੀਮੈਂਟ ਉਡਾਉਣੀ ਸੀ, ਉਹ! ਨੌ ਹਜ਼ਾਰ ਬੰਦਾ ਮਰਨਾ ਸੀ, ਜੇ ਉੱਡ ਜਾਂਦੀ ਤੇ"। "ਪਾਰਲੀਮੈਂਟ ਵਿਚ ਤੇਰਾ ਕੋਈ ਰਿਸ਼ਤੇਦਾਰ ਐਮ.ਪੀ. ਹੈਗਾ ਸੀ? ਤੇ ਨਾਲੇ ਨੌ ਹਜ਼ਾਰ ਬੰਦਾ ਮਰਨਾ ਸੀ, ਕੀ ਗਲ ਪਾਰਲੀਮੈਂਟ ਵਿਚ ਮੇਲਾ ਲਗਾ ਹੋਇਆ ਸੀ, ਨੌ ਹਜ਼ਾਰ ਬੰਦੇ ਨੇ ਓਥੇ ਲੈਣ ਕੀ ਜਾਣਾ ਸੀ?" (ਪਰ ਬਾਅਦ ਵਿਚ ਮੈਨੂੰ ਇਹ ਸੁਣ ਕੇ ਬੜੀ ਹੈਰਾਨੀ ਹੋਈ ਕਿ ਪਾਰਲੀਮੈਂਟ ਵਿਚ ਸੱਚਮੁੱਚ ਹੀ ਨੌ ਹਜ਼ਾਰ ਬੰਦਾ ਦਫਤਰੀ ਕੰਮ ਕਰਦਾ ਹੈ) ਇਸ ਤਕਰਾਰ ਨੂੰ ਪਰ੍ਹੇ ਖੜਾ ਅਫ਼ਸਰ ਸੁਣ ਰਿਹਾ ਸੀ, ਉਸ ਕੋਲੋਂ ਨਾ ਰਿਹਾ ਗਿਆ। ਉਹ ਨੇੜੇ ਆਇਆ ਤੇ ਉਸ ਨੇ ਉਸ ਆਦਮੀ ਨੂੰ ਕਿਹਾ, "ਜੋ ਕਹਾ ਜਾਏ ਵੋਹ ਹੀ ਕਰਨਾ ਹੈ, ਫਾਲਤੂ ਬਾਤ ਨਹੀਂ ਹੋਗੀ"। ਫਿਰ ਉਹ ਮੇਰੇ ਵੱਲ ਮੁਖ਼ਾਤਬ ਹੋ ਕੇ ਬੋਲਿਆ "ਸਰਦਾਰ ਜੀ ਬਾਜ਼ੂ ਉਪਰ ਕਰੋ, ਨਹੀਂ ਤੋਂ ਕੁਛ ਬਤਾਓ, ਐਸੇ ਫਾਲਤੂ ਵਕਤ ਖਰਾਬ ਨਹੀਂ ਕਰਨੇ ਕਾ"। ਮੈਂ ਕੁਝ ਨਾ ਬੋਲਿਆ। ਹੁਣ ਬਾਹਵਾਂ ਓਨੀਆਂ

ਕੁ ਹੀ ਉੱਚੀਆਂ ਸਨ, ਜਿੰਨੇ ਕੁ ਸੰਗਲ ਢਿਲੇ ਸਨ। ਬਲਕਿ ਬਾਹਵਾਂ ਸੰਗਲਾਂ ਦੇ ਆਸਰੇ ਹੀ ਉਪਰ ਨੂੰ ਸਨ। ਉਸ ਤੋਂ ਬਾਅਦ ਨਾ ਉਸ ਨੇ ਕੋਈ ਗੱਲ ਕੀਤੀ ਨਾ ਹੀ ਬਾਹਵਾਂ ਉਚੀਆਂ ਕਰਨ ਨੂੰ ਆਖਿਆ। ਚੁੱਪ ਕਰਕੇ ਲਾਗੇ ਬੈਠਾ ਅਖ਼ਬਾਰ ਪੜ੍ਹਦਾ ਰਿਹਾ।

ਕੋਈ ਦੋ ਢਾਈ ਘੰਟੇ ਇਹ ਡਰਾਮਾ ਚੱਲਦਾ ਰਿਹਾ। ਕੱਛ ਕੋਲ ਗਟੋਲੀਆਂ ਜਿਹੀਆਂ ਬਣ ਗਈਆਂ ਲੱਗਦੀਆਂ ਸਨ। ਲੱਤਾਂ ਐਸ ਵਾਰ ਸੁੱਤੀਆਂ ਨਹੀਂ ਸਨ। ਕਿਉਂਕਿ ਕਦੀ ਉਸ ਲੱਤ 'ਤੇ ਭਾਰ ਤੇ ਕਦੀ ਉਸ ਲੱਤ 'ਤੇ ਭਾਰ ਹੋ ਜਾਂਦਾ ਸੀ ਪਰ ਥਕਾਵਟ ਬਹੁਤ ਸੀ। ਏਨੇ ਨੂੰ ਕੋਈ ਵੱਡਾ ਅਫ਼ਸਰ, ਸ਼ਾਇਦ ਕੋਈ ਬਹੁਤ ਹੀ ਵੱਡਾ ਅਫ਼ਸਰ ਆਇਆ ਸੀ। ਇਕ ਦਮ ਇਕ ਆਦਮੀ ਨੇ ਉਸਦੇ ਕੰਨ ਵਿਚ ਕੁਝ ਕਿਹਾ। ਉਸ ਨੇ ਫੱਟ ਆ ਕੇ ਸੰਗਲ ਆਪ ਹੀ ਸਟੂਲ 'ਤੇ ਚੜ੍ਹ ਕੇ ਖੋਲ੍ਹ ਦਿੱਤੇ ਤੇ ਕਿਸੇ ਛੋਟੇ ਨੂੰ ਵੀ ਨਾ ਉਡੀਕਿਆ। ਫਿਰ ਜਲਦੀ ਜਲਦੀ ਦੂਸਰੀ ਕੁਰਸੀ ਨੂੰ ਨੇੜੇ ਖਿੱਚ ਕੇ ਮੈਨੂੰ ਉਸ ਉਪਰ ਬੈਠ ਜਾਣ ਲਈ ਆਖਿਆ। ਫਿਰ ਫੱਟ ਆਪਣੇ ਬੈਗ (ਅਟੈਚੀ) ਵਿਚੋਂ ਪੈਡ ਕੱਢਿਆ ਤੇ ਲਿਖਣਾ ਸ਼ੁਰੂ ਕਰ ਦਿੱਤਾ। ਗੱਲ ਕੀ, ਜਦੋਂ ਤੱਕ ਉਹ ਮੋਟਾ ਗਿੱਠਾ ਜਿਹਾ ਅਫ਼ਸਰ ਕਮਰੇ ਵਿਚ ਆਇਆ, ਉਦੋਂ ਤੱਕ ਉਸ ਨੇ ਪੈਡ 'ਤੇ ਲਿਖ ਕੇ ਇਹ ਦਰਸਾ ਦਿੱਤਾ ਕਿ ਉਹ ਸਿਰਫ ਪੁੱਛਗਿੱਛ ਹੀ ਕਰ ਰਿਹਾ ਹੈ, ਕੋਈ ਤਸ਼ੱਦਦ ਕਰਨ ਜਾਂ ਤਸੀਹੇ ਦੇਣ ਦਾ ਢੰਗ ਨਹੀਂ ਵਰਤ ਰਿਹਾ। ਉਹ ਮੋਟਾ ਅਫ਼ਸਰ ਚੰਗੇ ਰੋਅਬ-ਦਾਅਬ ਵਾਲਾ ਆਦਮੀ ਸੀ। ਉਸ ਦੇ ਆਉਣ 'ਤੇ ਵੀ ਪੁੱਛਣ ਵਾਲਾ ਅਫ਼ਸਰ ਉਠ ਕੇ ਖੜਾ ਨਾ ਹੋਇਆ ਤੇ ਚੁੱਪ ਚਾਪ ਆਪਣਾ ਕੰਮ ਕਰੀ ਗਿਆ। ਉਸ ਮੋਟੇ ਅਫ਼ਸਰ ਨੇ ਇਕ ਕੁਰਸੀ ਹੋਰ ਮੰਗਵਾ ਲਈ ਤੇ ਕੋਲ ਹੀ ਬੈਠ ਗਿਆ। ਉਸ ਨੇ ਪੈਡ ਫੜਿਆ (ਉਹ ਹੀ ਪੈਡ ਜਿਸ 'ਤੇ ਅਫ਼ਸਰ ਲਿਖ ਰਿਹਾ ਸੀ) ਤੇ ਪੜ੍ਹਨ ਲੱਗ ਪਿਆ। ਉਸ 'ਤੇ ਕੁਝ ਜ਼ਿਆਦਾ ਨਹੀਂ ਸੀ ਲਿਖਿਆ ਹੋਇਆ। ਸਿਰਫ ਤਿੰਨ ਕੁ ਲਾਈਨਾਂ ਹੀ ਸਨ। ਉਸ ਨੇ ਉਹ ਪੈਡ ਵਾਪਸ ਕਰ ਦਿੱਤਾ ਤੇ ਮੈਨੂੰ ਕਿਹਾ "ਆਪ ਕੋ ਪਤਾ ਹੈ ਆਪ ਕੋ ਕਿਉਂ ਪਕੜਾ ਗਿਆ ਹੈ?"

"ਨਹੀਂ ਜੀ।"

"ਕਿਉਂ?"

"ਇਨ੍ਹਾਂ ਨੇ ਕੁਝ ਦੱਸਿਆ ਹੀ ਨਹੀਂ ਕਿ ਮੈਂ ਕੀ ਗੁਨਾਹ ਕਰ ਦਿੱਤਾ ਹੈ? ਬੱਸ ਇੰਨੇ ਦਿਨਾਂ ਤੋਂ ਨਾਮ ਪਤਾ ਹੀ ਪੁੱਛੀ ਜਾ ਰਹੇ ਹਨ," ਜੋ ਮੈਨੂੰ ਔਹੜਿਆ ਮੈਂ ਕਹਿ ਦਿੱਤਾ।

"ਤੁਹਾਡੇ ਉਪਰ ਬਹੁਤ ਵੱਡਾ ਇਲਜ਼ਾਮ ਹੈ"।

"ਕੀ?" ਮੈਂ ਪੁਛਿਆ ਤੇ ਨਾਲ ਹੀ ਮੈਂ ਉਸਦੀਆਂ ਅੱਖਾਂ ਵਿਚ ਅੱਖਾਂ ਗੱਡ ਦਿੱਤੀਆਂ। ਬੱਸ ਇਹ ਹੀ ਇਕ ਤਕਨੀਕ ਸੀ, ਜੋ ਮੈਂ ਅਨਜਾਣੇ ਵਿਚ ਹੀ ਅਪਣਾ ਰਿਹਾ ਸਾਂ। ਅੱਖਾਂ ਨਾਲ ਅੱਖਾਂ ਮਿਲਾ ਕੇ ਗੱਲ ਕਰਨ ਦੀ ਵਿਧੀ ਇਕ ਵਧੀਆ ਤਰੀਕਾ ਹੈ।

"ਤੁਹਾਨੂੰ ਨਹੀਂ ਪਤਾ, ਅਸੀਂ ਤੁਹਾਨੂੰ ਕਿੰਨੀ ਮੁਸ਼ਕਲ ਨਾਲ ਫੜਿਆ ਹੈ," ਉਸ ਨੇ ਕਿਹਾ।

"ਇਹ ਤੁਸੀਂ ਕੀ ਕਹਿ ਰਹੇ ਹੋ? ਮੈਂ ਤਾਂ ਹੈਰਾਨ ਹਾਂ, ਇਕ ਆਦਮੀ ਘਰ 'ਚ ਬੈਠਾ ਟੀ.ਵੀ. ਦੇਖ ਰਿਹਾ ਹੈ, ਪੁਲਿਸ ਉਸ ਨੂੰ ਫੜਨ ਆਉਂਦੀ ਹੈ ਤੇ ਉਹ ਉਠ ਕੇ ਉਹਦੇ ਨਾਲ ਤੁਰ ਪੈਂਦਾ ਹੈ ਤਾਂ ਇਸ ਵਿਚ ਫੜਨ ਦੀ ਕੀ ਦਿੱਕਤ ਪੇਸ਼ ਆ ਗਈ ਤੁਹਾਨੂੰ?" ਮੈਂ ਅੱਖਾਂ ਵਿਚ ਅੱਖਾਂ ਪਾ ਕੇ ਹੀ ਕਿਹਾ।

"ਇਨ੍ਹਾਂ ਨੂੰ ਇਕ ਸਕੂਲ ਵਿਚੋਂ ਨਹੀਂ ਫੜਿਆ?" ਉਸ ਨੇ ਆਪਣੇ ਛੋਟੇ ਅਫ਼ਸਰ ਕੋਲੋਂ ਪੁਛਿਆ।

"ਨਹੀਂ ਜਨਾਬ, ਉਹ ਹੋਰ ਹੈ, ਇਹ ਤੇ ਕੁਲਬੀਰ ਸਿੰਘ ਹੈ।"

"ਓਹ! ਮੈਂ ਤੁਹਾਨੂੰ ਦੂਸਰਾ ਸਮਝ ਰਿਹਾ ਸੀ", ਅੱਛਾ ਤਾਂ ਤੁਹਾਨੂੰ ਚੰਡੀਗੜ੍ਹ ਤੋਂ ਫੜਿਆ ਗਿਆ ਸੀ, ਨਹੀਂ?" ਉਸ ਨੇ ਪੁਛਿਆ।

"ਹਾਂ ਜੀ।"

"ਤੁਹਾਡੇ ਇਥੋਂ ਕਾਫ਼ੀ ਫੋਨ ਵਗੈਰਾ ਹੁੰਦੇ ਰਹੇ ਹਨ, ਆਉਂਦੇ ਵੀ ਰਹੇ ਹਨ, ਉਨ੍ਹਾਂ ਲੋਕਾਂ ਨੂੰ ਤੁਸੀਂ ਜਾਣਦੇ ਹੀ ਹੋਵੇਗੇ?"

"ਮੈਨੂੰ ਕੋਈ ਫੋਨ ਨਹੀਂ ਆਇਆ। ਇਸੇ ਤਰ੍ਹਾਂ ਮੇਰੇ ਫੋਨ ਤੋਂ ਦੋ ਫੋਨਾਂ ਤੋਂ ਬਗੈਰ ਹੋਰ ਇਕ ਵੀ ਫੋਨ ਨਹੀਂ ਹੋਇਆ। ਤੁਸੀਂ ਬਗੈਰ ਕਿਸੇ ਸਬੂਤ ਤੋਂ ਮੈਨੂੰ ਪ੍ਰੇਸ਼ਾਨ ਕਰ ਰਹੇ ਹੋ।"

"ਨਹੀਂ, ਨਹੀਂ ਅਸੀਂ ਜੋ ਕਹਿੰਦੇ ਹਾਂ ਉਹ ਠੀਕ ਹੈ।"

"ਤੇ ਜੋ ਮੈਂ ਕਹਿੰਦਾ ਹਾਂ ਉਹ ਵੀ ਇਕ ਸੌ ਇਕ ਫ਼ੀਸਦੀ ਠੀਕ ਹੈ" ਮੈਂ ਉਸਦੀਆਂ ਅੱਖਾਂ ਵਿਚੋਂ ਅੱਖਾਂ ਨਹੀਂ ਸਨ ਕੱਢੀਆਂ। ਅਖੀਰ ਉਹ ਹੀ ਝੇਂਪ ਗਿਆ ਤੇ ਉਸ ਨੇ ਹੀ ਅੱਖਾਂ ਨੀਵੀਆਂ ਕਰ ਲਈਆਂ।

"ਤੁਹਾਨੂੰ ਕੋਈ ਤਕਲੀਫ਼ ਤਾਂ ਨਹੀਂ?" ਉਸ ਨੇ ਪੁਛਿਆ।

"ਤਕਲੀਫ਼ ਹੀ ਤਕਲੀਫ਼ ਹੈ, ਏਥੇ ਬਗੈਰ ਤਕਲੀਫ਼ ਤੋਂ ਕੀ ਹੈ?"

"ਅਸੀਂ ਤੁਹਾਨੂੰ ਸਰੀਰਕ ਤੌਰ 'ਤੇ ਪ੍ਰੇਸ਼ਾਨ ਤਾਂ ਨਹੀਂ ਕਰ ਰਹੇ, ਪੰਜਾਬ ਪੁਲਿਸ ਹੁੰਦੀ ਤਾਂ ਉਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਪੇਸ਼ ਆਉਂਦੀ ਹੈ," ਉਸ ਨੇ ਬਹੁਤ ਹੀ ਢੀਠਤਾਈ ਨਾਲ ਆਖਿਆ।

"ਹੁਣੇ ਜਦੋਂ ਤੁਸੀਂ ਆਏ ਸੀ ਤਾਂ ਮੈਂ ਉਥੇ ਬੰਨਿਆ ਹੋਇਆ ਸੀ," ਮੈਂ ਉਨ੍ਹਾਂ ਕਿੱਲਾਂ ਦੀਆਂ ਕੁੰਡੀਆਂ ਵੱਲ ਇਸ਼ਾਰਾ ਕੀਤਾ "ਤੇ ਆਹ ਦੇਖੋ, ਸਰੀਰਕ ਵਿਹਾਰ, ਮੈਂ ਪਜਾਮਾ ਚੁੱਕ ਕੇ ਲੱਤਾਂ 'ਤੇ ਵੱਜੇ ਸੋਟਿਆਂ ਦੇ ਸਪੱਸ਼ਟ ਨਿਸ਼ਾਨ ਵਿਖਾ ਦਿੱਤੇ ਤੇ ਨਾਲ ਹੀ ਕਿਹਾ, "ਇਹ ਸੀ.ਬੀ.ਆਈ. ਹੈ? ਜਿਸ ਦਾ ਕਦੀ ਇਕ ਰਿਕਾਰਡ ਸੀ ਤੇ ਹੁਣ ਇੰਨੀ ਨੀਚਤਾਈ 'ਤੇ ਉਤਰ ਆਈ ਹੈ, ਹੁਣ ਤੁਸੀਂ ਪੰਜਾਬ ਪੁਲਿਸ ਨੂੰ ਵੀ ਪਿੱਛੇ ਛੱਡ ਗਏ ਹੋ। ਦੂਸਰੇ ਕਮਰੇ ਵਿਚ ਵੀ ਇਕ ਆਦਮੀ ਹੈ, ਉਸ ਨੂੰ ਵੀ ਦੇਖ ਲਓ", ਮੈਂ ਨਾਲ ਵਾਲੇ ਕਮਰੇ ਵੱਲ ਬਾਂਹ ਕਰਕੇ ਆਖਿਆ। "ਉਸ ਲੜਕੇ ਨੂੰ ਪੁੱਠਾ ਟੰਗਿਆ ਹੋਇਆ ਹੈ, ਕਹਿੰਦੇ ਹਨ ਮੁਰਗਾ ਬਣਾਇਆ ਹੋਇਆ ਹੈ, ਇਹ ਪੰਜਾਬ ਪੁਲਿਸ ਤੋਂ ਕੀ ਘੱਟ ਹੈ? ਜੇ ਦੇਸ਼ ਦੀ ਇੰਨੀ ਵੱਡੀ ਖੁਫ਼ੀਆ ਏਜੰਸੀ ਦਾ ਇਹ ਹਾਲ ਹੈ ਤਾਂ ਦੇਸ਼ ਦਾ ਬੇੜਾ ਵੀ ਜਲਦੀ ਹੀ ਗਰਕ ਹੋਣ ਵਾਲਾ ਹੈ, ਕ੍ਰਿਪਾ ਕਰਕੇ ਤੁਸੀਂ ਨਾਲ ਵਾਲੇ ਕਮਰੇ ਵਿਚ ਉਸ ਲੜਕੇ ਨੂੰ ਜ਼ਰੂਰ ਦੇਖੋ, ਉਸਦਾ ਨਾਂ ਅਵਤਾਰ ਸਿੰਘ ਹੈ।"

"ਕੋਈ ਗੱਲ ਨਹੀਂ, ਮੈਂ ਸਭ ਕੁਝ ਆਪ ਦੇਖਣ ਆਇਆਂ ਹਾਂ, ਪਰ ਤੁਸੀਂ ਮਿਹਰਬਾਨੀ ਕਰਕੇ ਸਾਡੇ ਨਾਲ ਸਹਿਯੋਗ ਕਰੋ, ਤੁਹਾਡੀ ਮਿਹਰਬਾਨੀ ਹੋਵੇਗੀ," ਤੇ ਉਹ ਉਠ ਕੇ ਚਲਾ ਗਿਆ।

ਉਸ ਦੇ ਜਾਣ ਤੋਂ ਬਾਅਦ ਮੈਨੂੰ ਉਮੀਦ ਸੀ ਕਿ ਉਹ ਅਫ਼ਸਰ ਔਖਾ ਸੌਖਾ ਹੋਵੇਗਾ ਪਰ ਉਸ ਨੇ ਕੋਈ ਗੱਲ ਨਾ ਕੀਤੀ ਤੇ ਠੀਕ ਤਰੀਕੇ ਨਾਲ ਹੀ ਅੱਗੋਂ ਸਵਾਲ ਪੁੱਛਣ ਲੱਗ

ਪਿਆ। ਉਸ ਨੇ ਇਕ ਵਾਰ ਵੀ ਨਾ ਕਿਹਾ "ਆਪ ਨੇ ਹਮਾਰੀ ਸ਼ਿਕਾਇਤ ਕਯੋਂ ਕੀ ਹੈ?" ਇਸ ਗੱਲ ਦੀ ਮੈਨੂੰ ਬਹੁਤ ਹੀ ਹੈਰਾਨੀ ਹੋਈ। ਉਸ ਤੋਂ ਬਾਅਦ ਇਕ ਹੋਰ ਅਫ਼ਸਰ ਆ ਗਿਆ ਤੇ ਪਹਿਲਾ ਉਠ ਕੇ ਚਲਾ ਗਿਆ। ਫਿਰ ਉਸ ਨੇ ਘੰਟਾ ਕੁ ਸਿਰ ਖਾਧਾ ਤੇ ਉਹ ਵੀ ਚਲਾ ਗਿਆ। ਇਕ ਹੋਰ ਕਾਲਾ ਜਿਹਾ ਅਫ਼ਸਰ ਆਇਆ, ਉਹ ਅੱਗੇ ਵੀ ਕਈ ਵਾਰ ਆਉਂਦਾ ਸੀ। ਹੱਥ ਵਿਚ ਟੈਲੀਫੋਨ ਦੀਆਂ ਰਸੀਦਾਂ ਲਈ ਫਿਰਦਾ ਸੀ। ਕੁਝ ਚਿਰ ਉਸ ਨੇ ਲਾਇਆ, ਫਿਰ ਥੱਲੇ ਭੇਜ ਦਿੱਤਾ।

ਅਜੇ ਥੱਲੇ ਗਿਆਂ ਨੂੰ ਅੱਧਾ ਘੰਟਾ ਵੀ ਨਹੀਂ ਸੀ ਹੋਇਆ ਕਿ ਫਿਰ ਹੱਥਕੜੀਆਂ ਛਣਕ ਪਈਆਂ। ਫਿਰ ਮੇਰਾ ਨਾਂ ਲੈ ਕੇ ਅਵਾਜ਼ ਪਈ ਤੇ ਫਿਰ ਉਪਰ ਚਲੇ ਗਏ। ਅੱਖਾਂ ਬੰਦ ਹੀ ਰੱਖੀਆਂ ਤੇ ਪੁੱਛਣਾ ਸ਼ੁਰੂ ਹੋਇਆ। ਕੋਈ ਤਿੰਨ ਕੁ ਅਵਾਜ਼ਾਂ ਦਾ ਅੰਦਾਜ਼ਾ ਸੀ, ਜਿੰਨ੍ਹਾ ਵਿਚੋਂ ਇਕ ਤਾਂ ਪਛਾਣੀ ਜਾਂਦੀ ਸੀ, ਦੋ ਨਵੀਆਂ ਸਨ। ਉਨ੍ਹਾਂ ਦਾ ਪਤਾ ਨਹੀਂ ਸੀ, ਹੁਣ ਕਿਹੜੇ ਸਨ? ਕੋਈ ਦੋ ਘੰਟੇ ਅਲਫ ਤੋਂ ਲੈ ਕੇ ਯੇ ਤੱਕ ਸਾਰੀ ਪਿਛਲੀ ਕਹਾਣੀ ਹੀ ਦੁਬਾਰਾ ਦੁਹਰਾਈ ਤੇ ਉਸ ਤੋਂ ਬਾਅਦ ਥੱਲੇ ਭੇਜ ਦਿੱਤਾ। ਸੱਤ ਕੁ ਵਜੇ ਰੋਟੀ ਆਉਂਦੀ ਸੀ, ਦੋ ਫੁਲਕੇ ਖਾ ਕੇ ਹਟੇ ਹੀ ਸੀ ਕਿ ਫਿਰ ਅਵਾਜ਼ ਪਈ। ਫਿਰ ਉਹ ਹੀ ਕਮਰਾ ਤੇ ਇਕ ਟੀਮ ਦੇ ਸਵਾਲਾਂ ਦਾ ਸਾਹਮਣਾ। ਹੁਣ ਦੀ ਵਾਰੀ ਅੱਖਾਂ ਖੁੱਲ੍ਹੀਆਂ ਸਨ। ਕਾਲਾ ਦਾੜ੍ਹੀ ਵਾਲਾ ਇਸ ਟੀਮ ਵਿਚ ਸ਼ਾਮਲ ਸੀ। ਸ਼ੁਰੂ ਤੋਂ ਲੈ ਕੇ ਅਖੀਰ ਤੱਕ ਉਹ ਹੀ ਕਹਾਣੀ ਦੁਬਾਰਾ ਚੱਲ ਪਈ। ਹਰ ਗੱਲ ਦਾ ਜੁਆਬ ਦਿੱਤਾ। ਇਹ ਮੀਟਿੰਗ ਬਹੁਤ ਲੰਬੀ ਸੀ ਤੇ ਰਾਤ ਦੇ ਸਾਢੇ ਗਿਆਰਾਂ ਵਜੇ ਤੱਕ ਚੱਲੀ। ਸੱਤ ਵਜੇ ਤੋਂ ਲੈ ਕੇ ਲਗਾਤਾਰ ਸਾਢੇ ਚਾਰ ਘੰਟੇ। ਇਸ ਦੌਰਾਨ ਸਿਰਫ ਦੋ ਵਾਰ ਚਾਹ ਹੀ ਪੀਤੀ, ਇਕ ਸਕਿੰਟ ਵੀ ਸਮਾਂ ਹੋਰ ਕਿਸੇ ਗੱਲ ਵੱਲ ਨਹੀਂ ਲੱਗਾ। ਇਕ ਇਕ ਸਵਾਲ ਚਾਰ-ਚਾਰ, ਪੰਜ-ਪੰਜ ਵਾਰ ਦੁਹਰਾਇਆ ਜਾਂਦਾ। ਹੁਣ ਉਹ ਹਰ ਹਾਲਤ ਵਿਚ ਦਿਮਾਗੀ ਤੌਰ 'ਤੇ ਹੰਬਾ ਕੇ ਸੁੱਟ ਲੈਣਾ ਚਾਹੁੰਦੇ ਸਨ। ਸਾਥੀਆਂ ਦਾ ਵੀ ਇਹ ਹੀ ਹਾਲ ਸੀ। ਹਰ ਇਕ ਨੂੰ ਕੋਈ ਨਾ ਕੋਈ ਟੀਮ ਪੁੱਛਗਿੱਛ ਕਰ ਰਹੀ ਸੀ। ਸਾਢੇ ਗਿਆਰਾਂ ਵਜੇ ਮੈਨੂੰ ਥੱਲੇ ਭੇਜ ਦਿੱਤਾ ਗਿਆ। ਪੂਰੇ ਚਾਰ ਵਜੇ ਫਿਰ ਜਗਾਉਣ ਆ ਗਏ। ਅਜੀਬ ਤਰ੍ਹਾਂ ਦੇ ਬੰਦਿਆਂ ਨਾਲ ਵਾਹ ਸੀ। ਕੀ ਵਿਦੇਸ਼ੀ ਏਜੰਸੀਆਂ ਵੀ ਏਦਾਂ ਹੀ ਕਰਦੀਆਂ ਹੋਣਗੀਆਂ? ਬਹੁਤ ਸਾਰੇ ਸਵਾਲ ਸਨ, ਜਿਨ੍ਹਾਂ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਸਰੀਰਕ ਥਕਾਵਟ ਤੇ ਦਿਮਾਗੀ ਪ੍ਰੇਸ਼ਾਨੀ ਨਾਲ ਬੁਰਾ ਹਾਲ ਸੀ। ਨੀਂਦ ਗੱਡਿਆਂ ਦੀ ਗੱਡੇ ਆ ਰਹੀ ਸੀ। ਇਕ ਦਮ ਅੱਖ ਲੱਗ ਗਈ।

ਸਵੇਰੇ ਪੁੱਛਗਿੱਛ ਫਿਰ ੳ ਅ ਤੋਂ

ਤੜਕੇ ਚਾਰ ਵਜੇ ਪੁੱਛਗਿੱਛ ਫਿਰ ੳ, ਅ ਤੋਂ ਸ਼ੁਰੂ ਹੋਈ ਤੇ ਖ਼ ਪੈਰ ਬਿੰਦੀ ਤੇ ਜ਼ ਪੈਰ ਬਿੰਦੀ 'ਤੇ ਜਾ ਕੇ ਮੁੱਕੀ। ਪਰ ਕੁਦਰਤ ਵਲੋਂ ਹੀ ਦਿਮਾਗ਼ ਇਕ ਟੇਪ ਰਿਕਾਰਡ ਦੀ ਸ਼ਕਲ ਅਖਤਿਆਰ ਕਰ ਗਿਆ ਸੀ। ਹਰ ਗੱਲ ਯਾਦ ਸੀ। ਜਿਥੇ ਕਿਤੇ ਮਾਸਾ ਕੁ ਵੀ ਫਰਕ ਪੈਂਦਾ, ਉਥੇ ਉਹ ਝੱਟ ਗੱਲ ਨੋਟ ਕਰਦੇ ਪਰ ਨਿਕਲਦਾ ਠੀਕ ਹੀ। ਕਈ ਵਾਰ ਉਹ ਇਹ ਵੀ ਕਹਿ ਦੇਂਦੇ, "ਕੱਲ ਤੋ ਆਪ ਨੇ ਐਸਾ ਕਹਾ ਥਾ"। "ਨਹੀਂ ਕੱਲ ਭੀ ਯਹੀ ਬਾਤ ਹੁਈ ਥੀ, ਮੈਂ ਅਬ ਭੀ ਕਹਿਤਾ ਹੂੰ ਕਿ ਫਲਾਣੀ ਬਾਤ ਐਸੇ ਹੈ।" ਫਿਰ ਉਹ ਚੁੱਪ ਹੋ ਜਾਂਦੇ। ਸਵੇਰੇ ਸੱਤ ਵਜੇ ਖਹਿੜਾ ਛੁੱਟਾ। ਕਿਉਂਕਿ ਜਦੋਂ ਥੱਲੇ ਆਏ ਤਾਂ ਚਾਹ ਵਾਲਾ ਮੁੰਡਾ ਆਇਆ ਹੋਇਆ ਸੀ। ਉਹ ਸੱਤ ਵਜੇ ਆਉਂਦਾ ਸੀ। ਹੋਰ ਨਹੀਂ ਤਾਂ ਉਨ੍ਹਾਂ ਨੇ ਐਸਾ ਸਖਤ ਪ੍ਰਬੰਧ

ਕਰ ਦਿੱਤਾ ਸੀ ਕਿ ਕਿਸੇ ਕੋਲੋਂ ਸਮਾਂ ਵੀ ਨਹੀਂ ਸੀ ਪੁਛਿਆ ਜਾ ਸਕਦਾ, ਗੱਲ ਕਰਨੀ ਤਾਂ ਕਿਤੇ ਰਹੀ। ਦੋ ਬੰਦੇ ਉਨ੍ਹਾਂ ਦੇ ਹਰ ਵੇਲੇ ਹਵਾਲਾਤ ਦੇ ਸਾਹਮਣੇ ਰਹਿੰਦੇ। ਬਾਹਰੋਂ ਅੰਦਰ ਆਉਣ ਵਾਲੇ, ਉਸ ਥਾਣੇ ਦੇ ਕਰਮਚਾਰੀ, ਆਪਣੇ ਕਾਲਰ ਪੁੱਠੇ ਕਰਕੇ ਆਉਂਦੇ ਤਾਂ ਕਿ ਪਤਾ ਨਾ ਲੱਗੇ ਕਿ ਇਹ ਕਿਹੜਾ ਥਾਂ ਹੈ, ਜਿਥੇ ਰਖਿਆ ਹੋਇਆ ਹੈ।

ਫਿਰ ਉਸ ਤੋਂ ਬਾਅਦ ਕਿਸੇ ਨੇ ਨਾ ਬੁਲਾਇਆ। ਸਾਰੇ ਅੰਦਾਜ਼ਾ ਲਾ ਰਹੇ ਸਨ ਕਿ ਹੁਣ ਹਵਾਈ ਜਹਾਜ਼ 'ਤੇ ਵਾਪਸ ਲੈ ਕੇ ਜਾਣਗੇ। ਪਰ ਇਹ ਸਾਰੇ ਅੰਦਾਜ਼ੇ ਗਲਤ ਸਾਬਤ ਹੋਏ। ਕੋਈ ਡੇਢ ਵਜੇ ਉਨ੍ਹਾਂ ਨੇ ਸਾਰਿਆਂ ਨੂੰ ਕੱਪੜੇ ਪਾ ਕੇ ਤਿਆਰ ਹੋਣ ਲਈ ਆਖਿਆ। ਉਸ ਦਿਨ ਰੀਮਾਂਡ ਦੀ ਆਖਰੀ ਤਾਰੀਖ ਸੀ ਤੇ ਜੱਜ ਅੱਗੇ ਪੇਸ਼ ਕਰਨਾ ਸੀ। ਫਿਰ ਹੱਥਕੜੀਆਂ ਲਾ ਕੇ ਅੱਖਾਂ 'ਤੇ ਪੱਟੀਆਂ ਬੰਨੀਆਂ, ਬਾਹਰ ਖੜੀ ਗੱਡੀ ਵਿਚ ਬਿਠਾਇਆ ਤੇ ਗੱਡੀ ਚੱਲ ਪਈ। ਹੁਣ ਸਾਰੇ ਇਹ ਹੀ ਸਮਝ ਰਹੇ ਸਨ ਕਿ ਹਵਾਈ ਅੱਡੇ 'ਤੇ ਜਾ ਰਹੇ ਹਨ। ਪਰ ਪਤਾ ਉਦੋਂ ਲੱਗਾ ਜਦੋਂ ਪਟਿਆਲਾ ਹਾਊਸ ਵਿਚ ਗੱਡੀ ਜਾ ਖੜ੍ਹੀ ਹੋਈ। ਅੱਧਾ ਘੰਟਾ ਤਾਂ ਗੱਡੀ ਦੇ ਵਿਚ ਵੀ ਅੱਖਾਂ ਬੱਝੀਆਂ ਰਹੀਆਂ ਤੇ ਗੱਡੀ ਵਿਚ ਹੀ ਬਿਠਾ ਛਡਿਆ। ਢਾਈ ਕੁ ਵਜੇ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ। ਆਲੇ ਦੁਆਲੇ ਵੇਖਿਆ ਤਾਂ ਪੁਲਿਸ ਹੀ ਪੁਲਿਸ। ਪੁਲਿਸ ਦੀ ਬਹੁਤ ਵੱਡੀ ਨਫਰੀ ਨੇ ਕਚਹਿਰੀ ਘੇਰ ਰੱਖੀ ਸੀ। ਹਰ ਕਦਮ 'ਤੇ ਸਿਪਾਹੀ ਰਾਈਫਲਾਂ ਨਾਲ ਲੈਸ ਤਿਆਰ ਖੜੇ ਸਨ। ਗੱਡੀ ਦੇ ਆਲੇ ਦੁਆਲੇ ਹੀ ਕੋਈ ਸੌ ਦੇ ਕਰੀਬ ਪੁਲਿਸ ਵਾਲੇ ਸਨ। ਲੋਕ ਜੋ ਕਚਹਿਰੀ ਆਪਣੇ ਕੰਮਕਾਰ ਆਏ ਸਨ ਸਾਰੇ ਕੰਮ ਭੁੱਲ ਗਏ ਤੇ ਏਧਰ ਹੀ ਵੇਖਣ ਲੱਗ ਪਏ। ਵਕੀਲ ਆਪਣੇ ਚੈਂਬਰਾਂ ਵਿਚੋਂ ਬਾਹਰ ਆ ਕੇ ਇਹ ਸਭ ਕੁਝ ਬੜੇ ਅਚੰਭੇ ਨਾਲ ਵੇਖ ਰਹੇ ਸਨ। ਆਮ ਜਨਤਾ ਤਾਂ ਹੈਰਾਨ ਸੀ ਹੀ ਕਿ ਇਹ ਕਿਸ ਕਿਸਮ ਦੇ ਅੱਤਵਾਦੀ ਹਨ? ਹੋ ਸਕਦਾ ਹੈ, ਇਹਨਾਂ ਦੇ ਸਿਰਾਂ 'ਤੇ ਸਿੰਗ ਹੀ ਉਗੇ ਹੋਏ ਹੋਣ। ਜਿਨੀ ਵੱਡੀ ਮਸ਼ਹੂਰੀ ਇਸ ਕੇਸ ਨੂੰ ਦਿੱਤੀ ਗਈ ਸੀ, ਉਨੀ ਹੀ ਵੱਡੀ ਸੁਰੱਖਿਆ ਦਾ ਪ੍ਰਬੰਧ ਵੀ ਸੀ। ਸੀ.ਬੀ.ਆਈ. ਦੇ ਸਾਰੇ ਅਫ਼ਸਰਾਂ ਦੀਆਂ ਪੈਂਟਾਂ ਵਿਚ ਨੰਗੇ ਪਿਸਤੌਲ ਤੇ ਰਿਵਾਲਵਰ ਟੰਗੇ ਹੋਏ ਸਨ। ਫਿਰ ਸਾਰਿਆਂ ਨੂੰ ਗੱਡੀ ਵਿਚੋਂ ਬਾਹਰ ਕੱਢਿਆ ਤੇ ਸੰਗੀਨਾਂ ਦੀ ਛਾਂ ਥੱਲੇ ਅਦਾਲਤ ਦੀਆਂ ਪੌੜੀਆਂ ਚੜ੍ਹੇ।

ਅਦਾਲਤ ਵਿਚ ਪੇਸ਼ ਕਰਨ ਵਾਸਤੇ ਅੱਖਾਂ ਖੋਲ੍ਹੀਆਂ ਸਨ। ਪੌੜੀਆਂ 'ਤੇ ਵੀ ਪੁਲਿਸ ਹੀ ਪੁਲਿਸ ਸੀ ਤੇ ਅੱਗੇ ਪਿਛੇ ਵੀ ਪੁਲਿਸ ਹੀ ਪੁਲਿਸ। ਅਦਾਲਤ ਵਿਚ ਆਮ ਲੋਕ ਬਹੁਤ ਘੱਟ ਸਨ। ਜਾਂ ਤਾਂ ਵਕੀਲ ਸਨ ਜਾਂ ਫਿਰ ਕਚਹਿਰੀ ਵਿਚ ਕੰਮ ਕਰਨ ਵਾਲੇ ਕਲਰਕ ਤੇ ਅਹਿਲਮਦ ਵਗੈਰਾ। ਅਦਾਲਤ ਦੇ ਕਮਰੇ ਅੱਗੇ ਮੈਟਲ ਡਿਟੈਕਟਰ ਦੀ ਚੌਗਾਠ ਫਿੱਟ ਕੀਤੀ ਹੋਈ ਸੀ। ਇਕੱਲੇ ਇਕੱਲੇ (ਬਾਹਰ ਵਾਲੇ) ਨੂੰ ਮੈਟਲ ਡਿਟੈਕਟਰ ਨਾਲ ਚੈਕ ਕਰਕੇ ਅੰਦਰ ਆਉਣ ਦੇਂਦੇ ਸਨ। ਸਬੰਧਤ. ਜੱਜ ਛੁੱਟੀ 'ਤੇ ਸੀ, ਇਸ ਲਈ ਸ੍ਰੀ ਓ.ਪੀ. ਗੋਗਨੇ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜੱਜ ਸਾਹਿਬ ਬਹੁਤ ਹੀ ਚੰਗੇ ਸੁਭਾਅ ਦੇ ਸਨ ਤੇ ਨਿਆਂਸ਼ੀਲ ਮਨ ਰੱਖਦੇ ਸਨ। ਉਨ੍ਹਾਂ ਨੇ ਸਾਰਿਆਂ ਨੂੰ ਵਾਰੋ ਵਾਰੀ ਪੁਛਿਆ ਕਿ ਤੁਹਾਨੂੰ ਕਿਉਂ ਫੜਿਆ ਹੈ? ਫਿਰ ਉਨ੍ਹਾਂ ਨੇ ਸਾਰਿਆਂ ਦੀ ਗੱਲ ਬੜੇ ਧਿਆਨ ਨਾਲ ਸੁਣੀ। ਅਖ਼ਬਾਰ ਦੇ ਮਾਲਕ ਨੇ ਕਿਹਾ "ਜਨਾਬ ਇਹ ਇਕ ਰਾਜਨੀਤਕ ਕੇਸ ਹੈ ਤੇ ਖਾਸ ਕਰਕੇ ਸਾਨੂੰ ਸਿੱਖਾਂ ਨੂੰ ਬਦਨਾਮ ਕਰਨ ਵਾਸਤੇ ਝੂਠਾ ਬਣਾਇਆ ਗਿਆ ਹੈ। ਪਹਿਲਾਂ ਸਾਡੇ ਗਲਾਂ ਵਿਚ ਟਾਇਰ ਪਾਏ ਗਏ, ਹੁਣ ਟੈਲੀਫੋਨ ਪਾਏ ਜਾ ਰਹੇ ਹਨ। ਜੇ ਹਰਿਆਣੇ ਦੀ

ਚੋਣ ਜਿੱਤਣ ਦਾ ਹੀ ਮਸਲਾ ਹੈ ਤਾਂ ਫਿਰ ਸਾਨੂੰ ਛੇ-ਛੇ ਮਹੀਨੇ ਜੇਲ੍ਹ ਵਿਚ ਬੰਦ ਕਰ ਦੇਣਾ ਤੇ ਜਦੋਂ ਚੋਣ ਜਿੱਤੀ ਜਾਵੇ ਬਾਹਰ ਕੱਢ ਲੈਣ।'' ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਉਨ੍ਹਾਂ ਨੇ ਅਦਾਲਤ ਦੇ ਧਿਆਨ ਵਿਚ ਲਿਆਂਦੀਆਂ। ਮੇਰੀ ਵਾਰੀ ਆਈ ਤਾਂ ਮੈਂ ਆਖਿਆ, ''ਜਨਾਬ! ਮੈਂ ਆਪ ਸੀ.ਆਈ.ਡੀ. ਦੇ ਦਫਤਰ ਗਿਆ ਤੇ ਉਨ੍ਹਾਂ ਨੂੰ ਪੁਛਿਆ ਮੇਰੇ ਵਿਰੁੱਧ ਕੀ ਕੇਸ ਹੈ? ਕਿਉਂਕਿ ਦੋ ਦਿਨ ਪਹਿਲਾਂ ਇਨ੍ਹਾਂ ਨੇ ਮੇਰੇ ਕੋਲੋਂ ਟੈਲੀਫੋਨ 'ਤੇ ਪੁੱਛਗਿੱਛ ਕੀਤੀ ਸੀ। ਜਦੋਂ ਸੀ.ਆਈ.ਡੀ. ਵਾਲਿਆਂ ਨੇ ਆਖਿਆ ਕਿ ਮੇਰੇ 'ਤੇ ਕੋਈ ਕੇਸ ਨਹੀਂ ਤਾਂ ਮੈਂ ਚੰਡੀਗੜ੍ਹ ਲਈ ਤੁਰਿਆ। ਅਜੇ ਜਾ ਕੇ ਪਹੁੰਚਿਆ ਹੀ ਸਾਂ, ਕਿ ਇਨ੍ਹਾਂ ਨੇ ਮੈਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਨੇ ਹੀ ਮੈਨੂੰ ਆਪ ਦੱਸਿਆ ਹੈ ਕਿ ਤੇਰੇ ਘਰੋਂ ਕੁਝ ਨਹੀਂ ਮਿਲਿਆ। ਜੇ ਜਨਾਬ, ਮੇਰੇ ਘਰੋਂ ਕੁਝ ਮਿਲਿਆ ਨਹੀਂ ਤੇ ਫੇਰ ਮੈਂ ਅੱਤਵਾਦੀ ਕਿਵੇਂ ਹੋ ਗਿਆ? ਹੁਣੇ ਸਰਕਾਰੀ ਵਕੀਲ ਸਾਹਿਬ ਨੇ ਆਖਿਆ ਹੈ ਕਿ ਇਨ੍ਹਾਂ ਦੀ ਪਾਰਲੀਮੈਂਟ, ਹਵਾਈ ਅੱਡੇ, ਗੱਡੀਆਂ ਦੀਆਂ ਲਾਈਨਾਂ ਤੇ ਹੋਰ ਵੱਡੀਆਂ ਇਮਾਰਤਾਂ, ਪੁਲ ਵਗੈਰਾ ਉਡਾਉਣ ਦੀ ਸਾਜ਼ਿਸ਼ ਸੀ, ਕਿਸੇ ਦੇ ਘਰੋਂ ਵੀ ਕੋਈ ਵਿਸਫੋਟਕ ਜਾਂ ਕੋਈ ਅਸਲਾ ਨਹੀਂ ਮਿਲਿਆ, ਫਿਰ ਅਸਾਂ ਇਹ ਸਾਰੀਆਂ ਚੀਜ਼ਾਂ ਕਾਹਦੇ ਨਾਲ ਉਡਾ ਦੇਣੀਆਂ ਸਨ?'' ਮੈਂ ਅਜੇ ਗੱਲ ਕਰ ਹੀ ਰਿਹਾ ਸੀ ਕਿ ਸਰਕਾਰੀ ਵਕੀਲ ਬੋਲ ਪਿਆ ''ਜਨਾਬ ਇਹ ਵਿਦੇਸ਼ੀ ਸਾਜ਼ਿਸ਼ ਹੈ ਤੇ ਓਧਰ ਬੰਦੇ ਫੜੇ ਗਏ ਹਨ। ਇਹ ਲੋਕ ਭਾਰਤ ਵਿਚ ਸਰਗਰਮ ਹਨ।'' ਮੈਨੂੰ ਫਿਰ ਬੋਲਣਾ ਪਿਆ ''ਜਨਾਬ, ਜੇ ਇਹ ਵਿਦੇਸ਼ੀ ਸਾਜ਼ਿਸ਼ ਹੈ ਤਾਂ ਫਿਰ ਉਨ੍ਹਾਂ ਨੇ ਦਿੱਲੀ ਦੀਆਂ ਇਮਾਰਤਾਂ ਤੇ ਬੰਬਈ ਦਾ ਸ਼ਾਂਤਾਕਰੂਜ਼ ਹਵਾਈ ਅੱਡਾ ਉਡਾਉਣ ਲਈ ਉਥੋਂ ਦੇ ਸਥਾਨਕ ਬੰਦਿਆਂ ਨਾਲ ਗੰਢਤੁੱਪ ਕਰਨੀ ਸੀ ਕਿ ਸਾਨੂੰ ਜਲੰਧਰ ਰਹਿਣ ਵਾਲਿਆਂ ਨੂੰ ਏਡਾ ਵੱਡਾ ਕੰਮ ਸੌਂਪਣਾ ਸੀ? ਅਸੀਂ ਤਾਂ ਪਹਿਲਾਂ ਕਦੀ ਦਿੱਲੀ ਵੀ ਨਹੀਂ ਆਏ। ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਪਾਰਲੀਮੈਂਟ ਹੈ ਕਿਥੇ? ਬੰਬਈ ਤੇ ਸਾਂਤਾਂਕਰੂਜ਼ ਹਵਾਈ ਅੱਡੇ ਦਾ ਵੀ ਸਾਨੂੰ ਪਤਾ ਨਹੀਂ। ਅਸੀਂ ਤਾਂ ਹਵਾਈ ਜਹਾਜ਼ ਵਿਚ ਵੀ ਹੁਣ ਹੀ ਚੜ੍ਹ ਕੇ ਦੇਖਿਆ ਹੈ। ਸਾਡੇ ਬਹੁਤੇ ਸਾਥੀ ਅੱਗੇ ਹਵਾਈ ਜਹਾਜ਼ 'ਤੇ ਨਹੀਂ ਚੜ੍ਹੇ ਤੇ ਦਿੱਲੀ ਵੀ ਕਦੀ ਨਹੀਂ ਆਏ।'' ਅਖ਼ਬਾਰ ਦੇ ਮਾਲਕ ਨੇ ਕਿਹਾ ''ਜਨਾਬ, ਜੇ ਸਾਡੇ ਸਾਰਿਆਂ ਵਿਚੋਂ ਕੋਈ ਵੀ ਕਸੂਰਵਾਰ ਹੋਵੇ ਤਾਂ ਮੈਂ ਇਕੱਲਾ ਸਜ਼ਾ ਕੱਟਣ ਲਈ ਤਿਆਰ ਹਾਂ।''

ਇਕ ਹੋਰ ਸਾਥੀ ਨੇ ਆਖਿਆ ''ਜੀ, ਮੈਂ ਬੈਂਕ ਕਰਮਚਾਰੀ ਹਾਂ। ਸਾਢੇ ਦਸ ਸਾਲ ਦੀ ਮੇਰੀ ਨੌਕਰੀ ਹੋ ਗਈ ਹੈ। ਐਵੇਂ ਹੀ ਮੈਨੂੰ ਦਸਤਖਤ ਵਿਖਾ ਕੇ ਜਬਰਦਸਤੀ ਮੇਰੇ ਕੋਲੋਂ ਮਨਵਾਉਂਦੇ ਹਨ ਕਿ ਇਹ ਤੇਰੇ ਹਨ, ਜਦੋਂ ਕਿ ਮੇਰੇ ਦਸਤਖਤ ਬਿਲਕੁਲ ਨਹੀਂ।'' ਜੱਜ 'ਤੇ ਬਹੁਤ ਚੰਗਾ ਪ੍ਰਭਾਵ ਪਿਆ। ਉਨ੍ਹਾਂ ਨੇ ਸਰਕਾਰੀ ਵਕੀਲ ਨੂੰ ਪੁਛਿਆ ''ਤੁਸੀਂ ਦਸ ਦਿਨ ਦਾ ਰੀਮਾਂਡ ਕਿਉਂ ਮੰਗਦੇ ਹੋ?'' ਉਸ ਨੇ ਕਿਹਾ ਜਨਾਬ ਕੈਨੇਡਾ ਵਿਚ ਇਨ੍ਹਾਂ ਦੀਆਂ ਅਵਾਜ਼ਾਂ ਟੇਪ ਰਿਕਾਰਡ ਹਨ, ਅਸੀਂ ਉਹ ਓਥੋਂ ਮੰਗਵਾ ਰਹੇ ਹਾਂ। ਨੰਬਰ ਦੋ, ਇਨ੍ਹਾਂ ਦੀ ਅਵਾਜ਼ ਵੀ ਰਿਕਾਰਡ ਕਰਨੀ ਹੈ। ਮੈਂ ਕਿਹਾ ''ਜਨਾਬ, ਇਹ ਟੇਪ ਰਿਕਾਰਡਿੰਗ 'ਤੇ ਅਜੇ ਇਨ੍ਹਾਂ ਨੇ ਕੱਲ ਹੀ ਕੀਤੀ ਹੈ। ਕੱਲ ਸਾਰਾ ਦਿਨ ਇਨ੍ਹਾਂ ਨੇ ਏਹੋ ਹੀ ਕੰਮ ਕੀਤਾ ਹੈ।'' ਸਰਕਾਰੀ ਵਕੀਲ ਨੇ ਆਖਿਆ, ''ਵੋਹ ਅਵਾਜ਼ੇਂ ਠੀਕ ਨਹੀਂ ਆਈ ਕਿਉਂਕਿ ਉਨਮੇਂ ਵਿਵਿਧ ਭਾਰਤੀ ਕੇ ਗਾਨੇ ਕੀ ਭੀ ਅਵਾਜ਼ੇ ਆ ਰਹੀ ਹੈ, ਇਸ ਲੀਏ ਵੋਹ ਦੋਬਾਰਾ ਟੇਪ ਕਰਨਾ ਪੜੇਗਾ।'' ਜੱਜ ਸਾਹਿਬ ਨੇ ਸਾਰੀਆਂ ਗੱਲਾਂ ਸੁਣੀਆਂ ਤੇ ਅੱਠ ਦਿਨ ਦਾ ਪੁਲਿਸ

ਰੀਮਾਂਡ ਹੋਰ ਦੇ ਦਿੱਤਾ। ਪਰ ਇਕ ਗੱਲ ਉਨ੍ਹਾਂ ਨੇ ਇਹ ਚੰਗੀ ਕੀਤੀ ਕਿ ਲਫ਼ਜ਼ ਪੁੱਛਗਿੱਛ ਦੀ ਥਾਂ ਪੜਤਾਲ ਕਰ ਦਿੱਤਾ। ਇਹ ਲਫ਼ਜ਼ ਉਨ੍ਹਾਂ ਉਦੋਂ ਬਦਲਿਆ ਜਦੋਂ ਮੈਂ ਅਦਾਲਤ ਦਾ ਧਿਆਨ ਇਸ ਗੱਲ ਵੱਲ ਦੁਆਇਆ ਕਿ ਹਮੇਂ ਆਜ ਪੰਦਰਾਂ ਦਿਨ ਸੇ ਤੰਗ ਵਾ ਪ੍ਰੇਸ਼ਾਨ ਕੀਆ ਜਾ ਰਹਾ ਹੈ, ਮਾਰਾ ਪੀਟਾ ਜਾ ਰਹਾ ਹੈ ਔਰ ਆਜ ਹਮ ਨੇ ਪੰਦਰਾਂ ਦਿਨ ਬਾਅਦ ਅਦਾਲਤ ਕੀ ਇਸ ਖਿੜਕੀ ਸੇ ਰੋਸ਼ਨੀ ਵਾ ਸੂਰਜ ਦੇਖਾ ਹੈ। ਨਹੀਂ ਤੋ ਹਮੇਂ ਏਕ ਤਹਿਖਾਨਾ ਨੁਮਾ ਹਵਾਲਾਤ ਮੇ ਰੱਖਾ ਹੂਆ ਹੈ। ਹਰ ਵਕਤ ਆਖੋਂ ਪਰ ਪੱਟੀ ਬਾਂਧ ਕੇ ਪੂਛਤਾਛ ਕਰਤੇ ਹੈਂ, ਫਿਰ ਮੈਂ ਚਾਰ ਕੁ ਕਦਮ ਅੱਗੇ ਵਧ ਕੇ ਬਿਲਕੁਲ ਅਦਾਲਤ ਦੇ ਉੱਚੇ ਮੇਜ਼ ਤੱਕ ਚਲਾ ਗਿਆ ਤੇ ਅੱਤ ਦੀ ਤੰਗ ਹੱਥਕੜੀ ਜੱਜ ਨੂੰ ਵਿਖਾਉਣ ਵਾਸਤੇ ਹੱਥ ਅੱਗੇ ਕਰ ਦਿੱਤੇ। ਹੱਥਕੜੀਆਂ ਤਾਂ ਸਾਰਿਆਂ ਦੀਆਂ ਹੀ ਤੰਗ ਸਨ ਪਰ ਮੇਰੇ ਵਾਲੀ ਤਾਂ ਬਹੁਤ ਹੀ ਤੰਗ ਸੀ। ਦੋਹਾਂ ਹੱਥਾਂ ਨੂੰ ਇਕੱਠੀ ਹੱਥਕੜੀ ਤੇ ਉਹ ਵੀ ਏਨੀ ਤੰਗ, ਜਦੋਂ ਮੈਂ ਜੱਜ ਵੱਲ ਨੂੰ ਵਧਿਆ ਤਾਂ ਝਟ ਭੱਜ ਕੇ ਦੋ ਇਨਸਪੈਕਟਰ ਅੱਗੇ ਆ ਗਏ ਤੇ ਮੈਨੂੰ ਉਥੇ ਹੀ ਰੋਕ ਲਿਆ ਪਰ ਜੱਜ ਦੇ ਕਹਿਣ 'ਤੇ ਅੱਗੇ ਜਾ ਲੈਣ ਦਿੱਤਾ। ਜੱਜ ਸਾਹਿਬ ਨੇ ਆਪ ਹੱਥ ਨਾਲ ਹੱਥਕੜੀਆਂ ਵੇਖੀਆਂ ਤੇ ਕੁਝ ਨਾ ਬੋਲੇ। ਪਰ ਨਾਲ ਹੀ ਉਨ੍ਹਾਂ ਨੇ ਸਟੈਨੋ ਨੂੰ ਆਖਿਆ, "ਪੁੱਛਗਿੱਛ (interogation) ਕਾਟ ਦੋ ਔਰ ਪੜਤਾਲ (investigation) ਲਿਖ ਦੋ।" ਨਾਲ ਹੀ ਜੱਜ ਸਾਹਿਬ ਨੇ ਹਦਾਇਤ ਕੀਤੀ ਕਿ ਹੱਥਕੜੀ ਤੰਗ ਨਹੀਂ ਹੋਣੀ ਚਾਹੀਦੀ। ਯਹ ਤੁਮ ਕਹੀ ਸੇ ਭੀ ਮੰਗਵਾਓ, ਲੇਕਿਨ ਅਗਲੀ ਤਾਰੀਖ ਪਰ ਯਹ ਸ਼ਿਕਾਇਤ ਨਾ ਹੋ।

ਦਿੱਲੀ ਦੀ ਅਦਾਲਤ ਵੱਲੋਂ ਅੱਠ ਦਿਨ ਦਾ ਹੋਰ ਰਿਮਾਂਡ

ਫਿਰ ਸਾਰੇ ਅਦਾਲਤ ਵਿਚੋਂ ਬਾਹਰ ਆ ਗਏ। ਸਾਰਿਆਂ ਦੇ ਮਨ ਵਿਚ ਜੱਜ ਸਾਹਿਬ ਲਈ ਬੜੀ ਇਜ਼ਤ ਸੀ ਪਰ ਅੱਠ ਦਿਨ ਦਾ ਰੀਮਾਂਡ ਕਿਹੜਾ ਘੱਟ ਸੀ? ਇਸ ਗੱਲ ਦਾ ਦੁੱਖ ਵੀ ਸੀ। ਅੱਠ ਦਿਨ ਹੋਰ ਇਨ੍ਹਾਂ ਬੁੱਚੜਾਂ ਕੋਲ ਰਹਿਣਾ ਪਵੇਗਾ, ਇਹ ਸੋਚ ਕੇ ਦਿਲ ਘਟਦਾ ਸੀ। ਏਥੇ ਇਹ ਗੱਲ ਦੱਸਣੀ ਪਵੇਗੀ ਕਿ 29 ਤਾਰੀਖ ਨੂੰ ਵਾਰੋ ਵਾਰੀ ਸਭ ਨੂੰ ਇਕ ਕਮਰੇ ਵਿਚ ਲਿਜਾ ਕੇ ਜਿਥੇ ਟੈਲੀਫੋਨ ਟੇਪ ਕਰਨ ਦਾ ਪ੍ਰਬੰਧ ਬਣਾਇਆ ਹੋਇਆ ਸੀ, ਕੁਰਸੀ 'ਤੇ ਬਿਠਾ ਕੇ ਟੈਲੀਫੋਨ ਦਾ ਰਿਸੀਵਰ ਘੰਟੀ ਵੱਜਣ ਤੋਂ ਬਾਅਦ ਚੁੱਕ ਕੇ ਫੜਾ ਦੇਂਦੇ ਸਨ। (ਪਰ ਪਹਿਲਾਂ ਦੱਸ ਵੀ ਦਿੱਤਾ ਸੀ ਕਿ ਤੁਹਾਡੀ ਅਵਾਜ ਰੀਕਾਰਡ ਕਰ ਰਹੇ ਹਾਂ) ਫਿਰ ਸੁਆਲ ਜੁਆਬ ਟੈਲੀਫੋਨ ਉੱਤੇ ਹੋ ਰਹੇ ਸਨ ਤੇ ਉਹ ਅਵਾਜ਼ ਰੀਕਾਰਡ ਕੀਤੀ ਜਾ ਰਹੀ ਸੀ। ਇਹ ਕੰਮ ਹਰ ਆਦਮੀ ਲਈ ਸਿਰਫ ਦਸ ਮਿੰਟ ਤੋਂ ਵੱਧ ਦਾ ਨਹੀਂ ਸੀ। ਪਰ ਵੇਖੋ ਇਸ ਕੰਮ ਲਈ ਅੱਠ ਦਿਨ ਦਾ ਰੀਮਾਂਡ ਲੈ ਲਿਆ। ਜੱਜ ਸਾਹਿਬ ਨੇ ਰੀਮਾਂਡ ਦੇਣ ਤੋਂ ਪਹਿਲਾਂ ਪਿਛਲੀ ਰਿਪੋਰਟ ਵੀ ਪੜ੍ਹੀ ਸੀ, ਪਤਾ ਨਹੀਂ ਉਸ ਵਿਚ ਕੀ ਲਿਖਿਆ ਹੋਇਆ ਸੀ, ਜਿਹੜਾ ਅੱਠ ਦਿਨ ਦਾ ਰੀਮਾਂਡ ਹੋਰ ਦੇ ਦਿੱਤਾ। ਪਰ ਜਿੰਨੀਆਂ ਗੱਲਾਂ ਅਸਾਂ ਆਪ ਜੱਜ ਸਾਹਿਬ ਨਾਲ ਕਰ ਲਈਆਂ ਸਨ, ਏਨੀਆਂ ਗੱਲਾਂ ਕੋਈ ਵੱਡਾ ਵਕੀਲ ਵੀ ਨਹੀਂ ਸੀ ਕਰ ਸਕਦਾ। ਕਿਉਂਕਿ ਅਗਲੀ ਤਾਰੀਖ 'ਤੇ ਜਦੋਂ ਛੇ ਜਣਿਆਂ ਦਾ ਅਦਾਲਤੀ ਰੀਮਾਂਡ ਹੋਇਆ ਤਾਂ ਚਾਰ ਜਣਿਆਂ ਦਾ ਫਿਰ ਦਸ ਦਿਨ ਦਾ ਪੁਲਿਸ ਰੀਮਾਂਡ ਦੇ ਦਿੱਤਾ ਗਿਆ (ਪਰ ਜੱਜ ਹੋਰ ਸੀ)। ਉਸ ਵੇਲੇ ਘੱਟ ਤੋਂ ਘੱਟ ਛੇ ਵਕੀਲ ਸਨ ਤੇ ਉਨ੍ਹਾਂ ਨੇ ਬੜੀ ਭਰਪੂਰ ਬਹਿਸ ਕੀਤੀ ਸੀ। ਫਿਰ ਵੀ ਦਸ ਦਿਨ ਦਾ ਰੀਮਾਂਡ ਮਿਲ ਗਿਆ ਸੀ।

ਵਾਪਸ ਹਵਾਲਾਤ ਪਹੁੰਚੇ ਤਾਂ ਬਹੁਤ ਹੀ ਥਕਾਵਟ ਸੀ। ਸਾਰੀਆਂ ਆਸਾਂ ਉਮੀਦਾਂ 'ਤੇ ਪਾਣੀ ਫਿਰ ਚੁੱਕਾ ਸੀ। ਜੇਲ੍ਹ ਭੇਜ ਦੇਣ ਵਾਲੀ ਤੇ ਜਲੰਧਰ ਲੈ ਜਾਣ ਵਾਲੀਆ ਸਾਰੀਆਂ ਆਸਾਂ ਖਤਮ ਹੋ ਗਈਆਂ ਸਨ। ਹੁਣ ਅੱਠ ਦਿਨ ਤਾਂ ਇਨ੍ਹਾਂ ਬਘਿਆੜਾਂ ਦੇ ਵੱਸ ਸਾਂ। ਉਸ ਦਿਨ ਫਿਰ ਕਿਸੇ ਨੂੰ ਨਹੀਂ ਬੁਲਾਇਆ ਗਿਆ। ਰਾਤ ਨੂੰ ਵੀ ਕਿਸੇ ਨੇ ਤੰਗ ਨਹੀਂ ਕੀਤਾ। ਦੂਜੇ ਦਿਨ ਬਾਰਾਂ ਕੁ ਵਜੇ ਤੱਕ ਵੀ ਕੋਈ ਹਿੱਲ ਜੁੱਲ ਨਾ ਹੋਈ।

ਬਾਰਾਂ ਕੁ ਵਜੇ ਜਦੋਂ ਬੁਲਾਉਣ ਆਏ ਤਾਂ ਅੱਖਾਂ 'ਤੇ ਪੱਟੀਆਂ ਤਾਂ ਬੰਨੀਆਂ ਪਰ ਹੱਥਕੜੀਆਂ ਨਾ ਲਾਈਆਂ। ਇਹ ਗੱਲ ਸ਼ਾਇਦ ਪੁੱਛਗਿੱਛ ਤੋਂ ਪੜਤਾਲ ਹੋ ਜਾਣ ਦਾ ਫਰਕ ਸੀ। ਫਿਰ ਅੱਠ ਦਿਨ ਹੀ ਹੱਥਕੜੀਆਂ ਉਪਰ ਜਾਣ ਵਾਸਤੇ ਤਾਂ ਨਹੀਂ ਲਾਈਆਂ ਪਰ ਜਦੋਂ ਇਕ ਦਿਨ ਟੈਲੀਫੋਨ ਕਰਵਾਉਣ ਲਈ ਹੋਰ ਕਿਤੇ ਲੈ ਕੇ ਗਏ ਤਾਂ ਸਾਰੀਆਂ ਹੀ ਪਿਛਲੀਆਂ ਕਸਰਾਂ ਕੱਢ ਦਿੱਤੀਆਂ। ਐਸ ਵਾਰੀ ਪਿਛੇ ਨੂੰ ਹੱਥ ਕਰਕੇ ਪੁਠੀਆਂ ਹੱਥਕੜੀਆਂ ਲਾਈਆਂ ਤੇ ਬਿਠਾਇਆ ਵੀ ਸੀਟਾਂ ਦੀ ਥਾਂ 'ਤੇ ਭੁੰਜੇ, ਗੱਡੀ ਦੇ ਫਰਸ਼ 'ਤੇ। ਇਹ ਘੰਟੇ ਕੁ ਦਾ ਸਫਰ ਆਉਣ ਤੇ ਘੰਟੇ ਕੁ ਦਾ ਜਾਣ ਦਾ ਸੀ ਪਰ ਬੜਾ ਕਸ਼ਟਦਾਇਕ ਸੀ।

ਅੱਠ ਦਿਨ ਰੀਮਾਂਡ ਮਿਲ ਜਾਣ ਕਰਕੇ ਹੁਣ ਉਨ੍ਹਾਂ ਨੂੰ ਕੋਈ ਖਾਸ ਕਾਹਲ ਨਹੀਂ ਸੀ। ਪਰ ਇਨ੍ਹਾਂ ਦਾ ਰਵੱਈਆ ਅੱਗੇ ਨਾਲੋਂ ਬਹੁਤ ਸਖਤ ਸੀ। ਸ਼ਾਇਦ ਅਦਾਲਤ ਵਿਚ ਉਨ੍ਹਾਂ ਦੀ ਬੇਇਜ਼ਤੀ ਹੋ ਗਈ ਸੀ ਜਾਂ ਉਨ੍ਹਾਂ ਗੱਲਾਂ ਨੂੰ ਉਹ ਆਪਣੇ ਵਿਰੁੱਧ ਸ਼ਿਕਾਇਤ ਸਮਝਦੇ ਸਨ।

ਤਸੀਹੇ ਦੇਣ ਦੀ ਇਸ ਵਾਰ ਹੱਦ ਮੁਕਾ ਦਿੱਤੀ। ਜਿਸ ਨੇ ਇਹ ਕਿਹਾ ਸੀ ਕਿ "ਮੇਰੇ ਦਸਤਖਤ ਨਹੀਂ ਰਲਦੇ, ਧੱਕੇ ਨਾਲ ਰਲਾਉਂਦੇ ਹਨ" ਸਭ ਤੋਂ ਪਹਿਲਾਂ ਉਸ ਦੇ ਦੁਆਲੇ ਹੋਏ। ਉਸ ਦੀਆਂ ਚੀਕਾਂ ਥੱਲੇ ਤੱਕ ਸੁਣਦੀਆਂ ਸਨ। ਦੋਹਾਂ ਲੱਤਾਂ ਨੂੰ ਦੋ ਬੰਦੇ ਫੜ ਕੇ ਆਪਣੇ ਆਪਣੇ ਪਾਸੇ ਵੱਲ ਖਿਚਦੇ ਸਨ। ਲੱਤਾਂ ਚੌੜੀਆਂ ਹੁੰਦੀਆਂ ਤਾਂ ਉਹ ਚੀਕਾਂ ਮਾਰਦਾ ਸੀ। ਪਰ ਫਿਰ ਵੀ ਉਸ ਨੇ ਇਹ ਨਾ ਮੰਨਿਆ ਕਿ ਦਸਤਖਤ ਉਸਦੇ ਹਨ ਜਾਂ ਉਸਦਾ ਕਿਸੇ ਗੱਲ ਵਿਚ ਕੋਈ ਹੱਥ ਹੈ। ਉਸ 'ਤੇ ਇਹ ਵੀ ਬੜਾ ਜ਼ੋਰ ਪਾਇਆ ਕਿ ਤੂੰ ਆਖ, "ਮੈਂ ਕੁਲਬੀਰ ਸਿੰਘ ਨੂੰ ਜਾਣਦਾ ਹਾਂ ਤੇ ਉਹ ਵੀ ਅੱਤਵਾਦੀ ਕਾਰਵਾਈਆਂ ਵਿਚ ਸ਼ਾਮਲ ਹੈ।" ਉਹ ਕੁੱਟ ਖਾਈ ਗਿਆ ਪਰ ਉਸ ਕਿਹਾ, "ਮੈਂ ਕੁਲਬੀਰ ਸਿੰਘ ਨੂੰ ਜਾਣਦਾ ਹੀ ਨਹੀਂ। ਪਹਿਲਾਂ ਕਦੀ ਵੇਖਿਆ ਨਹੀਂ, ਕਿਵੇਂ ਕਹਿ ਦਿਆਂ ਮੈਂ ਜਾਣਦਾ ਹਾਂ।" ਏਸੇ ਤਰ੍ਹਾਂ ਹੀ ਇਕ ਹੋਰ ਲੜਕੇ ਨੂੰ ਇਹ ਕਹਿੰਦੇ ਸਨ, "ਦੱਸ ਤੂੰ ਕੁਲਬੀਰ ਸਿੰਘ ਨੂੰ ਜਾਣਦਾ ਹੈਂ ਕਿ ਨਹੀਂ?" ਉਹ ਵੀ ਪੁੱਠਾ ਟੰਗਿਆ ਹੋਇਆ ਸੀ, ਪਰ ਉਸ ਨੇ ਕਿਹਾ, "ਮੈਂ ਉਸ ਨੂੰ ਨਹੀਂ ਜਾਣਦਾ। ਪਹਿਲਾਂ ਕਦੇ ਵੇਖਿਆ ਵੀ ਨਹੀਂ, ਨਾਂ ਵੀ ਨਹੀਂ ਸੁਣਿਆ।" ਇਸੇ ਤਰ੍ਹਾਂ ਹੀ ਅਖ਼ਬਾਰ ਵਾਲੇ ਦੇ ਮੁੰਡੇ ਨੂੰ ਪੁਛਿਆ ਤੇ ਨਾਲੇ ਕੁਟਿਆ ਕਿ ਤੂੰ ਤਾਂ ਉਸ ਨੂੰ ਜਾਣਦਾ ਹੈ, ਨਾਲੇ ਉਹ ਤੁਹਾਡੀ ਅਖ਼ਬਾਰ 'ਚ ਆਉਂਦਾ ਸੀ। ਉਸ ਨੇ ਵੀ ਕਿਹਾ ਕਿ ਮੈਂ ਨਹੀਂ ਜਾਣਦਾ, ਜਿਸ ਨੂੰ ਉਹ ਜਾਣਦਾ ਸੀ, ਉਹ ਬੈਂਕ ਵਾਲਾ ਸੀ ਤੇ ਇਹ ਗੱਲ ਉਹ ਪਹਿਲਾਂ ਹੀ ਦੱਸ ਚੁੱਕਾ ਸੀ। ਬਲਕਿ ਉਸ ਨੂੰ ਫੜਾਇਆ ਵੀ ਉਸੇ ਨੇ ਹੀ ਸੀ। ਪਰ ਮੇਰੇ ਬਾਰੇ ਉਹ ਸਿਰ ਫੇਰ ਗਿਆ। ਗੱਲ ਕੀ ਉਨ੍ਹਾਂ ਨੇ ਸਾਰਿਆਂ ਨੂੰ ਬਹੁਤ ਹੀ ਕੁੱਟ ਮਾਰ ਕਰਕੇ ਮੇਰੇ ਬਾਰੇ ਪੁਛਿਆ, ਪਰ ਕਿਸੇ ਨੇ ਹਾਂ ਨਾ ਕੀਤੀ। ਫਿਰ ਇਹ ਹੀ ਗੱਲ ਉਹ ਮੈਨੂੰ ਪੁਛਦੇ ਰਹੇ ਕਿ ਤੂੰ ਉਨ੍ਹਾਂ ਵਿਚੋਂ ਕਿਸ ਨੂੰ ਜਾਣਦਾਂ ਹੈ? ਜਵਾਬ ਸੀ, ਮੈਂ ਕਿਸੇ ਨੂੰ ਨਹੀਂ ਜਾਣਦਾ। ਇਹ ਖੱਪ-

ਪਾਨਾ ਰਾਤ ਦੇ ਦੋ ਵਜੇ ਤੱਕ ਚੱਲਦਾ ਰਿਹਾ। ਸੀ.ਬੀ.ਆਈ. ਨੇ ਆਪਣੀ ਸਾਰੀ ਸ਼ਕਤੀ ਤੇ ਸਾਧਨ ਇਸ ਕੇਸ ਵਿਚ ਝੋਕ ਦਿੱਤੇ ਲਗਦੇ ਸਨ। ਇਕ ਬੰਦਾ ਕੀ, ਕਈ ਬੰਦਿਆਂ ਦਾ ਸਟਾਫ, ਜਲੰਧਰ ਟੈਲੀਫੋਨ ਦੇ ਦਫਤਰ ਵਿਚਲੇ ਰਿਕਾਰਡ ਦਾ ਇਕੱਲਾ ਇਕੱਲਾ ਅੱਖਰ ਫੋਲ ਰਿਹਾ ਸੀ। ਵਿਦੇਸ਼ਾਂ ਨੂੰ ਜਾਣ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਸੀ ਤੇ ਉਹ ਆਪਣੇ ਵਲੋਂ ਬਹੁਤ ਮੇਹਨਤ ਕਰ ਰਹੇ ਸਨ।

ਜਲੰਧਰ ਤੋਂ ਹੀ ਸਾਡੇ ਇਕ ਸਾਥੀ ਦੇ ਵਕੀਲ ਨੇ ਜੱਜ ਸਾਹਿਬ ਤੋਂ ਹੁਕਮ ਕਰਵਾ ਦਿੱਤੇ ਕਿ ਇਨ੍ਹਾਂ ਪਿਓ ਪੁੱਤਰਾਂ ਦਾ ਡਾਕਟਰੀ ਮੁਆਇਨਾ ਸਮੇਂ-ਸਮੇਂ ਕਰਵਾਇਆ ਜਾਵੇ। ਦੂਜੇ ਦਿਨ ਉਹ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਵਾਉਣ ਵਾਸਤੇ ਲੈ ਕੇ ਗਏ ਤਾਂ ਦੋ ਵੱਜ ਗਏ। ਦੋ ਵਜੇ ਤੱਕ ਸਾਨੂੰ ਕਿਸੇ ਨੇ ਨਾ ਪੁਛਿਆ। ਪਰ ਦੋ ਵਜੇ ਇਕ ਵੱਡੇ ਅਫਸਰ, ਜੋ ਚੰਗਾ ਅਫਸਰ ਕਿਹਾ ਜਾ ਸਕਦਾ ਹੈ, ਨੇ ਆ ਕੇ ਕਿਹਾ ਕਿ "ਦੇਖੋ ਦਵਾਈ ਵਗੈਰਾ ਲੈਣ ਦੀ ਜਾਂ ਡਾਕਟਰ ਦੀ ਗੱਲ ਤਾਂ ਹੀ ਕਰਿਆ ਕਰੋ, ਜੇ ਕੋਈ ਤਕਲੀਫ ਹੋਵੇ, ਨਹੀਂ ਤਾਂ ਅਸੀਂ ਤੁਹਾਨੂੰ ਅੱਤਵਾਦੀ ਮੰਨ ਕੇ ਚੱਲਦੇ ਹਾਂ ਤੇ ਤੁਹਾਨੂੰ ਕਿਧਰੇ ਬਾਹਰ ਲੈ ਕੇ ਜਾਣ 'ਤੇ ਸਾਡਾ ਸਾਰਾ ਜੋਰ ਲੱਗ ਜਾਂਦਾ ਹੈ।" ਸਾਰਿਆਂ ਆਖਿਆ, "ਅਸਾਂ ਤਾਂ ਕਦੇ ਦਵਾਈ ਨਹੀਂ ਲਈ ਤੇ ਨਾ ਹੀ ਕਦੀ ਕੋਈ ਬਿਮਾਰੀ ਦੀ ਸ਼ਿਕਾਇਤ ਕੀਤੀ ਹੈ, ਫਿਰ ਇਹ ਤੁਸੀਂ ਕੀ ਗਲ ਕੀਤੀ?" ਜਿਨ੍ਹਾਂ ਦੋ ਪਿਓ ਪੁੱਤਰਾਂ ਨੂੰ ਲੈ ਕੇ ਗਏ ਸੀ, ਉਨ੍ਹਾਂ ਵੀ ਆਖਿਆ ਕਿ ਅਸਾਂ ਤਾਂ ਤੁਹਾਨੂੰ ਨਹੀਂ ਸੀ ਕਿਹਾ, ਸਾਨੂੰ ਹਸਪਤਾਲ ਲੈ ਕੇ ਜਾਓ, ਤੁਸੀਂ ਆਪਣੀ ਮਰਜ਼ੀ ਨਾਲ ਹੀ ਲੈ ਕੇ ਗਏ ਹੋ। ਤਾਂ ਉਸ ਨੇ ਕਿਹਾ, "ਤੁਸੀਂ ਜੱਜ ਤੋਂ ਹੁਕਮ ਕਰਵਾਏ ਹੋਏ ਹਨ।"

ਖੈਰ ਉਸ ਦਿਨ ਸ਼ਾਮ ਨੂੰ ਫੇਰ ਦੁਬਾਰਾ ਪੁੱਛਣ ਦਾ ਗੇੜ ਸ਼ੁਰੂ ਹੋਇਆ। ਦਿਮਾਗੀ ਤੌਰ 'ਤੇ ਉਨ੍ਹਾਂ ਫੇਰ ਚੰਗੀ ਤਰ੍ਹਾਂ ਸਾਰਿਆਂ ਨੂੰ ਹੰਭਾਇਆ। ਸ਼ੁਰੂ ਤੋਂ ਇਤਿਹਾਸ ਫੇਰ ਪੁੱਛਣ ਬਹਿ ਜਾਂਦੇ। ਇਸ ਤਰ੍ਹਾਂ ਰਾਤ ਦੇ ਦਸ-ਯਾਰਾਂ ਵਜ ਗਏ। ਤੀਜੇ ਦਿਨ ਵੀ ਉਨ੍ਹਾਂ ਤਸ਼ੱਦਦ ਦਾ ਦੌਰ ਸ਼ੁਰੂ ਰਖਿਆ। ਘਸੁੰਨ ਮੁੱਕੀ, ਡੰਡਾ ਸੋਟਾ, ਸਭ ਕੁਝ ਵਰਤਿਆ ਗਿਆ। ਪਟੇ ਦਾ ਬਣਿਆ ਹੋਇਆ ਪਟਾ ਵੀ ਵਰਤ ਹੋਇਆ ਪਰ ਉਸ ਦਿਨ ਵੀ ਸਾਰੇ ਆਪਣੀ ਆਪਣੀ ਥਾਂ ਕਾਇਮ ਰਹੇ। ਫੇਰ ਚੌਥੇ ਦਿਨ ਉਨ੍ਹਾਂ ਨੇ ਤਕਨੀਕ ਉੱਕਾ ਬਦਲ ਦਿੱਤੀ। ਡੰਡਾ ਸੋਟਾ ਸਭ ਇਕ ਤਰ੍ਹਾਂ ਨਾਲ ਫੇਲ ਹੋ ਗਿਆ ਸੀ। ਹੁਣ ਉਨ੍ਹਾਂ ਨੇ ਆਧੁਨਿਕ ਤਰੀਕਿਆਂ ਵੱਲ ਧਿਆਨ ਕਰ ਲਿਆ। ਪਹਿਲਾਂ ਪੁੱਛ ਗਿੱਛ ਕਰਦੇ ਫਿਰ ਤਿੰਨ-ਤਿੰਨ, ਚਾਰ-ਚਾਰ ਘੰਟੇ ਦੀ ਲਿਖ ਲਿਖਾਈ ਤੋਂ ਬਾਅਦ ਬਿਜਲੀ ਲਾਉਣ ਦਾ ਡਰਾਵਾ ਦੇਂਦੇ। ਮੈਨੂੰ ਬੜੀ ਵਾਰ ਡਰਾਵਾ ਦਿੱਤਾ ਪਰ ਕੋਈ ਅਸਰ ਨਾ ਹੋਇਆ ਤਾਂ ਇਕ ਦਿਨ ਉਨ੍ਹਾਂ ਨੇ ਉਹ ਤਰੀਕਾ ਵੀ ਵਰਤ ਹੀ ਲਿਆ। ਬੜੀ ਤਕਲੀਫਦੇਹ ਚੀਜ਼ ਸੀ, ਉਹ। ਉਸ ਤੋਂ ਬਾਅਦ ਝੂਠ ਫੜਨ ਵਾਲੀ ਮਸ਼ੀਨ (Lie-detector) ਵਰਤੋਂ ਵਿਚ ਲਿਆਂਦਾ।

ਝੂਠ ਫੜਨ ਵਾਲੀ ਮਸ਼ੀਨ ਵਿਚੋਂ ਕਾਗਜ਼ ਪਾਟਣ ਦੀ ਆਵਾਜ਼ ਇਸ ਤਰ੍ਹਾਂ ਹੀ ਸੁਣਦੀ ਸੀ, ਜਿਵੇਂ ਈ.ਸੀ.ਜੀ. ਵਿਚਲਾ ਗਰਾਫ ਦਾ ਕਾਗਜ਼ ਡਾਕਟਰ ਪਾੜਦੇ ਹਨ। ਉਹ ਆਦਮੀ ਸ਼ਾਇਦ ਹੁੰਦਾ ਵੀ ਕੋਈ ਸਾਇੰਸਦਾਨ ਜਾਂ ਡਾਕਟਰ ਹੈ। ਮੇਰੇ 'ਤੇ ਜਦੋਂ ਇਹ ਤਰੀਕਾ ਵਰਤਿਆ ਗਿਆ ਤਾਂ ਮੇਰੀਆਂ ਅੱਖਾਂ ਬੰਦ ਸਨ। ਲੱਤਾਂ ਤੇ ਬਾਹਾਂ ਨਾਲ ਤਾਰਾਂ ਜਿਹੀਆਂ, ਉਸੇ ਤਰ੍ਹਾਂ ਹੀ ਲਾਈਆਂ ਗਈਆਂ, ਜਿਵੇਂ ਈ.ਸੀ.ਜੀ. ਦੀਆਂ ਹੁੰਦੀਆਂ ਹਨ। ਫਿਰ ਉਹ ਹੀ ਆਦਮੀ ਸਵਾਲ ਪੁੱਛਦਾ ਤੇ ਕਹਿੰਦਾ, "ਜਵਾਬ ਹਾਂ ਜਾਂ ਨਾਂਹ ਵਿਚ ਹੋਣਾ

ਚਾਹੀਦਾ ਹੈ, ਲੰਬਾ ਚੌੜਾ ਨਹੀਂ।" ਜਿਵੇਂ ਸਵਾਲ ਹੋਵੇਗਾ, ਤੁਸੀਂ ਫਲਾਣੇ ਆਦਮੀ ਨੂੰ ਜਾਣਦੇ ਹੋ? ਜਵਾਬ "ਨਹੀਂ" ਜਾਂ "ਹਾਂ" ਹੋਣਾ ਚਾਹੀਦਾ ਹੈ। ਇਸ ਮਸ਼ੀਨ ਦਾ ਤਰੀਕਾਕਾਰ ਇਹ ਜਾਪਦਾ ਹੈ ਕਿ 'ਨਹੀਂ' ਕਹਿਣ ਨਾਲ ਜੇ ਇਹ ਝੂਠ ਹੋਵੇਗਾ ਤਾਂ ਦਿਲ ਦੀ ਧੜਕਣ ਵਧ ਜਾਵੇਗੀ ਤੇ ਨਬਜ਼ ਤੇਜ ਚਲੇਗੀ ਤਾਂ ਪਤਾ ਲੱਗ ਜਾਵੇਗਾ ਕਿ ਕੁਝ ਗੜਬੜ ਹੈ। ਜੇ ਸਵਾਲ ਦਾ ਜਵਾਬ ਠੀਕ ਹੋਵੇਗਾ ਤਾਂ ਦਿਲ ਦੀ ਧੜਕਣ ਆਮ ਵਾਂਗ ਹੀ ਰਹੇਗੀ ਤੇ ਪਤਾ ਲੱਗ ਜਾਵੇਗਾ ਕਿ ਇਹ ਝੂਠ ਨਹੀਂ। ਉਹ ਮਸ਼ੀਨ ਦੱਸਦੇ ਹਨ ਈ.ਸੀ.ਜੀ. ਦੀ ਮਸ਼ੀਨ ਵਰਗੀ ਹੀ ਹੁੰਦੀ ਹੈ। ਪਰ ਅੱਖਾਂ ਬੰਦ ਹੋਣ ਕਰਕੇ ਮੈਂ ਉਹ ਵੇਖੀ ਨਹੀਂ।

ਉਸ ਆਦਮੀ ਦਾ ਸੁਭਾਅ ਬਹੁਤ ਚੰਗਾ ਸੀ। ਉਸ ਨੇ ਪਹਿਲਾਂ ਸਮਝਾਇਆ ਕਿ ਜਵਾਬ ਹਾਂ ਜਾਂ ਨਾਂਹ ਵਿਚ ਦੇਣਾ ਹੈ। ਫਿਰ ਉਸ ਨੇ ਕਿਹਾ ਧਿਆਨ ਇਕ ਪਾਸੇ ਵੱਲ ਰੱਖਣਾ ਹੈ ਤੇ ਇਸ ਤਰ੍ਹਾਂ ਦੀਆਂ ਹੋਰ ਕਈ ਹਦਾਇਤਾਂ। ਪਰ ਹੁੰਦਾ ਇਹ ਸੀ ਕਿ ਜਦ ਉਹ ਕੋਈ ਸਵਾਲ ਪੁੱਛਦਾ ਤਾਂ ਮੈਂ ਜਵਾਬ ਦੇ ਦੇਂਦਾ ਪਰ ਪਹਿਲਾਂ ਮੈਂ ਮਨ ਵਿਚ ਵਾਹਿਗੁਰੂ ਕਹਿ ਦੇਂਦਾ। ਵਾਹਿਗੁਰੂ ਕਹਿਣ ਨਾਲ ਗਰਾਫ ਇਕ ਦਮ ਝਟਕਾ ਨਾ ਖਾਂਦਾ ਤੇ ਉਹ ਨਾਰਮਲ ਹੀ ਰਹਿੰਦਾ। ਇਹ ਤਰੀਕਾ ਮੈਨੂੰ ਕਿਸੇ ਦੱਸਿਆ ਨਹੀਂ ਸੀ, ਕੁਦਰਤ ਵਲੋਂ ਹੀ ਅਜਿਹਾ ਹੋਇਆ। ਉਹ ਡਾਕਟਰ ਜਾਂ ਸਾਇੰਸਦਾਨ ਕਹਿੰਦਾ, "ਆਪ ਮੂੰਹ ਮੇਂ ਕਯਾ ਬੋਲ ਦੇਤੇ ਹੈਂ?" ਇਕ ਵਾਰ ਮੇਰੇ ਕੋਲੋਂ ਅਣਭੋਲ ਹੀ ਕਹਿ ਹੋ ਗਿਆ, "ਸਿਰਫ ਭਗਵਾਨ ਕਾ ਨਾਮ ਹੀ ਲੇਤਾ ਹੂੰ"। "ਨਹੀਂ, ਨਹੀਂ ਐਸਾ ਨਹੀਂ ਕਰਨੇ ਕਾ, ਬਿਲਕੁਲ ਨਹੀਂ ਕਰਨੇ ਕਾ, ਤਭੀ ਯਹ ਗੜਬੜ ਹੋ ਰਹਾ ਹੈ"। ਫਿਰ ਕੀ ਸੀ, ਮੈਨੂੰ ਪੱਕਾ ਪਤਾ ਲੱਗ ਗਿਆ ਕਿ ਵਾਹਿਗੁਰੂ ਕਹਿਣਾ ਬਹੁਤ ਜ਼ਰੂਰੀ ਹੈ, ਉਹ ਲੱਖ ਰੌਲਾ ਪਾਉਂਦਾ ਰਿਹਾ, ਪਰ ਮੈਂ ਵਾਹਿਗੁਰੂ ਕਹਿਣੋਂ ਨਾ ਹਟਿਆ। ਵੈਸੇ ਵੀ ਉਸ ਨੇ ਕੋਈ ਐਸਾ ਸਵਾਲ ਨਹੀਂ ਪੁਛਿਆ ਸੀ, ਜਿਸ ਦਾ ਜਵਾਬ ਝੂਠ ਹੋਵੇ। ਮੈਂ ਉਸ ਨੂੰ ਬੇਨਤੀ ਕੀਤੀ ਕਿ ਅੱਖਾਂ ਖੋਲ੍ਹ ਕੇ ਜ਼ਰਾ ਇਹ ਮਸ਼ੀਨ ਤਾਂ ਦਿਖਾ ਦਿਓ। ਪਰ ਉਹ ਮੰਨਿਆ ਨਾ। ਉਂਜ ਉਸ ਦੇ ਚੱਲਣ ਵਗੈਰਾ ਦਾ ਸਭ ਕੁਝ ਓਹੋ ਜਿਹਾ ਹੀ ਮਾਲੂਮ ਹੁੰਦਾ ਸੀ ਜਿਸ ਤਰ੍ਹਾਂ ਈ.ਸੀ.ਜੀ. 'ਚ ਹੁੰਦਾ ਹੈ। ਖੂਨ ਦਾ ਦਬਾਅ, ਨਬਜ਼ ਤੇ ਦਿਲ ਦੀ ਧੜਕਣ ਵਗੈਰਾ ਤਿੰਨ ਚਾਰ ਚੀਜ਼ਾਂ ਰੀਕਾਰਡ ਕਰਨ ਦੀ ਇਹ ਮਸ਼ੀਨ ਹੁੰਦੀ ਹੈ। ਉਸ ਨੇ ਫਿਰ ਮੈਨੂੰ ਕਿਹਾ "ਯਹ ਪੱਕੀ ਬਾਤ ਹੈ ਨਾ ਕਿ ਆਪ ਸੱਚ ਕਹਿ ਰਹੇ ਹੈਂ?" "ਹਾਂ ਜੀ ਬਿਲਕੁਲ ਪੱਕੀ", ਇਹ ਗੱਲ ਕਰਨ ਤੋਂ ਬਾਅਦ ਮੈਨੂੰ ਹਾਸਾ ਵੀ ਆਇਆ, ਨਾਲੇ ਮਸ਼ੀਨ ਨਾਲੇ ਫਿਰ ਓਹੀ ਇਤਬਾਰੀ ਗੱਲਾਂ, ਇਨ੍ਹਾਂ ਦਾ ਕੀ ਮੇਲ ਹੋਇਆ ਤੇ ਡਾਕਟਰ ਦੀ ਵੀ ਇਹ ਗੱਲ ਉਸ ਤਰ੍ਹਾਂ ਦੀ ਸੀ, ਜਿਵੇਂ ਪੇਂਡੂ ਔਰਤਾਂ ਦੇਸੀ ਘਿਓ ਲੈਣ ਜਾਣ ਤਾਂ ਦੁਕਾਨਦਾਰ ਨੂੰ ਕਹਿੰਦੀਆਂ ਹਨ "ਭਾਈ ਨਖ਼ਾਲਸ ਘਿਓ ਦੇਈਂ।" ਅਗੋਂ ਦੁਕਾਨਦਾਰ ਝੱਟ ਕਹਿ ਦੇਂਦਾ ਹੈ "ਬੀਬੀ ਧਰਮ ਨਾਲ ਨਖ਼ਾਲਸ ਹੈ।" ਕਿਉਂਕਿ ਉਹ 'ਨਖ਼ਾਲਸ' ਹੀ ਤਾਂ ਮੰਗ ਰਹੀਆਂ ਹੁੰਦੀਆਂ ਹਨ ਤੇ ਦੇਣ ਵਾਲਾ ਵੀ ਨਖ਼ਾਲਸ ਦੇ ਰਿਹਾ ਹੁੰਦਾ ਹੈ। (ਪਿੰਡਾਂ ਵਿਚ ਖਾਲਸ ਨੂੰ ਆਮ ਤੌਰ 'ਤੇ ਨਖ਼ਾਲਸ ਕਿਹਾ ਜਾਂਦਾ ਹੈ) ਰੋਜ਼ ਦਾ ਇਹ ਰੌਲਾ ਕਿ "ਲਾਈ ਡਿਟੈਕਟਰ ਲਗਾਨਾ ਪੜੇਗਾ, ਫਿਰ ਸਭ ਕੁਛ ਆਪ ਕੋ ਬਤਾਨਾ ਪੜੇਗਾ, ਤਬ ਕੈਸੇ ਛੁਪਾਓਗੇ," ਇਸ ਤਰ੍ਹਾਂ ਇਹ ਟੈਸਟ ਵੀ ਲੰਘ ਗਿਆ।

ਅਗਲੇ ਦਿਨ ਉਨ੍ਹਾਂ ਨੇ ਸਾਰਿਆਂ ਨੂੰ ਸੱਦਿਆ ਤੇ ਚਾਰ ਚਾਰ ਦੀਆਂ ਦੋ ਟੁਕੜੀਆਂ ਕਰਕੇ ਵੱਖਰੇ ਵੱਖਰੇ ਬੈਂਚਾਂ 'ਤੇ ਬਿਠਾ ਦਿੱਤਾ। ਫਿਰ ਕਾਗਜ਼ ਤੇ ਪੈੱਨ ਦੇ ਦਿੱਤੇ ਤੇ ਕਿਹਾ

ਏ.ਸੀ.ਸੀ. ਵੱਡੀ ਤੇ ਛੋਟੀ ਲਿਖੋ। ਸਾਰੇ ਲਿਖਣ ਲੱਗ ਪਏ। ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਸੀ? ਇਕ ਦੋ ਅਨਪੜ੍ਹ ਸਨ, ਉਨ੍ਹਾਂ ਦਾ ਉਦਾਂ ਹੀ ਛੁਟਕਾਰਾ ਹੋ ਗਿਆ। ਕੋਈ ਛੇ-ਛੇ ਸਫੇ ਲਿਖਵਾਏ। ਫੇਰ ਕੁਝ ਨਾਮ ਲਿਖਣ ਵਾਸਤੇ ਕਿਹਾ, ਉਹ ਵੀ ਲਿਖ ਦਿੱਤੇ। ਇਹ ਵੀ ਛੇ-ਛੇ ਸਫੇ ਹੀ ਸਨ। ਫਿਰ ਕਿਹਾ ਆਪਣੇ ਦਸਤਖਤ ਹੀ ਕਰੀ ਜਾਓ, ਇਹ ਵੀ ਛੇ-ਛੇ ਸਫੇ ਸਨ। ਹੱਥ ਥੱਕ ਗਏ ਸਨ ਪਰ ਇਹ ਦਿਲਚਸਪ ਕੰਮ ਸੀ। ਉਹ ਬਹੁਤ ਚੰਗੀ ਤਰ੍ਹਾਂ ਨਿਗ੍ਹਾ ਰੱਖ ਰਹੇ ਸਨ ਕਿ ਕੋਈ ਲਿਖਣ ਲੱਗਾ ਹੱਥ ਦਬਦਾ ਜਾਂ ਵਿੰਗਾ ਟੇਡਾ ਤਾਂ ਨਹੀਂ ਕਰਦਾ? ਖੈਰ ਕਿਸੇ ਨੇ ਵੀ ਅਜਿਹਾ ਕੁਝ ਨਹੀਂ ਕੀਤਾ। ਇਸ ਲਈ ਕੰਮ ਠੀਕ ਹੀ ਹੁੰਦਾ ਰਿਹਾ। ਦੂਸਰੇ ਦਿਨ ਵੀ ਲੱਗਪੱਗ ਇਹ ਕੁਝ ਹੀ ਕਰਵਾਇਆ ਤੇ ਛੇ-ਛੇ ਸਫੇ ਹੋਰ ਭਰਵਾਏ। ਕੁਝ ਨਾਮ ਸਨ, ਕੁਝ ਪਤੇ ਸਨ, ਵਗੈਰਾ ਵਗੈਰਾ। ਇਸ ਦੌਰਾਨ ਕੋਈ ਤਸ਼ੱਦਦ ਵਗੈਰਾ ਨਹੀਂ ਕੀਤਾ। ਉਨੇ ਚਿਰ ਨੂੰ ਕੀਤੀਆਂ ਹੋਈਆਂ ਕਾਲਾਂ ਦਾ ਰੀਕਾਰਡ ਆ ਗਿਆ।

ਫਿਰ ਉਨ੍ਹਾਂ ਨੇ ਹਰ ਟੈਲੀਫੋਨ ਦੀਆਂ ਕਾਲਾਂ ਦਾ ਵੇਰਵਾ ਪੁਛਿਆ। ਫਲਾਣੀ ਕਾਲ ਕਿਸ ਨੂੰ ਕੀਤੀ ਤੇ ਕਿਉਂ ਕੀਤੀ? ਉਹ ਕੌਣ ਹੈ? ਇਸ ਤਰ੍ਹਾਂ ਸਾਰਾ ਵੇਰਵਾ ਲਿਆ। ਮੇਰੀਆਂ ਦੋ ਕਾਲਾਂ ਦਿੱਲੀ ਦੀਆਂ ਸਨ, ਵਕੀਲ ਨੂੰ ਕੀਤੀਆਂ ਸਨ, ਦੱਸ ਦਿੱਤੀਆਂ। ਫੇਰ ਇਕ ਬੰਬਈ ਦੀ ਸੀ, ਉਹ ਵੀ ਦੱਸ ਦਿੱਤੀ। ਇਕ ਕਪੂਰਥਲੇ ਦੀ ਸੀ, ਉਹ ਹਰਭਜਨ ਸਿੰਘ ਦੇ ਨਾਂ 'ਤੇ ਬੁੱਕ ਸੀ। ਉਸ ਬਾਰੇ ਉਨ੍ਹਾਂ ਬਹੁਤ ਗਹਿਰੀ ਪੁੱਛ-ਪੜਤਾਲ ਕੀਤੀ। ਹਰਭਜਨ ਸਿੰਘ ਕੌਣ ਹੈ? ਦਸਿਆ ਕਿ ਲੱਗਦਾ ਕੁਝ ਨਹੀਂ, ਕੁੜਮ ਦਾ ਕੁੜਮ ਹੈ। ਉਮਰ ਕਿੰਨੀ ਕੁ ਹੈ? ਸੱਠ ਕੁ ਸਾਲ ਦੀ। ਰਹਿੰਦਾ ਕਿਥੇ ਹੈ? ਇਹ ਵੀ ਦੱਸ ਦਿੱਤਾ। ਕਾਲ ਕਿਉਂ ਕੀਤੀ? ਇਸ ਦਾ ਕਾਰਨ ਵੀ ਦੱਸ ਦਿੱਤਾ। ਇਸ ਤਰ੍ਹਾ ਮੇਰਾ ਕੰਮ ਤਾਂ ਖਤਮ ਹੀ ਸੀ। ਪਰ ਵਿਹਲੇ ਨਹੀਂ ਬੈਠਣ ਦੇਂਦੇ ਸਨ। ਹੋਰ ਨਹੀ ਤਾਂ ਛੋਟੇ ਜਿਹੇ ਅਫਸਰਾਂ ਨੂੰ ਹੀ ਉਹ ਗੱਲਾਂ ਪੁੱਛਣ 'ਤੇ ਲਾ ਦੇਂਦੇ, ਜੋ ਕਦੀ ਬਹੁਤ ਵੱਡੇ ਵੱਡੇ ਅਫਸਰ ਪਹਿਲਾਂ ਹੀ ਪੁੱਛ ਚੁੱਕੇ ਹੁੰਦੇ ਸਨ। ਸ਼ਾਇਦ ਉਨ੍ਹਾਂ ਨੂੰ ਜਾਚ ਸਿਖਾਉਂਦੇ ਸਨ ਜਾਂ ਟਰੇਂਡ ਕਰਨ ਵਾਸਤੇ ਹੀ ਇਹ ਤਰੀਕਾ ਵਰਤਦੇ ਸਨ। ਦੋ ਦਿਨ ਲਗਾਤਾਰ ਏਦਾਂ ਹੀ ਹੁੰਦਾ ਰਿਹਾ। ਉਨ੍ਹਾਂ ਛੋਟੇ ਛੋਟੇ ਅਫਸਰਾਂ ਨੂੰ ਏਨਾ ਸ਼ੌਕ ਸੀ ਕਿ ਉਹ ਨਾਂ ਆਪ ਟਿਕਦੇ ਨਾ ਕਿਸੇ ਹੋਰ ਨੂੰ ਟਿਕਣ ਦੇਂਦੇ। ਸਾਰਾ ਸਾਰਾ ਦਿਨ ਤੇ ਅੱਧੀ ਅੱਧੀ ਰਾਤ ਤੱਕ ਇਹ ਹੀ ਪੁੱਛ ਗਿੱਛ ਕਰਦੇ ਰਹਿੰਦੇ। ਉਨ੍ਹਾਂ ਨੇ ਵੀ ਥੱਬਿਆਂ ਦੇ ਥੱਬੇ ਕਾਗਜ਼ ਕਾਲੇ ਕਰ ਦਿੱਤੇ। ਉਹ ਤਾਂ ਲਿਖਦੇ ਵੀ ਹਿੰਦੀ ਵਿਚ ਹੀ ਸਨ।

ਦੂਸਰੇ ਦਿਨ ਟੈਲੀਫੋਨ ਦੀ ਅਵਾਜ਼ ਦੁਬਾਰਾ ਰੀਕਾਰਡ ਕਰਵਾਉਣ ਲਈ (ਜਿਸ ਨੂੰ ਉਹ ਕੰਟਰੋਲਡ ਅਵਾਜ਼ਾਂ ਆਖਦੇ ਸਨ), ਕਿਧਰੇ ਲੈ ਕੇ ਗਏ। ਜਿਥੇ ਲੈ ਕੇ ਗਏ, ਉਹ ਕੋਈ ਇਕ ਘੰਟੇ ਦਾ ਰਾਹ ਸੀ। ਰਸਤੇ ਵਿਚ ਰਸ਼ ਵੀ ਬਹੁਤ ਆਉਂਦਾ ਸੀ। ਇਕ ਥਾਂ 'ਤੇ ਕੋਈ ਜਲਸਾ ਵੀ ਹੋ ਰਿਹਾ ਸੀ। ਲੈ ਕੇ ਜਾਣ ਦਾ ਤਰੀਕਾ ਵੀ ਬੜਾ ਅਜੀਬ ਸੀ। ਪਹਿਲਾਂ ਦੋਹਰੀ ਹੱਥਕੜੀ ਲਾਈ, ਉਹ ਵੀ ਹੱਥ ਪਿੱਛੇ ਨੂੰ ਕਰਕੇ, ਅੱਖਾਂ 'ਤੇ ਪੱਟੀਆਂ ਬੰਨ੍ਹੀਆਂ। ਜੇ ਸੀਟਾਂ 'ਤੇ ਬਿਠਾਉਂਦੇ ਤਾਂ ਰਸਤੇ ਵਿਚ ਲੋਕਾਂ ਨੂੰ ਦਿਸਣਾ ਸੀ ਤੇ ਇਹ ਗੱਲ ਉਹ ਬਿਲਕੁਲ ਨਹੀਂ ਸਨ ਚਾਹੁੰਦੇ। ਇਸ ਲਈ ਮੁਲਜ਼ਮ ਸਾਰੇ ਫਰਸ਼ 'ਤੇ ਬਿਠਾਏ ਤਾਂ ਕਿ ਕੋਈ ਵੇਖੇ ਨਾ ਤੇ ਸਿਪਾਹੀ ਸੀਟਾਂ 'ਤੇ ਆਲੇ ਦੁਆਲੇ ਬਿਠਾਏ ਤਾਂ ਕਿ ਬਿਲਕੁਲ ਹੀ ਬਾਹਰੋਂ

ਕੋਈ ਵੇਖ ਨਾ ਸਕੇ। ਦੋ ਵਾਰੀ ਦੋ ਟੁਕੜੀਆਂ 'ਚ ਲੈ ਕੇ ਗਏ। ਜਦੋਂ ਪਹਿਲੀ ਪੇਸ਼ੀ ਦੀ ਇਕ ਟੁਕੜੀ ਨੂੰ ਲੈ ਕੇ ਗਏ ਤਾਂ ਮਗਰ ਰਹਿ ਜਾਣ ਵਾਲਿਆਂ ਵਿਚ ਮੈਂ ਵੀ ਸੀ। ਹੈਰਾਨੀ ਇਹ ਹੋ ਰਹੀ ਸੀ ਕਿ ਲੈ ਕੇ ਕਿਥੇ ਗਏ ਹੋਣਗੇ? ਅਕਲ ਕੰਮ ਨਹੀਂ ਸੀ ਕਰਦੀ। ਜੇ ਇਹ ਸੋਚਦੇ ਕਿ ਟੈਲੀਫੋਨ ਟੇਪ ਕਰਨ ਗਏ ਹੋਣਗੇ ਤਾਂ ਦਿਮਾਗ਼ ਵਿਚ ਆਵੇ ਕਿ ਪਹਿਲੀ ਵਾਰ ਤਾਂ ਏਥੇ ਹੀ ਕਰ ਲਈ ਸੀ, ਹੁਣ ਉਥੇ ਜਾਣ ਦੀ ਕੀ ਲੋੜ ਸੀ? ਫਿਰ ਸੋਚਦੇ, ਸ਼ਾਇਦ ਕਿਤੇ ਜਮਨਾ ਦੀ ਰੇਤ ਉਤੇ ਹੀ ਲੰਮੇ ਨਾ ਪਾਏ ਹੋਣ, ਇਨ੍ਹਾਂ ਦਾ ਕੀ ਹੈ? ਇਸ ਤਰ੍ਹਾਂ, ਤਰ੍ਹਾਂ ਤਰ੍ਹਾਂ ਦੇ ਵਿਚਾਰ ਦਿਮਾਗ਼ ਵਿਚ ਆਉਂਦੇ ਰਹੇ। ਕੋਈ ਚਾਰ ਕੁ ਘੰਟੇ ਬਾਅਦ ਪਹਿਲੀ ਪਾਰਟੀ ਵਾਪਸ ਆਈ ਤੇ ਦੂਜੀ ਨੂੰ ਉਨ੍ਹਾਂ ਨੇ ਪਹਿਲਾਂ ਹੀ ਤਿਆਰ ਹੋਣ ਲਈ ਆਖਿਆ ਹੋਇਆ ਸੀ। ਫਿਰ ਵੀ ਹੱਥਕੜੀਆਂ ਲੱਗਣ ਤੋਂ ਪਹਿਲਾਂ ਘੁਸਰ ਮੁਸਰ ਕਰਕੇ ਪਹਿਲੀ ਜਾਣ ਵਾਲੀ ਪਾਰਟੀ ਨੂੰ ਪੁੱਛ ਹੀ ਲਿਆ ਕਿ ਕਿਥੇ ਲੈ ਕੇ ਗਏ ਸਨ? ਉਨ੍ਹਾਂ ਕਿਹਾ ਅੱਗੇ ਵਾਂਗ ਟੈਲੀਫੋਨ ਟੇਪ ਹੀ ਕੀਤੇ ਹਨ, ਹੋਰ ਕੋਈ ਗੱਲ ਨਹੀਂ ਹੋਈ।

ਦੂਸਰੀ ਪਾਰਟੀ ਨੂੰ ਵੀ ਉਥੇ ਹੀ ਲੈ ਕੇ ਗਏ। ਇਕ ਅਜੀਬ ਗੱਲ ਇਹ ਹੋਈ ਕਿ ਜਿਸ ਸਿਪਾਹੀ ਨੇ ਮੇਰੀ ਹੱਥਕੜੀ ਫੜੀ ਹੋਈ ਸੀ, ਉਹ ਕੁਝ ਬੇਧਿਆਨਾ ਹੋ ਗਿਆ ਤੇ ਮੇਰਾ ਗੋਡਾ ਬੜੀ ਜੋਰ ਨਾਲ ਇਕ ਥੰਮ ਨਾਲ ਟਕਰਾਅ ਗਿਆ। ਅਵਾਜ਼ ਵੀ ਆਈ ਤੇ ਕੁਝ ਦਰਦ ਵੀ ਹੋਈ, ਜਿਸ ਕਰਕੇ ਮੈਂ ਉਥੇ ਹੀ ਬੈਠ ਗਿਆ। ਜਿਸ ਸਿਪਾਹੀ ਨੇ ਉਹ ਸੰਗਲ ਫੜਿਆ ਹੋਇਆ ਸੀ, ਉਸ ਦੀ ਬੋਲੀ ਤੋਂ ਮੈਨੂੰ ਉਸਦੀ ਪਛਾਣ ਸੀ। ਉਸ ਨੇ ਪੁਛਿਆ "ਸੱਟ ਜ਼ਿਆਦਾ ਤਾਂ ਨਹੀਂ ਲੱਗੀ?" "ਤੈਨੂੰ ਨਹੀਂ ਦਿਸਦਾ, ਲੱਗੀ ਹੈ ਤਾਂ ਹੀ ਬੈਠਾ ਹਾਂ", ਮੈਂ ਉਸ ਨੂੰ ਬਹੁਤ ਗੁੱਸੇ ਨਾਲ ਆਖਿਆ। ਉਹ ਛੇਤੀ ਛੇਤੀ ਗੋਡਾ ਮਲਣ ਲੱਗ ਪਿਆ। ਕੋਲ ਖੜੇ ਇਕ ਅਫ਼ਸਰ ਦੀ ਅਵਾਜ਼ ਮੈਂ ਸੁਣੀ, ਜਿਹੜਾ ਉਸ ਨੂੰ ਡਾਂਟ ਰਿਹਾ ਸੀ ਤੇ ਕਹਿ ਰਿਹਾ ਸੀ "ਤੂੰ ਖਿਆਲ ਕਿਉਂ ਨਹੀਂ ਰੱਖਿਆ? ਸਿਰਫ ਇਕ ਦਿਨ ਰੀਮਾਂਡ ਦਾ ਹੋਰ ਰਹਿੰਦਾ ਹੈ, ਜੇ ਜ਼ਿਆਦਾ ਸੱਟ ਲੱਗ ਜਾਂਦੀ ਫੇਰ? ਹੁਣ ਦੇਖ ਮਾਸ ਤਾਂ ਨਹੀਂ ਉਤਰ ਗਿਆ, ਜਲਦੀ ਵੇਖ"। ਉਸ ਨੂੰ ਸ਼ੱਕ ਸੀ ਕਿ ਭਾਵੇਂ ਇਹ ਅਚਾਨਕ ਹੀ ਹੋਇਆ ਹੈ ਪਰ ਇਸ ਨੇ ਅਦਾਲਤ ਵਿਚ ਗੋਡਾ ਨੰਗਾ ਕਰਕੇ ਵਿਖਾਉਣਾ ਹੈ ਕਿ ਇਨ੍ਹਾਂ ਨੇ ਏਥੇ ਮਾਰਿਆ ਹੈ। ਮੈਂ ਵੀ ਏਸ ਗੱਲ ਨੂੰ ਖੂਬ ਸਮਝਦਾ ਸੀ, ਇਸ ਲਈ ਘੇਸਲ ਵੱਟ ਗਿਆ। ਉਸ ਨੇ ਪੈਂਟ ਚੁੱਕ ਕੇ ਵੇਖਿਆ ਤੇ ਕਿਹਾ "ਨਹੀਂ ਜੀ, ਸੱਟ ਕੋਈ ਨਹੀਂ ਉਭਰੀ, ਨਾ ਹੀ ਨੀਲ ਪਿਆ ਹੈ, ਨਾ ਹੀ ਜ਼ਖਮ ਹੋਇਆ ਹੈ।" ਫਿਰ ਉਸ ਮੈਨੂੰ ਬਾਂਹ ਤੋਂ ਫੜ ਕੇ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਮੈਂ ਹੱਥ ਨਾਲ ਇਸ਼ਾਰਾ ਕਰਕੇ ਹੀ ਕਿਹਾ, "ਠਹਿਰ ਅਜੇ"। ਗੱਲ ਕੀ, ਚੰਗੇ ਰਾਹੇ ਪਾਏ। ਮੈਂ ਕਿਹਾ ਮੈਨੂੰ ਏਨੀ ਸੱਟ ਲੱਗੀ ਹੈ ਕਿ ਤੁਰਿਆ ਉੱਕਾ ਨਹੀਂ ਜਾਂਦਾ। ਦੋ ਕੁ ਕਦਮ ਪੁਟੇ ਪਰ ਬਿਲਕੁਲ ਇਸ ਤਰ੍ਹਾਂ, ਜਿਵੇਂ ਗੋਡਾ ਟੁੱਟ ਹੀ ਗਿਆ ਹੋਵੇ। ਝੱਟ ਚਾਰ ਪੰਜ ਅਫ਼ਸਰ ਇਕੱਠੇ ਹੋ ਗਏ ਤੇ ਇਕ ਨੇ ਸਲਾਹ ਦਿੱਤੀ ਕਿ ਡਾਕਟਰ ਨੂੰ ਬੁਲਾ ਲਓ। ਫਿਰ ਉਹ ਨਾਲ ਦੇ ਕਮਰੇ ਵਿਚ ਮੈਨੂੰ ਬੜੀ ਹੀ ਮੁਸ਼ਕਲ ਨਾਲ ਲੈ ਕੇ ਗਏ। ਇਕ ਬੈਂਚ ਲਿਆਂਦਾ ਤੇ ਲੰਮੇ ਪੈ ਜਾਣ ਲਈ ਆਖਿਆ। ਫਿਰ ਕੋਈ ਪੰਦਰਾਂ ਕੁ ਮਿੰਟ ਬਾਅਦ ਡਾਕਟਰ ਆਇਆ। ਉਸ ਨੇ ਗੋਡੇ ਨੂੰ ਹੱਥ ਲਾਇਆ ਤਾਂ ਮੈਂ ਇਸ ਤਰ੍ਹਾਂ ਡਾਂਡ ਮਾਰੀ ਜਿਵੇਂ ਗੋਡਾ ਟੁੱਟਾ ਹੋਇਆ ਹੋਵੇ ਤੇ ਹੱਥ ਲਾਉਣ ਨਾਲ ਦੁਖਦਾ ਹੋਵੇ। ਪਤਾ ਨਹੀਂ, ਡਾਕਟਰ ਨੇ ਵੀ ਵੇਖ ਵੂਖ ਕੇ ਕਹਿ ਹੀ ਦਿੱਤਾ "ਮਾਸ ਫਟ ਗਿਆ ਹੈ, ਇਸੀ ਲੀਏ ਦਰਦ ਹੋ ਰਹਾ ਹੈ। ਗੋਡਾ ਜ਼ਿਆਦਾ ਹਿਲੇ ਜੁਲੇ ਨਾ,

ਇਕ ਦੋ ਦਿਨ ਮੇਂ ਠੀਕ ਹੋ ਜਾਏਗਾ"। ਫਿਰ ਉਸ ਨੇ ਪਤਾ ਨਹੀਂ ਐਵੇਂ ਹੀ ਆਪਣੀ ਟੌਹਰ ਬਣਾਉਣ ਕਰਕੇ ਜਾਂ ਮੇਰੀ ਮਦਦ ਕਰਨ ਲਈ ਕਿਹਾ "ਯਹ ਦੇਖੀਏ ਸੂਜਨ ਆ ਰਹੀ ਹੈ, ਚੋਟ ਜ਼ਿਆਦਾ ਲੱਗ ਗਈ ਹੈ। ਕੈਸੇ ਲਗੀ?" "ਜੀ ਪੱਥਰ ਦੇ ਥੰਮ ਨਾਲ ਬੇਧਿਆਨੀ ਵਿਚ ਟਕਰਾ ਗਿਆ ਹੈ।" ਉਸ ਨੇ ਕਿਹਾ "ਵੈਸੇ ਤੋ ਠੀਕ ਹੈ, ਲੇਕਿਨ ਫਿਰ ਭੀ ਐਕਸਰੇ ਕਰਵਾ ਲੋਂ ਤੋ ਅੱਛਾ ਹੈ। ਅਗਰ ਕਰੈਕ ਨਾ ਆਈ ਹੋ ਤੋ ਆਇਓਡੈਕਸ ਲਗਾਓ", ਫਿਰ ਉਸ ਨੇ ਇਕ ਗੋਲੀ ਮੈਨੂੰ ਖਾਣ ਲਈ ਦਿੱਤੀ ਤਾਂ ਕਿ ਦਰਦ ਨਾ ਹੋਵੇ। ਅੱਛਾ ਖਾਸਾ ਡਰਾਮਾ ਹੋ ਗਿਆ।

ਫਿਰ ਕੁਝ ਦੇਰ ਅਰਾਮ ਕਰਨ ਦਿੱਤਾ ਪਰ ਅੱਖਾਂ ਤੋਂ ਪੱਟੀ ਨਾ ਖੋਲ੍ਹੀ। ਭਾਵੇਂ ਮੈਂ ਕਿਹਾ ਵੀ ਕਿ ਪੱਟੀ ਖੋਲ੍ਹ ਦਿੱਤੀ ਜਾਵੇ ਪਰ ਉਨ੍ਹਾਂ ਨੇ ਨਾ ਖੋਲ੍ਹੀ ਤੇ ਆਇਓਡੈਕਸ ਮਲੀ। ਉਹ ਸਿਪਾਹੀ, ਜਿਸ ਕੋਲੋਂ ਅਚਾਨਕ ਇਹ ਹਾਦਸਾ ਹੋਇਆ ਸੀ, ਬਹੁਤ ਹੀ ਰੋਣਹਾਕਾ ਜਿਹਾ ਹੋ ਗਿਆ। ਘੜੀ ਮੁੜੀ ਕਹੇ "ਸਰਦਾਰ ਜੀ, ਧਰਮ ਨਾਲ ਮੇਰਾ ਧਿਆਨ ਹੀ ਨਹੀਂ ਰਿਹਾ, ਮਾਫ ਕਰ ਦਿਓ, ਮੈ ਜਾਣ ਕੇ ਨਹੀਂ ਜੇ ਕੀਤਾ, ਹੁਣ ਅਫ਼ਸਰਾਂ ਨੇ ਮੈਨੂੰ ਬੜਾ ਡਾਂਟਣਾ ਹੈ, ਤੁਸੀਂ ਜ਼ਰਾ ਤੁਰ ਕੇ ਵੇਖੋ, ਹੌਲੀ-ਹੌਲੀ ਤੁਰਿਓ", ਇਸ ਤਰ੍ਹਾਂ ਦੀਆਂ ਗੱਲਾਂ ਤੋਂ ਮੈਨੂੰ ਉਸ 'ਤੇ ਤਰਸ ਜਿਹਾ ਆ ਗਿਆ। ਨਾਲੇ ਹੋਰ ਡਰਾਮਾ ਕਰਨਾ ਕੋਈ ਮਾਇਨੇ ਵੀ ਨਹੀਂ ਸੀ ਰੱਖਦਾ। ਕਦਮ ਕਦਮ ਪੁੱਟ ਕੇ, ਬੜੀ ਮੁਸ਼ਕਲ ਨਾਲ ਮੈਨੂੰ ਉਸ ਕਮਰੇ ਵਿਚ ਲਿਆਂਦਾ ਗਿਆ, ਜਿਥੇ ਟੈਲੀਫੋਨ ਦੀ ਅਵਾਜ਼ ਰੀਕਾਰਡ ਕਰਨੀ ਸੀ। ਉਹ ਪਹਿਲਾਂ ਵਾਂਗ ਹੀ ਸੀ। ਕੀ ਨਾ? ਕਿਥੇ ਰਿਹਾਇਸ਼? ਵਗੈਰਾ ਵਗੈਰਾ। ਮੁਕਦੀ ਗੱਲ ਇਹ ਕਿ ਆਉਣ ਲੱਗਿਆਂ ਵੀ ਗੋਡਾ ਦੁਖਦਾ ਹੋਣ ਕਰਕੇ ਸੀਟ 'ਤੇ ਬਿਠਾਇਆ। ਉਥੇ ਆ ਕੇ ਵੀ ਦਿਹਾੜੀ ਕਿਸੇ ਨੇ ਇਹ ਨਾ ਆਖਿਆ ਕਿ ਕੋਠੇ 'ਤੇ ਜ਼ਰੂਰ ਚੜ੍ਹਨਾ ਹੈ। ਉਹ ਸਿਪਾਹੀ ਬਰਾਬਰ ਆ ਕੇ ਆਇਓਡੈਕਸ ਦੇਂਦਾ ਰਿਹਾ ਤੇ ਪੁੱਛਦਾ ਰਿਹਾ, ਹੁਣ ਕੀ ਹਾਲ ਹੈ? ਤੀਜੇ ਦਿਨ ਫਿਰ ਉਪਰ ਬੁਲਾਇਆ ਗਿਆ ਤੇ ਲੱਗਪਗ ਸਾਰਾ ਦਿਨ ਹੀ ਉਪਰ ਰਖਿਆ। ਏਸੇ ਖਿਆਲ ਨਾਲ ਥੱਲੇ ਨਾ ਭੇਜਿਆ ਕਿ ਬਾਰ ਬਾਰ ਚੜ੍ਹਨ ਉਤਰਨ ਵਿਚ ਤਕਲੀਫ ਹੁੰਦੀ ਹੈ। ਪਰ ਐਕਸਰੇ ਵੀ ਨਾ ਕਰਵਾਇਆ, ਕੰਮ ਏਦਾਂ ਹੀ ਚੱਲ ਗਿਆ।

ਮੈਂ ਪੱਕਾ ਮਨ ਬਣਾ ਲਿਆ ਸੀ ਕਿ ਜੇ ਇਨ੍ਹਾਂ ਰੀਮਾਂਡ ਹੋਰ ਮੰਗਿਆ ਤਾਂ ਗੋਡੇ ਦਾ ਪੰਗਾ ਪਾਉਣਾ ਹੈ। ਪਰ ਜਦੋਂ ਅਦਾਲਤ ਵਿਚ ਪੇਸ਼ ਕਰਨ ਲਈ ਲੈ ਕੇ ਗਏ ਤਾਂ ਉਥੇ ਖੜ੍ਹੇ ਰਿਸ਼ਤੇਦਾਰਾਂ ਨੂੰ ਵੇਖ ਕੇ ਮੈਂ ਲੰਗੜਾਉਣ ਦਾ ਇਰਾਦਾ ਵੀ ਤਿਆਗ ਦਿੱਤਾ। ਸਗੋਂ ਏਥੇ ਤਾਂ ਚੜ੍ਹਦੀਕਲਾ ਵਿਖਾਉਣ ਦੀ ਗੱਲ ਸੀ। ਲੰਗੜਾਉਣ ਦਾ ਤਾਂ ਮਤਲਬ ਹੀ ਨਹੀਂ ਸੀ। ਸਭ ਤੋਂ ਅੱਗੇ ਮੈਂ ਸਾਂ। ਅਦਾਲਤ ਵਿਚ, ਉਨ੍ਹਾਂ ਨੇ ਛੇ ਜਣਿਆਂ ਨੂੰ ਅਦਾਲਤੀ ਹਿਰਾਸਤ ਵਿਚ ਭੇਜਣ ਦੀ ਬੇਨਤੀ ਕੀਤੀ। ਚਾਰ ਬੰਦਿਆਂ ਦਾ ਰੀਮਾਂਡ ਹੋਰ ਵੀਹ ਦਿਨ ਦਾ ਮੰਗ ਲਿਆ। ਰੀਮਾਂਡ ਵਾਲਿਆਂ ਵਿਚ ਮੇਰਾ ਨਾਂ ਨਹੀਂ ਸੀ।

ਸੱਤ ਦੀ ਬਜਾਏ ਦਸ ਦਿਨ ਦਾ ਰਿਮਾਂਡ

ਅਦਾਲਤ ਦਾ ਕਮਰਾ ਖਚਾਖਚ ਭਰਿਆ ਪਿਆ ਸੀ। ਸਾਰਿਆਂ ਦੇ ਹੀ ਰਿਸ਼ਤੇਦਾਰ ਆਏ ਹੋਏ ਸਨ। ਪਰ ਮੈਂ ਆਪਣੇ ਰਿਸ਼ਤੇਦਾਰਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਨਾਲ ਹੀ ਮੁਸਕਰਾਇਆ। ਉਨ੍ਹਾਂ ਨੇ ਦੱਸਿਆ ਕਿ ਤੁਹਾਡਾ ਰੀਮਾਂਡ ਹੋਰ ਨਹੀਂ ਮੰਗਿਆ। ਕੁਝ ਸਮਾਂ ਗੱਲਾਂ ਕਰਨ ਦਾ ਵੀ ਮਿਲ ਗਿਆ। ਕਈ ਵਕੀਲ ਆਏ ਹੋਏ ਸਨ। ਬਥੇਰਾ ਜ਼ੋਰ ਲਾਇਆ,

ਉਨ੍ਹਾਂ ਨੇ ਕਿ ਚਾਰ ਬੰਦਿਆਂ ਦਾ ਰੀਮਾਂਡ ਵੀ ਨਾ ਹੋਵੇ ਪਰ ਜੱਜ ਨੇ ਦਸ ਦਿਨ ਦਾ ਰੀਮਾਂਡ ਹੋਰ ਦੇ ਦਿੱਤਾ। ਹਾਲਾਂ ਕਿ ਇਕ ਸਟੇਜ 'ਤੇ ਸਰਕਾਰੀ ਵਕੀਲ ਨੇ ਇਹ ਵੀ ਕਿਹਾ ਸੀ ਕਿ ਸੱਤ ਦਿਨ ਦੇ ਰੀਮਾਂਡ ਨਾਲ ਹੀ ਕੰਮ ਚੱਲ ਜਾਵੇਗਾ। ਪਰ ਉਹ ਗੱਲ ਜੱਜ ਨੇ ਨਜ਼ਰ ਅੰਦਾਜ਼ ਕਰ ਦਿੱਤੀ ਸੀ। ਅਦਾਲਤ ਵਲੋਂ ਸਿੱਖਾਂ ਲਈ ਦੇਸ਼ ਭਗਤੀ ਦਾ ਇਹ ਇਕ ਹੋਰ ਤੋਹਫਾ ਸੀ, ਜਿਹੜਾ ਸ਼ਾਇਦ ਅਗੇ ਕਿਸੇ ਨੂੰ ਨਾ ਮਿਲਿਆ ਹੋਵੇ। ਦਸ ਦਿਨ ਦਾ ਰੀਮਾਂਡ ਉਨ੍ਹਾਂ ਵਿਚਾਰਿਆਂ ਦਾ ਹੋਰ ਦੇ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਛੇ ਨੂੰ ਵੱਖਰੇ ਇਕ ਪਾਸੇ ਕਰ ਦਿੱਤਾ ਤੇ ਚਾਰ ਨੂੰ ਵੱਖਰੇ। ਇਹ ਜੱਜ ਵੀ ਹੋਰ ਸੀ। ਪਰ ਕਹਿੰਦੇ ਹਨ ਕਿ ਇਹ ਜੱਜ ਕਾਂਗਰਸੀ ਮਾਨਸਿਕਤਾ ਦਾ ਹੈ ਤੇ ਜੋ ਪੁਲਿਸ ਕਹੇ ਉਹ ਜ਼ਰੂਰ ਮੰਨਦਾ ਹੈ।

ਸਾਰਿਆਂ ਦੇ ਰਿਸ਼ਤੇਦਾਰਾਂ (ਛੇਆਂ ਦੇ ਜਿਹਨਾਂ ਜੇਲ੍ਹ ਆਉਣਾ ਸੀ) ਨੇ ਜੇਲ੍ਹ ਵਿਚ ਖਰਚ ਕਰਨ ਲਈ ਪੈਸੇ ਦਿੱਤੇ। ਮੇਰੇ ਕੋਲ ਵੀ ਦੋ ਸੌ ਰੁਪਏ ਸਨ। ਇਸੇ ਤਰ੍ਹਾਂ ਦੋ-ਦੋ ਸੌ ਹੋਰ ਦੋਹ ਕੋਲ ਵੀ ਸਨ, ਦੋ ਭਰਾਵਾਂ ਕੋਲ ਵੀ ਕੁਝ ਪੈਸੇ ਸਨ, ਤੀਹ-ਪੈਂਤੀ ਰੁਪਏ। ਜੇਲ੍ਹ ਨੂੰ ਆਉਣ ਲੱਗਿਆਂ ਪਹਿਲਾਂ ਪੱਟੀ ਖੁੱਲ੍ਹੀ ਸੀ ਪਰ ਇਕ ਮੋਨੇ ਨੇ, ਜਿਸ ਨੂੰ ਢਿਲੋਂ ਢਿਲੋਂ ਆਖਦੇ ਸਨ, ਫਿਰ ਛੇਆਂ ਦੇ ਵੀ ਅੱਖਾਂ 'ਤੇ ਪੱਟੀ ਬਨਵਾ ਦਿੱਤੀ। ਉਹ ਚਾਰੇ ਰੀਮਾਂਡ ਵਾਲੇ ਵੀ ਉਸੇ ਗੱਡੀ ਵਿਚ ਹੀ ਸਨ। ਪਹਿਲਾਂ ਗੱਡੀ 1 ਨੰਬਰ ਗੇਟ 'ਤੇ ਗਈ ਪਰ ਉਨ੍ਹਾਂ ਨੇ ਟਾਡਾ ਵਾਲਿਆਂ ਨੂੰ ਲੈਣ ਤੋਂ ਨਾਂਹ ਕਰ ਦਿੱਤੀ। ਫਿਰ ਗੱਡੀ ਦੋ ਨੰਬਰ 'ਤੇ ਆਈ, ਉਥੇ ਵੀ ਪੰਦਰਾਂ-ਵੀਹ ਮਿੰਟ ਬਾਅਦ ਉਨ੍ਹਾਂ ਨੇ ਨਾਂਹ ਕਰ ਦਿੱਤੀ, ਫਿਰ ਉਸੇ ਗੱਡੀ ਵਿਚ ਬਿਠਾ ਕੇ ਤਿੰਨ ਨੰਬਰ ਗੇਟ 'ਤੇ ਆਏ, ਉਨ੍ਹਾਂ ਨੇ ਸਾਨੂੰ ਲੈਣਾ ਮੰਨ ਲਿਆ।

ਜਿਥੇ ਜੇਲ੍ਹ ਆਉਣ ਨਾਲ ਛੇਆਂ ਨੂੰ ਰਾਹਤ ਮਿਲਦੀ ਸੀ, ਉਥੇ ਆਪਣੇ ਚਹੁੰ ਸਾਥੀਆਂ ਦਾ ਸੋਚ ਕੇ ਮਨ ਬੜਾ ਖਰਾਬ ਵੀ ਹੁੰਦਾ ਸੀ। ਜਦੋਂ ਗੱਡੀ ਇਕ ਨੰਬਰ ਗੇਟ 'ਤੇ ਪਹੁੰਚੀ ਤਾਂ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ ਗਈ ਸੀ। ਦੋ ਨੰਬਰ ਗੇਟ ਵੱਲ ਤੁਰਨ ਲੱਗਿਆਂ ਢਿਲੋਂ ਕਹੇ "ਫਿਰ ਪੱਟੀ ਬੰਨ੍ਹੋ"। ਮੈਂ ਅੜ ਗਿਆ ਕਿ ਹੁਣ ਨਹੀਂ ਪੱਟੀ ਬੰਨ੍ਹਣੀ, ਜਦੋਂ ਸਾਡਾ ਅਦਾਲਤੀ ਰੀਮਾਂਡ ਹੋ ਗਿਆ ਹੈ, ਹੁਣ ਪੱਟੀ ਕਿਉਂ ਬੰਨ੍ਹੀਏ? ਉਸ ਨੇ ਪੁਛਿਆ "ਕਿਉਂ?" ਮੈਂ ਕਿਹਾ "ਤੁਹਾਡਾ ਸਾਡਾ ਸਬੰਧ ਹੁਣ ਅਦਾਲਤੀ ਰੀਮਾਂਡ ਹੋ ਜਾਣ ਨਾਲ ਖਤਮ ਹੋ ਗਿਆ ਹੈ। ਅਸੀਂ ਹੁਣ ਅਦਾਲਤੀ ਹਿਰਾਸਤ ਵਿਚ ਹਾਂ। ਸੀ.ਬੀ.ਆਈ. ਦੀ ਹਿਰਾਸਤ ਵਿਚ ਨਹੀਂ। ਹੁਣ ਸਾਡਾ ਪੱਟੀਆਂ ਬੰਨ੍ਹਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।" ਬਲਕਿ ਮੈਂ ਆਪਣੀ ਪੱਟੀ ਖੋਲ੍ਹ ਕੇ ਗੋਲਾ ਜਿਹਾ ਬਣਾ ਕੇ ਪਰ੍ਹਾਂ ਗੱਡੀ ਵਿਚ ਹੀ ਵਗਾਹ ਮਾਰਿਆ। ਇਕ ਇੰਸਪੈਕਟਰ ਜੋ ਗੱਡੀ ਵਿਚ ਬੈਠਾ ਸੀ ਤੇ ਢਿਲੋਂ ਤੋਂ ਵੱਡਾ ਸੀ, ਇਸ਼ਾਰੇ ਨਾਲ ਉਸ ਨੂੰ ਆਖਣ ਲੱਗਾ "ਚੱਲ ਛੱਡ ਹੁਣ, ਠੀਕ ਕਹਿੰਦੇ ਆ"। ਉਸਦੇ ਇਹ ਆਖਣ 'ਤੇ ਢਿਲੋਂ ਕੁਝ ਨਾ ਬੋਲਿਆ ਤੇ ਗੱਲ ਖਤਮ ਹੋ ਗਈ।

ਡਿਉਢੀ ਤੋਂ ਅੰਦਰ ਆਉਣ ਵਾਸਤੇ ਤਲਾਸ਼ੀ ਲਈ ਗਈ ਤਾਂ ਮੈਂ ਆਪ ਹੀ ਕਿਹਾ, "ਮੇਰੇ ਕੋਲ ਦੋ ਸੌ ਰੁਪਏ ਹਨ।" ਕੱਪੜੇ ਵੀ ਹੱਥ ਵਿਚ ਸਨ, ਉਨ੍ਹਾਂ ਦੇ ਹੁਕਮ ਵੀ ਅਦਾਲਤ ਕੋਲੋਂ ਲੈ ਲਏ ਸਨ। ਨਾਲ ਦੇ ਸਾਥੀਆਂ ਕੋਲ ਵੀ ਕੱਪੜੇ ਸਨ ਪਰ ਉਨ੍ਹਾਂ ਕੋਲ ਕੋਈ ਅਦਾਲਤੀ ਹੁਕਮ ਨਹੀਂ ਸਨ। ਉਹ ਸਾਰੇ ਕੱਪੜੇ, ਇਕੱਠੇ ਕਰਕੇ ਮੈਂ ਫੜ ਲਏ ਤੇ ਕਿਹਾ ਇਹ ਸਾਰੇ ਹੀ ਮੇਰੇ ਹਨ। ਖੈਰ ਉਨ੍ਹਾਂ ਕੋਈ ਪੰਗਾ ਨਾ ਪਾਇਆ। ਪਰ ਪੈਸਿਆਂ ਦਾ ਰਫੜ ਪੈ ਗਿਆ। ਅੱਗੇ ਹਰ ਬੰਦਾ 35 ਰੁ. ਤੋਂ ਵੱਧ ਨਹੀਂ ਖੜ ਸਕਦਾ। ਇਕ ਕਰਮਚਾਰੀ ਨੇ, ਜੋ

ਉਦੋਂ ਡਿਉਢੀ ਵਿਚ ਸੀ, ਉਹ ਸਾਰੇ ਪੈਸੇ ਫੜ ਲਏ ਤੇ ਡਿਪਟੀ ਜੇਲ੍ਹਰ ਕੋਲ ਲੈ ਗਿਆ। ਉਸ ਨੇ ਛੇਆਂ ਨੂੰ ਹੀ ਬੁਲਾਇਆ ਤੇ ਪੁਛਿਆ, "ਕਿਸ ਧਾਰਾ ਵਿਚ ਆਏ ਹੋ?" ਉਦੋਂ ਟਾਡਾ ਦਾ ਤਾਂ ਪਤਾ ਹੀ ਨਹੀਂ ਸੀ, ਇਸ ਲਈ ਉਸ ਨੂੰ ਦਸਿਆ ਸੀ.ਬੀ.ਆਈ. ਵਾਲੇ ਲਿਆਏ ਹਨ। ਤਾਂ ਉਸ ਨੇ ਕਿਹਾ "ਇਸ ਤਰ੍ਹਾਂ ਕਰੋ, ਤੁਸੀਂ ਅੱਜ ਰਾਤ ਤਿੰਨ ਤਿੰਨ ਹੋ ਕੇ ਗੁਜਾਰਾ ਕਰ ਲਓ, ਕੱਲ ਤੁਹਾਨੂੰ ਕਿਸੇ ਵਾਰਡ ਵਿਚ ਭੇਜ ਦਿਆਂਗੇ।" ਸਾਰਿਆਂ ਨੇ ਬੜੇ ਅਰਾਮ ਨਾਲ ਮੰਨ ਲਿਆ। ਇਹ ਵੀ ਪਤਾ ਸੀ ਕਿ ਇਹ ਸੱਤ ਫੁੱਟ ਜਰਬ ਤੇਰਾਂ ਫੁੱਟ ਦੇ ਸੈੱਲ ਹਨ ਤੇ ਫਾਂਸੀ ਕੋਠੀਆਂ ਹਨ ਤੇ ਅੱਜ ਕੱਲ੍ਹ ਕਸੂਰੀ ਵਾਰਡ ਬਣਾਇਆ ਹੋਇਆ ਹੈ। ਸਾਰਿਆਂ ਨੇ ਸਗੋਂ ਆਖਿਆ ਕਿ ਭਾਵੇਂ ਅੱਜ ਦੀ ਰਾਤ ਸਾਨੂੰ ਛੇ ਨੂੰ ਹੀ ਇਕੱਠੇ ਇਕ ਕਮਰੇ ਵਿਚ ਕਰ ਦਿਓ ਪਰ ਇਹ ਗੱਲ ਉਹ ਜੇਲ੍ਹਰ ਨਾ ਮੰਨਿਆ। ਉਸ ਨੇ ਕਿਹਾ, ਉਹ ਕਮਰੇ ਤਿੰਨ ਵਾਸਤੇ ਤਾਂ ਠੀਕ ਹਨ, ਛੇਆਂ ਵਾਸਤੇ ਛੋਟੇ ਹਨ। ਪਰ ਪਤਾ ਨਾ ਹੋਣ ਕਰਕੇ ਸਾਰੇ ਚੁੱਪ ਚਾਪ ਮੰਨ ਗਏ। ਉਸ ਕਰਮਚਾਰੀ ਨੇ ਪੰਜਾਹ ਰੁਪਏ ਆਪ ਰੱਖ ਲਏ ਤੇ ਬਾਕੀ ਪੈਸੇ ਮੋੜ ਦਿੱਤੇ। ਇਸ ਗੱਲ ਦਾ ਕਿਸੇ ਨੇ ਕੋਈ ਇਤਰਾਜ਼ ਨਾ ਕੀਤਾ।

ਅਦਾਲਤ ਵਿਚ ਖਲੋਤਿਆਂ, ਇਕ ਵਕੀਲ ਸ. ਪੂਰਨ ਸਿੰਘ ਹੁੰਦਲ ਨੇ ਸਾਰਿਆਂ ਨੂੰ ਚੇਤਾਵਨੀ ਦਿੱਤੀ ਸੀ ਕਿ ਜੇ ਤੁਹਾਨੂੰ ਵਾਰਡ ਵਿਚ ਬੰਦ ਹੋਇਆਂ ਨੂੰ ਕੋਈ ਆਖੇ ਕਿ "ਸਰਦਾਰ ਜੀ, ਜ਼ਰਾ ਗੱਲ ਸੁਣਨਾ" ਤਾਂ ਜੰਗਲੇ ਤੋਂ ਪੰਜ ਫੁੱਟ ਪਿਛੇ ਰਹਿ ਕੇ ਉਸ ਨਾਲ ਗੱਲ ਕਰਨੀ। ਕਿਉਂਕਿ ਏਸ ਜੇਲ੍ਹ ਵਿਚ ਬਹੁਤ ਸਾਰੇ ਐਸੇ ਕੇਸ ਹੋਏ ਹਨ ਕਿ ਸ਼ਰਾਰਤੀ (ਅਧਿਕਾਰੀਆਂ ਦੀ ਮਿਲੀ ਭੁਗਤ ਨਾਲ) ਸਿੱਖਾਂ ਦੀਆਂ ਦਾਹੜੀਆਂ, ਅੰਦਰ ਹੱਥ ਪਾ ਕੇ, ਖੋਹ ਕੇ ਲੈ ਗਏ ਤੇ ਉਨ੍ਹਾਂ ਕੇਸਾਂ ਦਾ ਕੁਝ ਨਹੀਂ ਬਣਿਆ। ਕਿਉਂਕਿ ਅਧਿਕਾਰੀ ਤੇ ਵਾਰਡਨ ਆਪ ਇਹ ਕੰਮ ਕਰਵਾਉਂਦੇ ਹਨ।" ਸਾਰਿਆਂ ਨੇ ਇਹ ਗੱਲ ਪੱਲੇ ਬੰਨ੍ਹ ਲਈ। ਖੈਰ ਵਾਰਡ ਵਿਚ ਪਹੁੰਚੇ ਤਾਂ ਉਨ੍ਹਾਂ ਨੇ ਇਕ ਗੋਰਖੇ ਕੋਲੋਂ ਕਮਰਾ ਖਾਲੀ ਕਰਵਾਇਆ ਤੇ ਇਕ ਪਿਛੋਂ ਕਿਸੇ ਹੋਰ ਕੋਲੋਂ ਤੇ ਤਿੰਨ-ਤਿੰਨ ਜਣਿਆਂ ਨੂੰ ਇਕ-ਇਕ ਕਮਰੇ ਵਿਚ ਬੰਦ ਕਰ ਦਿੱਤਾ। ਗੋਰਖਾ ਤਾਂ ਉਹ ਸੀ ਜਿਹੜਾ ਚਾਰਲਸ ਸ਼ੋਭਰਾਜ ਨਾਲ ਭੱਜਾ ਸੀ ਤੇ ਪਿਛਲੀ ਚੱਕੀ ਵਾਲਾ ਪਤਾ ਨਹੀਂ ਕੌਣ ਸੀ। ਸੱਤ ਫੁੱਟ ਜਰਬ ਤੇਰਾਂ ਫੁੱਟ ਦੇ ਛੋਟੇ ਛੋਟੇ ਕਮਰਿਆਂ ਨੂੰ ਸੈੱਲ ਜਾਂ ਚੱਕੀ ਕਿਹਾ ਜਾਂਦਾ ਹੈ। ਚੱਕੀ ਲਫਜ਼ ਹੀ ਬਹੁਤਾ ਪ੍ਰਚੱਲਤ ਹੈ। ਇਕ ਮੁਸਲਮਾਨ ਕੈਦੀ ਨੇ ਦੋ-ਦੋ ਰੋਟੀਆਂ ਹਾਥੀ ਦੇ ਕੰਨਾਂ ਤੋਂ ਵੀ ਵੱਡੀਆਂ-ਵੱਡੀਆਂ ਲਿਆ ਕੇ ਦਿੱਤੀਆਂ ਤੇ ਨਾਲ ਨਿੰਬੂ ਦਾ ਅਚਾਰ ਦੇ ਦਿੱਤਾ। ਜੇਲ੍ਹ ਦੀਆਂ ਇਹ ਰੋਟੀਆਂ ਬਹੁਤ ਹੀ ਅਜੀਬ ਕਿਸਮ ਦੀਆਂ ਸਨ। ਲਗਪਗ ਥਾਲੀ ਤੋਂ ਵੀ ਵੱਡਾ ਇਨ੍ਹਾਂ ਦਾ ਆਕਾਰ ਤੇ ਵੇਖਣ ਨੂੰ ਕੱਚੀਆਂ ਲੱਗਦੀਆਂ ਹਨ। ਸਾਰੇ ਹੀ ਇਨ੍ਹਾਂ ਰੋਟੀਆਂ ਦੇ ਕੰਡੇ ਮੋਟੇ ਹੋਣ ਕਰਕੇ ਲਾਹ ਕੇ ਖਾਂਦੇ ਹਨ। ਸਾਰਿਆਂ ਨੇ ਵਾਹਿਗੁਰੂ ਆਖ ਕੇ ਜੂਠ ਮਿਠ ਦੇ ਪ੍ਰਹੇਜ ਕੀਤੇ ਬਗੈਰ ਹੀ ਰੋਟੀਆਂ ਛਕੀਆਂ ਤੇ ਲੰਮੇ ਪੈ ਗਏ। ਮੀਂਹ ਉਸ ਦਿਨ ਪੈ ਕੇ ਹਟਿਆ ਸੀ ਤੇ ਬਾਹਰ ਵਿਹੜਾ ਸਾਰਾ ਗਿੱਲਾ ਤੇ ਚਿੱਕੜ ਵਾਲਾ ਸੀ। ਤਾਜ਼ੀ ਮਿੱਟੀ ਨਵੀਂ ਨਵੀਂ ਸੁੱਟੀ ਹੋਣ ਕਰਕੇ ਖੁਭੇ ਤੋਂ ਬਗੈਰ ਪੈਰ ਨਹੀਂ ਸੀ ਪੁੱਟਿਆ ਜਾਂਦਾ। ਰਾਤ ਕੱਟੀ ਗਈ। ਇਹ ਗੱਲ 8 ਜੁਲਾਈ 1986 ਦੀ ਹੈ।

ਸਵੇਰੇ ਉਠੇ ਤਾਂ ਬਾਕੀ ਸਾਰੀਆਂ ਚੱਕੀਆਂ ਛੇ ਵਜੇ ਖੋਲ੍ਹ ਦਿੱਤੀਆਂ ਪਰ ਦੋ ਚੱਕੀਆਂ ਸਾਡੇ ਵਾਲੀਆਂ ਹੀ ਨਾ ਖੁਲ੍ਹੀਆਂ। ਚੱਕੀਆਂ ਖੁਲ੍ਹਣ 'ਤੇ ਸਾਰੇ ਸਾਡੇ ਸਾਹਮਣੇ ਹੀ ਤੁਰੇ

ਫਿਰਨ। ਉਨ੍ਹਾਂ ਵਿਚੋਂ ਇਕ ਦੋ ਵਾਰੋ ਵਾਰੀ ਸਾਡੇ ਕੋਲ ਆਏ ਤੇ ਸਾਨੂੰ ਦੱਸਿਆ ਕਿ ਤੁਹਾਨੂੰ ਸਿਰਫ ਅੱਧਾ ਘੰਟਾ ਰੋਜ਼ ਖੋਲ੍ਹੇ ਜਾਣ ਦਾ ਹੁਕਮ ਹੈ। ਅਸੀਂ ਇਹ ਸੁਣ ਕੇ ਬਹੁਤ ਹੈਰਾਨ ਹੋਏ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਪਰ ਦਸ ਵੱਜ ਗਏ, ਸਾਨੂੰ ਕਿਸੇ ਨੇ ਨਾ ਖੋਲ੍ਹਿਆ। ਨਾਲ ਦੇ ਕੈਦੀ ਵਾਰੋ ਵਾਰ ਆਈ ਜਾਣ ਤੇ ਸਾਨੂੰ ਇਹ ਪੁੱਛ ਕੇ, ਕਿ ਤੁਸੀਂ ਕਿਸ ਕੇਸ ਵਿਚ ਆਏ ਹੋ ਤੇ ਦੋ ਚਾਰ ਗੱਲਾਂ ਕਰਕੇ ਚਲੇ ਜਾਣ। ਸਾਢੇ ਕੁ ਛੇ ਵਜੇ ਸਵੇਰੇ ਜਿਹੜੀ ਚਾਹ ਆਈ, ਉਹ ਅਸਾਂ ਗਲਾਸਾਂ ਵਿਚ ਪੁਆ ਲਈ ਪਰ ਪੀਣ ਲੱਗੇ ਤਾਂ ਨਾ ਉਸ ਵਿਚ ਚਾਹ ਪੱਤੀ, ਨਾ ਮਿੱਠਾ, ਨਾ ਦੁੱਧ ਸਿਰਫ ਪਾਣੀ ਹੀ ਤੱਤਾ ਕਰਕੇ ਹੰਗਾਲਿਆ ਹੋਇਆ ਸੀ। ਜਿਨ੍ਹਾਂ ਸਿਲਵਰ ਦੇ ਗਲਾਸਾਂ ਵਿਚ ਉਹ ਪਾਈ, ਉਹ ਏਨੇ ਤੱਤੇ ਹੋ ਜਾਂਦੇ ਕਿ ਉਨ੍ਹਾਂ ਨੂੰ ਹੱਥ ਨਹੀਂ ਸੀ ਲਾਇਆ ਜਾ ਸਕਦਾ। ਚਾਹ ਭਾਵੇਂ ਗਲਾਸ ਦੇ ਥੱਲੇ ਤੀਜੇ ਹਿੱਸੇ ਵਿਚ ਹੋਏ, ਗਲਾਸ ਝੱਟ ਉਤੋਂ ਤੱਕ ਤਪ ਜਾਂਦਾ ਤੇ ਫਿਰ ਉਸ ਨੂੰ ਮੂੰਹ ਤਾਂ ਕੀ ਹੱਥ ਲਾਉਣਾ ਵੀ ਔਖਾ ਹੋ ਜਾਂਦਾ। ਸਿਲਵਰ ਦੇ ਗਲਾਸਾਂ ਵਿਚ ਇਸ ਤਰ੍ਹਾਂ ਹੁੰਦਾ ਹੈ, ਇਹ ਉਸੇ ਦਿਨ ਪਤਾ ਲੱਗਾ।

ਦਸ ਕੁ ਵਜੇ ਹੈੱਡ ਵਾਰਡਨ ਆਇਆ ਤੇ ਉਸ ਨੇ ਦਰਵਾਜੇ ਖੁਲਵਾ ਦਿੱਤੇ। ਪਰ ਅਜੀਬ ਗੱਲ ਇਹ ਸੀ ਸਾਡਾ ਦਰਵਾਜਾ ਖੋਲ੍ਹਿਆ ਤੇ ਨਾਲ ਹੀ ਦੱਸ ਦਿੱਤਾ ਕਿ ਤੁਸੀਂ ਅੱਗੇ ਨਹੀਂ ਜਾ ਸਕਦੇ। ਜਦੋਂ ਤੁਹਾਨੂੰ ਬੰਦ ਕਰਾਂਗੇ, ਫੇਰ ਅੱਗੇ ਵਾਲਿਆਂ ਨੂੰ ਖੋਲ੍ਹਾਂਗੇ ਤੇ ਉਹ ਅੱਗੇ ਅੱਗੇ ਹੀ ਰਹਿਣਗੇ, ਪਿਛੇ ਨਹੀਂ ਆ ਸਕਣਗੇ। ਹੈੱਡ ਵਾਰਡਨ ਬਹੁਤ ਸ਼ਰੀਫ ਤੇ ਬੁੱਢਾ ਆਦਮੀ ਸੀ। ਜਦੋਂ ਉਸ ਨੂੰ ਅਸਾਂ ਇਸਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਅਫਸਰਾਂ ਨੂੰ ਪਤਾ ਹੈ, ਮੈਨੂੰ ਕੁਝ ਪਤਾ ਨਹੀਂ। ਮੈਨੂੰ ਤਾਂ ਸਿਰਫ ਇਹ ਹੀ ਪਤਾ ਹੈ ਕਿ ਤੁਹਾਨੂੰ ਪੰਦਰਾਂ ਮਿੰਟ ਸਵੇਰੇ ਤੇ ਪੰਦਰਾਂ ਮਿੰਟ ਸ਼ਾਮ ਨੂੰ ਖੋਲ੍ਹਣਾ ਹੈ ਤੇ ਬੰਦ ਕਰ ਦੇਣਾ ਹੈ। ਉਸ ਨੂੰ ਅਸਾਂ ਆਖਿਆ ਤੂੰ ਇਸ ਵਾਰਡ ਦੇ ਮੁੱਖੀ ਨੂੰ ਬੁਲਾ ਕੇ ਲਿਆ। ਉਸ ਨੇ ਕਿਹਾ "ਹੁਣੇ ਮੈਂ ਤੁਹਾਨੂੰ ਸਾਰਿਆਂ ਨੂੰ ਹੀ ਲੈ ਕੇ ਡਾਕਟਰੀ ਮੁਆਇਨਾ ਕਰਵਾਉਣ ਖੜਨਾ ਹੈ ਤੇ ਆਉਂਦਿਆਂ ਹੀ ਬੰਦ ਕਰ ਦੇਣਾ ਹੈ, ਫਿਰ ਉਸ ਨੂੰ ਸੱਦ ਲਿਆਵਾਂਗਾ।"

ਉਹ ਸਾਨੂੰ ਸਾਰਿਆਂ (ਛੇਆਂ) ਨੂੰ ਹੀ ਲੈ ਕੇ ਹਸਪਤਾਲ ਗਿਆ। ਸਾਨੂੰ ਚੱਕਰ 'ਤੇ ਲੈ ਜਾਣ ਵਾਸਤੇ ਨਹੀਂ ਸੀ ਆਖਿਆ। ਨਹੀਂ ਤੇ ਆਮ ਤੌਰ 'ਤੇ ਰਿਵਾਜ਼ ਇਹ ਹੁੰਦਾ ਹੈ ਕਿ ਹਰ ਮੁਲਜ਼ਿਮ ਨੂੰ ਪਹਿਲਾਂ ਆਉਣ 'ਤੇ ਚੱਕਰ 'ਤੇ ਲਿਜਾਇਆ ਜਾਂਦਾ ਹੈ ਤੇ ਫਿਰ ਚੱਕਰ ਤੋਂ ਉਸ ਰਾਤ ਵਾਰਡ ਵਿਚ ਭੇਜ ਦਿੱਤਾ ਜਾਂਦਾ ਹੈ ਤੇ ਦੂਸਰੇ ਦਿਨ ਸਵੇਰੇ ਸਭ ਤੋਂ ਪਹਿਲਾਂ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਵਾਉਣ ਲਈ ਹਸਪਤਾਲ ਖੜਿਆ ਜਾਂਦਾ ਹੈ ਤੇ ਉਥੇ ਡਾਕਟਰ ਮੁਆਇਨਾ ਕਰਕੇ ਲਿਖਦਾ ਹੈ ਕਿ ਜੇਲ੍ਹ ਵਿਚ ਆਉਣ ਤੋਂ ਪਹਿਲਾਂ ਦੀ ਕੋਈ ਸੱਟ ਚੋਟ ਤਾਂ ਨਹੀਂ ਲੱਗੀ ਹੋਈ। ਕਿਉਂਕਿ ਪੁਲਿਸ ਰੀਮਾਂਡ ਵਿਚ ਪੁਲਸ ਮੁਲਜ਼ਿਮ 'ਤੇ ਤਸ਼ੱਦਦ ਕਰਦੀ ਹੈ ਤੇ ਇਸ ਤਰ੍ਹਾਂ ਕਈਆਂ ਨੂੰ ਬਾਹਰੀ ਤੇ ਗੁੱਝੀਆਂ ਸੱਟਾਂ ਲੱਗ ਜਾਂਦੀਆਂ ਹਨ। ਜੇ ਕਿਸੇ ਨੂੰ ਕੋਈ ਇਸ ਤਰ੍ਹਾਂ ਦੀ ਸੱਟ ਲੱਗੀ ਹੋਈ ਹੋਵੇ ਤਾਂ ਉਹ ਡਾਕਟਰ ਨੂੰ ਦੱਸ ਸਕਦਾ ਹੈ ਤੇ ਡਾਕਟਰ ਉਸਦਾ ਪਰਚਾ ਬਣਾ ਦੇਂਦਾ ਹੈ। ਫੇਰ ਉਹ ਉਸੇ ਪਰਚੇ ਦੇ ਆਧਾਰ 'ਤੇ, ਅਗਰ ਚਾਹੇ ਤਾਂ ਪੁਲਿਸ 'ਤੇ ਇਸਤਗਾਸਾ ਵੀ ਕਰ ਸਕਦਾ ਹੈ।

ਪਰ ਸਾਡੇ ਕੇਸ ਵਿਚ ਅਜਿਹਾ ਨਹੀਂ ਹੋਇਆ। ਚੱਕਰ 'ਤੇ ਤਾਂ ਸਾਨੂੰ ਲਿਜਾਇਆ ਹੀ ਨਾ ਗਿਆ, ਸਿੱਧੇ ਹਸਪਤਾਲ ਹੀ ਗਏ। ਉਥੇ ਵੀ ਜਾ ਕੇ ਵੇਖਿਆ, ਬੜਾ ਅਜੀਬ

ਰਿਵਾਜ ਸੀ। ਪਹਿਲਾਂ ਹੀ ਉਥੇ ਬੜੀ ਲੰਬੀ ਲਾਈਨ ਬੀਮਾਰ ਕੈਦੀਆਂ ਦੀ ਲੱਗੀ ਹੋਈ ਸੀ ਤੇ ਹਰ ਕੋਈ ਜੁੱਤੀ ਲਾਹ ਕੇ ਡਾਕਟਰ ਦੇ ਕਮਰੇ ਵਿਚ ਵੜਦਾ ਸੀ। ਸਾਡੇ ਹੈੱਡ ਵਾਰਡਨ ਨੇ ਸਾਨੂੰ ਵੀ ਜੁੱਤੀ ਬਾਹਰ ਲਾਹ ਦੇਣ ਲਈ ਕਿਹਾ, ਜਿਸ 'ਤੇ ਅਸੀਂ ਉਸ ਨੂੰ ਪੁੱਛਿਆ "ਕਿਉਂ?" ਉਸ ਕਿਹਾ ਏਥੇ ਇਸ ਤਰ੍ਹਾਂ ਹੀ ਹੁੰਦਾ ਹੈ। "ਕਿਉਂ, ਅੱਗੇ ਰਮਾਇਣ ਦਾ ਪਾਠ ਹੋ ਰਿਹਾ ਹੈ ਕਿ ਗੁਰਦੁਆਰਾ ਹੈ, ਅਸੀਂ ਜੁੱਤੀਆਂ ਕਿਉਂ ਲਾਹੀਏ? ਔਹ ਡਾਕਟਰ ਆਪ ਤਾਂ ਜੁੱਤੀ ਪਾ ਕੇ ਬੈਠਾ ਹੈ", ਸਾਰਿਆਂ ਨੇ ਸਾਡੀ ਇਸ ਗੱਲ 'ਤੇ ਸਾਨੂੰ ਬਹੁਤ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖਿਆ। ਖੈਰ ਮੁਕਦੀ ਗੱਲ ਇਹ ਕਿ ਅਸਾਂ ਜੁੱਤੀਆਂ ਨਾ ਲਾਹੀਆਂ ਤੇ ਧੁੱਸ ਦੇ ਕੇ ਅੰਦਰ ਜਾ ਵੜੇ। ਡਾਕਟਰ ਨੇ ਸਿਰਫ ਇਹ ਹੀ ਪੁਛਿਆ "ਕੋਈ ਚੋਟ ਵਗੈਰਾ ਪਹਿਲੇ ਕੀ ਤੋ ਨਹੀਂ?" "ਨਹੀਂ"। ਏਸੇ ਤਰ੍ਹਾਂ ਹੀ ਛੇਆਂ ਨੇ ਵਾਰੋ ਵਾਰੀ ਜਾ ਕੇ ਜਵਾਬ ਦਿੱਤਾ ਤੇ ਮੁਆਇਨਾ ਹੋ ਗਿਆ। ਜਦੋਂ ਵਾਪਸ ਆ ਰਹੇ ਸੀ ਤਾਂ ਹੈੱਡ ਵਾਰਡਨ ਡਰੀ ਜਾਵੇ, "ਆਪ ਨੇ ਅੱਛਾ ਨਹੀਂ ਕੀਆ, ਮੇਰੇ ਉਪਰ ਸਾਰੀ ਬਾਤ ਆਏਗੀ"। "ਕਯਾ ਬਾਤ ਆਏਗੀ ਆਪ ਕੇ ਉਪਰ? ਜੋ ਭੀ ਹੋਗਾ ਹਮ ਦੇਖ ਲੇਂਗੇ। ਜੇਲ੍ਹ ਕਾ ਡਾਕਟਰ ਕੋਈ ਹਾਈ ਕੋਰਟ ਕਾ ਜੱਜ ਨਹੀਂ ਹੋਤਾ, ਹਮਨੇ ਬਹੁਤ ਦੇਖੇ ਹੈਂ ਐਸੇ ਡਾਕਟਰ, ਤੁਮਹੇਂ ਕੁੱਛ ਨਹੀਂ ਹੋਤਾ।"

ਉਸ ਨੇ ਆਉਂਦਿਆਂ ਹੀ ਸਾਨੂੰ ਫਿਰ ਬੰਦ ਕਰ ਦਿੱਤਾ। ਰੋਟੀ ਆਈ, ਉਹ ਵਾਰਡ ਮੁਸ਼ੱਕਤੀ (ਸਾਰੀ ਵਾਰਡ ਦਾ ਕੰਮ ਕਰਨ ਵਾਲਾ ਕੈਦੀ) ਲੈ ਕੇ ਆਉਂਦਾ ਸੀ। ਪੀਪੇ ਵਿਚ ਸਬਜ਼ੀ ਤੇ ਹੱਥ 'ਤੇ ਹੀ ਥੱਬਾ ਰੋਟੀਆਂ ਦਾ, ਉਹ ਲੈ ਕੇ ਆਉਂਦਾ ਸੀ। ਹਰ ਆਦਮੀ ਨੂੰ ਤਿੰਨ ਰੋਟੀਆਂ ਤੇ ਸਿਲਵਰ ਦੀ ਕੌਲੀ ਦਾਲ ਜਾਂ ਸਬਜੀ ਜੋ ਵੀ ਹੋਵੇ, ਪਾਈ ਜਾਂਦਾ ਸੀ। ਤਿੰਨ ਰੋਟੀਆਂ ਕਦੀ ਕੋਈ ਨਹੀਂ ਖਾਂਦਾ। 560 ਗ੍ਰਾਮ ਆਟੇ ਦੀਆਂ ਛੇ ਰੋਟੀਆਂ ਗਿਣ ਕੇ ਪ੍ਰਤੀ ਆਦਮੀ ਬਣਾਈਆਂ ਜਾਂਦੀਆਂ ਹਨ। ਸਾਡੇ ਵਾਰਡ ਵਿਚ ਇਹ ਰੋਟੀਆਂ ਰੁਲਦੀਆਂ ਫਿਰਦੀਆਂ ਸਨ। ਜਿੰਨ੍ਹਾ ਇਕ ਅੱਧ ਖਾਣੀ ਹੋਈ ਖਾ ਲਈ, ਬਾਕੀ ਚੁੱਕ ਕੇ ਬਾਹਰ ਮਾਰਦੇ ਸਨ।

ਜੇਲ੍ਹ ਵਿਚ ਕੁਝ ਗੱਲਾਂ ਬੜੀਆਂ ਅਜੀਬ ਵੇਖਣ ਵਿਚ ਆਉਂਦੀਆਂ ਹਨ। ਜੇਲ੍ਹ ਵਿਚ ਕਦੀ ਕੁੱਤਾ ਵੇਖਣ ਵਿਚ ਨਹੀਂ ਆਉਂਦਾ। ਬਿੱਲੀਆਂ ਹੁੰਦੀਆਂ ਹਨ, ਪਰ ਉਹ ਕਦੀ ਰੋਟੀ ਨੂੰ ਮੂੰਹ ਨਹੀਂ ਲਾਉਂਦੀਆਂ। ਉਨ੍ਹਾਂ ਦੀ ਮਨਭਾਉਂਦੀ ਖੁਰਾਕ ਕੈਦੀਆਂ ਦੀ ਹਸਪਤਾਲ ਵਲੋਂ ਲੱਗੀ ਡਾਈਟ ਦੇ ਆਂਡੇ ਹੁੰਦੇ ਹਨ ਜਾਂ ਜੇਲ੍ਹ ਵਿਚ ਕਬੂਤਰ ਬਹੁਤ ਹੁੰਦੇ ਹਨ ਤੇ ਬਿੱਲੀ ਕਿਸੇ ਨਾ ਕਿਸੇ ਨੂੰ ਦਬੋਚ ਲੈਂਦੀ ਹੈ। ਕੈਦੀਆਂ ਦਾ ਦੁੱਧ, ਜੋ ਉਨ੍ਹਾਂ ਨੂੰ ਹਸਪਤਾਲ ਵਲੋਂ ਡਾਈਟ ਦੇ ਤੌਰ 'ਤੇ ਲੱਗਾ ਹੁੰਦਾ ਹੈ, ਵੀ ਕਈ ਵਾਰ ਬਿੱਲੀਆਂ ਛੱਕ ਜਾਂਦੀਆਂ ਹਨ। ਕੁੱਤਿਆਂ ਬਾਰੇ ਤਾਂ ਇਕ ਆਦਮੀ ਉਥੇ ਗਾਣਾ ਵੀ ਗਾਉਂਦਾ ਹੁੰਦਾ ਸੀ,

"ਧਰਤੀ 'ਤੇ ਰਹਿੰਦਿਆਂ ਕਮਾਲ ਹੋ ਗਿਆ,
ਕੁੱਤਾ ਨਹੀਂ ਵੇਖਿਆ ਇਕ ਸਾਲ ਹੋ ਗਿਆ।"

ਪੁਲਿਸ ਰੀਮਾਂਡ ਦੇ ਥੱਕੇ ਹਾਰੇ ਆਇਆਂ ਨੇ ਸੋਚਿਆ ਸੀ ਕਿ ਚਲੋ ਜੇਲ੍ਹ ਵਿਚ ਹੁਣ ਕੁਝ ਅਰਾਮ ਹੋ ਜਾਵੇਗਾ। ਪਰ ਏਥੇ ਸਗੋਂ ਹੀ ਉਲਟ ਹੋ ਗਿਆ। ਇਸ ਤੋਂ ਪਹਿਲਾਂ ਸਾਨੂੰ ਇਹ ਪਤਾ ਨਹੀਂ ਸੀ ਕਿ ਸਰਕਾਰ ਨੇ ਇਕ ਕਾਨੂੰਨ ਬਣਾਇਆ ਹੈ, ਜਿਸ ਦਾ ਨਾਂ ਅੱਤਵਾਦੀ ਕਾਰਵਾਈਆਂ ਰੋਕੂ ਐਕਟ (ਟਾਡਾ) ਹੈ ਤੇ ਉਸ ਐਕਟ ਦੀ ਅੱਤ ਖਤਰਨਾਕ ਧਾਰਾ ਤਿੰਨ ਬਟੇ ਚਾਰ ਵਿਚ ਸਾਨੂੰ ਫੜਿਆ ਹੈ। ਅਸਲ ਵਿਚ ਉਹ ਧਾਰਾ 3 (3) ਤੇ 4

(1) ਹੈ ਪਰ ਲੋਕਾਂ ਨੇ ਉਸਦਾ ਨਾਂ ਤਿੰਨ ਬਟੇ ਚਾਰ ਰੱਖ ਲਿਆ ਹੈ ਤੇ ਹੁਣ ਉਹ ਏਸੇ ਨਾਂ ਨਾਲ ਹੀ ਪ੍ਰਚੱਲਤ ਹੈ। ਅੱਜ ਤੱਕ ਇਸ ਐਕਟ ਥੱਲੇ ਜਿੰਨੀਆਂ ਵੀ ਗ੍ਰਿਫਤਾਰੀਆਂ ਹੋਈਆਂ ਹੰਨ, ਉਹ ਸਿੱਖਾਂ ਦੀਆਂ ਹੀ ਹੋਈਆਂ ਹਨ ਤੇ ਕਿਸੇ ਹੋਰ ਨੂੰ ਇਸ ਐਕਟ ਥੱਲੇ ਅੱਜ ਤੱਕ ਨਹੀਂ ਫੜਿਆ ਗਿਆ। ਇਸ ਲਈ ਕਈ ਇਸ ਨੂੰ ਸਿੱਖ ਐਕਟ ਵੀ ਕਹਿ ਦੇਂਦੇ ਹਨ। ਪਰ ਬਹੁਤਾ ਪ੍ਰਚੱਲਤ ਨਾਂ ਤਿੰਨ ਬਟੇ ਚਾਰ ਹੈ। ਛੇਆਂ ਵਿਚੋਂ ਹੀ ਪਹਿਲਾਂ ਜੇਲ੍ਹ ਕੋਈ ਨਹੀਂ ਸੀ ਆਇਆ। ਇਸ ਕਰਕੇ ਜੇਲ੍ਹ ਦਾ ਤਜਰਬਾ ਕਿਸੇ ਨੂੰ ਵੀ ਨਹੀਂ ਸੀ। ਫਿਰ ਨਾਲੇ ਅੱਤ ਦੀ ਥਕਾਵਟ ਰੀਮਾਂਡ ਨੇ ਕਰ ਛੱਡੀ ਸੀ। ਸਰੀਰ ਹਿਲਦੇ ਨਹੀਂ ਸਨ।

ਤਿਹਾੜ ਜੇਲ੍ਹ 'ਚ

ਮੈਂ, ਕਦੇ ਜੇਲ੍ਹ ਤਾਂ ਅੱਗੇ ਨਹੀਂ ਸੀ ਆਇਆ, ਪਰ ਮੇਰਾ ਇਕ ਦੋਸਤ ਸੁਪਰਡੈਂਟ ਜੇਲ੍ਹ ਸੀ ਤੇ ਉਸ ਨਾਲ ਮੇਰਾ ਬਹੁਤ ਗਹਿਰਾ ਯਾਰਾਨਾ ਸੀ। ਖਾਣਾ-ਪੀਣਾ, ਬਹਿਣਾ-ਉਠਣਾ, ਚੰਗੀ ਯਾਰੀ ਸੀ, ਉਸ ਨਾਲ। ਉਸ ਸੁਪਰਡੈਂਟ ਨਾਲ ਮੈਂ ਕਈ ਵਾਰ ਸ਼ੌਂਕੀਆਂ ਤੌਰ 'ਤੇ ਜੇਲ੍ਹ ਅੰਦਰ ਜਾ ਕੇ ਵੀ ਵੇਖ ਆਇਆ ਸਾਂ। ਪਰ ਇਸ ਤਰੀਕੇ ਨਾਲ ਜੇਲ੍ਹ ਵੇਖਣ ਦਾ ਤੇ ਆਪ ਮੁਲਜ਼ਮ ਕੈਦੀ ਬਣ ਕੇ ਜੇਲ੍ਹ ਵਿਚ ਆਉਣ ਦਾ ਬਹੁਤ ਹੀ ਫਰਕ ਹੈ। ਕਹਿੰਦੇ ਹਨ ਜਦੋਂ ਬੰਦਾ ਮੁਸੀਬਤ ਵਿਚ ਹੋਵੇ ਤਾਂ ਉਸਦਾ ਦਿਮਾਗ਼ ਵੀ ਉਸ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਬੜਾ ਕੰਮ ਕਰਦਾ ਹੈ। ਦੁਪਹਿਰ ਬਾਰਾਂ ਤੋਂ ਤਿੰਨ ਵਜੇ ਤੱਕ ਆਮ ਬੰਦੀ ਦਾ ਸਮਾਂ ਹੁੰਦਾ ਹੈ ਤੇ ਸਾਰੇ ਕੈਦੀ (ਆਮ) ਮੁਨਸ਼ੀ ਤੇ ਲੰਬਰਦਾਰ ਵੀ ਉਸ ਵਕਤ ਬੰਦ ਹੁੰਦੇ ਹਨ। ਇਸ ਬੰਦੀ ਦੇ ਵੱਕਤ ਹੀ ਇਕ ਅਫ਼ਸਰ, ਜਿਸ ਨੂੰ ਵੈਸੇ ਤਾਂ ਸਾਰੇ ਡਿਪਟੀ ਸਾਹਿਬ ਆਖਦੇ ਹਨ ਪਰ ਮੈਨੂੰ ਪਤਾ ਸੀ ਕਿ ਇਹ ਡਿਪਟੀ ਨਹੀਂ ਹੁੰਦੇ ਤੇ ਸਿਰਫ ਏ.ਐਸ. (ਅਸਿਸਟੈਂਟ ਸੁਪਰਡੈਂਟ) ਤੇ ਵਾਰਡ ਦੇ ਮੁੱਖੀ ਹੁੰਦੇ ਹਨ, ਜਦੋਂ ਉਹ ਚੱਕੀ ਅੱਗੇ ਆਇਆ ਤਾਂ ਸਾਡੇ ਵਿਚੋਂ ਕੋਈ ਵੀ ਉਠ ਕੇ ਨਾ ਖਲੋਤਾ। ਪਰ ਆਮ ਰਿਵਾਜ਼ ਉਥੇ ਇਹ ਹੈ ਕਿ ਲੋਕ ਉਠ ਕੇ ਖਲੋਂਦੇ ਹਨ। ਉਸਨੇ ਪੁਛਿਆ "ਸਭ ਠੀਕ ਹੈ, ਕੋਈ ਤਕਲੀਫ ਤਾਂ ਨਹੀਂ?" ਪੰਜਾਬੀ ਸੀ, ਇਸ ਲਈ ਉਸ ਨੇ ਪੰਜਾਬੀ ਵਿਚ ਹੀ ਪੁਛਿਆ। "ਤਕਲੀਫ ਹੀ ਤਕਲੀਫ ਹੈ, ਠੀਕ ਕਾਹਦਾ ਹੈ" ਇਹ ਕਹਿ ਕੇ ਮੈਂ ਸੀਖਾਂ ਫੜ ਕੇ, ਉਠ ਕੇ ਖਲੋ ਗਿਆ ਤੇ ਉਸ ਨੂੰ ਪੁਛਿਆ "ਜਦੋਂ ਬਾਕੀ ਸਾਰੇ ਸਵੇਰੇ ਖੁਲ੍ਹਦੇ ਹਨ ਤਾਂ ਸਾਨੂੰ ਕਿਉਂ ਨਹੀਂ ਖੋਲ੍ਹਿਆ ਜਾਂਦਾ?" "ਤੁਹਾਡੇ ਲਈ ਉਪਰੋਂ ਹੁਕਮ ਆਇਆ ਹੈ" ਉਸ ਨੇ ਸਧਾਰਨ ਜਵਾਬ ਦਿੱਤਾ। "ਉਪਰ ਤੋਂ ਕਿਥੋਂ ਰੱਬ ਤੋਂ? ਕੀ ਗੱਲ ਅਸੀਂ ਸਿੱਖ ਹਾਂ, ਇਸ ਲਈ ਸਾਨੂੰ ਬੰਦ ਰੱਖਣ ਦਾ ਹੁਕਮ ਹੈ? ਅਸੀਂ ਹਿੰਦੋਸਤਾਨ ਦੇ ਸ਼ਹਿਰੀ ਨਹੀਂ? ਪਾਕਿਸਤਾਨ ਦੇ ਜਸੂਸ ਹਾਂ, ਜਿਸ ਕਰਕੇ ਸਾਡੇ ਨਾਲ ਇਹ ਸਲੂਕ ਕੀਤਾ ਜਾ ਰਿਹਾ ਹੈ?" ਉਹ ਹੋਰ ਤਾਂ ਕੁਝ ਨਾ ਬੋਲਿਆ ਪਰ ਉਸ ਨੇ ਕਿਹਾ "ਮੈਂ ਪਤਾ ਕਰਾਂਗਾ ਕਿ ਕੀ ਕਰਨਾ ਹੈ, ਹੁਣ ਤੇ ਸਾਨੂੰ ਉਹ ਹੀ ਹੁਕਮ ਹੈ, ਜਿਹੜਾ ਅਸੀਂ ਕਰ ਰਹੇ ਹਾਂ।" ਇਹ ਕਹਿ ਕੇ ਉਹ ਹੋਰ ਗੱਲ ਸੁਣੇ ਤੋਂ ਬਗੈਰ ਹੀ ਅੱਗੇ ਚਲਾ ਗਿਆ। ਮੈਨੂੰ ਬਹੁਤ ਗੁੱਸਾ ਆਇਆ, ਇਕ ਛੋਟੇ ਜਿਹੇ ਅਫ਼ਸਰ ਦੀ ਇਹ ਮਜਾਲ। ਖੈਰ ਮੈਂ ਆਪਣੇ ਸਾਥੀਆਂ ਨੂੰ ਕਿਹਾ ਮਿਤਰੋ ਭੁੱਖ ਹੜਤਾਲ ਹੀ ਇਕ ਐਸਾ ਤਰੀਕਾ ਹੈ, ਜੋ ਇਨ੍ਹਾਂ ਨੂੰ ਸਿੱਧਾ ਕਰ ਸਕਦਾ ਹੈ। ਜੇਲ੍ਹ ਵਿਚ ਕੋਈ ਹੋਰ ਤਰੀਕਾ ਕਾਮਯਾਬ ਨਹੀਂ ਹੁੰਦਾ, ਜਾਂ ਫਿਰ ਪੈਸਾ। ਪਰ ਪੈਸਾ ਆਪਣੇ ਕੋਲ ਹੈ ਨਹੀਂ। ਭੁੱਖ ਹੜਤਾਲ ਰੱਖ ਦੇਈਏ, ਕਿਸੇ ਨਾ ਕਿਸੇ ਸਿੱਟੇ 'ਤੇ ਅੱਪੜ ਜਾਵਾਂਗੇ। ਪਰ ਨਾਲ ਦੇ ਸਾਥੀ ਏਨੇ ਹੰਭ ਚੁੱਕੇ ਸਨ ਕਿ ਉਨ੍ਹਾਂ ਕਿਹਾ ਕਿ ਦੋ ਚਾਰ

ਦਿਨ ਹੋਰ ਉਡੀਕੀਏ, ਆਪਾਂ ਵੀ ਕੁਝ ਕਾਇਮ ਹੋ ਲਈਏ, ਫੇਰ ਇਹ ਕੰਮ ਕਰਾਂਗੇ। ਨਾਲੇ ਆਪਾਂ ਨੂੰ ਕੁਝ ਭੇਤ ਹੋ ਜਾਊ। ਸਾਰੇ ਇਸ ਗੱਲ 'ਤੇ ਸਹਿਮਤ ਹੋ ਗਏ ਕਿ ਘੱਟੋ ਘੱਟ ਚਾਰ ਦਿਨ ਤੇਲ ਵੇਖੋ ਤੇਲ ਦੀ ਧਾਰ ਵੇਖੋ, ਵਾਲੀ ਸਕੀਮ 'ਤੇ ਚੱਲਣਾ ਚਾਹੀਦਾ ਹੈ।

ਹੈੱਡ ਵਾਰਡਨ ਦੀ ਥੋੜ੍ਹੀ ਜਿਹੀ ਮੁੱਠੀ ਗਰਮ ਕੀਤੀ ਤੇ ਉਹ ਪੰਜ-ਸੱਤ ਮਿੰਟ ਵੱਧ ਖੋਲ੍ਹ ਦਿਆ ਕਰੇ। ਰੋਜ਼ ਕਈ ਕਈ ਅਫਸਰ ਆਉਂਦੇ ਤੇ ਸਾਰਿਆਂ ਕੋਲ ਹੀ ਜ਼ੋਰ ਸ਼ੋਰ ਨਾਲ ਖੁੱਲ੍ਹਣ ਦੀ ਸ਼ਿਕਾਇਤ ਹੁੰਦੀ। ਪਰ ਨਤੀਜਾ ਕੋਈ ਖਾਸ ਨਾ ਨਿਕਲਦਾ। ਉਸ ਵਾਰਡ ਵਿਚ ਉਦੋਂ ਬੰਦ ਕੈਦੀਆਂ ਦਾ ਵੇਰਵਾ ਕੁਝ ਇਸ ਤਰ੍ਹਾਂ ਸੀ। ਦੋ ਫਾਸੀ ਦੇ ਮੁਜ਼ਰਿਮ, ਦੋ ਚਾਰਲਸ ਸ਼ੋਭਰਾਜ ਦੇ ਸਾਥੀ। ਇਕ ਸਿੱਖ, ਜਿਸ ਨੂੰ ਤਿੰਨ ਬਟੇ ਚਾਰ ਵਿਚ ਹੀ ਫੜਿਆ ਹੋਇਆ ਸੀ ਤੇ ਹਰਿਆਣੇ ਦਾ ਰਹਿਣ ਵਾਲਾ ਸੀ। ਇਕ ਸਮੈਕ ਵੇਚਣ ਵਾਲਾ, (ਸਮੈਕ ਇਕ ਨਸ਼ੇ ਦਾ ਨਾਂ ਹੈ ਤੇ ਇਕ ਕਿਲੋ ਕੋਈ ਲੱਖ ਕੁ ਰੁ. ਦੀ ਹੁੰਦੀ ਹੈ) ਇਕ ਮੁਸਲਮਾਨ, ਜਿਸ ਬਾਰੇ ਇਹ ਕੇਸ ਸੀ ਕਿ ਉਸ ਨੇ ਸੈਂਕੜੇ ਵੀਹ ਸਾਲੇ ਕੈਦੀ ਸੁਪਰੀਮ ਕੋਰਟ ਦੇ ਜਾਅਲੀ ਹੁਕਮਾਂ 'ਤੇ ਆਪਣੀ ਕਲਮ ਨਾਲ ਦਸਤਖਤ ਕਰਕੇ ਬਾਹਰ ਕੱਢ ਦਿੱਤੇ ਸਨ।

ਦੂਸਰੇ ਦਿਨ ਇਕ ਗੱਲ ਬੜੀ ਕਮਾਲ ਦੀ ਇਹ ਹੋਈ ਕਿ ਸਾਰੇ ਕਰਮਚਾਰੀਆਂ ਨੇ ਆਪਣੇ ਆਪਣੇ ਸ਼ਨਾਖਤੀ ਕਾਰਡ, ਜੋ ਉਹ ਆਮ ਤੌਰ 'ਤੇ ਆਪਣੀ ਜੇਬ ਦੇ ਅੱਗੇ ਚੂੰਡੀ ਨਾਲ ਲਟਕਾ ਕੇ ਰੱਖਦੇ ਸਨ, ਚੂੰਡੀਆਂ ਨਾਲੋਂ ਲਾਹ ਕੇ ਜੇਬਾਂ ਵਿਚ ਪਾ ਲਏ ਤੇ ਕਿਸੇ ਵੀ ਕਰਮਚਾਰੀ ਦੀ ਜੇਬ 'ਤੇ ਲਟਕਦਾ ਉਹ ਸ਼ਨਾਖਤੀ ਕਾਰਡ ਨਜ਼ਰ ਨਹੀਂ ਸੀ ਆਉਂਦਾ। ਇਹ ਸ਼ਨਾਖਤੀ ਕਾਰਡ, ਫੋਟੋਆਂ ਅਤੇ ਥੱਲੇ ਨਾਂ ਲਿਖੇ ਸਮੇਤ, ਸਭ ਦੀਆਂ ਜੇਬਾਂ 'ਤੇ ਲਟਕਣੇ ਜ਼ਰੂਰੀ ਸਨ। ਜਦੋਂ ਅਸੀਂ ਆਏ ਸਾਂ ਤਾਂ ਇਹ ਹਰ ਇਕ ਦੀ ਜੇਬ 'ਤੇ ਲਟਕ ਰਿਹਾ ਸੀ। ਉਹ ਵੇਖ ਕੇ ਹੀ ਉਸਦਾ ਨਾਂ ਪਤਾ ਲੱਗ ਜਾਂਦਾ ਸੀ। ਜਿਸ ਤਰ੍ਹਾਂ ਅਸੀਂ ਸਭ ਤੋਂ ਪਹਿਲਾਂ ਜਦੋਂ ਡਿਉਢੀ ਅੰਦਰ ਵੜੇ ਤਾਂ ਅਮਰ ਸਿੰਘ ਨਾਂ ਦਾ ਇਕ ਕਰਮਚਾਰੀ ਸਭ ਤੋਂ ਪਹਿਲਾਂ ਮਿਲਿਆ, ਫੇਰ ਜਿਸ ਡਿਪਟੀ ਨੂੰ ਅਸੀਂ ਮਿਲੇ, ਉਸਦਾ ਨਾਂ ਵੀ ਲਿਖਿਆ ਹੋਇਆ ਸੀ। ਦੂਸਰੇ ਦਿਨ ਵੀ ਸਵੇਰੇ-ਸਵੇਰੇ ਜੋ ਇਕ ਕਰਮਚਾਰੀ ਆਇਆ, ਉਸ ਦਾ ਨਾਂ ਵੀ ਅਸਾਂ ਪੜ੍ਹ ਲਿਆ। ਪਰ ਦਸ ਵਜੇ ਤੋਂ ਬਾਅਦ ਇਕ ਦਮ ਸਾਰੇ ਕਾਰਡ ਉਤਰ ਗਏ। ਦਹਿਸ਼ਤਗਰਦਾਂ ਦੇ ਆਉਣ ਦਾ ਇਹ ਪਹਿਲਾ ਅਸਰ ਸੀ, ਜੋ ਸਾਰੀ ਜੇਲ੍ਹ 'ਤੇ ਪਿਆ। ਫਿਰ ਸਾਨੂੰ ਉਸ ਤੋਂ ਬਾਅਦ ਇਹ ਕਾਰਡ ਕਦੀ ਨਾ ਦਿੱਸੇ। ਜੇ ਗਲਤੀ ਨਾਲ ਕੋਈ ਲਾ ਵੀ ਲੈਂਦਾ ਤਾਂ ਦੂਸਰੇ ਉਸ ਨੂੰ ਰੋਕ ਦੇਂਦੇ। ਕਹਿੰਦੇ ਹਨ, ਜਦੋਂ ਮਕਬੂਲ ਬੱਟ ਏਥੇ ਆਇਆ ਸੀ ਤਾਂ ਉਸ ਨੂੰ ਕਸ਼ਮੀਰ ਤੋਂ ਫੜ ਕੇ ਇਕ ਤੇਲ ਦੇ ਟੈਂਕਰ ਵਿਚ, ਸਾਹ ਲੈਣ ਦਾ ਪ੍ਰਬੰਧ ਕਰਕੇ, ਉਸ ਵਿਚ ਬੰਦ ਕਰਕੇ ਲਿਆਂਦਾ ਗਿਆ ਸੀ। ਉਦੋਂ ਵੀ ਇਹ ਸਾਰੇ ਸ਼ਨਾਖਤੀ ਕਾਰਡ ਉੱਤਰ ਗਏ ਸਨ ਤੇ ਏਥੋਂ ਤੱਕ ਕਿ ਜੋ ਗਾਰਦ ਉਸ ਨੂੰ ਲੈ ਕੇ ਆਈ ਸੀ, ਉਨ੍ਹਾਂ ਦੇ ਮੋਢਿਆਂ ਦੇ ਬੈਜ ਵੀ ਉਤਰਵਾ ਦਿੱਤੇ ਗਏ ਸਨ ਤੇ ਉਨ੍ਹਾਂ ਦੀਆਂ ਰਾਈਫਲਾਂ ਤੋਂ ਵੀ ਨੰਬਰ ਵਗੈਰਾ ਮਿਟਾ ਦਿੱਤੇ ਗਏ ਸਨ। ਪਰ ਫਿਰ ਵੀ ਜਦੋਂ ਉਸਦੀਆਂ ਅੱਖਾਂ 'ਤੇ ਬੱਝੀ ਪੱਟੀ ਏਸੇ ਹੀ ਸੋਲ੍ਹਾਂ ਨੰਬਰ ਵਾਰਡ ਵਿਚ ਲਿਆ ਕੇ ਖੋਲ੍ਹੀ ਗਈ ਤਾਂ ਇਕ ਅਧਿਕਾਰੀ ਨੇ ਪੁੱਛਿਆ "ਖਾਨ ਸਾਹਿਬ, ਅੰਦਾਜਾ ਲਗਾਓ, ਹੁਣ ਤੁਸੀਂ ਕਿਸ ਥਾਂ 'ਤੇ ਹੋ?" ਤਾਂ ਕਹਿੰਦੇ ਹਨ ਉਸ ਨੇ ਬਿਲਡਿੰਗ ਵੱਲ ਕੁਝ ਦੇਰ ਵੇਖਿਆ, ਫੇਰ ਆਲੇ ਦੁਆਲੇ ਵੇਖਿਆ ਤੇ ਕਿਹਾ, "ਇਹ ਦਿੱਲੀ ਦੀ ਤਿਹਾੜ ਜੇਲ੍ਹ ਹੈ"। ਉਸ ਨੂੰ ਪੁਛਿਆ, "ਤੁਹਾਨੂੰ ਤਾਂ ਟੈਂਕਰ ਵਿਚ ਬੰਦ ਕਰਕੇ

ਏਸੇ ਲਈ ਲਿਆਂਦਾ ਗਿਆ ਸੀ ਕਿ ਤੁਹਾਨੂੰ ਇਹ ਪਤਾ ਨਾ ਲੱਗੇ ਕਿ ਤੁਸੀਂ ਕਿਧਰ ਜਾ ਰਹੇ ਹੋ, ਏਥੇ ਵੀ ਕੋਈ ਨਿਸ਼ਾਨੀ ਅਸਾਂ ਏਹੋ ਜਿਹੀ ਨਹੀਂ ਛੱਡੀ, ਜਿਸ ਤੋਂ ਕੋਈ ਅੰਦਾਜਾ ਲੱਗ ਸਕੇ ਕਿ ਇਹ ਕਿਹੜੀ ਥਾਂ ਹੈ, ਫਿਰ ਤੁਹਾਨੂੰ ਕਿਵੇਂ ਪਤਾ ਲੱਗ ਗਿਆ?" ਉਸ ਨੇ ਕਿਹਾ "ਅਰੇ ਭਾਈ ਦਿਮਾਗ਼ ਚਾਹੀਏ", ਸਾਰੇ ਹੈਰਾਨ ਰਹਿ ਗਏ। ਜਦੋਂ ਅਸੀਂ ਇਸ ਵਾਰਡ ਵਿਚ ਵੜੇ ਤਾਂ ਸਭ ਤੋਂ ਪਹਿਲਾਂ ਉਸ ਦੀ ਕਬਰ ਹੀ ਸਾਨੂੰ ਵਿਖਾਈ ਦਿੱਤੀ। ਇਕ ਪਾਸੇ ਫਾਂਸੀ ਦਾ ਅਹਾਤਾ ਤੇ ਉਸ ਦੀ ਦੂਸਰੀ ਗੁੱਠ ਵਿਚ ਮਕਬੂਲ ਬੱਟ ਦੀ ਕਬਰ। ਕੱਚੀ ਮਿੱਟੀ ਦੀ ਕਬਰ। ਬਾਅਦ ਵਿਚ ਅਸਾਂ ਹੀ, ਉਸ ਉਪਰੋਂ ਘਾਹ ਵਗੈਰਾ ਪੁੱਟ ਕੇ, ਉਸਨੂੰ ਦੁਬਾਰਾ ਠੀਕ ਕੀਤਾ ਸੀ ਤੇ ਕਬਰ ਦੇ ਦੁਆਲੇ ਏਨੇ ਗੁਲਾਬ ਤੇ ਹੋਰ ਫੁੱਲਾਂ ਦੇ ਬੂਟੇ ਲਾਏ ਸਨ ਕਿ ਵਾਰਡ ਵਿਚ ਆਉਣ ਵਾਲੇ ਦੀ ਨਿਗ੍ਹਾ ਸਭ ਤੋਂ ਪਹਿਲਾਂ ਮਕਬੂਲ ਬੱਟ ਦੀ ਕਬਰ 'ਤੇ ਪੈਂਦੀ।

ਮਕਬੂਲ ਬੱਟ, ਕਸ਼ਮੀਰ ਮੁਕਤੀ ਮੋਰਚੇ ਦਾ ਮੁਖੀ ਸੀ ਤੇ ਕਹਿੰਦੇ ਹਨ, ਉਹ ਬਹੁਤ ਲਾਇਕ ਆਦਮੀ ਸੀ, ਭਾਰਤੀ ਰਾਜਦੂਤ ਮਿਸਟਰ ਮਹਾਤਰੇ ਦਾ ਕਤਲ ਉਸ ਦੀ ਸੰਸਥਾ ਨੇ ਕੀਤਾ ਸੀ। ਉਸ ਸੰਸਥਾ ਨੇ ਇੰਗਲੈਂਡ ਵਿਚ ਹੋਏ ਇਸ ਭਾਰਤੀ ਰਾਜਦੂਤ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ। ਇਸ ਘਟਨਾ ਤੋਂ ਬਾਅਦ ਬੱਸ ਚਾਰ ਦਿਨ ਦੇ ਅੰਦਰ-ਅੰਦਰ ਹੀ ਉਸਦੇ ਕਾਲੇ ਵਰੰਟ ਆ ਗਏ ਤੇ ਉਸ ਨੂੰ ਫਾਂਸੀ ਦੇ ਦਿੱਤੀ ਗਈ। ਕਹਿੰਦੇ ਹਨ ਕਿ ਉਹ ਆਮ ਤੌਰ 'ਤੇ ਇਹ ਕਿਹਾ ਕਰਦਾ ਸੀ ਕਿ "ਮੈਨੂੰ ਫਾਂਸੀ ਦੇਣ ਵਾਲਾ ਫੰਦਾ ਅਜੇ ਨਹੀਂ ਬਣਿਆ" ਤੇ ਆਮ ਤੌਰ 'ਤੇ ਕੈਦੀ ਤੇ ਸਾਰੇ ਕਰਮਚਾਰੀ ਵੀ ਇਹ ਹੀ ਮੰਨਦੇ ਸਨ। ਸਾਰੇ ਕਰਮਚਾਰੀ ਉਸਦੀ ਬਹੁਤ ਹੀ ਇੱਜ਼ਤ ਕਰਦੇ ਸਨ। ਉਹ ਏਨਾ ਹਰਮਨ ਪਿਆਰਾ ਸੀ ਕਿ ਉਸਦੀ ਗ੍ਰਿਫਤਾਰੀ ਹੋਣ ਤੋਂ ਬਾਅਦ ਉਸ ਦੀ ਸੰਸਥਾ ਨੇ ਇਕ ਭਾਰਤੀ ਹਵਾਈ ਜਹਾਜ਼ ਨੂੰ ਹਿੰਦ ਮਹਾਂਸਾਗਰ ਵਿਚ ਸੁੱਟ ਕੇ ਨਸ਼ਟ ਕਰ ਦਿੱਤਾ ਸੀ। ਉਸ ਜਹਾਜ਼ ਨੂੰ ਨਸ਼ਟ ਕਰਨ ਦੀ ਜ਼ਿੰਮੇਵਾਰੀ ਵੀ ਇਸ ਸੰਸਥਾ ਨੇ ਲਈ ਸੀ ਤੇ ਏਸੇ ਕੇਸ ਵਿਚ ਹੀ ਮਕਬੂਲ ਬੱਟ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਪਰ ਫਾਂਸੀ ਦੇਣ 'ਤੇ ਅਮਲ ਰੁਕਿਆ ਹੋਇਆ ਸੀ। ਪਰ ਮਹਾਤਰੇ ਦੇ ਕਤਲ ਤੋਂ ਬਾਅਦ ਤਾਂ ਇਕ ਹਫਤੇ ਵਿਚ ਹੀ ਉਸ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਜਿਹੜਾ ਜਹਾਜ਼ ਉਨ੍ਹਾਂ ਨੇ ਸੁਟਿਆ ਸੀ, ਉਸ ਵਿਚ ਸੱਠ ਮੁਸਾਫਰ ਤੇ ਜਹਾਜ਼ ਦਾ ਅਮਲਾ ਮਾਰੇ ਗਏ ਸਨ। ਮਹਾਤਰੇ ਨੂੰ ਮਾਰਨ ਦਾ ਵੀ ਸੰਸਥਾ ਨੇ ਇਹ ਕਾਰਨ ਦੱਸਿਆ ਸੀ ਕਿ ਸਾਡੇ ਲੀਡਰ ਮਕਬੂਲ ਬੱਟ ਨੂੰ ਛੱਡਿਆ ਜਾਵੇ। ਜਦੋਂ ਉਸ ਨੂੰ ਫਾਂਸੀ ਦਿੱਤੀ ਗਈ, ਜੰਮੂ-ਕਸ਼ਮੀਰ ਵਿਚ ਇਸਦਾ ਬੜਾ ਜਬਰਦਸਤ ਪ੍ਰਤੀਕਰਮ ਹੋਇਆ 'ਤੇ ਬੱਸਾਂ ਸੜੀਆਂ ਤੇ ਸਰਕਾਰੀ ਇਮਾਰਤਾਂ ਨੂੰ ਅੱਗਾਂ ਲਾਈਆਂ ਗਈਆਂ। ਏਥੋਂ ਵੀ ਦਿੱਲੀ ਜੇਲ੍ਹ ਦੇ ਸਾਰੇ ਮੁਸਲਮਾਨ ਕੈਦੀ ਅੰਬਾਲੇ ਤੇ ਹੋਰ ਜੇਲ੍ਹਾਂ ਵਿਚ ਬਦਲ ਦਿੱਤੇ ਗਏ ਤੇ ਸਾਰੀ ਜੇਲ੍ਹ ਦੀ ਬੰਦੀ ਕਰ ਦਿੱਤੀ ਗਈ। ਅਰਥਾਤ ਕੈਦੀ ਬੈਰਕਾਂ ਵਿਚ ਬੰਦ ਕਰ ਦਿੱਤੇ ਗਏ। ਉਸਦਾ ਇਕ ਬਹੁਤ ਹੀ ਨਜ਼ਦੀਕੀ ਸਾਥੀ ਲਾਲਾ ਖੇਮ ਚੰਦ ਸਾਡੇ ਨਾਲ ਹੀ ਸੋਲ੍ਹਾਂ ਨੰਬਰ ਵਾਰਡ ਵਿਚ ਬੰਦ ਹੈ। ਉਨ੍ਹਾਂ ਦੋਹਾਂ ਦੀ ਬੜੀ ਦੋਸਤੀ ਸੀ। ਕਿਉਂਕਿ ਦੋਵੇਂ ਹੀ ਫਾਂਸੀ ਦੇ ਮੁਲਜ਼ਮ ਸਨ। ਲਾਲਾ ਖੇਮ ਚੰਦ ਦੱਸਦਾ ਹੈ ਕਿ ਫਾਂਸੀ ਲੱਗਣ ਤੋਂ ਦੋ ਦਿਨ ਪਹਿਲਾਂ ਉਸਨੇ ਖਾਣਾ ਪੀਣਾ ਛੱਡ ਦਿੱਤਾ ਸੀ। ਉਹ ਇਸ ਲਈ ਕਿ ਜਦੋਂ ਬੰਦੇ ਨੂੰ ਫਾਂਸੀ ਦਿੱਤੀ ਜਾਂਦੀ ਹੈ ਤਾਂ ਉਸ ਦੀ ਟੱਟੀ ਜ਼ਰੂਰ ਨਿਕਲ ਜਾਂਦੀ ਹੈ ਤੇ ਪਸ਼ਾਬ ਵੀ ਨਿਕਲ ਜਾਂਦਾ ਹੈ। ਉਹ ਨਹੀਂ

ਸੀ ਚਾਹੁੰਦਾ ਕਿ ਇਸ ਤਰ੍ਹਾਂ ਉਸਦੀ ਟੱਟੀ ਨਿਕਲ ਜਾਵੇ। ਇਸ ਲਈ ਉਸ ਨੇ ਇਹ ਹਦਾਇਤ ਵੀ ਕਰ ਦਿੱਤੀ ਸੀ ਕਿ ਮੈਨੂੰ ਕੋਈ ਹਿੰਦੂ ਹੱਥ ਨਾ ਲਾਵੇ ਤੇ ਮੁਸਲਮਾਨ ਹੀ ਮੈਨੂੰ ਹੱਥ ਲਾਉਣ। ਉਸਨੇ ਆਪਣੀ ਵਸੀਅਤ ਵਿਚ ਆਪਣਾ ਸਰੀਰ ਪਾਕਿਸਤਾਨ ਭੇਜਣ ਲਈ ਆਖਿਆ ਸੀ। ਉਸ ਨੇ ਆਪਣੀ ਵਸੀਅਤ ਵਿਚ ਇਹ ਵੀ ਲਿਖਿਆ ਸੀ ਕਿ ਉਹ ਅਜੇ ਵੀ ਪਾਕਿਸਤਾਨੀ ਹੈ ਤੇ ਚਾਹੁੰਦਾ ਹੈ ਕਿ ਉਸ ਨੂੰ ਦਫਨਾਇਆ ਵੀ ਪਾਕਿਸਤਾਨ ਵਿਚ ਹੀ ਜਾਵੇ। ਲਾਲਾ ਖੇਮ ਚੰਦ ਕਈ ਵਾਰ ਸਾਨੂੰ ਉਸ ਦੀਆਂ ਗੱਲਾਂ ਦਸਦਾ ਦਸਦਾ ਰੋ ਪੈਂਦਾ ਸੀ ਤੇ ਉਸ ਕੋਲੋਂ ਹੋਰ ਨਹੀਂ ਸੀ ਬੋਲਿਆ ਜਾਂਦਾ। ਉਸ ਦਾ ਗਲਾ ਰੁਕ ਜਾਂਦਾ ਸੀ ਤੇ ਉਹ ਬੜਾ ਜਜਬਾਤੀ ਹੋ ਕੇ ਚੁੱਪ ਕਰਕੇ ਉਠ ਕੇ ਚਲਾ ਜਾਂਦਾ ਸੀ! ਜਿਸ ਨੇ ਉਸ ਨੂੰ ਦਫਨਾਇਆ ਸੀ, ਉਸਦਾ ਨਾਂ ਮੁਜਾਹਿਰ ਹੁਸੈਨ ਹੈ ਤੇ ਉਹ ਵੀ ਵਾਰਡ ਨੰਬਰ ਸੋਲ੍ਹਾਂ ਵਿਚ ਕਸੂਰੀ ਮੁਲਜਿਮ (ਸਜਾ ਦੇ ਤੌਰ 'ਤੇ) ਬੰਦ ਰਹਿ ਕੇ ਗਿਆ ਹੈ। ਉਹ ਏਥੇ ਦਸ ਅਕਤੂਬਰ 1986 ਤੋਂ ਲੈ ਕੇ 8 ਦਸੰਬਰ 1986 ਤੱਕ ਬੰਦ ਰਿਹਾ ਸੀ। ਮੈਂ ਉਸ ਦੀ ਬੰਦੀ ਵਿਰੁੱਧ ਇਕ ਰਿੱਟ ਆਪਣੇ ਹੱਥ ਨਾਲ ਲਿਖ ਕੇ ਹਾਈ ਕੋਰਟ ਨੂੰ ਭੇਜੀ ਸੀ ਤੇ ਉਸ ਕੇਸ ਵਿਚ ਉਸ ਦੇ ਹੱਕ ਵਿਚ ਗਵਾਹੀ ਦੇਣ ਦਾ ਵੀ ਉਸ ਨੂੰ ਵਚਨ ਦਿੱਤਾ ਸੀ। ਇਹ ਗਵਾਹੀ ਜੇਲ੍ਹਰ ਅਕਾਸ਼ ਮਹਾਂਪਾਤਰੇ ਦੇ ਵਿਰੁੱਧ ਦੇਣੀ ਸੀ। ਇਕ ਮਹੀਨਾ ਸਜ਼ਾ ਕੱਟ ਕੇ ਉਹ ਫਿਰ ਜਿਸ ਵਾਰਡ ਨੰਬਰ ਯਾਰਾਂ ਵਿਚੋਂ ਆਇਆ ਸੀ, ਉਥੇ ਹੀ ਚਲਾ ਗਿਆ। ਦਰਵਾਜਿਉਂ ਵੜਦਿਆਂ ਅੱਠਵੀਂ ਚੱਕੀ (Cell) ਵਿਚ ਉਸਦੀ ਮ੍ਰਿਤਕ ਦੇਹ ਫਾਂਸੀ ਦੇਣ ਤੋਂ ਬਾਅਦ ਰੱਖੀ ਗਈ ਸੀ। ਫਿਰ ਉਸ ਨੂੰ ਉਥੇ ਹੀ ਨੁਹਾਇਆ ਗਿਆ ਤੇ ਬਾਅਦ ਵਿਚ ਉਸ ਕੋਠੀ ਦੇ ਐਨ ਸਾਹਮਣੇ ਅਹਾਤੇ ਦੇ ਅਖੀਰ 'ਤੇ ਉਸ ਨੂੰ ਦਫਨਾ ਕੇ ਕਬਰ ਬਣਾ ਦਿੱਤੀ ਗਈ।

ਭਾਰਤੀ ਨਿਆਂਪਾਲਿਕਾ ਵਿਚ ਉਸਦਾ ਨਾਂ ਸਦਾ ਇਸ ਗੱਲ ਤੋਂ ਯਾਦ ਰਹੇਗਾ ਕਿ ਉਸ ਨੇ ਸੁਪਰੀਮ ਕੋਰਟ ਵਿਚੋਂ ਵਾਰਡ ਨੰਬਰ 16 ਨੂੰ ਕੰਡਮ ਸੈੱਲ ਐਲਾਨ ਕਰਵਾਇਆ ਸੀ। ਮਕਬੂਲ ਬੱਟ ਬਨਾਮ ਦਿੱਲੀ ਸਰਕਾਰ 1983 ਸੀ.ਆਰ.ਐਲ.ਆਰ. 38 ਕੇਸ ਮੁਤਾਬਕ ਜੇਲ੍ਹ ਐਕਟ 1894 ਜੋ ਅੰਗਰੇਜ਼ਾਂ ਵਲੋਂ ਬਣਾਇਆ ਗਿਆ ਸੀ ਦੀ ਧਾਰਾ 30 ਅਨੁਸਾਰ ਸੋਧ ਕਰਕੇ ਇਹ ਵਾਰਡ ਕੰਡਮ ਕਰਾਰ ਦਿੱਤਾ ਗਿਆ। ਇਸੇ ਹੀ ਕੇਸ ਦਾ ਇਕ ਇਹ ਵੀ ਮਹੱਤਵ ਸੀ ਕਿ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਸੀ ਕਿ ਫਾਂਸੀ ਦੀ ਸਜ਼ਾ ਸੁਣ ਚੁਕੇ ਮੁਜ਼ਰਿਮ ਨੂੰ ਫਾਂਸੀ ਕੋਠੀਆਂ ਵਿਚ ਨਹੀਂ ਰਖਿਆ ਜਾਵੇਗਾ ਤੇ ਆਮ ਕੈਦੀਆਂ ਵਾਂਗ ਹੀ ਆਮ ਵਾਰਡ ਵਿਚ ਰਖਿਆ ਜਾਵੇਗਾ। ਨਹੀਂ ਤਾਂ ਪਹਿਲਾਂ ਜਿਸ ਨੂੰ ਸੈਸ਼ਨ ਜੱਜ ਵਲੋਂ ਫਾਂਸੀ ਦਾ ਹੁਕਮ ਹੋ ਜਾਂਦਾ, ਉਸ ਨੂੰ ਫਾਂਸੀ ਕੋਠੀਆਂ ਵਿਚ ਲੈ ਆਂਦਾ ਜਾਂਦਾ ਤੇ ਉਸ ਦੇ ਰਿਸ਼ਤੇਦਾਰ ਇਹ ਕਹਿੰਦੇ ਸਨ ਕਿ ਫਲਾਣਾ ਕੋਠੀ ਲੱਗਾ ਹੋਇਆ ਹੈ। ਕੋਠੀ ਲੱਗਾ ਹੋਣ ਦਾ ਮਤਲਬ ਇਹ ਹੀ ਸੀ। ਵਾਰਡ ਨੰਬਰ 16 ਦੇ 16 ਸੈਲ ਹਨ, ਜੋ ਫਾਂਸੀ ਵਾਲਿਆਂ ਵਾਸਤੇ ਖਾਸ ਹੀ ਬਣੇ ਹੁੰਦੇ ਹਨ। ਕੋਠੀ, ਚੱਕੀ, Cell (ਸੈੱਲ) ਇਕ ਹੀ ਗੱਲ ਹੈ। ਇਸ ਦਾ ਸਾਈਜ 7x13 ਫੁੱਟ ਦਾ ਹੈ, ਉਸ ਅੱਗੇ ਏਸੇ ਹੀ ਸਾਈਜ ਦਾ ਬਰਾਂਡਾ। ਪਰ ਬਰਾਂਡੇ ਦੇ ਉਤੇ ਅੱਧੀ ਛੱਤ ਦੇ ਅੱਧਾ ਖਾਲੀ। ਖਾਲੀ ਪਾਸਾ ਆਮ ਬਰਾਂਡਿਆਂ ਨਾਲੋਂ ਉਲਟ ਯਾਨੀ ਕੋਠੀ ਦੇ ਦਰਵਾਜੇ ਅਗਲੇ ਅੱਧੇ 'ਤੇ ਛੱਤ ਨਹੀਂ ਤੇ ਅਗਲੇ ਅੱਧੇ 'ਤੇ ਛੱਤ ਹੁੰਦੀ ਹੈ। ਇਹ ਸਾਈਜ਼ ਤੇ ਤਕਨੀਕ ਬਿਲਕੁਲ ਉਹ ਹੀ ਹੈ ਜੋ ਅੰਗਰੇਜ਼ਾਂ ਦੇ ਰਾਜ ਵੇਲੇ ਦੀਆਂ ਬਣੀਆਂ ਜੇਲ੍ਹਾਂ ਦੀ ਹੈ। ਮਿਸਾਲ ਦੇ ਤੌਰ 'ਤੇ ਕਾਲੇ ਪਾਣੀ ਦੀਆਂ ਜੇਲ੍ਹਾਂ, ਜਿਸ ਨੂੰ ਅੱਜ ਕੱਲ

ਅੰਡੇਮਾਨ ਨਿਕੋਬਾਰ ਟਾਪੂ ਆਖਦੇ ਹਨ, ਦੀ ਸਾਰੀ ਜੇਲ੍ਹ ਹੀ 7'x13 ਫੁੱਟ ਦੇ ਸੈੱਲਾਂ ਦੀ ਬਣੀ ਹੋਈ ਹੈ ਤੇ ਉਸ ਵਿਚ ਸੈੱਲਾਂ ਤੋਂ ਬਗੈਰ ਹੋਰ ਕੋਈ ਵਾਰਡ ਨਹੀਂ। ਹਾਲਾਂਕਿ ਇਹ ਜੇਲ੍ਹ 1952 ਵਿਚ ਬਣੀ ਹੈ ਤੇ ਏਥੇ ਤਿਹਾੜ ਨਾਂ ਦਾ ਇਕ ਪਿੰਡ ਸੀ, ਜਿਸ ਨੂੰ ਉਜਾੜ ਕੇ ਇਹ ਜੇਲ੍ਹ ਬਣਾਈ ਗਈ ਸੀ ਤੇ ਤਾਂ ਹੀ ਇਸਦਾ ਨਾਂ ਤਿਹਾੜ ਜੇਲ੍ਹ ਹੈ। ਆਪਣੇ ਵੇਲੇ ਦੀ ਇਹ ਸਭ ਤੋਂ ਵੱਧ ਆਧੁਨਿਕ ਜੇਲ੍ਹ ਅਖਵਾਉਂਦੀ ਹੈ। ਪਹਿਲਾਂ ਇਹ ਇਕ ਹੀ ਜੇਲ੍ਹ ਸੀ ਹੁਣ ਇਸ ਵਿਚ ਕੰਧਾਂ ਮਾਰ ਕੇ ਤਿੰਨ ਜੇਲ੍ਹਾਂ ਬਣਾ ਦਿੱਤੀਆਂ ਹਨ। ਇਕ ਨੰਬਰ ਜੇਲ੍ਹ ਵਿਚ ਔਰਤਾਂ ਰਖੀਆਂ ਜਾਂਦੀਆਂ ਹਨ। ਆਮ ਤੌਰ 'ਤੇ ਏਥੇ ਕੈਦੀ ਮੁਹਾਰਨੀ ਦੇ ਅੱਖਰਾਂ ਦੀ ਤਰਤੀਬ 'ਚ ਰੱਖੇ ਜਾਂਦੇ ਹਨ। ਪਰ ਸਾਨੂੰ ਦਹਿਸ਼ਤਗਰਦ ਹੋਣ ਕਰਕੇ ਇਹ ਗੱਲ ਅੱਖੋਂ ਉਹਲੇ ਕਰ ਦਿੱਤੀ ਗਈ। ਜਿਸ ਤਰ੍ਹਾਂ ਮਕਬੂਲ ਬੱਟ ਨੇ ਉਪਰੋਕਤ ਅਹਿਮ ਫੈਸਲਾ ਕਰਵਾਇਆ, ਏਸੇ ਤਰ੍ਹਾਂ ਹੀ ਸ੍ਰੀ ਸ਼ੁਕਲਾ ਤੇ ਸ਼ੋਬ ਰਾਜ ਨੇ ਵੀ ਮਹੱਤਵਪੂਰਨ ਫੈਸਲੇ ਕਰਵਾਏ ਹਨ। ਸ਼ੁਕਲੇ ਨੇ ਤਾਂ ਇਹ ਫੈਸਲਾ ਕਰਵਾਇਆ ਕਿ ਜਦੋਂ ਮੁਲਜ਼ਮ ਨੂੰ ਜੱਜ ਅੱਗੇ ਪੇਸ਼ ਕੀਤਾ ਜਾਂਦਾ ਹੈ ਤਾਂ ਉਸ ਨੂੰ ਹੱਥਕੜੀ ਨਹੀਂ ਲੱਗੀ ਹੋਣੀ ਚਾਹੀਦੀ। ਇਸ ਲਈ ਹੁਣ ਕਿਸੇ ਨੂੰ ਜੱਜ ਅੱਗੇ ਪੇਸ਼ ਕਰਨ ਲਈ ਲਿਆਉਣ ਲਗਿਆਂ ਹੱਥਕੜੀ ਨਹੀਂ ਲੱਗਦੀ। ਪੁਲਿਸ ਵਾਲੇ ਹੱਥਾਂ ਵਿਚ ਹੱਥਾਂ ਦੀਆਂ ਉਂਗਲਾਂ ਦੀ ਕਲੰਘੜੀ ਪਾ ਲੈਂਦੇ ਹਨ ਤੇ ਮੁਲਜ਼ਮ ਨੂੰ ਜੱਜ ਅੱਗੇ ਇਸੇ ਤਰ੍ਹਾਂ ਹੀ ਪੇਸ਼ ਕੀਤਾ ਜਾਂਦਾ ਹੈ। ਜੇ ਬਹੁਤ ਹੀ ਖਤਰਨਾਕ ਮੁਲਜ਼ਮ ਹੋਵੇ, ਉਸ ਵਾਸਤੇ ਹੀ ਪੁਲਿਸ ਜੱਜ ਕੋਲੋਂ ਵਿਸ਼ੇਸ਼ ਆਗਿਆ ਲੈ ਕੇ ਹੱਥਕੜੀ ਲਾ ਸਕਦੀ ਹੈ, ਨਹੀਂ ਤਾਂ ਨਹੀਂ। ਇਸੇ ਤਰ੍ਹਾਂ ਹੀ ਆਮ ਕੈਦੀਆਂ ਨੂੰ ਕਈ ਵਾਰ ਖਤਰਨਾਕ ਅਪਰਾਧੀ ਹੋਣ ਕਰਕੇ 1894 ਦੇ ਐਕਟ ਅਨੁਸਾਰ (ਜੇਲ੍ਹ ਮੈਨੂਅਲ 1894) ਬੇੜੀਆਂ ਪਾ ਕੇ ਰਖਿਆ ਜਾਂਦਾ ਸੀ। ਚਾਰਲਸ ਸ਼ੋਬ ਰਾਜ ਦੇ ਕੇਸ ਵਿਚ ਇਹ ਫੈਸਲਾ ਹੋਇਆ ਸੀ ਕਿ ਕਿਸੇ ਵੀ ਅਪਰਾਧੀ ਨੂੰ ਬੇੜੀਆਂ ਨਹੀਂ ਪਾਈਆਂ ਜਾ ਸਕਦੀਆਂ। ਪਰ ਖਾਸ ਕੇਸ ਵਿਚ ਜੱਜ ਦੀ ਮਨਜ਼ੂਰੀ ਨਾਲ ਅਜਿਹਾ ਕੀਤਾ ਜਾ ਸਕਦਾ ਹੈ। ਅੱਜ ਕੱਲ੍ਹ ਵਿਚਾਰੇ ਸ਼ੋਬ ਰਾਜ ਦੇ ਆਪਣੇ ਪੈਰਾਂ ਵਿਚ ਬੇੜੀਆਂ ਹਨ ਤੇ ਉਹ ਜੇਲ੍ਹ ਨੰਬਰ ਦੋ ਵਿਚ ਹੈ। ਗੱਲ ਮਕਬੂਲ ਬੱਟ ਤੋਂ ਲਾਂਭੇ ਚਲੀ ਗਈ। ਉਸ ਨੂੰ ਜਿਸ ਦਿਨ ਫਾਂਸੀ ਦੇਣੀ ਸੀ ਉਸ ਦਿਨ ਦੋ ਹੈਡ ਵਾਰਡਨ ਦੀ ਡਿਊਟੀ ਸੀ ਤੇ ਦੋਵੇਂ ਹੀ ਸਾਡੇ ਵਾਰਡ ਦੇ ਇਕ-ਇਕ ਮਹੀਨਾ ਹੈੱਡ ਵਾਰਡਨ ਰਹਿ ਕੇ ਗਏ ਹਨ, ਸੁਖਬੀਰ ਤੇ ਮਾਨ ਸਿੰਘ। ਸੁਖਬੀਰ ਹਰਿਆਣਵੀ ਹੈ ਤੇ ਮਾਨ ਸਿੰਘ ਮੁਕੇਰੀਆਂ ਦਾ ਪਹਾੜੀਆ। ਸੁਖਬੀਰ ਦੱਸਦਾ ਸੀ ਕਿ ਜਿਸ ਦਿਨ ਮਕਬੂਲ ਬੱਟ ਨੂੰ ਫਾਂਸੀ ਦੇਣੀ ਸੀ, ਉਸ ਦਿਨ ਸਵੇਰੇ ਸਵੇਰੇ ਜਦੋਂ ਉਸ ਨੂੰ ਫਾਂਸੀ ਕੋਠੀ ਵੱਲ ਤੋਰਿਆ ਤਾਂ ਮਾਨ ਸਿੰਘ ਨੇ ਉਸ ਦੇ ਹੱਥ ਪਿੱਛੇ ਬੰਨ ਦਿੱਤੇ, ਜਦੋਂ ਕਿ ਸੁਖਬੀਰ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਤੇ ਪਿੱਛੇ ਬੱਧੇ ਹੱਥ ਖੋਲ੍ਹ ਕੇ ਉਸ ਨੂੰ ਬਾਂਹ ਤੋਂ ਹੀ ਫੜ ਕੇ ਤੁਰ ਪਿਆ। ਇਸ ਤੋਂ ਪਤਾ ਲੱਗਦਾ ਹੈ ਕਿ ਮਾਨ ਸਿੰਘ ਬੜਾ ਜ਼ਾਲਮ ਸੁਭਾਅ ਦਾ ਆਦਮੀ ਹੈ। ਪਰ ਕੁਦਰਤ ਦੀ ਮਰਜੀ ਵੇਖੋ ਅਸੀਂ ਇਕ ਦਿਨ ਉਸ ਨੂੰ ਕੁਟਿਆ, ਚਪੇੜਾਂ ਮਾਰੀਆਂ, ਉਸਦੀ ਵਰਦੀ ਪਾੜ ਦਿੱਤੀ ਤੇ ਮੋਢੇ 'ਤੇ ਲੱਗੀਆਂ ਤਿੰਨ ਫੀਤੀਆਂ ਵਾਲਾ ਬਿੱਲਾ ਖਿੱਚ ਕੇ ਲਾਹ ਦਿੱਤਾ। ਬਹੁਤ ਉੱਚਾ ਲੰਮਾ ਜਵਾਨ ਛੇ ਫੁੱਟ ਤੋਂ ਵੀ ਉੱਚਾ, ਮੋਟਾ ਵੀ ਬਹੁਤ, ਲਾਲ ਰੰਗ ਪਰ ਦਿਲ ਦਾ ਬਹੁਤ ਡਰਪੋਕ। ਡਰਪੋਕ ਤਾਂ ਨਹੀਂ ਕਹਿ ਸਕਦੇ, ਮੱਕਾਰ ਤੇ ਚਵਲ ਇਕ ਨੰਬਰ ਦਾ। ਪਰ ਅਸਾਂ ਉਸ ਦੀ ਇਕ ਮਹੀਨਾ ਟੱਟੀ ਕੱਢ ਛੱਡੀ। ਕਿਉਂਕਿ ਉਹ ਆਮ ਕੈਦੀਆਂ ਨੂੰ ਸਮੈਕ ਲਿਆ

ਕੇ ਵੇਚਦਾ ਹੈ ਤੇ ਅਸਾਂ ਉਸ ਨੂੰ ਵੇਖ ਲਿਆ ਸੀ।

ਲਾਲਾ ਖੇਮ ਚੰਦ ਨੂੰ ਅਸਾਂ ਕਈ ਵਾਰ ਪੁਛਿਆ ਕਿ ਕੀ ਵਜ੍ਹਾ ਹੈ ਕਿ ਮਕਬੂਲ ਬੱਟ ਨੇ ਫਾਂਸੀ ਤੋਂ ਬਾਅਦ ਆਪਣੀ ਮ੍ਰਿਤਕ ਦੇਹ ਨੂੰ ਕਿਸੇ ਹਿੰਦੂ ਦੇ ਹੱਥ ਨਾ ਲੱਗਣ ਦੇਣ ਦੀ ਹਦਾਇਤ ਕੀਤੀ ਤਾਂ ਉਹ ਦੱਸਦਾ ਹੈ ਕਿ ਉਹ ਇਸ ਕਰਕੇ ਕਿ "ਉਹ ਮੁਸਲਮਾਨ ਸੀ ਤੇ ਜੇ ਹਿਦੂ ਉਸ ਦੀ ਦੇਹ ਨੂੰ ਹੱਥ ਲਾਏਗਾ ਤਾਂ ਟੱਟੀ ਵਗੈਰਾ ਨਿਕਲੀ ਹੋਣ ਕਰਕੇ ਹਿਦੂ ਅਪਵਿੱਤਰ ਹੋ ਜਾਵੇਗਾ। ਕਿਉਂਕਿ ਉਹ ਮੇਰੀ ਬਹੁਤ ਇਜ਼ਤ ਕਰਦਾ ਸੀ।" ਪਰ ਮੇਰਾ ਖਿਆਲ ਹੈ ਕਿ ਅਸਲ ਵਿਚ ਉਹ ਕੱਟੜ ਮੁਸਲਮਾਨ ਸੀ ਤੇ ਪੰਜ ਵੇਲੇ ਦਾ ਨਮਾਜੀ ਸੀ। ਅੰਤਮ ਸਮੇਂ ਉਹ ਨਹੀਂ ਸੀ ਚਾਹੁੰਦਾ ਕਿ ਉਸ ਨੂੰ ਕਿਸੇ ਕਾਫ਼ਰ ਦਾ ਹੱਥ ਲੱਗੇ। ਮੇਰਾ ਖਿਆਲ ਹੈ ਕਿ ਉਹ ਦਿਲੋਂ ਹਿੰਦੂਆਂ ਨੂੰ ਤੇ ਹਿੰਦੋਸਤਾਨ ਨੂੰ ਨਫਰਤ ਕਰਦਾ ਸੀ। ਲਾਲਾ ਖੇਮ ਚੰਦ ਦੱਸਦਾ ਹੈ ਕਿ ਮਕਬੂਲ ਬੱਟ ਨੂੰ, ਇਕ ਨੰਬਰ ਜੇਲ੍ਹ ਦੇ ਇਕ ਨੰਬਰ ਵਾਰਡ ਵਿਚੋਂ, ਜਿਹੜਾ ਕਿ ਵੀ.ਆਈ.ਪੀ. ਵਾਰਡ ਸੀ, 9 ਫਰਵਰੀ ਵੀਰਵਾਰ ਦਿਨ ਦੇ ਤਿੰਨ ਵਜੇ, ਉਸ ਨੂੰ ਫਾਂਸੀ ਦੇਣ ਲਈ ਸੋਲ੍ਹਾਂ ਨੰਬਰ ਵਾਰਡ ਵਿਚ ਲਿਆਂਦਾ ਗਿਆ ਸੀ। ਪੰਦਰਾਂ-ਵੀਹ ਅਫ਼ਸਰ ਤੇ ਬਹੁਤ ਸਾਰੀ ਗਾਰਦ ਉਸ ਨੂੰ ਸੋਲ੍ਹਾਂ ਨੰਬਰ ਵਾਰਡ ਵਿਚ ਛੱਡ ਕੇ ਗਈ ਸੀ। ਵੀਰਵਾਰ ਦੀ ਸਾਰੀ ਰਾਤ ਅਤੇ ਸ਼ੁੱਕਰਵਾਰ ਦੀ ਰਾਤ ਉਹ ਦਰਵਾਜ਼ੇ ਦੇ ਨਾਲ ਬੈਠ ਕੇ ਉਪਰ ਖੁਲ੍ਹੇ ਅਸਮਾਨ ਨੂੰ ਵੇਖਦਾ ਰਹਿੰਦਾ ਤੇ ਤਾਰਿਆਂ ਨਾਲ ਗੱਲਾਂ ਕਰਦਾ ਰਹਿੰਦਾ ਸੀ। ਮਕਬੂਲ ਬੱਟ ਨੂੰ ਸ਼ਨਿਚਰਵਾਰ ਸਵੇਰੇ ਸਾਢੇ ਸੱਤ ਵਜੇ ਫਾਂਸੀ 'ਤੇ ਲਟਕਾਇਆ ਗਿਆ ਸੀ ਤੇ ਉਸ ਦਾ ਸਰੀਰ ਅੱਧਾ ਘੰਟਾ ਲਟਕਣ ਤੋਂ ਬਾਅਦ ਉਤਾਰਿਆ ਗਿਆ ਸੀ। ਸ਼ਾਇਦ ਬਰਾਂਡੇ ਦੀ ਅੱਧੀ ਛੱਤ ਨੰਗੀ ਰੱਖਣ ਦਾ ਤੇ ਖਾਸ ਤੌਰ 'ਤੇ ਕੋਠੀ ਦੇ ਦਰਵਾਜੇ ਉਪਰ ਦਾ ਅੱਧਾ ਪਾਸਾ ਨੰਗਾ ਰੱਖਣ ਦਾ, ਅੰਗਰੇਜ਼ਾਂ ਦਾ ਖਾਸ ਮਤਲਬ ਹੀ ਇਹ ਸੀ ਕਿ ਫਾਂਸੀ ਕੋਠੀ ਲੱਗਾ ਇਕੱਲਾ ਬੰਦਾ ਹੋਰ ਕਿਸੇ ਨਾਲ ਤਾਂ ਗੱਲ ਨਹੀਂ ਸੀ ਕਰ ਸਕਦਾ, ਇਸ ਲਈ ਉਹ ਤਾਰਿਆਂ ਨਾਲ ਹੀ ਗੱਲਾਂ ਕਰ ਸਕਦਾ ਹੈ। ਕਹਿੰਦੇ ਹਨ ਕਿ ਜੇ ਆਦਮੀ ਬਿਲਕੁਲ ਇਕੱਲਾ ਹੋਵੇ ਤੇ ਉਸ ਨਾਲ ਕੋਈ ਗੱਲਾਂ ਕਰਨ ਵਾਲਾ ਨਾ ਹੋਵੇ ਤਾਂ ਆਦਮੀ ਪਾਗਲ ਹੋ ਜਾਂਦਾ ਹੈ। ਸ਼ਾਇਦ ਏਥੇ ਵੀ ਇਹ ਹੀ ਮਨੋਵਿਗਿਆਨਕ ਗੱਲ ਹੋਵੇ। ਬਰਾਂਡੇ ਦੇ ਦਰਵਾਜੇ ਵੀ ਲੋਹੇ ਦੀ ਚਾਦਰ ਦੇ ਬਣੇ ਹੁੰਦੇ ਹਨ ਤੇ ਸਿਰਫ਼ ਉਪਰ ਡੇਢ ਇੰਚ ਵਿਆਸ ਦੀ ਇਕ ਮੋਰੀ ਹੁੰਦੀ ਹੈ। ਦਰਵਾਜਿਆਂ ਦਾ ਰੰਗ ਕਾਲਾ ਹੁੰਦਾ ਹੈ। ਇਕ ਕੋਠੀ ਦੇ ਸਾਹਮਣੇ ਬਰਾਂਡੇ ਨੂੰ ਤਿੰਨ ਦਰਵਾਜੇ ਹੁੰਦੇ ਹਨ। ਇਕ ਸਾਹਮਣੇ ਤੇ ਦੋ ਦੋਹਾਂ ਪਾਸਿਆਂ 'ਤੇ। ਜੇ ਪਾਸਿਆਂ ਵਾਲੇ ਤੇ ਸਾਹਮਣਾ ਦਰਵਾਜਾ ਬੰਦ ਕਰ ਦਿੱਤਾ ਜਾਵੇ ਤਾਂ ਅੰਦਰ ਕੋਠੀ ਵਿਚ ਬੈਠਾ ਬੰਦਾ ਬਾਹਰਲਾ ਕੁਝ ਨਹੀਂ ਵੇਖ ਸਕਦਾ, ਸਿਵਾਏ ਉਪਰ ਛੱਤ ਦੇ ਤਾਰਿਆਂ ਤੋਂ। ਵੈਸੇ ਵੀ ਪਾਸਿਆਂ ਵੱਲ ਤਾਂ ਕੁਝ ਓਦਾਂ ਵੀ ਨਹੀਂ ਦਿਸਦਾ, ਸਿਰਫ ਦਰਵਾਜਿਆਂ ਦੇ ਪੱਲੇ ਹੀ ਦਿਸਦੇ ਹਨ, ਅਗਲੀ ਕੋਠੀ ਦਾ ਕੁਝ ਨਜ਼ਰ ਨਹੀਂ ਆਉਂਦਾ।

ਭੁੱਖ ਹੜਤਾਲ ਰੱਖਣੀ

ਦੂਸਰੇ ਦਿਨ ਸਾਡੇ ਸਬਰ ਦਾ ਪਿਆਲਾ ਭਰ ਗਿਆ ਤੇ ਅਸਾਂ ਸਾਰਿਆਂ ਨੇ ਪਰੇਡ ਦੀ ਰੋਟੀ (ਜੇਲ੍ਹ ਦੀ ਰੋਟੀ) ਖਾਣ ਤੋਂ ਨਾਂਹ ਕਰਨ ਦਾ ਮਨ ਬਣਾ ਲਿਆ। ਭਾਵੇਂ ਅਸੀਂ ਇਸ ਸਥਿਤੀ ਵਿਚ ਨਹੀਂ ਸਾਂ ਕਿ ਜੇਲ੍ਹ ਅਧਿਕਾਰੀਆਂ ਨਾਲ ਪੰਗਾ ਲੈ ਸਕਦੇ ਪਰ ਪਤਾ ਨਹੀਂ

ਕਿਵੇਂ ਇਹ ਸਲਾਹ ਝੱਟ ਹੀ ਬਣ ਗਈ ਕਿ ਰੋਟੀ ਨਹੀਂ ਖਾਣੀ, ਜਿੰਨਾ ਚਿਰ ਸਾਨੂੰ ਵੀ ਦੂਜਿਆਂ ਜਿਨਾਂ ਨਹੀਂ ਖੋਲ੍ਹਦੇ। ਦਰਅਸਲ ਇਹ ਪ੍ਰੇਰਨਾ ਸਾਨੂੰ ਗੁਰਨਾਮ ਸਿੰਘ ਦੀਆਂ ਗੱਲਾਂ ਤੋਂ ਹੋਈ, ਜੋ ਹਰਿਆਣੇ ਦਾ ਰਹਿਣ ਵਾਲਾ ਹੈ ਤੇ ਤੀਸ ਹਜ਼ਾਰੀ ਤੇ ਪਟਿਆਲਾ ਹਾਊਸ ਅਦਾਲਤਾਂ ਨੂੰ ਉਡਾਉਣ ਦੀ ਸਾਜ਼ਿਸ਼ ਦੇ ਕੇਸ ਵਿਚ ਫੜਿਆ ਗਿਆ ਹੈ। ਪਹਿਲਾਂ ਤਾਂ ਪੁਲਿਸ ਨੇ ਉਸ 'ਤੇ ਬਥੇਰਾ ਤਸ਼ੱਦਦ ਕੀਤਾ। ਉਸ ਨੂੰ ਕ੍ਰਾਈਮ ਬਰਾਂਚ ਦਿੱਲੀ ਵਾਲਿਆਂ ਨੇ ਫੜਿਆ ਸੀ ਤੇ ਉਸ ਉੱਤੇ ਵੀ ਟਾਡਾ ਐਕਟ ਲਾਇਆ ਗਿਆ ਸੀ। ਤਸ਼ੱਦਦ ਉਸ ਨੇ ਝੱਲ ਲਿਆ ਪਰ ਮੰਨਿਆ ਕੁਝ ਨਾ। ਬਾਅਦ ਵਿਚ ਉਸਦੀ ਭੈਣ ਆਪਣੇ ਮਾਮਿਆਂ ਕੋਲ ਦਿੱਲੀ ਆਈ ਤਾਂ ਪੁਲਿਸ ਨੇ ਉਸ ਨੂੰ ਵੀ ਚੁੱਕ ਲਿਆਂਦਾ। ਹੁਣ ਇੱਜ਼ਤ ਤੇ ਅਣਖ ਨੂੰ ਬਚਾਉਣ ਵਾਸਤੇ ਗੁਰਨਾਮ ਸਿੰਘ ਨੇ ਪੁਲਿਸ ਵਾਲਿਆਂ ਨੂੰ ਕਿਹਾ, "ਮੇਰੀ ਭੈਣ ਨੂੰ ਛੱਡ ਦਿਓ, ਮੈਂ ਹਰ ਜੁਰਮ ਜੋ ਤੁਸੀਂ ਲਾਉਂਦੇ ਹੋ, ਮੰਨਣ ਲਈ ਤਿਆਰ ਹਾਂ।" ਪੁਲਿਸ ਨੇ ਕਿਹਾ, "ਇਹ ਬਿਆਨ ਜੱਜ ਅੱਗੇ ਵੀ ਦੇ ਕਿ ਮੈਂ ਤੀਸ ਹਜ਼ਾਰੀ ਤੇ ਪਟਿਆਲਾ ਹਾਊਸ ਅਦਾਲਤਾਂ ਉਡਾਉਣੀਆਂ ਸਨ।" ਉਸ ਨੇ ਕਿਹਾ, "ਕੁਝ ਸ਼ਰਮ ਕਰੋ, ਮੈਂ ਇਕੱਲਾ ਇਕੋ ਦਿਨ, ਦੋ ਅਦਾਲਤਾਂ ਕਿਵੇਂ ਉਡਾ ਸਕਦਾ ਸਾਂ? ਜਦੋਂ ਕਿ ਦੋਹਾਂ ਅਦਾਲਤਾਂ ਦਾ ਆਪਸ ਵਿਚ ਦਾ ਫਰਕ ਪੰਦਰਾਂ ਕਿਲੋਮੀਟਰ ਤੋਂ ਘੱਟ ਨਹੀਂ। ਜਦੋਂ ਮੈਂ ਇਕ ਅਦਾਲਤ ਨੂੰ ਉਡਾਉਂਦਾ ਤਾਂ ਕੀ ਉਥੋਂ ਨਿਕਲ ਸਕਦਾ ਸਾਂ? ਫਿਰ ਪੰਦਰਾਂ ਕਿਲੋਮੀਟਰ ਪਰ੍ਹੇ ਜਾ ਕੇ ਇਕ ਹੋਰ ਅਦਾਲਤ ਨੂੰ ਉਡਾਉਂਦਾ ਤਾਂ ਉਨੇ ਚਿਰ ਨੂੰ ਸਾਰੀ ਦਿੱਲੀ ਦੀ ਪੁਲਿਸ ਚੌਕਸ ਨਾਂ ਹੋ ਜਾਂਦੀ? ਉਹ ਮੈਨੂੰ ਦੂਜੀ ਅਦਾਲਤ ਉਡਾ ਲੈਣ ਦੇਂਦੇ? ਕੀ ਮੈਂ ਇਕ ਅਦਾਲਤ ਨੂੰ ਉਡਾ ਕੇ ਜੀਉਂਦਾ ਬਚ ਕੇ ਦੂਜੀ ਤੱਕ ਪਹੁੰਚ ਸਕਦਾ ਸਾਂ?" ਪਰ ਉਨ੍ਹਾਂ ਕਿਹਾ, "ਜੋ ਅਸੀਂ ਤੈਨੂੰ ਕਿਹਾ ਹੈ, ਉਹ ਮੰਨ ਜਾ, ਨਹੀਂ ਤਾਂ ਤੇਰੀ ਭੈਣ ਦੀ ਬੇਇਜ਼ਤੀ ਕਰਾਂਗੇ।" ਉਸ ਵਿਚਾਰੇ ਨੇ ਹਥਿਆਰ ਸੁੱਟ ਦਿੱਤੇ ਤੇ ਅਦਾਲਤ ਅੱਗੇ ਬਿਆਨ ਰਿਕਾਰਡ ਕਰਵਾ ਦਿੱਤੇ। ਦਫ਼ਾ 161 ਦੇ ਬਿਆਨ ਅਦਾਲਤ ਅੱਗੇ ਹੋ ਗਏ ਤੇ ਉਹ ਵਿਚਾਰਾ ਸਭ ਕੁਝ ਮੰਨ ਗਿਆ। ਭੈਣ ਦੀ ਇੱਜ਼ਤ ਬਚਾਉਣੀ ਵੀ ਤਾਂ ਜ਼ਰੂਰੀ ਸੀ। ਨਾਲ ਮਾਮਾ ਵੀ ਫੜਿਆ ਹੋਇਆ ਸੀ। ਉਸ ਵਿਚਾਰੇ ਨੇ ਸਾਡੀ ਬੜੀ ਮਦਦ ਕੀਤੀ। ਤੇਲ, ਸਾਬਣ, ਤੌਲੀਆ, ਇਕ ਕੱਛਾ ਲਿਆ ਕੇ ਦਿੱਤਾ, ਗੁਟਕੇ ਦਿੱਤੇ। ਸਾਨੂੰ ਉਸ ਇਕੱਲੇ ਇਕ ਸਿੱਖ ਦਾ ਹੀ ਬੜਾ ਆਸਰਾ ਮਿਲ ਗਿਆ। ਫਿਰ ਜਦੋਂ ਅਸਾਂ ਇਹ ਸੁਣਿਆ ਕਿ ਉਸ ਨੂੰ ਵੀ ਇਕ ਮਹੀਨਾ ਬਾਹਰ ਨਹੀਂ ਸੀ ਕਢਿਆ ਗਿਆ ਤਾਂ ਅਖੀਰ ਉਸ ਨੇ ਭੁੱਖ ਹੜਤਾਲ ਰੱਖ ਦਿੱਤੀ ਤੇ ਉਸ ਨੂੰ ਖੋਲ੍ਹਣਾ ਸ਼ੁਰੂ ਕੀਤਾ ਤਾਂ ਅਸਾਂ ਸੋਚਿਆ, ਇਕ ਮਹੀਨਾ ਬੰਦ ਰਹਿ ਕੇ ਜੋ ਭੁੱਖ ਹੜਤਾਲ ਕਰਨੀ ਹੈ ਤਾਂ ਅੱਜ ਹੀ ਕਿਉਂ ਨਾ ਟੰਟਾ ਨਬੇੜੀਏ। ਗੱਲ ਕੀ ਜਦੋਂ ਵਾਰਡ ਮੁਸ਼ੱਕਤੀ ਰੋਟੀਆਂ ਲੈ ਕੇ ਆਇਆ ਤਾਂ ਅਸਾਂ ਰੋਟੀਆਂ ਲੈਣ ਤੋਂ ਨਾਂਹ ਕਰ ਦਿੱਤੀ। ਜੇਲ੍ਹ ਦਾ ਇਕ ਤਰੀਕਾ ਇਹ ਹੈ ਕਿ ਜਦੋਂ ਕੋਈ ਕੈਦੀ ਰੋਟੀ ਨਾ ਲਏ ਤਾਂ ਰੋਟੀਆਂ ਵੰਡਣ ਵਾਲਾ ਮੁਸ਼ੱਕਤੀ ਫੌਰਨ ਇਹ ਗਲ ਹੈੱਡ ਵਾਰਡਨ ਨੂੰ ਦੱਸਦਾ ਹੈ ਤੇ ਉਹ ਵਾਰਡ ਇਨਚਾਰਜ ਦੇ ਝੱਟ ਇਹ ਗੱਲ ਧਿਆਨ ਵਿਚ ਲਿਆਉਂਦਾ ਹੈ। ਇਸੇ ਤਰ੍ਹਾਂ ਇਹ ਗੱਲ ਉਪਰ ਤੱਕ ਚੱਲੀ ਜਾਂਦੀ ਹੈ। ਰਾਤ ਨੂੰ ਬੰਦੀ ਵੇਲੇ ਡਿਉਢੀ ਦੇ ਬੋਰਡ ਉਤੇ ਜੇ ਸਭ ਕੁਝ ਠੀਕ ਹੋਵੇ ਤਾਂ ਲਿਖਿਆ ਜਾਂਦਾ ਹੈ 'ਸਭ ਅੱਛਾ' ਪਰ ਜੇ ਕਿਸੇ ਨੇ ਭੁੱਖ ਹੜਤਾਲ ਕੀਤੀ ਹੋਵੇ ਜਾਂ ਕੋਈ ਵੀ ਹੋਰ ਗਲ ਹੋਵੇ ਤਾਂ ਓਨਾ ਚਿਰ ਸਭ ਅੱਛਾ ਨਹੀਂ ਲਿਖਿਆ ਜਾਂਦਾ। ਫਿਰ ਲਿਖਿਆ

ਜਾਂਦਾ ਹੈ, "ਸਭ ਅੱਛਾ ਨਹੀਂ"। ਇਸ ਤਰ੍ਹਾਂ ਦਾ ਕੋਈ ਵੀ ਮਸਲਾ ਵਾਰਡਨ ਤੋਂ ਲੈ ਕੇ ਆਈ.ਜੀ. ਦੇ ਧਿਆਨ ਵਿਚ ਰਹਿੰਦਾ ਹੈ, ਜਿੰਨਾ ਚਿਰ ਉਹ ਮਸਲਾ ਹੱਲ ਨਹੀਂ ਹੋ ਜਾਂਦਾ। ਕੈਦੀ ਨੂੰ ਇਸ ਗੱਲ ਦਾ ਕਾਰਣ ਪੁਛਿਆ ਜਾਂਦਾ ਹੈ ਤਾਂ ਉਹ ਆਪਣੀਆਂ ਮੰਗਾਂ ਦੱਸਦਾ ਹੈ ਤੇ ਇਸ ਤਰ੍ਹਾਂ ਕੁਝ ਮੰਨੀਆਂ ਜਾਂਦੀਆਂ ਹਨ, ਕੁਝ ਨਹੀਂ ਤੇ ਕਈ ਕਈ ਵਾਰ ਇਹ ਸਿਲਸਿਲਾ ਲੰਬਾ ਹੋ ਕੇ ਹਫਤੇ ਦਸ ਦਿਨ ਤੱਕ ਜਾਂਦਾ ਹੈ। ਜੇ ਮੰਗਾਂ ਬਿਲਕੁਲ ਹੀ ਮੰਨਣ ਵਾਲੀਆਂ ਨਾ ਹੋਣ ਜਾਂ ਜੇਲ੍ਹ ਵਾਲੇ ਹੈਂਕੜ ਵਿਚ ਆ ਕੇ ਮੰਨਣੀਆਂ ਨਾ ਚਾਹੁਣ ਤਾਂ ਫਿਰ ਡਾਕਟਰ ਨੂੰ ਜਬਰੀ ਰੋਟੀ ਖੁਆਉਣ ਲਈ ਕਿਹਾ ਜਾਂਦਾ ਹੈ। ਏਥੇ ਇਹ ਗੱਲ ਵਰਨਣਯੋਗ ਹੈ ਕਿ ਭੁੱਖ ਬਹੁਤ ਬੁਰੀ ਚੀਜ਼ ਹੈ ਤੇ ਸੌ ਵਿਚੋਂ ਨੱਬੇ ਫੀਸਦੀ ਭੁੱਖ ਹੜਤਾਲ ਪਹਿਲੇ ਤਿੰਨ ਦਿਨ ਵਿਚ ਹੀ ਫੇਲ੍ਹ ਹੋ ਜਾਂਦੀ ਹੈ। 'ਮੌਤੋਂ ਭੁੱਖ ਬੁਰੀ' ਵਾਲਾ ਅਖਾਣ ਐਵੇਂ ਨਹੀਂ ਬਣਿਆ। ਬਾਕੀ ਪੰਜ ਫੀਸਦੀ ਵੀ ਕੁਝ ਮੰਗਾਂ ਮੰਨਵਾ ਕੇ (ਅੱਧ ਪਚੱਧ) ਖਤਮ ਕਰ ਜਾਂਦੇ ਹਨ। ਪਰ ਜੇਲ੍ਹ ਇਤਿਹਾਸ ਵਿਚ ਪੰਜ ਫੀਸਦੀ ਐਸੇ ਵੀ ਹੁੰਦੇ ਹਨ, ਜੋ ਜਬਰੀ ਖੁਆਉਣਾ ਵੀ ਫੇਲ੍ਹ ਕਰ ਦੇਂਦੇ ਹਨ ਤੇ ਝੱਟ ਸੰਘ ਵਿਚ ਉਂਗਲੀ ਮਾਰ ਕੇ ਕੱਢ ਦੇਂਦੇ ਹਨ ਤੇ ਕਈ ਤਾਂ ਆਪਣਾ ਮੱਥਾ ਹੀ ਕੰਧ ਵਿਚ ਮਾਰ-ਮਾਰ ਕੇ ਪਾੜ ਲੈਂਦੇ ਹਨ। ਬੱਸ ਇਹ ਹੱਦ ਟੱਪ ਜਾਂਦੀ ਹੈ ਤੇ ਉਸ ਦੀਆਂ ਗੱਲਾਂ ਮੰਨੀਆਂ ਹੀ ਜਾਂਦੀਆਂ ਹਨ। ਇਹ ਉਸਦੇ ਸਿਰੜ ਦੀ ਅੱਤ ਜੋ ਹੁੰਦੀ ਹੈ। ਕਹਿੰਦੇ ਹਨ ਫਿਰ ਉਸ ਤੋਂ ਸਾਰੇ ਜੇਲ੍ਹ ਅਧਿਕਾਰੀ ਚਾਲੂ ਹੋ ਜਾਂਦੇ ਹਨ ਤੇ ਭਵਿੱਖ ਵਿਚ ਉਸ ਨੂੰ ਤੰਗੀ ਘੱਟ ਹੀ ਆਉਂਦੀ ਹੈ। ਜਿੱਤ ਜ਼ਰੂਰ ਹੁੰਦੀ ਹੈ ਪਰ ਸਿਰੜ ਜ਼ਰੂਰੀ ਹੈ।

ਖੈਰ ਅਸਾਂ ਵੀ ਭੁੱਖ ਹੜਤਾਲ ਰੱਖ ਦਿੱਤੀ ਤੇ ਰੋਟੀ ਨਾ ਲਈ। ਸਾਡਾ ਵਾਰਡ ਇਨਚਾਰਜ ਡਿਪਟੀ ਜੇਲ੍ਹਰ ਨੂੰ ਬੁਲਾ ਲਿਆਇਆ। ਉਹ ਪਹਿਲਾਂ ਤਾਂ ਵਿੰਗਾ ਟੇਡਾ ਜਿਹਾ ਵੇਖਣ ਲੱਗ ਪਿਆ, ਫਿਰ ਉਸ ਨੂੰ ਚੇਤਾ ਆ ਗਿਆ ਕਿ ਇਹ ਆਮ ਕੈਦੀ ਨਹੀਂ, ਪੰਜਾਬ ਦੇ ਅੱਤਵਾਦੀ ਹਨ। ਉਹ ਏਨਾ ਡਰ ਗਿਆ ਕਿ ਸਾਡੇ ਇਕ ਸਾਥੀ ਨੂੰ ਕਹਿਣ ਲੱਗ ਪਿਆ, "ਕੀ ਕਰਵਾ ਲਓਗੇ, ਵੱਧ ਤੋਂ ਵੱਧ ਮੈਨੂੰ ਗੋਲੀ ਮਾਰ ਦਿਓਗੇ? ਮੈਂ ਗੋਲੀ ਤੋਂ ਨਹੀਂ ਡਰਦਾ"। ਸਾਨੂੰ ਪਤਾ ਲੱਗ ਗਿਆ ਕਿ ਇਹ ਚਾਲੂ ਹੋ ਗਿਆ ਹੈ। ਅਸਾਂ ਪੁਛਿਆ "ਗੋਲੀ ਦਾ ਨਾਂ ਏਥੇ ਕੀਹਨੇ ਲਿਆ ਹੈ?" "ਨਾਂ ਨਹੀਂ ਲਿਆ, ਪਰ ਆਹ ਟੇਡਾ ਜਿਹਾ ਕਿਵੇਂ ਵੇਖਦਾ ਹੈ?" ਸਾਡੇ ਇਕ ਸਾਥੀ ਸੰਤੋਖ ਸਿੰਘ ਬਾਰੇ ਉਸ ਕਿਹਾ, ਜੋ ਕਿ ਸਾਡੇ ਸਭ ਵਿਚੋਂ ਹੀ ਜ਼ਿਆਦਾ ਕਮਜ਼ੋਰ ਤੇ ਪਤਲਾ ਜਿਹਾ ਹੈ। ਸਾਡਾ ਸਮਝੌਤਾ ਪੰਦਰਾਂ ਮਿੰਟ ਦੀ ਥਾਂ ਅੱਧੇ ਘੰਟੇ 'ਤੇ ਹੋ ਗਿਆ। ਹੁਣ ਅਸੀਂ ਪੰਦਰਾਂ ਮਿੰਟ ਸਵੇਰੇ ਤੇ ਪੰਦਰਾਂ ਮਿੰਟ ਸ਼ਾਮ ਨੂੰ ਖੁਲ੍ਹਣਾ ਸੀ। ਇਸ ਤਰ੍ਹਾਂ ਸਾਡੀ ਜਿੱਤ ਹੋ ਗਈ ਸੀ। ਸਾਡੇ ਸਾਥੀਆਂ ਵਿਚ ਸਾਨੂੰ ਦੋ ਨੂੰ ਛੱਡ ਕੇ ਬਾਕੀਆਂ ਵਿੱਚ ਇਕ ਦਿਨ ਦੀ ਵੀ ਭੁੱਖ ਕੱਟਣ ਦੀ ਹਿੰਮਤ ਨਹੀਂ ਸੀ। ਇਕ ਤਾਂ ਸ਼ੂਗਰ ਦਾ ਮਰੀਜ਼ ਸੀ, ਇਕ ਬੁੱਢਾ ਵੈਸੇ ਹੀ ਅਖੱੜ ਤੇ ਮਨ ਮਰਜ਼ੀ ਵਾਲਾ ਸੀ, ਦੋ ਬ੍ਰਾਹਮਣ ਭਰਾ ਤਾਂ ਉੱਕਾ ਲੱਤ ਹੀ ਨਹੀਂ ਸਨ ਲਾਉਂਦੇ, ਸਾਡੀ ਵੀ ਮਜਬੂਰੀ ਸੀ, ਸੋ ਸਾਡੀ ਪਹਿਲੀ ਜਿੱਤ ਹੋ ਗਈ। ਅੱਜ ਅਸੀਂ ਇਹ ਗੱਲ ਸੋਚਦੇ ਹਾਂ ਤਾਂ ਸਾਨੂੰ ਹਾਸਾ ਆਉਂਦਾ ਹੈ ਕਿ ਉਹ ਕਮਾਲ ਦੇ ਦਿਨ ਸਨ। ਪਰ ਅਸ਼ਕੇ ਜਾਈਏ, ਹਰਜਿੰਦਰ ਸਿੰਘ ਉਰਫ ਜਿੰਦੇ ਦੇ, ਜਿਸ ਨੂੰ ਡੇਢ ਮਹੀਨਾ ਕਿਸੇ ਨੇ ਇਕ ਮਿੰਟ ਲਈ ਵੀ ਨਹੀਂ ਸੀ ਖੋਲ੍ਹਿਆ। ਵੱਧ ਤੋਂ ਵੱਧ ਉਸ ਨੂੰ ਪਿਛਲੀ ਕੋਠੀ ਵਿਚੋਂ ਕੱਢ ਕੇ ਅਗਲੇ ਬਰਾਂਡੇ ਵਿਚ ਲੈ ਆਉਂਦੇ ਸਨ ਤੇ ਉਹ ਵੀ ਚਾਰ ਚੁਫੇਰਿਓਂ ਬੰਦ ਕਰਕੇ (ਬਰਾਂਡੇ ਦੇ ਤਿੰਨੇ ਦਰਵਾਜੇ ਬੰਦ ਕਰਕੇ)। ਇਕ ਫਾਂਸੀ ਦਾ ਮੁਲਜ਼ਮ ਕੰਚਨ,

ਜੋ ਤੀਹ-ਬੱਤੀ ਸਾਲ ਦਾ ਜਵਾਨ ਹੈ, ਦੱਸਦਾ ਹੁੰਦਾ ਸੀ ਕਿ ਉਹ ਉਸ ਨੂੰ ਰੋਟੀ ਵੀ ਡੇਢ ਫੁੱਟ ਵਿਆਸ ਵਾਲੀ ਗੋਲ ਮੋਰੀ ਵਿਚੋਂ ਹੀ ਫੜਾ ਦੇਂਦਾ ਸੀ। ਇਸ ਤੋਂ ਬਾਅਦ ਜਿੰਦਾ ਇਕ ਕੇਸ ਵਿਚ ਯੂ.ਪੀ. ਲਿਜਾਇਆ ਜਾ ਰਿਹਾ ਸੀ, ਰਾਹ ਵਿਚੋਂ ਹੀ ਉਹ ਚਲਦੀ ਜੀਪ ਵਿਚੋਂ ਦੌੜ ਗਿਆ ਤੇ ਅੱਜ ਤੱਕ ਸਰਕਾਰ ਦੇ ਹੱਥ ਨਹੀਂ ਆਇਆ। ਜਦੋਂ ਕਦੀ ਜਿੰਦੇ ਦੀ ਗੱਲ ਹੁੰਦੀ ਤਾਂ ਕੰਚਨ ਬਹੁਤ ਖੁਸ਼ ਹੋ ਜਾਂਦਾ ਹੈ। ਕਹਿੰਦਾ ਹੈ "ਜਿੰਦਾ ਮੇਰਾ ਪੱਕਾ ਯਾਰ ਹੈ"। ਬੱਸ ਉਸ ਨੂੰ ਏਸੇ ਗੱਲ ਦੀ ਹੀ ਖੁਸ਼ੀ ਹੋ ਜਾਂਦੀ ਹੈ ਕਿ ਉਸ ਦਾ ਯਾਰ ਬੜਾ ਬਹਾਦਰ ਹੈ। ਜਿੰਦੇ ਦੇ ਨਾਂ ਦੀ ਦਿੱਲੀ ਵਿਚ ਧਾਕ ਹੈ। ਜੇਲ੍ਹ ਵਿਚ ਵੀ ਉਹ ਇਕ ਬਹਾਦਰ ਮਰਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪੁਲਿਸ ਅਫ਼ਸਰ ਤੇ ਜੇਲ੍ਹ ਵਾਲੇ ਉਸ ਦੇ ਨਾਂ ਤੋਂ ਕੰਬਦੇ ਹਨ। ਹੁਣ ਤਾਂ ਅਖ਼ਬਾਰ ਵਿਚ ਲਿਖਿਆ ਪੜ੍ਹਿਆ ਸੀ ਕਿ ਜਨਰਲ ਵੈਦਿਆ ਦਾ ਕੀਰਤਨ ਸੋਹਿਲਾ ਵੀ ਜਿੰਦੇ ਨੇ ਹੀ ਪੜ੍ਹਿਆ ਹੈ। ਕਿਉਂਕਿ ਦਰਬਾਰ ਸਾਹਿਬ 'ਤੇ ਹਮਲੇ ਦਾ ਉਹ ਦੋਸ਼ੀ ਸੀ ਤੇ ਸਿੱਖ ਇਸ ਤਰ੍ਹਾਂ ਦੇ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਦੇਂਦੇ ਹਨ। ਮੱਸੇ ਰੰਗੜ ਤੇ ਇੰਦਰਾਂ ਨੂੰ ਵੀ ਦਿੱਤੀ ਸੀ। ਪਹਿਲੇ ਦਿਨ ਸਾਨੂੰ ਉਸੇ ਵਾਲੀ ਚੱਕੀ ਵਿਚ ਹੀ ਬੰਦ ਕੀਤਾ ਗਿਆ ਸੀ। ਉਸ ਤੋਂ ਬਾਅਦ ਵੀ ਜਦੋਂ ਸਾਨੂੰ ਇਕੱਲਿਆਂ ਇਕੱਲਿਆਂ ਕਰ ਦਿੱਤਾ, ਉਦੋਂ ਮੈਨੂੰ ਉਹ ਹੀ ਚੱਕੀ ਮਿਲੀ ਸੀ ਤੇ ਮੈਂ ਲਗਾਤਾਰ ਦੋ ਮਹੀਨੇ ਉਸ ਵਿਚ ਹੀ ਰਿਹਾ ਹਾਂ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਹਰਵਿੰਦਰ ਸਿੰਘ ਖਾਲਸਾ ਵੀ ਏਨ੍ਹਾਂ ਚੱਕੀਆਂ ਵਿਚ ਬੰਦ ਰਿਹਾ ਹੈ ਤੇ ਉਸਦੀ ਚੱਕੀ ਮੇਰੇ ਵਾਲੀ ਚੱਕੀ ਦੇ ਨਾਲ ਦੀ ਸੀ।

ਏਥੇ ਜੇਲ੍ਹ ਵਿਚ ਗਿਆਂ ਨੂੰ ਅਜੇ ਸਾਰੇ ਚਾਰ ਕੁ ਦਿਨ ਹੀ ਹੋਏ ਸਨ ਕਿ ਮੈਨੂੰ ਮਲੇਰੀਆ ਬੁਖਾਰ ਹੋ ਗਿਆ। ਬੁਖਾਰ ਏਨਾ ਤੇਜ਼ ਸੀ ਕਿ ਮੈਨੂੰ ਆਪਣੇ ਆਪ ਕੋਲੋਂ ਹੀ ਸੇਕ ਆਉਂਦਾ ਸੀ। ਮੈਂ ਇਕ ਵਾਰਡਨ ਨੂੰ ਦੱਸਿਆ ਕਿ ਮੈਨੂੰ ਬੁਖਾਰ ਹੈ, ਡਾਕਟਰ ਨੂੰ ਬੁਲਾਓ। ਉਸ ਨੇ ਖਾਸ ਪ੍ਰਵਾਹ ਨਾ ਕੀਤੀ। ਕੁਝ ਚਿਰ ਬਾਅਦ ਮੈਂ ਫੇਰ ਆਖਿਆ, ਪਰ ਕੋਈ ਖਾਸ ਅਸਰ ਨਾ ਹੋਇਆ। ਉਨੇ ਚਿਰ ਨੂੰ ਡਿਊਟੀ ਬਦਲ ਗਈ ਤੇ ਹੋਰ ਵਾਰਡਨ ਆ ਗਿਆ। ਫਿਰ ਉਸ ਨੂੰ ਆਖਿਆ, ਉਹ ਭਲਾ ਲੋਕ ਸੀ। ਉਸ ਨੇ ਕਿਹਾ ਮੈਂ ਹੁਣੇ ਜਾਂਦਾ ਹਾਂ। ਜਦੋਂ ਰਿਪੋਰਟ ਲਿਖਵਾਉਣ ਗਿਆ ਤਾਂ ਰਾਹ ਵਿਚੋਂ ਹੀ ਇਕ ਟਿੱਡੇ ਜਿਹੇ ਅਫ਼ਸਰ ਨੇ ਉਸ ਨੂੰ ਵਾਪਸ ਭੇਜ ਦਿੱਤਾ ਕਿ ਕੋਈ ਗਲ ਨਹੀਂ, ਏਹ ਕੋਈ ਐਮਰਜੈਂਸੀ ਨਹੀਂ। ਜਦੋਂ ਉਹ ਆਇਆ ਤਾਂ ਉਸ ਨੇ ਕਿਹਾ, "ਡਾਕਟਰ ਆਵੇਗਾ, ਪਰ ਹੁਣੇ ਨਹੀਂ ਸ਼ਾਮ ਨੂੰ।" ਬੱਸ ਫੇਰ ਕੀ ਸੀ, ਮੈਂ ਏਨੀਆਂ ਗਾਲ੍ਹਾਂ ਕੱਢ ਦਿੱਤੀਆਂ ਕਿ ਉਹ ਵੇਖਦਾ ਹੀ ਰਹਿ ਗਿਆ। ਮੇਰੇ ਸਾਥੀਆਂ ਉਸ ਨੂੰ ਕਿਹਾ, "ਤੂੰ ਭਲਾ ਲੋਕ ਹੈਂ, ਕਿਉਂ ਖਾਹ ਮਖਾਹ ਮਰਦਾ ਹੈਂ, ਜੇ ਇਸ ਨੂੰ ਕੁਝ ਹੋ ਗਿਆ ਤਾਂ ਕਿਸੇ ਅਫ਼ਸਰ ਨੇ ਆਪਣੇ ਸਿਰ ਗੱਲ ਨਹੀਂ ਲੈਣੀ, ਤੂੰ ਮਾਰਿਆ ਜਾਵੇਂਗਾ।" ਇਹ ਗੱਲ ਉਸਦੀ ਸਮਝ ਵਿਚ ਆ ਗਈ ਤੇ ਉਹ ਫਿਰ ਦੁਬਾਰਾ ਚਲਾ ਗਿਆ। ਉਸੇ ਅਫ਼ਸਰ ਨੂੰ ਮਿਲਿਆ ਤੇ ਉਸ ਨੂੰ ਕਿਹਾ, "ਮੇਰੀ ਰਿਪੋਰਟ ਲਿਖ ਲੈ, ਮੈਂ ਤੈਨੂੰ ਦੱਸ ਦਿੱਤਾ ਹੈ, ਹੁਣ ਤੂੰ ਜਾਣ ਤੇ ਉਹ ਜਾਣੇ, ਵੈਸੇ ਇਕ ਗੱਲ ਮੈਂ ਤੁਹਾਨੂੰ ਦੱਸ ਦੇਂਦਾ ਹਾਂ ਕਿ ਉਸ ਨੂੰ ਬੁਖਾਰ ਬਹੁਤ ਹੀ ਤੇਜ਼ ਹੈ ਤੇ ਉਸ ਦੇ ਸਾਥੀ ਵੀ ਗੁੱਸੇ ਵਿਚ ਹਨ, ਕੋਈ ਗੜਬੜ ਹੋ ਗਈ ਤਾਂ ਮੈਂ ਅਦਾਲਤ ਵਿਚ ਵੀ ਵੱਡੇ ਅਫ਼ਸਰਾਂ ਨੂੰ ਇਹ ਹੀ ਕਹਾਂਗਾ ਕਿ ਤੁਸੀਂ ਜਾਣ ਬੁੱਝ ਕੇ ਉਸ ਸਿੱਖ ਮੁਲਜ਼ਮ ਨੂੰ ਦਵਾਈ ਨਹੀਂ ਦੇਣ ਦੇਂਦੇ, ਨਹੀਂ ਤਾਂ ਡਾਕਟਰ ਤਾਂ ਜਾਣ ਨੂੰ ਤਿਆਰ ਹੈ।"

ਉਸਦੀਆਂ ਇਹ ਗੱਲਾਂ ਸੁਣ ਕੇ ਉਹ ਵੀ ਡਰ ਗਿਆ ਤੇ ਸਗੋਂ ਡਾਕਟਰ ਨੂੰ ਨਾਲ ਲੈ ਕੇ ਆਪ ਆਇਆ। ਬੁਖਾਰ ਵੇਖਿਆ ਇਕ ਸੌ ਚਾਰ ਡਿਗਰੀ ਸੀ। ਉਸ ਕਿਹਾ, "ਚਲੋ ਹਸਪਤਾਲ ਦਾਖਲ ਕਰ ਲਿਆ ਹੈ।" ਜਦੋਂ ਹਸਪਤਾਲ ਗਏ ਤਾਂ ਉਸ ਕਮਰੇ ਵਿਚ ਦੋ ਅੱਗ ਦੇ ਸੜੇ ਮਰੀਜ਼ ਵੀ ਸਨ। ਰਸਤੇ ਵਿਚ ਜਾਂਦਿਆਂ ਹਵਾ ਤੇ ਟੀਕਾ ਲੱਗਣ ਨਾਲ ਵੀ ਬੁਖਾਰ ਘੱਟ ਗਿਆ ਸੀ। ਮੇਰਾ ਉਥੇ ਉੱਕਾ ਖਲੋਣ ਨੂੰ ਦਿਲ ਨਾ ਕਰੇ। ਮੈਂ ਉਸ ਓਪਰੇ ਥਾਂ ਰਹਿਣ ਨੂੰ ਤਿਆਰ ਨਹੀਂ ਸਾਂ ਤੇ ਆਪਣੇ ਸਾਥੀਆਂ ਕੋਲ ਹੀ ਆਉਣਾ ਚਾਹੁੰਦਾ ਸਾਂ। ਸੋ ਮੈਂ ਡਾਕਟਰ ਨੂੰ ਕਿਹਾ ਕਿ "ਮੈਨੂੰ ਹੁਣ ਬੁਖਾਰ ਨਹੀਂ ਰਿਹਾ, ਮੈਨੂੰ ਦਾਖਲ ਕਰਨ ਦੀ ਕੀ ਲੋੜ ਹੈ? ਮੈਨੂੰ ਵਾਪਸ ਭੇਜ ਦਿੱਤਾ ਜਾਵੇ।" ਉਹ ਡਾਕਟਰ ਤੇ ਉਸ ਕੋਲ ਖਲੋਤਾ ਇਕ ਕੈਦੀ ਕੰਪਾਉਂਡਰ ਏਨਾ ਹੈਰਾਨ ਹੋਇਆ ਕਿ ਇਹ ਕਿਸ ਤਰ੍ਹਾਂ ਦਾ ਆਦਮੀ ਹੈ, ਜਿਹੜਾ ਹਸਪਤਾਲ ਨਾ ਰਹਿ ਕੇ ਵਾਪਸ ਜਾਣਾ ਚਾਹੁੰਦਾ ਹੈ? ਇਕ ਕੈਦੀ ਨੇ ਕੋਲੋਂ ਕਿਹਾ ਕਿ "ਏਥੇ ਦਾਖਲ ਹੋਣ ਲਈ ਲੋਕ ਬੜੇ ਬੜੇ ਪੈਸੇ ਖਰਚ ਕਰ ਦੇਂਦੇ ਹਨ ਪਰ ਤੁਸੀਂ ਸਰਦਾਰ ਜੀ ਵਾਪਸ ਜਾਣਾ ਚਾਹੁੰਦੇ ਹੋ।" ਖੈਰ, ਮੇਰੀ ਜਿਦ ਕਰਕੇ, ਉਨ੍ਹਾਂ ਮੈਨੂੰ ਵਾਪਸ ਭੇਜ ਦਿੱਤਾ, ਦਵਾਈ ਦੇ ਦਿੱਤੀ ਤੇ ਤਿੰਨ ਕੁ ਦਿਨ ਬਾਅਦ ਮੈਂ ਬਿਲਕੁਲ ਠੀਕ ਠਾਕ ਹੋ ਗਿਆ। ਹਸਪਤਾਲ ਵਿਚ ਵੀ ਮੈਨੂੰ ਜਦੋਂ ਲਿਜਾਇਆ ਗਿਆ ਤਾਂ ਸਾਰੇ ਮਰੀਜ਼ਾਂ ਵਿਚ ਰੌਲਾ ਪੈ ਗਿਆ, ਪੰਜਾਬ ਦਾ ਅੱਤਵਾਦੀ ਹੈ। ਆਮ ਆਦਮੀ ਤਾਂ ਕੀ ਡਾਕਟਰ ਵੀ ਸਾਡੇ ਨਾਲ ਬੜੀ ਤਮੀਜ਼ ਨਾਲ ਗੱਲ ਕਰਦੇ ਸਨ। ਅੱਤਵਾਦੀ ਮੁਲਜ਼ਮਾਂ ਕੋਲੋ ਜੇਲ੍ਹ ਦੇ ਸਾਰੇ ਅਧਿਕਾਰੀਆਂ ਦੇ ਡਰਦੇ ਮਾਰੇ ਪੱਦ ਨਿਕਲਦੇ ਸਨ, ਉਤੋਂ ਭਾਵੇਂ ਪਤਾ ਨਾ ਲੱਗਣ ਦੇਣ ਪਰ ਵਿਚੋਂ ਬਹੁਤ ਡਰਦੇ ਸਨ।

ਇਕ ਦਿੱਲੀ ਦੇ ਖਾੜਕੂ ਦਾ ਜੇਲ੍ਹ 'ਚ ਆਉਣਾ

ਇਕ ਦਿਨ ਦੁਪਹਿਰੇ ਅਸੀਂ ਆਪਣੇ ਆਪਣੇ ਸੈੱਲਾਂ ਵਿਚ ਲੰਮੇ ਪਏ ਹੋਏ ਸਾਂ ਕਿ ਇਕ ਨੌਜਵਾਨ ਮੁੰਡਾ ਗੁਲਾਬੀ ਪੱਗ ਬੰਨੀ ਹੋਈ ਪੈਂਟ ਤੇ ਬੁਸ਼ਰਟ ਪਾਈ, ਹੱਥ ਵਿਚ ਬੈਗ ਲਈ, ਸਾਡੇ ਬਰਾਂਡੇ ਵਿਚੋਂ ਹੈੱਡ ਵਾਰਡਨ ਨਾਲ ਲੰਘਿਆ। ਉਸ ਨੇ ਸਾਨੂੰ ਫ਼ਤਹਿ ਬੁਲਾਈ ਤੇ ਅੱਗੇ ਲੰਘ ਗਿਆ। ਅਖੀਰ ਵਾਲੀ ਚੱਕੀ ਵਿਚ ਉਸ ਨੂੰ ਬੰਦ ਕਰ ਦਿੱਤਾ ਗਿਆ। ਜਦੋਂ ਹੈੱਡ ਵਾਰਡਨ ਚਲਾ ਗਿਆ ਤਾਂ ਅਸਾਂ ਉਸ ਨੂੰ ਪੁਛਿਆ ਕਿ ਉਹ ਕਿਸ ਕੇਸ ਵਿਚ ਆਇਆ ਹੈ? ਉਸ ਨੇ ਦਸਿਆ ਕਿ ਲਲਿਤ ਮਾਕਨ ਕਤਲ ਕੇਸ ਤੇ ਕਨਾਟ ਪਲੇਸ ਡਕੈਤੀ ਵਿਚ। ਉਸ ਨੇ ਇਹ ਗੱਲ ਏਨੇ ਸਧਾਰਣ ਢੰਗ ਨਾਲ ਕੀਤੀ ਕਿ ਅਸੀਂ ਹੈਰਾਨ ਰਹਿ ਗਏ। ਪਹਿਲਾਂ ਅਸਾਂ ਉਸ ਨੂੰ ਸੀ.ਬੀ.ਆਈ. ਦਾ ਜਸੂਸ ਸਮਝਿਆ ਤੇ ਉਸ ਨਾਲ ਬਹੁਤ ਘੱਟ ਗੱਲਬਾਤ ਕਰਦੇ। ਸਾਨੂੰ ਉਸ ਪੁਛਿਆ ਕਿ ਅਸੀਂ ਕਿਵੇਂ ਆਏ ਹਾਂ? ਤਾਂ ਅਸਾਂ ਵੀ ਆਪਣੇ ਕੇਸ ਦਾ ਦੱਸ ਦਿੱਤਾ ਕਿ ਪਾਰਲੀਮੈਂਟ ਉਡਾਉਣ ਦੇ ਕੇਸ ਵਿਚ ਆਏ ਹਾਂ। ਉਸ ਕਿਹਾ, "ਹਾਂ, ਮੈਂ ਅਖ਼ਬਾਰ ਵਿਚ ਪੜ੍ਹਿਆ ਸੀ ਤੇ ਟੀ.ਵੀ. 'ਤੇ ਤੁਹਾਡਾ ਹਵਾਲਾ ਸੁਣਿਆ ਸੀ।" ਇਕ ਦੋ ਦਿਨਾਂ ਵਿਚ ਉਹ ਸਾਡੇ ਨਾਲ ਕਾਫੀ ਖੁਲ੍ਹ ਗਿਆ ਤੇ ਸਾਨੂੰ ਯਕੀਨ ਹੋ ਗਿਆ ਕਿ ਇਹ ਸੀ.ਬੀ.ਆਈ. ਦਾ ਜਾਂ ਸਰਕਾਰੀ ਜਸੂਸ ਤਾਂ ਹੋ ਨਹੀਂ ਸਕਦਾ, ਹੋਰ ਕੋਈ ਗੜਬੜ ਹੋਵੇ ਤਾਂ ਪਤਾ ਨਹੀਂ। ਉਸ ਨੇ ਤਾਂ ਸਾਨੂੰ ਆਪਣੀਆਂ ਕਈ ਗੱਲਾਂ ਸੁਣਾਈਆਂ ਪਰ ਅਸਾਂ ਉਸ ਨੂੰ ਆਪਣੀ ਕੋਈ ਵੀ ਦਿਲ ਦੀ ਗੱਲ ਨਾ ਦੱਸੀ, ਸਿਵਾਏ ਉਨ੍ਹਾਂ ਗੱਲਾਂ ਤੋਂ, ਜੋ ਅਸੀਂ ਸੀ.ਬੀ.ਆਈ. ਨੂੰ ਦੱਸ ਚੁੱਕੇ ਸਾਂ ਜਾਂ ਅਖ਼ਬਾਰਾਂ ਵਿਚ

ਆ ਚੁੱਕੀਆਂ ਸਨ। ਸਾਨੂੰ ਉਸ ਨੇ ਇਹ ਵੀ ਦੱਸਿਆ ਕਿ ਉਹ ਐਮ.ਏ. ਹੈ ਪਰ ਬੀ. ਕਲਾਸ ਇਸ ਕਰਕੇ ਨਹੀਂ ਲੱਗੀ ਕਿਉਂਕਿ ਸਰਟੀਫਿਕੇਟ ਪੁਲਿਸ ਲੈ ਆਈ ਹੈ ਤੇ ਜੱਜ ਨੇ ਜਬਾਨੀ ਮੰਨਿਆ ਨਹੀਂ। ਗੱਲਾਂ ਗੱਲਾਂ ਵਿਚ ਹੀ ਅਸਾਂ ਅਵਤਾਰ ਸਿੰਘ ਦੀ ਗੱਲ ਕੀਤੀ ਤਾਂ ਉਸ ਕਿਹਾ ਜਿਸ ਨੂੰ ਘੁੱਲਾ ਆਖਦੇ ਹਨ? ਪਰ ਸਾਨੂੰ ਨਹੀਂ ਸੀ ਪਤਾ ਕਿ ਉਸ ਨੂੰ ਕੀ ਆਖਦੇ ਹਨ। ਜਦੋਂ ਚਾਰ ਕੁ ਦਿਨ ਬਾਅਦ ਅਵਤਾਰ ਸਿੰਘ ਆ ਗਿਆ ਤਾਂ ਉਹ ਦੋਵੇਂ ਜੱਫੀਆਂ ਪਾ ਕੇ ਮਿਲੇ, ਬੱਲੇ ਓ ਘੁੱਲਿਆ, ਬੱਲੇ ਓ ਘੁੱਲਿਆ। ਘੁੱਲਾ ਵੀ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਕਿਉਂਕਿ ਪਹਿਲਾਂ ਇਹ ਸੁਰਜੀਤ ਸਿੰਘ ਨਾਂ ਦਾ ਮੁੰਡਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਤੇ ਕਾਂਗਰਸ (ਆਈ) ਦਾ ਲੀਡਰ ਸੀ। ਇਕ ਵਾਰ ਇਸ ਨੇ ਘੁੱਲੇ ਹੋਰਾਂ ਦੀ ਹਾਕੀ ਟੀਮ ਦਿੱਲੀ ਖੇਡਣ ਵਾਸਤੇ ਲਿਆਂਦੀ ਸੀ। ਉਦੋਂ ਲਲਿਤ ਮਾਕਨ, ਸੰਜੇ ਗਾਂਧੀ, ਜਗਦੀਸ਼ ਟਾਈਟਲਰ ਤੇ ਹੋਰ ਕਾਂਗਰਸ ਆਈ ਦੇ ਯੂਥ ਲੀਡਰ ਇਸ ਦੇ ਬੜੇ ਬੇਲੀ ਸਨ। ਬਾਅਦ ਵਿਚ ਹਾਲਾਤ ਬਦਲ ਗਏ। ਪਹਿਲਾਂ ਜੋ ਅੰਮ੍ਰਿਤਸਰ ਦੇ ਕੁਝ ਹੋਰ ਬੰਦਿਆਂ ਨਾਲ ਰਲ ਕੇ (ਸਰਕਾਰੀ ਜ਼ਮੀਨ ਤੇ ਇਮਾਰਤਾਂ 'ਤੇ) ਕਬਜੇ ਕਰਦਾ ਸੀ, ਹਾਲਾਤ ਏਨਾ ਬਦਲ ਗਏ ਕਿ ਉਹ ਕਾਂਗਰਸ ਆਈ ਤੋਂ ਮੂੰਹ ਮੋੜ ਗਿਆ ਅਤੇ ਆਪਣੇ ਅਸਲ ਟਿਕਾਣੇ ਥਾਂ ਆ ਗਿਆ। ਹਰਜਿੰਦਰ ਸਿੰਘ ਜਿੰਦਾ, ਹਰਗੋਬਿੰਦ ਤੇ ਚੋਟੀ ਦੇ ਲਾਲ ਸਿੰਘ, ਅਮੰਦ ਸਿੰਘ ਸਾਰੇ ਖਾੜਕੂ, ਪੁਲਿਸ ਦੇ ਕਹਿਣ ਅਨੁਸਾਰ, ਇਸ ਦੇ ਕੋਲ ਹੀ ਠਹਿਰਦੇ ਸਨ। ਰੀਮਾਂਡ ਵਿਚ ਵੀ ਪੁਲਿਸ ਵਾਲੇ ਉਸਨੂੰ ਪੁਛਦੇ ਸਨ ਕਿ ਜਦੋਂ ਅਸਾਂ ਤੈਨੂੰ ਫੜਿਆ, ਉਹ.ਉਦੋਂ ਤੇਰੇ ਕਮਰੇ ਵਿਚ ਸਨ, ਫਿਰ ਕਦੋਂ ਗਏ? ਦਰਅਸਲ ਪੁਲਿਸ ਨੂੰ ਸ਼ੱਕ ਹੈ ਕਿ ਜਦੋਂ ਉਨ੍ਹਾਂ ਨੇ ਆ ਕੇ ਦਰਵਾਜਾ ਖੜਕਾਇਆ ਤਾਂ ਤੀਜੀ ਮੰਜ਼ਿਲ ਤੋਂ ਇਹ ਆਪਣੇ ਕਮਰੇ ਵਿਚੋਂ ਉੱਤਰ ਕੇ ਥੱਲੇ ਆਇਆ ਤੇ ਉਸ ਨੇ ਪੁਛਿਆ "ਕੀ ਗੱਲ ਹੈ?" ਉਸ ਨੇ ਇਸ ਤਰ੍ਹਾਂ ਗੱਲਾਂ ਗੱਲਾਂ ਵਿਚ ਹੀ ਏਨਾ ਵਕਤ ਲੈ ਲਿਆ ਕਿ ਪੁਲਿਸ ਕਹਿੰਦੀ ਹੈ ਕਿ ਉਨੇ ਚਿਰ ਨੂੰ ਉਹ ਪਿਛੋਂ ਦੀ ਆਪਣੇ ਸ਼ਸਤਰਾਂ ਸਮੇਤ ਉਤਰ ਗਏ ਤੇ ਬਿਲਡਿੰਗ ਦੇ ਮਗਰੋਂ ਮਗਰੋਂ ਹੀ.ਦੌੜ ਗਏ। ਉਸ ਦੇ ਕਮਰੇ ਵਿਚੋਂ ਅਸਲ੍ਹਾ ਵਗੈਰਾ ਤਾਂ ਕੋਈ ਨਾ ਫੜ੍ਹਿਆ ਗਿਆ, ਸਿਰਫ ਅਮਰੀਕੀ ਡਾਲਰ ਹੀ ਕੋਈ ਅੱਠ ਕੁ ਲੱਖ ਰੁਪਏ ਦੇ ਫੜੇ ਗਏ ਤੇ ਉਨ੍ਹਾਂ ਕਰਕੇ ਹੀ ਇਕ ਕੇਸ ਹੋਰ ਦਰਜ ਹੋ ਗਿਆ ਤੇ ਉਹ ਵਿਚਾਰਾ ਜੇਲ੍ਹ ਆ ਗਿਆ।

ਉਸ ਦੇ ਆਉਣ ਨਾਲ ਫਰਕ ਇਹ ਪਿਆ ਕਿ ਹੁਣ ਅਸੀਂ ਇਕ ਦੀ ਥਾਂ ਦੋ ਹੋ ਗਏ। ਪੰਡਤ ਤਾਂ ਕਿਸੇ ਗੱਲ ਵਾਸਤੇ ਵੀ ਲੱਤ ਨਹੀਂ ਸਨ ਲਾਉਂਦੇ। ਸ਼ੂਗਰ ਦਾ ਮਰੀਜ਼ ਵਿਚਾਰਾ ਵੀ ਕੁਝ ਨਹੀਂ ਸੀ ਕਰ ਸਕਦਾ। ਇਕ ਹੋਰ ਬੁੱਢਾ ਤਾਂ ਐਵੇ ਨਗ ਹੀ ਸੀ। ਉਸ ਨੂੰ ਤਾਂ ਸਮਝ ਵੀ ਵਧ ਘੱਟ ਹੀ ਸੀ। ਉਸ ਦਾ ਲੜਕਾ ਸੰਤੋਖ ਸਿੰਘ ਜ਼ਰੂਰ ਜ਼ਹਿਰੀ ਸੀ ਤੇ ਸਾਡੇ ਨਾਲ ਪੂਰਾ ਅੜ ਕੇ ਖਲੋਂਦਾ ਸੀ। ਗੱਲ ਕੀ, ਹੁਣ ਅਸੀਂ ਤਿੰਨ ਤਾਂ ਸਿੱਧੇ ਹੀ ਹੋ ਗਏ ਸਾਂ। ਭਾਵੇਂ ਉਪਰੋਕਤ ਚਾਰ ਬੰਦੇ ਨਿਕੰਮੇ ਹੀ ਸਨ, ਪਰ ਸਾਡੇ ਬਗੈਰ ਇਹ ਗੱਲ ਹੋਰ ਕੋਈ ਨਹੀਂ ਸੀ ਜਾਣਦਾ। ਉਨ੍ਹਾਂ ਦੇ ਭਾਣੇ ਤਾਂ ਅਸੀਂ ਸੱਤ ਦੇ ਸੱਤ ਹੀ ਸੱਪ ਸਾਂ। ਇਸ ਕਰਕੇ ਵਾਹਵਾ ਵਜਕਾ ਬਣ ਗਿਆ।

ਸਭ ਤੋਂ ਪਹਿਲਾਂ ਅਸਾਂ ਦੋਹਾਂ ਨੇ ਇਹ ਸਕੀਮ ਬਣਾਈ ਕਿ ਸਾਨੂੰ ਕਿਸੇ ਵੀ ਅਫ਼ਸਰ ਦੇ ਆਉਣ 'ਤੇ ਉਸ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਦੂਜੀ ਗੱਲ ਇਹ ਕਿ ਇਨ੍ਹਾਂ ਨਾਲ ਗੱਲਬਾਤ ਕਰਦਿਆਂ ਸਮੇਂ ਇਨ੍ਹਾਂ ਨੂੰ ਜਨਾਬ, ਸ੍ਰੀਮਾਨ ਜੀ, ਵਗੈਰਾ ਕੁਝ ਨਹੀਂ

ਕਹਿਣਾ ਚਾਹੀਦਾ। ਇਨ੍ਹਾਂ ਨੂੰ ਵੱਧ ਤੋਂ ਵੱਧ ਨੀਵਾਂ ਵਿਖਾਉਣ ਵਾਸਤੇ, ਇਨ੍ਹਾਂ ਨੂੰ ਬੁਲਾਉਣਾ ਹੀ ਨਹੀਂ ਚਾਹੀਦਾ। ਜੇ ਇਹ ਆਪ ਬੁਲਾਉਣ ਤਾਂ ਸਧਾਰਣ ਜਵਾਬ ਦਿਓ। ਉਹ ਵੀ ਅੱਖਾਂ ਮੱਥੇ 'ਤੇ ਗੱਡ ਕੇ। ਉਸੇ ਦਿਨ ਹੀ ਇਸ ਗੱਲ 'ਤੇ ਅਮਲ ਸ਼ੁਰੂ ਹੋ ਗਿਆ। ਹੋਇਆ ਇਸ ਤਰ੍ਹਾਂ ਕਿ ਸਾਡਾ ਵਾਰਡ ਇੰਨਚਾਰਜ ਭਾਟੀਆ ਆਇਆ ਤਾਂ ਅਸਾਂ ਉਸ ਨੂੰ ਬੁਲਾਇਆ ਹੀ ਨਾ, ਨਾ ਉਠ ਕੇ ਖੜੇ ਹੋਏ। ਉਹ ਵਿਚਾਰਾ ਪਹਿਲਾਂ ਤਾਂ ਸਫੇਦ ਕੱਪੜਿਆਂ ਵਿਚ ਰਹਿੰਦਾ ਸੀ, ਉਸ ਦਿਨ ਪਹਿਲੇ ਦਿਨ, ਉਸ ਨੇ ਸਾਡੇ 'ਤੇ ਰੋਅਬ ਪਾਉਣ ਲਈ ਵਰਦੀ ਪਾਈ ਸੀ ਤੇ ਦੋ ਸਟਾਰ ਲਾਏ ਸਨ। ਉਹ ਹੈਟ ਪਾਈ, ਹੱਥ ਵਿਚ ਛੋਟਾ ਡੰਡਾ ਫੜੀ ਤੇ ਡਾਇਰੀ ਲਈ, ਪੂਰਾ ਅੰਗਰੇਜ਼ਾਂ ਦੇ ਵੇਲੇ ਦਾ ਜੇਲ੍ਹਰ ਬਣਿਆ ਆਇਆ। ਉਦੋਂ ਅਸੀਂ ਖੁਲ੍ਹੇ ਸਾਂ ਤੇ ਬਾਹਰ ਗਟਰਾਂ ਵਾਲੇ ਥੜੇ 'ਤੇ ਬੈਠੇ ਸਾਂ। ਬਾਕੀ ਕੈਦੀ ਝੱਟ ਉਠ ਕੇ ਖਲੋ ਗਏ ਪਰ ਅਸੀਂ ਨਾ ਖਲੋਤੇ ਤੇ ਉਵੇਂ ਹੀ ਬੈਠੇ ਰਹੇ। ਨਾ ਹੀ ਅਸਾਂ ਉਸ ਨੂੰ ਬੁਲਾਇਆ। ਉਹ ਬੜਾ ਹੈਰਾਨ ਹੋਇਆ। ਬਲਕਿ ਉਸਦੀ ਤਾਂ ਲਹਿ ਹੀ ਗਈ। ਪਹਿਲਾਂ ਤਾਂ ਉਹ ਅੱਗੇ ਚਲਾ ਗਿਆ ਪਰ ਉਸ ਦੀ ਵਰਦੀ ਦੇ ਸਟਾਰਾਂ ਨੇ ਉਸ ਨੂੰ ਫਿਰ ਪਿਛੇ ਮੋੜ ਲਿਆਂਦਾ। ਹੁਣ ਉਹ ਕੁਝ ਗੁੱਸੇ ਵਿਚ ਵੀ ਸੀ। ਉਸ ਨੇ ਆਉਂਦੇ ਹੀ ਪੁਛਿਆ "ਕੀ ਗੱਲ ਹੈ, ਉਠ ਕੇ ਨਹੀਂ ਖਲੋਤੇ?" ਉਹ ਪੰਜਾਬੀ ਸੀ ਤੇ ਪੰਜਾਬੀ ਵਿਚ ਹੀ ਉਸ ਪੁਛਿਆ। "ਕਿਉਂ ਕੀ ਗੱਲ, ਉਠ ਕੇ ਖਲੋਣਾ, ਕਿਥੇ ਲਿਖਿਆ ਹੋਇਆ ਹੈ?" ਮੈਂ ਉਸ ਨੂੰ ਸਧਾਰਣ ਹੀ ਜਵਾਬ ਦੇ ਦਿੱਤਾ। "ਦੇਖੋ ਫਿਰ ਮੈਨੂੰ ਜੇਲ੍ਹ ਦੇ ਤੌਰ ਤਰੀਕੇ ਸਿਖਾਉਣ ਲਈ ਕੁਝ ਸੋਚਣਾ ਪਵੇਗਾ।" "ਤੁਸੀਂ ਤਾਂ ਜੇਲ੍ਹ ਵਾਲਿਆਂ ਨੇ ਅਜੇ ਸੋਚਣਾ ਹੈ, ਅਸੀਂ ਸੋਚ ਵੀ ਲਿਆ ਹੈ"। "ਉਹ ਕੀ?" ਉਸ ਨੇ ਹੈਰਾਨ ਹੋ ਕੇ ਪੁਛਿਆ। ਉਨੇ ਚਿਰ ਨੂੰ ਸੁਰਜੀਤ ਬੋਲ ਪਿਆ "ਅਸੀਂ ਬਾਹਰ ਬੰਦੇ ਮਾਰ ਕੇ ਆਏ ਆਂ ਖੋਤੀਆਂ ਨਹੀਂ ਮਾਰੀਆਂ। ਸਿਰਫ ਇਕ ਇਕ ਨੂੰ ਬੱਤੀ ਰੁਪਏ ਖਰਚਾ ਲੱਗਣਾ ਹੈ"। ਇਹ ਸੁਣਦਿਆਂ ਸਾਰ ਹੀ ਉਸ ਦੀਆਂ ਲੱਤਾਂ ਕੰਬ ਗਈਆਂ ਤੇ ਉਹ ਬਗੈਰ ਕੁਝ ਬੋਲੇ ਅਗਾਂਹ ਤੁਰ ਪਿਆ। ਫਿਰ ਸ਼ਾਮ ਨੂੰ ਡਿਪਟੀ ਨੂੰ ਨਾਲ ਲੈ ਆਇਆ। ਹੋ ਸਕਦਾ ਹੈ, ਉਸ ਨੂੰ ਇਹ ਗੱਲ ਵੀ ਦੱਸੀ ਹੋਵੇ। ਅਸਾਂ ਫੇਰ ਵੀ ਕੋਈ ਪਰਵਾਹ ਨਾ ਕੀਤੀ ਤੇ ਅਰਾਮ ਨਾਲ ਬੈਠੇ ਰਹੇ। ਅਸਾਂ ਇਹ ਵੀ ਨਾ ਆਖਿਆ ਕਿ ਸਾਨੂੰ ਖੋਲ੍ਹੋ ਜਾਂ ਨਾ, ਜਾਂ ਕਿਉਂ ਨਹੀਂ ਖੋਲ੍ਹਦੇ? ਉਸ ਨੇ ਸਾਡੇ ਵੱਲ ਨੈਹਰੀਆਂ ਕੱਢ ਕੱਢ ਕੇ ਤਾਂ ਵੇਖਿਆ ਪਰ ਗੱਲ ਕੋਈ ਨਾ ਕੀਤੀ ਤੇ ਸਾਰਿਆਂ ਨੂੰ ਪੁੱਛ ਕੇ ਕਿ ਕੋਈ ਤਕਲੀਫ ਤਾਂ ਨਹੀਂ ਵਗੈਰਾ ਵਗੈਰਾ, ਚਲਾ ਗਿਆ। ਦਰਅਸਲ ਜਦੋਂ ਕੋਈ ਅਫ਼ਸਰ ਵਾਰਡ ਵਿਚ ਆਉਂਦਾ ਹੈ ਤਾਂ ਉਸ ਨੂੰ ਇਹ ਨਹੀਂ ਪੁੱਛਣਾ ਪੈਂਦਾ ਕਿ ਤੁਹਾਨੂੰ ਕੋਈ ਤਕਲੀਫ ਹੈ ਜਾਂ ਨਹੀਂ। ਕੈਦੀ ਆਪ ਹੀ ਆਪਣੀਆਂ-ਆਪਣੀਆਂ ਤਕਲੀਫਾਂ ਸੁਣਾਉਣ ਭੱਜੇ ਆਉਂਦੇ ਹਨ ਤੇ ਉਹ ਬਹੁਤ ਹੀ ਆਕੜ ਖਾਂ ਬਣ ਕੇ ਗੱਲਾਂ ਸੁਣਦੇ ਹਨ ਤੇ ਆਪਣਾ ਫੈਸਲਾ ਦੇ ਕੇ ਚਲੇ ਜਾਂਦੇ ਹਨ। ਕੋਈ ਗੱਲ ਕਰ ਰਿਹਾ ਹੋਵੇ ਤੇ ਥੋੜ੍ਹਾ ਟੇਡਾ ਹੋ ਕੇ ਖਲੋਤਾ ਹੋਵੇ ਤਾਂ ਹੈਂਡ ਵਾਰਡਨ ਜਾਂ ਵਾਰਡਨ ਹੀ ਕਹੇਗਾ "ਸਿਧੇ ਖੜੇ ਹੋ ਕੇ ਗੱਲ ਕਰੋ"। ਜੇ ਕਿਸੇ ਨੇ ਜੇਬਾਂ ਵਿਚ ਹੱਥ ਪਾਏ ਹੋਣਗੇ ਤਾਂ ਉਹ ਕਹਿ ਦਏਗਾ "ਹੱਥ ਜੇਬਾਂ ਵਿਚੋਂ ਕੱਢ ਲਓ"।

ਟੇਢੇ ਖਲੋਣ ਦਾ ਵੀ ਚੇਤਾ ਆ ਗਿਆ। ਇਕ ਦਿਨ ਸੁਰਜੀਤ ਸਿੰਘ ਕੋਈ ਗੱਲ ਕਰ ਰਿਹਾ ਸੀ ਤੇ ਟੇਢਾ ਤਾਂ ਖਲੋਤਾ ਹੀ ਸੀ, ਆਪਣੇ ਮੋਨੇ ਸਿਰ 'ਤੇ ਵੀ ਹੱਥ ਫੇਰ ਰਿਹਾ ਸੀ। ਵੈਸੇ ਉਹ ਪੱਗ ਜ਼ਰੂਰ ਬੰਨ ਕੇ ਰੱਖਦਾ ਸੀ। ਮੈਂ ਉਸਦਾ ਨਾਂ 'ਇਕ 'ਚ ਦੋ' (Two in

One) ਪਾਇਆ ਹੋਇਆ ਸੀ। ਹੈੱਡ ਵਾਰਡਨ ਨੇ ਕਿਹਾ "ਸੀਧੇ ਖੜੇ ਹੋ ਕੇ ਬਾਤ ਕੀਜੀਏ"। ਉਹ ਅਜੇ ਪਤਾ ਨਹੀਂ ਕੀ ਬੋਲਦਾ, ਮੈਂ ਉਸ ਨੂੰ ਫੱਟ ਕਹਿ ਦਿੱਤਾ, "ਆਪ ਕੋ ਪਤਾ ਹੈ? ਜਬ ਬੜੇ ਬਾਤ ਕਰ ਰਹੇ ਹੋ ਤੋਂ ਛੋਟੇ ਕਰਮਚਾਰੀਓਂ ਕੋ ਬੀਚ ਮੇਂ ਬਾਤ ਨਹੀਂ ਕਰਨਾ ਚਾਹੀਏ"। ਉਹ ਅਫ਼ਸਰ ਕੁਝ ਨਾ ਬੋਲ ਸਕਿਆ, ਬੱਸ ਅੰਦਰੇ ਅੰਦਰ ਉਬਲ ਕੇ ਗੱਲ ਸੁਣਦਾ ਰਿਹਾ ਤੇ ਸੁਰਜੀਤ ਸਿੰਘ ਉਸੇ ਹੀ ਅੰਦਾਜ਼ ਵਿਚ ਸੁਣਾਉਂਦਾ ਰਿਹਾ। ਭਾਵੇਂ ਉਸ ਗੱਲ ਦਾ ਨਤੀਜਾ ਤਾਂ ਕੁਝ ਨਾ ਨਿਕਲਿਆ ਪਰ ਏਥੇ ਇਹ ਗੱਲ ਜ਼ਰੂਰ ਹੋ ਗਈ ਕਿ ਸਾਨੂੰ ਅਕਲ ਸਿਖਾਉਂਦੇ ਸਿਖਾਉਂਦੇ ਉਹ ਆਪ ਸਾਡੇ ਕੋਲੋਂ ਮੱਤ ਲਈ ਜਾਂਦੇ ਸਨ। ਬਾਅਦ ਵਿਚ ਸਾਨੂੰ ਕਈ ਵਾਰ ਬੜਾ ਹਾਸਾ ਆਉਣਾ। ਇਕ ਫਿਲਮ ਦਾ ਵਿਅੰਗ ਹੈ ਕਿ ਧਰਮਿੰਦਰ ਨੂੰ ਕੋਈ ਉਰਦੂ ਪੜ੍ਹਾਉਣ ਲੱਗ ਪਿਆ। ਜਦੋਂ ਸਾਲ ਕੁ ਪੜ੍ਹਾਉਂਦਾ ਰਿਹਾ ਤਾਂ ਕਿਸੇ ਨੇ ਪੁਛਿਆ ਕਿ "ਆਲਮ ਫਾਜਲ ਸਾਹਬ ਧਰਮਿੰਦਰ ਜੀ ਹੁਣ ਕਿੰਨਾ ਕੁ ਵਧੀਆ ਉਰਦੂ ਸਿੱਖ ਗਏ ਹਨ?" ਤਾਂ ਉਹ ਆਲਮ ਫਾਜਲ (ਮਾਸਟਰ) ਬੋਲਿਆ "ਉਹ ਤਾਂ ਅਲਫ ਬੇ ਪੇ ਤੋਂ ਅੱਗੇ ਕੁਝ ਨਹੀਂ ਸਿੱਖ ਸਕਿਆ, ਹਾਂ ਮੈਂ ਠੇਠ ਪੰਜਾਬੀ ਬੋਲਣੀ ਜ਼ਰੂਰ ਸਿੱਖ ਗਿਆ ਹਾਂ।" ਏਥੇ ਵੀ ਕੁਝ ਏਂਦਾ ਹੀ ਸੀ।

ਇਕ ਦਿਨ ਇਕ ਹੋਰ ਏਸੇ ਤਰ੍ਹਾਂ ਦੀ ਹੀ ਗੱਲ ਹੋ ਗਈ ਜਿਸ ਨਾਲ ਬਲਦੀ 'ਤੇ ਤੇਲ ਪੈ ਗਿਆ ਤੇ ਅਫ਼ਸਰ ਹੋਰ ਸ਼ਰਮਿੰਦੇ ਹੋਏ, ਕ੍ਰੋਧ ਵਿਚ ਆ ਗਏ। ਸਾਡੇ ਵਾਰਡ ਵਿਚ ਦੋ ਅਫ਼ਸਰ, ਜੋ ਆਪਣੇ ਆਪ ਨੂੰ ਪੁਰਾਣੇ ਤੇ ਤਜ਼ਰਬਾਕਾਰ ਸਮਝਦੇ ਸਨ, ਆਏ। ਸਾਰੇ ਹਿੰਦੂ ਕੈਦੀ ਵੀ ਸਾਡੇ ਨਾਲ ਹੀ ਗੋਲਧਾਰਾ ਬਣਾ ਕੇ ਖੜੇ ਸਨ ਤੇ ਅਸੀਂ ਇਕ ਅਰਜੀ ਉਨ੍ਹਾਂ ਨੂੰ ਦੇ ਰਹੇ ਸਾਂ ਕਿ ਸਾਨੂੰ ਕਿਉਂ ਨਹੀਂ ਖੋਲ੍ਹਿਆ ਜਾਂਦਾ? ਬਲਕਿ ਇਸ ਦਰਖਾਸਤ ਵਿਚ ਅਸੀਂ ਉਨ੍ਹਾਂ 'ਤੇ ਇਹ ਨੰਗਾ ਚਿੱਟਾ ਤੇ ਸਿੱਧਾ ਦੋਸ਼ ਲਾਇਆ ਕਿ "ਤੁਸੀਂ ਹਿੰਦੂ ਹੋਣ ਕਰਕੇ ਮੁਤੱਸਬੀ ਹੋ ਅਤੇ ਸਾਡੇ ਨਾਲ ਜਾਣ ਬੁੱਝ ਕੇ ਸਿੱਖ ਹੋਣ ਕਰਕੇ ਵਿਤਕਰਾ ਕਰ ਰਹੇ ਹੋ"। ਇਕ ਅਫ਼ਸਰ ਜੋ ਆਪਣੇ ਆਪ ਨੂੰ ਬਹੁਤ ਹੀ ਹੁਸ਼ਿਆਰ ਤੇ ਚਲਾਕ ਸਮਝਦਾ ਸੀ, ਸਾਨੂੰ ਕਹਿਣ ਲੱਗਾ, "ਦੇਖੋ ਇਹ ਦਿੱਲੀ ਦੀ ਤਿਹਾੜ ਜੇਲ੍ਹ ਹੈ, ਸਾਰੇ ਦੇਸ਼ ਵਿਚੋਂ ਨੰਬਰ ਇਕ ਤੇ ਏਥੇ ਜਿੰਨੇ ਅਫ਼ਸਰ ਹਨ, ਉਹ ਵੀ ਸਾਰੇ ਹਿੰਦੋਸਤਾਨ ਦੀਆਂ ਜੇਲ੍ਹਾਂ ਦੇ ਹਿਸਾਬ ਨਾਲ ਉੱਚ ਦਰਜੇ ਦੇ ਹਨ। ਏਥੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ। ਏਨੇ ਲਾਇਕ ਅਫ਼ਸਰ ਤੁਹਾਨੂੰ ਹੋਰ ਕਿਸੇ ਵੀ ਜੇਲ੍ਹ ਵਿਚ ਨਹੀਂ ਮਿਲ ਸਕਦੇ।" ਮੈਨੂੰ ਇੱਕ ਚੁਟਕਲਾ ਯਾਦ ਆ ਗਿਆ ਤੇ ਸਾਰਿਆਂ ਦੇ ਖਲੋਤਿਆਂ ਹੀ ਮੈਂ ਕਿਹਾ, "ਮੈਨੂੰ ਇਕ ਚੁਟਕਲਾ ਯਾਦ ਆਇਆ ਹੈ, ਆਖੋਂ ਤਾਂ ਸੁਣਾਵਾਂ?" ਉਹ ਬੜੇ ਖੁਸ਼ ਹੋਏ ਤੇ ਕੈਦੀ ਵੀ ਬੜੇ ਉਤਸੁਕ ਹੋ ਗਏ। ਮੈਂ ਕਿਹਾ, "ਇਕ ਵਾਰੀ ਇਕ ਜੇਲ੍ਹ ਵਿਚ ਇਕ ਕੈਦੀ ਦਾ ਦਿਮਾਗੀ ਤਵਾਜਨ ਵਿਗੜ ਗਿਆ ਤੇ ਉਸ ਵਿਚਾਰੇ ਨੇ ਪਾਗਲਪਨ ਵਿਚ ਹੀ ਇਕ ਦਿਨ ਆਪਣੇ ਪੈਰ ਦੀਆਂ ਉਂਗਲਾ ਵੱਢ ਕੇ ਬਾਹਰ ਸੁੱਟ ਦਿੱਤੀਆਂ ਤੇ ਦੂਜੇ ਦਿਨ ਇਕ ਹੱਥ ਦੀਆਂ ਉਂਗਲਾਂ ਵੱਢ ਕੇ ਸੁੱਟ ਦਿੱਤੀਆਂ। ਹੈੱਡ ਵਾਰਡਨ ਨੇ ਜਾ ਕੇ ਅਫ਼ਸਰ ਨੂੰ ਦੱਸਿਆ। ਉਹ ਅਫ਼ਸਰ ਬੜਾ ਲਾਇਕ ਸੀ, ਤੁਹਾਡੇ ਵਰਗਾ ਹੀ। ਅਫ਼ਸਰ ਸਾਹਿਬ, ਆਏ ਤੇ ਕੈਦੀ ਨੂੰ ਕਹਿਣ ਲੱਗੇ, "ਦੇਖ, ਮੈਨੂੰ ਤੇਰੀ ਸਕੀਮ ਦਾ ਸਾਰਾ ਪਤਾ ਲੱਗ ਗਿਆ ਹੈ, ਤੂੰ ਆਪਣੇ ਆਪ ਨੂੰ ਥੋੜਾ ਥੋੜਾ ਕਰਕੇ ਰਿਹਾ ਕਰਵਾਉਣਾ ਚਾਹੁੰਦਾ ਹੈ ਪਰ ਮੈਂ ਇਸ ਤਰ੍ਹਾਂ ਨਹੀਂ ਹੋਣ ਦਿਆਂਗਾ।" ਮੇਰੇ ਇਹ ਚੁਟਕਲਾ ਸੁਣਾਉਣ ਦੀ ਦੇਰ ਸੀ ਕਿ ਸਾਰੇ ਹੱਸ ਹੱਸ ਕੇ ਲੋਟ ਪੋਟ ਹੋ ਗਏ। ਹੱਸਿਆ ਤਾਂ ਉਹ

ਅਫ਼ਸਰ ਵੀ ਪਰ ਸ਼ਰਮਿੰਦਾ ਵੀ ਬਹੁਤ ਹੋ ਗਿਆ। ਫਿਰ ਉਹ ਉਥੇ ਜ਼ਿਆਦਾ ਚਿਰ ਨਹੀਂ ਖਲੋਤਾ ਤੇ ਛੇਤੀ ਹੀ ਆਪਣੇ ਸਾਥੀ ਅਫ਼ਸਰ ਨੂੰ ਨਾਲ ਲੈ ਕੇ ਚਲਾ ਗਿਆ। ਪਰ ਉਨ੍ਹਾਂ ਨੂੰ ਇਹ ਪਤਾ ਲੱਗ ਗਿਆ ਕਿ ਇਹ ਏਨੀ ਛੇਤੀ ਸਾਡੇ ਕਾਬੂ ਆਉਣ ਵਾਲੇ ਨਹੀਂ।

ਇਕ ਹੋਰ ਘਟਨਾ ਹੋਈ, ਜਿਸ ਨੇ ਉਨ੍ਹਾਂ ਨੂੰ ਨਿੱਸਲ ਹੀ ਕਰ ਦਿੱਤਾ, ਨਹੀਂ ਤਾਂ ਉਹ ਸ਼ਾਇਦ ਉਸ 'ਤੇ ਅਮਲ ਵੀ ਕਰ ਹੀ ਲੈਂਦੇ। ਪਰ ਗੱਲ ਇਸ ਤਰ੍ਹਾਂ ਦੀ ਹੋ ਗਈ ਕਿ ਉਹ ਫਿਰ ਸਦਾ ਲਈ ਹੀ ਉਸ ਸਕੀਮ 'ਤੇ ਅਮਲ ਕਰਕੇ ਸਾਨੂੰ ਸਬਕ ਨਾ ਸਿਖਾ ਸਕੇ, ਨਹੀਂ ਤਾਂ ਉਨ੍ਹਾਂ ਦੀ ਇਹ ਵੱਡੀ ਇੱਛਾ ਸੀ ਕਿ ਸਾਨੂੰ ਸਬਕ ਸਿਖਾਇਆ ਜਾਵੇ। ਆਮ ਤੌਰ 'ਤੇ ਹਰ ਜੇਲ੍ਹ ਵਿਚ ਹੀ ਇਹ ਤਰੀਕਾ ਸਬਕ ਸਿਖਾਉਣ ਲਈ ਵਰਤਿਆ ਜਾਂਦਾ ਹੈ ਤੇ ਜੋ ਗੱਲ ਮੈਨੂੰ ਢੁੰਮਣ ਸਿੰਘ ਸੁਪਰਡੈਂਟ ਜੇਲ੍ਹ ਨੇ ਹੀ ਦੱਸੀ ਸੀ, ਏਥੇ ਸਾਡੇ ਕੰਮ ਆ ਗਈ।

ਹੁੰਦਾ ਇਹ ਹੈ ਕਿ ਜੇ ਕਿਸੇ ਕੈਦੀ ਨੂੰ ਕੁਟਵਾਉਣਾ ਹੋਵੇ ਤੇ ਗੱਲ ਵੀ ਆਪਣੇ 'ਤੇ ਨਾ ਲੈਣੀ ਹੋਵੇ ਤਾਂ ਵਧੀਆ ਤਰੀਕਾ ਇਹ ਹੁੰਦਾ ਹੈ ਕਿ ਉਸ ਕੈਦੀ ਨੂੰ ਚਮਲ੍ਹਾ ਦਿੱਤਾ ਜਾਂਦਾ ਹੈ ਤੇ ਉਹ ਕਈ ਵਾਰ ਚੁੱਕਣਾ ਵਿਚ ਆਇਆ ਹੋਇਆ, ਬੰਦ ਹੋਣ ਤੋਂ ਨਾਂਹ ਕਰ ਦਿੰਦਾ ਹੈ ਤੇ ਕਿਸੇ ਵਾਰਡਨ ਨਾਲ ਹੱਥੋ ਪਾਈ ਹੋ ਜਾਂਦਾ ਹੈ। ਇਹ ਸਾਰਾ ਡਰਾਮਾ ਜੇਲ੍ਹ ਵਾਲੇ ਆਪ ਰਚਦੇ ਹਨ ਤੇ ਉਹ ਕੈਦੀ ਵਿਚਾਰਾ ਉਸ ਜਾਲ ਵਿਚ ਫਸ ਜਾਂਦਾ ਹੈ। ਬੱਸ ਸੀਟੀ ਵੱਜ ਜਾਂਦੀ ਹੈ ਤੇ ਘੁਗੂ ਬੋਲ ਜਾਂਦਾ ਹੈ। ਝੱਟ ਸਾਰੀ ਜੇਲ੍ਹ ਵਿਚ ਬੰਦੀ ਹੋ ਜਾਂਦੀ ਹੈ। ਸਾਰੇ ਵਾਰਡਨ, ਲੰਬਰਦਾਰ, ਮੁਨਸ਼ੀ ਤੇ ਅਫ਼ਸਰ ਉਸ ਵਾਰਡ ਵੱਲ ਭੱਜ ਪੈਂਦੇ ਹਨ, ਜਿਥੇ ਇਹ ਗੜਬੜ ਹੋਈ ਹੋਵੇ। ਭੱਜੇ ਆਉਂਦੇ ਇਹ ਵੀ ਕਹਿੰਦੇ ਆਉਂਦੇ ਹਨ, "ਹੋਸ਼ਿਆਰ, ਸਭ ਅੱਛਾ ਨਹੀਂ। ਫਲਾਨੇ ਵਾਰਡ ਦੇ ਕੈਦੀ ਨੇ ਬੰਦ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਜਾਂ ਫਲਾਨੇ ਵਾਰਡ ਦੇ ਕੈਦੀ ਕੋਠੇ 'ਤੇ ਚੜ੍ਹ ਗਏ ਹਨ ਜਾਂ ਕੋਈ ਵੀ ਹੋਰ ਗੱਲ।" ਇਹ ਸੂਚਨਾ ਪਹਿਲਾਂ ਉਸ ਵਾਰਡ ਦਾ ਵਾਰਡਨ ਬਾਹਰ ਬੈਠੇ ਕੋਟ ਮੌਕੇ 'ਤੇ ਪਹਿਰਾ ਦੇ ਰਹੇ ਕੈਦੀ ਨੂੰ ਦੇਂਦਾ ਹੈ, ਉਹ ਅਗਲੇ ਨੂੰ, ਅਗਲਾ ਅਗਲੇ ਨੂੰ, ਬੱਸ ਅੱਧੇ ਮਿੰਟ 'ਚ ਪੂਰੀ ਜੇਲ੍ਹ ਨੂੰ ਪਤਾ ਲੱਗ ਜਾਂਦਾ ਹੈ। ਉਸੇ ਵਾਰਡ ਵੱਲ ਨੂੰ ਹੀ ਸਾਰੇ ਭੱਜੇ ਆਉਂਦੇ ਹਨ। ਵਾਰਡਾਂ ਦੇ ਵਾਰਡਨ ਕਿਤੇ ਨਹੀਂ ਜਾਂਦੇ, ਉਹ ਸਭ ਤੋਂ ਪਹਿਲਾਂ ਆਪਣੇ ਵਾਰਡ ਦੇ ਅਹਾਤੇ ਦਾ ਦਰਵਾਜ਼ਾ ਬੰਦ ਕਰਦੇ ਹਨ ਤੇ ਫਿਰ ਕੈਦੀਆਂ ਦੀ ਚੱਕੀਆਂ ਵਿਚ ਬੰਦੀ ਕਰ ਦੇਂਦੇ ਹਨ। ਡਿਉਢੀ ਵਿਚ ਕਈ ਸੌ ਡਾਂਗਾਂ ਇਸ ਕੰਮ ਲਈ ਰੱਖੀਆਂ ਹੁੰਦੀਆਂ ਹਨ। ਜੇ ਕੰਮ ਜ਼ਿਆਦਾ ਹੀ ਖਰਾਬ ਹੋ ਜਾਵੇ, ਫੇਰ ਹੀ ਪੁਲਿਸ ਬੁਲਾਈ ਜਾਂਦੀ ਹੈ। ਬਸ ਫਿਰ ਕੀ ਆਉਂਦਿਆਂ ਹੀ ਸਕੀਮ ਦੇ ਤਹਿਤ ਕੁੱਟ ਕੁੱਟ ਕੇ ਉਸ ਕੈਦੀ ਦਾ ਕਚੂਮਰ ਕੱਢ ਦੇਂਦੇ ਹਨ। ਕੁਝ ਦਿਨ ਉਹ ਹਸਪਤਾਲ ਰਹਿੰਦਾ ਹੈ (ਜੇ ਲੱਤ ਬਾਂਹ ਟੁੱਟ ਜਾਵੇ) ਤੇ ਫੇਰ ਉਸ ਨੂੰ ਉਸ ਗਲਤੀ ਦੀ ਸਜ਼ਾ ਦੇ ਤੌਰ 'ਤੇ ਬੰਦ ਕਰ ਦੇਂਦੇ ਹਨ। ਪੰਦਰਾਂ ਦਿਨ ਲਈ ਤਾਂ ਤਨਹਾਈ ਕੈਦ ਇਕ ਮਾਮੂਲੀ ਗੱਲ ਹੈ। ਸਾਡੇ ਕੇਸ ਵਿਚ ਵੀ ਉਨ੍ਹਾਂ ਦਾ ਏਦਾਂ ਕਰਨ ਨੂੰ ਬੜਾ ਜੀਅ ਕਰਦਾ ਸੀ। ਪਰ ਅਸਾਂ ਵੱਤਰ ਸਾਂਭ ਲਿਆ ਤੇ ਉਹ ਹੈਰਾਨ ਪ੍ਰੇਸ਼ਾਨ ਸਾਡੇ ਮੂੰਹ ਵੱਲ ਹੀ ਵੇਹਦੇਂ ਰਹਿ ਗਏ।

ਮੁਕੱਦਮੇ ਅਧੀਨ ਕੈਦੀ ਨੂੰ ਮਹੀਨੇ ਵਿਚ ਦੋ ਚਿੱਠੀਆਂ ਘਰ ਲਿਖਣ ਨੂੰ ਮਿਲਦੀਆਂ ਹਨ ਤੇ ਸਜ਼ਾ ਯਾਫਤਾ ਕੈਦੀ ਨੂੰ ਮਹੀਨੇ ਵਿਚ ਇਕ (ਇਹ ਪੋਸਟ ਕਾਰਡ ਹੀ ਹੁੰਦੇ ਹਨ)। ਉਸ ਦਿਨ ਸਾਨੂੰ ਵੀ ਸਾਰਿਆਂ ਨੂੰ ਦੋ ਦੋ ਪੋਸਟਕਾਰਡ ਮਿਲੇ ਤਾਂ ਕਿ ਅਸੀਂ ਵੀ ਆਪਣੇ ਆਪਣੇ ਘਰ ਲਿਖ ਕੇ ਰਾਜੀ ਖੁਸ਼ੀ ਦੱਸ ਦੇਈਏ। ਮੈਂ ਸਾਰਿਆਂ ਨੂੰ ਸਲਾਹ ਦਿੱਤੀ ਕਿ ਜੇ

ਤੁਸੀਂ ਆਪਣੇ ਘਰ ਕੁਝ ਵੀ ਲਿਖ ਕੇ ਪਾਇਆ ਤਾਂ ਹੋ ਸਕਦਾ ਹੈ ਕਿ ਸੀ.ਬੀ.ਆਈ. ਪੜ੍ਹ ਲਵੇ, ਇਸ ਲਈ ਇਹ ਕਰੋ ਕਿ ਚਿੱਠੀਆਂ ਕਿਸੇ ਨੂੰ ਦਿਓ ਵੀ ਨਾ ਤੇ ਇਹ ਲਿਖ ਦਿਓ, ਆਪਣੇ ਆਪਣੇ ਘਰ ਵਾਲਿਆਂ ਨੂੰ ਕਿ ਸਾਨੂੰ ਪਤਾ ਲੱਗਾ ਹੈ ਕਿ ਜੇਲ੍ਹ ਵਾਲਿਆਂ ਨੇ ਸਕੀਮ ਬਣਾਈ ਹੈ ਕਿ ਅਲਾਰਮ ਕਰਵਾ ਕੇ ਸਾਨੂੰ ਕੁਟਿਆ ਜਾਵੇ। ਕਿਉਂਕਿ ਉਹ ਆਖਦੇ ਹਨ ਕਿ ਅਸੀਂ ਦਹਿਸ਼ਤਗਰਦ ਸਿੱਖਾਂ ਨੂੰ ਸਬਕ ਜ਼ਰੂਰ ਸਿਖਾਉਣਾ ਹੈ। ਇਹ ਗੱਲ ਉਹ ਸਾਡੇ ਮੂੰਹ 'ਤੇ ਹੀ ਆਖ ਦੇਂਦੇ ਹਨ। ਹੁਣ ਜੇ ਸਾਨੂੰ ਲੱਤਾਂ ਬਾਹਾਂ ਤੋੜ ਕੇ ਹਸਪਤਾਲ 'ਚ ਸੁੱਟ ਦਿੱਤਾ ਤਾਂ ਤੁਸੀਂ ਸਮਝ ਲੈਣਾ ਕਿ ਇਹ ਕਾਰਾ ਜੇਲ੍ਹ ਵਾਲਿਆਂ ਨੇ ਆਪ ਕਰਵਾਇਆ ਹੈ ਤੇ ਅਸੀਂ ਕੁਝ ਅਫ਼ਸਰਾਂ ਦੇ ਨਾਂ ਉਸ ਵਿਚ ਲਿਖ ਦਿੱਤੇ। ਹਰ ਇਕ ਨੇ ਚਿੱਠੀ ਆਪਣੇ ਆਪਣੇ ਢੰਗ ਨਾਲ ਲਿਖੀ ਪਰ ਮਤਲਬ ਸਾਰੀਆਂ ਦਾ ਇਕ ਹੀ ਸੀ। ਇਕ ਇਕ ਚਿੱਠੀ ਅਸੀਂ ਘਰ ਲਿਖੀ ਤੇ ਦੂਸਰੀ ਉਸ ਅਦਾਲਤ ਨੂੰ, ਜਿਸ ਨੇ ਸਾਨੂੰ ਅਦਾਲਤੀ ਰੀਮਾਂਡ ਦੇ ਕੇ ਜੇਲ੍ਹ ਭੇਜਿਆ ਸੀ। ਉਧਰ ਜੇਲ੍ਹ ਵਾਲਿਆਂ ਦੀ ਨਿਗਾਹ ਵੀ ਸਾਡੇ ਪੋਸਟ ਕਾਰਡਾਂ 'ਤੇ ਸੀ। ਨਾਲੇ ਹਰ ਚਿੱਠੀ ਸੈਂਸਰ ਹੋ ਕੇ ਬਾਹਰ ਜਾਂਦੀ ਹੈ, ਉਨ੍ਹਾਂ ਨੇ ਉਚੇਚੇ ਤੌਰ 'ਤੇ ਸਾਡੀਆਂ ਚਿੱਠੀਆਂ ਪੜ੍ਹੀਆਂ ਤਾਂ ਹੈਰਾਨੀ ਤੇ ਗੁੱਸੇ ਨਾਲ ਉੱਬਲ ਪਏ। ਅਸਾਂ ਉਨ੍ਹਾਂ ਚਿੱਠੀਆਂ ਵਿਚ ਝੂਠ ਹੀ ਇਹ ਵੀ ਲਿਖ ਦਿੱਤਾ ਸੀ ਕਿ ਅਸਾਂ ਬਾਹਰੋਂ ਵੀ ਤੁਹਾਨੂੰ ਇਸ ਤਰ੍ਹਾਂ ਦੀਆਂ ਚਿੱਠੀਆਂ ਪਵਾਈਆਂ ਹਨ। ਕਿਉਂਕਿ ਸਾਨੂੰ ਸ਼ੱਕ ਹੈ ਕਿ ਜੇਲ੍ਹ ਵਾਲਿਆਂ ਨੇ ਸਾਡੀਆਂ ਚਿੱਠੀਆਂ ਤੁਹਾਡੇ ਤੱਕ ਅਪੜਨ ਨਹੀਂ ਦੇਣੀਆਂ। ਬਸ ਇਹ ਪੜ੍ਹਦਿਆਂ ਹੀ ਉਨ੍ਹਾਂ ਦੀ ਫੂਕ ਨਿਕਲ ਗਈ ਤੇ ਵਾਰੋ ਵਾਰੀ ਉਹ ਸਾਡੇ ਵੱਲ ਭੱਜੇ ਆਏ। ਇਕ ਵਿਚਾਰਾ ਅਫ਼ਸਰ ਬੜਾ ਸਿੱਧਾ ਸੀ ਤੇ ਸਾਡੇ ਕੋਲੋਂ ਉਸਦਾ ਨਾਂ ਵੀ ਗਲਤ ਹੀ ਲਿਖਿਆ ਗਿਆ ਸੀ। ਕਿਉਂਕਿ ਉਦੋਂ ਸਾਨੂੰ ਇਹ ਨਹੀਂ ਸੀ ਪਤਾ ਕਿ ਇਹ ਵਿਚਾਰਾ ਭਲਾ ਲੋਕ ਹੈ। ਉਸ ਨੇ ਮੈਨੂੰ ਪੁਛਿਆ, "ਜੋ ਤੁਸਾਂ ਚਿੱਠੀ ਵਿਚ ਲਿਖਿਆ ਹੈ, ਕੀ ਉਹ ਧਰਮ ਨਾਲ ਆਖਦੇ ਹੋ ਕਿ ਠੀਕ ਹੈ?" ਮੈਂ ਕਿਹਾ "ਤੇ ਜੋ ਵਿਹਾਰ ਸਾਨੂੰ ਬੰਦ ਰੱਖਣ ਦਾ ਤੁਸੀਂ ਸਾਡੇ ਨਾਲ ਕਰਦੇ ਹੋ, ਕੀ ਇਹ ਠੀਕ ਹੈ? ਸਾਡੇ ਨਾਲ ਏਸੇ ਕਰਕੇ ਹੀ ਕਰਦੇ ਹੋ ਨਾ ਕਿ ਅਸੀਂ ਸਿੱਖ ਹਾਂ"। ਉਸ ਦੀਆਂ ਅੱਖਾਂ ਵਿਚ ਅਥਰੂ ਆ ਗਏ ਤੇ ਉਸ ਨੇ ਕਿਹਾ, "ਮੈਂ ਏਥੇ ਨਵਾਂ ਹੀ ਆਇਆਂ ਹਾਂ ਬਾਕੀ ਸਾਰੇ ਵੀ ਨਵੇਂ ਹੀ ਆਏ ਹਨ ਤੇ ਅਸੀਂ ਇਕੋ ਹੀ ਮਹਿਕਮੇ ਸੇਲਜ਼ ਟੈਕਸ ਵਿਚੋਂ ਆਰਜ਼ੀ ਤੌਰ 'ਤੇ ਇਥੇ ਆਏ ਹਾਂ, ਜੇ ਇਨ੍ਹਾਂ ਜੇਲ੍ਹ ਵਾਲਿਆਂ ਨੇ ਤੁਹਾਡੇ ਨਾਲ ਇਹ ਰਵੱਈਆ ਨਾ ਬਦਲਿਆ ਤਾਂ ਮੈਂ ਵਾਪਸ ਆਪਣੇ ਮਹਿਕਮੇ ਵਿਚ ਚਲਾ ਜਾਵਾਂਗਾ। ਉਸ ਨੇ ਇਹ ਵੀ ਦਸਿਆ ਕਿ "ਮੈਂ ਆਪਣੀ ਪਤਨੀ ਤੇ ਬੱਚਿਆਂ ਨਾਲ ਇਹ ਗੱਲ ਕੀਤੀ ਸੀ ਕਿ ਸਿੱਖਾਂ ਵਿਚਾਰਿਆਂ ਨੂੰ ਖਾਹ-ਮ-ਖਾਹ ਹੀ ਪ੍ਰੇਸ਼ਾਨ ਕਰ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਆਪਣੇ ਪਹਿਲੇ ਮਹਿਕਮੇ ਵਿਚ ਹੀ ਚਲੇ ਜਾਓ। ਮੈਂ ਤੁਹਾਡਾ ਕੋਈ ਫਾਇਦਾ ਨਹੀਂ ਕਰ ਸਕਦਾ, ਨਹੀਂ ਤਾਂ ਮੈਂ ਇਕ ਮਿੰਟ ਵਿਚ ਤੁਹਾਡੇ ਤੋਂ ਸਾਰੀਆਂ ਪਾਬੰਦੀਆਂ ਚੁੱਕ ਲਵਾਂ।" ਮੈਂ ਪੁਛਿਆ, ਜੇ ਤੁਹਾਨੂੰ ਸਾਡੇ ਨਾਲ ਹਮਦਰਦੀ ਹੈ ਤਾਂ ਸਾਨੂੰ ਫਿਰ ਇਹ ਦੱਸੋ ਕਿ, ਕੀ ਅਸਾਂ ਇਹ ਚਿੱਠੀਆਂ ਲਿਖਣ ਵਾਲਾ ਕੰਮ ਚੰਗਾ ਕੀਤਾ ਹੈ ਜਾਂ ਮਾੜਾ?" ਉਸ ਨੇ ਕਿਹਾ "ਮੈਂ ਤੁਹਾਡੀ ਅਕਲ ਦੀ ਦਾਦ ਦੇਂਦਾ ਹਾਂ, ਤੁਸਾਂ ਬਹੁਤ ਚੰਗਾ ਕੀਤਾ ਹੈ, ਮੈਂ ਹੈਰਾਨ ਤਾਂ ਏਥੋਂ ਹਾਂ ਕਿ ਤੁਹਾਨੂੰ ਇਸ ਗੁਪਤ ਸਕੀਮ ਦਾ ਪਤਾ ਕਿਵੇਂ ਲੱਗਾ?" ਮੈਂ ਕਿਹਾ ਜੇ ਤੁਹਾਨੂੰ ਡਿਉਢੀ ਬੈਠਿਆਂ ਨੂੰ ਸਾਡੀ ਜ਼ਰਾ ਜ਼ਰਾ ਗੱਲ ਦਾ ਪਤਾ ਲੱਗਦਾ ਹੈ ਤਾਂ ਏਸੇ

ਤਰ੍ਹਾਂ ਹੀ ਸਾਡੀ ਵੀ ਸੀ.ਆਈ.ਡੀ. ਹੈ। ਸਾਨੂੰ ਵੀ ਡਿਉਢੀ ਦੀ ਇਕ ਇਕ ਮਿੰਟ ਦੀ ਖਬਰ ਮਿਲਦੀ ਰਹਿੰਦੀ ਹੈ (ਭਾਵੇਂ ਕਿ ਇਹ ਗੱਲ ਸੌ ਫੀਸਦੀ ਝੂਠ ਸੀ)। ਫਿਰ ਮੈਂ ਉਸ ਨੂੰ ਪੁਛਿਆ, "ਸਾਡੀਆਂ ਉਹ ਚਿੱਠੀਆਂ ਡਾਕ ਵਿਚ ਪੈ ਗਈਆਂ ਹਨ ਕਿ ਰੋਕ ਲਈਆਂ ਹਨ?" ਉਸ ਨੇ ਝਿਜਕਦਿਆਂ ਆਖਿਆ, "ਏਹੋ ਜਿਹੀਆਂ ਚਿੱਠੀਆਂ ਕਦੀ ਪੋਸਟ ਹੋ ਸਕਦੀਆਂ ਹਨ?" ਮੈਂ ਕਿਹਾ, "ਅਸੀਂ ਬਾਹਰੋਂ ਵੀ ਚਿੱਠੀਆਂ ਪਾ ਦਿੱਤੀਆਂ ਹਨ, ਉਹ ਤਾਂ ਅੱਜ ਭਲਕ ਸਾਡੇ ਘਰਦਿਆਂ ਨੂੰ ਮਿਲ ਹੀ ਜਾਣਗੀਆਂ।" ਉਸ ਨੇ ਕਿਹਾ, "ਇਹ ਹੀ ਤਾਂ ਸਾਨੂੰ ਹੈਰਾਨੀ ਹੈ ਤੇ ਅਸੀਂ ਪੁੱਛ ਪੜਤਾਲ ਕਰ ਰਹੇ ਹਾਂ ਕਿ ਉਹ ਚਿੱਠੀਆਂ ਤੁਹਾਨੂੰ ਕਿਸ ਲਿਆ ਕੇ ਦਿੱਤੀਆਂ ਤੇ ਬਾਹਰ ਕਿਸ ਨੇ ਪਾਈਆਂ?" ਮੈਂ ਕਿਹਾ, "ਚਿੱਠੀਆਂ ਅਸੀਂ ਨਾਲ ਲਿਆਏ ਸਾਂ ਤੇ ਪਾਈਆਂ ਹਨ ਉਨ੍ਹਾਂ ਰਾਹੀਂ, ਜਿਹੜੇ ਡਿਉਢੀ ਦੀ ਸੀ.ਆਈ.ਡੀ. ਦੇਂਦੇ ਹਨ।" ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਸੱਚ ਮੁੱਚ ਹੀ ਚਿੱਠੀਆਂ ਬਾਹਰ ਚਲੀਆਂ ਗਈਆਂ ਹਨ ਤੇ ਜੇਲ੍ਹ ਮੁਲਾਜ਼ਮਾਂ ਨਾਲ ਇਨ੍ਹਾਂ ਨੇ ਸਬੰਧ ਸਥਾਪਤ ਕਰ ਲਏ ਹਨ। ਪਰ ਉਸ ਨੂੰ ਕਿਉਂਕਿ ਸਾਡੇ ਨਾਲ ਹਮਦਰਦੀ ਸੀ, ਇਸ ਲਈ ਉਸ ਨੇ ਕਿਹਾ, "ਹੁਣ ਜੋ ਹੋ ਗਿਆ, ਹੋ ਗਿਆ, ਆਹ ਜਿਹੜੀ ਗੱਲ ਮੈਨੂੰ ਦੱਸੀ ਹੈ, ਹੋਰ ਕਿਸੇ ਅਫ਼ਸਰ ਨੂੰ ਨਾ ਦੱਸਿਓ, ਸਗੋਂ ਰਹੱਸ ਹੀ ਰਹਿਣ ਦਿਓ, ਤੁਹਾਡਾ ਏਸੇ ਨਾਲ ਹੀ ਫਾਇਦਾ ਹੈ। ਇਹ ਹੁਣ ਚੱਕਰ ਵਿਚ ਪੈ ਗਏ ਹਨ, ਛੇਤੀ ਕੀਤੇ ਇਸ ਚੱਕਰ ਵਿਚੋਂ ਨਹੀਂ ਨਿਕਲਦੇ। ਤੁਸੀਂ ਬੱਸ ਦੜ ਹੀ ਵੱਟ ਜਾਓ। ਅੱਜ ਤੁਹਾਨੂੰ ਪੁੱਛਣ ਆਉਣਗੇ, ਏਹੋ ਹੀ ਆਖੋ, "ਬਹੁਤੀ ਗੱਲ ਹੈ ਤਾਂ ਸਾਡੇ 'ਤੇ ਕੇਸ ਦਰਜ ਕਰਵਾ ਲਓ, ਅਸੀਂ ਤੁਹਾਨੂੰ ਕਿਉਂ ਦੱਸੀਏ?" ਅਸਾਂ ਏਸੇ ਤਰ੍ਹਾਂ ਹੀ ਕੀਤਾ, ਸਕੀਮ ਬੜੀ ਸਫਲ ਸੀ। ਉਹ ਅਫ਼ਸਰ ਉਸ ਤੋਂ ਬਾਅਦ ਵੀ ਸਾਡੀ ਬੜੀ ਮਦਦ ਕਰਦਾ ਰਿਹਾ ਤੇ ਅਖੀਰ ਵਿਚਾਰੇ ਨੂੰ ਸਾਡੇ ਲਈ ਸਟੈਂਡ ਲੈਣ ਕਰਕੇ ਤੇ ਹਾਅ ਦਾ ਨਾਅਰਾ ਮਾਰਨ ਕਰਕੇ ਹੀ ਬੜੇ ਦੁੱਖ ਉਠਾਉਣੇ ਪਏ ਤੇ ਲੰਮੀ ਛੁੱਟੀ ਜਾਣਾ ਪਿਆ। ਇਸ ਦਾ ਜ਼ਿਕਰ ਅੱਗੇ ਜਾ ਕੇ ਆਵੇਗਾ।

ਸੱਭ ਤੋਂ ਮਹੱਤਵਪੂਰਨ ਵਿਅਕਤੀ

ਅਸੀਂ ਹਸਪਤਾਲ ਦਵਾਈ ਲੈਣ ਜਾਂਦੇ ਤਾਂ ਪਰਚੀਆਂ ਬਣਾਉਣ ਵਾਲਿਆਂ ਦੀ ਪਹਿਲਾਂ ਤੋਂ ਲੱਗੀ ਮਰੀਜਾਂ ਦੀ ਲੰਬੀ ਲਾਈਨ ਉਥੇ ਹੀ ਰੁਕ ਜਾਂਦੀ। ਸਭ ਤੋਂ ਪਹਿਲਾਂ ਸਾਡੀਆਂ ਪਰਚੀਆਂ ਬਣਦੀਆਂ। ਪਰਚੀ ਬਣਵਾ ਕੇ ਅਸੀਂ ਡਾਕਟਰ ਕੋਲ ਜਾਂਦੇ ਤਾਂ ਉਥੇ ਵੀ ਏਸੇ ਤਰ੍ਹਾਂ ਹੀ ਹੁੰਦਾ। ਲੰਬੀ ਲੱਗੀ ਲਾਈਨ ਰੁਕ ਜਾਂਦੀ, ਅਸੀਂ ਵਾਰੋ ਵਾਰੀ ਅੰਦਰ ਜਾਂਦੇ। ਸਾਨੂੰ ਕੋਈ ਖਾਸ ਤਕਲੀਫ ਤੇ ਹੁੰਦੀ ਨਹੀਂ ਸੀ, ਐਵੇਂ ਬੱਸ ਨੀਂਦ ਨਹੀਂ ਆਉਂਦੀ, ਪੇਟ ਦਰਦ ਰਹਿੰਦੀ ਹੈ, ਟੱਟੀਆਂ ਲੱਗੀਆਂ ਹਨ, ਖਾਂਸੀ ਹੈ ਵਗੈਰਾ-ਵਗੈਰਾ। ਦੁੱਖ ਦੱਸ ਕੇ ਅਸੀਂ ਦਵਾਈ ਲੈਂਦੇ ਤੇ ਸਾਡੇ ਤੋਂ ਵੇਹਲੇ ਹੋ ਕੇ ਡਾਕਟਰ ਦੂਜੇ ਮਰੀਜ਼ਾਂ ਨੂੰ ਵੇਖਦੇ। ਉਹ ਦਵਾਈ ਅਸੀਂ ਲੈ ਆਉਂਦੇ ਪਰ ਖਾਂਦੇ ਕਦੇ ਨਾ ਤੇ ਗਟਰ ਵਿਚ ਸੁੱਟ ਦੇਂਦੇ।

ਉਨ੍ਹਾਂ ਦਿਨਾਂ ਵਿਚ ਇਕ ਤਾਂ ਗਰਮੀ ਬਹੁਤ ਸੀ, ਦੂਸਰਾ ਮੱਛਰ ਬਹੁਤ ਸੀ। ਮੱਛਰ ਸਾਡੇ ਗਿੱਟਿਆਂ 'ਤੇ ਲੜ ਲੜ ਕੇ ਗਿੱਟੇ ਤੇ ਪੈਰ ਸੁਜਾ ਛੱਡਦਾ, ਬਾਹਵਾਂ, ਹੱਥਾਂ ਤੇ ਮੂੰਹ 'ਤੇ ਵੀ ਮੱਛਰ ਲੜਦਾ। ਕਦੀ ਅਸੀਂ ਪੱਗਾਂ ਉਪਰ ਲੈ ਕੇ ਸੌਣ ਦੀ ਕੋਸ਼ਿਸ਼ ਕਰਦੇ, ਕਦੇ ਕੁਝ। ਪਰ ਗਰਮੀ ਦੇ ਤਾਂ ਭੱਠ ਤਪਦੇ ਸਨ। ਪੱਗ ਉੱਤੇ ਲੈ ਕੇ ਨੀਂਦ ਕਿਥੇ ਆਉਣੀ ਸੀ? ਤੇ ਮੱਛਰ ਬਹੁਤ ਦੰਦੀਆਂ ਵੱਢਦਾ ਸੀ। ਇਹ ਸ਼ੁਕਰ ਹੈ ਕਿ ਇਹ ਮੱਛਰ ਮਲੇਰੀਏ ਵਾਲਾ ਨਹੀਂ

ਸੀ। ਆਮ ਤੌਰ 'ਤੇ ਡਾਕਟਰ ਨੂੰ ਮੈਂ ਇਹ ਕਹਿੰਦਾ ਕਿ ਮੈਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ, ਇਸ ਲਈ ਉਹ ਪਹਿਲਾਂ ਤਾਂ ਮੈਨੂੰ ਇਕ ਕੰਪੋਜ ਦੀ ਗੋਲੀ ਲਿਖ ਕੇ ਦਿਆ ਕਰਦਾ। ਇਕ ਦਿਨ ਮੈਂ ਉਸ ਨੂੰ ਕਿਹਾ, "ਮੇਰਾ ਇਕ ਗੋਲੀ ਨਾਲ ਕੁਝ ਨਹੀਂ ਬਣਦਾ ਮੈਨੂੰ ਘੱਟ ਤੋਂ ਘੱਟ ਦੋ ਚਾਹੀਦੀਆਂ ਹਨ। ਉਹ ਇਸ ਲਈ ਕਿ ਮੈਂ ਪਹਿਲਾਂ ਸ਼ਰਾਬ ਪੀਂਦਾ ਹੁੰਦਾ ਸੀ, ਇਸ ਲਈ ਇਕ ਗੋਲੀ ਅਸਰ ਨਹੀਂ ਕਰਦੀ।" ਫਿਰ ਉਹ ਵਿਚਾਰਾ ਦੋ ਦੇ ਦਿਆ ਕਰੇ। ਏਸੇ ਤਰ੍ਹਾਂ ਕੁਝ ਗੋਲੀਆਂ ਮੈਂ ਦਵਾਈ ਦੇਣ ਵਾਲੇ ਕੰਪਾਊਡਰ ਤੋਂ ਵੀ ਲੈ ਲੈਂਦਾ ਤੇ ਰੋਜ ਰਾਤ ਨੂੰ ਇਕ ਖਾ ਕੇ ਸੌਂ ਜਾਂਦਾ, ਨੀਂਦ ਆ ਜਾਂਦੀ ਤੇ ਮੱਛਰ ਦੇ ਵੱਢਣ ਦਾ ਪਤਾ ਨਾ ਲੱਗਦਾ। ਅਸਲ ਵਿਚ ਉਹ ਵੀ ਇਕ ਹੱਡੀਆਂ ਦਾ ਡਾਕਟਰ ਸੀ ਤੇ ਉਸ ਕੋਲੋਂ ਸੱਸ ਦਾ ਕਤਲ ਹੋ ਗਿਆ ਸੀ। ਉਸ ਨੇ ਐਵੇਂ ਮਾੜਾ ਜਿਹਾ ਹੀ ਧੱਕਾ ਆਪਣੀ ਸੱਸ ਨੂੰ ਦਿੱਤਾ, ਉਹ ਡਿੱਗ ਪਈ ਤੇ ਮਰ ਗਈ। ਉਹ ਵਿਚਾਰਾ ਮੁਕੱਦਮੇ ਅਧੀਨ ਕੈਦੀ ਹੈ ਤੇ ਦਵਾਈਆਂ ਦੇਣ ਦੇ ਕੰਮ 'ਤੇ ਲਾਇਆ ਹੋਇਆ ਹੈ। ਦੂਸਰਾ ਇਕ ਹੋਰ ਕੰਪਾਊਂਡਰ ਹੈ। ਉਹ ਵੀਹ ਸਾਲ ਕਤਲ ਦੇ ਕੇਸ ਵਿਚ ਬੱਝਾ ਹੋਇਆ ਹੈ। ਅਸੀਂ ਪਹਿਲਾਂ ਉਸ ਨੂੰ ਅਸਲੀ ਡਾਕਟਰ ਤੇ ਦੂਜੇ ਨੂੰ ਅਸਲੀ ਕੰਪਾਊਂਡਰ ਸਮਝਦੇ ਸੀ ਪਰ ਬਾਅਦ ਵਿਚ ਪਤਾ ਲੱਗਾ ਕਿ ਇਹ ਵੀ ਵਿਚਾਰੇ ਸਾਡੇ ਵਰਗੇ ਹੀ ਹਨ। ਇਕ ਵਾਰ ਉਸ ਦਾ ਮੇਰੇ ਨਾਲ ਝਗੜਾ ਹੋ ਗਿਆ। ਉਹ ਮੈਨੂੰ ਆਖ ਬੈਠਾ, "ਆਓ ਸਰਦਾਰ ਜੀ, ਟੀਕਾ ਲਵਾ ਲਓ", ਮੈਂ "ਕਿਹਾ ਸਰਿਜ ਚੰਗੀ ਤਰ੍ਹਾਂ ਉਬਲੀ ਹੈ?" ਉਸ ਨੇ ਕਿਹਾ, "ਤੁਹਾਡੇ ਲਈ ਖਾਸ ਤੌਰ 'ਤੇ ਉਬਾਲਣੀ ਹੈ?" ਮੈਂ ਵੀ ਗਰਮ ਹੋ ਗਿਆ ਤੇ ਉਸ ਨੂੰ ਕਿਹਾ, "ਤੈਨੂੰ ਪਤੈ? ਏਡਜ਼ ਦਾ ਰੋਗ ਬਹੁਤਾ ਸਰਿਜ ਤੋਂ ਹੀ ਫੈਲਦਾ ਹੈ, ਪਹਿਲਾਂ ਚੰਗੀ ਤਰ੍ਹਾਂ ਉਬਾਲ ਨਹੀਂ ਤੇ ਮੈਂ ਟੀਕਾ ਨਹੀਂ ਲਵਾਉਣਾ।" ਉਸ ਨੇ ਮੈਨੂੰ ਆਮ ਕੈਦੀ ਸਮਝ ਲਿਆ ਤੇ ਮੈਨੂੰ ਕਹਿ ਦਿੱਤਾ "ਤੂੰ ਅੰਦਰ ਕਿਉਂ ਆਇਆ ਹੈ, ਬਾਹਰੋਂ ਦਵਾਈ ਕਿਉਂ ਨਹੀਂ ਲੈਂਦਾ।" ਮੈਂ ਕਿਹਾ, "ਤੈਨੂੰ ਪਤਾ ਹੈ ਮੈਂ ਕੌਣ ਹਾਂ?" ਉਸ ਕਿਹਾ "ਏਥੇ ਤੇਰੇ ਵਰਗੇ ਬਥੇਰੇ ਆਉਂਦੇ ਹਨ।" ਕੜਾਕ ਕਰਦਾ ਇਕ ਥੱਪੜ ਉਸ ਦੇ ਕੰਨ 'ਤੇ ਵੱਜਾ ਤੇ ਉਹ ਪਰ੍ਹਾਂ ਪਏ ਮੇਜ਼ 'ਤੇ ਜਾ ਡਿੱਗਾ। ਮੈਂ ਕਿਹਾ, "ਮੈਂ ਅੱਤਵਾਦੀ ਹਾਂ, ਜਿਸ ਨੂੰ ਅੰਗਰੇਜ਼ੀ ਵਿਚ ਟੈਰਾਰਿਸਟ ਆਖਦੇ ਹਨ ਤੇ ਤੇਰਾ ਪਿਓ ਲੱਗਦਾ ਹਾਂ। ਚੰਗੇ ਬੱਚੇ ਵੱਡਿਆਂ ਨਾਲ ਚੰਗੀ ਤਰ੍ਹਾਂ ਬੋਲਦੇ ਹਨ।" ਜਦ ਮੈਂ ਉਸ ਨੂੰ ਦੁਬਾਰਾ ਕਾਲਰ ਤੋਂ ਫੜ ਕੇ ਉਠਾਇਆ ਤਾਂ ਉਹ ਹੱਥ ਜੋੜ ਕੇ ਮੁਆਫੀ ਮੰਗਣ ਲੱਗ ਪਿਆ। ਇਸ ਤਰ੍ਹਾਂ ਹੋਣ 'ਤੇ ਲਾਗੇ ਖਲੋਤਾ ਹੱਡੀਆਂ ਦਾ ਡਾਕਟਰ ਬਾਹਰ ਨੂੰ ਭੱਜ ਤੁਰਿਆ, ਜਿਸ ਨੂੰ ਮੇਰੇ ਨਾਲ ਦੇ ਸਾਥੀ ਨੇ ਫੜ ਕੇ ਫੇਰ ਕੁਰਸੀ 'ਤੇ ਧੱਕਾ ਦੇ ਕੇ ਬਿਠਾ ਦਿੱਤਾ ਤੇ ਕਿਹਾ, "ਬੀਬਾ ਬਚਾ ਬਣ ਕੇ ਏਥੇ ਹੀ ਬੈਠ"। ਖੈਰ! ਉਨ੍ਹਾਂ ਦੋਹਾਂ ਆਖਿਆ ਕਿ ਸਾਨੂੰ ਪਤਾ ਨਹੀਂ ਸੀ, ਮੁਆਫੀ ਦਿੱਤੀ ਜਾਵੇ। ਅਸੀਂ ਵੀ ਜ਼ਿਆਦਾ ਦੇਰ ਉਥੇ ਠਹਿਰਨਾ ਮੁਨਾਸਬ ਨਾ ਸਮਝਿਆ ਤੇ ਬਾਹਰ ਆ ਗਏ। ਬੱਸ ਉਹ ਦਿਨ ਜਾਵੇ, ਅੱਜ ਦਾ ਆਵੇ, ਜਿੰਨੀ ਯਾਰੀ ਸਾਡੀ ਉਨ੍ਹਾਂ ਨਾਲ ਨਿਭੀ ਹੈ, ਕਿਸੇ ਹੋਰ ਨਾਲ ਨਹੀਂ ਨਿਭੀ।

ਕਦੀ ਕਦੀ ਦੂਸਰੇ ਸਾਥੀ ਵੀ ਹਸਪਤਾਲ ਚਲੇ ਜਾਂਦੇ। ਆਮ ਤੌਰ 'ਤੇ ਉਹ ਬਾਹਰ ਜਾਣ ਦੇ ਸ਼ੌਕੀਨ ਹੀ ਨਹੀਂ ਸਨ। ਜਦੋਂ ਕਦੀ ਜਾਂਦੇ ਤਾਂ ਮੈਂ ਉਨ੍ਹਾਂ ਨੂੰ ਕਹਿ ਦੇਂਦਾ ਨੀਂਦ ਨਾ ਆਉਣ ਦੀ ਸ਼ਿਕਾਇਤ ਕਰਕੇ ਫਲਾਣੀਆਂ ਗੋਲੀਆਂ ਲੈ ਆਇਓ। ਇਸ ਤਰ੍ਹਾਂ ਹਰ ਰੋਜ਼ ਮੈਂ ਇਕ ਗੋਲੀ ਖਾ ਕੇ ਸੌਂ ਜਾਂਦਾ ਤੇ ਸਾਰੀ ਰਾਤ ਘੁਰਾੜੇ ਮਾਰਦਾ ਰਹਿੰਦਾ। ਵੈਸੇ ਮੈਨੂੰ

ਘਰ ਵੀ ਨੀਂਦ ਨਹੀਂ ਸੀ ਆਉਂਦੀ। ਕਿਉਂਕਿ ਮੈਂ ਰਾਤ ਦੇ ਡੇਢ ਦੋ ਵਜੇ ਤੱਕ ਪੜ੍ਹਦਾ ਰਹਿੰਦਾ ਸਾਂ ਤੇ ਉਸ ਤੋਂ ਬਾਅਦ ਮੈਨੂੰ ਨੀਂਦ ਆਉਂਦੀ ਸੀ ਤੇ ਇਸ ਤਰ੍ਹਾਂ ਸਵੇਰੇ ਮੈਂ ਲੇਟ ਉਠਣ ਦਾ ਆਦੀ ਸਾਂ, ਸੋ ਉਥੇ ਕੋਈ ਖਾਸ ਤਕਲੀਫ ਨਹੀਂ ਸੀ। ਇਕ ਹਿਸਾਬ ਲਾਇਆ ਜਾਵੇ ਤਾਂ ਅਸਾਂ ਇਕੱਲੇ-ਇਕੱਲੇ ਨੇ ਦੋ ਹਜ਼ਾਰ ਰੁਪਏ ਦੀਆਂ ਦਵਾਈਆਂ ਖਰਾਬ ਕੀਤੀਆਂ ਹੋਣਗੀਆਂ। ਕੀ ਤਾਕਤ ਦੀਆਂ ਦਵਾਈਆਂ, ਕੀ ਖਾਂਸੀ ਦੀਆਂ ਦਵਾਈਆਂ ਤੇ ਬਾਕੀ ਹੋਰ ਦਵਾਈਆਂ ਵਗੈਰਾ। ਇਹ ਸਿਲਸਿਲਾ ਅਖੀਰ ਤੱਕ ਚਲਦਾ ਰਿਹਾ। ਇਸ ਤਰ੍ਹਾਂ ਬਾਹਰ ਜਾ ਕੇ ਸਾਡਾ ਮਨੋਰੰਜਨ ਵੀ ਹੋ ਜਾਂਦਾ ਤੇ ਫਿਰ ਤੁਰ ਵੀ ਆਉਂਦੇ ਸਾਂ। ਇਸ ਸਹੂਲਤ ਦੇ ਬਦਲੇ ਸਾਨੂੰ ਕੁਝ ਪੈਸੇ ਹੈੱਡ ਵ੍ਹਾਰਡਨ ਨੂੰ ਦੇਣੇ ਪੈਂਦੇ ਸਨ। ਪਰ ਸਾਡੇ 'ਤੇ ਇਹ ਪਾਬੰਦੀ ਜ਼ਰੂਰ ਸੀ ਕਿ ਅਸੀਂ ਕਿਸੇ ਵਾਰਡ ਵਿਚ ਨਹੀਂ ਸੀ ਜਾ ਸਕਦੇ। ਵਾਰਡ ਦੇ ਕੋਲੋਂ ਲੰਘਣ ਲੱਗੇ ਅਸੀਂ ਆਪਣੇ ਦੋਸਤਾਂ ਨੂੰ ਸੁਨੇਹਾ ਦੇ ਦੇਂਦੇ ਤੇ ਸਾਡੇ ਮਗਰੇ ਹੀ ਉਹ ਵੀ ਹਸਪਤਾਲ ਆ ਜਾਂਦੇ ਤੇ ਮੇਲੇ ਗੇਲੇ ਹੋ ਜਾਂਦੇ।

ਜੇਲ੍ਹ ਦੀ ਰੋਟੀ

ਜੇਲ੍ਹ ਵਿਚ ਪਹਿਲੇ ਦਿਨ ਜਾਣ ਤੋਂ ਲੈ ਕੇ ਕੋਈ ਪੰਦਰਾਂ ਕੁ ਦਿਨ ਅਸੀਂ ਪਰੇਡ ਦੀ ਰੋਟੀ ਖਾਧੀ। ਪਰੇਡ ਦੀ ਰੋਟੀ ਤੋਂ ਭਾਵ ਉਸ ਪੱਕੀ ਪਕਾਈ ਰੋਟੀ ਤੇ ਸਬਜ਼ੀ ਤੋਂ ਹੈ, ਜੋ ਸੀ ਕਲਾਸ ਦੇ ਕੈਦੀਆਂ ਤੇ ਮੁਕੱਦਮੇ ਅਧੀਨ ਕੈਦੀਆਂ ਨੂੰ ਦਿੱਤੀ ਜਾਂਦੀ ਹੈ। ਉਨ੍ਹਾਂ ਰੋਟੀਆਂ ਦਾ ਅਕਾਰ ਕਿਵੇਂ ਵੀ ਹਾਥੀ ਦੇ ਕੰਨਾਂ ਤੋਂ ਛੋਟਾ ਨਹੀਂ ਹੁੰਦਾ। ਇਕ ਕੈਦੀ ਨੂੰ ਜਾਂ ਸੁਣਵਾਈ ਅਧੀਨ ਕੈਦੀ ਨੂੰ ਗਿਣਤੀ ਵਿਚ ਤਿੰਨ ਰੋਟੀਆਂ ਮਿਲਦੀਆਂ ਹਨ। ਨਾ ਚਾਰ ਮਿਲਦੀਆਂ ਹਨ ਨਾ ਦੋ। ਜੇ ਕਿਸੇ ਦੀ ਰੋਟੀ ਵੱਧ ਜਾਵੇ ਜਾਂ ਉਸ ਨੇ ਨਾ ਖਾਣੀ ਹੋਵੇ ਤਾਂ ਉਹ ਆਪਣੀ ਚੱਕੀ ਦੇ ਬਾਹਰ ਵੱਧੀ ਹੋਈ ਰੋਟੀ ਸੁੱਟ ਦੇਂਦਾ ਹੈ ਤੇ ਦੂਸਰੇ ਦਿਨ ਮੁਸ਼ੱਕਤੀ ਜਮਾਂਦਾਰ (ਜੋ ਆਮ ਕਰਕੇ ਕੈਦੀ ਹੁੰਦੇ ਹਨ) ਕੂੜੇ ਵਿਚ ਹੀ ਚੁੱਕ ਕੇ ਲੈ ਜਾਂਦੇ ਹਨ ਜਾਂ ਕਈ ਚੂਰ ਕੇ ਕਬੂਤਰਾਂ ਤੇ ਕਾਵਾਂ ਨੂੰ ਪਾ ਦੇਂਦੇ ਹਨ। ਰੋਟੀਆਂ ਦਾ ਅੰਨ ਏਨਾ ਖਰਾਬ ਹੁੰਦਾ ਹੈ ਕਿ ਏਨੀਆਂ ਰੋਟੀਆਂ ਨਾਲ (ਜੇ ਤਿਹਾੜ ਜੇਲ੍ਹ ਦੀਆਂ ਫਾਲਤੂ ਰੋਟੀਆਂ ਇਕੱਠੀਆਂ ਕਰਕੇ ਵਰਤਾਈਆਂ ਜਾਣ) ਤਾਂ ਪੂਰੇ ਪਿੰਡ ਦੇ ਲੋਕ ਰੋਜ਼ ਰੱਜ ਸਕਦੇ ਹਨ। ਸਬਜ਼ੀ ਜਾਂ ਦਾਲ ਏਨੀ ਘਟੀਆ ਵੀ ਨਹੀਂ ਹੁੰਦੀ। ਪਰ ਅਰਬੀ ਨੂੰ ਕੋਈ ਛਿਲਦਾ ਨਹੀਂ ਬੱਸ ਬੋਰੀ ਵਿਚ ਪਾ ਕੇ ਰਗੜ ਦੇਂਦੇ ਹਨ ਤੇ ਉਸੇ ਤਰ੍ਹਾਂ ਹੀ ਧੋ ਕੇ ਬਣਾ ਦੇਂਦੇ ਹਨ। ਉਸੇ ਤਰ੍ਹਾਂ ਹੀ ਉਨ੍ਹਾਂ ਉਪਰ ਛਿੱਲਾਂ ਹੁੰਦੀਆਂ ਹਨ, ਜੋ ਕੈਦੀ ਖਾਣ ਲੱਗੇ ਉਦੋਂ ਲਾਹੁੰਦੇ ਹਨ। ਏਸੇ ਤਰ੍ਹਾਂ ਹੀ ਹਲਵੇ ਕੱਦੂ ਦੀ ਸਬਜ਼ੀ 'ਤੇ ਵੀ ਛਿਲ ਹੁੰਦੀ ਹੈ। ਗੱਲ ਕੀ ਹਰ ਸਬਜ਼ੀ ਕੋਈ ਚੰਗੀ ਤਰ੍ਹਾਂ ਛਿੱਲ ਕੇ ਨਹੀਂ ਬਣਾਈ ਜਾਂਦੀ। ਚਾਹ ਤਾਂ ਸਿਰਫ ਤੱਤਾ ਪਾਣੀ ਹੀ ਹੁੰਦਾ ਹੈ, ਨਾ ਖੰਡ ਨਾ ਪੱਤੀ ਬੱਸ ਐਵੇਂ ਪਾਣੀ ਦਾ ਰੰਗ ਹੀ ਬਦਲਿਆ ਹੁੰਦਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਲੰਗਰ ਵਾਲਿਆਂ ਨੂੰ ਪੂਰਾ ਸਮਾਨ ਨਹੀਂ ਮਿਲਦਾ। ਸਮਾਨ ਪੂਰਾ ਮਿਲਦਾ ਹੈ। ਉਪਰਲੇ ਅਫ਼ਸਰ ਤੋਂ ਲੈ ਕੇ ਥੱਲੇ ਤੱਕ ਦੇ ਛੋਟੇ ਕਰਮਚਾਰੀ ਟਾਂਕਾ ਲਾਉਂਦੇ ਹਨ। ਆਟਾ ਬਹੁਤ ਵਧੀਆ ਹੁੰਦਾ ਹੈ। ਕੋਈ ਕਿਰਕ ਜਾਂ ਕਿਸੇ ਕਿਸਮ ਦੀ ਖਰਾਬੀ ਨਹੀਂ ਹੁੰਦੀ। ਏਸੇ ਤਰ੍ਹਾਂ ਹੀ ਗਰਮ ਮਸਾਲਾ ਵਗੈਰਾ ਤੇ ਚਾਹ ਪੱਤੀ ਆਦਿ ਹਰ ਚੀਜ਼ ਸਕੇਲ ਦੇ ਹਿਸਾਬ ਨਾਲ ਸਹੀ ਮਿਲਦੀ ਹੈ ਪਰ ਉਸ ਦੀਆਂ ਵੰਡੀਆਂ ਪੈ ਜਾਂਦੀਆਂ ਹਨ। ਪਰ ਫਿਰ ਵੀ ਰੋਟੀ ਠੀਕ ਹੀ ਹੁੰਦੀ ਹੈ।

ਰੋਟੀ ਤੰਦੂਰ ਵਿਚ ਬਣਦੀ ਹੈ ਤੇ ਸ਼ਾਇਦ ਸਾਰੇ ਹਿੰਦੋਸਤਾਨ ਦੀਆਂ ਜੇਲ੍ਹਾਂ ਵਿਚ ਇਹ ਰੋਟੀਆਂ ਬਣਾਉਣ ਦਾ ਇਕ ਹੀ ਢੰਗ ਹੁੰਦਾ ਹੈ। ਇਹ ਨਾ ਤਾਂ ਕੱਚੀਆਂ ਹੁੰਦੀਆਂ ਹਨ ਤੇ ਨਾ ਹੀ ਰੜੀਆਂ ਹੋਈਆਂ ਹੁੰਦੀਆਂ ਹਨ। ਕੋਈ ਬਿਰਧ ਆਦਮੀ ਇਹ ਨਹੀਂ ਕਹਿ ਸਕਦਾ ਕਿ ਮੇਰੇ ਦੰਦ ਨਹੀਂ ਤੇ ਇਹ ਸਖਤ ਰੋਟੀਆਂ ਮੈਂ ਖਾ ਨਹੀਂ ਸਕਦਾ। ਏਸੇ ਤਰ੍ਹਾਂ ਇਨ੍ਹਾਂ ਨੂੰ ਕੋਈ ਕੱਚੀਆਂ ਵੀ ਨਹੀਂ ਆਖ ਸਕਦਾ। ਸਬਜੀ ਆਮ ਤੌਰ 'ਤੇ ਉਹ ਹੀ ਬਣਦੀ ਹੈ, ਜੋ ਜੇਲ੍ਹ ਦੇ ਫਾਰਮ ਦੀ ਆਪਣੀ ਹੋਵੇ। ਇਕ ਵਹਿਮ ਜਾਂ ਪ੍ਰਚਲਤ ਗੱਲ ਇਹ ਸੁਣਨ ਵਿਚ ਆਉਂਦੀ ਸੀ ਕਿ ਇਨ੍ਹਾਂ ਰੋਟੀਆਂ ਦਾ ਆਟਾ ਲੰਗਰ ਵਿਚ ਪੈਰਾਂ ਨਾਲ ਗੁੰਨਿਆ ਜਾਂਦਾ ਹੈ, ਜੋ ਬਿਲਕੁਲ ਹੀ ਗਲਤ ਅਤੇ ਬੇ-ਬੁਨਿਆਦ ਹੈ। ਮੈਂ ਆਪ ਲੰਗਰ ਵਿਚ ਜਾ ਕੇ ਇਹ ਸਾਰਾ ਪ੍ਰਬੰਧ ਵੇਖਿਆ ਹੈ। ਸਫਾਈ ਵੀ ਲੰਗਰ ਵਿਚ ਬੜੀ ਹੁੰਦੀ ਹੈ, ਬਹੁਤ ਵੱਡੇ ਸਬਜੀ, ਦਾਲ ਵਾਲੇ ਪਤੀਲੇ ਸਾਫ ਸੁਥਰੇ ਅਤੇ ਲਿਸ਼ਕਾ ਮਾਰਦੇ ਹਨ। ਹਾਂ ਇਹ ਜ਼ਰੂਰ ਹੁੰਦਾ ਹੈ ਕਿ ਜਦੋਂ ਆਟਾ ਗੁੰਨਿਆ ਜਾਂਦਾ ਹੈ ਤਾਂ ਆਟਾ ਗੁੰਨਣ ਵਾਲੇ ਦਾ ਪਸੀਨਾ ਬਹੁਤ ਚੋਅ ਰਿਹਾ ਹੁੰਦਾ ਹੈ, ਹਾਲਾਂਕਿ ਉਪਰ ਪੱਖੇ ਵਗੈਰਾ ਲੱਗੇ ਹੋਏ ਹਨ। ਉਹ ਤਾਂ ਬਿਲਕੁਲ ਉਸੇ ਤਰ੍ਹਾਂ ਹੀ ਹੈ, ਜਿਵੇਂ ਫੌਜ ਦੀ ਰੋਟੀ ਤਿਆਰ ਹੁੰਦੀ ਹੈ। ਲੰਗਰ ਦੇ ਮੁਸ਼ੱਕਤੀਆਂ ਦੇ ਮਨੋਰੰਜਨ ਵਾਸਤੇ ਟੈਲੀਵਿਜਨ ਵੀ ਲੱਗਾ ਹੋਇਆ ਹੈ। ਆਮ ਤੌਰ 'ਤੇ ਲੰਗਰ ਵਿਚ ਕੰਮ ਕਰਨ ਵਾਲੇ ਅਫੀਮਚੀ ਤੇ ਸਮੈਕੀਏ ਹਨ। ਉਹ ਆਪਣੀ ਸਮੈਕ ਤੇ ਅਫੀਮ ਦਾ ਸਾਰਾ ਖਰਚਾ ਲੰਗਰ ਦਾ ਆਟਾ ਜਾਂ ਮਸਾਲਾ ਜਾਂ ਚਾਹ ਪੱਤੀ ਵੇਚ ਕੇ ਪੂਰਾ ਕਰਦੇ ਹਨ। ਲੰਗਰ ਵਿਚ ਜੋ ਲੱਕੜਾਂ ਬਲਦੀਆਂ ਹਨ, ਉਨ੍ਹਾਂ ਦੇ ਕੋਲੇ ਵੀ ਜੇਲ੍ਹ ਵਿਚ ਬੜੇ ਮਹਿੰਗੇ ਵਿਕਦੇ ਹਨ। ਆਮ ਵਾਰਡਾਂ ਵਿਚ ਕੈਦੀਆਂ ਨੇ ਛੋਟੇ ਛੋਟੇ ਡਾਲਡੇ ਦੇ ਡੱਬਿਆਂ ਦੀਆਂ ਅੰਗੀਠੀਆਂ ਬਣਾਈਆਂ ਹੁੰਦੀਆਂ ਹਨ। ਉਹ ਸਾਰੀਆਂ ਜੇਲ੍ਹ ਅਧਿਕਾਰੀਆਂ ਤੋਂ ਚੋਰੀ ਹੀ ਰੱਖੀਆਂ ਹੁੰਦੀਆਂ ਹਨ ਜਾਂ ਫਿਰ ਪੈਸੇ ਦੇ ਕੇ ਰੱਖੀਆਂ ਹੁੰਦੀਆਂ ਹਨ। ਉਨ੍ਹਾਂ ਅੰਗੀਠੀਆਂ 'ਤੇ ਹੀ ਉਹ ਚਾਹ ਵਗੈਰਾ ਬਣਾ ਲੈਂਦੇ ਹਨ ਤੇ ਦਾਲ ਨੂੰ ਤੜਕਾ ਲਾ ਲੈਂਦੇ ਹਨ ਜਾਂ ਰੋਟੀਆਂ ਗਰਮ ਕਰ ਲੈਂਦੇ ਹਨ। ਸਾਰੇ ਹੀ ਕੈਦੀ ਰੋਟੀਆਂ ਦੇ ਬਾਹਰਲੇ ਮੋਟੇ ਕੰਢੇ ਲਾਹ ਦੇਂਦੇ ਹਨ। ਉਹ ਕੁਝ ਮੋਟੇ ਹੁੰਦੇ ਹਨ ਪਰ ਏਡੇ ਮੋਟੇ ਵੀ ਨਹੀਂ ਹੁੰਦੇ ਹੋ ਸਕਦਾ ਹੈ ਰਿਵਾਜ਼ ਹੀ ਪੈ ਗਿਆ ਹੋਵੇ। ਅਧਿਕਾਰੀ ਜਦੋਂ ਤਲਾਸ਼ੀ ਲੈਂਦੇ ਹਨ ਤਾਂ ਅੰਗੀਠੀਆਂ ਤੋੜ ਦੇਂਦੇ ਹਨ ਜਾਂ ਚੁੱਕ ਲਿਆਉਂਦੇ ਹਨ ਪਰ ਕੈਦੀ ਦੂਜੇ ਹੀ ਦਿਨ ਫਿਰ ਬਣਾ ਲੈਂਦੇ ਹਨ। ਬੱਸ ਡਾਲਡੇ ਦਾ ਡੱਬਾ ਹੀ ਚਾਹੀਦਾ ਹੈ। ਕਈਆਂ ਦਾ ਤਾਂ ਇਹ ਬਣਾ ਬਣਾ ਕੇ ਵੇਚਣ ਦਾ ਧੰਦਾ ਜਿਹਾ ਹੀ ਬਣਿਆ ਹੋਇਆ ਹੈ। ਗੱਲ ਕੀ ਜੇਲ੍ਹ ਦੀ ਇਕ ਆਪਣੀ ਹੀ ਦੁਨੀਆਂ ਹੈ।

ਅਸੀਂ ਪਹਿਲੇ ਪੰਦਰਾਂ ਦਿਨ ਰੋਟੀਆਂ ਵੀ ਵਿਚ ਵਿਚ ਖਾਂਦੇ ਰਹੇ ਪਰ ਸਾਡਾ ਬਹੁਤਾ ਗੁਜ਼ਾਰਾ ਕੰਟੀਨ ਤੋਂ ਮੰਗਵਾਏ ਹੋਏ ਬਿਸਕੁਟਾਂ, ਰਸਾਂ ਤੇ ਨਮਕੀਨ ਵਗੈਰਾ ਦੇ ਪੈਕਟਾਂ 'ਤੇ ਹੀ ਸੀ। ਚਾਹ ਬਣਾਉਣ ਦੀ ਸਾਡੇ 'ਤੇ ਸਖਤ ਪਾਬੰਦੀ ਸੀ ਸਗੋਂ ਦੂਜੇ ਵਾਰਡ ਵਾਲਿਆਂ ਨੂੰ ਤਾਂ ਇਹ ਵੀ ਹਦਾਇਤ ਸੀ ਕਿ ਸਾਡੇ ਨਾਲ ਗੱਲਬਾਤ ਵੀ ਨਾ ਕਰਨ। ਫਿਰ ਵੀ ਅਸੀਂ ਐਸਾ ਪ੍ਰਬੰਧ ਕਰ ਹੀ ਲਿਆ ਕਿ ਇਕ ਕੈਦੀ ਸਾਨੂੰ ਚਾਹ ਬਣਾ ਦਿਆ ਕਰੇ। ਉਹ ਚਾਹ ਕਦੀ ਬਣਾ ਦਿਆ ਕਰੇ, ਕਦੇ ਕਹਿ ਦਿਆ ਕਰੇ ਕਿ ਮੈਨੂੰ ਤੁਹਾਡੀ ਚਾਹ ਤੋਂ ਰੋਕ ਦਿੱਤਾ ਗਿਆ ਹੈ। ਜਿਸ ਦਿਨ ਚਾਹ ਨਾ ਬਣਦੀ, ਉਸ ਦਿਨ ਨਾ ਸਹੀ, ਜਦੋਂ ਬਣ ਜਾਂਦੀ, ਉਹ ਸਾਨੂੰ ਦੇ ਜਾਇਆ ਕਰਦਾ। ਅਸਾਂ ਇਕ ਦਿਨ ਹਿਸਾਬ ਲਾਇਆ ਕਿ ਉਨ੍ਹਾਂ ਦਿਨਾਂ ਵਿਚ

ਸਾਨੂੰ ਚਾਹ ਦਾ ਛੋਟਾ ਕੱਪ ਕੋਈ ਪੰਜ ਰੁਪਏ ਤੋਂ ਉਪਰ ਪੈਂਦਾ ਸੀ। ਰਸ ਤੇ ਬਿਸਕੁਟ ਅਸੀਂ ਸੁੱਕੇ ਹੀ ਚੱਬ ਲੈਂਦੇ ਤੇ ਕਈ ਵਾਰ ਜੇ ਚਾਹ ਬਣ ਜਾਂਦੀ ਤਾਂ ਚਾਹ ਨਾਲ ਖਾ ਲੈਂਦੇ। ਉਨ੍ਹਾਂ ਦਿਨਾਂ ਦੀ ਹੀ ਮੈਨੂੰ ਇਕ ਗੱਲ ਯਾਦ ਆਈ। ਉਹ ਇਹ ਕਿ ਇਕ ਕੈਦੀ ਸਾਨੂੰ ਚਾਹ ਫੜਾ ਕੇ ਗਿਆ, ਸ਼ਾਮ ਦਾ ਸਮਾਂ ਸੀ, ਅਸਾਂ ਅਜੇ ਅੱਧੀ ਅੱਧੀ ਚਾਹ ਹੀ ਪੀਤੀ ਹੋਵੇਗੀ ਕਿ ਇਕ ਟਿੱਡਾ ਡਿਪਟੀ (ਭਾਟੀਆ) ਆ ਗਿਆ। ਉਸ ਦੇ ਨਾਲ ਹੀ ਮੁਣਸ਼ੀ ਤੇ ਹੋਰ ਲਾਓ ਲਸ਼ਕਰ ਵੀ ਤੁਰਿਆ ਆਵੇ। ਮੇਰੇ ਹੱਥ ਵਿਚ ਚਾਹ ਦਾ ਗਲਾਸ ਫੜਿਆ ਹੋਇਆ ਸੀ, ਉਨ੍ਹਾਂ ਦੇ ਆਉਣ 'ਤੇ ਦੋ ਹੀ ਤਰੀਕੇ ਸਨ ਜਾਂ ਤਾਂ ਮੈ ਚਾਹ ਲੁਕਾ ਦੇਂਦਾ ਜਾਂ ਫਿਰ ਮਰਦਾਂ ਵਾਂਗ ਹੱਥ ਵਿਚ ਫੜੀ ਰੱਖਦਾ। ਮੈਨੂੰ ਦੂਜਾ ਤਰੀਕਾ ਚੰਗਾ ਲੱਗਾ। ਉਹ ਡਿਪਟੀ ਤਾਂ ਅੱਗੇ ਲੰਘ ਗਿਆ ਪਰ ਮੁਣਸ਼ੀ ਟੈਣੀ ਮੇਰੇ ਕੋਲ ਖਲੋ ਗਿਆ ਤੇ ਉੱਚੀ ਸਾਰੀ ਡਿਪਟੀ ਨੂੰ ਸੁਣਾ ਕੇ ਆਖਣ ਲੱਗਾ "ਸਰਦਾਰ ਜੀ, ਕੀ ਕਰਦੇ ਓ, ਚਾਹ ਹੱਥ ਵਿਚ ਫੜ ਕੇ ਡਿਪਟੀ ਸਾਹਬ ਅਗੇ ਖੜੇ ਹੋ"। ਮੈਨੂੰ ਤਾਂ ਅੱਗ ਲੱਗ ਗਈ, ਮੈਂ ਕਿਹਾ, "ਇਹ ਸ਼ਰਾਬ ਹੈ?" ਉਸ ਨੇ ਅੱਗੋਂ ਸਗੋਂ ਹੋਰ ਉੱਚੀ ਸਾਰੀ ਕਿਹਾ "ਸ਼ਰਾਬ ਦੀ ਕੀ ਗੱਲ ਹੈ, ਇਹ ਕੋਈ ਖਲੋਣ ਦਾ ਤਰੀਕਾ ਹੈ?" "ਇਕ ਚਪੇੜ ਵੱਜਣੀ ਆ ਤੇ ਤੂੰ ਕੰਧ ਨਾਲ ਜਾ ਕੇ ਵੱਜਣਾ ਹੈ। ਤੈਨੂੰ ਸ਼ਾਇਦ ਇਹ ਨਹੀਂ ਪਤਾ ਕਿ ਅਸੀਂ ਕੌਣ ਹਾਂ? ਅਸੀਂ ਇਸ ਸਰਕਾਰ ਦੇ ਜਵਾਈ ਹਾਂ ਤੇ ਸਾਨੂੰ ਹਵਾਈ ਜਹਾਜ਼ 'ਤੇ ਏਥੇ ਲਿਆਏ ਆ। ਤੇਰੇ ਪਿਓ ਨੇ ਵੀ ਕਦੀ ਜਹਾਜ਼ ਨਹੀਂ ਵੇਖਿਆ ਹੋਣਾ। ਹੁਣ ਜਦੋਂ ਭਣਵਈਏ ਨਾਲ ਗੱਲ ਕਰੇ ਤਾਂ ਧਿਆਨ ਨਾਲ ਕਰੀ, ਬੂਥਾ ਨਾ ਭਨਾ ਬਹੀਂ, ਨਾਲੇ ਆਹ ਜਿਹੜਾ ਅਫ਼ਸਰ ਆ ਨਾ, ਇਹ ਡਿਪਟੀ ਨਹੀਂ ਏ.ਐਸ.ਓ. ਆ ਤੇ ਇਹ ਕਲਾਸ ਤਿਨ ਹੁੰਦੇ ਆ।" ਮੈਂ ਉੱਚੀ ਸਾਰੀ ਸੁਣਾ ਕੇ ਕਿਹਾ। ਉਹ ਏ.ਐਸ.ਓ. ਵਾਪਸ ਆ ਗਿਆ ਤੇ ਕਹਿਣ ਲੱਗਾ "ਸਰਦਾਰ ਜੀ, ਮੈਂ ਇਨ੍ਹਾਂ ਗੱਲਾਂ ਨੂੰ ਪਸੰਦ ਨਹੀਂ ਕਰਦਾ। ਜਰਾ ਖਿਆਲ ਨਾਲ।" "ਏਹੋ ਹੀ ਗੱਲ ਮੈਂ ਤੁਹਾਨੂੰ ਆਖਣੀ ਸੀ, ਏ.ਐਸ.ਓ. ਸਾਹਬ ਏ.ਐਸ.ਓ. ਇਕ ਸਟਾਰ ਲਾਉਂਦਾ ਹੈ, ਦੋ ਨਹੀਂ ਤੇ ਮੈਂ ਏਦਾਂ ਦੇ ਬੜੇ ਵੇਖੇ ਆ ਤੇ ਤੁਸੀਂ ਵੀ ਜਰਾ ਖਿਆਲ ਨਾਲ। ਸਾਡਾ ਇਸ ਤੋਂ ਜ਼ਿਆਦਾ ਹੋਰ ਵਿਗੜਨਾ ਕੁਝ ਨਹੀਂ ਤੇ ਤੁਹਾਡਾ ਰਹਿਣਾ ਕੁਝ ਨਹੀਂ।" ਬੱਸ ਉਹ ਉਬਲਦਾ ਉਬਲਦਾ ਚਲਾ ਗਿਆ।

ਟੈਣੀ ਤਾਂ ਤੀਸਰੇ ਕੁ ਦਿਨ ਹੀ ਵਾਰਡ ਵਿਚੋਂ ਆਪਣੀ ਡਿਊਟੀ ਹੋਰ ਕਿਤੇ ਬਦਲਵਾ ਕੇ ਚਲਾ ਗਿਆ। ਉਹ ਡਿਪਟੀ ਜੇਲ੍ਹਰ ਉਬਲਦਾ ਰਿਹਾ ਪਰ ਹੌਲੀ ਹੌਲੀ ਏਨਾਂ ਨਿੱਸਲ ਹੋਇਆ ਕਿ ਹਥਿਆਰ ਹੀ ਸੁੱਟ ਗਿਆ। ਬਾਅਦ ਵਿਚ ਤਾਂ ਡਰਦਾ ਮਾਰਾ ਲੰਬੀ ਛੁੱਟੀ ਹੀ ਲੈ ਕੇ ਚਲਾ ਗਿਆ। ਮੁਲਾਕਾਤ ਕਰਨ ਆਇਆਂ ਸਾਡੇ ਘਰਦਿਆਂ ਕੋਲੋਂ ਤਾਂ ਮਾਫੀਆਂ ਮੰਗੀਆਂ ਹੀ ਇਕ ਮਹਾਨ ਸਖਸ਼ੀਅਤ ਭਾਈ ਰਣਜੀਤ ਸਿਘ ਕੋਲ ਵੀ ਜਾ ਕੇ ਉਸ ਨੇ ਕਿਹਾ, "ਮੈਨੂੰ ਉਨ੍ਹਾਂ ਕੋਲੋ ਮੁਆਫੀ ਦਿਵਾ ਦਿਓ, ਮੇਰੇ ਪਿਓ ਦੀ ਤੋਬਾ।"

ਜੇਲ੍ਹ ਵਿਚ ਚੀਜ਼ ਮਿਲਣੀ ਚਾਹੀਦੀ ਹੈ, ਭਾਵੇਂ ਪੈਸੇ ਦੁਗਣੇ ਵੀ ਲੱਗ ਜਾਣ। ਅਸਾਂ ਅਚਾਰ ਦਾ ਅੱਧਾ ਕਿਲੋ ਦਾ ਡੱਬਾ ਮੰਗਵਾਇਆ, ਉਸਦੀ ਕੀਮਤ ਅਠਾਰਾਂ ਰੁਪਏ ਸੀ ਪਰ ਚਾਲੀ ਰੁਪਏ ਦਾ ਮਿਲਿਆ। ਅਸੀਂ ਫਿਰ ਵੀ ਖੁਸ਼ ਸੀ। ਏਸੇ ਤਰ੍ਹਾਂ ਹੀ ਹੋਰ ਕਈ ਚੀਜ਼ਾਂ ਜੋ ਬਹੁਤ ਹੀ ਮਹਿੰਗੀਆਂ ਮਿਲਦੀਆਂ ਹਨ ਪਰ ਮਿਲ ਜਾਣਾ ਹੀ ਗਨੀਮਤ ਹੈ।

ਕਈ ਵਾਰ ਤਾਂ ਇਉਂ ਹੁੰਦਾ ਹੈ ਕਿ ਬੰਦਾ ਨਿੱਕੀ ਤੇ ਨਿਗੂਣੀ ਜਹੀ ਚੀਜ਼ ਤੋਂ ਵੀ ਤਰਸ ਜਾਂਦਾ ਹੈ ਤੇ ਕਈ ਵਾਰ ਕੋਈ ਵਾਰਡਨ ਪੈਸੇ ਲੈ ਕੇ ਵੀ ਚੀਜ਼ ਲਿਆ ਕੇ ਨਹੀਂ ਦੇਂਦਾ।

ਹਰ ਕੈਦੀ ਨੂੰ ਘਰ ਪਾਉਣ ਵਾਸਤੇ ਮਹੀਨੇ ਵਿਚ ਇਕ ਤੇ ਹਵਾਲਾਤੀ ਨੂੰ ਦੋ ਪੋਸਟ ਕਾਰਡ ਮਿਲਦੇ ਹਨ। ਪਰ ਅਸਾਂ ਤਾਂ ਪਹਿਲੇ ਤਿੰਨ ਮਹੀਨੇ ਘਰ ਕੋਈ ਚਿੱਠੀ ਹੀ ਨਾ ਪਾਈ। ਕਾਰਡ ਸਾਨੂੰ ਮਿਲੇ ਪਰ ਅਸਾਂ ਉਹ ਵਾਰਡ ਦੇ ਬਾਕੀ ਕੈਦੀਆਂ ਨੂੰ ਵੰਡ ਦਿੱਤੇ। ਉਸ ਤੋਂ ਬਾਅਦ ਜਦੋਂ ਸਾਡੇ ਪੈਰ ਜੰਮ ਗਏ ਫਿਰ ਅਸਾਂ 55 ਪੈਸੇ ਤੇ 35 ਪੈਸੇ ਵਾਲੀਆਂ ਚਿੱਠੀਆਂ ਮੰਗਵਾਈਆਂ। ਬਾਹਰ ਪਾਉਣ ਦਾ ਢੰਗ ਵੀ ਸਾਨੂੰ ਆ ਗਿਆ। ਸਾਨੂੰ ਜਿੰਨੇ ਪੋਸਟ ਕਾਰਡ ਮਿਲਦੇ, ਉਹ ਅਸੀਂ ਲੋੜਵੰਦਾ ਨੂੰ ਹੀ ਵੰਡ ਦੇਂਦੇ। ਜੋ ਵਿਚਾਰੇ ਝਾੜੂ ਫੇਰਨ ਜਾਂ ਗਟਰ ਖੋਲ੍ਹਣ ਆਉਂਦੇ ਸਨ। ਉਨ੍ਹਾਂ ਲਈ ਇਕ ਪੋਸਟ ਕਾਰਡ ਵੀ ਬਹੁਤ ਸੀ। ਆਮ ਤੌਰ 'ਤੇ ਸਾਰਿਆਂ ਨੂੰ ਮਿਲਦੇ ਵੀ ਕਿਥੇ ਹਨ?

ਮੱਤਾਂ ਦੇਣ ਵਾਲੇ ਕੈਦੀ

ਸਾਡੇ ਵਾਰਡ ਦੇ ਬਾਕੀ ਕੈਦੀ, ਜਦੋਂ ਅਸੀਂ ਬੰਦ ਹੁੰਦੇ ਤੇ ਉਹ ਖੁਲ੍ਹੇ ਹੁੰਦੇ ਤਾਂ ਸਾਨੂੰ ਉਹ ਬੜੀਆਂ ਮੱਤਾਂ ਦੇਂਦੇ। ਕੋਈ ਕਹਿੰਦਾ ਤੁਸੀਂ ਅਦਾਲਤ ਵਿਚ ਅਰਜੀ ਦਿਓ ਕਿ ਸਾਨੂੰ ਖੋਲ੍ਹਦੇ ਨਹੀਂ, ਕੋਈ ਕੁਝ ਤੇ ਕੋਈ ਕੁਝ ਸਲਾਹ ਦਿਆਂ ਕਰੇ। ਪਰ ਸਾਨੂੰ ਪਤਾ ਸੀ ਕਿ ਅਸੀਂ ਅਜੇ ਇਸ ਹਾਲਤ ਵਿਚ ਨਹੀਂ ਕਿ ਅਦਾਲਤ ਵਗੈਰਾ ਦੇ ਚੱਕਰ ਵਿਚ ਪੈ ਸਕੀਏ। ਨਾ ਕੋਈ ਮੁਲਾਕਾਤ ਕਰਨ ਆਇਆ ਨਾ ਤਰੀਖ ਤੇ ਸਾਨੂੰ ਲੈ ਕੇ ਗਏ ਨਾ ਸਾਡੇ ਕੋਲ ਕਾਗਜ਼ ਨਾ ਲਿਖਣ ਨੂੰ ਪੈੱਨ ਤੇ ਅਦਾਲਤ ਵਿਚ ਕਿਦਾਂ ਲਾ ਦੇਂਦੇ? ਪਰ ਉਨ੍ਹਾਂ ਦਿਨਾਂ ਵਿਚ ਵੀ ਸ਼ੇਬਰਾਜ ਨਾਲ ਭੱਜਣ ਵਾਲੇ ਅਜਯ ਨੇ ਸਾਡੀ ਮਦਦ ਕੀਤੀ। ਉਸ ਨੇ ਇਕ ਅਰਜੀ ਲਿਖ ਦਿੱਤੀ, ਜਿਸ ਵਿਚ ਤਨਹਾਈ ਦੀ ਸਜਾ ਨੂੰ ਚੁਣੌਤੀ ਦਿੱਤੀ ਗਈ ਸੀ। ਪਰ ਜਦੋਂ ਅਸਾਂ ਉਹ ਸਾਰਿਆਂ ਨੇ ਹੀ ਦਸਤਖਤ ਕਰਕੇ ਵਾਰਡ ਇੰਚਾਰਜ ਟਿੱਡੇ ਨੂੰ ਦਿੱਤੀ ਤਾਂ ਉਸ ਹੋਰ ਹੀ ਘਤੁੱਤਰ ਕੱਢ ਦਿੱਤੀ, ਅਖੇ ਇਸ ਅਰਜੀ 'ਤੇ ਸਾਰੇ ਕੈਦੀ ਕਿਵੇਂ ਦਸਤਖਤ ਕਰ ਸਕਦੇ ਹਨ? "ਮੈਂ ਪੁੱਛਿਆ "ਕਿਉਂ, ਇਹ ਫੌਜ ਹੈ? ਕਿਥੇ ਹੈ ਜੇਲ੍ਹ ਮੈਨੂਅਲ? (ਇਹ ਜੇਲ੍ਹ ਮੈਨੂਅਲ ਦਾ ਲਫਜ਼ ਵੀ ਮੈਂ ਫੁੰਮਣ ਸਿੰਘ ਕੋਲੋਂ ਹੀ ਸੁਣਿਆ ਸੀ) ਤੁਸੀਂ ਇਸ ਤਰ੍ਹਾਂ ਕਰੋ, ਸਾਨੂੰ ਕਾਗਜ਼ ਦਿਓ ਅਸੀਂ ਵੱਖ-ਵੱਖ ਲਿਖ ਦੇਂਦੇ ਹਾਂ"। ਪਰ ਇਹ ਜਾਬਾਂ ਦਾ ਭੇੜ ਹੀ ਸੀ। ਵਿਚੋਂ ਉਹ ਸਾਡੇ ਤੋਂ ਬੜੇ ਚਾਲੂ ਸਨ ਪਰ ਉਤੋਂ ਉਤੋਂ ਹੀ ਆਕੜਦੇ ਸਨ। ਅਖੀਰ ਜਦੋਂ ਸਾਡਾ ਕੋਈ ਕੰਮ ਨਾ ਬਣਿਆ ਤਾਂ ਇਕ ਦਿਨ ਨਾਲ ਦੇ ਬਾਹਮਣਾਂ ਨੂੰ ਆਖਿਆ ਕਿ ਤੁਸੀਂ ਦਾਲ ਵਿਚੋਂ ਬੀੜੀ ਕੱਢ ਦਿਓ ਤੇ ਅਸੀਂ ਖਾਣੋ ਨਾਂਹ ਕਰ ਦਿਆਂਗੇ। ਵੱਡਾ ਭਰਾ ਬਿਲਕੁਲ ਮੁੱਕਰ ਗਿਆ ਪਰ ਛੋਟਾ ਮੰਨ ਗਿਆ। ਫਿਰ ਅਸਾਂ ਬੀੜੀ ਦਾ ਟੁੱਕੜਾ ਭਿੱਜਣ ਵਾਸਤੇ ਰੱਖ ਦਿੱਤਾ। ਪਰ ਉਸੇ ਦਿਨ ਹੀ ਤਲਾਸ਼ੀ ਹੋਈ ਤੇ ਉਹ ਸੁਟਣਾ ਪਿਆ। ਇਨ੍ਹਾਂ ਦਿਨਾਂ ਵਿਚ ਹੀ ਅਸਾਂ ਸਲਾਹ ਬਣਾਈ ਕਿ ਸਾਰਾ ਦਿਨ ਬੈਠਿਆਂ ਹੋਰ ਕੀ ਕਰਨਾ ਹੈ, ਬੈਠੇ ਬੈਠੇ ਪਾਠ ਕਰੀ ਜਾਇਆ ਕਰਾਂਗੇ। ਪਰ ਏਹੋ ਜਿਹੇ ਤਣਾਅ ਵਾਲੇ ਹਾਲਾਤ ਵਿਚ ਪਾਠ ਕਰਨ ਨੂੰ ਵੀ ਕਿਥੇ ਦਿਲ ਕਰਦਾ ਹੈ? ਫਿਰ ਵੀ ਅਸੀਂ ਨਿਤ ਨੇਮ ਕਰਦੇ ਤੇ ਸ਼ਾਮ ਨੂੰ ਰਹਿਰਾਸ ਕਰਦੇ ਤੇ ਗੁਟਕੇ ਤੋਂ ਵੇਖ ਕੇ ਅਰਦਾਸ ਕਰਦੇ। ਇਨ੍ਹਾਂ ਦਿਨਾਂ ਵਿਚ ਸਾਨੂੰ ਗਰਮੀ ਹੀ ਬਹੁਤਾ ਸਤਾਉਂਦੀ। ਇਕ ਦਿਨ ਇਹ ਹੋਇਆ ਕਿ ਮੇਰੇ ਸੈੱਲ ਦਾ ਤੇ ਦੋ ਕੁ ਹੋਰ ਕਾਲ ਕੋਠੜੀਆਂ ਦਾ ਗਟਰ ਬੰਦ ਹੋ ਗਿਆ। ਮੈਂ ਬੰਦ ਹੋਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, "ਜਿੰਨਾ ਚਿਰ ਮੇਰਾ ਗਟਰ ਨਾ ਖੁੱਲ੍ਹਾ ਮੈਂ ਬੰਦ ਨਹੀਂ ਹੋਣਾ"। ਉਨ੍ਹਾਂ ਨੇ ਜਲਦੀ ਹੀ ਗਟਰ ਖੁੱਲ੍ਹਾ ਦਿੱਤਾ ਤੇ ਮੈਂ ਬੰਦ ਹੋ ਗਿਆ।

ਅਫ਼ਸਰ ਨੂੰ ਸੱਦਣਾ

ਮੈਨੂੰ ਫੁੰਮਣ ਸਿੰਘ ਨੇ ਇਹ ਦਸਿਆ ਹੋਇਆ ਸੀ ਕਿ ਕੈਦੀ ਨੂੰ ਇਹ ਹੱਕ ਹੁੰਦਾ ਹੈ ਕਿ ਉਹ ਆਪਣੇ ਵਾਰਡਨ ਜਾਂ ਹੈੱਡ ਵਾਰਡਨ ਨੂੰ ਆਖ ਕੇ ਵਾਰਡ ਇੰਚਾਰਜ ਨੂੰ ਜਦੋਂ ਮਰਜੀ ਸੱਦ ਲਵੇ, ਉਸ ਨੂੰ ਆਉਣਾ ਪੈਂਦਾ ਹੈ, ਖਾਸ ਤੌਰ 'ਤੇ ਉਦੋਂ ਜਦੋਂ ਉਸ ਨੂੰ ਤਨਹਾਈ ਕੈਦ (Solitary Confinement) ਦਿੱਤੀ ਹੋਈ ਹੋਵੇ। ਅਸੀਂ ਆਪਣੇ ਇਸ ਹੱਕ ਦੀ ਵਰਤੋਂ ਦਿਨ ਵਿਚ ਚਾਰ-ਚਾਰ, ਪੰਜ-ਪੰਜ ਵਾਰ ਕਰ ਲੈਂਦੇ ਸੀ। ਉਹ ਟਿੱਡਾ ਜਿਹਾ ਅਫ਼ਸਰ, ਇਕ ਦਿਨ ਵਿਚ ਦੋ ਕੁ ਵਾਰੀ ਤਾਂ ਨਾ ਬੁਲਾਇਆ ਵੀ ਆ ਜਾਂਦਾ ਸੀ। ਉਹ ਅੰਦਰੋਂ ਬੜਾ ਡਰਦਾ ਸੀ ਪਰ ਬਾਹਰੋਂ ਇਸ ਤਰ੍ਹਾਂ ਵਿਖਾਵਾ ਕਰਦਾ, ਜਿਵੇਂ ਇਸ ਜੇਲ੍ਹ ਦਾ ਸਭ ਤੋਂ ਵੱਡਾ ਅਫ਼ਸਰ ਹੀ ਉਹ ਹੋਵੇ। ਅਸੀਂ ਉਸ ਨੂੰ ਟਿੱਚ ਸਮਝਦੇ ਸੀ ਪਰ ਉਸ ਨਾਲ ਕੋਈ ਪੰਗਾ ਲੈਣ ਦੀ ਹਾਲਤ ਵਿਚ ਨਹੀਂ ਸੀ। ਇਨ੍ਹਾਂ ਦਿਨਾਂ ਵਿਚ ਸਾਡੇ ਨਾਲ ਦੇ ਬਾਕੀ ਸਾਥੀ ਵੀ ਆ ਗਏ। ਸਾਨੂੰ ਤਾਂ ਉਨ੍ਹਾਂ ਨੂੰ ਵੇਖ ਕੇ ਚਾਅ ਹੀ ਚੜ੍ਹ ਗਿਆ। ਕਿਉਂਕਿ ਇਸ ਤਰ੍ਹਾਂ ਸਾਡੀ ਗਿਣਤੀ ਵਧਦੀ ਸੀ ਤੇ ਲਾਭ ਹੁੰਦਾ ਸੀ। ਉਹ ਵਿਚਾਰੇ ਵੀ ਦਸ ਦਿਨ ਦਾ ਹੋਰ ਰੀਮਾਂਡ ਕੱਟ ਕੇ ਆਏ ਸਨ, ਜੋ ਕਿ ਬਹੁਤ ਹੀ ਮੁਸ਼ਕਲ ਗੱਲ ਸੀ। ਉਨ੍ਹਾਂ ਨੂੰ ਜੇਲ੍ਹ ਅਧਿਕਾਰੀ ਸਾਡੇ ਵਿਚ ਨਹੀਂ ਸੀ ਮਿਲਾਉਣਾ ਚਾਹੁੰਦੇ, ਇਸ ਲਈ ਪਹਿਲਾਂ ਉਨ੍ਹਾਂ ਨੂੰ ਦੋ ਨੰਬਰ ਵਿਚ ਪਾ ਦਿੱਤਾ ਪਰ ਕਿਸੇ ਵਜ੍ਹਾ ਕਰਕੇ ਉਨ੍ਹਾਂ ਨੂੰ ਉਥੇ ਨਾਂ ਰੱਖਿਆ ਜਾ ਸਕਿਆ। ਆਖਿਰ ਉਹ ਵੀ ਅੱਤਵਾਦੀ ਸਨ। ਫਿਰ ਉਨ੍ਹਾਂ ਨੂੰ ਸਾਡੇ ਨਾਲ ਹੀ ਲਿਆਉਣਾ ਪਿਆ। ਜਦੋਂ ਉਹ ਆਏ ਅਸੀਂ ਬੰਦ ਸੀ ਤੇ ਵੈਸੇ ਉਨ੍ਹਾਂ ਨੂੰ ਉਸ ਦਿਨ ਉਡੀਕ ਹੀ ਰਹੇ ਸੀ। ਗੱਜ ਵੱਜ ਦੇ ਫਤਹਿ ਬੁਲਾਈ, ਉਹ ਸਾਨੂੰ ਸੀਖਾਂ ਵਿਚੋਂ ਹੀ ਮਿਲੇ। ਉਹ ਟਿੱਡਾ ਅਫ਼ਸਰ ਹੀ ਨਾਲ ਸੀ। ਉਸ ਕੋਲੋਂ ਉਸ ਦਿਨ ਇਕ ਗਲਤੀ ਇਹ ਹੋ ਗਈ ਕਿ ਜਦੋਂ ਉਹ ਡਿਉਢੀ ਵਿਚੋਂ ਵਾਰਡ ਵੱਲ, ਉਨ੍ਹਾਂ ਚੌਹਾਂ ਨਾਲ, ਆ ਰਿਹਾ ਸੀ ਤਾਂ ਉਸ ਨੇ ਅਖ਼ਬਾਰ ਦੇ ਮਾਲਕ ਨੂੰ, ਜਿਨ੍ਹਾਂ ਦੀ ਉਮਰ 56-57 ਸਾਲ ਸੀ ਤੇ ਉਸ ਟਿੱਡੇ ਦੀ ਸਿਰਫ ਚਾਲ੍ਹੀ ਕੁ ਸਾਲ ਦੀ ਸੀ ਕਿਹਾ, "ਅਸੀਂ ਹੁਣ ਤੁਹਾਡੇ ਮਾਈ ਬਾਪ ਹਾਂ, ਅਸੀਂ ਤੁਹਾਡਾ ਹਰ ਤਰ੍ਹਾਂ ਨਾਲ ਖਿਆਲ ਰੱਖਾਂਗੇ।" ਉਹ ਅਖ਼ਬਾਰ ਦਾ ਮਾਲਕ ਅੱਗੇ ਵੀ ਕਈ ਵਾਰ ਜੇਲ੍ਹ ਜਾ ਚੁੱਕਾ ਸੀ ਤੇ ਬੜਾ ਤਜਰਬੇਕਾਰ ਸੀ, ਉਹ ਤਾਂ ਵੱਡਿਆਂ ਵੱਡਿਆਂ ਨਾਲ ਪੰਗੇ ਲੈ ਚੁੱਕਾ ਸੀ, ਉਸ ਟਿੱਡੇ ਨੂੰ ਕੀ ਸਮਝਦਾ ਸੀ। ਉਨ੍ਹਾਂ ਝੱਟ ਕਿਹਾ "ਖਲੋ ਤੇਰੀ.... ਸਾਲਾ, ਮਾਈ ਬਾਪ ਦਾ।" ਹੋਰ ਵੀ ਉਨ੍ਹਾਂ ਨੇ ਉਸ ਨੂੰ ਬੜੀਆਂ ਗਾਲਾਂ ਕੱਢੀਆਂ। ਉਸ ਟਿੱਡੇ ਨੂੰ ਵੀ ਆਪਣੀ ਗਲਤੀ ਦੀ ਸਮਝ ਲੱਗ ਗਈ। ਇਸ ਲਈ ਉਹ ਅਗੋਂ ਕੁਝ ਨਾ ਬੋਲਿਆ। ਖੈਰ ਉਨ੍ਹਾਂ ਨੂੰ ਵੀ ਸਾਡੇ ਨਾਲ ਵਾਲੀਆਂ ਚੱਕੀਆਂ ਵਿਚ ਬੰਦ ਕਰ ਦਿੱਤਾ ਗਿਆ। ਦੂਸਰੇ ਦਿਨ ਅਸੀਂ ਸਵੇਰੇ ਖੁਲ੍ਹੇ ਤਾਂ ਖੂਬ ਜੱਫੀਆਂ ਪਾ ਪਾ ਮਿਲੇ। ਫਿਰ ਇਕੱਠਿਆਂ ਨੇ ਹਾਥੀ ਦੇ ਕੰਨਾਂ ਵਰਗੀਆਂ ਰੋਟੀਆਂ ਖਾਧੀਆਂ। ਅਚਾਰ ਦਾ ਡੱਬਾ ਅਸਾਂ ਉਨ੍ਹਾਂ ਦਿਨਾਂ ਵਿਚ ਮੰਗਵਾ ਲਿਆ ਸੀ ਤੇ ਉਸੇ ਦਿਨ ਹੀ ਆਇਆ ਸੀ। ਰੀਮਾਂਡ ਵਿਚ ਹੋਰ ਕੀ ਕੀ ਹੋਇਆ, ਆਦਿ ਸਭ ਪੁਛਿਆ ਪੁਛਾਇਆ। ਹੁਣ ਉਹ ਵੀ ਖੁਸ਼ ਸਨ ਤੇ ਅਸੀਂ ਵੀ। ਸਾਡੀ ਗਿਣਤੀ ਵਧ ਕੇ ਛੇਆਂ ਤੋਂ ਦਸ ਹੋ ਗਈ ਸੀ। ਖੁਸ਼ੀ ਤਾਂ ਸਾਨੂੰ ਹੋਣੀ ਹੀ ਸੀ। ਦੋ ਕੁ ਦਿਨ ਇਸ ਤਰ੍ਹਾਂ ਲੰਘ ਗਏ, ਫਿਰ ਅਸਾਂ ਖੁੱਲ੍ਹਣ ਦੀ ਗੱਲ ਵੱਲ ਧਿਆਨ ਦਿੱਤਾ ਤੇ ਨੇਤਾ ਜੀ (ਅਖ਼ਬਾਰ ਦੇ ਮਾਲਕ ਨੂੰ ਨੇਤਾ ਜੀ ਕਹਿੰਦੇ ਸਨ) ਦੀ ਅਗਵਾਈ ਵਿਚ ਭੁੱਖ ਹੜਤਾਲ ਰੱਖ ਦਿੱਤੀ। ਉਸੇ ਦਿਨ ਹੀ ਜੇਲ੍ਹ ਦਾ ਵੱਡਾ

ਜੇਲ੍ਹਰ ਆਇਆ ਤੇ ਸਾਡੇ ਨਾਲ ਸਮਝੌਤਾ ਕਰ ਗਿਆ। ਦਰਅਸਲ ਇਹ ਸਮਝੌਤਾ ਸਿਰਫ ਨੇਤਾ ਜੀ ਨਾਲ ਹੀ ਹੋਇਆ। ਹੁਣ ਅੱਧਾ ਘੰਟਾ ਸਮਾਂ ਹੋਰ ਵੱਧ ਗਿਆ ਸੀ। ਪੌਣਾ ਘੰਟਾ ਸਵੇਰੇ ਤੇ ਪੌਣਾ ਘੰਟਾ ਸ਼ਾਮ ਨੂੰ। ਇਸ ਗੱਲ 'ਤੇ ਸਾਡੇ ਇਕ ਦੋ ਸਾਥੀ ਨਰਾਜ਼ ਹੋ ਗਏ ਕਿ ਏਨਾ ਥੋੜੇ ਸਮੇਂ ਲਈ ਹੜਤਾਲ ਰੱਖ ਕੇ ਤੋੜ ਦਿੱਤੀ ਗਈ। ਪਰ ਕੁਝ ਨਾ ਕੁਝ ਪ੍ਰਾਪਤੀ ਹੋਈ ਸੀ, ਇਸ ਲਈ ਸਮਝਾ ਬੁਝਾ ਕੇ ਸਭ ਠੀਕ ਠਾਕ ਹੋ ਗਿਆ। ਹੁਣ ਅਸੀਂ ਅਗਲੀਆਂ ਕੋਠੀਆਂ ਵਾਲੇ ਪਿਛੇ ਤੇ ਪਿਛਲੀਆਂ ਵਾਲੇ ਅੱਗੇ ਵੀ ਆ ਜਾ ਸਕਦੇ ਸਾਂ। ਸਾਰਾ ਖੁੱਲਣ ਦਾ ਟਾਈਮ ਅਸੀਂ ਇਕੱਠੇ ਬਿਤਾਉਂਦੇ। ਬਲਕਿ ਖਾਣਾ ਵੀ ਇਕੱਠਿਆਂ ਹੀ ਖਾਂਦੇ ਤੇ ਪਾਠ ਕਰਦੇ।

ਚਾਰ ਕੁ ਦਿਨ ਏਸੇ ਤਰ੍ਹਾਂ ਹੀ ਨਿਕਲ ਗਏ ਤਾਂ ਅਸੀਂ ਫਿਰ ਆਪਣਾ ਦਮ ਘੁਟਦਾ ਮਹਿਸੂਸ ਕੀਤਾ। ਟਿੱਡੇ ਅਫ਼ਸਰ ਦੇ ਮੂਹੋਂ ਇਕ ਦਿਨ ਨਿਕਲ ਗਿਆ ਕਿ "ਅੱਜ ਮੈਂ ਸਾਰਾ ਦਿਨ ਪ੍ਰੇਸ਼ਾਨ ਰਿਹਾ ਹਾਂ, ਕਾਰਣ ਇਹ ਸੀ ਕਿ ਦਸ ਤੋਲੇ ਦੇ ਲਗਪਗ ਸਮੈਕ ਲੰਗਰ ਵਿਚੋਂ ਫੜੀ ਗਈ ਸੀ। ਉਨ੍ਹਾਂ ਦਿਨਾਂ ਵਿਚ ਜੇਲ੍ਹਰ ਦੀ ਅਸਾਮੀ ਪੁਰ ਹੋ ਗਈ ਸੀ ਤੇ ਜੇਲ੍ਹਰ ਕੋਈ ਯੂ.ਪੀ. ਦਾ ਆ ਗਿਆ ਸੀ। ਟਿੱਡੇ ਨੇ ਕਿਹਾ ਜੇ ਮੇਰੇ ਵੱਸ ਦੀ ਗੱਲ ਹੁੰਦੀ ਤਾਂ ਮੈਂ ਲੰਗਰ ਵਾਲਿਆਂ ਨੂੰ ਛੱਡ ਦੇਂਦਾ ਪਰ ਹੁਣ ਉਹ ਗੱਲ ਡਿਉਢੀ ਤੱਕ ਚਲੀ ਗਈ ਹੈ ਤੇ ਜੇਲ੍ਹਰ ਸਾਹਿਬ ਦੀ ਜਾਣਕਾਰੀ ਵਿਚ ਵੀ ਆ ਗਈ ਹੈ।" ਬੱਸ ਫਿਰ ਕੀ ਸੀ, ਸਭ ਤੋਂ ਪਹਿਲਾਂ ਇਹ ਤਰੀਕਾ ਮੈਨੂੰ ਸੁਝਿਆ ਕਿ ਇਸ ਦਾ ਮਤਲਬ ਇਹ ਹੈ ਕਿ ਲੰਗਰ ਵਿਚ ਸਿਗਰਟਾਂ ਵੀ ਪੀਤੀਆਂ ਜਾਂਦੀਆਂ ਹਨ। ਕਿਉਂਕਿ ਸਮੈਕ ਹਮੇਸ਼ਾਂ ਹੀ ਸਿਗਰਟਾਂ ਵਿਚ ਭਰ ਕੇ ਪੀਤੀ ਜਾਂਦੀ ਹੈ।

ਇਹ ਗੱਲ ਸਭ ਅੱਗੇ ਰੱਖੀ ਕਿ ਜਦੋਂ ਸਾਡਾ ਧਰਮ ਇਜਾਜ਼ਤ ਨਹੀਂ ਦੇਂਦਾ, ਅਸੀਂ ਸਮੈਕ ਤੇ ਤੰਬਾਕੂ ਵਾਲੀਆਂ ਜਾ ਉਸਨੂੰ ਲੱਗੇ ਹੱਥਾਂ ਵਾਲੀਆਂ ਰੋਟੀਆਂ ਕਿਵੇਂ ਖਾ ਸਕਦੇ ਹਾਂ? ਜਦੋਂ ਕਿ ਸਾਡੇ ਦਸਵੇਂ ਗੁਰੂ ਜੀ ਦਾ ਘੋੜਾ ਵੀ ਤੰਬਾਕੂ ਦੇ ਖੇਤ ਵਿਚੋਂ ਨਹੀਂ ਸੀ ਲੰਘਿਆ। ਗੁਰਮਤਾ ਪਾਸ ਹੋ ਗਿਆ ਕਿ ਆਪਣਾ ਖਾਣਾ ਅਸੀਂ ਆਪ ਬਣਾਵਾਂਗੇ। ਏਥੋਂ ਤੱਕ ਕਿ ਅੰਗਰੇਜ਼ਾਂ ਦੇ ਰਾਜ ਵਿਚ ਵੀ ਸਿੱਖਾਂ ਨੂੰ ਇਹ ਸਹੂਲਤ ਪ੍ਰਾਪਤ ਸੀ। ਫਿਰ ਸਰਕਾਰ ਸਾਡਾ ਇਹ ਹੱਕ ਕਿਵੇਂ ਖੋਹ ਸਕਦੀ ਹੈ? ਬੱਸ ਇਹ ਗੱਲ ਹੱਥ ਲਗਦਿਆਂ ਹੀ ਅਸਾਂ ਇਹ ਨਵੀਂ ਅੜਾਉਣੀ ਪਾ ਦਿੱਤੀ। ਇਨ੍ਹਾਂ ਹੀ ਦਿਨਾਂ ਵਿਚ ਜੇਲ੍ਹਰ ਨੇ ਇਕ ਨਵਾਂ ਹੁਕਮ ਕਢਿਆ ਕਿ ਜਿਨਾ ਚਿਰ ਦੋ ਸੀਨੀਅਰ ਅਫ਼ਸਰ (ਏ.ਐਸ.ਓ.) ਵਾਰਡ ਵਿਚ ਮੌਜੂਦ ਨਾ ਹੋਣ ਸਾਨੂੰ ਇਕ ਮਿੰਟ ਲਈ ਵੀ ਨਾ ਖੋਲ੍ਹਿਆ ਜਾਵੇ। ਇਹ ਹੁਕਮ ਕਹਿੰਦੇ ਹਨ, ਆਈ.ਜੀ. ਜੇਲ੍ਹ ਨੇ ਵਿਸ਼ੇਸ਼ ਸਾਡੇ ਵਾਸਤੇ ਭੇਜੇ ਸਨ, ਉਸ ਨੂੰ ਪਤਾ ਲੱਗਾ ਸੀ ਕਿ ਅਸੀਂ ਕੱਟੜ ਅਤੇ ਖਤਰਨਾਕ ਅੱਤਵਾਦੀ ਹਾਂ, ਸੋ ਉਸ ਨੇ ਸਾਡੇ ਵਰੰਟਾਂ ਨਾਲ ਵੀ ਇਹ ਚੇਤਾਵਨੀ ਲਾਲ ਸਿਆਹੀ ਨਾਲ ਲਿਖ ਕੇ ਲਵਾ ਦਿੱਤੀ Hard core Terrorist (ਅਰਥਾਤ ਅੱਤ ਖਤਰਨਾਕ ਦਹਿਸ਼ਤਵਾਦੀ) ਬਸ ਹੁਣ ਇਹ ਰੁਟੀਨ ਬਣ ਗਿਆ ਕਿ ਵੱਡੇ ਅਫ਼ਸਰ ਆਉਣ 'ਤੇ ਸਾਨੂੰ ਖੋਲ੍ਹਿਆ ਜਾਵੇ ਤੇ ਜਦੋਂ ਉਹ ਆਖ ਦੇਣ ਉਦੋਂ ਬੰਦ ਕਰ ਦਿੱਤਾ ਜਾਇਆ ਕਰੇ। ਦਿਨ ਵਿਚ ਦੋ ਵਾਰ ਤਾਂ ਉਨ੍ਹਾਂ ਅਫ਼ਸਰਾਂ ਦਾ ਵੀ ਸਾਡੇ ਵਾਰਡ ਵਿਚ ਆਉਣਾ ਲਾਜ਼ਮੀ ਹੋ ਗਿਆ। ਇਹ ਗੱਲ ਸਾਨੂੰ ਬਹੁਤ ਹੀ ਚੰਗੀ ਲੱਗਦੀ। ਅਸੀਂ ਵੀ ਆਪਣੀ ਗਿਣਤੀ ਅੱਤ ਖੂੰਖਾਰ ਕੈਦੀਆਂ ਵਿਚ ਸਮਝਣ ਲੱਗੇ ਪਏ। ਏਥੇ ਸਾਡੇ ਸਮਝਣ ਦੀ ਗੱਲ ਨਹੀਂ ਸੀ, ਐਸਾ

ਸਾਨੂੰ ਜੇਲ੍ਹ ਅਧਿਕਾਰੀ ਸਮਝਦੇ ਸਨ। ਸੋ ਸਾਨੂੰ ਇਕ ਅਜੀਬ ਜਿਹੀ ਖੁਸ਼ੀ ਹੁੰਦੀ। ਉਧਰ ਜੇਲ੍ਹ ਵਿਚ ਸਾਡਾ ਰੋਅਬ ਹੋਰ ਵੀ ਵਧ ਗਿਆ। ਹੁਣ ਸਾਡਾ ਵਾਰਡ ਇੰਚਾਰਜ ਮਿਸਟਰ ਸਾਗਰ ਸੀ। ਸਾਗਰ ਸਿੰਧੀ ਸਹਿਜਧਾਰੀ ਸਿੱਖ ਹੁੰਦੇ ਹਨ ਤੇ ਗੁਰੂ ਨਾਨਕ ਜੀ ਨੂੰ ਮੰਨਦੇ ਹਨ। ਏਸੇ ਕਰਕੇ ਹੀ ਸਾਡੀ ਉਸ ਨਾਲ ਤੇ ਉਸਦੀ ਸਾਡੇ ਨਾਲ ਬਹੁਤ ਬਣਦੀ ਸੀ। ਟਿੱਡਾ ਲੰਗਰ ਇੰਚਾਰਜ ਸੀ। ਜਦੋਂ ਅਸੀਂ ਰੋਟੀ ਵੱਖਰੀ ਬਣਾਉਣ ਦਾ ਤੇ ਲੰਗਰ ਦੀ ਨਾਂ ਖਾਣ ਦਾ ਪੰਗਾ ਪਾ ਦਿੱਤਾ ਤਾਂ ਸਾਨੂੰ ਦੋਹਾਂ ਅਫ਼ਸਰਾਂ ਨੇ ਕਿਹਾ "ਸਿਗਰਟਾਂ ਉਹ ਆਪਣੇ ਮੂੰਹ ਨਾਲ ਪੀਂਦੇ ਹਨ, ਤੁਹਾਨੂੰ ਉਸਦਾ ਕੀ ਹਰਜ਼ ਹੈ?" ਮੈਂ ਕੋਲ ਖਲੋਤੇ ਨੇ ਝੱਟ ਕਿਹਾ, "ਮੁਸਲਮਾਨ ਗਾਂ ਆਪਣੇ ਮੂੰਹ ਨਾਲ ਖਾਂਦੇ ਹਨ, ਫਿਰ ਗਊ ਰਖਸ਼ਾ ਸੰਮਤੀ ਨੂੰ ਕੀ ਢਿੱਡ ਪੀੜ ਹੁੰਦੀ ਹੈ, ਉਹ ਰੋਜ਼ ਹੀ ਗਊ ਵੱਧ ਬੰਦ ਕਰਨ ਲਈ ਅੰਦੋਲਨ ਕਰਦੇ ਹਨ। ਕਈ ਸਰਕਾਰਾਂ ਨੇ ਇਸ ਗੱਲ ਨੂੰ ਮਨ ਕੇ ਗਊ ਹੱਤਿਆ 'ਤੇ ਪਾਬੰਦੀ ਲਾ ਦਿੱਤੀ ਹੈ। ਜਦੋਂ ਕਿ ਮੁਸਲਮਾਨਾਂ ਲਈ ਗਾਂ ਦਾ ਮਾਸ ਇਕ ਮਨਭਾਉਂਦਾ ਖਾਣਾ ਹੈ।" ਟਿੱਡੇ ਨੇ ਕਿਹਾ, "ਅੱਜ ਮੈਂ ਡਿਪਟੀ ਸਾਹਿਬ ਨੂੰ ਲੈ ਕੇ ਆਵਾਂਗਾ, ਤੁਸੀਂ ਉਨ੍ਹਾਂ ਨਾਲ ਹੀ ਗੱਲ ਕਰਿਓ।" ਫਿਰ ਉਸ ਨੇ ਕਿਹਾ, "ਤੁਹਾਨੂੰ ਕਿਵੇਂ ਪਤਾ ਹੈ ਕਿ ਲੰਗਰ ਵਿਚ ਸਿਗਰਟਾਂ ਪੀਤੀਆਂ ਜਾਂਦੀਆਂ ਹਨ?" ਮੈਂ ਕਿਹਾ, "ਭੁੱਲ ਗਏ? ਤੁਸੀਂ ਆਪ ਹੀ ਤਾਂ ਕੱਲ ਸਾਨੂੰ ਦੱਸਿਆ ਸੀ ਕਿ ਤੁਸੀਂ ਸਮੈਕ ਫੜੀ ਹੈ ਤੇ ਹੁਣ ਉਹ ਕੇਸ ਡਿਪਟੀ ਸਾਹਿਬ ਕੋਲ ਚੱਲ ਰਿਹਾ ਹੈ"। ਇਹ ਸੁਣਦੇ ਸਾਰ ਹੀ ਉਹ ਦਾ ਮੂੰਹ ਫੱਕ ਹੋ ਗਿਆ ਤੇ ਮੈਨੂੰ ਫੜ ਕੇ ਪਾਸੇ ਲੈ ਗਿਆ। ਮੈਨੂੰ ਉਸ ਕਿਹਾ, "ਇਹ ਗੱਲ ਕਰਨੀ ਹੋਵੇ ਤਾਂ ਮੇਰਾ ਨਾਂ ਨਾ ਲਿਓ। ਡਿਪਟੀ ਨੂੰ ਕਹਿਣਾ ਸਾਨੂੰ ਪਤਾ ਲੱਗਾ ਹੈ ਕਿ ਉਥੇ ਸਿਗਰਟਾਂ ਪੀਤੀਆਂ ਜਾਂਦੀਆਂ ਹਨ ਜੇ ਤੁਸੀਂ ਮੇਰਾ ਨਾਂ ਨਾ ਲਓਗੇ ਤਾਂ ਮੈਂ ਵੀ ਤੁਹਾਡੀ ਮਦਦ ਕਰਾਂਗਾ। ਜੇ ਤੁਸੀਂ ਮੇਰਾ ਨਾਂ ਹੀ ਲੈ ਦਿੱਤਾ ਤਾਂ ਡਿਪਟੀ ਸਾਹਿਬ ਮੇਰੇ 'ਤੇ ਬਹੁਤ ਨਰਾਜ਼ ਹੋਣਗੇ ਕਿ ਤੂੰ ਗੁਪਤ ਭੇਦ ਕਿਉਂ ਦਿੱਤਾ?"

ਹੁਣ ਸਾਡਾ ਰਸਤਾ ਬਿਲਕੁਲ ਸਾਫ ਸੀ। ਅਸੀਂ ਉਸ ਦੀ ਇਸ ਕਮਜ਼ੋਰੀ ਦਾ ਭਰਪੂਰ ਫਾਇਦਾ ਉਠਾ ਲੈਣਾ ਚਾਹੁੰਦੇ ਸਾਂ। ਸ਼ਾਮ ਨੂੰ ਹੀ ਉਹ ਡਿਪਟੀ ਨੂੰ ਲੇ ਆਇਆ। ਅਸਾਂ ਆਪਣੀ ਮੰਗ ਉਸ ਅੱਗੇ ਰੱਖ ਦਿੱਤੀ। ਉਸ ਕਿਹਾ, "ਜੇ ਉਹ ਸਿਗਰਟਾਂ ਪੀਂਦੇ ਹਨ ਤਾਂ ਤੁਹਾਨੂੰ ਕੀ? ਤੁਸੀਂ ਰੋਟੀ ਖਾਣੀ ਹੈ ਕਿ ਸਿਗਰਟਾਂ ਵਗੈਰਾ ਦੇ ਚੱਕਰ ਵਿਚ ਪੈਣਾ ਹੈ?" ਏਥੇ ਫਿਰ ਮੈਨੂੰ ਹੀ ਬੋਲਣਾ ਪੈ ਗਿਆ। ਕਿਉਂਕਿ ਇਸ ਤਰ੍ਹਾਂ ਦੇ ਕੇਸ ਮੈਂ ਆਪਣੇ ਦਿਮਾਗ ਵਿਚ ਬੜੇ ਤਿਆਰ ਕੀਤੇ ਹੋਏ ਹਨ। ਮੈਂ ਕਿਹਾ, "ਜੀ ਤੁਸੀਂ ਜਾਤ ਦੇ ਹਿੰਦੂ ਹੋ?" ਉਸ ਕਿਹਾ, "ਹਾਂ, ਕਿਉਂ ਕੀ ਗੱਲ?" ਮੈਂ ਕਿਹਾ, "ਜੀ, ਜੇ ਕੋਈ ਗਾਂ ਦੇ ਮਾਸ ਦਾ ਇਕ ਛੋਟਾ ਜਿਹਾ ਟੁਕੜਾ ਤੁਹਾਡੀ ਥਾਲੀ ਵਿਚ ਰੱਖ ਦੇਵੇ ਤੇ ਤੁਹਾਡੀ ਰੋਟੀ ਨੂੰ ਨਾ ਲੱਗਣ ਦੇਵੇ, ਟੁਕੜਾ ਇਕ ਨੁਕਰ ਵਿਚ ਪਿਆ ਰਹੇ ਤੇ ਕੀ ਤੁਸੀਂ ਉਸ ਥਾਲੀ ਵਿਚ ਰੱਖੀ ਹੋਈ ਰੋਟੀ ਖਾ ਲਓਗੇ?" ਉਸ ਕਿਹਾ "ਨਹੀਂ, ਪਰ ਕੋਈ ਇਸ ਤਰ੍ਹਾਂ ਕਿਉਂ ਕਰੇਗਾ?" ਮੈਂ ਕਿਹਾ, "ਬਿਲਕੁਲ ਇਸੇ ਤਰ੍ਹਾਂ ਹੀ ਸਾਡਾ ਕੇਸ ਹੈ। ਬੀੜੀ ਵਾਲੇ ਹੱਥ ਜਾਂ ਸਿਗਰਟਾਂ ਵਾਲੇ ਹੱਥ ਸਾਡੀ ਰੋਟੀ ਨੂੰ ਲੱਗਦੇ ਹਨ, ਤੁਸੀਂ ਦੱਸੋ ਅਸੀਂ ਰੋਟੀ ਕਿੱਦਾਂ ਖਾਈਏ?" "ਕੌਣ ਲਾਉਂਦਾ ਹੈ?" "ਪਹਿਲਾਂ ਪਕਾਉਣ ਵਾਲੇ, ਫੇਰ ਸਾਡੇ ਵਾਰਡ ਤੱਕ ਲਿਆਉਣ ਵਾਲਾ ਸਾਡਾ ਵਾਰਡ ਮੁਸ਼ੱਕਤੀ"। "ਤੁਹਾਨੂੰ ਕਿਵੇਂ ਪਤਾ ਹੈ?" "ਸਮੈਕ ਜੋ ਕੱਲ ਤੁਸਾਂ ਫੜੀ ਸੀ ਕੀ ਉਹ ਲੰਗਰ ਵਿਚੋਂ ਨਹੀਂ ਸੀ ਫੜੀ ਗਈ?" ਉਸ ਦਾ ਮੂੰਹ ਫੱਕ ਹੋ ਗਿਆ। ਉਸ ਪੁਛਿਆ,

"ਇਸ ਗੱਲ ਦਾ ਪਤਾ ਤੁਹਾਨੂੰ ਕਿਵੇਂ ਲੱਗਾ?" ਮੈਂ ਕਿਹਾ, "ਕੀ ਅਸੀਂ ਚੰਦਰਮਾ ਲੋਕ ਤੋਂ ਆਏ ਹਾਂ ਕਿ ਪ੍ਰਿਥਵੀ ਵਾਸੀਆਂ ਦੀਆਂ ਗੱਲਾਂ ਦਾ ਸਾਨੂੰ ਪਤਾ ਨਹੀਂ। ਤੁਸੀਂ ਤਾਂ ਡਿਓਡੀ ਵਿਚ ਸਾਹ ਲਓ ਤਾਂ ਸਾਨੂੰ ਏਥੇ ਬੈਠਿਆਂ ਨੂੰ ਸੁਣਦਾ ਹੈ।" ਉਸ ਨੇ ਹੱਥ ਨਚਾਏ ਤੇ ਕਿਹਾ "ਬੜੀ ਹੈਰਾਨੀ ਹੈ"? ਖੈਰ ਏਨੀਆਂ ਗੱਲਾਂ ਕਰਕੇ ਉਹ ਚਲਾ ਗਿਆ। ਉਸ ਦੀ ਨਿਸ਼ਾ ਹੋ ਗਈ ਸੀ। ਹੁਣ ਟਿੱਡਾ ਵੀ ਸਾਡੇ ਕੇਸ ਵਿਚ ਬਹੁਤ ਦਿਲਚਸਪੀ ਲੈਣ ਲੱਗ ਪਿਆ ਸੀ। ਉਹ ਦਿਲੋਂ ਚਾਹੁੰਦਾ ਸੀ ਕਿ ਇਨ੍ਹਾਂ ਨੂੰ ਕੱਚਾ ਰਾਸ਼ਨ ਮਿਲਣ ਲੱਗ ਪਵੇ ਤਾਂ ਕਿ ਉਸ ਕੋਲੋਂ ਸਹਿਵਨ ਹੋ ਗਈ ਗਲਤੀ 'ਤੇ ਪਰਦਾ ਪੈ ਜਾਵੇ ਨਹੀਂ ਤਾਂ ਉਸ ਕੇਸ ਵਿਚ ਉਹ ਮੁਅੱਤਲ ਵੀ ਹੋ ਸਕਦਾ ਸੀ। ਉਧਰ ਮਿਸਟਰ ਐਸ. ਸਾਗਰ ਸਾਡਾ ਅਸਲ ਵਾਰਡ ਇਨਚਾਰਜ ਵੀ ਟਿੱਡੇ ਉਤੇ ਖਿਝ ਰਿਹਾ ਸੀ ਕਿ ਉਹ ਮੇਰੇ ਵਾਰਡ ਨੂੰ ਕਿਉਂ ਵਿਗਾੜਦਾ ਹੈ? ਮਿਸਟਰ ਐਸ. ਸਾਗਰ ਬਹੁਤ ਹੀ ਸ਼ਰੀਫ ਆਦਮੀ ਸੀ ਤੇ ਜੋ ਕੁਝ ਬਾਹਰੋਂ ਸੀ ਉਹ ਹੀ ਅੰਦਰੋਂ ਸੀ। ਉਹ ਵਿਚਾਰਾ ਬਹੁਤ ਹੀ ਨੇਕ ਤੇ ਭਲਾ ਆਦਮੀ ਸੀ। ਉਹ ਟਿੱਡੇ ਤੋਂ ਖਾਰ ਖਾਣ ਲੱਗ ਪਿਆ ਤੇ ਸਾਡਾ ਕੰਮ ਹੋਰ ਵੀ ਅਸਾਨ ਹੋ ਗਿਆ। ਹੁਣ ਅਸੀਂ, ਡਿਪਟੀ ਸਾਗਰ ਦੀ ਬਹੁਤ ਇਜ਼ਤ ਕਰਦੇ ਕਿਉਂਕਿ ਉਹ ਹੈ ਹੀ ਇਜ਼ਤ ਦੇਣ ਯੋਗ ਸੀ ਪਰ ਉਸ ਦੇ ਮੁਕਾਬਲੇ ਉਸ ਦੇ ਹੁੰਦਿਆਂ ਹੀ ਟਿੱਡੇ ਨੂੰ ਟਿੱਚ ਗਿਣਦੇ। ਅਸਾਂ ਇਕ ਦਿਨ ਉਸ ਨੂੰ ਇਹ ਵੀ ਆਖ ਦਿੱਤਾ ਕਿ ਸਾਡੀਆਂ ਮੰਗਾਂ ਵਿਚ ਇਹ ਵੀ ਸ਼ਾਮਲ ਹੈ ਕਿ ਟਿੱਡਾ ਸਾਡੇ ਵਾਰਡ ਵਿਚ ਨਾ ਵੜੇ। ਮਿਸਟਰ ਸਾਗਰ, ਜੇ ਉਹ ਏਥੇ ਆਇਆ ਤਾਂ ਅਸੀਂ ਉਸ ਦੀ ਬੇਇਜ਼ਤੀ ਵੀ ਕਰ ਸਕਦੇ ਹਾਂ, ਫਿਰ ਤੁਹਾਨੂੰ ਬੁਰਾ ਨਹੀਂ ਮਨਾਉਣਾ ਚਾਹੀਦਾ ਜਾਂ ਫਿਰ ਤੁਸੀਂ ਆਪ ਹੀ ਏਹੋ ਜਿਹਾ ਪ੍ਰਬੰਧ ਕਰੋ ਕਿ ਉਹ ਏਥੇ ਨਾ ਆਵੇ, ਸਾਨੂੰ ਉਹ ਬਹੁਤ ਬੁਰਾ ਲੱਗਦਾ ਹੈ। ਪਰ ਅਸੀਂ ਤੁਹਾਡੀ ਬਹੁਤ ਇਜ਼ਤ ਕਰਦੇ ਹਾਂ। ਉਹ ਇਸ ਲਈ ਕਿ ਤੁਸੀਂ ਸਾਡੀ ਇੱਜ਼ਤ ਕਰਦੇ ਹੋ। ਖੈਰ ਉਸ ਨੇਕ ਅਫਸਰ ਨੇ ਵਾਅਦਾ ਕਰ ਲਿਆ ਕਿ ਉਹ ਨਹੀਂ ਆਵੇਗਾ। ਇਸ ਤਰ੍ਹਾਂ ਦੋ ਕੁ ਦਿਨ ਬਾਅਦ ਸਾਡਾ ਰਾਸ਼ਨ ਦਾ ਕੰਮ ਵੀ ਬਣ ਗਿਆ। ਹੁਣ ਸਾਨੂੰ ਕੱਚਾ ਰਾਸ਼ਨ ਮਿਲਣ ਲੱਗ ਪੈਣਾ ਸੀ ਤੇ ਇਸ ਤਰ੍ਹਾਂ ਪਰੇਡ ਦੀ ਰੋਟੀ ਤੋਂ ਸਾਡੀ ਜਾਨ ਛੁੱਟ ਜਾਣੀ ਸੀ।

ਬੀ ਤੇ ਸੀ ਕਲਾਸ

ਬੀ. ਕਲਾਸ ਤੇ ਸੀ. ਕਲਾਸ ਦੇ ਰਾਸ਼ਨ ਦਾ ਫਰਕ ਇਹ ਹੈ ਕਿ ਬੀ. ਕਲਾਸ ਨੂੰ ਕਾਨੂੰਨ ਅਨੁਸਾਰ ਆਟਾ 460 ਗ੍ਰਾਮ ਤੇ ਸੀ. ਕਲਾਸ ਨੂੰ ਆਟਾ 560 ਗ੍ਰਾਮ ਮਿਲਦਾ ਹੈ। ਵੈਸੇ ਤਾਂ ਬਹੁਤ ਘੱਟ ਕੇਸਾਂ ਵਿਚ ਸੀ. ਕਲਾਸ ਕੈਦੀ ਨੂੰ ਰਾਸ਼ਨ ਆਪਣਾ ਆਪ ਪਕਾਉਣ ਦੀ ਇਜਾਜ਼ਤ ਮਿਲਦੀ ਹੈ। ਸੀ. ਕਲਾਸ ਨੂੰ ਪੱਕੀ ਪਕਾਈ ਰੋਟੀ ਹੀ ਮਿਲਦੀ ਹੈ ਤੇ ਚਾਹ ਵੀ ਬਣੀ ਬਣਾਈ ਮਿਲਦੀ ਹੈ। ਪਰ ਸਿੱਖਾਂ ਦੇ ਕੇਸ ਵਿਚ ਥੋੜਾ ਜਿਹਾ ਫਰਕ ਹੈ। ਆਮ ਤੌਰ 'ਤੇ ਸਿੱਖ ਲੜ ਝਗੜ ਕੇ ਤੇ ਧਾਰਮਿਕ ਮਸਲਾ ਬਣਾ ਕੇ ਪਰੇਡ ਦੀ ਰੋਟੀ ਖਾਣ ਤੋਂ ਨਾਂਹ ਕਰ ਦੇਂਦੇ ਹਨ, ਨਤੀਜੇ ਵਜੋਂ ਭੁੱਖ ਹੜਤਾਲ ਹੋ ਜਾਂਦੀ ਹੈ ਤੇ ਜੇਲ੍ਹ ਵਾਲਿਆਂ ਨੂੰ ਇਸ ਅਧਾਰ 'ਤੇ ਇਹ ਗੱਲ ਮੰਨਣੀ ਪੈ ਜਾਂਦੀ ਹੈ ਕਿ ਲੰਗਰ ਵਾਲੇ ਬੀੜੀ ਸਿਗਰਟ ਪੀਂਦੇ ਹਨ, ਜੋ ਸਿੱਖ ਧਰਮ ਵਿਚ ਮਨ੍ਹਾ ਹੈ ਤੇ ਇਸ ਲਈ ਮਰਨਾਂ ਤਾਂ ਮਨਜ਼ੂਰ ਹੋ ਸਕਦਾ ਹੈ, ਪਰ ਪਰੇਡ ਦੀ ਰੋਟੀ ਖਾਣੀ ਮਨਜ਼ੂਰ ਨਹੀਂ। ਡਿਪਟੀ ਜੇਲਰ ਕਹੇ "ਖਾਣੀ ਪੜਤੀ ਹੈ"। ਅਸੀਂ ਕਹੀਏ, "ਭੋਲਿਆ ਤੁਸੀਂ ਤਾਂ ਚੀਜ਼ ਹੀ ਕੋਈ ਨਹੀਂ ਅਸਾਂ ਤਾਂ ਅੰਗਰੇਜ਼ਾਂ ਦੇ ਰਾਜ ਵਿਚ ਪਰੇਡ ਦੀ ਰੋਟੀ ਨਹੀਂ ਖਾਧੀ ਤੇ ਆਪਣੀ ਰੋਟੀ ਆਪ ਬਣਾ ਕੇ ਖਾਂਦੇ ਸਾਂ। ਉਨ੍ਹਾਂ ਦੇ ਰਾਜ ਵਿਚ ਤਾਂ

ਮੁਕਾ ਨਹੀਂ ਸੀ ਡੁਬਦਾ, ਤੁਸੀਂ ਤਾਂ ਉਨ੍ਹਾਂ ਦੇ ਮੁਕਾਬਲੇ ਕੀ ਪਿੱਦੀ ਕੀ ਪਿੱਦੀ ਦਾ ਸ਼ੋਰਬਾ ਵਾਲੀ ਗੱਲ ਹੋ।" ਇਸ ਤਰ੍ਹਾਂ ਦੇ ਤਕਰਾਰ ਨਾਲ ਤੇ ਦੂਜੇ ਅਫਸਰਾਂ ਦੇ ਕਹਿਣ ਸੁਣਨ ਨਾਲ ਡਿਪਟੀ ਜੇਲ੍ਹਰ ਨੇ ਭਾਈ ਸਾਹਿਬ ਭਾਈ ਰਣਜੀਤ ਸਿੰਘ ਨੂੰ ਵਿਚ ਵਿਚੋਲਾ ਬਣਾ ਲਿਆ ਤੇ ਉਨ੍ਹਾਂ ਦੇ ਰਾਹੀਂ ਇਹ ਮਸਲਾ ਸੌਖਾ ਹੀ ਨਜਿੱਠਿਆ ਗਿਆ। ਫੈਸਲਾ ਇਹ ਹੋਇਆ ਕਿ ਬੀ ਕਲਾਸ ਵਾਲਿਆਂ ਦਾ ਰਾਸ਼ਨ ਪੱਕੇ ਤੇ ਬਾਕੀ ਦੇ ਵੀ ਰੋਟੀ ਪਕਾ ਲਿਆ ਕਰਨ ਪਰ ਜਿੰਨੀ ਦੇਰ ਤੱਕ ਸੀ. ਕਲਾਸ ਦਾ ਰਾਸ਼ਨ ਮਨਜ਼ੂਰ ਨਹੀਂ ਹੁੰਦਾ ਓਨਾ ਚਿਰ ਤੱਕ ਰਾਸ਼ਨ ਦਾ ਸਮਾਨ ਅਸੀਂ ਸਾਰੇ ਆਪਣੇ ਪੈਸਿਆਂ ਦਾ ਖਰੀਦਾਂਗੇ। ਸਾਨੂੰ ਭਾਈ ਸਾਹਿਬ ਦਾ ਕੀਤਾ ਇਹ ਫੈਸਲਾ ਮਨਜ਼ੂਰ ਸੀ। ਉਨ੍ਹਾਂ ਨੇ ਉਸੇ ਵੇਲੇ ਹੀ ਪਤੀਲਾ, ਕੜਛੀ, ਘਿਓ, ਖੰਡ, ਆਟਾ ਆਦਿ ਸੁਖ ਲਾਲ ਦੇ ਕੋਲ ਭਿਜਵਾ ਦਿੱਤੇ ਤੇ ਅਸੀਂ ਆਪਣਾ ਰਾਸ਼ਨ ਆਪ ਪਕਾਉਣ ਲੱਗ ਪਏ। ਅੰਗਰੇਜ਼ਾਂ ਦੇ ਰਾਜ ਵੇਲੇ ਸਭ ਤੋਂ ਪਹਿਲਾਂ ਇਹ ਰਿਵਾਜ ਭਾਈ ਸਾਹਬ ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਪਾਇਆ ਸੀ। ਉਨ੍ਹਾਂ ਆਪ ਤਾਂ ਅਕਹਿ ਅਤੇ ਅਸਹਿ ਕਸ਼ਟ ਝੱਲ ਲਏ, ਪਰ ਆਉਣ ਵਾਲੇ ਸਿੱਖ ਕੈਦੀਆਂ ਲਈ ਰਾਹ ਖੋਲ੍ਹ ਦਿੱਤਾ। ਭਾਈ ਸਾਹਿਬ ਜੀ ਦੀਆਂ ਜੇਲ੍ਹ ਚਿੱਠੀਆਂ ਪੜ੍ਹ ਕੇ ਅੱਖਾਂ ਖੁੱਲ੍ਹ ਜਾਂਦੀਆਂ ਹਨ। ਅਸਾਂ ਸਾਰਿਆਂ ਨੇ ਉਹ ਕਿਤਾਬ ਵਾਰੀ ਵਾਰੀ ਪੜ੍ਹੀ ਤੇ ਜਿਹੜਾ ਜਿਹੜਾ ਵੀ ਪੜ੍ਹਦਾ ਜਾਵੇ ਉਹ ਹੀ ਭੁੱਖ ਹੜਤਾਲ ਲਈ ਤਿਆਰ ਹੁੰਦਾ ਜਾਵੇ। ਉਹ ਕਿਤਾਬ ਪੜ੍ਹ ਕੇ ਸਾਰਿਆਂ ਵਿਚ ਏਨਾ ਜੋਸ਼ ਆ ਗਿਆ ਕਿ ਭੁੱਖ ਹੜਤਾਲ ਇਕ ਖੇਡ ਲਗਣ ਲੱਗ ਪਈ। ਭਾਈ ਸਾਹਿਬ ਜੀ ਨੂੰ ਨਾਮ ਬਾਣੀ ਦਾ ਏਨਾ ਆਸਰਾ ਸੀ ਕਿ ਮਹੀਨਾ ਮਹੀਨਾ ਬਿਨਾਂ ਕੁਝ ਖਾਧੇ ਪੀਤੇ ਖੱਡੀ 'ਤੇ ਪਏ ਰਹਿੰਦੇ ਸਨ (ਜੇਲ੍ਹ ਦੇ ਵਾਰਡ ਵਿਚ ਇਕ ਥੜ੍ਹਾ ਜਿਹਾ ਬਣਿਆ ਹੁੰਦਾ ਹੈ, ਉਸ ਨੂੰ ਖੱਡੀ ਆਖਦੇ ਹਨ। ਅੰਗਰੇਜ਼ਾਂ ਨੇ ਇਹ ਖੱਡੀਆਂ ਕੈਦੀਆਂ ਦੇ ਸੌਣ ਵਾਸਤੇ ਬਣਾਈਆਂ ਸਨ ਤਾਂ ਕਿ ਜ਼ਮੀਨ 'ਤੇ ਸੁੱਤੇ ਪਿਆਂ ਨੂੰ ਸੱਪ ਵਗੈਰਾ ਨਾ ਲੜ ਜਾਵੇ) ਸੀ. ਕਲਾਸ ਨੂੰ ਆਟਾ ਜ਼ਿਆਦਾ ਮਿਲਦਾ ਹੈ ਤੇ ਬੀ. ਨੂੰ ਘੱਟ। ਸਮਝਿਆ ਇਹ ਜਾਂਦਾ ਹੈ ਕਿ ਸੀ. ਕਲਾਸ ਵਾਲਾ ਹੱਥ ਨਾਲ ਕੰਮ ਕਰਨ ਵਾਲਾ ਹੁੰਦਾ ਹੈ ਤੇ ਆਟਾ ਜ਼ਿਆਦਾ ਖਾਂਦਾ ਹੈ।

ਪਰ ਜਦੋਂ ਸਾਨੂੰ ਸੀ. ਕਲਾਸ ਦਾ ਰਾਸ਼ਨ ਮਿਲਣ ਲੱਗ ਪਿਆ ਤਾਂ ਮਿਲਦਾ ਤਾਂ ਉਸ ਵਿਚ ਕੁਝ ਵੀ ਨਹੀਂ ਸੀ ਸਿਰਫ ਇਹ ਕਿਹਾ ਜਾ ਸਕਦਾ ਹੈ ਕਿ ਅੱਗ ਬਾਲਣ ਦੀ ਇਜਾਜ਼ਤ ਮਿਲ ਗਈ ਸੀ ਤੇ ਜਾਂ ਆਟਾ ਮਿਲ ਜਾਂਦਾ ਸੀ। ਬਾਕੀ ਸਭ ਕੁਝ ਤਾਂ ਅਸੀਂ ਆਪਣਾ ਹੀ ਲੈਂਦੇ ਸਾਂ। ਅਸੀਂ ਬਹੁਤ ਹੀ ਵਧੀਆ ਰੋਟੀ ਬਣਾਉਂਦੇ। ਖੀਰਾਂ ਤੇ ਕੜਾਹ ਰੋਜ਼ ਬਣਦੇ। ਖੀਰ ਵਾਸਤੇ ਸੁੱਕਾ ਦੁੱਧ ਵਰਤਿਆ ਜਾਂਦਾ, ਸੁੱਕੇ ਦੁੱਧ ਦੀ ਵੀ ਖੀਰ ਬਹੁਤ ਸੋਹਣੀ ਬਣਦੀ ਹੈ। ਬਾਸਮਤੀ ਦੇ ਚੌਲ ਬਣਾਉਂਦੇ ਤੇ ਸ਼ੱਕਰ ਤੇ ਘਿਓ ਪਾ ਕੇ ਖਾਂਦੇ ਜਾਂ ਦਾਲ ਨਾਲ ਖਾਂਦੇ। ਅਸੀਂ ਪਹਿਲੇ ਦਿਨ ਆਪਣੇ ਵਾਰਡ ਇੰਚਾਰਜ ਨੂੰ ਵੀ ਖਾਣੇ 'ਤੇ ਬੁਲਾਇਆ। ਉਸ ਦਿਨ ਸ੍ਰੀ ਸਾਗਰ ਦਾ ਵਰਤ ਸੀ, ਉਨ੍ਹਾਂ ਨੂੰ ਅਸਾਂ ਕਿਹਾ ਚਲੋ ਤੁਹਾਡਾ ਪ੍ਰਸ਼ਾਦ ਅਸੀਂ ਡਿਉਢੀ ਭੇਜ ਦੇਂਦੇ ਹਾਂ। ਇਕ ਹੋਰ ਅਫ਼ਸਰ ਉਨ੍ਹਾਂ ਨਾਲ ਆਏ ਹੋਏ ਸੀ, ਉਨ੍ਹਾਂ ਨੇ ਏਥੇ ਹੀ ਛਕ ਲਿਆ। ਦੂਜੇ ਦਿਨ ਕਿਸੇ ਮੁਖਬਰ ਨੇ ਡਿਪਟੀ ਜੇਲ੍ਹਰ ਕੋਲ ਜਾ ਕੇ ਸ਼ਿਕਾਇਤ ਕਰ ਦਿੱਤੀ ਕਿ ਏ.ਐਸ.ਓ. ਲੰਗਰ ਵਿਚੋਂ ਕੜਾਹ ਬਣਾ ਬਣਾ ਕੇ ਡਿਉਢੀ ਮੰਗਵਾ ਕੇ ਖਾਂਦੇ ਹਨ। ਸਿਰਫ ਲਿਖਣ ਤੋਂ ਭਾਵ ਇਹ ਹੈ ਕਿ ਜੇਲ੍ਹ ਦਾ ਮਾਹੌਲ ਇਸ ਤਰ੍ਹਾਂ ਹੁੰਦਾ ਹੈ ਤੇ

ਕੋਈ ਕਿਸੇ ਨੂੰ ਮਾਫ ਨਹੀਂ ਕਰਦਾ।

ਆਪਣਾ ਲੰਗਰ ਬਣਾਉਣ ਤੋਂ ਪਹਿਲਾਂ ਇਕ ਦਿਨ ਮੈਨੂੰ ਨੇਤਾ ਜੀ ਨੇ ਕਿਹਾ, "ਮੇਰਾ ਤਜਰਬਾ ਹੈ ਕਿ ਜੇਲ੍ਹ ਦੇ ਲੰਗਰ ਦਾ ਕੰਮ ਚੱਲਦਾ ਨਹੀਂ ਹੁੰਦਾ ਜੇ ਚਲੇ ਵੀ ਤਾਂ ਬਹੁਤੇ ਦਿਨ ਸਾਂਝਾ ਨਹੀਂ ਚੱਲਦਾ ਹੁੰਦਾ"। ਮੈਂ ਕਿਹਾ, "ਨੇਤਾ ਜੀ, ਕਿੱਦਾਂ ਦੀ ਗੱਲ ਕਰਦੇ ਹੋ ਇਹ ਲੰਗਰ ਨੀਲੀਆਂ ਪੱਗਾਂ ਵਾਲੇ ਅਕਾਲੀਆਂ ਦਾ ਨਹੀਂ, ਸਿੰਘ ਸੂਰਮਿਆਂ ਦਾ ਹੈ, ਇਹ ਉਹ ਸਿੰਘ ਹਨ, ਜਿਨ੍ਹਾਂ ਨੇ ਪੰਤਾਲੀ ਦਿਨ ਪੁਲਿਸ ਰੀਮਾਂਡ ਉਹ ਵੀ ਸੀ.ਬੀ.ਆਈ. ਦਾ ਕੱਟਿਆ ਹੈ। ਇਹ ਅੰਦੋਲਨਾਂ ਵਿਚ ਗ੍ਰਿਫਤਾਰੀਆਂ ਦੇਣ ਵਾਲੇ ਟੁਕੜਬੋਚ ਨਹੀਂ, ਤੁਸੀਂ ਇਸ ਗੱਲ ਦਾ ਉੱਕਾ ਵਹਿਮ ਹੀ ਨਾ ਕਰੋ"। ਉਸ ਨੇ ਫਿਰ ਕਿਹਾ, "ਤੇਰੀ ਗੱਲ ਠੀਕ ਹੋ ਸਕਦੀ ਹੈ ਪਰ ਮੇਰਾ ਵੀ ਤਜਰਬਾ ਗਲਤ ਨਹੀਂ ਹੋ ਸਕਦਾ। ਤੂੰ ਇਕ ਦਿਨ ਆਪ ਹੀ ਕਹੇਂਗਾ।" "ਨੇਤਾ ਜੀ, ਵਾਹਿਗੁਰੂ ਦਾ ਨਾਂ ਲਓ" ਚਲੋ ਖੈਰ ਲੰਗਰ ਪੱਕਣ ਲੱਗ ਪਿਆ। ਸਾਰਾ ਸਮਾਨ ਅਸਾਂ ਹੋਰ ਵੀ ਮੰਗਵਾ ਲਿਆ। ਦੋ ਦੋ ਤਿੰਨ ਤਿੰਨ ਵਾਰ ਦਿਨ ਵਿਚ ਚਾਹ ਬਣਿਆ ਕਰੇ ਖੀਰਾਂ ਤੇ ਕੜਾਹ ਬਣਿਆ ਕਰਨ।

ਜਦੋਂ ਲੰਗਰ ਪਹਿਲਾਂ ਪਹਿਲਾਂ ਸ਼ੁਰੂ ਹੋਇਆ ਤਾਂ ਅਸਾਂ ਮੁਸ਼ੱਕਤੀ ਕੋਈ ਨਾ ਲਿਆ। ਕਾਰਣ ਇਹ ਸੀ ਕਿ ਸਾਡੇ ਕੋਲ ਤਾਂ ਆਪਣੇ ਖਾਣ ਜੋਗਾ ਵੀ ਨਹੀਂ ਸੀ ਤੇ ਮੁਸ਼ੱਕਤੀ ਨੂੰ ਕੀ ਖਵਾਉਣਾ ਸੀ। ਮੈਂ ਆਪ ਭਾਂਡਿਆਂ ਦੀ ਸੇਵਾ ਲੈ ਲਈ। ਕਿਉਂਕਿ ਮੈਨੂੰ ਰੋਟੀ ਪਕਾਉਣੀ, ਚਾਹ ਬਣਾਉਣੀ ਤੇ ਸਬਜ਼ੀ ਆਦਿ ਬਣਾਉਣਾ, ਕੁਝ ਨਹੀਂ ਸੀ ਆਉਂਦਾ। ਇਸ ਤਰ੍ਹਾਂ ਕੁਝ ਨਾ ਕੁਝ ਤਾਂ ਮੈਨੂੰ ਕਰਨਾ ਹੀ ਪੈਣਾ ਸੀ। ਜਦੋਂ ਕਿ ਮੈਂ ਆਪਣੀ ਕੋਈ ਵੀ ਕੰਮ ਨਾ ਆਉਣ ਦੀ ਨਲਾਇਕੀ ਨੂੰ ਲੁਕਾ ਰਿਹਾ ਸਾਂ ਪਰ ਮੇਰੇ ਸਾਥੀ ਵਿਚਾਰੇ ਇਸ ਨੂੰ ਮੇਰਾ ਸੇਵਾ ਭਾਵ ਸਮਝ ਰਹੇ ਸਨ। ਸਵੇਰੇ ਸ਼ਾਮ ਸਾਰੇ ਬਰਤਨ ਥਾਲੀਆਂ ਗਲਾਸ ਕੌਲੀਆਂ ਸਾਫ ਕਰਦਾ। ਇਕ ਅੱਧਾ ਹੋਰ ਮੇਰੀ ਮਦਦ ਵੀ ਕਰ ਦੇਂਦਾ। ਸਾਰੇ ਕਹਿੰਦੇ ਆਪਣੀ ਆਪਣੀ ਥਾਲੀ ਸਾਫ ਕਰ ਲਵਾਂਗੇ। ਪਰ ਮੈਂ ਨਾ ਮੰਨਦਾ ਤੇ ਕਹਿੰਦਾ ਇਸ ਤਰ੍ਹਾਂ ਆਪੋਧਾਪੀ ਪੈ ਜਾਵੇਗੀ ਤੇ ਲੰਗਰ ਵਰਗਾ ਮਾਹੌਲ ਨਹੀਂ ਬਣੇਗਾ।

ਅਸੀਂ ਮਿਸਟਰ ਸਾਗਰ ਨੂੰ ਸਪੱਸ਼ਟ ਆਖ ਦਿੱਤਾ ਕਿ ਤੁਸੀਂ ਸਾਡੇ ਵਾਰਡ ਇੰਚਾਰਜ ਹੋ ਅਸੀਂ ਤੁਹਾਡੀ ਇਜ਼ਤ ਇਸ ਕਰਕੇ ਨਹੀਂ ਕਰਦੇ ਕਿ ਤੁਸੀਂ ਸਹਾਇਕ ਜੇਲ੍ਹਰ ਹੋ ਸਿਰਫ ਇਸ ਕਰਕੇ ਕਰਦੇ ਹਾਂ ਕਿ ਬਦਲੇ ਵਿਚ ਤੁਸੀਂ ਵੀ ਸਾਡੀ ਇਜ਼ਤ ਕਰਦੇ ਹੋ, ਨਹੀਂ ਤਾਂ ਅਸੀਂ ਤਾਂ ਕੈਦ ਹੀ ਆਂ, ਤੁਸੀਂ ਸਾਡਾ ਨਾ ਕੁਝ ਵਿਗਾੜ ਸਕਦੇ ਹੋ ਨਾ ਰਿਹਾਈ ਦੇ ਹੁਕਮ ਆਉਣ ਤੋਂ ਇਕ ਮਿੰਟ ਪਹਿਲਾਂ ਛੱਡ ਸਕਦੇ ਹੋ। ਅਸੀਂ ਤੁਹਾਡੇ ਮਤਹਿਤ ਨਹੀਂ ਤੇ ਨਾ ਹੀ ਤੁਸੀਂ ਸਾਡੇ ਅਫ਼ਸਰ ਹੋ ਬਲਕਿ ਪ੍ਰਧਾਨ ਮੰਤਰੀ ਤੱਕ ਨੂੰ ਅਸੀਂ ਆਪਣਾ ਅਫ਼ਸਰ ਨਹੀਂ ਮੰਨਦੇ ਕਿਉਂਕਿ ਸੰਵਿਧਾਨ ਦੀ ਨਜ਼ਰ ਵਿਚ ਅਸੀਂ ਸਾਰੇ ਬਰਾਬਰ ਹਾਂ। ਅਸੀਂ ਸਿਰਫ ਐਸ ਵੇਲੇ ਅਦਾਲਤ ਦੇ ਅਧੀਨ ਹਾਂ ਕਿਉਂਕਿ ਉਸੇ ਨੇ ਹੀ ਸਾਨੂੰ ਏਥੇ ਭੇਜਿਆ ਹੈ। ਉਹ ਮੇਰੀਆਂ ਗੱਲਾਂ ਤੋਂ ਕਾਫੀ ਖੁਸ਼ ਸੀ ਕਿਉਂਕਿ ਇਹ ਬਿਲਕੁਲ ਸੱਚੀਆਂ ਗੱਲਾਂ ਹਨ ਤੇ ਜੇਲ੍ਹ ਮੈਨੂਅਲ ਦੀ ਭਾਸ਼ਾ ਅਨੁਸਾਰ ਹਨ। ਉਹ ਮੈਨੂੰ ਕਹੇ, "ਮੇਰਾ ਖਿਆਲ ਹੈ, ਤੁਸਾਂ ਅੱਗੇ ਵੀ ਜੇਲ੍ਹ ਕੱਟੀ ਹੈ, ਨਹੀਂ ਤਾਂ ਜਿਨਾਂ ਜੇਲ੍ਹ ਮੈਨੂਅਲ ਤੁਹਾਨੂੰ ਆਉਂਦਾ ਹੈ ਏਨਾ ਤਾਂ ਸਾਨੂੰ ਵੀ ਨਹੀਂ ਆਉਂਦਾ।" ਮੈਂ ਕਿਹਾ, "ਮੈਂ ਅੱਗੇ ਇਕ ਦਿਨ ਵੀ ਜੇਲ੍ਹ ਨਹੀਂ ਕੱਟੀ ਪਰ ਇਕ ਜੇਲ੍ਹ ਸੁਪਰਡੈਂਟ ਮੇਰਾ ਦੋਸਤ ਰਿਹਾ ਹੈ, ਇਹ ਸਾਰੀਆਂ ਗੱਲਾਂ ਸਾਡੇ ਦਰਮਿਆਨ ਆਮ ਹੁੰਦੀਆਂ

ਰਹੀਆਂ ਹਨ।" ਕਦੀ ਕਦੀ ਮੈਂ ਜੇਲ੍ਹ ਮੈਨੂਅਲ ਤੇ ਭਾਰਤ ਸਰਕਾਰ ਦੇ ਵਿਸ਼ੇ 'ਤੇ ਭਾਰਤ ਸਰਕਾਰ ਦਾ ਮਜਾਕ ਉਡਾ ਦੇਂਦਾ। ਕਿਉਂਕਿ ਇਹ ਜੇਲ੍ਹ ਮੈਨੂਅਲ 1894 ਵਿਚ ਅੰਗਰੇਜ਼ਾਂ ਨੇ ਬਣਾਇਆ ਸੀ ਤੇ ਅਜੇ ਤੱਕ ਇੰਨ ਬਿੰਨ ਉਹੀ ਤੁਰਿਆ ਆਉਂਦਾ ਹੈ। ਉਨ੍ਹਾਂ ਨੇ ਹੀ 1900 ਈ. ਵਿਚ ਜੇਲ੍ਹ ਮੈਨੂਅਲ ਵਿਚ ਸੋਧ ਕੀਤੀ ਤੇ ਭਾਰਤ ਸਰਕਾਰ ਨੇ 1955 ਵਿਚ ਸੋਧ ਕੀਤੀ। ਉਸ ਵਿਚ ਕੋਈ ਬੇਸ਼ੱਕ ਤਬਦੀਲੀ ਨਹੀਂ ਕੀਤੀ ਸਿਰਫ ਇਕ ਤਾਂ ਉਹ ਕੇਨਿੰਗ (ਕੋੜਿਆਂ) ਦੀ ਸਜਾ ਦੇਂਦੇ ਸੀ, ਉਹ ਹਟਾਈ ਹੈ, ਦੂਸਰਾ ਉਨ੍ਹਾਂ ਦੇ ਜੇਲ੍ਹ ਮੈਨੂਅਲ ਵਿਚ ਹਰ ਥਾਂ ਭਾਰਤ ਨੂੰ ਬ੍ਰਿਟਿਸ਼ ਇੰਡੀਆ ਲਿਖਿਆ ਹੋਇਆ ਸੀ, ਉਸ ਨੂੰ ਠੀਕ ਕਰਕੇ ਭਾਰਤ ਲਫਜ਼ ਲਿਖਿਆ ਹੈ। ਇਕ ਵਾਰ ਟਿੱਡੂ ਨਾਲ ਮੇਰੀ ਜੇਲ੍ਹ ਮੈਨੂਅਲ 'ਤੇ ਬਹਿਸ ਹੋ ਗਈ। ਉਹ ਕਹੇ 1894 ਵਾਲਾ ਜੇਲ੍ਹ ਮੈਨੂਅਲ ਹੁਣ ਤੱਕ ਠੀਕ ਠਾਕ ਲਾਗੂ ਹੈ। ਮੈਂ ਕਿਹਾ, "ਨਹੀਂ ਤੁਸੀਂ ਉਸ ਮੈਨੂਅਲ ਦੇ ਮੁਤਾਬਕ ਕੰਮ ਨਹੀਂ ਚਲਾ ਸਕਦੇ।" ਉਹ ਕਹੇ, "ਕਿਉਂ?" ਮੈਂ ਕਿਹਾ, "ਪੁਰਾਣੇ 1894 ਵਾਲੇ ਤੇ 1900 ਵਾਲੇ ਜੇਲ੍ਹ ਮੈਨੂਅਲ ਵਿਚ ਲਿਖਿਆ ਹੈ ਕਿ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਨੂੰ ਕਮਿਸ਼ਨਰ ਸਾਹਿਬ ਬਹਾਦਰ ਲਹੌਰ ਹਿਦਾਇਤਾਂ ਦੇਣਗੇ। ਹੁਣ ਤੁਸੀਂ ਫਿਰ ਹਿਦਾਇਤਾਂ ਲੈਣ ਲਹੌਰ ਕਿਉਂ ਨਹੀਂ ਜਾਂਦੇ?" (ਪਹਿਲਾਂ ਤਿਹਾੜ ਜੇਲ੍ਹ ਵੀ ਪੰਜਾਬ ਜੇਲ੍ਹ ਮੈਨੂਅਲ ਥੱਲੇ ਸੀ)। ਇਸ ਤਰ੍ਹਾਂ ਉਨ੍ਹਾਂ ਨੂੰ ਇਹ ਪਤਾ ਸੀ ਕਿ ਇਹ ਜੇਲ੍ਹ ਦੇ ਅਸੂਲਾਂ ਨੂੰ ਤੇ ਕਾਨੂੰਨਾਂ ਨੂੰ ਕਾਫੀ ਚੰਗੀ ਤਰ੍ਹਾਂ ਜਾਣਦਾ ਹੈ, ਨਹੀਂ ਤਾਂ ਹਰ ਗੱਲ ਉਹ ਟਿੱਡੂ ਜੇਲ੍ਹ ਮੈਨੂਅਲ ਅਨੁਸਾਰ ਕਹਿ ਕੇ ਕਰਿਆ ਕਰੇ, ਪਰ ਜਦੋਂ ਅੱਗੋਂ ਜੇਲ੍ਹ ਮੈਨੂਅਲ ਦਾ ਹੀ ਕਰਾਰਾ ਉਤਰ ਮਿਲਿਆ ਕਰੇ ਤਾਂ ਉਹ ਚੁੱਪ ਹੋ ਜਾਇਆ ਕਰੇ। ਅਖੀਰ ਉਸ ਦਾ ਸਾਡੇ ਵਾਰਡ ਵਿਚ ਆਉਣਾ ਜਾਣਾ ਬੰਦ ਹੋ ਹੀ ਗਿਆ। ਮਿਸਟਰ ਸਾਗਰ ਨੇ ਸਾਡੇ ਨਾਲ ਵਾਅਦਾ ਕੀਤਾ ਕਿ ਉਹ ਅੱਜ ਤੋਂ ਨਹੀਂ ਆਵੇਗਾ। ਸੋ ਉਹ ਆਉਣੋ ਹੱਟ ਗਿਆ ਤੇ ਉਸ ਤੋਂ ਬਾਅਦ ਇਕ ਵਾਰ ਆਇਆ। ਆਇਆ ਤਾਂ ਸ਼ਰਾਰਤ ਕਰਨ ਸੀ ਪਰ ਉਸ ਨੂੰ ਉਲਟੀ ਪੈ ਗਈ ਤੇ ਬਾਅਦ ਵਿਚ ਸਾਡੇ ਕੋਲੋਂ ਵੀ ਤੇ ਭਾਈ ਸਾਹਿਬ ਰਣਜੀਤ ਸਿੰਘ ਕੋਲੋਂ ਵੀ ਮਾਫੀਆਂ ਮੰਗਦਾ ਫਿਰੇ। (ਇਸ ਦਾ ਜਿਕਰ ਅੱਗੇ ਆਵੇਗਾ) ਇਕ ਵਾਰ ਅਸੀਂ ਨੇਤਾ ਜੀ, ਮੈਂ ਤੇ ਦੋ ਕੁ ਜਣੇ ਹੋਰ ਮੁਲਾਕਾਤ ਕਰਨ ਡਿਉਢੀ ਗਏ (ਸਾਡੀਆਂ ਮੁਲਾਕਾਤਾਂ ਆਈਆਂ ਸਨ) ਮੈਂ ਸਾਹਮਣੇ ਟਿੱਡੂ ਖਲੋਤਾ ਵੇਖਿਆ ਤੇ ਹੌਲੀ ਜਿਹੀ ਨੇਤਾ ਜੀ ਨੂੰ ਕਿਹਾ, "ਨੇਤਾ ਜੀ, ਇਸ ਟਿੱਡੂ ਨੂੰ ਨਹੀਂ ਬੁਲਾਉਣਾ" ਉਨ੍ਹਾਂ ਅਗੋਂ ਕਿਹਾ, "ਦਫਾ ਕਰ ਭੈਣ.................... ਇਹ ਨੂੰ ਕੀ ਬੁਲਾਉਣਾ।" ਨੇਤਾ ਜੀ ਦਾ ਉਸ ਵੱਲ ਪਿਛਾ ਸੀ, ਇਸ ਕਰਕੇ ਉਨ੍ਹਾਂ ਨੇ ਵੇਖਿਆ ਨਹੀਂ ਸੀ ਪਰ ਜੋ ਉਨ੍ਹਾਂ ਨੇ ਕਿਹਾ ਉਹ ਟਿੱਡੂ ਨੇ ਸੁਣ ਲਿਆ ਤੇ ਉਹ ਸਾਡੇ ਵੱਲ ਭੱਜਾ ਆਇਆ, ਬੜੇ ਗੁੱਸੇ ਵਿਚ ਬੋਲਿਆ, "ਮੈਂ ਤੁਹਾਡਾ ਕੀ ਵਿਗਾੜਿਆ ਹੈ? ਤੁਹਾਡਾ ਕੋਈ ਨੁਕਸਾਨ ਕੀਤਾ ਹੈ? ਜਿਹੜਾ ਏਹੋ ਜਿਹੇ ਲਫਜ਼ ਬੋਲਦੇ ਹੋ?" "ਅਸਾਂ ਕਿਹਾ ਜਾ-ਜਾ ਕੰਮ ਕਰ ਐਵੇਂ ਤੇਰੇ ਨਾਲ ਏਥੇ ਹੀ ਨਾ ਦੋ ਹੱਥ ਕਰਨੇ ਪੈਣ। ਅਸਾਂ ਸਾਰੀ ਗੱਲ ਡਿਪਟੀ ਸਾਹਿਬ ਦੇ ਧਿਆਨ ਵਿਚ ਅੱਗੇ ਹੀ ਲਿਆ ਦਿੱਤੀ ਹੈ ਤੇ ਆਈ.ਜੀ. ਜੇਲ੍ਹ ਨੂੰ ਵੀ ਲਿਖ ਭੇਜਿਆ ਹੈ। ਜਾ ਕੇ ਆਪਣਾ ਕੰਮ ਕਰ, ਹੈ ਕੀ ਕਲਰਕ ਜਿਹਾ।" ਇਸ ਤਰ੍ਹਾਂ ਉਹ ਚੁੱਪ ਚਾਪ ਜਾ ਕੇ ਆਪਣੀ ਕੁਰਸੀ 'ਤੇ ਬਹਿ ਗਿਆ। ਟਿੱਡੂ ਨੂੰ ਤਾਂ ਫਿਰ ਅਸੀਂ ਬਿਲਕੁਲ ਹੀ ਟਿੱਚ ਸਮਝਣ ਲੱਗ ਪਏ। ਉਹ ਡਿਉਢੀ ਵਿਚ ਤਾਂ ਭਾਵੇਂ ਪੰਗੇ ਲਈ ਜਾਂਦਾ ਪਰ ਸਾਡੇ ਸਾਹਮਣੇ ਕਦੇ ਨਾ ਆਇਆ।

18 ਜੁਲਾਈ 1986 ਨੂੰ ਸਾਡੀ ਅਦਾਲਤ ਵਿਚ ਪੇਸ਼ੀ ਸੀ। ਸਾਡੇ ਨਾਲ ਹੋਰ ਵੀ ਕਈ ਜਣਿਆਂ ਨੂੰ ਗੱਡੀ ਵਿਚ ਬਿਠਾ ਲਿਆ। ਪਰ ਗੇਟ ਨੰਬਰ ਇਕ 'ਤੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਇਨ੍ਹਾਂ ਨੂੰ ਉਹੋਰ ਨਾਲ ਲੈ ਕੇ ਜਾਣਾ ਹੈ। ਸਾਨੂੰ ਉਸ ਗੱਡੀ ਵਿਚੋਂ ਉਤਾਰ ਕੇ ਹੋਰ ਗੱਡੀ ਵਿਚ ਬਿਠਾ ਦਿੱਤਾ ਤੇ ਗੱਡੀ ਬਾਹਰ ਸੜਕ 'ਤੇ ਖੜ੍ਹੀ ਕਰ ਦਿੱਤੀ। ਐਵੇਂ ਮੇਰਾ ਧਿਆਨ ਪਿਆ ਤੇ ਮੈਨੂੰ ਸੁਰਿੰਦਰ ਜੀਤ ਸਿੰਘ ਖੜ੍ਹਾ ਦਿਸਿਆ, ਅੱਗੇ ਵੇਖਿਆ ਤਾਂ ਉਹ ਜਿਸ ਆਟੋ ਰਿਕਸ਼ਾ ਵਿਚੋਂ ਉਤਰਿਆ ਸੀ, ਉਸ ਦੇ ਪਰਲੇ ਬੰਨੇ ਮੇਰੀ ਪਤਨੀ ਵੀ ਖੜ੍ਹੀ ਸੀ। ਸੁਰਿੰਦਰ ਜੀਤ ਸਿੰਘ ਨੇ ਸਾਨੂੰ ਗੱਡੀ ਵਿਚ ਬੈਠਿਆਂ ਵੇਖ ਲਿਆ ਤੇ ਸਾਡੇ ਵੱਲ ਆ ਗਿਆ। ਮੈਂ ਸਾਰਿਆਂ ਨੂੰ ਦੱਸਿਆ, ਮੇਰੀ ਪਤਨੀ ਤੇ ਉਸ ਦਾ ਭਰਾ ਆਏ ਹਨ। ਉਹ ਸਾਰੇ ਉਨ੍ਹਾਂ ਵੱਲ ਵੇਖਣ ਲੱਗ ਪਏ, ਸੁਰਿੰਦਰ ਜੀਤ ਸਿੰਘ ਤਾਂ ਸਾਡੇ ਵੱਲ ਆ ਗਿਆ ਪਰ ਗੱਡੀ ਦੇ ਆਲੇ ਦੁਆਲੇ ਵੀਹ-ਪੰਝੀ ਹਥਿਆਰਬੰਦ ਗਾਰਦ ਝੱਟ ਪੁਜੀਸ਼ਨਾਂ ਵਿਚ ਖਲੋ ਗਏ ਤੇ ਇਸ ਤਰ੍ਹਾਂ ਉਹ ਸੜਕ ਦੇ ਵਿਚਕਾਰ ਵਾਲੀ ਬੰਨੀ 'ਤੇ ਹੀ ਰੁਕ ਗਿਆ। ਉਸ ਨੇ ਉਥੋਂ ਹੀ ਉੱਚੀ ਸਾਰੀ ਕਿਹਾ, "ਅਦਾਲਤ ਵਿਚ ਮਿਲਾਂਗੇ"। ਮੇਰੀ ਪਤਨੀ ਸੜਕ ਦੇ ਪਰਲੇ ਪਾਸੇ ਹੀ ਖੜੀ ਰਹੀ ਤੇ ਉਹ ਵੀ ਗੱਡੀ ਵੱਲ ਹੀ ਵੇਖ ਰਹੀ ਸੀ। ਉਸ ਦੇ ਚਿਹਰੇ 'ਤੇ ਕੋਈ ਮਾਯੂਸੀ ਜਾਂ ਢਹਿੰਦੀ ਕਲਾ ਦਾ ਚਿੰਨ੍ਹ ਨਹੀਂ ਸੀ, ਸਗੋਂ ਲਾਲੀਆਂ ਭਖਦੀਆਂ ਸਨ ਤੇ ਬੜੀ ਚੜ੍ਹਦੀ ਕਲਾ ਵਿਚ ਖੜੀ ਸਾਡੀ ਗੱਡੀ ਵੱਲ ਵੇਖ ਰਹੀ ਸੀ। ਉਸ ਦੇ ਹੱਥ ਵਿਚ ਰੋਟੀ ਵਾਲਾ ਡੱਬਾ ਸੀ। ਪਰ ਕੋਈ ਹੈਰਾਨੀ ਦੇ ਚਿੰਨ੍ਹ ਉਸਦੇ ਚਿਹਰੇ 'ਤੇ ਨਹੀਂ ਸਨ। ਸੜਕ ਦੇ ਇਕ ਕਿਨਾਰੇ ਸਾਡੀ ਗੱਡੀ ਤੇ ਦੂਜੇ ਪਾਸੇ ਉਹ ਸੀ। ਕੋਈ ਫਾਸਲਾ ਜ਼ਿਆਦਾ ਨਹੀਂ ਸੀ। ਅਜੇ ਮੈਂ ਤਾਂ ਕੋਈ ਗੱਲ ਨਾ ਕੀਤੀ ਸ. ਮਹਿੰਦਰ ਸਿੰਘ ਬੋਲ ਪਏ "ਮੰਨ ਗਏ ਬਈ ਸ਼ੇਰ ਦੀ ਬੱਚੀ ਨੂੰ ਜਨਾਨੀ ਹੋਵੇ ਤਾਂ ਏਦਾਂ ਦੀ, ਲੈ ਹੈ ਇਹਨੂੰ ਕੋਈ ਪਰਵਾਹ। ਸਾਡੀਆਂ ਜਨਾਨੀਆਂ ਹੁੰਦੀਆਂ ਤਾਂ ਉਥੇ ਖਲੋਤੀਆਂ ਹੀ ਡੁਸਕੀ ਜਾਂਦੀਆਂ। ਵੇਖੋ ਕਿਵੇਂ ਅਡੋਲ ਖਲੋਤੀ ਹੈ। ਜੇ ਸਾਰੇ ਸਿੰਘਾਂ ਦੀਆਂ ਜਨਾਨੀਆਂ ਇਸ ਤਰ੍ਹਾਂ ਦੀਆਂ ਹੋਣ ਤਾਂ ਘਾਟਾ ਕਾਹਦਾ। ਮੰਨ ਗਏ ਬਈ ਮੰਨ ਗਏ।" ਏਸੇ ਤਰ੍ਹਾਂ ਹੀ ਦੂਜਿਆਂ ਨੇ ਵੀ ਹੌਸਲੇ ਦੀ ਸ਼ਲਾਘਾ ਕੀਤੀ ਤੇ ਇਹ ਮੰਨਿਆ ਕਿ ਜੇ ਇਸ ਦੀ ਥਾਂ ਉਨ੍ਹਾਂ ਦੇ ਘਰ ਦੀ ਕੋਈ ਜਨਾਨੀ ਹੁੰਦੀ ਤਾਂ ਘਰ ਵਾਲੇ ਨੂੰ ਏਸ ਹਾਲਤ ਵਿਚ ਪੁਲਿਸ ਵਿਚ ਹਥਿਆਰਬੰਦ ਗਾਰਦ ਦੇ ਸਿਪਾਹੀਆਂ ਵਿਚ ਘਿਰਿਆ ਵੇਖ ਕੇ ਜ਼ਰੂਰ ਦਿਲ ਹੌਲਾ ਕਰ ਲੈਂਦੀ ਤੇ ਰੋ ਰੋ ਕੇ ਬੇਹਾਲ ਹੋ ਜਾਂਦੀ। ਦੋ ਤਿੰਨਾਂ ਨੇ ਤਾਂ ਇਕ ਜ਼ਬਾਨ ਵਿਚ ਕਿਹਾ, "ਅਸਾਂ ਏਹੋ ਜਿਹੀ ਦਲੇਰ ਜਨਾਨੀ ਅੱਜ ਤੱਕ ਨਹੀਂ ਵੇਖੀ। ਕਮਾਲ ਹੈ।" ਫਿਰ ਸਾਡੀ ਗੱਡੀ ਸੜਕ ਤੋਂ ਤੋਰ ਕੇ ਫਿਰ ਗੇਟ ਨੰ. ਇਕ ਦੇ ਅੰਦਰ ਲੈ ਗਏ। ਪੁੱਛਣ 'ਤੇ ਪਤਾ ਲੱਗਾ ਕਿ ਏ.ਸੀ.ਪੀ. ਸਾਹਬ ਨੇ ਨਾਲ ਜਾਣਾ ਹੈ ਇਸ ਤੋਂ ਭਾਵ ਇਕ ਹੋਰ ਹਥਿਆਰਬੰਦ ਗਾਰਦ ਏ.ਸੀ.ਪੀ. ਦੀ ਕਮਾਂਡ ਥੱਲੇ ਵੀ ਨਾਲ ਜਾਣੀ ਹੈ ਤੇ ਅਜੇ ਉਹ ਗਾਰਦ ਨਹੀਂ ਆਈ, ਇਸ ਲਈ ਉਸ ਗਾਰਦ ਤੋਂ ਬਗੈਰ ਏਥੇ ਹੀ ਰੁਕਣਾ ਪਵੇਗਾ। ਸ. ਮੋਹਣ ਸਿੰਘ (ਮੇਰੇ ਕੁੜਮ) ਹੋਰੀਂ ਵੀ ਗੱਡੀ ਵੱਲ ਨੂੰ ਆ ਗਏ। ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਕਹੀ ਪਰ ਫਿਰ ਅੱਗੇ ਵਾਂਗ ਹੀ ਹਥਿਆਰਬੰਦ ਘੇਰੇ ਨੇ ਲਾਗੇ ਨਾ ਆਉਣ ਦਿੱਤੇ, ਸਗੋਂ ਹਥਿਆਰ ਸਿਧੇ ਕਰ ਲਏ ਤੇ ਉੱਚੀ ਉੱਚੀ ਕਹੀ ਜਾਣ 'ਯਹਾਂ ਨਹੀਂ ਮਿਲ ਸਕਤੇ' 'ਯਹਾਂ ਨਹੀਂ ਮਿਲ ਸਕਤੇ'। ਕੋਈ ਅੱਧੇ ਘੰਟੇ ਬਾਅਦ ਏ.ਸੀ.ਪੀ. ਆਇਆ। ਉਨ੍ਹਾਂ ਦੀ ਜੀਪ ਸਾਡੀ ਗੱਡੀ ਦੇ ਅੱਗੇ ਲੱਗੀ। ਇਕ ਪੁਲਿਸ ਵੈਨ ਗੱਡੀ ਦੇ ਪਿੱਛੇ ਲੱਗੀ, ਬਾਕੀ

ਪੁਲਿਸ ਸਾਡੇ ਨਾਲ (ਬਗੈਰ ਹਥਿਆਰਾਂ ਤੋਂ ਗੱਡੀ ਦੇ ਅੰਦਰ) ਬੈਠੀ ਸੀ ਤੇ ਗੱਡੀ ਦੇ ਪਿਛਲੇ ਹਿੱਸੇ ਵਿਚ ਹਥਿਆਰਬੰਦ ਗਾਰਦ ਹੋਰ ਬੈਠੀ ਸੀ। ਅੱਗੇ ਵਾਲੀ ਗੱਡੀ ਵਿਚੋਂ ਵਾਇਰਲੈਸ 'ਤੇ ਕੁਝ ਬੋਲ ਬੋਲ ਕੇ ਕਿਤੇ ਸੰਪਰਕ ਵਾਲੇ ਨੂੰ ਕੁਝ ਦਸਿਆ ਵੀ ਜਾ ਰਿਹਾ ਸੀ। ਹਰ ਮੋੜ 'ਤੇ ਹੀ ਟਰੈਫਿਕ ਰੁਕ ਜਾਂਦੀ ਤੇ ਸਾਡੀਆਂ ਗੱਡੀਆਂ ਨੂੰ ਅੱਗੇ ਜਾਣ ਦਿੱਤਾ ਜਾਂਦਾ।

ਪਟਿਆਲਾ ਹਾਊਸ ਦੇ ਬਖਸ਼ੀ ਖਾਨੇ ਸਾਨੂੰ ਬੰਦ ਕਰ ਦਿੱਤਾ ਗਿਆ। ਜਿਥੇ ਸਾਹਮਣੇ ਸੜਕ 'ਤੇ ਬੱਸਾਂ ਖਲੋਂਦੀਆਂ ਹਨ (ਜੇਲ੍ਹ ਤੋਂ ਪਟਿਆਲਾ ਹਾਊਸ ਤਰੀਖਾਂ ਵਾਲਿਆਂ ਦੀਆਂ) ਉਥੇ ਦਾ ਰਸਤਾ ਉਸ ਦਿਨ ਬਦਲ ਦਿੱਤਾ ਸੀ। ਹਥਿਆਰਬੰਦ ਗਾਰਦ ਚਾਰ ਚੁਫੇਰੇ ਖੜੀ ਸੀ। ਕੋਈ ਬਖਸ਼ੀ ਖਾਨੇ ਦੇ ਲਾਗੇ ਨਹੀਂ ਸੀ ਆ ਸਕਦਾ (ਬਖਸ਼ੀ ਖਾਨਾ ਅਦਾਲਤ ਦੀ ਹਵਾਲਾਤ ਨੂੰ ਆਖਦੇ ਹਨ, ਜਿਥੇ ਮੁਲਜਮ ਨੂੰ ਅਦਾਲਤ ਵਲੋਂ ਅਵਾਜ਼ ਪੈਣ ਤੋਂ ਪਹਿਲਾਂ ਰੱਖਿਆ ਜਾਂਦਾ ਹੈ)। ਬਸ ਸਿਰਫ ਇਕ ਵਾਰੀ ਹੀ ਸਾਨੂੰ ਇਸ ਬਖਸ਼ੀ ਖਾਨੇ ਵਿਚ ਰੱਖਿਆ। ਅਸਾਂ ਇਸ ਗੱਲ ਦੀ ਸ਼ਿਕਾਇਤ ਜੱਜ ਸਾਹਿਬ ਕੋਲ ਕੀਤੀ ਕਿ ਬਖਸ਼ੀ ਖਾਨੇ ਵਿਚ ਲੋਕ ਸਿਗਰਟਾਂ ਬੀੜੀਆਂ ਪੀਂਦੇ ਹਨ, ਸਾਡਾ ਦਮ ਘੁੱਟਦਾ ਹੈ। ਉਨ੍ਹਾਂ ਨੇ ਸਾਡੀ ਇਸ ਦਰਖ਼ਾਸਤ 'ਤੇ ਪੱਕਾ ਹੀ ਹੁਕਮ ਕਰ ਦਿੱਤਾ ਕਿ ਇਨ੍ਹਾਂ ਨੂੰ ਜਦੋਂ ਵੀ ਤਾਰੀਖ 'ਤੇ ਲਿਆਉਣਾ ਹੋਵੇ, ਦੋ ਵਜੇ ਸਿੱਧੇ ਹੀ ਮੇਰੀ ਅਦਾਲਤ 'ਚ ਪੇਸ਼ ਕਰਨਾ ਹੈ ਤੇ ਹੋਰ ਕਿਧਰੇ ਵੀ ਬੰਦ ਨਹੀਂ ਕਰਨਾ। ਦੋ ਵਜੇ ਸਾਨੂੰ ਹੱਥ ਫੜ ਕੇ ਪੇਸ਼ ਕੀਤਾ ਗਿਆ। ਸਾਰੀ ਕਚਹਿਰੀ ਦੀ ਪਹਿਲਾਂ ਬਹੁਤ ਸਾਰੇ ਹਥਿਆਰਬੰਦ ਸਿਪਾਹੀਆਂ ਵਲੋਂ ਨਾਕਾਬੰਦੀ ਕੀਤੀ ਗਈ, ਜੋ ਅੰਦਰ ਆ ਗਿਆ ਉਨ੍ਹਾਂ ਨੂੰ ਬਾਹਰ ਤਾਂ ਜਲਦੀ-ਜਲਦੀ ਕੱਢ ਦਿੱਤਾ ਗਿਆ, ਪਰ ਅੰਦਰ ਕਿਸੇ ਨੂੰ ਨਾ ਆਉਣ ਦਿੱਤਾ ਗਿਆ। ਪਟਿਆਲਾ ਹਾਊਸ ਦੀਆਂ ਪੌੜੀਆਂ ਦੋਹਾਂ ਪਾਸਿਆਂ ਤੋਂ ਚੜ੍ਹਦੀਆਂ ਹਨ, ਜਿਵੇਂ ਫਿਲਮਾਂ ਵਿਚ ਦਿਖਾਈਆਂ ਹੁੰਦੀਆਂ ਹਨ। ਦੋਵੇਂ ਪਾਸੇ ਹੀ ਪੌੜੀ 'ਤੇ ਹਥਿਆਰਬੰਦ ਜਵਾਨ ਖੜੇ ਸੀ। ਅੱਗੇ ਅਦਾਲਤ ਦਾ ਕਮਰਾ ਵੀ ਖਚਾਖਚ ਭਰਿਆ ਪਿਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਸੀਨੀਅਰ ਅਕਾਲੀ ਲੀਡਰ ਸ. ਗੁਰਚਰਨ ਸਿੰਘ ਟੌਹੜਾ ਵੀ ਅਦਾਲਤ ਵਿਚ ਪਹੁੰਚੇ ਹੋਏ ਸਨ। ਮੇਰੀ ਪਤਨੀ ਤੇ ਸੁਰਿੰਦਰ ਜੀਤ ਸਿੰਘ ਵੀ ਉਥੇ ਖੜੇ ਸਨ। ਸ. ਮੋਹਣ ਸਿੰਘ ਜੀ ਤਾਂ ਵਕੀਲ ਹੋਣ ਨਾਤੇ ਮੇਰੀ ਪੈਰਵੀ ਲਈ ਅੱਗੇ ਖੜ੍ਹੇ ਸਨ। ਮੈਂ ਆਪਣੀ ਪਤਨੀ ਨੂੰ ਜਲਦੀ ਜਲਦੀ ਕੁਝ ਜ਼ਰੂਰੀ ਗੱਲਾਂ ਸਮਝਾਈਆਂ, ਜਿਹੜੀਆਂ ਉਹ ਝੱਟ ਸਮਝ ਗਈ। ਨਾਲੇ ਉਸ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਸਭ ਕੁਝ ਠੀਕ ਠਾਕ ਰਿਹਾ ਹੈ। ਏਸੇ ਤਰ੍ਹਾਂ ਹੀ ਮੈਂ ਸੁਰਿੰਦਰ ਜੀਤ ਸਿੰਘ ਨੂੰ ਵੀ ਕੁਝ ਗੱਲਾਂ ਸਮਝਾਈਆਂ। ਸ. ਮੋਹਣ ਸਿੰਘ ਨੂੰ ਤਾਂ ਫਤਹਿ ਹੀ ਬੁਲਾ ਹੋਈ ਕਿਉਂਕਿ ਉਹ ਆਪਣੇ ਕੰਮ ਵਿਚ ਰੁੱਝੇ ਸਨ। ਜਿਹੜੇ ਜਿਹੜੇ ਕੰਮ ਮੈਂ ਆਪਣੀ ਪਤਨੀ ਨੂੰ ਦੱਸੇ ਉਸ ਨੇ ਜਾਂਦਿਆਂ ਹੀ ਕਰਕੇ ਔਹ ਮਾਰੇ ਤੇ ਦੂਜੀ ਤਰੀਖ 'ਤੇ ਮੈਨੂੰ ਪਤਾ ਲੱਗਾ ਗਿਆ ਕਿ ਮੇਰੇ ਫਿਕਰ ਕਰਨ ਵਾਲੀ ਹੁਣ ਕੋਈ ਗੱਲ ਨਹੀਂ ਸਭ ਕੁਝ ਠੀਕ ਠੀਕ ਹੈ। ਫੜੇ ਜਾਣ ਤੋਂ ਬਾਅਦ ਇਹ ਮੇਰਾ ਆਪਣੇ ਘਰਦਿਆਂ ਨੂੰ ਮਿਲਣ ਦਾ ਪਹਿਲਾ ਮੌਕਾ ਸੀ। ਪੈਂਤੀ ਦਿਨ ਉਨ੍ਹਾਂ ਨੂੰ ਕੁਝ ਪਤਾ ਨਹੀਂ ਸੀ ਕਿ ਮੈਂ ਕਿੱਥੇ ਹਾਂ? ਮੇਰੇ ਨਾਲ ਕੀ ਬੀਤ ਰਹੀ ਹੈ? ਉਹ ਵੀ ਸ਼ਾਇਦ ਉਨ੍ਹਾਂ ਨੂੰ ਪਤਾ ਨਾ ਲੱਗਦਾ, ਇਹ ਗੱਲ ਪਿਛਲੀ ਤਾਰੀਖ 'ਤੇ ਅਖ਼ਬਾਰ ਵਿਚ ਆ ਗਈ ਸੀ। ਇਸ ਲਈ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਅਸੀਂ ਦਿੱਲੀ ਲੈ ਆਂਦੇ

ਗਏ ਹਾਂ। ਉਨ੍ਹਾਂ ਦਿਨਾਂ ਵਿਚ ਮੇਰੇ ਹੱਥਾਂ ਦੀਆਂ ਉਂਗਲਾਂ ਦਾ ਸਾਰਾ ਮਾਸ ਉੱਚੜ ਗਿਆ ਸੀ ਤੇ ਸੁਰਿੰਦਰ ਜੀਤ ਸਿੰਘ ਵੇਖ ਵੇਖ ਮੈਨੂੰ ਪੁੱਛਦਾ ਸੀ, ਇਹ ਕੀ ਹੋਇਆ? ਮੈਂ ਕੀ ਦੱਸਦਾ ਕਿ ਰੀਮਾਂਡ ਵਿਚ ਕੀ ਕੁਝ ਹੁੰਦਾ ਹੈ। ਜੇ ਇਹ ਗੱਲਾਂ ਆਮ ਆਦਮੀ ਨੂੰ ਪਤਾ ਲੱਗ ਜਾਣ ਤਾਂ ਉਸ ਨੂੰ ਗਸ਼ ਪੈ ਜਾਵੇ। ਤੰਗੀਆਂ ਦੇਣ ਲਈ ਕਈ ਐਸੇ ਹੀ ਤਰੀਕੇ ਹਨ ਜੋ ਹਰ ਪੁਲਿਸ ਅਫ਼ਸਰ ਹੀ ਇਜ਼ਾਦ ਕਰ ਲੈਂਦਾ ਹੈ ਤੇ ਦੂਸਰਾ ਕੋਈ ਹੋਰ। ਪਰ ਬਲ ਵਾਹਿਗੁਰੂ ਬਖਸ਼ਦਾ ਹੈ। ਜੇ ਵਾਹਿਗੁਰੂ ਬਲ ਬਖਸ਼ ਦੇਵੇ ਫੇਰ ਪੁਲਿਸ ਤਾਂ ਕੀ ਉਸਦਾ ਪਿਓ ਵੀ ਕੁਝ ਨਹੀਂ ਵਿਗਾੜ ਸਕਦਾ। "ਕਿਰਪਾ ਗੋਬਿੰਦ ਕੇਰੀ ਭਈ ਜੀਤ ਮੇਰੀ" ਵਾਲਾ ਮਹਾਂਵਾਕ ਹੀ ਏਥੇ ਠੀਕ ਬੈਠਦਾ ਹੈ। ਬੰਦੇ ਦੀ ਚੁਸਤੀ ਚਲਾਕੀ ਕੰਮ ਨਹੀਂ ਕਰਦੀ।

ਤਰੀਖ ਵਾਲੇ ਦਿਨ ਜਦੋਂ ਅਸੀਂ ਪਟਿਆਲਾ ਹਾਊਸ ਦੀਆਂ ਪੌੜੀਆਂ ਚੜ੍ਹ ਰਹੇ ਸੀ ਤਾਂ ਸ. ਭਰਪੂਰ ਸਿੰਘ ਬਲਬੀਰ ਸਭ ਤੋਂ ਅੱਗੇ ਸਨ ਇਸ ਤਰ੍ਹਾਂ ਕਰਕੇ ਇਕ ਲਾਈਨ ਜਿਹੀ ਬਣੀ ਹੋਈ ਸੀ ਤੇ ਸਭ ਤੋਂ ਪਿਛੇ ਮੈਂ ਸੀ। ਲਾਗੇ ਲਾਗੇ ਕੋਈ ਚਿੜੀ ਪਰਿੰਦਾ ਵੀ ਨਹੀਂ ਸੀ। ਪਰ ਇਕ ਪੱਤਰਕਾਰ ਪਤਾ ਨਹੀਂ ਕਿਵੇਂ ਤੇ ਕਿਥੋਂ ਪੌੜੀਆਂ ਦੇ ਕੋਲ ਆ ਗਿਆ ਉਸ ਨੇ ਸ. ਭਰਪੂਰ ਸਿੰਘ ਬਲਬੀਰ ਨੂੰ ਪੁਛਿਆ "ਯਹ ਕਯਾ ਬਾਤ ਹੈ ਕਿ ਆਪ ਨੀਲੀ ਪਗੜੀ ਵਾਲੇ ਲੋਗ ਜੇਲ ਮੇਂ ਹੈ ਔਰ ਉਧਰ ਪੰਜਾਬ ਮੇਂ ਨੀਲੀ ਪਗੜੀ ਵਾਲੇ ਹੀ ਰਾਜ ਕਰ ਰਹੇ ਹੈਂ?" ਉਸ ਪੱਤਰਕਾਰ ਦੇ ਹੱਥ ਵਿਚ ਪੈਡ ਤੇ ਪੈਨ ਤੋਂ ਹੀ ਮੈਂ ਅੰਦਾਜ਼ਾ ਲਾਇਆ ਕਿ ਇਹ ਪੱਤਰਕਾਰ ਹੈ। ਪਰ ਸ. ਭਰਪੂਰ ਸਿੰਘ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਖਲੋ ਕੇ ਜੁਆਬ ਨਾਂ ਦੇਣ ਦਿੱਤਾ ਤੇ ਇਸ ਤਰ੍ਹਾਂ ਮਜਬੂਰਨ ਉਨ੍ਹਾਂ ਨੂੰ ਪੌੜੀਆਂ ਚੜ੍ਹਨਾ ਪਿਆ ਕਿਉਂਕਿ ਦੋਹਾਂ ਪਾਸਿਆਂ ਤੋਂ ਇਕ ਇਕ ਸਿਪਾਹੀ ਨੇ ਸਾਰਿਆਂ ਦਿਆਂ ਹੱਥਾਂ ਵਿਚ ਕੜਿੰਗਣੀਆਂ ਪਾਈਆਂ ਹੋਈਆਂ ਸਨ ਤੇ ਨਾਲ ਨਾਲ ਹੋਰ ਵੀ ਹਥਿਆਰਬੰਦ ਸਿਪਾਹੀ ਸਨ। ਉਨੇ ਚਿਰ ਤੱਕ ਮੈਂ ਜਵਾਬ ਤਿਆਰ ਕਰ ਲਿਆ ਸੀ। ਇਹਜੁਆਬ ਦੋ ਲਾਈਨ ਦਾ ਹੀ ਸੀ ਜਦੋਂ ਮੈਂ ਕੋਲ ਆ ਗਿਆ ਤਾਂ ਮੈਂ ਹਾਸੇ ਨਾਲ ਹੀ ਕਿਹਾ, "ਹਮਨੇ ਬਾਰੀ ਬਾਰੀ ਸੇ ਰਾਜ ਕਰਨੇ ਕਾ ਸਮਝੌਤਾ ਕਰ ਲੀਆ ਹੈ ਅਬ ਵੁਹ ਰਾਜ ਕਰ ਰਹੇ ਹੈ ਹਮ ਜੇਲ੍ਹ ਮੈਂ ਹੈਂ ਫਿਰ ਹਮ ਰਾਜ ਕਰੇਂਗੇ ਵੋਹ ਜੇਲ੍ਹ ਮੈਂ ਹੋਂਗੇ।" ਤੁਰੇ ਤੁਰੇ ਜਾਂਦੇ ਬਸ ਏਨੀ ਹੀ ਗੱਲ ਹੋਈ। ਨੀਲੀਆਂ ਪੱਗਾਂ ਵੀ ਅਸਾਂ ਸਾਰਿਆਂ ਨੇ ਸ. ਭਰਪੂਰ ਸਿੰਘ ਬਲਬੀਰ ਦੇ ਕਹਿਣ 'ਤੇ ਹੀ ਬੱਧੀਆਂ ਸਨ ਨਹੀਂ ਤਾਂ ਅਸੀਂ ਸਾਰੇ ਵੱਖ ਵੱਖ ਰੰਗ ਦੀਆਂ ਪੱਗਾਂ ਹੀ ਬੰਨਦੇ ਸਾਂ। ਉਨ੍ਹਾਂ ਸਾਨੂੰ ਇਕ ਦਿਨ ਸਮਝਾਇਆ ਕਿ ਵੱਖੋ ਵੱਖਰੀਆਂ ਪੱਗਾਂ ਬੰਨਣ ਨਾਲ ਤਾਂ ਵੇਖਣ ਵਾਲੇ ਲੋਕ ਇਹ ਵੀ ਸਮਝ ਸਕਦੇ ਹਨ ਕਿ ਇਹ ਸਾਰੇ ਬਜਾਜੀ ਦੀ ਚੋਰੀ ਵਿਚ ਫੜੇ ਹੋਏ ਹਨ। ਸਾਨੂੰ ਉਨ੍ਹਾਂ ਦੀ ਇਹ ਗੱਲ ਬੜੀ ਛੇਤੀ ਸਮਝ ਆਈ ਤੇ ਫੱਟ ਅਸਾਂ ਨੀਲੀਆਂ ਪਗਾਂ ਮੰਗਵਾ ਲਈਆਂ।

ਜਨਸੱਤਾ ਅਖਬਾਰ ਦੇ ਪਹਿਲੇ ਪੰਨੇ 'ਤੇ ਇਹ ਖਬਰ ਵੱਡੀ ਸਾਰੀ ਬਣ ਕੇ ਲੱਗੀ। ਦੂਜੇ ਦਿਨ ਦੋ ਤਿੰਨ ਹੋਰ ਅਖਬਾਰਾਂ ਨੇ ਵੀ ਆਪਣੇ ਆਪਣੇ ਢੰਗ ਨਾਲ ਵਾਧਾ ਕਰ ਦਿੱਤਾ। ਇਕ ਅਖਬਾਰ ਨੇ ਸ. ਗੁਰਚਰਨ ਸਿੰਘ ਟੌਹੜਾ ਦੇ ਪਟਿਆਲਾ ਹਾਊਸ, ਸਾਡੀ ਤਰੀਖ 'ਤੇ ਆਉਣ ਨੂੰ ਵੀ ਸ਼ਾਮਲ ਕਰ ਲਿਆ ਕਿ ਟੌਹੜਾ ਧੜਾ ਬਹੁਤ ਜਲਦੀ ਹੀ ਸੁਰਜੀਤ ਸਿੰਘ ਬਰਨਾਲੇ ਨੂੰ ਗਦੀਓਂ ਲਾਹ ਕੇ ਆਪ ਕਾਬਜ ਹੋਵੇਗਾ। ਪਰ ਇਸ ਅਖਬਾਰ ਨੇ ਇਹ ਉੱਕਾ ਜ਼ਿਕਰ ਨਾ ਕੀਤਾ ਕਿ ਸ. ਗੁਰਚਰਨ ਸਿੰਘ ਟੌਹੜਾ ਨੂੰ ਗਾਤਰੇ ਪਾਈ ਹੋਈ

ਕ੍ਰਿਪਾਨ ਨਾਲ ਅਦਾਲਤ ਦੇ ਕਮਰੇ ਤੱਕ ਨਹੀਂ ਸੀ ਜਾਣ ਦਿੱਤਾ ਤੇ ਮੈਟਲ ਡਿਟੈਕਟਰ ਦੇ ਬਾਹਰ ਹੀ ਰੋਕ ਲਿਆ ਸੀ। ਸਾਡੇ ਅਦਾਲਤ ਅੰਦਰ ਜਾ ਚੁੱਕਣ ਬਾਅਦ ਕੋਈ ਵੀਹ ਮਿੰਟ ਬਾਅਦ ਟੌਹੜਾ ਸਾਹਿਬ ਅੰਦਰ ਆ ਸਕੇ ਉਹ ਵੀ ਤਦ ਜਦੋਂ ਸ. ਬੁਤਾਲੀਆ ਵਕੀਲ ਨੇ ਦਰਖਾਸਤ ਦੇ ਕੇ ਅਦਾਲਤ ਕੋਲੋਂ ਆਗਿਆ ਲੈ ਕੇ ਸੀ.ਬੀ.ਆਈ. ਅਫਸਰਾਂ ਨੂੰ ਵਿਖਾਈ। ਉਸ ਅਖਬਾਰ ਦਾ ਪੱਤਰਕਾਰ ਉਸ ਵੇਲੇ ਇਹ ਸਾਰਾ ਡਰਾਮਾ ਵੇਖ ਰਿਹਾ ਸੀ ਪਰ ਪੀਲੀ ਪੱਤਰਕਾਰੀ ਦੇ ਅਸਰ ਥੱਲੇ ਉਸ ਨੂੰ ਇਹ ਸਾਰੀ ਘਟਨਾ ਤਾਂ ਭੁੱਲ ਗਈ ਕਿ ਕ੍ਰਿਪਾਨ ਪਾਉਣ 'ਤੇ ਕਿਤੇ ਵੀ ਨਾਲ ਲੈ ਜਾਣ ਦਾ ਹੱਕ ਹੁੰਦਿਆਂ ਹੋਇਆਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੀਫ ਨੂੰ ਅਦਾਲਤੋਂ ਬਾਹਰ ਕਿਉਂ ਰੋਕ ਲਿਆ ਗਿਆ? ਪਰ ਬੇਬੁਨਿਆਦ ਖਬਰ ਨੂੰ ਖਿੱਚ ਕੇ ਏਨੀ ਲੰਬੀ ਚੌੜੀ ਕਰਕੇ ਅਖਬਾਰ ਦੀ ਸੁਰਖੀ ਬਣਾ ਧਰੀ ਕਿ ਟੌਹੜਾ ਧੜਾ ਬਰਨਾਲੇ ਦਾ ਰਾਜ ਖੋਹਣ ਨੂੰ ਫਿਰਦਾ ਹੈ। ਇਹ ਖਬਰ ਖੰਭਾਂ ਤੋਂ ਡਾਰ ਬਣਨ ਵਾਲੀ ਗੱਲ ਤੋਂ ਵੱਧ ਕੁਝ ਨਹੀਂ ਸੀ ਤੇ ਇਸ ਦਾ ਸਾਨੂੰ ਚਿਤ ਚੇਤਾ ਵੀ ਨਹੀਂ ਸੀ। ਪੰਜਾਬ ਸਰਕਾਰ ਨੇ ਇਹ ਗੰਭੀਰ ਮਾਮਲਾ ਦਿੱਲੀ ਸਰਕਾਰ ਦੇ ਧਿਆਨ ਵਿਚ ਲਿਆਂਦਾ ਤੇ ਉਨ੍ਹਾਂ ਨੇ ਅਦਾਲਤ ਵਿਚ ਪੇਸ਼ ਕਰਨ ਵਾਲੀ ਗਾਰਦ ਦੇ ਇੰਚਾਰਜ ਏ.ਸੀ.ਪੀ. ਮਿਸਟਰ ਸ਼ਰੋਡਕਰ ਤੇ ਜੇਲ੍ਹ ਸੁਪਰਡੈਂਟ ਦੀ ਖਿਚਾਈ ਕਰ ਦਿੱਤੀ। ਦੂਜੇ ਪੇਸ਼ੀ 'ਤੇ ਸਾਰੀ ਗੱਲ ਹੀ ਬਦਲ ਗਈ। ਕਚੈਹਿਰੀ ਵਿਚ ਕੰਮ ਕਰਾਉਣ ਆਏ ਲੋਕ ਵੀ ਕਚੈਹਿਰੀਓਂ ਬਾਹਰ ਕੱਢ ਦਿੱਤੇ ਗਏ। ਸਾਡੇ ਘਰਦਿਆਂ ਨੂੰ ਵੀ ਸਾਡੇ ਨੇੜੇ ਨਾ ਫਟਕਣ ਦਿੱਤਾ ਗਿਆ ਉਸ ਨਿੱਕੀ ਜਿਹੀ ਗੱਲ ਨੇ ਉਹ ਰੱਫੜ ਪਾਇਆ ਕਿ ਅਸੀਂ ਪਹਿਲਾਂ ਵਾਂਗ ਚੱਜ ਨਾਲ ਆਪਣੇ ਘਰਦਿਆਂ ਨਾਲ ਮੁਲਾਕਾਤ ਵੀ ਨਾ ਕਰ ਸਕੇ।

ਇਹ ਗੱਲ ਇਕ ਦਿਨ ਵੱਡੇ ਸੁਪਰਡੈਂਟ ਜੇਲ੍ਹ ਨੇ ਰਾਤ ਨੂੰ ਆਪਣੀ ਗਸ਼ਤ ਸਮੇਂ ਮੇਰੇ ਇਸ ਗੱਲ ਦੇ ਜੁਆਬ ਵਿਚ ਦੱਸੀ, ਜਦੋਂ ਮੈਂ ਕਿਹਾ ਕਿ ਜੇਲ੍ਹ ਵਿਚ ਤੁਸੀਂ ਸਾਡੇ ਨੱਕ ਵਿਚ ਦਮ ਕੀਤਾ ਹੋਇਆ ਹੈ ਤੇ ਉਧਰ ਸਾਨੂੰ ਅਦਾਲਤ ਵਿਚ ਪੇਸ਼ ਕਰਵਾਉਣ ਵਾਲੀ ਗਾਰਦ ਨੇ। ਸੁਪਰਡੈਂਟ ਮਿਸਟਰ ਅਕਾਸ਼ ਮਹਾਂ ਪਾਤਰੇ ਨੇ ਮੇਰੇ ਸੈੱਲ ਦੇ ਬਾਹਰ ਖਲੋਤੇ ਖਲੋਤੇ ਨੇ ਕਿਹਾ, "ਯਹ ਸਭ ਆਪ ਹੀ ਕਾ ਕਰਾ ਧਰਾ ਹੈ। ਬਾਰੀ ਬਾਰੀ ਸੇ ਰਾਜ ਕਰਨੇ ਕੀ ਪ੍ਰੈਸ ਕੋ ਸਟੇਟਮੈਂਟ ਦੇਤੇ ਹੋ ਫਿਰ ਕਹਿਤੇ ਹੋ ਸਖਤੀ ਹੋ ਗਈ। ਹਮਨੇ ਤੋ ਸਰਕਾਰ ਕੋ ਜੁਆਬ ਲਿਖ ਦੀਆ ਥਾ ਕਿ ਜੇਲ੍ਹ ਕੇ ਬਾਹਰ ਕੀ ਕਿਸੀ ਘਟਨਾ ਕੇ ਲੀਏ ਹਮ ਜ਼ਿੰਮੇਵਾਰ ਨਹੀਂ। ਮਿਸਟਰ ਅਕਾਸ਼ ਮਹਾਂ ਪਾਤਰੇ ਨੇ ਲਗਪਗ ਸਾਰੀ ਗੱਲ ਦੱਸੀ ਕਿ ਕੀ ਕੀ ਕਿਵੇਂ ਕਿਵੇਂ ਹੋਇਆ।

ਮਿਸਟਰ ਅਕਾਸ਼ ਮਹਾਂ ਪਾਤਰੇ ਨੇ ਇਹ ਵੀ ਦੱਸਿਆ ਕਿ ਮਿਸਟਰ ਸ਼ਰੋਡਕਰ ਏ.ਸੀ.ਪੀ. ਅਬ ਭੀ ਆਪ ਲੋਗੋਂ ਕੀ ਜਾਨ ਕੋ ਰੋ ਰਹੇ ਹੈਂ। ਔਰ ਅਭੀ ਤਕ ਇਸ ਮਾਮਲੇ ਮੇ ਵਿਭਾਗੀ ਪੂਛਤਾਛ ਸੇ ਉਨਕੀ ਜਾਨ ਨਹੀਂ ਛੂਟੀ। ਏਕ ਇਮਾਨਦਾਰ ਔਰ ਬੜੀਆ ਪੁਲਿਸ ਅਫਸਰ ਕੋ ਆਪ ਨੇ ਮਿਟੀ ਮੇਂ ਮਿਲਾ ਕੇ ਰੱਖ ਦੀਆ ਹੈ। ਆਪ ਮੇ ਸੇ ਹੀ ਕਿਸੀ ਨੇ ਪ੍ਰੈਸ ਕੋ ਬ੍ਰੀਫ ਕੀਆ ਥਾ। ਸਾਰਾ ਸੀਨ ਫੱਟ ਮੇਰੀਆਂ ਅੱਖਾਂ ਅਗੋਂ ਲੰਘ ਗਿਆ। ਪਰ ਮੈਂ ਦੜ ਵੱਟ ਗਿਆ ਤੇ ਇਹ ਗੱਲ ਕਿਸੇ ਨੂੰ ਨਾ ਦੱਸੀ। ਨਹੀਂ ਤਾਂ ਮੇਰੇ ਸਾਥੀ ਮੈਨੂੰ ਬੁਰਾ ਭਲਾ ਵੀ ਕਹਿ ਸਕਦੇ ਸਨ। ਕਿਉਂਕਿ ਉਹ ਇਸ ਅਚਾਨਕ ਆਈ ਤਬਦੀਲੀ ਤੋਂ ਬਹੁਤ ਹੈਰਾਨ ਸਨ ਤੇ ਕਈ ਵਾਰ ਇਹ ਗੱਲ ਕਰਦੇ ਸਨ ਕਿ ਇਨ੍ਹਾਂ ਜੇਲ੍ਹ ਵਾਲਿਆਂ ਤੇ ਗਾਰਦ ਵਾਲਿਆਂ ਨੂੰ ਕੀ ਭੂੰਡ ਲੜ ਗਏ ਹਨ? ਚੰਗੇ ਭਲੇ ਸੀ ਹੁਣ ਸਾਲੇ ਵੱਢਣ ਨੂੰ ਪੈਂਦੇ ਹਨ।

ਨੇਤਾ ਜੀ ਦੀਆਂ ਕਹਾਣੀਆਂ

ਨੇਤਾ ਜੀ ਸਾਨੂੰ ਸੁਣਾਉਂਦੇ ਕਿਵੇਂ ਹਜ਼ਾਰੀ ਬਾਗ ਜੇਲ੍ਹ ਵਿਚ ਅਫਵਾਹ ਫੈਲ ਗਈ ਕਿ ਛੋਟਾ ਭਿੰਡਰਾਂਵਾਲਾ ਬਾਬਾ ਇਸ ਜੇਲ੍ਹ ਵਿਚ ਆਇਆ ਹੋਇਆ ਹੈ। ਫਿਰ ਉਹ ਦਸਦੇ ਮੈਨੂੰ ਮਿਲਣ ਆਈ.ਜੀ. ਤੇ ਜੇਲ੍ਹ ਸੁਪਰਡੈਂਟ ਦੀਆਂ ਤੇ ਹੋਰ ਅਧਿਕਾਰੀਆਂ ਦੀਆਂ ਪਤਨੀਆਂ ਆਈਆਂ। ਉਨ੍ਹਾਂ ਮਠਿਆਈ ਦੇ ਡੱਬੇ ਲਿਆਂਦੇ, ਫਿਰ ਮੈਂ ਸਾਰੇ ਡੱਬਿਆਂ ਵਿਚੋਂ ਇਕ ਇਕ ਪੀਸ ਕੱਢ ਕੇ ਇਕ ਡੱਬੇ ਵਿਚ ਪਾ ਕੇ ਅਰਦਾਸ ਕਰਕੇ ਉਨ੍ਹਾਂ ਨੂੰ ਡੱਬਾ ਵਾਪਸ ਕਰ ਦਿੱਤਾ। ਬਸ ਫਿਰ ਕੀ ਸੀ ਉਨ੍ਹਾਂ ਨੂੰ ਪੱਕਾ ਹੀ ਪਤਾ ਲੱਗ ਗਿਆ ਕਿ ਇਹ ਸੱਚ ਮੁੱਚ ਹੀ ਛੋਟਾ ਭਿੰਡਰਾਂਵਾਲਾ ਬਾਬਾ ਹੈ।

ਫਿਰ ਉਨ੍ਹਾਂ ਨੇ ਸਾਨੂੰ ਲਾਲਾ ਜਗਤ ਨਰਾਇਣ ਦੀ ਗੱਲ ਸੁਣਾਇਆ ਕਰਨੀ ਕਿ ਕਿਵੇਂ ਇਕ ਸਮਾਗਮ 'ਤੇ ਲਾਲਾ ਜਗਤ ਨਰਾਇਣ ਜੀ ਨੇ ਕਿਹਾ, "ਮੈਨੂੰ ਸ਼ਰਮ ਆ ਰਹੀ ਹੈ ਕਿ ਗੁਰੂ ਨਾਨਕ ਦੀ ਧਰਤੀ, ਪੀਰਾਂ-ਪੈਗੰਬਰਾਂ ਦੀ ਧਰਤੀ 'ਤੇ ਰਿਸ਼ੀਆਂ ਮੁਨੀਆਂ ਦੀ ਧਰਤੀ ਪੰਜਾਬ 'ਚ ਕਿੰਨੇ ਸ਼ਰਾਬ ਦੇ ਠੇਕੇ ਖੁੱਲ੍ਹ ਗਏ ਹਨ, ਬੜੇ ਅਫਸੋਸ ਦੀ ਗੱਲ ਹੈ। ਜਿਥੇ ਕੱਲ੍ਹ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਉਥੇ ਅੱਜ ਸ਼ਰਾਬ ਦੇ ਵਹਿਣ ਵਹਿ ਰਹੇ ਹਨ। ਸਾਨੂੰ ਸਾਰਿਆਂ ਨੂੰ ਰਲ ਕੇ ਕੁਝ ਕਰਨਾ ਚਾਹੀਦਾ ਹੈ ਤੇ ਇਸ ਲਾਹਨਤ ਦੀਆਂ ਦੁਕਾਨਾਂ ਨੂੰ ਬੰਦ ਕਰਵਾਉਣਾ ਚਾਹੀਦਾ ਹੈ।" ਏਨੀ ਗੱਲ ਕਰਕੇ ਲਾਲਾ ਜੀ ਬੈਠ ਗਏ ਤੇ ਉਸ ਤੋਂ ਬਾਅਦ ਨੇਤਾ ਜੀ ਦੀ ਵਾਰੀ ਆਈ। ਨੇਤਾ ਜੀ ਦਸਦੇ ਹਨ ਮੈਂ ਕਿਹਾ, "ਲਾਲਾ ਜੀ ਨੇ ਬਿਲਕੁਲ ਠੀਕ ਕਿਹਾ ਹੈ, ਪਰ ਇਹ ਲਾਅਨਤ ਦੀਆਂ ਦੁਕਾਨਾਂ ਨੂੰ ਬੰਦ ਕਰਾਉਣ ਲਈ ਕਿਸੇ ਵੱਡੀ ਤੇ ਮਹਾਨ ਸਖਸ਼ੀਅਤ ਦੀ ਲੋੜ ਹੈ ਤੇ ਉਹ ਸਖਸ਼ੀਅਤ ਲਾਲਾ ਜਗਤ ਨਰਾਇਣ ਜੀ ਤੋਂ ਬਗੈਰ ਹੋਰ ਕੌਣ ਹੋ ਸਕਦਾ ਹੈ? ਮੇਰੀ ਇਨ੍ਹਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਇਹ ਕੱਲ ਤੋਂ ਹੀ ਇਸ ਲਾਅਨਤ ਵਿਰੁੱਧ ਜਹਾਦ ਚੁੱਕ ਦੇਣ ਤੇ ਮਰਨ ਵਰਤ ਰੱਖ ਕੇ ਸਾਡੀ ਅਗਵਾਈ ਕਰਨ।" ਨੇਤਾ ਜੀ ਕਹਿੰਦੇ ਹਨ, "ਮੇਰੇ ਏਨੇ ਕਹਿਣ ਦੀ ਦੇਰ ਸੀ ਕਿ ਲਾਲਾ ਜੀ ਨੂੰ ਚੱਕਰ ਆ ਗਿਆ ਤੇ ਫੇਰ ਉਹ ਬੇਹੋਸ਼ ਹੋ ਕੇ ਰਮੇਸ਼ ਦੀਆਂ ਬਾਹਵਾਂ ਵਿਚ ਲੁੜਕ ਗਏ।" ਇਸ ਤਰ੍ਹਾਂ ਦੀਆਂ ਉਹ ਹੋਰ ਵੀ ਕਈ ਗੱਲਾਂ ਸੁਣਾਇਆ ਕਰਦੇ ਸਨ। ਆਮ ਤੌਰ 'ਤੇ ਉਨ੍ਹਾਂ ਦਾ ਤਕੀਆ ਕਲਾਮ ਹੁੰਦਾ ਸੀ "ਉਡਾ ਦਿਆਂਗੇ ਬੂੰਦੀ"।

ਇਕ ਵਾਰ ਪੰਜਾਬ ਦੀ ਇਕ ਖਬਰ ਅਖ਼ਬਾਰ ਵਿਚ ਆਈ ਕਿ ਹਰੀ ਸਿੰਘ ਉਰਫ ਜਨਰਲ ਮਨਬੀਰ ਸਿੰਘ ਚਹੇੜੂ, ਬਲਬੀਰ ਸਿੰਘ ਰਾਏਪੁਰ ਤੇ ਹੋਰ ਕੁਝ ਨਾਂ ਜੋ ਮੈਨੂੰ ਹੁਣ ਯਾਦ ਨਹੀਂ ਪੁਲਿਸ ਨੇ ਫੜ੍ਹ ਲਏ ਹਨ। ਇਹ ਗੱਲ ਸਾਨੂੰ ਦੱਸੀ ਵੀ ਨੇਤਾ ਜੀ ਨੇ ਹੀ ਸੀ ਕਿ ਇਹ ਮੈਂ ਅਖ਼ਬਾਰ ਵਿਚ ਪੜ੍ਹਿਆ ਹੈ। ਅਸੀਂ ਕੋਈ ਦੋ ਮਹੀਨੇ ਤੋਂ ਅਖ਼ਬਾਰ ਦਾ ਮੂੰਹ ਨਹੀਂ ਸੀ ਵੇਖਿਆ, ਸਾਨੂੰ ਉੱਕਾ ਨਹੀਂ ਸੀ ਪਤਾ ਪੰਜਾਬ ਵਿਚ ਕੀ ਹੋ ਰਿਹਾ ਹੈ ਤੇ ਕੀ ਨਹੀਂ। ਨਾਮੀ ਖਾੜਕੂਆਂ ਬਾਰੇ ਜਾਨਣ ਲਈ ਸਾਡੀ ਉਤਸੁਕਤਾ ਜਾਗ ਪਈ ਕਿ ਪਹਿਲਾਂ ਅਖ਼ਬਾਰ ਪੜ੍ਹੀਏ। ਅਸੀਂ ਸਾਰੇ ਭੱਜ ਕੇ ਅਖ਼ਬਾਰ ਵੱਲ ਨੂੰ ਗਏ, ਜੋ ਸਾਡੇ ਤੋਂ ਪੰਜਾਹ ਕੁ ਫੁੱਟ ਪਰ੍ਹੇ ਜਾਮਣ ਥੱਲੇ ਇਕ ਵਾਰਡਨ ਪੜ੍ਹ ਰਿਹਾ ਸੀ ਤੇ ਇਹ ਅਖ਼ਬਾਰ ਅੱਜ ਪਹਿਲੀ ਵਾਰ ਹੀ ਉਹ ਭੁੱਲ ਭੁਲੇਖੇ ਸਾਡੇ ਵਾਰਡ 'ਚ ਲੈ ਆਇਆ ਸੀ, ਨਹੀਂ ਤਾਂ ਏਥੇ ਤਾਂ ਕਦੀ ਚਿੜੀ ਨੇ ਪਰ ਨਹੀਂ ਮਾਰੇ, ਅਖ਼ਬਾਰ ਕਿਥੇ? ਏਥੇ ਰਿਵਾਜ ਇਹ ਸੀ ਕਿ ਜੋ ਵਾਰਡਨ ਡਿਊਟੀ 'ਤੇ ਆਉਂਦਾ ਉਨ੍ਹਾਂ ਦੀ ਤਲਾਸ਼ੀ ਲਈ ਜਾਂਦੀ। ਦੋ ਬੀੜੀਆਂ ਤੇ ਦੋ ਡੱਬੀ ਦੀਆਂ ਤੀਲਾਂ ਉਸ

ਨੂੰ ਦਿੱਤੀਆਂ ਜਾਂਦੀਆਂ। ਬਾਕੀ ਰੱਖ ਲਈਆਂ ਜਾਂਦੀਆਂ। ਉਹ ਇਸ ਕਰਕੇ ਕਿ ਕਿਤੇ ਸੋਲ੍ਹਾਂ ਨੰਬਰ ਵਾਰਡ ਦੇ ਕੈਦੀ ਨੂੰ ਵਾਰਡਨ ਬੀੜੀਆਂ ਨਾ ਪਿਆ ਦੇਵੇ। ਫਿਰ ਜਦੋਂ ਵਾਰਡਨ ਡਿਊਟੀ ਦੇ ਕੇ ਵਾਰਡ ਤੋਂ ਬਾਹਰ ਨਿਕਲਦਾ ਤਾਂ ਉਹ ਮਾਚਸ ਦੀਆਂ ਬਲੀਆਂ ਹੋਈਆਂ ਤੀਲਾਂ ਤੇ ਪੀਤੀ ਹੋਈ ਸਿਗਰਟ ਬੀੜੀ ਦੇ ਟੁਕੜੇ ਉਸ ਤੋਂ ਲੈ ਲਏ ਜਾਂਦੇ। ਉਹ ਇਹ ਵੇਖਣ ਵਾਸਤੇ ਕਿ ਕਿਤੇ ਬੀੜੀ ਕਿਸੇ ਕੈਦੀ ਕੋਲ ਤਾਂ ਨਹੀਂ ਚਲੀ ਗਈ? ਏਥੋਂ ਤੱਕ ਪਾਬੰਦੀ ਸੀ, ਅਖ਼ਬਾਰ ਵਰਗੀ ਚੀਜ਼ ਉਥੇ ਕਿਥੋਂ ਆਉਣੀ ਸੀ? ਹੁਣ ਅਸੀਂ ਤਾਂ ਭੱਜ ਭੱਜ ਕੇ ਅਖ਼ਬਾਰ ਵੱਲ ਨੂੰ ਪਈਏ ਤੇ ਇਕ ਦੂਜੇ ਨੂੰ ਆਖੀਏ "ਜਾ ਅਖ਼ਬਾਰ ਫੜ ਲਿਆ" ਅਜੇ ਸਾਨੂੰ ਇਹ ਵੀ ਨਹੀਂ ਸੀ ਪਤਾ ਕਿ ਉਹ ਵਾਰਡਨ ਸਾਨੂੰ ਅਖ਼ਬਾਰ ਦੇ ਵੀ ਦੇਵੇਗਾ ਕਿ ਨਾਂਹ ਹੀ ਕਰ ਦੇਵੇਗਾ। ਇਸ ਲਈ ਇਕ ਦੂਜੇ ਨੂੰ ਤਾਂ ਸਾਰੇ ਆਖੀ ਜਾਣ, ਪਰ ਜੇ ਉਸ ਨੇ ਨਾਂਹ ਕਰ ਦਿੱਤੀ ਤਾਂ ਉਸ ਸ਼ਰਮਿੰਦਗੀ ਤੋਂ ਡਰਦਾ ਉਧਰ ਜਾਵੇ ਕੋਈ ਨਾ। ਨੇਤਾ ਜੀ ਉਧਰ ਆਖਣ ਮੇਰੀ ਗੱਲ ਸੁਣੋ ਗੋਲੀ ਮਾਰੋ ਅਖ਼ਬਾਰ ਨੂੰ। ਉਸ ਦਿਨ ਸਾਰਿਆਂ ਨੂੰ ਨੇਤਾ ਜੀ 'ਤੇ ਗੁੱਸਾ ਆਇਆ। ਗੁੱਸੇ ਨੂੰ ਕੰਟਰੋਲ ਤਾਂ ਬਥੇਰਾ ਕੀਤਾ ਪਰ ਕਿਸੇ ਦੇ ਮੂੰਹੋਂ ਨਿਕਲ ਹੀ ਗਿਆ, "ਨੇਤਾ ਜੀ, ਤੁਹਾਡੀਆਂ ਗੱਲਾਂ ਸੁਣ-ਸੁਣ ਕੇ ਸਾਡੇ ਕੰਨ ਪੱਕ ਗਏ ਹਨ, ਤੁਸੀਂ ਤਾਂ ਏਥੇ ਹੀ ਰਹਿਣਾ ਹੈ ਇਹ ਰੀਕਾਰਡ ਕਿਸੇ ਵੇਲੇ ਫੇਰ ਲਾ ਦਿਓ ਸੁਣ ਲਵਾਂਗੇ, ਪਰ ਉਹ ਅਖ਼ਬਾਰ ਕਿਥੋਂ ਆਉਣੀ ਹੈ? ਅਸੀਂ ਤੁਹਾਡੀ ਗੱਲ ਤੋਂ ਪਹਿਲਾਂ ਅਖ਼ਬਾਰ ਲੈਣ ਲਈ ਕੋਸ਼ਿਸ਼ ਕਰਾਂਗੇ। ਸਾਡਾ ਦਿਲ ਕਰੇ ਕਿ ਜੇ ਵਾਰਡਨ ਨੇ ਅਖ਼ਬਾਰ ਦੇਣ ਬਦਲੇ ਦਸ-ਵੀਹ, ਪੰਜਾਹ ਰੁਪਏ ਵੀ ਮੰਗ ਲਏ ਤਾਂ ਅਸਾਂ ਝੱਟ ਦੇ ਦੇਣੇ ਹਨ। ਸਭ ਤੋਂ ਪਹਿਲਾਂ ਮੈਂ ਹੀ ਉਠਿਆ, ਉਸ ਵਾਰਡਨ ਨੂੰ ਬੇਨਤੀ ਕੀਤੀ, "ਭਾਈ ਸਾਹਿਬ, ਜ਼ਰਾ ਅਖ਼ਬਾਰ ਸਾਨੂੰ ਵੀ ਦੇਣਾ, ਤੁਹਾਡੀ ਬੜੀ ਮਿਹਰਬਾਨੀ।" ਪਰ ਉਸ ਉਲੂ ਦੇ ਪੱਠੇ ਨੇ ਪੈਂਦੀ ਸੱਟੇ ਨਾਂਹ ਕਰ ਦਿੱਤੀ ਤੇ ਕਿਹਾ ਆਪ ਕੇ ਲਈ ਅਖ਼ਬਾਰ ਕਾ ਹੁਕਮ ਨਹੀਂ। ਮੈਂ ਝਪਟਾ ਮਾਰ ਕੇ ਅਖ਼ਬਾਰ ਖੋਹ ਲਈ। ਉਸ ਵੇਲੇ ਮੈਨੂੰ ਉਹ ਅਖ਼ਬਾਰ ਨਹੀਂ, ਕੋਈ ਕੀਮਤੀ ਖਜ਼ਾਨਾ ਲੱਗ ਰਿਹਾ ਸੀ। ਮੈਂ ਪੜ੍ਹਨਾ ਚਾਹੁੰਦਾ ਸਾਂ ਬਲਬੀਰ ਸਿੰਘ ਤੇ ਹਰੀ ਸਿੰਘ ਤੇ ਧੰਨਾ ਸਿੰਘ ਨਾਲ ਕੀ ਵਾਪਰੀ ਹੈ? ਅਖ਼ਬਾਰ ਖੋਹਣ 'ਤੇ ਉਹ ਵਾਰਡਨ ਹੈਰਾਨ ਹੋ ਗਿਆ ਤੇ ਬਿਟਰ ਬਿਟਰ ਮੇਰੇ ਵੱਲ ਇਸ ਤਰ੍ਹਾਂ ਵੇਖਣ ਲੱਗ ਪਿਆ ਜਿਵੇਂ ਸੱਚ ਮੁੱਚ ਹੀ ਮੈਂ ਉਸਦਾ ਕੋਈ ਖਾਸ ਨੁਕਸਾਨ ਕਰ ਦਿੱਤਾ ਹੁੰਦਾ ਹੈ। ਪਰ ਮੈਨੂੰ ਉਸਦੀ ਕੁਝ ਪਰਵਾਹ ਨਹੀਂ ਸੀ।

ਮੈਂ ਛੇਤੀ ਛੇਤੀ ਅਖ਼ਬਾਰ ਪੜ੍ਹਨੀ ਸ਼ੁਰੂ ਕਰ ਦਿੱਤੀ। ਮੈਨੂੰ ਪੜ੍ਹਦੇ ਨੂੰ ਵੇਖ ਕੇ ਹੋਰ ਵੀ ਸਾਰੇ ਭੱਜ ਕੇ ਆ ਗਏ ਤੇ ਅਖ਼ਬਾਰ ਪੜ੍ਹਨ ਲੱਗ ਪਏ, ਪਰ ਉਸ ਵਾਰਡਨ ਨੇ ਸੀਟੀ ਕੱਢ ਲਈ ਤੇ ਵਜਾਉਣ ਲਈ ਮੂੰਹ ਵਿਚ ਪਾ ਲਈ। ਇਹ ਵੀ ਸਭ ਤੋਂ ਪਹਿਲਾਂ ਮੈਂ ਹੀ ਵੇਖਿਆ, ਕਿਉਂਕਿ ਮੈਨੂੰ ਪਤਾ ਸੀ ਕਿ ਮੇਰੇ ਝੱਪਟੇ ਦਾ ਅਸਰ ਉਲਟ ਹੋਣਾ ਹੀ ਹੋਣਾ ਹੈ। ਕਿਉਂਕਿ ਉਨ੍ਹਾਂ ਦਿਨਾਂ ਵਿਚ ਆਮ ਤੌਰ 'ਤੇ ਜੋ ਵੀ ਵਾਰਡਨ ਸੋਲ੍ਹਾਂ ਨੰਬਰ ਵਿਚ ਆਉਂਦਾ ਉਹ ਪਹਿਲਾਂ ਦਾ ਗਿਝਾ ਔਖਾ ਬੋਲਦਾ, ਫਿਰ ਸਿੱਖਾਂ ਨਾਲ ਬੁਰਾ ਸਲੂਕ ਕਰਨਾ ਤਾਂ ਉਹ ਆਪਣਾ ਹੱਕ ਵੀ ਸਮਝਦੇ ਸਨ। ਪਰ ਅਸੀਂ ਉਨ੍ਹਾਂ ਨਾਲੋਂ ਵੀ ਬੁਰਾ ਬੋਲਣ ਨੂੰ ਕਾਹਲੇ ਹੁੰਦੇ। ਇਸ ਤਰ੍ਹਾਂ ਅਸੀਂ ਸਦਾ ਬਚਾਅ ਕਰਨ ਦੀ ਥਾਂ ਹਮਲਾਵਰ ਹੁੰਦੇ ਤੇ ਆਉਣ ਵਾਲੇ ਦੀ ਹਾਰ ਤਾਂ ਹੁੰਦੀ ਹੀ ਬੇਇਜ਼ਤੀ ਵੀ ਹੋ ਜਾਂਦੀ। ਕਿਉਂਕਿ ਇਸ ਵਾਰਡ ਵਿਚ ਕਦੀ ਇਸ ਤਰ੍ਹਾਂ ਹੋਇਆ ਨਹੀਂ ਸੀ। ਸਾਡੇ ਇਕ ਸਾਥੀ ਅਵਤਾਰ ਸਿੰਘ ਘੁੱਲੇ ਨੇ ਝੱਪਟਾ ਮਾਰ ਕੇ

ਉਸਦੀ ਸੀਟੀ ਮੂੰਹ ਨਾਲੋਂ ਤੋੜ ਲਈ ਤੇ ਉਸ ਨੂੰ ਪੁਛਿਆ, "ਤੈਨੂੰ ਪਤਾ ਹੈ ਤੂੰ ਕੀ ਕਰਨ ਲੱਗਾ ਹੈ?" ਉਸ ਕਿਹਾ, "ਮੈਂ ਅਲਾਰਮ ਕਰਵਾ ਦਿਆਂਗਾ"। ਅਵਤਾਰ ਸਿੰਘ ਘੁੱਲੇ ਨੇ ਕਿਹਾ, "ਫਿਰ ਕੀ ਹੋਵੇਗਾ?" ਉਸ ਕਿਹਾ, "ਯਹ ਆਪ ਕੋ ਪਤਾ ਚਲ ਜਾਏਗਾ ਕਿ ਅਲਾਰਮ ਹੋਨੇ ਸੇ ਕਯਾ ਹੁਆ ਕਰਤਾ ਹੈ।" ਅਵਤਾਰ ਸਿੰਘ ਘੁੱਲੇ ਨੇ ਕਿਹਾ, "ਜੇ ਇਸ ਤਰ੍ਹਾਂ ਹੋ ਗਿਆ ਤਾਂ ਪਤਾ ਹੈ ਹੋਰ ਕੀ ਹੋਵੇਗਾ?" ਉਸ ਕਿਹਾ, "ਕਯਾ ਹੋਗਾ?" "ਏਕ ਹਫਤੇ ਕੇ ਅੰਦਰ ਤੁਮ੍ਹਾਰੇ ਘਰ ਕੇ ਮੈਂਬਰ ਆਧੇ ਸੇ ਭੀ ਕਮ ਰਹਿ ਜਾਏਂਗੇ। ਹੋ ਸਕਤਾ ਹੈ ਆਪ ਅਕੇਲੇ ਹੀ ਇਸ ਦੁਨੀਆਂ ਮੇਂ ਰਹਿ ਜਾਏਂ। ਫਿਰ ਤੁਮ੍ਹਾਰੇ ਘਰ ਵਾਲਾ ਕੋਈ ਤੁਮਾਰੇ ਸਾਥ ਨਹੀਂ ਹੋਗਾ। ਯਹ ਅਲਾਰਮ ਕਰਵਾਨੇ ਵਾਲੀ ਵਿੱਸਲ ਹੀ ਤੁਮ੍ਹਾਰੀ ਸਾਥੀ ਹੋਗੀ। ਅੰਦਾਜਾ ਲਗਾਓ ਯਹ ਤੁਮ੍ਹਾਰੇ ਲੀਏ ਕਿਤਨਾ ਕਸ਼ਟਦਾਇਕ ਹੋਗਾ?" ਉਸ ਦੇ ਹੱਥ ਪੈਰ ਝੱਟ ਢਿਲੇ ਪੈ ਗਏ ਤੇ ਉਹ ਸਾਡੇ ਸਾਰਿਆਂ ਦੇ ਮੂੰਹ ਵੱਲ ਬਿਟਰ ਬਿਟਰ ਵੇਖਣ ਲੱਗ ਪਿਆ। ਖੈਰ ਗੱਲ ਖਤਮ ਹੋ ਗਈ ਤੇ ਅਸਾਂ ਸਾਰਿਆਂ ਨੇ ਵਾਰੋ ਵਾਰ ਅਖ਼ਬਾਰ ਪੜ੍ਹੀ। ਉਸ ਵਿਚ ਪੰਜਾਬ ਵਿਚ ਹੋਣ ਵਾਲੀਆਂ ਸ਼ਹੀਦੀਆਂ ਦਾ ਜਿਕਰ ਵੀ ਸੀ। ਇਹ ਅਖ਼ਬਾਰ ਪੜ ਕੇ ਸਾਨੂੰ ਪਤਾ ਲੱਗਾ ਕਿ ਬਲਬੀਰ ਸਿੰਘ ਕਿਸ ਤਰ੍ਹਾਂ ਸ਼ਹੀਦ ਹੋਇਆ ਸੀ, ਪਰ ਜਨਰਲ ਹਰੀ ਸਿੰਘ ਗ੍ਰਿਫਤਾਰ ਨਹੀਂ ਸੀ ਹੋਇਆ। ਆਪਣੇ ਨੇਤਾ ਜੀ ਨੂੰ ਭੁਲੇਖਾ ਲਗਾ ਸੀ।

ਨੇਤਾ ਜੀ ਦਾ ਦੂਜੇ ਵਾਰਡ 'ਚ ਜਾਣਾ

ਉਨ੍ਹਾਂ ਦਿਨਾਂ ਵਿਚ ਸਾਡੇ ਇਕ ਲੰਗੜਾ ਮੁਣਸ਼ੀ ਆਇਆ ਸੀ। ਉਸ ਦਾ ਪਿਓ ਪੁਲਿਸ ਦਾ ਹੌਲਦਾਰ ਵਗੈਰਾ ਸੀ। ਸਾਰੇ ਦੇ ਸਾਰੇ ਚਾਰ ਭਰਾ ਤੇ ਇਕ ਪਿਓ, ਇਕ ਬੰਦੇ ਨੂੰ ਚਾਕੂ ਮਾਰਨ ਦੇ ਜੁਰਮ ਵਿਚ ਵੀਹ-ਵੀਹ ਸਾਲ ਬੱਝ ਗਏ ਸਨ। ਉਹ ਬਹੁਤ ਹੀ ਸ਼ੈਤਾਨ ਆਦਮੀ ਸੀ। ਉਹ ਐਸੇ ਚਿਟੇ ਤੇ ਪ੍ਰੈਸ ਕੀਤੇ ਖਦਰ ਦੇ ਕੱਪੜੇ ਪਾਉਂਦਾ ਸੀ ਕਿ ਇਕ ਵਾਰ ਆਈ.ਜੀ. ਜੇਲ੍ਹ ਨੇ ਉਸ ਨੂੰ ਪੰਜੀ ਰੁਪਏ ਇਨਾਮ ਦਿੱਤਾ ਸੀ। ਉਹ ਆਪਣੇ ਆਪ ਨੂੰ ਬੜਾ ਤੀਸ ਮਾਰ ਖਾਂ ਸਮਝਦਾ ਸੀ, ਪਰ ਅਸੀਂ ਉਸ ਨੂੰ ਟਕੇ ਸੇਰ ਗਿਣਦੇ ਸੀ। ਏਸੇ ਹੀ ਦੌਰਾਨ ਨੇਤਾ ਜੀ ਨੇ ਏਥੇ ਰਹਿੰਦਿਆਂ ਕੁਝ ਖਤਰਾ ਜਿਹਾ ਮਹਿਸੂਸ ਕੀਤਾ ਹਾਲਾਂਕਿ ਐਸੀ ਕੋਈ ਗੱਲ ਨਹੀਂ ਸੀ ਪਰ ਉਹ ਏਥੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਸਨ। ਸ਼ਾਇਦ ਇਕ ਤਾਂ ਇਸ ਕਰਕੇ ਕਿ ਉਨ੍ਹਾਂ ਦੇ ਲੜਕੇ ਨੇ ਅਵਤਾਰ ਸਿੰਘ ਨੂੰ ਫੜਵਾ ਦਿੱਤਾ ਸੀ, ਜੋ ਕਿ ਬਿਲਕੁਲ ਬੇਕਸੂਰ ਸੀ ਤੇ ਦੂਜਾ ਨੇਤਾ ਜੀ ਤੇ ਉਨ੍ਹਾਂ ਦਾ ਲੜਕਾ ਆਪਸ ਵਿਚ ਲੜਦੇ ਰਹਿੰਦੇ ਸਨ। ਇਸ ਹਾਲਤ ਵਿਚ ਨੇਤਾ ਜੀ ਨੇ ਉਸ ਨੂੰ ਆਪਣੀਆਂ ਚਟਪਟੀਆਂ ਤੇ ਰਾਜੀਵ ਤੇ ਇੰਦਰਾ ਦੀਆਂ ਗੱਲਾਂ ਸੁਣਾ ਸੁਣਾ ਕੇ ਹੱਥਾਂ 'ਤੇ ਚੜ੍ਹਾ ਲਿਆ। ਉਸ ਨੂੰ ਲਾਲਚ ਸੀ ਕਿ ਉਸ ਦੀ ਕੈਦ ਵਿਚ ਕਮੀ ਹੋ ਜਾਵੇਗੀ ਤੇ ਨੇਤਾ ਜੀ ਨੇ ਇਸ ਤਰ੍ਹਾਂ ਦਾ ਵਾਅਦਾ ਵੀ ਉਸ ਨਾਲ ਕੀਤਾ ਸੀ ਕਿ ਬਾਹਰ ਜਾਣ 'ਤੇ ਬੂਟਾ ਸਿੰਘ (ਗ੍ਰਹਿ ਮੰਤਰੀ ਭਾਰਤ ਸਰਕਾਰ) ਨੂੰ ਆਖ ਕੇ ਤੇ ਅਰਜਣ ਸਿੰਘ ਨੂੰ ਕਹਿ ਕੇ ਇਹ ਕੰਮ ਪੰਜ ਮਿੰਟ ਵਿਚ ਕਰਵਾ ਦਿਆਂਗਾ। ਏਧਰ ਨੇਤਾ ਜੀ ਸਾਡੇ ਵਾਰਡ ਵਿਚ ਸਾਡੇ ਨਾਲ ਰਹਿ ਕੇ ਔਖੇ ਸਨ। ਉਨ੍ਹਾਂ ਨੇ ਆਪਣੀ ਏਥੋਂ ਚਲੇ ਜਾਣ ਦੀ ਸਕੀਮ ਨੂੰ ਅਸਲੀਅਤ ਵਿਚ ਬਦਲਣ ਲਈ ਲੰਗੇ ਮੁਣਸ਼ੀ ਨੂੰ ਨਾਲ ਗੰਢਿਆ ਤੇ ਡਿਪਟੀ ਨੂੰ ਜੋ ਉਦੋਂ ਏਥੋਂ ਦਾ ਸਭ ਕੁਝ ਸੀ ਪੰਜ ਸੋ ਰੁਪਏ ਦੇ ਕੇ ਦੋ ਨੰਬਰ ਜੇਲ੍ਹ ਵਿਚ ਜਾਣ ਦੇ ਹੁਕਮ ਆਈ.ਜੀ. ਪਾਸੋਂ ਕਰਵਾ ਲਏ। ਜਦੋਂ ਹੁਕਮ ਆ ਗਏ ਤਾਂ ਨੇਤਾ ਜੀ ਨੂੰ ਖਿਆਲ ਆਇਆ ਕਿ ਮੈਂ ਵੀ ਸੀ. ਕਲਾਸ

ਤੇ ਮੇਰਾ ਮੁੰਡਾ ਵੀ ਸੀ ਕਲਾਸ। ਜਾ ਕੇ ਪਰੇਡ ਦੀਆਂ ਰੋਟੀਆਂ ਖਾ ਖਾ ਮਰ ਜਾਵਾਂਗੇ, ਕਿਉਂ ਨਾ ਬੀ. ਕਲਾਸ ਵਾਲੇ ਦੋ ਨਾਲ ਲਏ ਜਾਣ। ਉਸ ਨੇ ਇਹ ਮੁਸ਼ਕਲ ਵੀ ਲੰਡੇ ਰਾਹੀਂ ਡਿਪਟੀ ਨੂੰ ਦੱਸੀ। ਪੰਜ ਸੌ ਰੁਪਏ ਹੋਰ ਵਿਚ ਸੌਦਾ ਹੋ ਗਿਆ ਤੇ ਵਿਚਾਰੇ ਮਹਿੰਦਰ ਸਿੰਘ ਤੇ ਉਸ ਦੇ ਲੜਕੇ ਗੁਰਪ੍ਰੀਤ ਸਿੰਘ ਦੇ ਹੁਕਮ ਵੀ ਨਾਲ ਹੀ ਕਰਵਾ ਦਿੱਤੇ। ਜਦੋਂ ਹੁਕਮ ਆਏ ਤੇ ਹੌਲਦਾਰ ਨੇ ਪੜ੍ਹ ਕੇ ਸੁਣਾਏ ਤੇ ਚੌਹਾਂ ਨੂੰ ਤਿਆਰ ਹੋਣ ਲਈ ਕਿਹਾ ਤਾਂ ਗੁਰਪ੍ਰੀਤ ਰੋਣ ਲੱਗ ਪਿਆ। ਉਹ ਸਾਨੂੰ ਛੱਡ ਕੇ ਨਹੀਂ ਸੀ ਜਾ ਜਾਣਾ ਚਾਹੁੰਦਾ। ਸਾਡਾ ਵੀ ਬੜਾ ਦਿਲ ਖਰਾਬ ਹੋਇਆ, ਉਸ ਦਿਨ ਅਸਾਂ ਰੋਟੀਆਂ ਨਾ ਪੱਕਾਈਆਂ ਤੇ ਨਾ ਖਾਧੀਆਂ। ਮੈਂ ਨੇਤਾ ਜੀ ਨੂੰ ਕਿਹਾ, "ਨੇਤਾ ਜੀ ਅੜ ਜਾਓ ਜਾਂ ਕੰਮ ਸੇ ਕੰਮ ਏਨ੍ਹਾਂ ਦੋਹਾਂ ਨੂੰ ਤਾਂ ਰਹਿਣ ਦਿਓ। ਮੈਨੂੰ ਪਤਾ ਹੈ ਤੁਸਾਂ ਜ਼ਰੂਰ ਜਾਣਾ ਹੈ; ਪਰ ਇਹਨਾਂ ਗਰੀਬਾਂ ਨੂੰ ਨਾਲ ਕਿਉਂ ਖਿੱਚ ਲਿਚੱਲੇ ਹੋ? ਵੇਖੋ ਮੁੰਡਾ ਕਿੱਦਾਂ ਰੋ ਰੋ ਹਾਲੋ ਬੇਹਾਲ ਹੋ ਗਿਆ ਹੈ। ਕੁਝ ਤਰਸ ਕਰੋ।" ਪਰ ਨੇਤਾ ਤਾਂ ਉਹ ਚੀਜ਼ ਹਨ, ਜਿਸ ਨੇ ਸਾਰਾ ਪੰਥ ਭੰਬਲ ਭੂਸਿਆ ਵਿਚ ਪਾ ਛਡਿਆ, ਸਾਡਾ ਆਖਾ ਕਦੋਂ ਮੰਨਦੇ ਸੀ? ਵਿਚਾਰੇ ਆਪਣੀਆਂ ਗੰਡੜੀਆਂ ਨਾਲ ਲੈ ਕੇ ਸਾਨੂੰ ਜਫੀਆਂ ਪਾ-ਪਾ ਮਿਲ ਕੇ ਮਜਬੂਰੀ ਦੇ ਬੱਧੇ ਵਾਰਡ ਦਾ ਦਰਵਾਜਾ ਲੰਘ ਗਏ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੋਹਾਂ ਦੇ ਜਾਣ ਦਾ ਏਨਾ ਸਦਮਾ ਲੱਗਾ ਕਿ ਸਾਡਾ ਇਕ ਸਾਥੀ ਵੀ ਉੱਚੀ ਉੱਚੀ ਰੋਣ ਲੱਗ ਪਿਆ। ਮਸਾਂ ਚੁੱਪ ਕਰਾਇਆ। ਕਈ ਦਿਨ ਅਸੀਂ ਉਨ੍ਹਾਂ ਦੀਆਂ ਹੀ ਗੱਲਾਂ ਕਰਦੇ ਰਹੇ ਤੇ ਨੇਤਾ ਜੀ ਦੇ ਇਸ ਮਾੜੇ ਕੰਮ ਲਈ ਉਨ੍ਹਾਂ ਦੀ ਅਲੋਚਨਾ ਕਰਦੇ ਰਹੇ।

ਲੰਗੜੇ ਮੁਨਸ਼ੀ ਨੂੰ ਅਸੀਂ ਪਹਿਲਾਂ ਵੀ ਪਸੰਦ ਨਹੀਂ ਸੀ ਕਰਦੇ ਤੇ ਬਾਅਦ ਵਿਚ ਵੀ ਪਸੰਦ ਕੀ ਕਰਨਾ ਸੀ, ਨਾਲੇ ਸਾਨੂੰ ਤਾਂ ਪਤਾ ਸੀ ਇਹ ਸਭ ਕੁਝ ਏਸੇ ਨੇ ਹੀ ਕਰਵਾਇਆ ਹੈ। ਉਸ ਨੇ ਸਾਡੇ ਨਾਲ ਬਦਮਾਸ਼ੀ ਇਹ ਕੀਤੀ ਕਿ 13 ਨੰਬਰ ਵਾਰਡ, ਜੋ ਕਿ ਬਿਲਕੁੱਲ ਸਾਡੇ ਵਾਰਡ ਦੇ ਨਾਲ ਹੈ, ਵਿਚੋਂ ਕਿਸੇ ਨੂੰ ਆਖ ਕੇ ਸਾਨੂੰ ਵੱਟੇ, ਬੋਤਲਾਂ ਤੇ ਲੋਹੇ ਦੇ ਟੁਕੜੇ ਮਰਵਾਉਣੇ ਸ਼ੁਰੂ ਕਰ ਦਿੱਤੇ। ਸਾਡਾ ਇਕ ਬੁੱਢਾ ਸਾਥੀ ਇਕ ਦਿਨ ਸੁੱਤਾ ਪਿਆ ਸੀ ਕਿ ਦਾੜ ਕਰਦੀ ਖੰਘ ਦੀ ਦਵਾਈ ਵਾਲੀ ਖਾਲੀ ਬੋਤਲ ਉਸ ਦੇ ਸਿਰ ਤੋਂ ਦੋ-ਤਿੰਨ ਫੁੱਟ ਪਰ੍ਹੇ ਡਿੱਗੀ। ਇਸ ਤੋਂ ਬਾਅਦ ਕਦੀ ਲੋਹੇ ਦੇ ਟੁਕੜੇ ਕਦੇ ਬਿਜਲੀ ਦੀਆਂ ਚੀਨੀ ਦੀਆਂ ਘੁਗੀਆਂ ਤੇ ਕਦੇ ਵੱਟੇ ਸਾਡੇ ਵਾਲੇ ਪਾਸੇ ਵੱਜਦੇ ਰਹੇ। ਵਜਦੇ ਉਥੇ ਸਨ, ਜਿਥੇ ਅਸੀਂ ਖਾਣਾ ਬਣਾਉਂਦੇ ਤੇ ਬੈਠਦੇ ਸਾਂ। ਉਦੋਂ ਅਸੀਂ ਪਿਛਲੀਆਂ ਚਕੀਆਂ ਵਿਚ ਰਹਿੰਦੇ ਸੀ ਤੇ ਪਿਛਲੇ ਪਾਸੇ ਹੀ ਉਹ ਵੱਟੇ ਵੱਜਦੇ ਸਨ, ਕਦੀ ਅੱਗੇ ਨਹੀਂ ਸਨ ਵਜੇ। ਉਸ ਵੇਲੇ ਦੇ ਡਿਪਟੀ ਸਾਹਿਬ ਨੂੰ ਅਸਾਂ ਸਾਰੀ ਗੱਲ ਦੱਸੀ ਤੇ ਉਹ ਵੱਟੇ ਵੱਜਦੇ ਵੀ ਇਕ ਦਿਨ ਵਿਖਾਏ। ਇਕ ਦਿਨ ਅਚਾਨਕ ਹੀ ਉਨ੍ਹਾਂ ਦੇ ਖਲੋਤਿਆਂ ਹੀ ਇਕ ਵੱਟਾ ਉਹਨਾਂ ਤੋਂ ਕੋਈ ਅੱਠ-ਦਸ ਫੁੱਟ 'ਤੇ ਆ ਡਿੱਗਾ, ਬਸ ਫਿਰ ਕੀ ਸੀ, ਉਸ ਨੇ ਉਸੇ ਵੇਲੇ ਹੁਕਮ ਕੀਤਾ "ਦੀਵਾਰ ਦੇ ਨਾਲ-ਨਾਲ ਪਹਿਰਾ ਲਗਾ ਦਿਓ ਤੇ ਵੱਟੇ ਮਾਰਨ ਵਾਲੇ ਨੂੰ ਫੜੋ"। ਅਸਾਂ ਕਿਹਾ ਜੀ ਦਸ ਤੁਹਾਨੂੰ ਅਸੀਂ ਦੇਂਦੇ ਹਾਂ, ਫੜਨਾ ਤੁਹਾਡਾ ਕੰਮ। ਅਸਾਂ ਦਸਿਆ, ਹੋਰ ਕੋਈ ਵੱਟੇ ਨਹੀਂ ਮਾਰਦਾ ਸਿਰਫ ਆਹ ਲੰਡਾ ਮੁਨਸ਼ੀ ਵੱਟੇ ਮਰਵਾਉਂਦਾ ਹੈ। ਹੋਰ ਕਿਸੇ ਨੂੰ ਕੀ ਪਤਾ ਹੈ ਕਿ ਅਸੀਂ ਕਿਥੇ ਬੈਠਦੇ ਹਾਂ? ਪੰਦਰਾਂ ਫੁੱਟ ਉੱਚੀ ਦੀਵਾਰ ਦੇ ਐਸ ਪਾਰ ਕੌਣ ਵੇਖ ਸਕਦਾ ਹੈ? ਪਰ ਉਹ ਸਾਲਾ ਬੜਾ ਸ਼ੈਤਾਨ ਸੀ, ਨਾਲੇ ਅਫ਼ਸਰ ਦਾ ਰਾਜ਼ਦਾਨ ਸੀ, ਸਾਡੀ ਸਪੱਸ਼ਟ ਨਾਂ ਲੈ ਕੇ ਕੀਤੀ ਸ਼ਿਕਾਇਤ 'ਤੇ ਵੀ ਉਸਦਾ ਕੁਝ ਨਾ ਵਿਗੜਿਆ।

ਇਨ੍ਹਾਂ ਹੀ ਦਿਨਾਂ ਦੀ ਗੱਲ ਹੈ, ਸਾਡੇ ਸਾਰਾ ਦਿਨ ਖੁਲ੍ਹਣ ਲਈ ਗੱਲਬਾਤ ਚੱਲ ਰਹੀ ਸੀ। ਇਕ ਦਿਨ ਵੱਟੇ ਵੱਜਣੇ ਸ਼ੁਰੂ ਹੋ ਗਏ। ਫਾਂਸੀ ਦਾ ਇਕ ਮੁਲਜ਼ਮ ਭੱਜ ਕੇ ਕੋਠੇ 'ਤੇ ਚੜ੍ਹ ਕੇ ਇਹ ਵੇਖਣ ਲੱਗ ਪਿਆ ਕਿ ਵੱਟੇ ਕਿਧਰੋਂ ਵੱਜਦੇ 'ਤੇ ਕੌਣ ਮਾਰਦਾ ਹੈ? ਇਹ ਗੱਲ ਝੱਟ ਡਿਊਢੀ ਪਹੁੰਚ ਗਈ, ਲੰਡੇ ਨੇ ਜਾ ਕੇ ਦੱਸਿਆ ਕਿ "ਜੀ ਸਿੱਖ ਕੋਠੇ 'ਤੇ ਚੜ੍ਹ ਗਏ ਸਨ।" ਡਿਪਟੀ ਲੋਹੇ ਲਾਖਾ ਹੋ ਗਿਆ, ਕਿਉਂਕਿ ਕੋਠੇ 'ਤੇ ਚੜ੍ਹਨਾ ਬੜਾ ਵੱਡਾ ਜੁਰਮ ਹੈ। ਲਾਗੇ ਬੈਠੇ ਸਾਡੇ ਵਾਰਡ ਇਨਚਾਰਜ ਮਿਸਟਰ ਸਾਗਰ. ਨੇ ਆਖਿਆ ਕਿ "ਜੀ ਮੈਨੂੰ ਇਸ ਗੱਲ ਵਿਚ ਕੋਈ ਸੱਚਾਈ ਨਹੀਂ ਲੱਗਦੀ। ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਸਿੱਖ ਕਦੀ ਵੀ ਕੋਠੇ 'ਤੇ ਨਹੀਂ ਚੜ੍ਹ ਸਕਦੇ। ਤੁਸੀਂ ਪਤਾ ਕਰ ਲਓ, ਇਹ ਗੱਲ ਉਨ੍ਹਾਂ ਵਿਚਾਰਿਆਂ 'ਤੇ ਝੂਠ ਹੀ ਤੁਹਮਤ ਮੜੀ ਜਾ ਰਹੀ ਹੈ ਤਾਂ ਕਿ ਉਨ੍ਹਾਂ ਨੂੰ ਸਾਰਾ ਦਿਨ ਖੋਲ੍ਹਣ ਦੇ ਹੁਕਮ ਨਾ ਹੋਣ"। ਡਿਪਟੀ ਉਸ ਨਾਲ ਵੀ ਗਰਮ ਹੋ ਪਿਆ ਕਿ "ਜਦ ਤੁਸੀਂ ਏਥੇ ਮੇਰੇ ਕੋਲ ਬੈਠੇ ਹੋ ਤੇ ਵਾਰਡ ਵਿਚ ਸਿੱਖ ਕੋਠੇ 'ਤੇ ਚੜ੍ਹੇ ਹਨ ਕਿ ਨਹੀਂ, ਤੁਹਾਨੂੰ ਕਿਵੇਂ ਪਤਾ ਹੋ ਸਕਦਾ ਹੈ?" ਉਸ ਨੇ ਕਿਹਾ, "ਮੈਂ ਪੱਕੀ ਗੱਲ ਕਰ ਰਿਹਾ ਹਾਂ ਅਤੇ ਆਪਣੇ ਵਲੋਂ ਯਕੀਨ ਦਵਾਉਂਦਾ ਹਾਂ ਕਿ ਸਿੱਖ ਕਦੀ ਕੋਠੇ 'ਤੇ ਨਹੀਂ ਚੜ੍ਹ ਸਕਦੇ। ਅਗਰ ਉਹ ਕੋਠੇ 'ਤੇ ਚੜ੍ਹੇ ਹੋਣਗੇ ਤਾਂ ਮੈਂ ਹਰ ਤਰ੍ਹਾਂ ਨਾਲ ਜ਼ਿੰਮੇਵਾਰ ਹਾਂ। ਪਰ ਕੋਈ ਵੀ ਹੁਕਮ ਕਰਨ ਤੋਂ ਪਹਿਲਾਂ ਵਾਰਡ ਵਿਚ ਜਾ ਕੇ ਪੁੱਛਗਿੱਛ ਜ਼ਰੂਰ ਕਰਨੀ ਚਾਹੀਦੀ ਹੈ।" ਡਿਪਟੀ ਹੁਣ ਆਪੇ ਤੋਂ ਬਾਹਰ ਹੋ ਗਿਆ ਤੇ ਮਿਸਟਰ ਸਾਗਰ ਨੂੰ ਕਹਿਣ ਲੱਗਾ, "ਇਹ ਮੇਰੇ ਸਵਾਲ ਦਾ ਜਵਾਬ ਨਹੀਂ, ਤੁਸੀਂ ਮੈਨੂੰ ਇਹ ਦੱਸੋ ਕਿ ਮੇਰੇ ਕੋਲ ਬੈਠੇ ਬੈਠੇ ਇਹ ਕਿਵੇਂ ਕਹਿ ਸਕਦੇ ਹੋ ਕਿ ਉਹ ਕੋਠੇ 'ਤੇ ਨਹੀਂ ਚੜ੍ਹੇ"। ਮਿਸਟਰ ਸਾਗਰ ਨੇ ਕਿਹਾ "ਮੈਂ ਕਰੀਬ ਦੋ ਮਹੀਨੇ ਤੋਂ ਉਨ੍ਹਾਂ ਦਾ ਵਾਰਡ ਇੰਚਾਰਜ ਹਾਂ। ਇਕ ਗਲ ਤਾਂ ਇਹ ਹੈ ਕਿ ਉਹ ਮੁਜਰਿਮ ਮਾਨਸਿਕਤਾ (Criminal Minded) ਨਹੀਂ, ਦੂਜੀ ਗੱਲ ਇਹ ਹੈ ਕਿ ਉਹ ਏਨੇ ਮੂਰਖ ਨਹੀਂ, ਠੀਕ ਹੈ ਉਨ੍ਹਾਂ ਦੀ ਲੜਾਈ ਸਰਕਾਰ ਨਾਲ ਹੈ, ਉਹ ਕਦੇ ਵੀ ਜੇਲ੍ਹ ਦਾ ਕਾਨੂੰਨ ਤੋੜਨ ਵਿਚ ਦਿਲਚਸਪੀ ਨਹੀਂ ਰੱਖਦੇ। ਕਰੀਬ ਕਰੀਬ ਸਾਰਾ ਦਿਨ ਆਪਣੇ ਪਾਠ ਪੂਜਾ ਵਿਚ ਲੱਗੇ ਰਹਿੰਦੇ ਹਨ। ਕਿਸੇ ਦਾ ਬੁਰਾ ਕਰਨ ਦੀ ਗੱਲ ਮੈਂ ਉਨ੍ਹਾਂ ਦੇ ਮੂੰਹੋਂ ਕਦੇ ਨਹੀਂ ਸੁਣੀ। ਹੁਣ ਮੈਂ ਤੁਹਾਡੇ ਸਵਾਲ ਦਾ ਜਵਾਬ ਦੇਂਦਾ ਹਾਂ, ਉਹ ਇਹ ਕਿ ਉਸ ਵਾਰਡ ਵਿਚ ਜਾਮਨ ਦੇ ਤਿੰਨ ਦਰਖਤ ਹਨ, ਉਹ ਕਾਫੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਰਹੇ ਹਨ, ਪਰੇਡ ਦੀ ਰੋਟੀ ਉਨ੍ਹਾਂ ਨੂੰ ਚੰਗੀ ਨਹੀਂ ਸੀ ਲੱਗਦੀ, ਬਾਹਰੋਂ ਅਸੀਂ ਉਨ੍ਹਾਂ ਨੂੰ ਕੁਝ ਲਿਆਉਣ ਨਹੀਂ ਸੀ ਦੇਂਦੇ, ਤਦ ਵੀ ਉਨ੍ਹਾਂ ਨੇ ਕਦੀ ਜਾਮਨੂ ਤੋੜਨ ਦੀ ਕੋਸ਼ਿਸ਼ ਨਹੀਂ ਕੀਤੀ। ਦਰਖਤ 'ਤੇ ਚੜ੍ਹਨਾ ਤਾਂ ਵੱਖਰਾ ਉਹ ਏਨੇ ਖੁੱਦਾਰ ਹਨ ਕਿ ਕਦੇ ਥੱਲੇ ਡਿੱਗੇ ਜਾਮਨ ਨੂੰ ਵੀ ਹੱਥ ਨਹੀਂ ਲਾਉਂਦੇ। ਜਦ ਕਿ ਸਾਰੇ ਕੈਦੀ ਅਤੇ ਵਾਰਡਨ ਦਰਖਤ ਦੇ ਉੱਤੇ ਚੜ੍ਹ ਚੜ੍ਹ ਕੇ ਜਾਮਨ ਤੋੜ ਕੇ ਖਾਂਦੇ ਹਨ। ਜਾਮਨ ਇਕ ਐਸਾ ਫਲ ਹੈ ਕਿ ਜਿਹੜਾ ਵੀ ਖਾਵੇ ਉਸ ਦੀ ਜੀਭ ਰੰਗੀ ਜਾਂਦੀ ਹੈ ਪਰ ਮੈਂ ਅੱਜ ਤੱਕ ਕਿਸੇ ਸਿੱਖ ਦੀ ਜੀਭ 'ਤੇ ਜਾਮਨੂਆਂ ਦਾ ਰੰਗ ਨਹੀਂ ਵੇਖਿਆ। ਹੁਣ ਤੁਸੀਂ ਹੀ ਦੱਸੋ ਜੋ ਖਾਣ ਵਾਲੀ ਚੀਜ਼ ਨੂੰ ਪ੍ਰਾਪਤ ਕਰਨ ਲਈ ਦਰਖਤ 'ਤੇ ਨਹੀਂ ਚੜ੍ਹਦੇ ਉਹ ਕੋਠੇ 'ਤੇ ਕਿਉਂ ਚੜ੍ਹਨਗੇ? ਮੈਂ ਤੁਹਾਨੂੰ ਇਹ ਕਹਿੰਦਾ ਹਾਂ ਕਿ ਅਗਰ ਉਨ੍ਹਾਂ ਵਿਚੋਂ ਕੋਈ ਵੀ ਕੋਠੇ 'ਤੇ ਚੜ੍ਹਿਆ ਹੋਵੇ ਤਾਂ ਮੈਂ ਨੌਕਰੀ ਛੱਡ ਦਿਆਂਗਾ, ਲਿਆਓ ਕਾਗਜ਼। ਤੇ ਉਸ ਨੇ ਉਥੇ ਪਏ ਕੋਰੇ ਕਾਗਜ਼ 'ਤੇ ਦਸਤਖਤ ਕਰਕੇ ਡਿਪਟੀ ਵੱਲ ਕਰ ਦਿੱਤੇ। ਉਸ ਦੀ ਇਸ ਦ੍ਰਿੜਤਾ

ਅੱਗੇ ਡਿਪਟੀ ਦੀ ਕੋਈ ਪੇਸ਼ ਨਾ ਗਈ, ਉਸ ਨੇ ਸਾਡੇ ਵਿਰੁੱਧ ਕੋਈ ਹੁਕਮ ਨਾ ਲਿਖਿਆ ਤੇ ਵਾਰਡ ਵਿਚ ਜਾ ਕੇ ਆਪ ਪਤਾ ਕਰਨ ਦਾ ਮਨ ਬਣਾ ਲਿਆ।

ਦੂਸਰੇ ਦਿਨ ਉਹ ਵਾਰਡ ਵਿਚ ਆਇਆ ਤਾਂ ਸਭ ਤੋਂ ਪਹਿਲਾਂ ਉਸ ਪੁਛਿਆ, "ਕਲ ਪੇੜ ਪਰ ਕੌਨ ਚੜ੍ਹਾ ਥਾ?" ਕੰਚਨ ਨੇ ਕਿਹਾ, "ਜੀ ਮੈਂ ਚੜ੍ਹਾ ਥਾ" ਸਾਡੇ ਵਾਰਡ ਵਿਚ ਭਾਵੇਂ ਡਿਪਟੀ ਜੇਲ੍ਹਰ ਦੂਜੇ ਦਿਨ ਆਇਆ ਪਰ ਪਤਾ ਉਸ ਨੇ ਉਸੇ ਵੇਲੇ ਹੀ ਕਈਆਂ ਨੂੰ ਭੇਜ ਕੇ ਕਰਵਾ ਲਿਆ ਸੀ ਕਿ ਕੋਠੇ 'ਤੇ ਸਿੱਖ ਨਹੀਂ ਕੰਚਨ ਚੜ੍ਹਿਆ ਸੀ। ਪਰ ਇਹ ਸਭ ਕੁਝ ਹੋ ਜਾਣ ਦੇ ਬਾਅਦ ਵੀ ਮਿਸਟਰ ਸਾਗਰ ਨੂੰ ਠੀਕ ਉਹ ਹੀ ਸਜਾ ਮਿਲੀ ਜੋ ਕਦੀ ਰਾਮ ਜੇਠਮਲਾਨੀ ਨੂੰ ਸਿੱਖਾਂ ਦੇ ਹੱਕ ਵਿਚ ਬੋਲਣ ਕਰਕੇ ਮਿਲੀ ਸੀ। ਉਹ ਵੀ ਜਦ ਐਮ.ਪੀ. ਦੀ ਚੋਣ ਵਾਸਤੇ ਖੜ੍ਹਾ ਹੋਇਆ ਤਾਂ ਹਿੰਦੂ ਵੋਟਰਾਂ ਨੇ ਉਸ ਨੂੰ ਏਸੇ ਗੱਲ ਕਰਕੇ ਹੀ ਕਿ ਇਹ ਸਿੱਖਾਂ ਦਾ ਹਮਾਇਤੀ ਕਿਉਂ ਹੈ? ਕੋਈ ਵੋਟ ਨਾ ਪਾਏ ਤੇ ਉਸ ਨੂੰ ਏਨੇ ਘੱਟ ਵੋਟ ਪਏ ਕਿ ਬੜੀ ਮੁਸ਼ਕਲ ਨਾਲ ਹੀ ਜਮਾਨਤ ਬਚ ਸਕੀ। ਜਨਤਾ ਪਾਰਟੀ ਦੇ ਇਸ ਲੀਡਰ ਵਾਂਗ ਹੀ ਸ੍ਰੀ ਸਾਗਰ ਦਾ ਦੂਜੇ ਦਿਨ ਹੀ ਤਬਾਦਲਾ ਪਾਗਲਾਂ ਦੇ ਵਾਰਡ ਦਾ ਕਰ ਦਿੱਤਾ ਗਿਆ। ਪਰ ਉਸੇ ਹੀ ਦਿਨ ਅਸਾਂ ਸ਼ਾਮ ਨੂੰ ਇਕ ਬੇਨਤੀ ਮਿਸਟਰ ਸਾਗਰ ਨੂੰ ਕੀਤੀ ਕਿ ਜੀ ਆਹ ਲੰਡਾ ਤਾਂ ਬਦਲ ਦਿਓ (ਮਿਸਟਰ ਸਾਗਰ ਲਾਈਨ ਅਫ਼ਸਰ ਵੀ ਸਨ) ਉਸ ਨੇ ਉਸੇ ਵੇਲੇ ਹੀ ਸਭ ਤੋਂ ਪਹਿਲਾ ਹੁਕਮ ਉਸ ਲੰਡੇ ਨੂੰ ਬਦਲਣ ਦਾ ਕਰ ਦਿੱਤਾ ਪਰ ਦੂਜੇ ਦਿਨ ਸਵੇਰੇ ਉਸ ਦੀ ਆਪਣੀ ਬਦਲੀ ਦੇ ਹੁਕਮ ਮੇਜ਼ 'ਤੇ ਪਏ ਸਨ। ਉਹ ਵਿਚਾਰਾ ਲੰਬੀ ਛੁੱਟੀ ਲੈ ਕੇ ਹੀ ਚਲਾ ਗਿਆ। ਏਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖਾਂ ਦੀ ਹਮਾਇਤ ਕਰਨ ਵਾਲੇ ਅਫ਼ਸਰਾਂ ਨਾਲ ਕੀ ਬੀਤਦੀ ਹੈ।

ਸਾਡੀ ਸਾਰਿਆਂ ਦੀ ਬੀ ਕਲਾਸ ਲੱਗੀ

ਅਸੀਂ ਸਾਰੇ ਹੀ ਕਿਸੇ ਨਾ ਕਿਸੇ ਅਰਥਾਂ 'ਚ ਇਨਕਮ ਟੈਕਸ ਜਾਂ ਪੜ੍ਹਾਈ ਦੇ ਲਿਹਾਜ ਨਾਲ ਬੀ. ਕਲਾਸ ਦੇ ਅਧਿਕਾਰੀ ਸਾਂ। ਸਿਰਫ ਇਕ ਰਵੀ ਭੂਸ਼ਨ ਨਾਂ ਦਾ ਹੀ ਸਾਡਾ ਸਾਥੀ ਸਾਡੇ ਵਿਚੋਂ ਇਸ ਲਾਇਕ ਨਹੀਂ ਸੀ ਪਰ ਉਸ ਨੇ ਵੀ ਇਕ ਵਾਰ 50 ਰੁ. ਇਨਕਮ ਟੈਕਸ ਦਿੱਤਾ ਸੀ। ਭਾਵੇਂ 50 ਰੁ. ਇਨਕਮ ਟੈਕਸ ਨਾਲ ਸ਼ਾਇਦ ਬੀ. ਕਲਾਸ ਨਹੀਂ ਮਿਲਦੀ ਪਰ ਜਦੋਂ ਸਾਡੀ ਸਾਰਿਆਂ ਦੀ ਬੀ. ਕਲਾਸ ਲੱਗ ਗਈ ਤਾਂ ਅਸੀਂ ਜੱਜ ਸਾਹਿਬ ਨੂੰ ਬੇਨਤੀ ਕੀਤੀ ਕਿ ਇਹ ਵਿਚਾਰਾ ਇਕੱਲਾ ਕਿੱਧਰ ਜਾਵੇਗਾ? ਜੇ ਸਾਨੂੰ ਹੋਰ ਕਿਸੇ ਵਾਰਡ ਵਿਚ ਭੇਜ ਦਿੱਤਾ ਤਾਂ ਇਹ ਵਿਚਾਰਾ ਇਕੱਲਾ ਰਹਿ ਜਾਵੇਗਾ, ਇਹ ਤਾਂ ਪਹਿਲਾਂ ਹੀ ਬੜਾ ਨਿਰਾਸ਼ ਹੈ, ਸੋ ਮਿਹਰਬਾਨੀ ਕਰਕੇ ਇਸ ਨੂੰ ਵੀ ਬੀ. ਕਲਾਸ ਦੇ ਦਿੱਤੀ ਜਾਵੇ। ਜੱਜ ਸਾਹਿਬ ਨੇ ਬਹੁਤ ਹੀ ਧਿਆਨ ਨਾਲ ਸਾਰੇ ਸਿੱਖਾਂ ਦੇ ਮੂੰਹ ਵੱਲ ਵੇਖਿਆ ਤੇ ਕਿਹਾ, "ਅਖ਼ਬਾਰਾਂ ਨੇ ਹੀ ਪੰਜਾਬ ਵਿਚ ਰੌਲਾ ਪਾਇਆ ਹੋਇਆ ਹੈ, ਮੈਨੂੰ ਤਾਂ ਹਿੰਦੂ ਸਿੱਖ ਵਿਚ ਕੋਈ ਪਾੜਾ ਨਹੀਂ ਦਿਸਦਾ ਤੇ ਉਨ੍ਹਾਂ ਹੱਸਦਿਆਂ ਹੱਸਦਿਆਂ ਉਸ ਦੀ ਪੰਜਾਹ ਰੁਪਏ ਵਾਲੀ ਰਸੀਦ 'ਤੇ ਹੀ ਸਾਡੀ ਬੇਨਤੀ ਮੰਨ ਕੇ ਬੀ. ਕਲਾਸ ਦੇ ਦਿੱਤੀ। ਜੱਜ ਸਾਹਿਬ ਨੇ ਉਚੇਚੇ ਤੌਰ 'ਤੇ ਆਪਣੇ ਰੀਡਰ ਨੂੰ ਕਹਿ ਕੇ ਸਾਡੇ ਵਾਰੰਟਾਂ ਉੱਤੇ ਵੀ ਲਾਲ ਸਿਆਹੀ ਨਾਲ ਬੀ. ਕਲਾਸ ਲਿਖਵਾ ਦਿੱਤਾ ਤਾਂ ਕਿ ਸਾਨੂੰ ਜੇਲ੍ਹ ਜਾ ਕੇ ਕੋਈ ਪ੍ਰੇਸ਼ਾਨੀ ਨਾ ਹੋਵੇ। ਪਰ ਸਾਡੀ ਬੀ. ਕਲਾਸ ਲੱਗਣ ਦੇ ਦਿਨ ਤੋਂ ਲੈ ਕੇ ਦਸ ਦਿਨ ਲੰਘ ਗਏ, ਜੇਲ੍ਹ ਅਧਿਕਾਰੀ ਕੋਈ ਪਰਵਾਹ ਹੀ ਨਾ ਕਰਨ। ਅਸਾਂ ਬੜੀਆਂ ਅਰਜ਼ੀਆਂ ਦਿੱਤੀਆਂ ਪਰ

ਉਨ੍ਹਾਂ ਦੇ ਕੰਨਾਂ 'ਤੇ ਜੂੰ ਨਾ ਸਰਕੀ। ਅਖੀਰ ਅਸਾਂ ਅੱਕ ਕੇ ਅਦਾਲਤ ਦੀ ਤੌਹੀਨ (Contempt of Court) ਦੀ ਅਰਜੀ ਲਿਖ ਕੇ ਜੇਲ੍ਹ ਦੇ ਰਾਹੀਂ ਸਬੰਧਤ ਅਦਾਲਤ ਨੂੰ ਭੇਜ ਦਿੱਤੀ। ਜਦੋਂ ਅਦਾਲਤ ਦੀ ਤੌਹੀਨ ਦੀ ਦਰਖਾਸਤ ਪੜ੍ਹੀ ਤਾਂ ਅਧਿਕਾਰੀਆਂ ਨੂੰ ਫਿਕਰ ਪਿਆ। ਉਨ੍ਹਾਂ ਨੇ ਛੁਟੀ 'ਤੇ ਗਏ ਹੋਏ ਡਿਪਟੀ (ਜੇਲ੍ਹਰ) ਨੂੰ ਘਰੋਂ ਬੁਲਵਾਇਆ ਤੇ ਸਾਡੇ ਨਾਲ ਗੱਲਬਾਤ ਕਰਨ ਲਈ ਵਾਰਡ ਵਿਚ ਭੇਜਿਆ। ਉਸ ਨੇ ਸਾਡੇ ਨਾਲ ਗੱਲਬਾਤ ਕੀਤੀ ਤੇ ਸਾਨੂੰ ਇਹ ਵੀ ਦਸਿਆ ਕਿ ਕਿਵੇਂ ਉਹ ਬੀਮਾਰ ਹੀ ਤੁਹਾਡੀ ਅਰਜੀ ਕਰਕੇ ਸਦ ਕੇ ਲਿਆਂਦਾ ਗਿਆ ਹੈ। ਉਸ ਨੇ ਸਾਡੇ ਲਾਲ ਦੋ ਦਿਨ ਦਾ ਵਾਅਦਾ ਕਰ ਲਿਆ ਕਿ ਤੁਹਾਨੂੰ ਸਾਰਾ ਸਮਾਨ ਮਿਲ ਜਾਵੇਗਾ। ਉਸ ਨੇ ਸਾਨੂੰ ਇਹ ਵੀ ਕਿਹਾ ਕਿ ਜੇਲ੍ਹ ਦੀ ਫੈਕਟਰੀ ਬੰਦ ਪਈ ਹੈ ਤੇ ਹੋਰ ਕਿਧਰੇ ਵੀ ਤਖਤਪੋਸ਼, ਕੁਰਸੀ ਅਤੇ ਮੇਜ ਨਹੀਂ ਹਨ। ਜੇ ਤੁਸੀਂ ਚਾਹੋ ਤਾਂ ਇਕ ਜਣਾ ਮੇਰੇ ਨਾਲ ਆ ਕੇ ਤਸੱਲੀ ਕਰ ਸਕਦੇ ਹੋ ਕਿ ਫੈਕਟਰੀ ਬੰਦ ਹੈ ਜਾਂ ਨਹੀਂ? ਅਸੀਂ ਉਸ ਦੀ ਗੱਲ ਮੰਨ ਗਏ ਤੇ ਅਦਾਲਤ ਦੀ ਤੌਹੀਨ ਦੀ ਰਿੱਟ ਵਾਪਸ ਲੈ ਲਈ। ਪਰ ਦੋ ਦਿਨ ਬਾਅਦ ਵੀ ਕੁਝ ਨਾ ਹੋਇਆ। ਫਿਰ ਅਸਾਂ ਭੁੱਖ ਹੜਤਾਲ ਲਈ ਪੱਤਰ ਲਿਖ ਦਿੱਤਾ। ਉਸ ਦਾ ਝੱਟ ਅਸਰ ਹੋਇਆ ਤੇ ਭਾਈ ਸਾਹਿਬ ਰਣਜੀਤ ਸਿੰਘ ਨੇ ਸੁਰਜੀਤ ਸਿੰਘ ਤੇ ਮੈਨੂੰ ਡਿਉਢੀ ਬੁਲਾ ਕੇ ਜੇਲ੍ਹ ਅਫਸਰਾਂ ਵਲੋਂ ਫਿਰ ਯਕੀਨ ਦੁਆਇਆ ਕਿ ਕੱਲ ਸ਼ਾਮ ਤੱਕ ਤੁਹਾਨੂੰ ਸਭ ਕੁਝ ਮਿਲ ਜਾਵੇਗਾ, ਭਾਵੇਂ ਅਸੀਂ ਕਿਤੋਂ ਵੀ ਲਿਆ ਕੇ ਦੇਈਏ। ਫਿਰ ਸ਼ਾਮ ਨੂੰ ਜਦੋਂ ਅਸੀਂ ਹਸਪਤਾਲ ਗਏ ਤਾਂ ਵੇਖਿਆ ਹਰ ਵਾਰਡ ਵਿਚੋਂ ਕੁਰਸੀਆਂ, ਦੀਵਾਨ ਤੇ ਮੇਜ ਇਕੱਠੇ ਕੀਤੇ ਜਾ ਰਹੇ ਹਨ। ਗੱਲ ਇਹ ਸੀ ਕਿ ਇਸ ਜੇਲ੍ਹ ਵਿਚ ਬੀ ਕਲਾਸ ਘੱਟ ਹੀ ਹੁੰਦੀ ਸੀ। ਜੇ ਕੋਈ ਇਕ ਅੱਧੇ ਦੀ ਬੀ ਕਲਾਸ ਹੁੰਦੀ ਵੀ ਸੀ ਤਾਂ ਯਾਰਾਂ ਜਣਿਆਂ ਦੀ ਬੀ ਕਲਾਸ ਵਾਸਤੇ ਓਨੇ ਹੀ ਨਗ ਚਾਹੀਦੇ ਸਨ, ਪਰ ਗੱਲ ਕੀ ਦੂਜੇ ਦਿਨ ਸ਼ਾਮ ਤੱਕ ਸਭ ਸਮਾਨ ਸਾਡੇ ਵਾਰਡ ਵਿਚ ਪਹੁੰਚ ਗਿਆ।

ਰਾਸ਼ਨ ਤਾਂ ਅਸੀਂ ਪਹਿਲਾਂ ਹੀ ਬੀ ਕਲਾਸ ਦਾ ਉਸੇ ਦਿਨ ਤੋਂ ਹੀ ਲੈਣਾ ਸ਼ੁਰੂ ਕਰ ਦਿੱਤਾ ਸੀ, ਬਲਕਿ ਜਿਸ ਦਿਨ ਸਾਡੀ ਬੀ ਕਲਾਸ ਲੱਗੀ ਸੀ, ਉਸ ਦਿਨ ਹੀ ਅਸੀਂ ਇਕ ਹਫਤੇ ਦਾ ਸੀ ਕਲਾਸ ਦਾ ਰਾਸ਼ਨ ਲੈ ਕੇ ਆਏ ਸੀ। ਸ਼ਾਮ ਨੂੰ ਹੀ ਅਸਾਂ ਜਾ ਕੇ ਸਟੋਰ ਇੰਨਚਾਰਜ ਕੋਲੋਂ ਬੀ ਕਲਾਸ ਦਾ ਰਾਸ਼ਨ ਸੀ ਕਲਾਸ ਨਾਲ ਗਿਣਤੀ ਮਿਣਤੀ ਕਰਕੇ ਵਧਦਾ ਰਾਸ਼ਨ ਲੈ ਲਿਆ। ਸੀ ਕਲਾਸ ਦਾ ਆਟਾ ਜ਼ਿਆਦਾ ਮਿਲਦਾ ਹੈ ਉਹ ਸਗੋਂ ਸਾਨੂੰ 2.500 ਕਿਲੋ ਵਾਪਸ ਕਰਨਾ ਪਿਆ ਤੇ ਬਾਕੀ ਚੀਜਾਂ ਲੈ ਲਈਆਂ 'ਏ' 'ਬੀ' ਤੇ 'ਸੀ' ਕਲਾਸ ਦੇ ਰਾਸ਼ਨ ਦਾ ਬੜਾ ਫਰਕ ਹੈ।

ਬੀ. ਕਲਾਸ	ਸੀ. ਕਲਾਸ ਦਾ ਰੋਜ਼ ਦਾ ਰਾਸ਼ਨ
ਆਟਾ 460 ਗ੍ਰਾਮ	560 ਗ੍ਰਾਮ
ਮਸਾਲਾ 15 ਗ੍ਰਾਮ	ਨਹੀਂ
ਪਿਆਜ 15 ਗ੍ਰਾਮ	ਨਹੀਂ
ਘਿਓ 60 ਗ੍ਰਾਮ	15 ਗ੍ਰਾਮ ਤੇਲ ਸਰ੍ਹੋਂ
ਚਾਹ ਪੱਤੀ 3 ਗ੍ਰਾਮ	ਨਹੀਂ
ਸੁੱਕਾ ਦੁੱਧ 5 ਗ੍ਰਾਮ	ਨਹੀਂ
ਤਾਜਾ ਗਿੱਲਾ ਦੁੱਧ 400 ਗ੍ਰਾਮ	ਨਹੀਂ

ਲਕੜੀ 1.800 ਗ੍ਰਾਮ	350 ਗ੍ਰਾਮ
ਆਲੂ 60 ਗ੍ਰਾਮ	ਨਹੀਂ
ਦਾਲ 60 ਗ੍ਰਾਮ	ਨਹੀਂ
ਸਾਬਣ 25 ਗ੍ਰਾਮ	ਨਹੀਂ
ਰੀਠੇ 15 ਗ੍ਰਾਮ	ਨਹੀਂ

ਏਸੇ ਤਰ੍ਹਾਂ ਹੀ ਬੀ ਕਲਾਸ ਨੂੰ ਰੋਜ਼ਾਨਾ ਦੰਦਾਂ ਦੀ ਸਫਾਈ ਲਈ ਟੂਥ ਪੇਸਟ ਤੇ ਦੰਦਾਂ ਦਾ ਬੁਰਸ਼ ਵਗੈਰਾ ਵੀ ਮਿਲਦਾ ਹੈ, ਪਰ ਏਥੇ ਦੇਂਦੇ ਨਹੀਂ। ਅਸੀਂ ਤਾਂ ਬੀ ਕਲਾਸ ਦੇ ਰਾਸ਼ਨ ਤੋਂ ਇਲਾਵਾ ਵੀ ਦੋ ਹਜ਼ਾਰ ਤੋਂ ਲੈ ਕੇ ਢਾਈ ਹਜ਼ਾਰ ਰੁਪਏ ਮਹੀਨੇ ਤੱਕ ਦਾ ਰਾਸ਼ਨ ਬਾਹਰੋਂ ਮੰਗਵਾਉਂਦੇ ਸਾਂ। ਉਸ ਦਾ ਕਾਰਣ ਇਹ ਹੈ ਕਿ ਗੁਰੂ ਕੇ ਲੰਗਰ ਵਾਂਗ ਕਿਸੇ ਨੂੰ ਕੋਈ ਨਾਂਹ ਨਹੀਂ, ਜੋ ਵੀ ਬੈਠ ਗਿਆ ਪ੍ਰਸ਼ਾਦਾ ਛਕ ਕੇ ਹੀ ਉਠਣ ਦਿੱਤਾ ਜਾਂਦਾ ਸੀ। ਮੁਲਾਜ਼ਮ ਵੀ ਪ੍ਰਸ਼ਾਦਾ ਸਾਡੇ ਕੋਲੋਂ ਹੀ ਛਕ ਲੈਂਦੇ ਤੇ ਚਾਹ ਤਾਂ ਅਸੀਂ ਕੋਟ ਮੌਕੇ 'ਤੇ ਖਲੋਤੇ ਲੰਬਰਦਾਰਾਂ ਤੱਕ ਨੂੰ ਵੀ ਪਿਆ ਦੇਂਦੇ ਸਾਂ। ਪਰ ਵੈਸੇ ਇਹ ਰੀਕਾਰਡ ਹੈ ਕਿ ਅੱਜ ਤੱਕ ਜਿਸ ਨੇ ਵੀ ਸਾਡੇ ਨਾਲ ਹਮਦਰਦੀ ਕੀਤੀ ਜਾਂ ਸਾਡੇ ਨਾਲ ਬੈਠ ਕੇ ਰੋਟੀ ਖਾ ਲਈ ਜਾਂ ਸਾਡੇ ਨਾਲ ਦੋਸਤੀ ਬਣਾ ਲਈ ਉਹ ਇਕ ਦੋ ਦਿਨ ਤੋਂ ਵੱਧ ਸਾਡੇ ਵਾਰਡ ਵਿਚ ਨਹੀਂ ਰਿਹਾ। ਜੇ ਕੋਈ ਮੁਲਾਜ਼ਮ ਹੋਵੇ ਤਾਂ ਉਨ੍ਹਾਂ ਦੀ ਬਦਲੀਆਂ ਵੀ ਖੁਸ਼ਕ ਥਾਵਾਂ 'ਤੇ ਹੋ ਗਈਆਂ ਤੇ ਜੇ ਮੁਲਜ਼ਮ ਹੋਵੇ ਤਾਂ ਦੂਜੇ ਵਾਰਡ ਵਿਚ ਬਦਲੀ ਹੋ ਗਏ। ਇਹ ਅੱਜ ਤੱਕ ਦਾ ਰੀਕਾਰਡ ਵੀ ਆਪਣੇ ਆਪ ਵਿਚ ਇਕ ਮਿਸਾਲ ਹੈ।

ਚਾਰਲਸ ਸ਼ੋਬਰਾਜ ਨਾਲ ਭੱਜਣ ਵਾਲੇ ਅਜਯ ਤੇ ਤਿਆਗੀ ਨੇ ਵੀ ਸਾਡੇ ਲੰਗਰ ਵਿਚ ਰੋਟੀ ਖਾਣੀ ਸ਼ੁਰੂ ਕਰ ਦਿੱਤੀ, ਸਾਡੀ ਉਨ੍ਹਾਂ ਨਾਲ ਬੜੀ ਦੋਸਤੀ ਹੋ ਗਈ। ਤਿਆਗੀ ਤਾਂ ਪੰਜਾਬੀ ਦਾ ਲਫਜ ਵੀ ਨਹੀਂ ਸੀ ਬੋਲ ਸਕਦਾ, ਪਰ ਅਜਯ ਥੋੜੀ ਥੋੜੀ ਪੰਜਾਬੀ ਬੋਲਦਾ ਸੀ। ਉਸ ਦੇ ਮੂੰਹੋ ਬੋਲੀ ਹੋਈ ਪੰਜਾਬੀ ਬੜੀ ਫਬਦੀ। ਅਸਾਂ ਉਸ ਨੂੰ ਲੰਗਰ ਵਿਚ ਪ੍ਰਸ਼ਾਦਾ ਵਰਤਾਉਣ ਤੇ ਛਕਣ ਦੇ ਤੌਰ ਤਰੀਕੇ ਸਿਖਾਏ। ਅਜੇ ਵਿਚਾਰਿਆਂ ਨੂੰ ਤਿੰਨ ਚਾਰ ਦਿਨ ਹੀ ਸਾਡੇ ਨਾਲ ਰੋਟੀ ਖਾਂਦਿਆਂ ਹੋਏ ਸਨ ਕਿ ਇਕ ਦਿਨ ਸਵੇਰੇ ਨੌਂ ਵਜੇ ਹੀ ਉਨ੍ਹਾਂ ਦੀ ਤੇਰਾਂ ਨੰਬਰ ਵਿਚ ਬਦਲੀ ਦਾ ਪਰਚਾ ਆ ਗਿਆ ਤੇ ਉਹ ਵਿਚਾਰੇ ਸਾਡੇ ਨਾਲੋਂ ਵਿਛੜ ਗਏ, ਪਰ ਫਿਰ ਪੈਸੇ ਵਗੈਰਾ ਦੇ ਦੁਆ ਕੇ ਚੌਦਾਂ ਨੰਬਰ ਵਿਚ ਚਲੇ ਗਏ ਜੋ ਕਿ ਜੇਲ੍ਹ ਦਾ ਵਧੀਆ ਵਾਰਡ ਮੰਨਿਆ ਜਾਂਦਾ ਹੈ।

ਏਸੇ ਤਰ੍ਹਾਂ ਹੀ ਇਕ ਵਾਰਡਨ ਰਾਮ ਜੀ, ਹਰਿਆਣਵੀ ਸੀ, ਪਰ ਸਾਡਾ ਬੜਾ ਯਾਰ ਬਣ ਗਿਆ। ਉਸ ਨਾਲ ਵੀ ਸਾਡੀ ਗਹਿਰੀ ਦੋਸਤੀ ਹੋ ਗਈ। ਉਸ ਨੇ ਕਦੇ ਵੀ ਸਾਡੇ ਕੋਲੋਂ ਰੋਟੀ ਜਾਂ ਚਾਹ ਨਹੀਂ ਸੀ ਪੀਤੀ, ਪਰ ਵਿਚਾਰਾ ਹਫਤਾ ਵੀ ਨਾ ਕੱਢ ਸਕਿਆ ਤੇ ਡਾਕ ਵੰਡਣ ਦੇ ਸਭ ਤੋਂ ਨਖਿਧ ਕੰਮ 'ਤੇ ਲਾ ਦਿੱਤਾ ਗਿਆ। ਇਕ ਪ੍ਰੀਤਮ ਨਾਂ ਦਾ ਹੈੱਡ ਵਾਰਡਨ ਵੀ ਹਰਿਆਣਵੀ ਜਾਟ ਸੀ। ਇਕ ਦਿਨ ਸਾਡਾ ਉਸ ਨਾਲ ਕੁਰਸੀ ਤੋਂ ਝਗੜਾ ਹੋ ਗਿਆ। ਵਾਰਡ ਵਿਚ ਪਈਆਂ ਕੁਰਸੀਆਂ 'ਤੇ ਅਸੀਂ ਬੈਠਣਾ ਚਾਹੁੰਦੇ ਸਾਂ ਪਰ ਉਹ ਚਾਹੁੰਦਾ ਸੀ ਕਿ ਲੰਡਾ ਮੁਣਸ਼ੀ ਬੈਠੇ, ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਅਸੀਂ ਸਾਰੇ ਬੀ ਕਲਾਸ ਹਾਂ। ਦੂਸਰੇ ਕੈਦੀ ਦਾ ਕੁਰਸੀ 'ਤੇ ਬੈਠ ਜਾਣਾ ਤਾਂ ਇਸ ਤਰ੍ਹਾਂ ਹੈ ਜਿਵੇਂ ਜੇਲ੍ਹ ਉਲਟੀ ਹੋ ਗਈ ਹੋਵੇ। ਉਹ ਕਹੇ ਕੁਰਸੀ ਛਡੋ ਅਸੀਂ ਕਹੀਏ ਨਹੀਂ ਛਡਣੀ, ਅਖੀਰ ਉਸ

ਸੀਟੀ ਕੱਢ ਲਈ ਤੇ ਵਜਾਉਣ ਲੱਗਾ, ਪਰ ਲੰਡੇ ਨੇ ਹੀ ਉਸ ਨੂੰ ਰੋਕ ਲਿਆ। ਲੰਡਾ ਕੁਰਸੀ ਤਾਂ ਲੈਣਾ ਚਾਹੁੰਦਾ ਸੀ ਪਰ ਅਲਾਰਮ ਨਹੀਂ ਸੀ ਹੋਣ ਦੇਣਾ ਚਾਹੁੰਦਾ। ਉਸ ਨੂੰ ਪੱਤਾ ਸੀ ਕਿ ਇਹ ਵੀ ਕੁਰਸੀ 'ਤੇ ਬੈਠਣ ਦੇ ਹੱਕਦਾਰ ਹਨ ਤੇ ਇਸ ਤਰ੍ਹਾਂ ਖਾਂਹ-ਮ-ਖਾਹ ਦਾ ਬਖੇੜਾ ਖੜਾ ਕਰਨ ਵਿਚ ਉਸ ਦਾ ਮੁਣਸ਼ੀਪੁਣਾ ਵੀ ਜਾ ਸਕਦਾ ਹੈ, ਕਿਉਂਕਿ ਜੇਲ੍ਹ ਵਿਚ ਮੁਣਸ਼ੀ ਤੇ ਲੰਬਰਦਾਰ ਬਣਨ ਵਾਸਤੇ ਬੜੇ ਪਾਪੜ ਵੇਲਣੇ ਪੈਂਦੇ ਹਨ। ਪਰ ਖੁਸਣ ਲਗੇ ਤਾਂ ਮਿੰਟ ਵੀ ਨਹੀਂ ਲੱਗਦਾ। ਜੇ ਅਲਾਰਮ ਹੋ ਜਾਂਦਾ ਤਾਂ ਸੱਟਾਂ ਫੇਟਾਂ ਤਾਂ ਲੱਗਣੀਆਂ ਹੀ ਸਨ, ਭਾਵੇਂ ਸਾਡੇ ਲਗਦੀਆਂ ਤੇ ਭਾਵੇਂ ਗਾਰਦ ਦੇ ਪਰ ਜ਼ਿਆਦਾ ਸਾਡੇ ਹੀ ਲੱਗਣੀਆਂ ਸਨ, ਗਾਰਦ ਤਾਂ ਗਿਣਤੀ ਵਿਚ ਬਹੁਤ ਹੁੰਦੀ ਹੈ ਤੇ ਅਸੀਂ ਨਾਲੇ ਨਿਹੱਥੇ ਤੇ ਨਾਲੇ ਥੋੜੇ ਜਣਿਆਂ ਨੇ ਹੋਣਾ ਸੀ। ਖੈਰ ਝਗੜਾ ਟਲ ਗਿਆ। ਪਰ ਪ੍ਰੀਤਮ ਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਤਾਂ ਅੱਤਵਾਦੀ ਹਨ, ਜਿਨ੍ਹਾਂ ਨਾਲ ਉਹ ਪੰਗਾ ਪਾ ਲੈਣ ਲੱਗਾ ਸੀ।

ਇਹ ਗੱਲ ਉਸ ਨੇ ਦੂਜੇ ਦਿਨ ਸਾਨੂੰ ਆ ਕੇ ਦੱਸੀ ਤੇ ਨਾਲੇ ਸਾਡੇ ਨਾਲ ਸੁਲਾਹ ਕਰ ਲਈ। ਉਸ ਦੀ ਹੀ ਜ਼ਬਾਨੀ ਉਸ ਨੇ ਇਹ ਗੱਲ ਇਸ ਤਰ੍ਹਾਂ ਸੁਣਾਈ "ਜਦੋਂ ਮੈਂ ਆਪਣੇ ਘਰ ਗਿਆ ਤੇ ਮੈਂ ਆਪਣੇ ਬਾਪ ਨੂੰ ਦੱਸਿਆ ਕਿ ਅੱਜ ਮੇਰਾ ਪੰਜਾਬ ਦੇ ਅੱਤਵਾਦੀਆਂ ਨਾਲ ਝਗੜਾ ਹੋ ਚਲਿਆ ਸੀ। ਝਗੜਾ ਕਿਵੇਂ ਹੀ ਟਲਿਆ ਨਹੀਂ ਤੇ ਮੈਂ ਸੀਟੀ ਵਜਾ ਕੇ ਅਲਾਰਮ ਕਰਾਉਣ ਲੱਗਾ ਸੀ। ਮੈਨੂੰ ਬਾਅਦ ਵਿਚ ਡਿਉਡੀ 'ਚੋਂ ਪਤਾ ਲੱਗਾ ਕਿ ਉਹ ਸਾਰੇ ਖਤਰਨਾਕ ਅੱਤਵਾਦੀ ਹਨ, ਪਰ ਝਗੜਾ ਨਹੀਂ ਹੋਇਆ"। ਉਸ ਦੇ ਪਿਓ ਨੇ ਕਿਹਾ "ਕੀ ਉਹ ਜੱਟ ਹਨ?" ਮੈਂ ਕਿਹਾ "ਹਾਂ, ਲਗਦੇ ਤਾਂ ਜੱਟ ਹਨ, ਸਾਰੇ ਸਿੱਖ ਹਨ। ਵੱਡੇ ਵੱਡੇ ਕਛਹਿਰੇ ਪਾਉਂਦੇ ਹਨ ਤੇ ਪੱਗਾਂ ਬੰਨਦੇ ਹਨ।" ਉਸ ਦੇ ਪਿਓ ਨੇ ਕਿਹਾ, "ਤੱਨੇ ਸ਼ਰਮ ਨਾ ਆਈ, ਸੁਸਰੇ ਹਮ ਜਾਟ ਵੋਹ ਜੱਟ ਫਰਕ ਤੋ ਏਕ ਕੰਨੇ ਕਾ ਸੈ। ਫਿਰ ਵਹ ਤੋ ਅਪਨਾ ਸੀਸ ਹਥੇਲੀ ਪਰ ਲੀਏ ਫਿਰਤੇ ਹੈ ਔਰ ਤੂ ਯਹ ਸਰਕਾਰ ਕੀ ਖਾਖੀ ਵਰਦੀ ਪਹਿਨੇ ਕੁੱਤੇ ਕੀ ਤਰ੍ਹਾਂ ਘੂੰਮ ਰਿਹਾ ਹੈ। ਕਲ ਜਾ ਕੇ ਉਨ ਸੇ ਮੁਆਫੀ ਮਾਂਗ ਔਰ ਸੁਲਾਹ ਕਰਕੇ ਮੇਰੇ ਕੋ ਬਤਾਨਾ ਵੋਹ ਅਪਨੇ ਜਾਟ ਭਾਈ ਸੈ।" ਇਸ ਤਰ੍ਹਾਂ ਉਹ ਵੀ ਸਾਡਾ ਬੜਾ ਗਹਿਰਾ ਦੋਸਤ ਬਣ ਗਿਆ, ਪਰ ਜਿਵੇਂ ਹੀ ਇਸ ਗੱਲ ਦਾ ਪਤਾ ਡਿਉਢੀ ਵਿਚ ਲੱਗਾ ਝੱਟ ਬਦਲ ਕੇ ਕੋਟ ਮੌਕਿਆ 'ਤੇ ਲਾ ਦਿੱਤਾ, ਜੋ ਕਿ ਬਹੁਤ ਹੀ ਰੁਖੀ ਡਿਊਟੀ ਵਾਲਾ ਥਾਂ ਹੈ। ਏਸੇ ਤਰ੍ਹਾਂ ਹੀ ਇਕ ਲੱਲੂ ਸਿੰਘ ਨਾਂ ਦੇ ਇਕ ਮੁਲਾਜ਼ਮ ਨਾਲ ਹੋਈ। ਉਹ ਆਪਣੇ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਦੇ ਸਿੱਖ ਜਰਨੈਲ ਹਰੀ ਸਿੰਘ ਨਲੂਏ ਨਾਲ ਆਪਣੇ ਆਪ ਨੂੰ ਜੋੜ ਲੈਂਦਾ, ਉਹ ਕਿਹਾ ਕਰਦਾ, "ਆਪ ਕਾ ਜਰਨੈਲ ਭੀ ਲਲੂਆ ਥਾ ਮੈ ਭੀ ਲਲੂ ਸਿੰਘ ਹੂੰ"। ਅਸੀਂ ਉਸ ਨੂੰ ਸਮਝਾਇਆ, "ਬੁਧੂ ਵੋਹ ਨਲੂਆ ਥਾ ਲਲੂਆ ਨਹੀਂ ਥਾ। ਪਰ ਉਹ ਇਸ ਗੱਲ ਨੂੰ ਕਦੇ ਨਾ ਮੰਨਿਆ, ਉਸ ਦੇ ਨਿਸ਼ਕਪਟ ਤੇ ਨਿਰਛਲ ਮਨ ਨੇ ਸਾਨੂੰ ਤਨੋਂ ਮਨੋ ਮੋਹ ਲਿਆ ਤੇ ਉਹ ਵੀ ਸਾਡਾ ਪੱਕਾ ਦੋਸਤ ਬਣ ਗਿਆ। ਪਰ ਮਸਾਂ ਛੇ ਕੁ ਦਿਨ ਹੀ ਸਾਡੇ ਕੋਲ ਕੱਢ ਸਕਿਆ ਤੇ ਪਤਾ ਨਹੀਂ ਕਿਥੇ ਬਦਲ ਦਿੱਤਾ ਗਿਆ। ਬਾਅਦ ਵਿਚ ਸਾਨੂੰ ਤੇਰ੍ਹਾਂ ਨੰਬਰ ਵਾਰਡ ਵਿਚ ਮਿਲਿਆ।

ਇਨ੍ਹਾਂ ਦਿਨਾਂ ਵਿਚ ਹੀ ਪ੍ਰੋ. ਦਰਸ਼ਨ ਸਿੰਘ ਵੀ ਜੇਲ੍ਹ ਵਿਚ ਆ ਗਏ। ਉਨ੍ਹਾਂ ਨੂੰ 124 ਏ 153 ਏ ਵਿਚ ਏਥੇ ਲਿਆਂਦਾ ਗਿਆ ਸੀ। ਪਹਿਲਾਂ ਮੈਂ ਕਦੇ ਇਕ ਦੋ ਵਾਰ ਦੂਰੋਂ ਸਟੇਜ 'ਤੇ ਹੀ ਉਨ੍ਹਾਂ ਦੇ ਦਰਸ਼ਨ ਕੀਤੇ ਸਨ, ਪਰ ਏਥੇ ਤਾਂ ਉਨ੍ਹਾਂ ਦੇ ਖੂਬ ਦਰਸ਼ਨ ਦੀਦਾਰ ਹੁੰਦੇ

ਸਨ। ਇਕ ਵਾਰ ਸਾਡੇ ਨਾਲ ਹੀ ਉਹ ਸਾਡੇ ਵਾਲੀ ਗੱਡੀ ਵਿਚ ਹੀ ਪਟਿਆਲਾ ਹਾਊਸ ਤਰੀਖ ਭੁਗਤਣ ਗਏ ਤੇ ਵਾਪਸ ਆਏ। ਰਸਤੇ ਵਿਚ ਖੂਬ ਗੱਪਸ਼ੱਪ ਹੋਈ। ਮੇਰੀਆਂ ਚੜ੍ਹਦੀਕਲਾ ਵਾਲੀਆਂ ਗੱਲਾਂ ਤੋਂ ਉਹ ਕਾਫੀ ਪ੍ਰਭਾਵਤ ਹੋਏ, ਫਿਰ ਉਨ੍ਹਾਂ ਮੈਨੂੰ ਬੜਾ ਜੋਰ ਲਾਇਆ ਕਿ ਮੈਂ ਸੋਲ੍ਹਾਂ ਨੰਬਰ ਵਾਰਡ ਵਿਚੋਂ ਤੇਰਾਂ ਨੰਬਰ ਵਿਚ ਉਨ੍ਹਾਂ ਕੋਲ ਹੀ ਆ ਜਾਵਾਂ। ਉਦੋਂ ਮੇਰੀ ਬੀ. ਕਲਾਸ ਲੱਗ ਚੁੱਕੀ ਸੀ, ਮੈਨੂੰ ਉਨ੍ਹਾਂ ਕੋਲ ਉਨ੍ਹਾਂ ਵਾਲੀ ਚੱਕੀ ਵਿਚ ਜਾਣਾ ਕੋਈ ਮੁਸ਼ਕਲ ਨਹੀਂ ਸੀ। ਪਰ ਮੈਂ ਸੋਚਦਾ ਸੀ ਜੇ ਇਨ੍ਹਾਂ ਦੀ ਜਮਾਨਤ ਹੋ ਗਈ ਤਾਂ ਫਿਰ ਮੈਂ ਇਕੱਲਾ ਏਥੇ ਕੀ ਕਰਾਂਗਾ? ਮੇਰੇ ਨਾਲ ਦੇ ਸਾਥੀ ਤਾਂ 16 ਨੰਬਰ ਵਿਚ ਹਨ ਇਸ ਲਈ ਮੈਂ ਨਾ ਮੰਨਿਆ ਪਰ ਸਾਡਾ ਮੇਲ ਜੋਲ ਕਾਫੀ ਵਧ ਗਿਆ ਸੀ, ਕੋਈ ਵੀ (ਹਸਪਤਾਲ) ਜਾਂਦਾ ਤਾਂ ਉਹ ਮੇਰੇ ਬਾਰੇ ਜ਼ਰੂਰ ਪੁੱਛਦੇ। ਫਿਰ ਵਾਹਿਗੁਰੂ ਨੇ ਉਨ੍ਹਾਂ ਦੀ ਜਮਾਨਤ ਕਰਵਾ ਦਿੱਤੀ ਤੇ ਮੇਰੇ ਵਾਲੀ ਸੋਚ ਠੀਕ ਹੀ ਨਿਕਲੀ। ਮੈਂ ਇਕੱਲਾ 13 ਨੰਬਰ ਵਿਚ ਬੋਰ ਹੁੰਦਾ ਜਦੋਂ ਕਿ ਏਥੇ 16 ਨੰਬਰ ਵਿਚ ਇਕ ਘੰਟਾ ਦਿਨ ਵਿਚ ਖੁੱਲ੍ਹ ਕੇ ਵੀ ਮੈਨੂੰ ਕੋਈ ਤੰਗੀ ਮਹਿਸੂਸ ਨਹੀਂ ਹੁੰਦੀ। ਮੈਂ ਤਾਂ ਕਹਿੰਦਾ ਹਾਂ ਵਾਹਿਗੁਰੂ ਸਾਡੀ ਟਰੇਨਿੰਗ ਕਰਵਾ ਰਿਹਾ ਹੈ। ਜੇ ਸਤਿਗੁਰੂ ਨੇ ਜੇਲ੍ਹ ਦੀ ਸੇਵਾ ਲਈ ਤਾਂ ਮੈਨੂੰ ਪਤਾ ਹੈ ਕਿ ਜਿਸ ਬੰਦੇ ਨੇ ਵੀ 16 ਨੰਬਰ ਵਿਚ ਦਿਨ ਕੱਟੇ ਹਨ ਉਹ ਜੇਲ੍ਹ ਦੀ ਜ਼ਿੰਦਗੀ ਵਿਚ ਜੇਲ੍ਹ ਦੀ ਤੰਗੀ ਕਰਕੇ ਡੋਲ ਨਹੀਂ ਸਕਦਾ। ਇਹ ਬਿਲਕੁਲ ਏਸੇ ਤਰ੍ਹਾਂ ਹੀ ਹੈ ਜਿਵੇਂ ਪੁਲਿਸ ਵਾਲਿਆਂ ਵਾਸਤੇ ਫਿਲੌਰ ਦਾ ਕਿਲਾ ਜਾਂ ਜਹਾਨ ਖੇਲਾਂ ਦਾ ਪੁਲਿਸ ਟਰੇਨਿੰਗ ਸਕੂਲ। 16 ਨੰਬਰ ਵਾਰਡ ਵਿਚ ਰਹਿ ਚੁਕਿਆ ਬੰਦਾ ਹਿੰਦੋਸਤਾਨ ਦੀ ਕਿਸੇ ਵੀ ਜੇਲ੍ਹ ਵਿਚ ਕਾਮਯਾਬੀ ਨਾਲ ਰਹਿ ਸਕਦਾ ਹੈ, ਇਹ ਮੇਰਾ ਦਾਅਵਾ ਹੈ।

ਚਾਚਾ ਅਨੂਪ ਸਿੰਘ ਇਕ ਫੌਜੀ ਸੀ। ਜਦੋਂ ਮੈਂ ਨਵਾਂ ਨਵਾਂ ਜੇਲ੍ਹ ਵਿਚ ਆਇਆ, ਬਿਮਾਰ ਹੋ ਗਿਆ ਤਾਂ ਉਹ ਹੀ ਭੱਜ ਕੇ ਡਾਕਟਰ ਕੋਲ ਗਿਆ ਤੇ ਉਸ ਨੂੰ ਬੁਲਾ ਕੇ ਲਿਆਇਆ। ਫਿਰ ਮੇਰੀ ਸੇਵਾ ਵੀ ਕਰਦਾ ਰਿਹਾ, ਜਿਵੇਂ ਦਵਾਈ ਸਾਰੇ ਕੰਮ ਛੱਡ ਕੇ ਲਿਆ ਦੇਣੀ, ਮੁਸੱਮੀਆਂ ਲਿਆ ਦੇਣੀਆਂ, ਚਾਹ ਬਣਵਾ ਕੇ ਪਿਆ ਦੇਣੀ। ਉਦੋਂ ਚਾਹ ਸਾਡੇ ਲਈ ਇਸ ਤਰ੍ਹਾਂ ਸੀ ਜਿਵੇਂ ਪਾਕਿਸਤਾਨ ਵਿਚ ਸ਼ਰਾਬ ਬੰਦੀ ਹੈ ਤੇ ਪੀਣ ਵਾਲੇ ਨੂੰ ਸਖਤ ਸਜ਼ਾ ਮਿਲਦੀ ਹੈ। ਪਰ ਉਹ ਮੇਰੇ ਲਈ ਪਤਾ ਨਹੀਂ ਕਿਥੋਂ ਚਾਹ ਲਿਆਉਂਦਾ ਤੇ ਬਦਲੇ ਵਿਚ ਕੋਈ ਪੈਸਾ ਨਾ ਲੈਂਦਾ। ਸਾਰੇ ਉਸ ਨੂੰ ਚਾਚਾ ਆਖ ਕੇ ਹੀ ਬੁਲਾਉਂਦੇ ਸਨ। ਪਰ ਉਹ ਵਿਚਾਰਾ ਵੀ ਐਸਾ ਬਦਲਾਇਆ ਕਿ ਵਾਰਡਾਂ ਤੋਂ ਬਾਹਰ ਦੀਆਂ ਡੀਊਟੀਆਂ 'ਤੇ ਹੀ ਅੱਜ ਤੱਕ ਘੁੰਮਦਾ ਫਿਰਦਾ ਹੈ। ਮਹਿੰਦਰ ਟਾਟਾ ਨਾਂ ਦਾ ਜਿਕਰ ਕਰਨਾ ਵੀ ਜ਼ਰੂਰੀ ਹੈ। ਇਹ ਪੰਜਾਬੀ ਹੈ ਤੇ ਸਮੈਕ ਪੀਣ ਦਾ ਆਦੀ ਹੈ। ਤਨਖਾਹ ਤੇ ਉਤੋਂ ਲਏ ਪੈਸੇ ਸਾਰੇ ਸਮੈਕ ਪੀਣ ਤੇ ਪਿਆਉਣ 'ਤੇ ਹੀ ਖਰਚ ਕਰ ਦੇਂਦਾ। ਜੇਲ੍ਹ ਦੇ ਹਿਸਾਬ ਨਾਲ ਖੁੱਲ੍ਹਾ ਖਰਚ ਕਰਨ ਕਰਕੇ ਉਸ ਦਾ ਨਾਂ ਟਾਟਾ ਪੈ ਗਿਆ। ਹੁਣ ਉਹ ਮਹਿੰਦਰ ਟਾਟਾ ਦੇ ਨਾਂ ਨਾਲ ਮਸ਼ਹੂਰ ਸੀ। ਉਸ ਨਾਲ ਵੀ ਉਪਰੋਕਤ ਦੂਜਿਆਂ ਵਾਂਗ ਹੀ ਹੋਇਆ ਤੇ ਸਾਨੂੰ ਕਦੇ ਮਿਲਿਆ ਨਹੀਂ। ਮਿਸਟਰ ਸਾਗਰ ਸਾਡੇ ਵਾਰਡ ਦੇ ਇੰਨਚਾਰਜ ਸਨ। ਸਾਡੇ ਪਿੱਛੋਂ ਉਨ੍ਹਾਂ ਜੇਲ੍ਹ ਅਫ਼ਸਰ ਸਾਹਮਣੇ ਛਾਤੀ ਠੋਕ ਕੇ ਕਿਹਾ ਕਿ ਸਿੱਖ ਕੋਠੇ 'ਤੇ ਨਹੀਂ ਚੜ੍ਹੇ ਹੋਣਗੇ, ਮੈਂ ਏਥੇ ਬੈਠਾ ਹੀ ਉਨ੍ਹਾਂ ਦੀ ਜ਼ਿੰਮੇਵਾਰੀ ਲੈਂਦਾ ਹਾਂ। ਪਤਾ ਕਰਨ 'ਤੇ ਉਹ ਸੌ ਫੀਸਦੀ ਠੀਕ ਨਿਕਲਿਆ ਪਰ ਵਿਚਾਰੇ ਨੂੰ ਫਿਰ ਵੀ ਲੰਮੀ ਛੁੱਟੀ 'ਤੇ ਜਾਣਾ ਪਿਆ, ਕਿਉਂਕਿ ਉਸ ਨੇ

ਸਿੱਖਾਂ ਦੀ ਹਮਾਇਤ ਕੀਤੀ ਸੀ ਤੇ ਉਸ ਨੂੰ ਇਨਾਮ ਮਿਲਣਾ ਹੀ ਸੀ। ਇਨ੍ਹਾਂ ਹੀ ਦਿਨਾਂ ਦੀ ਗੱਲ ਹੈ ਮੈਂ ਆਪਣੇ ਘਰ ਕੁਝ ਕਾਗਜ਼ (ਲਿਖੀ ਹੋਈ ਏਸੇ ਕਿਤਾਬ ਦੇ ਵਰਕੇ) ਭੇਜਣੇ ਸਨ। ਮੇਰੇ ਕੋਲੋਂ ਗਲਤੀ ਇਹ ਹੋ ਗਈ ਕਿ ਮੈਂ ਅਨਜਾਣੇ ਵਿਚ ਹੀ ਵੱਡਾ ਇਮਾਨਦਾਰ ਬਣਦੇ ਹੋਏ ਉਥੇ ਖਲੋਤੇ ਇਕ ਅਫ਼ਸਰ ਨੂੰ ਕਿਹਾ ਕਿ ਮੈਂ ਆਹ ਕਾਗਜ ਬਾਹਰ ਭੇਜਣੇ ਹਨ, ਤੁਸੀਂ ਆਖੋ ਤਾਂ ਮੁਲਾਕਾਤ 'ਤੇ ਆਏ ਆਪਣੇ ਰਿਸ਼ਤੇਦਾਰਾਂ ਨੂੰ ਦੇ ਦਿਆਂ? ਮੇਰੇ ਇਹ ਕਹਿਣ 'ਤੇ ਉਸ ਨੇ ਕਾਗਜਾਂ ਦਾ ਉਹ ਪੁਲੰਦਾ ਫੜ ਲਿਆ ਤੇ ਕਿਹਾ, "ਜੇਲ੍ਹ ਦਾ ਅਸੂਲ ਇਹ ਹੈ ਕਿ ਪੜ੍ਹੇ ਤੋਂ ਬਿਨਾਂ ਨਾ ਕੋਈ ਕਾਗਜ ਬਾਹਰ ਜਾ ਸਕਦਾ ਹੈ, ਨਾ ਅੰਦਰ ਆ ਸਕਦਾ ਹੈ। ਤੁਹਾਡੀਆਂ ਚਿੱਠੀਆਂ ਵੀ ਸੈਂਸਰ ਹੋ ਕੇ ਆਉਂਦੀਆਂ ਜਾਂਦੀਆਂ ਹਨ।" ਮੈਨੂੰ ਉਸ ਅਫ਼ਸਰ ਤੋਂ ਇਹ ਉਮੀਦ ਨਹੀਂ ਸੀ। ਕਿਉਂਕਿ ਆਮ ਗੱਲਬਾਤ ਵਿਚ ਉਹ ਮੇਰੇ ਨਾਲ ਬੜੇ ਚੰਗੇ ਸਬੰਧ ਰੱਖਦਾ ਸੀ। ਪਰ ਇਕ ਦੋ ਵਾਰ ਆਖਣ 'ਤੇ ਵੀ ਉਸ ਕਾਗਜ਼ ਮੈਨੂੰ ਨਾ ਮੋੜੇ ਤੇ ਸਗੋਂ ਹੋਰ ਘੁਟ ਕੇ ਫੜ ਲਏ। ਕੁਦਰਤੀ ਮੈਨੂੰ ਉਥੇ ਸਾਗਰ ਸਾਹਿਬ ਮਿਲ ਪਏ। ਇਹ ਗੱਲ ਉਦੋਂ ਦੀ ਹੈ ਜਦੋਂ ਜਾਲੀ ਦੇ ਬਾਹਰ ਖੜ੍ਹੇ ਸਾਰੇ, ਸਮਾਨ ਅੰਦਰ ਮੇਰੇ ਇਕ ਸਾਥੀ ਨੂੰ ਫੜਾ ਰਹੇ ਸਨ। ਸਾਗਰ ਸਾਹਿਬ ਨੂੰ ਮੈਨੂੰ ਕਹਿਣਾ ਪਿਆ ਕਿ ਇਕ ਕੰਮ ਤੁਹਾਨੂੰ ਅੱਜ ਆਖਣਾ ਹੈ, ਉਮੀਦ ਹੈ ਨਾਂਹ ਨਹੀਂ ਕਰੋਗੇ। ਉਨ੍ਹਾਂ ਨੇ ਕਿਹਾ, "ਦਸੋ" ਤੇ ਮੈਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਆਹ ਗੱਲ ਹੋਈ ਹੈ। ਉਨ੍ਹਾਂ ਨੇ ਮੈਨੂੰ ਕਿਹਾ, "ਇਹ ਅਫ਼ਸਰ ਬੜਾ ਵਹਿਮੀ ਹੈ ਤੁਸੀਂ ਚੁੱਪ ਕਰਕੇ ਫੜਾ ਦੇਂਦੇ, ਦੱਸਣ ਦੀ ਕੀ ਲੋੜ ਸੀ? ਪਰ ਕੋਈ ਗੱਲ ਨਹੀਂ, ਹੁਣ ਤੁਸੀਂ ਮੰਗੋ ਨਾ, ਮੈਂ ਲੈ ਕੇ ਤੁਹਾਨੂੰ ਪਹੁੰਚਾ ਦਿਆਂਗਾ।" ਮੇਰੇ ਕੋਲ ਹੋਰ ਚਾਰਾ ਵੀ ਕੀ ਸੀ? ਪਰ ਮੈਂ ਉਦੋਂ ਬੜਾ ਹੈਰਾਨ ਹੋਇਆ, ਜਦੋਂ ਮੈਂ ਵਾਪਸ ਵਾਰਡ ਵੱਲ ਨੂੰ ਮੁੜਨ ਲੱਗਾ ਤਾਂ ਅਜੇ ਡਿਉਢੀ ਦੀ ਬਾਰੀ ਵਿਚੋਂ ਦੀ ਪੈਰ ਬਾਹਰ ਕਢਿਆ ਹੀ ਸੀ ਕਿ ਸਾਗਰ ਸਾਹਿਬ ਕਾਗਜ਼ਾਂ ਦਾ ਬੰਡਲ ਹੱਥ ਵਿਚ ਫੜੀ ਖੜ੍ਹੇ ਸਨ। ਉਨ੍ਹਾਂ ਚੁੱਪ ਕਰਕੇ ਉਹ ਕਾਗਜ਼ ਮੇਰੀ ਸਮਾਨ ਵਾਲੀ ਟੋਕਰੀ ਵਿਚ ਰੱਖ ਦਿੱਤੇ ਤੇ ਆਪ ਵੀ ਸਾਡੇ ਨਾਲ-ਨਾਲ ਹੀ ਤੁਰ ਕੇ ਸਾਡੇ ਵਾਰਡ ਤੱਕ ਆ ਗਏ। ਜਦੋਂ ਅਸੀਂ ਅੰਦਰ ਲੰਘ ਗਏ ਤਾਂ ਉਹ ਵਾਪਸ ਮੁੜੇ। ਦੂਜੇ ਦਿਨ ਮੈਂ ਕਿਹਾ, "ਸਾਗਰ ਸਾਹਿਬ, ਮੈਨੂੰ ਇਹ ਸਮਝ ਨਹੀਂ ਲੱਗੀ ਤੁਸੀਂ ਵਾਰਡ ਤੱਕ ਸਾਨੂੰ ਛੱਡਣ ਕਿਉਂ ਆਏ? ਉਨ੍ਹਾਂ ਕਿਹਾ ਵਾਰਡ ਦੇ ਵਾਰਡਨ ਨੇ ਕਾਗਜ਼ ਵੇਖ ਕੇ ਫਿਰ ਪੰਗਾ ਪਾ ਲੈਣਾ ਸੀ (ਕਿਉਂਕਿ ਵਾਰਡ ਦੇ ਅੰਦਰ ਵੜਨ ਲਗਿਆਂ ਵੀ ਤਲਾਸ਼ੀ ਹੁੰਦੀ ਹੈ) ਸੋ ਮੈਂ ਸੋਚਿਆ ਜੇ ਮੈਂ ਨਾਲ ਹੋਵਾਂਗਾ ਤਾਂ ਉਹ ਤੁਹਾਨੂੰ ਲੰਘ ਲੈਣ ਦੇਵੇਗਾ, ਕਿਉਂਕਿ ਉਸ ਨੂੰ ਪਤਾ ਹੋਵੇਗਾ ਕਿ ਅਫ਼ਸਰ ਨਾਲ ਨਾਲ ਆਇਆ ਹੈ। ਮੈਂ ਉਨ੍ਹਾਂ ਦੀ ਇਸ ਮਿਹਰਬਾਨੀ ਕਰਕੇ ਉਨ੍ਹਾਂ ਦਾ ਧੰਨਵਾਦੀ ਹਾਂ।

ਸਾਡੇ ਵਾਰਡ ਦੇ ਬਾਕੀ ਕੈਦੀਆਂ ਦਾ ਵੇਰਵਾ

ਸਾਡੇ ਵਾਰਡ ਵਿਚ ਓਨਾ ਦਿਨਾਂ ਵਿਚ ਰਹਿਣ ਵਾਲੇ ਕੈਦੀਆਂ ਦੀ ਗਿਣਤੀ ਇਸ ਤਰ੍ਹਾਂ ਸੀ, ਦੋ ਫਾਂਸੀ ਵਾਲੇ ਲਾਲਾ ਖੇਮ ਚੰਦ ਤੇ ਕੰਚਨ। ਇਕ ਮੁਖਬਰ ਜਿਸ ਨੇ ਪੰਜ ਬੰਦਿਆਂ ਵਿਰੁੱਧ ਵਾਅਦਾ ਮੁਆਫ ਗੁਆਹ ਬਣ ਕੇ ਠੋਕ ਕੇ ਗਵਾਹੀ ਦਿੱਤੀ ਸੀ, ਵੈਸੇ ਕਤਲ ਕਰਨ ਵੇਲੇ ਉਹ ਆਪ ਵੀ ਨਾਲ ਸੀ, ਪਰ ਬਾਅਦ ਵਿਚ ਪੁਲਿਸ ਨੇ ਉਸ ਨੂੰ ਲਾਲਚ ਦੇ ਕੇ ਗਵਾਹ ਬਣਾ ਲਿਆ। ਇਕ ਸਮੈਕ ਵੇਚਣ ਵਾਲੇ ਨੂੰ ਕਸੂਰੀ ਦੇ ਤੌਰ 'ਤੇ ਬੰਦ ਕੀਤਾ ਹੋਇਆ ਸੀ। ਇਕ ਮਿਸਟਰ ਅਜਯ ਜੋ ਚਾਰਲਸ ਸੋਭ ਰਾਜ ਨਾਲ ਭੱਜਾ ਸੀ

ਤੇ ਉਸ ਦਾ ਸੱਜਾ ਹੱਥ ਮੰਨਿਆ ਜਾਂਦਾ ਸੀ। ਸਾਰੀ ਦੌੜਨ ਦੀ ਸਕੀਮ ਵੀ ਉਸੇ ਹੀ ਬਣਾਈ ਸੀ। ਇਹ ਵੀ ਏਥੇ ਕਤਲ ਦੇ ਕੇਸ ਵਿਚ ਹੀ ਹੈ। ਬੜਾ ਭਲਾ ਆਦਮੀ ਹੈ ਤੇ ਪੜ੍ਹਿਆ ਲਿਖਿਆ ਹੈ। ਮਿਸਟਰ ਤਿਆਗੀ ਇਹ ਵੀ ਚਾਰਲਸ ਸੋਭ ਰਾਜ ਦੇ ਦੌੜਨ ਵਾਲੇ ਕੇਸ ਵਿਚ ਸੀ। ਉਸ ਤੋਂ ਪਹਿਲਾਂ ਉਹ ਸਾਰੇ ਕੇਸਾਂ ਵਿਚੋਂ ਬਰੀ ਹੋ ਕੇ ਬਾਹਰ ਚਲਾ ਗਿਆ ਸੀ। ਪਰ ਚਾਰਲਸ ਹੋਰਾਂ ਨੂੰ ਭਜਾਉਣ ਵਾਸਤੇ ਜਿਹੜੀ ਕਾਰ ਵਰਤੀ ਗਈ ਸੀ, ਉਹ ਤਿਆਗੀ ਹੀ ਚਲਾ ਕੇ ਲਿਆਇਆ ਸੀ। ਇਸ ਦਾ ਪੂਰਾ ਨਾਂ ਦੇਵ ਰਾਜ ਤਿਆਗੀ ਹੈ। ਪਹਿਲਾਂ ਪਹਿਲਾਂ ਰਸਾਲਿਆਂ ਵਿਚ ਤੇ ਅਖ਼ਬਾਰਾਂ ਵਿਚ ਆਇਆ ਸੀ ਕਿ ਦੇਵ ਰਾਜ ਤਿਆਗੀ ਨੇ ਪੁਲਿਸ ਨੂੰ ਬਿਆਨ ਦਿੱਤੇ ਹਨ ਕਿ ਉਹ ਸਤਵੰਤ ਸਿੰਘ ਦੇ ਪਿਤਾ ਨੂੰ ਮਾਰਨਾ ਚਾਹੁੰਦਾ ਸੀ ਤੇ ਇਸ ਤਰ੍ਹਾਂ ਇੰਦਰਾ ਗਾਂਧੀ ਦਾ ਬਦਲਾ ਲੈਣਾ ਚਾਹੁੰਦਾ ਸੀ। ਪਰ ਮੈਨੂੰ ਤਾਂ ਇਹ ਗੱਲਾਂ ਮਨਘੜਤ ਲੱਗਦੀਆਂ ਹਨ। ਉਹ ਬੜਾ ਚੰਗਾ ਆਦਮੀ ਹੈ ਤੇ ਮੁਤਸਬੀ ਉੱਕਾ ਹੀ ਨਹੀਂ ਲੱਗਦਾ। ਐਵੇਂ ਮਸ਼ਹੂਰੀ ਪ੍ਰਾਪਤ ਕਰਨ ਲਈ ਭਾਵੇਂ ਉਸ ਉਪਰੋਕਤ ਬਿਆਨ ਦੇ ਦਿੱਤਾ ਹੋਵੇ। ਪਰ ਉਹ ਤੇ ਅਜਯ ਦੋਵੇਂ ਹੀ ਬੜੇ ਸਾਊ ਮੁੰਡੇ ਹਨ। ਅਜਯ ਕਾਫੀ ਪੜ੍ਹਿਆ ਲਿਖਿਆ ਹੈ। ਪਰ ਪੁਸ਼ਤੈਨੀ ਦੁਸ਼ਮਣੀ ਕਰਕੇ ਉਸ ਨੂੰ ਕਤਲ ਕਰਨਾ ਪਿਆ। ਉਸ ਦੀ ਪਤਨੀ ਬਹੁਤ ਹੀ ਸੋਹਣੀ ਹੈ ਤੇ ਇਕ ਬੱਚੀ ਕੋਈ ਦੋ-ਤਿੰਨ ਸਾਲ ਦੀ ਹੈ। ਜਿਸ ਦਿਨ ਸਾਡੀ ਤਰੀਖ ਸੀ, ਉਹ ਵਿਚਾਰੀ ਮੁਲਾਕਾਤ ਲਈ ਉਥੇ ਖੜੀ ਸੀ। ਮੈਂ ਉਸ ਨੂੰ ਇਸ ਕਰਕੇ ਪਛਾਣ ਲਿਆ ਕਿਉਂਕਿ ਮੈਂ ਅਜਯ ਨੂੰ ਕਾਗਜ ਮੰਗਵਾਉਣ ਲਈ ਆਖਿਆ ਸੀ। ਉਸ ਨੇ ਘਰ ਚਿੱਠੀ ਲਿਖੀ। ਜਿਸ ਦਿਨ ਅਸੀਂ ਤਰੀਖ 'ਤੇ ਜਾ ਰਹੇ ਸੀ ਉਸ ਦੇ ਹੱਥ ਵਿਚ ਇਕ ਟੋਕਰੀ ਸੀ ਤੇ ਹੋਰ ਸਮਾਨ ਤੋਂ ਇਲਾਵਾ ਕਾਗਜਾਂ ਦਾ ਇਕ ਦਸਤਾ ਵੀ ਰੋਲ ਕੀਤਾ ਹੋਇਆ ਸੀ। ਜਦੋਂ ਮੈਂ ਤਰੀਖ ਭੁਗਤ ਕੇ ਆਇਆ ਤਾਂ ਅਜਯ ਨੇ ਉਹ ਹੀ ਰਬੜ ਲਪੇਟੀ ਵਾਲਾ ਕਾਗਜਾਂ ਦਾ ਦਸਤਾ ਤੇ ਬਾਲ ਪੈੱਨ ਦੇ ਸਿੱਕੇ ਮੈਨੂੰ ਦਿੱਤੇ। ਇਹ ਉਹ ਹੀ ਸਨ, ਜੋ ਉਸ ਕੁੜੀ ਨੇ ਫੜੇ ਹੋਏ ਸਨ ਤੇ ਮੈਂ ਮਨ ਹੀ ਮਨ ਉਸ ਦੀ ਸੁੰਦਰਤਾ ਦੀ ਪ੍ਰਸ਼ੰਸਾ ਕੀਤੀ ਸੀ। ਵਿਚਾਰਾ ਅਜਯ ਕਾਫੀ ਚਿਰ ਤੋਂ ਜੇਲ੍ਹ ਵਿਚ ਹੈ ਤੇ ਅਜੇ ਉਸ ਦੇ ਕੇਸ ਵਿਚ ਗਵਾਹ ਵਗੈਰਾ ਨਹੀਂ ਭੁਗਤੇ। ਉਸ ਕੇਸ ਵਿਚ ਸ਼ਾਇਦ ਉਸ ਨੂੰ ਸਜਾ ਹੀ ਹੋ ਜਾਵੇ, ਕਿਉਂਕਿ ਉਸ 'ਤੇ ਗਵਾਹ ਬਹੁਤ ਪੱਕੇ ਹਨ ਤੇ ਕੋਸ਼ਿਸ਼ ਕਰਨ 'ਤੇ ਵੀ ਟੁੱਟੇ ਨਹੀਂ ਤੇ ਹੁਣ ਨਾਲ ਜੇਲ੍ਹ 'ਚੋਂ ਭੱਜਣ ਦਾ ਨਵਾਂ ਕੇਸ। ਏਸੇ ਤਰ੍ਹਾਂ ਹੀ ਇਕ ਅਸ਼ੋਕ ਨਾਂ ਦਾ ਡਾਕੂ ਸੀ। ਉਹ ਵੀ ਸਾਡੇ ਵਾਰਡ ਵਿਚ ਹੀ ਸੀ। ਉਹ ਪਹਿਲਾਂ ਸੂਟਾ ਬੜਾ ਪੀਂਦਾ ਸੀ, ਇਸ ਲਈ ਉਸ ਦਾ ਨਾਂ ਸੁਰਤੀ ਲਾਲ ਪੱਕ ਗਿਆ। ਉਸ ਦੇ ਡਾਕਾ ਮਾਰਨ ਦੀ ਕਹਾਣੀ ਬਹੁਤ ਹੀ ਦਿਲਚਸਪ ਹੈ। ਉਸ ਨੇ ਇਕ ਡਾਕਖਾਨਾ ਲੁੱਟਣ ਲਈ ਤਾੜ ਲਿਆ ਤੇ ਕੁਝ ਬੰਦਿਆਂ ਨਾਲ ਇਹ ਸੌਦਾ ਕਰ ਲਿਆ ਕੇ ਜੇ ਡਾਕਾ ਕਾਮਯਾਬ ਹੋ ਗਿਆ ਤਾਂ ਪੰਜ ਹਜ਼ਾਰ ਹਰ ਇਕ ਨੂੰ ਤੇ ਜੇ ਨਾ ਹੋਇਆ ਤਾਂ ਵੀਹ ਰੁਪਏ ਮਿਲਣਗੇ। ਇਹ ਇਕ ਤਰ੍ਹਾਂ ਦਿਹਾੜੀ 'ਤੇ ਲਏ ਹੋਏ ਬੰਦੇ ਹੀ ਸਨ। ਸੱਤ ਲੱਖ ਦਾ ਡਾਕਾ ਕਾਮਯਾਬ ਹੋ ਗਿਆ ਤੇ ਉਸ ਨੇ ਪੰਜ-ਪੰਜ ਹਜ਼ਾਰ ਰੁਪਏ ਸਾਰਿਆਂ ਨੂੰ ਦੇ ਦਿੱਤੇ। ਉਹ ਪੰਜ ਸਾਲ ਤੋਂ ਜੇਲ੍ਹ ਵਿਚ ਹੈ, ਜਦ ਕਿ ਡਾਕੇ ਦੀ ਸਾਰੀ ਸਜਾ ਸੱਤ ਸਾਲ ਹੈ। ਅਜੇ ਉਸ ਦੇ ਕੇਸ ਵਿਚ ਵੀ ਕੱਚੀਆਂ ਪੇਸ਼ੀਆਂ ਹੀ ਹਨ ਤੇ ਗਵਾਹੀਆਂ ਨਹੀਂ ਹੋਈਆਂ। ਉਹ ਆਦਮੀ ਏਨਾ ਪਤਲਾ ਤੇ ਕਮਜ਼ੋਰ ਹੈ ਕਿ ਜੇ ਉਸ ਦੇ ਇਕ ਚਪੇੜ ਮਾਰ ਦਿੱਤੀ ਜਾਵੇ ਤਾਂ ਉਹ ਹਵਾ ਵਿਚ ਉਡ ਜਾਵੇ।

ਸੁਰਤੀ ਲਾਲ ਦੇ ਫੜੇ ਜਾਣ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਡਾਕਾ ਵਜਣ ਤੋਂ ਪੰਜ ਮਹੀਨੇ ਬਾਅਦ ਤਕ ਪੁਲਿਸ ਡਾਕੂਆਂ ਨੂੰ ਨਾ ਫੜ ਸਕੀ, ਸਗੋਂ ਕੋਈ ਸੁਰਾਗ ਵੀ ਹੱਥ ਨਾ ਲੱਗਾ। ਲੋਕ ਡਾਕੇ ਨੂੰ ਭੁੱਲ ਭੁੱਲਾ ਹੀ ਗਏ ਸਨ। ਸੁਰਤੀ ਲਾਲ ਤੇ ਸ਼ੱਕ ਪੈਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ, ਉਹ ਵਿਚਾਰਾ ਤਾਂ ਬਹੁਤ ਹੀ ਗਰੀਬ ਤੇ ਭਲਾ ਮਾਣਸ ਆਦਮੀ ਸਮਝਿਆ ਜਾਂਦਾ ਸੀ। ਜਿਸ ਟਰੰਕ ਵਿਚ ਰੁਪਈਏ ਭਰੇ ਹੋਏ ਸਨ, ਉਸ ਨੂੰ ਸੁਰਤੀ ਲਾਲ ਨੇ ਬੱਕਰੀ ਬੰਨਣ ਵਾਲੀ ਛੱਪਰੀ ਵਿਚ ਟੋਆ ਪੁੱਟ ਕੇ ਨੱਪ ਦਿੱਤਾ ਸੀ ਤੇ ਉਪਰ ਬੱਕਰੀ ਤੇ ਉਸ ਦਾ ਲੇਲਾ ਬੰਨ ਦੇਂਦਾ ਸੀ। ਉਸ ਨੇ ਸਿਰਫ ਇਕ ਵਾਰ ਹੀ ਗਿਣ ਕੇ ਵੇਖੇ ਸਨ ਕਿ ਇਸ ਵਿਚ ਸੱਤ ਲੱਖ ਪੈਂਹਠ ਹਜ਼ਾਰ ਰੁਪਏ ਸੀ ਤੇ ਵਿਚੋਂ ਵੀਹ ਹਜ਼ਾਰ ਕਰਾਏ ਵਾਲੇ ਡਾਕੂਆਂ ਨੂੰ ਦੇਣਾ ਪਿਆ ਸੀ। ਉਨ੍ਹਾਂ ਦਿਨਾਂ ਵਿਚ ਪਿੰਡ ਲਾਗੋਂ ਲੰਘਦੀ ਨਦੀ ਵਿਚ ਹੜ ਆਇਆ ਹੋਇਆ ਸੀ। ਲੋਕ ਤੇ ਪੁਲਿਸ ਬਚਾਅ ਦੇ ਕੰਮਾਂ ਵਿਚ ਰੁਝੇ ਹੋਏ ਸਨ, ਸੁਰਤੀ ਲਾਲ ਤੇ ਕਿਸੇ ਨੇ ਕਾਹਦਾ ਸ਼ੱਕ ਕਰਨਾ ਸੀ। ਸਫਲ ਡਾਕਾ ਮਾਰ ਲੈਣ ਤੋਂ ਬਾਅਦ ਸੁਰਤੀ ਲਾਲ ਦੇ ਅੰਦਰ ਇਕ ਡਰ ਬੈਠਾ ਹੋਇਆ ਸੀ ਕਿ ਭਾਵੇਂ ਉਸ ਨੇ ਆਪਣੇ ਕੀਤੇ ਇਕਰਾਰ ਅਨੁਸਾਰ ਆਪਣੇ ਡਾਕੂ ਸਾਥੀਆਂ ਨੂੰ ਪੂਰੇ ਪੈਸੇ ਦੇ ਦਿੱਤੇ ਸ਼ਨ, ਪਰ ਫਿਰ ਵੀ ਉਹ ਉਸ ਕੋਲੋਂ ਹੋਰ ਧਨ ਲੈਣ ਦੇ ਖਿਆਲ ਨਾਲ ਬਲੈਕ ਮੇਲ ਕਰ ਸਕਦੇ ਸਨ। ਉਸ ਨੇ ਇਸ ਗੱਲ ਦਾ ਹੱਲ ਵੀ ਲੱਭ ਲਿਆ ਤੇ ਉਹ ਤੜਕੇ ਹੀ ਉਨ੍ਹਾਂ ਚੋਹਾਂ ਦੇ ਘਰ ਗਿਆ ਤੇ ਉਨ੍ਹਾਂ ਨੂੰ ਕਿਹਾ, "ਮੇਰੇ ਨਾਲ ਭਾਰੀ ਧੋਖਾ ਹੋ ਗਿਆ ਹੈ। ਤੁਹਾਨੂੰ ਤਾਂ ਮੈਂ ਪੰਜ-ਪੰਜ ਹਜ਼ਾਰ ਦੇ ਦਿੱਤਾ ਹੈ, ਪਰ ਮੇਰੇ ਲਈ ਸਿਰਫ ਤਿੰਨ ਹਜ਼ਾਰ ਹੀ ਬਚਿਆ ਹੈ। ਟਰੰਕ ਵਿਚ ਸਿਰਫ ਤੇਈ ਹਜ਼ਾਰ ਰੁਪਏ ਹੀ ਸੀ। ਉਸ ਦੇ ਨਾਲ ਦੇ ਡਾਕੂ ਉਸ ਨੂੰ ਭੱਜ ਕੇ ਪਏ ਤੇ ਕਿਹਾ, "ਫਿਰ ਅਸੀਂ ਕੀ ਕਰੀਏ? ਸਾਨੂੰ ਇਸ ਗੱਲ ਨਾਲ ਕੀ, ਕਿ ਤੈਨੂੰ ਕੁਝ ਬਚਿਆ ਹੈ ਕਿ ਨਹੀਂ? ਸਾਨੂੰ ਤਾਂ ਤੂੰ ਉਨੇ ਹੀ ਦਿੱਤੇ ਹਨ, ਜਿੰਨਿਆਂ ਦੀ ਤੂੰ ਜਬਾਨ ਕੀਤੀ ਸੀ।" ਸੁਰਤੀ ਲਾਲ ਨੇ ਅੱਖਾਂ ਵਿਚ ਗਲੇਡੂ ਭਰ ਲਏ ਤੇ ਕਿਹਾ, "ਤੁਸੀਂ ਚਲ ਕੇ ਮੇਰੇ ਨਾਲ ਵੇਖ ਵੀ ਨਹੀਂ ਸਕਦੇ ਕਿ ਬਾਕੀ ਟਰੰਕ ਵਿਚ ਕਾਗਜ਼ ਹੀ ਭਰੇ ਹੋਏ ਸਨ ਤੇ ਰੁਪਏ ਸਿਰਫ ਤੇਈ ਹਜ਼ਾਰ ਹੀ ਸਨ।" ਉਨ੍ਹਾਂ ਕਿਹਾ, "ਭੱਜ ਜਾ ਏਥੋਂ, ਅਸਾਂ ਕਿਤੇ ਨਹੀਂ ਜਾਣਾ ਤੇ ਨਾ ਹੀ ਸਾਨੂੰ ਤੇਰੀ ਕਿਸੇ ਗੱਲ ਨਾਲ ਮਤਲਬ ਹੈ।" ਸੁਰਤੀ ਲਾਲ ਨੇ ਉਨ੍ਹਾਂ ਨੂੰ ਹਲਕੀ ਜਹੀ ਧਮਕੀ ਵੀ ਦੇ ਦਿੱਤੀ ਕਿ ਜੇ ਮੈਨੂੰ ਤੁਹਾਡੇ ਜਿੰਨੇ ਪੈਸੇ ਵੀ ਨਹੀਂ ਮਿਲਣੇ ਤਾਂ ਫਿਰ ਮੈਂ ਪੁਲਿਸ ਨੂੰ ਦੱਸ ਦਿਆਂਗਾ। ਉਨ੍ਹਾਂ ਵਿਚੋਂ ਇਕ ਬਹੁਤ ਹੀ ਡਰਪੋਕ ਸੀ, ਉਸ ਨੇ ਉਸ ਨੂੰ ਪੰਜ ਸੌ ਰੁਪਏ ਆਪਣੇ ਵਾਲੇ ਪੰਜ ਹਜ਼ਾਰ ਵਿਚੋਂ ਮੋੜ ਦਿੱਤੇ ਤੇ ਗਲ ਖਤਮ ਕਰ ਦਿੱਤੀ। ਇਕ ਹੋਰ ਨੇ ਕਿਹਾ "ਤੇਰਾ ਪੰਜ ਸੌ ਮੈਂ ਹਾੜੀ ਦੀ ਫਸਲ 'ਤੇ ਮੋੜ ਦਿਆਂਗਾ, ਹੁਣ ਮੈਨੂੰ ਮੇਰੀ ਗਹਿਣੇ ਪਈ ਹੋਈ ਜ਼ਮੀਨ ਛੁਡਾ ਲੈਣਦੇ।" ਬਾਕੀ ਰਹਿੰਦੇ ਦੋਹਾਂ ਨੇ ਕਿਹਾ "ਦੁਪਹਿਰ ਨੂੰ ਆ ਕੇ ਸਾਡੇ ਕੋਲੋਂ ਵੀ ਪੰਜ ਪੰਜ ਸੌ ਲੈ ਲਵੀਂ ਅਸਾਂ ਜਿਥੇ ਲੁਕਾਏ ਹਨ, ਉਥੋਂ ਲਿਆ ਦਿਆਂਗੇ।"

ਸੁਰਤੀ ਲਾਲ ਦਾ ਅੱਧਾ ਮਸਲਾ ਹੱਲ ਹੋ ਚੁੱਕਾ ਸੀ। ਬਾਕੀ ਦਾ ਅੱਧਾ ਵੀ ਦੁਪਹਿਰ ਨੂੰ ਹੱਲ ਹੋ ਗਿਆ ਜਦੋਂ ਉਹ ਪੈਸੇ ਲੈਣ ਗਿਆ ਤਾਂ ਉਨ੍ਹਾਂ ਦੇ ਘਰਦਿਆਂ ਨੇ ਦਸਿਆ ਕਿ ਉਹ ਕਲਕੱਤੇ ਪੁਲਾਂ ਦੇ ਕੰਮ 'ਤੇ ਠੇਕੇਦਾਰ ਨਾਲ ਚਲੇ ਗਏ ਹਨ ਤੇ ਕਿਥੇ ਗਏ ਹਨ, ਸਾਨੂੰ ਨਹੀਂ ਦੱਸ ਕੇ ਗਏ। ਬੱਸ ਇਹ ਹੀ ਤਾਂ ਸੁਰਤੀ ਲਾਲ ਚਾਹੁੰਦਾ ਸੀ ਹੁਣ ਉਸ ਨੂੰ

ਉਨ੍ਹਾਂ ਚੋਰਾਂ ਡੇਕਿਆਂ ਕੋਲੋਂ ਕੋਈ ਖਤਰਾ ਨਹੀਂ ਸੀ। ਕੁਝ ਦਿਨ ਤਾਂ ਉਹ ਪਿੰਡ ਵਿਚ ਦਿਹਾੜੀ ਦੱਪਾ ਕਰਦਾ ਰਿਹਾ ਤੇ ਫਿਰ ਆਪਣੀ ਮਾਂ ਤੇ ਭੈਣ ਨੂੰ ਲੈ ਕੇ ਵੀਹ ਕੁ ਮੀਲ ਪਰ੍ਹਾਂ, ਇਕ ਪਿੰਡ ਵਿਚ ਚਲਾ ਗਿਆ। ਇਕ ਦਿਨ ਉਸ ਨੇ ਆਪਣੀ ਭੈਣ ਨੂੰ ਲਾਡ ਵਿਚ ਆਏ ਹੋਏ ਨੇ ਪੁਛਿਆ, "ਤੇਰਾ ਵਿਆਹ ਕਿੰਨੀ ਕੁ ਧੂਮ ਧਾਮ ਨਾਲ ਹੋਵੇ?" ਉਸ ਵਿਚਾਰੀ ਦਾ ਅਗੇ ਦੋ ਵਾਰ ਦਹੇਜ ਨਾ ਦਿੱਤੇ ਜਾਣ ਕਰਕੇ ਰਿਸ਼ਤਾ ਟੁੱਟ ਚੁੱਕਾ ਸੀ, ਇਸ ਕਰਕੇ ਲਾਗੇ ਬੈਠੀ ਉਸ ਦੀ ਮਾਂ ਉਸ ਦੀਆਂ ਗੱਲਾਂ 'ਤੇ ਖਿਝੀ ਪਈ ਸੀ। ਉਸ ਨੇ ਕਿਹਾ, "ਰਾਜਿਆਂ ਮਹਾਂਰਾਜਿਆਂ ਵਾਂਗ ਹੋਵੇ ਇਹਦਾ ਵਿਆਹ। ਸ਼ੇਖ਼ ਚਿੱਲੀ ਨਾਂ ਹੋਵੇ ਕਿਤੋਂ ਦਾ।" ਤੇ ਫਿਰ ਉਹ ਬੁੜ ਬੁੜ ਕਰਦੀ ਪਰ੍ਹਾਂ ਨੂੰ ਚਲੀ ਗਈ। ਸੁਰਤੀ ਨੇ ਕਿਹਾ, "ਮਾਂ, ਏਧਰ ਆ, ਤੂੰ ਮੈਨੂੰ ਜਾਣਦੀ ਨਹੀਂ, ਕੱਲ੍ਹ ਮੈਂ ਮੱਝਾਂ ਖਰੀਦਣ ਜਾਣਾ ਹੈ ਇੱਕੀ ਮੱਝਾਂ ਦੇਣੀਆਂ ਹਨ, ਇਹਦੇ ਦਾਜ ਵਿਚ ਤੇ ਮੁੰਡੇ ਨੂੰ ਨਵਾਂ ਯਜਦੀ ਮੋਟਰ ਸਾਈਕਲ। ਇਹਦੀ ਸੱਸ ਨੂੰ ਵੀ ਸੋਨਾ ਪਾਉਣਾ ਹੈ ਤੇ ਇਹਦੇ ਸੌਹਰੇ ਨੂੰ ਵੀ।" ਮਾਂ ਨੇ ਆਪਣਾ ਪੁੱਤ ਪਾਗਲ ਹੋ ਗਿਆ ਸਮਝ ਕੇ ਗੁੱਗਲ ਧੁੱਖਾ ਕੇ ਸਾਰੇ ਵਿਹੜੇ ਵਿਚ ਧੂੰਆਂ ਹੀ ਧੂੰਆਂ ਕਰ ਦਿੱਤਾ ਤੇ ਲਾਗਲੇ ਮੰਦਰ ਵਿਚੋਂ ਪ੍ਰਸ਼ਾਦ ਲਿਆ ਕੇ ਵੀ ਸੁਰਤੀ ਨੂੰ ਖਵਾਇਆ। ਮਾਵਾਂ-ਧੀਆਂ ਦੋਵੇਂ ਸਮਝ ਰਹੀਆਂ ਸਨ ਕਿ ਦੋ ਵਾਰ ਭੈਣ ਦਾ ਰਿਸ਼ਤਾ ਟੁੱਟ ਤੇ ਤੀਜੀ ਵਾਰੀ ਵੀ ਪੈਸਾ ਕੋਲ ਨਾ ਹੋਣ ਕਰਕੇ ਇਹ ਕਮਲਾ ਹੋ ਗਿਆ ਹੈ। ਉਹ ਦੋਵੇਂ ਰੋਂਦੀਆਂ ਰਹੀਆਂ ਪਰ ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸ ਨੇ ਦੂਜੇ ਦਿਨ ਤਕਾਲਾਂ ਨੂੰ ਇਕ ਬਹੁਤ ਹੀ ਸ਼ਿੰਗਾਰੀ ਹੋਈ ਸਜਰ ਸੂਈ ਮੱਝ ਲਿਆ ਕੇ ਕਿਲੇ 'ਤੇ ਬੰਨ੍ਹ ਦਿੱਤੀ ਤੇ ਏਸੇ ਤਰ੍ਹਾਂ ਹੀ ਵੀਹਾਂ ਕੁ ਦਿਨਾਂ ਵਿਚ ਇਕੀ ਮੱਝਾਂ ਕਿਲਿਆਂ 'ਤੇ ਬੰਨ੍ਹ ਦਿੱਤੀਆਂ। ਮੋਟਰ ਸਾਈਕਲ ਵੀ ਲਿਆ ਕੇ ਰੱਖ ਲਿਆ ਤੇ ਕੁੜੀ ਦੇ ਰਿਸ਼ਤੇ ਦੀ ਗੱਲ ਚਲਾਈ। ਇਕ ਵੱਡੇ ਜ਼ਿਮੀਦਾਰ, ਜੋ ਪਿੰਡ ਦਾ ਮੁਖੀਆ ਸੀ ਤੇ ਛੇ ਸੱਤ ਪਿੰਡ ਹਟ ਕੇ ਉਸਦਾ ਪਿੰਡ ਸੀ ਦੇ ਪੜ੍ਹੇ ਲਿਖੇ ਬਾਂਕੇ ਨੌਜਵਾਨ ਮੁੰਡੇ ਨਾਲ ਉਸ ਕੁੜੀ ਦਾ ਰਿਸ਼ਤਾ ਹੋ ਗਿਆ। ਵਿਆਹ ਰਖਿਆ ਗਿਆ ਤੇ ਲਾਗਲੇ ਪਿੰਡਾਂ ਨੂੰ ਇਕ ਵੱਢਿਓਂ ਨਿਉਂਦਾ ਦਿੱਤਾ ਗਿਆ। ਗਰਮੀਆਂ ਦੇ ਦਿਨ ਸਨ, ਠੰਡੇ ਤੇ ਮਿੱਠੇ ਪਾਣੀ ਦਾ ਏਨੇ ਬੰਦਿਆਂ ਲਈ ਪ੍ਰਬੰਧ ਮੁਸ਼ਕਲ ਸਮਝ ਕੇ ਸੁਰਤੀ ਲਾਲ ਨੇ ਲਾਗੇ ਪੈਂਦੇ ਜ਼ਿਲ੍ਹੇ ਸਾਹਰਸਾ ਵਿਚੋਂ ਬਰਫ ਦੀ ਟਰਾਲੀ ਮੰਗਵਾਈ ਤੇ ਨਾਲ ਵੀਹ ਬੋਰੀਆਂ ਖੰਡ ਮੰਗਵਾਈ। ਪਿੰਡ ਦੇ ਦੋਹਾਂ ਖੂਹਾਂ ਵਿਚ ਬਰਫ ਤੇ ਖੰਡ ਸੁੱਟ ਦਿੱਤੀ ਗਈ। ਲੋਕ ਆਪੇ ਹੀ ਭਉਣੀ ਨਾਲ ਮਿਠੇ ਪਾਣੀ ਦੀ ਬਾਲਟੀ ਕੱਢੀ ਜਾਣ ਤੇ ਪੀਈ ਜਾਣ। ਹਲਵਾਈਆਂ ਨੇ ਮਠਿਆਈਆਂ ਬਣਾ ਬਣਾ ਕੇ ਢੇਰ ਲਾ ਦਿੱਤੇ ਸਨ। ਆਉਣ ਵਾਲੇ ਬਰਾਤੀਆਂ ਨੂੰ ਵਧੀਆ ਕੱਪੜੇ ਦੀਆਂ ਧੋਤੀ, ਗੰਜੀ, ਗਮਛਾ (ਕੁੜਤਾ, ਧੋਤੀ ਤੇ ਸਿਰ ਤੇ ਬੰਨਣ ਵਾਲਾ ਪਰਨਾ) ਦਿੱਤੇ ਗਏ। ਸਹੁਰੇ ਦੀਆਂ ਦੋਹਾਂ ਹੱਥਾਂ ਦੀਆਂ ਦੋ ਉਂਗਲਾਂ ਵਿਚ ਡੇਢ-ਡੇਢ ਤੋਲੇ ਦੀਆਂ ਦੋ ਅੰਗੂਠੀਆਂ ਤੇ ਸੱਸ ਨੂੰ ਸੋਨੇ ਦਾ ਸੈਟ ਪਾਇਆ। ਮੁੰਡਾ ਇਕੱਲਾ ਇਕੱਲਾ ਹੀ ਸੀ। ਜ਼ਮੀਨ ਜਾਇਦਾਦ ਉਨ੍ਹਾਂ ਦੀ ਬਹੁਤ ਸੀ। ਏਧਰ ਵੀ ਸੁਰਤੀ ਲਾਲ, ਸੁਰਤੀ ਲਾਲ ਹੁੰਦੀ ਫਿਰਦੀ ਸੀ। ਵਿਆਹ ਵਾਲੀ ਕੁੜੀ ਵੀ ਗਹਿਣਿਆਂ ਨਾਲ ਲੱਦੀ ਪਈ ਸੀ। ਏਦਾਂ ਦਾ ਵਿਆਹ ਲੋਕਾਂ ਨੇ ਉਸ ਇਲਾਕੇ ਵਿਚ ਅੱਗੇ ਕਦੇ ਨਹੀਂ ਸੀ ਵੇਖਿਆ। ਦਹੀ ਚੂਰਾ (ਦਹੀਂ ਤੇ ਚੌਲਾਂ ਦੇ ਚਿੜਵੇ) ਰੁਲਦੇ ਫਿਰਦੇ ਸਨ। ਪਰ ਖੂਹ ਵਿਚ ਖੰਡ ਦੀਆਂ ਬੋਰੀਆਂ ਤੇ ਬਰਫ ਦੀਆਂ ਸਿਲੀਆਂ ਅੱਜ ਤੱਕ ਕਦੇ ਕਿਸੇ ਰਾਜੇ-ਮਹਾਂਰਾਜੇ ਨੇ ਵੀ ਨਹੀਂ ਸਨ ਸੁਟਵਾਈਆਂ। ਲੋਕ ਮੂੰਹ ਵਿਚ

ਉਂਗਲਾਂ ਪਾਉਂਦੇ ਸਨ। ਵਿਆਹ ਬਹੁਤ ਹੀ ਸੋਹਣਾ ਹੋ ਗਿਆ ਸੀ ਤੇ ਕੋਈ ਵਿਘਨ ਨਹੀਂ ਸੀ ਪਿਆ। ਵਾਪਸ ਜਾਂਦੀ ਬਰਾਤ ਦਾ ਅਜੀਬ ਨਜ਼ਾਰਾ ਸੀ। ਇੱਕੀ ਮੱਝਾਂ ਵੀ ਬਰਾਤ ਦੇ ਨਾਲ ਨਾਲ ਤੁਰ ਰਹੀਆਂ ਸਨ।

ਸੁਰਤੀ ਲਾਲ ਦੇ ਪਿੰਡ ਦੇ ਮੁਖੀਏ ਨੂੰ ਸੁਰਤੀ ਲਾਲ ਦੀ ਇਹ ਗੱਲ ਪਸੰਦ ਨਾ ਆਈ, ਭਾਵੇਂ ਵਿਦਾਈ ਵੇਲੇ ਉਸੇ ਨੇ ਹੀ ਕੁੜੀ ਨੂੰ ਬਾਪ ਬਣ ਕੇ ਤੋਰਿਆ ਸੀ, ਪਰ ਸੁਰਤੀ ਲਾਲ ਦਾ ਵਿਆਹ ਵਾਲਾ ਅਡੰਬਰ ਸਿੱਧਾ ਹੀ ਉਸ ਦੇ 'ਮੁਖੀਏ' ਵਾਲੇ ਅਹੁਦੇ ਨੂੰ ਚੁਣੌਤੀ ਸੀ। ਗੱਲ ਪੁਲਿਸ ਕੋਲ ਗਈ। ਖੁੱਲ੍ਹਦਾ ਖੁੱਲ੍ਹਦਾ ਭੇਦ ਖੁੱਲ੍ਹ ਗਿਆ। ਸੁਰਤੀ ਲਾਲ ਨੇ ਬਹੁਤ ਸਮਝਦਾਰੀ ਤੋਂ ਕੰਮ ਲਿਆ। ਪੰਜਾਹ ਹਜ਼ਾਰ ਰੁਪਏ ਉਸ ਨੇ ਆਪਣੀ ਮਾਂ ਹੱਥ ਕੁੜੀ ਦੇ ਸਹੁਰੇ ਨੂੰ ਘੱਲਿਆ ਤੇ ਕਿਹਾ, "ਇਹ ਪੁਲਿਸ ਵਿਚ ਵੰਡ ਕੇ ਗਲ ਨੂੰ ਆਪਣੇ ਤੋਂ ਦੂਰ ਰੱਖੋ, ਸਾਰੀ ਗੱਲ ਮੇਰੇ 'ਤੇ ਹੀ ਪੁਆ ਦਿਓ।" ਇਹ ਤੀਰ ਵੀ ਠੀਕ ਲੱਗਾ। ਪੈਸਾ ਹਰ ਦੇਸ਼ ਦੀ ਜਬਾਨ ਜਾਣਦਾ ਹੈ। ਫਿਰ ਇਹ ਤਾਂ ਦੇਸ਼ ਹੀ ਉਹ ਹੈ ਜਿਥੇ ਪੈਸੇ ਕਰਕੇ ਜੱਜ ਦੇ ਸਾਹਮਣੇ ਮਾਰਨ ਵਾਲਾ ਬਰੀ ਹੋ ਜਾਂਦਾ ਹੈ। ਸੁਰਤੀ ਲਾਲ ਤਾਂ ਫੜਿਆ ਗਿਆ, ਪਰ ਕੁੜੀ ਦੇ ਸਹੁਰਿਆਂ ਤੇ ਕੋਈ ਆਂਚ ਨਾ ਆਈ। ਸੁਰਤੀ ਨੂੰ ਪੈਸੇ ਪੈਸੇ ਦਾ ਹਿਸਾਬ ਜਬਾਨੀ ਯਾਦ ਸੀ। ਸਾਢੇ ਤਿੰਨ ਲੱਖ, ਵਿਚੇ ਸਭ ਕੁਝ ਪਾ ਲਾ ਕੇ ਵਿਆਹ 'ਤੇ ਲੱਗਾ। ਅੱਸੀ ਹਜ਼ਾਰ ਰਿਸ਼ਵਤ, ਪੈਂਤੀ ਹਜ਼ਾਰ ਦੀ ਪੁਲਿਸ ਵਲੋਂ ਬਰਾਮਦਗੀ ਤੇ ਬਾਕੀ ਪੈਸੇ ਨਾਲ ਇਕ ਵਧੀਆ ਘਰ ਤੇ ਪਤਾ ਨਹੀਂ ਕਿੰਨੇ ਬਿਘੇ ਜ਼ਮੀਨ ਦੀ ਮਾਲਕ ਹੈ ਹੁਣ ਉਸ ਦੀ ਮਾਂ, ਪਰ ਵੇਖਣ ਵਾਲਾ ਨਹੀਂ ਕਹਿ ਸਕਦਾ ਕਿ ਉਸ ਨੇ ਕਦੇ ਦਸ ਰੁਪਏ ਵੀ ਰੜੇ ਪਏ ਚੁੱਕੇ ਹੋਣਗੇ। ਕੁੜੀ ਦੇ ਸਹੁਰੇ ਵੀ ਬਹੁਤ ਖੁਸ਼ ਹਨ। ਸਾਰੀ ਜ਼ਮੀਨ ਵਗੈਰਾ ਵੀ ਉਨ੍ਹਾਂ ਨੇ ਹੀ ਵਿਚ ਪੈ ਕੇ ਲੈ ਕੇ ਦਿੱਤੀ ਹੈ ਕੁੜੀ ਦੇ ਦੋ ਬੱਚੇ ਹਨ ਤੇ ਆਪਣੇ ਘਰ ਸੁਖੀ ਵੱਸਦੀ ਹੈ, ਸੁਰਤੀ ਲਾਲ ਵੀ ਰਿਹਾਅ ਹੋਣ ਹੀ ਵਾਲਾ ਹੀ ਹੈ। ਡਾਕੇ ਦੀ ਸਜਾ ਸੱਤ ਸਾਲ ਹੁੰਦੀ ਹੈ ਤੇ ਸਾਢੇ ਪੰਜ ਸਾਲ ਉਹ ਕੱਟ ਚੁੱਕਾ ਹੈ ਪਰ ਅਜੇ ਤੱਕ ਪੁਲਿਸ ਨੇ ਇਕ ਗਵਾਹ ਵੀ ਨਹੀਂ ਭੁਗਤਾਇਆ।

ਇਕ ਨਈਮ ਉਲਾ ਨਾਂ ਦਾ ਮੁਸਲਮਾਨ ਹੈ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਕਈ ਬੰਦੇ, ਸੁਪਰੀਮ ਕੋਰਟ ਦੇ ਆਪ ਹੀ ਹੁਕਮ ਕਰਕੇ ਛੁਡਵਾ ਦਿੱਤੇ ਤੇ ਏਸੇ ਤਰ੍ਹਾਂ ਵੀਹ ਸਾਲ ਦੀ ਕੈਦ ਕੱਟ ਰਿਹਾ, ਉਹ ਦੱਸ ਸਾਲ ਹੀ ਕੱਟ ਕੇ ਆਪ ਵੀ ਰਿਹਾ ਹੋ ਗਿਆ। ਇਸ ਗੱਲ ਦਾ ਪਤਾ ਸਰਕਾਰ ਨੂੰ ਚਾਰ-ਪੰਜ ਸਾਲ ਬਾਅਦ ਲੱਗਾ ਤੇ ਹੁਣ ਉਹ ਫਿਰ ਜੇਲ੍ਹ ਵਿਚ ਹੈ। ਕਹਿੰਦੇ ਹਨ ਕਿ ਜੱਜਾਂ ਦੇ ਦਸਤਖ਼ਤ ਨਈਮ ਉਲਾ ਏਨੀ ਸਫਾਈ ਨਾਲ ਤੇ ਏਨੀ ਮੁਹਾਰਤ ਨਾਲ ਕਰਦਾ ਸੀ ਕਿ ਹਾਈ ਕੋਰਟ ਦੇ ਇਕ ਜੱਜ ਦੇ ਧਿਆਨ ਵਿਚ ਜਦੋਂ ਇਕ ਕੈਦੀ ਨੂੰ ਛੱਡਣ ਬਾਰੇ ਉਨ੍ਹਾਂ ਦੇ ਦਸਤਖ਼ਤ ਦਿਖਾਏ ਤਾਂ ਜੱਜ ਸਾਹਿਬ ਨੇ ਕਿਹਾ, "ਦਸਤਖ਼ਤ ਤਾਂ ਮੇਰੇ ਹੀ ਹਨ ਪਰ ਮੈਂ ਕਿਹੜੇ ਵੇਲੇ ਕਰ ਦਿੱਤੇ, ਇਹ ਮੈਨੂੰ ਸਮਝ ਨਹੀਂ ਆਉਂਦੀ।" ਹੋਰ ਵੀ ਕਈ ਜੱਜਾਂ ਦੇ ਦਸਤਖ਼ਤ ਉਸ ਨੇ ਵਰਾਂਡੇ ਦੀ ਇਕ ਕੰਧ 'ਤੇ ਕੀਤੇ ਹੋਏ ਸਨ। ਜਦੋਂ ਮੈਂ ਉਹਦੇ ਵਾਲੀ ਚੱਕੀ ਵਿਚ ਬਦਲਿਆ ਗਿਆ ਤਾਂ ਉਸ ਨੇ ਮੈਨੂੰ ਕਿਹਾ, "ਜੇ ਸਫੈਦੀ ਕਰਨ ਵਾਲੇ ਆਏ ਤਾਂ ਮੇਹਰਬਾਨੀ ਕਰਕੇ ਕੌਲਿਆਂ ਦੇ ਅੰਦਰਲਾ ਪਾਸਾ ਸਫੈਦੀ ਨਾ ਕਰਵਾਈਓ। ਇਸ ਦੀਵਾਰ 'ਤੇ ਬੜਾ ਕੀਮਤੀ ਸਰਮਾਇਆ ਹੈ, ਇਹ ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਉਹ ਸਰਮਾਇਆ ਕੀ ਸੀ। ਉਸ ਨੇ ਸਾਰੇ ਜੱਜਾਂ ਦੇ ਦਸਤਖ਼ਤ ਉਸ ਕੌਲ਼ੇ 'ਤੇ ਕੀਤੇ ਹੋਏ ਸਨ। ਬਾਅਦ ਵਿਚ ਉਸ ਨੇ ਸਾਡੇ ਸਾਹਮਣੇ ਆਲੂ

ਕੱਟ ਕੇ ਉਸ ਦੀ ਅਦਾਲਤੀ ਮੋਹਰ ਬਣਾਈ, ਜੋ ਬਿਲਕੁੱਲ ਸੱਚਮੁੱਚ ਦੀ ਅਦਾਲਤੀ ਮੋਹਰ ਨਾਲ ਇਨ ਬਿਨ ਮਿਲਦੀ ਜੁਲਦੀ ਸੀ। ਸਾਡੇ ਵਾਲੇ ਕੇਸ ਤੋਂ ਬਾਅਦ 6/86 ਸੀ.ਬੀ.ਆਈ. ਕੇਸ ਰਜਿਸਟਰ ਹੋਇਆ ਸੀ, ਜਿਹੜਾ ਕਿ ਏਸੇ ਗੱਲ ਦਾ ਪਤਾ ਲਾਉਣ ਲਈ ਸੀ ਕਿ ਨਈਮ ਉਲਾ ਨੇ ਹੁਣ ਤੱਕ ਕਿੰਨੇ ਕੁ ਬੰਦੇ ਆਪਣੀ ਕਲਮ ਨਾਲ ਜੇਲ੍ਹ ਵਿਚੋਂ ਛੱਡ ਦਿੱਤੇ ਹਨ। ਉਸ ਦਾ ਪਰੋਡਕਸ਼ਨ ਵਾਰੰਟ ਸੀ.ਬੀ.ਆਈ. ਵਾਲੇ ਸੋਲ੍ਹਾਂ ਨੰਬਰ ਵਾਰਡ ਵਿਚੋਂ ਹੀ ਲੈ ਕੇ ਗਏ ਸਨ ਪਰ ਉਨ੍ਹਾਂ ਦੇ ਕੁਝ ਵੀ ਹੱਥ ਪੱਲੇ ਨਹੀਂ ਸੀ ਲੱਗਾ। ਏਸੇ ਤਰ੍ਹਾਂ ਹੀ ਇਕ ਵਾਰਡ ਮੁਸ਼ੱਕਤੀ ਬਾਊ ਸੀ। ਵੈਸੇ ਉਹ ਮੁਸਲਮਾਨ ਸੀ। ਰੋਟੀਆਂ ਤੇ ਦਾਲ ਚਾਹ ਵਗੈਰਾ ਸਾਰੇ ਵਾਰਡ ਵਾਸਤੇ, ਉਹ ਹੀ ਲਿਆਉਂਦਾ ਸੀ। ਇਕ ਹੋਰ ਮੁਸ਼ੱਕਤੀ ਨੇਤਰ ਪਾਲ ਸੀ। ਉਹ ਵਿਚਾਰਾ ਅਫੀਮ ਦੇ ਕੇਸ ਵਿਚ ਫੜਿਆ ਗਿਆ ਸੀ। ਦਰਅਸਲ ਅਫੀਮ ਨਾਲ ਉਸ ਦਾ ਕੋਈ ਸਬੰਧ ਨਹੀਂ ਸੀ। ਉਹ ਇਕ ਬੈਂਚ 'ਤੇ ਬੈਠਾ ਸੀ ਤੇ ਕੋਲ ਹੀ ਇਕ ਗੰਢੜੀ ਪਈ ਸੀ। ਉਸ ਨੇ ਕੋਈ ਧਿਆਨ ਨਾ ਦਿੱਤਾ, ਪਤਾ ਹੀ ਉਦੋਂ ਲੱਗਾ ਜਦੋਂ ਪੁਲਿਸ ਨੇ ਆ ਫੜਿਆ। ਬਾਅਦ ਵਿਚ ਉਹ ਜਮਾਨਤ 'ਤੇ ਛੁੱਟ ਕੇ ਚਲਾ ਗਿਆ। ਇਸ ਤਰ੍ਹਾਂ ਇਹ ਵਾਰਡ ਬੜੇ ਅਜੀਬ ਕਿਸਮ ਦੇ ਬੰਦਿਆਂ ਨਾਲ ਭਰਿਆ ਹੋਇਆ ਸੀ। ਗੁਰਨਾਮ ਸਿੰਘ ਬੰਬ ਕਾਂਡ ਨਾਲ ਸਬੰਧਤ ਸੀ ਤੇ ਇਕ ਗੋਰਖਾ, ਉਸ ਦਾ ਨਾਂ ਪਤਾ ਨਹੀਂ ਭੀਮ ਬਹਾਦਰ ਹੈ, ਸ਼ੋਬਰਾਜ ਭੱਜਣ ਲੱਗਾ ਉਸ ਨੂੰ ਜਬਰਦਸਤੀ ਨਾਲ ਲੈ ਗਿਆ। ਉਸ ਦੀਆਂ ਫੋਟੋਆਂ ਵੀ ਅਖ਼ਬਾਰਾਂ ਵਿਚ ਆਈਆਂ ਸਨ। ਸਭ ਤੋਂ ਪਹਿਲਾਂ ਉਹ ਹੀ ਫੜਿਆ ਗਿਆ ਸੀ। ਫੜਿਆ ਨਹੀਂ ਬਲਕਿ ਨਸ਼ਾ ਲਹਿਣ 'ਤੇ ਉਹ ਆਪੇ ਹੀ ਜੇਲ੍ਹ ਦੇ ਦਰਵਾਜੇ ਅੱਗੇ ਆ ਕੇ ਦਰਵਾਜਾ ਖੜਕਾਉਣ ਲੱਗ ਪਿਆ ਸੀ। ਦਰਅਸਲ ਸਾਰਿਆਂ ਨੂੰ ਬਰਫੀ ਉਸੇ ਨੇ ਹੀ ਵਰਤਾਈ ਸੀ। ਭੱਜਣ ਤੋਂ ਪਹਿਲਾਂ ਉਸ ਦੀ ਕੈਦ ਵੀ ਸਾਰੀ ਵੀਹ ਦਿਨ ਹੀ ਬਾਕੀ ਰਹਿ ਗਈ ਸੀ। ਉਸ ਨੂੰ ਭੱਜਣ ਦੀ ਭਲਾ ਕੀ ਲੋੜ ਸੀ? ਪਰ ਵਿਚਾਰੇ ਦਾ ਅੰਨ ਜਲ ਉਸ ਨੂੰ ਏਥੇ ਲੈ ਆਇਆ।

ਚਾਲਰਸ ਸ਼ੋਬਰਾਜ ਦਾ ਪੂਰਾ ਨਾਂ ਚਾਰਲਸ ਗੁਰਮੁਖ ਸ਼ੋਬਰਾਜ ਹੈ। ਇਸ ਦੀ ਮਾਂ ਵੀਅਤਨਾਮੀ ਤੇ ਪਿਓ ਸਿੰਧੀ ਸੀ ਤੇ ਉਸ ਦਾ ਨਾਂ ਹੋਤ ਚੰਦ ਹੈ। ਇਹ ਸਿੰਧੀ, ਗੁਰੂ ਨਾਨਕ ਜੀ ਨੂੰ ਮੰਨਦੇ ਹਨ ਤੇ ਉਨ੍ਹਾਂ ਦੀ ਬਾਣੀ ਦਾ ਪਾਠ ਵੀ ਕਰਦੇ ਹਨ। ਸਿੱਖਾਂ ਵਿਚ ਇਨ੍ਹਾਂ ਦੀ ਗਿਣਤੀ ਸਹਿਜਧਾਰੀ ਸਿੱਖਾਂ ਵਿਚ ਹੁੰਦੀ ਹੈ ਤੇ ਇਹ ਗੁਰੂ ਘਰ ਦੇ ਬਹੁਤ ਹੀ ਸ਼ਰਧਾਲੂ ਹੁੰਦੇ ਹਨ। ਉਸ ਵਿਅਤਨਾਮੀ ਔਰਤ ਤੇ ਹੋਤ ਚੰਦ ਦਾ ਇਸ਼ਕ ਹੋ ਗਿਆ ਤੇ ਦੋਹਾਂ ਨੇ ਵਿਆਹ ਕਰ ਲਿਆ। ਚਾਰਲਸ ਸ਼ੋਬਰਾਜ ਦੇ ਬਾਕੀ ਭੈਣ ਭਰਾ ਅਜੇ ਵੀ ਬੰਬਈ ਵਿਚ ਰਹਿੰਦੇ ਹਨ ਤੇ ਸ਼ੋਬਰਾਜ ਉਨ੍ਹਾਂ ਨੂੰ ਮਿਲਣ ਵੀ ਗਿਆ ਸੀ। ਇਸ ਦੀ ਮਾਂ ਨੇ ਇਸ ਦੇ ਪਿਓ ਨੂੰ ਛੱਡ ਕੇ ਫਰਾਂਸ ਜਾ ਕੇ ਹੋਰ ਵਿਆਹ ਕਰਵਾ ਲਿਆ ਤੇ ਉਸਦੇ ਪਿਓ ਨੇ ਵੀਅਤਨਾਮ ਤੋਂ ਵਾਪਸ ਆ ਕੇ ਬੰਬਈ ਹੋਰ ਵਿਆਹ ਕਰਵਾ ਲਿਆ। ਸ਼ੋਬਰਾਜ ਵੀ ਸਿੰਧੀਆ ਦਾ ਹੀ ਬਹੁਤਾ ਨਾਂ ਹੁੰਦਾ ਹੈ ਜਦੋਂ ਸ਼ੋਬਰਾਜ ਤੇਹਾੜ ਜੇਲ੍ਹ ਵਿਚੋਂ ਰਿਹਾ ਹੋ ਕੇ ਗਿਆ ਤਾਂ ਉਸ ਨੂੰ ਫਰਾਂਸ ਜਾਣ ਦੇ ਹੀ ਕਾਗਜ਼ ਦਿੱਤੇ ਗਏ ਸਨ, ਜਿਥੇ ਆਪਣੀ ਮਾਂ ਕੋਲ ਚਲਾ ਗਿਆ ਤੇ ਫਰਾਂਸ ਨੇ ਉਸ ਨੂੰ ਉਥੋਂ ਦੀ ਸਿਟੀਜਨਸ਼ਿਪ ਦੇ ਦਿੱਤੀ ਹੈ। ਚਾਰਲਸ ਸ਼ੋਬਰਾਜ ਡਰੱਗ ਮਾਫੀਆ ਦਾ ਸਰਗਨਾ ਸੀ ਤੇ ਸੁੰਦਰ ਕੁੜੀਆਂ ਨੂੰ ਆਪਣੇ ਜਾਲ ਵਿਚ ਫਸਾਉਣ ਦਾ ਮਾਹਰ ਸੀ। ਬਹੁਤ ਕੁੜੀਆਂ ਨੂੰ ਉਹ ਕਾਮ ਤ੍ਰਿਪਤੀ ਤੋਂ ਬਾਅਦ ਮਾਰ ਚੁਕਾ

ਸੀ ਤੇ ਇਸ ਤਰ੍ਹਾਂ ਪੁਲਿਸ ਦੇ ਰਿਕਾਰਡ ਵਿਚ ਉਹ ਇਕ ਸੀਰੀਅਲ ਕਿੱਲਰ ਸੀ। ਥਾਈਲੈਂਡ ਦੀ ਸਰਕਾਰ ਨੇ ਉਸ ਨੂੰ ਤਿੰਨ ਕੇਸਾਂ ਵਿਚ ਮੌਤ ਦੀ ਸਜ਼ਾ ਦਿੱਤੀ ਸੀ ਤੇ ਇਸ ਤਰ੍ਹਾਂ ਤਿੰਨ ਫਾਂਸੀਆਂ ਦੇ ਕਾਲੇ ਵਰੰਟ ਉਸ ਦਾ ਪਿੱਛਾ ਕਰਦੇ ਸਨ। ਪਰ ਇਨ੍ਹਾਂ ਸਾਰੇ ਵਰੰਟਾਂ ਦੀ ਆਖਰੀ ਤਰੀਖ 1994 ਤਕ ਸੀ ਜੇਲ੍ਹ ਤੋੜ ਕੇ ਭੱਜਣ ਦਾ ਵੀ ਉਸਦਾ ਸ਼ਾਇਦ ਇਹ ਹੀ ਮਕਸਦ ਸੀ ਕਿ ਭਾਰਤ ਸਰਕਾਰ ਉਸ ਨੂੰ ਥਾਈਲੈਂਡ ਸਰਕਾਰ ਨੂੰ ਨਾਂ ਸੌਂਪ ਦੇਵੇ। ਪੈਸੇ ਦੇ ਜੋਰ ਉਸਨੇ ਦਿੱਲੀ ਦੀ ਤੇਹਾੜ ਜੇਲ੍ਹ ਦਾ ਮਜਾਕ ਬਣਾ ਛਡਿਆ ਸੀ। ਏਥੋਂ ਤੱਕ ਕਿ ਡਿਪਟੀ ਸੁਪਰਡੈਂਟ ਦੇ ਕਮਰੇ ਵਿਚ ਹੀ ਉਹ ਕੁੜੀਆਂ ਨੂੰ ਬੁਲਾ ਲੈਂਦਾ ਸੀ ਡਿਪਟੀ ਕੁਝ ਸਮੇਂ ਲਈ ਬਾਹਰ ਚਲਾ ਜਾਂਦਾ ਸੀ ਤਾਂ ਕਿ ਉਹ ਮੌਜ ਮੇਲਾ ਕਰ ਸਕੇ। ਸਨੇਹ ਸੰਗਰ ਨਾਂ ਦੀ ਇਕ ਵਕੀਲ ਕੁੜੀ ਵੀ ਉਸਦੇ ਕੋਲ ਜੇਲ੍ਹ ਵਿਚ ਆਉਂਦੀ ਜਾਂਦੀ ਰਹਿੰਦੀ ਸੀ। ਸ਼ੋਬਰਾਜ ਗਿਠੇ (ਦਰਮਿਆਨੇ ਜਹੇ ਕੱਦ ਦਾ ਗੋਰੇ ਰੰਗ ਦਾ ਸਧਾਰਨ ਜਹੀ ਡੀਲ ਡੌਲ ਵਾਲਾ ਨੌਜਵਾਨ ਸੀ ਤੇ ਵੇਖਣ ਨੂੰ ਅੰਗਰੇਜ਼ ਲਗਦਾ ਸੀ। ਜੇਲ੍ਹ ਵਿਚ ਕਾਨੂੰਨ ਦੀ ਪੜ੍ਹਾਈ ਕਰ ਕਰ ਕੇ ਉਹ ਇਕ ਤਰ੍ਹਾਂ ਨਾਲ ਵਕੀਲ ਹੀ ਬਣ ਗਿਆ ਸੀ ਤੇ ਉਸ ਨੇ ਹਾਈ ਕੋਰਟ ਤੇ ਸੁਪਰੀਮ ਕੋਰਟ ਕੋਲੋਂ ਕੈਦੀਆਂ ਦੇ ਹੱਕ ਵਿਚ ਕਈ ਅਹਿਮ ਫੈਸਲੇ ਕਰਵਾਏ ਸਨ।

ਅਜਯ ਨੇ ਵੀ ਕਈਆਂ ਦੇ ਫਾਇਦੇ ਕੀਤੇ ਹਨ, ਦਰਅਸਲ ਉਸ ਕੋਲ ਤੇ ਚਾਰਲਸ ਸ਼ੋਬਰਾਜ ਕੋਲ ਬਹੁਤ ਵੱਡੀ ਕਾਨੂੰਨੀ ਕਿਤਾਬਾਂ ਦੀ ਲਾਇਬ੍ਰੇਰੀ ਸੀ। ਉਨ੍ਹਾਂ ਦੇ ਭੱਜਣ 'ਤੇ ਹੁਣ ਉਹ ਜ਼ਬਤ ਹੋ ਗਈ ਹੈ। ਅਦਾਲਤ ਵਿਚ ਉਸ ਨੂੰ ਮੁੜ ਕੇ ਪ੍ਰਾਪਤ ਕਰਨ ਲਈ ਕੇਸ ਚੱਲ ਰਿਹਾ ਹੈ। ਜੋ ਡਾਕਟਰ ਜੇਲ੍ਹ ਦੇ ਹਸਪਤਾਲ ਵਿਚ ਦਵਾਈਆਂ ਦੇਣ ਦੇ ਕੰਮ ਦੀ ਮੁਸ਼ਕਤ 'ਤੇ ਲੱਗਾ ਹੋਇਆ ਹੈ, ਉਸ ਕੋਲੋਂ ਆਪਣੀ ਸੱਸ ਮਰ ਗਈ ਸੀ। ਐਵੇਂ ਮਾੜੇ ਜਿਹੇ ਧੱਕੇ ਨਾਲ ਹੀ ਉਹ ਡਿੱਗ ਪਈ ਤੇ ਮਰ ਗਈ। ਉਸ ਦੀ ਪਤਨੀ ਉਸ 'ਤੇ ਚਸ਼ਮਦੀਦ ਗਵਾਹ ਹੈ। ਉਸ ਡਾਕਟਰ ਨੇ ਇਕ ਵਾਰ ਸਾਡੇ ਉਥੇ ਹੁੰਦਿਆਂ ਹੀ, ਅਜਯ ਨਾਲ ਗੱਲ ਕੀਤੀ। ਉਸ ਨੇ ਸਕੀਮ ਬਣਾ ਕੇ ਡਾਕਟਰ ਦੀ ਨਰਸ, ਜੋ ਕਿ ਡਾਕਟਰ ਦੀ ਭਰੋਸੇਮੰਦ ਹੈ, ਉਸ ਦੀ ਪਤਨੀ ਨੂੰ ਜੇਲ੍ਹ ਤੱਕ ਲੈ ਆਈ, ਫੇਰ ਉਸ ਨੇ ਉਸ ਨੂੰ ਸਮਝਾ ਬੁਝਾ ਕੇ ਉਸ ਨੂੰ ਡਾਕਟਰ ਨਾਲ ਮੁਲਾਕਾਤ ਕਰਨ ਲਈ ਰਾਜੀ ਕਰ ਲਿਆ, ਡਾਕਟਰ ਦੀ ਪਤਨੀ ਨੇ ਵੀ ਸੋਚਿਆ ਕਿ "ਚਲੋ ਮੇਰਾ ਪਤੀ ਰਿਹਾ ਹੈ, ਮੁਲਾਕਾਤ ਕਰਨ ਵਿਚ ਕੀ ਹਰਜ ਹੈ? ਹੋਰ ਨਹੀਂ ਤਾਂ ਉਸ ਨੂੰ ਜਲੀਆਂ ਕਟੀਆਂ ਸੁਣਾ ਕੇ ਆਪਣਾ ਕਲੇਜਾ ਹੀ ਠੰਡਾ ਕਰ ਲਵਾਂਗੀ।" ਸੋ ਜਦ ਰਜਿਸਟਰ ਵਿਚ ਲਿਖ ਕੇ, ਉਸ ਦੀ ਮੁਲਾਕਾਤ ਹੋ ਗਈ ਤਾਂ ਉਸ ਨੇ ਆਪਣੇ ਪਤੀ ਨੂੰ ਬਹੁਤ ਗਾਲ੍ਹਾਂ ਕੱਢੀਆਂ ਤੇ ਰੋਂਦੀ ਰਹੀ। ਗੱਲ ਖਤਮ ਹੋ ਗਈ ਡਾਕਟਰ ਨੇ ਅਜਯ ਨੂੰ ਪੁਛਿਆ, "ਤੂੰ ਜਿਵੇਂ ਕਿਹਾ, ਮੈਂ ਕੀਤਾ। ਉਸੇ ਤਰ੍ਹਾਂ ਹੋ ਵੀ ਗਿਆ, ਹੁਣ ਫਾਇਦਾ ਕੀ ਹੋਵੇਗਾ"? ਤਾਂ ਅਜਯ ਨੇ ਕਿਹਾ, "ਤੂੰ ਸੌ ਫੀਸਦੀ ਬਰੀ ਹੋ ਜਾਏਂਗਾ"। ਉਸ ਪੁਛਿਆ, "ਕਿਵੇਂ?" ਉਸ ਨੇ ਦੱਸਿਆ, "ਦੇਖ ਉਹ ਤੇਰੇ ਕੇਸ ਵਿਚ ਗਵਾਹ ਹੈ ਤੇ ਗਵਾਹ ਦਾ ਕੀ ਕੰਮ ਉਹ ਮੁਲਜ਼ਮ ਨੂੰ ਆਪ ਚੱਲ ਕੇ ਜੇਲ੍ਹ ਵਿਚ ਮਿਲਣ ਆਵੇ। ਸਿੱਧੀ ਗੱਲ ਹੈ ਕਿ ਉਹ ਤੇਰੇ ਕੋਲੋਂ ਦੋ ਲੱਖ ਰੁਪਏ ਲੈਣ ਲਈ ਜ਼ਿੱਦ ਕਰ ਰਹੀ ਹੈ ਤੇ ਕਹਿੰਦੀ ਹੈ ਜੇ ਤੂੰ ਨਾ ਦਿੱਤੇ ਤਾਂ ਮੈਂ ਤੇਰੇ ਖਿਲਾਫ ਗਵਾਹੀ ਦੇਵਾਂਗੀ।" ਹੁਣ ਡਾਕਟਰ ਨੂੰ ਸਮਝ ਆਈ ਕਿ ਇਹ ਬਹੁਤ ਵੱਡਾ ਕਾਨੂੰਨੀ ਦਾਅ ਹੈ। ਡਾਕਟਰ ਏਸੇ ਕਾਨੂੰਨੀ ਨੁਕਤੇ ਤੇ ਹੀ ਬਾ-ਇੱਜ਼ਤ ਬਰੀ ਹੋ ਗਿਆ।

ਏਸੇ ਤਰ੍ਹਾਂ ਹੀ ਲਾਰਕਿਨ ਭਰਾ ਜੋ ਜਾਸੂਸੀ ਕਾਂਡ ਵਿਚ ਫੜੇ ਗਏ ਸਨ। ਦਸ-ਦਸ ਸਾਲ ਦੀ ਕੈਦ ਦੋਵੇਂ ਭਰਾ ਭੁਗਤ ਰਹੇ ਹਨ। ਉਨ੍ਹਾਂ ਦਾ ਕੇਸ ਵੀ ਬੜਾ ਦਿਲਚਸਪ ਹੈ। ਜਦੋਂ ਸੀ.ਬੀ.ਆਈ. ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਦੋਵੇਂ ਇਕਬਾਲ ਜੁਰਮ ਕਰ ਲਓ ਤਾਂ ਉਹ ਵਿਚਾਰੇ ਕੁਟ ਤੋਂ ਡਰਦੇ ਮੰਨ ਗਏ। ਵੱਡੇ ਦਾ ਨਾਂ ਐਫ.ਡੀ. ਲਾਰਕਿਨ ਹੈ ਤੇ ਉਹ ਲੈਫਟੀਨੈਂਟ ਜਨਰਲ ਸੀ ਤੇ ਦੂਸਰੇ ਦਾ ਨਾਂ ਕੇ.ਐਚ. ਲਾਰਕਿਨ ਹੈ ਤੇ ਉਹ ਹਵਾਈ ਸੈਨਾ ਦਾ ਵਾਈਸ ਏਅਰ ਮਾਰਸ਼ਲ ਸੀ ਤੇ ਊਧਮ ਪੁਰ ਜੋਨ ਦਾ ਇੰਚਾਰਜ ਸੀ। ਸਾਨੂੰ ਹਸਪਤਾਲ ਗਿਆਂ, ਦੋਵੇਂ ਭਰਾ ਮਿਲਦੇ ਹਨ। ਬੜੇ ਹੱਸ ਮੁਖ ਹਨ। ਪਰ ਉਮਰ ਬਹੁਤ ਹੈ, ਇਕ ਤਾਂ ਸੱਤਰ ਸਾਲ ਤੇ ਦੂਸਰਾ ਕੋਈ ਪਜੰਤਰ ਸਾਲ ਦਾ ਹੋਵੇਗਾ। ਉਨ੍ਹਾਂ ਨੂੰ ਬੱਚਾ ਵਾਰਡ ਦੇ ਲੰਬਰਦਾਰ ਲਾਇਆ ਹੋਇਆ ਹੈ। ਸਾਨੂੰ ਸਿੱਖਾਂ ਨੂੰ ਵੇਖ ਕੇ ਉਹ ਬਹੁਤ ਹੀ ਖੁਸ਼ ਹੁੰਦੇ ਹਨ! ਸਾਨੂੰ ਕਹਿੰਦੇ ਹੁੰਦੇ ਹਨ, "ਸੋਲ੍ਹਾਂ ਨੰਬਰ ਵਾਰਡ ਕੋ ਤੋ ਆਪ ਨੇ ਖਾਲਿਸਤਾਨ ਬਨਾ ਦੀਆ ਹੈ। ਮੈਂ ਤੋ ਆਪ ਪਰ ਹੈਰਾਨ ਹੂੰ।" ਜਦੋਂ ਉਹ ਮੰਨ ਗਏ ਤਾਂ ਉਹਨਾਂ ਨੂੰ ਅਦਾਲਤ ਅੱਗੇ ਪੇਸ਼ ਕੀਤਾ ਗਿਆ ਉਹ ਉਥੇ ਮੁਕਰ ਗਏ ਤੇ ਕਿਹਾ ਕਿ ਸੀ.ਬੀ.ਆਈ. ਵਾਲੇ ਸਾਡੇ ਕੋਲੋਂ ਕੁੱਟ ਕੇ ਇਕਬਾਲ ਜੁਰਮ ਕਰਵਾ ਰਹੇ ਹਨ। ਉਨ੍ਹਾਂ ਨੂੰ ਅਦਾਲਤ ਵਿਚ ਹੀ ਥਾੜ ਥਾੜ ਪੈਣ ਲੱਗ ਪਈਆਂ। ਫਿਰ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਅਦਾਲਤ ਅਸਲੀ ਨਹੀਂ ਸੀ.ਬੀ.ਆਈ. ਦੀ ਬਣਾਈ ਹੋਈ ਨਕਲੀ ਅਦਾਲਤ ਸੀ। ਏਸੇ ਤਰ੍ਹਾਂ, ਉਨ੍ਹਾਂ ਨੂੰ ਕਈ ਵਾਰ ਅਦਾਲਤ ਅੱਗੇ ਪੇਸ਼ ਕੀਤਾ ਤੇ ਕੁੱਟ ਪਈ। ਇਕ ਦਿਨ ਉਸੇ ਤਰ੍ਹਾਂ ਹੀ ਉਨ੍ਹਾਂ ਨੂੰ ਫਿਰ ਪੇਸ਼ ਕੀਤਾ। ਉਨ੍ਹਾਂ ਸੋਚਿਆ ਇਹ ਵੀ ਨਕਲੀ ਅਦਾਲਤ ਹੈ, ਮੁੱਕਰ ਕੇ ਕਾਹਨੂੰ ਕੁੱਟ ਖਾਣੀ ਹੈ। ਉਨ੍ਹਾਂ ਵਿਚਾਰਿਆਂ ਨੇ ਉਹ ਹੀ ਬਿਆਨ ਦੇ ਦਿੱਤੇ ਜੋ ਸੀ.ਬੀ.ਆਈ. ਵਾਲੇ ਚਾਹੁੰਦੇ ਸਨ। ਪਰ ਉਨ੍ਹਾਂ ਦੀ ਮਾੜੀ ਕਿਸਮਤ ਇਹ ਕਿ ਇਹ ਅਦਾਲਤ ਅਸਲੀ ਸੀ। ਵਿਚਾਰੇ ਧੋਖੇ ਦਾ ਸ਼ਿਕਾਰ ਹੋ ਗਏ ਤੇ ਉਨ੍ਹਾਂ ਦੇ ਇਕਬਾਲ ਜੁਰਮ 'ਤੇ ਹੀ ਦਸ-ਦਸ ਸਾਲ ਦੀ ਸਜਾ ਦੋਹਾਂ ਭਰਾਵਾਂ ਨੂੰ ਹੋ ਗਈ। ਏਸੇ ਤਰ੍ਹਾਂ ਹੀ ਇਕ ਦਿਨ ਕੂਮਰ ਨਰਾਇਣ ਵੀ ਮਿਲਿਆ, ਜਿਸ ਨੇ ਫੌਜ ਦੇ ਅਹਿਮ ਕਾਗਜ਼ ਅਫ਼ਸਰਾਂ ਨੂੰ ਸ਼ਰਾਬ ਤੇ ਕੁੜੀਆਂ ਪੇਸ਼ ਕਰਕੇ ਫੋਟੋ ਸਟੇਟ ਕਰਵਾ ਕੇ ਵਿਦੇਸ਼ਾਂ ਨੂੰ ਵੇਚ ਦਿੱਤੇ ਸਨ।

ਬੀ.ਐਨ. ਸ਼ਰਮਾ ਤੇ ਦੇਵ ਧਰ ਨੇ ਇਕ ਵਫਿਊਂ ਡੀਫੈਂਸ ਦੀਆਂ ਫਾਈਲਾਂ ਦੀ ਫੋਟੋ ਸਟੇਟ ਕਰਵਾ ਕੇ ਪ੍ਰਤੀ ਪੇਜ ਦਸ ਰੁਪਏ ਦੇ ਹਿਸਾਬ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੂੰ ਵੇਚ ਦਿੱਤੇ ਸਨ। ਬੀ.ਐਨ. ਸ਼ਰਮਾ ਤੇ ਦੇਵਧਰ ਦੋਵੇਂ ਮਿਲਟਰੀ ਦੇ ਹੈੱਡ ਆਫਿਸ ਸਾਊਥ ਬਲਾਕ ਵਿਚ ਬਤੌਰ ਅਪੱਰ ਡਵੀਜ਼ਨ ਕਲਰਕ ਕੰਮ ਕਰਦੇ ਸਨ ਤੇ ਮਹੱਤਵਪੂਰਨ ਫਾਈਲਾਂ ਦੀਆਂ ਹੋਰ ਕਾਪੀਆਂ ਬਣਾ ਕੇ ਸਬੰਧਤ ਮਿਲਟਰੀ ਵਿਭਾਗਾਂ ਨੂੰ ਭੇਜਣ ਵਾਲੇ ਸੈਕਸ਼ਨ ਵਿਚ ਕੰਮ ਕਰਦੇ ਸਨ। ਸ਼ਾਇਦ ਇਹ ਓਦਾਂ ਕਦੇ ਵੀ ਨਾ ਫੜੇ ਜਾਂਦੇ, ਕਿਉਂਕਿ ਜਦੋਂ ਫੋਟੋ ਕਾਪੀਆਂ ਤਿਆਰ ਹੋ ਰਹੀਆਂ ਹੁੰਦੀਆਂ ਤਾਂ ਵਿਚੇ ਹੀ ਇਹ ਵੀ ਤਿਆਰ ਹੋ ਜਾਂਦੀਆਂ ਤੇ ਕਿਸੇ ਨੂੰ ਕੋਈ ਸ਼ੱਕ ਪੈਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਸ ਤੋਂ ਬਾਅਦ ਇਹ ਕਾਪੀਆਂ ਆਈ.ਐਸ.ਆਈ. ਤੱਕ ਪਹੁੰਚਣ ਦਾ ਪ੍ਰਬੰਧ ਵੀ ਠੀਕ ਠਾਕ ਸੀ। ਕੈਨਟੀਨ ਦੇ ਸਮਾਨ ਵਿਚ ਪਾ ਕੇ ਇਹ ਫਾਈਲਾਂ ਬਾਹਰ ਭੇਜੀਆਂ ਜਾਂਦੀਆਂ। ਪਰ ਜ਼ਿਆਦਾ ਪੈਸੇ ਨੇ ਇਨ੍ਹਾਂ ਦੋਹਾਂ ਦਾ ਦਿਮਾਗ ਖਰਾਬ ਕਰ ਦਿੱਤਾ। ਦੇਵਧਰ ਤਾਂ ਬਹੁਤ ਵਧੀਆ ਕਪੜੇ ਤੇ ਨਵੇਂ ਨਵੇਂ ਕੋਟ ਪੈਂਟ ਤੇ ਬੂਟ ਪਾਉਂਦਾ ਤੇ ਉਸ ਦੀ ਘਰਵਾਲੀ ਤੇ ਬੱਚੇ

ਵੀ ਨਵੇਂ ਤੋਂ ਨਵਾਂ ਕੱਪੜਾ ਪਾਉਂਦੇ। ਘਰ ਦਾ ਸਟੈਂਡਰਡ ਵੀ ਉਨ੍ਹਾਂ ਨੇ ਬਹੁਤ ਵਧਾ ਲਿਆ ਸੀ। ਬੀ.ਐਨ. ਸ਼ਰਮਾ ਟੈਕਸੀ ਤੇ ਦਫਤਰ ਆਉਂਦਾ, ਜੋ ਉਸਦੇ ਨਾਲ ਦੇ ਤਨਖਾਹ ਵਿਚ ਗੁਜਾਰਾ ਕਰਦੇ ਕਲਰਕਾਂ ਨੂੰ ਬੜਾ ਅਖਰਦਾ। ਇਸ ਤਰ੍ਹਾਂ ਹੌਲੀ ਹੌਲੀ ਸ਼ੱਕ ਪੈਂਦਾ ਗਿਆ ਤੇ ਇਹ ਦੋਵੇਂ ਉਸ ਸ਼ੱਕ ਦੇ ਦਾਇਰੇ ਵਿਚ ਆਉਂਦੇ ਗਏ ਤੇ ਇਕ ਦਿਨ ਫੜੇ ਗਏ। ਇਕ ਦਿਨ ਸਾਨੂੰ ਸੁਭਾਸ਼ ਸ਼ਰਮਾ ਡਿਪਟੀ ਸੁਪਰਡੈਂਟ ਜੇਲ੍ਹ ਨੇ ਇਹ ਮਿਹਣਾ ਮਾਰਿਆ ਕਿ ਅੱਜ ਕੱਲ੍ਹ ਸਿੱਖ ਦੇਸ਼ ਨਾਲ ਗਦਾਰੀ ਕਰਨ ਲੱਗ ਪਏ ਹਨ। ਅਸਾਂ ਕਿਹਾ, "ਇਸ ਤਿਹਾੜ ਜੇਲ੍ਹ ਵਿਚ ਕੋਈ ਸਿੱਖ ਵੀ ਗੁਪਤ ਦਸਤਾਵੇਜ ਵੇਚਦਾ ਫੜ ਹੋ ਕੇ ਕੈਦੀ ਬਣ ਕੇ ਆਇਆ ਹੈ? ਦੋ ਲਾਰਕਿਨ ਭਰਾ, ਦੇਵਧਰ ਤੇ ਬੀ.ਐਨ.ਸ਼ਰਮਾ ਚਾਰ ਹਿੰਦੂ ਤਾਂ ਅੱਜ ਦੀ ਤਰੀਕ ਵਿਚ ਵੀ ਤੁਹਾਡੀ ਜੇਲ੍ਹ ਵਿਚ ਹਨ ਤੇ ਦੋ ਹਿੰਦੂ ਸਾਡੇ ਏਥੇ ਆਉਣ ਤੋਂ ਦੋ ਦਿਨ ਪਹਿਲਾਂ ਜਮਾਨਤ ਕਰਵਾ ਕੇ ਗਏ ਹਨ। ਉਹ ਵੀ ਫੌਜ ਦੇ ਗੁਪਤ ਭੇਦ ਹੀ ਵੇਚਦੇ ਫੜੇ ਗਏ ਸਨ। ਸ਼ਰਮਾ ਜੀ ਤੁਸੀਂ ਹੀ ਦਸੋ ਦੇਸ਼ ਦੇ ਗੱਦਾਰ ਕੌਣ ਹਨ ਸਿੱਖ ਕਿ ਹਿੰਦੂ?" ਇਹ ਸੁਣ ਕੇ ਉਹ ਚੁੱਪ ਕਰਕੇ ਪਰ੍ਹਾਂ ਨੂੰ ਚਲਾ ਗਿਆ।

ਰਾਤ ਨੂੰ ਰਹਿਰਾਸ ਵੇਲੇ ਅਜੀਬ ਡਰਾਮਾ

ਅਸੀਂ ਸਾਰੇ ਇਕ ਦਿਨ ਰਾਤ ਨੂੰ ਰਹਿਰਾਸ ਕਰ ਰਹੇ ਸਾਂ। ਰਹਿਰਾਸ ਕਰਕੇ ਅਰਦਾਸ ਕੀਤੀ ਤੇ ਬਾਅਦ ਵਿਚ ਜੈਕਾਰੇ ਛੱਡਣੇ ਸਨ। ਜਦੋਂ ਅਸੀਂ ਖਲੋ ਕੇ ਅਰਦਾਸ ਕਰ ਰਹੇ ਸਾਂ ਤਾਂ ਇਕ ਹਿੰਦੂ ਵਾਰਡਨ ਆਇਆ ਤੇ ਸਾਨੂੰ ਕਹਿਣ ਲੱਗਾ "ਸ਼ੋਰ ਕਿਉਂ ਮਚਾ ਰੱਖਾ ਹੈ? ਪੂਜਾ ਪਾਠ ਮੂੰਹ ਮੇਂ ਨਹੀਂ ਕਰ ਸਕਤੇ?" ਅਸਾਂ ਕਿਹਾ "ਖਲੋ ਤੇਰੀ.............. ਦੀ" ਤੇ ਇਸ ਤਰ੍ਹਾਂ ਜਿੰਨਾਂ ਕੁਝ ਅਸੀਂ ਕਹਿ ਸਕਦੇ ਸੀ, ਕਿਹਾ ਤੇ ਪਾਠ ਫੇਰ ਸ਼ੁਰੂ ਕਰ ਦਿੱਤਾ। ਬਾਅਦ ਵਿਚ ਅਸਾਂ ਪੰਜ ਜੈਕਾਰੇ ਛੱਡੇ। ਉਹ ਏਨਾ ਡਰ ਗਿਆ ਜਾਂ ਪਤਾ ਨਹੀਂ ਕੀ ਹੋਇਆ, ਝੱਟ ਵਿਸਲ ਵਜਾ ਦਿੱਤੀ। ਪਰ ਬਾਹਰ ਬੈਠੇ ਲੰਬਰਦਾਰ ਨੇ ਪੁਛਿਆ, "ਕੀ ਹੋਇਆ?" ਉਸ ਕਿਹਾ, "ਯੇ ਸਿੱਖ ਪਤਾ ਨਹੀਂ ਕਿਉਂ ਊਚੀ-ਊਚੀ ਸ਼ੋਰ ਕਰ ਰਹੇ ਹੈਂ?" ਓਨੇ ਚਿਰ ਨੂੰ ਮੌਕੇ 'ਤੇ ਤਾਇਨਾਤ ਵਾਰਡਨ ਵੀ ਆ ਗਿਆ, ਉਸ ਨੇ ਸਗੋਂ ਉਸੇ ਨੂੰ ਹੀ ਝਾੜਾਂ ਪਾਈਆਂ ਤੇ ਕਿਹਾ, "ਸਾਲਿਆ ਐਵੇਂ ਅਲਾਰਮ ਕਰਾਉਂਦਾ ਫਿਰਦਾ ਹੈ, ਉਹ ਪਾਠ ਕਰਕੇ ਹਮੇਸ਼ਾਂ ਹੀ ਇਸ ਤਰ੍ਹਾਂ ਕਰਦੇ ਹਨ, ਤੈਨੂੰ ਕੀ ਤਕਲੀਫ ਦੇਂਦੇ ਹਨ? ਚੁਪ ਕਰਕੇ ਜਾ ਕੇ ਬੈਠ ਜਾ।" ਫਿਰ ਉਹ ਆਪ ਸਾਡੇ ਕੋਲ ਬਾਹਰਲੇ ਹਾਤੇ ਦਾ ਦਰਵਾਜਾ ਖੁੱਲਾਅ ਕੇ ਆਇਆ ਤੇ ਕਿਹਾ, "ਜ਼ਰਾ ਹੌਲੀ ਪਾਠ ਕਰ ਲਿਆ ਕਰੋ।" ਸੀ ਤਾਂ ਇਹ ਵੀ ਹਿੰਦੀ ਬੋਲਣ ਵਾਲਾ ਹੀ, ਪਰ ਸਿੱਖ ਰਵਾਇਤਾਂ ਤੋਂ ਜਾਣੂ ਸੀ। ਦਰਅਸਲ ਪਹਿਲੇ ਦਾ ਵੀ ਕਸੂਰ ਨਹੀਂ ਸੀ। ਇਸ ਕਸੂਰੀ ਵਾਰਡ ਵਿਚ ਤਾਂ ਕਦੀ ਘੁੱਗੀ ਨੇ ਪਰ ਨਹੀਂ ਸੀ ਮਾਰਿਆ ਤੇ ਜੈਕਾਰੇ ਗੂੰਜਣ 'ਤੇ ਤਾਂ ਉਸ ਹੈਰਾਨ ਹੋਣਾ ਹੀ ਸੀ। ਉਸ ਦੇ ਹਿਸਾਬ ਨਾਲ ਤਾਂ ਜੇਲ੍ਹ ਉਲਟੀ ਹੋ ਗਈ ਸੀ। ਜੇ ਕਸੂਰੀ ਵਾਰਡ ਵਿਚ ਇਸ ਤਰ੍ਹਾਂ ਸ਼ੋਰ ਸ਼ਰਾਬਾ ਹੋਣ ਲੱਗ ਪਿਆ ਤਾਂ ਫਿਰ ਬਾਕੀ ਜੇਲ੍ਹ ਦਾ ਕੀ ਬਣੂ। ਪਰ ਸਾਨੂੰ ਸਗੋਂ ਬੜਾ ਮਜਾ ਆਇਆ। ਪਹਿਲਾਂ ਅਸੀਂ ਰਹਿਰਾਸ ਤੋਂ ਬਾਅਦ ਇਕ ਜੈਕਾਰਾ ਛੱਡਦੇ ਸੀ, ਹੁਣ ਅਸੀਂ ਪੰਜ ਜੈਕਾਰੇ ਗਜਾਉਣੇ ਸ਼ੁਰੂ ਕਰ ਦਿੱਤੇ। ਹੁਣ ਇਹ ਗੱਲ ਆਮ ਬਣ ਗਈ ਕਿ ਸਾਡੇ ਵਾਰਡ ਵਿਚ, ਜਿਸ ਦੀ ਵੀ ਡਿਊਟੀ ਹੁੰਦੀ ਉਹ ਪਹਿਲਾਂ ਦਾ ਗਿਝਾ ਆਉਂਦਾ ਤੇ ਅਸੀਂ ਉਸ ਨੂੰ ਝਾੜ ਕੇ ਪੱਠੇ ਪਾ ਦੇਂਦੇ। ਕੋਈ ਐਸਾ ਵਾਰਡਨ ਸਾਡੇ ਵਾਰਡ ਵਿਚ ਉਨ੍ਹਾਂ ਦਿਨਾਂ ਵਿਚ ਨਹੀਂ ਆਇਆ

ਹੋਣਾ, ਜਿਸ ਮਾੜਾ ਜਿਹਾ ਵੀ ਪੰਗਾ ਲਿਆ ਤੇ ਅਸਾਂ ਮਣ-ਮਣ ਪੱਕੇ ਦੀਆਂ ਗਾਲ੍ਹਾਂ ਦੀ ਬੁਛਾੜ ਨਾ ਕੀਤੀ ਹੋਵੇ। ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਤੇ ਫਿਰ ਜਿਹੜਾ ਵੀ ਵਾਰਡਨ ਆਇਆ ਕਰੇ ਦੂਰੋਂ ਹੀ "ਸਰਦਾਰ ਸਾਹਿਬ ਕਯਾ ਹਾਲ ਹੈ?" ਕਹਿ ਕੇ ਸਾਡੇ ਅਗੋਂ ਦੀ ਲੰਘਿਆ ਕਰੇ।

ਜੇਲ੍ਹ ਦਾ ਇਕ ਅਸੂਲ ਇਹ ਵੀ ਹੈ ਕਿ ਸਵੇਰੇ ਛੇ ਵਜੇ ਗਿਣਤੀ ਖੁਲ੍ਹਣ ਤੋਂ ਪਹਿਲਾਂ ਇਕ ਵਾਰਡਨ ਆਉਂਦਾ ਹੈ (ਉਹ ਸਾਰੇ ਵਾਰਡਾਂ ਵਿਚ ਜਾਂਦਾ ਹੈ) ਜੋ ਉੱਚੀ ਉੱਚੀ ਬੋਲ ਕੇ ਇਕ-ਦੋ-ਤਿੰਨ ਕਰਕੇ ਗਿਣਤੀ ਕਰਦਾ ਹੈ ਤੇ ਨਾਲ ਹੀ ਇਹ ਵੀ ਤਸੱਲੀ ਕਰਦਾ ਹੈ ਕਿ ਕਿਤੇ ਕੈਦੀ ਮਰ ਤਾਂ ਨਹੀਂ ਗਿਆ? ਜਾਂ ਬੇਹੋਸ਼ ਤਾਂ ਨਹੀਂ ਪਿਆ? ਇਸ ਲਈ ਇਕ ਵਾਰਡਨ ਰੋਜ ਆਇਆ ਕਰੇ ਤੇ ਅਵਾਜ਼ ਓਏ, ਓਏ, ਓਏ, ਕਰਕੇ ਕੱਢਿਆ ਕਰੇ। ਪਹਿਲਾਂ, ਦੋ ਕੁ ਦਿਨ ਤਾਂ ਮੈਨੂੰ ਪਤਾ ਨਾ ਲੱਗਾ। ਫਿਰ ਮੈਨੂੰ ਸਮਝ ਲੱਗ ਗਈ ਕਿ ਇਹ ਕਿਉਂ ਆਉਂਦਾ ਹੈ ਤੇ ਕੀ ਕਹਿੰਦਾ ਹੈ। ਜਦੋਂ ਵੀ ਉਸ ਨੇ ਆਪਣੀ ਆਦਤ ਅਨੁਸਾਰ ਮੇਰੇ ਕੋਲ ਆ ਕੇ ਓਏ ਕਿਹਾ ਮੈਂ ਅਗੋਂ ਮਣ-ਮਣ ਪੱਕੇ ਦੀਆਂ ਪੰਜ-ਸੱਤ ਗਾਲ੍ਹਾਂ ਕੱਢ ਦਿੱਤੀਆਂ। ਭੈਣ ਦਿਆ............ ਤੈਨੂੰ ਬੋਲਣਾ ਨਹੀਂ ਆਉਂਦਾ। ਉਹ ਏਨਾ ਡਰ ਗਿਆ ਕਿ ਅੱਗੇ ਤੋਂ ਬੁਲਾਉਣੋਂ ਹੀ ਹੱਟ ਗਿਆ। ਜੇ ਬੁਲਾਵੇ ਤਾਂ ਆਖੇ "ਸਰਦਾਰ ਜੀ ਰਾਮ ਰਾਮ" ਤੇ ਅੱਗੋਂ ਅਸੀਂ ਵੀ ਕਹਿ ਦੇਈਏ। "ਰਾਮ ਰਾਮ" ਇਸ ਤਰ੍ਹਾਂ ਇਹ ਵਾਰਡ ਹੌਲੀ ਹੌਲੀ ਸੱਪ ਤੋਂ ਰੱਸੀ ਵਿਚ ਤਬਦੀਲ ਹੋਣ ਲੱਗ ਪਿਆ।

ਹੌਲੀ ਹੌਲੀ ਸਾਡੀ ਤਾਕਤ ਵਧਦੀ ਗਈ ਤੇ ਨਾਲੇ ਅਸੀਂ ਜਿਵੇਂ ਜਿਵੇਂ ਭੇਤੀ ਹੁੰਦੇ ਗਏ ਤਿਵੇਂ ਤਿਵੇਂ ਸਾਡਾ ਹੌਂਸਲਾ ਵਧਦਾ ਗਿਆ। ਹੁਣ ਅਸੀਂ ਛੋਟਿਆਂ ਮੋਟਿਆਂ ਨੂੰ ਤਾਂ ਟਿੱਚ ਗਿਣਨ ਲੱਗ ਪਏ। ਸਾਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਅਸੀਂ ਦਹਿਸ਼ਤਗਰਦ ਹਾਂ, ਕੋਈ ਆਮ ਆਦਮੀ ਨਹੀਂ। ਖਾਸ ਤੌਰ 'ਤੇ ਜਦੋਂ ਅਸੀਂ ਆਪਣੇ ਵਾਰਡ ਵਿਚ ਰਹਿੰਦੇ ਡਾਕੂ ਤੇ ਫਾਂਸੀ ਵਾਲਿਆਂ ਨੂੰ ਵੇਖਦੇ ਤਾਂ ਸਾਨੂੰ ਆਪਣਾ ਆਪ ਕਾਫੀ ਭਾਰਾ ਮਹਿਸੂਸ ਹੁੰਦਾ। ਸਾਡੀ ਛਾਤੀ ਤਣ ਜਾਂਦੀ। ਉਸ ਹਾਲਤ ਵਿਚ ਅਸੀਂ ਵਾਰਡਨਾਂ ਸ਼ਾਰਡਨਾਂ ਨੂੰ ਕੀ ਗਿਣਦੇ ਸਾਂ? ਜਦੋਂ ਆਪਣੀ ਖੁਦੀ ਨੂੰ ਬੁਲੰਦ ਕਰ ਲਿਆ, ਆਮ ਮਾੜਾ ਆਦਮੀ ਤਾਂ ਸਾਡੇ ਨਾਂ ਤੋਂ ਕੰਬਣ ਲੱਗ ਪੈਂਦਾ। ਇਕ ਵਾਰੀ ਇਹ ਹੋਇਆ ਕਿ ਯਾਰਾਂ ਨੰਬਰ ਵਿਚੋਂ ਮੁਸ਼ੱਕਤੀ ਸਾਡੇ ਵਾਰਡ ਦੀ ਸਫਾਈ ਵਗੈਰਾ ਕਰਨ ਆਉਂਦਾ ਸੀ। ਉਥੇ ਇਹ ਹੋੜ ਲੱਗ ਜਾਂਦੀ ਕਿ ਕੋਈ ਕਿਹਾ ਕਰੇ ਮੈਂ ਜਾਣਾ ਹੈ, ਕੋਈ ਦੂਸਰਾ ਕਹੇ ਮੈਂ ਜਾਣਾ ਹੈ। ਉਹ ਦਹਿਸ਼ਤਗਰਦ ਵੇਖਣਾ ਚਾਹੁੰਦੇ ਸਨ ਕਿ ਕਿੱਦਾਂ ਦੇ ਹੁੰਦੇ ਹਨ 'ਤੇ ਸਾਨੂੰ ਵੇਖਣ ਕਰਕੇ ਝਾੜੂ ਤੱਕ ਫੇਰਨ ਲਈ ਵੀ ਤਿਆਰ ਹੋ ਜਾਂਦੇ, ਕਿਉਂਕਿ ਝਾੜੂ ਦੇ ਬਹਾਨੇ ਹੀ ਸਾਨੂੰ ਵੇਖ ਸਕਦੇ ਸਨ। ਉਦਾਂ ਤਾਂ ਉਹ ਆ ਹੀ ਨਹੀਂ ਸਨ ਸਕਦੇ। ਉਨ੍ਹਾਂ ਝਾੜੂ ਵਾਲਿਆਂ ਨੂੰ ਅਸੀਂ ਮਠਿਆਈ, ਫਰੂਟ ਤੇ ਹੋਰ ਕਈ ਖਾਣ ਵਾਲੀਆਂ ਚੀਜ਼ਾਂ ਗੁੜ ਵਗੈਰਾ ਵੀ ਦੇਂਦੇ ਤੇ ਉਨ੍ਹਾਂ ਦੀਆਂ ਦਰਖਾਸਤਾਂ ਆਦਿ ਵੀ ਲਿਖ ਦੇਂਦੇ। ਸਾਰੀ ਜੇਲ੍ਹ ਸਾਨੂੰ ਭਲੇਮਾਣਸ ਤੇ ਸਾਊ ਸਮਝਦੀ ਸੀ। ਕੁਪੱਤੇ ਜੇਹੇ ਅਸੀਂ ਜਾਣ ਕੇ ਬਣੇ ਸਾਂ, ਕਿਉਂਕਿ ਸਾਡੇ ਤੋਂ ਪਹਿਲਾਂ ਦਿੱਲੀ ਟ੍ਰਾਂਸਿਸਟਰ ਬੰਬ ਕਾਂਡ ਵਾਲਿਆਂ ਨੂੰ ਸਾਰਿਆਂ ਨੇ ਰਲ ਮਿਲ ਕੇ ਬਹੁਤ ਮਾਰਿਆ ਸੀ ਤੇ ਅਸੀਂ ਉਸ ਮਾਰ ਤੇ ਉਨ੍ਹਾਂ ਨੂੰ ਅਪਮਾਨਤ ਕਰਨ ਦਾ ਬਦਲਾ ਲੈ ਰਹੇ ਸਾਂ।

ਸੋਲ੍ਹਾਂ ਨੰਬਰ ਵਾਰਡ ਵਿਚ ਇਕ ਜਾਮਣ ਦੇ ਬੂਟੇ ਨੂੰ ਬੜਾ ਫਲ ਲੱਗਾ (ਵੈਸੇ ਉਥੇ

ਤਿੰਨ ਜਾਮਣ ਦੇ ਬੂਟੇ ਹਨ, ਦੋ ਛੋਟੇ ਇਕ ਵੱਡਾ ਤੇ ਇਕ ਬੇਰੀ ਦਾ ਬੂਟਾ ਹੈ, ਜਿਸ ਦਾ ਇਕ ਪਾਸਾ ਸੇਊ ਬੇਰਾਂ ਦਾ ਤੇ ਦੂਸਰਾ ਆਮ ਦੇਸੀ ਬੇਰਾਂ ਦਾ ਹੈ)। ਜਦੋਂ ਅਸੀਂ ਗਏ ਉਨ੍ਹਾਂ ਦਿਨਾਂ ਵਿਚ ਜਾਮਣ ਦਾ ਬੂਟਾ ਜਾਮਣਾਂ ਨਾਲ ਕਾਲਾ ਹੋਇਆ ਪਿਆ ਸੀ। ਏਨਾ ਫਲ ਲੱਗਾ ਜਾਮਣ ਦੇ ਬੂਟੇ ਨੂੰ ਮੈਂ ਅੱਜ ਤੱਕ ਕਦੇ ਨਹੀਂ ਵੇਖਿਆ। ਹੋਰ ਸਾਰੇ ਥਲਿਉਂ ਡਿੱਗੇ ਜਾਮਣ ਚੁਕਦੇ ਤੇ ਉਤੇ ਵੀ ਚੜ੍ਹ ਕੇ ਤੋੜ ਲੈਂਦੇ ਪਰ ਅਸੀਂ ਕਦੀ ਵੀ ਭੁੱਖ ਨਾ ਵਿਖਾਉਂਦੇ ਤੇ ਕਦੀ ਵੀ ਜਾਮਣ ਦੇ ਬੂਟੇ ਤੇ ਨਾ ਚੜ੍ਹਦੇ। ਥੱਲੇ ਭਾਵੇਂ ਉਸ ਬੂਟੇ ਦੇ ਬੈਠਦੇ, ਪਰ ਕਦੀ ਭੁਖਿਆਂ ਵਾਂਗ ਡਿਗੇ ਜਾਮਣ ਵੀ ਨਾ ਚੁਕਦੇ। ਵਾਰਡਨ ਤੇ ਹੌਲਦਾਰ ਝੋਲੇ ਭਰ ਭਰ ਕੇ ਘਰਾਂ ਨੂੰ ਲਿਜਾਂਦੇ। ਉਹ ਕਿਸੇ ਕੈਦੀ ਨੂੰ ਜਾਮਣ 'ਤੇ ਚੜ੍ਹਾ ਦੇਂਦੇ ਤੇ ਹਲੂਣੇ ਨਾਲ ਜਾਮਣ ਲੁਹਾ ਲੈਂਦੇ। ਏਸੇ ਤਰ੍ਹਾਂ ਹੀ ਹਸਪਤਾਲ ਨੂੰ ਜਾਂਦਿਆਂ ਵੀ ਰਾਹ ਵਿਚ ਜਾਮਣ ਦੇ ਬੂਟੇ ਆਉਂਦੇ। ਜਾਮਣ ਉਥੇ ਵੀ ਡਿਗੇ ਹੁੰਦੇ ਪਰ ਅਸੀਂ ਨਾ ਚੁਕਦੇ।

ਅਵਤਾਰ ਸਿੰਘ ਉਰਫ ਥਾਣੇਦਾਰ

24 ਜੁਲਾਈ 1986 ਨੂੰ ਅਵਤਾਰ ਸਿੰਘ ਉਰਫ ਪਹਿਲਵਾਨ ਉਰਫ ਥਾਣੇਦਾਰ ਵੀ ਆ ਗਿਆ। ਇਹ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ ਤੇ ਸੀ.ਬੀ.ਆਈ. ਨੇ ਇਸ ਨੂੰ ਵੀ ਸਾਡੇ ਵਾਲੇ ਕੇਸ ਵਿਚ ਹੀ ਸਾਡੇ ਨਾਲ ਜੋੜ ਦਿੱਤਾ। ਅਸੀਂ ਹੈਰਾਨ ਇਸ ਗੱਲ ਤੋਂ ਹੋਏ ਕਿ ਚਲੋ ਅਸੀਂ ਤਾਂ ਜਲੰਧਰ ਦੇ ਰਹਿਣ ਵਾਲੇ ਸੀ, ਪਰ ਇਹ ਅੰਮ੍ਰਿਤਸਰ ਦਾ ਵਿਚ ਕਿਧਰੋਂ ਲੈ ਆਂਦਾ। ਪੰਜਾਬ ਪੁਲਿਸ ਕਿਸ ਤਰੀਕੇ ਨਾਲ ਕੰਮ ਕਰਦੀ ਹੈ, ਉਸ ਦੀ ਸਪਸ਼ਟ ਮਿਸਾਲ ਅਵਤਾਰ ਸਿੰਘ ਦੇ ਕੇਸ ਵਿਚ ਸਾਹਮਣੇ ਆਉਂਦੀ ਹੈ। ਇਸ ਨੂੰ 20 ਜੂਨ 1986 ਨੂੰ ਫੜਿਆ ਸੀ। ਦੂਸਰੇ ਦਿਨ ਹੀ ਉਸ ਦੇ ਵੱਡੇ ਭਰਾ ਨੇ ਭੱਜ ਨੱਠ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਡਰ ਸੀ ਕਿ ਕਿਤੇ ਝੂਠਾ ਪੁਲਿਸ ਮੁਕਾਬਲਾ ਹੀ ਨਾ ਬਣਾ ਦੇਣ। ਇਸ ਲਈ ਕਿਸੇ ਸਿਆਣੇ ਬੰਦੇ ਦੀ ਸਲਾਹ ਨਾਲ ਉਨ੍ਹਾਂ ਨੇ 21ਜੂਨ 1986 ਨੂੰ ਹੀ ਗਵਰਨਰ ਪੰਜਾਬ, ਮੁੱਖ ਮੰਤਰੀ ਪੰਜਾਬ, ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਸ਼ੈਸ਼ਨ ਜੱਜ ਅੰਮ੍ਰਿਤਸਰ, ਚੀਫ ਜਸਟਿਸ ਪੰਜਾਬ ਹਰਿਆਣਾ ਹਾਈ ਕੋਰਟ ਤੇ ਚੀਫ ਜੁਡੀਸ਼ੀਅਲ ਮਜਿਸਟਰੇਟ ਨੂੰ ਤਾਰਾਂ ਦੇ ਦਿੱਤੀਆਂ। 20 ਜੂਨ 1986 ਦਾ ਫੜਿਆ ਹੋਇਆ ਅਵਤਾਰ ਸਿੰਘ ਪੁਲਿਸ ਨੇ 27 ਜੁਲਾਈ 1986 ਨੂੰ ਇਲਾਕਾ ਮਜਿਸਟਰੇਟ ਅੱਗੇ ਪੇਸ਼ ਕੀਤਾ, ਅਵਤਾਰ ਸਿੰਘ ਨੂੰ ਜੱਜ ਅੱਗੇ ਨਹੀਂ ਪੇਸ਼ ਕੀਤਾ ਗਿਆ ਸੀ, ਬਾਹਰ ਗੱਡੀ ਵਿਚ ਹੀ ਬਿਠਾ ਛੱਡਿਆ ਤੇ ਇਸ ਤਰ੍ਹਾਂ ਹੋਰ ਰੀਮਾਂਡ ਲੈ ਲਿਆ। ਹੁਣ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 20 ਜੂਨ 1986 ਤੋਂ ਅਵਤਾਰ ਸਿੰਘ ਪੁਲਿਸ ਹਿਰਾਸਤ ਵਿਚ ਸੀ ਪਰ 20 ਜੂਨ 1986 ਤੋਂ ਲੈ ਕੇ 27 ਜੂਨ 1986 ਤੱਕ ਜਿੰਨੀਆਂ ਵੀ ਵਾਰਦਾਤਾਂ ਅੰਮ੍ਰਿਤਸਰ ਵਿਚ ਹੋਈਆਂ, ਉਹ ਸਾਰੀਆਂ ਹੀ ਅਵਤਾਰ ਸਿੰਘ 'ਤੇ ਪਾ ਦਿੱਤੀਆਂ ਤੇ ਪਹਿਲੇ ਅਣਲੱਭੇ (untraced) ਕੇਸ ਵੀ, ਜੋ ਕਿਸੇ 'ਤੇ ਹੁਣ ਤੱਕ ਨਹੀਂ ਪਾਏ ਗਏ ਸਨ, ਸਾਰੇ ਹੀ ਵਿਚਾਰੇ ਅਵਤਾਰ ਸਿੰਘ ਦੇ ਸਿਰ ਪਾ ਦਿੱਤੇ ਤੇ ਇਸ ਤਰ੍ਹਾਂ ਇਨ੍ਹਾਂ ਦੀ ਗਿਣਤੀ ਲੱਗਪੱਗ ਪੰਜਾਹ ਦੇ ਕਰੀਬ ਹੋ ਗਈ। ਅਖ਼ਬਾਰ ਵਿਚ 28 ਤਰੀਖ ਨੂੰ ਆਇਆ ਕਿ ਅਵਤਾਰ ਸਿੰਘ ਪਹਿਲਵਾਨ ਜੋ ਬੱਬਰ ਖਾਲਸਾ ਦਾ ਮੁਖੀ ਹੈ ਫੜਿਆ ਗਿਆ ਹੈ ਤੇ ਉਸ ਨੇ ਨੌਂ ਕਤਲ ਕੀਤੇ ਮੰਨੇ ਹਨ। ਪਰ ਫਿਰ ਨੌਂ ਕਤਲਾਂ ਤੋਂ ਪੰਜਾਹ ਬਣ ਗਏ। ਇਸ ਦੇ ਸਿਰ ਦਾ ਮੁੱਲ ਪੰਜ ਲੱਖ ਰੁਪਏ ਸੀ ਤੇ ਇਹ ਬੜੀ ਦੇਰ ਤੋਂ ਹੀ ਭਗੌੜਾ ਸੀ। ਅੰਮ੍ਰਿਤਸਰ ਵਿਚ ਕ੍ਰਿਸ਼ਨਾ ਨਗਰ ਕਲੋਨੀ ਵਾਲੇ ਰਾਤ ਨੂੰ ਦਸ-ਯਾਰਾਂ ਹੋਏ ਕਤਲ ਵੀ

ਵਿਚਾਰੇ ਅਵਤਾਰ ਸਿੰਘ ਦੇ ਸਿਰ ਮੜ ਦਿੱਤੇ ਗਏ। ਹਾਲਾਂ ਕਿ ਉਸ ਦੇ ਇਲਾਕੇ ਦੇ ਲਾਗੇ ਹੀ ਉਸ ਦਾ ਘਰ ਹੈ ਤੇ ਕ੍ਰਿਸ਼ਨਾ ਨਗਰ ਦਾ ਬੱਚਾ-ਬੱਚਾ ਉਸ ਨੂੰ ਜਾਣਦਾ ਹੈ। ਪਰ ਪੁਲਿਸ ਨੇ ਲਿਖਿਆ ਹੈ ਕਿ ਉਸ ਦਾ ਕੋਈ ਗਵਾਹ ਨਹੀਂ, ਫਿਰ ਵੀ ਇਹ ਗੱਲ ਅਵਤਾਰ ਸਿੰਘ ਆਪ ਮੰਨਦਾ ਹੈ ਕਿ ਇਹ ਕਤਲ ਉਸ ਨੇ ਕੀਤੇ ਹਨ। ਪਾਰਲੀਮੈਂਟ ਤੇ ਹੋਰ ਥਾਵਾਂ ਉਡਾਉਣ ਵਾਲੀ ਸਾਜ਼ਿਸ਼ ਵਿਚ ਇਸ ਨੂੰ ਵੀ ਸਾਡੇ ਨਾਲ ਰਖਿਆ ਹੈ ਤੇ ਅੰਮ੍ਰਿਤਸਰ ਤੋਂ ਜਹਾਜ਼ 'ਤੇ ਏਥੇ ਦਿੱਲੀ ਲਿਆਂਦਾ ਤੇ ਕਈ ਦਿਨ ਦੀ ਪੁਛਗਿੱਛ ਤੋਂ ਬਾਅਦ ਤਿਹਾੜ ਜੇਲ੍ਹ ਭੇਜ ਦਿੱਤਾ। ਅਵਤਾਰ ਸਿੰਘ ਕੋਈ ਪੜ੍ਹਿਆ ਲਿਖਿਆ ਨਹੀਂ, ਸਿਰਫ ਚਾਰ ਕੁ ਜਮਾਤਾਂ ਹੀ ਪਾਸ ਹੈ। ਪਰ ਇਹ ਮੌਜੂਦਾ ਸਰਕਾਰ ਦੇ ਕਾਰਨਾਮੇ ਹਨ, ਜਿਨ੍ਹਾਂ ਨੂੰ ਆਉਣ ਵਾਲੇ ਸਿੱਖ ਇਤਿਹਾਸ ਵਿਚ ਕਾਲੇ ਅੱਖਰਾਂ ਨਾਲ ਲਿਖਿਆ ਜਾਵੇਗਾ। ਅਵਤਾਰ ਸਿੰਘ ਜਦੋਂ ਰਾਤ ਨੂੰ ਆਇਆ ਤਾਂ ਸਾਡੀ ਬੰਦੀ ਹੋ ਚੁੱਕੀ ਸੀ। ਜਦੋਂ ਅਸਾਂ ਗੁਲਾਬੀ ਪੱਗ ਵਾਲੇ ਗੋਰੇ ਚਿਟੇ ਲੰਬੇ ਉੱਚੇ ਨੌਜਵਾਨ ਨੂੰ ਵੇਖਿਆ ਤਾਂ ਸਾਨੂੰ ਕਾਫੀ ਹੈਰਾਨੀ ਹੋਈ। ਅਵਤਾਰ ਸਿੰਘ ਦਾ ਕੱਦ ਛੇ ਫੁੱਟ ਤੋਂ ਵੱਧ ਹੈ ਤੇ ਚੰਗਾ ਤੰਦਰੁਸਤ (ਦਰਮਿਆਨਾ ਗੋਰਾ ਚਿੱਟਾ) ਨੌਜਵਾਨ ਹੈ ਜੋ ਤਾਂ ਉਨ੍ਹਾਂ ਦਿਨਾਂ ਵਿਚ ਕੁਝ ਬਿਮਾਰ ਸੀ। ਖੈਰ ਸਾਰਿਆਂ ਨੇ ਉਸ ਨੂੰ ਫਤਿਹ ਬੁਲਾਈ। ਸਾਡੀਆਂ ਚੱਕੀਆਂ ਦੇ ਨਾਲ ਹੀ ਇਕ ਖਾਲੀ ਚੱਕੀ ਵਿਚ ਉਸ ਨੂੰ ਬੰਦ ਕਰ ਦਿੱਤਾ ਗਿਆ। ਸਾਨੂੰ ਉਦੋਂ ਇਕ ਘੰਟਾ ਉਸ ਵੇਲੇ ਤੇ ਇਕ ਘੰਟਾ ਦੂਸਰੇ ਵੇਲੇ ਖੁੱਲਣ ਦਾ ਹੁਕਮ ਸੀ ਪਰ ਉਸ ਵਾਸਤੇ ਕੋਈ ਹੁਕਮ ਨਹੀਂ ਸੀ। ਸਵੇਰੇ ਅਸਾਂ ਉਸ ਨੂੰ ਤੇਲ, ਸਾਬਣ, ਤੌਲੀਆ ਵਗੈਰਾ ਚੀਜ਼ਾਂ, ਜੋ ਉਸ ਕੋਲ ਨਹੀਂ ਸਨ, ਉਸ ਨੂੰ ਦਿੱਤੀਆਂ ਤੇ ਉਸ ਕੋਲ ਬੈਠ ਕੇ ਗੱਲਾਂ ਕਰਨ ਲੱਗ ਪਏ (ਅੰਦਰ ਉਹ ਤੇ ਬਾਹਰ ਅਸੀਂ) ਫਿਰ ਅਸਾਂ ਜੋਰ ਜਾਰ ਪਵਾ ਕੇ ਉਸ ਨੂੰ ਵੀ ਆਪਣੇ ਨਾਲ ਹੀ ਖੁਲਵਾ ਲਿਆ ਤੇ ਉਹ ਵੀ ਸਾਡੇ ਨਾਲ ਹੀ ਖੁਲ੍ਹਣ ਲੱਗ ਪਿਆ। ਅਵਤਾਰ ਸਿੰਘ ਕੋਲੋਂ ਹੀ ਸਾਨੂੰ ਪਤਾ ਲੱਗਾ ਕਿ ਇਕ ਫੌਜੀ ਜੋ ਹਵਾਈ ਫੌਜ ਦਾ ਅਫਸਰ ਹੈ ਨੂੰ ਵੀ ਫੜਿਆ ਹੋਇਆ ਹੈ ਤੇ ਉਹ ਵੀ ਏਸੇ ਪਾਰਲੀਮੈਂਟ ਵਾਲੇ ਕੇਸ ਵਿਚ ਹੀ ਹੈ। ਉਥੇ ਸਾਨੂੰ "ਦਲਜੀਤ ਸਿੰਘ ਨਾਂ ਦੇ ਬੰਦੇ ਨੂੰ ਜਾਣਦੇ ਹੋ?" ਪ੍ਰਸ਼ਨ ਬਹੁਤ ਪੁਛਿਆ ਕਰਦੇ ਸਨ, ਪਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਦਾ ਨਾਂ ਦਲਜੀਤ ਸਿੰਘ ਨਹੀਂ, ਅਜੀਤ ਸਿੰਘ ਹੈ। ਇਹ ਹੈ ਭਾਰਤ ਦੀ ਸੀ.ਬੀ.ਆਈ. ਦੇ ਕੰਮ। ਉਸ ਨੂੰ ਤਾਂ ਫੜੇ ਜਾਣ ਵਾਲੇ ਮੁਲਜ਼ਮ ਦੇ ਨਾਂ ਦਾ ਵੀ ਪਤਾ ਨਹੀਂ ਹੁੰਦਾ ਕਿ ਅਸਾਂ ਫੜਨਾ ਕਿਸ ਨੂੰ ਹੈ। ਏਸੇ ਤਰ੍ਹਾਂ ਹੀ ਪਹਿਲਾਂ ਪਹਿਲਾਂ ਜਲੰਧਰ ਵੀ ਇਨ੍ਹਾਂ ਨੇ ਛਾਪਾ ਮਾਰਨ ਆਈ ਪੁਲਿਸ ਪਾਰਟੀ ਨੂੰ ਵੇਖਣ ਵਾਲੇ ਇਕ ਤਮਾਸ਼ਬੀਨ ਨੂੰ ਉਸ ਦਾ ਨਾ ਪੁਛਿਆ। ਉਸ ਸੰਖੇਪ ਵਿਚ ਆਪਣਾ ਨਾਂ ਤਾਰਾ ਦੱਸਿਆ ਪਰ ਸੀ.ਬੀ.ਆਈ. ਨੇ ਪੁਛਿਆ "ਪੂਰਾ ਨਾਮ ਕਯਾ ਹੈ?" ਉਸ ਕਿਹਾ "ਅਵਤਾਰ ਸਿੰਘ" ਬਸ ਅਵਤਾਰ ਸਿੰਘ ਕਹਿਣ ਦੀ ਦੇਰ ਸੀ ਉਨ੍ਹਾਂ ਨੇ ਝੱਟ ਜੱਫਾ ਮਾਰ ਕੇ ਉਸ ਨੂੰ ਫੜ ਲਿਆ ਤੇ ਥਾਣੇ ਲਿਆ ਬੰਦ ਕੀਤਾ। ਉਸ ਅਵਤਾਰ ਸਿੰਘ ਸਮੇਤ ਹੁਣ ਸੀ.ਬੀ.ਆਈ. ਕੋਲ ਤਿੰਨ ਅਵਤਾਰ ਸਿੰਘ ਹਨ। ਪਰ ਸੀ.ਬੀ.ਆਈ. ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਨੂੰ ਕਿਸ ਅਵਤਾਰ ਸਿੰਘ ਦੀ ਲੋੜ ਹੈ। ਹੈ ਨਾ ਸੁਆਦ ਵਾਲੀ ਗੱਲ। ਇਹ ਹੈ ਸੀ.ਬੀ.ਆਈ. ਹਿੰਦੋਸਤਾਨ ਦੀ ਖੁਫੀਆ ਏਜੰਸੀ, ਜੋ ਏਸੇ ਨੇ ਹੀ ਦੇਸ਼ ਲਈ ਗੁਪਤ ਭੇਦ ਲੱਭ ਕੇ ਲਿਆਉਣੇ ਹਨ ਤਾਂ ਦੇਸ਼ ਦਾ ਬਚਾਅ ਹੋ ਚੁੱਕਾ। ਅਸੀਂ ਆਪਣੇ ਪੈਂਤੀ ਦਿਨ ਦੇ ਰੀਮਾਂਡ ਵਿਚ ਵੇਖਿਆ ਹੈ, ਸੀ.ਬੀ.ਆਈ. ਵਾਲੇ ਬੌਂਦਲੇ ਫਿਰਦੇ ਦਿਸਦੇ ਸਨ, ਪਤਾ ਹੀ

ਨਹੀਂ ਕੀ ਪੁਛਦੇ ਸਨ। ਤੇ ਸਾਡੇ ਕੋਲੋਂ ਕੀ ਚਾਹੁੰਦੇ ਸਨ?

ਅਵਤਾਰ ਸਿੰਘ ਨੇ ਦੱਸਿਆ "ਮੈਨੂੰ ਤੇ ਅਜੀਤ ਸਿੰਘ ਨੂੰ ਇਕੱਠਿਆਂ ਹੀ ਪੇਸ਼ ਕੀਤਾ ਗਿਆ ਸੀ। ਮੈਨੂੰ ਤਾਂ ਜੇਲ੍ਹ ਭੇਜ ਦਿੱਤਾ, ਉਸ ਦਾ ਛੇ ਦਿਨ ਦਾ ਹੋਰ ਰੀਮਾਂਡ ਲੈ ਲਿਆ ਤੇ ਉਸ ਨੂੰ ਵਾਪਸ ਲੈ ਗਏ। ਉਸ ਨੇ ਇਹ ਵੀ ਦੱਸਿਆ ਕਿ ਉਹ ਬਿਰਧ ਆਦਮੀ ਹੈ ਤੇ ਏਸੇ ਮਹੀਨੇ ਦੀ ਹੀ ਤੀਹ ਤਾਰੀਖ ਨੂੰ ਉਸ ਨੇ ਰਿਟਾਇਰ ਹੋ ਜਾਣਾ ਹੈ। ਅਰਥਾਤ ਉਹ ਵਿਚਾਰਾ ਰੀਮਾਂਡ ਵਿਚ ਹੀ ਰਿਟਾਇਰ ਹੋ ਗਿਆ। ਇਹ ਉਸ ਆਦਮੀ ਦੀ ਕਹਾਣੀ ਹੈ ਜਿਸ ਨੇ ਬਤੌਰ ਇਕ ਚੰਗੇ ਹਵਾਈ ਫੌਜ ਦੇ ਅਫ਼ਸਰ ਤਰਕੀ ਕਰਦੇ ਕਰਦੇ ਨੇ ਭਾਰਤੀ ਫੌਜ ਲਈ ਕੰਮ ਕੀਤਾ। ਪਰ ਸਰਕਾਰ ਨੇ ਉਸ ਦਾ ਗੁਣ ਇਹ ਪਾਇਆ ਕਿ ਰਿਟਾਇਰ ਹੋਣ ਤੋਂ ਕੁਝ ਦਿਨ ਪਹਿਲਾਂ ਉਸ ਨੂੰ ਦਿੱਲੀ ਸੱਦ ਕੇ (ਆਦਮਪੁਰ ਤੋਂ ਦਿੱਲੀ ਧੋਖੇ ਨਾਲ ਸੱਦ ਲਿਆ ਸੀ) ਗ੍ਰਿਫਤਾਰ ਕਰ ਲਿਆ। ਕਮਾਂਡਿੰਗ ਅਫ਼ਸਰ ਨੇ ਆਖਿਆ ਇਕ ਜ਼ਰੂਰੀ ਕੰਮ ਹੈ, ਤੁਸੀਂ ਦਿੱਲੀ ਜਾਓ। ਉਹ ਕੰਮ ਏਨਾ ਮਾਮੂਲੀ ਸੀ ਕਿ ਕਿਸੇ ਚਪੜਾਸੀ ਨੂੰ ਵੀ ਭੇਜਿਆ ਜਾ ਸਕਦਾ ਸੀ। ਅਜੀਤ ਸਿੰਘ ਵਿਚਾਰੇ ਨੂੰ ਕੀ ਪਤਾ ਸੀ ਕਿ ਉਸ ਨੂੰ ਕਿਉਂ ਭੇਜਿਆ ਜਾ ਰਿਹਾ ਹੈ? ਉਹ ਦਿੱਲੀ ਆ ਗਿਆ ਤੇ ਉਥੇ ਹੀ ਉਸ ਨੂੰ ਫੜ ਲਿਆ। ਏਥੇ ਮੈਨੂੰ ਇਕ ਸ਼ੇਅਰ ਯਾਦ ਆਉਂਦਾ ਹੈ "ਹਮ ਦੁਆ ਲਿਖਤੇ ਰਹੇ ਵੋਹ ਦਗ਼ਾ ਪੜ੍ਹਤੇ ਰਹੇ, ਏਕ ਨੁਕਤੇ ਨੇ ਹਮਕੋ ਮਹਿਰਮ ਸੇ ਮੁਜਰਮ ਕਰ ਦੀਆ।" ਖੈਰ ਛੇ ਦਿਨ ਬਾਅਦ ਅਜੀਤ ਸਿੰਘ ਵੀ ਆ ਗਿਆ। ਉਸ ਨੂੰ ਵੀ ਸਾਡੇ ਵਾਲੇ ਵਾਰਡ ਵਿਚ ਹੀ ਲਿਆਂਦਾ ਗਿਆ। ਜਦੋਂ ਉਹ ਆਦਮਪੁਰ ਤੋਂ ਆਇਆ ਸੀ ਤਾਂ ਉਸ ਨੇ ਫੌਜੀ ਵਰਦੀ ਪਾਈ ਹੋਈ ਸੀ। ਸਿਰਫ ਉਸ ਕੋਲ ਇਕ ਪਜਾਮਾ ਹੀ ਸੀ ਤੇ ਇਕ ਕਛਹਿਰਾ। ਕੋਈ ਰਹਿਣ ਦਾ ਪ੍ਰੋਗਰਾਮ ਨਾ ਹੋਣ ਕਰਕੇ ਉਸ ਨੇ ਕੱਪੜਾ ਨਾਲ ਲੈਣ ਦੀ ਲੋੜ ਹੀ ਨਹੀਂ ਸਮਝੀ ਸੀ। ਵਰਦੀ ਤਾਂ ਰਾਤ ਨੂੰ ਨੌਂ ਵਜੇ ਲੁਹਾ ਲਈ, ਸਿਰਫ ਪਜਾਮਾ ਤੇ ਕਮੀਜ਼ ਹੀ ਉਸ ਕੋਲ ਰਹਿ ਗਏ ਸਨ। ਉਹ ਵਿਚਾਰਾ ਉਹੋ ਹੀ ਧੋਂਦਾ ਤੇ ਉਹ ਹੀ ਪਾਉਂਦਾ, ਰੀਮਾਂਡ ਦੇ ਦਿਨ ਕੱਟ ਆਇਆ ਸੀ। ਸਾਡੇ ਕੋਲ ਆਇਆ ਤਾਂ ਵੀ ਉਹੀ ਤਿੰਨੇ ਕੱਪੜੇ.ਤੇ ਕਛੈਹਿਰਾ ਉਸ ਦੇ ਹੱਥ ਸੀ।

ਜਦੋਂ ਉਹ ਆਇਆ ਤਾਂ ਅਸੀਂ ਸਾਰੇ ਆਪਣੇ ਖੁਲ੍ਹਣ ਦੇ ਇਕ ਘੰਟੇ ਦੇ ਸਮੇਂ ਵਿਚ ਕੰਬਲ ਵਿੱਛਾ ਕੇ ਬਾਹਰ ਬੈਠੇ ਸਾਂ। ਅਸਾਂ ਸਾਰਿਆਂ ਉਸ ਨੂੰ ਫਤਿਹ ਬੁਲਾਈ ਤੇ ਰੋਟੀ ਲਿਆ ਕੇ ਉਸ ਨੂੰ ਖਾਣ ਲਈ ਦਿੱਤੀ। ਰੀਮਾਂਡ ਵਿਚ ਉਹ ਏਨਾ ਹਿੱਲ ਗਿਆ ਸੀ ਕਿ ਉਸ ਦੇ ਹੱਥ ਕੰਬਣ ਲੱਗ ਪਏ ਸਨ ਤੇ ਕੰਨਾਂ ਤੋਂ ਉੱਚਾ ਸੁਣਨ ਲੱਗ ਪਿਆ ਸੀ। ਅਜੀਤ ਸਿੰਘ ਦਾ ਕਸੂਰ ਇਹ ਹੈ ਕਿ ਉਹ ਕੈਨੇਡਾ ਵਿਚ ਫੜੇ ਗਏ ਰਾਮ ਪਾਲ ਸਿੰਘ, ਤੇਜਿੰਦਰ ਸਿੰਘ, ਤਲਵਿੰਦਰ ਸਿੰਘ ਤੇ ਦੋ ਹੋਰ ਬੰਦਿਆਂ ਵਿਚੋਂ ਰਾਮ ਪਾਲ ਸਿੰਘ ਦਾ ਪਿਤਾ ਹੈ ਤੇ ਰਾਮ ਪਾਲ ਸਿੰਘ ਨੇ ਆਪਣੇ ਪਿਤਾ ਨੂੰ ਪੰਜਾਹ ਹਜਾਰ ਰੁਪਿਆ ਭੇਜਿਆ ਸੀ। ਉਸ ਨੇ ਉਹ ਰੁਪਿਆ ਆਪਣੇ ਖਾਤੇ ਵਿਚ ਜਮ੍ਹਾਂ ਕਰਵਾ ਲਿਆ ਤੇ ਉਸ ਵਿਚੋਂ ਦਸ ਹਜਾਰ ਰੁਪਿਆ ਕਢਵਾ ਕੇ ਮਕਾਨ ਦਾ ਗੁਸਲਖਾਨਾ ਵਗੈਰਾ ਬਣਵਾ ਲਿਆ। ਬਾਕੀ ਰਕਮ ਉਵੇਂ ਦੀ ਉਵੇਂ, ਉਸ ਦੇ ਦੱਸਣ ਅਨੁਸਾਰ ਪਈ ਹੈ। ਸੀ.ਬੀ.ਆਈ. ਕਹਿੰਦੀ ਹੈ ਕਿ ਇਹ ਪੈਸਾ ਤੈਨੂੰ ਤੇਰੇ ਲੜਕੇ ਨੇ ਏਧਰ ਅੱਤਵਾਦੀਆਂ ਨੂੰ ਵੰਡਣ ਵਾਸਤੇ ਭੇਜਿਆ ਸੀ। ਪਰ ਸ. ਅਜੀਤ ਸਿੰਘ ਦਾ ਕਹਿਣਾ ਹੈ ਕਿ ਉਹ ਪੈਸਾ ਤਾਂ ਉਦਾਂ ਦਾ ਉਂਦਾ ਹੀ ਪਿਆ ਹੈ। ਸਿਰਫ ਦਸ ਹਜ਼ਾਰ ਰੁਪਿਆ ਹੀ ਬਾਥਰੂਮ ਵਗੈਰਾ 'ਤੇ ਖਰਚ ਹੋਏ ਹਨ ਜੇ ਵੰਡਣ ਵਾਸਤੇ ਹੁੰਦਾ,

ਤਾਂ ਵੱਡਿਆ ਨਾ ਗਿਆ ਹੁੰਦਾ?

ਅਜੀਤ ਸਿੰਘ ਅੰਮ੍ਰਿਤਧਾਰੀ ਗੁਰਸਿੱਖ ਹਨ ਤੇ ਝੂਠ ਨਹੀਂ ਬੋਲਦੇ। ਉਨ੍ਹਾਂ ਨੇ ਅੰਮ੍ਰਿਤ ਵੀ ਅਖੰਡ ਕੀਰਤਨੀ ਜਥੇ ਤੋਂ ਛਕਿਆ ਹੈ। ਨਾਮ ਅਭਿਆਸ ਵੀ ਉਨ੍ਹਾਂ ਦਾ ਬਹੁਤ ਹੈ। ਸਵੇਰੇ ਤਿੰਨ ਵਜੇ ਇਸ਼ਨਾਨ ਕਰਕੇ ਬਾਣੀ ਪੜ੍ਹਨੀ ਸ਼ੁਰੂ ਕਰ ਦੇਂਦੇ ਹਨ। ਬਾਣੀ ਉੱਚੀ ਪੜ੍ਹਦੇ, ਪੰਜਾਂ ਬਾਣੀਆਂ ਦਾ ਪਾਠ ਕਰਦੇ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪਾਠ ਉੱਚੀ ਕਰਨਾ ਚਾਹੀਦਾ ਹੈ। ਇਕ ਤਾਂ ਇਸ ਕਰਕੇ ਕਿ ਕੰਨਾਂ ਨੂੰ ਜ਼ਰੂਰ ਸੁਣਾਈ ਦੇਣਾ ਚਾਹੀਦਾ ਹੈ ਤੇ ਦੂਜਾ ਇਸ ਕਰਕੇ ਕਿ ਤੇਤੀ ਕਰੋੜ ਦੇਵਤੇ ਤੇ ਹੋਰ ਬਦਰੂਹਾਂ ਦਾ ਪਾਠ ਸੁਣਨ ਨਾਲ ਉਧਾਰ ਹੁੰਦਾ ਹੈ ਤੇ ਉਹ ਜਨਮ ਮਰਨ ਤੋਂ ਛੁੱਟ ਜਾਂਦੇ ਹਨ। ਹੁਣ ਰੱਬ ਹੀ ਜਾਣਦਾ ਹੈ ਉਨ੍ਹਾਂ ਦੀ ਇਹ ਗੱਲ ਕਿਥੋਂ ਤਾਈਂ ਸੱਚ ਹੈ। ਪਰ ਇਸ ਵਿਚ ਸ਼ੱਕ ਨਹੀਂ ਕਿ ਇਹ ਆਪਣਾ ਨਿਤਨੇਮ ਕਦੇ ਨਹੀਂ ਖੁੰਝਣ ਦੇਂਦੇ। ਪਾਠ ਤੋਂ ਬਾਅਦ ਅਰਦਾਸ ਵੀ ਬਹੁਤ ਵਧੀਆ ਕਰਦੇ ਹਨ ਤੇ ਕਈ ਵਾਰ ਵੈਰਾਗ ਵਿਚ ਵੀ ਆ ਜਾਂਦੇ ਹਨ। ਵੇਖਣ ਵਾਲੇ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਉਹ ਰੋ ਰਹੇ ਹੋਣ ਪਰ ਅੱਖਾਂ ਵੱਲ ਵੇਖੋ ਤਾਂ ਸੁੱਕੀਆਂ ਹੀ ਹੁੰਦੀਆਂ ਹਨ। ਗੁਰੂ ਗੁਰੂ ਸ਼ਬਦ ਦਾ ਉਚਾਰਨ ਨਾਭੀ ਵਿਚੋਂ ਕਰਦੇ ਹਨ ਤੇ ਕਿੰਨਾ ਕਿੰਨਾ ਚਿਰ ਹੀ ਕਰਦੇ ਰਹਿੰਦੇ ਹਨ। ਜਦੋਂ ਨਵੇਂ ਨਵੇਂ ਆਏ ਸਨ ਉਦੋਂ ਤਾਂ ਮਹੀਨਾ ਡੇਢ ਮਹੀਨਾ ਗੁਰੂ ਗੁਰੂ ਗੁਰੂ ਸ਼ਬਦ ਬਹੁਤ ਜਪਿਆ ਕਰਦੇ ਸਨ। ਪਰ ਹੁਣ ਤਾਂ ਜੇਲ੍ਹ ਦੇ ਤਨਾਅ ਭਰਪੂਰ ਵਾਤਾਵਰਨ ਵਿਚ ਉਨ੍ਹਾਂ ਦਾ ਇਹ ਅਭਿਆਸ ਘੱਟ ਗਿਆ ਜਾਪਦਾ ਹੈ। ਅੱਗੇ ਵਾਂਗ ਘੱਟ ਹੀ ਕਰਦੇ ਸੁਣੇ ਹਨ ਪਰ ਨਿਤਨੇਮ ਅੱਗੇ ਵਾਂਗ ਹੀ ਕਰਦੇ ਹਨ। ਇਨ੍ਹਾਂ ਦਾ ਕੱਦ ਵੀ ਛੇ ਫੁੱਟ ਹੀ ਹੋਵੇਗਾ ਤੇ ਬੂਟ ਵੱਡੇ ਯਾਰਾਂ ਨੰਬਰ। ਹੁਣ ਅੱਜਕੱਲ੍ਹ ਉਨ੍ਹਾਂ ਦਾ ਸਜਾ ਹੱਥ ਕੁਝ ਜ਼ਿਆਦਾ ਹੀ ਹਿਲਣ ਲੱਗ ਪਿਆ ਹੈ। ਡਾਕਟਰ ਨੇ ਤਾਕਤ ਦੇ ਟੀਕੇ ਵੀ ਦਿੱਤੇ ਹਨ, ਪਰ ਬਹੁਤਾ ਫਰਕ ਨਹੀਂ ਪਿਆ। ਉਹ ਹੋਮੋਪੈਥੀ ਦੇ ਵੀ ਮਾਹਰ ਹਨ ਤੇ ਉਸ ਬਾਰੇ ਕਾਫੀ ਕੁਝ ਜਾਣਦੇ ਹਨ। ਉਨ੍ਹਾਂ ਨੇ ਨਾਮ ਤਾਂ ਬਹੁਤ ਜਪਿਆ ਹੋਵੇਗਾ ਪਰ ਉਨ੍ਹਾਂ ਦੀ ਸੰਗਤ ਖਾੜਕੂ ਸਿੰਘਾਂ ਨਾਲ ਨਹੀਂ ਰਹੀ ਲੱਗਦੀ। ਢੋਲਕੀ ਛੈਣੇ ਵਜਾਉਣ ਤੇ ਸ਼ਬਦ ਕੀਰਤਨ ਕਰਨ ਵਾਲਿਆਂ ਨਾਲ ਹੀ ਸੰਗਤ ਰਹੀ ਲੱਗਦੀ ਹੈ। ਕਿਉਂਕਿ ਡਰਪੋਕ ਬਹੁਤ ਹਨ ਤੇ ਕਦੀ ਖਾੜਕੂ ਸਟੈਂਡ 'ਤੇ ਨਹੀਂ ਖਲੋਂਦੇ। ਏਥੋਂ ਤੱਕ ਕਿ ਉਨ੍ਹਾਂ ਨੂੰ ਗਾਲ੍ਹ ਵੀ ਢੱਜ ਨਾਲ ਨਹੀਂ ਕੱਢਣੀ ਆਉਂਦੀ ਤੇ ਗਾਲ੍ਹ ਨੂੰ ਕੱਢਣ ਲੱਗੇ ਉਲਟ ਪੁਲਟ ਕਰ ਦੇਂਦੇ ਹਨ। ਸਾਨੂੰ ਉਨ੍ਹਾਂ ਦੀ ਇਸ ਗੱਲ 'ਤੇ ਬਹੁਤ ਹਾਸਾ ਆਉਂਦਾ ਹੈ। ਪਰ ਉਨ੍ਹਾਂ ਨੂੰ ਕਦੀ ਪਤਾ ਨਹੀਂ ਲੱਗਦਾ ਕਿ ਅਸੀਂ ਕਿਉਂ ਹੱਸਦੇ ਹਾਂ।

ਅਵਤਾਰ ਸਿੰਘ ਦੇ ਆਉਣ ਨਾਲ ਜੇਲ੍ਹ ਅਧਿਕਾਰੀ ਬਹੁਤ ਡਰਨ ਲੱਗ ਪਏ। ਕਿਉਂਕਿ ਜਦੋਂ ਉਸ ਦਾ ਵਰੰਟ ਆਇਆ ਤਾਂ ਨਾਲ ਥੱਬਾ ਵਰੰਟਾਂ ਦਾ ਪੰਜਾਬ ਪੁਲਿਸ ਦਾ ਵੀ ਆ ਗਿਆ। ਜੇਲ੍ਹ ਵਾਲਿਆਂ ਦਾ ਏਨੇ ਵਰੰਟ ਵੇਖ ਕੇ ਉਸ ਨੂੰ ਅਸਲ ਅੱਤਵਾਦੀ ਸਮਝਣਾ ਕੁਦਰਤੀ ਗੱਲ ਸੀ। ਭਾਵੇਂ ਸਾਨੂੰ ਵੀ ਉਹ ਖਤਰਨਾਕ ਅੱਤਵਾਦੀਆਂ ਦੀ ਸੂਚੀ ਵਿਚ ਰੱਖਦੇ ਸਨ ਪਰ ਉਸ ਦੀ ਤਾਂ ਹੱਦਾਂ ਬੰਨੇ ਟੱਪਣ ਵਾਲੀ ਗੱਲ ਸੀ। ਇਸ ਨਾਲ ਸਾਡੀ ਤਾਕਤ ਕਾਫੀ ਵਧ ਗਈ ਤੇ ਜੇਲ੍ਹ ਅਧਿਕਾਰੀ ਆਪਣੇ ਆਪ ਹੀ ਡਰਨ ਲੱਗ ਪਏ। ਨਾਲੇ ਦੋ ਬੰਦਿਆਂ ਦੇ ਹੋਰ ਆਉਣ ਨਾਲ ਸਾਡੀ ਕੁਲ ਗਿਣਤੀ ਬਾਰਾਂ ਹੋ ਗਈ। ਇਸ ਦਾ ਵੀ ਕਾਫੀ ਅਸਰ ਪਿਆ।

ਸਾਡੇ ਵਾਰਡ ਦਾ ਹੈੱਡ ਵਾਰਡਨ ਉਹ ਬੰਦਾ ਲਾਇਆ ਗਿਆ ਜੋ ਪਹਿਲਾਂ ਚੱਕਰ ਚੀਫ ਸੀ। ਚੱਕਰ ਚੀਫ ਆਮ ਤੌਰ 'ਤੇ ਬਹੁਤ ਹੀ ਸਖਤ ਆਦਮੀ ਨੂੰ ਲਾਇਆ ਜਾਂਦਾ ਹੈ। ਚੱਕਰ ਹੀ ਜੇਲ੍ਹ ਦੀ ਐਸੀ ਥਾਂ ਹੈ ਜਿਸ ਨੂੰ ਕੇਂਦਰ ਬਿੰਦੂ ਕਿਹਾ ਜਾ ਸਕਦਾ ਹੈ। ਕੋਈ ਨਵਾਂ ਕੈਦੀ ਆਵੇ ਉਹ ਪਹਿਲਾਂ ਚੱਕਰ 'ਤੇ ਜਾਏਗਾ ਤੇ ਫੇਰ ਕਿਸੇ ਵਾਰਡ ਵਿਚ ਭੇਜਿਆ ਜਾਵੇਗਾ। ਜੇ ਚਿੱਠੀ ਆਵੇ ਤਾਂ ਉਹ ਚੱਕਰ 'ਤੇ ਪਹਿਲਾਂ ਜਾਵੇਗੀ ਤੇ ਉਥੋਂ ਸਬੰਧਤ ਵਾਰਡ ਨੂੰ ਭੇਜੀ ਜਾਵੇਗੀ। ਜੇ ਕਿਸੇ ਦੀ ਕੋਈ ਸ਼ਿਕਾਇਤ ਹੋਵੇ (ਲੜਨ ਝਗੜਨ ਦੀ ਜਾਂ ਮਾਰ ਕੁਟਾਈ ਦੀ) ਤਾਂ ਉਸ ਨੂੰ ਵੀ ਫੜ ਕੇ ਚੱਕਰ 'ਤੇ ਲਿਜਾਇਆ ਜਾਂਦਾ ਹੈ, ਗੱਲ ਕੀ ਹਰ ਗੱਲ ਵਿਚ ਚੱਕਰ ਲਫਜ਼ ਪਹਿਲਾਂ ਆਉਂਦਾ ਹੈ। ਏਥੋਂ ਤੱਕ ਕਿ ਜੇ ਕਿਸੇ ਦੀ ਰਿਹਾਈ ਦਾ ਹੁਕਮ ਆ ਜਾਵੇ ਤਾਂ ਉਸ ਨੂੰ ਵੀ ਪਹਿਲਾਂ ਚੱਕਰ 'ਤੇ ਭੇਜਿਆ ਜਾਂਦਾ ਹੈ ਤੇ ਫਿਰ ਡਿਉਢੀ ਵਿਚੋਂ ਉਸ ਨੂੰ ਰਿਹਾ ਕੀਤਾ ਜਾਂਦਾ ਹੈ। ਜੇ ਕਿਸੇ ਦੀ ਸਵੇਰੇ ਤਰੀਖ ਹੋਵੇ ਤਾਂ ਚੱਕਰ ਵਾਲੇ ਹੀ ਸਬੰਧਤ ਵਾਰਡ ਨੂੰ ਇਸ ਬਾਰੇ ਦੱਸਦੇ ਹਨ। ਪਰ ਸਾਡੇ ਕੇਸ ਵਿਚ ਚੱਕਰ ਨਾਂ ਦੀ ਕੋਈ ਚੀਜ਼ ਨਹੀਂ ਸੀ ਆਈ ਤੇ ਸਭ ਕੁਝ ਬਾਈਪਾਸ ਹੀ ਹੋਇਆ ਸੀ। ਅੱਜ ਤੱਕ ਸਾਡਾ ਕੁਝ ਵੀ ਚੱਕਰ ਨਾਲ ਸਬੰਧਤ ਨਹੀਂ। ਮੈਨੂੰ ਅਜੇ ਅੱਜ ਹੀ ਕਿਸੇ ਨੇ ਦੱਸਿਆ ਹੈ ਕਿ ਚੌਹਾਂ ਜੇਲ੍ਹਾਂ ਦੀ ਅਬਾਦੀ 3900 ਦੇ ਲਗਪਗ ਦੀ ਸੂਚੀ ਤਿਆਰ ਹੋਈ ਹੈ, ਜਿਨ੍ਹਾਂ ਵਿਚੋਂ ਅਤਿ ਖ਼ੂੰ-ਖਾਰ ਕੈਦੀਆਂ ਤੇ ਹਵਾਲਾਤੀਆਂ ਦੀ 126 ਬੰਦਿਆਂ ਦੀ ਸੂਚੀ ਤਿਆਰ ਹੋਈ ਹੈ, ਜਿਨ੍ਹਾਂ ਵਿਚ ਸਾਡਾ ਪਾਰਲੀਮੈਂਟ ਉਡਾਉਣ ਵਾਲਿਆਂ ਦਾ ਨਾਂ ਸਭ ਤੋਂ ਉੱਤੇ ਹੈ। ਏਥੋਂ ਹੀ ਪਤਾ ਲੱਗ ਜਾਂਦਾ ਹੈ ਕਿ ਚੱਕਰ ਚੁੱਕਰ ਨੇ ਵਿਚ ਕਿਧਰੋਂ ਆਉਣਾ ਹੈ। ਸੋ ਚੱਕਰ ਚੀਫ, ਵਾਰਡ ਦੇ ਸਾਰੇ ਹੈੱਡ ਵਾਰਡਨਾਂ ਤੋਂ ਸੀਨੀਅਰ ਤੇ ਚੁਣਵਾਂ ਬੰਦਾ ਹੁੰਦਾ ਹੈ। ਸਾਡੇ ਵਾਰਡ ਵਿਚ ਉਸ ਨੂੰ ਚੱਕਰ ਚੀਫ ਤੋਂ ਹਟਾ ਕੇ ਸਪੈਸ਼ਲ ਲਾਇਆ ਗਿਆ ਸੀ।

ਹੁਣ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਸ ਨੂੰ ਕਿਉਂ ਲਾਇਆ ਗਿਆ ਸੀ। ਸਿਰਫ ਤੇ ਸਿਰਫ ਸਾਨੂੰ ਸਿਧਿਆਂ ਕਰਨ ਵਾਸਤੇ ਇਸ ਆਦਮੀ ਨੂੰ ਭੇਜਿਆ ਗਿਆ ਸੀ। ਬਿਲਕੁਲ ਏਸੇ ਤਰ੍ਹਾਂ ਹੀ ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਰਿਬੇਰੋ ਨੂੰ ਪੰਜਾਬ ਭੇਜਿਆ ਹੈ। ਏਥੇ ਕਿਹਾ ਜਾ ਸਕਦਾ ਹੈ ਕਿ ਸੁਖਬੀਰ ਨਾਂ ਦਾ ਹਰਿਆਣਵੀ ਸਾਡੇ ਵਾਰਡ ਦਾ ਰਿਬੇਰੋ ਸੀ। ਜਦੋਂ ਉਹ ਆਇਆ ਤਾਂ ਅਸੀਂ ਉਦੋਂ ਬੰਦ ਸੀ। ਵਾਰਡ ਵਿਚ ਕਿਸੇ ਹੈੱਡ ਵਾਰਡਨ ਜਾ ਵਾਰਡਨ ਦੇ ਹੱਥ ਵਿਚ ਕੋਈ ਸੋਟੀ ਜਾਂ ਹੋਰ ਚੀਜ਼ ਨਹੀਂ ਹੁੰਦੀ ਪਰ ਚੱਕਰ ਚੀਫ ਕੋਲ ਇਕ ਡੰਡਾ ਹੁੰਦਾ ਹੈ। ਸੁਖਬੀਰ ਦੇ ਹੱਥ ਸਾਡੇ ਵਾਰਡ ਵਿਚ ਆਏ ਦੇ ਵੀ ਡੰਡਾ ਸੀ। ਅਸੀਂ ਤਾਂ ਵੱਡਿਆਂ ਵੱਡਿਆਂ ਨੂੰ ਟਿੱਚ ਗਿਣਦੇ ਸੀ, ਇਸ ਨੂੰ ਅਸਾਂ ਕਿੰਨੀ ਕੁ ਮਹਤੱਤਾ ਦੇਣੀ ਸੀ। ਪਰ ਉਸ ਦੇ ਆਉਂਦਿਆਂ ਹੀ ਸਾਰਾ ਖੇਲ੍ਹ ਹੋਰ ਦਾ ਹੋਰ ਹੀ ਹੋ ਗਿਆ। ਤਿਆਗੀ ਤੇ ਅਜਯ, ਉਸ ਦੀ ਆਉਂਦੇ ਹੀ ਨਜ਼ਰ ਪੈ ਗਏ। ਅਸੀਂ ਤਾਂ ਦਸ ਵਜੇ ਤੱਕ ਵੀ ਚੱਕੀਆਂ ਵਿਚ ਬੰਦ ਸੀ ਪਰ ਉਹ ਸਵੇਰੇ ਛੇ ਵਜੇ ਦੇ ਖੁੱਲ੍ਹੇ ਸਨ ਤੇ ਏਧਰ ਓਧਰ ਘੁੰਮ ਫਿਰ ਰਹੇ ਸਨ। ਉਸ ਨੇ ਆਉਂਦੇ ਨੇ ਹੀ ਉੱਚੀ ਉੱਚੀ ਬੋਲਣਾ ਸ਼ੁਰੂ ਕਰ ਦਿੱਤਾ ਤੇ ਤਿਆਗੀ ਨੂੰ ਚੱਕੀ ਵਿਚ ਬੰਦ ਕਰਨ ਵਾਸਤੇ ਵਾਰਡਨ ਨੂੰ ਕਹਿ ਦਿੱਤਾ। ਉਸ ਨੇ ਝਟ ਉਸ ਨੂੰ ਬੰਦ ਕਰ ਦਿੱਤਾ।

ਅਜਯ ਦੇ ਵਿਰੁੱਧ ਵੀ ਉਹ ਬੜਾ ਆਲਤੂ ਫਾਲਤੂ ਬੋਲਿਆ। ਸਾਨੂੰ ਕੁਝ ਸਮਝ ਨਾ ਆਵੇ ਕਿ ਇਸ ਨੇ ਰਿਵਾਜ ਅਨੁਸਾਰ ਲੜਨਾ ਭਿੜਨਾ ਤਾਂ ਸਾਡੇ ਨਾਲ ਸੀ, ਅੱਜ ਇਹ

ਕੀ ਉਲਟਾ ਹੀ ਸਬੱਬ ਬਣ ਗਿਆ? ਕਿਉਂਕਿ ਜਦੋਂ ਦੇ ਅਸੀਂ ਆਏ ਸੀ ਹਰ ਵਾਰਡਨ ਆਪਣਾ ਫਰਜ਼ ਸਮਝਦਾ ਸੀ ਕਿ ਉਹ ਆਉਂਦਾ ਹੀ ਸਾਡੇ ਨਾਲ ਲੜੇ। ਉਸ ਦੇ ਦੋ ਕਾਰਣ ਸਨ, ਇਕ ਤਾਂ ਇਸ ਵਾਰਡ ਦਾ ਸ਼ੁਰੂ ਤੋਂ ਹੀ ਇਹ ਦਸਤੂਰ ਰਿਹਾ ਹੈ ਕਿ ਕਸੂਰੀ ਬੰਦ ਕੀਤੇ ਬੰਦੇ ਨਾਲ ਮਾੜਾ ਵਿਹਾਰ ਕਰਨਾ ਹੀ ਹੈ, ਦੂਸਰਾ ਸਖਤੀ ਕੀਤਿਆਂ ਹੀ ਪੈਸੇ ਮਿਲਦੇ ਸਨ। ਉਂਵੇਂ ਪੈਸੇ ਕੌਣ ਦੇਂਦਾ ਹੈ? ਸਾਡੇ ਕੇਸ ਵਿਚ ਤਾਂ ਇਕ ਤੀਸਰਾ ਕਾਰਣ ਸਾਡਾ ਸਿੱਖ ਹੋਣਾ ਵੀ ਸੀ। ਸਾਰੇ ਆਉਂਦੇ ਹੀ ਭਦੂੜ ਚੁਕਦੇ ਸਨ, ਪਰ ਸਾਡੀ ਇਕ ਘੁਰਕੀ ਨਾਲ ਹੀ ਉਹ ਮੂਤ ਦੀ ਝੱਗ ਵਾਂਗ ਬਹਿ ਜਾਂਦੇ ਸਨ। ਕਿਉਂਕਿ ਉਹ ਬੰਬ ਕਾਂਡ ਵਾਲੇ ਸਿੱਖਾਂ ਦੇ ਗਿਝੇ ਹੋਏ ਸਨ ਪਰ ਏਥੇ ਦਿੱਲੀ ਦੇ ਸਿੱਖਾਂ ਨਾਲ ਨਹੀਂ, ਪੰਜਾਬ ਦੇ ਅੱਤਵਾਦੀਆਂ ਨਾਲ ਵਾਹ ਸੀ। ਜਦੋਂ ਦਿੱਲੀ ਬੰਬ ਕਾਂਡ ਵਾਪਰਿਆ ਤਾਂ ਦਿੱਲੀ ਦਾ ਕੋਈ ਢਾਈ ਸੌ ਤੋਂ ਤਿੰਨ ਸੌ ਸਿੱਖ ਫੜਿਆ ਗਿਆ। ਮਾਮੂਲੀ ਤੋਂ ਮਾਮੂਲੀ ਕੈਦੀ, ਏਥੋਂ ਤੱਕ ਕਿ ਝਾੜੂ ਫੇਰਨ ਤੇ ਗਟਰ ਖੋਲ੍ਹਣ ਵਾਲਿਆਂ ਨੇ ਵੀ ਉਨ੍ਹਾਂ ਨੂੰ ਫਿਟਕਾਂ ਪਾਈਆਂ। ਉਨ੍ਹਾਂ ਦੇ ਮੂੰਹ 'ਤੇ ਥੁਕਿਆ, ਉਨ੍ਹਾਂ ਨੂੰ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢੀਆਂ ਤੇ ਕਈ ਕੈਦੀਆਂ ਨੇ ਉਨ੍ਹਾਂ ਨੂੰ ਮਾਰਿਆ ਵੀ। ਉਨ੍ਹਾਂ ਨੂੰ ਮਾਰਨ ਕੁੱਟਣ ਵਾਸਤੇ ਕਰਮਚਾਰੀਆਂ ਨੇ ਪੂਰੀ ਸਹਾਇਤਾ ਕੀਤੀ। ਉਨ੍ਹਾਂ ਦੀਆਂ ਦਾਹੜੀਆਂ ਦੀ ਬੇਅਦਬੀ ਕੀਤੀ ਜਾਂਦੀ ਸੀ। ਕਈ ਵਾਰਡਨਾਂ ਨੇ ਤਾਂ ਲੰਬੇ ਲੰਬੇ ਬਾਂਸ ਦੇ ਵੰਝ ਲੈ ਲਏ ਤੇ ਬੰਦ ਹੋਇਆਂ ਨੂੰ ਹੀ ਬਾਹਰੋਂ ਬਾਸਾਂ ਦੀਆਂ ਹੁੱਝਾਂ ਮਾਰਦੇ। ਫਿਰ ਹੈੱਡ ਵਾਰਡਨ ਬਾਹਰ ਕੱਢ ਲੈਂਦੇ ਤੇ ਖੂਬ ਕੁਟਦੇ। ਕੁਟਣ ਨਾਲੋਂ ਜਿਆਦਾ ਉਨ੍ਹਾਂ ਦੇ ਕੇਸਾਂ ਦੀ ਬੇਅਦਬੀ ਕਰਦੇ। ਉਨ੍ਹਾਂ ਦੇ ਕਪੜੇ ਲਾਹ ਕੇ ਅਲਫ ਨੰਗੇ ਕਰ ਦੇਂਦੇ ਤੇ ਫਿਰ ਪੂਰੇ ਵਾਰਡ ਦਾ ਚੱਕਰ ਕਢਵਾਉਂਦੇ। ਉਹ ਵਿਚਾਰੇ ਦਿੱਲੀ ਦੇ ਭਾਪੇ ਮਿੰਨਤਾਂ ਕਰਦੇ "ਭਿਰਾ ਜੀ ਮੁਆਫ ਕਰੋ, ਅਸਾਂ ਕੁਝ ਨਾ ਕੀਤਾ, ਨਿਰਦੋਸ਼ ਆਹੇ"। ਪਰ ਜੋ ਕੁਝ ਇਸ ਜੇਲ੍ਹ ਦੇ ਕੈਦੀਆਂ ਤੇ ਸਟਾਫ ਨੇ ਕੀਤਾ ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਕਲਮ ਏਥੇ ਹੋਰ ਲਿਖਣ ਤੋਂ ਝਿਜਕਦੀ ਹੈ। ਸਮਝਿਆ ਜਾ ਤਸੱਵਰ ਹੀ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਸਿੱਖਾਂ ਨਾਲ ਕੀ ਕੀ ਨਹੀਂ ਹੋਇਆ ਹੋਵੇਗਾ?

ਬੰਬ ਕਾਂਡ ਦੇ ਮੁੱਖ ਦੋਸ਼ੀ ਦਿੱਲੀ ਦੇ ਇਨਕਮ ਟੈਕਸ ਦੇ ਵਕੀਲ ਸਰਦਾਰ ਕਰਤਾਰ ਸਿੰਘ ਨਾਰੰਗ, ਜੋ ਅਜੇ ਵੀ ਚੌਦਾਂ ਨੰਬਰ ਵਾਰਡ ਵਿਚ ਹਨ, ਨਾਲ ਵੀ ਬੜਾ ਕੁਝ ਵਾਪਰਿਆ। ਜੇਲ੍ਹ ਵਿਚ ਕਈਆਂ ਵੀਹ ਸਾਲਿਆਂ ਜਾਂ ਟੁੱਚੀ ਜਹੇ ਕੈਦੀਆਂ ਨੇ ਕਬੂਤਰ ਰੱਖੇ ਹੋਏ ਸਨ। ਦਿੱਲੀ ਦੇ ਭਾਪਿਆਂ ਨੂੰ ਉਹ ਮਜਬੂਰ ਕਰਦੇ ਕਿ ਸਾਡੇ ਕਬੂਤਰਾਂ ਲਈ ਬਦਾਮ ਮੰਗਵਾ ਕੇ ਦਿਓ ਨਹੀਂ ਤਾਂ ਕੁਟਾਪਾ ਕਰਾਂਗੇ। ਉਹ ਵਿਚਾਰੇ ਡਰਦੇ ਮਾਰੇ ਬਦਾਮ ਮੰਗਵਾ ਕੇ ਦਿੰਦੇ ਤੇ ਉਹ ਕਬੂਤਰਬਾਜ਼ ਰਾਤ ਨੂੰ ਗਿਰੀਆਂ ਭਿਉਂ ਕੇ ਸਵੇਰੇ ਕਬੂਤਰਾਂ ਨੂੰ ਖਵਾਉਂਦੇ। ਪਰ ਅਸਾਂ ਉਨ੍ਹਾਂ ਚਿਰ ਸਾਹ ਨਾ ਲਿਆ ਜਿੰਨਾ ਚਿਰ ਜੇਲ੍ਹ ਵਿਚੋਂ ਕਬੂਤਰ ਨਾ ਕਢਵਾਏ। ਵੇਖੋ ਰੱਬ ਦੇ ਰੰਗ, ਕਈ ਬੀਬੇ ਕਬੂਤਰ ਸੁਖਬੀਰ ਸਿੰਘ ਖਾਲਸਾ ਦਿੱਲੀ ਵਾਲੇ ਨੇ ਤੇ ਗੁਰਨਾਮ ਸਿੰਘ ਹਰਿਆਣੇ ਵਾਲੇ ਨੇ ਮਰੋੜ ਮਰੋੜ ਕੇ ਮਾਸ ਬਣਾ ਕੇ ਸ. ਕਰਤਾਰ ਸਿੰਘ ਨਾਰੰਗ ਨੂੰ ਛਕਾਏ। ਇਹ ਉਹ ਹੀ ਕਬੂਤਰ ਸਨ, ਜਿਹੜੇ ਰੋਜ ਗਿਰੀਆਂ ਛਕਦੇ ਸਨ। ਇਹ ਸੀ ਪੰਜਾਬ ਦੇ ਅੱਤਵਾਦੀਆਂ ਦੀ ਉਨ੍ਹਾਂ ਗੋਲੇ ਕਬੂਤਰਾਂ ਲਈ ਪਹਿਲੀ ਕਾਰਵਾਈ। ਸੁਖਬੀਰ ਸਿੰਘ ਦਿੱਲੀ ਨੇ ਸਾਨੂੰ ਇਕ ਵਾਰ ਹਾਸੇ ਦੀ ਗੱਲ ਸੁਣਾਈ। ਉਹ ਕਹਿਣ ਲੱਗੇ, ਮੈਂ ਜਦੋਂ ਕਿਸੇ ਕਬੂਤਰ ਨੂੰ ਫੜ ਕੇ ਉਸ ਦੀ ਧੌਣ ਮਰੋੜਨ ਲਗਦਾ ਹਾਂ, ਤਾਂ ਮੈਨੂੰ ਸ਼ੋਲੇ

ਫਿਲਮ ਦੇ ਡਾਇਲਾਗ ਯਾਦ ਆ ਜਾਂਦੇ ਹਨ, ਜਿਸ ਵਿਚ ਗੱਬਰ ਸਿੰਘ ਨੂੰ ਦੂਜੇ ਡਾਕੂ ਕਹਿੰਦੇ ਹਨ, "ਸਰਦਾਰ ਬਰਸੋਂ ਆਪ ਕਾ ਨਮਕ ਖਾਇਆ ਹੈ", ਏਸੇ ਤਰ੍ਹਾਂ ਹੀ ਮੈਨੂੰ ਲਗਦਾ ਹੈ, ਜਿਵੇਂ ਕਬੂਤਰ ਮੈਨੂੰ ਕਹਿ ਰਹੇ ਹਨ, "ਸਰਦਾਰ ਆਪ ਲੋਗੋਂ ਕੇ ਬਦਾਮ ਖਾ ਕੇ ਹੀ ਹਮ ਇਤਨੇ ਮੋਟੇ ਹੂਏ ਹੈਂ।" ਅਸਾਂ ਪੁਛਿਆ, "ਫਿਰ ਤੂੰ ਅਗੋਂ ਕੀ ਕਹਿੰਦਾ ਹੈਂ" ਉਹ ਕਹਿਣ ਲੱਗਾ ਮੈਂ ਕਹਿੰਦਾ ਹਾਂ, "ਅਬ ਤੁਮਹੇਂ ਕਰਤਾਰ ਸਿੰਘ ਨਾਰੰਗ ਖਾਏਗਾ," ਤੇ ਫਿਰ ਅਸੀਂ ਹੱਸਦੇ ਰਹਿੰਦੇ। ਅਸਾਂ ਗੋਲੇ ਕਬੂਤਰਾਂ ਦਾ ਜੇਲ੍ਹ ਵਿਚੋਂ ਬੀ ਨਾਸ ਹੀ ਕਰ ਦੇਣ ਦਾ ਦ੍ਰਿੜ ਇਰਾਦਾ ਕਰ ਲਿਆ ਸੀ। ਸਾਨੂੰ ਕਬੂਤਰਾਂ ਨਾਲ ਕੋਈ ਖੁੰਦਕ ਨਹੀਂ ਸੀ। ਕਬੂਤਰਾਂ ਵਾਲੇ ਸਾਨੂੰ ਸਿੱਖਾਂ ਦੇ ਦੁਸ਼ਮਣ ਦਿਸਦੇ ਸਨ। ਹੁਣ ਹਾਲਾਤ ਪਾਸਾ ਪਲਟ ਗਏ ਸਨ। ਮਾੜਾ ਜਿਹਾ ਕੋਈ ਵਾਰਡਨ ਉੱਚੀ ਬੋਲਿਆ ਨਹੀਂ ਤੇ ਅਸੀਂ ਉਸ ਦੇ ਗੱਲ ਪਏ ਨਹੀਂ। ਕਿਸੇ ਦੀ ਕੀ ਮਜਾਲ ਕਿ ਉਹ ਸਾਡੇ ਵਾਰਡ ਵਿਚ ਆ ਕੇ ਬੀੜੀ ਸਿਗਰਟ ਪੀ ਜਾਵੇ। ਮਾੜੀ ਜਿਹੀ ਬਦਬੋ ਆਈ ਨਹੀਂ ਕਿ ਦਬਕਾ ਵੱਜਾ ਨਹੀਂ "ਕਿਹੜਾ ਏਂ ਉਏ ਤੂੰ ਏਥੇ ਸਿਗਰਟ ਪੀਂਦਾ?" ਜਾਂ ਕਈ ਵਾਰ ਕਹਿੰਦੇ "ਗਧੀ ਚੁੰਘਦੇ! ਕਰ ਏਹਨੂੰ ਬੰਦ"। ਬਾਕੀ ਜੋ ਕੁਝ ਹੋਰ ਕਿਹਾ ਜਾਂਦਾ, ਉਹ ਏਥੇ ਲਿਖਣ ਦੀ ਲੋੜ ਨਹੀਂ। ਉਹ ਫੱਟ ਬੀੜੀ ਸਿਗਰਟ ਬੰਦ ਕਰ ਦੇਂਦਾ ਤੇ ਆ ਕੇ ਮੁਆਫ਼ੀ ਮੰਗਦਾ। ਇਹ ਦੋਹਾਂ ਥਾਵਾਂ ਦੇ ਸਿੱਖਾਂ ਦਾ ਫਰਕ ਹੈ। ਗੱਲ ਲਾਂਭੇ ਚਲੀ ਗਈ। ਜਦੋਂ ਉਹ ਹੌਲਦਾਰ ਨੇ ਸਾਨੂੰ ਨਾ ਬੁਲਾਇਆ ਤੇ ਅਜਯ ਤਿਆਗੀ ਨੂੰ ਬੰਦ ਕਰਵਾ ਦਿੱਤਾ ਤਾਂ ਸਾਨੂੰ ਕੁਝ ਸਮਝ ਨਾ ਆਵੇ ਕਿ ਇਹ ਕੀ ਮਾਜਰਾ ਹੈ? ਬਲਕਿ ਉਸ ਨੇ ਉਨ੍ਹਾਂ ਦੋਹਾਂ ਨਾਲ ਬਹੁਤ ਬੁਰਾ ਭਲਾ ਕਿਹਾ ਸੁਣਿਆ। ਫੇਰ ਸਾਨੂੰ ਖੁਲਵਾ ਦਿੱਤਾ। ਗੱਲ ਦਾ ਪਤਾ ਸਾਨੂੰ ਬਾਅਦ ਵਿਚ ਲੱਗਾ। ਉਹ ਇਹ ਕਿ ਜਦੋਂ ਚਾਰਲਸ ਸ਼ੋਬਰਾਜ ਤੇ ਡੇਵਿਡਹਾਲ ਨੇ ਅਜਯ ਤੇ ਤਿਆਗੀ ਨਾਲ ਮਿਲ ਕੇ ਜੇਲ੍ਹ 'ਚੋਂ ਭੱਜਣ ਦੀ ਸਕੀਮ ਬਣਾਈ ਤਾਂ ਇਹ ਸਕੀਮ ਭੱਜਣ ਤੋਂ ਕੋਈ ਇਕ ਸਾਲ ਪਹਿਲਾਂ ਤੋਂ ਹੀ ਸ਼ੁਰੂ ਹੋਈ ਸੀ। ਇਸ ਸਾਰੀ ਸਕੀਮ 'ਤੇ, ਲੋਕਾਂ ਦੇ ਕਹਿਣ ਅਨੁਸਾਰ, ਸੋਲ੍ਹਾਂ ਲੱਖ ਰੁਪਏ ਖਰਚ ਆਇਆ। ਛੋਟੇ ਤੋਂ ਲੈ ਕੇ ਵੱਡੇ ਅਫ਼ਸਰ ਤੱਕ ਨੂੰ ਖ਼ੁਸ਼ ਕੀਤਾ ਗਿਆ, ਗਿਫ਼ਟ ਦਿੱਤੇ ਗਏ, ਜਨਮ ਦਿਨ ਦੇ ਬਹਾਨੇ ਪਾਰਟੀਆਂ ਹੋਈਆਂ ਤੇ ਨਾਲ ਨਾਲ ਹੀ ਜ਼ਹਿਰ ਤੇ ਨੀਂਦ ਦੀਆਂ ਗੋਲੀਆਂ ਤੇ ਹੋਰ ਨੀਂਦ ਆਉਣ ਵਾਲੀਆਂ ਦਵਾਈਆਂ ਦੇ ਵੀ ਤਜਰਬੇ ਕੀਤੇ ਗਏ। ਇਕ ਸਾਲ ਲਗਾਤਾਰ ਤਜਰਬੇ ਹੁੰਦੇ ਰਹੇ ਤੇ ਦਵਾਈਆਂ ਦਾ ਅਸਰ ਵੇਖਿਆ ਜਾਂਦਾ ਰਿਹਾ।

ਇਕ ਵਾਰ ਇਸ ਸੁਖਬੀਰ 'ਤੇ ਵੀ ਤਜਰਬਾ ਹੋ ਗਿਆ। ਉਸ ਨਾਲ ਇਸ ਨੂੰ ਲੱਕਵਾ ਹੋ ਗਿਆ। ਇਹ ਉਦੋਂ ਦਾ ਹੀ ਇਨ੍ਹਾਂ ਸਾਰਿਆਂ ਨਾਲ ਲਗਦਾ ਸੀ ਤੇ ਮੌਕਾ ਮਿਲਣ 'ਤੇ ਇਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਬਹੁਤ ਚਿਰ ਬਿਮਾਰ ਰਹਿਣ ਤੋਂ ਬਾਅਦ ਠੀਕ ਹੋਇਆ ਸੀ। ਹੁਣ ਜਦੋਂ ਇਸ ਨੇ ਦੋਹਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਵੇਖਿਆ ਤਾਂ ਇਸ ਦਾ ਗੁੱਸਾ ਕਾਬੂ ਤੋਂ ਬਾਹਰ ਹੋ ਗਿਆ ਤੇ ਇਹ ਉਨ੍ਹਾਂ 'ਤੇ ਵਰ੍ਹ ਪਿਆ! ਹੁਣ ਇਹ ਇਕ ਮਨੋਵਿਗਿਆਨਕ ਤੱਥ ਹੈ ਕਿ ਆਦਮੀ ਇਕ ਵਕਤ, ਇਕ ਹੀ ਮੋਰਚੇ 'ਤੇ ਚੰਗੀ ਲੜਾਈ ਲੜ ਸਕਦਾ ਹੈ। ਉਸ ਨੇ ਆਉਂਦੇ ਨੇ ਹੀ ਉਨ੍ਹਾਂ ਵਿਰੁੱਧ ਮੋਰਚਾ ਲਾ ਲਿਆ, ਇਸ ਲਈ ਸਾਡੇ ਨਾਲ ਮੋਰਚਾ ਲਾਉਣ ਤੋਂ ਉਸ ਨੇ ਗੁਰੇਜ ਹੀ ਨਾ ਕੀਤਾ, ਬਲਕਿ ਸਾਡੀ ਹਮਦਰਦੀ ਲੈਣ ਦੀ ਵੀ ਕੋਸ਼ਿਸ਼ ਕੀਤੀ। ਉਸ ਨੇ ਆਉਂਦੇ ਨੇ ਹੀ ਸਾਨੂੰ ਖੁਲਵਾ ਦਿੱਤਾ। ਸਾਡੇ 'ਤੇ ਸਖ਼ਤ ਹੁਕਮ ਇਹ ਸੀ ਕਿ ਅਸੀਂ ਅਗਲੀਆਂ ਚੱਕੀਆਂ ਵਾਲੇ ਪਿਛੇ ਨਹੀਂ ਜਾ ਸਕਦੇ ਤੇ

ਪਿਛਲੀਆਂ ਵਾਲੇ ਅੱਗੇ ਨਹੀਂ ਆ ਸਕਦੇ। ਉਸ ਨੇ ਸਾਡੇ ਤੋਂ ਇਹ ਪਾਬੰਦੀ ਹਟਾ ਲਈ ਤੇ ਅਸੀਂ ਅੱਗੇ ਪਿਛੇ ਜਿਥੇ ਮਰਜੀ ਫਿਰ ਸਕਦੇ ਸੀ। ਇਹ ਗੱਲ ਉਸ ਨੇ ਸਾਨੂੰ ਆਉਂਦੇ ਨੇ ਹੀ ਆਖ ਦਿੱਤੀ। ਸਾਡੇ ਲਈ ਇਹ ਬੜੀ ਵੱਡੀ ਗੱਲ ਸੀ, ਅਸੀਂ ਏਨੀ ਰਿਆਇਤ ਨਾਲ ਖੁਸ਼ ਹੋਏ ਤੇ ਦਿਲ ਵਿਚ ਹੀ ਉਸ ਦੀ ਪ੍ਰਸ਼ੰਸਾ ਕੀਤੀ। ਇਸ ਤੋਂ ਪਹਿਲਾਂ ਸਾਡਾ ਇਕ ਹੋਰ ਹੈੱਡ ਵਾਰਡਨ ਸੀ, ਉਹ ਬਹੁਤ ਹੀ ਭਲਾ ਲੋਕ ਤੇ ਸ਼ਰੀਫ ਆਦਮੀ ਸੀ। ਪਰ ਉਸ ਵਿਚ ਅਫ਼ਸਰਾਂ ਦੇ ਦੱਸੇ ਤੋਂ ਇਕ ਇੰਚ ਵੀ ਅੱਗੇ ਹਿਲਣ ਦੀ ਜੁਅਰਤ ਨਹੀਂ ਸੀ। ਪਰ ਉਸ ਦੇ ਮੁਕਾਬਲੇ ਇਹ ਬਹੁਤ ਦਲੇਰ ਸੀ ਤੇ ਅਫ਼ਸਰਾਂ ਦੀ ਪਰਵਾਹ ਕੀਤੇ ਬਗੈਰ ਹੀ ਆਪਣੇ ਤੌਰ 'ਤੇ ਫੈਸਲੇ ਕਰਨ ਦੇ ਸਮਰੱਥ ਸੀ। ਇਸ ਦਾ ਕਹਿਣਾ ਸੀ ਹੈੱਡ ਵਾਰਡਨ ਮੈਂ ਹਾਂ, ਇਹ ਮੈਂ ਵੇਖਣਾ ਹੈ ਕਿ ਮੈਂ ਆਪਣਾ ਵਾਰਡ ਕਿਵੇਂ ਠੀਕ ਰੱਖਣਾ ਹੈ। ਉਦੋਂ ਵੀ ਸਾਡੇ 'ਤੇ ਇਹ ਪਾਬੰਦੀ ਸੀ ਕਿ ਸਾਨੂੰ ਦੋ ਅਫ਼ਸਰ ਹੀ ਵਾਰਡ ਵਿਚ ਬੈਠ ਕੇ ਖੋਲ੍ਹ ਸਕਦੇ ਹਨ। ਉਨ੍ਹਾਂ ਤੋਂ ਬਗੈਰ ਸਾਡਾ ਖੁੱਲ੍ਹਣਾ ਮਨ੍ਹਾਂ ਸੀ। ਇਸ ਨੇ ਆਉਂਦੇ ਹੀ ਆਖ ਦਿੱਤਾ "ਜਾਂ ਤੁਸੀਂ ਖੋਲ੍ਹ ਲਿਆ ਕਰੋ ਤੇ ਬੰਦ ਕਰ ਦਿਆ ਕਰੋ ਤੇ ਬੰਦੀ ਵਾਲੀ ਕਿਤਾਬ 'ਤੇ ਵੀ ਦਸਤਖਤ ਕਰਿਆ ਕਰੋ। ਜੇ ਬੰਦੀ ਵਾਲੀ ਕਿਤਾਬ 'ਤੇ ਦਸਤਖਤ ਮੈਂ ਕਰਨੇ ਹਨ ਤਾਂ ਫਿਰ ਤੁਹਾਡੇ ਏਥੇ ਬੈਠਣ ਦੀ ਕੀ ਲੋੜ ਹੈ?" ਗੱਲ ਕੀ, ਦਲੇਰੀ ਵਾਲੀ ਉਸ ਦੀ ਕਮਾਲ ਸੀ। ਅਸੀਂ ਪੂਰਾ ਇਕ ਮਹੀਨਾ (ਹੈੱਡ ਵਾਰਡਨ ਦਾ ਡਿਊਟੀ ਇਕ ਮਹੀਨਾ ਹੁੰਦੀ ਹੈ, ਉਸ ਤੋਂ ਬਾਅਦ ਉਹ ਬਦਲ ਜਾਂਦਾ ਹੈ) ਪੂਰਾ ਪੂਰਾ ਸਮਾਂ ਹੀ ਖੁਲ੍ਹਦੇ ਰਹੇ ਪਰ ਉਸ ਦੇ ਜਾਣ ਤੋਂ ਬਾਅਦ ਫਿਰ ਉਹ ਹੀ ਪਾਬੰਦੀ ਤੇ ਉਹ ਹੀ ਅੱਗੇ ਵਾਲੀਆਂ ਬੰਦਸ਼ਾਂ ਲੱਗ ਗਈਆਂ।

ਮਲੂਕ ਸਿੰਘ

ਸੁਖਬੀਰ ਨੂੰ ਆਏ ਨੂੰ ਅਜੇ ਚਾਰ ਕੁ ਦਿਨ ਹੀ ਹੋਏ ਸਨ ਕਿ ਉਸ ਨਾਲ ਅਸੀਂ ਹਸਪਤਾਲ ਗਏ। ਉਥੇ ਇਕ ਸਿੱਖ, ਡਾਕਟਰ ਕੋਲ ਉੱਚੀ ਉੱਚੀ ਸ਼ਿਕਾਇਤ ਕਰ ਰਿਹਾ ਸੀ, "ਡਾਕਟਰ ਜੀ, ਔਹ ਚੂਹੀ ਮੂਹਾਂ ਮੇਰੀ ਪਰਚੀ ਨਹੀਂ ਜੇ ਬਣਾਉਂਦਾ, ਉਹ ਨੂੰ ਸਮਝਾ ਲਉ, ਫੇਰ ਨਾ ਆਖਿਓ।" ਅਸੀਂ ਉਸ ਦੀ ਦਲੇਰੀ ਤੇ ਬੋਲੀ ਸੁਣ ਕੇ ਹੈਰਾਨ ਹੋ ਗਏ। ਬੋਲੀ ਉਸ ਦੀ ਠੇਠ ਮਝੈਲੀ ਸੀ ਤੇ ਦਲੇਰੀ ਦੀ ਗੱਲ ਇਹ ਕਿ ਜਿਸ ਡਾਕਟਰ ਕੋਲ ਉਹ ਉੱਚੀ ਉੱਚੀ ਸ਼ਿਕਾਇਤ ਕਰ ਰਿਹਾ ਸੀ, ਉਹ ਆਰ.ਐਮ.ਓ. ਸਾਰੀਆਂ ਜੇਲ੍ਹਾਂ ਦਾ ਵੱਡਾ ਡਾਕਟਰ ਸੀ। ਉਸ ਦੇ ਤਾਂ ਕਮਰੇ ਵਿਚ ਵੀ ਸਾਰੇ ਕੈਦੀ ਜੁੱਤੀ ਬਾਹਰ ਲਾਹ ਕੇ ਜਾਂਦੇ ਸਨ। ਉਸ ਨਾਲ ਏਨੀ ਜੁਅਰਤ ਨਾਲ ਗੱਲ ਕਰਨ ਵਾਲਾ ਸਾਧਾਰਨ ਤੇ ਗਰੀਬੜਾ ਜਿਹਾ ਸਿੱਖ, ਸਾਨੂੰ ਬਹੁਤ ਵਧੀਆ ਲੱਗਾ। ਡਾਕਟਰ ਮਦਰਾਸੀ ਸੀ ਤੇ ਉਸ ਦੀ ਬੋਲੀ ਨਹੀਂ ਸੀ ਸਮਝਦਾ ਪਰ ਉਸ ਨੂੰ ਇਹ ਤਾਂ ਪਤਾ ਲੱਗ ਹੀ ਰਿਹਾ ਸੀ ਕਿ ਇਹ ਕੋਈ ਸ਼ਿਕਾਇਤ ਕਰ ਰਿਹਾ ਹੈ। ਲਾਗੇ ਬੈਠਾ ਜੂਨੀਅਰ ਡਾਕਟਰ ਪੰਜਾਬੀ ਸੀ, ਉਹ ਉਠ ਕੇ ਬਾਹਰ ਆਇਆ ਤੇ ਪਰਚੀ ਬਣਾਉਣ ਵਾਲੇ ਨੂੰ ਕਿਹਾ, "ਉਸ ਦੀ ਪਰਚੀ ਬਣਾ ਦੇ।" ਸੁਖਬੀਰ ਨੇ ਉਸ ਨੂੰ ਬੁਲਾ ਲਿਆ ਤੇ ਸਾਨੂੰ ਵੀ ਆਉਣ ਦਾ ਇਸ਼ਾਰਾ ਕੀਤਾ। ਅਸੀਂ ਹਸਪਤਾਲ ਦੇ ਪਿੱਛੇ ਅਹਾਤੇ 'ਚ ਜਾ ਕੇ ਬੈਠ ਗਏ। ਫਿਰ ਉਸ ਨੇ ਕਿਹਾ, "ਮਲੂਕੇ ਇਨ ਕੋ ਗਾਨਾ ਸੁਣਾ ਦੇ।" ਉਸ ਦੇ ਕਹਿਣ ਦੀ ਦੇਰ ਸੀ ਕਿ ਉਸ ਨੇ ਝੱਟ ਗਲਾ ਸਾਫ ਕਰਕੇ ਪੁਛਿਆ "ਧਾਰਮਿਕ ਕਿ ਦੂਜਾ?" ਅਸਾਂ ਕਿਹਾ, "ਚੱਲ ਦੂਜਾ ਈ ਸੁਣਾ ਦੇ।" ਉਸ ਨੇ ਕਿਹਾ "ਇਹ ਮੈਂ ਆਪਣੇ ਸਕੂਲ ਦੇ ਵੇਲੇ ਦਾ ਆਪ ਹੀ ਜੋੜਿਆ ਹੈ"। ਫਿਰ ਉਸ ਨੇ ਗਾਣਾ ਸੁਣਾਉਣਾ ਸ਼ੁਰੂ ਕਰ

ਦਿੱਤਾ। ਇਸ ਤਰ੍ਹਾਂ ਅਸੀਂ ਚਾਰ-ਪੰਜ ਗਾਣੇ ਸੁਣੇ। ਉਸ ਨੂੰ ਪੁਛਿਆ, "ਤੂੰ ਕਿਥੋਂ ਦਾ ਹੈ?" ਉਸ ਨੇ ਦਸਿਆ "ਬਟਾਲੇ ਲਾਗੇ ਮੇਰਾ ਪਿੰਡ ਹੈ। ਮੈਂ ਏਥੇ ਗੁਰਦੁਆਰਾ ਸੀਸ ਗੰਜ ਸਾਹਿਬ ਆਇਆ ਸੀ। ਏਥੇ ਲੰਗਰ ਦੀ ਸੇਵਾ ਕਰਨ ਲੱਗ ਪਿਆ। ਮਜ਼੍ਹਬੀ ਸਿੰਘ ਹਾਂ। ਇਕ ਦਿਨ ਸੇਵਾ ਕਰਨ ਤੋਂ ਬਾਅਦ ਮੇਰਾ ਚਾਹ ਪੀਣ ਨੂੰ ਜੀ ਕਰ ਆਇਆ। ਪ੍ਰਬੰਧਕਾਂ ਨੇ ਕਿਹਾ ਹੁਣ ਏਥੇ ਤਾਂ ਸਮਾਪਤੀ ਕਰ ਦਿੱਤੀ ਹੈ। ਤੂੰ ਆਹ ਫੜ ਰੁਪਈਆ ਤੇ ਗੁਰਦੁਆਰੇ ਦੇ ਬਾਹਰ ਵਾਲੀ ਦੁਕਾਨ ਤੋਂ ਪੀ ਆ। ਮੈਂ ਰੁਪਈਆ ਲੈ ਕੇ ਚਾਹ ਦੀ ਦੁਕਾਨ 'ਤੇ ਚਲਾ ਗਿਆ। ਅਜੇ ਚਾਹ ਵੀ ਨਹੀਂ ਸੀ ਪੀਤੀ ਕਿ ਇਕ ਪਾਸਿਓਂ ਪੰਦਰਾਂ-ਵੀਹ ਬੰਦੇ ਭੱਜੇ ਆਏ। ਇਕ ਨੇ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ, "ਇਸੀ ਨੇ ਮਾਰਾ ਹੈ ਮੇਰੇ ਭਾਈ ਕੋ"। ਮੇਰੀ ਗੱਲ ਕਿਸੇ ਨਾ ਸੁਣੀ। ਉਨ੍ਹਾਂ ਸਾਰਿਆਂ, ਮਾਰ ਮਾਰ ਮੇਰਾ ਕਚੂੰਮਰ ਕੱਢ ਦਿੱਤਾ। ਫੇਰ ਪੁਲਿਸ ਨੂੰ ਫੜਾ ਦਿੱਤਾ। ਉਥੇ ਪੁਲਿਸ ਨੇ ਏਨਾ ਮਾਰਿਆ ਕਿ ਮਲੂਕ ਸਿੰਘ ਦਾ ਦਿਮਾਗ਼ ਹੀ ਹਿੱਲ ਗਿਆ। ਵੈਸੇ ਉਹ ਦਸਵੀਂ ਪਾਸ ਹੈ ਤੇ ਕਵੀ ਹੈ। ਹਰ ਤਰ੍ਹਾਂ ਦੀ ਕਵਿਤਾ ਇਕ ਮਿੰਟ ਵਿਚ ਜੋੜ ਲੈਂਦਾ ਹੈ। ਫੇਰ ਜੇਲ੍ਹ ਭੇਜ ਦਿੱਤਾ ਤੇ ਏਥੇ ਦਿਮਾਗੀ ਖਰਾਬੀ ਕਾਰਨ ਵਾਰਡ ਨੰਬਰ ਬਾਰਾਂ ਵਿਚ ਰੱਖ ਦਿੱਤਾ। ਏਥੇ ਉਹ ਪਾਗਲ ਬਿਲਕੁਲ ਨਹੀਂ ਪਰ ਪਾਗਲਾਂ ਵਿਚ ਰਹਿ ਰਹਿ ਕੇ ਪਾਗਲ ਹੋ ਗਿਆ ਹੈ। ਹੁਣ ਜਦੋਂ ਕਈ ਵਾਰ ਤੰਗ ਕਰਦੇ ਤਾਂ ਉਸ ਨੂੰ ਨਿਰਾਸ਼ਾ ਦਾ ਦੌਰਾ ਪੈ ਜਾਂਦਾ। ਉਸ ਵਾਰਡ ਵਿਚ ਉਹ ਇਕੱਲਾ ਹੀ ਸਿੱਖ ਹੈ। ਇਸ ਲਈ ਵੀ ਸਾਰੇ ਉਸ ਨੂੰ ਮਾਰ ਕੇ ਤੇ ਉਸ 'ਤੇ ਜ਼ੁਲਮ ਕਰਕੇ ਖੁਸ਼ ਹੁੰਦੇ ਸਨ। ਉਸ ਦੇ ਸਿਰ ਤੇ ਪੈਰ ਨੰਗੇ ਹਨ। ਮੈਂ ਉਸੇ ਵੇਲੇ ਉਸ ਨੂੰ ਆਪਣੀ ਚੱਪਲ ਲਾਹ ਕੇ ਦੇ ਦਿੱਤੀ ਤੇ ਆਪ ਨੰਗੇ ਪੈਰੀਂ ਹੀ ਵਾਰਡ ਤੱਕ ਆਇਆ। ਦੂਜੇ ਦਿਨ ਸਿਰ 'ਤੇ ਬੰਨਣ ਲਈ ਪੱਟਕਾ ਤੇ ਕਛਹਿਰਾ, ਕਮੀਜ, ਬਨੈਣ ਵਗੈਰਾ ਲਿਜਾ ਕੇ ਦਿੱਤੇ। ਉਸ ਨੇ ਕਿਹਾ, "ਜੇ ਕਿਤੇ ਮੈਨੂੰ ਥੋੜਾ ਜਿਹਾ ਸੁੱਕਾ ਦੁੱਧ ਤੇ ਚਾਹ ਪੱਤੀ ਮਿਲ ਜਾਵੇ ਤਾਂ ਮੈਂ ਚਾਹ ਬਣਾ ਲਿਆ ਕਰੂੰ।"

ਅਸੀਂ ਸਾਰੇ ਹੀ ਉਸ ਨੂੰ ਬੜਾ ਚੰਗਾ ਸਮਝਦੇ ਸੀ, ਨਾਲੇ ਸਿੱਖ ਭਰਾ ਹੋਣ ਕਰਕੇ ਹਰ ਚੀਜ਼, ਜੋ ਉਸ ਮੰਗੀ ਉਸ ਨੂੰ ਪਹੁੰਚਾਈ। ਇਸ ਨਾਲ ਉਸ ਦਾ ਹੌਸਲਾ ਵਧ ਗਿਆ ਤੇ ਉਹ ਖੁਸ਼ ਵੀ ਰਹਿਣ ਲੱਗ ਪਿਆ। ਇਕ ਦਿਨ ਉਸ ਨੇ ਸਾਡੇ ਕੋਲ ਸ਼ਿਕਾਇਤ ਕੀਤੀ ਕਿ ਮੇਰੇ ਵਾਰਡ ਦਾ ਲੰਬਰਦਾਰ ਮੈਨੂੰ ਮਾਰਦਾ ਰਹਿੰਦਾ ਹੈ ਤੇ ਸਾਰਿਆਂ ਤੋਂ ਪਹਿਲਾਂ ਹੀ ਮੈਨੂੰ ਬੰਦ ਕਰ ਦੇਂਦਾ ਹੈ। ਕੁਦਰਤੀ ਓਨੇ ਚਿਰ ਨੂੰ ਉਹ ਲੰਬਰਦਾਰ ਵੀ ਆ ਗਿਆ। ਅਸੀਂ ਚਾਰ-ਪੰਜ ਜਣੇ ਹਸਪਤਾਲ ਗਏ ਹੋਏ ਸਾਂ। ਅਸਾਂ ਉਸ ਨੂੰ ਰੋਕ ਲਿਆ ਤੇ ਪੁਛਿਆ, "ਇਸ ਨੂੰ ਮਾਰਦਾ ਕਿਉਂ ਹੈਂ?" ਉਸ ਨੂੰ ਸਾਡਾ ਨਹੀਂ ਸੀ ਪਤਾ ਤੇ ਉਹ ਆਪ ਇਕ ਫੌਜੀ ਸੀ ਤੇ ਕੋਰਟ ਮਾਰਸ਼ਲ ਨਾਲ ਕੈਦ ਕੱਟ ਰਿਹਾ ਸੀ। ਉਸ ਨੇ ਬੜੇ ਮਾਣ ਨਾਲ ਕਿਹਾ, "ਇਸ ਸੁਸਰੇ ਕੋ ਤੋ ਮੈਂ ਜਾਨ ਸੇ ਮਾਰ ਡਾਲੂਗਾ।" ਅਸਾਂ ਕਿਹਾ, "ਕਿਉਂ ਇਸ ਨੇ ਤੇਰਾ ਕੀ ਵਿਗਾੜਿਆ ਹੈ?" ਉਸ ਨੇ ਸਾਡੀ ਗੱਲ ਦਾ ਜੁਆਬ ਤਾਂ ਨਾ ਦਿੱਤਾ, ਸਗੋਂ ਬਾਂਹ ਤੋਂ ਫੜ ਕੇ ਮਲੂਕ ਸਿੰਘ ਨੂੰ ਆਪਣੇ ਵੱਲ ਖਿੱਚ ਲਿਆ ਤੇ ਉਸ ਨੂੰ ਥੱਪੜ ਜੜ ਦਿੱਤਾ। ਅਸੀਂ ਤਾਂ ਉਸ ਦੀ ਇਸ ਜੁਅਰਤ 'ਤੇ ਹੈਰਾਨ ਹੀ ਰਹਿ ਗਏ। ਹੁਣ ਸਾਨੂੰ ਕੋਈ ਸ਼ੱਕ ਵੀ ਨਾ ਰਹਿ ਗਿਆ ਕਿ ਇਹ ਗਰੀਬ ਪਾਗਲ ਕਿਵੇਂ ਹੋਇਆ ਹੈ? ਏਨੇ ਚਿਰ ਨੂੰ ਅਵਤਾਰ ਸਿੰਘ ਪਹਿਲਵਾਨ ਨੇ ਮਲਕੜੇ ਜਿਹੇ ਉਸ ਲੰਬਰਦਾਰ ਨੂੰ ਕਾਲਰ ਦੇ ਦੋਹਾਂ ਪਾਸਿਆਂ ਤੋਂ ਫੜ ਲਿਆ ਤੇ ਬੜੇ ਅਰਾਮ ਨਾਲ ਉਤਾਂਹ ਚੁੱਕ ਲਿਆ। ਉਹ ਕੋਈ ਨੌਂ ਕੁ ਇੰਚ ਉੱਚਾ ਚੁਕਿਆ ਗਿਆ। ਹੁਣ

ਉਸ ਨੇ ਹਵਾ ਵਿਚ ਲਟਕਦੇ ਨੂੰ ਹੀ ਪੁਛਿਆ, "ਦੱਸ ਕਿਥੇ ਡਿਗਣਾ ਈ ਸੁੱਕੇ ਥਾਂ ਕਿ ਗਿੱਲੇ? ਫਿਰ ਉਸ ਆਪ ਹੀ ਕਿਹਾ ਗਿੱਲਾ ਥਾਂ ਚੰਗਾ ਰਹੇਗਾ, ਸੱਟ ਘੱਟ ਲੱਗੂ।" ਇਸ ਗੱਲ ਦਾ ਚਿੱਤ ਚੇਤਾ ਵੀ ਉਸ ਫੌਜੀ ਆਕੜੇ ਹੋਏ ਲੰਬਰਦਾਰ ਨੂੰ ਨਹੀਂ ਸੀ ਕਿ ਇਸ ਜੇਲ੍ਹ ਵਿਚ ਕੋਈ ਉਸ ਨਾਲ ਇਸ ਤਰ੍ਹਾਂ ਕਰ ਸਕਦਾ ਹੈ। ਲਾਗੇ ਹੀ ਇਕ ਫੁੱਲਾਂ ਦੀ ਕਿਆਰੀ ਪਾਣੀ ਨਾਲ ਨੱਕੋ ਨੱਕ ਭਰੀ ਹੋਈ ਸੀ। ਉਸ ਨੇ ਉਸ ਨੂੰ ਇਸ ਤਰ੍ਹਾਂ ਭੁੰਜੇ ਉਸ ਕਿਆਰੀ ਵਿਚ ਸੁਟਿਆ, ਜਿਵੇਂ ਕਰੇਨ ਕੰਟੇਨਰ ਰੱਖ ਦੇਂਦੀ ਹੈ। ਸ਼ਰਬਲ ਦੀ ਅਵਾਜ਼ ਨਾਲ ਉਹ ਫੁੱਲਾਂ ਦੀ ਕਿਆਰੀ ਵਿਚ ਚੌਫਾਲ ਡਿੱਗ ਪਿਆ। ਸਾਡੇ ਵਿਚੋਂ ਹੀ ਇਕ ਨੇ ਮਿੱਟੀ ਦਾ ਇਕ ਢੇਲਾ ਲਿਆ ਕੇ ਉਸ ਨੂੰ ਕਿਹਾ, "ਮੂੰਹ ਖੋਲ੍ਹ"। ਉਸ ਡਰਦੇ ਨੇ ਝੱਟ ਖੋਲ੍ਹ ਦਿੱਤਾ ਤੇ ਉਸ ਨੇ ਮਿੱਟੀ ਦਾ ਢੇਲਾ ਉਸ ਦੇ ਮੂੰਹ ਦੇ ਵਿਚਕਾਰ ਰੱਖ ਦਿੱਤਾ। ਫਿਰ ਉਸ ਨੂੰ ਹੁਕਮ ਹੋਇਆ "ਨਿਗਲ ਜਾ"। ਉਸ ਨੇ ਬੇਵਸੀ ਵਿਚ ਸਿਰ ਹਿਲਾਇਆ। ਇਕ ਕੰਨ 'ਤੇ ਪਈ ਤੇ ਕਿਹਾ ਚੱਲ ਪਾਣੀ ਨਾਲ ਖਾ ਲੈ। ਉਸ ਨੇ ਝੱਟ ਉਹ ਮਿੱਟੀ ਖਾ ਲਈ। ਫਿਰ ਉਸ ਨੂੰ ਹੁਕਮ ਦਿੱਤਾ "ਉਠ ਕੇ ਦੌੜ ਜਾ"। ਜਦੋਂ ਉਹ ਉਠ ਕੇ ਭੱਜਣ ਲੱਗਾ ਤਾਂ ਫਿਰ ਉਸ ਨੂੰ ਕਾਲਰ ਤੋਂ ਫੜ ਕੇ ਕਿਹਾ "ਅਗਰ ਕਿਸੀ ਕੋ ਸ਼ਿਕਾਇਤ ਕੀ ਤੋ".... ਫਿਰ ਅੱਗੇ ਕਹਿਣ ਦੀ ਲੋੜ ਹੀ ਨਾ ਪਈ। ਉਸ ਨੇ ਦੋਵੇਂ ਹੱਥ ਜੋੜ ਦਿੱਤੇ ਤੇ ਅੱਖਾਂ ਵਿਚ ਪਾਣੀ ਭਰ ਲਿਆ। ਸਾਰੇ ਬਾਰਾਂ ਨੰਬਰ ਵਾਰਡ ਦੇ ਕੈਦੀ ਤੇ ਹਸਪਤਾਲ ਦੇ ਮਰੀਜ਼ ਜੋ ਉਥੇ ਵੇਖ ਰਹੇ ਸਨ, ਬਹੁਤ ਖੁਸ਼ ਹੋਏ। ਇਥੋਂ ਤਕ ਕਿ ਕਈ ਵਾਰਡਨ ਤੇ ਹੈੱਡ ਵਾਰਡਨ, ਜੋ ਉਥੇ ਖੜ੍ਹੇ ਸਨ, ਸਗੋਂ ਸਾਰੇ ਹੀ ਖੁਸ਼ ਹੋਏ। ਕਾਰਣ ਇਹ ਸੀ ਕਿ ਮਰੀਜ਼ਾਂ ਤੇ ਪਾਗਲਾਂ ਕੋਲੋਂ ਤਾਂ ਉਹ ਜਬਰਦਸਤੀ ਉਨ੍ਹਾਂ ਦੀਆਂ ਖਾਣ ਵਾਲੀਆਂ ਚੀਜਾਂ ਖੋਹ ਕੇ ਖਾ ਜਾਂਦਾ ਸੀ ਤੇ ਨਾਲੇ ਪੈਸਾ ਧੇਲਾ ਵੀ ਖੋਹ ਲੈਂਦਾ ਸੀ ਤੇ ਵਾਰਡਨਾਂ ਨੂੰ ਵੀ ਟਿੱਚ ਗਿਣਦਾ ਸੀ। ਵਿਗੜਿਆ ਹੋਇਆ ਫੌਜੀ, ਹੈੱਡਵਾਰਡਨ ਨੂੰ ਵੀ ਤੁੱਛ ਸਮਝਦਾ ਸੀ। ਡਾਕਟਰਾਂ ਤੱਕ ਦੀ ਇੱਜ਼ਤ ਨਹੀਂ ਸੀ ਕਰਦਾ। ਇਸ ਲਈ ਉਸ ਨੂੰ ਕੁੱਟ ਪੈਣ ਕਰਕੇ ਸਾਰੇ ਖੁਸ਼ ਸਨ। ਸਿਰਫ ਇਕ ਸਹਾਇਕ ਜੇਲਰ ਨਾਲ ਉਸ ਨੇ ਬਣਾਈ ਹੋਈ ਸੀ। ਉਸ ਨੇ ਹੀ ਉਸ ਨੂੰ ਲੰਬਰਦਾਰ ਬਣਵਾ ਦਿੱਤਾ ਸੀ। ਪਰ ਇਸ ਗੱਲ ਵਿਚ ਉਹ ਵੀ ਯਰਕ ਗਿਆ ਤੇ ਉਸ ਨੇ ਕਦੀ ਉਸ ਘਟਨਾ ਦਾ ਸਾਡੇ ਨਾਲ ਜ਼ਿਕਰ ਤੱਕ ਨਾ ਕੀਤਾ। ਸਗੋਂ ਉਹ ਆਪ ਸਾਨੂੰ "ਨਮਸਕਾਰ ਜੀ" ਕਹਿਣ ਲੱਗ ਪਿਆ।

ਹੁਣ ਮਲੂਕੇ ਦੀ ਜੈ ਜੈ ਕਾਰ ਸੀ। ਜੇ ਕੋਈ ਉਸ ਨੂੰ ਕੁਝ ਕਹਿੰਦਾ ਤਾਂ ਉਹ ਬੜੇ ਅਰਾਮ ਨਾਲ ਦਸਦਾ "ਮੇਰੇ ਭਾਊ ਆਏ ਆ ਅੰਬਰਸਰੋਂ, ਫਲਾਣੇ ਨੰਬਰ ਵਾਰਡ ਵਿਚ ਆ। ਪਾਰਲੀਮੈਂਟ ਜਿਹੀ ਉਡਾਉਣ ਵਾਲੇ ਕੇਸ ਵਿਚ ਆ। ਜੇ ਮੈਂ ਏਥੋਂ ਵਾਜ ਮਾਰ ਦਿੱਤੀ ਤਾਂ ਭੱਜੇ ਆਉਣਗੇ। ਫੇਰ ਤੁਸਾਂ ਕਹਿਣਾ ਮਲੂਕਿਆ ਛੁਡਾ, ਮਲੂਕਿਆ ਛੁਡਾ ਤੇ ਫਿਰ ਮੇਰਾ ਵੱਸ ਨਹੀਂ ਜੇ ਚੱਲਣਾ। ਆਖੋ ਤਾਂ ਵਖਾ ਦਿਆਂ ਤਜਰਬਾ ਕਰ ਕੇ? ਹੁਣ ਲੱਗਪੱਗ ਸਾਰਿਆਂ ਨੇ ਵੇਖ ਲਿਆ ਸੀ, ਇਸ ਕਰਕੇ ਉਨ੍ਹਾਂ ਨੂੰ ਮਲੂਕੇ ਦੀ ਕਹੀ ਹੋਈ ਗੱਲ 'ਤੇ ਪੂਰਾ ਵਿਸ਼ਵਾਸ ਸੀ ਕਿ ਮਲੂਕਾ ਠੀਕ ਆਖ ਰਿਹਾ ਹੈ। ਜੇ ਉਹ ਆ ਗਏ ਤਾਂ ਏਸੇ ਤਰ੍ਹਾਂ ਹੀ ਹੋਵੇਗਾ, ਜਿਵੇਂ ਇਹ ਕਹਿ ਰਿਹਾ ਹੈ। ਸੋ ਮਲੂਕੇ ਦੀ ਬੱਲੇ ਬੱਲੇ ਹੋ ਗਈ। ਪਰ ਮਲੂਕਾ ਵਿਚਾਰਾ ਕੀ ਜਾਣੇ ਕਿ ਅਸੀਂ ਕਿੰਨੀ ਪਾਬੰਦੀ ਵਿਚ ਸੀ। ਖੈਰ ਉਸ ਦੀ ਖੁਸ਼ੀ ਉਸੇ ਗੱਲ ਨਾਲ ਹੀ ਸੀ। ਇਕ ਵਾਰ ਦੀ ਘਟਨਾ ਹੋਰ ਹੈ। ਮਲੂਕੇ ਨੇ ਕੋਈ ਦਰਖਾਸਤ ਦੇਣੀ ਸੀ। ਪਤਾ ਨਹੀਂ ਕਾਹਦੀ? ਪਰ ਉਸ ਨੂੰ ਵਾਰਡਨ ਨੇ ਕਾਗਜ਼ ਨਾ ਦਿੱਤਾ। ਉਸ ਨੇ ਵਾਧੂ ਪਏ

ਕਛਹਿਰੇ 'ਤੇ ਹੀ ਦਰਖਾਸਤ ਲਿਖ ਲਈ ਤੇ ਸਹਾਇਕ ਜੇਲ੍ਹਰ, ਜਦੋਂ ਵਾਰਡ ਵਿਚ ਆਇਆ ਤਾਂ ਉਸ ਦੇ ਅੱਗੇ ਕਰ ਦਿੱਤਾ। ਉਹ ਪੁਛੇ "ਮਲੂਕ ਸਿੰਘ ਯਹ ਕਯਾ ਹੈ?" ਤੇ ਮਲੂਕਾ ਕਹੇ, "ਕਾਗਜ ਤੇ ਦੇਂਦੇ ਨਹੀਂ, ਏਸੇ ਨੂੰ ਪੜ੍ਹ ਕੇ ਏਸੇ 'ਤੇ ਹੀ ਹੁਕਮ ਕਰ ਜਾਓ।" ਵਿਚਾਰੇ ਸਹਾਇਕ ਜੇਲ੍ਹਰ ਨੂੰ ਕਛਹਿਰੇ 'ਤੇ ਹੀ ਹੁਕਮ ਕਰਨੇ ਪਏ। ਉਸ ਘਟਨਾ ਤੋਂ ਬਾਅਦ ਤਾਂ ਫਿਰ ਉਹ ਹੋਰ ਵੀ ਚੜ੍ਹਦੀਕਲਾ ਵਿਚ ਹੋ ਗਿਆ।

ਮਲੂਕ ਸਿੰਘ ਘਰੋਂ ਗਰੀਬ ਜ਼ਰੂਰ ਹੈ ਪਰ ਉਸ ਦਾ ਦਿਲ ਅਮੀਰਾਂ ਤੋਂ ਵੀ ਬਹੁਤ ਵੱਡਾ ਹੈ। ਇਕ ਦਿਨ ਇਕ ਬੰਦੇ ਨੇ ਮਲੂਕ ਸਿੰਘ ਦੇ ਹੱਥ 'ਤੇ ਤੁਰੇ ਤੁਰੇ ਜਾਂਦਿਆਂ ਲਫਾਫੇ ਵਿਚੋਂ ਕੱਢ ਕੇ ਬਰਫੀ ਦੀ ਇਕ ਟੁਕੜੀ ਰੱਖ ਦਿੱਤੀ ਤੇ ਲਫਾਫਾ ਮੁੱਠੀ ਵਿਚ ਚੁਰੜ-ਮੁਰੜ ਕਰਕੇ ਲਾਗੇ ਪਏ ਡਸਟਬਿਨ ਵਿਚ ਸੁੱਟ ਦਿੱਤਾ। ਮਲੂਕ ਸਿੰਘ ਨੇ ਪੁੱਛਿਆ, "ਪ੍ਰਸ਼ਾਦ ਵੰਡ ਰਹੇ ਹੋ?" ਉਸ ਬੰਦੇ ਨੇ ਕਿਹਾ, "ਨਹੀਂ, ਪ੍ਰਸ਼ਾਦ ਕਾਹਦਾ ਵੰਡਣਾ ਹੈ, ਮੈਂ ਕਿਹਾ ਤੂੰ ਗਰੀਬ ਆਦਮੀ ਹੈਂ ਖਾ ਲਏਂਗਾ, ਜੇਲ੍ਹ ਵਿਚ ਕਿਹੜਾ ਬਰਫੀ ਕਿਤੇ ਸੌਖਿਆਂ ਲੱਭਦੀ ਹੈ, ਮਲੂਕ ਸਿੰਘ ਨੇ ਉਸ ਬੰਦੇ ਦਾ ਹੱਥ ਫੜ ਕੇ ਬਰਫੀ ਉਸ ਦੀ ਤਲੀ 'ਤੇ ਠਾਹ ਕਰਦੀ ਰੱਖ ਦਿੱਤੀ ਤੇ ਫਿਰ ਲਾਗੇ ਵਗਦੀ ਫਾਰਮ ਦੀ ਆੜ ਵਿਚੋਂ ਮਿੱਟੀ ਨਾਲ ਰਗੜ-ਰਗੜ ਕੇ ਹੱਥ ਧੋਤੇ ਤੇ ਕਿਹਾ, "ਮੈਂ ਤੇਰੇ ਕੋਲੋਂ ਛੋਲੇ ਮੰਗਣ ਗਿਆ ਸਾਂ, ਜਿਥੋਂ ਤੂੰ ਹਿਸਾਬ ਲਾਇਆ ਕਿ ਮੈਂ ਗਰੀਬ ਆਦਮੀ ਹਾਂ? ਐਵੇਂ ਜੂਠੀ ਮਿੱਠੀ ਚੀਜ਼ ਨਹੀਂ ਕਿਸੇ ਨੂੰ ਫੜਾਉਣੀ ਚਾਹੀਦੀ। ਚਲੋ ਪਈ ਪ੍ਰਸ਼ਾਦ ਹੋਵੇ ਤੇ ਬੰਦਾ ਲੈ ਵੀ ਲਵੇ, ਅਖੇ ਗਰੀਬ ਆਦਮੀ ਹੈ ਖਾ ਲਏਗਾ। ਕੀ ਗੱਲ ਮੇਰੀ ਜੁਬਾਨ ਲੁਭਕਦੀ ਜਾਂਦੀ ਆ ਬਰਫੀ ਖੁਣੋਂ, ਜਦੋਂ ਬਰਫੀ ਖਾਣ ਜੋਗੇ ਹੋਏ ਵਾਹਿਗੁਰੂ ਮੈਨੂੰ ਨਾ ਦਿਊ? ਆ ਗਿਆ ਬਰਫੀ ਵੰਡਣ ਵਾਲਾ।" ਤੇ ਮਲੂਕ ਸਿੰਘ ਉਹ ਗਿਆ। ਉਹ ਬੰਦਾ ਹੈਰਾਨ ਪਈ ਹੱਦ ਹੋ ਗਈ। ਉਸ ਨੂੰ ਇਹ ਨਹੀਂ ਸੀ ਪਤਾ ਕੇ ਖੁੱਦਦਾਰੀ ਵੀ ਕੋਈ ਚੀਜ਼ ਹੁੰਦੀ ਹੈ।

ਇਕ ਵਾਰ ਮਲੂਕ ਸਿੰਘ ਆਪਣੇ ਵਾਰਡ ਨੰਬਰ ਬਾਰਾਂ ਦੇ ਕੈਦੀਆਂ ਨੂੰ (ਦਿਮਾਗੀ ਮਰੀਜ਼ਾਂ ਨੂੰ) ਗਾਣਾ ਸੁਣਾ-ਸੁਣਾ ਕੇ ਉਨ੍ਹਾਂ ਦਾ ਮਨੋਰੰਜਨ ਕਰ ਰਿਹਾ ਸੀ ਕਿ ਇਕ ਸਹਾਇਕ ਸੁਪਰਡੈਂਟ ਜੋ ਉਸ ਵਾਰਡ ਦਾ ਇੰਚਾਰਜ ਵੀ ਸੀ ਆ ਕੇ ਖਾਲੀ ਪਈ ਕੁਰਸੀ 'ਤੇ ਉਨ੍ਹਾਂ ਦੇ ਕੋਲ ਆ ਕੇ ਬਹਿ ਗਿਆ ਤੇ ਕਿਹਾ, "ਮਲੂਕ ਸਿੰਘ ਕੋਈ ਚੰਗਾ ਜਿਹਾ ਗਾਣਾ ਸੁਣਾ।" "ਤੇ ਅੱਗੇ ਮੈਂ ਮਾੜਾ ਸੁਣਾਉਣ ਡਿਆਂ? ਸੱਦੀ ਨਾ ਬੁਲਾਈ ਤੇ ਮੈਂ ਲਾੜੇ ਦੀ ਤਾਈ। ਗੱਲ ਕਰੋ। ਕਲਾਕਾਰਾਂ ਦੇ ਕੋਲ ਬਹਿਣ ਦਾ ਪਤਾ ਨਹੀਂ, ਗਾਣਾ ਸੁਣਾ ਇਹਨੂੰ।" ਤੇ ਮਲੂਕ ਸਿੰਘ ਨੇ ਗਾਣਾ ਬੰਦ ਕਰ ਦਿੱਤਾ ਤੇ ਨਾਲ ਦਿਆਂ ਨੂੰ ਕਿਹਾ, "ਜਾਓ ਫਿਰ ਤੁਰ ਆਓ" ਤੇ ਆਪ ਵੀ ਦੂਜੇ ਪਾਸੇ ਨੂੰ ਚਲਾ ਗਿਆ। ਉਹ ਸੱਚ ਮੁੱਚ ਹੀ ਆਪਣੇ ਆਪ ਨੂੰ ਕਲਾਕਾਰ ਸਮਝਦਾ ਸੀ ਤੇ ਆਪਣੀ ਮਰਜ਼ੀ ਨਾਲ ਹੀ ਗਾਉਂਦਾ ਸੀ। ਓਦਾਂ ਭਾਵੇਂ ਕੋਈ ਟਿੱਟਕ ਕੇ ਮਰ ਜਾਵੇ, ਇਕ ਲਾਈਨ ਨਹੀਂ ਸੀ ਸੁਣਾਉਂਦਾ। ਇਕ ਵਾਰ ਉਸ ਦੇ ਵਾਰਡ ਇੰਚਾਰਜ ਨੇ ਗਾਣੇ ਤੋਂ ਖੁਸ਼ ਹੋ ਕੇ ਉਸ ਨੂੰ ਦੋ ਰੁਪਏ ਦਿੱਤੇ। ਮਲੂਕ ਸਿੰਘ ਨੇ ਹੱਥ ਜੋੜ ਕੇ ਉਸ ਦਾ ਧੰਨਵਾਦ ਕੀਤਾ ਤੇ ਕਿਹਾ, "ਜੀ ਮੁਆਫ ਕਰਨਾ ਮੈਂ ਕਦੇ ਗਾਉਣਾ ਨਹੀਂ ਵੇਚਿਆ।" ਉਸ ਨੇ ਕਿਹਾ, "ਨਹੀਂ ਮਲੂਕ ਸਿੰਘ ਤੂੰ ਇਸ ਨੂੰ ਇਨਾਮ ਸਮਝ।" "ਜੇ ਇਨਾਮ ਹੀ ਦੇਣਾ ਹੈ ਤਾਂ ਚੰਗੀ ਜਿਹੀ ਚਾਹ ਪਿਆ ਦਿਓ ਖਾਂ, ਜਿਹੜੀ ਚਾਹ ਵਾਰਡ ਵਿਚ ਆਉਂਦੀ ਹੈ, ਉਹ ਪੀ ਕੇ ਤੇ ਉਲਟੀ ਆਉਣ ਨੂੰ ਕਰਦੀ ਹੈ। ਇਸ

ਤਰ੍ਹਾਂ ਉਸ ਨੇ ਤਰੀਕੇ ਨਾਲ ਹੀ ਜੇਲ੍ਹ ਅਫ਼ਸਰ ਨੂੰ ਚੰਗੀ ਚਾਹ ਨਾ ਬਣਾਉਣ ਕਰਕੇ ਠਿੱਠ ਕਰ ਦਿੱਤਾ। ਕਹਿੰਦੇ ਹਨ ਜਿੰਨਾ ਚਿਰ ਉਹ ਵਾਰਡ ਇੰਚਾਰਜ ਰਿਹਾ ਘੱਟ ਮਿੱਠੇ, ਘੱਟ ਪੱਤੀ ਤੇ ਘੱਟ ਦੁੱਧ ਵਾਲੀ ਚਾਹ ਬਾਰਾਂ ਨੰਬਰ ਵਾਰਡ ਵਿਚ ਉਹਨੇ ਨਹੀਂ ਵੜਨ ਦਿੱਤੀ।

ਮਲੂਕ ਸਿੰਘ ਸਿਆਣਾ ਵੀ ਬਹੁਤ ਹੈ ਤੇ ਸ਼ਿਸ਼ਟਾਚਾਰ ਦਾ ਵੀ ਉਸ ਨੂੰ ਬਾਖ਼ੂਬੀ ਪਤਾ ਹੈ। ਇਕ ਵਾਰ ਅਵਤਾਰ ਸਿੰਘ ਘੁੱਲਾ ਅਲਰਜੀ ਹੋਣ ਕਰਕੇ ਬਿਮਾਰ ਹੋ ਗਿਆ। ਨਿੱਛਾਂ ਮਾਰ ਮਾਰ ਕੇ ਉਸ ਦਾ ਨੱਕ ਲਾਲ ਸੂਹਾ ਤੇ ਜ਼ੁਕਾਮ ਨਾਲ ਬੁਰਾ ਹਾਲ ਹੋ ਗਿਆ। ਡਾਕਟਰ ਨੇ ਕਿਹਾ ਅਲਰਜੀ ਨਾਲ ਨਾਸਾਂ ਵਿਚ ਮਾਸ ਵਧ ਗਿਆ ਹੈ ਤੇ ਆਪ੍ਰੇਸ਼ਨ ਕਰਨਾ ਪਏਗਾ ਤੇ ਇਸ ਤਰ੍ਹਾਂ ਉਸ ਨੂੰ ਹਸਪਤਾਲ ਦਾਖਲ ਕਰ ਲਿਆ। ਸਵੇਰੇ ਜਦੋਂ ਸੰਤੋਖ ਸਿੰਘ ਦਾ ਪਿਤਾ ਬੁੱਢਾ ਉਜਾਗਰ ਸਿੰਘ ਦੁੱਧ ਲੈਣ ਗਿਆ ਤਾਂ ਉਸ ਨੇ ਮਲੂਕ ਸਿੰਘ ਨੂੰ ਦੱਸਿਆ ਕਿ ਘੁੱਲਾ ਬਿਮਾਰ ਹੈ। ਦੁਪਹਿਰ ਨੂੰ ਅਸੀਂ ਤਿੰਨ ਚਾਰ ਜਣੇ ਹਸਪਤਾਲ ਗਏ ਤਾਂ ਮਲੂਕ ਸਿੰਘ ਹਸਪਤਾਲ ਦੇ ਬਾਹਰ ਖੜਾ ਮਿਲ ਗਿਆ। ਸਾਨੂੰ ਫ਼ਤਹਿ ਬੁਲਾ ਕੇ ਉਸ ਨੇ ਪੁੱਛਿਆ, "ਆਂਹਦੇ ਆ ਭਾਅ ਘੁੱਲਾ ਬਿਮਾਰ ਆ।" ਅਸਾਂ ਕਿਹਾ, "ਆਹੋ ਤੈਨੂੰ ਕੀਹਨੇ ਦੱਸਿਆ?" "ਭਾਅ ਵੱਡਾ ਆਇਆ ਸੀ, ਸਵੇਰੇ ਦੁੱਧ ਲੈਣ, ਉਹਨੇ ਦੱਸਿਆ ਸੀ।" ਮੈਂ ਕਿਹਾ, "ਮਲੂਕ ਸਿਹਾਂ ਜਿਹੜਾ ਸਵੇਰੇ ਦੁੱਧ ਲੈਣ ਆਇਆ ਸੀ ਨਾ ਉਹ ਐਸ ਸੰਤੋਖ ਸਿਹੁੰ ਦਾ ਪਿਤਾ ਆ ਤੇ ਤੂੰ ਉਹਨੂੰ ਭਾਅ ਆਖੀ ਜਾਨੈਂ, ਬਾਪੂ ਜੀ ਨਹੀਂ ਆਖ ਸਕਦਾ?" ਮਲੂਕ ਸਿੰਘ ਖਿੜ ਖੜਾ ਕੇ ਹੱਸਿਆ, ਫਿਰ ਕਹਿਣ ਲੱਗਾ, "ਭਾਅ, ਸਾਡੇ ਪਿੰਡ ਇਕ ਬੁੱਢਾ ਆ, ਵੱਡੇ ਭਾਅ ਨਾਲੋਂ ਵੀ ਬੁੱਢਾ। ਜੇ ਸਾਡੇ ਪਿੰਡ ਦੀ ਕੋਈ ਕੁੜੀ ਜਾਂ ਨੂੰਹ ਉਹਨੂੰ ਬਾਪੂ ਜਾਂ ਅੰਕਲ ਆਖ ਦੇਵੇ ਤੇ ਅੱਗੋਂ ਸਿਰ ਦੇ ਵਾਲਾਂ ਨੂੰ ਪੈ ਜਾਂਦਾ ਤੇ ਆਂਹਦਾ, ਬਾਪੂ ਬਾਪੂ ਜੂ ਲਾਈ ਆ, ਭਾਅ ਜੀ ਨਹੀਂ ਆਖ ਸਕਦੀਆਂ। ਭਾਅ ਜੀ ਆਂਹਦੀਆਂ ਦਾ ਮੂੰਹ ਟੁੱਟਦਾ? ਇਹ ਬੁੱਢੇ ਜਿੰਨੇ ਮਰਜੀ ਬੁੱਢੇ ਹੋ ਜਾਣ ਅਖਵਾ ਕੇ ਭਾਅ ਜੀ ਈ ਰਾਜੀ ਹੁੰਦੇ ਆ।" ਅਸੀਂ ਸਾਰੇ ਬਹੁਤ ਹੱਸੇ, ਫਿਰ ਉਹ ਹੱਸਦਾ ਹੱਸਦਾ ਬਹੁਤ ਗੰਭੀਰ ਹੋ ਗਿਆ ਤੇ ਮੈਨੂੰ ਕਹਿਣ ਲੱਗਾ, "ਹੈਂ ਭਾਅ, ਪੀ ਭਲਾ ਭਾਅ ਵੱਡੇ ਨੂੰ ਕਿੱਤਰਾਂ ਪਤਾ ਲੱਗਾ ਪੀ ਭਾਅ ਬਿਮਾਰ ਆ?" ਮੈਂ ਕਿਹਾ, "ਮਲੂਕ ਸਿਆਂ, ਅਸੀਂ ਸਾਰੇ ਇੱਕੋ ਵਾਰਡ ਵਿਚ ਜੂ ਰਹਿੰਦੇ ਹੋਏ", ਫਿਰ ਉਹ ਸ਼ਰਮਿੰਦਾ ਜਿਹਾ ਹੋ ਗਿਆ ਤੇ ਕਹਿਣ ਲੱਗਾ, "ਕੁੜੀ ਯਾਵੀ, ਜੇਲ੍ਹ ਵੀ ਬੰਦੇ ਦੀ ਮੱਤ ਮਾਰ ਦਿੰਦੀ ਆ। ਚਲੋ ਤੁਸੀਂ ਤੇ ਆਪਣੇ ਹੋਏ, ਜੇ ਕੋਈ ਹੋਰ ਸੁਣਦਾ ਉਹਨੇ ਤੇ ਆਖਣਾ ਸੀ ਨਾ ਪਈ ਮਲੂਕ ਸਿਹੁੰ ਖਵਰਿਆ ਸੱਚੀਂ ਕਮਲਾ ਹੋ ਗਿਆ। ਮੈਂ ਸਮਝਿਆ ਸਾਂ ਪਈ ਵੱਡਾ ਭਾਅ ਖਵਰਿਆ ਹੋਰ ਕਿਸੇ ਵਾਰਡ ਵਿਚ ਆ ਤੇ ਤੁਸੀਂ ਹੋਰ ਕਿਸੇ 'ਚ, ਤੁਸੀਂ ਤੇ ਸਾਰੇ ਇਕੱਠੇ ਜੂ ਹੋਏ ਸੋਲ੍ਹਾਂ ਨੰਬਰ ਵਾਰਡ 'ਚ।"

ਕੋਈ ਚੀਜ਼ ਮੰਗ ਕੇ ਲੈਣੀ ਉਹਨੂੰ ਪਸੰਦ ਨਹੀਂ ਸੀ, ਹਾਲਾਂ ਕਿ ਜੇਲ੍ਹ ਵਿਚ ਮਾਮੂਲੀ ਜਿਹੀ ਚੀਜ਼ ਦੀ ਵੀ ਥੁੜ ਹੁੰਦੀ ਹੈ ਤੇ ਬੰਦਾ ਬੜਾ ਬੇਨੀਤਾ ਜਿਹਾ ਹੋ ਜਾਂਦਾ ਹੈ। ਜੇ ਉਸ ਨੇ ਚਾਹ ਪੱਤੀ, ਖੰਡ ਤੇ ਦੁੱਧ ਲੈਣਾ ਹੁੰਦਾ ਤੇ ਮੰਗਦਾ ਨਹੀਂ ਸੀ, ਕਹਿਣਾ, "ਮੈਂ ਗਿਆ ਸਾਂ ਓਧਰ ਤੇਰਾਂ ਨੰਬਰ 'ਚ, ਸੁੱਚਾ ਸਿਹੁੰ ਭਾਅ ਆਖੇ ਮਲੂਕ ਸਿਆਂ ਗੁੜ ਲੈ ਜਾ।" ਮੈਂ ਆਖਿਆ, "ਭਾਅ ਸੁੱਚਾ ਸਿਆਂ ਲੈ ਤੇ ਜਾਵਾਂ ਪਰ ਇਕੱਲੇ ਗੁੜ ਖਾਣ ਨਾਲ ਵੀ ਤੇ ਚਮੂਣੇ ਈ ਲੜਦੇ ਰਹਿੰਦੇ ਆ। ਮੈਂ ਆਖਿਆ ਮੈਂ ਓਧਰ ਜਾਊਂਗਾ ਸੋਲ੍ਹਾਂ ਨੰਬਰ ਵਾਰਡ ਵਾਲੇ ਭਾਅ ਹੋਰਾਂ ਕੋਲ ਨਾਲੇ ਮਿਲ ਗਿਲ ਆਊਂ ਨਾਲੇ ਉਹਨਾਂ ਕੋਲੋਂ ਚਾਹ ਪੱਤੀ ਤੇ ਦੁੱਧ

ਲਿਆਊਂ ਤੇ ਫੇਰ ਤੇਰੇ ਕੋਲੋਂ ਗੁੜ ਖੜੂੰਗਾ, ਕੱਲਾ ਗੁੜ ਮੈਂ ਸਿਰ ਮਾਰਨਾ।" "ਲੈ ਭਾਅ, ਪਈ ਅੱਬਲ ਤੇ ਰਹਿਣ ਹੀ ਦਿਓ ਕਿਸੇ ਚੀਜ਼ ਦੀ ਲੋੜ ਨਹੀਂ, ਵਾਹਿਗੁਰੂ ਦੀ ਕ੍ਰਿਪਾ ਆ ਪਰਮਾਤਮਾ ਸਾਰੀ ਜਾਂਦਾ ਆ ਪਰ ਜੇ ਦੁੱਧ ਦੇਣਾ ਹੀ ਹੋਇਆ ਤੇ ਓਦਣ ਵਾਂਗ ਗਲਾਸ ਵਿਚ ਪਾ ਕੇ ਨਾ ਦਿਓ। ਤੁਹਾਨੂੰ ਪਤਾ ਬਾਰਾਂ ਨੰਬਰ ਵਾਰਡ ਤੱਕ ਖੜਨਾ ਕਿਹੜਾ ਸੌਖਾ ਆ। ਓਦਣ ਈ ਹੁਜਕੇ ਵੱਜਦੇ ਗਏ ਸੀ, ਮੈਂ ਤੇ ਆਹਦਾਂ ਬੰਦਾ ਸਗੋਂ ਸੁੱਕਾ ਦੁੱਧ ਹੀ ਵਰਤੇ, ਨਾਲੇ ਖੜਨਾ ਸੌਖਾ ਤੇ ਨਾਲੇ ਸੰਭਾਲਣਾ ਸੌਖਾ। ਚਾਹ ਪੱਤੀ ਪਾਉਣ ਨੂੰ ਤੇ ਮੈਂ ਓਤਰਾਂ ਆਹ ਪਲਾਸਟਿਕ ਜਹੀ ਦੀ ਡੱਬੀ ਲਿਆਇਆਂ, ਇਹਦੇ ਵਿਚ ਪੱਤੀ ਖਰਾਬ ਨਹੀਂ ਹੁੰਦੀ, ਭਾਵੇਂ ਅੱਠ ਦਿਨ ਰੱਖ ਛੱਡੀਏ, ਆਹ ਜਿਹੜੀ ਖੰਡ ਆ ਨਾ ਇਹਦਾ ਕੰਮ ਬੜਾ ਖਰਾਬ ਆ ਕੁੜੀ..................... ਕੀੜੀਆਂ ਬੜੀਆਂ ਚੜ੍ਹਦੀਆਂ, ਤੁਹਾਡੇ ਕੋਲ ਤੇ ਹੋਣੀ ਆਂ ਕੋਈ ਖੰਡ ਪਾਉਣ ਨੂੰ ਡੱਬੀ। ਉਹਦੀਆਂ ਗੱਲਾਂ ਨਾਲ ਅਸੀਂ ਬੜਾ ਖ਼ੁਸ਼ ਹੁੰਦੇ, ਅਸੀਂ ਉਹਨੂੰ ਖੰਡ ਪੱਤੀ ਚਾਹ ਹੀ ਨਹੀਂ ਅਚਾਰ, ਬਿੱਸਕੁਟ, ਨਮਕੀਨ, ਬਦਾਮ, ਮੂੰਗਫਲੀ, ਸੁੱਕਾ ਦੁੱਧ ਤੇ ਹੋਰ ਵੀ ਫਲ ਫਰੂਟ ਦੇ ਕੇ ਤੋਰਦੇ। ਪਰ ਉਹ ਕਦੇ ਵੀ ਕੋਈ ਚੀਜ਼ ਇਕੱਲਾ ਨਹੀਂ ਸੀ ਖਾਂਦਾ ਤੇ ਜਾਂਦਾ ਹੀ ਆਪਣੇ ਸਾਥੀਆਂ ਵਿਚ ਵੰਡ ਦਿੰਦਾ। ਉਹ ਕਹਿੰਦਾ ਹੁੰਦਾ ਸੀ, "ਵੰਡ ਖਾਈਏ, ਖੰਡ ਖਾਈਏ, ਅੱਡ ਖਾਈਏ, ਹੱਢ ਖਾਈਏ।" ਬਾਣੀ ਵਿਚ ਲਿਖਿਆ ਹੋਇਆ ਹੈ, ਸਾਡੇ ਪਿੰਡ ਰੇਘੜ ਨੰਗਲ ਦੇ ਗੁਰਦੁਆਰੇ ਭਾਈ ਜੀ ਕਥਾ ਸੁਣਾਉਂਦੇ ਹੁੰਦੇ ਆ।

ਮਲੂਕ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਬਣਾਏ ਹੋਏ ਸਿੰਘਾਂ ਦੇ ਨਮੂਨੇ 'ਤੇ ਪੂਰਾ ਉਤਰਦਾ ਹੈ। ਜੇ ਕੋਈ ਸਿੱਖ ਰਵਾਇਤਾਂ ਤੋਂ ਕੋਰਾ ਆਵਾਜ਼ ਮਾਰੇ, "ਓ ਮਲੂਕੇ, ਬਾਤ ਸੁਣ" ਤਾਂ ਉਹ ਤੁਰਿਆ ਤੁਰਿਆ ਜਾਂਦਾ ਰੁਕ ਜਾਂਦਾ, ਫਿਰ ਉਸ ਵੱਲ ਮੂੰਹ ਕਰਕੇ ਬੜੇ ਆਰਾਮ ਨਾਲ ਕਹਿੰਦਾ, "ਜੇ ਸਰਦਾਰ ਮਲੂਕ ਸਿੰਘ ਨਹੀਂ ਆਖ ਸਕਦਾ ਤਾਂ ਮਲੂਕ ਸਿੰਘ ਇਕੱਲਾ ਹੀ ਕਹਿਣ ਨਾਲ ਤੇਰਾ ਮੂੰਹ ਤੇ ਨਹੀਂ ਟੁੱਟ ਚੱਲਿਆ ਤੇ ਫਿਰ ਉਸ ਦਾ ਉੱਤਰ ਉਡੀਕੇ ਬਗੈਰ ਹੀ ਚਲਿਆ ਜਾਂਦਾ। ਜੇ ਕੋਈ ਕਹਿੰਦਾ, "ਅਰੇ ਮਲੂਕੇ" ਤਾਂ ਉਹ ਏਨਾ ਹਿਸਕ ਹੋ ਜਾਂਦਾ ਕਿ ਇਕ ਵਾਰ ਉਸ ਨੂੰ ਓਥੇ ਹੀ ਮਿਰਗੀ ਦੇ ਦੌਰੇ ਵਰਗਾ ਦੌਰਾ ਜਿਹਾ ਪੈ ਗਿਆ। ਉਸ ਨੇ ਬੇਤਹਾਸ਼ਾ ਬੋਲਣਾ ਸ਼ੁਰੂ ਕਰ ਦਿੱਤਾ ਤੇ ਆਖੇ, "ਭੈਣ............ ਤੁਹਾਡੀਆਂ ਕੁੜੀਆਂ ਛੁਡਾ ਛੁਡਾ ਲਿਆਉਂਦੇ ਰਹੇ ਹਾਂ, ਹੁਣ ਅਸੀਂ ਅਰੇ ਹੋ ਗਏ।"

ਉਹ ਬੋਲਦਾ ਤਾਂ ਠੇਠ ਮਾਝੇ ਦੀ ਪੰਜਾਬੀ ਸੀ ਪਰ ਜੇ ਦਰਖ਼ਾਸਤ ਲਿਖਦਾ ਤਾਂ ਉਹ ਹਿੰਦੀ 'ਚ। ਜਿਹੜੀ ਦਰਖ਼ਾਸਤ ਓਹਨੇ ਕਛਹਿਰੇ 'ਤੇ ਲਿਖੀ ਸੀ, ਉਹ ਵੀ ਹਿੰਦੀ 'ਚ ਸੀ, ਮੈਂ ਆਪ ਵੇਖੀ ਹੈ। ਇਸ ਪਿੱਛੇ ਉਸ ਦੀ ਕੀ ਭਾਵਨਾ ਸੀ, ਇਹ ਪੁੱਛ ਨਹੀਂ ਸਕੇ। ਸ਼ਾਇਦ ਇਸ ਕਰਕੇ ਕਿ ਦਿੱਲੀ ਦੀ ਪ੍ਰਾਂਤਕ ਭਾਸ਼ਾ ਹਿੰਦੀ ਹੈ ਤੇ ਮਲੂਕ ਸਿੰਘ ਨੂੰ ਪਤਾ ਸੀ ਕਿ ਪੰਜਾਬੀ ਵਿਚ ਲਿਖੀ ਹੋਈ ਦਰਖ਼ਾਸਤ 'ਤੇ ਕੋਈ ਅਮਲ ਨਹੀਂ ਹੋਣਾ। ਮਲੂਕ ਸਿੰਘ ਮੂੰਹ ਫੱਟ ਵੀ ਬਹੁਤ ਹੈ। ਸਰਦਾਰ ਕਰਤਾਰ ਸਿੰਘ ਨਾਰੰਗ ਉਸ ਨੂੰ ਬਿਲਕੁਲ ਪਸੰਦ ਨਹੀਂ ਸੀ ਕਰਦੇ। ਉਸ ਦਾ ਕਾਰਨ ਇਹ ਸੀ ਕਿ ਮਲੂਕ ਸਿੰਘ ਗੱਲ ਕਰਨ ਲੱਗਾ ਅੱਗਾ ਪਿੱਛਾ ਨਹੀਂ ਸੀ ਵੇਂਹਦਾਂ ਤੇ ਕਈ ਵਾਰ ਉਹ ਗੱਲ ਵੀ ਕਰ ਦਿੰਦਾ ਸੀ, ਜਿਹੜੀ ਖੱਤਰੀ ਸਿੱਖਾਂ ਨੂੰ ਪਸੰਦ ਆ ਹੀ ਨਹੀਂ ਸੀ ਸਕਦੀ। ਉਹ ਭਾਵੇਂ ਜਾਤ-ਪਾਤ ਵਿਚ ਵਿਸ਼ਵਾਸ਼ ਨਹੀਂ ਸੀ ਰੱਖਦਾ ਪਰ ਕੁਝ ਸਵਾਲ ਉਸ 'ਤੇ ਹਮੇਸ਼ਾਂ ਹਾਵੀ ਰਹਿੰਦੇ। ਮਿਸਾਲ ਦੇ ਤੌਰ 'ਤੇ ਰੰਗੂ

ਬਾਹਮਣ ਨੂੰ ਸਤਿਗੁਰਾਂ ਦੇ ਘਰ ਦਾ ਰਸੋਈਆ ਹੋਣ ਬਾਰੇ ਉਹ ਕਹਿੰਦਾ, "ਗੁਰੂ ਜੀ ਨੇ ਵੀ ਐਵੇਂ ਹੀ ਬਾਹਮਣ ਰੱਖਿਆ ਕੋਈ ਮੇਰੇ ਵਰਗਾ ਹਮਾਤੜ ਮਜ਼ਬੀ ਨਹੀਂ ਸੀ ਰੱਖ ਸਕਦੇ? ਬਾਹਮਣ ਨੇ ਤਾਂ ਧੋਖਾ ਦੇਣਾ ਈ ਸੀ। ਭਲਾ ਕੋਈ ਮਜ਼ਬੀ ਕਿਵੇਂ ਧੋਖਾ ਦੇ ਸਕਦਾ ਸੀ? ਅਸੀਂ ਤੇ ਹੁਣ ਵੀ ਗੁਰੂ 'ਤੇ ਜਾਨ ਦੇਂਨੇ ਆਂ ਭਲਾ ਓਦੋਂ ਨਾ ਦੇਂਦੇ?"

ਸਰਦਾਰ ਕਰਤਾਰ ਸਿੰਘ ਨਾਰੰਗ ਇਸ ਤਰ੍ਹਾਂ ਦੀ ਗੱਲ ਸੁਣ ਕੇ ਆਪੇ ਤੋਂ ਬਾਹਰ ਹੋ ਜਾਂਦੇ ਤੇ ਉਹ ਚੁੱਪ ਕਰ ਜਾਂਦਾ। ਫਿਰ ਹੌਲੀ ਜਿਹੀ ਕਹਿੰਦਾ, "ਹੁਣ ਇਸ ਗੱਲ ਦਾ ਕੋਈ ਜੁਆਬ ਨਹੀਂ ਤੇ ਭਾਅ ਜੀ ਮੇਰੇ ਗਰੀਬ 'ਤੇ ਵਰ੍ਹ ਪਏ ਈ।" ਕਈ ਵਾਰ ਉਹ ਇਕ ਐਸਾ ਸਵਾਲ ਕਰ ਦਿੰਦਾ ਜਿਹੜਾ ਅੱਜ ਤੱਕ ਕਿਸੇ ਸਿੱਖ ਨੇ ਨਹੀਂ ਸੀ ਕੀਤਾ। "ਹੈਂ ਭਾਅ, ਤੁਸੀਂ ਆਂਹਦੇ ਤੇ ਹੈਗੇਓ ਪਈ ਮਲੂਕ ਸਿਹੁੰ ਏਦਾਂ ਦੀਆਂ ਗੱਲਾਂ ਕਿਉਂ ਕਰਦਾ ਪਰ ਤੁਸੀਂ ਦੱਸੋ ਪਈ ਜੇ ਗੁਰੂਆਂ ਨੇ ਜਾਤ-ਪਾਤ ਹਟਾਉਣੀ ਹੁੰਦੀ ਤੇ ਉਹ ਕਿਸੇ ਨੀਵੀਂ ਜਾਤ ਵਾਲੇ ਨਾਲ ਰਿਸ਼ਤਾ ਨਹੀਂ ਸੀ ਜੋੜ ਸਕਦੇ? ਦਸਾਂ ਗੁਰੂਆਂ ਨੇ ਆਪਣੀ ਜਾਤ ਬਰਾਦਰੀ 'ਚ ਈ ਰਿਸ਼ਤੇ ਕੀਤੇ ਆ, ਜੇ ਓਹਨਾਂ ਨੇ ਜਾਤ ਪਾਤ ਵਾਲੀ ਆੜ ਨਹੀਂ ਟੱਪੀ ਤੇ ਹੁਣ ਕੌਣ ਟੱਪ ਜਾਊ? ਕਿਸੇ ਵੀ ਗੁਰੂ ਨੇ ਕਿਸੇ ਮਜ਼ਬੀ ਨਾਲ ਰਿਸ਼ਤਾ ਨਹੀਂ ਕੀਤਾ, ਹੁਣ ਤੁਸੀਂ ਆਂਹਦੇ ਤੇ ਹੈਗੇ ਓ, ਦਸਵੇਂ ਪਾਤਸ਼ਾਹ ਨੇ ਵੀ ਤਿੰਨ ਵਿਆਹ ਕਰਵਾਏ ਸੀ ਭਲਾ ਇਕ ਵਿਆਹ ਕਿਸੇ ਮਜ਼ਬਣ ਨਾਲ ਨਹੀਂ ਸੀ ਕਰਵਾ ਸਕਦੇ?" ਫਿਰ ਉਹ ਲੋੜ ਤੋਂ ਜਿਆਦਾ ਹੀ ਉਤੇਜਤ ਹੋ ਜਾਂਦਾ ਤੇ ਕਹਿੰਦਾ, "ਜੇ ਸਤਗੁਰਾਂ ਨੂੰ ਘੁੰਗਣੀਆਂ ਵੇਚਦਾ ਮੁੰਡਾ ਪਸੰਦ ਆ ਸਕਦਾ ਸੀ ਤੇ ਕੀ ਗੱਲ ਕੋਈ ਗੱਡਾ ਵਾਉਂਦਾ ਮਜ਼ਬੀ ਨਹੀਂ ਸੀ ਆ ਸਕਦਾ?" ਇਸ ਤਰ੍ਹਾਂ ਉਹ ਹੋਰ ਅੱਗੇ ਚਲਾ ਜਾਂਦਾ ਤੇ ਕਹਿੰਦਾ, "ਨਹੀਂ ਨਹੀਂ, ਇਹ ਗੱਲ ਈ ਨਹੀਂ। ਪਾਤਸ਼ਾਹ ਨੇ ਆਪਣੀ ਖੱਤਰੀ ਜਾਤ ਨੂੰ ਈ ਉੱਚੀ ਮੰਨਿਆ, ਸਾਨੂੰ ਤੇ ਸੱਗੂਆਂ ਫੱਗੂਆਂ ਵਿਚ ਈ ਗਿਣਿਆ, 'ਅਖੇ ਖੱਤਰੀ ਕੀ ਜਾਤ ਹੂੰ, ਬਾਹਮਣ ਕੀ ਨਾਂਹੀ॥" ਇਸ ਤੋਂ ਬਾਅਦ ਉਹ ਯਾਦ ਕੀਤੀਆਂ, ਕਰਵਾਈਆਂ ਇਕ ਦੋ ਹੋਰ ਗਲਤ ਮਲਤ ਗੁਰਬਾਣੀ ਦੀਆਂ ਤੁਕਾਂ ਬੋਲ ਦੇਂਦਾ ਤੇ ਫਿਰ ਪ੍ਰਤੀਕਰਮ ਦੇਖਣ ਲਈ ਚੁੱਪ ਹੋ ਜਾਂਦਾ। ਜੇ ਤੇ ਕੋਈ ਉਹਨੂੰ ਨੇਹਰੀ ਵੱਟਦਾ ਤੇ ਗੱਲ ਵਿਚ ਦਿਲਚਸਪੀ ਨਾ ਲੈਂਦਾ ਤਾਂ ਉਹ ਉੱਠ ਕੇ ਤੁਰ ਪੈਂਦਾ ਤੇ ਕਹਿੰਦਾ, 'ਸੱਜਣ ਛੱਡੀਏ ਰੰਗ, ਜਿਹੜੇ ਫਿਰ ਵੀ ਆਉਣ ਕੰਮ'।

ਮੈਂ ਇਕ ਵਾਰ ਉਹਨੂੰ ਪੁੱਛਿਆ ਕਿ ਮਲੂਕ ਸਿਆਂ ਇਹ ਗੱਲ ਸੱਜਣ ਛੱਡੀਏ ਵਾਲੀ ਤੈਨੂੰ ਕਿਹਨੇ ਦੱਸੀ ਆ? ਓਹਨੇ ਕਿਹਾ, "ਮੇਰਾ ਭਾਊ (ਮਾਝੇ ਵਿਚ ਪਿਊ ਨੂੰ ਭਾਊ ਵੀ ਕਹਿੰਦੇ ਹਨ) ਜਦੋਂ ਕਿਸੇ ਜੱਟ ਦੀ ਸੇਪੀ ਛੱਡਦਾ ਸੀ ਏਦਾਂ ਈ ਆਂਹਦਾ ਹੁੰਦਾ ਸੀ। ਜੇ ਕੋਈ ਉਹਨੂੰ ਆਖੇ, "ਮਲੂਕ ਸਿਆਂ ਤੂੰ ਬਾਣੀ ਐਵੇਂ ਗਲਤ ਈ ਪੜ੍ਹ ਦੇਂਨਾ।" "ਚਲੋ ਭਾਅ, ਤੁਹਾਨੂੰ ਸਮਝ ਤੇ ਆ ਈ ਗਈ ਨਾ, ਮੈਂ ਕਿਹੜਾ ਰੰਗੜ ਨੰਗਲ ਦੇ ਵੱਡੇ ਗੁਰਦੁਆਰੇ ਹੈੱਡ ਗ੍ਰੰਥੀ ਲੱਗਾ ਰਿਹਾਂ।" ਜੇ ਕੋਈ ਹਾਸੇ ਨਾਲ ਉਹਨੂੰ ਪੁੱਛੇ, "ਮਲੂਕ ਸਿਆਂ, ਹੁਣ ਤੂੰ ਵਿਆਹ ਕਿੱਥੇ ਕਰਾਉਣਾ?" "ਕਰਾਉਣਾ ਤੇ ਪੰਜਾਬ ਵਿਚ ਈ ਆ ਲੱਭੂਗਾਂ ਕੋਈ ਬਾਹਮਣੀ ਜਾਂ ਖਤਰਾਣੀ। ਜਦੋਂ ਸਾਰੇ ਸਿੱਖ ਇਕੋ ਜੇਹੇ ਆ ਤੇ ਮੈਨੂੰ ਕੋਈ ਮਜ਼ਬਣ ਈ ਸੁੱਖੀ ਆ?" ਫਿਰ ਉਹਨੇ ਕਹਿਣਾ, "ਐਵੇਂ ਹੱਸਦੇ ਆਂ, ਜੇਲ੍ਹੋਂ ਬਾਹਰ ਜਾਵਾਂਗੇ ਤਾਂ ਗੱਲ ਬਣੂੰ, ਏਥੇ ਬੈਠਿਆਂ ਤੇ ਕਿਸੇ ਨੇ ਮਿੱਟੀ ਦੀ ਕੁੜੀ ਵੀ ਨਹੀਂ ਦੇਣੀ।" ਜੇ ਕੋਈ ਆਖੇ ਮਲੂਕ ਸਿਆਂ ਜੇ ਕੋਈ ਚੰਗੀ ਜਹੀ ਜੱਟੀ ਮਿਲ ਜਾਏ ਤੇ ਫੇਰ ਠੀਕ ਆ?" ਓਹਨੇ

ਫੱਟ ਕਹਿ ਦੇਣਾ, "ਭਾਅ ਐਵੇਂ ਤੁਸੀਂ ਮੈਨੂੰ ਛੇੜਦੇ ਓ, ਪਿੰਡਾਂ ਵਿਚ ਮਜ਼ਬਣਾਂ ਤੇ ਜੱਟੀਆਂ ਵਿਚ ਕੀ ਫਰਕ ਆ? ਉਹ ਗੋਹੇ ਪੱਥ ਪੱਥ ਬੋਡੀਆਂ ਹੋਈਆਂ ਤੇ ਉਹ ਨੌਕਰਾਂ ਦੀਆਂ ਰੋਟੀਆਂ ਪਕਾ ਪਕਾ ਹੰਭੀਆਂ ਮਰੀਆਂ ਪਈਆਂ।" ਸਰਦਾਰ ਨਾਰੰਗ ਸਾਹਿਬ ਨੇ ਇਕ ਵਾਰ ਕਿਹਾ, "ਮਲੂਕ ਸਿੰਘ ਜੇ ਇਸ ਵਾਰਡ ਵਿਚ ਆਉਣਾ ਹੋਵੇ ਤਾਂ ਸਿੱਖੀ ਤੇ ਗੁਰੂ ਜੀ ਦੀ........................." ਅਜੇ ਗੱਲ ਉਨ੍ਹਾਂ ਦੇ ਮੂੰਹ ਵਿਚ ਹੀ ਸੀ ਜਦੋਂ ਮਲੂਕ ਸਿੰਘ ਬੋਲ ਪਿਆ, "ਕੀ ਗੱਲ ਭਾਅ ਜੀ, ਤੁਸਾਂ ਬਾਬੇ ਬਕਾਲੇ ਵਾਲੀ ਤਸੀਲੋਂ ਸਿੱਖੀ ਦੀ ਰਜਿਸਟਰੀ ਕਰਾ ਲਈ ਆ?" ਮਲੂਕ ਸਿੰਘ ਆਪਣੀ ਜਾਤ ਵੀ ਨਹੀਂ ਸੀ ਲੁਕਾਉਂਦਾ। ਜਿਹੜੀ ਗੱਲ ਕਿਸੇ ਹੋਰ ਨੇ ਉਹਨੂੰ ਕਹਿਣੀ ਹੁੰਦੀ, ਉਹ ਆਪ ਹੀ ਆਖ ਦੇਂਦਾ। ਇਕ ਵਾਰ ਕਿਸੇ ਪੰਜਾਬੀ ਨੇ (ਸਿੱਖ ਨਹੀਂ) ਮਲੂਕ ਸਿੰਘ ਨੂੰ ਕੋਈ ਖਰ੍ਹਵੀ ਗੱਲ ਆਖ ਦਿੱਤੀ, ਮਲੂਕ ਸਿੰਘ ਨੇ ਉਹਨੂੰ ਬੜੇ ਆਰਾਮ ਨਾਲ ਮੋਢੇ ਤੋਂ ਫੜ ਕੇ ਕਿਹਾ, "ਜੇ ਤੇਰਾ ਕੋਈ ਮਾੜਾ ਮੋਟਾ ਭਰਮ ਭਾਅ ਬਣਿਆ ਈ ਆ, ਹੁਣ ਕਾਹਨੂੰ ਗਵਾਉਣ ਲੱਗਾਂ?" ਉਹਨੇ ਕਿਹਾ, "ਕੀ ਗੱਲ, ਤੂੰ ਮੇਰਾ ਕੀ ਕਰੇਂਗਾ?" ਮਲੂਕ ਸਿੰਘ ਨੇ ਕਿਹਾ, "ਜਦੋਂ ਮੈਂ ਤੇਰੀਆਂ ਦਾੜ੍ਹਾਂ 'ਤੇ ਦੋ ਛੱਡੀਆਂ ਲੋਕ ਤੈਨੂੰ ਆਖਣਗੇ ਨਾ ਪਈ ਚੂਹੜੇ ਕੋਲੋਂ ਛਿੱਤਰ ਖਾ ਬੈਠਾ ਏਂ? ਜੇ ਤੂੰ ਬੰਦਿਆਂ ਵਾਂਗ ਚਲਾ ਜਾਵੇਂ ਤੇ ਤੇਰਾ ਭਰਮ ਭਾ ਬਚ ਵੀ ਸਕਦਾ, ਸੋਚ ਲਾ," ਤੇ ਕਹਿੰਦੇ ਆ ਉਹ ਬੰਦਾ ਸੱਚਮੁੱਚ ਹੀ ਚਲਾ ਗਿਆ।

ਮਲੂਕ ਸਿੰਘ ਨੂੰ ਜੇ ਕੋਈ ਪੁਛੇ, "ਮਲੂਕ ਸਿਆਂ, ਮੀਟ ਖਾ ਲੈਨਾ ਕਿ ਨਹੀਂ?" "ਮਹਾਂ ਪ੍ਰਸ਼ਾਦ ਤੇ ਭਾਅ ਖੁਸ਼ ਹੋ ਕੇ ਛੱਕ ਲਈਦਾ। ਸਾਡੇ ਪਿੰਡ ਜਦੋਂ ਵੀ ਕਿਸੇ ਦੇ ਘਰ ਵਿਆਹ ਸ਼ਾਦੀ ਹੋਵੇ ਬੱਕਰਾ ਵੱਢਣ ਮੇਰੇ ਭਾਊ ਨੂੰ ਈ ਸੱਦਦੇ ਆ। ਪਹਿਲਾਂ ਪਹਿਲਾਂ ਤੇ ਉਹਨਾਂ ਸਾਰਾ ਮਾਸ ਆਪ ਰੱਖ ਲਿਆ ਕਰਨਾ ਤੇ ਭਾਊ ਨੂੰ ਓਜਰੀ (ਪੇਟ ਅੰਦਰ ਬੁਰ ਵਾਲੇ ਤੌਲੀਏ ਵਰਗਾ ਮਾਸ ਹੁੰਦਾ ਹੈ, ਇਥੇ ਪਸ਼ੂ ਦੇ ਖਾਧੇ ਹੋਏ ਪੱਠੇ ਹੁੰਦੇ ਹਨ। ਪੱਠਿਆਂ ਦੀ ਹਰਿਆਈ ਲਾਹੁਣ ਲਈ ਇਸ ਨੂੰ ਸਾਬਣ ਨਾਲ ਕਈ ਵਾਰ ਧੋਣਾ ਪੈਂਦਾ ਹੈ ਤਾਂ ਹੀ ਕਿਤੇ ਜਾ ਕੇ ਹਰਿਆਈ ਤੇ ਹੋਰ ਨਿਕ ਸੁੱਕ ਜਿਹਾ ਲਹਿੰਦਾ ਹੈ ਤੇ ਕਈ ਵਾਰ ਧੋਣ 'ਤੇ ਮਾਸ ਖਾਣ ਦੇ ਕਾਬਲ ਬਣਦਾ ਹੈ।) ਦੇ ਕੇ ਘਰ ਨੂੰ ਤੋਰ ਦਿਆ ਕਰਨਾ। ਹੁਣ ਮੈਂ ਏਤਰਾਂ ਨਹੀਂ ਹੋਣ ਦੇਂਦਾ। ਮੈਂ ਪਹਿਲਾਂ ਈ ਗਲ ਖੋਲ੍ਹ ਲਈਨਾ, ਪਈ ਸਿਰੀ ਤੇ ਖਰੋੜੇ ਤੇ ਵੱਢਣ ਵਾਲੇ ਦੇ ਹੁੰਦੇ ਈ ਆ, ਪਿਛਲੇ ਪੱਟ ਵਿਚੋਂ ਵੀ ਗੋਲ ਮਾਸ ਦਿਓਗੇ ਤੇ ਭਾਊ ਤੁਹਾਡੇ ਨਾਲ ਚਲਾ ਜਾਂਦਾ ਨਹੀਂ ਤਾਂ ਇਹ ਕੋਈ ਢਾਕੇ ਵਾਲੇ ਬੁੱਚੜਖਾਨੇ ਨਹੀਂ ਲਗਾ ਰਿਹਾ ਪਈ ਇਹਨੂੰ ਬੱਕਰਾ ਵੱਢਣਾ ਜ਼ਿਆਦਾ ਆਉਂਦਾ, ਤੁਸੀਂ ਆਪ ਵੀ ਵੱਢ ਸਕਦੇ ਜੇ"। ਸਾਡਾ ਇਕ ਸਾਥੀ ਹੁਸ਼ਿਆਰਪੁਰ ਜ਼ਿਲ੍ਹੇ ਦਾ ਹੋਣ ਕਰਕੇ ਮਸਰਾਂ ਨੂੰ ਮਸਰੀ ਤੇ ਸੁਸਰੀ ਨੂੰ ਬਸਰੀ ਕਹਿੰਦਾ ਸੀ, ਇਕ ਵਾਰ ਉਹ ਲੰਗਰ ਲਈ ਦਾਲ ਚੁਗਣ ਲੱਗਾ ਤੇ ਉਹਨੇ ਉੱਚੀ ਸਾਰੀ ਸਾਨੂੰ ਸਾਰਿਆਂ ਨੂੰ ਕਿਹਾ, "ਭਾਅ ਜੀ, ਮਸਰੀ ਨੂੰ ਤੇ ਬਸਰੀ ਪਈ ਓਈ ਆ।" ਮਲੂਕ ਸਿੰਘ ਨੇ ਉਸਦਾ ਨਾ ਹੀ ਮਸਰੀ ਬਸਰੀ ਰੱਖ ਦਿੱਤਾ ਹੈ। ਜੇ ਕੋਈ ਹੋਰ ਕਵਿਤਾ ਸੁਣਾਵੇ ਤਾਂ ਉਹ ਜ਼ਰੂਰ ਪੁਛਦਾ ਹੈ, "ਆਪਣੀ ਬਣਾਈ ਊ ਕਿ ਕਿਸੇ ਦੀ ਲਿਖੀ ਪੜ੍ਹੀ ਜਾਂਨਾ?" ਜੇ ਕੋਈ ਆਖੇ, "ਇਹ ਫਲਾਨੇ ਮਸ਼ਹੂਰ ਕਵੀ ਦੀ ਲਿਖੀ ਹੋਈ ਹੈ" ਤਾਂ ਮਲੂਕ ਸਿੰਘ ਝੱਟ ਕਹਿ ਦੇਂਦਾ ਹੈ, "ਨਾ ਤੇ ਉਸ ਕਵੀ ਦਾ ਬੜਾ ਥੱਬੇ ਦੇ ਗੁਲਕੰਦ ਮੰਗਣ ਵਾਂਗ ਵੱਡਿਆ ਕੇ ਲਿਆ ਈ" ਪਰ ਤੇਰੀ ਆਪਣੀ ਤੇ ਕਰਤੂਤ ਕੋਈ ਨਾ ਨਾ ਹੋਈ ਜੇ

ਗਲਾ ਚੰਗਾ ਨਾ ਹੋਵੇ ਤਾਂ ਬੰਦੇ ਨੂੰ ਕਦੇ ਵੀ ਗਾਉਣਾ ਨਹੀਂ ਚਾਹੀਦਾ। ਲੱਚਰ ਗਾਣੇ ਲਿਖਣ ਤੇ ਗਾਉਣ ਦੇ ਉਹ ਬਹੁਤ ਵਿਰੁੱਧ ਹੈ।

ਆਪਣੇ ਪਿਓ (ਭਾਊ) ਕਰਮ ਸਿੰਘ 'ਤੇ ਵੀ ਉਸਨੂੰ ਬੜਾ ਤਰਸ ਆਉਂਦਾ ਹੈ। ਉਹ ਕਹਿੰਦਾ ਹੈ, "ਉਹਦਾ ਤੇ ਨਾਂ ਈ ਕਰਮ ਸਿਹੁੰ ਆ, ਉਂਤਰਾਂ ਉਹ ਨਿਕਰਮਾ ਈ ਆ। ਲੋਕ (ਜ਼ਮੀਨਾਂ ਵਾਲੇ) ਆੜ੍ਹਤੀਆਂ ਕੋਲੋਂ ਪੈਸੇ ਲੈਣ ਜਾਂਦੇ ਆ ਤੇ ਅਸੀਂ ਉਨ੍ਹਾਂ ਕੋਲੋਂ ਲੈਣ ਜਾਂਦੇ ਆਂ ਜਿਹੜੇ ਆਪ ਦੋ ਦੋ ਘੰਟੇ ਆੜ੍ਹਤੀਆਂ ਦੇ ਥੜ੍ਹੇ 'ਤੇ ਬਹਿ ਕੇ ਉਨ੍ਹਾਂ ਦੇ ਤਰਲੇ ਕੱਢ ਕੇ ਲਿਆਉਂਦੇ ਆ, ਸਾਨੂੰ ਉਹਨਾਂ ਵਿਚਾਰਿਆਂ ਕੀ ਬਦਰੇ ਦੇਣੇ ਹੋਏ। ਆਪਣੇ ਘਰੋਂ ਆਉਣ ਦੀ ਉਸਦੀ ਕਹਾਣੀ ਵੀ ਬਿਲਕੁਲ ਨਿਰਾਲੀ ਹੈ। ਉਹ ਦੱਸਦਾ ਹੈ ਕਿ ਇਕ ਦਿਨ ਮੇਰੀ ਭੂਆ ਦਾ ਜਵਾਈ ਸਾਡੇ ਘਰ ਆਇਆ ਤੇ ਆਉਂਦੇ ਨੂੰ ਹੀ ਸਿਰਗਟਾਂ ਦੀ ਤੜਫ ਲੱਗ ਗਈ ਅਖੇ ਜਾ ਮਲੂਕਿਆ ਮੇਰੇ ਲਈ ਸਿਰਗਟਾਂ ਦੀ ਡੱਬੀ ਹੱਟੀਓਂ ਲਿਆ। ਇਕ ਤੇ ਮੈਨੂੰ ਮੇਰਾ ਅੱਧਾ ਨਾਂ ਸੱਦਣ ਦਾ ਗੁੱਸਾ ਸੀ ਉੱਤੋਂ ਉਸ ਨੇ ਮੈਨੂੰ ਤਮਾਕੂ ਲਿਆਉਣ ਲਈ ਆਖ ਦਿੱਤਾ, ਹੈ ਕਿ ਨਹੀਂ, 'ਚੂਹੜਿਆਂ ਦੇ ਪਠਾਣ ਵਗਾਰੀ ਵਾਲੀ' ਗੱਲ? ਮੇਰਾ ਭਾਊ ਵੀ ਆਖੀ ਜਾਵੇ ਚੱਲ ਮਲੂਕ ਸਿਆਂ ਲਿਆ ਦੇ ਔਖਾ ਸੌਖਾ। ਮੈਂ ਹੱਟੀ ਗਿਆ ਲਾਲੇ ਨੂੰ ਆਖਿਆ ਲਾਲਾ ਸਿਰਗਟਾਂ ਦੀ ਡੱਬੀ ਦੇਹ। ਉਹ ਹੈਰਾਨ ਪਈ ਮਲੂਕ ਸਿਹੁੰ ਸਿਰਗਟਾ ਮੰਗਣ ਡਿਹਾ। ਮੈਨੂੰ ਵੀ ਸ਼ਰਮ ਏਨੀ ਆਵੇ ਪਈ ਮੈਂ ਆਖਾਂ ਧਰਤੀ ਮੈਨੂੰ ਵਿਹਲ ਦੇ ਦੇਵੇ ਤੇ ਮੈਂ ਇਹਦੇ ਵਿਚ ਨਿਘਰ ਜਾਵਾਂ, ਜਿਦਾਂ ਸੀਤਾ ਨਿਘਰੀ ਸੀ। ਉਹ ਮੈਨੂੰ ਡੱਬੀ ਹੱਥ ਵਿਚ ਫੜਾਉਣ ਨੂੰ ਫਿਰੇ ਮੈਂ ਪੈਰੋਂ ਜੁੱਤੀ ਲਾਹ ਕੇ ਪੰਜੇ ਵਾਲੇ ਬੰਨਿਉਂ ਫੜ ਲਈ ਤੇ ਅੱਡੀ ਵਿਚ ਸਿਰਗਟਾਂ ਦੀ ਡੱਬੀ ਰਖਾ ਕੇ ਆ ਗਿਆ। ਜੀਹਨੇ ਮੰਗਵਾਈ ਸੀ, ਉਹ ਆਖੇ ਮੇਰੀ ਬੇਇਜ਼ਤੀ ਕੀਤੀ ਆ ਤੇ ਭੂੰ ਭੂੰ ਕਰਦਾ ਸਾਡੇ ਘਰੋਂ ਚਲਾ ਗਿਆ। ਭਾਊ ਆਖੇ ਤੂੰ ਕਿਸੇ ਪੱਤੇ ਪੁੱਤੇ ਵਿਚ ਰੱਖ ਕੇ ਲੈ ਆਉਂਦਾ। ਮੈਂ ਆਖਿਆ ਪੱਤੇ ਪੁੱਤੇ ਕਰੀ ਜਾਨਾਂ ਪੱਤੇ ਉਥੇ ਕਾਹਦੇ ਸੀ? ਨਿੰਮ ਦਾ ਦਰਖਤ ਸੀ, ਦੱਸ ਨਿੰਮ ਦੇ ਪੱਤੇ ਵਿਚ ਸਿਰਗਟਾਂ ਦੀ ਡੱਬੀ ਆ ਸਕਦੀ ਸੀ? ਤੂੰ ਵੀ ਗੱਲਾਂ ਕਰੀ ਜਾਨਾਂ। ਤੇ ਮੈਂ ਗੁੱਸੇ ਵਿਚ ਆਇਆ ਈ ਘਰੋਂ ਦਿੱਲੀ ਬਾਬੇ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਕੋਲ ਆ ਗਿਆ।

ਲੈ ਭਾਅ ਪਈ ਤੁਸੀਂ ਵੇਖ ਲਓ ਘਰ ਵਿਚੋਂ ਕੁੱਤੇ ਦਾ ਕਤੂਰਾ ਵੀ ਗੁਆਚ ਜਾਵੇ ਤੇ ਲੱਭਦੇ ਫਿਰੀਦਾ, ਜਿੱਦਣ ਦਾ ਮੈਨੂੰ ਪੁਲਿਸ ਫੜ ਕੇ ਲਿਆਈ ਆ ਇਕ ਵਾਰ ਡੇਰੇ ਦਾ ਕੋਈ ਬੰਦਾ ਮੇਰਾ ਪਤਾ ਲੈਣ ਨਹੀਂ ਆਇਆ ਪਈ ਮਲੂਕ ਮਰ ਗਿਆ ਕਿ ਜੀਂਦਾ। ਮੈਂ ਤੇ ਕੁੱਤੇ ਦੇ ਕਤੂਰੇ ਤੋਂ ਵੀ ਭੈੜਾ ਹੋਇਆ ਕਿ ਨਹੀਂ? ਇਹ ਗੱਲ ਕਰਦਿਆਂ ਉਹਦੀਆਂ ਅੱਖਾਂ ਵਿਚ ਗਲੇਡੂ ਆ ਜਾਂਦੇ। ਉਸ ਨੂੰ ਆਪਣਾ ਪਿਓ ਵੀ ਯਾਦ ਆ ਜਾਂਦਾ ਤੇ ਕਹਿੰਦਾ, "ਮੇਰਾ ਭਾਊ ਵਿਚਾਰਾ ਖੌਰਿਆ ਮੈਨੂੰ ਕਿਥੇ ਕਿਥੇ ਲੱਭਦਾ ਫਿਰਦਾ ਹੋਣਾ? ਪਰ ਉਹਨੂੰ ਕੀ ਪਤਾ ਪਈ ਜਿਹੜਾ ਮੇਰਾ ਪੁੱਤ ਤਮਾਕੂ ਨੂੰ ਹੱਥ ਲਾਉਣ ਦੁਖੋਂ ਘਰ ਛੱਡ ਕੇ ਗਿਆ, ਏਥੇ ਉਹਦੇ ਆਲੇ ਦੁਆਲੇ ਤਮਾਕੂ ਦਾ ਧੂੰਆਂ ਈ ਧੂੰਆਂ। ਮੇਰੀ ਗਲ ਤੇ ਉਹ ਹੋਈ ਅਖੇ ਜਿਥੇ ਜਾਵੇ ਤੱਤ ਵਲਤੀ ਤਾਂਦਲਾ ਵਿਕੇ ਉਸੇ ਹੱਟੀ' ਤਮਾਕੂ ਕਰਕੇ ਘਰ ਛਡਿਆ ਸਗੋਂ ਤਮਾਕੂ ਪੀਣ ਵਾਲਿਆਂ ਵਿਚ ਫਸ ਗਿਆ। ਅਸਾਂ ਉਹਦੇ ਘਰ ਚਿੱਠੀ ਤੇ ਪੁਆ ਦਿੱਤੀ ਸੀ ਪਰ ਪਤਾ ਨਹੀਂ ਵਿਚਾਰੇ ਮਲੂਕ ਸਿੰਘ ਦਾ ਕੀ ਬਣਿਆ? ਉਸ ਕਾਰ ਸੇਵਾ ਵਾਲੇ ਸਾਧ 'ਤੇ ਸਾਨੂੰ ਸਾਰਿਆਂ ਨੂੰ ਬੜਾ ਗੁੱਸਾ ਆਇਆ। ਉਹਦਾ ਫਰਜ਼ ਤਾਂ ਬਣਦਾ ਸੀ ਮਲੂਕ ਸਿੰਘ

ਦਾ ਪਤਾ ਕਰਨਾ, ਮੁਲਾਕਾਤ ਕਰਨੀ।

ਉੱਤਰ ਤੇ ਦੱਖਣ ਭਾਰਤ ਦੇ ਹਿੰਦੂ

ਇਹ ਤਜਰਬਾ ਵੇਖਣ ਵਿਚ ਆਇਆ ਹੈ ਕਿ ਜੋ ਹਿੰਦੂ ਦੱਖਣ ਭਾਰਤ ਦੇ ਹਨ, ਉਨ੍ਹਾਂ ਦਾ ਰਵੱਈਆ ਸਿੱਖਾਂ ਪ੍ਰਤੀ ਬਹੁਤ ਹੀ ਚੰਗਾ ਹੈ ਪਰ ਉੱਤਰੀ ਭਾਰਤ ਤੇ ਖਾਸ ਕਰ ਹਰਿਆਣਾ ਤੇ ਦਿੱਲੀ ਦੇ ਹਿੰਦੂ (ਉੱਤਰੀ ਭਾਰਤ ਦੇ ਕਹਿ ਲਓ) ਸਿੱਖਾਂ ਪ੍ਰਤੀ ਬਹੁਤ ਹੀ ਘਟੀਆ ਸੋਚ ਰੱਖਦੇ ਹਨ। ਉੱਤਰੀ ਭਾਰਤ ਦੇ ਵੀ ਸਾਰੇ ਹਿੰਦੂ ਇਕ ਰੱਸੇ ਨਹੀਂ ਬੰਨ ਸਕਦੇ, ਵਿਚ ਵਿਚ ਬਹੁਤ ਹੀ ਚੰਗੇ ਵੀ ਹਨ ਪਰ ਬਹੁਗਿਣਤੀ ਲੋਕ ਗਲਤ ਸੋਚਣੀ ਦੇ ਸ਼ਿਕਾਰ ਹਨ। ਇਕ ਵਾਰ ਮਦਰਾਸੀ ਡਾਕਟਰ, ਜੋ ਆਰ.ਐਮ.ਓ. ਹੈ, ਸਾਡੇ ਵਾਰਡ ਵਿਚ ਫਾਂਸੀ ਵਾਲੇ ਮੁਲਜਮ ਨੂੰ ਵੇਖਣ ਆਇਆ। ਅਸੀਂ ਉਦੋਂ ਕੁਦਰਤੀ ਹੀ ਚਾਹ ਬਣਾ ਰਹੇ ਸੀ। ਅਸਾਂ ਡਾਕਟਰ ਨੂੰ ਵੀ ਚਾਹ ਪੀਣ ਲਈ ਕਿਹਾ ਤੇ ਕੁਦਰਤੀ ਉਸੇ ਦਿਨ ਹੀ ਸਾਡੇ ਵਿਚੋਂ ਕਿਸੇ ਦੀ ਮੁਲਾਕਾਤ ਵੀ ਆਈ ਸੀ, ਬਰਫੀ ਤੇ ਤਲੇ ਹੋਏ ਕਾਜੂ ਵੀ ਅਸਾਂ ਇਕ ਪਲੇਟ ਵਿਚ ਪਾ ਕੇ ਅੱਗੇ ਰੱਖੇ। ਸਾਡੀ ਉਦੋਂ ਬੀ ਕਲਾਸ ਨਹੀਂ ਸੀ ਲੱਗੀ। ਸੋ ਸਾਡਾ ਇਕ ਸਾਥੀ ਹੱਥ ਵਿਚ ਹੀ ਪਲੇਟ ਫੜ ਕੇ ਖਲੋ ਗਿਆ। ਡਾਕਟਰ ਪਹਿਲਾਂ ਤਾਂ ਹਿਚਕਚਾਇਆ ਕਿਉਂਕਿ ਜਦੋਂ ਦਾ ਚਾਰਲਸ ਸ਼ੋਬਰਾਜ ਦਾ ਨਸ਼ੀਲੀ ਮਠਿਆਈ ਖਵਾ ਕੇ ਦੌੜਨ ਵਾਲਾ ਕੇਸ ਹੋਇਆ ਹੈ, ਉਦੋਂ ਤੋਂ ਸਾਰੇ ਕਰਮਚਾਰੀ ਕੋਈ ਵੀ ਚੀਜ਼ ਲੈ ਕੇ ਖਾਣ ਤੋਂ ਹਿਚਕਚਾਹਟ ਕਰਦੇ ਹਨ। ਅਸਾਂ ਡਾਕਟਰ ਨੂੰ ਕਿਹਾ ਕਿ ਤੁਸੀਂ ਬੇਫਿਕਰ ਹੋ ਕੇ ਖਾਓ। ਸਾਰੇ ਚਾਰਲਸ ਵਰਗੇ ਹੀ ਨਹੀਂ, ਲਓ ਅਸੀਂ ਵੀ ਤੁਹਾਡੇ ਸਾਹਮਣੇ ਹੀ ਖਾਂਦੇ ਹਾਂ। ਉਹ ਬਰਫੀ ਵਾਲਾ ਡੱਬਾ ਅਸਾਂ ਚੁੱਕ ਕੇ ਬਾਹਰ ਲੈ ਆਂਦਾ ਤੇ ਡਾਕਟਰ ਦੇ ਸਾਹਮਣੇ ਹੀ ਸਾਰਿਆਂ ਨੂੰ ਬਰਫੀ ਵਰਤਾ ਦਿੱਤੀ। ਫਿਰ ਉਸ ਨੇ ਖਾ ਲਈ ਤੇ ਕਾਜੂ ਵੀ ਖਾ ਲਏ। ਕਾਫੀ ਦੇਰ ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਇਸ ਤਰ੍ਹਾਂ ਡਾਕਟਰ ਜਦੋਂ ਵੀ ਸਾਡੇ ਵਾਰਡ ਵਿਚ ਆਵੇ ਅਸੀਂ ਉਸੇ ਵੇਲੇ ਹੀ ਚਾਹ ਜ਼ਰੂਰ ਬਣਾ ਕੇ ਪਿਆਉਂਦੇ ਤੇ ਨਾਲ ਕੁਝ ਨਾ ਕੁਝ ਜ਼ਰੂਰ ਖੁਆਉਂਦੇ। ਡਾਕਟਰ ਖਾਣ ਦਾ ਭੁੱਖਾ ਨਹੀਂ ਸੀ। ਦਰਅਸਲ ਉਸ ਨੂੰ ਸਾਡੇ ਖਵਾਉਣ ਦਾ ਤਰੀਕਾ ਬਹੁਤ ਪਸੰਦ ਸੀ। ਅਸੀਂ ਉਸ ਦੀ ਇੱਜ਼ਤ ਕਰਦੇ ਸੀ ਤੇ ਉਹ ਸਾਡੀ ਇਸ ਇਜ਼ਤ ਕਰਕੇ ਹੀ ਕੀਲਿਆ ਗਿਆ ਸੀ। ਇਕ ਦੋ ਵਾਰ ਉਸ ਨਾਲ ਕੋਈ ਹੋਰ ਬੰਦੇ ਵੀ ਆਏ ਤਾਂ ਵੀ ਅਸਾਂ ਹੱਸ ਹੱਸ ਕੇ ਸਭ ਅੱਗੇ ਮਠਿਆਈ, ਬਿਸਕੁਟ ਜਾਂ ਫਰੂਟ ਵਾਲੀਆ ਪਲੇਟਾਂ ਕੀਤੀਆਂ। ਉਹ ਵੀ ਬਹੁਤ ਖੁਸ਼ ਹੋਏ। ਸਾਡੇ ਕੇਸ ਵਿਚ ਉਸ ਨੂੰ ਦਿਲਚਸਪੀ ਸੀ। ਉਹ ਸਾਨੂੰ ਅਸਲੋਂ ਹੀ ਬੇਗੁਨਾਹ ਸਮਝਦਾ ਸੀ। ਇਸ ਤਰ੍ਹਾਂ ਉਹ ਸਾਡਾ ਦੋਸਤ ਹੀ ਬਣ ਗਿਆ। ਅਸਾਂ ਉਸ ਨੂੰ ਇਹ ਵੀ ਕਦੀ ਨਹੀਂ ਸੀ ਕਿਹਾ ਕਿ ਸਾਡੀ ਡਾਈਟ ਲਾ ਦਿਓ ਜਾਂ ਆਹ ਦਵਾਈ ਦੇ ਦਿਓ ਜਾਂ ਆਹ ਕਰ ਦਿਓ। ਇਕ ਦਿਨ ਉਸ ਨੇ ਮਹਿਸੂਸ ਕੀਤਾ ਕਿ ਸਾਡੀ ਖੁਰਾਕ ਓਨੀ ਨਹੀਂ ਜਿੰਨੀ ਸਾਨੂੰ ਮਿਲਣੀ ਚਾਹੀਦੀ ਹੈ। ਉਸ ਨੇ ਸਾਡੇ ਕਾਰਡ ਮੰਗਵਾਏ ਤੇ ਜਿਸ ਜਿਸ ਚੀਜ਼ ਦੀ ਕਿਸੇ ਵਿਚ ਘਾਟ ਮਹਿਸੂਸ ਕੀਤੀ, ਉਹ ਚੀਜ਼ ਵਿਚ ਡਾਈਟ ਲਾ ਦਿੱਤੀ। ਜਿਵੇਂ ਦੁੱਧ, ਮੱਖਣ, ਫਰੂਟ, ਆਂਡੇ, ਨਿੰਬੂ ਵਗੈਰਾ। ਜਦੋਂ ਉਹ ਡਾਈਟ ਲਾ ਰਿਹਾ ਸੀ ਤਾਂ ਸਾਡੇ ਇਕ ਸਾਥੀ ਨੇ ਕਿਹਾ ਜੀ ਤੁਸਾਂ ਆਂਡੇ ਲਿਖ ਦਿੱਤੇ ਹਨ, ਮੈਂ ਤਾਂ ਆਂਡੇ ਖਾਂਦਾ ਨਹੀਂ। ਡਾਕਟਰ ਨੇ ਝਟ ਕਿਹਾ "ਜਬ ਆਪ ਦੂਧ ਪੀ ਲੇਤੇ ਹੈਂ, ਮੱਖਨ ਖਾ ਲੇਤੇ ਹੈ, ਤੋ ਅੰਡਾ ਕਿਉਂ ਨਹੀਂ ਖਾਤੇ?" ਮੈਂ ਝਟ ਕਹਿ ਦਿੱਤਾ "ਐਸੇ ਤੋਂ ਜੀ ਘਰ ਮੇਂ ਮਾਂ ਹੋਤੀ ਹੈ, ਬਹਿਨ ਹੋਤੀ ਹੈ, ਇਸੀ ਤਰ੍ਹਾਂ

ਬੀਵੀ ਭੀ ਹੋਤੀ ਹੈ। ਸਭੀ ਮਾਂਸ ਕੀ ਹੀ ਬਨੀ ਹੋਤੀ ਹੈ ਲੇਕਿਨ ਜੋ ਸਬੰਧ ਹਮਾਰੇ ਬੀਵੀ ਕੇ ਸਾਥ ਹੋਤੇ ਹੈਂ ਵੋਹ ਕਭੀ ਮਾਂ ਜਾਂ ਬਹਿਨ ਕੇ ਸਾਥ ਕਿਉਂ ਨਹੀਂ ਹੋਤੇ?" ਉਹ ਹੱਸ ਹੱਸ ਲੋਟ ਪੋਟ ਹੋ ਗਿਆ ਤੇ ਕਹਿਣ ਲੱਗਾ "ਯਹ ਤੋ ਏਕ ਬਾਤ ਥੀ" ਤੇ ਮੈਂ ਕਿਹਾ "ਯਹ ਭੀ ਏਕ ਬਾਤ ਹੀ ਹੈ।" ਉਹ ਬਹੁਤ ਹੱਸਿਆ।

ਧਰਮਵੀਰ ਸਿੰਘ ਮੈਂਬਰ ਪ੍ਰੀਜੀਡੀਅਮ ਤੇ ਸੁਖਬੀਰ ਸਿੰਘ ਖਾਲਸਾ ਮੈਂਬਰ ਪ੍ਰੀਜੀਡੀਅਮ ਵੀ 124 ਏ 153 ਵਿਚ ਬੰਦ ਹੋ ਕੇ ਆ ਗਏ। ਦਿੱਲੀ ਸਟੇਟ ਅਕਾਲੀ ਦਲ ਦਾ ਪ੍ਰਧਾਨ ਹਰਚਰਨ ਸਿੰਘ (ਬਾਦਲ ਗਰੁੱਪ) ਵੀ 124 ਏ 153 ਵਿਚ ਬੰਦ ਹੋ ਕੇ ਆ ਗਿਆ। ਧਰਮਵੀਰ ਸਿੰਘ ਨੂੰ ਤਾਂ ਚੰਡੀਗੜ੍ਹ ਤੋਂ ਇਕ ਸਕੂਟਰ ਤੋਂ ਗ੍ਰਿਫਤਾਰ ਕੀਤਾ ਸੀ, ਜਦੋਂ ਕਿ ਦੂਜੇ ਦੋਹਾਂ ਨੂੰ ਏਥੋਂ ਹੀ ਫੜ੍ਹਿਆਂ ਗਿਆ ਸੀ। ਸਰਕਾਰ ਸਾਰੇ ਸਿੱਖਾਂ ਤੋਂ ਕਿੰਨਾ ਡਰ ਮੰਨਦੀ ਹੈ, ਇਸ ਦਾ ਅੰਦਾਜ਼ਾ ਏਥੋਂ ਲੱਗਦਾ ਹੈ ਕਿ ਹਰਚਰਨ ਸਿੰਘ ਨੂੰ ਤਾਂ ਜੇਲ੍ਹ ਨੰਬਰ ਇਕ ਵਿਚ ਰਖਿਆ, ਸੁਖਬੀਰ ਸਿੰਘ ਖਾਲਸੇ ਨੂੰ ਤੇਰਾਂ ਨੰਬਰ ਵਿਚ ਤੇ ਧਰਮਵੀਰ ਸਿੰਘ ਨੂੰ ਸਾਡੇ ਵੱਲ ਲੈ ਆਂਦਾ। ਧਰਮਵੀਰ ਸਿੰਘ ਦੇ ਕਰਕੇ ਚੱਕੀ ਖ਼ਾਲੀ ਕਰਵਾਉਣੀ ਸੀ, ਇਸ ਕਰਕੇ ਵਿਚਾਰੇ ਤਿਆਗੀ ਤੇ ਅਜਯ ਦੀ ਸੁਣੀ ਗਈ ਤੇ ਉਹ ਚੌਦਾਂ ਨੰਬਰ ਵਾਰਡ ਵਿਚ ਚਲੇ ਗਏ ਤੇ ਧਰਮਵੀਰ ਸਿੰਘ ਨੂੰ ਸਾਡੇ ਨਾਲ ਬੰਦ ਕਰ ਦਿੱਤਾ। ਆਮ ਤੌਰ 'ਤੇ ਜੁਝਾਰੂ ਸਿੰਘ ਪ੍ਰੀਜੀਡੀਅਮ ਨੂੰ ਕੋਈ ਚੰਗਾ ਨਹੀਂ ਸਮਝਦੇ। ਕਿਉਂਕਿ ਜਗਜੀਤ ਸਿੰਘ ਰੋਡੇ ਦੇ ਭੋਗ 'ਤੇ ਬਾਬੇ ਜਗਿੰਦਰ ਸਿੰਘ ਨੇ ਬਾਬਾ ਠਾਕਰ ਸਿੰਘ ਮੁਖੀ ਦਮਦਮੀ ਟਕਸਾਲ ਵਾਲਿਆਂ ਕੋਲੋਂ ਇਨ੍ਹਾਂ ਪੰਜਾਂ ਨੂੰ ਸਰੋਪੇ ਦਵਾ ਦਿੱਤੇ ਤੇ ਇਸ ਨਾਲ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤੜੱਕ ਕਰਕੇ ਦੋ ਟੁਕੜੇ ਹੋ ਗਏ। ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਦਾ ਕਹਿਣਾ ਸੀ ਕਿ ਉਹ ਫੈਡਰੇਸ਼ਨ ਦੇ ਐਕਟਿੰਗ ਪ੍ਰਧਾਨ ਕਾਹਲੋਂ ਨੂੰ ਪਸੰਦ ਨਹੀਂ ਕਰਦੇ, ਕਿਉਂਕਿ ਉਹ ਸਰਕਾਰ ਨਾਲ ਰਲਿਆ ਹੋਇਆ ਹੈ ਤੇ ਆਪਣੀਆਂ ਮਨਮਾਨੀਆਂ ਕਰਦਾ ਹੈ। ਜੇ ਬਾਬਾ ਜੀ ਦਾ ਇਹ ਦੋਸ਼ ਸਹੀ ਵੀ ਸਮਝ ਲਿਆ ਜਾਵੇ ਤਾਂ ਵੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਟੁਕੜੇ ਕਰਨੇ ਠੀਕ ਨਹੀਂ ਸਨ। ਉਹ ਪਾਰਟੀ ਵਿਚ ਰਹਿ ਕੇ ਵੀ ਕਾਹਲੋਂ ਦੀ ਵਿਰੋਧਤਾ ਕਰ ਸਕਦੇ ਸਨ, ਨਾਲੇ ਕਾਹਲੋਂ ਤਾਂ ਐਕਟਿੰਗ ਪ੍ਰਧਾਨ ਹੀ ਸੀ, ਅਸਲ ਪ੍ਰਧਾਨ ਤਾਂ ਭਾਈ ਅਮਰੀਕ ਸਿੰਘ ਜੀ ਸ਼ਹੀਦ ਦਾ ਛੋਟਾ ਭਰਾ ਸ. ਮਨਜੀਤ ਸਿੰਘ ਸੀ, ਜੋ ਅੱਜਕੱਲ੍ਹ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਹੈ। ਐਕਟਿੰਗ ਪ੍ਰਧਾਨ ਨੂੰ ਬਦਲ ਕੇ ਕਿਸੇ ਨੂੰ ਵੀ ਪ੍ਰਧਾਨ ਬਣਾ ਲਿਆ ਜਾ ਸਕਦਾ ਸੀ, ਪਰ ਇਸ ਕੰਮ ਲਈ ਸਰਬਸੰਮਤੀ ਜ਼ਰੂਰੀ ਸੀ। ਬਾਬਾ ਜੀ ਦਾ ਗਰੁੱਪ ਗੁਰਜੀਤ ਸਿੰਘ ਨੂੰ ਆਪਣਾ ਪ੍ਰਧਾਨ ਨਾਮਜਦ ਕਰਨ ਲਈ ਸਹਿਮਤ ਹੋ ਗਿਆ। ਪਰ ਗੁਰਜੀਤ ਸਿੰਘ ਜੁਝਾਰੂ ਸਿੰਘਾਂ ਨਾਲੋਂ ਪਾਸੇ ਹੱਟ ਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਨ ਲਈ ਤਿਆਰ ਨਹੀਂ ਸੀ। ਸੋ ਇਨ੍ਹਾਂ ਨੇ ਆਪਣੀ ਢਾਈ ਪਾ ਦੀ ਖਿਚੜੀ ਵੱਖਰੀ ਰਿਝਣੀ ਰੱਖ ਦਿੱਤੀ ਤੇ ਇਸ ਤਰ੍ਹਾਂ ਪ੍ਰੀਜੀਡੀਅਮ ਬਣ ਗਈ। ਜਦੋਂ ਬਾਬਾ ਠਾਕਰ ਸਿੰਘ ਨੂੰ ਪਤਾ ਲੱਗਾ ਕਿ ਉਨ੍ਹਾਂ ਕੋਲੋਂ ਗਲਤ ਸਰੋਪੇ ਦਵਾਏ ਗਏ ਹਨ ਤਾਂ ਉਨ੍ਹਾਂ ਦੇ ਮਨ ਨੂੰ ਬੜਾ ਦੁੱਖ ਲੱਗਾ। ਉਹ ਆਪ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦਫਤਰ ਗਏ ਤੇ ਕਿਹਾ, "ਜਿਹੜੇ ਟਕਸਾਲ ਨਾਲ ਹਨ, ਉਹ ਉਠ ਕੇ ਬਾਹਰ ਆ ਜਾਓ"। ਲਗਪਗ ਸਾਰੇ ਹੀ ਮੁੰਡੇ ਉਠ ਕੇ ਬਾਹਰ ਆ ਗਏ ਤੇ ਐਵੇਂ ਤਿੰਨ ਚਾਰ ਹੀ ਉਥੇ ਦਫਤਰ ਵਿਚ ਬੈਠੇ ਰਹਿ ਗਏ।

ਇਸ ਤੋਂ ਇਕ ਦਿਨ ਪਹਿਲਾਂ ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੇ ਦੋਹਾਂ ਧੜਿਆਂ ਦੀ ਲੜਾਈ ਰੋਕਣ ਲਈ ਤੇ ਕਹਿ ਲਓ ਕਿ ਬਾਬਾ ਜੋਗਿੰਦਰ ਸਿੰਘ ਧੜੇ ਦੀ ਮਦਦ ਕਰਨ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਦਫਤਰ ਬੰਦ ਕਰ ਕੇ ਚਾਬੀ ਆਪਣੇ ਕੋਲ ਰੱਖ ਲਈ। ਇਸ ਕਾਰਵਾਈ ਨੂੰ ਵੀ ਜੁਝਾਰੂ ਸਿੰਘਾਂ ਨੇ ਚੰਗਾ ਨਾ ਸਮਝਿਆ ਤੇ ਏਥੋਂ ਹੀ ਭਾਈ ਗੁਰਦੇਵ ਸਿੰਘ ਕਾਉਂਕੇ ਤੇ ਟਕਸਾਲ ਨਾਲ ਸਬੰਧਤ ਸਿੰਘਾਂ ਵਿਚ ਦਰਾੜ ਆ ਗਈ ਜੋ ਕਦੀ ਵੀ ਠੀਕ ਨਾ ਹੋ ਸਕੀ। ਭਾਈ ਸਾਹਿਬ ਗੁਰਦੇਵ ਸਿੰਘ ਕਾਉਂਕੇ ਨੇ ਕਹਿੰਦੇ ਹਨ ਕਿ ਇਕ ਕੰਮ ਹੋਰ (ਗਲਤ ਕਹਿ ਲਓ) ਇਹ ਕੀਤਾ ਕਿ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਲਈ ਰੱਖੀ ਟੋਕਰੀ ਜੋ ਕਿ ਟਕਸਾਲ ਵਾਲਿਆਂ ਨੇ ਰੱਖੀ ਸੀ, ਚੁਕਵਾ ਦਿੱਤੀ। ਇਸ ਨਾਲ ਰਵਾਇਤੀ ਤੌਰ 'ਤੇ ਜੋ ਪਿਰਤ ਪਈ ਹੋਈ ਹੈ ਕਿ ਸੰਗਤਾਂ ਟੋਕਰੀ ਵਿਚ ਮਾਇਆ ਪਾਈ ਜਾਂਦੀਆਂ ਹਨ ਤੇ ਟੋਕਰੀ ਖੁਲ੍ਹੀ ਪਈ ਹੋਣ ਕਰਕੇ ਖੁਲ੍ਹੀ ਗੁਰੂ ਕੀ ਗੋਲਕ ਅਖਵਾਉਂਦੀ ਹੈ, ਉਹ ਪਿਰਤ ਖਤਮ ਹੋ ਗਈ। ਹੁਣ ਜੇ ਕੋਈ ਸ਼ਰਧਾ ਅਨੁਸਾਰ ਮਾਇਆ ਭੇਂਟ ਕਰਨੀ ਵੀ ਚਾਹਵੇ ਤਾਂ ਕਿਥੇ ਕਰੇ? ਇਸ ਲਈ ਕਾਰ ਸੇਵਾ ਵਾਸਤੇ ਆਉਂਦੀ ਮਾਇਆ ਦਾ ਚੜ੍ਹਾਵਾ ਘੱਟ ਹੋ ਗਿਆ, ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ ਸੀ, ਕਿਉਂਕਿ ਉਸ ਵੇਲੇ ਮਾਇਆ ਦੀ ਸਖਤ ਲੋੜ ਸੀ, ਜੋ ਭਾਈ ਸਾਹਿਬ ਗੁਰਦੇਵ ਸਿੰਘ ਕਾਉਂਕੇ ਦੀ ਵਜ੍ਹਾ ਕਰਕੇ ਘੱਟ ਗਈ ਸੀ। ਉਨ੍ਹਾਂ ਹੀ ਦਿਨਾਂ ਵਿਚ ਇਕ ਗੱਲ ਹੋਰ ਹੋਈ, ਉਹ ਇਹ ਕਿ ਦਰਬਾਰ ਸਾਹਿਬ ਦੇ ਇਕ ਕਮਰੇ ਵਿਚ ਟਕਸਾਲ ਦਾ ਡੇਰਾ ਸੀ। ਉਥੇ ਜੇ ਕੋਈ ਉਨ੍ਹਾਂ ਦਾ ਵਾਕਫ ਆ ਜਾਂਦਾ ਤਾਂ ਉਸ ਨੂੰ ਚਾਹ ਪਾਣੀ ਜਾਂ ਗਰਮ ਜਲ ਉਥੇ ਹੀ ਹੀਟਰ 'ਤੇ ਬਣਾ ਕੇ ਛਕਾਇਆ ਜਾਂਦਾ। ਭਾਈ ਸਾਹਿਬ ਗੁਰਦੇਵ ਸਿੰਘ ਨੇ ਇਕ ਹੁਕਮ ਕਢਿਆ (ਬਤੌਰ ਜਥੇਦਾਰ ਅਕਾਲ ਤਖਤ) ਕਿ ਲੰਗਰ ਤੋਂ ਬਗੈਰ ਹੋਰ ਕਿਧਰੇ ਵੀ ਪ੍ਰਸ਼ਾਦਾ ਜਾਂ ਚਾਹ ਜਾਂ ਜਲ ਪਾਣੀ ਵਗੈਰਾ ਨਹੀਂ ਬਣ ਸਕਦਾ ਤੇ ਇਸ ਹੁਕਮ ਦੇ ਤਹਿਤ ਹੀ ਉਨ੍ਹਾਂ ਨੇ ਸਾਰੇ ਕਮਰਿਆਂ ਵਿਚੋਂ ਹੀਟਰ, ਕੋਲੇ ਤੇ ਹੋਰ ਭਾਂਡੇ ਵਗੈਰਾ ਚੁੱਕਵਾ ਦਿੱਤੇ। ਦਰਬਾਰ ਸਾਹਿਬ ਦੀ ਹਦੂਦ ਉਨ੍ਹਾਂ ਦਿਨਾਂ ਵਿਚ ਸੀ.ਆਈ.ਡੀ. ਵਾਲਿਆਂ ਤੇ ਹੋਰ ਪਤਾ ਨਹੀਂ ਸਾਰੇ ਜਹਾਨ ਦੀਆਂ ਖੁਫੀਆ ਏਜੰਸੀਆਂ ਨਾਲ ਭਰੀ ਪਈ ਸੀ। ਕਈ ਟਕਸਾਲੀ ਸਿੰਘ ਵਾਰੰਟਡ ਸਨ, ਦਰਬਾਰ ਸਾਹਿਬ ਦੀ ਲੰਗਰ ਦੀ ਇਮਾਰਤ ਵਿਚ ਜਾ ਕੇ ਪ੍ਰਸ਼ਾਦਾ ਛਕਣਾ ਉਨ੍ਹਾਂ ਲਈ ਖਤਰੇ ਤੋਂ ਖਾਲੀ ਨਹੀਂ ਸੀ, ਸੋ ਉਨ੍ਹਾਂ ਨੇ ਵਿਰੋਧ ਕਰਨਾ ਹੀ ਸੀ।

ਗੱਲ ਲਾਂਭੇ ਚਲੀ ਗਈ। ਪ੍ਰੀਜੀਡੀਅਮ ਨੂੰ ਆਮ ਲੋਕ ਤੇ ਸਟੂਡੈਂਟਸ ਚੰਗਾ ਨਹੀਂ ਸਮਝਦੇ। ਵੈਸੇ ਵੀ ਇਨ੍ਹਾਂ ਨਵੇਂ ਨਵੇਂ ਲੀਡਰਾਂ ਨੂੰ ਲੀਡਰੀ ਦੀ ਭੁੱਖ ਬਹੁਤ ਹੁੰਦੀ ਹੈ। ਭਾਵੇਂ ਅਸੀਂ ਸਾਰੇ ਹੀ ਉਨ੍ਹਾਂ ਦਿਨਾਂ ਵਿਚ ਜੇਲ੍ਹ ਅਧਿਕਾਰੀਆਂ ਦੇ ਵਤੀਰੇ ਤੋਂ ਬੜੇ ਔਖੇ ਸੀ ਤੇ ਆਪਣੀਆਂ ਹੱਕੀ ਮੰਗਾਂ ਮੰਨਵਾਉਣੀਆਂ ਚਾਹੁੰਦੇ ਸੀ ਤੇ ਇਸ ਲਈ ਹਰ ਤਰ੍ਹਾਂ ਦੀ ਜਦੋਜਹਿਦ ਕਰਨ ਲਈ ਦਿਲੋਂ ਤਿਆਰ ਸੀ ਬਲਕਿ ਭੁੱਖ ਹੜਤਾਲ ਬਾਰੇ ਵੀ ਅਸੀਂ ਸੋਚ ਹੀ ਰਹੇ ਸੀ ਕਿ ਧਰਮਵੀਰ ਸਿੰਘ ਨੇ ਇਕ ਪਾਸੜ ਹੀ ਆਪਣੇ ਵਲੋਂ ਭੁੱਖ ਹੜਤਾਲ ਦਾ ਬਿਗਲ ਵਜਾ ਦਿੱਤਾ ਤੇ ਹੋਰ ਦੂਜਿਆਂ ਨਾਲ ਕੋਈ ਸਲਾਹ ਮਸ਼ਵਰਾ ਵੀ ਨਾ ਕੀਤਾ। ਉਹ ਤਾਂ ਅੱਗੇ ਹੀ ਇਸ ਤੋਂ ਪ੍ਰੀਜੀਡੀਅਮ ਦੇ ਨਾਂ ਕਰਕੇ ਹੀ ਔਖੇ ਸੀ ਤੇ ਕਿਸੇ ਕੀਮਤ 'ਤੇ ਵੀ ਇਸ ਦੀ ਲੀਡਰੀ ਕਬੂਲਣ ਲਈ ਤਿਆਰ ਨਹੀਂ ਸਨ, ਬਲਕਿ ਉਹ ਹਰ ਗੱਲ ਵਿਚ ਵੀ

ਇਸ ਦੀ ਵਿਰੋਧਤਾ ਕਰਦੇ ਸਨ, ਭਲਾ ਹੁਣ ਉਹ ਇਸ ਦੀ ਆਪੇ ਰੱਖੀ ਭੁੱਖ ਹੜਤਾਲ ਨੂੰ ਕਿਵੇਂ ਕਬੂਲ ਲੈਂਦੇ। ਮੈਂ ਇਸ ਵਿਚ ਅਹਿਮ ਭੂਮਿਕਾ ਨਿਭਾਈ। ਧਰਮਵੀਰ ਸਿੰਘ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਕਿ ਮੈਂ ਚੱਕੀ ਦੇ ਦਰਵਾਜੇ ਵਿਚੋਂ ਉਨ੍ਹਾਂ ਚਿਰ ਬਾਹਰ ਪੈਰ ਨਹੀਂ ਰੱਖਣਾ ਜਿਨਾ ਚਿਰ ਮੰਗਾਂ ਮੰਨੀਆਂ ਨਹੀਂ ਜਾਂਦੀਆਂ। ਬਾਕੀ ਸਾਰੇ ਲਾਣੇ ਨੂੰ ਮੈਂ ਸਮਝਾਇਆ ਕਿ "ਵੇਖੋ ਓਏ ਭਲੇਮਾਣਸੋ, ਇਤਿਹਾਸ ਵੱਲ ਝਾਤੀ ਮਾਰੋ। ਸ. ਦਰਸ਼ਨ ਸਿੰਘ ਫੇਰੂਮਾਨ ਦੀ ਰੱਖੀ ਹੋਈ ਭੁੱਖ ਹੜਤਾਲ ਨੂੰ ਉਦੋਂ ਦੇ ਅਕਾਲੀਆਂ ਨੇ ਨਹੀਂ ਸੀ ਅਪਣਾਇਆ ਤੇ ਨਤੀਜਾ ਸ. ਫੇਰੂਮਾਨ ਦੀ ਮੌਤ ਵਿਚ ਨਿਕਲਿਆ ਤੇ ਆਪਾਂ ਹੁਣ ਤੱਕ ਵੀ ਅਕਾਲੀਆਂ ਨੂੰ ਉਹਨੂੰ ਕਬੂਲ ਨਾ ਕਰਨ ਦੀ ਗਲਤੀ ਕਰਕੇ ਕੋਸਦੇ ਹਾਂ। ਕੀ ਅੱਜ ਅਸੀਂ ਉਹ ਹੀ ਗਲਤੀ ਨਹੀਂ ਕਰ ਰਹੇ?" ਉਹਨਾਂ ਦਾ ਕਹਿਣਾ ਸੀ ਕਿ "ਉਸ ਨੇ ਇਕੱਲੇ ਨੇ ਚੌਧਰ ਕਿਉਂ ਜਗਾਈ ਤੇ ਸਾਨੂੰ ਪਹਿਲਾਂ ਭਰੋਸੇ ਵਿਚ ਕਿਉਂ ਨਹੀਂ ਲਿਆ? ਉਹ ਚੌਧਰ ਦਾ ਭੁੱਖਾ ਹੈ।" ਮੈਂ ਕਿਹਾ, "ਉਹ ਚੌਧਰ ਦਾ ਭੁੱਖਾ ਹੈ ਤਾਂ ਤੁਸੀਂ ਤਾਂ ਨਹੀਂ ਨਾ ਚੌਧਰ ਦੇ ਭੁੱਖੇ? ਨਾਲੇ ਇਕੱਲੇ ਬੰਦੇ ਕੋਲੋਂ ਤਾਂ ਪਨਿਆਂ ਦੀ ਪੰਡ ਨਹੀਂ ਚੁੱਕੀ ਜਾਂਦੀ। ਏਡੇ ਜੇਲ੍ਹ ਪ੍ਰਬੰਧ ਨਾਲ ਮੱਥਾ ਉਹ ਇਕੱਲਾ ਕਿਵੇਂ ਲਾ ਲਊ? ਜੇ ਉਹ ਹਾਰ ਗਿਆ ਤੇ ਭੁੱਖ ਹੜਤਾਲ ਛੱਡ ਬੈਠਾ ਤਾਂ ਦੱਸੋ ਸਾਡੀ ਸਾਰਿਆਂ ਦੀ ਵੀ ਨਾਲ ਹੀ ਨਾ ਲਹਿ ਜਾਊ?"

ਮੇਰੀਆਂ ਇਨ੍ਹਾਂ ਗੱਲਾਂ ਦਾ ਉਨ੍ਹਾਂ 'ਤੇ ਅਸਰ ਹੋਇਆ ਤੇ ਅਸਾਂ ਸਾਰਿਆਂ ਨੇ ਵੀ ਭੁੱਖ ਹੜਤਾਲ ਦਾ ਬਿਗਲ ਵਜਾ ਦਿੱਤਾ। ਨਾਲ ਹੀ ਉਨ੍ਹਾਂ ਨੇ ਮੈਨੂੰ ਕਿਹਾ ਕਿ "ਤੂੰ ਧਰਮਵੀਰ ਸਿੰਘ ਨੂੰ ਕਹਿ ਦੇ ਅਗੇ ਤੋਂ ਸਾਡੀ ਸਲਾਹ ਤੋਂ ਬਗੈਰ ਇਕੱਲਾ ਕੋਈ ਕੰਮ ਨਾ ਕਰੇ ਜੇ ਕੀਤਾ ਤਾਂ ਸਾਥੋਂ ਬੁਰਾ ਕੋਈ ਨਹੀਂ।" ਇਹ ਗੱਲ ਮੈਂ ਉਸ ਨੂੰ ਦੱਸ ਦਿੱਤੀ ਤੇ ਉਹ ਵੀ ਮੰਨ ਗਿਆ। ਉਧਰੋਂ ਭਾਈ ਸਾਹਿਬ ਰਣਜੀਤ ਸਿੰਘ ਦਾ ਸੁਨੇਹਾ ਸਾਨੂੰ ਆ ਗਿਆ ਕਿ "ਤਕੜੇ ਹੋ ਜਾਓ, ਮੈਂ ਵੀ ਨਾਲ ਹਾਂ, ਹੁਣ ਸਾਰੇ ਪੰਥ ਦੀ ਇੱਜ਼ਤ ਦਾ ਸਵਾਲ ਹੈ, ਵੇਖਿਓ ਕਿਤੇ ਪਿਠ ਨਾ ਦਿਖਾ ਦਿਓ।" ਏਸੇ ਤਰ੍ਹਾਂ ਹੀ ਹੋਰ ਪਾਸਿਆਂ ਤੋਂ ਵੀ ਸੁਨੇਹੇ ਆ ਗਏ ਕਿ ਹੁਣ ਪੰਥ ਦੀ ਲਾਜ ਪਾਲਣੀ ਹੈ, ਜਾਨ ਪਿਆਰੀ ਨਹੀਂ ਕਰਨੀ। ਰੋਜ਼ ਦਾ ਭਾਵੇਂ ਇਕ ਇਕ ਕਰਕੇ ਸਾਰੇ ਹੀ ਸ਼ਹੀਦ ਹੋ ਜਾਇਓ (ਭੁੱਖ ਨਾਲ) ਪਰ ਪਛਾਂਹ ਪੈਰ ਨਾ ਪੁਟਿਓ। ਮੌਤੋਂ ਭੁੱਖ ਬੁਰੀ ਹੁੰਦੀ ਜੇ ਜਾਂ ਪਹਿਲਾਂ ਸੋਚ ਲੈਂਦੇ, ਹੁਣ ਸਾਰੇ ਸਿੱਖਾਂ ਦੀ ਇੱਜ਼ਤ ਤੁਹਾਡੇ ਹੱਥ ਹੈ। ਵੇਖਿਓ ਕਿਤੇ ਕਲੰਕ ਨਾ ਲਾ ਦਿਓ। ਇਹ ਚੇਤਾਵਨੀਆਂ ਸਾਨੂੰ ਸਗੋਂ ਹੋਰ ਹੌਸਲਾ ਦੇ ਰਹੀਆਂ ਸਨ ਤੇ ਅਸੀਂ ਅਗੇ ਨਾਲੋਂ ਵੀ ਦੂਣੇ ਜੋਸ਼ ਨਾਲ ਡਟ ਗਏ।

ਭੁੱਖ ਹੜਤਾਲ ਰੱਖਣ ਤੋਂ ਪਹਿਲਾਂ ਇਕ ਹੋਰ ਘਟਨਾ ਵਾਪਰੀ, ਜਿਸ ਨੇ ਹੋਰ ਵੀ ਬਲਦੀ 'ਤੇ ਤੇਲ ਪਾਇਆ। ਅਸੀਂ ਇਕ ਦਿਨ ਪਿਛਲੀਆਂ ਚੱਕੀਆਂ ਦੇ ਇਕ ਵਰਾਂਡੇ ਵਿਚ ਰੋਟੀ ਪਾਣੀ ਬਣਾ ਰਹੇ ਸੀ ਕਿ ਨਾਲ ਦੀ ਚੱਕੀ ਵਿਚ ਬੰਦ ਇਕ ਸਮੈਕੀਆ, ਜੋ ਤਿੰਨ ਚਾਰ ਦਿਨ ਪਹਿਲਾਂ ਏਥੇ ਸਜਾ ਦੇ ਤੌਰ 'ਤੇ (ਕਸੂਰੀ ਵਾਰਡ ਵਿਚ ਆਇਆ) ਸੀ ਨੂੰ ਸਮੈਕ ਵਾਲੀ ਸਿਗਰਟ ਫੜਾਉਂਦਿਆਂ ਅਸਾਂ ਆਪਣੇ ਹੈੱਡ ਵਾਰਡਨ ਮਾਨ ਸਿੰਘ ਨੂੰ ਵੇਖ ਲਿਆ। ਇਹ ਮਾਨ ਸਿੰਘ ਸੁਖਬੀਰ ਦੀ ਥਾਂ ਆਇਆ ਸੀ ਤੇ ਬੜਾ ਉੱਚਾ ਲੰਮਾ ਜਵਾਨ ਤੇ ਲਾਲ ਰੰਗ ਦਾ ਹੈ, ਜਿਸ ਦਾ ਵਜਨ ਹੀ ਕੁਇੰਟਲ ਤੋਂ ਉੱਤੇ ਹੈ। ਪਿਛੋਂ ਹਿਮਾਚਲ ਦਾ ਰਹਿਣ ਵਾਲਾ ਹੈ ਤੇ ਕੱਟੜ ਹਿੰਦੂ ਖਿਆਲਾਂ ਦਾ ਹੈ। ਇਹ ਮੁਜਰਿਮ ਬਿਰਤੀ ਦਾ ਆਦਮੀ ਹੈ ਤੇ ਇਸ ਨੇ ਜੇਲ੍ਹ ਵਿਚ ਹੀ ਕਿਸੇ ਨਾਲ ਲੜਾਈ ਝਗੜਾ ਕੀਤਾ ਸੀ। ਨਤੀਜੇ ਵਜੋਂ ਇਸ

'ਤੇ 324 ਆਈ.ਪੀ.ਸੀ. ਦਾ ਕੇਸ ਰਜਿਸਟਰ ਹੋਇਆ ਹੈ। ਪਰ ਜੇਲ੍ਹ ਅਧਿਕਾਰੀਆਂ ਨੂੰ ਪੈਸੇ ਦੇ ਦੁਆ ਕੇ ਅਜੇ ਵੀ ਨੌਕਰੀ ਕਰੀ ਜਾ ਰਿਹਾ ਹੈ ਤੇ ਇਸ ਦੀ ਮੁਅਤਲੀ ਦੇ ਹੁਕਮ ਨਹੀਂ ਹੋਏ, ਜਦੋਂ ਕਿ ਉਹ ਹੋ ਜਾਣੇ ਚਾਹੀਦੇ ਸਨ। ਮੁਅੱਤਲ ਨਾ ਹੋਣ ਦਾ ਸਭ ਤੋਂ ਵੱਡਾ ਕਾਰਨ ਹੀ ਉਸ ਦਾ ਇਹ ਹੈ ਕਿ ਉਹ ਜੇਲ੍ਹ ਅਧਿਕਾਰੀਆਂ ਦੀ ਮੁੱਠੀ ਗਰਮ ਕਰਦਾ ਰਹਿੰਦਾ ਤੇ ਵੱਟੇ ਵਿਚ ਨਸ਼ੀਲੀਆਂ ਚੀਜਾਂ ਵਿਕਵਾਉਂਦਾ ਰਹਿੰਦਾ। ਉਸ ਸਮੈਕੀਏ ਨੂੰ ਪਹਿਲਾਂ ਅੱਗੇ ਵਾਲੀਆਂ ਚੱਕੀਆਂ ਵਿਚ ਬੰਦ ਕੀਤਾ ਸੀ। ਉਸ ਵਾਸਤੇ ਹੁਕਮ ਇਹ ਸੀ ਕਿ ਇਸ ਨੂੰ ਕੋਈ ਬੀੜੀ ਸਿਗਰਟ ਨਾ ਦਿੱਤੀ ਜਾਵੇ ਤੇ ਖੋਲ੍ਹਿਆ ਵੀ ਨਾ ਜਾਵੇ। ਮਾਨ ਸਿੰਘ ਚੁੱਪ ਕਰਕੇ ਆਇਆ ਕਰੇ ਤੇ ਉਸ ਨੂੰ ਸਮੈਕ ਵਾਲੀ ਸਿਗਰਟ ਫੜਾ ਜਾਇਆ ਕਰੇ। ਇਕ ਡੱਬੀ ਵਿਚ ਦਸ ਸਿਗਰਟਾਂ ਵਿਚੋਂ ਮਾਨ ਸਿੰਘ ਤਿੰਨ ਕੁ ਸਮੈਕ ਵਾਲੀਆਂ ਭਰ ਕੇ ਰੱਖਦਾ ਸੀ। ਚੈਕਿੰਗ 'ਤੇ ਵੀ ਕਿਸੇ ਨੂੰ ਪਤਾ ਨਹੀਂ ਲੱਗ ਸਕਦਾ ਸੀ।

ਏਸੇ ਤਰ੍ਹਾਂ ਹੀ ਇਕ ਦਿਨ ਮੈਂ ਪਸ਼ਾਬ ਕਰਨ ਪਿਛਲੀਆਂ ਚੱਕੀਆਂ ਦੇ ਪਿਛਵਾੜੇ ਗਿਆ ਤਾਂ ਮਾਨ ਸਿੰਘ 'ਤੇ ਮੇਰੀ ਨਜ਼ਰ ਪੈ ਗਈ। ਉਸ ਨੇ ਇਕ ਸਾਈਕਲ ਦੀ ਗੱਦੀ ਨੂੰ ਹਲਾ ਕੇ ਉਤਾਂਹ ਪੁੱਟ ਲਿਆ ਤੇ ਥਲੇ ਫਰੇਮ ਵਾਲੀ ਮੋਰੀ ਜਿਹੀ ਵਿਚੋਂ ਸਮੈਕ ਦੀ ਪਲਾਸਟਿਕ ਦੀ ਟੀਊਬ ਕੱਢ ਕੇ ਜੇਬ ਵਿਚ ਪਾ ਲਈ ਤੇ ਉਸੇ ਤਰ੍ਹਾਂ ਹੀ ਗੱਦੀ ਫਿਰ ਫਿੱਟ ਕਰ ਦਿੱਤੀ। ਹੁਣ ਸਾਨੂੰ ਕੋਈ ਸ਼ਕ ਨਹੀਂ ਸੀ ਕਿ ਇਸ ਕੋਲ ਸਮੈਕ ਨਹੀਂ। ਮੈਂ ਫਿਰ ਪਸ਼ਾਬ ਕੀਤੇ ਤੋਂ ਬਗੈਰ ਹੀ ਅੱਗੇ ਆ ਗਿਆ ਤੇ ਮਾਨ ਸਿੰਘ ਉਸ ਹੌਸਲੇ ਵਾਲੇ ਮੁਲਜ਼ਮ ਨੂੰ (ਹੌਸਲੇ ਵਾਲਾ) ਉਸ ਦਾ ਨਾਂ ਸੀ, ਸਿਗਰਟ ਫੜਾ ਰਿਹਾ ਸੀ ਤੇ ਬਦਲੇ ਵਿਚ ਉਹ ਉਸ ਨੂੰ ਸੌ ਰੁਪਏ ਦਾ ਨੋਟ ਦੇ ਰਿਹਾ ਸੀ। ਅਸਾਂ ਸੋਚਿਆ ਹੁਣ ਵੇਲਾ ਹੈ ਇਸ ਨੂੰ ਜੇਲ੍ਹਰ ਨੂੰ ਸੱਦ ਕੇ ਕਾਬੂ ਕਰਵਾ ਦੇਈਏ। ਜੇਲ੍ਹਰ ਨਵਾਂ ਆਇਆ ਸੀ ਤੇ ਸਾਡੇ ਖਿਆਲ ਅਨੁਸਾਰ ਬਹੁਤ ਚੰਗਾ ਆਦਮੀ ਸੀ, ਪਰ ਹੁਣ ਅਸੀਂ ਜੇਲ੍ਹਰ ਨੂੰ ਸਦ ਕੇ ਕਿਵੇਂ ਲਿਆਈਏ? ਹੈੱਡ ਵਾਰਡਨ ਤਾਂ ਮਾਨ ਸਿੰਘ ਸੀ ਤੇ ਉਸੇ ਨੂੰ ਹੀ ਫੜਵਾਉਣਾ ਸੀ। ਅਸਾਂ ਸੋਚਿਆ ਮਾਨ ਸਿੰਘ ਦੇ ਗਲ ਪੈ ਜਾਓ। ਇਹ ਵਿਸਲ ਵਜਾ ਦੇਵੇਗਾ, ਅਲਾਰਮ ਹੋ ਜਾਵੇਗਾ, ਅਫ਼ਸਰ ਵੀ ਆ ਜਾਣਗੇ ਤੇ ਜੇਲ੍ਹਰ ਸਾਹਿਬ ਵੀ ਆ ਜਾਣਗੇ। ਅਸੀਂ ਸਮੈਕ ਦੀ ਟੀਊਬ ਤੇ ਸੌ ਰੁਪਏ ਦਾ ਕਰਾਰਾ ਕਰਾਰਾ ਹੌਸਲੇ ਵਾਲੇ ਕੋਲੋਂ ਲਿਆ ਨੋਟ ਵੀ ਫੜਵਾ ਦੇਵਾਂਗੇ। ਅਸੀਂ ਆਪਣੀ ਰੋਟੀਆਂ ਪਕਾਉਣ ਵਾਲੀ ਚੱਕੀ ਦੇ ਟੀਨ ਦੇ ਦਰਵਾਜੇ ਦੀ ਮੋਰੀ ਵਿਚੋਂ ਮਾਨ ਸਿੰਘ ਨੂੰ ਇਹ ਕਹਿੰਦਿਆਂ ਸੁਣਿਆ ਸੀ ਕਿ ਮੇਰੇ ਕੋਲ ਸਿਰਫ ਦੋ ਹੀ ਸਮੈਕ ਭਰੀਆਂ ਸਿਗਰਟਾਂ ਹੋਰ ਹਨ ਉਹ ਮੈਂ ਦੂਜੇ ਸਮੈਕੀ ਨੂੰ ਦੇਣੀਆਂ ਹਨ। ਅਸੀਂ ਸੋਚਿਆ ਨਾਲ ਹੀ ਉਹ ਦੋਵੇਂ ਸਿਗਰਟਾਂ ਵੀ ਫੜ ਹੋ ਜਾਣਗੀਆਂ। ਸਭ ਤੋਂ ਪਹਿਲਾਂ, ਅਵਤਾਰ ਸਿੰਘ ਘੁੱਲੇ, ਧਰਮਵੀਰ ਤੇ ਸੰਤੋਖ ਨੇ ਜਾ ਕੇ ਮਾਨ ਸਿੰਘ ਨਾਲ ਪੰਗਾ ਲੈਣਾ ਸ਼ੁਰੂ ਕੀਤਾ। ਅਸਾਂ ਉਸ ਨੂੰ ਕਿਹਾ, "ਤੂੰ ਆਪਣੇ ਆਪ ਨੂੰ ਸਮਝਦਾ ਕੀ ਹੈ, ਏਦਾਂ ਕਰਦਿਆਂ ਹੀ ਅਸਾਂ ਉਸ ਦੀਆਂ ਤਿੰਨ ਫੀਤੀਆਂ ਵਾਲੀ ਪੱਟੀ ਜਿਹੀ ਖਿਚ ਕੇ ਇਕ ਮੋਢੇ ਤੋਂ ਲਾਹ ਦਿੱਤੀ। ਫਿਰ ਟੋਪੀ ਲਾਹ ਦਿੱਤੀ। ਪਰ ਉਹ ਸੀਟੀ ਵਜਾਵੇ ਹੀ ਨਾ। ਬਾਹਰ ਪ੍ਰੀਤਮ ਬੈਠਾ ਸੀ, ਗੇਟ 'ਤੇ ਉਸ ਦੀ ਡਿਊਟੀ ਸੀ। ਅਸਾਂ ਉਸ ਨੂੰ ਆਖਿਆ, "ਪ੍ਰੀਤਮ ਤੂੰ ਵਜਾ ਸੀਟੀ, ਅੱਜ ਵੇਖੀ ਜਾਊ ਜਿਹੜੀ ਹੋਊ।" ਹੁਣ ਪ੍ਰੀਤਮ ਸਾਡਾ ਹਮਾਇਤੀ ਸੀ ਉਹ ਸਮਝ ਰਿਹਾ ਸੀ ਕਿ ਇਹ ਹੈੱਡ ਵਾਰਡਨ ਨੂੰ ਕੁਟ ਰਹੇ ਹਨ ਜੇ ਅਲਾਰਮ ਹੋ ਗਿਆ ਤਾਂ ਇਹ ਮਾਰੇ ਜਾਣਗੇ। ਹੁਣ ਉਸ ਨੂੰ ਵਿਚਲੀ ਗੱਲ ਦਾ ਕੀ ਪਤਾ

ਸੀ? ਫਿਰ ਅਸਾਂ ਲੰਬਰਦਾਰ ਜੋ ਬਾਹਰ ਚੱਕਰ ਵਾਲੀ ਸੜਕ 'ਤੇ ਡਿਊਟੀ ਤੇ ਸੀ ਉਸ ਨੂੰ ਕਿਹਾ, "ਤੂੰ ਸੀਟੀ ਵਜਾ।" ਪਰ ਉਹ ਵੀ ਨਾ ਮੰਨਿਆ। ਉਹ ਕਹੇ ਜਦੋਂ ਹੈੱਡ ਵਾਰਡਨ ਤੇ ਵਾਰਡਨ ਸੀਟੀ ਨਹੀਂ ਵਜਾਉਂਦੇ ਮੈਂ ਤੀਜੇ ਬੰਨੇ ਸੀਟੀ ਕਿਉਂ ਵਜਾਵਾਂ? ਇਸ ਤਰ੍ਹਾਂ ਸਾਡੀ ਸਕੀਮ ਫੇਲ੍ਹ ਹੋ ਗਈ ਤੇ ਅਸੀਂ ਹੈੱਡ ਵਾਰਡਨ ਮਾਨ ਸਿੰਘ ਨੂੰ ਰੰਗੇ ਹੱਥੀ ਨਾ ਫੜਵਾ ਸਕੇ। ਪਰ ਹੈਰਾਨੀ ਦੀ ਗੱਲ ਇਹ ਹੋਈ ਕਿ ਉਸ ਨੇ ਆਪਣੇ ਨਾਲ ਹੋਏ ਇਸ ਅਪਮਾਨਜਨਕ ਵਿਹਾਰ ਦੀ ਕਿਸੇ ਅਫ਼ਸਰ ਕੋਲ ਸਾਡੀ ਸ਼ਿਕਾਇਤ ਵੀ ਨਾ ਕੀਤੀ। ਇਹ ਗੱਲ ਬਾਅਦ ਵਿਚ ਮੇਰੀ ਤੇ ਜੇਲ੍ਹਰ ਦੀ ਦੋ ਘੰਟੇ ਹੋਈ ਮੁਲਾਕਾਤ ਵਿਚ ਮੈਂ ਉਨ੍ਹਾਂ ਨੂੰ ਦੱਸੀ ਤਾਂ ਉਹ ਹੈਰਾਨ ਹੋ ਗਏ। ਮੈਂ ਜੇਲ੍ਹਰ ਨੂੰ ਕਿਹਾ ਕਿ ਤੁਸੀਂ ਮਾਨ ਸਿੰਘ ਨੂੰ ਸੱਦ ਕੇ ਪੁਛੋ ਕਿ ਜਦੋਂ ਅਸੀਂ ਉਸ ਦੀ ਵਰਦੀ ਪਾੜ ਦਿੱਤੀ ਸੀ ਤਾਂ ਉਸ ਨੇ ਤੁਹਾਡੇ ਕੋਲ ਸਾਡੀ ਸ਼ਿਕਾਇਤ ਕਿਉਂ ਨਹੀਂ ਲਾਈ? ਮੇਰੀ ਇਸ ਗੱਲ ਨਾਲ ਜੇਲ੍ਹਰ ਸਾਹਿਬ ਨੂੰ ਯਕੀਨ ਹੋ ਗਿਆ ਕਿ ਮੈਂ ਠੀਕ ਕਹਿ ਰਿਹਾ ਹਾਂ, ਮਾਨ ਸਿੰਘ ਸੱਚਮੁਚ ਹੀ ਸਮੈਕ ਵੇਚਦਾ ਹੈ। ਹੌਂਸਲੇ ਵਾਲੇ ਦੀ ਅਗਲੀਆਂ ਚਕੀਆਂ ਵਿਚ ਬੰਦ ਦੀ ਗੱਲ ਵਿਚੇ ਹੀ ਰਹਿ ਗਈ।

ਹੋਇਆ ਇਹ ਕਿ ਹੌਂਸਲੇ ਵਾਲਾ ਜਿਸ ਦਿਨ ਦਾ ਆਇਆ ਸੀ, ਸਾਨੂੰ ਰਾਤ ਨੂੰ ਗੱਡਿਆਂ ਦੇ ਗੱਡੇ ਨੀਂਦ ਆਇਆ ਕਰੇ। ਮੇਰੇ ਅੰਦਰ ਹੋਈ ਇਸ ਤਬਦੀਲੀ ਤੋਂ ਮੈਂ ਬਹੁਤ ਹੈਰਾਨ ਹੋਇਆ ਪਿਆ ਸਾਂ, ਕਿਉਂਕਿ ਮੈਨੂੰ ਰਾਤ ਨੂੰ ਨੀਂਦ ਨਾ ਆਉਣ ਦੀ ਬਿਮਾਰੀ ਹੈ ਪਰ ਬਿਨਾਂ ਕੋਈ ਦਵਾਈ ਲਏ ਦੇ ਹੀ ਮੈਂ ਸਾਰੀ ਰਾਤ ਘੁਰਾੜੇ ਮਾਰਿਆ ਕਰਾਂ ਤੇ ਮੈਨੂੰ ਕੋਈ ਹੋਸ਼ ਨਾ ਰਿਹਾ ਕਰੇ। ਇਕ ਦਿਨ ਹੌਂਸਲੇ ਵਾਲੇ ਦੀ ਪਰਲੀ ਚੱਕੀ ਵਿਚ ਰਹਿੰਦੇ ਉਜਾਗਰ ਸਿੰਘ ਨੇ ਕਿਹਾ, "ਮੈਨੂੰ ਚੱਕਰ ਆਉਂਦੇ ਹਨ, ਮੈਂ ਸਵੇਰ ਦਾ ਕਈ ਵਾਰ ਡਿਗਣ ਨੂੰ ਪਿਆ ਹਾਂ।" ਫਿਰ ਮੈਂ ਵੀ ਉਸ ਦੇ ਕਹਿਣ 'ਤੇ ਥੋੜਾ ਜਿਹਾ ਮਹਿਸੂਸ ਕੀਤਾ ਕਿ ਮੈਨੂੰ ਵੀ ਹੁਲਾਰੇ ਜਿਹੇ ਆ ਰਹੇ ਹਨ। ਪਰ ਉਸ ਦਿਨ ਸ਼ਾਮ ਨੂੰ ਤਾਂ ਸਾਰੀ ਗੱਲ ਸਾਫ ਹੀ ਹੋ ਗਈ ਜਦੋਂ ਸਾਨੂੰ ਕਈਆਂ ਨੂੰ ਚੱਕਰ ਆਉਣ ਲੱਗ ਪਏ। ਫੇਰ ਸਾਨੂੰ ਪਤਾ ਲੱਗਾ ਕਿ ਇਹ ਹੌਂਸਲੇ ਵਾਲੇ ਦੀ ਪੀਤੀ ਸਮੈਕ ਦਾ ਧੂੰਆਂ ਸਾਡੀਆਂ ਨਾਸਾਂ ਵੱਲ ਨੂੰ ਆ ਜਾਂਦਾ ਹੈ। ਤਾਂ ਹੀ ਰਾਤ ਨੂੰ ਸਾਨੂੰ ਹੋਸ਼ ਨਹੀਂ ਰਹਿੰਦੀ। ਜਿੰਨਾ ਚਿਰ ਮੋਟਾ ਮਾਨ ਸਿੰਘ ਰਿਹਾ, ਸਾਡੀ ਉਸ ਨਾਲ ਕਦੀ ਨਾ ਬਣੀ, ਕਿਉਂਕਿ ਉਹ ਨਸ਼ੇ ਵਾਲੀਆਂ ਚੀਜਾਂ ਜਾ ਹੋਰ ਇਸ ਤਰ੍ਹਾਂ ਦੀਆਂ ਸਹੂਲਤਾਂ ਹਿੰਦੂ ਕੈਦੀਆਂ ਨੂੰ ਦੇਂਦਾ ਰਹਿੰਦਾ ਸੀ ਤੇ ਅਸੀਂ ਉਸ ਦੇ ਵਿਰੁੱਧ ਰਹਿੰਦੇ ਸੀ। ਪਰ ਬਾਅਦ ਵਿਚ ਸਾਡੇ ਅੱਤਵਾਦੀ ਦੇ ਲੇਬਲ ਤੋਂ ਉਹ ਵੀ ਡਰ ਗਿਆ ਸੀ। ਖਾਹ-ਮ-ਖਾਹ ਹੀ ਲੋਕਾਂ ਨੇ ਸਾਨੂੰ ਅੱਤਵਾਦੀ ਬਣਾ ਛੱਡਿਆ ਸੀ। ਭੁੱਖ ਹੜਤਾਲ ਦੇ ਦਿਨਾਂ ਵਿਚ ਉਸ ਨੇ ਰੱਜ ਕੇ ਸਾਡੀ ਵਿਰੋਧਤਾ ਕੀਤੀ। ਕਿਉਂਕਿ ਉਸ ਨੂੰ ਮਸਾਂ ਮੌਕਾ ਹੱਥ ਲੱਗਾ ਸੀ।

ਜਦੋਂ ਅਸਾਂ ਭੁੱਖ ਹੜਤਾਲ ਰੱਖ ਲਈ ਤਾਂ ਪਹਿਲੇ ਚਾਰ ਦਿਨ ਸਾਨੂੰ ਕਿਸੇ ਨਾ ਪੁਛਿਆ। ਇਹ ਸਾਰੀਆਂ ਜੇਲ੍ਹਾਂ ਵਿਚ ਹੀ ਹੁੰਦਾ ਹੈ। ਫੁੰਮਣ ਸਿੰਘ ਜੇਲ੍ਹਰ ਮੈਨੂੰ ਦੱਸਦਾ ਹੁੰਦਾ ਸੀ ਕਿ ਨੱਬੇ ਫੀਸਦੀ ਭੁੱਖ ਹੜਤਾਲ ਕੈਦੀ ਆਪੇ ਹੀ ਤੋੜ ਦੇਂਦੇ ਹਨ, ਕਿਉਂਕਿ ਕਹਿੰਦੇ ਹੁੰਦੇ ਹਨ ਮੌਤ ਤੋਂ ਭੁੱਖ ਬੁਰੀ ਚੀਜ ਹੈ। ਬਾਕੀ ਦਸ ਵਿਚੋਂ ਪੰਜ ਫੀਸਦੀ ਨੂੰ ਕੁਝ ਸਹੂਲਤਾਂ ਦੇ ਕੇ ਭੁੱਖ ਹੜਤਾਲ ਤੁੜਵਾ ਦਿੱਤੀ ਜਾਂਦੀ ਹੈ। ਪਰ ਪੰਜ ਫੀਸਦੀ ਸਿਰੜੀ ਸਾਰੀਆਂ ਮੰਗਾਂ ਮੰਨਵਾ ਲੈਂਦੇ ਹਨ ਤੇ ਉਨ੍ਹਾਂ ਸਾਹਮਣੇ ਜੇਲ੍ਹ ਅਧਿਕਾਰੀ ਹਾਰ ਮੰਨ ਲੈਂਦੇ ਹਨ। ਦਰਅਸਲ ਉਨ੍ਹਾਂ ਅੱਗੇ ਨਹੀਂ ਉਨ੍ਹਾਂ ਦੇ ਸਿਰੜ ਅੱਗੇ ਝੁਕਣਾ ਪੈ ਜਾਂਦਾ ਹੈ। ਚਾਰ ਦਿਨਾਂ ਤੋਂ ਬਾਅਦ

ਸਾਡੇ ਨਾਲ ਗੱਲਬਾਤ ਸ਼ੁਰੂ ਹੋਈ। ਪਰ ਉਹ ਮੰਗਾਂ ਮੰਨਣ ਵਾਲੀ ਘੱਟ ਤੇ ਡਰਾਵੇ ਦੇਣ ਵਾਲੀ ਜ਼ਿਆਦਾ ਸੀ। ਜਿਵੇਂ ਇਕ ਦਿਨ ਜੇਲ੍ਹਰ ਮਿਸਟਰ ਸਿੰਘ ਆਇਆ ਨਾਲ ਸਾਡਾ ਵਾਰਡ ਇਨਚਾਰਜ ਮਿਸਟਰ ਸਾਗਰ ਵੀ ਸੀ, ਉਹ ਮੈਨੂੰ ਤੇ ਸੁਰਜੀਤ ਸਿੰਘ ਨੂੰ ਪਾਸੇ ਲੈ ਗਿਆ ਤੇ ਕਿਹਾ "ਭੁੱਖ ਹੜਤਾਲ ਛੱਡਣੀ ਹੈ ਕਿ ਮੈਂ ਫਿਰ ਤੁਹਾਡੇ ਸਾਰਿਆਂ ਦੇ ਪੈਰਾਂ ਵਿਚ ਬੇੜੀਆਂ ਪਵਾਂਵਾ? ਮੈਨੂੰ ਜਾਣਕਾਰੀ ਮਿਲੀ ਹੈ ਕਿ ਤੁਸੀਂ ਜੇਲ੍ਹ 'ਚੋਂ ਭੱਜਣ ਦੀ ਸਲਾਹ ਬਣਾ ਲਈ ਹੈ, ਸੋ ਸਾਡੇ ਲਈ ਤੁਹਾਨੂੰ ਬੇੜੀਆਂ ਪਾਉਣੀਆਂ ਜ਼ਰੂਰੀ ਹਨ।" ਸਾਡਾ ਇਹ ਗੱਲ ਸੁਣ ਕੇ ਹਾਸਾ ਨਿਕਲ ਗਿਆ। ਅਸਾਂ ਕਿਹਾ, "ਤੁਸੀਂ ਇਹ ਦੱਸੋ, ਬੇੜੀਆਂ ਪੈਣ ਨਾਲ ਸਾਡੀ ਕੀਮਤ ਸਗੋਂ ਵਧੂਗੀ ਕਿ ਘਟੂਗੀ? ਬੇੜੀਆਂ ਸਦਾ ਮਰਦਾਂ ਨੂੰ ਪੈਂਦੀਆਂ ਹਨ। ਅਸੀਂ ਤੇ ਬੇੜੀਆਂ ਪੈਣ 'ਤੇ ਤਰ ਜਾਵਾਂਗੇ। ਸਾਡੀ ਕੌਮ ਸਾਨੂੰ ਮਾਣ ਦੇਵੇਗੀ ਕਿ ਸਾਨੂੰ ਬੇੜੀਆਂ ਵੀ ਪਈਆਂ ਸਨ। ਮਿਹਰਬਾਨੀ ਕਰਕੇ ਇਹ ਕੰਮ ਜਲਦੀ ਕੀਤਾ ਜਾਵੇ ਤੇ ਦੇਰੀ ਨਾ ਕੀਤੀ ਜਾਵੇ। ਸੱਚਮੁਚ ਤੁਹਾਨੂੰ ਠੀਕ ਇਤਲਾਹ ਮਿਲੀ ਹੈ। ਚੰਗਾ ਕਰਦੇ ਤੇ ਬੇੜੀਆਂ ਨਾਲ ਲੈ ਕੇ ਹੀ ਆਉਂਦੇ"। ਸਾਡੀ ਗੱਲ ਨਾਲ ਉਹ ਅਫ਼ਸਰ ਠੁੱਸ ਹੋ ਗਿਆ ਤੇ ਉਸ ਦੀ ਸਾਰੀ ਫੂਕ ਨਿਕਲ ਗਈ। ਫਿਰ ਉਹ ਚਲਾ ਗਿਆ।

ਦੂਜੇ ਦਿਨ ਸਵੇਰੇ ਹੀ ਫੇਰ ਆ ਗਿਆ ਨਾਲ ਦੇ ਤਿੰਨ ਹੋਰ ਅਫ਼ਸਰ ਸਨ। ਉਸ ਫਿਰ ਸਾਨੂੰ ਅਲੱਗ ਕਰਕੇ ਪੁਛਿਆ "ਤੁਸੀਂ ਚਾਹੁੰਦੇ ਕੀ ਹੋ?" ਅਸਾਂ ਕਿਹਾ "ਇਨਸਾਫ"। ਇਹ ਗੱਲ ਇਸ ਤਰੀਕੇ ਨਾਲ ਕੁਦਰਤੀ ਹੀ ਹੋ ਗਈ ਕਿ ਜਿਵੇਂ ਇਕ ਨਾਅਰਾ ਮਾਰਦਾ ਹੈ ਤੇ ਦੂਜੇ ਅੱਗੋਂ ਜੁਆਬ ਦੇਂਦੇ ਹਨ "ਇਨਸਾਫ"। ਸਾਰੇ ਖਿੜ ਖੜ ਕਰ ਕੇ ਹੱਸ ਪਏ। ਉਸ ਨੂੰ ਵੀ ਹਾਸਾ ਆ ਗਿਆ। ਅਸਾਂ ਕਿਹਾ ਕਿ ਤੁਸੀਂ ਤਾਂ ਸਾਡੀ ਪਾਰਟੀ ਵਿਚ ਹੀ ਸ਼ਾਮਲ ਹੋ ਗਏ, ਹੁਣ ਤੁਸੀਂ ਆਖੀ ਜਾਓ "ਤੁਮ ਕਯਾ ਚਾਹਤੇ ਹੋ?" ਅਸੀਂ ਅਗੋਂ ਜਵਾਬ ਦੇਈ ਜਾਵਾਂਗੇ "ਇਨਸਾਫ" ਤੇ ਏਸੇ ਤਰ੍ਹਾਂ ਹੀ ਜਲੂਸ ਦੀ ਸ਼ਕਲ ਵਿਚ ਆਪਾਂ ਆਈ.ਜੀ ਸਾਹਿਬ ਕੋਲ ਚਲੇ ਚਲਦੇ ਹਾਂ। ਤੁਸੀਂ ਸਾਡੇ ਲੀਡਰ ਹੋਏ। ਖੈਰ ਬੜਾ ਹਾਸਾ ਪਿਆ। ਫਿਰ ਉਹ ਗੰਭੀਰ ਹੋ ਗਿਆ ਤੇ ਕਹਿਣ ਲੱਗਾ, "ਤੁਹਾਡੀ ਗੱਲ ਕਿਵੇਂ ਮੁੱਕਦੀ ਹੈ?" ਅਸਾਂ ਕਿਹਾ, "ਗੱਲ ਮੁਕੀ ਹੀ ਪਈ ਹੈ, ਸਾਨੂੰ ਹਿੰਦੂ ਕੈਦੀਆਂ ਦੇ ਬਰਾਬਰ ਸਹੂਲਤਾਂ ਦੇ ਦਿਓ ਰੋਜ਼ ਉਨ੍ਹਾਂ ਜਿੰਨ੍ਹਾਂ ਖੋਲ੍ਹੋ। ਅਸੀਂ ਕੁਝ ਵਾਧੂ ਨਹੀਂ ਮੰਗਦੇ।" ਉਸ ਨੇ ਕਿਹਾ, "ਤੁਸੀਂ ਅੱਤਵਾਦੀ ਹੋ।" ਅਸਾਂ ਕਿਹਾ, "ਤੁਸੀਂ ਠੀਕ ਆਖਦੇ ਹੋ। ਪਰ ਅਸੀਂ ਅੱਤਵਾਦੀ ਬਾਹਰ ਰਹੇ ਹਾਂ, ਜਿਦਣ ਦੇ ਜੇਲ੍ਹ ਵਿਚ ਆਏ ਹਾਂ, ਤੁਹਾਡਾ ਕੋਈ ਨੁਕਸਾਨ ਕੀਤਾ ਹੋਵੇ? ਕਿਸੇ ਨੂੰ ਮਾਰ ਕੁਟ ਕੀਤੀ ਹੋਵੇ? ਕਿਸੇ ਅਫ਼ਸਰ ਨਾਲ ਬੁਰਾ ਸਲੂਕ ਕੀਤਾ ਹੋਵੇ? ਕੋਈ ਜੇਲ੍ਹ ਟੱਪ ਕੇ ਬਾਹਰ ਭੱਜਣ ਵਰਗਾ ਕੁਝ ਕੀਤਾ ਹੋਵੇ? ਜਿਵੇਂ ਚਾਰਲਸ ਨੇ ਕੀਤਾ ਸੀ। ਫਿਰ ਜੇਲ੍ਹ ਅੰਦਰ ਅਸੀਂ ਅੱਤਵਾਦੀ ਕਿਵੇਂ ਹੋਏ?" ਉਸ ਨੇ ਕਿਹਾ, "ਤੁਹਾਡੇ ਵਰੰਟਾਂ 'ਤੇ ਖਤਰਨਾਕ ਅੱਤਵਾਦੀ ਲਿਖਿਆ ਹੋਇਆ ਹੈ, ਪੂਰਾ ਧਿਆਨ ਰੱਖੋ ਦੀ ਸਲਿਪ ਲੱਗੀ ਹੋਈ ਹੈ। 'ਏ' ਗਰੁੱਪ ਦੇ ਅੱਤਵਾਦੀ ਲਿਖਿਆ ਹੋਇਆ ਹੈ"। ਅਸਾਂ ਕਿਹਾ, "ਜ਼ਰੂਰ ਲਿਖਿਆ ਹੋਇਆ ਹੋਵੇਗਾ। ਇਸ ਤਰ੍ਹਾਂ ਤਾਂ ਆਹ ਤਿੰਨ ਫਾਂਸੀ ਵਾਲੇ ਜੋ ਸਾਡੇ ਨਾਲ ਤੁਸਾਂ ਰੱਖੇ ਹੋਏ ਹਨ, ਉਨ੍ਹਾਂ ਦੇ ਵਰੰਟਾਂ ਉੱਤੇ ਫਾਂਸੀ ਲਿਖੀ ਹੋਈ ਹੈ, ਫਿਰ ਉਨ੍ਹਾਂ ਨੂੰ ਐਥੇ ਖੜ੍ਹਦੇ ਕਿਉਂ ਨਹੀਂ?" ਅਸਾਂ ਫਾਂਸੀ ਘਰ ਵੱਲ ਹੱਥ ਕਰ ਦਿੱਤਾ। ਫਿਰ ਅਸਾਂ ਹੋਰ ਕਿਹਾ, "ਤੁਸੀਂ ਸਾਨੂੰ ਮੁਕੱਦਮੇ ਅਧੀਨ ਕੈਦੀਆਂ ਨੂੰ ਸਜ਼ਾਯਾਫਤਾ ਕੈਦੀਆਂ ਨਾਲ ਕਿਉਂ ਰੱਖਿਆ ਹੈ?" ਉਸ ਕੋਲ ਕੋਈ

ਜੁਆਬ ਨਹੀਂ ਸੀ। ਅਸਾਂ ਕਿਹਾ, "ਆਹ ਜਿਹੜੇ ਫਾਂਸੀ ਵਾਲੇ ਤੇ ਡਾਕੇ ਵਾਲੇ ਹਨ ਨਾ ਉਹ ਰੋਜ਼ ਸਾਨੂੰ ਕਈ ਤਰ੍ਹਾਂ ਦੀਆਂ ਆਪਣੀਆਂ ਕਹਾਣੀਆਂ ਤੇ ਮੌਤਾਂ ਕਰਨ ਦੇ ਗੁਰ ਦਸਦੇ ਰਹਿੰਦੇ ਹਨ ਤੇ ਡਾਕੇ ਮਾਰਨ ਦੀਆਂ ਵਿਧੀਆਂ ਸਮਝਾਉਂਦੇ ਰਹਿੰਦੇ ਹਨ, ਜੇ ਅਸੀਂ ਬਾਹਰ ਜਾ ਕੇ ਇਨ੍ਹਾਂ ਦੀਆਂ ਗੱਲਾਂ ਤੇ ਅਮਲ ਕਰਨ ਲੱਗ ਪਏ ਫਿਰ ਇਹ ਜੇਲ੍ਹ ਸੁਧਾਰ ਘਰ ਰਹੀ ਕਿ ਵਿਗਾੜ ਘਰ ਬਣੀ। ਤੁਸੀਂ ਸਾਨੂੰ ਸੁਧਾਰਨਾ ਹੈ ਕਿ ਵਿਗਾੜਨਾ ਹੈ?" ਉਸ ਕਿਹਾ 'ਸੁਧਾਰਨਾ ਹੈ" ਅਸਾਂ ਕਿਹਾ, "ਫਿਰ ਸਾਨੂੰ ਸਾਡੇ ਵਰਗੇ ਨਾ-ਤਜਰਬੇਕਾਰਾਂ ਵਿਚ ਰੱਖੋ। ਤੁਸੀਂ ਤਾਂ ਸਾਨੂੰ ਅੱਤਵਾਦੀ ਬਣਨ ਵਾਸਤੇ ਵੱਡੇ ਅਪਰਾਧੀਆਂ ਵਿਚ ਰੱਖ ਛਡਿਆ ਹੈ। ਜੇ ਅਸੀਂ ਵਿਗੜ ਗਏ ਤਾਂ ਕੌਣ ਜ਼ਿੰਮੇਵਾਰ ਹੈ?" ਇਸ ਦਾ ਉਸ ਨੂੰ ਕੋਈ ਜਵਾਬ ਨਾ ਆਇਆ। ਫਿਰ ਅਸਾਂ ਉਸ ਨੂੰ ਕਿਹਾ "ਤੁਸੀਂ ਨਿਰੇ ਪੁਰੇ ਜੇਲ੍ਹਰ ਹੀ ਨਹੀਂ ਭਲਾਈ ਅਫ਼ਸਰ ਵੀ ਹੋ। ਦਸੋ ਸਾਡੀ ਭਲਾਈ ਵਾਸਤੇ ਤੁਸੀਂ ਕੀ ਕੀਤਾ ਹੈ?" ਉਸ ਕਿਹਾ, "ਜਦੋਂ ਤੁਹਾਡੀ ਬੀ ਕਲਾਸ ਨਹੀਂ ਸੀ ਲੱਗੀ, ਅਸਾਂ ਉਦੋਂ ਵੀ ਤੁਹਾਨੂੰ ਰੋਟੀ ਬਣਾਉਣ ਦੀ ਇਜ਼ਾਜਤ ਦਿੱਤੀ ਤੇ ਕੱਚਾ ਰਾਸ਼ਨ ਦਿੱਤਾ"। ਅਸਾਂ ਕਿਹਾ "ਇਹ ਸਹੂਲਤ ਤਾਂ ਅਸੀਂ ਅੰਗਰੇਜ਼ਾਂ ਕੋਲੋਂ ਵੀ ਜੁੱਤੀ ਦੇ ਜੋਰ 'ਤੇ ਲੈਂਦੇ ਰਹੇ ਹਾਂ, ਤੁਸੀਂ ਸਾਡੇ ਸਿਰ ਕੀ ਅਹਿਸਾਨ ਕੀਤਾ ਹੈ? ਆਪਣੀ ਜੇਲ੍ਹ ਦਾ ਪੁਰਾਣਾ ਰਿਕਾਰਡ ਫੋਲ ਵੇਖੋ ਉਸ ਵਿਚ ਸਿੱਖ ਆਪਣੀ ਰੋਟੀ ਆਪ ਬਣਾਉਂਦੇ ਰਹੇ ਹਨ।" ਉਸ ਕਿਹਾ, "ਇਹ ਜੇਲ੍ਹ ਅੰਗਰੇਜ਼ਾਂ ਵੇਲੇ ਤੋਂ ਬਾਅਦ ਬਣੀ ਹੈ"। ਅਸਾਂ ਕਿਹਾ, "ਫਿਰ ਅੰਬਾਲਾ ਤੇ ਹਜਾਰੀ ਬਾਗ ਜੇਲ੍ਹ ਨੂੰ ਚਿੱਠੀ ਲਿਖ ਕੇ ਪਤਾ ਮੰਗਵਾ ਲਓ। ਭਾਈ ਸਾਹਿਬ, ਭਾਈ ਰਣਧੀਰ ਸਿੰਘ ਤੇ ਉਨ੍ਹਾਂ ਦੇ ਸਾਥੀ ਰੋਟੀ ਆਪ ਬਣਾਉਂਦੇ ਸਨ ਕਿ ਨਹੀਂ? ਭਾਈ ਸਾਹਿਬ ਤਾਂ ਆਪਣੇ ਲਈ ਦੁੱਧ ਵੀ ਜੇਲ੍ਹ ਦੀ ਗਾਂ ਹੱਥੀਂ ਚੋਅ ਕੇ ਲੈਂਦੇ ਸਨ। ਤੁਹਾਡਾ ਰਾਜ ਅੰਗਰੇਜ਼ਾਂ ਨਾਲੋਂ ਜ਼ਿਆਦਾ ਤਾਕਤਵਰ ਤਾਂ ਨਹੀਂ? ਉਨ੍ਹਾਂ ਦੇ ਰਾਜ ਵਿਚ ਤਾਂ ਸੂਰਜ ਨਹੀਂ ਸੀ ਡੁਬਦਾ ਇਹ ਰਾਜ ਤਾਂ ਅਜੇ ਜੁੰਮੇ ਜੁੰਮੇ ਅੱਠ ਦਿਨ ਦੀ ਪੈਦਾਇਸ਼ ਹੈ।"

ਜੇਲ੍ਹਰ ਆਖੇ "ਅਸੀਂ ਤੁਹਾਨੂੰ ਰੋਟੀ ਦਿੱਤੀ, ਤੁਸੀਂ ਅਹਿਸਾਨਮੰਦ ਨਹੀਂ ਹੁੰਦੇ"। ਅਸਾਂ ਕਿਹਾ, "ਤੁਸੀਂ ਕੌਣ ਹੁੰਦੇ ਹੋ ਸਾਨੂੰ ਰੋਟੀ ਦੇਣ ਵਾਲੇ? ਸਾਨੂੰ ਰੋਟੀ ਸਾਡਾ ਵਾਹਿਗੁਰੂ ਦੇਂਦਾ ਹੈ। ਜੇ ਰੋਟੀ ਦੇਣੀ ਤੁਹਾਡੇ ਹੱਥ ਹੋਵੇ, ਤੁਸੀਂ ਤਾਂ ਸਾਰੀ ਆਪਣੇ ਘਰ ਨੂੰ ਹੀ ਲੈ ਜਾਓ, ਹੋਰ ਕਿਸੇ ਨੂੰ ਦਿਓ ਹੀ ਨਾ।" ਇਹ ਸੁਣ ਕੇ ਉਹ ਭੜਕ ਪਿਆ। ਮੈਂ ਕਿਹਾ, "ਇਸ ਵਿਚ ਭੜਕਣ ਦੀ ਲੋੜ ਨਹੀਂ, ਸਵੇਰੇ ਦੀ ਬਣੀ ਚਾਹ 'ਚੋਂ ਇਕ ਘੁੱਟ ਭਰ ਕੇ ਵੇਖਿਓ ਤੱਤੇ ਪਾਣੀ ਤੋਂ ਵੱਧ ਕੁਝ ਨਹੀਂ, ਜਦੋਂ ਕਿ ਚਾਹ ਦਾ ਸਕੇਲ ਮੁਤਾਬਕ ਰਾਸ਼ਨ ਮਿਲਦਾ ਹੈ, ਰੋਟੀ ਵੇਖ ਲਿਓ ਦਾਲ, ਵੇਖ ਲਿਓ, ਦਾਣਾ ਲਭਣਾ ਹੋਵੇ ਤਾਂ ਸਾਰੇ ਲੀੜੇ ਲਾਹ ਕੇ ਕੌਲੀ ਵਿਚ ਗੋਤਾ ਲਾਉਣਾ ਪੈਂਦਾ ਹੈ। ਸਾਰੇ ਫੇਰ ਖਿੜ ਖੜਾ ਕੇ ਹੱਸ ਪਏ। ਉਹ ਘੜੀ ਮੁੜੀ ਇਹ ਹੀ ਜੋਰ ਦੇਵੇ ਅਸੀਂ ਤੁਹਾਨੂੰ ਰੋਟੀ..... ਅਸੀਂ ਗੱਲ ਉਹਦੇ ਮੂੰਹੋਂ ਹੀ ਫੜ ਲਈਏ ਤੇ ਕਹਿ ਦੇਈਏ, "ਜੀ ਰੋਟੀ ਤਾਂ ਕੁੱਤੇ ਵੀ ਖਾਂਦੇ ਹਨ, ਉਨ੍ਹਾਂ ਨੂੰ ਜੇਲ੍ਹ ਵਾਲੇ ਤਾਂ ਨਹੀਂ ਦੇਣ ਜਾਂਦੇ? ਪੱਥਰਾਂ ਵਿਚ ਪੈਦਾ ਕੀਤੇ ਜੀਅ ਜੰਤਾਂ ਨੂੰ ਵੀ ਰੱਬ ਪੱਥਰਾਂ ਵਿਚ ਹੀ ਰੋਟੀ ਦੇ ਕੇ ਆਉਂਦਾ ਹੈ। ਤੁਸੀਂ ਕਦੀ ਰਹਿਰਾਸ ਵੇਲੇ ਸੁਣਿਆ ਨਹੀਂ? "ਸੈਲ ਪੱਥਰ ਮੈ ਜੰਤ ਉਪਾਏ ਤਾਕਾ ਰਿਜਕ ਆਗੇ ਕਰ ਧਰਿਆ"। ਫਿਰ ਉਸ ਦੇ ਮੂੰਹੋਂ ਨਿਕਲ ਗਿਆ "ਦਰਅਸਲ ਤੁਸੀਂ ਲੋਕ ਕਿਸੇ ਦੇ ਵਫ਼ਾਦਾਰ ਤਾਂ ਹੈ ਹੀ ਨਹੀਂ"। ਅਸਾਂ ਕਿਹਾ, "ਵਫ਼ਾਦਾਰ ਤਾਂ ਕੁੱਤਾ ਹੁੰਦਾ ਹੈ। ਫਿਰ ਮੈਂ ਇਕ ਅੰਗਰੇਜ਼ ਤੇ ਪਠਾਨ ਦੀ ਗੱਲ ਜੇਲ੍ਹਰ ਸਾਹਿਬ ਨੂੰ ਸੁਣਾ ਦਿੱਤੀ, ਮੈਂ ਕਿਹਾ, "ਇਕ ਵਾਰ

ਇਕ ਅੰਗਰੇਜ਼ ਨੇ ਪਠਾਨ ਨੂੰ ਕਿਹਾ, ਤੁਮ ਹਮਾਰੇ ਬਹੁਤ ਵਫਾਦਾਰ ਹੋ।" ਅਗੋਂ ਪਠਾਨ ਨੇ ਭਰੀ ਸਭਾ ਵਿਚ ਜਵਾਬ ਦੇ ਦਿੱਤਾ ਉਸ ਕਿਹਾ, "ਸਾਹਬ ਵਫਾਦਾਰ ਤੋ ਕੁੱਤਾ ਹੋਤਾ ਹੈ, ਹਮ ਤੁਮਾਰਾ ਦੋਸਤ ਹੈ।" ਨਾਲ ਹੀ ਉਸ ਨੇ ਅੰਗਰੇਜ਼ ਵੱਲ ਹੱਥ ਵਧਾ ਦਿੱਤਾ ਜੋ ਅੰਗਰੇਜ਼ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਮਿਲਾਉਣਾ ਪਿਆ। ਇਸ ਤਰ੍ਹਾਂ ਹੋਰ ਵੀ ਕਈ ਗੱਲਾਂਬਾਤਾਂ ਹੋਈਆਂ ਜੋ ਹੁਣ ਯਾਦ ਨਹੀਂ ਪਰ ਸਾਰੇ ਅਫ਼ਸਰਾਂ ਦੀ ਚੰਗੀ ਨਿਸ਼ਾ ਹੋ ਗਈ। ਉਧਰ ਸਾਡਾ ਵਰਤ ਵੀ ਛੇਵੇਂ ਦਿਨ ਵਿਚ ਦਾਖਲ ਹੋ ਗਿਆ।

ਛੇਵੇਂ ਦਿਨ ਸਵੇਰੇ ਸਵੇਰੇ ਮੈਂ ਇਸ਼ਨਾਨ ਕਰਨ ਲੱਗਾ (ਸਵੇਰੇ ਸਵੇਰੇ ਤੋਂ ਮਤਲਬ 10 ਵਜੇ, ਕਿਉਂਕਿ ਦਸ ਵਜੇ ਹੀ ਸਾਨੂੰ ਸਿਰਫ ਇਕ ਘੰਟੇ ਲਈ ਖੋਲ੍ਹਿਆ ਜਾਂਦਾ ਸੀ) ਉਦੋਂ ਸਾਨੂੰ ਖੁਲ੍ਹਿਆਂ ਨੂੰ ਕੋਈ ਪੰਜ ਕੁ ਮਿੰਟ ਹੀ ਹੋਏ ਸਨ। ਇਸ਼ਨਾਨ ਤਾਂ ਮੈਂ ਸਵੇਰੇ ਹੀ ਕਰ ਲੈਣਾ ਸੀ ਪਰ ਪਾਣੀ ਨਹੀਂ ਸੀ ਆਇਆ ਤੇ ਦਸ ਕੁ ਵਜੇ ਪਾਣੀ ਆਉਣਾ ਸ਼ੁਰੂ ਹੋਇਆਂ ਸੀ। ਅਜੇ ਮੈਂ ਇਕ ਮੱਗਾ ਹੀ ਉਪਰ ਪਾਇਆ ਸੀ ਕਿ ਧਰਮਵੀਰ ਸਿੰਘ ਨੱਠਾ ਆਇਆ (ਉਸ ਨੇ ਸਾਡੇ ਕਹਿਣ 'ਤੇ ਆਪਣੀ ਬਾਹਰ ਨਾ ਨਿਕਲਣ ਵਾਲੀ ਪ੍ਰਤਿਗਿਆ ਤਿਆਗ ਦਿੱਤੀ ਸੀ) ਉਸ ਨੇ ਮੈਨੂੰ ਕਿਹਾ, "ਸੰਤੋਖ ਬੇਹੋਸ਼ ਹੋ ਗਿਆ"। ਮੈਂ ਵੀ ਉਸੇ ਤਰ੍ਹਾਂ ਹੀ ਅੱਧਾ ਗਿਲਾ ਸੁੱਕਾ ਬਾਹਰ ਨੂੰ ਭੱਜਾ। ਜਾ ਕੇ ਵੇਖਿਆ ਤਾਂ ਸੰਤੋਖ ਡਿੱਗਾ ਪਿਆ ਸੀ, ਅਸਾਂ ਜਲਦੀ ਜਲਦੀ ਚੁੱਕ ਕੇ ਕੰਬਲ ਵਿਛਾ ਕੇ ਉਤੇ ਪਾ ਦਿੱਤਾ। ਦਰਅਸਲ ਉਹ ਬਹੁਤ ਹੀ ਕਮਜ਼ੋਰ ਜਿਹੇ ਸਰੀਰ ਦਾ ਆਦਮੀ ਹੈ ਤੇ ਇਕਦਮ ਪਤਲਾ ਜਿਹਾ ਹੈ। ਹੜਤਾਲ ਤੋਂ ਦੋ ਕੁ ਦਿਨ ਪਹਿਲਾਂ ਉਸ ਨੂੰ ਬੁਖਾਰ ਵੀ ਰਿਹਾ ਸੀ। ਉਸ ਤੋਂ ਬਾਅਦ ਲਗਾਤਾਰ ਛੇ ਦਿਨ ਦੀ ਭੁੱਖ ਨੇ ਉਸ ਨੂੰ ਬੇਹੋਸ਼ ਕਰਕੇ ਸੁੱਟ ਦਿੱਤਾ। ਡਿਗਣ ਤੋਂ ਪਹਿਲਾਂ ਉਸ ਨੂੰ ਚੱਕਰ ਆਇਆ ਤੇ ਉਹ ਇਸ ਤਰ੍ਹਾਂ ਡਿੱਗਾ ਜਿਵੇਂ ਫੜ ਕੇ ਥੱਲੇ ਨੂੰ ਦਬਾਈਦਾ ਹੈ। ਅਸੀਂ ਸਾਰੇ ਉਸ ਦੇ ਹੱਥ ਤੇ ਪੈਰ ਝੱਸਣ ਲੱਗ ਪਏ। ਮਾਨ ਸਿੰਘ ਵੀ ਕੋਲ ਆ ਕੇ ਤਮਾਸ਼ਬੀਨਾਂ ਵਾਂਗ ਖਲੋ ਗਿਆ। ਦਰਅਸਲ ਉਸ ਨੂੰ ਉਸ ਦੇ ਡਿੱਗਣ ਕਰਕੇ ਕੋਈ ਹਮਦਰਦੀ ਨਹੀਂ, ਸਗੋਂ ਖੁਸ਼ੀ ਹੀ ਹੋਈ ਸੀ। ਅਸੀਂ ਉਸ ਨੂੰ ਭੱਜ ਕੇ ਪੈ ਗਏ ਤੇ ਕਿਹਾ, "ਏਥੇ ਕੀ ਫੜਦਾ ਹੈਂ, ਦੌੜ ਕੇ ਡਾਕਟਰ ਵੱਲ ਕਿਉਂ ਨਹੀਂ ਜਾਂਦਾ?" ਜੇ ਉਹ ਛੇਤੀ ਨਾ ਜਾਂਦਾ ਤਾਂ ਅਸੀਂ ਸਾਰੇ ਏਨੇ ਉਤੇਜਕ ਹੋ ਗਏ ਸੀ ਕਿ ਉਸ ਨੂੰ ਫੜ ਕੇ ਕੁੱਟ ਵੀ ਸਕਦੇ ਸੀ। ਸਾਡੇ ਸਾਹਮਣੇ ਸਾਡੇ ਸਾਥੀ ਦੀ ਮੌਤ ਹੋ ਰਹੀ ਸੀ। ਅਸੀਂ ਚੁੱਪ ਕਿਵੇਂ ਰਹਿੰਦੇ? ਪਰ ਉਸ ਅਕਲਮੰਦੀ ਕੀਤੀ ਤੇ ਵਾਰਡ ਵਿਚੋਂ ਡਾਕਟਰ ਨੂੰ ਬੁਲਾਉਣ ਦੌੜ ਗਿਆ। ਉਸ ਨੇ ਇਕ ਲੰਬਰਦਾਰ ਨੂੰ ਅਫ਼ਸਰ ਨੂੰ ਦੱਸਣ ਡਿਊਢੀ ਵੀ ਭਜਾ ਦਿੱਤਾ। ਡਾਕਟਰ ਆ ਗਿਆ।

ਓਨੇ ਚਿਰ ਨੂੰ ਅਸੀਂ ਉਸ ਨੂੰ ਚੁੱਕ ਕੇ ਚੱਕੀ ਵਿਚ ਲੈ ਆਏ ਸੀ। ਡਾਕਟਰ ਨੇ ਆ ਕੇ ਉਸ ਦੇ ਧੱਫੇ ਧੁੱਫੇ ਮਾਰ ਕੇ ਵੇਖੇ ਮੱਥੇ 'ਤੇ ਧੱਫੇ ਮਾਰੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ। ਪਰ ਉਸ ਨੂੰ ਦੰਦਲ ਪੈ ਗਈ ਸੀ ਤੇ ਉਹ ਦੰਦਲ ਸਾਡੇ ਕੋਲੋਂ ਚਿਮਟੇ ਨਾਲ ਖੋਲ੍ਹਿਆ ਵੀ ਨਹੀਂ ਸੀ ਖੁਲ੍ਹਦੀ। ਡਾਕਟਰ ਨੇ ਉਸੇ ਵੇਲੇ ਇਕ ਟੀਕਾ ਲਾ ਦਿੱਤਾ, ਫਿਰ ਗੁਲੂਕੋਜ਼ ਲਾਉਣ ਵਾਸਤੇ ਹਸਪਤਾਲ ਲੈ ਚੱਲਣ ਲਈ ਆਖਿਆ। ਪਰ ਅਸੀਂ ਅੜ ਗਏ। ਅਸਾਂ ਕਿਹਾ ਜੇ ਤੁਸੀਂ ਦੋ ਗੱਲਾਂ ਕੀਤੀਆਂ, ਇਕ ਇਸ ਨੂੰ ਜਬਰੀ ਅੰਨ ਖੁਆਉਣ ਦੀ ਕੋਸ਼ਿਸ਼ ਕੀਤੀ ਤੇ ਦੂਸਰਾ ਹਸਪਤਾਲ ਖੜਨ ਦੀ ਜ਼ਿੱਦ ਕੀਤੀ ਤਾਂ ਅਸੀਂ ਸਾਰੇ ਕੰਧਾਂ ਵਿਚ ਮੱਥੇ ਮਾਰ-ਮਾਰ ਕੇ ਜਾਨਾਂ ਦੇ ਦਿਆਂਗੇ। ਡਾਕਟਰ ਨੂੰ ਉਸ ਦੀ ਜਾਨ ਦੀ ਫਿਕਰ ਸੀ ਉਸ ਨੇ ਵਾਅਦਾ ਕੀਤਾ

ਕਿ ਜਬਰੀ ਅੰਨ ਖੁਆਉਣ ਦੀ ਕੋਸ਼ਿਸ਼ ਮੈਂ ਨਹੀਂ ਕਰਾਂਗਾ, ਤੁਹਾਡੇ ਨਾਲ ਮੇਰਾ ਵਾਅਦਾ ਰਿਹਾ, ਪਰ ਗੁਲੂਕੋਜ਼ ਤਾਂ ਲਾਉਣਾ ਹੀ ਪਵੇਗਾ। ਉਨੇ ਚਿਰ ਨੂੰ ਜੇਲ੍ਹਰ ਤੇ ਹੋਰ ਸੱਤ-ਅੱਠ ਅਫ਼ਸਰ ਆ ਗਏ। ਉਹ ਕਹਿਣ ਤੁਸੀਂ ਪਾਸੇ ਹਟ ਜਾਓ, ਅਸਾਂ ਇਸ ਨੂੰ ਹਸਪਤਾਲ ਖੜਨਾ ਹੈ ਤੇ ਅਸੀਂ ਕਹੀਏ ਸਾਡਾ ਸਾਥੀ ਏਥੇ ਹੀ ਸ਼ਹੀਦੀ ਪਾਏਗਾ ਤੇ ਇਸ ਦੀ ਲਾਸ਼ ਹੀ ਬਾਹਰ ਜਾਵੇਗੀ। ਗੱਲ ਅਲਾਰਮ ਹੋਣ ਤੱਕ ਜਾ ਪਹੁੰਚੀ। ਅਸਾਂ ਕਿਹਾ ਤੁਸੀਂ ਜੇ ਸਾਨੂੰ ਚੱਕੀਆਂ ਵਿਚ ਬੰਦ ਕਰਕੇ ਵੀ ਇਸ ਨੂੰ ਲੈ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਲੋਹੇ ਦੇ ਦਰਵਾਜੇ ਵਿਚ ਸਿਰ ਮਾਰ ਮਾਰ ਕੇ ਤੁਹਾਡੇ ਸਿਰ ਚੜ੍ਹ ਕੇ ਮਰਾਂਗੇ ਤੇ ਫਿਰ ਸਾਡਾ ਬਦਲਾ ਲੈਣ ਮਾਈ ਦੇ ਲਾਲ ਏਕੇ ਸੰਤਾਲ਼ੀ ਲੈ ਕੇ ਪੰਜਾਬ ਤੋਂ ਆਉਣਗੇ। ਅਸੀਂ ਕੋਈ ਲਾਵਾਰਸ ਨਹੀਂ, ਤੁਸੀਂ ਸਮਝ ਕੀ ਰੱਖਿਆ ਹੈ? ਸਭ ਤੋਂ ਵੱਧ ਸਾਡੇ ਗੁੱਸੇ ਦਾ ਸ਼ਿਕਾਰ ਇਕ ਟਿੱਡੂ ਭਾਟੀਆ ਹੋਇਆ। ਉਸ ਨੂੰ ਵੇਖਦਿਆਂ ਹੀ ਅਸੀਂ ਭੜਕ ਪਏ। ਖੈਰ ਡਾਕਟਰ ਸਾਡਾ ਯਾਰ ਸੀ। ਉਸ ਨੇ ਸਾਡੇ ਸਾਰਿਆਂ ਦੀ ਠੋਡੀ ਨੂੰ ਹੱਥ ਲਾ ਲਾ ਕੇ ਕਿਹਾ ਇਸ ਨੂੰ ਲੈ ਜਾਣ ਦਿਓ। ਮੈਂ ਗੁਲੂਕੋਜ਼ ਹੀ ਲਾਵਾਂਗਾ।

ਫੈਸਲਾ ਇਹ ਹੋਇਆ ਕਿ ਗੁਲੂਕੋਜ਼ ਏਥੇ ਹੀ ਲਾਇਆ ਜਾਵੇ। ਉਹ ਮੰਨ ਗਏ। ਡਾਕਟਰ ਨੇ ਝੱਟ ਗੁਲੂਕੋਜ਼ ਤੇ ਸਟੈਂਡ ਲੈਣ ਭੇਜ ਦਿੱਤਾ, ਆਪ ਉਹ ਆਈ.ਜੀ. ਕੋਲ ਦੌੜ ਗਿਆ। ਕਿਉਂਕਿ ਜਬਰੀ ਅੰਨ ਖੁਆਉਣ ਤੋਂ ਬਗੈਰ ਮਰੀਜ਼ ਮਰ ਵੀ ਸਕਦਾ ਸੀ, ਡਾਕਟਰ ਆਪਣੇ 'ਤੇ ਜ਼ਿੰਮੇਵਾਰੀ ਕਿਉਂ ਲੈਂਦਾ? ਉਸ ਨੇ ਆਪਣੀ ਰਿਪੋਰਟ ਵਿਚ ਸੰਤੋਖ ਨੂੰ ਗੰਭੀਰ ਤੇ ਅਰਧ ਬੇਹੋਸ਼ ਲਿਖਿਆ। ਸਾਨੂੰ ਉਹ ਕਹਿ ਗਿਆ ਤੁਸੀਂ ਬੈਠੋ ਗੁਲੂਕੋਜ਼ ਮੈਂ ਆ ਕੇ ਲਾਉਂਦਾ ਹਾਂ। ਅਸੀਂ ਚੁੱਪ ਕਰਕੇ ਲਾਗੇ ਬੈਠ ਕੇ ਚੌਪਈ ਸਾਹਿਬ ਤੇ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਪਏ। ਅਫਸਰ ਵੀ ਸਾਰੇ (ਜੇਲ੍ਹ ਅਫ਼ਸਰ) ਆਈ.ਜੀ. ਵੱਲ ਤੇ ਜੇਲ੍ਹਰ ਵੱਲ ਦੌੜ ਗਏ। ਸਾਡੇ ਕੋਈ ਚਿਤ ਚੇਤਾ ਵੀ ਨਹੀਂ ਸੀ। ਅਸੀਂ ਅਰਾਮ ਨਾਲ ਹੀ ਬੈਠੇ ਸੀ ਕਿ ਦਗੜ ਦਗੜ ਕਰਦੀ ਵਾਰਡਨਾਂ ਦੀ ਕੋਈ ਸੌ ਕੁ ਬੰਦੇ ਦੀ ਫੌਜ ਤੇ ਨਾਲ ਅਫ਼ਸਰ ਪਹੁੰਚ ਗਏ। ਹੋਇਆ ਇਹ ਕਿ ਪਹਾੜੀ ਮਾਨ ਸਿੰਘ ਨੇ ਜਾ ਕੇ ਕਿਹਾ, "ਜੀ ਉਹ ਬੰਦ ਹੋਣ ਨੂੰ ਤਿਆਰ ਨਹੀਂ ਤੇ ਹੋਰ ਪਤਾ ਨਹੀਂ ਕੀ ਕੀ ਬਕਵਾਸ ਜਾ ਕੇ ਅਫ਼ਸਰਾਂ ਕੋਲ ਕੀਤੀ, ਉਹ ਸਾਨੂੰ ਬੰਦ ਕਰਨ ਲਈ ਸਾਰੀ ਫੋਰਸ ਲੈ ਕੇ ਆਏ ਸੀ, ਪਰ ਇਹ ਖਾਸ ਹਿਦਾਇਤ ਸੀ ਕਿ ਕੋਈ ਵੀ ਸਿੱਖ ਲੰਬਰਦਾਰ ਇਸ ਵਾਰਡ ਵਿਚ ਨਾ ਆਵੇ ਹਾਲਾਂ ਕਿ ਸਿੱਖ ਲੰਬਰਦਾਰ ਸਾਰੇ ਹੈ ਹੀ ਦੋ ਕੁ ਸਨ। ਜਦੋਂ ਅਫ਼ਸਰਾਂ ਨੇ ਸਾਨੂੰ ਅਰਾਮ ਨਾਲ ਬੈਠੇ ਪਾਠ ਕਰਦਿਆਂ ਨੂੰ ਵੇਖਿਆ ਤਾਂ ਉਹ ਬਹੁਤ ਹੀ ਸ਼ਰਮਿੰਦੇ ਹੋ ਗਏ। ਕਿਉਂਕਿ ਮਾਨ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਹ ਬਹੁਤ ਤੋੜ ਫੋੜ ਕਰ ਰਹੇ ਹਨ ਤੇ ਪਾਣੀ ਵਾਲੀਆਂ ਪਾਈਪਾਂ ਨੂੰ ਤੋੜ ਤੋੜ ਕੇ ਹਥਿਆਰ ਵਜੋਂ ਫੜੀ ਫਿਰਦੇ ਹਨ। ਪਰ ਏਥੇ ਬਿਲਕੁਲ ਉਲਟ ਸੀ। ਉਨੇ ਚਿਰ ਨੂੰ ਆਰ.ਐਮ.ਓ. ਵੀ ਆ ਗਿਆ ਅਸਾਂ ਕਿਹਾ ਸਾਨੂੰ ਆਰ.ਐਮ.ਓ. ਸਾਹਿਬ ਨੇ ਏਸੇ ਤਰ੍ਹਾਂ ਬੈਠੇ ਰਹਿਣ ਲਈ ਆਖਿਆ ਸੀ ਤੇ ਮਾਨ ਸਿੰਘ ਨੇ ਇਕ ਵਾਰ ਵੀ ਸਾਨੂੰ ਬੰਦ ਹੋਣ ਲਈ ਨਹੀਂ ਆਖਿਆ। ਡਾਕਟਰ ਨੇ ਸਾਡੀ ਗੱਲ ਦੀ ਪੁਸ਼ਟੀ ਕੀਤੀ। ਪਰ ਜੇਲ੍ਹਰ ਕਹੇ ਤੁਸੀਂ ਬੰਦ ਹੋ ਜਾਓ ਅਸੀਂ ਆਪੇ ਇਲਾਜ ਕਰਾਵਾਂਗੇ।

ਸਮਝੌਤਾ ਇਹ ਹੋਇਆ ਕਿ ਸਾਡੇ ਦੋ ਬੰਦੇ ਵੀ ਹਸਪਤਾਲ ਨਾਲ ਜਾਣਗੇ। ਉਹ ਮੰਨ ਗਏ ਤੇ ਅਸੀਂ ਬੰਦ ਹੋ ਗਏ। ਭਾਟੀਆ ਫਿਰ ਸਾਡੀ ਨਜ਼ਰ ਪੈ ਗਿਆ। ਅਸਾਂ ਸਮਝ

ਲਿਆ, ਸ਼ਾਇਦ ਸਾਰਾ ਕਸੂਰ ਏਸੇ ਦਾ ਹੀ ਹੈ, ਅਸਾਂ ਖੂਬ ਉੱਚੀ ਉੱਚੀ ਬੁਰਾ ਭਲਾ ਉਸ ਨੂੰ ਆਖਿਆ, ਪਰ ਉਹ ਚੁੱਪ ਕਰਕੇ ਕੰਨ ਵਲ੍ਹੇਟ ਕੇ ਨਿਕਲ ਗਿਆ। ਉਹ ਏਨਾ ਡਰ ਗਿਆ ਕਿ ਬਾਅਦ ਵਿਚ ਜਦੋਂ ਸਾਡੀ ਮੁਲਾਕਾਤ ਆਈ ਤਾਂ ਉਹ ਸਾਡੇ ਸਾਰਿਆਂ ਦੇ ਘਰ ਵਾਲਿਆਂ ਨੂੰ ਕਿਹਾ ਕਰੇ, "ਉਹ ਮੇਰੇ ਨਾਲ ਜ਼ਿਆਦਤੀ ਕਰਦੇ ਹਨ, ਆਪਣੀ ਇਮਾਨਦਾਰੀ ਦੇ ਸਬੂਤ ਵਜੋਂ ਉਹ ਆਪਣੇ ਟੁੱਟੇ ਬੂਟ ਵੀ ਵਿਖਾਉਂਦਾ ਫਿਰੇ। ਫਿਰ ਉਸ ਨੇ ਏਥੋਂ ਤੱਕ ਸਾਰਿਆਂ ਦੇ ਘਰਦਿਆਂ ਨੂੰ ਕਿਹਾ ਕਿ ਤੁਸੀਂ ਹੁਣ ਦਿੱਲੀ ਆਓ ਮੁਲਾਕਾਤ ਕਰਨ ਤਾਂ ਮੇਰੇ ਘਰ ਰਹਿ ਪਿਆ ਕਰੋ। ਇਸ ਤਰ੍ਹਾਂ ਉਸ ਨੇ ਤਰਲੇ ਲੈ ਲੈ ਕੇ ਏਨੀ ਲੋਕ ਰਾਏ ਆਪਣੇ ਹੱਕ ਵਿਚ ਕਰ ਲਈ ਕਿ ਮੈਨੂੰ ਯਾਦ ਹੈ ਸਾਡੇ ਸਾਰਿਆਂ ਦੇ ਘਰ ਵਾਲੇ ਬਾਵਜੂਦ ਇਹ ਦੱਸਣ 'ਤੇ ਕਿ ਇਹ ਬੜਾ ਖਰਾਬ ਹੈ ਤੇ ਸਾਰੇ ਪੁਆੜੇ ਦੀ ਜੜ੍ਹ ਹੈ, ਮੰਨਣ ਨੂੰ ਤਿਆਰ ਨਹੀਂ ਸਨ, ਸਗੋਂ ਸਾਨੂੰ ਹੀ ਆਖੀ ਜਾਣ ਵਿਚਾਰੇ ਨੂੰ ਤੰਗ ਨਾ ਕਰੋ। ਲੈ ਕਰ ਲਓ ਗੱਲ। ਉਹ ਸਾਲਾ ਸੌ ਫੇਟਣੀਆਂ ਦਾ ਫੇਟ ਵਿਚਾਰਾ ਬਣ ਗਿਆ ਤੇ ਅਸੀਂ ਅੱਤਵਾਦੀ ਹੋ ਗਏ। ਭਾਰਤ ਸਰਕਾਰ ਨੇ ਵੀ ਏਸੇ ਤਰ੍ਹਾਂ ਹੀ ਸਿੱਖਾਂ ਨੂੰ ਕੁਪਤੇ ਤੇ ਖਾਹ-ਮ-ਖਾਹ ਕੇਂਦਰ ਨਾਲ ਪੰਗੇ ਲੈਣ ਵਾਲੇ ਆਪਣੇ ਮੀਡੀਏ ਰਾਹੀਂ ਸਿੱਧ ਕੀਤਾ ਹੈ ਤੇ ਮੰਗ ਕੋਈ ਨਹੀਂ ਮੰਨੀ। ਫਿਰ ਉਸ ਨੇ ਇਕ ਦਿਨ ਹਨੇਰੇ ਜਿਹੇ ਹੋਏ ਆ ਕੇ ਸਾਡੇ ਕੋਲੋਂ ਵੀ ਮੁਆਫੀ ਮੰਗ ਲਈ। ਆਇਆ ਵੀ ਵਾਰਡ ਵਿਚ ਇਕੱਲਾ ਹੀ। ਪਹਿਲਾਂ ਆਉਂਦੇ ਨੇ ਹੀ ਉਸ ਆਖ ਦਿਤਾ, "ਓ ਭਰਾਓ, ਤੁਹਾਨੂੰ ਉਸ ਦਿਨ ਗਲਤੀ ਲੱਗੀ ਸੀ, ਸਗੋਂ ਮੈਂ ਤਾਂ ਤੁਹਾਡਾ ਹਮਾਇਤੀ ਹਾਂ।" ਇਸ ਤਰ੍ਹਾਂ ਤਰਲੇ ਕੱਢ ਕੇ ਉਸ ਆਪਣਾ ਕੰਮ ਬਣਾ ਲਿਆ ਤੇ ਅਸੀਂ ਵੀ ਉਸ ਨੂੰ ਇਕ ਤਰ੍ਹਾਂ ਮੁਆਫ ਹੀ ਕਰ ਦਿੱਤਾ। ਜਿੰਨੇ ਉਸ ਤਰਲੇ ਕਢੇ ਉਹ ਏਥੇ ਲਿਖੇ ਨਹੀਂ ਜਾ ਸਕਦੇ। ਜੇਲ੍ਹਰ ਦਾ ਵੀ ਉਸ ਨੂੰ ਡਰ ਸੀ। ਅਖੀਰ ਉਹ ਹੁਣ ਲੰਮੀ ਛੁੱਟੀ ਹੀ ਚਲਾ ਗਿਆ।

ਦੂਸਰੇ ਦਿਨ ਸਵੇਰੇ ਹੀ ਦੋ ਵੱਡੇ ਅਫ਼ਸਰ ਆਏ ਤੇ ਸਾਡੀਆਂ ਸਾਰੀਆਂ ਮੰਗਾਂ ਮੰਨ ਗਏ। ਉਨ੍ਹਾਂ ਕਿਹਾ "ਬਿਨਾਂ ਸ਼ਰਤ ਅਸੀਂ ਤੁਹਾਡੀਆਂ ਸਾਰੀਆਂ ਮੰਗਾਂ ਮੰਨਦੇ ਹਾਂ। ਭੁੱਖ ਹੜਤਾਲ ਖਤਮ ਕਰ ਦਿਓ" ਅਸਾਂ ਕਿਹਾ "ਏਦਾਂ ਨਹੀਂ, ਅਸਾਂ ਅਰਦਾਸ ਕਰਕੇ ਰੱਖੀ ਸੀ ਅਰਦਾਸ ਕਰਕੇ ਹੀ ਖੋਲ੍ਹਾਂਗੇ। ਉਸ ਅਰਦਾਸ ਵਿਚ ਤੁਸੀਂ ਵੀ ਸ਼ਾਮਲ ਹੋਵੋ"। ਉਹ ਮੰਨ ਗਏ। ਅਰਦਾਸ ਤੋਂ ਬਾਅਦ ਅਸਾਂ ਕਾਜੂਆਂ ਦਾ ਪ੍ਰਸ਼ਾਦ ਵੰਡਿਆ ਜੋ ਉਨ੍ਹਾਂ ਅਫਸਰਾਂ ਵੀ ਲਿਆ। ਗੱਲ ਖਤਮ ਹੋ ਗਈ। ਅਸਾਂ ਦੁੱਧ ਵਿਚ ਸੇਵੀਆਂ ਰਿਝਣੀਆਂ ਰੱਖ ਦਿੱਤੀਆਂ। ਏਨੇ ਚਿਰ ਨੂੰ ਸਾਡਾ ਚੌਹ ਪੰਜਾਂ ਜਾਣਿਆਂ ਦਾ ਮੁਲਾਕਾਤ ਦਾ ਪਰਚਾ ਆ ਗਿਆ ਤੇ ਅਸੀਂ ਮੁਲਾਕਾਤ ਕਰਨ ਚਲੇ ਗਏ। ਓਧਰ ਅਸੀਂ ਮੁਲਾਕਾਤ ਕਰ ਰਹੇ ਸੀ ਤੇ ਦਸ ਰਹੇ ਸੀ ਕਿ ਸਾਡੀ ਹੜਤਾਲ ਹੁਣੇ ਹੁਣ ਹੀ ਖੁਲ੍ਹੀ ਹੈ ਤੇ ਉਧਰ ਉਹ ਹੀ ਦੋ ਅਫ਼ਸਰ ਸਾਡੇ ਵਾਰਡ ਵਿਚ ਸਾਡੇ ਸਾਥੀਆਂ ਨੂੰ ਇਕੱਠੇ ਕਰਕੇ ਕਹਿ ਰਹੇ ਸਨ "ਅਸੀਂ ਕੀ ਕਰੀਏ ਜੇਲ੍ਹਰ ਨਹੀਂ ਮੰਨਦਾ, ਹੁਣ ਤੁਸੀਂ ਫਿਰ ਭੁੱਖ ਹੜਤਾਲ ਰੱਖੋ। ਅਸੀਂ ਤੁਹਾਡੇ ਨਾਲ ਹਾਂ" ਜਦੋਂ ਅਸੀਂ ਮੁਲਾਕਾਤ ਤੋਂ ਆਏ ਤਾਂ ਸਾਡੇ ਸਾਰਿਆਂ ਕੋਲ ਸਮਾਨ ਦੇ ਝੋਲੇ ਭਰੇ ਹੋਏ ਸਨ। ਉਧਰ ਸਾਡੇ ਸਾਥੀਆਂ, ਸਾਨੂੰ ਉਨ੍ਹਾਂ ਅਫਸਰਾਂ ਦੀ ਗੱਲ ਸੁਣਾ ਦਿੱਤੀ। ਸਾਡੇ ਸਾਰਿਆਂ ਦੇ ਮੂੰਹੋਂ ਨਿਕਲਿਆ "ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਏ ਧੋਖੇ ਵਰਗੀ ਗੱਲ ਹੈ, ਆਟੇ ਦੀ ਗਊ ਬਣਾ ਕੇ ਬਾਈ ਧਾਰ ਦੇ ਰਾਜਿਆਂ ਸੌਂਹ ਖਾ ਲਈ ਕਿ ਸਾਨੂੰ ਗਊ ਦੀ ਕਸਮ ਲੱਗੇ ਜੇ ਅਸੀਂ ਤੁਹਾਨੂੰ ਅਨੰਦਪੁਰ ਸਾਹਿਬ ਦਾ ਕਿਲਾ ਛਡ ਕੇ ਜਾਂਦਿਆਂ ਨੂੰ ਰਾਹ ਵਿਚ ਕੋਈ ਰੁਕਾਵਟ ਪਾਈਏ"।

ਪਰ ਅਸਾਂ ਫੈਸਲਾ ਕੀਤਾ ਕਿ ਹੁਣ ਇਹ ਗੱਲ ਫੇਰ 'ਤੇ ਰਹਿਣ ਦਿਓ। ਅਗੋਂ ਸਾਰੰਗੀ ਟੁੱਟ ਗਈ ਹੈ ਕਿ ਰਾਗ ਮੁੱਕ ਗਿਆ ਹੈ? ਆਹ ਜਿਹੜਾ ਸਮਾਨ ਆਇਆ ਹੈ ਛਕੋ ਛਕਾਓ ਤੇ ਫੇਰ ਅਗਾਂਹ ਦੀ ਗੱਲ ਸੋਚਾਂਗੇ। ਇਹ ਹੈ ਇਸ ਰਾਜ ਦੇ ਅਫ਼ਸਰਾਂ ਦੇ ਵਾਅਦੇ, ਪਰ ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਲਿਖਤੀ ਸਮਝੌਤਾ ਕਰਕੇ ਮੁੱਕਰ ਜਾਵੇ, ਉਸ ਦੇ ਅਫ਼ਸਰ ਵੀ ਤਾਂ ਏਦਾਂ ਹੀ ਕਰਨਗੇ। ਕਹਿੰਦੇ ਹੁੰਦੇ ਹਨ ਕਿ, "ਬੱਲ੍ਹੇ ਦਾ ਪੁੱਤ ਬੱਲ੍ਹਾ ਨਾ ਹੋਵੇ ਤਾਂ ਮੱਥੇ ਫੁਲੀ ਤਾਂ ਹੁੰਦੀ ਹੀ ਹੈ, ਨਹੀਂ ਤਾਂ ਬੱਲ੍ਹੇ ਦਾ ਪੁੱਤ ਨਹੀਂ" ਸੋ ਰਾਜੀਵ ਗਾਂਧੀ ਵਰਗੇ ਤਾਂ ਨਾ ਸਹੀ ਕੁਝ ਨਾ ਕੁਝ ਤਾਂ ਉਸ ਨਾਲ ਰਲਣਾ ਹੀ ਚਾਹੀਦਾ ਸੀ ਆਖਰ ਉਸ ਦੇ ਅਫ਼ਸਰ ਹਨ।

ਜਦੋਂ ਸਾਡਾ ਭੁੱਖ ਹੜਤਾਲ ਵਾਲਾ ਚੀਕ ਚਿਹਾੜਾ ਜਿਹਾ ਚੱਲ ਰਿਹਾ ਸੀ ਤਾਂ ਪ੍ਰੋ. ਦਰਸ਼ਨ ਸਿੰਘ ਹੋਰਾਂ ਦੀ ਤਰੀਖ ਸੀ। ਉਹਨਾਂ ਇਹ ਗੱਲ ਬੁਤਾਲੀਏ ਵਕੀਲ, ਜੋ ਦਿੱਲੀ ਕਮੇਟੀ ਨੇ ਸਿੰਘਾਂ ਦੀ ਪੈਰਵੀ ਲਈ ਖੜ੍ਹਾ ਕੀਤਾ ਹੈ, ਨੂੰ ਸਾਰੀ ਗੱਲ ਦੱਸੀ। ਉਸ ਨੇ ਅਦਾਲਤ ਵਿਚ ਰਿੱਟ ਲਾ ਦਿੱਤੀ ਕਿ ਸਿੱਖ ਉਥੇ ਤੰਗ ਹਨ ਤੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਭੰਗ ਕੀਤਾ ਜਾ ਰਿਹਾ ਹੈ। ਜੱਜ ਸਾਹਿਬ ਨੇ ਜੇਲ੍ਹ ਵਿਚ ਆਪ ਜਾਣ ਦੇ ਹੁਕਮ ਕਰ ਦਿੱਤੇ। ਸ੍ਰੀ ਭਾਰਤ ਭੂਸ਼ਣ ਜੀ ਜੇਲ੍ਹ ਵਿਚ ਆਏ ਤੇ ਸਾਨੂੰ ਮਿਲੇ। ਅਸਾਂ ਉਨ੍ਹਾਂ ਨੂੰ ਮਕਬੂਲ ਬੱਟ ਦੀ ਕਬਰ ਵਿਖਾਈ ਤੇ ਕੰਡਮ ਸੈਲਾਂ ਬਾਰੇ ਦਸਿਆ। ਫਾਂਸੀ ਵਾਲੇ ਮੁਲਜ਼ਮ ਸਾਡੇ ਨਾਲ ਰੱਖੇ ਹਨ, ਇਹ ਵੀ ਦੱਸਿਆ। ਉਧਰ ਜੇਲ੍ਹ ਵਾਲਿਆਂ ਨੇ ਡਿਉਢੀ ਵਿਚ ਉਨ੍ਹਾਂ ਨੂੰ ਪਤਾ ਨਹੀਂ ਕੀ ਕੀ ਦਸਿਆ। ਏ ਪੱਧਰ ਦੇ ਅੱਤਵਾਦੀ, ਆਦਿ ਵਰਗੇ ਸੀ.ਬੀ.ਆਈ. ਦੇ ਨੋਟ ਸ਼ਾਇਦ ਵਿਖਾਏ ਤੇ ਨਾਲ ਖਚਰ ਵਿਦਿਆ ਇਹ ਖੇਡ ਲਈ ਤੇ ਕਹਿ ਦਿੱਤਾ, "ਇਨ੍ਹਾਂ ਦੀ ਸੁਰੱਖਿਆ ਵਾਸਤੇ ਹੀ ਅਸੀਂ ਇਨ੍ਹਾਂ ਨੂੰ ਘੱਟ ਖੋਲਦੇ ਹਾਂ"। ਅਦਾਲਤ ਨੇ ਉਨ੍ਹਾਂ ਦੀ ਗੱਲ ਮੰਨ ਲਈ। ਸਾਡੀ ਉਥੇ ਕਿਸ ਨੇ ਸੁਣਨੀ ਸੀ? ਏਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਇਕ ਵਾਰ ਸੀ.ਬੀ.ਆਈ. ਨੇ ਸਾਡਾ ਸੱਤ ਦਿਨ ਦਾ ਰੀਮਾਂਡ ਮੰਗਿਆ ਤੇ ਏਸੇ ਹੀ ਅਦਾਲਤ ਨੇ ਦਸ ਦਿਨ ਦਾ ਦੇ ਦਿੱਤਾ। ਫੇਰ ਏਥੇ ਸਾਡੀ ਕੀਹਨੇ ਸੁਣਨੀ ਸੀ 'ਜੱਟ ਜੱਟਾਂ ਦੇ ਫਗੂ ਕੀਹਦਾ' ਵਾਲੀ ਗੱਲ ਹੋਈ।

ਹਵਾਈ ਜਹਾਜ਼ 'ਤੇ ਰਿਮਾਂਡ ਲੈਣ ਜਾਣਾ

ਇਹਨਾਂ ਦਿਨਾਂ ਵਿਚ ਸੁਰਜੀਤ ਸਿੰਘ ਦਾ ਰੀਮਾਂਡ ਆ ਗਿਆ। ਬੰਬਈ ਦੇ ਇਕ ਕੇਸ ਵਿਚ ਉਸ ਨੂੰ ਲੈ ਕੇ ਜਾਣਾ ਸੀ। ਉਸ ਨੂੰ ਹਵਾਈ ਜਹਾਜ 'ਤੇ ਲੈ ਕੇ ਗਏ ਤੇ ਹਵਾਈ ਜਹਾਜ 'ਤੇ ਹੀ ਲੈ ਕੇ ਆਏ। ਧਰਮਵੀਰ ਸਿੰਘ ਦਾ ਵੀ ਚੰਡੀਗੜ੍ਹ ਦਾ ਰੀਮਾਂਡ ਸੀ। ਉਥੋਂ ਪੁਲਿਸ ਉਸ ਨੂੰ ਲੈਣ ਆਈ ਸੀ। ਉਸ ਨੂੰ ਏਥੋਂ ਕਰੀਬ ਦਸ ਵਜੇ ਲੈ ਕੇ ਗਏ ਤੇ ਚਾਰ ਵਜੇ ਤੋਂ ਪਹਿਲਾਂ ਉਹ ਫਿਰ ਵਾਰਡ ਵਿਚ ਸੀ। ਸਾਰੇ ਬੜੇ ਹੈਰਾਨ ਹੋਏ, ਸਰਕਾਰੀ ਮੁਲਾਜ਼ਮਾਂ ਵਿਚ ਬੜੀ ਖਾਸ ਤੌਰ 'ਤੇ ਚਰਚਾ ਸੀ ਕਿ ਸਿੱਖਾਂ ਨੂੰ ਕਿਵੇਂ ਜਹਾਜਾਂ 'ਤੇ ਲੈ ਕੇ ਜਾਂਦੇ ਹਨ। ਜਿਹੜਾ ਵੀ ਆਵੇ ਇਹ ਹੀ ਕਹੇ, "ਯਾਰ ਤੁਹਾਡਾ ਤਾਂ ਬੜਾ ਟੌਹਰ ਹੈ। ਸਾਡੀ ਜਾਚੇ ਤਾਂ ਤੁਹਾਨੂੰ ਮੌਜਾਂ ਹੀ ਬਹੁਤ ਹਨ, ਵੇਖੋ ਨਾ ਕਿਵੇਂ ਜਹਾਜ ਤੋਂ ਘੱਟ ਸਰਕਾਰ ਤੁਹਾਨੂੰ ਲੈ ਕੇ ਹੀ ਨਹੀਂ ਜਾਂਦੀ। ਪਹਿਲਾਂ ਅਸੀਂ ਵੀ ਜਲੰਧਰ ਤੋਂ ਜਹਾਜ 'ਤੇ ਹੀ ਲਿਆਂਦੇ ਗਏ ਸਾਂ।"

ਤਿਹਾੜ ਜੇਲ੍ਹ ਦੀ ਜੇਲ੍ਹਰ ਦੀ ਅਸਾਮੀ ਬੜੀ ਦੇਰ ਤੋਂ ਹੀ ਖਾਲੀ ਪਈ ਸੀ। ਜਦੋਂ ਅਸੀਂ ਏਥੇ ਆਏ ਤਾਂ ਜੇਲ੍ਹਰ ਦਾ ਚਾਰਜ ਸ੍ਰੀ ਸੁਭਾਸ਼ ਸ਼ਰਮਾ ਕੋਲ ਸੀ। ਵੈਸੇ ਉਹ ਆਮ ਸਹਾਇਕ

ਅਫ਼ਸਰ ਹੈ। ਫਿਰ ਡਿਪਟੀ ਜੇਲ੍ਹਰ ਆਇਆ ਤਾਂ ਉਸ ਦੀ ਤਾਕਤ ਘਟ ਗਈ। ਬਾਅਦ ਵਿਚ ਜੇਲ੍ਹਰ ਆ ਗਿਆ ਤਾਂ ਉਸ ਦੀ ਤਾਕਤ ਹੋਰ ਵੀ ਘਟ ਹੋ ਗਈ। ਜੇਲ੍ਹਰ ਸਾਹਿਬ ਜਦੋਂ ਨਵੇਂ ਆਏ ਤਾਂ ਅਸੀਂ ਸਾਰੇ ਬਾਹਰ ਬੈਠੇ ਸੀ। ਉਦੋਂ ਸਾਨੂੰ ਪੌਣਾ ਪੌਣਾ ਘੰਟਾ ਦੋ ਵੇਲੇ ਖੋਲ੍ਹਿਆ ਜਾਂਦਾ ਸੀ। ਅਸਾਂ ਕਿਹਾ, ਸਾਨੂੰ ਵੀ ਦੂਜਿਆਂ ਜਿੰਨਾ ਪੂਰਾ ਖੋਲ੍ਹਿਆ ਜਾਵੇ। ਉਸ ਦੇ ਨਾਲ ਭਾਟੀਆ ਸੀ, ਜੋ ਡਾਇਰੀ ਲੈ ਕੇ ਨਾਲ ਨਾਲ ਭੱਜਾ ਫਿਰਦਾ ਸੀ। ਜੇਲ੍ਹਰ ਨੇ ਮੈਨੂੰ ਯਾਦ ਨਹੀਂ ਕੀ ਜਵਾਬ ਦਿੱਤਾ ਤੇ ਸਾਡੇ ਇਕ ਬੁੱਢੇ ਸਾਥੀ ਨੇ ਕਿਹਾ, "ਜੀ ਤੁਸੀਂ ਇਸ ਜੇਲ੍ਹ ਦੇ ਮਾਲਕ ਹੋ ਸਭ ਕੁਝ ਕਰ ਸਕਦੇ ਹੋ।" ਜੇਲ੍ਹਰ ਨੇ ਉਪਰ ਵੱਲ ਨੂੰ ਹੱਥ ਕਰਕੇ ਕਿਹਾ "ਸਾਰਿਆਂ ਦਾ ਮਾਲਕ ਉਹ ਉਪਰ ਵਾਲਾ ਹੈ"। ਇਸ਼ਾਰਾ ਰੱਬ ਵੱਲ ਸੀ। ਅਸੀਂ ਸਾਰਿਆਂ ਨੇ ਹੀ ਕਿਹਾ, ਇਹ ਬੰਦਾ ਬੜਾ ਚੰਗਾ ਹੈ ਤੇ ਰੱਬ ਤੋਂ ਡਰਨ ਵਾਲਾ ਹੈ। ਉਸ ਦਾ ਗੱਲਬਾਤ ਕਰਨ ਦਾ ਸਲੀਕਾ ਬਹੁਤ ਹੀ ਚੰਗਾ ਹੈ। ਲਾਇਕ ਆਦਮੀ ਹੈ। ਉਸ ਦੇ ਦੱਸਣ ਅਨੁਸਾਰ ਉਹ ਹਿੰਦੋਸਤਾਨ ਦੇ ਵਧੀਆ ਸਕੂਲ ਸ਼ੇਰਵੁਡ ਦਾ ਪੜ੍ਹਿਆ ਹੋਇਆ ਹੈ ਪਰ ਥੱਲੇ ਦਾ ਪੈਸੇ 'ਤੇ ਗਿਝਾ ਸਟਾਫ ਉਸ ਨੂੰ ਹਰ ਗੱਲ ਵਿਚ ਹਨੇਰੇ ਵਿਚ ਰੱਖਦਾ ਹੈ ਤੇ ਹਰ ਸਿੱਧੀ ਗੱਲ ਨੂੰ ਪੁੱਠੀ ਕਰਕੇ ਦੱਸਦਾ ਹੈ। ਉਸ ਗੱਲ ਵਿਚ ਛੋਟੇ ਅਧਿਕਾਰੀਆਂ ਨੇ ਸਾਨੂੰ ਵੀ ਆਪਣੇ ਨਾਲ ਖਿੱਚ ਲਿਆ। ਕਿਉਂਕਿ ਅਸੀਂ ਸਾਰੇ ਦਾ ਸਾਰਾ ਕਸੂਰ ਜੇਲ੍ਹਰ ਦਾ ਹੀ ਸਮਝਦੇ ਸੀ ਤੇ ਸੁਭਾਸ਼ ਸ਼ਰਮਾ ਨਾਂ ਦਾ ਇਕ ਅਫ਼ਸਰ ਇਸ ਗੱਲ 'ਤੇ ਖੁਸ਼ ਹੁੰਦਾ ਸੀ। ਅਸੀਂ ਵੀ ਤਨਹਾਈ ਕੈਦ ਕਰਕੇ ਬੜੇ ਔਖੇ ਹੋ ਚੁੱਕੇ ਬਲਕਿ ਅੱਕ ਚੁੱਕੇ ਸੀ। ਸਾਡੀਆਂ ਦਿੱਤੀਆਂ ਜਾਂਦੀਆਂ ਦਰਖਾਸਤਾਂ ਵੱਲ ਵੀ ਕੋਈ ਧਿਆਨ ਨਹੀਂ ਸੀ ਦੇ ਰਿਹਾ।

ਏਸੇ ਹੀ ਦੌਰਾਨ ਜੇਲ੍ਹਰ ਸਾਡੇ ਵਾਰਡ ਵਿਚ ਆ ਗਿਆ। ਉਹ ਜਦੋਂ ਦਾ ਆਇਆ ਸੀ, ਸਿਰਫ ਤਿੰਨ ਕੁ ਵਾਰੀ ਹੀ ਸਾਡੇ ਵਾਰਡ ਵਿਚ ਆਇਆ ਸੀ, ਸ਼ਾਇਦ ਇਹ ਤੀਜੀ ਵਾਰੀ ਸੀ। ਅਸੀਂ ਉਸ ਨੂੰ ਪੂਰਾ ਸਮਾਂ ਨਾ ਖੋਲ੍ਹਣ ਦਾ ਕਾਰਣ ਪੁਛਿਆ ਤਾਂ ਉਸ ਨੇ ਕਿਹਾ ਇਹ ਮੇਰਾ ਜੇਲ੍ਹ ਪ੍ਰਬੰਧ ਹੈ, ਤੁਹਾਨੂੰ ਇਸੇ ਕਰਕੇ ਬੰਦ ਰੱਖਿਆ ਜਾ ਰਿਹਾ ਹੈ। ਅਸੀਂ ਉਸ ਨੂੰ ਇਹ ਦੱਸਣ ਦਾ ਯਤਨ ਕਰ ਰਹੇ ਸੀ ਕਿ ਜਦੋਂ ਸਾਰੇ ਭਾਰਤ ਵਿਚ ਹਰ ਜਾਤੀ ਤੇ ਹਰ ਧਰਮ ਦੇ ਬੰਦੇ ਵਾਸਤੇ ਇਕ ਕਾਨੂੰਨ ਹੈ, ਫਿਰ ਸਾਡੇ 'ਤੇ ਹੋਰ ਕਾਨੂੰਨ ਕਿਉਂ? ਇਸ ਵਾਰਡ ਵਿਚ ਹਿੰਦੂ ਤਾਂ ਸਾਰਾ ਸਮਾਂ ਖੁਲ੍ਹਦੇ ਹਨ ਤੇ ਅਸੀਂ ਸਿਰਫ ਡੇਢ ਘੰਟਾ। ਉਹ ਡਾਕੂ ਤੇ ਕਾਤਲ ਹਨ, ਜਦੋਂ ਕਿ ਅਸੀਂ ਕੁਝ ਵੀ ਨਹੀਂ। ਪਰ ਉਹ ਕਹੇ ਇਹ ਗੱਲਾਂ ਵੇਖਣੀਆਂ ਮੇਰਾ ਕੰਮ ਹੈ। ਅਸੀਂ ਕਿਹਾ ਫਿਰ ਤੁਸੀਂ ਵੇਖਦੇ ਕਿਉਂ ਨਹੀਂ? ਜਦੋਂ ਦੇ ਅਸੀਂ ਜੇਲ੍ਹ ਵਿਚ ਆਏ ਹਾਂ, ਅਸਾਂ ਕੋਈ ਜੇਲ੍ਹ ਦਾ ਕਾਨੂੰਨ ਤਾਂ ਨਹੀਂ ਤੋੜਿਆ? ਕੋਈ ਕਿਸੇ ਨੂੰ ਧਮਕੀ ਜਾਂ ਅਜਿਹੀ ਗੱਲ ਤਾਂ ਨਹੀਂ ਕੀਤੀ ਜਿਸ ਦਾ ਕਾਨੂੰਨ ਅਨੁਸਾਰ ਉਲੰਘਣ ਹੁੰਦਾ ਹੋਵੇ? ਕਿਸੇ ਕਰਮਚਾਰੀ ਨੂੰ ਬੁਰਾ ਭਲਾ ਤਾਂ ਨਹੀਂ ਕਿਹਾ? ਫਿਰ ਇਕ ਹੀ ਜੇਲ੍ਹ ਮੈਨੂੰਅਲ ਦੇ ਹੁੰਦਿਆਂ ਤੁਸੀਂ ਸਾਨੂੰ ਡੇਢ ਘੰਟਾ ਤੇ ਹਿੰਦੂਆਂ ਨੂੰ ਸਾਰਾ ਦਿਨ ਖੁੱਲ੍ਹਾ ਰੱਖਦੇ ਹੋ ਕੀ ਇਹ ਸਾਡੇ ਨਾਲ ਸਿੱਖ ਹੋਣ ਕਰਕੇ ਵਿਤਕਰਾ ਨਹੀਂ? ਪਰ ਉਹ ਸਾਡੀ ਕੋਈ ਗੱਲ ਨਾ ਮੰਨੇ ਤੇ ਇਹ ਹੀ ਕਹੀ ਜਾਵੇ "ਮੈਂ ਵੇਖਾਂਗਾ"। ਅਸੀਂ ਹੁਣ ਇਹ ਲਾਰੇ ਸੁਣ ਸੁਣ ਕੇ ਅੱਕ ਗਏ ਸਾਂ। ਸਾਡੇ ਇਕ ਸਾਥੀ ਅਵਤਾਰ ਸਿੰਘ ਘੁੱਲਾ ਨੇ ਜੋ ਸੁਭਾਇਕੀ ਵੀ ਬੋਲਦਾ ਹੋਵੇ ਤਾਂ ਲੜ ਰਿਹਾ ਪ੍ਰਤੀਤ ਹੁੰਦਾ ਹੈ, ਜੇਲ੍ਹਰ ਨੂੰ ਕਿਹਾ, "ਤੁਸਾਂ ਆਪਣੇ ਵਲੋਂ ਬਿਗਲ ਵਜਾ ਦਿੱਤਾ ਹੈ ਨਾ? ਵਜਾ ਦਿੱਤਾ ਹੈ ਨਾ ਬਿਗਲ?" ਤੇ ਨਾਲ ਬਾਹਵਾਂ ਉਤਾਂਹ ਨੂੰ ਕਰਕੇ ਇਹ ਹੀ ਗੱਲ ਬਾਰ-ਬਾਰ ਕਰੇ। ਉਸ

ਦੇ ਕਹਿਣ ਦਾ ਮਤਲਬ ਇਹ ਸੀ ਕਿ ਤੁਸਾਂ ਹੁਣ ਆਪਣੇ ਵਲੋਂ ਅਖੀਰ ਫੈਸਲਾ ਕਰ ਲਿਆ ਹੈ ਨਾ? ਤੇ ਇਸ ਫੈਸਲੇ ਲਫਜ਼ ਨੂੰ ਉਹ ਬਿਗਲ ਕਹਿ ਰਿਹਾ ਸੀ। ਉਸ ਦਾ ਮਤਲਬ ਇਹ ਵੀ ਸੀ ਕਿ ਜੇ ਇਹ ਤੁਹਾਡਾ ਫੈਸਲਾ ਆਖਰੀ ਹੈ ਤਾਂ ਫਿਰ ਅਸੀਂ ਵੀ ਕੁਝ ਸੋਚੀਏ। ਸੋਚੀਏ ਕੀ, ਕੈਦੀ ਕੋਲ ਭੁੱਖ ਹੜਤਾਲ ਤੋਂ ਬਗੈਰ ਹੋਰ ਹੁੰਦਾ ਹੀ ਕੀ ਹੈ। ਪਰ ਜੇਲ੍ਹਰ ਕਹੇ ਇਹ ਕੀ ਕਹਿ ਰਿਹਾ ਹੈ? ਅਖੀਰ ਗੱਲਬਾਤ ਵਿਚੇ ਹੀ ਟੁੱਟ ਗਈ ਤੇ ਅਸੀਂ ਉਸ ਨੂੰ ਖਲੋਤੇ ਨੂੰ ਹੀ ਛੱਡ ਕੇ ਵਾਪਸ ਆ ਗਏ। ਜਦੋਂ ਉਹ ਆਇਆ ਸੀ ਤਾਂ ਅਸੀਂ ਪਹਿਲਾਂ ਹੀ ਮੇਜ ਜੋੜ ਜੋੜ ਕੇ ਲਾਏ ਹੋਏ ਸਨ ਤੇ ਕੁਰਸੀਆਂ ਰੱਖ ਕੇ ਬੈਠੇ ਚਾਹ ਪੀ ਰਹੇ ਸਾਂ। ਜਦੋਂ ਗੱਲਬਾਤ ਟੁੱਟ ਗਈ ਤਾਂ ਅਸੀਂ ਜਾ ਕੇ ਉਥੇ ਹੀ ਫਿਰ ਬੈਠ ਗਏ ਤੇ ਉਹ ਖਲੋਤਾ ਹੀ ਰਹਿ ਗਿਆ। ਕੁਝ ਸ਼ਰਮਿੰਦਾ ਜਿਹਾ ਵੀ ਹੋ ਗਿਆ ਤੇ ਵਾਪਸ ਚਲਾ ਗਿਆ।

ਮੁਜਾਹਿਰ ਹੁਸੈਨ

ਇਨ੍ਹਾਂ ਹੀ ਦਿਨਾਂ ਵਿਚ ਮੁਜਾਹਿਰ ਹੁਸੈਨ ਨਾਂ ਦਾ ਇਕ ਬੰਦਾ ਬੰਦ ਕੀਤਾ ਗਿਆ। ਉਸ ਨੇ ਵਾਰਡ ਨੰਬਰ ਯਾਰਾਂ ਵਿਚ ਕਿਸੇ ਨਾਲ ਝਗੜਾ ਕੀਤਾ ਸੀ ਤੇ ਏਸੇ ਕਰਕੇ ਹੀ ਉਸ ਨੂੰ ਇਕ ਮਹੀਨੇ ਲਈ ਬੰਦ ਕੀਤਾ ਗਿਆ ਸੀ। ਉਸ ਨੇ ਦਸਿਆ ਕਿ ਉਹ ਤਿਆਗੀ ਗਰੁੱਪ ਦਾ ਹੈ ਤੇ ਇਹ ਇਕ ਗਰੋਹ ਹੈ। ਇਨ੍ਹਾਂ ਵਿਚੋਂ ਹੀ ਇਕ ਆਦਮੀ ਨੇ ਆਈ.ਜੀ. ਦੇ ਚਪੇੜ ਮਾਰ ਦਿੱਤੀ ਪਰ ਆਈ.ਜੀ. ਦੀ ਜੁਅਰਤ ਨਹੀਂ ਸੀ ਪਈ ਕਿ ਉਹ ਉਸ ਨੂੰ ਕਸੂਰ ਦੇ ਤੌਰ 'ਤੇ ਕੋਈ ਸਜਾ ਦੇਵੇ। ਮੁਜਾਹਿਰ ਹੁਸੈਨ ਵੀ ਆਪਣੇ ਆਪ ਨੂੰ ਉਸ ਗਰੋਹ ਨਾਲ ਸਬੰਧਤ ਦੱਸਦਾ ਸੀ ਪਰ ਦੂਜੇ ਹੀ ਦਿਨ ਸਾਨੂੰ ਪਤਾ ਲੱਗ ਗਿਆ ਕਿ ਇਹ ਕਦੀ ਉਨ੍ਹਾਂ ਦਾ ਸਾਥੀ ਰਿਹਾ ਸੀ ਤੇ ਇਸ ਨੇ ਉਨ੍ਹਾਂ ਦਾ ਵੀਹ ਹਜ਼ਾਰ ਰੁਪਏ ਚੋਰੀ ਕਰ ਲਿਆ ਸੀ, ਹੁਣ ਇਸ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਸੀ। ਸਾਡੇ ਨਾਲ ਉਹ ਬਹੁਤ ਚੰਗਾ ਬੋਲਦੇ ਚਾਲਦੇ ਸਨ, ਬਲਕਿ ਕਈ ਵਾਰ ਸਾਨੂੰ ਜ਼ਰੂਰਤ ਦੀਆਂ ਚੀਜਾਂ ਵੀ ਭੇਜਿਆ ਕਰਦੇ ਸਨ। ਅਸਾਂ ਇਸ ਆਦਮੀ ਵਿਚ ਕੋਈ ਦਿਲਚਸਪੀ ਨਾ ਲਈ ਪਰ ਜਦੋਂ ਉਸ ਨੂੰ ਬੰਦ ਹੋਇਆ ਦਸ ਕੁ ਦਿਨ ਹੋ ਗਏ ਤਾਂ ਉਸ ਨੂੰ ਕਦੀ ਵੀ ਖੋਲ੍ਹਿਆ ਨਾ ਜਾਇਆ ਕਰੇ ਤੇ ਉਹ ਵਿਚਾਰਾ ਅੰਦਰ ਹੀ ਬੈਠਾ ਰਿਹਾ ਕਰੇ ਤਾਂ ਸਾਨੂੰ ਉਸ 'ਤੇ ਬਹੁਤ ਤਰਸ ਆਇਆ। ਬਲਕਿ ਸਾਨੂੰ ਆਪਣੇ ਉਹ ਦਿਨ ਯਾਦ ਆ ਗਏ, ਜਦੋਂ ਅਸੀਂ ਵੀ ਏਸੇ ਤਰ੍ਹਾਂ ਹੀ ਬੰਦ ਰਹਿੰਦੇ ਸੀ। ਅਸਾਂ ਉਸ ਦਾ ਕਾਰਡ ਵੇਖਿਆ ਉਸ 'ਤੇ ਪੰਦਰਾਂ ਦਿਨ ਲਈ ਤਨਹਾਈ ਬੰਦ ਤੇ ਪੰਦਰਾਂ ਦਿਨ ਲਈ ਹੀ ਮੁਲਾਕਾਤਾਂ ਬੰਦ ਕੀਤੀਆਂ ਹੋਈਆਂ ਸਨ। ਪਰ ਤਨਹਾਈ ਵਿਚ ਵੀ ਜੇਲ੍ਹ ਮੈਨੂਅਲ ਵਿਚ ਸਾਫ ਲਿਖਿਆ ਹੈ ਕਿ ਉਸ ਨੂੰ ਇਕ ਘੰਟਾ ਖੋਲ੍ਹਿਆ ਜਾਣਾ ਚਾਹੀਦਾ ਹੈ ਤੇ ਬੰਦ ਉਥੇ ਕਰਨਾ ਚਾਹੀਦਾ ਹੈ, ਜਿਥੇ ਉਸ ਦੇ ਕੰਨਾਂ ਤੱਕ ਮਨੁੱਖਾਂ ਦੀ ਅਵਾਜ਼ ਪਹੁੰਚਦੀ ਰਹੇ। ਉਹ ਖਾਣਾ ਵੀ ਆਪਣੇ ਸਾਥੀ ਕੈਦੀਆਂ ਨਾਲ ਖਾਵੇ। ਗੱਲ ਕੀ ਅਸਾਂ ਉਸ ਦੀ ਰਿਟ ਬਣਾ ਕੇ ਹਾਈ ਕੋਰਟ ਵਿਚ ਲਾ ਦਿੱਤੀ। ਜੇਲ੍ਹ ਵਿਚੋਂ ਕੋਈ ਰਿਟ ਲਾਉਣੀ ਹੋਵੇ ਤਾਂ ਇਕ ਪੈਸਾ ਵੀ ਖਰਚ ਨਹੀਂ ਆਉਂਦਾ। ਖਾਲੀ ਸਫੇਦ ਕਾਗਜ 'ਤੇ ਰਿੱਟ ਲਿਖ ਕੇ ਲਾ ਦਿੱਤੀ ਜਾਵੇ ਤਾਂ ਉਸ ਦੀ ਸੁਣਵਾਈ ਹੁੰਦੀ ਹੈ। ਪਰ ਇਸ ਦੇਸ਼ ਦਾ ਬੇੜਾ ਗਰਕਣ 'ਤੇ ਆਇਆ ਹੋਇਆ ਹੈ। ਹਾਈ ਕੋਰਟ ਉਹ ਰਿਟ ਫੋਟੋਸਟੇਟ ਕਰਵਾ ਕੇ ਜੇਲ੍ਹ ਅਥਾਰਟੀ ਨੂੰ ਭੇਜ ਦਿੰਦੀ ਹੈ, ਉਸ 'ਤੇ ਫੌਰਨ ਟਿਪਣੀ ਲਿਖ ਕੇ ਹਾਈ ਕੋਰਟ ਨੂੰ ਵਾਪਸ ਭੇਜਣੀ ਹੁੰਦੀ ਹੈ ਪਰ ਏਥੇ ਗੱਲ ਇਹ ਹੈ ਕਿ ਜਦੋਂ ਉਹ ਰਿੱਟ ਵਾਪਸ ਆਉਂਦੀ ਹੈ ਤਾਂ ਐਵੇਂ ਊਟ ਪਟਾਂਗ ਤੇ

ਝੂਠਾ ਜੁਆਬ ਲਿਖ ਕੇ ਹੀ ਭੇਜ ਦਿੱਤਾ ਜਾਂਦਾ ਹੈ, ਜਿਸ ਤੇ ਆਮ ਤੌਰ 'ਤੇ ਇਹ ਲਿਖਿਆ ਹੁੰਦਾ ਹੈ ਕਾਨੂੰਨ ਅਨੁਸਾਰ ਉਸ ਨੂੰ ਮਾਮੂਲੀ ਸਜਾ ਦੇ ਕੇ ਵਾਰਡ ਵਿਚ ਭੇਜ ਦਿੱਤਾ ਹੈ। ਪਰ ਏਥੇ ਸਾਨੂੰ ਜੋ ਮੁਜਾਹਿਰ ਹੁਸੈਨ ਨੇ ਦੱਸਿਆ ਅਸੀਂ ਹੂ-ਬ-ਹੂ ਲਿਖ ਕੇ ਹਾਈ ਕੋਰਟ ਵਿਚ ਭੇਜ ਦਿੱਤਾ। ਉਸ ਵਿਚ ਸੁਪਰਡੈਂਟ ਨੇ ਉਸ ਨੂੰ ਚਪੇੜਾਂ ਮਾਰੀਆਂ ਤੇ ਉਸ ਨੂੰ ਮੁਸਲਮਾਨ ਹੋਣ ਕਰਕੇ 'ਮੁਸਲਾ' ਵਰਗੇ ਤੌਹੀਨ ਵਾਲੇ ਲਫਜ਼ ਵਰਤੇ ਹੋਏ ਵੀ, ਅਦਾਲਤ ਦੇ ਨੋਟਿਸ ਵਿਚ ਲਿਆਂਦੇ ਗਏ ਸਨ। ਸੁਪਰਡੈਂਟ ਦੀਆਂ ਕੱਢੀਆਂ ਹੋਈਆਂ ਉਸ ਨੂੰ ਗਾਲ੍ਹਾਂ ਦੇ ਨਾਲ ਉਸ ਦੇ ਧਰਮ ਦੀ ਤੌਹੀਨ ਬਾਰੇ ਵੀ ਲਿਖਿਆ ਸੀ, ਕਿਸੇ ਵੀ ਸਰਕਾਰੀ ਕਰਮਚਾਰੀ ਨੂੰ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਣ ਦਾ ਕੋਈ ਹੱਕ ਨਹੀਂ ਹੈ। ਜੇਲ੍ਹ ਵਾਲਿਆਂ ਨੇ ਉਸ 'ਤੇ ਏਨਾ ਜ਼ੁਲਮ ਕੀਤਾ ਕਿ ਉਸ ਗਰੀਬ ਦੀ ਨੌਜਵਾਨ ਭਾਣਜੀ ਮਰ ਗਈ। ਉਸ ਦੀ ਖਬਰ ਦੇਣ ਆਏ ਬੰਦੇ ਨੂੰ ਵੀ ਉਸ ਨਾਲ ਨਾ ਮਿਲਣ ਦਿੱਤਾ ਗਿਆ। ਇਹ ਗੱਲ ਵੀ ਉਸ ਰਿੱਟ ਵਿਚ ਦਰਜ ਸੀ। ਉਹ ਆਦਮੀ ਬੜਾ ਗਰੀਬ ਜਿਹਾ ਲੱਗਦਾ ਸੀ, ਪਰ ਚੰਗਾ ਮੁਕੱਦਮੇਬਾਜ ਸੀ। ਉਸ ਨੇ ਦੋ ਕਾਪੀਆਂ ਰਿੱਟ ਦੀਆਂ ਬਣਵਾਈਆਂ ਇਕ ਤਾਂ ਡਿਪਟੀ ਨੂੰ ਬੁਲਾ ਕੇ ਉਸ ਨੂੰ ਦਿੱਤੀ ਤੇ ਦੂਜੀ ਉਸ ਨੇ ਪੰਦਰਾਂ ਦਿਨ ਬਾਅਦ ਉਸ ਦੀ ਮੁਲਾਕਾਤ ਖੁੱਲ੍ਹ ਜਾਣ 'ਤੇ ਉਸ ਨੂੰ ਮਿਲਣ ਆਏ ਮੁਲਾਕਾਤੀਆਂ ਦੇ ਹੱਥੀਂ ਬਾਹਰ ਪਵਾ ਦਿੱਤੀ ਤੇ ਉਨ੍ਹਾਂ ਨੇ ਬਾਹਰ ਪੋਸਟ ਕਰ ਦਿੱਤੀ। ਦਰਅਸਲ ਉਸ ਨੇ ਇਕ ਹੀ ਕਾਪੀ ਪਹਿਲਾਂ ਡਿਪਟੀ ਨੂੰ ਦਿੱਤੀ। ਉਹ ਪੜ੍ਹ ਕੇ ਉਨ੍ਹਾਂ ਦੇ ਹੋਸ਼ ਗੁੰਮ ਹੋ ਗਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਉਸ ਦੀ ਮੁਲਾਕਾਤ ਖੋਲ੍ਹ ਦਿੱਤੀ। ਉਹ ਰਿਟ ਮੇਰੀ ਲਿਖੀ ਹੋਈ ਸੀ। ਹੁਣ ਜੇਲ੍ਹ ਅਫਸਰਾਂ ਨੂੰ ਇਸ ਗੱਲ ਦਾ ਵੀ ਕਾਫੀ ਗੁੱਸਾ ਸੀ, ਪਰ ਸਾਡਾ ਕੀ ਵਿਗਾੜ ਸਕਦੇ ਸਨ। ਏਥੋਂ ਤੱਕ ਕਿ ਅਸੀਂ ਤਾਂ ਮੁਜਾਹਿਰ ਹੁਸੈਨ ਨੂੰ ਇਹ ਵੀ ਕਹਿ ਛੱਡਿਆ ਸੀ ਕਿ ਜੇ ਹਾਈਕੋਰਟ ਗਵਾਹ ਮੰਗੇ ਤਾਂ ਅਸੀਂ ਜੋ ਆਪਣੀਆਂ ਅੱਖਾਂ ਨਾਲ ਸੱਚ ਸੱਚ ਵੇਖਿਆ ਹੈ ਅਦਾਲਤ ਵਿਚ ਵੀ ਦੱਸਣ ਚਲੇ ਜਾਵਾਂਗੇ। ਖੈਰ। ਕੁਝ ਦਿਨਾਂ ਬਾਅਦ ਉਸ ਨੂੰ ਉਸੇ ਹੀ ਵਾਰਡ ਵਿਚ ਭੇਜ ਦਿੱਤਾ ਜਿਥੋਂ ਆਇਆ ਸੀ। ਪਰ ਜਦੋਂ ਮੇਰੀ ਸੁਪਰਡੈਂਟ ਨਾਲ ਮੁਲਾਕਾਤ ਹੋਈ, ਜੋ ਮੈਂ ਪਹਿਲਾਂ ਦੱਸ ਚੁੱਕਾ ਹਾਂ ਤਾਂ ਉਸ ਨੇ ਮੇਰੇ 'ਤੇ ਹੋਰ ਗੱਲਾਂ ਤੋਂ ਇਲਾਵਾ ਇਹ ਵੀ ਗਿਲਾ ਕੀਤਾ ਕਿ "ਆਪ ਹਮਾਰੇ ਖਿਲਾਫ ਕੋਰਟ ਮੇਂ ਰਿਟ ਲਗਾਤੇ ਹੋ"। ਇਸ ਦਾ ਸਿੱਧਾ ਜੁਆਬ, ਮੈਂ ਇਹ ਦਿੱਤਾ ਕਿ ਇਹ ਸਾਡਾ ਜਨਮ ਸਿੱਧ ਅਧਿਕਾਰ ਹੈ ਤੇ ਤੁਸੀਂ ਸਾਨੂੰ ਅਦਾਲਤ ਦਾ ਦਰਵਾਜਾ ਖੜਕਾਉਣ ਤੋਂ ਨਹੀਂ ਰੋਕ ਸਕਦੇ। ਭਾਵੇਂ ਅਸੀਂ ਇਕ ਦਿਨ ਵਿਚ ਵੀਹ ਰਿੱਟਾਂ ਲਾਈਏ।" ਉਹ ਕਹੇ ਰਿੱਟਾਂ ਜਿੰਨੀਆਂ ਮਰਜੀ ਲਾਓ, ਪਰ ਮੇਰੇ 'ਤੇ ਨਿੱਜੀ ਦੋਸ਼ ਕਿਉਂ? ਮੈਂ ਕਿਹਾ ਜਦੋਂ ਤੁਸੀਂ ਹਿੰਦੂ ਤੇ ਸਿੱਖਾਂ ਦੇ ਖੁਲ੍ਹਣ ਦਾ ਸਮਾਂ ਵੱਖਰਾ ਵੱਖਰਾ ਰੱਖਿਆ ਹੋਇਆ ਹੈ ਤਾਂ ਨਿੱਜੀ ਦੋਸ਼ ਤਾਂ ਲਾਉਣਾ ਹੀ ਪਵੇਗਾ। ਉਸ ਨੇ ਕਸਮਾਂ ਖਾ ਖਾ ਕੇ ਦੱਸਿਆ ਕਿ ਮੈਂ ਮੁਤੱਸਬੀ ਨਹੀਂ ਹਾਂ। ਉਸ ਦੀ ਰਿੱਟ ਸ਼ਾਇਦ ਅਜੇ ਵੀ ਹਾਈ ਕੋਰਟ ਵਿਚ ਪਈ ਹੈ। ਪਰ ਸਾਨੂੰ ਉਹ ਕਦੇ ਨਹੀਂ ਮਿਲ ਸਕਿਆ।

ਕੋਈ ਦਸ ਕੁ ਦਿਨ ਹੋਰ ਲੰਘ ਗਏ ਅਸੀਂ ਵੀ ਭੁੱਖ ਹੜਤਾਲ ਕਰਨ ਲਈ ਖੰਭ ਤੋਲਣ ਲੱਗ ਪਏ। ਅਚਾਨਕ ਹੀ ਤੇਰਾਂ ਨੰਬਰ ਵਾਰਡ ਵਾਲੇ ਪਾਸਿਓਂ ਦੋ ਵੱਟੇ ਸਾਡੇ ਪਾਸੇ ਡਿੱਗੇ। ਇਹ ਵੱਟੇ ਸਵੇਰੇ ਹੀ ਡਿੱਗੇ ਸਨ ਤੇ ਸਵੇਰੇ ਦਾ ਹੀ ਰੌਲਾ ਪਿਆ ਹੋਇਆ ਸੀ, ਜਦੋਂ

ਦੁਬਾਰਾ ਵੱਟੇ ਡਿੱਗੇ ਤਾਂ ਕੁਦਰਤੀ ਜੇਲ੍ਹਰ ਵੀ ਸਾਡੇ ਵਾਰਡ ਅਗੋਂ ਲੰਘ ਕੇ ਅਗਲੇ ਬੱਚਿਆਂ ਦੇ ਵਾਰਡ ਨੂੰ ਜਾ ਰਿਹਾ ਸੀ। ਸਾਡੇ ਵਿਚੋਂ ਇਕ ਦੀ ਨਜ਼ਰ ਪੈ ਗਿਆ, ਉਹ ਭੱਜ ਕੇ ਦਰਵਾਜੇ ਕੋਲ ਗਿਆ ਤੇ ਕਿਹਾ ਜਨਾਬ, ਆਹ ਵੇਖੋ ਕੋਈ ਉਧਰੋਂ ਵੱਟੇ ਮਾਰ ਰਿਹਾ ਹੈ। ਜੇਲ੍ਹ ਦਾ ਅਸੂਲ ਇਹ ਹੈ ਕਿ ਜਦੋਂ ਕੋਈ ਸੀਨੀਅਰ ਅਫ਼ਸਰ ਡਿਉਢੀ ਤੋਂ ਚੱਲਦਾ ਹੈ ਤਾਂ ਲੰਬਰਦਾਰ ਜਾਂ ਕੋਟ ਮੌਕੇ 'ਤੇ ਖਲੋਤੇ ਵਾਰਡਨ ਝਟ ਅਗਲੇ ਨੂੰ ਦੱਸਦੇ ਹਨ ਤੇ ਅਗਲਾ ਅਗਲੇ ਨੂੰ ਵੈਸੇ ਵੀ ਦੂਰ ਤੋਂ ਤੁਰਿਆ ਆਉਂਦਾ ਆਦਮੀ ਦਿਸਦਾ ਹੈ। ਫਿਰ ਹਰ ਵਾਰਡ ਦਾ ਦਰਵਾਜਾ ਵਾਰਡਨ ਚੌੜ ਚਪਟ ਖੋਲ੍ਹ ਦੇਂਦਾ ਹੈ। ਜੇ ਅੰਦਰ ਆਉਣਾ ਹੋਵੇ ਤਾਂ ਅਫ਼ਸਰ ਅੰਦਰ ਆ ਜਾਂਦਾ ਹੈ ਨਹੀਂ ਤਾਂ ਅੱਗੇ ਲੰਘ ਜਾਂਦਾ ਹੈ ਤੇ ਵਾਰਡਨ ਦਰਵਾਜਾ ਬੰਦ ਕਰ ਲੈਂਦਾ ਹੈ। ਸੋ ਉਹ ਅੰਦਰ ਆ ਗਿਆ ਅਸਾਂ ਉਸ ਨੂੰ ਡਿੱਗੀਆਂ ਇੱਟਾਂ ਵਿਖਾਈਆਂ। ਮੇਰੇ ਦਿਲ ਵਿਚ ਕਈਆਂ ਦਿਨਾਂ ਤੋਂ ਇਹ ਗੱਲ ਬਾਰ ਬਾਰ ਆਉਂਦੀ ਸੀ ਕਿ ਜੇਲ੍ਹਰ ਵਿਚਾਰਾ ਨਵਾਂ ਹੋਣ ਕਰਕੇ ਹੇਠਲੇ ਸਟਾਫ ਵਲੋਂ ਗੁੰਮਰਾਹ ਹੋਇਆ ਹੈ ਨਹੀਂ ਤਾਂ ਬੰਦਾ ਮਾੜਾ ਨਹੀਂ। ਹੋ ਸਕਦਾ ਹੈ ਉਸ ਵਿਚਾਰੇ ਨੂੰ ਇਹ ਵੀ ਪਤਾ ਨਾ ਹੋਵੇ ਕਿ ਸਾਨੂੰ ਕਿੰਨਾ ਖੋਲ੍ਹਿਆ ਜਾਂਦਾ ਹੈ ਤੇ ਸਾਡੀਆਂ ਕੀ ਕੀ ਮੁਸ਼ਕਲਾਂ ਹਨ? ਜਦੋਂ ਉਹ ਇੱਟਾਂ ਵੇਖ ਕੇ ਬਾਹਰ ਜਾਣ ਲਈ ਮੁੜਿਆ ਤਾਂ ਮੈਂ ਇਕ ਚਿੱਟ ਲਿਫਾਫੇ ਵਿਚ ਪਾ ਕੇ ਉਸ ਦੇ ਹੱਥ ਫੜਾ ਦਿੱਤੀ ਉਸ ਵਿਚ ਲਿਖਿਆ ਸੀ "ਮੈਂ ਤੁਹਾਨੂੰ ਇਕੱਲਿਆਂ ਮਿਲਣਾ ਚਾਹੁੰਦਾ ਹਾਂ" ਤੇ ਥੱਲੇ ਆਪਣਾ ਨਾਂ ਲਿਖ ਦਿੱਤਾ। ਮੈਨੂੰ ਉਮੀਦ ਨਹੀਂ ਸੀ ਕਿ ਉਹ ਮੈਨੂੰ ਬੁਲਾਵੇ। ਮੈਂ ਅੱਗੇ ਵੀ ਇਕ ਵਾਰ ਉਸ ਨੂੰ ਇਕੱਲੇ ਮਿਲਣ ਲਈ ਜ਼ਬਾਨੀ ਆਖਿਆ ਸੀ, ਉਦੋਂ ਉਸ ਨੇ ਮੈਨੂੰ ਨਹੀਂ ਸੀ ਬੁਲਾਇਆ। ਸ਼ਾਇਦ ਜ਼ਬਾਨੀ ਕੀਤੀ ਗੱਲ ਭੁੱਲ ਹੀ ਗਿਆ ਹੋਵੇ। ਪਰ ਦੂਸਰੇ ਦਿਨ ਸਵੇਰੇ ਦਸ ਵਜੇ ਹੀ ਡਿਉਢੀ ਵਿਚੋਂ ਰੁੱਕਾ ਆ ਗਿਆ 'ਬਰਾਏ ਤਾਮੀਲ ਡਿਉਢੀ ਹਾਜ਼ਰ ਹੋ' ਮੈਨੂੰ ਹੌਲਦਾਰ ਨੇ ਕਿਹਾ ਤੁਹਾਨੂੰ ਡਿਉਢੀ ਸਦਿਆ ਹੈ ਕੀ ਗੱਲ ਹੋਈ ਹੈ। ਮੈਨੂੰ ਤਾਂ ਪਤਾ ਸੀ, ਪਰ ਮੈਂ ਦੱਸਿਆ ਕੁਝ ਨਾ। ਕਿਹਾ "ਪਤਾ ਨਹੀਂ ਕੀ ਗੱਲ ਹੈ?" ਜਾਣ ਤੋਂ ਪਹਿਲਾਂ ਮੈਂ ਆਪਣੇ ਸਾਰੇ ਸਾਥੀਆਂ ਨਾਲ ਸਲਾਹ ਮਸ਼ਵਰਾ ਕੀਤਾ ਤੇ ਜੋ ਜੋ ਗੱਲਾਂ ਉਸ ਦੀ ਜਾਣਕਾਰੀ ਵਿਚ ਲਿਆਉਣੀਆਂ ਸਨ, ਉਹ ਇਕ ਕਾਗਜ਼ 'ਤੇ ਲਿਖ ਲਈਆਂ। ਫਿਰ ਸਾਰਿਆਂ ਨੇ ਜ਼ਬਾਨੀ ਵੀ ਮੈਨੂੰ ਦੱਸਿਆ ਆਹ ਆਖੀਂ, ਔਹ ਆਖੀਂ। ਖ਼ੈਰ ਮੈਂ ਰਾਤ ਦੀ ਵੀ ਤਿਆਰੀ ਕੀਤੀ ਹੋਈ ਸੀ। ਉਹ ਕਾਗਜ਼ ਜੇਬ ਵਿਚ ਪਾ ਕੇ ਮੈਂ ਦਫਤਰ ਪਹੁੰਚ ਗਿਆ। ਜੇਲ੍ਹਰ ਬੈਠਾ ਸੀ। ਉਸ ਨੇ ਮੈਨੂੰ ਬੈਠਣ ਲਈ ਹੱਥ ਦਾ ਇਸ਼ਾਰਾ ਕੀਤਾ, ਪਰ ਮੈਂ ਕਿਹਾ "ਨਹੀਂ ਮੈਂ ਬੈਠ ਕੇ ਨਹੀਂ ਖਲੋ ਕੇ ਹੀ ਗੱਲ ਕਰਨੀ ਹੈ। ਤੁਸੀਂ ਸਾਨੂੰ ਗੁਲਾਮਾਂ ਤੋਂ ਵੀ ਭੈੜਾ ਸਮਝਦੇ ਹੋ ਮੈਨੂੰ ਬੈਠਣ ਦਾ ਕੀ ਹੱਕ ਹੈ?" ਉਸ ਨੇ ਕੋਈ ਜੁਆਬ ਨਾ ਦਿੱਤਾ ਤੇ ਕਿਹਾ "ਹਾਂ ਦੱਸ ਕੀ ਗੱਲ ਹੈ?" ਮੈਂ ਕਿਹਾ, "ਤੁਹਾਨੂੰ ਪਤਾ ਹੈ ਕਿ ਤੁਹਾਡੇ ਤੋਂ ਥੱਲੇ ਵਾਲਾ ਸਟਾਫ ਸਾਡੇ ਲੋਕਾਂ ਕੋਲੋਂ ਪੈਸੇ ਬਟੋਰਦਾ ਹੈ ਤੇ ਜੇ ਨਾ ਦੇਈਏ ਤਾਂ ਸਾਨੂੰ ਬੜੇ ਤੰਗ ਹੋਣਾ ਪੈਂਦਾ ਹੈ।" ਹੁਣ ਮੈਂ ਸਾਰੀ ਜੇਲ੍ਹ ਦੇ ਕੈਦੀਆਂ ਦੀ ਪ੍ਰਤੀਨਿਧਤਾ ਕਰ ਰਿਹਾ ਸਾਂ। ਮੈਂ ਕਿਹਾ, "ਤੁਸੀਂ ਇਸ ਤਰ੍ਹਾਂ ਕਰੋ, ਪੈਡ 'ਤੇ ਲਿਖੋ ਤੇ ਮੈਂ ਤੁਹਾਨੂੰ ਕੁਝ ਕੇਸ ਲਿਖਾਉਂਦਾ ਹਾਂ, ਤੁਸੀਂ ਇਨ੍ਹਾਂ ਦੀ ਪੁੱਛਤਾਛ ਕਰੋ ਜੇ ਗਲਤ ਹੋਣ ਤਾਂ ਮੈਂ ਜਿੰਨਾ ਚਿਰ ਵੀ ਜੇਲ੍ਹ ਵਿਚ ਰਹਾਂਗਾ ਤਨਹਾਈ ਕੈਦ ਵਿਚ ਰਹਿਣ ਲਈ ਲਿਖ ਕੇ ਤੁਹਾਨੂੰ ਦੇਵਾਂਗਾ। ਮੇਰੀ ਗਰੰਟੀ ਹੈ ਕਿ ਇਹ ਗੱਲਾਂ ਜੋ ਮੈਂ ਤੁਹਾਨੂੰ ਦੱਸਣਾ

ਲੱਗਾ ਹਾਂ ਸੌ ਫੀਸਦੀ ਸੱਚੀਆਂ ਹਨ। ਲਿਖੋ!" ਉਸ ਨੇ ਪੈਡ ਤੇ ਪੈੱਨ ਫੜ ਲਿਆ-

ਜੇਲ੍ਹਰ - "ਹਾਂ।"

ਮੈਂ - "ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਜ਼ਿਆਦਾ ਜਨਾਬ, ਸਰ ਜਾਂ ਸ੍ਰੀ ਮਾਨ ਕਹਿਣ ਦਾ ਆਦੀ ਨਹੀਂ। ਤੁਹਾਨੂੰ ਮੇਰੀ ਕਿਸੇ ਵੀ ਸੱਚੀ ਗੱਲ ਦਾ ਗੁੱਸਾ ਨਹੀਂ ਕਰਨਾ ਚਾਹੀਦਾ। ਕਿਉਂਕਿ ਸੱਚ ਬੜਾ ਕੌੜਾ ਹੁੰਦਾ ਹੈ ਤੇ ਹੋ ਸਕਦਾ ਹੈ, ਕਈ ਗੱਲਾਂ ਤੁਹਾਡੇ ਪਸੰਦ ਨਾ ਆਉਣ। ਉਸ ਹਾਲਤ ਵਿਚ ਤੁਸੀਂ ਗੁੱਸਾ ਨਹੀਂ ਕਰੋਗੇ। ਨੰਬਰ ਦੋ, ਇਹ ਗੱਲਾਂ ਤੁਹਾਡੇ ਤੇ ਮੇਰੇ ਦਰਮਿਆਨ ਰਹਿਣਗੀਆਂ। ਤੀਜੀ ਮੈਂ ਜੋ ਗੱਲ ਵੀ ਏਥੋਂ ਕਹਾਂਗਾ ਉਸ ਦਾ ਹਲਫੀਆ ਬਿਆਨ ਵੀ ਦੇਣ ਨੂੰ ਤਿਆਰ ਹੋਵਾਂਗਾ ਤੇ ਨੰਬਰ ਚਾਰ ਜੇ ਮੇਰੀਆਂ ਗੱਲਾਂ ਠੀਕ ਹੋਈਆਂ ਤਾਂ ਤੁਸੀਂ ਕਸੂਰਵਾਰਾਂ ਨਾਲ ਲਿਹਾਜ ਨਹੀਂ ਕਰੋਗੇ।

ਜੇਲ੍ਹਰ - "ਹਾਂ-ਹਾਂ ਮੈਂ ਤੁਹਾਡੀਆਂ ਚੌਹਾਂ ਹੀ ਗੱਲਾਂ ਦਾ ਵਚਨ ਦੇਂਦਾ ਹਾਂ, ਨਿਝਕ ਹੋ ਕੇ ਗੱਲ ਕਰੋ, ਮੇਰੇ ਵਿਰੁੱਧ ਹੈ ਤਾਂ ਉਹ ਜ਼ਰੂਰ ਹੀ ਕਰੋ।"

ਮੈਂ - "ਤੁਹਾਨੂੰ ਪਤਾ ਹੈ, ਤੁਹਾਡੇ ਨਾਂ 'ਤੇ ਜੇਲ੍ਹ ਵਿਚ ਪੈਸੇ ਲਏ ਜਾਂਦੇ ਹਨ। ਇਕ ਕੇਸ ਵਿਚ ਇਕ ਹਜ਼ਾਰ ਰੁਪਿਆ ਲਿਆ ਗਿਆ ਹੈ ਕੀ ਉਹ ਤੁਸਾਂ ਲੈ ਕੇ ਉਹ ਕੰਮ ਨਹੀਂ ਕੀਤਾ?"

ਜੇਲ੍ਹਰ - (ਹੈਰਾਨ ਹੋਏ ਦਾ ਮੂੰਹ ਹੀ ਟਡਿਆ ਰਹਿ ਗਿਆ) "ਕਿਹੜਾ ਕੇਸ ਤੇ ਕਿਹੜੇ ਪੈਸੇ?"

ਮੈਂ - "ਸਾਡੇ ਵਿਚੋਂ ਹੀ ਚਾਰ ਸਾਡੇ ਸਾਥੀ ਜੇਲ੍ਹ ਨੰਬਰ ਦੋ ਦੇ ਵਾਰਡ ਸੱਤ ਵਿਚ ਬਦਲ ਕੇ ਗਏ ਹਨ। ਉਨ੍ਹਾਂ ਨੇ ਬਦਲੀ ਦਾ ਹਜ਼ਾਰ ਰੁਪਿਆ ਦਿੱਤਾ ਹੈ।"

ਜੇਲ੍ਹਰ - "ਕਿਸ ਨੂੰ? ਮੈਨੂੰ?"

ਮੈਂ - "ਮੈਨੂੰ ਨਹੀਂ ਪਤਾ, ਗਏ ਤੁਹਾਡੇ ਨਾਂ 'ਤੇ ਹੀ ਹਨ। ਸੌਦਾ ਪਹਿਲਾਂ ਪੰਜ ਸੌ ਵਿਚ ਹੋਇਆ ਸੀ, ਪਰ ਬਾਅਦ ਵਿਚ ਪੰਜ ਸੌ ਉਸ ਨੂੰ ਹੋਰ ਦੇਣਾ ਪਿਆ, ਉਹ ਇਸ ਕਰਕੇ ਕਿ ਉਧਰ ਜਾਣ ਵਿਚ ਦਿਲਚਸਪੀ ਰੱਖਣ ਵਾਲਾ 'ਸੀ' ਕਲਾਸ ਸੀ ਤੇ ਬੀ ਕਲਾਸ ਦੇ ਦੋ ਬੰਦੇ ਹੋਰ ਨਾਲ ਖੜਨ ਲਈ ਪੰਜ ਸੌ ਰੁਪਏ ਹੋਰ ਦਿੱਤਾ ਹੈ।" ਫਿਰ ਮੈਂ ਵਿਸਥਾਰ ਨਾਲ ਸਾਰੀ ਗੱਲ ਦੱਸ ਦਿੱਤੀ। ਮੈਨੂੰ ਇਹ ਗੱਲ ਕਿਵੇਂ ਪਤਾ ਹੈ ਇਹ ਵੀ ਦੱਸ ਦਿੱਤੀ। ਗੱਲ ਸੱਚੀ ਸੀ, ਇਸ ਲਈ ਉਸ ਨੂੰ ਸਮਝਣ ਵਿਚ ਕੋਈ ਮੁਸ਼ਕਲ ਨਾ ਆਈ, ਪਰ ਉਸ ਨੇ ਮੈਨੂੰ ਦੱਸਿਆ ਕਿ ਇਹ ਕੇਸ ਮੇਰੇ ਆਉਣ ਤੋਂ ਪਹਿਲਾਂ ਦਾ ਹੋਇਆ ਹੈ। ਮੈਂ ਉਸ ਨਾਲ ਸਹਿਮਤ ਨਹੀਂ ਸੀ, ਪਰ ਮੈਨੂੰ ਪੱਕਾ ਵੀ ਨਹੀਂ ਸੀ, ਇਹ ਪੱਕਾ ਸੀ ਕਿ ਪੈਸੇ ਗਏ ਹਨ।

ਜੇਲ੍ਹਰ - "ਤੁਸੀਂ ਇਹ ਸਾਰਾ ਕੁਝ ਕਿਵੇਂ ਆਖ ਸਕਦੇ ਹੋ?"

ਮੈਂ - "ਮੇਰੇ ਹੱਥੀਂ ਗਏ ਹਨ। ਪਰ ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਰਿਸ਼ਵਤ ਹੈ ਤੇ ਐਸ ਕੰਮ ਲਈ ਹੈ। ਪਹਿਲਾਂ ਮੈਂ ਹੱਥ ਉਧਾਰ ਸਮਝਿਆ ਸੀ।"

ਜੇਲ੍ਹਰ - "ਹੋਰ।"

ਮੈਂ - "ਤੁਹਾਨੂੰ ਇਸ ਗੱਲ ਦਾ ਪਤਾ ਹੈ ਜਾਂ ਤੁਹਾਡੇ ਕੋਲ ਕੋਈ ਸ਼ਿਕਾਇਤ ਆਈ ਸੀ ਕਿ ਅਸੀਂ ਤੁਹਾਡੇ ਇਕ ਹੌਲਦਾਰ ਨੂੰ ਕੁੱਟਿਆ ਸੀ, ਉਸ ਦੀ ਵਰਦੀ ਪਾੜ ਦਿੱਤੀ ਸੀ, ਉਸ ਦੀ ਟੋਪੀ ਲਾਹ ਲਈ ਸੀ, ਉਸ ਦੀਆਂ ਫੀਤੀਆਂ ਵੀ ਲਾਹ ਲਈਆਂ ਸਨ?"

ਜੇਲ੍ਹਰ - "ਅਜੀਬ ਗੱਲ ਹੈ ਮੇਰੇ ਕੋਲ ਐਸੀ ਕੋਈ ਸ਼ਿਕਾਇਤ ਨਹੀਂ ਆਈ।"

ਮੈਂ – "ਤੁਸੀਂ ਇਹ ਤਾਂ ਸਮਝਦੇ ਹੋ ਕਿ ਇਹ ਬਹੁਤ ਵੱਡਾ ਜੁਰਮ ਹੈ ਅਤੇ ਤੁਹਾਡੀ ਜਾਣਕਾਰੀ ਵਿਚ ਆਉਣਾ ਚਾਹੀਦੇ ਸੀ।"

ਜੇਲ੍ਹਰ – "ਮੇਰੀ ਜਾਣਕਾਰੀ ਦੀ ਗੱਲ ਨਹੀਂ ਪੁਲਿਸ 'ਚ ਕੇਸ ਰਜਿਸਟਰਡ ਹੋਣਾ ਚਾਹੀਦਾ ਸੀ, ਅਲਾਰਮ ਹੋਣਾ ਚਾਹੀਦਾ ਸੀ।"

ਮੈਂ – "ਬਿਲਕੁਲ ਠੀਕ, ਪਰ ਤੁਹਾਨੂੰ ਕਿਸੇ ਨੇ ਦੱਸਿਆ ਤੱਕ ਨਹੀਂ। ਅਤੇ ਅਸੀਂ ਵੀ ਵਰਦੀ ਇਸ ਲਈ ਹੀ ਪਾੜੀ ਸੀ ਬਲਕਿ ਉਸ ਨੂੰ ਮਜਬੂਰ ਕੀਤਾ ਸੀ ਕਿ ਉਹ ਅਲਾਰਮ ਕਰਵਾਏ ਪਰ ਅਫਸੋਸ ਉਸਨੇ ਵਰਦੀ ਪੜਵਾ ਲਈ ਬੇਇਜ਼ਤੀ ਕਰਵਾ ਲਈ ਪਰ ਅਲਾਰਮ ਨਹੀਂ ਵਜਵਾਇਆ।"

ਜੇਲ੍ਹਰ – "ਤੁਹਾਡੀਆਂ ਗੱਲਾਂ ਬਹੁਤ ਹੀ ਦਿਲਚਸਪ ਹਨ। ਮੈਂ ਹੈਰਾਨ ਹਾਂ। ਤੁਸੀਂ ਏਨਾ ਸੱਚ ਕਿਉਂ ਬੋਲ ਰਹੇ ਹੋ? ਕੀ ਤੁਸੀਂ ਆਪਣੀ ਤਰਫੋਂ ਹੀ ਆਏ ਹੋ, ਜਾਂ ਸਾਰੇ ਵਾਰਡ ਦੀ ਤਰਫੋਂ?"

ਮੈਂ – "ਇਹ ਗੱਲ ਤਾਂ ਤੁਹਾਨੂੰ ਸਭ ਤੋਂ ਪਹਿਲਾਂ ਪੁੱਛਣੀ ਚਾਹੀਦੀ ਸੀ, ਮੈਂ ਸਾਰੇ ਵਾਰਡ ਵਲੋਂ ਆਇਆ ਹਾਂ ਤੇ ਇਸ ਦੇ ਦੋ ਕਾਰਨ ਹਨ। ਇਕ ਇਹ ਕਿ ਅਸਾਂ ਸਾਰਿਆਂ ਦਾ ਇਕ ਮੱਤ ਨਾਲ ਖਿਆਲ ਹੈ, ਬਲਕਿ ਵਿਸ਼ਵਾਸ ਹੈ ਕਿ ਤੁਸੀਂ ਚੰਗੇ ਹੋ ਤੇ ਤੁਹਾਨੂੰ ਥੱਲੇ ਵਾਲੇ ਗੁਮਰਾਹ ਕਰ ਰਹੇ ਹਨ। ਦੂਸਰਾ ਇਹ ਕਿ ਉਸ ਦਿਨ ਤੁਸੀਂ ਸਾਡੇ ਵਾਰਡ ਵਿਚ ਆਏ, ਅਸਾਂ ਤੁਹਾਨੂੰ ਪੂਰੀ ਇੱਜ਼ਤ ਨਹੀਂ ਦਿੱਤੀ। ਇਸ ਗੱਲ ਦਾ ਸਾਨੂੰ ਸਾਰਿਆਂ ਨੂੰ ਬੜਾ ਅਫਸੋਸ ਹੈ।"

ਜੇਲ੍ਹਰ – "ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਉਸ ਦਿਨ ਮੇਰੇ 'ਤੇ ਜਾਤੀ ਹਮਲਾ ਹੀ ਨਹੀਂ ਕੀਤਾ, ਪੰਜਾਬੀ ਵਿਚ ਸ਼ਾਇਦ ਮੈਨੂੰ ਗਾਲ੍ਹਾਂ ਵੀ ਕੱਢੀਆਂ।"

ਮੈਂ – "ਨਹੀਂ, ਕਿਸੇ ਨੇ ਗਲ੍ਹ ਨਹੀਂ ਕੱਢੀ। ਤੁਸੀਂ ਪੰਜਾਬੀ ਨਹੀਂ ਜਾਣਦੇ, ਕਿਸੇ ਨਾਲ ਵਾਲੇ ਅਫਸਰ ਨੇ ਹੋ ਸਕਦਾ ਹੈ, ਤੁਹਾਨੂੰ ਗ਼ਲਤ ਭੜਕਾਇਆ ਹੋਵੇ ਕਿ ਤੁਹਾਨੂੰ ਗਾਲ੍ਹਾਂ ਕੱਢ ਰਹੇ ਹਨ।"

ਜੇਲ੍ਹਰ – "ਅੱਛਾ! ਕੋਈ ਗਾਲ੍ਹ ਨਹੀਂ ਕੱਢੀ?"

ਮੈਂ – "ਨਹੀਂ", ਇਹ ਗੱਲ ਮੈਂ ਏਨੇ ਵਿਸ਼ਵਾਸ਼ ਨਾਲ ਆਖੀ ਕਿ ਉਹ ਆਪੇ ਹੀ ਮੰਨ ਗਿਆ ਕਿ ਮੈਨੂੰ ਗਲਤ ਦਸਿਆ ਗਿਆ ਹੈ।"

ਜੇਲ੍ਹਰ – "ਹਾਂ ਉਹ ਵਰਦੀ ਵਾਲੀ ਗੱਲ ਕੀ ਸੀ? ਕਿਉਂ ਪਾੜੀ? ਇਹ ਦੱਸੋ।"

ਮੈਂ – "ਇਸ ਕਰਕੇ ਕਿ ਉਹ ਹੌਲਦਾਰ ਸਮੈਕ ਵੇਚਦਾ ਹੈ। ਉਸ ਦਿਨ ਉਸ ਕੋਲ ਕਾਫੀ ਮਾਤਰਾ ਵਿਚ ਸਮੈਕ ਸੀ, ਜੋ ਉਸ ਦੀ ਜੇਬ ਵਿਚ ਸੀ। ਸਿਗਰਟਾਂ ਵੀ ਸਮੈਕ ਨਾਲ ਭਰੀਆਂ ਉਸ ਦੀ ਜੇਬ ਵਿਚ ਸਨ। ਅਸੀਂ ਤੁਹਾਨੂੰ ਇਹ ਸਭ ਕੁਝ ਰੰਗੇ ਹੱਥੀਂ ਫੜਵਾਉਣਾ ਚਾਹੁੰਦੇ ਸਾਂ, ਪਰ ਤਰੀਕਾ ਕੋਈ ਨਹੀਂ ਸੀ। ਸਾਡੇ ਕੋਲ ਕਿਹੜਾ ਟੈਲੀਫੋਨ ਸੀ, ਜੋ ਤੁਹਾਨੂੰ ਕਰ ਦੇਂਦੇ। ਅਸਾਂ ਸੋਚਿਆ ਇਸ ਨੂੰ ਤੰਗ ਕਰੀਏ, ਇਹ ਅਲਾਰਮ ਕਰਵਾ ਦੇਵੇਗਾ, ਤੁਸੀਂ ਭੱਜੇ ਆਉਗੇ ਤੇ ਅਸੀਂ ਸਭ ਕੁਝ ਉਸ ਦੀ ਜੇਬ ਵਿਚੋਂ ਤੁਹਾਡੇ ਸਾਹਮਣੇ ਕਢਵਾ ਦਿਆਂਗੇ। ਪਰ ਉਸ ਨੇ ਸਾਡੇ ਬਹੁਤ ਕੁਝ ਕਰ ਦੇਣ 'ਤੇ ਵੀ ਅਲਾਰਮ ਲਈ ਸੀਟੀ ਨਹੀਂ ਵਜਾਈ ਤੇ ਨਾ ਹੀ ਵਜਾਉਣ ਦਿੱਤੀ।"

ਜੇਲ੍ਹਰ – "ਗੁਡ, ਹੁਣ ਮੈਂ ਸਮਝਿਆ ਬਹੁਤ ਚੰਗੀ ਸਕੀਮ ਸੀ ਆਪ ਨੇ ਉਸ ਦੀ

ਵਰਦੀ ਦਾ ਕੀ ਕੀ ਪਾੜਿਆ?"

ਮੈਂ - "ਵਰਦੀ ਦੀ ਇਕ ਜੇਬ ਖਿੱਚ ਕੇ ਵੱਖਰੀ ਕਰ ਦਿੱਤੀ, ਬਾਹਵਾਂ ਦੀਆਂ ਫੀਤੀਆਂ ਲਾਹ ਦਿੱਤੀਆਂ, ਟੋਪੀ ਖਿੱਚ ਕੇ ਲਾਹ ਦਿੱਤੀ।"

ਜੇਲ੍ਹਰ - "ਤੁਸੀਂ ਇਹ ਗੱਲ ਦੱਸ ਰਹੇ ਹੋ, ਤੁਹਾਨੂੰ ਇਹ ਨਹੀਂ ਪਤਾ ਕਿ ਤੁਸੀਂ ਕਾਨੂੰਨਨ ਫਸ ਸਕਦੇ ਹੋ?"

ਮੈਂ - "ਹਾਂ ਪਤਾ ਹੈ, ਤਾਂ ਹੀ ਮੈਂ ਤੁਹਾਡੇ ਕੋਲੋਂ ਵਚਨ ਲਿਆ ਸੀ ਅਤੇ ਅਗਰ ਸੱਚ ਕਹਿਣ ਦੀ ਕੋਈ ਸਜ਼ਾ ਹੈ ਤਾਂ ਮੈਂ ਤਿਆਰ ਹਾਂ, ਅੱਜ ਇਹ ਵੀ ਦੇਖਣਾ ਹੈ ਕਿ ਸੱਚ ਦੀ ਕੀ ਸਜ਼ਾ ਮਿਲਦੀ ਹੈ? ਤੁਸੀਂ ਸੱਚ ਝੂਠ ਦੇ ਚੱਕਰ ਵਿਚ ਨਾ ਪਓ, ਮੈਂ ਤੁਹਾਡੇ 'ਤੇ ਰਿਸ਼ਵਤ ਲੈਣ ਦਾ ਇਲਜ਼ਾਮ ਵੀ ਲਾ ਸਕਦਾ ਹਾਂ।"

ਜੇਲ੍ਹਰ - "ਨਹੀਂ ਨਹੀਂ ਤੁਸੀਂ ਬਹੁਤ ਚੰਗੀ ਗੱਲ ਕਰ ਰਹੇ ਹੋ, ਮੈਨੂੰ ਨਹੀਂ ਪਤਾ ਸੀ ਜੇਲ੍ਹ ਵਿਚ ਕੀ ਹੋ ਰਿਹਾ ਹੈ। ਅਤੇ ਫਿਰ ਤੁਸੀਂ ਜ਼ਬਾਨੀ ਗੱਲਾਂ ਤੇ ਕਰ ਵੀ ਨਹੀਂ ਰਹੇ ਤੁਸੀਂ ਤਾਂ ਲਿਖ ਕੇ ਲਿਆਏ ਹੋ। ਇਸ ਲਈ ਇਸ ਵਿਚ ਕੋਈ ਝੂਠ ਨਹੀਂ ਹੋ ਸਕਦਾ। ਸਮੈਕ ਜੇਲ੍ਹ ਦੇ ਅੰਦਰ ਕਿਸ ਤਰ੍ਹਾਂ ਆ ਜਾਂਦੀ ਹੈ?"

ਮੈਂ - "ਸਾਈਕਲ ਦੇ ਹੈਂਡਲ ਦੀਆਂ ਮੁਠੀਆਂ ਵਿਚ ਗੱਦੀ ਦੇ ਥੱਲੇ ਵਾਲੇ ਸਿੱਧੇ ਖੜ੍ਹੇ ਪਾਈਪ ਵਿਚ, ਜੇਬ ਵਿਚ। ਮੈਨੂੰ ਤਾਂ ਇਨ੍ਹਾਂ ਤਰੀਕਿਆਂ ਦਾ ਹੀ ਪਤਾ ਹੈ, ਕਿਉਂਕਿ ਹੌਲਦਾਰ ਨੇ ਸਾਈਕਲ ਦੀ ਗੱਦੀ ਦੇ ਥਲਿਉਂ ਕੱਢੀ ਸੀ। ਜੇਬ ਵਿਚ ਸਿਗਰਟਾਂ ਸਨ।"

ਜੇਲ੍ਹਰ - "ਉਹ ਚਾਰ ਆਦਮੀ ਦੂਜੀ ਜੇਲ੍ਹ 'ਚ ਕਿਉਂ ਜਾਣਾ ਚਾਹੁੰਦੇ ਸਨ?"

ਮੈਂ - "ਚਾਰ ਨਹੀਂ, ਦੋ ਬਾਪ, ਬੇਟਾ ਜਾਣਾ ਚਾਹੁੰਦੇ ਸਨ, ਦੋ ਵਿਚਾਰਿਆਂ ਨੂੰ ਤੇ ਬੀ ਕਲਾਸ ਹੋਣ ਦੀ ਵਜ੍ਹਾ ਕਰਕੇ ਹੀ ਨਾਲ ਲੈ ਗਏ। ਬਾਪ, ਬੇਟੇ ਦੇ ਜਾਣ ਦੀ ਕੀਮਤ ਪੰਜ ਸੌ ਰੁਪਏ ਸੀ, ਫਿਰ ਬੀ ਕਲਾਸ ਵਾਲੇ ਬਾਪ, ਬੇਟੇ ਦੀ ਕੀਮਤ ਵੀ ਪੰਜ ਸੌ ਰੁਪਏ ਹੋ ਗਈ", ਫਿਰ ਉਨ੍ਹਾਂ ਦੀ ਮਜ਼ਬੂਰੀ ਵੀ ਮੈਂ ਦੱਸ ਦਿੱਤੀ।

ਜੇਲ੍ਹਰ - "ਹੋਰ"

ਮੈਂ - "ਥੋੜ੍ਹੇ ਦਿਨ ਹੋਏ ਸੁੱਚਾ ਸਿੰਘ ਐਂਡ ਪਾਰਟੀ ਜੇਲ੍ਹ ਵਿਚ ਆਏ। ਪਹਿਲਾਂ ਸਾਡੇ ਵਾਰਡ ਵਿਚ ਸਫਾਈ ਕਰਵਾਈ ਰੌਲਾ ਇਹ ਸੀ ਕਿ ਚਾਰ ਆਦਮੀ ਏਧਰ ਹੋਰ ਆ ਰਹੇ ਹਨ ਪਰ ਫਿਰ ਹਜ਼ਾਰ ਲੈ ਕੇ ਤੁਸੀਂ ਉਨ੍ਹਾਂ ਨੂੰ 14 ਨੰਬਰ ਵਿਚ ਭੇਜ ਦਿੱਤਾ। ਉਹ ਵੀ ਅੱਤਵਾਦੀ ਹਨ ਤੇ ਅਸੀਂ ਵੀ। ਅਸੀਂ ਛੇ ਮਹੀਨੇ ਤੋਂ ਏਸੇ ਵਾਰਡ ਵਿਚ ਹਾਂ ਕਿਉਂਕਿ ਪੈਸੇ ਨਹੀਂ ਦੇਂਦੇ ਤੇ ਉਹ ਸਿੱਧੇ ਹੀ ਚੌਦਾਂ ਨੰਬਰ ਵਿਚ ਚਲੇ ਗਏ ਜੋ ਕਿ ਜੇਲ੍ਹ ਦਾ ਵਧੀਆ ਵਾਰਡ ਹੈ।"

ਜੇਲ੍ਹਰ - (ਸਭ ਕੁਝ ਨਾਲ ਨਾਲ ਲਿਖੀ ਗਿਆ) "ਆਪ ਨੂੰ ਹਜ਼ਾਰ ਰੁਪਏ ਦਾ ਕਿਵੇਂ ਪਤਾ ਹੈ?"

ਮੈਂ - "ਪਤਾ ਹੈ" (ਫਿਰ ਮੈਂ ਉਹ ਗੱਲ ਵੀ ਦੱਸ ਦਿੱਤੀ ਕਿ ਮੈਨੂੰ ਕਿਵੇਂ ਪਤਾ ਹੈ)

ਜੇਲ੍ਹਰ - "ਹੋਰ?"

ਮੈਂ - "ਅਸਾਂ ਇਕ ਵਾਰ ਇਕ ਮੁਣਸ਼ੀ ਨੂੰ ਪੰਜਾਹ ਰੁਪਏ ਦੇ ਕੇ ਲਕੜੀ ਲਈ ਸੀ ਸਾਡੇ ਵਾਰਡ ਮੁਖੀ ਨੂੰ ਪਤਾ ਹੈ, ਉਸ ਨੂੰ ਬੇਸ਼ੱਕ ਸਦ ਕੇ ਪੁੱਛ ਲਓ। ਸਾਡੀ ਮਜ਼ਬੂਰੀ ਸੀ, ਸਾਨੂੰ ਉਦੋਂ ਬੀ ਕਲਾਸ ਨਹੀਂ ਸੀ ਮਿਲੀ। ਸਾਨੂੰ ਸੀ ਕਲਾਸ ਦਾ ਰਾਸ਼ਨ ਤਾਂ ਦੇ ਦਿੱਤਾ ਪਰ ਲਕੜੀ ਨਾ ਦਿੱਤੀ ਕੱਚਾ ਥੋੜ੍ਹਾ ਖਾ ਲੈਣਾ ਸੀ? ਮਜ਼ਬੂਰਨ ਪੰਜਾਹ ਰੁਪਏ ਦੀ ਲਕੜੀ

ਲਈ। ਅੱਸੀ ਰੁਪਏ ਦੀ ਹੋਰ ਵੀ ਲਈ ਸੀ। ਪਰ ਬਾਅਦ ਵਿਚ ਵਾਰਡ ਮੁਖੀ ਨੂੰ ਦਸਿਆ ਉਸ ਸਾਨੂੰ ਮੁਫਤ ਹੀ ਦੇ ਦਿੱਤੀ ਭਾਵੇਂ ਉਸ ਨੂੰ ਬੁਲਾ ਕੇ ਪੁੱਛ ਲਓ।"

ਜੇਲ੍ਹਰ - "ਠੀਕ ਹੈ।"

ਮੈਂ - "ਤੁਹਾਡੀ ਤਨਖਾਹ ਕਿੰਨੀ ਹੈ ਜਨਾਬ, ਦੋ ਹਜ਼ਾਰ ਤੋਂ ਪੰਝੀ ਸੌ ਰੁਪਏ ਦੇ ਦਰਮਿਆਨ, ਠੀਕ ਹੈ ਨਾ?"

ਜੇਲ੍ਹਰ - "ਹਾਂ ਲਗਪਗ।"

ਮੈਂ - "ਤੁਸੀਂ ਤਾਂ ਏਥੋਂ ਦੇ ਅਫ਼ਸਰ ਹੋ ਤੇ ਸਰਕਾਰ ਤੁਹਾਨੂੰ ਤਨਖਾਹ ਦੇਂਦੀ ਹੈ, ਏਥੇ ਹਰ ਮੁਨਸ਼ੀ ਮਹੀਨੇ ਬਾਅਦ ਦੋ ਹਜ਼ਾਰ-ਪੰਝੀ ਸੌ-ਤਿੰਨ ਹਜ਼ਾਰ ਰੁਪਏ ਆਪਣੇ ਘਰ ਭੇਜਦਾ ਹੈ। ਉਹ ਏਥੇ ਕੀ ਅਫ਼ਸਰੀ ਕਰਦੇ ਹਨ? ਕੀ ਉਹ ਏਥੇ ਨੌਕਰੀ ਕਰਦੇ ਹਨ? ਜੇ ਨਹੀਂ ਤਾਂ ਉਹ ਪੈਸੇ ਕਿਥੋਂ ਆਉਂਦੇ ਹਨ?"

ਜੇਲ੍ਹਰ - "ਹਾਂ ਇਹ ਹੀ ਤਾਂ ਮੈਂ ਪੁੱਛਦਾ ਹਾਂ?"

ਮੈਂ - ਤੁਹਾਡੀ ਜੇਲ੍ਹ ਵਿਚ ਮੁਕੱਦਮੇ ਅਧੀਨ ਕੈਦੀਆਂ ਕੋਲੋਂ ਮੁਸ਼ੱਕਤ ਕਰਵਾਈ ਜਾਂਦੀ ਹੈ, ਜੋ ਕਾਨੂੰਨੀ ਗਲਤ ਹੈ। ਮੁਨਸ਼ੀ ਇਕ ਚੰਗੇ ਘਰ ਦੇ ਬੰਦੇ ਨੂੰ ਝਾੜੂ ਫੇਰਨ ਲਈ ਆਖਦਾ ਹੈ। ਜਾਂ ਝਾੜੂ ਫੇਰੇ ਜਾਂ ਪੈਸੇ ਦੇਵੇ। ਬਸ ਇਸ ਤਰ੍ਹਾਂ ਹੁੰਦਾ ਹੈ। ਉਹ ਇਕ ਇਕ ਮਹੀਨੇ ਦਾ ਦੋ ਹਜ਼ਾਰ ਤੋਂ ਲੈ ਕੇ ਤਿੰਨ ਹਜ਼ਾਰ ਰੁਪਏ ਤੱਕ ਕਮਾ ਲੈਂਦੇ ਹਨ, ਵਿਚੋਂ ਕੁਝ ਹੌਲਦਾਰ ਤੇ ਵਾਰਡ ਮੁਖੀ ਵੀ ਲੈਂਦਾ ਹੈ, ਸਮਝੋ ਉਨ੍ਹਾਂ ਦੀ ਜੇਲ੍ਹ ਵਿਚ ਨੌਕਰੀ ਲੱਗੀ ਹੋਈ ਹੈ। ਕਿਸੇ ਦੀ ਮੁਲਾਕਾਤ ਆਵੇ, ਫਲ, ਫਰੂਟ, ਮਠਿਆਈ, ਬਿਸਕੁਟ ਜਾਂ ਕੋਈ ਹੋਰ ਚੀਜ਼ ਹਰ ਚੀਜ਼ ਵਿਚੋਂ ਉਹ ਆਪਣਾ ਹਿੱਸਾ ਲੈਂਦਾ ਹੈ ਤਾਂ ਹੀ ਤਾਂ ਫਿੱਟੇ ਪਏ ਹਨ, ਜਦੋਂ ਜੇਲ੍ਹ ਵਿਚ ਆਉਂਦੇ ਹਨ, ਮਾੜੇ ਹੁੰਦੇ ਹਨ, ਜੇਲ੍ਹ ਵਿਚ, ਰਹਿ ਕੇ ਮੋਟੇ ਹੋ ਜਾਂਦੇ ਹਨ। ਜੇਲ੍ਹ ਵਿਚ ਰਹਿ ਕੇ ਬੰਦਾ ਕਮਜ਼ੋਰ ਤੇ ਲਿੱਸਾ ਹੁੰਦਾ ਹੈ ਕਿ ਮੋਟਾ?" ਮੈਂ ਉਸ ਨੂੰ ਪੁੱਛਿਆ।

ਜੇਲ੍ਹਰ - "ਬਾਤ ਤੋਂ ਆਪ ਕੀ ਠੀਕ ਹੈ? ਸਭ ਸਾਲੇ ਹੱਟੇ ਕੱਟੇ ਹੈਂ। ਪੈਸਾ ਕੈਸੇ ਭੇਜਤੇ ਹੋਗੇਂ ਘਰ ਮਨੀਆਰਡਰ ਤੋ ਕਰਤੇ ਨਹੀਂ ਹੋਗੇਂ? ਹਮ ਉਨਕੇ ਕੈਸੇ ਪਕੜੇਂ?" ਤੇ ਫਿਰ ਉਹ ਸੋਚਣ ਲੱਗ ਪਿਆ। ਫਿਰ ਉਸ ਨੇ ਆਖਿਆ "ਆਪ ਮੁਝੇ ਬਹੁਤ ਅੱਛੀ ਜਾਣਕਾਰੀ ਦੇ ਰਹੇ ਹੈ। ਮੁਝੇ ਯਾਦ ਹੈ ਆਪਨੇ ਪਹਿਲੇ ਭੀ ਏਕ ਬਾਰ ਮੁਝ ਸੇ ਬਾਤ ਕਰਨੇ ਕੋ ਕਹਾ ਥਾ ਲੇਕਿਨ ਤਬ ਮੈਂ ਭੂਲ ਗਿਆ ਥਾ।"

ਮੈਂ - "ਚਲੋ ਕੋਈ ਗੱਲ ਨਹੀਂ, ਮੈਂ ਆਪ ਨੂੰ ਇਕ ਹੋਰ ਗੱਲ ਵੀ ਦੱਸਣ ਲੱਗਾ ਹਾਂ। ਉਹ ਇਹ ਕਿ ਜੋ ਲੋਕ ਮੁਲਾਕਾਤ ਕਰਨ ਆਉਂਦੇ ਹਨ, ਉਨ੍ਹਾਂ ਕੋਲੋਂ ਦੋ ਰੁਪਏ ਤੋਂ ਲੈ ਕੇ ਦੋ ਸੌ ਰੁਪਏ ਤੱਕ ਲਏ ਜਾਂਦੇ ਹਨ। ਇਸ ਤਰ੍ਹਾਂ ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਇਕ ਦਿਨ ਵਿਚ ਕਿੰਨੇ ਪੈਸੇ ਇਕੱਠੇ ਹੁੰਦੇ ਹਨ। ਉਨ੍ਹਾਂ ਪੈਸਿਆਂ ਵਿਚ ਅੱਧ, ਇਮਾਨਦਾਰੀ ਨਾਲ ਜੇਲ੍ਹਰ ਦਾ ਹੁੰਦਾ ਹੈ ਤੇ ਬਾਕੀ ਅੱਧ ਨੂੰ ਸਾਰਾ ਸਟਾਫ ਡਿਊਢੀ ਡਿਊਟੀ ਆਪਸ ਵਿਚ ਵੰਡ ਲੈਂਦਾ ਹੈ। ਕੀ ਤੁਸੀਂ ਕੋਈ ਪੈਸਾ ਨਹੀਂ ਲੈਂਦੇ? ਜਾਂ ਤੁਹਾਨੂੰ ਇਸ ਗੱਲ ਦਾ ਪਤਾ ਹੀ ਨਹੀਂ।"

ਜੇਲ੍ਹਰ - (ਬਹੁਤ ਹੀ ਹੈਰਾਨ ਹੋ ਕੇ) "ਆਪ ਨੂੰ ਇਹ ਕਿਵੇਂ ਪਤਾ ਹੈ ਕਿ ਪੈਸੇ ਲੈਂਦੇ ਹਨ ਫਿਰ ਮੁਲਾਕਾਤ ਵਰਗੀ ਛੋਟੀ ਚੀਜ਼ ਦੇ ਲਈ, ਦੋ ਸੌ ਰੁਪਏ ਤੱਕ ਕੌਣ ਦਿੰਦਾ ਹੈ?"

ਮੈਂ - "ਮੇਰੇ ਘਰ ਵਾਲੇ ਜਿੰਨੀ ਵਾਰੀ ਵੀ ਆਏ ਹਨ, ਪੈਸੇ ਦੇਂਦੇ ਰਹੇ ਹਨ ਤੇ ਮੈਨੂੰ ਦੱਸਦੇ ਰਹੇ ਹਨ। ਇਹ ਰਿਵਾਜ ਪੈਸੇ ਲੈਣ ਦਾ ਸਿਰਫ ਏਥੇ ਹੀ ਨਹੀਂ, ਪੂਰੇ ਦੇਸ਼ ਦੀਆਂ

ਜੇਲ੍ਹਾਂ ਵਿਚ ਹੈ। ਤੁਹਾਨੂੰ ਇਸ ਵਾਸਤੇ ਹੈਰਾਨ ਹੋਣ ਦੀ ਲੋੜ ਨਹੀਂ। ਰਹੀ ਦੋ ਸੌ ਰੁਪਏ ਦੇਣ ਦੀ ਗੱਲ ਤਾਂ ਉਹ ਇਸ ਤਰ੍ਹਾਂ ਹੈ ਕਿ ਇਕ ਆਦਮੀ ਅੰਮ੍ਰਿਤਸਰ ਜਾਂ ਜਲੰਧਰ ਤੋਂ ਮੁਲਾਕਾਤ ਕਰਨ ਆਇਆ। ਸੱਤ ਸੌ ਕਿਲੋਮੀਟਰ ਦਾ ਸਫਰ ਹੈ। ਜੇ ਮੁਲਾਕਾਤ ਹੋ ਗਈ ਤਾਂ ਉਹ ਸ਼ਾਮ ਦੀ ਗੱਡੀ ਚੜ੍ਹ ਕੇ ਵਾਪਸ ਚਲਾ ਜਾਏਗਾ, ਨਹੀਂ ਤਾਂ ਇਕ ਦਿਨ ਹੋਰ ਰੁਕਣਾ ਪਏਗਾ। ਏਥੇ ਦਿੱਲੀ ਵਿਚ ਰਹੇਗਾ। ਕਿਥੇ? ਸਿੱਖਾਂ ਨੂੰ ਤਾਂ ਕੋਈ ਹੋਟਲ ਵਾਲਾ ਵੀ ਨਹੀਂ ਰੱਖਦਾ, ਸਾਰੀ ਰਾਤ ਖੱਜਲ ਹੋਣ ਤੇ ਨਾਲੇ ਪੈਸੇ ਖਰਚਣ ਨਾਲੋਂ ਉਹ ਬੇਹਤਰ ਸਮਝਦਾ ਹੈ ਕਿ ਪੈਸੇ ਦੇ ਕੇ ਕੰਮ ਕਰਵਾ ਲਵੇ। ਫਿਰ ਪੰਜਾਹ, ਸੌ, ਡੇਢ ਸੌ, ਦੋ ਸੌ ਰੁਪਏ ਤੱਕ ਜਿਥੋਂ ਤੱਕ ਵੀ ਸੌਦਾ ਪੱਟ ਜਾਵੇ ਦੇ ਕੇ ਉਹ ਆਪਣਾ ਕੰਮ ਕਰਵਾ ਲੈਂਦਾ ਹੈ। ਕੋਈ ਜ਼ਰੂਰੀ ਨਹੀਂ ਦੋ ਸੌ ਰੁਪਏ ਹੀ ਦੇਣਾ ਹੈ ਵਧ ਘਟ ਵੀ ਹੋ ਸਕਦੇ ਹਨ। ਪਿਛਲੀ ਵਾਰੀ ਮੇਰੇ ਘਰ ਦੇ ਇਕ ਸੌ ਰੁਪਏ ਦੇ ਰਹੇ ਸੀ, ਪਰ ਅਸਾਂ ਭੁੱਖ ਹੜਤਾਲ ਰੱਖੀ ਹੋਣ ਕਰਕੇ ਤੁਸੀਂ ਆਗਿਆ ਨਹੀਂ ਦਿੱਤੀ। ਨਹੀਂ ਤਾਂ ਇਕ ਸੌ ਰੁਪਏ ਮੇਰੇ ਘਰ ਦੇ ਦੇਣ ਨੂੰ ਤਿਆਰ ਸਨ।"

ਜੇਲ੍ਹਰ – "ਇਹ ਜਾਣਕਾਰੀ ਬਹੁਤ ਹੀ ਕੰਮ ਦੀ ਹੈ। ਪਰ ਆਪ ਯਕੀਨ ਕਰੋ ਮੈਨੂੰ ਇਸ ਗੱਲ ਦਾ ਪਤਾ ਹੀ ਨਹੀਂ ਸੀ ਕਿ ਇਹ ਪੂਰੇ ਹਿੰਦੋਸਤਾਨ ਵਿਚ ਇਕ ਦਸਤੂਰ ਹੈ।"

ਮੈਂ – "ਜਿੰਨਾ ਦੁੱਧ ਸਵੇਰੇ ਆਉਂਦਾ ਹੈ ਮੁਣਸ਼ੀ ਤੇ ਮੁਲਾਜ਼ਮ ਪਹਿਲਾਂ ਆਪਣੇ ਡੋਲੂ ਭਰਵਾ ਲੈਂਦੇ ਹਨ ਤੇ ਉਨ੍ਹਾਂ ਹੀ ਗੰਦੇ ਨਾਲੇ ਦਾ ਪਾਣੀ ਪਾ ਦੇਂਦੇ ਹਨ।"

ਜੇਲ੍ਹਰ – "ਗੰਦੇ ਨਾਲੇ ਦਾ? ਕਿਉਂ?"

ਮੈਂ – "ਇਸ ਲਈ ਕਿ ਇਹ ਪਾਣੀ ਭਾਰਾ ਹੁੰਦਾ ਹੈ ਤੇ ਲਾਟੂ ਵਗੈਰਾ ਪਛਾਣ ਨਹੀਂ ਸਕਦਾ। ਤਿੰਨਾਂ ਡਰੰਮਾਂ ਦੇ ਚਾਰ ਹਰ ਰੋਜ਼ ਬਣਦੇ ਹਨ। ਸਵੇਰੇ ਸਵੇਰੇ ਕੰਬਲ ਦੀ ਬੁੱਕਲ ਮਾਰ ਕੇ ਜਾ ਕੇ ਦੇਖ ਲੈਣਾ। ਤੁਹਾਡੇ ਸਾਰੇ ਕਰਮਚਾਰੀ ਜੇਲ੍ਹ ਦੇ ਬਿਲਕੁਲ ਕੋਲ ਕਲੋਨੀ ਵਿਚ ਰਹਿੰਦੇ ਹਨ। ਹੈ ਨਾ? ਫਿਰ ਜੇਲ੍ਹ ਵਿਚ ਸਾਈਕਲ 'ਤੇ ਕਿਉਂ ਆਉਂਦੇ ਹਨ, ਇਸ ਲਈ ਕਿ ਉਨ੍ਹਾਂ ਵਿਚ ਸਮੈਕ ਹੁੰਦੀ ਹੈ। ਤੁਹਾਡੇ ਆਈ.ਜੀ. ਨੇ ਹੁਕਮ ਕੀਤਾ ਸੀ ਸਾਡੇ ਲਈ ਕਿ ਅਸੀਂ ਦਿਨ ਵਿਚ ਡੇਢ ਘੰਟੇ ਤੋਂ ਜ਼ਿਆਦਾ ਨਹੀਂ ਖੋਲ੍ਹੇ ਜਾਵਾਂਗੇ ਪਰ ਅਸੀਂ ਪੈਸੇ ਦੇ ਕੇ ਪੂਰਾ ਸਮਾਂ ਵੀ ਖੁੱਲ੍ਹਦੇ ਰਹੇ ਹਾਂ। ਦਸੋ ਤੁਹਾਡੇ ਆਈ.ਜੀ. ਜੀ ਦਾ ਹੁਕਮ ਵੱਡਾ ਹੋਇਆ ਕਿ ਸਾਡੇ ਪੈਸੇ? ਇਹ ਗੱਲ ਮੈਂ ਉਸ ਨੂੰ ਹੈਰਾਨ ਤੇ ਸ਼ਰਮਿੰਦਾ ਕਰਨ ਵਾਸਤੇ ਆਖੀ। ਉਵੇਂ ਅਸਾਂ ਕਦੀ ਆਨਾ ਵੀ ਨਹੀਂ ਸੀ ਦਿੱਤਾ।"

ਜੇਲ੍ਹਰ – "ਜੋ ਹੁਣ ਬਹੁਤ ਹੀ ਹੈਰਾਨ ਸੀ ਤੇ ਅੱਖਾਂ ਪਾੜ ਪਾੜ ਕੇ ਮੇਰੇ ਵੱਲ ਵੇਖ ਰਿਹਾ ਸੀ। ਉਸ ਨੂੰ ਕੁਝ ਸੁੱਝ ਔੜ ਨਹੀਂ ਸੀ ਰਿਹਾ, ਮੇਰੀਆਂ ਗੱਲਾਂ ਉਸ ਨੂੰ ਇੱਟ ਵਰਗੀਆਂ ਪੱਕੀਆਂ ਲੱਗਦੀਆਂ ਸਨ।"

ਮੈਂ – "ਤੁਹਾਡਾ ਚੱਕਰ ਚੀਫ ਹੈ ਉਸ ਦੀ ਤਨਖਾਹ ਇਕ ਹਜ਼ਾਰ ਰੁਪਏ ਮਹੀਨਾ ਦੇ ਲਗਭਗ ਹੈ। ਪਰ ਉਸ ਦੀ ਜਾਇਦਾਦ ਦਸ ਲੱਖ ਤੋਂ ਵੀ ਜ਼ਿਆਦਾ ਹੈ। ਤਨਖਾਹ ਤੋਂ ਬਗੈਰ ਉਸ ਦਾ ਆਮਦਨ ਦਾ ਹੋਰ ਕੋਈ ਸਾਧਨ ਨਹੀਂ, ਫਿਰ ਇੰਨੀ ਜਾਇਦਾਦ ਕਿੱਥੋਂ ਆਈ? ਅਦਾਲਤ ਨੇ ਇਹਦੇ ਬਾਰੇ ਹੁਕਮ ਕੀਤਾ ਹੋਇਆ ਹੈ ਕਿ ਇਸ ਨੂੰ ਕਦੇ ਵੀ ਅਹਿਮ ਥਾਵਾਂ 'ਤੇ ਜਿਥੇ ਆਮ ਲੋਕਾਂ ਨਾਲ ਵਾਹ ਪੈਂਦਾ (Public Dealing) ਹੋਵੇ ਨਹੀਂ ਲਾਉਣਾ। ਕਿਉਂਕਿ ਇਸ ਨੇ ਇਕ ਲੜਕੇ ਨੂੰ ਪੈਸੇ ਦੇਣ ਲਈ ਐਨਾ ਤੰਗ ਕੀਤਾ ਕਿ ਉਸ ਨੇ ਆਤਮ ਹੱਤਿਆ ਕਰ ਲਈ। ਪਰ ਆਤਮ ਹੱਤਿਆ ਕਰਨ ਤੋਂ ਪਹਿਲਾਂ ਉਸ ਨੇ ਇਕ

ਖ਼ਤ ਲਿਖ ਦਿੱਤਾ ਕਿ 'ਮੈਨੂੰ ਇਹ ਆਦਮੀ ਤੰਗ ਕਰਦਾ ਹੈ, ਇਸ ਲਈ ਮੈਂ ਮਰ ਰਿਹਾ ਹਾਂ।' ਤੇ ਇਹ ਹੀ ਆਦਮੀ ਹੁਣ ਚੱਕਰ ਚੀਫ ਬਣਿਆ ਬੈਠਾ ਹੈ। ਕਿਉਂਕਿ ਇਸ ਨੇ ਉਹ ਅਦਾਲਤੀ ਹੁਕਮ ਆਪਣੀ ਫਾਈਲ ਵਿਚੋਂ ਕਢਵਾ ਦਿੱਤਾ ਹੈ।

ਸਾਡੇ ਵਾਰਡ ਵਿਚ ਸਾਡੇ ਸਾਹਮਣੇ ਹੌਲਦਾਰ ਉਂਕਾਰ ਸਿੰਘ ਨੇ ਇਕ ਲੜਕੇ ਨੂੰ ਐਨਾ ਮਾਰਿਆ ਕਿ ਉਸ ਦਾ ਜਬਾੜਾ ਹਿੱਲ ਗਿਆ ਤੇ ਉਹ ਵਿਚਾਰਾ ਅਜੇ ਤੱਕ ਵੀ ਤੁਰ ਫਿਰ ਨਹੀਂ ਸਕਦਾ। ਹੁਣੇ ਹੀ ਪਤਾ ਮੰਗਵਾ ਲਓ, ਭਾਵੇਂ ਆਪ ਜਾ ਕੇ ਵੇਖ ਲਵੋ। ਵਾਰਡ ਨੰਬਰ ਯਾਰਾਂ ਦੀ ਚੱਕੀ ਨੰਬਰ ਸੱਤ ਵਿਚ ਪਿਆ ਦਰਦ ਨਾਲ ਕਰਾਹ ਰਿਹਾ ਹੈ। ਉਸ ਮੁੰਡੇ ਦਾ ਨਾਂ ਹੀਰਾ ਹੈ ਤੇ ਅਜੇ ਪਰਸੋਂ ਹੀ ਉਸ ਨੂੰ ਫਾਂਸੀ ਕੋਠੀ ਦੇ ਅੰਦਰ ਲਿਜਾ ਕੇ ਕੁੱਟਿਆ ਹੈ। ਕਿਉਂਕਿ ਉਹ ਖ਼ੁੱਦਦਾਰ ਕਿਸਮ ਦਾ ਆਦਮੀ ਹੈ ਤੇ ਜੇਲ੍ਹ ਦੀ ਗੈਰ-ਕਾਨੂੰਨੀ ਮੁਸ਼ੱਕਤ ਕਰਨ ਤੋਂ ਇਨਕਾਰੀ ਹੈ। ਕਾਨੂੰਨ ਵਿਚ ਇਹ ਕਿੱਥੇ ਲਿਖਿਆ ਹੈ ਕਿ ਤੁਸੀਂ ਹਵਾਲਾਤੀ ਕੋਲੋਂ ਕੰਮ ਲਵੋ ਤੇ ਜੇ ਉਹ ਇਨਕਾਰ ਕਰੇ ਤਾਂ ਕੁੱਟ ਮਾਰੋ? ਤੁਸੀਂ ਕੈਦੀਆਂ ਦੇ ਰਕਸ਼ਕ ਹੋ ਕੇ ਭਖਸ਼ਕ ਹੋ? ਮੈਂ ਵੀ ਇਹ ਗੱਲ ਸੁਣਾਉਂਦਾ ਸੁਣਾਉਂਦਾ ਬੜੇ ਜੋਸ਼ ਵਿਚ ਆ ਗਿਆ ਸਾਂ ਤੇ ਮੈਂ ਵੈਸੇ ਵੀ ਜੇਲ੍ਹਰ ਨੂੰ ਟਿੱਚ ਹੀ ਸਮਝਦਾ ਸਾਂ। ਨਾਲੇ ਮੈਂ ਇਸ ਵੇਲੇ ਸਾਰੇ ਕੈਦੀਆਂ ਦੀ ਪ੍ਰਤੀਨਿਧਤਾ ਕਰ ਰਿਹਾ ਸਾਂ। ਜੇਲ੍ਹਰ ਦੋਹਾਂ ਗੱਲ੍ਹਾਂ 'ਤੇ ਹੱਥ ਰੱਖ ਕੇ ਮੇਰੀ ਗੱਲ ਬੜੇ ਗਹੁ ਨਾਲ ਸੁਣ ਰਿਹਾ ਸੀ ਤੇ ਨਾਲ ਨਾਲ ਲਿਖ ਵੀ ਰਿਹਾ ਸੀ। ਫਿਰ ਮੈਂ ਅੱਗੇ ਹੋਰ ਕਿਹਾ, "ਤੁਹਾਨੂੰ ਪਤਾ ਹੈ ਇਕ ਵਾਰ ਭਾਗਲਪੁਰ ਜੇਲ੍ਹ ਕਾਂਡ ਹੋਇਆ ਸੀ?" ਜੇਲ੍ਹਰ ਨੇ ਕਿਹਾ "ਹਾਂ, ਹੂਆ ਥਾ"। "ਉਨ੍ਹਾਂ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ ਸੀ। ਉਹ ਕਿਸੇ ਜੇਲ੍ਹਰ ਜਾਂ ਡਿਪਟੀ ਜੇਲ੍ਹਰ ਨੇ ਨਹੀਂ ਸੀ ਕੱਢੀਆਂ, ਸਗੋਂ ਇਹੋ ਜਿਹੇ ਵਾਰਡਨਾਂ ਨੇ ਹੀ ਇਹ ਕਾਰਾ ਕੀਤਾ ਸੀ। ਤੁਹਾਨੂੰ ਯਾਦ ਹੋਵੇਗਾ ਕਿ ਅਖ਼ਬਾਰਾਂ ਵਿਚ ਇਹ ਮਸਲਾ ਏਨਾ ਉੱਛਲਿਆ ਸੀ ਕਿ ਜੇਲ੍ਹਰ ਤੇ ਡਿਪਟੀ ਜੇਲ੍ਹਰ ਨੂੰ ਦਸ-ਦਸ ਸਾਲ ਦੀ ਕੈਦ ਬਾ-ਮੁਸ਼ੱਕਤ ਹੋਈ ਸੀ। ਏਸੇ ਤਰ੍ਹਾਂ ਹੀ ਤੁਸੀਂ ਵੀ ਆਪਣੀ ਜੇਲ੍ਹ ਦੇ ਹਰ ਚੰਗੇ-ਬੁਰੇ ਲਈ ਜ਼ਿੰਮੇਵਾਰ ਹੋ। ਕੱਲ੍ਹ ਨੂੰ ਅਦਾਲਤ ਦੇ ਕਟੇਹਿਰੇ ਵਿਚ ਤੁਸੀਂ ਖੜੇ ਹੋਵੋਗੇ, ਵਾਰਡਨ ਤੇ ਹੈੱਡ ਵਾਰਡਨ ਨੂੰ ਕੋਈ ਨਹੀਂ ਪੁੱਛੇਗਾ।"

ਜੇਲ੍ਹਰ - ਮੇਰੀ ਗੱਲ ਦੀ ਪੁਸ਼ਟੀ ਵਿਚ ਸਿਰ ਹਿਲਾਇਆ ਤੇ ਕਿਹਾ, "ਆਪ ਠੀਕ ਕਹਿ ਰਹੇ ਹੈਂ"। ਦਰਅਸਲ ਗੱਲ ਇਹ ਹੈ ਕਿ ਮੈਂ ਨਵਾਂ-ਨਵਾਂ ਆਇਆਂ ਹਾਂ ਤੇ ਬਿਲਕੁਲ ਇਕੱਲਾ ਹਾਂ। ਤੁਹਾਡੀਆਂ ਦੱਸੀਆਂ ਹੋਈਆਂ ਸਭ ਗੱਲਾਂ ਠੀਕ ਕਰਨ ਲਈ ਮੈਨੂੰ ਘੱਟ ਤੋਂ ਘੱਟ ਦੋ ਤਿੰਨ ਮਹੀਨੇ ਲੱਗਣਗੇ। ਪਰ ਇਕ ਗੱਲ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਮੈਂ ਮੁਤੱਸਬੀ ਬਿਲਕੁਲ ਨਹੀਂ। ਮੈਂ ਤੁਹਾਨੂੰ ਇਹ ਵੀ ਦੱਸਦਾ ਹਾਂ ਕਿ ਤੁਹਾਨੂੰ ਮੈਂ ਮੁਤੱਸਬੀ ਹੋਣ ਕਰਕੇ ਬੰਦ ਨਹੀਂ ਰੱਖਦਾ ਇਹ ਕੋਈ ਉਪਰਲੀ ਗੱਲ ਹੈ। ਤੁਸੀਂ ਸਮਝ ਗਏ ਨਾ? ਇਹ ਗੱਲ ਉਸ ਨੇ ਬਹੁਤ ਹੀ ਭੇਦ ਭਰੇ ਤਰੀਕੇ ਨਾਲ ਕਹੀ।

ਮੈਂ - "ਤੁਸੀਂ ਮੁਤੱਸਬੀ ਨਹੀਂ ਜੇ ਮੈਂ ਇਹ ਮੰਨ ਵੀ ਜਾਵਾਂ ਤਾਂ ਤੁਹਾਡੇ ਥੱਲੇ ਵਾਲੇ ਅਧਿਕਾਰੀ ਜ਼ਰੂਰ ਮੁਤੱਸਬੀ ਹਨ। ਸੱਚੀ ਗੱਲ ਜਰਾ ਕੌੜੀ ਹੁੰਦੀ ਹੈ ਇਸ ਵਕਤ ਤੁਸੀਂ ਜ਼ੀਰੋ ਹੋ। ਤੁਹਾਡਾ ਜੂਨੀਅਰ ਸਾਨੂੰ ਕਹਿੰਦਾ ਹੈ ਕਿ ਸੁਪਰਡੈਂਟ ਨੂੰ ਗਾਲ੍ਹਾਂ ਵਗੈਰਾ ਕੱਢੋ ਤੇ ਉਸ ਦੀ ਬੇਇਜ਼ਤੀ ਕਰ ਦਿਓ। ਪਰ ਅਸੀਂ ਉਸ ਦੀ ਗੱਲ ਨਹੀਂ ਮੰਨੀ। ਇਸ ਦੇਸ਼ ਵਿਚ ਕੀ ਹੋ ਰਿਹਾ ਹੈ ਇਸ ਦੀ ਤਾਜ਼ਾ ਮਿਸਾਲ ਤੁਹਾਡੇ ਸਾਹਮਣੇ ਹੈ। ਜਿਨ੍ਹਾਂ ਦੋ ਬੰਦਿਆਂ ਨੂੰ ਅੱਜ

ਛੱਡਿਆ ਜਾ ਰਿਹਾ ਹੈ ਉਹ ਸਾਡੇ ਮੁਕੱਦਮਾ ਵਾਰ ਹਨ ਤੇ ਸਾਡੇ ਉੱਤੇ ਛੜਯੰਤਰ ਰਚਣ ਦਾ ਕੇਸ ਹੈ। ਇਸ ਤਰ੍ਹਾਂ ਦਾ ਕੇਸ ਸਾਰਿਆਂ 'ਤੇ ਬਰਾਬਰ ਹੁੰਦਾ ਹੈ। ਪਰ ਹੈਰਾਨੀ ਇਹ ਹੈ ਕਿ ਸਾਡੇ ਦੋ ਮੁਕੱਦਮਾ ਵਾਰ ਹਿੰਦੂ ਹੋਣ ਦੀ ਵਜ੍ਹਾ ਕਰਕੇ ਛੱਡ ਦਿੱਤੇ ਗਏ ਹਨ। ਜਦੋਂ ਕਿ ਅਸੀਂ ਏਥੇ ਤੁਹਾਡੇ ਕੋਲ ਅੰਦਰ ਬੈਠੇ ਹਾਂ। ਹੋਰ ਪਤਾ ਨਹੀਂ ਕਿੰਨਾ ਚਿਰ ਤੱਕ ਜੇਲ੍ਹ ਵਿਚ ਰਹੀਏ। ਕਿਉਂਕਿ ਅਸੀਂ ਸਾਰੇ ਸਿੱਖ ਹਾਂ। ਇਹ ਕੇਸ ਤਾਂ ਤੁਹਾਡੀਆਂ ਅੱਖਾਂ ਦੇ ਸਾਹਮਣੇ ਹੈ ਅਤੇ ਇਹ ਤੁਹਾਨੂੰ ਮੰਨਣਾ ਵੀ ਪਵੇਗਾ ਕਿ ਮੈਂ ਠੀਕ ਕਹਿ ਰਿਹਾ ਹਾਂ।"

ਜੇਲ੍ਹਰ – "ਹਾਂ, ਇਹ ਗੱਲ ਬਿਲਕੁਲ ਠੀਕ ਹੈ, ਮੈਂ ਕਿਵੇਂ ਇਨਕਾਰ ਕਰ ਸਕਦਾ ਹਾਂ? ਪਰ ਤੁਸੀਂ ਬੇਫਿਕਰ ਰਹੋ ਮੈਂ ਅੱਜ ਹੀ ਆਈ.ਜੀ. ਨਾਲ ਗੱਲ ਕਰਕੇ ਆਪਣੇ ਵੱਲੋਂ ਤੁਹਾਨੂੰ ਪੂਰੀ ਸਹੂਲਤ ਦੇਣ ਦੀ ਕੋਸ਼ਿਸ਼ ਕਰਾਂਗਾ। ਪਰ ਬਦਲੇ ਵਿਚ ਤੁਹਾਨੂੰ ਵੀ ਮੇਰੇ ਨਾਲ ਇਹ ਵਾਅਦਾ ਕਰਨਾ ਪਵੇਗਾ ਕਿ ਜਦੋਂ ਵੀ ਮੈਂ ਤੁਹਾਡੇ ਵਾਰਡ ਵਿਚ ਆਵਾਂ ਮੇਰੇ ਨਾਲ ਬਦਤਮੀਜ਼ੀ ਨਾ ਹੋਵੇ। ਸਗੋਂ ਤੁਸੀਂ ਮੇਰੀ ਮਦਦ ਕਰੋ।"

ਮੈਂ – "ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ। ਮੈਂ ਆਪਣੇ ਸਾਥੀਆਂ ਨੂੰ ਵੀ ਇਹ ਗੱਲ ਸਮਝਾ ਦੇਵਾਂਗਾ। ਤੁਸੀਂ ਸਾਡੇ ਵਾਰਡ ਵਿਚ ਦਿਨੇ ਆਓ, ਰਾਤ ਆਓ ਤੁਹਾਡਾ ਪੂਰਾ ਸਤਿਕਾਰ ਹੋਵੇਗਾ। ਇਕ ਗੱਲ ਇਹ ਹੈ ਕਿ ਜਿਹੜੀ ਕਿਤਾਬ ਅੱਖਾਂ ਦੇ ਬਹੁਤੀ ਨੇੜੇ ਹੋਵੇ ਉਹ ਪੜ੍ਹੀ ਨਹੀਂ ਜਾਂਦੀ, ਤੁਹਾਡੇ ਕੁਝ ਮਤੈਹਿਤ ਆਪਣੇ ਆਪ ਨੂੰ ਤੁਹਾਡੇ ਏਨਾ ਨੇੜੇ ਲੈ ਗਏ ਹਨ ਕਿ ਤੁਸੀਂ ਉਨ੍ਹਾਂ ਦੀ ਹਰਕਤਾਂ ਨਹੀਂ ਦੇਖ ਸਕਦੇ। ਮੇਰਾ ਖਿਆਲ ਹੈ ਮੇਰਾ ਇਸ਼ਾਰਾ ਹੀ ਕਾਫੀ ਹੈ। ਮੈਂ ਤੁਹਾਨੂੰ ਫਿਰ ਯਕੀਨ ਦਵਾਉਂਦਾ ਹਾਂ ਕਿ ਅਸੀਂ ਤੁਹਾਡੀ ਹਰ ਤਰ੍ਹਾਂ ਨਾਲ ਮਦਦ ਕਰਾਂਗੇ ਤੇ ਇਸ ਤਰ੍ਹਾਂ ਮੈਂ ਉਸ ਦੇ ਕਮਰੇ ਵਿਚੋਂ ਬਾਹਰ ਆ ਗਿਆ। ਇਹ ਮੁਲਾਕਾਤ ਦੋ ਘੰਟੇ ਤੋਂ ਵੀ ਵੱਧ ਚੱਲੀ ਸੀ। ਬਾਹਰ ਖੜਾ ਹੌਲਦਾਰ ਹੈਰਾਨ ਸੀ ਕਿ ਕੀ ਗੱਲ ਹੋ ਰਹੀ ਹੈ? ਕੋਈ ਅੰਦਰ ਨਹੀਂ ਆ ਸਕਦਾ ਸੀ ਬੰਦ ਕਮਰੇ ਵਿਚ ਇਸ ਨੇ ਕੀ ਗੱਲ ਕੀਤੀ ਹੋਵੇਗੀ? ਉਸ ਨੇ ਮੈਨੂੰ ਵਾਰਡ ਵੱਲ ਆਉਂਦਿਆਂ ਪੁੱਛਿਆ ਪਰ ਮੈਂ. ਟਾਲ ਗਿਆ।

ਔਰਤਾਂ ਦੀ ਜੇਲ੍ਹ

ਔਰਤਾਂ ਦੀ ਜੇਲ੍ਹ ਦੋ ਨੰਬਰ ਜੇਲ੍ਹ ਵਿਚ ਹੈ, ਬਿਲਕੁਲ ਅਲੱਗ ਥਲੱਗ ਜੇਲ੍ਹ ਮੈਨੂੰਅਲ ਵਿਚ ਵੀ ਐਸਾ ਹੀ ਲਿਖਿਆ ਹੈ ਕਿ ਔਰਤਾਂ ਨੂੰ ਬਿਲਕੁਲ ਵੱਖਰਾ ਰੱਖਿਆ ਜਾਵੇ। ਜਿਥੇ ਉਹ ਮਰਦ ਕੈਦੀਆਂ ਨਾਲ ਕੋਈ ਸਬੰਧ ਨਾ ਬਣਾ ਸਕਣ। ਇੰਗਲੈਂਡ ਤੋਂ ਆਈ ਫੜੀ ਗਈ ਟੀ.ਡੀ. ਐਕਟ ਵਿਚ ਕੀਨੀਆਂ ਦੀ ਜੰਮਪਲ ਬੀਬੀ ਕੁਲਦੀਪ ਕੌਰ ਅੱਜ ਕੱਲ੍ਹ ਜੇਲ੍ਹ ਨੰਬਰ ਦੋ ਵਿਚ ਹੈ। ਨਿਰਮਲ ਸਿੰਘ ਜੋ ਭਾਈ ਹਰਜਿੰਦਰ ਸਿੰਘ ਜਿੰਦੇ ਦਾ ਸਾਥੀ ਦੱਸਿਆ ਜਾਂਦਾ ਹੈ, ਦਾ ਪਿਓ, ਭਰਾ, ਭੈਣਵਈਆ ਤੇ ਭੈਣ ਵੀ ਜੇਲ੍ਹ ਵਿਚ ਹਨ। ਮਰਦ ਤਾਂ ਸਾਰੇ ਯਾਰਾਂ ਨੰਬਰ ਵਾਰਡ ਵਿਚ ਹਨ, ਪਰ ਨਿਰਮਲ ਸਿੰਘ ਦੀ ਭੈਣ ਇਕ ਨੰਬਰ ਵਿਚ ਹੈ। ਸਵੀਟੀ ਨਾਂ ਦੀ ਇਕ ਕੁੜੀ ਵੀ ਏਥੇ ਹੀ ਹੈ, ਮੈਨੂੰ ਸ਼ੱਕ ਪੈਂਦਾ ਹੈ, ਇਹ ਕਿਤੇ ਜਲੰਧਰ ਵਾਲੀ ਸਵੀਟੀ ਨਾ ਹੋਵੇ, ਕਿਉਂਕਿ ਇਹ ਸਵੀਟੀ ਵੀ ਬਾਹਰ ਬੰਦੇ ਭੇਜਣ ਦੀ ਏਜੰਸੀ ਕਰਦੀ ਹੈ। ਔਰਤਾਂ ਵਾਸਤੇ ਰੋਟੀ ਬਣਾਉਣਾ ਤੇ ਕੱਪੜੇ ਧੋਣਾ ਤਾਂ ਕੋਈ ਮੁਸ਼ਕਲ ਗੱਲ ਹੈ ਹੀ ਨਹੀਂ, ਨਾ ਹੀ ਸਫਾਈ ਕਰਨੀ ਉਨ੍ਹਾਂ ਲਈ ਕੁਝ ਮਾਇਨੇ ਰੱਖਦੀ ਹੈ। ਇਕ ਦਿਨ ਮੈਂ ਹਸਪਤਾਲ ਖੜਾ ਸੀ ਤੇ ਉਥੇ ਵਾਰਡਨਾਂ ਦਵਾਈ ਲੈਣ ਆਈਆਂ ਹੋਈਆਂ

ਸਨ। ਮੈਂ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪਿਆ। ਜਦੋਂ ਉਨ੍ਹਾਂ ਨੂੰ ਕੰਪਾਊਂਡਰ ਤੇ ਡਾਕਟਰ ਨੇ ਦੱਸਿਆ, ਇਹ ਅੱਤਵਾਦੀ ਹੈ, ਜਿਸ ਨਾਲ ਤੁਸੀਂ ਗੱਲਾਂ ਕਰ ਰਹੀਆਂ ਹੋ ਤਾਂ ਉਹ ਹੈਰਾਨ ਹੋ ਕੇ ਮੇਰੇ ਵੱਲ ਵੇਖਣ ਲੱਗ ਪਈਆਂ। ਸ਼ਾਇਦ ਉਹ ਅੱਤਵਾਦੀਆਂ ਨੂੰ ਬੰਦਿਆਂ ਨਾਲੋਂ ਵੱਖਰੀ ਕਿਸਮ ਦਾ ਸਮਝਦੀਆਂ ਸਨ ਤੇ ਸਾਹਮਣੇ ਖਲੋਤੇ ਅੱਤਵਾਦੀ ਨੂੰ ਵੇਖਣਾ ਉਨ੍ਹਾਂ ਨੂੰ ਹੈਰਾਨ ਕਰ ਰਿਹਾ ਸੀ। ਕਿਉਂਕਿ ਡਾਕੂ ਤੇ ਕਾਤਲ ਤਾਂ ਬਥੇਰੇ ਤੁਰੇ ਫਿਰਦੇ ਹਨ, ਪਰ ਅੱਤਵਾਦੀ ਕਿਤੇ ਵਿਰਲਾ ਹੀ ਹੁੰਦਾ ਹੈ ਤੇ ਹੁੰਦੇ ਵੀ ਸਿੱਖ ਹੀ ਹਨ। ਕਿਉਂਕਿ ਅੱਜ ਤੱਕ ਹੋਰ ਕੋਈ ਇਸ ਐਕਟ ਥੱਲੇ ਫੜਿਆ ਹੀ ਨਹੀਂ। ਉਨ੍ਹਾਂ ਨੇ ਗੱਲਾਂ ਗੱਲਾਂ ਵਿਚ ਹੀ ਦੱਸਿਆ ਕਿ ਮਰਦਾਂ ਦੀ ਜੇਲ੍ਹ ਵਿਚ ਵਾਰਡਾਂ ਅੰਦਰ ਗੰਦ ਪਿਆ ਹੋਇਆ ਹੈ ਪਰ ਸਾਡੇ ਵਾਰਡ ਸਾਫ ਸੁਥਰੇ, ਕੱਪੜੇ ਧੋਤੇ ਹੋਏ ਤੇ ਬਰਤਨ ਸਾਫ ਸੁਥਰੇ ਹਨ। ਕਿਉਂਕਿ ਗੱਲ ਉਥੇ ਪਏ ਗਲਾਸ ਤੋਂ ਹੋਈ ਸੀ, ਚਾਹ ਵਾਲਾ ਗਲਾਸ ਸਟੀਲ ਦਾ ਸਾਫ ਨਹੀਂ ਸੀ। ਇਹ ਵੇਖ ਕੇ ਉਨ੍ਹਾਂ ਨੇ ਕਿਹਾ "ਸਾਡੀ ਜੇਲ੍ਹ ਵਿਚ ਬਰਤਨ ਚਮਕਦੇ ਹਨ, ਕੱਪੜੇ ਸਾਫ ਸੁਥਰੇ ਤੇ ਬਿਸਤਰੇ ਦੀਆਂ ਚਾਦਰਾਂ ਸਾਫ ਸੁਥਰੀਆਂ ਹਨ। ਮਰਦਾਂ ਦੀ ਜੇਲ੍ਹ ਤਾਂ ਅੱਤ ਦੀ ਗੰਦੀ ਹੈ, ਇਹ ਚੰਗੀ ਤਰ੍ਹਾਂ ਕੱਪੜੇ ਵੀ ਨਹੀਂ ਧੋਂਦੇ ਤੇ ਬਰਤਨ ਵੀ ਸਾਫ ਨਹੀਂ ਕਰਦੇ। ਗੰਦੇ ਕਿਸੇ ਥਾਂ ਦੇ। ਉਨ੍ਹਾਂ ਦੀਆਂ ਇਨ੍ਹਾਂ ਗੱਲਾਂ ਤੋਂ ਮੈਂ ਸੁਭਾਵਕ ਹੀ ਅੰਦਾਜ਼ਾ ਲਾਇਆ ਕਿ ਹੋਰ ਉਨ੍ਹਾਂ ਵੇਹਲੀਆਂ ਨੇ ਕਰਨਾ ਵੀ ਕੀ ਹੈ, ਕਿਥੇ ਪੂਰੇ ਘਰ ਦਾ ਕੰਮ ਤੇ ਕਿਥੇ ਇਕੱਲੀ ਜਨਾਨੀ ਦਾ ਆਪਣਾ ਹੀ ਕੰਮ। ਵਿਹਲੀਆਂ ਨੇ ਭਾਂਡਿਆਂ ਨੂੰ ਤੇ ਕਪੜਿਆਂ ਨੂੰ ਹੀ ਰਗੜਾ ਚਾੜਨਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਅਸਾਂ ਮਨਾਇਆ ਤਾਂ ਸਾਡੀ ਬੜੀ ਕੋਸ਼ਿਸ਼ ਸੀ ਕਿ ਉਧਰ ਰਹਿੰਦੀਆਂ ਸਿੱਖ ਬੀਬੀਆਂ ਨੂੰ ਵੀ ਲੰਗਰ ਦੀ ਰੋਟੀ ਪਹੁੰਚਾਈ ਜਾਵੇ, ਪਰ ਜੇਲ੍ਹ ਅਧਿਕਾਰੀ ਨਾ ਮੰਨੇ। ਉਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ 'ਤੇ ਵੀ ਰੋਟੀ ਉਧਰ ਦੇਣ ਲਈ ਨਾ ਮੰਨੇ। ਉਹ ਵਿਚਾਰੀਆਂ ਤਾਂ ਕੋਈ ਦਿਨ ਵੀ ਨਹੀਂ ਮਨਾ ਸਕਦੀਆਂ। ਉਨ੍ਹਾਂ ਔਰਤ ਵਾਰਡਨਾਂ ਨੇ ਦੱਸਿਆ ਕਿ ਕਈ ਵਾਰ ਤਾਂ ਕਈ ਕੁੜੀਆਂ ਜੇਲ੍ਹ ਵਿਚ ਏਨੀਆਂ ਤੰਗ ਹੋ ਜਾਂਦੀਆਂ ਹਨ ਕਿ ਜੇ ਇਕ ਕੁੜੀ ਦੀ ਮੁਲਾਕਾਤ ਕੋਈ ਆਦਮੀ ਕਰਨ ਆਵੇ ਤਾਂ ਦੂਸਰੀਆਂ ਤਰਲੇ ਕੱਢਦੀਆਂ ਹਨ ਕਿ ਸਾਨੂੰ ਵੀ ਡਿਉਢੀ ਲੈ ਜਾਓ, ਹੋਰ ਨਹੀਂ ਤਾਂ ਬੰਦੇ ਦਾ ਮੂੰਹ ਤਾਂ ਦਿਸ ਪਊ (ਉਨ੍ਹਾਂ ਦੀ ਮੁਲਾਕਾਤ ਦਾ ਵੀ ਵੱਖਰਾ ਹੀ ਪ੍ਰਬੰਧ ਹੈ, ਬੰਦਸ਼ਾਂ ਦੂਜਿਆਂ ਨਾਲੋਂ ਵੀ ਜਿਆਦਾ)।

ਇਸ ਜੇਲ੍ਹ ਵਿਚ ਸੁਰੱਖਿਆ ਦੀ ਦ੍ਰਿਸ਼ਟੀ ਨੂੰ ਮੁਖ ਰੱਖਦਿਆਂ, ਤਾਮਿਲ ਫੋਰਸ ਕੋਟ ਮੌਕਿਆਂ ਦੇ ਟਾਵਰਾਂ 'ਤੇ ਲਾਈ ਹੋਈ ਹੈ। ਇਨ੍ਹਾਂ ਦੀ ਬੋਲੀ ਇਸ ਤਰ੍ਹਾਂ ਹੁੰਦੀ ਹੈ, ਜਿਵੇਂ ਘੜੇ ਵਿਚ ਵੱਟੇ ਪਾ ਲਏ ਜਾਣ ਤੇ ਉਸ ਘੜੇ ਨੂੰ ਹਲੂਣਿਆ ਜਾਵੇ ਤੇ ਜਿਸ ਤਰ੍ਹਾਂ ਦੀ ਅਵਾਜ਼ ਨਿਕਲਦੀ ਹੈ, ਉਸ ਤਰ੍ਹਾਂ ਦੀ ਅਵਾਜ਼ ਹੀ ਇਨ੍ਹਾਂ ਦੀ ਆਪਸ ਵਿਚ ਦੀ ਬੋਲੀ ਦੀ ਹੁੰਦੀ ਹੈ। ਇਨ੍ਹਾਂ ਦੀ ਆਪਸ ਵਿਚ ਦੀ ਬੋਲੀ ਨੂੰ ਕੋਈ ਸਮਝ ਨਹੀਂ ਸਕਦਾ ਤੇ ਨਾ ਹੀ ਇਹ ਕਿਸੇ ਨਾਲ ਸਹਿਜੇ ਕੀਤੇ ਰਲ ਮਿਲ ਸਕਦੇ ਹਨ। ਤੇ ਜੇ ਇਹ ਕਿਸੇ ਹੋਰ ਨਾਲ ਗੱਲ ਕਰਨ ਤਾਂ ਕਹਿਣਗੇ ਆਈ ਆਈ ਓ ਜੀ, ਕਯਾ ਕਰਤਾ ਹੈ ਜੀ, ਹਮ ਕੋ ਨਾ ਹੀ ਮਾਲੂਮ ਜੀ। ਵਾਇਰਲੈਸ ਸੈਟ ਸਦਾ ਖੁਲ੍ਹੇ ਰਹਿੰਦੇ ਹਨ ਤੇ ਆਪਸ ਵਿਚ ਇਨ੍ਹਾਂ ਦੀ ਗੱਲਬਾਤ ਚਲਦੀ ਰਹਿੰਦੀ ਹੈ।

ਜੇਲ੍ਹ 'ਚ ਦਾਰੂ ਤੇ ਸਮੈਕ ਦੀ ਆਮ ਵਰਤੋਂ

ਦਾਰੂ ਤੇ ਸਮੈਕ ਵਰਗੀਆਂ ਨਸ਼ੀਲੀਆਂ ਚੀਜ਼ਾਂ ਤੇ ਹੋਰ ਗੋਲੀਆਂ ਵਗੈਰਾ, ਜੇਲ੍ਹ ਵਿਚ ਆਮ ਮਿਲਦੀਆਂ ਹਨ। ਚਾਰਲਸ ਸ਼ੋਭਰਾਜ ਦੇ ਜੇਲ੍ਹ ਤੋਂ ਭੱਜਣ ਤੋਂ ਪਹਿਲਾਂ ਤਾਂ ਕਹਿੰਦੇ ਹਨ ਕਿ ਇਹ ਚੀਜ਼ਾਂ ਖੁਲ੍ਹੇ ਆਮ ਮਿਲਦੀਆਂ ਸਨ। ਪੈਸੇ ਨਾਲ ਤਾਂ ਹੁਣ ਵੀ ਸਭ ਕੁਝ ਹੀ ਹੁੰਦਾ ਹੈ। ਸ਼ਰਾਬ ਵੀ ਕਹਿੰਦੇ ਹਨ, ਲੋਕ ਅੰਦਰ ਲੈ ਆਉਂਦੇ ਹਨ। ਦੀਵਾਲੀ ਤੋਂ ਦਸ ਕੁ ਦਿਨ ਪਹਿਲਾਂ ਹੇਠ ਉਤੇ ਬੜੀਆਂ ਤਲਾਸ਼ੀਆਂ ਹੋਈਆਂ ਤੇ ਜਦੋਂ ਵੀ ਤਲਾਸ਼ੀ ਲੈਣ, ਨਾਲ ਹੀ ਕਹਿਣ "ਦੀਵਾਲੀ ਹੈ ਨਾ, ਇਸ ਕਰਕੇ ਕਰਨਾ ਪੈਂਦਾ ਹੈ" ਮੈਨੂੰ ਪਹਿਲਾਂ ਸਮਝ ਨਾ ਲਗਿਆ ਕਰੇ ਕਿ ਦੀਵਾਲੀ ਦਾ ਤਲਾਸ਼ੀ ਨਾਲ ਕੀ ਸਬੰਧ ਹੋਇਆ? ਫਿਰ ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਦੀਵਾਲੀ ਵਾਲੇ ਦਿਨ ਲੋਕ ਪੀਣ ਲਈ ਸ਼ਰਾਬ ਇਕੱਠੀ ਕਰਦੇ ਰਹਿੰਦੇ ਹਨ ਜਾਂ ਹੋਰ ਨਸ਼ੇ ਵਾਲੀਆਂ ਚੀਜ਼ਾਂ ਭੰਗ ਵਗੈਰਾ ਲੈ ਆਉਂਦੇ ਹਨ, ਇਸ ਲਈ ਤਲਾਸ਼ੀ ਹੁੰਦੀ ਹੈ। ਪਰ ਚਾਰਲਸ ਦੇ ਦੌੜਨ ਤੋਂ ਬਾਅਦ ਤਾਂ ਬਹੁਤ ਪਾਬੰਦੀਆਂ ਲੱਗੀਆਂ ਹਨ। ਪਹਿਲਾਂ ਤਾਂ ਕਹਿੰਦੇ ਹਨ ਇਹ ਜੇਲ੍ਹ ਘੱਟ ਸੀ ਤੇ ਪਿਕਨਿਕ ਦੀ ਥਾਂ ਜ਼ਿਆਦਾ। ਬੰਦੀ ਵੀ ਦੁਪਹਿਰ ਦੀ ਨਹੀਂ ਸੀ ਹੁੰਦੀ (ਹੁਣ 12 ਵਜੇ ਤੋਂ 3 ਵਜੇ ਤੱਕ ਹੁੰਦੀ ਹੈ) ਹੁੰਦੀ ਤਾਂ ਉਦੋਂ ਵੀ ਸੀ, ਪਰ ਕੋਈ ਜਿਹੜੇ ਮਰਜੀ ਵਾਰਡ ਵਿਚ ਬੰਦ ਹੋ ਜਾਵੇ ਕੋਈ ਨਹੀਂ ਸੀ ਪੁੱਛਦਾ। ਰਾਤ ਵਾਲੀ ਬੰਦੀ ਦੀ ਗਿਣਤੀ ਹੁੰਦੀ ਸੀ, ਦੁਪਹਿਰ ਵਾਲੀ ਦੀ ਨਹੀਂ। ਸਮੈਕ ਤਾਂ ਅਜੇ ਵੀ ਬਥੇਰੀ ਵਿਕਦੀ ਹੈ। ਇਸ ਦੀ ਕੀਮਤ ਵੀ ਇਕ ਕਿਲੋ ਦੀ ਸ਼ਾਇਦ ਲੱਖਾਂ ਰੁਪਏ ਵਿਚ ਹੁੰਦੀ ਹੈ।

ਬੱਚਾ ਵਾਰਡ ਵਿਚ ਅਠਾਰਾਂ ਸਾਲ ਤੱਕ ਦੇ ਮੁੰਡਿਆਂ ਨੂੰ ਰੱਖਿਆ ਜਾਂਦਾ ਹੈ। ਇਨ੍ਹਾਂ ਦੇ ਖੇਡਣ ਦਾ ਬਹੁਤ ਪ੍ਰਬੰਧ ਹੈ, ਪੜ੍ਹਾਈ ਕਰਾਉਣ ਦਾ ਵੀ ਪ੍ਰਬੰਧ ਹੈ। ਆਮ ਤੌਰ 'ਤੇ ਜੇਬ ਕਤਰੇ ਜ਼ਿਆਦਾ ਆਉਂਦੇ ਹਨ। ਪਰ ਕਈ ਵਾਰ ਦੂਜੇ ਵੀ ਆਉਂਦੇ ਹਨ। ਜੇ ਕੋਈ ਸੰਗੀਨ ਗਲਤੀ ਕਰੇ, ਜਿਵੇਂ ਕੁਕਰਮ ਵਗੈਰਾ ਤਾਂ ਸਿਰ ਰਗੜ ਕੇ ਮੁੰਨ ਦੇਂਦੇ ਹਨ। ਅਫ਼ਸਰ ਵੀ ਆਮ ਤੌਰ 'ਤੇ ਆਉਂਦੇ ਹੀ ਰਹਿੰਦੇ ਹਨ, ਕਿਉਂਕਿ ਬੱਚੇ ਹਨ ਉਨ੍ਹਾਂ ਦੀਆਂ ਆਦਤਾਂ ਹਟਾਉਣ ਵੱਲ ਜ਼ਿਆਦਾ ਧਿਆਨ ਦੇਂਦੇ ਹਨ। ਇਕ ਮੁੰਡਾ ਨਰੰਗ ਸਾਹਿਬ ਦਾ ਸ਼ਾਇਦ ਭਤੀਜਾ ਹੈ, ਕਤਲ ਕੇਸ ਵਿਚ ਅੰਦਰ ਆਇਆ ਹੋਇਆ ਹੈ, ਬਹੁਤ ਹੀ ਮੋਟਾ ਹੈ। ਅਸਾਂ ਉਸ ਨੂੰ ਕਹਿ ਰੱਖਿਆ ਹੈ ਕਿ ਖੁਰਾਕ ਜਿੰਨੀ ਮਰਜੀ ਸਾਡੇ ਕੋਲੋਂ ਲੈ ਲਿਆ ਕਰ, ਪਰ ਤੈਨੂੰ ਏਂਦੂ ਪਤਲਾ ਨਹੀਂ ਹੋਣ ਦੇਣਾ। ਹਾਥੀ ਦੇ ਬੱਚੇ ਵਰਗਾ ਹੈ। ਆਮ ਆਦਮੀ ਤਿੰਨ ਰੋਟੀਆਂ ਖਾ ਨਹੀਂ ਸਕਦਾ ਪਰ ਜੇ ਖਾ ਵੀ ਲਵੇ ਤਾਂ ਰੱਜ ਜਾਂਦਾ ਹੈ। ਇਹ ਕਾਫੀ ਖੁਰਾਕ ਹੈ, ਕਿਉਂਕਿ 560 ਗ੍ਰਾਮ ਆਟੇ ਦੀਆਂ ਰੋਟੀਆਂ ਬਣਦੀਆਂ ਹਨ, ਪਰ ਇਹ ਬੱਚੇ ਇਸ ਤੋਂ ਵੀ ਵੱਧ ਖਾ ਜਾਂਦੇ ਹਨ। ਸਾਰਾ ਦਿਨ ਖੇਡਦੇ ਜੋ ਰਹਿੰਦੇ ਹਨ। ਇਸ ਲਈ ਇਨ੍ਹਾਂ ਨੂੰ ਭੋਖੜਾ ਪਿਆ ਹੀ ਰਹਿੰਦਾ ਹੈ। ਜਦੋਂ ਜੇਲ੍ਹ ਵਾਲੇ ਸਾਡਾ ਕੱਚਾ ਰਾਸ਼ਨ ਨਹੀਂ ਸਨ ਦੇਂਦੇ ਤਾਂ ਸਾਡੀਆਂ ਰੋਟੀਆਂ ਵੀ ਬੱਚਾ ਵਾਰਡ ਨੂੰ ਭੇਜ ਦੇਂਦੇ ਸਨ। ਹਰ ਵਾਰਡ ਵਿਚ ਰੋਟੀਆਂ ਫਾਲਤੂ ਬਚਦੀਆਂ ਹਨ। ਪਰ ਬੱਚਿਆਂ ਦੇ ਵਾਰਡ ਵਿਚ ਨਹੀਂ ਬਚਦੀਆਂ। ਪਰ ਕਹਿੰਦੇ ਹਨ ਇਕ ਵਾਰ ਕੈਦੀ ਨੇ ਅਦਾਲਤ ਵਿਚ ਦਰਖਾਸਤ ਕਰਕੇ ਬੇਨਤੀ ਕੀਤੀ ਕਿ ਤਿੰਨਾਂ ਰੋਟੀਆਂ ਨਾਲ ਮੇਰਾ ਕੁਝ ਨਹੀਂ ਬਣਦਾ ਤੇ ਮੈਂ ਭੁੱਖਾ ਰਹਿੰਦਾ ਹਾਂ। ਰਾਤ ਨੂੰ ਮੈਂ ਆਪਣੇ ਢਿੱਡ ਵਿਚ ਮੁਕੀਆਂ ਦੇ ਕੇ ਸੌਂਦਾ ਹਾਂ। ਪਰ ਭੁੱਖੇ ਨੂੰ ਨੀਂਦ ਫਿਰ ਵੀ ਨਹੀਂ ਆਉਂਦੀ। ਮਿਹਰਬਾਨੀ

ਕਰਕੇ ਮੈਨੂੰ ਛੇ ਰੋਟੀਆਂ ਦਿੱਤੀਆਂ ਜਾਣ। ਜੱਜ ਨੇ ਜੇਲ੍ਹ ਵਾਲਿਆਂ ਨੂੰ ਹੁਕਮ ਦਿੱਤਾ ਕਿ ਇਸ ਨੂੰ ਰਜਵੀਂ ਰੋਟੀ ਦਿਆ ਕਰੋ ਪਰ ਇਸ ਤਰ੍ਹਾਂ ਦਾ ਕੇਸ ਇਕੋ ਹੀ ਹੋਇਆ ਹੈ। ਅੱਜ ਕੱਲ੍ਹ ਏਥੇ ਬੱਚਿਆਂ ਦੇ ਵਾਰਡ ਦੇ ਮੁਨਸ਼ੀ ਲਰਕਿਨ ਭਰਾ ਹਨ। ਇਹ ਦੋਵੇਂ ਭਰਾ ਭਾਰਤ ਦੇ ਫੌਜੀ ਗੁਪਤ ਭੇਦ ਵਿਦੇਸ਼ਾਂ ਨੂੰ ਦੇਣ ਕਰਕੇ ਦਸ-ਦਸ ਸਾਲ ਦੀ ਕੈਦ ਕੱਟ ਰਹੇ ਹਨ।

ਸੁੱਚਾ ਸਿੰਘ ਟਰੈਵਲ ਏਜੰਟ

ਸਾਨੂੰ ਜੇਲ੍ਹ ਵਿਚ ਗਿਆਂ ਅਜੇ ਕੁਝ ਦਿਨ ਹੀ ਹੋਏ ਸਨ ਕਿ ਵਾਰਡ ਨੰਬਰ ਤੇਰ੍ਹਾਂ ਵਿਚ ਸੁੱਚਾ ਸਿੰਘ ਟਰੈਵਲ ਏਜੰਟ ਤੇ ਦੋ ਤਿੰਨ ਬੰਦੇ ਹੋਰ ਆ ਗਏ। ਦੋ ਖਾੜਕੂ ਨੌਜਵਾਨਾਂ ਨੂੰ ਗਲਤ ਪਾਸਪੋਰਟਾਂ ਤੇ ਗਲਤ ਨਾਵਾਂ 'ਤੇ ਅਮਰੀਕਾ ਭੇਜਣ ਦਾ ਦੋਸ਼, ਸੁੱਚਾ ਸਿੰਘ ਦੇ ਸਿਰ ਸੀ। ਸੁੱਚਾ ਸਿੰਘ ਟਰੈਵਲ ਏਜੰਟ ਭਾਰਤ ਦੇ ਪੰਜ ਸੱਤ ਚੁਣੇ ਹੋਏ ਟਰੈਵਲਿੰਗ ਏਜੰਟਾਂ ਵਿਚੋਂ ਇਕ ਹੈ। ਇਸ ਦਾ ਪਿੰਡ ਜਲੰਧਰ ਜਿਲੇ ਵਿਚ ਨੂਰਮਹਿਲ ਦੇ ਲਾਗੇ ਹੈ ਤੇ ਕੰਬੋਅ ਬਰਾਦਰੀ ਨਾਲ ਸਬੰਧ ਰੱਖਦਾ ਹੈ। ਪਹਿਲਾਂ ਬੱਸ ਕੰਡਕਟਰ ਸੀ ਪਰ ਇਸ ਟਰੈਵਲਿੰਗ ਧੰਦੇ ਵਿਚ ਪੈ ਕੇ ਬਹੁਤ ਅਗੇ ਨਿਕਲ ਗਿਆ। ਇਸ ਨੇ ਜਲੰਧਰ ਸ਼ਹਿਰ ਦੇ ਨਾਲ ਹੀ ਬਸਤੀ ਦਾਨਸ਼ਮੰਦਾ ਵਿਚ ਪ੍ਰੇਮ ਵਿਆਹ ਕਰਵਾਇਆ ਸੀ। ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਟਰੈਵਲ ਏਜੰਟ ਬਾਹਰ ਭੇਜਣ ਵਾਲੇ ਕੇਸ ਇਸ ਕੋਲ ਲੈ ਕੇ ਜਾਂਦੇ ਹਨ ਤੇ ਇਹ ਅੱਗੋਂ ਉਨ੍ਹਾਂ ਨੂੰ ਬਾਹਰ ਭੇਜਦਾ ਹੈ। ਇਸ ਤਰ੍ਹਾਂ ਉਹ ਸਾਰੇ ਤਾਂ ਇਸ ਦੇ ਨਾਲ ਸਹਾਇਕਾਂ ਵਜੋਂ ਕੰਮ ਕਰਦੇ ਸਨ। ਇਨ੍ਹਾਂ ਦੋਨੋਂ ਨੌਜਵਾਨਾਂ ਭਾਈ ਰਣਜੀਤ ਸਿੰਘ ਕੁੱਕੀ ਤੇ ਸੁਖਦੇਵ ਸਿੰਘ ਸੁੱਖੀ ਨੂੰ ਵੀ ਕੋਈ ਛੋਟਾ ਟਰੈਵਲ ਏਜੰਟ ਸੁੱਚਾ ਸਿੰਘ ਕੋਲ ਲੈ ਕੇ ਆਇਆ। ਸੁੱਚਾ ਸਿੰਘ ਨੇ ਉਨ੍ਹਾਂ ਦੋਹਾਂ ਨੂੰ ਪੁਛਿਆ, "ਕਿੰਨੇ ਦਿਨਾਂ ਵਿਚ ਜਹਾਜੇ ਚੜਨਾ ਚਾਹੁੰਦੇ ਹੋ? ਉਸੇ ਹਿਸਾਬ ਨਾਲ ਹੀ ਪੈਸੇ ਦੱਸਾਂ।" ਉਨ੍ਹਾਂ ਪੁਛਿਆ, "ਤੁਸੀਂ ਛੇਤੀ ਤੋਂ ਛੇਤੀ ਕਦੋਂ ਭੇਜ ਸਕਦੇ ਹੋ?" ਸੁੱਚਾ ਸਿੰਘ ਨੇ ਕਿਹਾ ਮੈਂ ਤਾਂ ਅੱਜ ਸ਼ਾਮ ਤੱਕ ਵੀ ਭੇਜ ਸਕਦਾ ਹਾਂ ਤੇ ਇਸ ਤਰ੍ਹਾਂ ਉਸ ਨੇ ਜਹਾਜ ਦੀ ਫਲਾਈਟ ਦਾ ਨੰਬਰ ਤੇ ਸਮਾਂ ਦੱਸਿਆ। ਦੋਹਾਂ ਨੇ ਹੀ ਪੁਛਿਆ, "ਪੈਸੇ ਕਿੰਨੇ ਲਉਗੇ?" ਸੁੱਚਾ ਸਿੰਘ ਨੇ ਦੱਸ ਦਿੱਤੇ ਤਾਂ ਉਨ੍ਹਾਂ ਕਿਹਾ, "ਠੀਕ ਹੈ, ਆਹ ਫੜੋ ਪੈਸੇ ਤੇ ਭੇਜਣ ਦਾ ਪ੍ਰਬੰਧ ਕਰੋ।" ਸੁੱਚਾ ਸਿੰਘ ਸਭ ਪ੍ਰਬੰਧ ਕਰਕੇ, ਉਨ੍ਹਾਂ ਨੂੰ ਹਵਾਈ ਅੱਡੇ 'ਤੇ ਲੈ ਗਿਆ।

ਬੋਰਡਿੰਗ ਵਗੈਰਾ ਲੈਂਦਿਆਂ ਕਰਦਿਆਂ ਨੂੰ ਐਵੇਂ ਕੁਝ ਮਿੰਟ ਲੇਟ ਹੋ ਗਏ, ਜਦੋਂ ਵਿਜ਼ਟਰ ਗੈਲਰੀ ਵਿਚੋਂ ਅੱਗੇ ਗਏ ਤਾਂ ਜਹਾਜ਼ ਦਾ ਦਰਵਾਜਾ ਬੰਦ ਹੋ ਚੁੱਕਾ ਸੀ ਤੇ ਪੌੜੀ ਵੀ ਥੋੜੀ ਜਿਹੀ ਜਹਾਜ਼ ਨਾਲੋਂ ਖਿਚੀ ਗਈ ਸੀ ਪਰ ਸੁੱਚਾ ਸਿੰਘ ਦੇ ਹੱਥ ਰਲੇ ਹੋਏ ਸਨ ਇਸ ਲਈ ਪੌੜੀ ਵੀ ਦੁਬਾਰਾ ਲੱਗ ਗਈ ਤੇ ਦਰਵਾਜਾ ਵੀ ਖੁੱਲ੍ਹ ਗਿਆ ਤੇ ਦੋਵੇਂ ਜਹਾਜ਼ ਵਿਚ ਬੈਠਾ ਦਿੱਤੇ, ਤੇ ਉਹ ਉਡ ਗਏ। ਗੱਲ ਖਤਮ ਹੋ ਗਈ। ਕੋਈ ਤਿੰਨ ਚਾਰ ਮਹੀਨੇ ਬਾਅਦ ਉਹ ਦੋਵੇਂ ਅਮਰੀਕਾ ਵਿਚ ਇੰਟਰਪੋਲ ਵਲੋਂ ਫੜੇ ਗਏ ਤੇ ਇਸ ਤਰ੍ਹਾਂ ਉਨ੍ਹਾਂ ਦੀ ਭਾਰਤ ਤੋਂ ਬਾਹਰ ਕਿਸ ਤਰ੍ਹਾਂ ਗਏ ਦੀ ਪੜਤਾਲ ਖੁੱਲ੍ਹ ਗਈ। ਕਿਉਂਕਿ ਆਈ.ਬੀ. (ਇੰਨਟੈਲੀਜੈਂਸ ਬਿਉਰੋ) ਤੇ ਸੀ.ਬੀ.ਆਈ. (ਸੈਂਟਰਲ ਬਿਉਰੋ ਆਫ ਇਨਵੇਸਟੀਗੇਸ਼ਨ) ਰਾਅ (RAW, Research and Analysis Wing) ਤੇ ਕਈ ਹੋਰ ਖੁਫੀਆ ਏਜੰਸੀਆਂ ਹਰ ਵੱਕਤ ਭਾਰਤ ਤੋਂ ਬਾਹਰ ਜਾਣ ਵਾਲੇ ਲੋਕਾਂ 'ਤੇ ਕਰੜੀ ਨਜ਼ਰ ਰੱਖਦੀਆਂ ਹਨ। ਹਰ ਹਵਾਈ ਅੱਡੇ 'ਤੇ ਰੈੱਡ ਅਲਰਟ ਹੈ ਤੇ ਭਾਰਤ ਸਰਕਾਰ ਏਥੋਂ ਹੀ ਹੈਰਾਨ ਸੀ ਕਿ ਇਹ ਦੋਵੇਂ

ਬਾਹਰ ਭੇਜਣ ਵਿਚ ਕਿਵੇਂ ਸਫਲ ਹੋਏ? ਕਿਉਂਕਿ ਇਨ੍ਹਾਂ ਦੋਹਾਂ ਉੱਤੇ ਹੀ ਭਾਰਤ ਵਿਚ ਬਹੁਤ ਵੱਡੇ ਵੱਡੇ ਕੇਸ ਸਨ ਤੇ ਇਨ੍ਹਾਂ ਨੇ ਇਕ ਵਾਰ ਭਾਰਤ ਨੂੰ ਹਿਲਾ ਕੇ ਰੱਖ ਦਿੱਤਾ ਸੀ। ਸਾਰੀਆਂ ਏਜੰਸੀਆਂ ਨੇ ਦਿੱਲੀ ਹਵਾਈ ਅੱਡੇ ਦਾ ਪਿਛਲੇ ਚਾਰ ਮਹੀਨਿਆਂ ਤੋਂ ਜਾਣ ਵਾਲੇ ਮੁਸਾਫਰਾਂ ਦਾ ਇਕੱਲਾ ਇਕੱਲਾ ਰੀਕਾਰਡ ਵੇਖ ਮਾਰਿਆ ਪਰ ਕੁਝ ਪਤਾ ਨਾ ਲੱਗਾ। ਜਾਅਲੀ ਨਾਂ, ਜਾਅਲੀ ਪਾਸਪੋਰਟ। ਲੱਖਾਂ ਲੋਕਾਂ ਏਨੇ ਚਿਰ ਵਿਚ ਸਫਰ ਕੀਤਾ, ਪਤਾ ਕੀ ਲੱਗਣਾ ਸੀ?

ਸਾਰੀਆਂ ਏਜੰਸੀਆਂ ਨੇ ਹਵਾਈ ਅੱਡੇ ਦੇ ਸਟਾਫ ਦੀ ਇਕ ਵਧਿਓਂ ਚੈਕਿੰਗ ਸ਼ੁਰੂ ਕੀਤੀ। ਬੋਰਡਿੰਗ ਤੇ ਇਮੀਗਰੇਸ਼ਨ ਦੇ ਸਾਰੇ ਅਫਸਰ ਸਮੇਤ ਚਪੜਾਸੀਆਂ ਤੱਕ ਕਾਬੂ ਕਰਕੇ ਪੁੱਛ ਗਿੱਛ ਹੋਈ। ਇਕ ਚਪੜਾਸੀ ਨੂੰ, ਜੋ ਉਸ ਦਿਨ ਹਵਾਈ ਅੱਡੇ 'ਤੇ ਮੌਜੂਦ ਸੀ, ਸੁੱਚਾ ਸਿੰਘ ਵਲੋਂ ਜਹਾਜ ਨਾਲੋਂ ਲੱਥੀ ਹੋਈ ਪੌੜੀ ਦੁਬਾਰਾ ਲੁਆਉਣ ਤੇ ਬੰਦ ਦਰਵਾਜਾ ਖੁਲਵਾਉਣ ਦੀ ਗੱਲ ਯਾਦ ਆ ਗਈ। ਇਹ ਗੱਲ ਸਰਸਰੀ ਹੀ ਉਸ ਨੇ ਆਪਣੇ ਇਮੀਗਰੇਸ਼ਨ ਅਫਸਰ ਨੂੰ ਦੱਸੀ ਤੇ ਪੁੱਛ ਗਿੱਛ ਵਿਚ ਇਹ ਘਟਨਾ ਵੀ ਸ਼ਾਮਲ ਕਰ ਲਈ ਗਈ। ਜਦੋਂ ਚਾਰ ਚੁਫੇਰਿਓਂ ਖੁਰਾ ਨਪਿਆ ਗਿਆ ਤਾਂ ਇਹ ਗੱਲ ਸਾਹਮਣੇ ਆ ਗਈ ਕਿ ਇਹ ਦੋਵੇਂ ਬੰਦੇ ਸੁੱਚਾ ਸਿੰਘ ਟਰੈਵਲ ਏਜੰਟ ਨੇ ਹੀ ਚੜ੍ਹਾਏ ਸਨ ਤੇ ਇਸ ਤਰ੍ਹਾਂ ਸੁੱਚਾ ਸਿੰਘ ਤੇ ਉਸ ਦੇ ਸਹਾਇਕ ਟਰੈਵਲ ਏਜੰਟ, ਜਿਹੜੇ ਉਨ੍ਹਾਂ ਦੋਹਾਂ ਨੂੰ ਸੁੱਚਾ ਸਿੰਘ ਕੋਲ ਲੈ ਕੇ ਆਏ ਸਨ ਵੀ ਫੜੇ ਗਏ। ਦਿੱਲੀ ਦੀ ਕ੍ਰਾਈਮ ਬਰਾਂਚ ਨੂੰ ਇਹ ਕੇਸ ਸੌਂਪ ਦਿੱਤਾ ਗਿਆ। ਸੁੱਚਾ ਸਿੰਘ ਦੇ ਸਹਾਇਕਾਂ ਨੇ ਤਾਂ ਕਿਹਾ ਕਿ ਅਸੀਂ ਦੋ ਨੌਜਵਾਨਾਂ ਨੂੰ ਆਪਣੇ ਵੱਡੇ ਸਾਹਿਬ ਸੁੱਚਾ ਸਿੰਘ ਕੋਲ ਲੈ ਗਏ ਸੀ ਬਾਕੀ ਉਸ ਨੂੰ ਪਤਾ ਹੋਵੇਗਾ। ਸੁੱਚਾ ਸਿੰਘ ਨੇ ਕਿਹਾ, "ਮੇਰਾ ਲੋਕਾਂ ਨੂੰ ਬਾਹਰ ਭੇਜਣ ਦਾ ਧੰਦਾ ਹੈ। ਇਨ੍ਹਾਂ ਦੋਹਾਂ ਦੀਆਂ ਟਿਕਟਾਂ ਹੀ ਮੈਂ ਖਰੀਦ ਕਰਨ ਵਿਚ, ਇਨ੍ਹਾਂ ਦੀ ਸਹਾਇਤਾ ਕੀਤੀ ਹੈ, ਹੋਰ ਮੈਨੂੰ ਕਿਸੇ ਗੱਲ ਦਾ ਪਤਾ ਨਹੀਂ ਕਿ ਉਨ੍ਹਾਂ ਪਾਸਪੋਰਟ ਕਿਥੋਂ ਲਏ ਤੇ ਕਿਥੋਂ ਨਹੀਂ।" ਪਰ ਉਦੋਂ ਕਿਉਂਕਿ ਹਰ ਗੱਲ ਵਿਚ ਹੀ ਟਾਡਾ ਐਕਟ ਲੱਗ ਜਾਂਦਾ ਸੀ ਇਸ ਲਈ ਇਸ ਐਕਟ ਦੀ ਧਾਰਾ ਤਿੰਨ ਬਟੇ ਚਾਰ ਥੱਲੇ ਇਹ ਕੇਸ ਦਰਜ ਹੋਇਆ ਕਿ ਇਨ੍ਹਾਂ ਨੇ ਅੱਤਵਾਦੀਆਂ ਨੂੰ ਬਾਹਰ ਭੇਜਣ ਵਿਚ ਸਹਾਇਤਾ ਕੀਤੀ ਹੈ।

ਜੇਲ੍ਹ ਵਿਚ ਆ ਕੇ, ਇਨ੍ਹਾਂ ਨੇ ਵੀ, ਇਕ ਮਸ਼ਹੂਰ ਵਕੀਲ, ਜਿਹੜਾ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਦਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦਾ ਮੁਕੱਦਮਾ ਲੜ ਰਿਹਾ ਹੈ, ਮਿਸਟਰ ਪੀ.ਐਨ. ਲੇਖੀ ਨੂੰ, ਚਾਰ ਲੱਖ ਰੁਪਿਆ ਫੀਸ ਦੇ ਕੇ ਕਰ ਲਿਆ। ਇੰਦਰਾ ਗਾਂਧੀ ਵਾਲਾ ਕੇਸ ਲੜਨ ਕਰਕੇ ਉਹ ਏਨਾ ਘੁਮੰਡੀ ਹੋ ਗਿਆ ਸੀ ਕਿ ਉਸ ਨੇ ਚਾਰ ਲੱਖ ਤੋਂ ਘੱਟ ਫੀਸ ਇਸ ਕਰਕੇ ਮਨਜ਼ੂਰ ਨਾ ਕੀਤੀ, ਕਿਉਂਕਿ ਉਸ ਨੂੰ ਹੇਠਲੀ ਅਦਾਲਤ ਦੇ ਇਕ ਜੱਜ ਕੋਲ ਪੇਸ਼ ਹੋਣਾ ਪੈਣਾ ਸੀ ਤੇ ਇਹ ਗੱਲ ਉਸ ਦੇ ਰੁਤਬੇ ਤੇ ਭਾਰਤ ਭਰ ਵਿਚ ਚੋਟੀ ਦਾ ਵਕੀਲ ਬਣ ਜਾਣ ਕਰਕੇ ਵਾਰਾ ਨਹੀਂ ਸੀ ਖਾਂਦੀ। ਪਰ ਉਸ ਦੇ ਇਸ ਘੁਮੰਡ ਤੇ ਵੱਡਾ ਵਕੀਲ ਬਣ ਜਾਣ ਵਾਲੇ ਭੁਲੇਖੇ ਨੇ ਸੁੱਚਾ ਸਿੰਘ ਨੂੰ ਡੇਢ ਸਾਲ ਕੈਦ ਕਰਵਾ ਦਿੱਤਾ। ਇਹ ਉਸ ਵਕੀਲ ਪੀ.ਐਨ. ਲੇਖੀ ਦੀ ਗਲਤੀ ਕਰਕੇ ਹੋਇਆ।

ਜਦੋਂ ਸੁੱਚਾ ਸਿੰਘ ਜੇਲ੍ਹ ਆ ਗਿਆ ਤਾਂ ਉਸ ਦੇ ਵਕੀਲ ਨੇ ਕੇਸ ਨੂੰ ਖਾਰਜ ਕਰਨ ਦੀ ਅਰਜੀ ਦਿੱਤੀ। ਤੀਜੇ ਦਿਨ ਹੀ ਤਾਰੀਖ 'ਤੇ ਬਹਿਸ ਹੋਈ ਤਾਂ ਪੀ.ਐਨ. ਲੇਖੀ ਨੇ ਜੱਜ

ਨੂੰ ਕਿਹਾ ਇਸ ਕੇਸ ਵਿਚ ਜਦੋਂ ਹੈ ਹੀ ਕੁਝ ਨਹੀਂ ਤਾਂ ਫਿਰ ਇਸ ਐਫ.ਆਈ.ਆਰ. ਨੂੰ ਖਾਰਜ ਕਰ ਦਿੱਤਾ ਜਾਵੇ। ਪਰ ਜੱਜ ਨੇ ਕਿਹਾ, "ਲੇਖੀ ਸਾਹਿਬ, ਖਾਰਜ ਤਾਂ ਅੱਜ ਨਹੀਂ ਕਰਦੇ, ਚਲੋ ਇਨ੍ਹਾਂ ਮੁਲਜ਼ਮਾਂ ਦੀ ਜ਼ਮਾਨਤ ਕਰ ਦੇਂਦੇ ਹਾਂ।" ਪਰ ਲੇਖੀ ਅੜ ਗਿਆ ਕਿ ਨਹੀਂ ਕੇਸ ਖਾਰਜ ਹੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਦਿਆਂ ਕਰਦਿਆਂ ਜੱਜ ਨੇ ਦੂਜੇ ਦਿਨ ਦੀ ਤਾਰੀਖ ਪਾ ਦਿੱਤੀ। ਦੂਜੇ ਦਿਨ ਜਦੋਂ ਬਹਿਸ ਸ਼ੁਰੂ ਹੋਈ ਤਾਂ ਸਰਕਾਰੀ ਵਕੀਲ ਨੇ ਟਾਡਾ ਦੇ ਕਾਨੂੰਨ ਦਾ ਵੀਹਾਂ ਕੁ ਵਰਕਿਆਂ ਦਾ ਕੈਦਾ ਜਿਹਾ ਲਿਆ ਕੇ ਜੱਜ ਦੀ ਮੇਜ 'ਤੇ ਰੱਖ ਦਿੱਤਾ ਤੇ ਕਿਹਾ, "ਜਨਾਬ ਜੱਜ ਸਾਹਿਬ, ਤੁਸੀਂ ਪੁਲਿਸ ਦੀ ਮਰਜ਼ੀ ਤੋਂ ਬਿਨਾ ਇਕ ਸਾਲ ਤੱਕ ਜਮਾਨਤ ਲੈਣ ਦਾ ਅਖਤਿਆਰ ਹੀ ਨਹੀਂ ਰੱਖਦੇ। ਇਸ ਲਈ ਕਿਰਪਾ ਕਰਕੇ ਇਸ ਕੇਸ ਦੀ ਅਗਲੀ ਪੇਸ਼ੀ ਪਾ ਦਿੱਤੀ ਜਾਵੇ।" ਜੱਜ ਨੇ ਉਹ ਪੜ੍ਹਿਆ ਤੇ ਸਿਰ ਹਿਲਾ ਕੇ ਪੁਲਿਸ ਦੀ ਗੱਲ ਮੰਨ ਕੇ ਅਗਲੀ ਤਾਰੀਖ ਪਾ ਦਿੱਤੀ। ਲੇਖੀ ਵਿਹਦਾਂ ਹੀ ਰਹਿ ਗਿਆ। ਇਸ ਕੇਸ ਵਿਚ ਮਜੇਦਾਰ ਗੱਲ ਇਹ ਸੀ ਕਿ ਇਹ ਟਾਡਾ ਐਕਟ ਨਵਾਂ ਹੋਣ ਕਰਕੇ ਨਾ ਲੇਖੀ ਨੇ ਪੜ੍ਹਿਆ ਸੀ ਨਾ ਜੱਜ ਨੇ ਤੇ ਨਾ ਹੀ ਸਰਕਾਰੀ ਵਕੀਲ ਨੇ ਇਸ 'ਤੇ ਧਿਆਨ ਦਿੱਤਾ ਸੀ। ਜੇ ਪਹਿਲੇ ਦਿਨ ਜ਼ਮਾਨਤ ਹੋ ਜਾਂਦੀ ਤਾਂ ਹੋ ਜਾਂਦੀ ਕਿਸੇ ਨੇ ਪੁਛਣਾ ਤੱਕ ਨਹੀਂ ਸੀ ਪਰ ਜਦੋਂ ਨਵਾਂ ਚੰਦ ਚੜ੍ਹ ਗਿਆ ਤਾਂ ਡੇਢ ਸਾਲ ਸੁੱਚਾ ਸਿੰਘ ਤੇ ਸਾਥੀ ਜੇਲ੍ਹ ਵਿਚ ਰੁਲੇ। ਪੀ.ਐਨ. ਲੇਖੀ ਤੋਂ ਉਸ ਦੇ ਸਾਇਲਾਂ ਦਾ ਏਨਾ ਦਿਲ ਖੱਟਾ ਹੋਇਆ ਕਿ ਉਨ੍ਹਾਂ ਮੁੜ ਕੇ ਉਸ ਨੂੰ ਬੁਲਾਇਆ ਤੱਕ ਨਾ ਤੇ ਚਾਰ ਲੱਖ ਰੁਪਈਆ ਵੀ ਭੰਗ ਦੇ ਭਾੜੇ ਗਿਆ। ਬਾਅਦ ਵਿਚ ਉਨ੍ਹਾਂ ਇਕ ਅਮਰ ਸਿੰਘ ਚਾਹਲ ਨਾਂ ਦਾ ਵਕੀਲ ਕੀਤਾ, ਜਿਸ ਨੇ ਤਿੰਨ ਹਜ਼ਾਰ ਰੁਪਏ ਫੀਸ ਲਈ ਤੇ ਉਨ੍ਹਾਂ ਦੀਆਂ ਤਾਰੀਖਾਂ 'ਤੇ ਵੀ ਆਉਂਦਾ ਰਿਹਾ ਤੇ ਉਨ੍ਹਾਂ ਦੀ ਜਮਾਨਤ ਵੀ ਕਰਵਾਈ। ਪਰ ਡੇਢ ਸਾਲ ਬਾਅਦ।

ਡੀ.ਪੀ. ਸਿੰਘ ਦਾ ਜੇਲ੍ਹ 'ਚ ਆਉਣਾ

ਡੀ.ਪੀ. ਸਿੰਘ ਜੋ ਸੀ.ਬੀ.ਆਈ. ਦਾ ਡਿਪਟੀ ਸੁਪਰਡੈਂਟ ਹੈ 27 ਅਕਤੂਬਰ ਨੂੰ ਅਦਾਲਤ ਦੀ ਇਜਾਜ਼ਤ ਲੈ ਕੇ ਜੇਲ੍ਹ ਵਿਚ ਪੁੱਛਗਿੱਛ ਕਰਨ ਲਈ ਆਇਆ। ਇਸ ਕੇਸ ਵਿਚ ਉਹ ਸਾਡਾ ਪੜਤਾਲੀਆ ਅਫ਼ਸਰ ਹੈ। ਦੁਪਹਿਰ ਨੂੰ ਸਾਡੀ ਬੰਦੀ ਅਜੇ ਹੋਈ ਹੀ ਸੀ, ਡਿਓਢੀ ਵਿਚੋਂ ਪਰਚਾ ਆ ਗਿਆ। 'ਬਰਾਏ ਤਮੀਲ ਡਿਓਢੀ' ਇਹ ਵਕਤ ਮੁਲਾਕਾਤ ਦਾ ਨਹੀਂ ਸੀ, ਕਿਉਂਕਿ ਸਾਡੀ ਮੁਲਾਕਾਤ ਸਾਰਿਆਂ ਤੋਂ ਵੱਖਰੀ, ਬਾਅਦ ਵਿਚ ਹੁੰਦੀ ਹੈ। ਜਦੋਂ ਸਾਡੀ ਮੁਲਾਕਾਤ ਦਾ ਸਮਾਂ ਹੋਵੇ ਉਦੋਂ ਲਾਗੇ ਤਾਗੇ ਚਿੜੀ ਤੱਕ ਨਹੀਂ ਫਟਕਦੀ ਤੇ ਇਹ ਸਮਾਂ ਸਾਢੇ ਯਾਰਾਂ ਤੋਂ ਸਾਢੇ ਬਾਰਾਂ ਤੱਕ ਦਾ ਹੈ। ਸਾਨੂੰ ਯਾਰਾਂ ਕੁ ਵਜੇ ਪਤਾ ਲੱਗਦਾ ਹੈ ਕਿ ਅੱਜ ਫਲਾਣੇ ਦੀ ਮੁਲਾਕਾਤ ਆਈ ਹੈ, ਪਰ ਇਹ ਬਾਰਾਂ ਵਜੇ ਤਾਂ ਮੁਲਾਕਾਤ ਦਾ ਸਮਾਂ ਹੋ ਹੀ ਨਹੀਂ ਸੀ ਸਕਦਾ। ਪਰ ਮੈਂ ਇਹ ਹੀ ਸਮਝਿਆ ਕਿ ਸਾਡੀਆਂ ਦਰਖਾਸਤਾਂ ਵਗੈਰਾ ਜੇਲ੍ਹ ਅਫ਼ਸਰਾਂ ਨਾਲ ਚੱਲਦੀਆਂ ਹੀ ਰਹਿੰਦੀਆਂ ਹਨ, ਸ਼ਾਇਦ ਇਸ ਮਾਮਲੇ ਵਿਚ ਮੈਨੂੰ ਬੁਲਾਇਆ ਹੈ। ਸੋ ਮੈਂ ਪੱਗ ਵਗੈਰਾ ਬੰਨ੍ਹ ਕੇ ਤਿਆਰ ਹੋ ਕੇ ਡਿਓਢੀ ਗਿਆ ਤਾਂ ਅੱਗੇ ਡੀ.ਪੀ. ਸਿੰਘ ਡਿਪਟੀ ਜੇਲ੍ਹਰ ਦੇ ਕਮਰੇ ਵਿਚ ਬੈਠਾ ਸੀ। ਮੈਨੂੰ ਵੀ ਉਸ ਨੇ ਬੈਠਣ ਦਾ ਇਸ਼ਾਰਾ ਕੀਤਾ। ਮੈਂ ਉਸ ਨੂੰ ਵੇਖ ਕੇ ਹੈਰਾਨ ਹੋਇਆ ਕਿ ਇਸ ਦਾ ਹੁਣ ਕੀ ਕੰਮ? ਪਰ ਫਿਰ ਮੈਂ ਸਮਝਿਆ ਕਿ ਇਹ ਮੇਰਾ ਦੁਬਾਰਾ ਰੀਮਾਂਡ ਲੈ ਕੇ ਆਇਆ ਹੈ। ਇਸ ਰੀਮਾਂਡ ਨੂੰ Production ਰੀਮਾਂਡ ਆਖਦੇ ਹਨ। ਪਰ ਇਕ ਸੈਕਿੰਡ ਵਿਚ ਹੀ ਮੈਂ ਇਹ ਵੀ ਸੋਚਿਆ

ਕਿ ਸੱਠ ਦਿਨ ਤੋਂ ਬਾਅਦ (ਟਾਡਾ ਐਕਟ ਵਿਚ 60 ਦਿਨ) ਤੋਂ ਬਾਅਦ ਤਾਂ ਇਹ ਹੋਰ ਰੀਮਾਂਡ ਲੈ ਹੀ ਨਹੀਂ ਸਕਦਾ। ਪਰ ਇਹ ਵੀ ਹੋ ਸਕਦਾ ਹੈ ਕਿ ਐਫ.ਆਈ.ਆਰ. ਹੀ ਹੋਰ ਦਰਜ ਕਰ ਲਈ ਹੋਵੇ? ਹਾਂ ਇਹ ਹੋ ਸਕਦਾ ਹੈ, ਮੈਂ ਸੋਚਿਆ। ਮੇਰੇ ਬੈਠਣ 'ਤੇ ਹੀ ਉਸ ਨੇ ਮੈਨੂੰ ਪੁਛਿਆ ਕੈਸੇ ਹੋ ਆਪ ਠੀਕ ਠਾਕ ਤੋ ਹੋ ਨਾ?" 'ਤੁਹਾਨੂੰ ਕੀ'? 'ਤੁਸਾਂ ਤੇ ਸਾਨੂੰ ਘਰਾਂ ਤੋਂ ਲਿਆ ਕੇ ਏਥੇ ਸੁੱਟ ਦਿੱਤਾ ਹੈ, ਉਹ ਵੀ ਇਕ ਬੇ-ਬੁਨਿਆਦ ਕੇਸ ਵਿਚ। ਇਹ ਗੱਲ ਮੈਂ ਇਸ ਤਰ੍ਹਾਂ ਹਨੇਰੇ ਜਿਹੇ ਤੇ ਗਿਲ੍ਹੇ ਜਿਹੇ ਨਾਲ ਕਹੀ ਜਿਵੇਂ ਕਿਸੇ ਨੇ ਕਿਸੇ ਨੂੰ ਪੁਛਿਆ ਸੀ, "ਕੀ, ਹਾਲ ਹੈ ਤੁਹਾਡਾ?" ਉਸ ਨੇ ਅਗੋਂ ਕਿਹਾ, "ਓਹੋ ਜਿਹਾ ਹੀ ਹੈ ਜਿਸ ਤਰ੍ਹਾਂ ਦਾ ਤੁਸਾਂ ਕੀਤਾ ਹੋਇਆ ਹੈ।" ਮੇਰੇ ਇਹ ਕਹਿਣ 'ਤੇ ਉਹ ਚੁੱਪ ਹੋ ਗਿਆ, ਪਰ ਫਿਰ ਉਸ ਨੇ ਕਿਹਾ ਮੈਂ ਮਾਨਤਾ ਹੂੰ ਆਪ ਕੋ ਬਹੁਤ ਤਕਲੀਫ ਹੁਈ ਹੈ, ਪਰ ਹਮ ਭੀ ਤੋ ਕੇਸ ਕੀ ਤਹਿ ਮੇਂ ਪਹੁੰਚਨਾ ਚਾਹਤੇ ਹੈਂ। ਆਪ ਇਸ ਮੇਂ ਹਮਾਰੀ ਮਦਦ ਭੀ ਤੋਂ ਨਹੀਂ ਨਾ ਕਰ ਰਹੇ। ਮੈਂ ਇਸ ਦਾ ਕੋਈ ਜਵਾਬ ਨਾ ਦਿੱਤਾ ਤੇ ਚੁੱਪ ਹੀ ਰਿਹਾ। ਹੁਣ ਮੈਨੂੰ ਕਾਫੀ ਹੱਦ ਤੱਕ ਪਤਾ ਲੱਗ ਗਿਆ ਸੀ ਕਿ ਇਹ ਹੁਣ ਰਸ ਵਿਚੋਂ ਕਸ ਕੱਢਣ ਆਇਆ ਹੈ ਤੇ ਇਸ ਦਾ ਖਿਆਲ ਹੈ ਕਿ ਸ਼ਾਇਦ ਹੁਣ ਹੀ ਇਸ ਦੇ ਕੇਸ ਦੇ ਮਰੇ ਹੋਏ ਮੁਰਦੇ ਵਿਚ ਜਾਨ ਪੈ ਜਾਵੇ। ਉਸ ਨਾਲ ਮੇਰੇ ਸਵਾਲ ਜਵਾਬ ਕੁਝ ਇਸ ਤਰ੍ਹਾਂ ਹੋਏ।

ਡੀ.ਪੀ. – "ਮੈਂ, ਤੁਹਾਨੂੰ ਕੁਛ ਸਵਾਲਾਤ ਪੁੱਛਣਾ ਚਾਹੁੰਦਾ ਹਾਂ, ਤੁਹਾਨੂੰ ਚਾਹੀਦਾ ਹੈ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਠੀਕ-ਠੀਕ ਦੇ ਕੇ ਸਰਕਾਰ ਤੇ ਕਾਨੂੰਨ ਦੀ ਮਦਦ ਕਰੋ।"

ਮੈਂ – "ਤੁਹਾਡੀ ਤੇ ਸਰਕਾਰ ਦੀ ਮਦਦ ਕਰਦਾ ਕਰਦਾ ਮੈਂ ਆਪਣੇ ਆਪ ਨੂੰ ਭਾਵੇਂ ਫਸਾ ਲਵਾਂ, ਹੈ ਨਾਂ?" ਇਸ ਤਰ੍ਹਾਂ ਦੀਆਂ ਖਾੜਕੂ ਗੱਲਾਂ ਕਰਨ ਦੀ ਬਹੁਤੀ ਲੋੜ ਮੈਨੂੰ ਇਸ ਕਰਕੇ ਵੀ ਪਈ, ਕਿਉਂਕਿ ਜਿਸ ਜੇਲ੍ਹ ਅਫ਼ਸਰ ਦੇ ਸਾਹਮਣੇ ਇਹ ਗੱਲਾਂ ਹੋ ਰਹੀਆਂ ਸਨ, ਉਸ ਦੀ ਤੇ ਸਾਡੀ ਕਾਨੂੰਨਨ ਨੋਕ ਝੋਕ ਚੱਲਦੀ ਹੀ ਰਹਿੰਦੀ ਸੀ। ਅਸੀਂ ਸਦਾ ਉਸ ਨਾਲ ਜੇਲ੍ਹ ਮੈਨੂਅਲ ਅਨੁਸਾਰ ਏਦਾ ਨਹੀਂ ਓਦਾਂ ਹੈ, ਆਹ ਨਹੀਂ ਉਹ ਹੈ, ਤੁਹਾਡੀ ਇਹ ਤਾਕਤ ਨਹੀਂ, ਤੁਸੀਂ ਆਹ ਨਹੀਂ ਕਰ ਸਕਦੇ, ਤੁਸੀਂ ਔਹ ਨਹੀਂ ਕਰ ਸਕਦੇ, ਇਸ ਤਰ੍ਹਾਂ ਕਰੋਗੇ ਤਾਂ ਅਦਾਲਤ ਦੀ ਤੌਹੀਨ ਹੈ, ਤੁਸੀਂ ਕਨੂੰਨ ਨੂੰ ਆਪਣੇ ਹੱਥ ਲੈ ਰਹੇ ਹੋ, ਵਗੈਰਾ ਵਗੈਰਾ ਕਹਿੰਦੇ ਰਹਿੰਦੇ ਸਾਂ। ਹੁਣ ਉਸ ਦੀ ਹਾਜ਼ਰੀ ਵਿਚ ਹੀ ਮੈਂ ਆਪਣੇ ਆਪ ਨੂੰ ਬਹੁਤ ਥੱਲੇ ਨਹੀਂ ਲੈਜਾ ਸਕਦਾ ਸਾਂ। ਕਿਉਂਕਿ ਇਸ ਅਫ਼ਸਰ ਨੇ ਤੇ ਪੁੱਛ ਗਿੱਛ ਕਰਕੇ ਚਲੇ ਜਾਣਾ ਸੀ। ਪਰ ਇਸ ਜੇਲ੍ਹ ਅਫ਼ਸਰ ਨੇ ਤਾਂ ਸਦਾ ਸਾਡੇ ਕੋਲ ਹੀ ਰਹਿਣਾ ਸੀ, ਸੋ ਮੈਂ ਆਪਣਾ ਖਾੜਕੂ ਪ੍ਰਭਾਵ ਖਰਾਬ ਕਿਵੇਂ ਕਰ ਸਕਦਾ ਸਾਂ?

ਡੀ.ਪੀ. – "ਕਾਨੂੰਨ ਅਨੁਸਾਰ ਤੁਹਾਨੂੰ ਮੇਰੀ ਹਰ ਗੱਲ ਦਾ ਜਵਾਬ ਦੇਣਾ ਪਏਗਾ, ਇਹ ਤੁਹਾਡਾ ਕਰਤਵ ਹੈ ਅਤੇ ਕਾਨੂੰਨ ਤੁਹਾਨੂੰ ਮਜ਼ਬੂਰ ਵੀ ਕਰਦਾ ਹੈ ਕਿ ਆਪ ਹਰ ਪੁੱਛੀ ਗਈ ਗੱਲਬਾਤ ਦਾ ਉੱਤਰ ਦਿਓ।"

ਮੈਂ – "ਹਾਂ, ਉਤਰ ਤਾਂ ਮੈਨੂੰ ਦੇਣੇ ਚਾਹੀਦੇ ਹਨ, ਪਰ ਕਾਨੂੰਨ ਵਿਚ ਇਹ ਵੀ ਸਪੱਸ਼ਟ ਲਿਖਿਆ ਹੋਇਆ ਹੈ ਕਿ ਮੈਨੂੰ ਹੱਕ ਹੈ ਕਿ ਮੈਂ ਤੁਹਾਡੇ ਕਿਸੇ ਉਸ ਸਵਾਲ ਦਾ ਉਤਰ ਨਾ ਦਿਆਂ ਜਿਹੜਾ ਮੈਨੂੰ ਦੋਸ਼ੀ ਸਿੱਧ ਕਰਦਾ ਹੋਵੇ। ਇਹ ਮੇਰਾ ਕਾਨੂੰਨੀ ਹੱਕ ਹੈ ਸੋ ਇਸ ਹੱਕ ਨੂੰ ਖੁੱਸਣ ਤੋਂ ਬਗੈਰ ਮੈਂ ਤੁਹਾਡੇ ਹਰ ਸਵਾਲ ਦਾ ਜਵਾਬ ਦੇਣ ਲਈ ਤਿਆਰ

ਹਾਂ। ਵੈਸੇ ਅਸੀਂ ਪਹਿਲਾਂ ਵੀ ਪੈਂਤੀ ਦਿਨ ਤੁਹਾਡੇ ਸਵਾਲਾਂ ਦੇ ਜਵਾਬ ਦੇ ਕੇ ਹੀ ਏਥੇ ਆਏ ਹਾਂ ਕੋਈ ਰਹਿੰਦਾ ਹੈ ਤਾਂ ਹੋਰ ਪੁਛ ਲਓ।"

ਸਵਾਲ – "ਅੱਛਾ! ਤੁਸੀਂ ਇਹ ਦਸੋ ਕਿ ਤੁਸੀਂ ਆਪਣਾ ਮਕਾਨ ਕਦੋਂ ਬਣਾਇਆ ਸੀ, ਕੌਣ ਕੌਣ ਮਿਸਤਰੀ, ਕੌਣ ਕੌਣ ਮਜ਼ਦੂਰ ਸੀ, ਪੈਸਾ ਕਿੰਨਾ ਖਰਚ ਆਇਆ, ਆਮਦਨ ਦਾ ਕੀ ਜ਼ਰੀਆ ਸੀ। ਨਕਸ਼ਾ ਕਿਸ ਨੇ ਬਣਾਇਆ ਸੀ।"

ਜਵਾਬ – "ਮਕਾਨ 1972 ਵਿਚ ਬਣਾਇਆ ਸੀ। ਨਕਸ਼ਾ ਆਰ.ਕੇ. ਨਾਂ ਦੇ ਇਕ (ਆਰਕੀਟੇਕਟ) ਨੇ ਬਣਾਇਆ, ਸਾਰਾ ਮਕਾਨ ਠੇਕੇ 'ਤੇ ਇਕ ਠੇਕੇਦਾਰ ਪ੍ਰੀਤਮ ਸਿੰਘ ਨਾਂ ਦੇ ਠੇਕੇਦਾਰ ਨੇ ਬਣਾਇਆ, ਲਗਭਗ ਢਾਈ ਲੱਖ ਰੁਪਏ ਖਰਚ ਆਇਆ ਤੇ ਮੈਂ ਆਪਣੀ ਜ਼ਮੀਨ ਸਾਢੇ ਤਿੰਨ ਲੱਖ ਦੀ ਵੇਚੀ ਸੀ, ਉਨ੍ਹਾਂ ਪੈਸਿਆਂ ਦਾ ਹੀ ਮਕਾਨ ਬਣਿਆ। ਇਹ ਸਾਰਾ ਕੁਝ ਮੈਂ ਇਕੋ ਸਾਹ ਹੀ ਆਖ ਦਿੱਤਾ, ਜਿਵੇਂ ਪਹਿਲਾਂ ਦਾ ਹੀ ਯਾਦ ਕੀਤਾ ਹੋਵੇ।"

ਸਵਾਲ – "ਠੇਕੇਦਾਰ ਪ੍ਰੀਤਮ ਸਿੰਘ ਕਿਥੇ ਰਹਿੰਦਾ ਹੈ, ਉਸ ਦੇ ਨਾਲ ਹੋਰ ਕੌਣ ਕੌਣ ਮਿਸਤਰੀ ਸਨ ਤੇ ਮਜ਼ਦੂਰਾਂ ਦੇ ਨਾਂ ਵੀ ਤੁਸਾਂ ਨਹੀਂ ਦੱਸੇ।"

ਜਵਾਬ – "ਠੇਕੇਦਾਰ ਪ੍ਰੀਤਮ ਸਿੰਘ ਦਾ ਪਿੰਡ ਪਹਿਲਾਂ ਨਕੋਦਰ ਵੱਲ ਸੀ, ਮੈਨੂੰ ਯਾਦ ਨਹੀਂ। ਮਜ਼ਦੂਰ, ਮਿਸਤਰੀ ਉਹ ਹੀ ਲਿਆਉਂਦਾ ਸੀ। ਉਨ੍ਹਾਂ ਦੇ ਨਾਂ ਪੁੱਛਣੇ ਮੇਰੀ ਸਿਰਦਰਦੀ ਨਹੀਂ ਸੀ, ਕਿਉਂਕਿ ਪੰਜ ਰੁਪਏ ਫੀ ਸੁਕੇਅਰ ਫੁੱਟ ਤਿਆਰ ਕੀਤਾ ਹੋਇਆ ਮਕਾਨ ਲੈਣ ਦਾ ਠੇਕਾ ਸੀ। ਅੱਜ ਕੱਲ੍ਹ ਮਿਸਤਰੀ ਪ੍ਰੀਤਮ ਸਿੰਘ ਜਲੰਧਰ ਦੇ ਮੁਹੱਲੇ ਅਵਤਾਰ ਨਗਰ ਵਿਚ ਰਹਿੰਦਾ ਹੈ ਪਰ ਮੈਨੂੰ ਉਸ ਦੇ ਮਕਾਨ ਨੰਬਰ ਵਗੈਰਾ ਦਾ ਨਹੀਂ ਪਤਾ।"

ਸਵਾਲ – "ਸ਼ਹਿਰ ਵਾਲੀ ਦੁਕਾਨ ਕਬ ਲੀ ਥੀ, ਕਯੋਂ ਲੀ ਥੀ, ਕਾਹੇ ਕੇ ਲਿਏ ਲੀ ਥੀ, ਅਬ ਖਾਲੀ ਹੈ ਤੋ ਕਿਰਾਏ ਪਰ ਕਿਉਂ ਨਹੀਂ ਦੇਤੇ।"

ਜਵਾਬ – "ਫਿਰ ਹੋਈ ਨਾ ਉਹੀਓ ਗੱਲ? ਮੈਂ ਇਕ ਦੁਕਾਨ ਛੱਡ ਕੇ ਵੀਹ ਲਵਾਂ ਤੁਹਾਡਾ ਇਸ ਨਾਲ ਹੈ ਕੋਈ ਮਤਲਬ? ਅਗਰ ਮੈਂ ਚਾਹਵਾਂ ਤਾਂ ਇਸ ਦਾ ਜਵਾਬ ਭਾਵੇਂ ਨਾ ਵੀ ਦੇਵਾਂ। ਪਰ ਮੈਨੂੰ ਜਵਾਬ ਦੇਣ ਵਿਚ ਕੋਈ ਹਰਜ ਨਹੀਂ, ਇਸ ਲਈ ਦੱਸਦਾ ਹਾਂ ਕਿ ਦੁਕਾਨ 1980 ਵਿਚ ਲਈ ਸੀ। ਲਈ ਸ਼ਰਾਬ ਦਾ ਠੇਕਾ ਖੋਲ੍ਹਣ ਵਾਸਤੇ ਸੀ, ਉਦੋਂ ਸ਼ਰਾਬ ਨੀਤੀ ਇਹ ਸੀ ਕਿ ਸੱਤ ਹਜ਼ਾਰ ਰੁਪਏ ਜਮ੍ਹਾਂ ਕਰਕੇ ਕੋਈ ਵੀ ਠੇਕਾ ਖੋਲ੍ਹ ਸਕਦਾ ਸੀ। ਖਾਲੀ ਪਈ ਕਰਾਏ 'ਤੇ ਇਸ ਕਰਕੇ ਨਹੀਂ ਦਿੱਤੀ ਕਿ ਜੇ ਮੁੜ ਕੇ ਖਾਲੀ ਕਰਵਾਉਣੀ ਹੋਵੇ ਤਾਂ ਲਏ ਹੋਏ ਕਰਾਏ ਤੋਂ ਵੀ ਦੁਗਣੀ ਪਗੜੀ ਦੇ ਕੇ ਕਰਾਏਦਾਰ ਤੋਂ ਛੁਡਵਾਉਣੀ ਪੈਂਦੀ ਹੈ, ਇਸ ਲਈ ਖਾਲੀ ਪਈ ਹੀ ਚੰਗੀ ਹੈ।"

ਸਵਾਲ – "ਠੇਕਾ ਖੋਲ੍ਹਣ ਵਾਸਤੇ ਲਈ ਸੀ, ਫਿਰ ਠੇਕਾ ਖੋਲ੍ਹਿਆ ਕਿਉਂ ਨਹੀਂ?"

ਜਵਾਬ – "ਸ਼ਰਾਬ ਨੀਤੀ ਵਿਚ ਇਹ ਵੀ ਹੈ ਕਿ ਕਿਸੇ ਧਾਰਮਿਕ ਥਾਂ ਤੋਂ ਦੋ ਸੌ ਗਜ ਦੇ ਅੰਦਰ ਠੇਕਾ ਨਹੀਂ ਖੁਲ੍ਹ ਸਕਦਾ। ਏਥੇ ਮੇਰੀ ਦੁਕਾਨ ਤੋਂ ਵੀਹ ਫੁੱਟ ਪਰੇ ਮਸਜਿਦ ਹੈ। ਸੋ ਮੇਰੀ ਦਰਖ਼ਾਸਤ ਇਸ ਆਧਾਰ 'ਤੇ ਨਾ ਮਨਜ਼ੂਰ ਹੋ ਗਈ। ਜੇ ਮੈਨੂੰ ਖਰੀਦਣ ਤੋਂ ਪਹਿਲਾਂ ਪਤਾ ਲੱਗ ਜਾਂਦਾ ਤਾਂ ਸ਼ਾਇਦ ਮੈਂ ਇਹ ਦੁਕਾਨ ਲੈਂਦਾ ਹੀ ਨਾ। ਬਹੁਤ ਛੋਟੀ ਹੈ ਸਿਰਫ ਦਸ ਫੁੱਟ ਜਰਬੇ ਤੇਰਾਂ ਫੁੱਟ ਦੀ।"

ਸਵਾਲ - "ਤੁਸਾਂ ਕਦੀ ਪ੍ਰਾਪਰਟੀ ਡੀਲਰ ਦਾ ਵੀ ਕੰਮ ਕੀਤਾ ਹੈ।"

ਜਵਾਬ - "ਨਹੀਂ, ਕਦੀ ਨਹੀਂ ਕੀਤਾ। ਪਹਿਲਾਂ ਪਹਿਲਾ ਫਰੈਂਡਜ ਪ੍ਰਾਪਰਟੀ ਡੀਲਰ ਦੇ ਨਾਂ ਦਾ ਬੋਰਡ ਲਾਇਆ ਸੀ, ਪਰ ਕੋਈ ਸੌਦਾ ਨਹੀਂ ਕਰਵਾ ਸਕਿਆ, ਫਿਰ ਮੈਂ ਆਪਣੀ ਜ਼ਮੀਨ ਦੇ ਪਲਾਟ ਕੱਟ ਦਿੱਤੇ ਤੇ ਉਨ੍ਹਾਂ ਵਿਚੋਂ ਸੱਤ-ਅੱਠ ਪਲਾਟ ਵੇਚੇ ਹਨ, ਕਿਸੇ ਹੋਰ ਦਾ ਅੱਜ ਤੱਕ ਨਾ ਕੁਝ ਵਿਕਾਇਆ ਹੈ, ਨਾ ਕਿਸੇ ਨੂੰ ਖਰੀਦ ਕੇ ਦਿੱਤਾ ਹੈ।"

ਸਵਾਲ - "ਟੈਲੀਫੋਨ ਏਥੇ ਕਿਉਂ ਲਵਾਇਆ? ਫਿਰ ਕੋਈ ਸੌਦਾ ਕਿਉਂ ਨਹੀਂ ਕਰਵਾ ਸਕੇ, ਟੈਲੀਫੋਨ ਕਦੋਂ ਲੱਗਾ?"

ਜਵਾਬ - "ਟੈਲੀਫੋਨ ਮੇਰੇ ਘਰ ਲੱਗਾ ਹੋਇਆ ਸੀ, ਏਥੇ ਤਬਦੀਲ ਕਰਵਾ ਲਿਆ। ਤਬਦੀਲ ਤਾਂ ਇਸ ਲਈ ਕਰਵਾਇਆ ਸੀ ਕਿ ਕੰਮ ਬਹੁਤ ਨਿਕਲੇਗਾ ਤੇ ਬੜੇ ਪੈਸੇ ਕਮਾਏ ਜਾਣਗੇ ਪਰ ਐਸਾ ਨਹੀਂ ਹੋਇਆ ਸ਼ਾਇਦ 1980 ਵਿਚ ਲੱਗਾ ਸੀ।"

ਸਵਾਲ - "ਕੋਈ ਸੌਦਾ ਕਿਉਂ ਨਹੀਂ ਕਰਵਾ ਸਕੇ?"

ਜਵਾਬ - "ਆਪ ਕਹਿ ਸਕਦੇ ਹੋ ਕਿ ਮੈਂ ਚੰਗਾ ਪ੍ਰਾਪਰਟੀ ਡੀਲਰ ਸਾਬਤ ਨਹੀਂ ਹੋ ਸਕਿਆ। ਜਿਸ ਤਰ੍ਹਾਂ ਤੁਸੀਂ ਸਾਡੇ 'ਤੇ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਠੋਸ ਕੇਸ ਨਹੀਂ ਬਣਾ ਸਕੇ, ਏਹੋ ਹਾਲ ਹੀ ਮੇਰਾ ਸੀ। ਮੈਂ ਵੀ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਕੋਈ ਸੌਦਾ ਨਹੀਂ ਕਰਵਾ ਸਕਿਆ।" ਮੇਰੀ ਇਸ ਗੱਲ ਦਾ ਉਸ ਨੂੰ ਥੋੜਾ ਜਿਹਾ ਗੁੱਸਾ ਲੱਗਾ। ਉਸ ਨੇ ਬੜਾ ਅਜੀਬ ਮੂੰਹ ਬਣਾ ਕੇ ਮੇਰੇ ਵੱਲ ਵੇਖਿਆ ਤੇ ਕਿਹਾ, "ਆਪ ਤੋ ਫੰਸੇ ਹੀ ਪੜੇ ਹੈ, ਆਪ ਕੋ ਕਿਸ ਨੇ ਕਹਿ ਦੀਆ ਕਿ ਆਪ ਕੇ ਊਪਰ ਕੇਸ ਨਹੀਂ ਬਨਾ। ਆਪ ਤੋ ਫਸ ਚੁਕੇ ਹੈ।" ਮੈਂ ਮੁਸਕਰਾ ਪਿਆ ਤੇ ਕਿਹਾ, "ਜੇ ਮੇਰੇ 'ਤੇ ਕੋਈ ਠੋਸ ਕੇਸ ਬਣਦਾ ਹੁੰਦਾ ਤਾਂ ਪੈਂਤੀ ਦਿਨ ਦੇ ਰੀਮਾਂਡ ਤੋਂ ਬਾਅਦ ਵੀ ਤੁਹਾਨੂੰ ਉਹ ਹੀ ਗੱਲਾਂ ਪੁੱਛਣ ਦੀ ਲੋੜ ਨਹੀਂ ਸੀ ਜੋ ਆਪ ਸੈਂਕੜੇ ਵਾਰ ਬਾਰ ਬਾਰ ਕਰ ਚੁੱਕੇ ਹੋ। ਇਹ ਸਾਰੀਆਂ ਉਹ ਹੀ ਗੱਲਾਂ ਹਨ, ਜਿਨ੍ਹਾਂ ਦੇ ਜਵਾਬ ਮੈਂ ਪੈਂਤੀ ਦਿਨ ਲਗਾਤਾਰ ਆਪ ਦੀਆਂ ਵੀਹ ਤੋਂ ਵੀ ਵੱਧ ਟੀਮਾਂ ਨੂੰ ਦੇ ਚੁੱਕਾ ਹਾਂ। ਰਹੀ ਗੱਲ ਫਸਣ ਦੀ, ਉਹ ਤਾਂ ਤੁਸੀਂ ਇਕ ਵਾਰੀ ਸਾਡਾ ਚਲਾਨ ਪੇਸ਼ ਕਰੋ, ਤੁਸੀਂ ਦੇਖੋਗੇ ਅਸੀਂ ਪਹਿਲੀ ਪੇਸ਼ੀ ਹੀ ਬਰੀ ਹੋ ਜਾਵਾਂਗੇ, ਕਿਉਂਕਿ ਰੇਤ ਦੀ ਦੀਵਾਰ ਕਦੀ ਨਹੀਂ ਟਿਕਦੀ। ਤੁਹਾਡਾ ਬਣਾਇਆ ਹੋਇਆ ਕੇਸ ਬੇਬੁਨਿਆਦ ਤੇ ਅਸਲੋਂ ਬੇਸਿਰ ਪੈਰ ਹੈ, ਬੱਸ ਸਮਝੋ ਰੇਤ ਦੀ ਦੀਵਾਰ ਹੈ।"

ਸਵਾਲ - "ਪੋਲਟਰੀ ਫਾਰਮ ਬਣਾਉਣ ਵਾਲੇ ਮਿਸਤਰੀ ਦਾ ਨਾਂ ਦੱਸੋ।"

ਜਵਾਬ - "ਉਸ ਦਾ ਨਾਂ ਹਜਾਰਾ ਰਾਮ ਹੈ ਤੇ ਉਹ ਸਾਡੇ ਪਿੰਡ ਦਾ ਹੀ ਹੈ।"

ਸਵਾਲ - "ਪੋਲਟਰੀ ਫਾਰਮ ਕਿਉਂ ਬਣਾਇਆ?"

ਜਵਾਬ - "ਬੜਾ ਅਜੀਬ ਸਵਾਲ ਹੈ, ਸਰ ਜੇ ਮੈਂ ਤੁਹਾਨੂੰ ਪੁੱਛਾਂ ਕਿ ਤੁਸੀਂ ਸੀ.ਬੀ.ਆਈ. ਦੀ ਨੌਕਰੀ ਕਿਉਂ ਕੀਤੀ?" ਮੈਂ ਉਸ ਨੂੰ ਸਰ ਨਹੀਂ ਸੀ ਕਹਿਣਾ ਚਾਹੁੰਦਾ ਪਰ ਕਹਿ ਹੀ ਦਿੱਤਾ। ਕਿਉਂਕਿ ਖਾੜਕੂ ਜਵਾਬ ਦੇਣ ਲਈ ਕੁਝ ਮਿੱਠਾ ਤਾਂ ਨਾਲ ਚਾਹੀਦਾ ਹੈ।

ਸਵਾਲ - "ਮੇਰਾ ਮਤਲਬ ਹੈ ਕਿ ਫਰੈਂਡਜ ਬਰੌਇਲਰ ਹਾਊਸ ਦਾ ਕੀ ਮਤਲਬ ਹੈ ਤੇ ਦੁਕਾਨ 'ਤੇ ਤੁਸੀਂ ਕੀ ਵੇਚਦੇ ਸੀ?"

ਜਵਾਬ - "ਬਰੌਇਲਰ, ਮੀਟ ਵਾਲੇ ਮੁਰਗੇ ਦੀ ਇਕ ਵਿਕਸਤ ਕਿਸਮ ਹੈ। ਇਕ

ਦਿਨ ਦਾ ਬੱਚਾ ਤੀਹ ਕੁ ਦਿਨ ਵਿਚ ਕਿਲੋ ਦਾ ਹੋ ਜਾਂਦਾ ਹੈ। ਦੁਕਾਨ 'ਤੇ ਮੀਟ ਵੇਚਦੇ ਸੀ, ਇਸ ਲਈ ਇਸ ਦਾ ਨਾਂ ਫਰੈਂਡਜ਼ ਬਰੋਇਲਰ ਹਾਊਸ ਰੱਖ ਦਿੱਤਾ, ਕਿਉਂਕਿ ਏਥੇ ਬਰੋਇਲਰ ਦਾ ਮੀਟ ਤੇ ਆਂਡੇ ਵੇਚਦੇ ਸੀ।"

ਸਵਾਲ - "ਜਿਨ੍ਹਾ ਮਸ਼ੀਨਾਂ ਵਿਚ ਇਹ ਮੀਟ ਰੱਖਦੇ ਸੀ, ਉਹ ਕਿਥੋਂ ਲਈਆਂ ਸਨ ਕਿੰਨੇ ਦੀਆਂ ਆਈਆਂ ਸਨ ਤੇ ਹੁਣ ਦੁਕਾਨ ਬੰਦ ਕਰਕੇ ਕਿਸ ਨੂੰ ਵੇਚੀਆਂ ਹਨ?"

ਜਵਾਬ - "ਇਹ ਮਸ਼ੀਨਾਂ ਚੰਦਰਾ ਇੰਡਸਟਰੀਜ਼ ਜਲੰਧਰ ਤੋਂ ਲਈਆਂ ਸਨ, ਇਕ ਦੀ ਕੀਮਤ 18000 ਹਜ਼ਾਰ ਰੁਪਏ ਤੇ ਦੂਜੀ ਦੀ 24000 ਰੁਪਏ ਹੈ। ਵੇਚੀਆਂ ਕਿਸੇ ਨੂੰ ਨਹੀਂ, ਮੇਰੇ ਕੋਲ ਹਨ ਤੇ ਮੇਰੇ ਘਰ ਪਈਆਂ ਹਨ।"

ਸਵਾਲ - "ਘਰ ਕਿਥੇ ਪਈਆਂ ਹਨ?"

ਜਵਾਬ - "ਇਕ ਕਾਰ ਗੈਰਿਜ ਵਿਚ ਤੇ ਦੂਸਰੀ ਪੋਲਟਰੀ ਫਾਰਮ ਦੇ ਦਫਤਰ ਵਿਚ।"

ਸਵਾਲ - "ਪੋਲਟਰੀ ਫਾਰਮ ਬੰਦ ਕਿਉਂ ਕੀਤਾ ਹੈ। ਹੁਣ ਦੁਕਾਨ ਉਤੇ ਫਰੈਂਡਜ਼ ਬਰੋਇਲਰ ਹਾਊਸ ਦੀ ਥਾਂ ਹੋਰ ਹੀ ਕੋਈ ਬੋਰਡ ਲੱਗਾ ਹੋਇਆ ਹੈ, ਫਾਰਮ ਦੇ ਨਾਲ ਹੀ ਦੁਕਾਨ ਕਿਵੇਂ ਬੰਦ ਹੋ ਗਈ?"

ਜਵਾਬ - "ਪੋਲਟਰੀ ਫਾਰਮ ਬੰਦ ਨਹੀਂ ਕੀਤਾ। ਮਜਬੂਰੀ ਵਿਚ ਕੁਝ ਚਿਰ ਲਈ ਬੰਦ ਹੋ ਗਿਆ ਹੈ। ਜਦੋਂ ਜਲੰਧਰ ਵਿਚ ਬਹੁਤ ਬਾਰਸ਼ਾਂ ਪਈਆਂ ਸਨ ਤਾਂ ਉਦੋਂ ਬਹੁਤ ਸਾਰੀਆਂ ਮੁਰਗੀਆਂ ਮਰ ਗਈਆਂ ਤੇ ਪੋਲਟਰੀ ਫਾਰਮ ਬੰਦ ਹੋ ਗਿਆ। ਦੁਕਾਨ ਇਸ ਕਰਕੇ ਨਾਲ ਹੀ ਬੰਦ ਹੋ ਗਈ, ਕਿਉਂਕਿ ਮੈਂ ਬਾਹਰੋਂ ਸਮਾਨ ਜਾਂ ਕੋਈ ਚੀਜ਼ ਲੈ ਕੇ ਨਹੀਂ ਵੇਚਦਾ, ਆਪਣੇ ਫਾਰਮ ਦਾ ਮਾਲ ਹੀ, ਮੀਟ ਤੇ ਆਂਡੇ ਵੇਚਦਾ ਸੀ। ਸੋ ਫਾਰਮ ਦੇ ਨਾਲ ਹੀ ਦੁਕਾਨ ਬੰਦ ਹੋ ਗਈ।"

ਸਵਾਲ - "ਹੁਣ ਫਾਰਮ ਦੁਬਾਰਾ ਚਾਲੂ ਕਿਉਂ ਨਹੀਂ ਕਰਦੇ?"

ਜਵਾਬ - "ਦੁਬਾਰਾ ਚਾਲੂ ਕਰਨਾ ਏਨਾ ਅਸਾਨ ਨਹੀਂ, ਕਿਉਂਕਿ ਕਾਫੀ ਪੈਸਾ ਖਰਚ ਆਉਂਦਾ ਹੈ। ਐਸ ਵਾਰੀ ਮੇਰਾ ਕੁਝ ਮੁਰਗੀਆਂ ਪਾਉਣ ਦਾ ਵਿਚਾਰ ਸੀ, ਪਰ ਤੁਸਾਂ ਫੜ ਕੇ ਏਥੇ ਬੰਦ ਕਰ ਦਿੱਤਾ।"

ਸਵਾਲ - "ਅੱਜ ਤੱਕ ਤੁਸਾਂ ਕੋਈ ਕੰਮ ਵਾਲਾ ਬੰਦਾ ਨਹੀਂ ਰੱਖਿਆ?"

ਜਵਾਬ - "ਰੱਖੇ ਹਨ, ਖੇਤੀ ਵਾਸਤੇ ਮੇਰੇ ਕੋਲ ਵੀਹ-ਵੀਹ ਬੰਦਿਆਂ ਨੇ ਵੀ ਕੰਮ ਕੀਤਾ ਹੈ।"

ਸਵਾਲ - "ਇਹ ਬੰਦੇ ਕੌਣ ਹਨ ਤੇ ਕੀ ਕੀ ਨਾਂ ਹਨ।"

ਜਵਾਬ - "ਇਹ ਸਾਰੇ ਹੀ ਬਿਹਾਰ, ਯੂ.ਪੀ. ਦੇ ਮਜ਼ਦੂਰ ਹੁੰਦੇ ਹਨ ਤੇ ਆਉਂਦੇ ਜਾਂਦੇ ਰਹਿੰਦੇ ਹਨ। ਕੋਈ ਆ ਗਿਆ ਕੋਈ ਚਲਾ ਗਿਆ। ਰੋਜ਼ ਦੀ ਰੋਜ਼ ਮਜ਼ਦੂਰੀ 'ਤੇ ਹੁੰਦੇ ਹਨ। ਅਸੀਂ ਇਨ੍ਹਾਂ ਦੀ ਹਾਜ਼ਰੀ ਵੀ ਉਨ੍ਹਾਂ ਦੀ ਕਾਪੀ 'ਤੇ ਹੀ ਲਾਉਂਦੇ ਹਾਂ, ਕੋਈ ਰਿਕਾਰਡ ਨਹੀਂ ਰੱਖਦੇ। ਜਿਸ ਤਰ੍ਹਾਂ ਇੱਕ ਦਿਨ, ਅੱਗੇ ਉਸ ਦਾ ਨਾਂ, ਥੱਲੇ ਤਰੀਖ ਤੇ ਆਪਣੇ ਦਸਤਖਤ। ਇਸ ਤਰ੍ਹਾਂ ਉਹ ਜਦੋਂ ਵੀ ਪੈਸੇ ਲੈਣੇ ਚਾਹੁਣ, ਕਾਪੀ ਵਿਖਾ ਕੇ ਲੈ ਸਕਦੇ ਹਨ। ਅਸੀਂ ਉਸ ਪਰਚੀ ਉੱਤੇ ਪੇਡ (Paid) ਲਿਖ ਕੇ ਤਰੀਖ ਪਾ ਕੇ ਪੈਸੇ ਦੇ ਦੇਂਦੇ ਹਾਂ।"

ਸਵਾਲ - "ਹਾਜ਼ਰੀ ਕਿਉਂ ਨਹੀਂ ਲਾਉਂਦੇ?"

ਜਵਾਬ – "ਅਨਪੜ੍ਹ ਲੇਬਰ ਹੈ, ਦਿਹਾੜੀ ਦਾ ਝਗੜਾ ਪਾ ਬਹਿੰਦੇ ਹਨ। ਅਸੀਂ ਉਨ੍ਹਾਂ ਦੀ ਕਾਪੀ 'ਤੇ ਹੀ ਹਾਜਰੀ ਲਾ ਕੇ ਉਨ੍ਹਾਂ ਨੂੰ ਫੜਾ ਦੇਂਦੇ ਹਾਂ, ਇਸ ਤਰ੍ਹਾਂ ਉਨ੍ਹਾਂ ਨਾਲ ਧੋਖਾ ਹੋ ਜਾਣ ਦੀ ਗੱਲ ਉਨ੍ਹਾਂ ਦੇ ਮਨ ਵਿਚੋਂ ਨਿਕਲ ਜਾਂਦੀ ਹੈ ਤੇ ਉਹ ਨਿਸਚਿੰਤ ਹੋ ਕੇ ਕੰਮ ਕਰਦੇ ਹਨ।"

ਸਵਾਲ – "ਦੁਕਾਨ 'ਤੇ ਕੋਈ ਨਹੀਂ ਰਖਿਆ?"

ਜਵਾਬ – "ਰੱਖੀ ਸੀ ਇਕ ਕੁੜੀ। ਕੁੜੀ ਵੀ ਨਹੀਂ ਜਨਾਨੀ ਕਹਿ ਸਕਦੇ ਹੋ ਉਹ ਕਿਸੇ ਫੌਜੀ ਦੀ ਤਲਾਕਸ਼ੁਦਾ ਸੀ।"

ਸਵਾਲ – "ਉਹ ਕੁੜੀ ਕਿਸ ਨੇ ਰਖਵਾਈ ਸੀ?"

ਜਵਾਬ – 'ਕਿਸੇ ਨੇ ਨਹੀਂ, ਪੰਜਾਬ ਕੇਸਰੀ ਵਿਚ ਇਸ਼ਤਿਹਾਰ ਦਿੱਤਾ ਸੀ, ਬਹੁਤ ਕੁੜੀਆਂ ਆਈਆਂ ਸਨ। ਉਹ ਜ਼ਿਆਦਾ ਲੋੜਵੰਦ ਸੀ, ਨਾਲੇ ਦੁਕਾਨ ਦਾ ਕੰਮ ਸੀ, ਇਸ ਲਈ ਮੈਂ ਤਜਰਬੇਕਾਰ ਔਰਤ ਨੂੰ ਹੀ ਚੰਗਾ ਸਮਝ ਕੇ ਰੱਖ ਲਿਆ।"

ਸਵਾਲ – "ਹੁਣ ਉਹ ਕਿਥੇ ਰਹਿੰਦੀ ਹੈ?"

ਜਵਾਬ – "ਪਤਾ ਨਹੀਂ।"

ਸਵਾਲ – "ਪਹਿਲਾਂ ਕਿਥੇ ਰਹਿੰਦੀ ਸੀ?"

ਜਵਾਬ – "ਦੁਕਾਨ ਦੇ ਸਾਹਮਣੇ ਹੀ ਧੋਬੀ ਮੁਹੱਲਾ ਹੈ, ਪਹਿਲੀ ਗਲੀ ਵਿਚ ਰਹਿੰਦੀ ਸੀ ਪਰ ਹੁਣ ਉਥੇ ਨਹੀਂ ਰਹਿੰਦੀ, ਸ਼ਾਇਦ ਉਸ ਦਾ ਘਰਵਾਲਾ ਉਸ ਨੂੰ ਨਾਲ ਲੈ ਗਿਆ ਹੈ ਉਨ੍ਹਾਂ ਦੀ ਸੁਲਾਹ ਹੋ ਗਈ ਸੁਣੀ ਸੀ।"

ਸਵਾਲ – "ਤੁਹਾਡੇ ਕੋਲ ਕਿੰਨੀਆਂ ਕਾਰਾਂ ਹਨ?"

ਜਵਾਬ – "ਦੋ।"

ਸਵਾਲ – "ਕਿਹੜੀ-ਕਿਹੜੀ, ਕੀ-ਕੀ ਨੰਬਰ, ਕੀ-ਕੀ ਮਾਡਲ, ਕਦੋਂ ਕਦੋਂ ਲਈਆਂ?"

ਜਵਾਬ – "ਦੋਵੇਂ ਫੀਅਟ ਨੰਬਰ.... ਨੰ.... 1972 ਦੇ ਦੂਜੀ 1983..........।"

ਸਵਾਲ – "ਦੋ ਰੱਖਣ ਦੀ ਕੀ ਲੋੜ ਪਈ?"

ਜਵਾਬ – "ਆਪਣਾ ਆਪਣਾ ਸ਼ੌਕ ਹੈ, ਹੁਣ ਤੁਸੀਂ ਮੇਰਾ ਘਰ ਵੇਖ ਕੇ ਆਏ ਹੋ, ਪੁਛੋਗੇ, ਏਡਾ ਮਕਾਨ ਬਣਾਉਣ ਦੀ ਕੀ ਲੋੜ ਸੀ।"

ਸਵਾਲ – "ਫਿਰ ਵੀ, ਇਕ ਕਿਸਾਨ ਕੋਲ ਦੋ ਕਾਰਾਂ।"

ਜਵਾਬ – "ਦੂਸਰੇ ਦੇਸ਼ਾਂ ਵਿਚ ਤਾਂ ਕਿਸਾਨਾਂ ਕੋਲ ਆਪਣੇ ਹਵਾਈ ਜਹਾਜ਼ ਵੀ ਹਨ। ਏਥੇ ਪ੍ਰਕਾਸ਼ ਸਿੰਘ ਬਾਦਲ ਤੇ ਕਈ ਹੋਰ ਕਿਸਾਨਾਂ ਕੋਲ ਚਾਰ-ਚਾਰ ਕਾਰਾਂ ਜੀਪਾਂ ਹਨ।"

ਸਵਾਲ – "ਬਾਦਲ ਤਾਂ ਵੱਡਾ ਜ਼ਿਮੀਂਦਾਰ ਹੈ।"

ਸਵਾਲ – "ਅਖ਼ਬਾਰ, ਰੇਡੀਓ ਤੇ ਟੈਲੀਵਿਜ਼ਨ ਵਿਚ ਤਾਂ ਤੁਸਾਂ ਮੈਨੂੰ ਵੀ ਵੱਡਾ ਜ਼ਿਮੀਂਦਾਰ ਹੀ ਕਿਹਾ ਹੈ। ਖੈਰ, ਮੈਂ ਫਿਰ ਵੀ ਦੱਸ ਦੇਂਦਾ ਹਾਂ ਕਿ ਮੇਰੀ ਪਹਿਲੀ ਕਾਰ ਬਹੁਤ ਪੁਰਾਣੀ ਹੋ ਚੁੱਕੀ ਸੀ, ਇਸ ਲਈ ਮੈਂ ਵੇਚ ਕੇ ਹੋਰ ਲੈਣੀ ਸੀ, ਪਰ ਕਾਰ ਬਗੈਰ ਮੇਰਾ ਗੁਜ਼ਾਰਾ ਵੀ ਨਹੀਂ ਸੀ, ਸੋ ਮੈਂ ਪਹਿਲਾਂ ਇਕ 1983 ਮਾਡਲ ਲੈ ਲਈ, ਹੁਣ ਅਰਾਮ ਨਾਲ ਪਹਿਲੀ ਨੂੰ ਵੇਚ ਦੇਵਾਂਗਾ। ਮੈਨੂੰ ਕੋਈ ਕਾਹਲ ਨਹੀਂ ਪੈਸੇ ਚੰਗੇ ਵੱਟੇ ਜਾਣਗੇ। ਕਿਉਂਕਿ

ਖਰੀਦਣ ਵਾਲੇ ਨੂੰ ਪਤਾ ਹੋਵੇਗਾ ਕਿ ਇਸ ਕੋਲ ਦੋ ਹਨ, ਇਸ ਲਈ ਇਕ ਨੂੰ ਵੇਚ ਰਿਹਾ ਹੈ।"

ਸਵਾਲ - "ਤੁਸੀਂ ਕਾਰਾਂ ਤੇ ਟਰੈਕਟਰ ਦੀਆਂ ਬੈਟਰੀਆਂ ਕਿਥੋਂ ਮੁਰੰਮਤ ਕਰਾਉਂਦੇ ਹੋ? ਡਾਊਨ ਹੋ ਜਾਣ 'ਤੇ ਬਦਲੀ ਕਿਥੋਂ ਕਰਵਾਉਂਦੇ ਹੋ?"

ਜਵਾਬ - "ਬੈਟਰੀਆਂ ਕਦੀ ਰਿਪੇਅਰ ਨਹੀਂ ਕਰਵਾਈਆਂ, ਸਾਰੀਆਂ ਬੈਟਰੀਆਂ ਅੱਜ ਤੱਕ ਜੀ.ਟੀ. ਰੋਡ ਉੱਤੇ ਐਕਸਾਈਡ ਹਾਊਸ ਤੋਂ ਲਈਆਂ ਹਨ। ਆਮ ਤੌਰ 'ਤੇ ਬੈਟਰੀ ਦਾ ਜੀਵਨ ਦੋ ਕੁ ਸਾਲ ਹੁੰਦਾ ਹੈ, ਦੋ ਸਾਲ ਬਾਅਦ, ਜਦੋਂ ਮੁਸ਼ਕਲ ਦੇਣ ਲੱਗ ਪਵੇ ਐਕਸਾਈਡ ਹਾਊਸ ਵਾਲਿਆਂ ਨੂੰ ਪੁਰਾਣੀ ਦੇ ਕੇ ਨਵੀਂ ਲੈ ਕੇ ਉਸੇ ਵੇਲੇ ਰੱਖ ਲਈ ਦੀ ਹੈ। ਚਾਰਜ ਕੀਤੀਆਂ ਕਰਾਈਆਂ ਬੈਟਰੀਆਂ ਹਰ ਵੇਲੇ ਉਥੋਂ ਤਿਆਰ ਮਿਲਦੀਆਂ ਹਨ।"

ਸਵਾਲ - "ਜੇ ਕੋਈ ਸੈੱਲ ਖਰਾਬ ਹੋ ਜਾਵੇ ਜਾਂ ਡਾਊਨ ਹੋ ਜਾਵੇ ਤਾਂ ਬਦਲੀ ਕਿਥੋਂ ਕਰਾਉਂਦੇ ਹੋ?"

ਜਵਾਬ - "ਛੇ ਮਹੀਨੇ ਦੀ ਕੰਪਨੀ ਦੀ ਗਰੰਟੀ ਹੁੰਦੀ ਹੈ, ਅੱਜ ਤੱਕ ਕਦੀ ਸੈੱਲ ਨਾ ਖਰਾਬ ਹੋਇਆ ਹੈ ਤੇ ਨਾ ਹੀ ਇਕੱਲਾ ਸੈਲ ਕਦੇ ਕੋਈ ਪਵਾਉਂਦਾ ਹੈ। ਰਹੀ ਡਾਊਨ ਹੋਣ ਦੀ ਗੱਲ, ਮੇਰੇ ਕੋਲ ਆਪਣਾ ਬੈਟਰੀ ਚਾਰਜਰ ਹੈ, ਸਾਰਾ ਸਵਾ ਸੌ-ਡੇਢ ਸੌ ਰੁਪਏ ਦੀ ਚੀਜ਼ ਹੈ। ਖੜੀ ਕਾਰ ਵਿਚ ਹੀ ਤਾਰਾਂ ਲਾ ਦੇਈਏ ਤਾਂ ਰਾਤੋ ਰਾਤ ਬੈਟਰੀ ਚਾਰਜ ਹੋ ਜਾਂਦੀ ਹੈ।"

ਸਵਾਲ - "ਕਾਰਾਂ ਤੇ ਟਰੈਕਟਰ ਕਿਥੋਂ ਮੁਰੰਮਤ ਕਰਾਉਂਦੇ ਹੋ?"

ਜਵਾਬ - "ਸਰਵਿਸ ਕਰਾਉਣੀ ਹੋਵੇ ਜਾਂ ਛੋਟਾ ਮੋਟਾ ਕੰਮ ਹੋਵੇ ਤਾਂ ਜਿਸ ਕੋਲ ਵੇਹਲ ਹੋਵੇ ਕਰਾ ਲਈ ਦੀ ਹੈ, ਪਰ ਜੇ ਕਾਰ ਦਾ ਜ਼ਿਆਦਾ ਕੰਮ ਹੋਵੇ ਤਾਂ ਬੀ.ਐਮ.ਸੀ. ਚੌਕ ਦੇ ਨਾਲ ਗਿਆਨੀ ਦੀ ਵਰਕਸ਼ਾਪ ਵਿਚੋਂ ਤੇ ਟਰੈਕਟਰ ਹਰਸ਼ ਟਰੈਕਟਰ ਗੇਰੇਜ਼ ਵਿਚੋਂ ਠੀਕ ਕਰਵਾਉਂਦਾ ਹਾਂ। ਅੱਜ ਕੱਲ ਮੈਂ ਇਕ ਟਰੈਕਟਰ ਵੇਚ ਦਿੱਤਾ ਹੈ।"

ਸਵਾਲ - "ਕਿਉਂ?"

ਜਵਾਬ - "ਮੇਰੀ ਸਾਰੀ ਜ਼ਮੀਨ ਲੈਦਰ ਗੁਡਜ਼ ਕਾਰਪੋਰੇਸ਼ਨ ਨੇ ਐਕੁਆਇਰ ਕਰ ਲਈ ਹੈ ਤੇ ਘਰ ਦੇ ਲਾਗੇ ਵਾਲੀ ਜ਼ਮੀਨ ਵਿਚ ਪੋਲਟਰੀ ਫਾਰਮ ਬਣਾ ਦਿੱਤਾ ਹੈ ਤੇ ਬਾਕੀ ਦੇ ਪਲਾਟ ਕੱਟ ਦਿੱਤੇ ਹਨ। ਦੋ ਟਰੈਕਟਰਾਂ ਦੀ ਮੈਨੂੰ ਲੋੜ ਹੀ ਨਹੀਂ।"

ਸਵਾਲ - "ਖਾਲਿਸਤਾਨ ਕਮਾਂਡੋ ਫੋਰਸ ਦੇ ਜਨਰਲ ਹਰੀ ਸਿੰਘ ਉਰਫ ਮਨਬੀਰ ਸਿੰਘ ਚਹੇੜੂ ਨੂੰ ਜਾਣਦੇ ਹੋ?"

ਜਵਾਬ - "ਨਹੀਂ, ਹੁਣ ਜਦੋਂ ਫੜਿਆ ਗਿਆ ਹੈ ਤਾਂ ਅਖਬਾਰ ਵਿਚ ਪੜ੍ਹਿਆ ਸੀ ਨਾਲੇ ਫੋਟੋ ਵੇਖੀ ਸੀ।"

ਸਵਾਲ - "ਮੇਜਰ ਬਲਦੇਵ ਸਿੰਘ ਘੁੰਮਣ ਜਿਸ ਦੇ ਘਰੋਂ ਮਨਬੀਰ ਸਿੰਘ ਫੜਿਆ ਗਿਆ ਹੈ, ਕਹਿੰਦਾ ਹੈ ਕਿ ਮੈਂ ਕੁਲਬੀਰ ਸਿੰਘ ਨੂੰ ਜਾਣਦਾ ਹਾਂ, ਤੁਹਾਡਾ ਨਾਂ ਲੈਂਦਾ ਹੈ।"

ਜਵਾਬ - "ਮੇਜਰ ਘੁੰਮਣ ਤਾਂ ਕੀ ਮੈਂ ਕਿਸੇ ਵੀ ਨੌਕਰੀ 'ਚ ਜਾ ਰਿਟਾਇਰਡ ਮੇਜਰ ਨੂੰ ਨਹੀਂ ਜਾਣਦਾ। ਮੇਰਾ ਖਿਆਲ ਹੈ ਮੇਰਾ ਏਨਾ ਕਹਿ ਦੇਣਾ ਹੀ ਕਾਫੀ ਹੈ।"

ਸਵਾਲ - "ਫਿਰ ਉਹ ਤੁਹਾਡਾ ਨਾਂ ਕਿਉਂ ਲੈਂਦਾ ਹੈ?"

ਜਵਾਬ - "ਮੈਨੂੰ ਕੀ ਪਤਾ? ਉਸ ਨੂੰ ਵੀ ਨਾਲ ਲਈ ਆਉਣਾ ਸੀ, ਫਿਰ ਵੇਖਦੇ

ਭਲਾ ਉਹ ਮੈਨੂੰ ਪਛਾਣਦਾ ਹੈ ਕਿ ਨਹੀਂ? ਮੇਰੇ ਖਿਆਲ ਵਿਚ ਇਹ ਗੱਲ ਤੁਸੀਂ ਆਪ ਹੀ ਕਹਿ ਰਹੇ ਹੋ। ਨਾ ਮੈਂ ਉਸ ਨੂੰ ਜਾਣਦਾ ਹਾਂ, ਨਾ ਉਹ ਮੈਨੂੰ ਜਾਣਦਾ ਹੈ। ਉਸ ਦੀ ਫੋਟੋ ਮੈਂ ਜਨਰਲ ਹਰੀ ਸਿੰਘ ਦੀ ਫੋਟੋ ਦੇ ਨਾਲ ਛਪੀ ਵੇਖੀ ਸੀ। ਦੋ ਫੋਟੋਆਂ ਹੋਰ ਵੀ ਨਾਲ ਛਪੀਆਂ ਸਨ।"

ਸਵਾਲ – "ਕਿਸ ਅਖ਼ਬਾਰ ਵਿਚ ਤੇ ਤੁਸਾਂ ਜੇਲ੍ਹ ਵਿਚ ਅਖ਼ਬਾਰ ਕਿਥੋਂ ਵੇਖ ਲਈ?"

ਜਵਾਬ – "ਅਸੀਂ ਸਾਰੇ ਬੀ ਕਲਾਸ ਹਾਂ, ਸਾਡੇ ਵਾਰਡ ਵਿਚ ਤਿੰਨ ਅਖ਼ਬਾਰਾਂ ਆਉਂਦੀਆਂ ਹਨ ਤੇ ਤਿੰਨਾਂ ਵਿਚ ਹੀ ਉਨ੍ਹਾਂ ਦੀਆਂ ਫੋਟੋਆਂ ਤੇ ਫੜੇ ਜਾਣ ਦੀ ਕਹਾਣੀ ਛਪੀ ਸੀ।" (ਫਿਰ ਉਸ ਨੇ ਕੋਲ ਬੈਠੇ ਜੇਲ੍ਹਰ (ਡੀ.ਐਸ.1) ਨੂੰ ਪੁਛਿਆ, "ਕੀ ਇਨ੍ਹਾਂ ਕੋਲ ਅਖ਼ਬਾਰਾਂ ਆਉਂਦੀਆਂ ਹਨ?" ਉਸ ਨੇ ਕਿਹਾ, "ਹਾਂ"।

ਸਵਾਲ – "ਸਰਦਾਰ ਸਾਹਿਬ ਆਪ ਹਮਾਰੇ ਸਾਥ ਝੂਠ ਬੋਲਤੇ ਰਹੇ ਔਰ ਹਮੇਂ ਬੇਵਕੂਫ ਬਨਾਤੇ ਰਹੇ। ਆਪ ਨੇ ਕਹਾ ਥਾ ਕਿ ਆਪ ਕਿਸੀ ਭੀ ਰਾਜਨੀਤਕ ਪਾਰਟੀ ਕੇ ਚਾਰ ਆਨੇ ਕੇ ਭੀ ਮੈਂਬਰ ਨਹੀਂ, ਕਹਾ ਥਾ ਨਾ?"

ਜਵਾਬ – "ਹਾਂ ਮੈਂ ਅਬ ਭੀ ਕਹਿਤਾ ਹੂੰ, ਇਸ ਮੇਂ ਆਪ ਕੋ ਬੇਵਕੂਫ ਬਨਾਨੇ ਕੀ ਕਯਾ ਬਾਤ ਹੈ?"

ਸਵਾਲ – "ਇਹ ਦੇਖੋ, ਤੁਸੀਂ ਇਕ ਵਾਰ ਲੋਕ ਦਲ ਦੀ ਟਿਕਟ 'ਤੇ ਐਮ.ਐਲ.ਏ. ਦੀ ਚੋਣ ਲੜੀ, ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਹੋਣ ਨਾਤੇ ਤੁਸੀਂ ਜੇਲ੍ਹ ਗਏ ਅਤੇ ਜੇਲ੍ਹ ਕੱਟੀ, ਇਹ ਰਿਹਾ ਜੇਲ੍ਹ ਵਾਲਿਆਂ ਦਾ ਸਰਟੀਫਿਕੇਟ। ਲੈਂਡ ਮਾਰਟਗੇਜ ਬੈਂਕ ਜਲੰਧਰ ਦੇ ਤੁਸੀਂ ਦਸ ਸਾਲ ਤੱਕ ਚੇਅਰਮੈਨ ਰਹੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਆਦਮਪੁਰ ਤੋਂ ਲੜੀ, ਜ਼ਿਲ੍ਹਾ ਜਲੰਧਰ ਦੇ ਜ਼ਿਲ੍ਹਾ ਜਥੇਦਾਰ, ਅਕਾਲੀ ਦਲ ਦੇਹਾਤੀ ਦੇ ਰਹੇ। ਦਾਨੇਵਾਲੀਆ ਅਕਾਲੀ ਦਲ ਦੇ ਜਨਰਲ ਸੈਕਟਰੀ ਰਹੇ ਔਰ ਪਤਾ ਨਹੀਂ ਆਪ ਕਿਤਨੇ ਅਹੁਦੋਂ ਪਰ ਰਹੇ ਹੈਂ ਔਰ ਆਪ ਕਹਿਤੇ ਹੈਂ ਆਪ ਚਾਰ ਆਨੇ ਕੇ ਮੈਂਬਰ ਨਹੀਂ ਹੈਂ। ਅਬ ਬਤਾਓ ਕਯਾ ਕਹੋਗੇ? ਜਰਾ ਮੈਂ ਭੀ ਸੁਨੂੰ ਆਪ ਕੀ ਚੁਸਤੀ। ਯਹ ਹਮਨੇ ਏਕ ਮਹੀਨੇ ਕੀ, ਲਗਾਤਾਰ ਦੌੜ ਧੂਪ ਕੇ ਬਾਅਦ ਸਾਰੇ ਤੱਥ ਇਕੱਠੇ ਕੀਏ ਹੈਂ ਅਬ ਕੋਈ ਸ਼ੱਕ ਹੋ ਤੋ ਬਤਾਓ, ਕੋਈ ਸ਼ੱਕ? (ਤੇ ਨਾਲ ਹੀ ਉਸ ਨੇ ਖੁਸ਼ੀ ਵਿਚ ਆਏ ਨੇ ਜੇਬ ਵਿਚੋਂ ਪਲਾਸਟਿਕ ਦੀ ਥੈਲੀ ਵਿਚੋਂ ਕੱਢ ਕੇ ਤੰਬਾਕੂ ਵਾਲਾ ਪਾਨ ਮੂੰਹ ਵਿਚ ਰੱਖ ਲਿਆ। ਜੇਲ੍ਹ ਦੇ ਦੋ ਅਫਸਰ ਵੀ ਬੜੀ ਉਤਸੁਕਤਾ ਨਾਲ ਵੇਖ ਰਹੇ ਸਨ ਕਿ ਦੇਖੋ ਕੀ ਜਵਾਬ ਦੇਂਦਾ ਹੈ? ਉਨ੍ਹਾਂ ਤਿੰਨਾਂ ਦੇ ਖਿਆਲ ਵਿਚ ਮੈਂ ਬੁਰੀ ਤਰ੍ਹਾਂ ਫਸ ਚੁੱਕਾ ਸਾਂ, ਹੁਣ ਮੈਨੂੰ ਆਤਮ ਸਮਰਪਣ ਕਰਦੇ ਨੂੰ ਉਹ ਵੇਖਣਾ ਚਾਹੁੰਦੇ ਸਨ ਤੇ ਖੁਸ਼ ਹੋਣਾ ਚਾਹੁੰਦੇ ਸਨ। ਬਲਕਿ ਉਨ੍ਹਾਂ ਦੇ ਬੁੱਲ੍ਹਾਂ 'ਤੇ ਮੁਸਕਾਨ ਸੀ ਤੇ ਚੇਹਰੇ 'ਤੇ ਸਾਰਿਆਂ ਦੇ ਰੌਣਕ। ਜੇਲ੍ਹ ਵਾਲੇ ਮੇਰੇ ਕਾਨੂੰਨ ਛਾਂਟਣ ਤੋਂ ਮੇਰੇ 'ਤੇ ਔਖੇ ਸਨ ਤੇ ਨਾਲੇ ਉਹ ਇਹ ਵੀ ਸਮਝਦੇ ਸਨ ਕਿ ਮੈਂ ਹੀ ਸਾਰਿਆਂ ਦਾ ਲੀਡਰ ਹਾਂ ਤੇ ਭੁੱਖ ਹੜਤਾਲ ਵਗੈਰਾ ਕਰਵਾਉਂਦਾ ਹਾਂ। ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਸਾਰੇ ਹੀ ਲੀਡਰ ਹਨ ਤੇ ਸਾਰਿਆਂ ਦੇ ਮੂੰਹ ਹੀ ਰੱਬ ਨੇ ਕੁਹਾੜੀ ਨਾਲ ਵੱਢ ਕੇ ਬਣਾਏ ਹਨ ਤੇ ਉਡਣੇ ਸੱਪ ਹਨ। ਮੇਰੇ ਉਪਰੋਕਤ ਤੱਥ ਨੂੰ ਮੰਨ ਜਾਣ ਦੀ ਸੂਰਤ ਵਿਚ ਮੈਂ ਦੋਸ਼ੀ ਸਿੱਧ ਹੋ ਜਾਂਦਾ ਸਾਂ ਤੇ ਉਨ੍ਹਾਂ ਦਾ ਖੁਸ਼ ਹੋਣਾ ਕੁਦਰਤੀ ਹੀ ਸੀ। ਡੀ.ਪੀ. ਸਿੰਘ ਵੀ ਖੁਸ਼ ਸੀ,

ਕਿਉਂਕਿ ਉਹ ਹੋਰ ਕਿਸੇ ਨੂੰ ਭਾਵੇਂ ਨਾ ਪਰ ਮੈਨੂੰ ਤਾਂ ਕਸੂਰਵਾਰ ਸਿੱਧ ਕਰਨ ਵਿਚ ਆਪਣੇ ਆਪ ਨੂੰ ਕਾਮਯਾਬ ਹੋਇਆ ਸਮਝਦਾ ਸੀ। ਮਾਰੇ ਖੁਸ਼ੀ ਦੇ ਉਸ ਦੀਆਂ ਕੱਛਾਂ ਵਿਚੋਂ ਹਾਸਾ ਨਿਕਲਦਾ ਸੀ। ਜਿੰਨਾ ਚਿਰ ਉਹ ਪਾਨ ਵਗੈਰਾ ਕੱਢਦਾ ਤੇ ਚਬਾਉਂਦਾ ਰਿਹਾ। ਮੈਂ ਚੁਪ ਕਰਕੇ ਸਾਰਿਆਂ ਦੇ ਮੂੰਹਾਂ ਵੱਲ ਵੇਖਦਾ ਰਿਹਾ। ਦਰਅਸਲ ਮੇਰੇ ਅੰਦਰ ਵੀ ਇਕ ਯੁੱਧ ਚੱਲ ਰਿਹਾ ਸੀ ਕਿ ਮੈਂ ਇਹ ਦੱਸ ਦਿਆਂ ਕਿ ਉਹ ਬੰਦਾ ਕੌਣ ਹੈ ਜਾਂ ਨਾਂ। ਅਖੀਰ ਮੈਂ ਫੈਸਲਾ ਕਰ ਹੀ ਲਿਆ ਕਿ ਮੈਨੂੰ ਏਥੇ ਹੀ ਸਭ ਕੁਝ ਦੱਸਣਾ ਚਾਹੀਦਾ ਹੈ। ਨਹੀਂ ਤਾਂ ਇਕ ਸਟੇਜ 'ਤੇ ਤਾਂ ਮੈਂ ਇਹ ਫੈਸਲਾ ਕੀਤਾ ਸੀ ਕਿ ਇਹ ਗੱਲ ਅਦਾਲਤ ਵਿਚ ਖੋਲ੍ਹ ਕੇ ਇਸ ਦਾ ਮੌਜੂ ਬਣਾਵਾਂ। ਪਰ ਜਦੋਂ ਉਸ ਨੇ ਕਿਹਾ, "ਹੁਣ ਤੁਹਾਨੂੰ ਹੋਰ ਕਿਸੇ ਕੇਸ ਵਿਚ ਸਜਾ ਹੋਵੇ ਭਾਵੇਂ ਨਾ, ਐਨ.ਐਸ.ਏ. ਤਾਂ ਆਪ 'ਤੇ ਲੱਗਾ ਹੀ ਪਿਆ ਹੈ।" ਫਿਰ ਮੈਨੂੰ ਉਸ ਨੂੰ ਇਹ ਤੱਥ ਏਥੇ ਹੀ ਦੱਸਣ ਲਈ ਮਜ਼ਬੂਰ ਹੋਣਾ ਪਿਆ। ਕਿਉਂਕਿ ਮੈਂ ਐਵੇਂ ਵਾਧੂ ਭਾਰ ਆਪਣੇ ਸਿਰ ਚੁੱਕ ਕੇ ਰਾਜੀ ਨਹੀਂ ਸੀ। ਐਨ.ਐਸ.ਏ. ਦਾ ਮਤਲਬ ਦੋ ਸਾਲ ਦੀ ਨਜ਼ਰਬੰਦੀ ਤੇ ਖੱਜਲ ਖੁਆਰੀ ਵੱਖਰੀ। ਏਨੇ ਚਿਰ ਤੱਕ ਉਹ ਸਿੱਧਾ ਹੋ ਕੇ ਮੇਰੇ ਵੱਲ ਮੂੰਹ ਕਰਕੇ ਬੈਠ ਗਿਆ ਤੇ ਕਿਹਾ "ਹਾਂ ਸਰਦਾਰ ਸਾਹਿਬ, ਕਯਾ ਕਹੇਂਗੇ ਅਬ ਆਪ?" ਤਿੰਨਾਂ ਦੇ ਹੀ ਸਾਹ ਮੇਰੀ ਗੱਲ ਸੁਣਨ ਲਈ ਰੁਕੇ ਪਏ ਸਨ।

ਸਵਾਲ – "ਕਹਿਣਾ ਕੀ ਹੈ, ਮੈਂ ਤਾਂ ਸਮਝਦਾ ਸੀ, ਸੀ.ਬੀ.ਆਈ. ਹਿੰਦੋਸਤਾਨ ਦੀ ਵਧੀਆ ਖੁਫੀਆ ਏਜੰਸੀ ਹੈ, ਪਰ ਇਸ ਨਾਲ ਵਾਹ ਪਿਆ ਹੈ ਤੇ ਮੈਂ ਇਸ ਸਿੱਟੇ 'ਤੇ ਪਹੁੰਚਿਆ ਹਾਂ ਕਿ ਇਸ ਦੇਸ਼ ਦਾ ਰੱਬ ਹੀ ਰਾਖਾ ਹੈ। ਨਹੀਂ ਤਾਂ ਇਸ ਏਜੰਸੀ ਵਲੋਂ ਤਾਂ ਕੋਈ ਕਸਰ ਨਹੀਂ। ਕਮਾਲ ਹੈ, ਇਹ ਸੀ.ਬੀ.ਆਈ ਹੈ ਜਾਂ ਕਬਾੜਾ? ਮੇਰੇ ਇਹ ਕਹਿਣ 'ਤੇ ਉਨ੍ਹਾਂ ਹੈਰਾਨ ਤਾਂ ਹੋਣਾ ਹੀ ਸੀ, ਸਗੋਂ ਡੀ.ਪੀ. ਸਿੰਘ ਨੂੰ ਤਾਂ ਗੁੱਸਾ ਵੀ ਆਉਣਾ ਹੀ ਚਾਹੀਦਾ ਸੀ, ਕਿਉਂਕਿ ਉਸ ਦੇ ਮੂੰਹ 'ਤੇ ਹੀ ਉਸ ਬਾਰੇ ਏਡੀ ਵੱਡੀ ਟਿੱਪਣੀ ਕਿਵੇਂ ਵੀ ਉਸ ਨੂੰ ਪਸੰਦ ਨਹੀਂ ਹੋ ਸਕਦੀ ਸੀ। ਉਸ ਨੇ ਫਿਰ ਪਾਨ ਵਾਲਾ ਮੂੰਹ ਇਸ ਤਰ੍ਹਾਂ ਜਲਦੀ ਜਲਦੀ ਮਾਰਿਆ ਜਿਵੇਂ ਉਸ ਦੇ ਮੂੰਹ ਵਿਚ ਮਿੱਟੀ ਦੀਆਂ ਢੇਲੀਆਂ ਆ ਗਈਆਂ ਹੋਣ। ਫਿਰ ਉਸ ਨੇ ਥੁੱਕ ਸੁੱਟਣਾ ਚਾਹਿਆ। ਪਰ ਉਥੇ ਇਹੋ ਜਿਹਾ ਕੋਈ ਪ੍ਰਬੰਧ ਨਹੀਂ ਸੀ। ਦਰਅਸਲ ਉਹ ਬਹੁਤ ਬੋਲਣਾ ਚਾਹੁੰਦਾ ਸੀ ਤੇ ਪਾਨ ਮੂੰਹ ਵਿਚ ਪਾ ਕੇ ਬੋਲ ਨਹੀਂ ਸੀ ਸਕਦਾ। ਜੇ ਤਸੀਹਾ ਘਰ ਵਿਚ ਹੁੰਦਾ ਤਾਂ ਉਸ ਨੂੰ ਇਕ ਲਫਜ਼ ਵੀ ਮੂੰਹ ਵਿਚੋਂ ਕੱਢਣ ਦੀ ਲੋੜ ਨਹੀਂ ਸੀ ਪੈਣੀ ਤੇ ਉਸ ਦਾ ਸਿਰਫ ਇਸ਼ਾਰਾ ਹੀ ਕਾਫੀ ਸੀ। ਮੈਨੂੰ ਉਸ ਦੇ ਜੂਨੀਅਰ ਟੁੱਟ ਕੇ ਪੈ ਜਾਂਦੇ ਤੇ ਹਰ ਤਰ੍ਹਾਂ ਦਾ ਤਸ਼ੱਦਦ ਕਰਦੇ ਪਰ ਏਥੇ ਜੇਲ੍ਹ ਵਿਚ ਤਾਂ ਇਸ ਤਰ੍ਹਾਂ ਨਹੀਂ ਸੀ ਹੋ ਸਕਦਾ। ਹੈਰਾਨੀ ਤੇ ਗੁੱਸਾ ਉਸ ਦੇ ਮੂੰਹ 'ਤੇ ਸਪੱਸ਼ਟ ਦਿਸ ਰਿਹਾ ਸੀ। ਫਿਰ ਉਹ ਉਠ ਕੇ ਬਾਹਰ ਗਿਆ ਤੇ ਪਤਾ ਨਹੀਂ ਕਿਥੇ ਥੁੱਕ ਕੇ ਆਇਆ। ਉਨੇ ਚਿਰ ਤੱਕ ਜੇਲ੍ਹ ਦੇ ਅਫ਼ਸਰ ਚੁੱਪ ਚਾਪ ਡਿਗਰ ਡਿਗਰ ਮੇਰੇ ਵੱਲ ਵੇਖ ਰਹੇ ਸਨ। ਉਨ੍ਹਾਂ ਨੂੰ ਹੁਣ ਇਹ ਪਤਾ ਲੱਗ ਗਿਆ ਸੀ ਕਿ ਸਾਡੇ ਨਾਲ ਹੀ ਨਹੀਂ ਇਹ ਤਾਂ ਸੀ.ਬੀ.ਆਈ. ਨਾਲ ਵੀ ਪੰਗਾ ਲੈ ਸਕਦਾ ਹੈ। ਜਦੋਂ ਉਹ ਉਠ ਕੇ ਬਾਹਰ ਗਿਆ ਹੋਇਆ ਸੀ ਤਾਂ ਇਕ ਅਫ਼ਸਰ ਨੇ ਜੋ ਮੇਰੇ ਕੋਲ ਹੀ ਕੁਰਸੀ 'ਤੇ ਬੈਠਾ ਸੀ ਨੇ ਕਿਹਾ, "ਸਰਦਾਰ ਸਾਹਿਬ, ਆਪ ਨੇ ਬਹੁਤ ਸਖਤ ਬਾਤ ਕਹਿ ਦੀ ਹੈ ਇਸ ਕੋ ਸਾਬਤ ਭੀ ਕਰ ਸਕੋਗੇ? "ਹਾਂ ਤਬ ਹੀ ਤੋ ਕਹੀ ਹੈ, ਆਪ ਦੇਖਤੇ ਜਾਈਏ" ਮੇਰੇ ਇਹ ਕਹਿਣ 'ਤੇ ਅਫ਼ਸਰ ਹੱਥ ਦੀਆਂ ਉਂਗਲਾਂ ਨਚਾ ਕੇ ਚੁੱਪ ਕਰ ਗਿਆ ਏਨੇ ਚਿਰ ਨੂੰ ਉਹ

ਵੀ ਬਾਹਰੋਂ ਆ ਗਿਆ।

ਸਵਾਲ – "ਸਰਦਾਰ ਸਾਹਿਬ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕੀ ਬੋਲ ਰਹੇ ਹੋ, ਅਸੀਂ ਮਹੀਨਿਆਂ ਦੀ ਮਿਹਨਤ ਤੋਂ ਬਾਅਦ ਇਹ ਸਬੂਤ ਇਕੱਠੇ ਕੀਤੇ ਹਨ। ਅਸੀਂ ਤੁਹਾਡੇ ਵਿਰੁੱਧ ਸਾਰੇ ਸਬੂਤ ਇਕੱਠੇ ਕਰ ਚੁੱਕੇ ਹਾਂ। ਅਦਾਲਤ ਵਿਚ ਤੁਹਾਨੂੰ ਸਜ਼ਾ ਹੋਣੀ ਹੀ ਹੋਣੀ ਹੈ, ਇਸ ਵਿਚ ਕੋਈ ਸ਼ੱਕ ਨਹੀਂ।"

ਜਵਾਬ – "ਜੇ ਤੁਹਾਨੂੰ ਯਕੀਨ ਹੈ ਕਿ ਮੈਨੂੰ ਅਦਾਲਤ ਵਿਚ ਸਜ਼ਾ ਹੋਣੀ ਹੀ ਹੈ ਤਾਂ ਫਿਰ ਹੋਰ ਪੁੱਛਗਿੱਛ ਕਰਨ ਦਾ ਇਹ ਢੌਂਗ ਕਿਉਂ ਰਚਿਆ ਜਾ ਰਿਹਾ ਹੈ? ਤੁਸੀਂ ਮੇਰਾ ਚਲਾਨ ਅਦਾਲਤ ਵਿਚ ਕਿਉਂ ਨਹੀਂ ਪੇਸ਼ ਕਰਦੇ?"

ਡੀ.ਪੀ. ਸਿੰਘ – "ਉਹ ਵੀ ਕਰਾਂਗੇ, ਤੁਹਾਨੂੰ ਸਜ਼ਾ ਵੀ ਦਿਵਾਂਵਾਗੇ, ਸ਼ਾਇਦ ਤੁਸੀਂ ਬਾਕੀ ਜ਼ਿੰਦਗੀ ਇਸੇ ਜੇਲ੍ਹ ਵਿਚ ਹੀ ਕੱਟੋ।"

ਜਵਾਬ – "ਹਾਂ ਹੋ ਸਕਦਾ ਹੈ, ਮੈਂ ਤੇ ਪਹਿਲਾਂ ਹੀ ਕੱਟ ਰਿਹਾ ਹਾਂ। ਕਰੀਬ ਛੇ ਮਹੀਨੇ ਹੋ ਗਏ ਹਨ ਤੇ ਹੋਰ ਹੋ ਗਈ ਤਾਂ ਉਹ ਵੀ ਕੱਟਾਂਗਾ। ਪਰ ਕੀ ਪਤਾ ਤੁਸੀਂ ਵੀ ਡੀ.ਐਸ.ਪੀ. ਤੋਂ ਐਸ.ਪੀ. ਬਣਦੇ ਹੋ ਜਾਂ ਮੁਅੱਤਲ ਹੁੰਦੇ ਹੋ ਜਾਂ ਇੰਸਪੈਕਟਰ ਬਣਾ ਦਿੱਤੇ ਜਾਂਦੇ ਹੋ। ਇਹ ਤਾਂ ਜਦੋਂ ਅਦਾਲਤ ਤੁਹਾਡੇ ਵਿਰੁੱਧ ਟਿੱਪਣੀਆਂ ਪਾਸ ਕਰੇਗੀ ਤਾਂ ਹੀ ਪਤਾ ਲੱਗੇਗਾ। ਪਹਿਲਾਂ ਕੁਝ ਕਹਿਣਾ ਤਾਂ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ।"

ਡੀ.ਪੀ. ਸਿੰਘ – "ਤੇ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਅਸੀਂ ਮੂਰਖ ਹਾਂ ਜੋ ਐਵੇਂ ਹੀ ਤੱਥ ਇਕੱਠੇ ਕਰ ਰਹੇ ਹਾਂ, ਇਸ ਜਾਣਕਾਰੀ ਦਾ ਕੋਈ ਮਤਲਬ ਹੀ ਨਹੀਂ?" ਫਿਰ ਉਸ ਨੇ ਗੁੱਸੇ ਵਿਚ ਆ ਕੇ ਆਪਣਾ ਬੈਗ ਖੋਲ੍ਹਿਆ ਤੇ ਜੇਲ੍ਹ ਤੋਂ ਲਿਆ ਹੋਇਆ ਸਰਟੀਫਿਕੇਟ ਮੇਰੇ ਅੱਗੇ ਕਰ ਦਿੱਤਾ। "ਇਹ ਦੇਖੋ ਤੁਸੀਂ ਜਲੰਧਰ ਦੀ ਜੇਲ੍ਹ ਵਿਚ ਕੈਦ ਕੱਟੀ ਹੈ। ਇਹ ਦੇਖੋ ਤੁਹਾਡੀ ਨਾਮਜ਼ਦਗੀ.ਦੇ ਕਾਗਜ਼। ਲੋਕ ਦਲ ਦੀ ਟਿਕਟ ਉੱਪਰ ਤੁਸਾਂ ਚੋਣ ਵਾਸਤੇ ਕਾਗਜ਼ ਦਾਖਲ ਕੀਤੇ ਅਤੇ ਬਾਅਦ ਵਿਚ ਚੋਣ ਹਾਰਨ ਦਾ ਸਬੂਤ, ਚੇਅਰਮੈਨ ਰਹਿਣ ਦਾ ਸਬੂਤ" ਤੇ ਫਿਰ ਵਾਰੋ ਵਾਰੀ ਉਸ ਨੇ ਕਿੰਨੇ ਹੀ ਕਾਗਜ ਮੈਨੂੰ ਵਿਖਾ ਵਿਖਾ ਕੇ ਵਰਕੇ ਪਲਟਾਈ ਗਿਆ। ਫਿਰ ਉਨ੍ਹਾਂ ਨੂੰ ਅਟੈਚੀ ਵਿਚ ਰੱਖਿਆ ਤੇ ਜ਼ੋਰ ਨਾਲ ਅਟੈਚੀ ਬੰਦ ਕੀਤਾ ਫਿਰ ਮੇਰੇ ਵੱਲ ਮੂੰਹ ਕਰਕੇ ਕਿਹਾ, "ਹੁਣ ਕੀ ਆਖੋਗੇ?"

ਜਵਾਬ – "ਇਹ ਜੋ ਕਾਗਜ਼ ਆਪ ਇਕੱਠੇ ਕਰਕੇ ਲਈ ਫਿਰਦੇ ਹੋ, ਇੰਨਾਂ ਦੀ ਵਜ੍ਹਾ ਨਾਲ ਹੀ ਤਾਂ ਤੁਸਾਂ ਮੁਅੱਤਲ ਹੋਣਾ ਹੈ, ਹੋਰ ਮੇਰੇ ਕੋਲ ਤਾਂ ਤੁਹਾਡੇ ਵਿਰੁੱਧ ਕੋਈ ਸਬੂਤ ਹੈ ਹੀ ਨਹੀਂ। ਤੁਹਾਡੇ ਇਕੱਠੇ ਕੀਤੇ ਹੋਏ ਸਬੂਤ ਹੀ ਤੁਹਾਡੇ ਵਿਰੁੱਧ ਜਾਣਗੇ। ਹੋਵੇਗੀ ਨਾ ਮਜ਼ੇ ਵਾਲੀ ਗੱਲ?"

ਡੀ.ਪੀ.ਸਿੰਘ – "ਤੇ ਤੁਹਾਡਾ ਕਹਿਣਾ ਹੈ ਕਿ ਸਾਡਾ ਸਾਰਾ ਮਹਿਕਮਾ ਹੀ ਬੇਵਕੂਫਾਂ ਦਾ ਭਰਿਆ ਹੋਇਆ ਹੈ?"

ਜਵਾਬ – "ਮੈਂ ਇਹ ਗੱਲ ਆਪਣੇ ਮੂੰਹੋਂ ਕਿਉਂ ਆਖਾਂ? ਇਹ ਗੱਲ ਤਾਂ ਚਲਾਨ ਪੇਸ਼ ਹੋਣ ਤੋਂ ਬਾਅਦ ਜਾਂ ਅਦਾਲਤ ਵਿਚ ਮੇਰਾ ਮੁਕੱਦਮਾ ਸੁਣਨ ਆਏ ਲੋਕ ਕਹਿਣਗੇ ਜਾਂ ਜੱਜ ਸਾਹਿਬ ਆਪਣੇ ਫੈਸਲੇ ਵਿਚ ਲਿਖਣਗੇ, ਮੈਨੂੰ ਇਹ ਕਹਿਣ ਦਾ ਕੀ ਹੱਕ ਹੈ?" ਮੇਰੇ ਇਸ ਤਰ੍ਹਾਂ ਕਹਿਣ ਨਾਲ ਡੀ.ਪੀ. ਸਿੰਘ ਹੈਰਾਨ ਪ੍ਰੇਸ਼ਾਨ ਸੀ ਤੇ ਉਸ ਨੂੰ ਕੁਝ ਕੁਝ ਸ਼ੱਕ ਵੀ ਪੈ ਰਿਹਾ ਸੀ ਕਿ ਕਿਤੇ ਉਹ ਸੱਚ ਮੁਚ ਹੀ ਗਲਤ ਨਾ ਹੋਵੇ ਨਹੀਂ ਤਾਂ ਉਸ ਨੂੰ ਪਤਾ ਸੀ ਕਿ

'ਕੱਟਾ ਕਿੱਲੇ ਦੇ ਜ਼ੋਰ ਤਾਂਗੜਦਾ ਹੈ' ਉਸ ਨੇ ਫਿਰ ਅਟੈਚੀ ਖੋਲ੍ਹਿਆ ਕਾਗਜ਼ ਕੱਢ ਕੇ ਪੜ੍ਹੇ। "ਯਹ ਰਹਾ ਆਪ ਕਾ ਨਾਮ" ਮੇਰੇ ਵੱਲ ਕਰ ਕਰ ਕੇ ਮੈਨੂੰ ਵਿਖਾਉਣ ਲੱਗ ਪਿਆ। ਹੁਣ ਮੈਂ ਵੀ ਉਸ ਨੂੰ ਹੋਰ ਨਹੀਂ ਖਿਝਾਉਣਾ ਚਾਹੁੰਦਾ ਸੀ। ਆਖਰ ਉਹ ਪੜਤਾਲੀਆ ਅਫ਼ਸਰ ਹੈ ਨਾਲੇ ਮੈਂ ਉਸ ਨੂੰ ਨਰਾਜ਼ ਕਰਕੇ ਲੈਣਾ ਵੀ ਕੀ ਸੀ। ਵੈਸੇ ਵੀ ਮੇਰੇ ਰੀਮਾਂਡ ਦੌਰਾਨ ਇਹ ਮੇਰੇ ਨਾਲ ਚੰਗਾ ਹੀ ਵਰਤਿਆ ਸੀ ਸੋ ਮੈਂ ਕਿਹਾ, "ਸ੍ਰੀ ਮਾਨ ਜੀ ਤੁਸੀਂ ਕੀ ਸਮਝਦੇ ਹੋ ਕਿ ਇਸ ਨਾਮ ਵਾਲਾ ਸਿਰਫ ਮੈਂ ਹੀ ਇਸ ਪੂਰੀ ਦੁਨੀਆਂ 'ਚ ਹਾਂ?"

"ਨਹੀਂ ਹੋਰ ਵੀ ਹੋਣਗੇ" ਉਸ ਨੇ ਜਵਾਬ ਦਿੱਤਾ।

"ਤੇ ਫਿਰ ਇਹ ਹੋਰ ਆਦਮੀ ਹੈ ਅਤੇ ਮੈਂ ਉਹ ਨਹੀਂ ਹਾਂ" ਮੈਂ ਫਿਲਮੀ ਡਾਇਲਾਗ ਵਾਂਗ ਬੋਲਿਆ।

ਡੀ.ਪੀ. ਸਿੰਘ - "ਉਹ ਕਿਸ ਤਰ੍ਹਾਂ, ਤੁਹਾਡਾ ਨਾਮ ਸਪੱਸ਼ਟ ਲਿਖਿਆ ਹੋਇਆ ਹੈ"

"ਪਿਤਾ ਦਾ ਨਾਮ ਵੀ ਤੇ ਪੜ੍ਹੋ ਨਾ?" ਮੈਂ ਕਿਹਾ।

ਡੀ.ਪੀ. ਸਿੰਘ - "ਬੰਤਾ ਸਿੰਘ, ਠੀਕ ਤੇ ਹੈ।"

ਜਵਾਬ - "ਸ੍ਰੀ ਮਾਨ ਜੀ ਮੇਰੇ ਪਿਤਾ ਦਾ ਨਾਮ ਸ. ਬੁੱਢਾ ਸਿੰਘ ਹੈ, ਜੋ ਕਾਫੀ ਹਦ ਤਕ ਮਿਲਦਾ ਜੁਲਦਾ ਹੈ। ਰਹਿਣ ਦਾ ਪਤਾ ਵੀ ਦੇਖੋ ਨਾ?"

ਡੀ.ਪੀ. ਸਿੰਘ - (ਉਸ ਨੇ ਉਸ ਜਗ੍ਹਾ ਦਾ ਨਾਂ ਲਿਆ।) ਫਿਰ ਮੈਨੂੰ ਕਿਹਾ, "ਤੁਹਾਡਾ ਹੀ ਤੇ ਪਤਾ ਹੈ।"

ਜਵਾਬ - "ਨਹੀਂ ਮੇਰਾ ਪਤਾ ਵੀ ਨਹੀਂ ਹੈ, ਮੇਰੇ ਪਿਤਾ ਦਾ ਨਾਮ ਵੀ ਨਹੀਂ ਹੈ। ਇਹ ਆਦਮੀ ਹੋਰ ਹੈ, ਮੈਂ ਹੋਰ ਹਾਂ। ਸਾਡੇ ਘਰਾਂ ਦਾ ਫਾਸਲਾ ਵੀ ਅੱਧੇ ਮੀਲ ਤੋਂ ਜ਼ਿਆਦਾ ਨਹੀਂ। ਇਹ ਆਦਮੀ ਸੱਚਮੁੱਚ ਹੀ ਜੇਲ੍ਹ 'ਚ ਵੀ ਰਿਹਾ ਹੈ, ਇਸ ਨੇ ਲੋਕ ਦਲ ਦੀ ਚੋਣ ਵੀ ਲੜੀ ਹੈ ਅਤੇ ਹੋਰ ਵੀ ਤੁਸੀਂ ਜੋ ਕੁਛ ਕਹਿ ਰਹੇ ਹੋ ਬਿਲਕੁਲ ਠੀਕ ਹੈ। ਏਹੀ ਤੇ ਮੈਂ ਕਹਿ ਰਿਹਾ ਸੀ ਕਿ ਹਿੰਦੋਸਤਾਨ ਦੀ ਏਨੀ ਵੱਡੀ ਖੁਫੀਆ ਏਜੰਸੀ ਨੂੰ ਇਹ ਵੀ ਨਹੀਂ ਪਤਾ ਕਿ ਅੱਧੇ ਮੀਲ ਦੇ ਇਲਾਕੇ ਵਿਚ ਇਕ ਹੀ ਨਾਂ ਦੇ ਦੋ ਆਦਮੀ ਰਹਿੰਦੇ ਹਨ? ਜੋ ਖੁਫੀਆ ਏਜੰਸੀ ਏਨੇ ਵੱਡੇ ਮੁਕੱਦਮੇ ਦੇ ਠੋਸ ਸਬੂਤ ਇਕੱਠੇ ਕਰਦਿਆਂ ਹੋਇਆਂ, ਇਕ ਛੋਟੀ ਗੱਲ ਦਾ ਪਤਾ ਨਹੀਂ ਲਗਾ ਸਕੀ, ਉਹ ਦੇਸ਼ ਦੀ ਸੁਰੱਖਿਆ ਲਈ ਏਨੇ ਵੱਡੇ ਦਾਇਰੇ ਵਿਚ ਕੀ ਗੁੱਲ ਖਿਲਾਉਂਦੀ ਹੋਵੇਗੀ? ਇਹ ਤਾਂ ਮੈਂ ਤੁਹਾਨੂੰ ਏਥੇ ਹੀ ਦੱਸ ਦਿੱਤਾ ਹੈ ਨਹੀਂ ਤੇ ਸੱਚਮੁੱਚ ਹੀ ਅਦਾਲਤ ਵਿਚ ਤੁਹਾਡਾ ਮਜ਼ਾਕ ਨਾ ਉਡਦਾ? ਤੁਸੀਂ ਹੀ ਦੱਸੋ। ਹੁਣ ਉਹ ਚੰਗੀ ਤਰ੍ਹਾਂ ਨਿੱਸਲ ਹੋ ਗਿਆ ਸੀ। ਜੇਲ੍ਹ ਅਫ਼ਸਰ ਵੀ ਹੈਰਾਨੀ ਦੀ ਹਾਲਤ ਵਿਚ ਕਦੇ ਮੈਨੂੰ ਤੇ ਕਦੇ ਉਸ ਨੂੰ ਵੇਖਦੇ ਸਨ। ਉਨ੍ਹਾਂ ਨੂੰ ਸੱਚਮੁਚ ਉਮੀਦ ਨਹੀਂ ਸੀ ਕਿ ਸੀ.ਬੀ.ਆਈ. ਦੀ ਕਾਰਗੁਜ਼ਾਰੀ ਕਦੀ ਏਨੀ ਘਟੀਆ ਵੀ ਹੋ ਸਕਦੀ ਹੈ। ਹੁਣ ਡੀ.ਐਸ.ਪੀ. ਵੀ ਰਾਹ ਰਸਤੇ 'ਤੇ ਆ ਗਿਆ। ਹੁਣ ਉਹ ਮੇਰੇ ਨਾਲ ਪਹਿਲਾਂ ਵਾਂਗ ਨਹੀਂ ਮੇਰਾ ਸਹਿਯੋਗ ਲੈ ਕੇ ਨਵੀਂ ਜਾਣਕਾਰੀ ਚਾਹੁੰਦਾ ਸੀ। ਕਿਉਂਕਿ ਇਹ ਨਵੀਂ ਜਾਣਕਾਰੀ ਦੇਣ ਵਿਚ ਮੈਨੂੰ ਵੀ ਬੜਾ ਫਾਇਦਾ ਸੀ ਨਹੀਂ ਤਾਂ ਉਨ੍ਹਾਂ ਨੇ ਪਹਿਲੀ ਜਾਣਕਾਰੀ ਦੇ ਆਧਾਰ 'ਤੇ ਹੀ ਮੇਰੇ ਲਈ ਐਨ.ਐਸ.ਏ. ਤਜਵੀਜ਼ ਕਰ ਦੇਣੀ ਸੀ ਤੇ ਡੀ.ਸੀ. ਨੇ ਲਾ ਵੀ ਦੇਣੀ ਸੀ। ਫਿਰ ਤਿੰਨ ਮਹੀਨੇ ਬਾਅਦ ਬੋਰਡ ਬੈਠਦਾ ਮੈਂ ਉਨ੍ਹਾਂ ਨੂੰ ਅਸਲੀਅਤ ਦੱਸਦਾ, ਫਿਰ ਉਹ ਸਰਕਾਰ ਨੂੰ ਮੇਰੀ ਨਜ਼ਰਬੰਦੀ ਤੋੜਨ ਦੀ ਸਿਫਾਰਸ਼ ਕਰਦੇ, ਫਿਰ ਸਰਕਾਰ ਤੋੜ ਦੇਂਦੀ ਤੇ ਠੀਕ ਸੀ ਨਹੀਂ ਤੇ ਮੈਨੂੰ

ਅਦਾਲਤ ਦਾ ਦਰਵਾਜਾ ਖੜਕਾਉਣਾ ਪੈਂਦਾ। ਸਾਲ ਡੇਢ ਤਾਂ ਐਵੇਂ ਹੀ ਲੱਗ ਜਾਣਾ ਸੀ, ਸੋ ਮੈਂ ਉਸ ਨੂੰ ਪੂਰੀ ਜਾਣਕਾਰੀ ਦਿੱਤੀ। ਇਸ ਦੇ ਬਦਲੇ ਵਿਚ ਉਸ ਨੇ ਮੇਰਾ ਸ਼ੁਕਰੀਆ ਕੀਤਾ ਤੇ ਨਾਲੇ ਕਿਹਾ "ਮੈਂ ਆਪ ਕੀ ਜ਼ਮਾਨਤ ਕੇ ਲੀਏ ਭੀ ਜਰੂਰ ਕੁਛ ਕਰੂੰਗਾ। ਬਾਅਦ ਮੇਂ ਹਮ ਆਪ ਕੇ ਕੇਸ ਪਰ ਭੀ ਦੁਬਾਰਾ ਵਿਚਾਰ ਕਰੇਂਗੇ। ਯਕੀਨ ਮਾਨੋ ਹਮੇਂ ਆਪਸੇ ਕੋਈ ਦੁਸ਼ਮਣੀ ਨਹੀਂ। ਫਿਰ ਉਸ ਨੇ ਮੈਨੂੰ ਏਧਰ ਓਧਰ ਦੀਆਂ ਗੱਲਾਂ ਕਰਕੇ ਯਕੀਨ ਦੁਆਉਣ ਦੀ ਕੋਸ਼ਿਸ਼ ਕੀਤੀ ਕਿ ਉਹ ਮੇਰੇ ਨਾਲ ਬੜੀ ਹਮਦਰਦੀ ਰੱਖਦਾ ਹੈ। ਪਰ ਉਹ ਨਾਲ-ਨਾਲ ਇਹ ਵੀ ਕਹਿ ਰਿਹਾ ਸੀ ਕਿ "ਯਹ ਕੇਸ ਬੜਾ ਸਿਰਦਰਦ ਬਨਾ ਹੁਆ ਹੈ।" ਮੈਂ ਹਾਸੇ ਨਾਲ ਕਿਹਾ "ਆਪ ਮੁਝੇ ਇਸ ਕੇਸ ਮੇਂ ਵਾਅਦਾ ਮੁਆਫ ਕਿਉਂ ਨਹੀਂ ਬਨਾ ਲੇਤੇ?" ਉਸ ਨੂੰ ਵੀ ਪਤਾ ਸੀ ਕਿ ਇਹ ਮੇਰਾ ਮਜ਼ਾਕ ਉਡਾ ਰਿਹਾ ਹੈ ਵਾਅਦਾ ਮੁਆਫ ਇਸ ਕੀ ਬਣਨਾ ਹੈ। ਕਹਿਣ ਲੱਗਾ "ਨਾ ਬਈਆ, ਤੁਮ ਤੋ ਕੋਰਟ ਮੇਂ ਏਕ ਦਮ ਮੁਕਰ ਜਾਓਗੇ ਔਰ ਕਹਿ ਦੋਗੇ ਮੇਰੇ ਸੇ ਜਬਰਦਸਤੀ ਕਹਿਲਵਾਇਆ ਹੈ।" ਫੇਰ ਅਸੀਂ ਸਾਰੇ ਹੀ ਹੱਸਣ ਲੱਗ ਪਏ। ਕੁਝ ਦੇਰ ਇਸ ਤਰ੍ਹਾਂ ਨਿਕਲ ਗਿਆਂ। ਫਿਰ ਉਸ ਨੇ ਇਕ ਹੋਰ ਫਾਈਲ ਆਪਣੇ ਅਟੈਚੀ 'ਚੋਂ ਕੱਢੀ।

ਸਵਾਲ - "ਇਹ ਇਕ ਬਿੱਲ ਹੈ ਜੋ ਆਪ ਨੇ ਫਰਵਰੀ ਵਿਚ ਅਦਾ ਕੀਤਾ ਹੈ ਸੱਤ ਸੌ ਬਹੱਤਰ ਰੁਪਏ ਦਾ ਹੈ, ਇਹ ਕਾਲ ਅਮਰੀਕਾ ਦੀ ਹੈ, ਅਸਾਂ ਤੁਹਾਨੂੰ ਕਿੰਨੀ ਵਾਰ ਪੁੱਛਿਆ ਕਿ ਤੁਸੀਂ ਕਿਸੇ ਬਲਬੀਰ ਸਿੰਘ ਨਾਂ ਦੇ ਬੰਦੇ ਨੂੰ ਜਾਣਦੇ ਹੋ? ਤੁਸੀਂ ਕਿਹਾ ਨਹੀਂ। ਹੁਣ ਇਹ ਦੱਸੋ ਇਹ ਕਾਲ ਤੁਹਾਡੇ ਟੈਲੀਫੋਨ ਤੋਂ ਬਲਬੀਰ ਸਿੰਘ ਨੇ ਬੁੱਕ ਕਰਵਾਈ ਤੇ ਅਮਰੀਕਾ ਵਿਚ ਗੱਲ ਕੀਤੀ। ਬਿਲ ਤੁਸਾਂ ਅਦਾ ਕੀਤਾ ਹੈ, ਹੁਣ ਕਿਵੇਂ ਆਖੋਗੇ ਕਿ ਮੈਂ ਬਲਬੀਰ ਸਿੰਘ ਨੂੰ ਨਹੀਂ ਜਾਣਦਾ। ਜੇ ਜਾਣਦੇ ਨਹੀਂ ਤਾਂ ਟੈਲੀਫੋਨ ਕਰਨ ਕਿਵੇਂ ਆ ਗਿਆ? ਫਿਰ ਤੁਸਾਂ ਆਪ ਬਿਲ ਅਦਾ ਕੀਤਾ ਹੈ, ਆਹ ਰਿਹਾ ਬਿਲ। ਇਸ ਬਾਰੇ ਕੀ ਕਹੋਗੇ? ਇਹ ਤਾਂ ਅਸਾਂ ਹੁਣ ਰੀਕਾਰਡ ਕਢਵਾਇਆ ਹੈ ਤੇ ਸਾਨੂੰ ਪਤਾ ਲੱਗਾ ਹੈ ਕਿ ਤੁਹਾਡੇ ਫੋਨ ਤੋਂ ਵੀ ਬਲਬੀਰ ਸਿੰਘ ਨੇ ਗੱਲਬਾਤ ਕੀਤੀ ਹੈ। ਪਹਿਲਾਂ ਤਾਂ ਤੁਸੀਂ ਸਾਫ ਮੁੱਕਰ ਗਏ ਸੀ।"

ਜਵਾਬ - "ਨਹੀਂ, ਇਹ ਗੱਲ ਬਿਲਕੁਲ ਗਲਤ ਹੈ ਕਿ ਇਹ ਰੀਕਾਰਡ ਤੁਸਾਂ ਬਾਅਦ ਵਿਚ ਕਢਵਾਇਆ ਹੈ। ਇਹ ਹੀ ਗੱਲ ਮੇਰੇ ਕੋਲੋਂ ਬਾਰ ਬਾਰ ਤੁਹਾਡੇ ਅਫ਼ਸਰ ਪੰਜ-ਛੇ ਦਿਨ ਪੁਛਦੇ ਰਹੇ ਤੇ ਮੈਂ ਉਨ੍ਹਾਂ ਦੀ ਤਸੱਲੀ ਕਰਵਾਉਂਦਾ ਰਿਹਾ ਹਾਂ। ਇਹ ਹੀ ਰੌਲਾ ਰੱਪਾ ਪੈਂਤੀ ਦਿਨ ਦੇ ਰੀਮਾਂਡ ਵਿਚ ਪੈਂਦਾ ਰਿਹਾ ਹੈ ਤੇ ਹੁਣ ਤੁਸੀਂ ਉਸੇ ਹੀ ਪੁਰਾਣੀ ਗੱਲ ਨੂੰ ਪੁੱਛਣ ਬਹਿ ਗਏ ਹੋ।"

ਡੀ.ਪੀ. ਸਿੰਘ - "ਤੁਹਾਡੇ ਕੋਲ ਇਸ ਦਾ ਕੀ ਜਵਾਬ ਹੈ?"

ਜਵਾਬ - "ਇਹ, ਕਿ ਮੈਂ ਬਲਬੀਰ ਸਿੰਘ ਨਾਂ ਦੇ ਕਿਸੇ ਬੰਦੇ ਨੂੰ ਨਹੀਂ ਜਾਣਦਾ ਤੇ ਨਾ ਹੀ ਕਿਸੇ ਨੇ ਮੇਰੇ ਕੰਮਲੈਕਸ ਵਿਚ ਆ ਕੇ ਇਹ ਫੋਨ ਕੀਤਾ ਹੈ। ਬਿੱਲ ਮੈਂ ਜ਼ਰੂਰ ਦਿੱਤਾ ਹੈ। ਇਸ ਦਾ ਜੁਆਬ ਮੈਂ ਅੱਗੇ ਵੀ ਪੰਜ-ਛੇ ਵਾਰੀ ਦੇ ਚੁੱਕਾ ਹਾਂ ਤੇ ਮੇਰੇ ਵੱਖ-ਵੱਖ ਟੀਮਾਂ ਸਾਹਮਣੇ ਦਿੱਤੇ ਬਿਆਨ ਤੁਸੀਂ ਹੁਣ ਵੀ ਕਢਵਾ ਕੇ ਪੜ੍ਹ ਸਕਦੇ ਹੋ। ਇਹ ਟੈਲੀਫੋਨ 1985 ਵਿਚ ਹੋਇਆ ਹੈ, ਜਦੋਂ ਕਿ ਤੁਸੀਂ ਐਫ.ਆਈ.ਆਰ. ਵਿਚ ਅਪ੍ਰੈਲ 1986 ਤੋਂ ਬਾਅਦ ਕਿਹਾ ਹੈ। ਤੁਹਾਨੂੰ ਅਪ੍ਰੈਲ ਤੋਂ ਬਾਅਦ ਨਾਲ ਮਤਲਬ ਹੈ, ਪਹਿਲਾਂ ਨਾਲ ਨਹੀਂ।

ਫਿਰ ਤੁਸੀਂ ਐਫ.ਆਈ.ਆਰ. ਵਿਚ ਕਿਹਾ ਹੈ ਕਿ ਸਾਡੇ ਸਬੰਧ ਕੈਨੇਡਾ ਨਾਲ ਫਲਾਣੇ ਫਲਾਣੇ ਆਦਮੀ ਨਾਲ ਸਨ। ਅਮਰੀਕਾ ਨਾਲ ਸਬੰਧਾਂ ਦਾ ਤੁਸਾਂ ਕੋਈ ਜਿਕਰ ਨਹੀਂ ਕੀਤਾ। ਅਗਰ ਮੈਂ ਚਾਹਵਾਂ ਤਾਂ ਤੁਹਾਨੂੰ ਇਸ ਬਾਰੇ ਭਾਵੇਂ ਅੱਗੋਂ ਹੋਰ ਕੁਝ ਨਾ ਦੱਸਾਂ ਪਰ ਮੈਂ ਫਿਰ ਵੀ ਤੁਹਾਨੂੰ ਸਾਰੀ ਗੱਲ ਦੱਸ ਦਿੱਤੀ ਹੈ।

ਡੀ.ਪੀ. ਸਿੰਘ - "ਤੁਸੀਂ ਇਹ ਦੱਸੋ ਤੁਸਾਂ ਬਿੱਲ ਕਿਉਂ ਅਦਾ ਕੀਤਾ? ਜਦੋਂ ਕਿ ਤੁਸਾਂ ਕਾਲ ਨਹੀਂ ਸੀ ਕੀਤੀ।"

ਜਵਾਬ - "ਬਿੱਲ ਗਲਤੀ ਨਾਲ ਅਦਾ ਹੋਇਆ ਹੈ। ਹੋਇਆ ਇਸ ਤਰ੍ਹਾਂ ਹੈ ਕਿ ਇਹ ਕਾਲ ਨਵੰਬਰ 1985 ਵਿਚ ਹੋਈ। ਮੇਰੀ ਲੜਕੀ ਦੀ ਸ਼ਾਦੀ ਜਨਵਰੀ 86 ਵਿਚ ਸੀ ਤੇ ਇਹ ਬਿੱਲ ਫਰਵਰੀ 1986 ਵਿਚ ਅਦਾ ਹੋਇਆ ਹੈ। ਜਨਵਰੀ ਵਿਚ ਮੈਂ ਸ਼ਾਦੀ ਕਰਕੇ ਇਸ ਟੈਲੀਫੋਨ ਨੂੰ ਬਹੁਤ ਵਰਤਿਆ, ਬਲਕਿ ਦਸੰਬਰ 1985 ਵਿਚ ਵੀ ਬਹੁਤ ਵਰਤਿਆ ਸੀ। ਕਈ ਕਾਲਾਂ ਚੰਡੀਗੜ੍ਹ ਤੇ ਲੋਕਲ ਕੀਤੀਆਂ। ਮੇਰੇ ਦਿਮਾਗ ਵਿਚ ਸੀ ਕਿ ਐਸ ਵਾਰੀ ਬਿਲ ਬਹੁਤ ਆਵੇਗਾ, ਕਿਉਂਕਿ ਸ਼ਾਦੀ ਦਾ ਕਰਕੇ ਐਸਾ ਹੋਣਾ ਸੁਭਾਵਕ ਹੀ ਸੀ, ਸੋ ਜਦੋਂ ਬਿੱਲ ਆਇਆ ਤਾਂ ਮੈਂ ਇਸ ਗੱਲ 'ਤੇ ਗੌਰ ਹੀ ਨਹੀਂ ਕੀਤਾ ਕਿ ਕੋਈ ਬਾਹਰ ਦੀ ਕਾਲ ਹੋਈ ਹੈ, ਮੈਂ ਇਸ ਨੂੰ ਲੋਕਲ ਆਇਆ ਬਿੱਲ ਸਮਝ ਕੇ ਹੀ ਅਦਾ ਕਰ ਦਿੱਤਾ। ਦੂਸਰੀ ਗੱਲ ਇਹ ਵੀ ਹੈ ਕਿ ਜਨਵਰੀ ਵਿਚ ਸ਼ਾਦੀ ਦੇ ਸਾਰੇ ਬਿੱਲ ਮੈਂ ਫਰਵਰੀ ਵਿਚ ਅਦਾ ਕੀਤੇ ਸਨ, ਉਨ੍ਹਾਂ ਦਿਨਾਂ ਵਿਚ ਮੈਂ ਕੋਈ ਪੰਜਾਹ ਹਜ਼ਾਰ ਤੋਂ ਵੀ ਉੱਤੇ ਦੀ ਰਕਮ ਅਦਾ ਕੀਤੀ ਸੀ। ਸ਼ਾਮਿਆਨਿਆਂ ਦੇ ਬਿੱਲ, ਕਪੜਿਆਂ ਦੇ ਬਿੱਲ, ਹਲਵਾਈ ਦੇ ਬਿੱਲ, ਬਿਜਲੀ ਵਾਲੇ ਦੇ ਬਿੱਲ, ਫੁੱਲਾਂ ਦੀ ਸਜਾਵਟ ਕਰਨ ਵਾਲੇ ਦੇ ਬਿੱਲ ਵਗੈਰਾ ਸਭ ਇਨ੍ਹਾਂ ਦਿਨਾਂ ਵਿਚ ਹੀ ਦਿੱਤੇ।ਸੋ ਨਾਲ ਹੀ ਇਹ ਬਿੱਲ ਵੀ ਦਿੱਤਾ ਗਿਆ। ਆਮ ਹਾਲਾਤ ਵਿਚ ਕੋਈ ਆਦਮੀ ਖਿਆਲ ਕਰਦਾ ਹੈ, ਪਰ ਮੈਂ ਤਾਂ ਬਿੱਲ ਦੇ-ਦੇ ਕੇ ਥਕਿਆ ਪਿਆ ਸੀ। ਕੋਈ ਜਿੰਨੇ ਪੈਸੇ ਵੀ ਆ ਕੇ ਕਹਿੰਦਾ, ਉਨੇ ਹੀ ਦੇ ਦੇਂਦਾ। ਨਾਲ ਹੀ ਇਹ ਬਿੱਲ ਅਦਾ ਹੋ ਗਿਆ। ਜੇ ਅਗੋਂ ਪਿੱਛੋਂ ਦੇਣਾ ਹੁੰਦਾ ਤਾਂ ਮੈਨੂੰ ਪਤਾ ਲੱਗ ਜਾਣਾ ਸੀ ਕਿ ਬਿੱਲ ਏਨਾ ਕਿਉਂ ਆਇਆ ਹੈ?' ਤੁਸੀਂ ਵੇਖ ਸਕਦੇ ਹੋ ਮੇਰੇ ਟੈਲੀਫੋਨ ਦਾ ਬਿੱਲ ਕਦੇ ਵੀ ਡੇਢ ਸੌ ਰੁਪਏ ਤੋਂ ਜਿਆਦਾ ਨਹੀਂ ਆਇਆ।

ਡੀ.ਪੀ. ਸਿੰਘ - "ਪਰ ਤੁਹਾਡੀ ਮਰਜੀ ਤੋਂ ਬਗੈਰ ਕਿਸੇ ਨੇ ਇਹ ਟੈਲੀਫੋਨ ਕਿਵੇਂ ਕਰ ਲਿਆ?"

ਜਵਾਬ - "ਟੈਲੀਫੋਨ ਦੀਆਂ ਤਾਰਾਂ ਬਾਹਰ ਨੰਗੀਆਂ ਹਨ ਕੋਈ ਵੀ ਬੰਦਾ ਖਾਕੀ ਵਰਦੀ ਪਾ ਕੇ ਟੈਲੀਫੋਨ ਲਾਈਨ ਮੈਨ ਬਣ ਕੇ ਭਾਵੇਂ ਜਿਹੜੇ ਮਰਜੀ ਟੈਲੀਫੋਨ ਦੇ ਖੰਬੇ 'ਤੇ ਚੜ੍ਹ ਜਾਵੇ ਤੇ ਜਿੰਨੇ ਮਰਜੀ ਟੈਲੀਫੋਨ ਕਰੀ ਜਾਵੇ। ਨੰਬਰ ਦੋ ਟੈਲੀਫੋਨ ਦੇ ਜੋੜ ਬਕਸੇ (Joint Box) ਸੜਕਾਂ 'ਤੇ ਹੁੰਦੇ ਹਨ, ਉਥੇ ਹੀ ਸਾਰੇ ਕੁਨੈਕਸ਼ਨ ਹੁੰਦੇ ਹਨ। ਕੋਈ ਵੀ ਬੰਦਾ ਉਥੋਂ ਟੈਲੀਫੋਨ ਅਰਾਮ ਨਾਲ ਕਰ ਸਕਦਾ ਹੈ। ਨੰਬਰ ਤਿੰਨ ਅੱਜ ਕੱਲ੍ਹ ਕੋਰਡ ਲੈਸ ਟੈਲੀਫੋਨ ਆ ਗਏ ਹਨ, ਜੋ ਮਹਿਕਮੇ ਵਲੋਂ ਢਾਈ ਸੌ ਰੁਪਏ ਜਮਾਂ ਕਰਾਉਣ 'ਤੇ ਦਿੱਤੇ ਜਾਂਦੇ ਹਨ। ਉਸ ਦੀ ਡੱਬੀ ਅਗਰ ਏਥੇ ਲੱਗੀ ਹੋਵੇ ਤਾਂ ਗੱਲ ਭਾਵੇਂ ਜਾ ਕੇ ਸੱਤ ਸੌ ਮੀਟਰ 'ਤੇ ਕਰ ਲਓ ਪਰ ਹੁਣ ਤਾਂ ਮੈਨੂੰ ਪਤਾ ਲੱਗਾ ਹੈ ਕਿ ਦੋ ਕਿਲੋ ਮੀਟਰ ਵਾਲੇ ਵੀ ਆ ਗਏ ਹਨ। ਨੰਬਰ ਚਾਰ ਕੋਈ ਬੰਦਾ ਟੈਲੀਫੋਨ ਐਕਸਚੇਂਜ ਵਿਚ ਬੈਠ ਕੇ ਵੀ ਕਰ ਸਕਦਾ ਹੈ,

ਕਿਉਂਕਿ ਮੈਂ ਆਪ ਇਕ ਵਾਰ ਐਸਾ ਕੀਤਾ ਸੀ। (ਫਿਰ ਮੈਂ ਉਸ ਨੂੰ ਉਹ ਗੱਲ ਸੁਣਾਈ ਕਿ ਕਿਵੇਂ ਮੈਂ ਇਕ ਵਾਰੀ ਸੁਪਰੀਮ ਕੋਰਟ ਵਿਚੋਂ ਸਟੇਅ ਆਰਡਰ ਲੈਣ ਵਿਚ ਕਾਮਯਾਬ ਹੋ ਗਿਆ ਸੀ, ਜਲੰਧਰ ਕੋਈ ਕਾਰਵਾਈ ਨਾ ਹੋ ਜਾਵੇ ਇਸ ਲਈ ਮੈਂ ਆਪਣੇ ਘਰ ਇਹ ਦੱਸਣਾ ਚਾਹੁੰਦਾ ਸੀ ਕਿ ਮੈਨੂੰ ਸਟੇਅ ਮਿਲ ਗਿਆ ਹੈ, ਜੇ ਕੋਈ ਕਬਜਾ (ਜ਼ਮੀਨ ਦਾ) ਟਰਾਂਸਫਰ ਹੋਣ ਦੀ ਗੱਲ ਹੋਵੇ ਤਾਂ ਫੱਟ ਹਲਫੀਆ ਬਿਆਨ ਦੇ ਦਿਓ ਕਿ ਸਾਨੂੰ, ਸੁਪਰੀਮ ਕੋਰਟ ਵਲੋਂ ਸਟੇਅ ਮਿਲ ਗਿਆ ਹੈ। ਇਕ ਸਕੂਟਰ ਰਿਕਸ਼ੇ ਵਾਲਾ ਮੈਨੂੰ ਸੁਪਰੀਮ ਕੋਰਟ ਦੇ ਪਰਲੇ ਪਾਸੇ ਇਕ ਐਕਸਚੇਜ਼ ਵਿਚ ਲੈ ਗਿਆ। ਉਥੇ ਮੈਂ ਇਕ ਕਲਰਕ ਨੂੰ ਟੈਲੀਫੋਨ ਕਰਨ ਦੀ ਗੱਲ ਦੱਸੀ ਤਾਂ ਉਸ ਨੇ ਕਿਹਾ "ਹੁਣੇ ਹੀ ਕਰਨਾ ਹੈ ਜਾਂ ਦੋ ਘੰਟੇ ਲੱਗ ਜਾਣ ਤਾਂ ਕੋਈ ਗੱਲ ਨਹੀਂ" ਮੈਂ ਕਿਹਾ "ਹੁਣੇ ਕਰਨਾ ਹੈ" ਉਸ ਕਿਹਾ ਵੀਹ ਰੁਪਏ ਹੋਰ ਲੱਗਣਗੇ। ਮੈਂ ਝੱਟ ਮੰਨ ਗਿਆ। ਉਸ ਨੇ ਮੈਨੂੰ ਬੋਰਡ 'ਤੇ ਬਿਠਾ ਦਿੱਤਾ ਤੇ ਆਪਣੇ ਵਾਲਾ ਹੈੱਡ ਫੋਨ ਮੇਰੇ ਕੰਨਾਂ ਨੂੰ ਲਵਾ ਕੇ ਇਕ ਸਕਿੰਟ ਵਿਚ ਗੱਲ ਕਰਵਾ ਦਿੱਤੀ", ਕੀ ਕੋਈ ਏਸੇ ਤਰ੍ਹਾਂ ਹੀ ਟੈਲੀਫੋਨ ਐਕਸਚੇਜ਼ ਵਿਚੋਂ ਹੀ ਨਹੀਂ ਕਰ ਸਕਦਾ?" ਕਾਫੀ ਦੇਰ ਸਾਡੀ ਕਈਆਂ ਗੱਲਾਂ 'ਤੇ ਬਹਿਸ ਹੁੰਦੀ ਰਹੀ, ਫਿਰ ਮੈਨੂੰ ਇਕ ਗੱਲ ਹੋਰ ਚੇਤੇ ਆ ਗਈ, ਮੈਂ ਉਸ ਨੂੰ ਕਿਹਾ, "ਮਿਹਰਬਾਨੀ ਕਰਕੇ ਜ਼ਰਾ ਪੈਡ 'ਤੇ ਲਿਖੋ ਮੈਂ ਲਿਖਾਉਂਦਾ ਹਾਂ।" ਉਸ ਨੇ ਉਸੇ ਤਰ੍ਹਾਂ ਹੀ ਕੀਤਾ। ਮੈਂ ਕਿਹਾ, "ਤੁਹਾਨੂੰ ਇਹ ਤਾਂ ਪਤਾ ਹੈ ਕਿ ਹਰ ਮਹਿਕਮੇ ਦੇ ਹਰ ਕੰਮ ਦੇ ਕੁਝ ਕਾਨੂੰਨ ਬਣੇ ਹੋਏ ਹੁੰਦੇ ਹਨ ਤੇ ਉਨ੍ਹਾਂ ਦੀ ਉਲੰਘਣਾ ਨਹੀਂ ਹੁੰਦੀ। ਉਸ ਨੇ ਕਿਹਾ "ਹਾਂ" ਮੈਂ ਕਿਹਾ, "ਟੈਲੀਫੋਨ ਦਾ ਕਾਨੂੰਨ ਹੈ ਕਿ ਤਿੰਨ ਮਿੰਟ ਦੀ ਕਾਲ ਤੋਂ ਵੱਧ ਅਗਰ ਤੁਸਾਂ ਗੱਲ ਕਰਨੀ ਹੋਵੇ ਤਾਂ ਵੱਧ ਕੇ ਛੇ ਮਿੰਟ ਤੱਕ ਤਬਦੀਲ ਹੋ ਸਕਦੀ ਹੈ। ਇਸ ਤੋਂ ਵੱਧ ਨਹੀਂ ਹੋ ਸਕਦੀ ਤੇ ਜੇ ਕੋਈ ਹੋਰ ਗੱਲ ਕਰਨੀ ਚਾਹੇ ਤਾਂ ਨਵੀਂ ਕਾਲ ਬੁੱਕ ਕਰਵਾ ਕੇ ਕਰੇ। ਛੇ ਮਿੰਟ ਤੋਂ ਵੱਧ ਕਾਲ ਹੋ ਹੀ ਨਹੀਂ ਸਕਦੀ। ਉਹ ਮੇਰੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਸੀ, ਸੋ ਉਸ ਨੇ "ਹਾਂ" ਕਹਿ ਦਿੱਤੀ। ਮੈਂ ਕਿਹਾ, 'ਫਿਰ 772 ਰੁ. ਬਿਲ ਦਾ ਮਤਲਬ ਇਹ ਹੋਇਆ ਕਿ ਤਿੰਨ ਮਿੰਟ ਦੀ ਕਾਲ ਦੇ 80 ਰੁ. ਅਮਰੀਕਾ ਦਾ ਰੇਟ ਹੋਇਆ ਤਾਂ ਇਹ ਕਾਲ ਲੱਗਪੱਗ ਅੱਧਾ ਘੰਟਾ (30 ਮਿੰਟ) ਚੱਲੀ ਜਦੋਂ ਕਿ 6 ਮਿੰਟ ਤੋਂ ਵੱਧ ਕੱਟ ਦਿੱਤੀ ਜਾਣੀ ਚਾਹੀਦੀ ਸੀ। ਪਰ ਇਹ ਕਾਲ ਲਗਾਤਾਰ ਅੱਧਾ ਘੰਟਾ ਚੱਲੀ ਗਈ ਤੇ ਕਿਸੇ ਨੇ ਪ੍ਰਵਾਹ ਹੀ ਨਾ ਕੀਤੀ। ਅਪਰੇਟਰ ਕਿਥੇ ਗਿਆ ਹੋਇਆ ਸੀ?" ਹੁਣ ਡੀ.ਪੀ. ਸਿੰਘ ਮੇਰੇ ਮੂੰਹ ਵੱਲ ਵੇਖ ਰਿਹਾ ਸੀ। ਮੇਰੀ ਗੱਲ ਉਸ ਨੂੰ ਜੱਚ ਗਈ ਲੱਗਦੀ ਸੀ। ਮੈਂ ਫਿਰ ਕਿਹਾ, "ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਟੈਲੀਫੋਨ ਕਰਨ ਵਾਲਾ ਬਿੱਲ ਦੇ ਮੁਆਮਲੇ ਵਿਚ ਬਿਲਕੁਲ ਨਿਸਚਿੰਤ ਸੀ ਨਹੀਂ ਤਾਂ ਤੁਸੀਂ ਹੀ ਦੱਸੋ ਕਿ ਬੰਦਾ ਅੱਧਾ ਘੰਟਾ ਲਗਾਤਾਰ ਕੀ ਗੱਲ ਟੈਲੀਫੋਨ 'ਤੇ ਕਰ ਸਕਦਾ ਹੈ? ਅਸੀਂ ਤਾਂ ਕਈ ਵਾਰ ਟੈਲੀਫੋਨ 'ਤੇ ਕਾਲ ਕੀਤੀ ਹੈ, ਤਿੰਨ ਮਿੰਟ ਤੋਂ ਵੱਧ ਗੱਲ ਕਰਨ ਲਈ ਕੋਈ ਹੋਰ ਗੱਲ ਹੁੰਦੀ ਹੀ ਨਹੀਂ। ਜੇ ਜ਼ਿਆਦਾ ਹੀ ਹੋਵੇ ਤਾਂ ਛੇ ਮਿੰਟ ਵੀ ਮਸਾਂ ਹੀ ਪੂਰੇ ਹੁੰਦੇ ਹਨ, ਉਹ ਵੀ ਊਟਪਟਾਂਗ ਗੱਲਾਂ ਮਾਰ ਕੇ ਕੁੜੀ ਦਾ ਕੀ ਹਾਲ ਹੈ ਮੁੰਡੇ ਦਾ ਕੀ ਹਾਲ ਹੈ ਵਗੈਰਾ ਵਗੈਰਾ ਕਹਿ ਕੇ। ਫਿਰ ਇਹ ਅੱਧਾ ਘੰਟਾ ਕੀ ਗੱਲਾਂ ਹੋ ਸਕਦੀਆਂ ਹਨ? ਤੇ ਜੇ ਹੋਈਆਂ ਹਨ ਤਾਂ ਅਪਰੇਟਰ ਨੇ ਕਾਲ ਛੇ ਮਿੰਟ ਤੋਂ ਵੱਧ ਕਿਉਂ ਚੱਲਣ ਦਿੱਤੀ? ਇਹ ਨਹੀਂ ਹੋ ਸਕਦਾ? ਜਿਵੇਂ ਮੈਂ ਆਪ ਨੂੰ ਗੱਲ ਸੁਣਾਈ ਹੈ, ਇਹ ਕਾਲ ਬੋਰਡ ਤੇ ਹੀ ਜਾ ਐਕਸਚੇਜ਼ ਵਿਚ ਹੀ ਕਿਧਰੇ ਬੈਠ ਕੇ ਹੋਈ ਹੋਵੇ?"

ਡੀ.ਪੀ. ਸਿੰਘ – "ਮੈਂ ਤੁਹਾਡੀਆਂ ਇਨ੍ਹਾਂ ਗੱਲਾਂ ਨਾਲ ਜੇ ਸਹਿਮਤ ਹੋ ਵੀ ਜਾਂਦਾ ਹਾਂ ਤਾਂ ਇਕ ਮਹੱਤਵਪੂਰਨ ਸਵਾਲ ਇਹ ਉਠਦਾ ਹੈ ਕਿ ਕਿਸੇ ਨੇ ਤੁਹਾਡਾ ਟੈਲੀਫੋਨ ਹੀ ਕਿਉਂ ਚੁਣਿਆ?"

ਜਵਾਬ – "ਹਾਂ, ਇਹ ਗੱਲ ਵੀ ਤੁਹਾਡੀ ਬਿਲਕੁਲ ਠੀਕ ਹੈ, ਪਰ ਤੁਹਾਨੂੰ ਪਤਾ ਹੈ? ਕਿ ਮੇਰੀ ਦੁਕਾਨ ਜਿਥੇ ਇਹ ਟੈਲੀਫੋਨ ਪਿਆ ਹੈ ਸਦਾ ਬੰਦ ਰਹਿੰਦੀ ਹੈ ਤੇ ਮਹੀਨੇ ਵਿਚ ਇਕ ਅੱਧ ਵਾਰ ਹੀ ਖੁਲ੍ਹਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਹ ਟੈਲੀਫੋਨ ਫਜ਼ੂਲ ਤੇ ਵਿਹਲਾ ਹੈ, ਇਸ ਗੱਲ ਦਾ ਸਾਰੇ ਬਜਾਰ ਨੂੰ ਤਾਂ ਪਤਾ ਹੀ ਹੈ, ਸਗੋਂ ਮਹਿਕਮੇ ਨੂੰ ਵੀ ਪਤਾ ਹੈ। ਜੇ ਕਿਸੇ ਨੇ ਚੋਰੀ ਗੱਲਬਾਤ ਕਰਨੀ ਹੈ ਜਾਂ ਟੈਲੀਫੋਨ ਦੀ ਗਲਤ ਵਰਤੋਂ ਹੀ ਕਰਨੀ ਹੈ ਤਾਂ ਉਹ ਵਿਹਲਾ ਤੇ ਬੰਦ ਟੈਲੀਫੋਨ ਨਹੀਂ ਚੁਣੇਗਾ ਤਾਂ ਹੋਰ ਕਿਹੜਾ ਚੁਣੇਗਾ? ਜਿਹੜਾ ਟੈਲੀਫੋਨ ਰੁੱਝਾ ਰਹਿੰਦਾ ਹੈ, ਉਹ ਤਾਂ ਜਰਾ ਕੁ ਦੇਰ ਲਈ ਵੀ ਖਰਾਬ ਹੋ ਜਾਵੇ ਜਾਂ ਰੁਕ ਜਾਵੇ ਤਾਂ ਐਕਸਚੇਂਜ ਵਿਚ ਸ਼ਿਕਾਇਤ ਤੇ ਸ਼ਿਕਾਇਤ ਹੋਣ ਲੱਗ ਪੈਂਦੀ ਹੈ, ਪਰ ਮੇਰੇ ਟੈਲੀਫੋਨ ਦਾ ਮੈਨੂੰ ਪਤਾ ਹੀ ਨਹੀਂ ਕਿ ਕਿੰਨਾ ਚਿਰ ਠੀਕ ਚਲਦਾ ਹੈ ਤੇ ਕਿੰਨਾ ਚਿਰ ਖਰਾਬ ਰਹਿੰਦਾ ਹੈ। ਤੇ ਇਹ ਵੀ ਕੋਈ ਵੱਡੀ ਗੱਲ ਨਹੀਂ ਕਿ ਕੋਈ ਤਾਲਾ ਖੋਲ੍ਹ ਕੇ ਅੰਦਰ ਬੈਠ ਕੇ ਹੀ ਗੱਲ ਕਰ ਗਿਆ ਹੋਵੇ। ਮੈਂ ਕਿਹੜਾ ਹਰ ਵੇਲੇ ਉਥੇ ਬੈਠਾ ਰਹਿੰਦਾ ਹਾਂ। ਭਾਵੇਂ ਚਾਬੀ ਮੇਰੇ ਕੋਲ ਹੁੰਦੀ ਹੈ ਪਰ ਕੀ ਕੋਈ ਹੋਰ ਬੰਦਾ ਦੂਜੀ ਚਾਬੀ ਨਾਲ ਤਾਲਾ ਖੋਲ੍ਹ ਕੇ ਬੰਦ ਨਹੀਂ ਕਰ ਸਕਦਾ?"

ਡੀ.ਪੀ. ਸਿੰਘ – "ਅਸੀਂ ਤੁਹਾਡੀਆਂ ਇਨ੍ਹਾਂ ਗੱਲਾਂ 'ਤੇ ਵੀ ਧਿਆਨ ਦੇਵਾਂਗੇ। ਪਰ ਇਸ ਤਰ੍ਹਾਂ ਨਾਲ ਤੁਸੀਂ ਬਰੀ ਜ਼ੁੰਮਾ ਨਹੀਂ ਹੋ ਜਾਂਦੇ।"

ਜਵਾਬ – "ਤੇ ਮੈਨੂੰ ਹੁੰਦਾ ਵੀ ਕੁਝ ਨਹੀਂ। ਕੋਈ ਵੀ ਆਦਮੀ ਟੈਲੀਫੋਨ ਦੀਆਂ ਲਾਈਨਾਂ ਦੀ ਰਾਖੀ ਨਹੀਂ ਕਰ ਸਕਦਾ ਤੇ ਨਾ ਹੀ ਮੈਂ ਕੋਈ ਲਾਈਨਾਂ ਦੀ ਰਾਖੀ ਕਰਨ ਦਾ ਪਾਬੰਦ ਹਾਂ। ਟੈਲੀਫੋਨ ਐਕਟ ਵਿਚ ਸਿਰਫ ਸਾਡੇ 'ਤੇ ਇਕ ਹੀ ਪਾਬੰਦੀ ਹੈ ਕਿ ਜੇ ਅਸੀਂ ਬਿੱਲ ਜਮ੍ਹਾਂ ਨਾ ਕਰਾਈਏ ਤਾਂ ਟੈਲੀਫੋਨ ਕਟਿਆ ਜਾ ਸਕਦਾ ਹੈ, ਇਸ ਤੋਂ ਵੱਧ ਉਹ ਸਾਡਾ ਕੁਝ ਨਹੀਂ ਵਿਗਾੜ ਸਕਦੇ। ਟੈਲੀਫੋਨ ਐਕਟ ਵਿਚ ਇਹ ਕਿਤੇ ਨਹੀਂ ਲਿਖਿਆ ਕਿ ਕਿਹੜਾ ਵਿਅਕਤੀ ਗੱਲ ਕਰ ਸਕਦਾ ਹੈ ਤੇ ਕਿਹੜਾ ਨਹੀਂ। ਸਾਡੇ ਟੈਲੀਫੋਨ 'ਤੇ ਭਾਵੇਂ ਕਾਲਾ ਚੋਰ ਗੱਲ ਕਰੇ ਉਨ੍ਹਾਂ ਨੂੰ ਸਿਰਫ ਤੇ ਸਿਰਫ ਬਿੱਲ ਨਾਲ ਮਤਲਬ ਹੈ।"

ਡੀ.ਪੀ. ਸਿੰਘ – "ਪਰ ਟੈਲੀਫੋਨ 'ਤੇ ਸਾਜ਼ਿਸ਼ ਹੋਈ ਹੈ, ਛੜਯੰਤਰ ਰਚੇ ਗਏ ਹਨ।"

ਜਵਾਬ – "ਉਹ ਆਪ ਨੂੰ ਅਦਾਲਤ ਵਿਚ ਸਿੱਧ ਕਰਨਾ ਪਵੇਗਾ ਕਿ ਛੜਯੰਤਰ ਕੀ ਰਚਿਆ ਗਿਆ ਸੀ ਤੇ ਫੇਰ ਉਸ ਸਾਜ਼ਿਸ਼ ਵਾਸਤੇ ਵਰਤਿਆ ਜਾਣ ਵਾਲਾ ਸਮਾਨ ਕਿਹੜਾ ਸੀ ਤੇ ਸਾਡੇ ਕੋਲੋਂ ਕੀ ਫੜਿਆ ਗਿਆ ਹੈ, ਜਿਸ ਨਾਲ ਇਹ ਸਾਬਤ ਹੋਵੇ ਕਿ ਅਸਾਂ ਪਾਰਲੀਮੈਂਟ ਤੇ ਹੋਰ ਥਾਵਾਂ ਉਡਾ ਦੇਣੀਆਂ ਸਨ। ਤੁਹਾਡੀ ਐਫ.ਆਈ.ਆਰ. ਤਾਂ ਇਸ ਤਰ੍ਹਾਂ ਹੈ ਜਿਵੇਂ ਕਿਸੇ ਨੂੰ ਰਾਤ ਨੂੰ ਸੁਪਨਾ ਆਇਆ ਹੋਵੇ ਤੇ ਸਵੇਰੇ ਉਸ ਨੇ ਐਫ.ਆਈ.ਆਰ. ਦਰਜ ਕਰ ਲਈ ਹੋਵੇ। ਤੁਹਾਨੂੰ ਸਿੱਧ ਕਰਨਾ ਪਵੇਗਾ ਕਿ ਟੈਲੀਫੋਨ 'ਤੇ ਬਣੀ ਸਾਜ਼ਿਸ਼ ਵਾਸਤੇ ਕੀ ਕੀ ਗੱਲਾਂ ਹੋਈਆਂ ਸਨ। ਸਿਰਫ ਟੈਲੀਫੋਨ ਕਹਿ ਦੇਣਾ ਹੀ ਕਾਫੀ ਨਹੀਂ ਤੇ ਨਾ ਹੀ ਟੇਪ ਕੀਤੀ ਅਵਾਜ਼ ਨੂੰ ਅਦਾਲਤ ਸਬੂਤ ਮੰਨਦੀ ਹੈ। ਇਹ ਤਾਂ ਤੁਹਾਨੂੰ ਰਾਸ਼ਟਰਪਤੀ ਵੀ.ਵੀ. ਗਿਰੀ ਵਾਲੇ ਕੇਸ ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਪਤਾ

ਹੀ ਹੋਵੇਗਾ?"

ਡੀ.ਪੀ. ਸਿੰਘ – "ਜੇ ਇਹ ਸਿੱਧ ਹੋ ਜਾਵੇ ਕਿ ਤੁਹਾਡੇ ਸਬੰਧ ਵਿਦੇਸ਼ਾਂ ਵਿਚ ਸਨ ਫੇਰ ਤਾਂ ਤੁਸੀਂ ਜ਼ਰੂਰ ਸਜ਼ਾ ਖਾਓਗੇ।"

ਜਵਾਬ – "ਇਸ ਤਰ੍ਹਾਂ ਤਾਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਸਹੁਰੇ ਵਿਦੇਸ਼ਾਂ ਵਿਚ ਹਨ, ਕਿਤੇ ਉਸ ਉਤੇ ਵੀ ਨਾ ਪਰਚਾ ਦਰਜ ਕਰ ਲਿਓ। ਪਰ ਵੈਸੇ ਸਵਰਗਵਾਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਵੀ ਤਾਂ ਤੁਸਾਂ ਮੁਰਗੀਆਂ ਚੋਰੀ ਕਰਨ ਦਾ ਕੇਸ ਦਰਜ ਕਰ ਹੀ ਲਿਆ ਸੀ।"

ਡੀ.ਐਸ. ਸਿੰਘ – "ਇਹ ਕਦੋਂ ਦੀ ਗੱਲ ਹੈ?"

ਜਵਾਬ – "ਜਦੋਂ ਇੰਦਰਾ ਗਾਂਧੀ ਜਨਤਾ ਰਾਜ ਵੇਲੇ ਹਾਰ ਗਈ ਸੀ ਤਾਂ ਸੀ.ਬੀ.ਆਈ. ਨੇ ਉਸ 'ਤੇ ਕੇਸ ਦਰਜ ਕੀਤਾ ਸੀ। ਪਰ ਬਾਅਦ ਵਿਚ ਉਹ ਹੀ ਪ੍ਰਧਾਨ ਮੰਤਰੀ ਬਣੀ ਤੇ ਤੁਹਾਡੇ ਅਫ਼ਸਰ ਝੁਕ ਝੁਕ ਕੇ ਉਸ ਨੂੰ ਹੀ ਸਲਾਮਾਂ ਕਰਨ ਲੱਗ ਪਏ।"

ਡੀ.ਪੀ. – "ਲਗਦਾ ਹੈ ਜੇਲ੍ਹ ਵਿਚ ਤੁਸਾਂ ਕਾਫੀ ਕੁਝ ਪੜ੍ਹ ਲਿਆ ਤੇ ਸਿਖ ਲਿਆ ਹੈ।"

ਜਵਾਬ – "ਹਾਂ ਜੇ ਤੁਹਾਡੀ ਏਸੇ ਤਰ੍ਹਾਂ ਹੀ ਸਿੱਖਾਂ ਤੇ ਕਿਰਪਾ ਰਹੀ ਤਾਂ ਸਾਰੇ ਸਿੱਖ ਹੀ ਬੜੇ ਵਿਦਵਾਨ ਬਣ ਜਾਣਗੇ ਤੇ ਬਥੇਰਾ ਕੁਝ ਉਹ ਸਿਖ ਲੈਣਗੇ, ਜਿਹੜਾ ਉਨ੍ਹਾਂ ਨੂੰ ਪਹਿਲਾਂ ਨਹੀਂ ਸੀ ਆਉਂਦਾ।"

ਡੀ.ਪੀ. – "ਕਮਾਲ ਦੀ ਗੱਲ ਤਾਂ ਇਹ ਹੈ ਕਿ ਤੁਹਾਡੇ ਟੈਲੀਫੋਨ ਛੜਯੰਤਰ ਵਾਸਤੇ ਵਰਤੇ ਗਏ ਤੇ ਤੁਹਾਨੂੰ ਪਤਾ ਹੀ ਨਹੀਂ। ਕੀ ਉਨ੍ਹਾਂ ਲੋਕਾਂ ਨੇ ਤੁਹਾਨੂੰ ਬੇਵਕੂਫ ਨਹੀਂ ਬਣਾਇਆ?"

ਜਵਾਬ – "ਨਹੀਂ ਸਾਨੂੰ ਬੇਵਕੂਫ ਬਣਾਉਣ ਵਾਲੀ ਕਿਹੜੀ ਗੱਲ ਹੈ, ਬੇਵਕੂਫ ਤਾਂ ਉਨ੍ਹਾਂ ਤੁਹਾਨੂੰ ਸੀ.ਬੀ.ਆਈ. ਤੇ ਆਈ.ਬੀ. ਨੂੰ ਬਣਾਇਆ ਹੈ। ਸਾਨੂੰ ਤਾਂ ਆਹ ਬਿੱਲ ਹੀ ਦੇਣਾ ਪੈ ਗਿਆ ਹੈ, ਜਾਂ ਆਹ ਥੋੜੇ ਸਮੇਂ ਦੀ ਖੱਜਲ ਖੁਆਰੀ ਹੈ, ਹੋਰ ਸਾਡਾ ਕੀ ਵਿਗੜ ਚਲਿਆ ਹੈ?"

ਡੀ.ਪੀ. – "ਤੁਹਾਨੂੰ ਪਤਾ ਹੈ ਨਾ, ਕਿ ਕੁਝ ਅੱਤਵਾਦੀਆਂ ਦੇ ਸਬੰਧ ਬਾਹਰਲੇ ਦੇਸ਼ਾਂ ਵਿਚ ਹਨ ਤੇ ਉਹ ਤੋੜ ਫੋੜ ਦੀਆਂ ਕਾਰਵਾਈਆਂ ਕਰਨੀਆਂ ਚਾਹੁੰਦੇ ਹਨ। ਦੇਸ਼ ਦੀ ਪਾਰਲੀਮੈਂਟ ਤੱਕ ਨੂੰ ਬਰੂਦ ਨਾਲ ਉਡਾ ਦੇਣ ਲੱਗੇ ਸੀ, ਰੇਲਾਂ ਦੀਆਂ ਪਟੜੀਆਂ ਤੇ ਹਵਾਈ ਅੱਡੇ ਵੀ ਇਨ੍ਹਾਂ ਦੀ ਮਾਰ ਤੋਂ ਨਾ ਬਚਦੇ।"

ਜਵਾਬ – "ਹਾਂ, ਹੋ ਸਕਦਾ ਹੈ ਉਨ੍ਹਾਂ ਦਾ ਇਹ ਕਰਨ ਦਾ ਇਰਾਦਾ ਹੋਵੇ, ਪਰ ਸਾਨੂੰ ਕਿਉਂ ਫੜਿਆ ਹੈ ਅਸਾਂ ਕੀ ਕੀਤਾ ਹੈ? ਜਾਂ ਕੀ ਕਰਨਾ ਸੀ?"

ਡੀ.ਪੀ. – "ਤੁਸੀਂ ਵੀ ਉਨ੍ਹਾਂ ਦੇ ਨਾਲ ਮਦਦ ਕਰਨੀ ਸੀ।"

ਜਵਾਬ – "ਕਾਹਦੀ ਮਦਦ? ਕੀ ਪਾਰਲੀਮੈਂਟ ਭਵਨ ਧੱਕਾ ਮਾਰ ਕੇ ਸੁੱਟਣਾ ਸੀ ਕਿ ਉਹ ਥੋੜੇ ਬੰਦੇ ਸਨ ਤੇ ਨਾਲ ਅਸਾਂ ਵੀ ਨਾਲ ਧੱਕਾ ਲਅਉਣਾ ਸੀ।"

ਡੀ.ਪੀ. – "ਤੁਸੀਂ ਉਨ੍ਹਾਂ ਦੇ ਸਾਥੀ ਹੋ, ਇਹ ਕੰਮ ਉਨ੍ਹਾਂ ਤੁਹਾਨੂੰ ਸੌਂਪਿਆ ਸੀ।"

ਜਵਾਬ – (ਹੱਸ ਕੇ) "ਕੀ ਗੱਲ ਉਨ੍ਹਾਂ ਨੂੰ ਲੋਕਲ ਦਿੱਲੀ ਦਾ ਕੋਈ ਬੰਦਾ ਨਹੀਂ ਸੀ ਲੱਭਦਾ? ਜਿਹੜਾ ਸਾਨੂੰ ਜਲੰਧਰ ਤੋਂ ਭੇਜਣਾ ਸੀ। ਦਸ ਵਿਚੋਂ ਅੱਠ ਬੰਦੇ ਤਾਂ ਦਿੱਲੀ ਹੀ

ਪਹਿਲੀ ਵਾਰ ਆਏ ਹਨ, ਉਨ੍ਹਾਂ ਨੂੰ ਤਾਂ ਜੇ ਤੁਸੀਂ ਜੇਲ੍ਹ ਦੇ ਬਾਹਰ ਛੱਡ ਦਿਓ ਤੇ ਕਹੋ ਆਪਣੇ ਘਰ ਬਸ ਅੱਡੇ ਤੋਂ ਚੜ੍ਹ ਕੇ ਚਲੇ ਜਾਓ ਤਾਂ ਉਹ ਤਾਂ ਉਥੇ ਵੀ ਨਹੀਂ ਜਾ ਸਕਦੇ। ਇਕ ਵਿਚ ਪੈਂਹਠ ਸਾਲ ਦਾ ਬੁੱਢਾ ਹੈ, ਦੂਜੇ ਦੀ ਉਮਰ 56 ਸਾਲ ਹੈ ਤੇ ਉਸ ਦਾ ਮੁੰਡਾ ਕੈਨੇਡਾ ਵਿਚ ਹੈ। ਦੁਨੀਆਂ ਦਾ ਐਸਾ ਕੋਈ ਕਾਨੂੰਨ ਹੈ ਕਿ ਪੁੱਤ ਆਪਣੇ ਭਾਰਤ ਵਿਚ ਰਹਿੰਦੇ ਪਿਓ ਨੂੰ ਬੈਂਕ ਰਾਹੀਂ ਪੈਸੇ ਨਹੀਂ ਭੇਜ ਸਕਦਾ? ਉਸ ਦੇ ਲੜਕੇ ਨੇ ਉਸ ਨੂੰ ਚੈਕ ਭੇਜਿਆ, ਜੋ ਉਸ ਦੇ ਖਾਤੇ ਵਿਚ ਜਮ੍ਹਾਂ ਹੈ। ਪੁੱਤਾਂ ਨੂੰ ਲੋਕ ਕਾਹਦੇ ਲਈ ਬਾਹਰ ਕਮਾਉਣ ਭੇਜਦੇ ਹਨ? ਮੇਰੀ ਤਾਂ ਤੁਹਾਨੂੰ ਸਲਾਹ ਹੈ ਕਿ ਇਹ ਬੇਬੁਨਿਆਦ ਕੇਸ ਵਾਪਸ ਲੈ ਲਓ। ਜੇ ਇਸ ਤਰ੍ਹਾਂ ਲੋਕਾਂ ਨੂੰ ਸਜ਼ਾ ਹੋਣ ਲੱਗੀ ਤਾਂ ਸਾਰਾ ਹਿੰਦੋਸਤਾਨ ਹੀ ਜੇਲ੍ਹ ਬਣ ਜਾਵੇਗਾ।"

ਡੀ.ਪੀ. - "ਟੈਲੀਫੋਨ ਦਾ ਮੁਆਮਲਾ ਅਸੀਂ ਕਿਵੇਂ ਸੁਲਝਾਈਏ? ਟੈਲੀਫੋਨ ਬਾਹਰ ਹੋਏ ਜ਼ਰੂਰ ਹਨ।"

ਜਵਾਬ - "ਹੋਏ ਹੋਣਗੇ ਪਰ ਮੈਨੂੰ ਨਹੀਂ ਪਤਾ।"

ਡੀ.ਪੀ. - "ਪਰ ਤੁਹਾਨੂੰ ਆਪਣੇ ਟੈਲੀਫੋਨ ਦਾ ਪਤਾ ਹੋਵੇਗਾ?"

ਜਵਾਬ - "ਮੇਰੇ ਨਾਲੋਂ ਜ਼ਿਆਦਾ ਪਤਾ ਉਸ ਅਪਰੇਟਰ ਨੂੰ ਹੋਵੇਗਾ ਜਿਸ ਨੇ ਸਾਰੇ ਕਨੂੰਨ ਛਿੱਕੇ ਟੰਗ ਕੇ ਛੇ ਮਿੰਟ ਦੀ ਥਾਂ ਅੱਧਾ ਘੰਟਾ ਗੱਲ ਕਰਵਾਈ। ਮੈਨੂੰ ਤਾਂ ਸਗੋਂ ਉਲਟਾ ਨੁਕਸਾਨ ਹੋਇਆ ਕਿ ਬਿਲ ਦੇਣਾ ਪਿਆ।"

ਡੀ.ਪੀ. - "ਤੁਹਾਡੇ ਖਿਆਲ ਵਿਚ ਅਪਰੇਟਰ ਕਸੂਰਵਾਰ ਹੈ?"

ਜਵਾਬ - "ਇਸ ਵਿਚ ਕੀ ਸ਼ੱਕ ਹੈ? ਜੇ ਮੈਂ ਤੁਹਾਨੂੰ ਫਾਇਦਾ ਪਹੁੰਚਾਉਣ ਲਈ ਕਾਨੂੰਨ ਦੀ ਉਲੰਘਣਾ ਕਰਾਂ ਤਾਂ ਕੀ ਮੈਂ ਕਸੂਰਵਾਰ ਨਹੀਂ ਹੋਵਾਂਗਾ? ਉਸ ਅਪਰੇਟਰ ਦਾ ਬਲਬੀਰ ਸਿੰਘ ਰਿਸ਼ਤੇਦਾਰ ਲੱਗਦਾ ਸੀ? ਜਿਸ ਨੇ ਅੱਧਾ ਘੰਟਾ ਲਗਾਤਾਰ ਗੱਲ ਕਰਵਾ ਦਿੱਤੀ ਤੇ ਬਿੱਲ ਮੈਨੂੰ ਭੇਜ ਦਿੱਤਾ ਤੇ ਨਾਲੇ ਮੈਨੂੰ ਜੇਲ੍ਹ ਆਉਣਾ ਪਿਆ। ਤੁਸੀਂ ਸਾਰੇ ਜਲੰਧਰ ਦੇ ਟੈਲੀਫੋਨ ਦਾ ਰਿਕਾਰਡ ਵੇਖ ਕੇ ਮੈਨੂੰ ਅੱਧੇ ਘੰਟੇ ਦੀ ਹੋਈ ਕੋਈ ਕਾਲ ਵਿਖਾ ਦਿਓ, ਜੇ ਅੱਜ ਤੱਕ ਕਦੀ ਇਸ ਤਰ੍ਹਾਂ ਨਹੀਂ ਹੋਇਆ ਤਾਂ ਪਹਿਲੀ ਵਾਰ ਮੇਰੇ ਟੈਲੀਫੋਨ 'ਤੇ ਹੀ ਹੋਣਾ ਸੀ?"

ਡੀ.ਪੀ. - "ਅਸੀਂ ਸਾਰਾ ਪਤਾ ਕਰਾਂਗੇ ਮੈਂ ਤੁਹਾਨੂੰ ਯਕੀਨ ਦਵਾਉਂਦਾ ਹਾਂ ਕਿ ਅਸੀਂ ਮਾਮਲੇ ਦੀ ਤਹਿ ਤੱਕ ਪਹੁੰਚਾਂਗੇ।"

ਜਵਾਬ - "ਕਿੰਨੇ ਕੁ ਸਾਲ ਲੱਗਣਗੇ? ਇਸ ਤਰ੍ਹਾਂ ਸਾਡੀ ਗੱਲਬਾਤ ਮੁੱਕ ਗਈ ਤੇ ਮੈਨੂੰ ਵਾਪਸ ਭੇਜ ਦਿੱਤਾ ਗਿਆ।"

ਸੀ.ਬੀ.ਆਈ. ਟੀਮ ਦਾ ਕੈਨੇਡਾ ਜਾਣਾ

ਸੀ.ਬੀ.ਆਈ. ਦੀ ਟੀਮ, ਜਿਹੜੀ ਪਾਰਲੀਮੈਂਟ ਤੇ ਹਵਾਈ ਅੱਡਿਆਂ ਨੂੰ ਉਡਾਉਣ ਦੀ ਸਾਜ਼ਿਸ਼ ਦਾ ਪਤਾ ਲਾਉਣ ਲਈ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਗਈ ਸੀ, ਉਨ੍ਹਾਂ ਵਿਚ ਇਕ ਐਸ. ਅਫ਼ਸਰ ਵੀ ਸੀ, ਜਿਹੜਾ ਆਪਣੀ ਗਰਭਵਤੀ ਪਤਨੀ ਨੂੰ ਇਸ ਖਿਆਲ ਨਾਲ ਆਪਣੇ ਨਾਲ ਕੈਨੇਡਾ ਲੈ ਗਿਆ ਸੀ ਤਾਂ ਕਿ ਉਸ ਦੇਸ਼ ਵਿਚ ਜੰਮਿਆ ਬੱਚਾ ਉਥੋਂ ਦਾ ਪੈਦਾਇਸ਼ੀ ਨਾਗਰਿਕ ਬਣ ਜਾਏਗਾ। ਇਹ ਉਹ ਹੀ ਅਫ਼ਸਰ ਸੀ, ਜਿਹੜਾ ਚੰਡੀਗੜ੍ਹ 17 ਸੈਕਟਰ ਦੇ ਥਾਣੇ 'ਚ ਐਸ.ਐਚ.ਓ. ਦੇ ਕਮਰੇ ਵਿਚ, ਮੈਨੂੰ ਪੁੱਛਗਿੱਛ ਕਰ ਰਿਹਾ ਸੀ, ਉਸ ਦੀ ਪਤਨੀ ਬਾਹਰ ਬਰਾਂਡੇ ਵਿਚ ਘੁੰਮ ਰਹੀ ਸੀ ਤੇ ਉਸ ਦੀ ਬੱਚੀ ਬਾਰ ਬਾਰ ਆਪਣੇ

ਪਿਓ ਦਾ ਹੱਥ ਫੜ ਫੜ ਕੇ ਖਿਚਦੀ ਤੇ ਘਰ ਜਾਣ ਦੀ ਜਿੱਦ ਕਰਦੀ ਸੀ। ਕਿਉਂਕਿ ਦਿੱਲੀ ਰੀਮਾਂਡ ਵਿਚ ਇਸ ਨੇ ਸਾਨੂੰ ਕਈਆਂ ਨੂੰ ਕਿਹਾ ਸੀ ਕਿ ਤੁਸੀਂ ਇਹ ਕਿਉਂ ਨਹੀਂ ਆਖਦੇ ਕਿ ਸਾਡੇ ਕੇਸ ਦੀ ਪੜਤਾਲ ਸੀ.ਬੀ.ਆਈ. ਕੈਨੇਡਾ ਜਾ ਕੇ ਕਰੇ। ਅਸੀਂ ਹੈਰਾਨ ਸਾਂ ਕਿ ਇਹ ਸਾਨੂੰ ਇਸ ਤਰ੍ਹਾਂ ਕਿਉਂ ਕਹਿ ਰਿਹਾ ਹੈ? ਨਾਲੇ ਅਸੀਂ ਕਿਸੇ ਨੂੰ ਕਿਉਂ ਆਖੀਏ ਕਿ ਉਹ ਕਿਥੇ ਜਾਵੇ ਤੇ ਕਿਥੇ ਨਾ? ਉਸ ਨੇ ਇਕ ਦਿਨ ਦਿੱਲੀ ਮੈਨੂੰ ਕਿਹਾ, "ਚੰਡੀਗੜ੍ਹ ਮੈਂ ਤੁਹਾਡੀ ਚੰਗੀ ਰੀਪੋਰਟ ਲਿਖ ਕੇ ਭੇਜੀ ਸੀ।" ਮੈਂ ਕਿਹਾ, "ਤੁਹਾਡੀ ਉਸ ਚੰਗੀ ਰਿਪੋਰਟ ਦਾ ਮੈਨੂੰ ਕੀ ਫਾਇਦਾ ਹੋਇਆ? ਰੀਮਾਂਡ ਤਾਂ ਮੇਰਾ ਵੀ ਦੂਜਿਆਂ ਜਿੰਨਾ ਹੀ ਵੱਧ ਗਿਆ ਹੈ"। ਤਾਂ ਉਸ ਨੇ ਕਿਹਾ, "ਅਖੀਰ ਤੇ ਤੁਹਾਨੂੰ ਮੇਰੀ ਰੀਪੋਰਟ ਦਾ ਫਾਇਦਾ ਜ਼ਰੂਰ ਹੋਵੇਗਾ।"

ਬਾਅਦ ਵਿਚ ਸਾਨੂੰ ਪਤਾ ਲੱਗਾ ਕਿ ਉਹ ਅਫ਼ਸਰ ਪੜਤਾਲੀਆ ਟੀਮ ਨਾਲ ਕੈਨੇਡਾ ਜਾਣ ਵਿਚ ਸਫਲ ਹੋ ਗਿਆ ਸੀ ਪਰ ਉਸ ਦਾ ਨਵਾਂ ਜੰਮਿਆ ਬੱਚਾ ਕਨੇਡਾ ਦਾ ਜਮਾਂਦਰੂ ਸ਼ਹਿਰੀ ਨਾ ਬਣ ਸਕਿਆ। ਹੋਇਆ ਇਸ ਤਰ੍ਹਾਂ ਕਿ ਕਾਗਜ਼ਾਂ ਪੱਤਰਾਂ ਦੀ ਤਿਆਰੀ ਹੁੰਦਿਆਂ ਕਰਦਿਆਂ ਨੂੰ ਬੱਚਾ ਜੰਮਣ ਦੇ ਦਿਨ ਲੱਗਪੱਗ ਪੂਰੇ ਹੋ ਚੁੱਕੇ ਸਨ। ਜਦੋਂ ਜਹਾਜ਼ ਉਡਿਆ ਤਾਂ ਸ਼ਾਇਦ ਘਬਰਾਹਟ ਜਾ ਏਅਰ ਗੈਪ ਵਗੈਰਾ ਕਰਕੇ ਬੱਚਾ ਜੰਮਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਜਹਾਜ਼ ਬਰਲਨ 'ਤੇ ਉੱਡ ਰਿਹਾ ਸੀ ਕਿ ਬੱਚਾ ਜੰਮ ਪਿਆ। ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਜਿਸ ਦੇਸ਼ ਦੇ ਉਤੋਂ ਦੀ ਜਹਾਜ਼ ਉੱਡ ਰਿਹਾ ਹੋਵੇ, ਨਵਾਂ ਜੰਮਿਆ ਬੱਚਾ ਉਸੇ ਦੇਸ਼ ਦਾ ਹੀ ਸ਼ਹਿਰੀ ਗਿਣਿਆ ਜਾਂਦਾ ਹੈ।

ਇਹ ਮੁਲਕ ਦੀ ਉਸ ਖੁਫੀਆ ਏਜੰਸੀ ਦੇ ਅਫ਼ਸਰਾਂ ਦੀਆਂ ਗੱਲਾਂ ਹਨ, ਜਿਨ੍ਹਾਂ ਨੇ ਇਸ ਦੇਸ਼ ਦੀ ਅੰਦਰੋਂ ਤੇ ਬਾਹਰੋਂ ਰੱਖਿਆ ਕਰਨੀ ਹੈ। ਮੈਂ ਸੁਣ ਰਖਿਆ ਸੀ ਕਿ ਇਸ ਏਜੰਸੀ ਵਿਚ ਰਿਸ਼ਵਤ ਵੀ ਨਹੀਂ ਚੱਲਦੀ। ਪਰ ਬਾਅਦ ਵਿਚ ਮੈਨੂੰ ਆਪਣੇ ਸਾਥੀਆਂ ਤੋਂ ਪਤਾ ਲੱਗਾ ਕਿ ਜਿਨ੍ਹਾਂ ਦੀ ਡੇਅਰੀ ਸੀ, ਉਨ੍ਹਾਂ ਕੋਲ ਇਕ ਅਫ਼ਸਰ ਆਇਆ (ਜਿਹੜਾ ਪੁੱਛਗਿੱਛ ਵਿਚ ਸ਼ਾਮਲ ਸੀ) ਤਾਂ ਉਸ ਦੀ ਨਜ਼ਰ ਬਹੁਤ ਹੀ ਸੁੰਦਰ ਵਲੈਤੀ ਗਾਂ ਦੀ ਵੱਛੀ 'ਤੇ ਪਈ। ਉਸ ਵੱਛੀ ਦੀ ਮਾਂ ਅਠਾਈ ਕਿਲੋ ਦੁੱਧ ਰੋਜ਼ ਦੇਂਦੀ ਸੀ ਤੇ ਉਸ ਦਾ ਹਵਾਨਾ ਜ਼ਮੀਨ ਨਾਲ ਲੱਗਦਾ ਸੀ। ਦਿਨ ਵਿਚ ਤਿੰਨ ਵਾਰ ਉਸ ਨੂੰ ਚੋਇਆ ਜਾਂਦਾ ਸੀ ਤੇ ਅਜੇ ਉਹ ਦੂਜੇ ਸੂਏ ਈ ਸੂਈ ਸੀ। ਡਾਕਟਰ ਕਹਿੰਦੇ ਸਨ, ਅਗਲੇ ਸੂਏ ਇਸ ਦਾ ਦੁੱਧ ਹੋਰ ਵੀ ਵਧ ਜਾਏਗਾ। ਉਸ ਅਫ਼ਸਰ ਨੇ ਉਹ ਵੱਛੀ ਡੇਅਰੀ ਦੇ ਮਾਲਕ ਕੋਲੋਂ ਮੰਗ ਲਈ, ਕਿਉਂਕਿ ਵੱਛੀ ਦੀ ਨਸਲ ਆਪਣੀ ਮਾਂ ਨਾਲੋਂ ਵੀ ਸੁਧਰੀ ਹੋਈ ਸੀ। ਵਿਚਾਰੇ ਵਪਾਰੀ ਨੇ ਇਸ ਖਿਆਲ ਨਾਲ ਉਹ ਵੱਛੀ ਦੇ ਦਿੱਤੀ ਕਿ ਮੁਕਦਮੇ ਤੋਂ ਜਾਨ ਛੁੱਟ ਜਾਏਗੀ। ਪਰ ਉਸ ਦਾ ਇਹ ਖਿਆਲ ਬਿਲਕੁਲ ਬੇਕਾਰ ਸੀ। ਇਕ ਦੂਸਰਾ ਅਫ਼ਸਰ ਦੂਸਰੇ ਮੁਲਜ਼ਮਾਂ ਕੋਲ ਗਿਆ, ਜਿਨ੍ਹਾਂ ਦਾ ਇਮਾਰਤਾਂ ਵਿਚ ਲੱਗਣ ਵਾਲੇ ਦਰਵਾਜੇ ਤੇ ਗਰਿਲਾਂ ਬਣਾਉਣ ਦਾ ਕਾਰੋਬਾਰ ਸੀ। ਉਹ ਪੂਰੇ ਮਕਾਨ ਦੀਆਂ ਗਰਿਲਾਂ ਮੁਫ਼ਤ ਬਣਵਾ ਕੇ ਲੈ ਗਿਆ ਤੇ ਟੈਂਪੂ ਦੇ ਕਰਾਏ ਦਾ ਵੀ ਆਨਾ ਨਾ ਦਿੱਤਾ। ਉਨ੍ਹਾਂ ਦਾ ਵੀ ਇਹ ਹੀ ਖਿਆਲ ਸੀ ਕਿ ਅਸੀਂ ਮੁਕੱਦਮੇ ਵਿਚੋਂ ਬਚ ਜਾਵਾਂਗੇ।

ਲੋਕਾਂ ਦਾ ਇਹ ਬੜਾ ਜਬਰਦਸਤ ਭੁਲੇਖਾ ਹੈ ਕਿ ਸੀ.ਬੀ.ਆਈ. ਤੇ ਆਈ.ਬੀ. ਵਾਲੇ ਬਹੁਤ ਲਾਇਕ ਤੇ ਨਿਪੁੰਨ ਹੁੰਦੇ ਹਨ। ਐਸਾ ਕੁਝ ਵੀ ਨਹੀਂ। ਬਹੁਤੇ ਅਫ਼ਸਰ ਤਾਂ

ਸੂਬਾਈ ਪੁਲਿਸ ਵਿਚੋਂ ਹੀ ਡੈਪੂਟੇਸ਼ਨ 'ਤੇ ਲਏ ਹੁੰਦੇ ਹਨ। ਇਨ੍ਹਾਂ ਏਜੰਸੀਆਂ ਦੀ ਕਿਤਾਬ ਵਿਚ ਕਿਸੇ ਵਿਅਕਤੀ ਕੋਲੋਂ ਸੱਚ ਉਗਲਵਾਉਣ ਲਈ ਥਰਡ ਡਿਗਰੀ ਤਸ਼ੱਦਦ ਕਰਨਾ ਨਹੀਂ ਹੁੰਦਾ। ਪਰ ਤੰਗੀ ਦੇਣ ਵਾਸਤੇ ਬਹੁਤ ਸਾਰੇ ਹੋਰ ਤਰੀਕੇ ਹਨ, ਜਿਨ੍ਹਾਂ ਦੀ ਵਰਤੋਂ ਇਹ ਖੁੱਲ੍ਹ ਕੇ ਕਰਦੇ ਹਨ। ਮਿਸਾਲ ਦੇ ਤੌਰ 'ਤੇ ਕਿਸੇ ਬੰਦੇ ਨੂੰ ਰੱਜ ਕੇ ਖਾਣਾ ਖੁਆ ਦੇਣਾ ਨਾਲ ਬੀਅਰ ਜਾਂ ਵਿਸਕੀ ਵੀ ਖੂਬ ਪਿਆ ਦੇਣੀ। ਫਿਰ ਉਸ ਤੋਂ ਬਾਅਦ ਜਦੋਂ ਉਸ ਨੂੰ ਗੱਡਿਆਂ ਦੇ ਗੱਡੇ ਨੀਂਦ ਆਉਂਦੀ ਹੈ ਤਾਂ ਸੌਣ ਨਾ ਦੇਣਾ ਜਾਂ ਸਾਰੀ ਰਾਤ ਵੈਸੇ ਹੀ ਨਾ ਸੌਣ ਦੇਣਾ। ਸੀ.ਬੀ.ਆਈ. ਬਹੁਤਾ ਦਿਮਾਗੀ ਪ੍ਰੇਸ਼ਾਨੀ 'ਤੇ ਜ਼ੋਰ ਰੱਖਦੀ ਹੈ। ਬਾਰ ਬਾਰ ਘਰੇਲੂ ਜਿਹੇ ਸਵਾਲ ਪੁਛਣੇ ਨਾਮ, ਪਿਤਾ ਦਾ ਨਾਮ, ਬੱਚੇ, ਭਰਾ, ਭੈਣਾਂ, ਚਾਚੇ, ਤਾਏ, ਮਾਸੀਆਂ, ਭੂਆ ਵਗੈਰਾ-ਵਗੈਰਾ। ਜਦੋਂ ਇਹ ਗੱਲ ਬਾਰ-ਬਾਰ ਦੁਹਰਾਈ ਜਾਂਦੀ ਹੈ ਤਾਂ ਜੇ ਕੋਈ ਵਿਅਕਤੀ ਕਿਸੇ ਗੱਲ ਨੂੰ ਲੁਕਾ ਰਿਹਾ ਹੋਵੇ ਤਾਂ ਬਾਰ ਬਾਰ ਦੀ ਇਕੋ ਤਰ੍ਹਾਂ ਦੀ ਪੁੱਛਗਿੱਛ ਵਿਚ ਉਹ ਕਿਤੇ ਨਾਂ ਕਿਤੇ ਜ਼ਰੂਰ ਹੀ ਥਿੜਕ ਜਾਏਗਾ। ਬੱਸ ਉਸ ਬਦਲੇ ਹੋਏ ਬਿਆਨ 'ਤੇ ਹੀ ਬਾਰ ਬਾਰ ਜ਼ੋਰ ਦੇਂਦੇ ਹਨ। ਜਿਹੜਾ ਵੀ ਪੁੱਛਗਿੱਛ ਕਰਨ ਵਾਲਾ ਨਵਾਂ ਅਫਸਰ ਆਵੇ ਉਹ ਉਪਰੋਕਤ ਗੱਲਾਂ ਜਿਹੜੀਆਂ ਕਿ ਬਹੁਤ ਹੀ ਸਾਧਾਰਨ ਜਿਹੀਆਂ ਲੱਗਦੀਆਂ ਹਨ, ਤੋਂ ਸ਼ੁਰੂ ਕਰਦਾ ਹੈ। ਝੂਠ ਫੜਨ ਵਾਲਾ ਯੰਤਰ ਲਾਉਣ ਦੀ ਗੱਲ ਏਨੀ ਵਾਰੀ ਦੁਹਰਾ ਦੁਹਰਾ ਕੇ ਡਰਾਇਆ ਜਾਂਦਾ ਹੈ ਕਿ ਬੰਦਾ ਇਸ ਨੂੰ ਕੋਈ ਬਹੁਤ ਹੀ ਵੱਡੀ ਆਫ਼ਤ ਸਮਝਣ ਲੱਗ ਪੈਂਦਾ ਹੈ। ਪਰ ਉਹ ਈ ਸੀ ਜੀ ਤੋਂ ਵੱਧ ਕੁਝ ਨਹੀਂ ਹੁੰਦਾ। ਬੱਸ ਮਾਨਸਿਕ ਤੌਰ 'ਤੇ ਡਰਾਵਾ ਹੀ ਦਿਲ ਦੀ ਧੜਕਣ ਵਧਾਉਂਦਾ ਹੈ। ਇਮਾਨਦਾਰੀ ਦੀ ਗੱਲ ਤਾਂ ਵੱਛੀ ਤੇ ਗਰਿਲਾਂ ਲੈਣ ਨਾਲ ਹੀ ਸਪੱਸ਼ਟ ਹੋ ਜਾਂਦੀ ਹੈ। ਸਾਡੇ ਵਾਲੇ ਕੇਸ ਵਿਚ ਪੁੱਛਗਿੱਛ ਕਰਨ ਵੇਲੇ ਤਸ਼ੱਦਦ ਵੀ ਸ਼ਾਮਲ ਕਰ ਲਿਆ ਗਿਆ ਸੀ। ਹਾਲਾਂ ਕਿ ਸੀ.ਬੀ.ਆਈ. ਕਦੇ ਵੀ ਪਹਿਲੇ ਕੇਸਾਂ ਵਿਚ ਤਸ਼ੱਦਦ ਨਹੀਂ ਸੀ ਕਰਦੀ ਪਰ ਇਹ ਟਾਡਾ ਦਾ ਕੇਸ ਸੀ ਤੇ ਇਸ ਤੋਂ ਇਲਾਵਾ ਪੰਜਾਬ ਗੜਬੜ ਵਾਲਾ ਇਲਾਕਾ ਵੀ ਸੀ।

ਜੇਲ੍ਹ 'ਚ ਗੁਰਪੁਰਬ ਮਨਾਉਣਾ

16 ਨਵੰਬਰ 1986 ਨੂੰ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਸੀ। ਅਸਾਂ ਇਕ ਦਰਖਾਸਤ ਸੁਪਰਡੈਂਟ ਨੂੰ ਭੇਜੀ ਕਿ ਸਾਨੂੰ ਸਾਰੀ ਜੇਲ੍ਹ ਦੇ ਸਿੱਖਾਂ ਨੂੰ ਇਕ ਥਾਂ ਇਕੱਠੇ ਹੋ ਕੇ ਗੁਰੂ ਨਾਨਕ ਸਾਹਿਬ ਦਾ ਜਨਮ ਦਿਹਾੜਾ ਮਨਾਉਣ ਦੀ ਇਜਾਜ਼ਤ ਦਿੱਤੀ ਜਾਵੇ। ਇਸੇ ਹੀ ਤਰ੍ਹਾਂ ਦੀ ਇਕ ਦਰਖਾਸਤ ਭਾਈ ਸਾਹਿਬ ਭਾਈ ਰਣਜੀਤ ਸਿੰਘ ਤੇ ਸ. ਕਰਤਾਰ ਸਿੰਘ ਨਾਰੰਗ ਨੇ ਵੀ ਦਿੱਤੀ। ਭਾਈ ਸਾਹਿਬ ਨੇ ਇਹ ਦਰਖਾਸਤ ਵਾਰਡ ਨੰਬਰ ਸਤਾਰਾਂ ਵਿਚੋਂ ਭੇਜੀ ਜਿਥੇ ਉਹ ਇਕੱਲੇ ਹੀ ਸਿੱਖ ਢਾਈ ਤਿੰਨ ਸਾਲ ਤੋਂ ਬੰਦ ਹਨ ਤੇ ਭਾਈ ਸਾਹਿਬ ਭਾਈ ਕਰਤਾਰ ਸਿੰਘ ਜੀ ਨਾਰੰਗ ਹੋਰਾਂ ਇਹ ਦਰਖਾਸਤ ਵਾਰਡ ਨੰਬਰ ਚੌਦਾਂ ਵਿਚੋਂ ਭੇਜੀ, ਜਿਥੇ ਉਹ ਸੁੱਚਾ ਸਿੰਘ ਪਾਸਪੋਰਟਾਂ ਵਾਲੇ ਸਮੇਤ ਕੋਈ ਚਾਰ ਕੁ ਸਿੰਘ ਬੰਦ ਹਨ ਤੇ ਸਾਡੀ ਦਰਖਾਸਤ ਕੋਈ ਬਾਰਾਂ ਕੁ ਸਿੱਖਾਂ ਵਲੋਂ ਸੀ। ਦਸ ਅਸੀਂ ਸਾਂ ਤੇ ਦੋ ਜਣੇ ਪੰਡਤ ਭਰਾ ਨਰਿੰਦਰ ਕੁਮਾਰ ਤੇ ਰਵੀ ਭੂਸ਼ਨ ਸਨ, ਜੋ ਸਾਡੇ ਨਾਲ ਹੀ ਸਾਜ਼ਿਸ਼ ਦੇ ਕੇਸ ਵਿਚ ਬੰਦ ਸਨ ਤੇ ਸਾਡੇ ਨਾਲ ਹੀ ਗਿਣੇ ਜਾਂਦੇ ਸਨ। ਦਰਖਾਸਤ ਅਸਾਂ 16 ਤਰੀਖ ਤੋਂ ਕਾਫੀ ਦਿਨ ਪਹਿਲਾਂ ਹੀ ਦੇ ਛੱਡੀ ਸੀ। ਅਸੀਂ ਤਾਂ ਚਾਹੁੰਦੇ ਸਾਂ ਕਿ ਜੇਲ੍ਹ ਨੰਬਰ 1-2-3 ਤੇ ਕੈਂਪ ਜੇਲ੍ਹ ਦੇ ਵੀ ਸਾਰੇ ਸਿੰਘਾਂ ਨੂੰ ਇਕ ਥਾਂ ਇਕੱਠਾ ਕੀਤਾ ਜਾਵੇ। ਪਰ 13 ਤਾਰੀਖ ਨੂੰ ਸਾਨੂੰ

ਦੱਸਿਆ ਗਿਆ ਕਿ ਤੁਹਾਡੀ ਅਰਜ਼ੀ ਨਾਮਨਜ਼ੂਰ ਹੋ ਗਈ ਹੈ ਤੇ ਤੁਸੀਂ ਆਪਣੇ ਆਪਣੇ ਵਾਰਡ ਵਿਚ ਹੀ ਜਨਮ ਦਿਨ ਮਨਾ ਸਕਦੇ ਹੋ। ਬਾਕੀ ਜੇਲ੍ਹਾਂ ਨੂੰ ਤਾਂ ਛੱਡੋ ਤਿੰਨ ਨੰਬਰ ਜੇਲ੍ਹ ਦੇ ਸਿੱਖ ਵੀ ਇਕੱਠੇ ਨਹੀਂ ਕੀਤੇ ਜਾ ਸਕਦੇ। ਇਸ ਨਾਲ ਸਾਨੂੰ ਰੋਹ ਆਉਣਾ ਕੁਦਰਤੀ ਗੱਲ ਸੀ। ਅਸਾਂ 14 ਤਾਰੀਖ ਨੂੰ ਅਫਸਰਾਂ ਨੂੰ ਸੁਨੇਹਾ ਭਿਜਵਾ ਦਿੱਤਾ ਕਿ ਜੇ ਸਾਨੂੰ ਇਕੱਠੇ ਹੋ ਕੇ ਗੁਰਪੁਰਬ ਮਨਾਉਣ ਦੀ ਇਜਾਜ਼ਤ ਨਾ ਦਿੱਤੀ ਤਾਂ ਅਸੀਂ ਭੁੱਖ ਹੜਤਾਲ ਸ਼ੁਰੂ ਕਰ ਦਿਆਂਗੇ ਤੇ ਫੇਰ ਨਿਕਲਣ ਵਾਲੇ ਸਿੱਟਿਆਂ ਦੇ ਜੇਲ੍ਹ ਅਧਿਕਾਰੀ ਹੀ ਜ਼ਿੰਮੇਵਾਰ ਹੋਣਗੇ। ਭਾਈ ਸਾਹਿਬ ਰਣਜੀਤ ਸਿੰਘ ਤੇ ਨਾਰੰਗ ਸਾਹਿਬ ਨੇ ਵੀ ਸਾਡੀ ਹਮਾਇਤ ਵਿਚ ਭੁੱਖ ਹੜਤਾਲ ਕਰਨ ਲਈ ਸਹਿਮਤੀ ਪ੍ਰਗਟ ਕਰ ਦਿੱਤੀ ਤੇ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ।

15 ਤਾਰੀਖ ਨੂੰ ਸਾਡੇ ਵਾਰਡ ਵਿਚੋਂ ਸੁਰਜੀਤ ਸਿੰਘ ਨੂੰ ਤੇ ਮੈਨੂੰ ਡਿਉਢੀ ਗੱਲਬਾਤ ਲਈ ਸਦਿਆ ਗਿਆ। ਜਦੋਂ ਅਸੀਂ ਜੇਲ੍ਹਰ ਦੇ ਕਮਰੇ ਵਿਚ ਗਏ ਤਾਂ ਉਥੇ ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ ਪਹਿਲਾਂ ਹੀ ਬੈਠੇ ਸਨ। ਇਸ ਤੋਂ ਪਹਿਲਾਂ ਮੈਂ ਕਦੇ ਭਾਈ ਸਾਹਿਬ ਰਣਜੀਤ ਸਿੰਘ ਜੀ ਦੇ ਦਰਸ਼ਨ ਨਹੀਂ ਸਨ ਕੀਤੇ। ਪਰ ਉਨ੍ਹਾਂ ਦਾ ਲੰਬਾ ਤਕੜਾ ਸਰੀਰ ਵੇਖ ਕੇ ਮੈਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਇਹ ਰਣਜੀਤ ਸਿੰਘ ਹਨ। ਕਿਉਂਕਿ ਜਦੋਂ ਅਸੀਂ ਸਭ ਤੋਂ ਪਹਿਲੇ ਦਿਨ ਜੇਲ੍ਹ ਵਿਚ ਆਏ ਸੀ ਤਾਂ ਭਾਈ ਸਾਹਿਬ ਨੇ ਆਪਣਾ ਕਛਹਿਰਾ ਤੇ ਬੁਰਸ਼ਟ ਵਰਗਾ ਕਮੀਜ਼ ਜਿਸ ਨੂੰ ਫਤੂਹੀ ਵੀ ਕਹਿ ਸਕਦੇ ਹਾਂ ਸਾਡੇ ਲਈ ਭੇਜਿਆ ਸੀ ਤੇ ਉਨ੍ਹਾਂ ਕਪੜਿਆਂ ਤੋਂ ਹੀ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਭਾਈ ਸਾਹਿਬ ਚੰਗੇ ਜਵਾਨ ਹਨ। ਉਹ ਕਛਹਿਰਾ ਤਾਂ ਬਾਅਦ ਵਿਚ ਮਲੂਕ ਸਿੰਘ ਨੂੰ ਅਸਾਂ ਦਿੱਤਾ ਤੇ ਉਹ ਬੁਰਸ਼ਟ ਵਰਗਾ ਕਮੀਜ਼ ਅਵਤਾਰ ਸਿੰਘ ਘੁੱਲੇ ਨੇ ਬੜੇ ਚਾਅ ਨਾਲ ਪਾਇਆ। ਬਲਕਿ ਸਾਰੀਆਂ ਗਰਮੀਆਂ ਉਹ ਬੜੇ ਫਖਰ ਨਾਲ ਉਹ ਕਮੀਜ਼ ਪਾਉਂਦਾ ਰਿਹਾ। ਅਸਾਂ ਜਾ ਕੇ ਭਾਈ ਸਾਹਿਬ ਨੂੰ ਫਤਹਿ ਬੁਲਾਈ ਤੇ ਬਾਅਦ ਵਿਚ ਜੇਲ੍ਹਰ ਨੂੰ ਨਮਸਤੇ ਕਹੀ ਤੇ ਕੁਰਸੀਆਂ 'ਤੇ ਬੈਠ ਗਏ। **ਓਨੇ ਚਿਰ ਨੂੰ ਨਾਰੰਗ ਸਾਹਿਬ ਵੀ ਆ ਗਏ ਤੇ ਗੱਲਬਾਤ ਸ਼ੁਰੂ ਹੋ ਗਈ।**

ਜੇਲ੍ਹਰ ਨੇ ਭਾਈ ਰਣਜੀਤ ਸਿੰਘ ਜੀ ਕੋਲ ਸਾਡੀ ਸ਼ਿਕਾਇਤ ਕੀਤੀ ਕਿ ਇਨ੍ਹਾਂ 16 ਨੰਬਰ ਵਾਰਡ ਵਾਲਿਆਂ ਨੂੰ ਸਮਝਾਓ, ਇਹ ਗੱਲ ਗੱਲ 'ਤੇ ਸਾਨੂੰ ਭੁੱਖ ਹੜਤਾਲ ਕਰਨ ਦੀ ਧਮਕੀ ਦੇਂਦੇ ਹਨ ਤੇ ਸੁਪਰਡੈਂਟ ਸਾਹਿਬ ਦੀ ਵੀ ਇਨ੍ਹਾਂ ਨੇ ਵਾਰਡ ਵਿਚ ਗਏ ਹੋਇਆਂ ਦੀ ਬੇਇਜ਼ਤੀ ਕੀਤੀ ਹੈ। ਇਨ੍ਹਾਂ ਨੂੰ ਆਖੋ ਕਿ ਇਹ ਭੁੱਖ ਹੜਤਾਲ ਦੀ ਗੱਲ ਨਾ ਕਰਿਆ ਕਰਨ। ਭਾਈ ਸਾਹਿਬ ਨੇ ਸਾਨੂੰ ਕਿਹਾ ਕਿ ਤੁਸੀਂ ਹੁਣ ਅੱਗੇ ਤੋਂ ਭੁੱਖ ਹੜਤਾਲ ਦੀ ਗੱਲ ਨਾ ਕਰਿਓ ਤੇ ਜੇ ਕੋਈ ਗੱਲ ਹੋਵੇ ਤਾਂ ਮੈਨੂੰ ਦੱਸ ਦਿਆ ਕਰੋ ਮੈਂ ਆਪੇ ਇਨ੍ਹਾਂ ਕੋਲੋਂ ਠੀਕ ਕਰਵਾ ਲਿਆ ਕਰਾਂਗਾ। ਸਾਨੂੰ ਪਤਾ ਸੀ ਕਿ ਜਦੋਂ ਅਸੀਂ ਪਿਛਲੀ ਵਾਰ ਭੁੱਖ ਹੜਤਾਲ ਕੀਤੀ ਸੀ ਤਾਂ ਭਾਈ ਸਾਹਿਬ ਨੇ ਬੰਦ ਹੋਣ ਤੋਂ ਨਾਂਹ ਕਰ ਦਿੱਤੀ ਸੀ ਤੇ ਕਿਹਾ ਸੀ ਕਿ ਜੇ ਤੁਸੀਂ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਉਹਨਾਂ ਬੰਦ ਨਹੀਂ ਹੋਣਾ। ਗੱਲ ਆਈ.ਜੀ. ਤੱਕ ਗਈ। ਆਈ.ਜੀ. ਨੇ ਕਿਹਾ ਅਲਾਰਮ ਵਗੈਰਾ ਕੁਝ ਨਹੀਂ ਕਰਨਾ ਤੇ ਨਾ ਹੀ ਕੋਈ ਤਾਕਤ ਦੀ ਵਰਤੋਂ ਕਰਨੀ ਹੈ। ਜੇ ਉਹ ਬੰਦ ਨਹੀਂ ਹੁੰਦੇ ਤਾਂ ਇਕ ਅਫ਼ਸਰ ਕੁਰਸੀ ਡਾਹ ਕੇ ਕੋਲ ਬੈਠਾ ਰਹੇ ਤੇ ਸਾਰੀ ਰਾਤ ਬੈਠਾ ਰਹੇ, ਸਵੇਰੇ ਮੈਂ ਆਪ ਆ ਕੇ ਗੱਲ ਕਰਾਂਗਾ। ਕਿਤੇ

ਰਾਤ ਨੌਂ ਵਜੇ ਆਈ.ਜੀ. ਨੇ ਫਿਰ ਅਫਸਰਾਂ ਨੂੰ ਭੇਜਿਆ ਕਿ ਉਨ੍ਹਾਂ ਨੂੰ ਦੱਸੋ ਉਨ੍ਹਾਂ ਦੀਆਂ ਸਿੱਖਾਂ ਦੀਆਂ ਮੰਗਾਂ ਸਵੇਰ ਤੱਕ ਮੰਨ ਲਈਆਂ ਜਾਣਗੀਆਂ, ਹੁਣ ਬੰਦ ਹੋ ਜਾਣ। ਭਾਈ ਸਾਹਿਬ ਨਾ ਮੰਨੇ ਫਿਰ ਆਈ.ਜੀ. ਆਪ ਆਇਆ ਤੇ ਉਨ੍ਹਾਂ ਨੂੰ ਯਕੀਨ ਦਵਾਇਆ ਫੇਰ ਕਿਤੇ ਜਾ ਕੇ ਉਹ ਰਾਤ ਦੇ ਦਸ ਵਜੇ ਬੰਦ ਹੋਏ। ਅਧਿਕਾਰੀਆਂ ਨੂੰ ਪਤਾ ਸੀ ਕਿ ਇਹ ਸਾਰੇ ਹੀ ਸਿੱਖ ਸ. ਰਣਜੀਤ ਸਿੰਘ ਦੀ ਗੱਲ ਨਹੀਂ ਮੋੜਦੇ, ਇਸ ਲਈ ਉਹ ਬਾਰ ਬਾਰ ਉਨ੍ਹਾਂ ਤੇ ਸਾਨੂੰ ਕਹਿਣ ਲਈ ਦਬਾ ਪਾ ਰਿਹਾ ਸੀ ਤੇ ਭਾਈ ਸਾਹਿਬ ਵੀ ਸਾਨੂੰ ਕਹਿ ਰਹੇ ਸਨ "ਤੁਸੀਂ ਹੁਣ ਭੁੱਖ ਹੜਤਾਲ ਨਾ ਰਖਿਓ"। ਅਸਾਂ ਉਨ੍ਹਾਂ ਨੂੰ ਆਖਿਆ ਜੀ ਫਿਰ ਇਹ ਸਾਨੂੰ ਸਾਰਾ ਦਿਨ ਬੰਦ ਕਿਉਂ ਰੱਖਦੇ ਹਨ? ਸਾਡੇ ਨਾਲ ਦੂਜਿਆਂ ਵਰਗਾ ਵਿਹਾਰ ਕਿਉਂ ਨਹੀਂ ਕਰਦੇ? ਭਾਈ ਸਾਹਿਬ ਨੇ ਡਿਪਟੀ ਜੇਲ੍ਹਰ ਨੂੰ ਕਿਹਾ ਇਕ ਤਾਂ ਤੁਸੀਂ ਇਨ੍ਹਾਂ ਨੂੰ 16 ਨੰਬਰ ਵਾਰਡ ਵਿਚ ਰੱਖਿਆ ਹੈ ਤੇ ਦੂਜਾ ਸਾਰਾ ਦਿਨ ਦੂਜਿਆਂ ਨਾਲ ਖੋਲ੍ਹਦੇ ਨਹੀਂ, ਇਹ ਤੁਹਾਡੀ ਜ਼ਿਆਦਤੀ ਹੈ। ਹੁਣ ਤੁਸੀਂ ਮੈਨੂੰ ਇਹ ਦੱਸੋ ਕਿ ਕਿਸ ਦਿਨ ਤੋਂ ਇਨ੍ਹਾਂ ਨੂੰ ਲਗਾਤਾਰ ਸਵੇਰ ਤੋਂ ਖੋਲ੍ਹਣਾ ਸ਼ੁਰੂ ਕਰੋਗੇ। ਡਿਪਟੀ ਜੇਲ੍ਹਰ ਨੇ ਕਿਹਾ, ਤਿੰਨ ਦਿਨ ਤੱਕ ਇਨ੍ਹਾਂ ਦੀ ਸ਼ਿਕਾਇਤ ਦੂਰ ਹੋ ਜਾਵੇਗੀ। ਕਿਉਂਕਿ ਇਹ ਗੱਲ ਆਈ.ਜੀ. ਦੇ ਪੱਧਰ ਦੀ ਹੈ, ਇਸ ਲਈ ਉਨ੍ਹਾਂ ਕੋਲੋਂ ਇਜਾਜ਼ਤ ਲੈਣ ਲਈ ਏਨੇ ਦਿਨ ਲੱਗ ਜਾਣਗੇ। ਅਸੀਂ ਮੰਨ ਗਏ। ਭਾਈ ਸਾਹਿਬ ਨੇ ਸਾਡੀ ਗਰੰਟੀ ਲੈ ਲਈ ਤੇ ਉਧਰ ਡਿਪਟੀ ਦੀ ਗਰੰਟੀ ਸਾਨੂੰ ਦੇ ਦਿੱਤੀ।

ਫਿਰ ਗੱਲ ਗੁਰਪੁਰਬ ਦੀ ਸ਼ੁਰੂ ਹੋਈ, ਉਹ ਆਖੇ ਤੁਸੀਂ ਆਪਣੇ ਵਾਰਡ ਵਿਚ ਮਨਾ ਲਓ, ਅਸੀਂ ਤੁਹਾਨੂੰ ਕਦੋਂ ਮਨ੍ਹਾਂ ਕਰਦੇ ਹਾਂ? ਅਸਾਂ ਕਿਹਾ ਇਹ ਸਾਡੇ ਨਾਲ ਦੂਸਰਾ ਵਿਤਕਰਾ ਹੈ। ਤੁਸਾਂ ਦੁਸਹਿਰੇ ਵਾਲੇ ਦਿਨ ਜੇਲ੍ਹ ਵਲੋਂ ਬਣਾ ਕੇ ਪ੍ਰਸ਼ਾਦ ਵੰਡਿਆ, ਫਿਰ ਦੀਵਾਲੀ ਵਾਲੇ ਦਿਨ ਸਾਰਾ ਦਿਨ ਮੁਲਾਕਾਤਾਂ ਖੁਲ੍ਹੀਆਂ ਰੱਖੀਆਂ ਤੇ ਜੇਲ੍ਹ ਵਲੋਂ ਪ੍ਰਸ਼ਾਦ ਸਾਰੇ ਵਾਰਡਾਂ ਵਿਚ ਵੰਡਿਆ, ਫੇਰ ਮੁਸਲਮਾਨਾਂ ਦੀ ਈਦ ਤੇ ਬਕਰੀਦ ਵਾਲੇ ਦਿਨ ਵੀ ਉਨ੍ਹਾਂ ਨੂੰ 13 ਨੰਬਰ ਵਾਰਡ ਵਿਚ ਇਕੱਠਾ ਕੀਤਾ, ਹੁਣ ਸਾਡੀ ਵਾਰੀ ਪਾਬੰਦੀ ਕਿਉਂ? ਉਸ ਕੋਲ ਕੋਈ ਠੋਸ ਜਵਾਬ ਤਾਂ ਸਾਡੀ ਇਸ ਤੱਥਾਂ 'ਤੇ ਆਧਾਰਿਤ ਦਲੀਲ ਦਾ ਹੈ ਹੀ ਨਹੀਂ ਸੀ, ਸਿਰਫ ਉਹ ਇਹ ਹੀ ਆਖੀ ਜਾਵੇ ਕੀ ਦਿਵਾਲੀ ਤੁਹਾਡਾ ਤਿਉਹਾਰ ਨਹੀਂ? ਅਸੀਂ ਕਹੀਏ ਨਹੀਂ। ਭਾਈ ਸਾਹਿਬ ਰਣਜੀਤ ਸਿੰਘ ਤੇ ਨਾਰੰਗ ਸਾਹਿਬ ਬੜੀ ਹਿਕਮਤ ਤੇ ਸਿਆਣਪ ਤੋਂ ਕੰਮ ਲੈ ਰਹੇ ਸਨ, ਜਦੋਂ ਕਿ ਸੁਰਜੀਤ ਸਿੰਘ ਤੇ ਮੈਂ ਫਾਹ ਸੋਟਾ ਮਾਰ ਦੇਂਦੇ ਸੀ। ਅਸੀਂ ਏਥੋਂ ਤੱਕ ਵੀ ਕਹਿ ਦਿੱਤਾ ਕਿ ਸਾਨੂੰ ਆਪਣੇ ਤਿਉਹਾਰ ਨਾ ਮਨਾਉਣ ਦੇਣਾ ਤੇ ਦੀਵਾਲੀ ਦੁਸਹਿਰੇ ਵਰਗੇ ਤਿਉਹਾਰਾਂ ਨੂੰ ਸਹੂਲਤਾਂ ਦੇਣੀਆਂ ਸਿੱਖਾਂ ਨੂੰ ਖਤਮ ਕਰਨ ਦੀ ਇਕ ਸੋਚੀ ਸਮਝੀ ਚਾਲ ਹੈ, ਨਹੀਂ ਤਾਂ ਜਨਮ ਅਸ਼ਟਮੀ ਵਾਲੇ ਦਿਨ ਜੇਲ੍ਹ ਵਲੋਂ ਪ੍ਰਸ਼ਾਦ ਵੰਡਣ ਦੀ ਕੀ ਲੋੜ ਸੀ? ਡਿਪਟੀ ਕਹੇ ਅਸੀਂ ਦੀਵਾਲੀ ਨੂੰ ਤੁਹਾਨੂੰ ਵੀ ਸਹੂਲਤ ਦਿੱਤੀ ਸੀ। ਅਸੀਂ ਕਹੀਏ, ਏਸੇ ਸਹੂਲਤ ਨਾਲ ਹੀ ਤਾਂ ਤੁਸੀਂ ਸਾਡੇ ਧਰਮ ਨੂੰ ਖਤਮ ਕਰਨ ਦਾ ਯਤਨ ਕਰ ਰਹੇ ਹੋ, ਜੇ ਸਹੂਲਤ ਦੇਣੀ ਹੈ ਤਾਂ ਸਾਡੇ ਗੁਰੂ ਜੀ ਦੇ ਜਨਮ ਦਿਨ 'ਤੇ ਦਿਓ। ਉਹ ਹੱਸ ਕੇ ਕਹੇ ਤੁਹਾਡਾ ਗੁਰੂ ਹੈ ਤੇ ਸਾਡਾ ਨਹੀਂ? ਅਸੀਂ ਕਹੀਏ ਜੇ ਤੁਹਾਡਾ ਵੀ ਹੈ ਤਾਂ ਫਿਰ ਜਨਮ ਅਸ਼ਟਮੀ ਵਾਂਗ ਕਿਉਂ ਨਹੀਂ ਮਨਾਉਂਦੇ? ਤੁਸੀਂ ਤਾਂ ਸਗੋਂ ਸਾਨੂੰ ਵੀ ਇਕੱਠੇ ਹੋ ਕੇ ਮਨਾਉਣ ਨਹੀਂ ਦੇਂਦੇ। ਫਿਰ ਗੱਲ ਹੋਈ ਕਿ ਤੁਸੀਂ ਆਪਣੇ ਆਪਣੇ ਵਾਰਡ ਵਿਚ ਮਨਾਓ ਅਸੀਂ ਜੇਲ੍ਹ ਵਲੋਂ ਪੰਦਰਾਂ ਸੌ ਰੁਪਏ ਦਿਆਂਗੇ। ਅਸਾਂ ਕਿਹਾ ਤੁਸੀਂ ਆਨਾ ਵੀ

ਨਾ ਦਿਓ, ਸਗੋਂ ਸਾਡੇ ਕੋਲੋਂ ਪੰਦਰਾਂ ਸੌ ਰੁਪਏ ਲੈ ਲਓ ਤੇ ਸਾਨੂੰ ਸਾਰੀਆਂ ਜੇਲ੍ਹਾਂ ਦੇ ਸਿੱਖਾਂ ਨੂੰ ਇਕੱਠੇ ਹੋ ਕੇ ਮਨਾਉਣ ਦਿਓ। ਏਦਾਂ ਤਾਂ ਕੱਲ ਨੂੰ ਤੁਸੀਂ ਕਹੋਗੇ ਪੰਜਾਹ ਹਜ਼ਾਰ ਰੁਪਏ ਲੈ ਲਓ ਤੇ ਮੂੰਹ ਸਿਰ ਮੁਨਾ ਦਿਓ। ਅਸੀਂ ਏਦਾਂ ਦੀਆਂ ਗੱਲਾਂ ਨਹੀਂ ਮੰਨ ਸਕਦੇ। ਅਸੀਂ ਦੋਵੇਂ ਹਰ ਗੱਲ ਨੂੰ ਭੁੰਜੇ ਨਹੀਂ ਸਾਂ ਪੈਣ ਦੇਂਦੇ ਤੇ ਭਾਈ ਸਾਹਿਬ ਤੇ ਨਾਰੰਗ ਸਾਹਿਬ ਨੂੰ ਬੋਲਣ ਦਾ ਤਾਂ ਮੌਕਾ ਹੀ ਨਹੀਂ ਸਾਂ ਦੇਂਦੇ।

ਅਖੀਰ ਫੈਸਲਾ ਇਹ ਹੋਇਆ ਕਿ ਤੁਸੀਂ ਸਿਰਫ ਤਿੰਨ ਨੰਬਰ ਜੇਲ੍ਹ ਵਾਲੇ ਸਿੱਖ ਹੀ ਮਨਾ ਲਓ ਤੇ ਡੇਢ ਵਜੇ ਤੱਕ ਪੂਜਾ-ਪਾਠ ਤੇ ਲੰਗਰ ਦਾ ਕੰਮ ਸਮਾਪਤ ਕਰਕੇ ਆਪਣੇ ਆਪਣੇ ਵਾਰਡ ਵਿਚ ਆ ਕੇ ਬੰਦ ਹੋ ਜਾਇਓ। ਅਸਾਂ ਇਕ ਸ਼ਰਤ ਹੋਰ ਰੱਖ ਦਿੱਤੀ ਕਿ ਸਿੱਖਾਂ ਤੋਂ ਬਗੈਰ ਹੋਰ ਵੀ ਜਿਹੜਾ ਆਉਣਾ ਚਾਹੇ ਉਸ ਨੂੰ ਆਉਣ ਦਿੱਤਾ ਜਾਵੇ। ਭਾਵੇਂ ਉਹ ਹਿੰਦੂ ਹੋਵੇ, ਮੋਨਾ ਹੋਵੇ ਤੇ ਭਾਵੇਂ ਮੁਸਲਮਾਨ ਹੋਵੇ। ਉਹ ਇਹ ਗੱਲ ਮੰਨ ਗਿਆ ਤੇ ਸਾਨੂੰ ਇਹ ਕਿਹਾ ਕਿ ਸਵੇਰੇ ਛੇ ਵਜੇ ਨਹਾ ਧੋ ਕੇ ਤਿਆਰ ਰਿਹੋ, ਤੁਹਾਡੀ ਗਿਣਤੀ ਖੁਲਵਾਉਣ ਮੈਂ ਆਪ ਆਵਾਂਗਾ। ਇਹ ਸਾਰੀਆਂ ਗੱਲਾਂ ਤਹਿ ਹੋ ਜਾਣ ਤੋਂ ਬਾਅਦ ਉਸ ਨੇ ਕਿਹਾ ਇਹਨਾਂ ਨੇ ਸੁਪਰਡੈਂਟ ਸਾਹਿਬ ਦੀ ਬੜੀ ਬੇਇਜ਼ਤੀ ਕੀਤੀ ਹੈ, ਭਾਈ ਰਣਜੀਤ ਸਿੰਘ ਜੀ ਤੇ ਨਾਰੰਗ ਸਾਹਿਬ, ਇਨ੍ਹਾਂ ਚੰਗਾ ਨਹੀਂ ਕੀਤਾ। ਅਸਾਂ ਕਿਹਾ, "ਜੀ ਇਹ ਗੱਲ ਤਾਂ ਪਹਿਲਾਂ ਹੀ ਮੁੱਕ ਚੁੱਕੀ ਹੈ, ਹੁਣ ਫਿਰ ਵਿਚ ਕਿਥੋਂ ਲੈ ਆਂਦੀ ਹੈ। ਅਸਾਂ ਉਨ੍ਹਾਂ ਦੀ ਕੋਈ ਬੇਇਜ਼ਤੀ ਨਹੀਂ ਕੀਤੀ, ਹਾਂ ਇਜ਼ਤ ਨਹੀਂ ਕੀਤੀ। ਇਹ ਸਾਡੀ ਮਰਜ਼ੀ ਹੈ ਭਾਵੇਂ ਅਸੀਂ ਕਿਸੇ ਦੀ ਇਜ਼ਤ ਕਰੀਏ ਤੇ ਭਾਵੇਂ ਨਾ ਕਰੀਏ। ਜੇਲ੍ਹ ਮੈਨੂਅਲ ਵਿਚ ਕਿਥੇ ਲਿਖਿਆ ਹੈ ਕਿ ਕੈਦੀ ਅਫ਼ਸਰਾਂ ਦੀ ਇਜ਼ਤ ਕਰਨ ਲਈ ਪਾਬੰਦ ਹੈ?" ਉਹ ਫਿਰ ਕਹੇ, "ਲੋ ਜੀ ਵੇਖ ਲਓ, ਇਹ ਹਰ ਗੱਲ ਵਿਚ ਜੇਲ੍ਹ ਮੈਨੂਅਲ ਦਾ ਹਵਾਲਾ ਦੇਂਦੇ ਹਨ। ਮੈਂ ਉਸ ਅਫ਼ਸਰ ਨੂੰ ਸੱਦਦਾ ਹਾਂ ਜਿਸ ਦੇ ਸਾਹਮਣੇ ਇਨ੍ਹਾਂ ਨੇ ਉਨ੍ਹਾਂ ਨੂੰ ਬੁਰਾ ਭਲਾ ਆਖਿਆ ਹੈ।" ਅਸਾਂ ਕਿਹਾ, "ਹਾਂ ਸੱਦੋ"। ਜਦੋਂ ਉਸ ਨੇ ਇਕ ਅਫ਼ਸਰ ਨੂੰ ਬੁਲਾਇਆ ਤਾਂ ਉਸ ਨੇ ਕਿਹਾ, "ਹਾਂ ਜੀ ਇਨ੍ਹਾਂ ਨੇ ਕਿਹਾ ਸੀ ਕਿ ਤੂੰ ਚੜ੍ਹ ਸਾਡੇ................" ਅਸਾਂ ਕਿਹਾ, "ਸਾਨੂੰ ਨਹੀਂ ਪਤਾ ਏਦਾਂ ਤਾਂ ਸਾਡੇ ਵਿਚੋਂ ਕਿਸੇ ਨੇ ਕਦੇ ਕਿਹਾ ਨਹੀਂ, ਨਾ ਹੀ ਅਸੀਂ ਕਿਸੇ ਨੂੰ ਕਦੀ ਗਾਲ੍ਹ ਕੱਢਦੇ ਹੀ ਹਾਂ। ਐਵੇਂ ਭੈਣ............ ਲੋਕ ਸਾਡਾ ਨਾ ਲਾ ਦੇਂਦੇ ਹਨ।"

ਹੁਣ ਕਿਸੇ ਤਸਦੀਕ ਦੀ ਲੋੜ ਨਹੀਂ ਸੀ ਰਹਿ ਗਈ, ਅਸੀਂ ਉਸ ਨੂੰ ਇਹ ਵੀ ਨਾ ਦੱਸਿਆ ਕਿ ਅਸੀਂ ਸੁਪਰਡੈਂਟ ਨੂੰ ਮਿਲ ਲਿਆ ਹੈ ਤੇ ਸਾਡੀ ਹੁਣ ਉਸ ਨਾਲ ਸਿੱਧੀ ਗੱਲਬਾਤ ਹੈ। ਅਖੀਰ ਉਸ ਨੇ ਵੀ ਸਾਨੂੰ ਦੋ ਕੁ ਉਪਦੇਸ਼ ਦਿੱਤੇ, ਪਰ ਬਹੁਤੇ ਭਾਈ ਸਾਹਿਬ ਹੋਰਾਂ ਹੀ ਦਿੱਤੇ ਤੇ ਉਨ੍ਹਾਂ ਨੇ ਸਾਡੇ ਕੋਲੋਂ ਹੜਤਾਲ ਕਰਨ ਦਾ ਸਾਡਾ ਇਕੋ ਇਕ ਹਥਿਆਰ ਵੀ ਖੋਹ ਲਿਆ। ਸਾਰਿਆਂ ਨੇ ਇਕ ਦੂਜੇ ਨੂੰ ਫ਼ਤਹਿ ਬੁਲਾਈ ਤੇ ਵਾਪਸ ਵਾਰਡ ਵਿਚ ਆ ਗਏ। ਸਾਡੀ ਹਾਲਤ ਇਸ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਦੀ ਰਾਜੀਵ-ਲੌਂਗੋਵਾਲ ਸਮਝੌਤੇ ਵੇਲੇ ਲੌਂਗੋਵਾਲ ਦੀ ਸੀ। ਅਸੀਂ ਰਾਹ ਵਿਚ ਸੋਚ ਰਹੇ ਸੀ, ਹੁਣ ਆਪਣੇ ਸਾਥੀਆਂ ਨੂੰ ਕੀ ਦੱਸਾਂਗੇ? ਅਸੀਂ ਆਪਣਾ ਵਚਨ ਦੇ ਆਏ ਹਾਂ। ਸਾਨੂੰ ਜ਼ਿਆਦਾ ਅਫਸੋਸ ਇਸ ਗੱਲ ਦਾ ਸੀ ਕਿ ਅਸੀਂ ਜੇਲ੍ਹ ਵਾਲਿਆਂ ਨਾਲ ਕਬੱਡੀ ਖੇਡਣ ਦਾ ਆਪਣਾ ਅਖ਼ਤਿਆਰ ਗਵਾ ਬੈਠੇ ਸਾਂ। ਸਾਡੇ ਮਨੋਰੰਜਨ ਦਾ ਹੋਰ ਸਾਧਨ ਵੀ ਕੀ ਸੀ? ਮਸਾਂ ਮਸਾਂ ਤਾਂ ਅਸੀਂ ਭੁੱਖ ਹੜਤਾਲ ਦੀ ਪ੍ਰੈਕਟਿਸ ਕਰਕੇ ਲੀਡਰੀ ਵੱਲ ਵਧ ਰਹੇ ਸਾਂ, ਉਹ ਮਨੋਰੰਜਨ ਦਾ ਸਾਧਨ ਵੀ ਖੁੱਸ

ਗਿਆ ਸੀ। ਪਰ ਅਸਾਂ ਆ ਕੇ ਆਪਣੇ ਸਾਥੀਆਂ ਨੂੰ ਦਸਿਆ, ਉਸੇ ਤਰ੍ਹਾਂ ਹੀ ਜਿਵੇਂ ਲੌਂਗੋਵਾਲ ਤੇ ਸੁਰਜੀਤ ਸਿੰਘ ਬਰਨਾਲੇ ਨੇ ਰਾਜੀਵ ਲੌਂਗੋਵਾਲ ਸਮਝੌਤੇ ਦੇ ਫਾਇਦੇ ਦੱਸ ਦੱਸ ਕੇ ਸਿੱਖਾਂ ਨੂੰ ਯਕੀਨ ਦਵਾਇਆ ਸੀ ਕਿ ਆਪਾਂ ਸੌ ਫੀਸਦੀ ਜਿੱਤ ਗਏ ਹਾਂ ਪਰ ਸੱਤਰ ਫੀਸਦੀ ਲੋਕ ਇਹ ਨਹੀਂ ਸਨ ਮੰਨਦੇ ਤੇ ਉਹ ਕਹਿੰਦੇ ਸਨ ਕਿ ਇਹ ਉਹ ਗੱਲ ਹੋਈ ਹੈ ਜਿਵੇਂ ਇਕ ਮੁਟਿਆਰ ਆਪਣੇ ਘਰ ਵਾਲੇ ਨੂੰ ਆ ਕੇ ਦੱਸਦੀ ਹੈ ਕਿ "ਮਾਹੀ ਵੇ ਮੈਂ ਲੌਂਗ ਗਵਾ ਆਈ ਆਂ" ਤੇ ਉਸ ਦਾ ਘਰ ਵਾਲਾ ਪੁਛਦਾ ਹੈ "ਸੋਹਣੀਏ ਨੀਂ ਕਿਥੇ ਗਵਾ ਆਈ ਐਂ" ਤਾਂ ਉਹ ਅਗੋਂ ਜੁਆਬ ਦੇਂਦੀ ਹੈ "ਰੋਹੀ ਵਾਲੇ ਖੂਹ 'ਤੇ ਚੰਨੇ ਦੇ ਓਹਲੇ" ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ ਚੰਨੇ ਦੇ ਓਹਲੇ ਲੈਣ ਹੀ ਕੀ ਗਈ ਸੀ, ਜਿਥੇ ਉਸ ਦਾ ਲੌਂਗ ਗਵਾਚਾ। ਅਸੀਂ ਵੀ ਆਪਣੇ ਆਪ ਨੂੰ ਕੋਸ ਰਹੇ ਸਾਂ ਕਿ ਅਸੀਂ ਡਿਉਢੀ ਗਏ ਹੀ ਕਿਉਂ ਸਾਂ? ਪਰ ਫਿਰ ਸਾਨੂੰ ਆਪਣਾ ਕੋਈ ਖਾਸ ਕਸੂਰ ਨਜ਼ਰ ਨਾ ਆਉਂਦਾ ਤੇ ਅਸੀਂ ਆਪਣੇ ਸਾਥੀਆਂ ਨੂੰ ਗੁਰਪੁਰਬ ਮਨਾ ਲੈਣ ਦੀ ਇਜਾਜ਼ਤ ਮਿਲ ਜਾਣ ਦੀ ਖੁਸ਼ੀ ਦੱਸ ਕੇ ਹੀ ਖੁਸ਼ ਕਰ ਲਿਆ। ਇਹ ਪਤਾ ਤਾਂ ਉਨ੍ਹਾਂ ਨੂੰ ਬਾਅਦ ਵਿਚ ਉਸ ਦਿਨ ਲੱਗਾ, ਜਦੋਂ ਸਾਰਿਆਂ ਨੇ ਕਿਹਾ "ਨਹੀਂ ਮੰਨਦੇ ਤਾਂ ਕੱਲ ਤੋਂ ਭੁੱਖ ਹੜਤਾਲ ਰੱਖ ਦਿਓ"। ਉਦੋਂ ਅਸਾਂ ਦੋਹਾਂ ਨੇ ਹੌਲੀ ਹੌਲੀ ਉਨ੍ਹਾਂ ਨੂੰ ਦੱਸਿਆ "ਨਹੀਂ ਆਪਾਂ ਭੁੱਖ ਹੜਤਾਲ ਨਹੀਂ ਕਰਨੀ ਭਾਈ ਸਾਹਿਬ ਨੂੰ ਦੱਸਣਾ ਹੈ, ਇਹ ਸਮਝੌਤਾ ਉਸ ਦਿਨ ਹੋਇਆ ਸੀ, ਜਿਸ ਦਿਨ ਗੁਰਪੁਰਬ ਦੀ ਇਜ਼ਾਜਤ ਮਿਲੀ ਸੀ। ਸਾਰਿਆਂ ਨੇ ਆਪਣੇ ਸਿਰ ਨੂੰ ਦੁਹੱਥੜ ਮਾਰੀ ਤੇ ਫੇਰ ਸਾਡੇ ਮਗਰ ਪੈ ਗਏ। ਅਸੀਂ ਬੜੀ ਮੁਸ਼ਕਲ ਨਾਲ ਉਨ੍ਹਾਂ ਤੋਂ ਖਹਿੜਾ ਛੁਡਾਇਆ। ਹੁਣ ਅਸਾਂ ਭਾਈ ਸਾਹਿਬ ਦਾ ਨਾਂ ਹੀ ਡਿਪਟੀ ਜੇਲ੍ਹਰ ਪਾ ਦਿੱਤਾ ਹੈ, ਕਿਉਂਕਿ ਹਰ ਗੱਲ ਸਾਨੂੰ ਉਨ੍ਹਾਂ ਦੀ ਜਾਣਕਾਰੀ ਵਿਚ ਲਿਆਉਣੀ ਪੈਂਦੀ ਹੈ। ਹੁਣ ਇਸ ਜੇਲ੍ਹ ਵਿਚ ਦੋ ਡਿਪਟੀ ਜੇਲ੍ਹਰ ਹਨ, ਇਕ ਜੇਲ੍ਹ ਦਾ ਤੇ ਇਕ ਸਾਡਾ।

ਸਾਡੇ ਹਰ ਹੁਕਮ ਦੀ ਤਾਮੀਲ ਹੋਣੀ

ਹੁਣ ਸਾਨੂੰ ਇਹ ਤਾਂ ਪਤਾ ਲੱਗ ਹੀ ਗਿਆ ਸੀ ਕਿ ਅਸੀਂ ਆਪਣੇ ਦਿੱਤੇ ਹੋਏ ਵਚਨ ਤੋਂ ਪਿੱਛੇ ਨਹੀਂ ਹਟ ਸਕਦੇ ਤੇ ਸਾਡੀ ਮਨੋਰੰਜਕ ਖੇਡ ਵੀ ਸਾਥੋਂ ਖੁਸ ਗਈ ਸੀ। ਇਸ ਗੱਲ ਤੋਂ ਪਹਿਲਾਂ ਅਸੀਂ ਆਪਣੇ ਖੁਲ੍ਹਣ ਵਾਲੇ ਸਮੇਂ ਵਿਚ ਕਬੱਡੀ ਖੇਡਿਆ ਕਰਦੇ ਸਾਂ। ਥੱਲੇ ਥਾਂ ਸਖਤ ਹੋਣ ਕਰਕੇ ਸਾਡੇ ਗੋਡੇ ਗਿੱਟੇ ਤੇ ਛਿਲੇ ਹੀ ਜਾਂਦੇ ਸਨ, ਝੱਗੇ ਵਗੈਰਾ ਵੀ ਪਾਟ ਜਾਂਦੇ ਸਨ। ਮੇਰਾ ਤਾਂ ਪਹਿਲੇ ਦਿਨ ਹੀ ਅੰਗੂਠਾ ਠੁਕ ਗਿਆ ਸੀ। ਇਸ ਲਈ ਉਸ ਤੋਂ ਬਾਅਦ ਮੈਂ ਤਾਂ ਕਬੱਡੀ ਨਾ ਖੇਡ ਸਕਿਆ। ਸਾਡਾ ਹੌਲਦਾਰ ਵੀ ਬਹੁਤ ਭਲਾਮਾਣਸ ਸੀ, ਉਸ ਨਾਲ ਦਾ ਭਲਾਮਾਣਸ ਕੋਈ ਵੀ ਹੌਲਦਾਰ ਇਸ ਜੇਲ੍ਹ ਵਿਚ ਨਹੀਂ ਲਗਦਾ। ਵਾਹ ਲਗਦੇ ਉਸਨੇ ਸਾਨੂੰ ਕਦੇ ਔਖੇ ਨਹੀਂ ਸੀ ਹੋਣ ਦਿੱਤਾ, ਏਥੋਂ ਤੱਕ ਕਿ ਸਾਡਾ ਬਾਲਣ ਵਗੈਰਾ ਵੀ ਵਾਰਡ ਵਿਚ ਬੰਦੇ ਲਿਆ ਕੇ ਹੀ ਪੜਵਾ ਦੇਂਦਾ ਤੇ ਹਰ ਤਰ੍ਹਾਂ ਸਾਡੀ ਸਹੂਲਤ ਦਾ ਖਿਆਲ ਰੱਖਦਾ। ਫੁੱਲ, ਬੂਟੇ ਲਾਉਣ ਦਾ ਉਹ ਬੜਾ ਸ਼ੁਕੀਨ ਸੀ। ਉਸ ਨੇ ਆਪਣੇ ਇਕ ਮਹੀਨੇ ਦੇ ਸਮੇਂ ਵਿਚ ਵਾਰਡ ਦਾ ਮੂੰਹ ਸਿਰ ਸਵਾਰ ਦਿੱਤਾ ਸੀ। ਜਦੋਂ ਅਸੀਂ ਕਬੱਡੀ ਖੇਡਦੇ ਤਾਂ ਉਹ ਹੱਥ ਜੋੜਨ ਲੱਗ ਪੈਂਦਾ, ਉਸ ਨੇ ਕਹਿਣਾ ਜੇ ਤੁਹਾਨੂੰ ਕੋਈ ਸੱਟ ਫੇਟ ਲੱਗ ਗਈ ਤੁਹਾਨੂੰ ਤਾਂ ਕਿਸੇ ਨਹੀਂ ਪੁਛਣਾ, ਮੇਰੀ ਨੌਕਰੀ ਗਵਾਉਗੇ। 'ਮੇਰੀ ਤੇ ਰੇਲ ਬਣਾ ਦੇਗੇ, ਇਹ ਉਸ ਦਾ ਤਕੀਆ ਕਲਾਮ ਸੀ। ਨਾਲੇ ਕਪੜੇ ਵੀ ਪਾਟਦੇ ਸੀ ਤੇ ਲੱਗਪੱਗ

ਅਸੀਂ ਸਾਰੇ ਗੋਡੇ ਵਗੈਰਾ ਵੀ ਛਿਲਾ ਬੈਠੇ ਸੀ, ਇਸ ਲਈ ਉਹ ਖੇਡ ਛੱਡ ਦਿੱਤੀ, ਦੂਸਰੀ ਭੁੱਖ ਹੜਤਾਲ ਵਾਲੀ ਸੀ, ਉਹ ਵੀ ਛੁੱਟ ਗਈ। ਇਕ ਦਿਨ ਸਾਨੂੰ ਪਤਾ ਹੀ ਉਦੋਂ ਲੱਗਾ ਜਦੋਂ ਸਾਡੇ ਇਕ ਸਾਥੀ ਨੇ ਭੱਜ ਨੱਠ ਕਰਕੇ ਇਕ ਨੈਟ ਤੇ ਛੇ ਛਿੱਕੇ ਤੇ ਇਕ ਦਰਜਨ ਚਿੜੀਆਂ ਦਾ ਪ੍ਰਬੰਧ ਕਰ ਲਿਆ। ਸਟੋਰ ਵਿਚੋਂ ਕੱਢ ਕੇ ਪਾਈਪ ਅਸਾਂ ਗੱਡ ਲਏ ਤੇ ਨੈੱਟ ਲਾ ਕੇ ਚਿੜੀ ਛਿੱਕਾ ਖੇਡਣਾ ਸ਼ੁਰੂ ਕਰ ਦਿੱਤਾ। ਇਹ ਖੇਡ ਤੇ ਕਾਫੀ ਵਧੀਆ ਹੈ ਪਰ ਸਾਡੇ ਕੋਲ ਡੇਢ ਘੰਟਾ ਹੁੰਦਾ, ਉਸ ਵਿਚ ਰੋਟੀ ਵੀ ਆਪ ਤਿਆਰ ਕਰਨੀ ਹੁੰਦੀ। ਕਿਉਂਕਿ ਇਕ ਮੁਸ਼ੱਕਤੀ ਤੋਂ ਬਗੈਰ ਹੋਰ ਅਸਾਂ ਮੁਸ਼ਕਤੀ ਨਹੀਂ ਲਏ ਸਨ। ਜੇ ਚਾਹੁੰਦੇ ਤਾਂ ਯਾਰਾਂ ਮੁਸ਼ੱਕਤੀ ਹੋਰ ਲੈ ਸਕਦੇ ਸੀ ਪਰ ਅਸਾਂ ਨਾ ਲਏ। ਕੁਝ ਜਾਣ ਕੇ ਵੀ ਅਸੀਂ ਰੋਟੀ ਦੇਰ ਨਾਲ ਬਣਾਉਂਦੇ ਤੇ ਕੁਝ ਸੱਚਮੁੱਚ ਹੀ ਖੇਡਣ ਕਰਕੇ ਦੇਰ ਹੋ ਜਾਂਦੀ। ਅਸੀਂ ਚਾਹੁੰਦੇ ਸੀ ਸਾਡੇ ਨਾਲ ਪੰਗਾ ਪਵੇ।

ਜਦੋਂ ਨਵਾਂ ਆਇਆ ਹੌਲਦਾਰ ਕਹੇ ਸਮਾਂ ਤਾਂ ਹੋ ਗਿਆ ਹੈ ਤਾਂ ਅਸੀਂ ਰੋਟੀ ਪਕਾਉਂਦੇ ਪਕਾਉਂਦੇ ਉਠ ਬੈਠਦੇ ਤੇ ਕਹਿੰਦੇ "ਚੱਲ ਫਿਰ ਬੰਦ ਕਰ ਦੇਹ, ਸਾਡੇ ਕੋਲੋਂ ਤਾਂ ਏਦੂੰ ਛੇਤੀ ਰੋਟੀ ਨਹੀਂ ਬਣਦੀ, ਅਸੀਂ ਕਿਹੜੇ ਰਸੋਈਏ ਰਹੇ ਆ, ਨਾ ਹੀ ਅਸੀਂ ਅਸ਼ੋਕਾ ਹੋਟਲ ਦੇ ਕੁੱਕ ਆਂ। ਜੇ ਅਸੀਂ ਰੋਟੀ ਖਾ ਰਹੇ ਹੁੰਦੇ ਤੇ ਉਹ ਚਾਬੀਆਂ ਖੜਕਾਉਂਦਾ ਆ ਜਾਂਦਾ ਤਾਂ ਅਸੀਂ ਫੇਰ ਵੀ ਰੋਟੀ ਖਾਂਦੇ ਛੱਡ ਕੇ ਉਠ ਬਹਿੰਦੇ ਤੇ ਬੰਦ ਹੋਣ ਲਈ ਆਪਣੀ ਆਪਣੀ ਚੱਕੀ ਵੱਲ ਤੁਰ ਪੈਂਦੇ। ਉਹ ਸਾਨੂੰ ਫੇਰ ਮੋੜ ਕੇ ਲਿਆਉਂਦਾ ਕਿ ਕੋਈ ਗੱਲ ਨਹੀਂ ਰੋਟੀ ਖਾ ਲਓ। ਦੋ ਤਿੰਨ ਵਾਰੀ ਏਸੇ ਤਰ੍ਹਾਂ ਹੀ ਹੋਇਆ ਇਹ ਗੱਲ ਵੀ ਝੱਟ ਡਿਉਢੀ ਅੱਪੜ ਜਾਇਆ ਕਰੇ ਕਿ ਅੱਜ ਉਹਨਾਂ ਦੀ ਰੋਟੀ ਨਹੀਂ ਬਣ ਸਕੀ, ਅੱਜ ਉਹ ਖਾ ਨਹੀਂ ਸਕੇ। ਅਖੀਰ ਉਹ ਹੌਲਦਾਰ ਏਨਾ ਤੰਗ ਆ ਗਿਆ ਕਿ ਉਸ ਨੇ ਸਾਨੂੰ ਕਿਹਾ "ਮੈਂ ਲੰਬੀ ਛੁੱਟੀ ਲੈ ਚੱਲਿਆ ਹਾਂ" ਅੱਗੋਂ ਵੀ ਦੋ ਅਫਸਰ ਲੰਮੀ ਛੁੱਟੀ ਲੈ ਗਏ ਸਨ। ਉਧਰ ਸਾਡੇ ਨਾਲ ਗੁਰਪੁਰਬ ਵਾਲੀ ਮੀਟਿੰਗ ਵਿਚ ਕੀਤਾ ਵਾਅਦਾ ਵੀ ਪੂਰਾ ਨਾ ਹੋਇਆ। ਤਿੰਨ ਦਿਨਾਂ ਦੀ ਥਾਂ ਅੱਜ ਅੱਠ ਦਿਨ ਹੋ ਗਏ ਸਨ ਪਰ ਸਾਨੂੰ ਖੁੱਲ੍ਹਣ ਦੇ ਕਾਨੂੰਨੀ ਹੁਕਮ ਨਹੀਂ ਆਏ ਸਨ। ਇਹ ਗੱਲ ਵੱਖਰੀ ਹੈ ਕਿ ਅਸੀਂ ਸਾਰਾ ਦਿਨ ਇਸ ਕਰਕੇ ਖੁੱਲ੍ਹਦੇ ਰਹਿੰਦੇ ਕਿ ਸਾਡੀ ਰੋਟੀ ਹੀ ਦਸ ਘੰਟਿਆਂ ਵਿਚ ਬਣਦੀ ਸੀ। ਪਰ ਸਰਕਾਰੀ ਤੌਰ 'ਤੇ ਸਾਨੂੰ ਡੇਢ ਘੰਟਾ ਸਵੇਰੇ ਤੇ ਡੇਢ ਘੰਟਾ ਸ਼ਾਮ ਨੂੰ ਖੁੱਲ੍ਹਣ ਦਾ ਹੀ ਸਮਾਂ ਸੀ। ਹੁਣ ਸਾਡੀ ਗੱਲ ਬਿਲਕੁਲ ਉਨ੍ਹਾਂ ਜਨਾਨੀਆਂ ਵਰਗੀ ਸੀ ਜਿਨ੍ਹਾਂ ਵਿਚੋਂ ਇਕ ਨੇ ਕਿਹਾ ਸੀ, "ਆ ਭੈਣ ਲੜੀਏ" ਦੂਜੀ ਨੇ ਕਿਹਾ "ਲੜਦੀ ਆ ਮੇਰੀ ਜੁੱਤੀ" ਪਹਿਲੀ ਨੇ ਫਿਰ ਕਿਹਾ "ਜੁੱਤੀ ਤੇਰੇ ਖਸਮ ਦੇ ਸਿਰ ਵਿਚ" ਤੇ ਫਿਰ ਉਹ ਸੱਚੀ ਹੀ ਲੜ ਪਈਆਂ।

ਅਸੀਂ ਹੁਣ ਹਰ ਗੱਲ ਏਸੇ ਢੰਗ ਨਾਲ ਹੀ ਕਰਦੇ, ਪਰ ਸਾਡੇ ਨਾਲ ਲੜਦਾ ਕੋਈ ਨਹੀਂ ਸੀ। ਜਿਸ ਦਾ ਸਾਨੂੰ ਬੇਹੱਦ ਦੁੱਖ ਹੋ ਰਿਹਾ ਸੀ। ਅਸੀਂ ਹਸਪਤਾਲ ਜਾਣ ਦੀ ਜ਼ਿੱਦ ਕਰਦੇ ਤਾਂ ਵੇਖਦੇ ਡਾਕਟਰ ਸਾਡੇ ਵਾਰਡ ਵੱਲ ਤੁਰਿਆ ਆ ਰਿਹਾ ਹੁੰਦਾ। ਜੇ ਅਸੀਂ ਮਾੜਾ ਜਿਹਾ ਕਹਿੰਦੇ 'ਗਟਰ ਬੰਦ ਹਨ' ਤਾਂ ਝੱਟ ਗਟਰ ਖੋਲ੍ਹਣ ਵਾਲਾ ਸਾਡੇ ਸਾਹਮਣੇ ਹੁੰਦਾ। ਸਾਡੀ ਹਾਲਤ ਉਸ ਔਰਤ ਵਰਗੀ ਸੀ ਜਿਸ ਨੇ ਬਹਿਸ ਕਰਨ ਵਾਸਤੇ ਹੀ ਧੋਬੀ ਨੂੰ ਕਿਹਾ "ਜਿਸ ਤਰ੍ਹਾਂ ਸੂਤੀ ਕਪੜਿਆਂ ਨੂੰ ਮਾਂਡੀ ਲਾਉਂਦਾ ਹੈ ਨਾ ਉਸੇ ਤਰ੍ਹਾਂ ਹੀ ਰੇਸ਼ਮੀ ਕਪੜਿਆਂ ਨੂੰ ਵੀ ਲਾਇਆ ਕਰ" ਉਸ ਨੇ ਝੱਟ ਕਿਹਾ "ਚੰਗਾ ਬੀਬੀ ਜੀ, ਅੱਜ ਤੋਂ ਹੀ ਲਾਉਣੀ ਸ਼ੁਰੂ

ਕਰ ਦੇਂਦਾ ਹਾਂ"। ਉਸ ਵਿਚਾਰੀ ਔਰਤ ਦਾ ਖਿਆਲ ਸੀ ਕਿ ਇਹ ਕਹੇਗਾ, ਜੀ ਕਿਥੇ ਸੂਤੀ ਕਪੜੇ ਕਿਥੇ ਰੇਸ਼ਮੀ ਤੇ ਏਥੋਂ ਹੀ ਅੱਗੇ ਉਹ ਝਗੜ ਸਕਦੀ ਸੀ, ਪਰ ਜਦੋਂ ਉਹ ਝੱਟ ਮੰਨ ਗਿਆ ਤਾਂ ਗੱਲ ਖਤਮ ਹੋ ਗਈ। ਅਸਾਂ ਭਾਈ ਸਾਹਿਬ ਨੂੰ ਵੀ ਸੁਨੇਹੇ ਭੇਜੇ ਕਿ ਦੱਸੋ ਹੁਣ ਕੀ ਕਰੀਏ ਪਰ ਉਨ੍ਹਾਂ ਦਾ ਕੋਈ ਖਾਸ ਜਵਾਬ ਨਾ ਆਇਆ, ਸਗੋਂ ਇਹ ਹੀ ਕਿਹਾ ਸੀ ਕਿ ਮੈਂ ਗੱਲਬਾਤ ਕਰ ਰਿਹਾ ਹਾਂ। ਹੁਣ ਜੋ ਮੁਣਸ਼ੀ ਆਇਆ ਸੀ, ਉਹ ਸਾਡੇ ਵਾਰਡ ਵਿਚ ਪਹਿਲਾਂ ਵੀ ਚਾਰ, ਪੰਜ ਦਿਨ ਮੁਣਸ਼ੀ ਰਹਿ ਚੁੱਕਾ ਸੀ। ਸਭ ਤੋਂ ਪਹਿਲੇ ਮੁਣਸ਼ੀ ਟੋਨੀ ਤੋਂ ਬਾਅਦ ਇਹ ਹੀ ਆਇਆ ਸੀ, ਜਦੋਂ ਇਹ ਸਾਡੇ ਵਾਰਡ ਦਾ ਮੁਣਸ਼ੀ ਬਣ ਕੇ ਆਇਆ ਸੀ ਤਾਂ ਸਾਨੂੰ ਚਾਹ ਵਗੈਰਾ ਕਿਸੇ ਕੋਲੋਂ ਚੋਰੀ ਬਣਵਾਉਣੀ ਪੈਂਦੀ ਸੀ। ਮੈਂ ਤਾਂ ਆਪਣੀ ਚਾਹ ਪੀਣ ਵਾਲੀ ਆਦਤ 'ਤੇ ਕਾਬੂ ਪਾ ਲਿਆ ਸੀ ਪਰ ਬਾਕੀ ਕਈ ਝਖਾਂ ਮਾਰਨੋਂ ਨਹੀਂ ਸਨ ਹਟਦੇ ਤੇ ਏਥੇ ਇਕੱਲੇ ਇਕੱਲੇ ਦੀ ਤਾਂ ਗੱਲ ਹੀ ਨਹੀਂ ਸੀ, ਜੋ ਵੀ ਗਰੁੱਪ ਦਾ ਇਕ ਬੰਦਾ ਕਰਦਾ ਸਾਰਿਆਂ ਵਾਸਤੇ ਉਹ ਹੀ ਹੁੰਦਾ। ਜੇ ਇਕ ਨੇ ਚਾਹ ਬਣਵਾ ਲਈ ਤਾਂ ਸਮਝੋ ਸਾਰਿਆਂ ਹੀ ਬਣਵਾ ਲਈ, ਉਦੋਂ ਇਹ ਮੁਣਸ਼ੀ ਸਾਡੇ 'ਤੇ ਰੋਅਬ ਪਾਉਣ ਨੂੰ ਸਾਨੂੰ ਦਸਿਆ ਕਰੇ ਕਿ ਉਹ ਵੀ ਕਾਤਲ ਹੈ ਤੇ ਕਤਲ ਕੇਸ ਵਿਚ ਆਇਆ ਹੋਇਆ ਹੈ। ਫਿਰ ਉਸ ਨੇ ਇਹ ਵੀ ਕਿਹਾ ਕਿ ਮੇਰੇ ਪੁਛੇ ਤੋਂ ਬਗੈਰ ਚਾਹ ਨਹੀਂ ਬਣਵਾਉਣੀ।

ਹੁਣ ਉਹ ਹੀ ਮੁਣਸ਼ੀ ਦੁਬਾਰਾ ਆਇਆ ਸੀ। ਸਾਡਾ ਪੱਖ ਹੁਣ ਬਹੁਤ ਹੀ ਮਜ਼ਬੂਤ ਸੀ, ਸੋ ਅਸੀਂ ਉਸ ਦੀਆਂ ਉਦੋਂ ਦੀਆਂ ਕਹੀਆਂ ਹੋਈਆਂ ਗੱਲਾਂ ਆਪਣੇ ਸਾਥੀਆਂ ਨਾਲ ਦੁਹਰਾ ਦੁਹਰਾ ਕੇ ਉਸ ਨੂੰ ਛੇੜਦੇ ਰਹਿੰਦੇ। "ਗੋਲੀਆਂ ਚੱਲਣਗੀਆਂ" ਦੂਜਾ ਕਹਿੰਦਾ, "ਖੇਡਣ ਵਾਲੀਆਂ? ਧਾਗੇ ਦੀਆਂ? ਕਿ ਬੰਦੇ ਮਾਰਨ ਵਾਲੀਆਂ? ਜਾਂ ਕੋਈ ਹੋਰ ਕਹਿ ਦੇਂਦਾ, "ਤੁਹਾਨੂੰ ਨਹੀਂ ਪਤਾ, ਸਾਡੀਆਂ ਤੇ ਗੋਲੀਆਂ ਚੱਲਨੀਆਂ ਹੈਗੀਆਂ ਨੇ।" ਉਹ ਸਿਆਲਕੋਟੀ ਜਿਹੀ ਬੋਲੀ ਬੋਲਦਾ ਸੀ ਤੇ ਉਸ ਦੇ ਆਏ ਤੇ ਅਸੀਂ ਵੀ ਸਿਆਲਕੋਟੀ ਬੋਲੀ ਬੋਲਣ ਲੱਗ ਪੈਂਦੇ। ਇਹ ਬੋਲੀ ਸੰਤੋਖ ਸਿੰਘ ਦੇ ਮੂੰਹ 'ਚੋ ਬਹੁਤ ਫੱਬਦੀ। ਉਹ ਅਖੀਰ ਇਕ ਦਿਨ ਗੋਡੇ ਟੇਕ ਗਿਆ ਤੇ ਕਹਿਣ ਲੱਗਾ, "ਮੇਰੀਆਂ ਗਲਤੀਆਂ ਮੈਨੂੰ ਮੁਆਫ ਕਰ ਦਿਓ। ਮੈਨੂੰ ਉਦੋਂ ਕੀ ਪਤਾ ਸੀ ਤੁਸੀਂ ਕੌਣ ਹੋ? ਜੇ ਹੁਣ ਕੋਈ ਗੱਲ ਹੋਊ ਤਾਂ ਜੁੱਤੀਆਂ ਮਾਰਿਓ ਪਰ ਏਦਾਂ ਮੈਨੂੰ ਛੇੜਿਆ ਨਾ ਕਰੋ, ਨਹੀਂ ਤੇ ਤੁਹਾਡੀ ਚਲਦੀ ਆ ਕਿਸੇ ਅਫ਼ਸਰ ਨੂੰ ਆਖ ਕੇ ਮੈਨੂੰ ਏਥੋਂ ਬਦਲਵਾ ਦਿਓ।" ਅਸੀਂ ਕਿਹਾ, "ਸਾਨੂੰ ਤਾਂ ਖੋਲ੍ਹਦੇ ਹੀ ਨਹੀਂ ਤੇ ਚਲਦੀ ਸਾਡੀ ਕਾਹਦੀ ਆ"? ਉਸ ਕਿਹਾ, "ਤੁਹਾਨੂੰ ਡਰਦੇ ਨਹੀਂ ਖੋਲ੍ਹਦੇ, ਅੰਦਰੂਨੀ ਸੁਰੱਖਿਆ ਵਿਭਾਗ ਵਲੋਂ ਹਦਾਇਤਾਂ ਆਈਆਂ ਹੋਈਆਂ ਹਨ, ਹੋਰ ਤੁਹਾਡੀ ਕਿਹੜੀ ਗੱਲ ਨਹੀਂ ਮੰਨਦੇ? ਐਸ ਵੇਲੇ ਜੇ ਕਿਸੇ ਦੀ ਚਲਦੀ ਹੈ ਤਾਂ ਤੁਹਾਡੀ। ਸੁਪਰਡੈਂਟ ਏਥੋਂ ਗਾਲ੍ਹਾਂ ਖਾ ਕੇ ਗਿਆ ਹੈ। ਧਰਮ ਨਾਲ ਮੈਂ ਸੱਤ ਸਾਲ ਦੀ ਕੈਦ ਦੌਰਾਨ ਕਿਸੇ ਦੀ ਏਨੀ ਟੌਹਰ ਨਹੀਂ ਵੇਖੀ। ਆਹ ਵੇਖੋ ਮੇਰੇ ਹੱਥ ਜੋੜੇ ਜਾਂ ਮੈਨੂੰ ਬਦਲਵਾ ਦਿਓ, ਨਹੀਂ ਮੈਨੂੰ ਛੇੜਨੋਂ ਹਟ ਜਾਓ ਤੇ ਇਸ ਤਰ੍ਹਾਂ ਉਹ ਭੁੰਜੇ ਬੈਠ ਗਿਆ।

ਸਾਨੂੰ ਬੜਾ ਤਰਸ ਆਇਆ, ਅਸਾਂ ਕਿਹਾ ਚੱਲ ਜਾਹ ਅੱਜ ਤੋਂ ਤੈਨੂੰ ਕੁਝ ਨਹੀਂ ਹੁੰਦਾ। ਮੈਨੂੰ ਏਥੇ ਇਕ ਨਿਹੰਗ ਦੀ ਗੱਲ ਯਾਦ ਆ ਗਈ ਤੇ ਮੈਂ ਸਾਰਿਆਂ ਨੂੰ ਸੁਣਾਈ "ਇਕ ਨਿਹੰਗ ਅੱਗੇ ਇਕ ਕੇਸ ਪੇਸ਼ ਹੋਇਆ। ਉਸ ਅਪਰਾਧੀ ਨੂੰ ਨਿਹੰਗ ਨੇ ਪੰਜ ਸੌ ਰੁਪਏ ਜੁਰਮਾਨਾ ਕਰ ਦਿੱਤਾ। ਅਪਰਾਧੀ ਹੱਥ ਜੋੜ ਕੇ ਖਲੋ ਗਿਆ ਤੇ ਕਿਹਾ "ਜੀ ਮੈਂ

ਗਰੀਬ ਆਦਮੀ ਹਾਂ ਏਨਾ ਜੁਰਮਾਨਾ ਸਾਰੀ ਜ਼ਿੰਦਗੀ ਵੀ ਨਹੀਂ ਦੇ ਸਕਦਾ"। ਨਿਹੰਗ ਨੇ ਕਿਹਾ "ਚੱਲ ਤਿੰਨ ਸੌ ਰੁਪਏ ਦੇ ਦੇ" ਉਸ ਫਿਰ ਅਰਜ ਕੀਤੀ ਕਿ ਜ਼ਿਆਦਾ ਹੈ। ਨਿਹੰਗ ਨੇ ਕਿਹਾ ਚੱਲ ਜਾ ਸੌ ਰੁਪਏ ਦੇ ਦੇ। ਉਸ ਫਿਰ ਹੱਥ ਜੋੜ ਲਏ ਤੇ ਕਿਹਾ ਮਹਾਰਾਜ ਗਰੀਬ ਹਾਂ ਨਹੀਂ ਦੇ ਹੋਣੇ। ਨਿਹੰਗ ਸਿੰਘ ਨੇ ਹੱਥ ਦਾ ਇਸ਼ਾਰਾ ਕੀਤਾ ਤੇ ਕਿਹਾ, "ਚੱਲ ਜਾਹ ਭੱਜ ਜਾ ਜੁਰਮਾਨਾ ਮੁਆਫ"। ਕਿਥੇ ਤਾਂ ਉਸ ਦੇ ਏਨਾ ਵਿਰੁੱਧ ਤੇ ਕਿਥੇ ਝੱਟ ਮੁਆਫ ਕਰ ਦਿੱਤਾ। ਪਰ ਉਹ ਵੀ ਹੁਣ ਆਉਂਦਾ ਹੀ ਸਤਿ ਸ੍ਰੀ ਅਕਾਲ ਬੁਲਾ ਕੇ ਹੀ ਅਗਾਂਹ ਲੰਘਦਾ।

ਇਕ ਦਿਨ ਅਸੀਂ ਸੋਲ੍ਹਾਂ ਨੰਬਰ ਵਾਰਡ ਦੇ ਵਿਹੜੇ ਵਿਚ ਮੇਜ਼ਾਂ 'ਤੇ ਬੈਠੇ ਚਾਹ ਪੀ ਰਹੇ ਸੀ ਕਿ ਯੂ.ਪੀ. ਦੇ ਰਹਿਣ ਵਾਲਾ ਡਿਪਟੀ ਸੁਪਰਡੈਂਟ1 ਮਿਸਟਰ ਸਿੰਘ ਸਾਡੇ ਵਾਰਡ ਵਿਚ ਆਇਆ। ਅਸੀਂ ਸ਼ਿਸ਼ਟਾਚਾਰ ਵੱਸ ਉੱਠ ਕੇ ਖੜਾ ਹੋਣਾ ਮੁਨਾਸਬ ਸਮਝਿਆ। ਬਿਲਕੁਲ ਉਸੇ ਤਰ੍ਹਾਂ ਜਿਵੇਂ ਕੋਈ ਘਰ ਆਏ ਮਹਿਮਾਨ ਦਾ ਸਤਿਕਾਰ ਕਰਨ ਲਈ ਖੜਾ ਹੁੰਦਾ ਹੈ। ਉਨ੍ਹਾਂ ਨੂੰ ਵੀ ਚਾਹ ਪੀਣ ਦੀ ਦਾਅਵਤ ਦਿੱਤੀ। ਉਹ ਇਕ ਕੁਰਸੀ 'ਤੇ ਬੈਠ ਗਿਆ, ਬਾਕੀ ਸਟਾਫ ਖੜਾ ਹੀ ਰਿਹਾ। ਜਿਨ੍ਹਾਂ ਵਿਚ ਤਿੰਨ ਸਹਾਇਕ ਸੁਪਰਡੈਂਟ ਸਨ। ਸਾਡੇ ਦੋ ਬੰਦਿਆਂ ਨੇ ਭੱਜ ਕੇ ਜਾ ਕੇ ਇਕ ਖਾਲੀ ਪਿਆ ਤਖਤਪੋਸ਼ ਚੁੱਕ ਲਿਆਂਦਾ ਤੇ ਆਪ ਉਹਦੇ 'ਤੇ ਬੈਠ ਗਏ ਤੇ ਤਿੰਨ ਕੁਰਸੀਆਂ ਖਾਲੀ ਕਰਕੇ ਸਹਾਇਕ ਸੁਪਰਡੈਂਟਾਂ ਨੂੰ ਬੈਠਣ ਵਾਸਤੇ ਕਿਹਾ, ਉਹ ਵੀ ਬੈਠ ਗਏ ਤਾਂ ਮਿਸਟਰ ਸਿੰਘ ਨੇ ਚਾਹ ਪੀਂਦੇ ਪੀਂਦੇ ਸੱਜੇ ਹੱਥ ਦੀਆਂ ਉਂਗਲਾਂ ਨਚਾ ਕੇ ਕਿਹਾ, "ਤੁਸਾਂ ਲੋਕਾਂ ਨੇ ਤਾਂ ਇਸ ਵਾਰਡ ਨੂੰ ਅੱਛਾ ਖਾਸਾ ਚਿੜੀਆ ਘਰ ਬਣਾ ਦਿੱਤਾ ਹੈ, ਬਿਨਾਂ ਸੋਚੇ ਸਮਝੇ ਤੋਂ ਸੰਤੋਖ ਸਿੰਘ ਨੇ ਕਿਹਾ, "ਜੀ ਇਹ ਤਾਂ ਤੁਹਾਡੀ ਮੇਹਰਬਾਨੀ ਹੈ। ਤੁਸਾਂ ਸਾਨੂੰ ਮਾਣ ਬਖਸ਼ਿਆ ਹੈ ਪਰ ਸਾਰੀ ਰੌਣਕ ਤਾਂ ਤੁਹਾਡੇ ਆਉਣ ਕਰਕੇ ਹੀ ਹੋਈ ਹੈ।" ਸਾਨੂੰ ਉੱਕਾ ਹੀ ਪਤਾ ਨਾ ਲੱਗਾ ਕਿ ਸੰਤੋਖ ਸਿੰਘ ਨੇ ਕੀ ਕਹਿ ਦਿੱਤਾ ਹੈ। ਉਹ ਤਾਂ ਗੱਲ ਸੁਣ ਕੇ ਸਹਾਇਕ ਸੁਪਰਡੈਂਟ ਮਿਸਟਰ ਨੇਗੀ ਦਾ ਜਦੋਂ ਚਾਹ ਪੀਂਦਿਆਂ ਖੂੰਹ ਖੂੰਹ ਕਰਕੇ ਹਾਸਾ ਨਿਕਲਿਆ ਤੇ ਹੋਰ ਸਾਰੇ ਵੀ ਹੱਸਣ ਲੱਗੇ ਤਾਂ ਫਿਰ ਸਾਨੂੰ ਪਤਾ ਲੱਗਾ ਕਿ ਅਨਜਾਣੇ ਵਿਚ ਹੀ ਮਿਸਟਰ ਸਿੰਘ ਨੇ ਜਿਹੜਾ ਗੇਂਦ ਸਾਡੇ ਵੱਲ ਸੁੱਟਿਆ, ਉਹ ਉਨ੍ਹਾਂ ਵੱਲ ਹੀ ਜਾ ਡਿੱਗਾ ਹੈ। ਚਿੜੀਆ ਘਰ ਕਹਿ ਕੇ ਉਸ ਨੇ ਇਕ ਤਰ੍ਹਾਂ ਨਾਲ ਸਾਨੂੰ ਚਿੜੀਆ ਘਰ ਦੇ ਜਾਨਵਰ ਕਿਹਾ ਤੇ ਅਸਾਂ ਕਿਹਾ ਕਿ ਸਾਰੀ ਰੌਣਕ ਤੁਹਾਡੇ ਕਰਕੇ ਹੋਈ ਹੈ। ਅਰਥਾਤ ਬਾਹਰੋਂ ਜਾਨਵਰ ਆਉਣ ਕਰਕੇ। ਇਹ ਆਪੇ ਬਣਿਆ ਚੁਟਕਲਾ ਕਾਫੀ ਦੇਰ ਤੱਕ ਡਿਉਢੀ ਵਿਚ ਪ੍ਰਚੱਲਤ ਰਿਹਾ।

ਅਦਾਲਤ ਵਲੋਂ ਅਖ਼ਬਾਰਾਂ ਦੀ ਪ੍ਰਵਾਨਗੀ

ਇਸ ਵਾਰੀ ਜਦੋਂ ਅਸੀਂ ਤਾਰੀਖ 'ਤੇ ਗਏ ਤਾਂ ਕੋਈ ਪੰਜ ਕੁ ਅਖ਼ਬਾਰਾਂ ਲਵਾਉਣ ਦੀਆਂ ਦਰਖਾਸਤਾਂ, ਤਿੰਨ ਜਣਿਆਂ ਨੇ ਰੇਡੀਓ ਮੰਗਵਾਉਣ ਦੀਆਂ ਦਰਸਖਾਸਤਾਂ ਤੇ ਨਾਲ ਆਪਣੇ ਕੋਲ ਪੈਸੇ ਰੱਖਣ ਦੀਆਂ ਦਰਖਾਸਤਾਂ ਜੱਜ ਸਾਹਿਬ ਅੱਗੇ ਰੱਖੀਆਂ। ਇਨ੍ਹਾਂ ਦੇ ਨਾਲ ਹੀ ਅਸਾਂ ਆਪਣੇ ਵਾਰਡ ਵਾਸਤੇ ਇਕ ਟੀ.ਵੀ., ਧਾਰਮਿਕ ਫਿਲਮਾਂ ਵੇਖਣ ਵਾਸਤੇ ਵੀ.ਸੀ.ਆਰ. ਤੇ ਧਾਰਮਿਕ ਸ਼ਬਦ ਸੁਣਨ ਵਾਸਤੇ ਟੇਪ ਦੀ ਆਗਿਆ ਮੰਗੀ। ਜੱਜ ਸਾਹਿਬ ਨੇ ਸਾਨੂੰ ਹਰ ਤਰ੍ਹਾਂ ਦੀ ਮੰਗੀ ਹੋਈ ਆਗਿਆ ਦੇ ਦਿੱਤੀ, ਪਰ ਵੀ.ਸੀ.ਆਰ. ਤੇ ਟੇਪ ਰਿਕਾਰਡ ਵਾਸਤੇ 'ਜੇਲ੍ਹ ਨਿਯਮਾਂ ਅਨੁਸਾਰ' ਲਿਖ ਦਿੱਤਾ। ਇਹ ਸਾਰੀਆਂ ਪ੍ਰਵਾਨਗੀਆਂ ਸਾਡੇ ਵਰੰਟਾਂ ਨਾਲ ਲੱਗ ਕੇ ਜੇਲ੍ਹ ਵਿਚ ਪਹੁੰਚ ਗਈਆਂ ਤੇ ਨਾਲ ਹੀ

ਟੀ.ਵੀ. ਬਾਰੇ ਆਗਿਆ ਵੀ ਸੀ। ਟੀ.ਵੀ. ਸਾਡਾ ਆਇਆ ਪਿਆ ਸੀ ਪਰ ਜੇਲ੍ਹ ਅਧਿਕਾਰੀ ਉਸ ਨੂੰ ਲਿਆਉਣ ਦੇਣ ਬਾਰੇ ਜਾਂ ਨਾ ਲਿਆਉਣ ਦੇਣ ਬਾਰੇ ਚੁੱਪ ਸਨ। ਸਾਡੇ ਬਾਰ-ਬਾਰ ਕਹਿਣ 'ਤੇ ਦੋ ਅਖ਼ਬਾਰਾਂ ਰੋਜ ਸਾਡੇ ਵਾਰਡ ਵਿਚ ਆਉਣ ਲੱਗ ਪਈਆਂ। ਪਰ ਟੀ.ਵੀ. ਵਾਸਤੇ ਆਗਿਆ ਇਹ ਆ ਗਈ ਕਿ ਕਸੂਰੀ ਵਾਰਡ ਵਿਚ ਬਿਜਲੀ ਦਾ ਅੰਦਰ ਕੋਈ ਪ੍ਰਬੰਧ ਨਹੀਂ ਸੀ ਤੇ ਜੇਲ੍ਹ ਅਧਿਕਾਰੀ ਟਾਲਮਟੋਲ ਵਾਲੀ ਨੀਤੀ 'ਤੇ ਚੱਲ ਰਹੇ ਸਨ। ਪਰ ਇਸ ਗੱਲ ਦਾ ਇਹ ਸੁੱਖ ਹੋਇਆ ਕਿ ਅਫ਼ਸਰ ਸਾਡੇ ਵਾਰਡ ਵਿਚ ਆਉਣੋਂ ਹਟ ਗਏ। ਜਦੋਂ ਵੀ ਉਹ ਆਉਂਦੇ ਅਸੀਂ ਆਪਣਾ ਟੀ.ਵੀ. ਦਾ ਰਾਮ ਰੌਲਾ ਤੇ ਅਖ਼ਬਾਰਾਂ ਦੀ ਗੱਲ ਛੇੜ ਬਹਿੰਦੇ। ਉਨ੍ਹਾਂ ਦਾ ਇਹ ਹੀ ਜਵਾਬ ਹੁੰਦਾ ਕਿ ਜਲਦੀ ਤੋਂ ਜਲਦੀ ਕਰ ਰਹੇ ਹਾਂ।

ਦੂਸਰੀ ਵਾਰ ਵੀ ਤਰੀਕ 'ਤੇ ਅਸਾਂ ਇਸ ਗੱਲ ਦੀ ਸ਼ਿਕਾਇਤ ਜੱਜ ਸਾਹਿਬ ਅੱਗੇ ਕੀਤੀ ਤੇ ਨਾਲੇ ਦੋ ਅਖ਼ਬਾਰਾਂ ਦੀ ਆਗਿਆ ਅਜੀਤ ਪੰਜਾਬੀ ਤੇ ਪੰਜਾਬ ਕੇਸਰੀ ਦੀ ਵੀ ਮੰਗੀ। ਜੱਜ ਸਾਹਿਬ ਨੇ ਕਿਹਾ, "ਇਹ ਦੋਵੇਂ ਅਖ਼ਬਾਰਾਂ ਖੇਤਰੀ ਪ੍ਰੈਸ ਨਾਲ ਸਬੰਧਤ ਹਨ, ਇਸ ਲਈ ਹੋ ਸਕਦਾ ਹੈ ਜੇਲ੍ਹ ਵਿਚ ਨਾ ਆਉਂਦੀਆਂ ਹੋਣ।" ਪਰ ਮੈਂ ਝਟ ਕਹਿ ਦਿੱਤਾ ਕਿ ਜੀ ਤੁਸੀਂ ਮੁੱਲ ਤਾਰਨ ਦਾ ਹੁਕਮ ਕਰ ਦਿਓ, ਅਸੀਂ ਕੀਮਤ ਦੇ ਦਿਆ ਕਰਾਂਗੇ। ਜੱਜ ਸਾਹਿਬ ਨੇ ਮੁਸਕਰਾ ਕੇ ਹੁਕਮ ਕਰ ਦਿੱਤੇ ਤੇ ਨਾਲ ਕਿਹਾ, "ਆਹ ਵਧੀਆ ਤਰੀਕਾ ਹੈ, ਕੋਈ ਚੀਜ਼ ਲੈਣ ਦਾ।" ਅਦਾਲਤ ਵਿਚ ਖੜੇ ਬਾਕੀ ਸਾਰੇ ਵੀ ਹੱਸ ਪਏ। ਇਸ ਤਰ੍ਹਾਂ ਅਸੀਂ ਆਉਂਦਿਆਂ ਹੀ ਆਪਣੇ ਵਾਰਡ ਮੁਣਸ਼ੀ ਨੂੰ ਸੱਠ ਰੁਪਏ ਦੇ ਦਿੱਤੇ ਤਾਂ ਕਿ ਉਹ ਜਮ੍ਹਾਂ ਕਰਵਾ ਦੇਵੇ। ਉਸ ਨੇ ਉਸੇ ਦਿਨ ਹੀ ਜਮ੍ਹਾਂ ਕਰਵਾ ਦਿੱਤੇ, ਪਰ ਅੱਜ ਦੇ ਦਿਨ ਤੱਕ ਉਹ ਦੋ ਅਖ਼ਬਾਰਾਂ ਨਹੀਂ ਆਈਆਂ। ਹੋਰ ਦੋ ਅਖ਼ਬਾਰਾਂ ਆਉਂਦੀਆਂ ਹਨ, ਪਰ ਸਾਡੇ ਵਾਲੀਆਂ ਨਾ ਆਉਣ ਦਾ ਕਾਰਣ ਸ਼ਾਇਦ ਦਿੱਲੀ ਵਿਚ ਚੱਲ ਰਿਹਾ ਤਣਾਅ ਹੈ। ਕਿਉਂਕਿ ਹਿੰਦੀ ਪ੍ਰੈਸ ਜ਼ਰਾ ਕੁ ਹੋਈ ਪੰਜਾਬ ਘਟਨਾ ਨੂੰ ਵੀ ਵਧਾ-ਚੜ੍ਹਾ ਕੇ ਛਾਪਦਾ ਹੈ ਤੇ ਨਾਲੇ ਫੋਟੋਆਂ ਵੀ ਛਾਪਦਾ ਹੈ। ਸੋ ਉਸ ਨਾਲ ਜੇਲ੍ਹ ਦਾ ਸ਼ਾਂਤ ਵਾਤਾਵਰਨ ਖਰਾਬ ਹੋ ਸਕਦਾ ਹੈ। ਜਾਂ ਇਹ ਵੀ ਹੋ ਸਕਦਾ ਹੈ ਕਿ ਜਾਣ ਬੁੱਝ ਕੇ ਹੀ ਉਹ ਪੈਸੇ ਅਦਾ ਕਰਕੇ ਅਖ਼ਬਾਰਾਂ ਲੈਣ ਵਾਲਾ ਨਵਾਂ ਰਿਵਾਜ ਨਾ ਪਾਉਣਾ ਚਾਹੁੰਦੇ ਹੋਣ। ਸੁਪਰਡੈਂਟ ਤੱਕ ਨੂੰ ਅਸਾਂ ਕਈ ਵਾਰ ਸ਼ਿਕਾਇਤ ਕੀਤੀ ਹੈ। ਉਹ ਡੀ.ਐਸ. ਨੂੰ ਕਹਿ ਦੇਂਦਾ ਹੈ ਤੇ ਉਹ ਕੋਈ ਬਹਾਨਾ ਬਣਾ ਦੇਂਦਾ ਹੈ। ਟੀ.ਵੀ. ਵਾਸਤੇ ਵੀ ਪਲੱਗ ਨਹੀਂ ਲੱਗਾ, ਜਦ ਕਿ ਟੀ.ਵੀ. ਆਇਆ ਪਿਆ ਹੈ। ਟੇਪ ਰਿਕਾਰਡ ਤੇ ਵੀ.ਸੀ.ਆਰ. ਤਾਂ ਖੈਰ ਉਨ੍ਹਾਂ ਕਹਿ ਹੀ ਦਿੱਤਾ ਹੈ ਕਿ ਨਹੀਂ ਲਗਾਏ ਜਾ ਸਕਦੇ। ਰੇਡੀਓ ਵੀ ਸਾਡੇ ਕੋਲ ਚਾਰ ਹਨ, ਸ਼ਾਇਦ ਇਕ ਦੋ ਹੋਰ ਵੀ ਆ ਜਾਣ। ਪੈਸੇ ਆਪਣੇ ਕੋਲ ਰੱਖਣ ਦੀ ਆਗਿਆ ਬਾਰੇ ਵੀ ਅਜੇ ਸ਼ੱਕ ਵਾਲੀ ਗੱਲ ਹੈ। ਉਹ ਇਹ ਕਿ ਜੇਲ੍ਹ ਵਾਲੇ ਕਹਿੰਦੇ ਹਨ ਕਿ ਤੁਹਾਨੂੰ ਆਪਣੇ ਕੋਲ ਰੱਖਣ ਦੀ ਇਜਾਜ਼ਤ ਨਹੀਂ, ਤੁਸੀਂ ਪੈਸੇ ਲਿਆ ਕੇ ਸਾਡੇ ਕੋਲ ਜਮ੍ਹਾਂ ਕਰਵਾ ਸਕਦੇ ਹੋ। ਪਰ ਅਸੀਂ ਆਪਣੇ ਕੋਲ ਰੱਖਣਾ ਆਪਣਾ ਹੱਕ ਸਮਝਦੇ ਹਾਂ।

ਭਾਈ ਸਤਵੰਤ ਸਿੰਘ, ਬਲਬੀਰ ਸਿੰਘ, ਕੇਹਰ ਸਿੰਘ ਸਾਰੇ ਇਕ ਨੰਬਰ ਜੇਲ੍ਹ ਵਿਚ ਹਨ, ਉਥੇ ਪੀ.ਏ.ਸੀ. ਦਾ ਪਹਿਰਾ ਹੈ। ਇਹ ਯੂ.ਪੀ. ਦੀ ਆਰਮਡ ਪੁਲਿਸ ਹੈ। ਕਹਿੰਦੇ ਹਨ, ਇਨ੍ਹਾਂ ਤਿੰਨਾਂ ਦੀਆਂ ਚੱਕੀਆਂ ਨੂੰ ਹਰ ਰੋਜ਼ ਚੈਕ ਕੀਤਾ ਜਾਂਦਾ ਹੈ ਤੇ ਬਦਲੀਆਂ

ਜਾਂਦੀਆਂ ਹਨ। ਕਿਉਂਕਿ ਸਰਕਾਰ ਨੂੰ ਸ਼ੱਕ ਹੈ ਕਿ ਕਿਤੇ ਕੋਈ ਥੱਲੇ ਥੱਲੇ ਸੁਰੰਗ ਹੀ ਨਾ ਆ ਰਹੀ ਹੋਵੇ ਤੇ ਇਨ੍ਹਾਂ ਤਿੰਨਾਂ ਨੂੰ ਕੋਈ ਕੱਢ ਕੇ ਹੀ ਨਾ ਲੈ ਜਾਵੇ। ਪਹਿਰਾ ਬਹੁਤ ਹੀ ਸਖਤ ਹੈ। ਇਸ ਦੇ ਨਾਲ ਹੀ ਸਪੈਸ਼ਲ ਜੇਲ੍ਹ ਹੈ, ਜੋ ਖਾਸ ਤੌਰ 'ਤੇ ਅੰਦੋਲਨਾਂ ਵਾਸਤੇ ਬਣਾਈ ਗਈ ਹੈ। ਬਾਦਲ ਤੇ ਟੌਹੜਾ ਦੋਵੇਂ ਏਥੇ ਹੀ ਰਹੇ ਹਨ ਤੇ ਹੁਣ ਸੁਖਜਿੰਦਰ ਸਿੰਘ ਵੀ ਏਥੇ ਹੀ ਹੈ। ਦੋ ਨੰਬਰ ਵਿਚ ਚਾਰਲਸ ਸੋਭ ਰਾਜ ਤੇ ਡੇਵਡ ਹਾਲ ਹੈ। ਐਮਰਜੈਂਸੀ ਵੇਲੇ ਬਾਦਲ ਤਿਨ ਨੰਬਰ ਜੇਲ੍ਹ ਦੇ ਚੌਦਾਂ ਨੰਬਰ ਵਾਰਡ ਵਿਚ ਬੰਦ ਸੀ। ਜਿਥੇ ਅੱਜ ਕੱਲ ਨਾਰੰਗ ਸਾਹਿਬ ਹਨ, ਇਨ੍ਹਾਂ ਦੀ ਬਣਤਰ ਚਕੀਆਂ (ਸੈੱਲ) ਦੀ ਹੀ ਹੈ ਪਰ ਫਰਕ ਇਹ ਹੈ ਕਿ ਬਾਥਰੂਮ ਨਾਲ ਹੀ ਹਨ ਪਰ ਉਨ੍ਹਾਂ ਦੇ ਦਰਵਾਜਿਆਂ ਨੂੰ ਚਿਟਕਣੀਆਂ ਨਹੀਂ ਹਨ। ਵਾਰਡ ਨੰਬਰ ਚੌਦਾਂ ਵਿਚ ਸਾਰੇ ਬੂਟੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਹੀ ਲਵਾਏ ਹੋਏ ਹਨ। ਉਹ ਲਗਾਤਾਰ ਏਥੇ ਉਨੀਂ ਮਹੀਨੇ ਰਹੇ ਸਨ। ਤਲਵੰਡੀ ਆਪਣੇ ਮੋਰਚੇ ਵੇਲੇ ਜੋ ਉਹ ਦਿੱਲੀ ਜਾ ਕੇ ਗ੍ਰਿਫਤਾਰੀ ਦੇਂਦਾ ਸੀ, ਸੋਲ੍ਹਾਂ ਨੰਬਰ ਵਾਰਡ ਵਿਚ ਸੀ।

ਕਹਿੰਦੇ ਹਨ ਉਸ ਦੀ ਗ੍ਰਿਫਤਾਰੀ ਤੇ ਫੇਰ ਜੇਲ੍ਹ ਲਿਆਉਣ ਵੇਲੇ ਜੇਲ੍ਹ ਨੰਬਰ ਤਿਨ ਦੇ ਹੁਣ ਦੇ ਜੇਲ੍ਹਰ ਦਾ ਨਵਾਂ ਸਕੂਟਰ ਲੋਕਾਂ ਤੋੜ ਦਿੱਤਾ ਸੀ। ਕਾਰਣ ਇਹ ਸੀ ਕਿ ਤਲਵੰਡੀ ਸਾਢੇ ਤਿਨ ਫੁੱਟ ਲੰਬੀ ਆਪਣੀ ਕ੍ਰਿਪਾਨ ਆਪਣੇ ਨਾਲ ਅੰਦਰ ਖੜਨੀ ਚਾਹੁੰਦਾ ਸੀ ਤੇ ਜੇਲ੍ਹ ਵਾਲੇ ਮੰਨਦੇ ਨਹੀਂ ਸਨ। ਉਦੋਂ ਤਲਵੰਡੀ ਨੇ ਬਹੁਤ ਗਾਲ੍ਹ ਵਾਹੀ, ਕਿਉਂਕਿ ਗਾਲ੍ਹ ਉਸ ਦਾ ਤਕੀਆ ਕਲਾਮ ਹੈ ਤੇ ਕਿਸੇ ਅਫ਼ਸਰ ਉਫਸਰ ਨੂੰ ਉਹ ਟਿੱਚ ਗਿਣਦਾ ਹੈ। ਵਾਰਡ ਨੰਬਰ 16 ਵਿਚ ਰਹਿਣ ਵਾਲੀਆਂ ਹੇਠ ਲਿਖੀਆਂ ਨਾਮਾਵਰ ਜਾਂ ਬਦਨਾਮ ਕੁਝ ਹਸਤੀਆਂ ਸਨ। ਤਲਵੰਡੀ ਸਾਹਿਬ, ਲਾਲ ਡੋਂਗਾ, ਭਾਈ ਹਰਜਿੰਦਰ ਸਿੰਘ ਉਰਫ ਜਿੰਦਾ, ਮਕਬੂਲ ਬੱਟ, ਚਰਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਏਸੇ ਤਰ੍ਹਾਂ ਹੀ ਬਦਮਾਸ਼ਾਂ ਵਿਚ ਰੰਗਾ, ਬਿੱਲਾ, ਕਰਤਾਰ ਸਿੰਘ, ਉਜਾਗਰ ਸਿੰਘ (ਮਸ਼ਹੂਰ ਦਿੱਲੀ ਦੇ ਡਾਕਟਰ ਦੀ ਘਰਵਾਲੀ ਨੂੰ ਪੈਸੇ ਲੈ ਕੇ ਮਾਰਨ ਵਾਲੇ) ਏਸੇ ਤਰ੍ਹਾਂ ਹੀ ਹੁਣ ਵੀ ਕੁਝ ਲੋਕ ਹਨ। ਕੰਚਨ ਜੋ ਦਿੱਲੀ ਦਾ ਇਕ ਵੱਡਾ ਡਾਕੂ ਹੋਇਆ ਹੈ, ਸਾਨੂੰ ਪਹਿਲਾਂ ਪਹਿਲਾਂ ਚਾਹ ਏਹੋ ਹੀ ਦਿਆ ਕਰਦਾ ਸੀ। ਲਾਲਾ ਖੇਮ ਚੰਦ ਪੰਜ ਕਤਲ ਹੱਥਾਂ (ਖਾਲੀ ਹੱਥਾਂ) ਨਾਲ ਹੀ ਕਰਨ ਵਾਲਾ ਇਕ ਸਟੇਜ ਆਰਟਿਸਟ ਗੌਰੀ ਜਿਸ ਨੇ ਛੇ ਸਾਲ ਦੀ ਮਸੂਮ ਬੱਚੀ ਨਾਲ ਬਲਾਤਕਾਰ ਕੀਤਾ ਤੇ ਮਾਰ ਦਿੱਤੀ। ਇਨ੍ਹਾਂ ਤਿੰਨਾਂ ਨੂੰ ਹੀ ਫਾਂਸੀ ਦੀ ਸਜ਼ਾ ਹੈ। ਪਰ ਅਜੇ ਅਪੀਲਾਂ ਚੱਲ ਰਹੀਆਂ ਹਨ। ਇਕ ਹੋਰ ਬੰਦਾ ਜਿਸ ਨੇ ਦੋ ਸੌ ਤੋਂ ਵੀ ਵੱਧ ਲੋਕਾਂ ਨੂੰ ਆਪਣੀ ਕਲਮ ਤੇ ਮੋਹਰ ਨਾਲ ਜੇਲ੍ਹਾਂ ਵਿਚੋਂ ਛੁਡਾ ਦਿੱਤਾ ਤੇ ਆਪ ਵੀ ਛੁੱਟ ਗਿਆ ਪਰ ਫਿਰ ਸੀ.ਬੀ.ਆਈ. ਦੁਆਰਾ ਫੜਿਆ ਗਿਆ। ਉਸ ਦਾ ਐਫ.ਆਈ.ਆਰ. ਨੰਬਰ 6/86 ਹੈ ਤੇ ਸਾਡਾ 5/86 ਹੈ। ਇਕ ਹੋਰ ਡਾਕੂ ਜੋ ਯੂ.ਪੀ. ਦਾ ਹੈ ਤੇ ਵੀਹ ਬੰਦਿਆਂ ਨਾਲ ਡਾਕਾ ਮਾਰਨ ਗਿਆ ਫੜਿਆ ਗਿਆ, ਉਸ ਪਾਰਟੀ ਨਾਲ ਏਥੇ ਰਹਿ ਕੇ ਗਏ ਜੇਲ੍ਹਰ ਆਰ.ਬੀ. ਸਿੰਘ ਦਾ ਭਰਾ ਵੀ ਸੀ। ਦੋ ਅਸਲ ਤਿਆਗੀ ਗੈਂਗ ਦੇ ਬੰਦੇ ਜਿਨ੍ਹਾਂ ਦਾ ਕੰਮ ਕਰਾਏ 'ਤੇ ਕਤਲ ਕਰਨ ਦਾ ਹੈ, ਸੁਣਿਆ ਹੈ ਕਿ ਇਹ ਜੇਲ੍ਹ ਦਾ ਮਾਫ਼ੀਆ ਗਰੁੱਪ ਹੈ। ਜੇਲ੍ਹ ਨੰਬਰ ਇਕ ਵਿਚੋਂ ਇਨ੍ਹਾਂ ਨੂੰ ਇਕ ਹੋਰ ਮਾਫ਼ੀਆ ਗਰੋਹ ਨਾਲ ਝਗੜਾ ਕਰਨ ਤੇ ਏਥੇ ਸਜ਼ਾ ਦੇ ਤੌਰ 'ਤੇ ਬੰਦ ਕੀਤਾ ਹੈ। ਉਹ ਗਰੁੱਪ ਹੈ ਰਾਜੂ ਗਰੁੱਪ ਉਨ੍ਹਾਂ ਦਾ ਕੰਮ ਵੀ ਸਮਗਲਿੰਗ ਕਰਨੀ ਤੇ ਕਤਲ ਕਰਨੇ। ਤਿਆਗੀ ਗਰੋਹ ਕੋਲ ਸੁਣਿਆ ਹੈ ਸਿਰਫ ਇਕ ਸਟੇਨ ਹੈ ਤੇ ਉਸੇ ਦੇ ਸਿਰ 'ਤੇ ਹੀ ਉਹ

ਫੜ੍ਹਾਂ ਮਾਰਦੇ ਹਨ ਤੇ ਗ੍ਰਹਿ ਚਲਾ ਰਿਹਾ ਹੈ। ਭਾਈ ਸਾਹਿਬ ਰਣਜੀਤ ਸਿੰਘ ਵਾਲੇ ਥਾਂ ਇੰਦਰਾ ਗਾਂਧੀ ਬੰਦ ਰਹੀ ਤੇ ਜਿਥੇ ਅੱਜ ਕੱਲ੍ਹ 15 ਨੰਬਰ ਵਾਰਡ ਜੋ ਬੱਚਾ ਵਾਰਡ ਹੈ ਉਥੇ ਬੰਸੀ ਲਾਲ ਤੇ ਸੰਜੇ ਗਾਂਧੀ ਬੰਦ ਰਹੇ।

ਕਾਲਜ ਵਿਦਿਆਰਥੀ ਦਾ ਸੰਤਾਪ

ਇਕ ਜਗਜੀਤ ਸਿੰਘ, ਕਾਲਜ ਦਾ ਵਿਦਿਆਰਥੀ ਟੀ ਡੀ ਐਕਟ ਵਿਚ ਫੜਿਆ ਹੋਇਆ ਹੈ। ਉਹ ਪਰੈਪ ਦਾ ਵਿਦਿਆਰਥੀ ਹੈ। ਉਸ 'ਤੇ ਇਲਜਾਮ ਹੈ ਕਿ ਉਸ ਨੇ ਭਾਈ ਹਰਜਿੰਦਰ ਸਿੰਘ ਉਰਫ ਜਿੰਦਾ ਤੇ ਭਾਈ ਮਥਰਾ ਸਿੰਘ ਹੋਰਾਂ ਦੀ ਮਦਦ ਕੀਤੀ ਹੈ ਤੇ ਉਨ੍ਹਾਂ ਨੂੰ ਆਪਣੇ ਘਰ ਸ਼ਰਨ ਦਿੱਤੀ ਹੈ। ਏਸੇ ਹੀ ਗੱਲ ਵਿਚ ਨਿਰਮਲ ਸਿੰਘ ਦਾ ਭੈਣ ਭਣਵਈਆ ਭਰਾ ਤੇ ਪਿਓ ਨੂੰ ਵੀ ਫੜਿਆ ਹੋਇਆ ਹੈ। ਭੈਣ ਤਾਂ ਇਕ ਨੰਬਰ ਜੇਲ੍ਹ ਵਿਚ ਜਨਾਨਾ ਵਾਰਡ ਵਿਚ ਹੈ, ਪਰ ਇਹ ਸਾਰੇ ਤੇਰਾਂ ਨੰਬਰ ਜੇਲ੍ਹ ਵਿਚ ਹਨ। ਹੁਣ ਸਾਰਿਆਂ ਦੀ ਹੀ ਬੀ. ਕਲਾਸ ਹੈ। ਉਸ ਕੁੜੀ ਦੀ ਵੀ ਬੀ ਕਲਾਸ ਹੀ ਹੈ। ਜੱਗੇ (ਜਗਜੀਤ ਸਿੰਘ) ਦਾ ਪਿਓ, ਉਸ ਦੇ ਅੱਤਵਾਦੀਆਂ ਨੂੰ ਮੱਦਦ ਦੇਣ ਦੀ ਗੱਲ ਤੋਂ ਉਸ ਨਾਲ ਨਰਾਜ਼ ਹੈ ਕਿ ਇਸ ਨੇ ਮੇਰੀ ਬੇਇਜ਼ਤੀ ਕਰਵਾ ਦਿੱਤੀ ਹੈ ਤੇ ਮੁਲਾਕਾਤ ਕਰਨ ਵੀ ਨਹੀਂ ਆਇਆ। ਪਰ ਮਾਂ ਆਉਂਦੀ ਹੈ। ਉਸ ਨੇ ਕਿਹਾ ਹੈ ਮੇਰੇ ਕੋਲ ਸੱਤ ਹਜ਼ਾਰ ਰੁਪਏ ਹਨ, ਜਿੰਨਾ ਚਿਰ ਮੁੱਕਦੇ ਨਹੀਂ ਮੈਂ ਤਾਂ ਆਵਾਂਗੀ। ਇਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਿੱਖ ਕਿੱਡੇ ਚਵੱਲ ਹਨ। ਇਹ ਏਸੇ ਲਈ ਹੀ ਭਾਰਤ ਸਰਕਾਰ ਕੋਲੋਂ ਛਿੱਤਰ ਖਾਂਦੇ ਹਨ। ਅਸਲ ਵਿਚ ਇਹ ਲੋਕ ਭੇਖਧਾਰੀ ਸਿੱਖ ਹਨ ਤੇ ਸਿੱਖੀ ਤੋਂ ਕੋਹਾਂ ਦੂਰ ਹਨ। ਇਸ ਮੁੰਡੇ ਦਾ ਪਿਓ ਵੀ ਅੰਮ੍ਰਿਤਧਾਰੀ ਹੈ ਤੇ ਚੌੜੇ ਗਾਤਰੇ ਵਾਲੀ ਕ੍ਰਿਪਾਨ ਪਾਉਂਦਾ ਹੈ। ਦੋ ਵੇਲੇ ਗੁਰਦੁਆਰੇ ਜਾਂਦਾ ਹੈ, ਕਥਾ ਤੇ ਕੀਰਤਨ ਕਰਦਾ ਹੈ, ਲੋਕਾਂ ਨੂੰ ਉਪਦੇਸ਼ ਦੇਂਦਾ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ 'ਤੇ ਇਹ ਸਭ ਤੋਂ ਅੱਗੇ ਹੁੰਦਾ ਹੈ ਤੇ 'ਸੂਰਾ ਸੋਈ' ਸ਼ਬਦ ਪੜ੍ਹਦਾ ਹੈ। ਪਰ ਜਿਸ ਦਿਨ ਇੰਦਰਾ ਮਰੀ ਇਸ ਨੇ ਬੜਾ ਵੈਰਾਗਮਈ ਕੀਰਤਨ ਕੀਤਾ ਤੇ ਅੱਖਾਂ ਵਿਚੋਂ ਜਾਰੋ ਜਾਰ ਨੀਰ ਵਹਾਇਆ। ਸਿੱਖਾਂ ਨੇ ਪੁਛਿਆ, "ਰੋਂਦਾ ਹੈਂ ਤੇਰੀ ਭੂਆ ਲਗਦੀ ਸੀ?" ਇਸ ਨੇ ਉਸ ਸਿੱਖ ਦੀ ਮਾਇਆ ਪੁਰੀ ਥਾਣੇ ਸ਼ਿਕਾਇਤ ਕੀਤੀ ਤੇ ਉਥੋਂ ਦੇ ਥਾਣੇਦਾਰ ਨੇ ਉਸ ਸਿੱਖ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਹੋ ਜਿਹੇ ਕੁੱਤੇ ਸਿੱਖ ਦਿੱਲੀ, ਪੰਜਾਬ ਤੇ ਜੰਮੂ-ਕਸ਼ਮੀਰ ਵਿਚ ਹਜ਼ਾਰਾਂ ਹੀ ਹਨ।

ਜੇਲ੍ਹ 'ਚ ਪੈਸਾ ਹੀ ਧਰਮ

ਏਥੇ ਜੇਲ੍ਹ ਦੇ ਮੁਲਾਜ਼ਮਾਂ ਨੂੰ ਬਹੁਤਾ ਹਿੰਦੂ, ਸਿੱਖ ਜਾਂ ਮੁਸਲਮਾਨ ਦਾ ਜ਼ਿਆਦਾ ਮਤਲਬ ਨਹੀਂ। ਗੱਲ ਤਾਂ ਪੈਸੇ ਦੀ ਹੈ। ਇਨ੍ਹਾਂ ਨੂੰ ਪੈਸਾ ਚਾਹੀਦਾ ਹੈ, ਫਿਰ ਭਾਵੇਂ ਕੋਈ ਵੀ ਹੋਵੇ। ਅੱਗੇ ਪਿੱਛੇ ਭੱਜੇ ਫਿਰਨਗੇ। ਪਰ ਜਦੋਂ ਦਿੱਲੀ ਵਿਚ ਬੰਬ ਕਾਂਡ ਹੋਇਆ ਤਾਂ ਉਦੋਂ ਇਨ੍ਹਾਂ ਨੇ ਦਿੱਲੀ ਦੇ ਢਾਈ ਤਿੰਨ ਸੌ ਭਾਪਿਆਂ ਨੂੰ ਫੜ ਕੇ ਬੰਨ-ਬੰਨ ਕੇ ਕੁਟਿਆ ਤੇ ਉਨ੍ਹਾਂ ਦੇ ਕੇਸਾਂ ਦੀ ਵੀ ਬੇਅਦਬੀ ਕੀਤੀ। ਸਾਡੇ ਏਥੇ ਹੁੰਦਿਆਂ ਵੀ ਜਦੋਂ ਮੁਕਸਤਰ ਬੱਸ ਕਾਂਡ ਹੋਇਆ ਤਾਂ ਦਿੱਲੀ ਵਿਚ ਤਿੱਲਕ ਨਗਰ (ਜਿਥੇ ਤਿਹਾੜ ਜੇਲ੍ਹ ਹੈ) ਵਿਚ ਕਾਫੀ ਹੋ ਹੱਲਾ ਹੋ ਗਿਆ ਸੀ। ਉਥੋਂ ਦਾ ਇਕ ਸਿੱਖ, ਜਿਸ ਦੀ ਦੁਕਾਨ ਉਪਦਰਵੀਆਂ ਨੇ ਸਾੜ ਦਿੱਤੀ ਸੀ ਤੇ ਘਰ ਵੀ ਸਾੜਨਾ ਚਾਹੁੰਦੇ ਸਨ, ਪਰ ਉਨ੍ਹਾਂ ਨੇ ਅੱਗੋਂ ਮੁਕਾਬਲਾ ਕੀਤਾ ਤੇ ਪੁਲਿਸ ਨੇ ਸਗੋਂ ਉਨ੍ਹਾਂ ਨੂੰ ਹੀ ਫੜ ਕੇ ਜੇਲ੍ਹ ਭੇਜ ਦਿੱਤਾ। ਉਸ ਸਿੱਖ ਨੂੰ ਦਿਲ ਦੀ ਬੀਮਾਰੀ ਦੀ ਵੀ

ਸ਼ਿਕਾਇਤ ਸੀ ਤੇ ਉਪਰੋਂ ਏਨਾ ਗ਼ਮ, ਉਸ ਦਾ ਕੁਝ ਵੀ ਨਹੀਂ ਬਚਿਆ ਸੀ, ਕਾਰੋਬਾਰ ਉੱਕਾ ਹੀ ਤਬਾਹ ਹੋ ਗਿਆ ਸੀ। ਉਸ ਵਿਚਾਰੇ ਨੂੰ ਧੱਕੇ ਨਾਲ ਸਾਡੇ ਹੁਣ ਵਾਲੇ ਮੁਣਸ਼ੀ ਨੇ ਧੱਕੇ ਮਾਰ-ਮਾਰ ਕੇ ਦਵਾਈ ਲੈਣ ਵਾਲੀ ਕਤਾਰ ਵਿਚੋਂ ਬਾਹਰ ਕੱਢ ਦਿੱਤਾ ਤੇ ਜਬਰਦਸਤੀ ਉਸ ਕੋਲੋਂ ਮੁਸ਼ੱਕਤ ਲੈਣ ਲਈ ਉਸ ਦੇ ਹੱਥ ਰੰਬਾ ਫੜਾ ਦਿੱਤਾ ਤੇ ਕਿਹਾ ਘਾਹ ਖੋਤ। ਏਸੇ ਤਰ੍ਹਾਂ ਹੀ ਅੰਮ੍ਰਿਤਸਰ ਦੇ ਇਕ ਬ੍ਰਾਹਮਣ, ਜੋ ਹਸਪਤਾਲ ਦੀਆਂ ਪਰਚੀਆਂ ਬਣਾਉਂਦਾ ਹੁੰਦਾ ਸੀ, ਨੇ ਵੀ ਉਸ ਸਿੱਖ ਨੂੰ ਤੰਗ ਕਰਨ ਲਈ ਉਸ ਦੇ ਬਿਸਤਰੇ 'ਤੇ ਸਿਗਰਟਾਂ ਸੁੱਟ ਦਿੱਤੀਆਂ ਤੇ ਨਾਲੇ ਸੁਣਾ ਸੁਣਾ ਕੇ ਕਿਹਾ ਕਰੇ, "ਕੱਲ ਨੂੰ ਮੁਨਾਂਗੇ ਦਾੜ੍ਹੀ ਤੇ ਪਰਸੋਂ ਜੂੜਾ"। ਇਕ ਦਿਨ ਅਸੀਂ ਹਸਪਤਾਲ ਗਏ ਤਾਂ ਉਹ ਰੋ ਪਿਆ ਤੇ ਨਾਲੇ ਸਾਨੂੰ ਸਾਰੀ ਗੱਲ ਦੱਸੀ। ਅਸਾਂ ਮੁਣਸ਼ੀ ਨੂੰ ਤਾਂ ਉਸੇ ਵੇਲੇ ਕਾਬੂ ਕਰ ਕੇ ਦੋ ਜੜ ਦਿੱਤੀਆਂ ਤੇ ਰਜਿਸਟਰ ਜਿਹਾ ਖੋਹ ਕੇ ਉਸੇ ਨਾਲ ਹੀ ਸਿਰ ਵਿਚ ਮਾਰ ਮਾਰ ਕੁਟਿਆ ਪਰ ਉਹ ਬ੍ਰਾਹਮਣ ਭੱਜ ਪਿਆ। ਅਸਾਂ ਉਸ ਨੂੰ ਵੀ ਹਸਪਤਾਲ ਦੇ ਮਗਰਲੇ ਪਲਾਟ ਵਿਚੋਂ ਲੁੱਕੇ ਹੋਏ ਨੂੰ ਲੱਭ ਲਿਆਂਦਾ। ਉਸ ਦਾ ਵੀ ਮਾਂਜਾ ਲਾਹਿਆ। ਉਹ ਦੋਵੇਂ ਹੀ ਹੱਥ ਜੋੜ ਕੇ ਮੁਆਫੀ ਮੰਗ ਗਏ ਤੇ ਅਗੋਂ ਤੋਂ ਅਜਿਹੀ ਮਾੜੀ ਗੱਲ ਨਾ ਕਰਨ ਦਾ ਵਚਨ ਦਿੱਤਾ। ਅਸਾਂ ਦੋਹਾਂ ਨੂੰ ਫੜ ਕੇ ਇਕ ਡਿਪਟੀ ਦੇ ਸਾਹਮਣੇ ਵੀ ਕੀਤਾ। ਫੇਰ ਉਨ੍ਹਾਂ ਦੀ ਉਸ ਸਿੱਖ ਵੱਲ ਝਾਕਣ ਦੀ ਕਦੇ ਜੁਅਰਤ ਨਾ ਪਈ। ਬਾਅਦ ਵਿਚ ਉਸ ਸਿੱਖ ਦੀ ਜਮਾਨਤ ਹੋ ਗਈ। ਜਮਾਨਤਾਂ ਦਾ ਚੱਕਰ ਵੀ ਇਹ ਸੀ ਕਿ ਜੋ ਦੂਜੀ ਪਾਰਟੀ ਦੇ ਫੜ ਕੇ ਲਿਆਂਦੇ ਸਨ, ਉਹ ਤਾਂ ਜ਼ਾਤੀ ਮੁਚਲਕੇ ਤੇ ਹੀ ਛੱਡ ਦਿੱਤੇ ਪਰ ਉਸ ਸਿੱਖ ਕੋਲੋਂ 50,000 ਰੁ. ਦੀ ਜਮਾਨਤ ਮੰਗ ਲਈ, ਜੋ ਉਸ ਦੇ ਰਿਸ਼ਤੇਦਾਰਾਂ ਨੇ ਕਈਆਂ ਦਿਨਾਂ ਬਾਅਦ ਪ੍ਰਬੰਧ ਕਰਕੇ ਦਵਾਈ ਤੇ ਉਸ ਨੂੰ ਛੁਡਵਾਇਆ।

ਆਮ ਤੌਰ 'ਤੇ ਦੰਗਿਆਂ ਦਾ ਪ੍ਰਭਾਵ ਜੇਲ੍ਹ 'ਤੇ ਘੱਟ ਪੈਂਦਾ ਹੈ। ਕਿਉਂਕਿ ਅਖ਼ਬਾਰਾਂ ਆਦਿ ਬੰਦ ਕਰ ਦੇਂਦੇ ਹਨ ਤੇ ਰੇਡੀਓ ਸਾਰਿਆਂ ਕੋਲ ਹੁੰਦੇ ਨਹੀਂ। ਸੋ ਗੱਲ ਏਨੀ ਨਹੀਂ ਫੈਲਦੀ ਪਰ ਕੁਝ ਤਣਾਅ ਹੋ ਹੀ ਜਾਂਦਾ ਹੈ। ਇਸ ਵਾਰੀ ਚੌਵੀ ਬੱਸ ਯਾਤਰੀ ਮਾਰੇ ਜਾਣ 'ਤੇ ਸਾਡਾ ਜੇਲ੍ਹਰ ਹੀ ਸਾਨੂੰ ਕਹਿਣ ਲੱਗ ਪਿਆ, "ਇਹ ਬਹੁਤ ਬੁਰੀ ਗੱਲ ਹੋਈ ਹੈ"। ਸਾਨੂੰ ਪੁੱਛੇ ਤੁਸੀਂ ਦੱਸੋ, "ਕੀ ਇਹ ਚੰਗੀ ਗੱਲ ਹੈ?" ਅਸਾਂ ਕਿਹਾ, "ਨਹੀਂ" ਪਰ ਮੈਂ ਪੁਛਿਆ "ਜੋ 1984 ਵਿਚ ਗਲਾਂ ਵਿਚ ਟਾਇਰ ਪਾ ਪਾ ਸਾੜਨ ਵਾਲੀ ਗੱਲ ਸੀ ਉਹ ਚੰਗੀ ਸੀ?" ਉਸ ਕਿਹਾ "ਇਹ ਤਾਂ ਪੁਰਾਣੀ ਗੱਲ ਹੈ" ਤਾਂ ਮੈਂ ਕਿਹਾ, "ਦੋ ਸਾਲ ਬਾਅਦ ਇਹ ਗੱਲ ਵੀ ਪੁਰਾਣੀ ਹੋ ਜਾਵੇਗੀ। ਅੱਜ ਤੋਂ ਦੋ ਸਾਲ ਬਾਅਦ ਇਹ ਸਵਾਲ ਕਰਿਓ ਹੁਣ ਕੀ ਲੋੜ ਹੈ।" ਫਿਰ ਸਾਡੇ ਵਿਚੋਂ ਹੀ ਇਕ ਦੋ ਸਿਆਣਿਆਂ ਨੇ ਕਿਹਾ, "ਸਾਨੂੰ ਐਸ ਵੇਲੇ, ਇਹੋ ਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਨਾਲੇ ਇਹ ਸਾਡਾ ਵਿਸ਼ਾ ਨਹੀਂ", ਇਸ ਤਰ੍ਹਾਂ ਬਹਿਸ ਬੰਦ ਹੋ ਗਈ ਤੇ ਉਹ ਚਲਾ ਗਿਆ। ਇਸ ਗੱਲ ਤੋਂ ਬਗੈਰ ਸਾਨੂੰ ਹੋਰ ਕਿਸੇ ਨੇ ਵੀ ਇਸ ਤਰ੍ਹਾਂ ਦੀ ਗੱਲ ਨਹੀਂ ਕਹੀ, ਜਿਸ ਤੋਂ ਕਹਿ ਸਕੀਏ ਕਿ ਜੇਲ੍ਹ ਦੇ ਲੋਕਾਂ ਵਿਚ ਕੋਈ ਫਰਕ ਪਿਆ ਹੋਵੇ। ਪਰ ਦਿੱਲੀ ਤਿਲਕ ਨਗਰ ਦਾ ਗੁਰਦੁਆਰਾ ਜੋ ਮੁਕਤਸਰ ਕਾਂਡ ਵੇਲੇ ਸਾੜ ਦਿੱਤਾ ਗਿਆ ਸੀ (ਕਿਉਂਕਿ ਉਥੋਂ ਰੋਜ਼ ਗੁਰਬਾਣੀ ਦੀ ਉਚੀ ਅਵਾਜ਼ ਜੇਲ੍ਹ ਤੱਕ ਆਉਂਦੀ ਸੀ ਪਰ ਜਦੋਂ ਸਾੜ ਦਿੱਤਾ ਗਿਆ ਤਾਂ ਹੁਣ ਤੱਕ ਕਦੀ ਅਵਾਜ਼ ਨਹੀਂ ਆਈ) ਵਿਚੋਂ ਇਕ ਦਿਨ ਫਿਰ ਸਾਰਾ ਦਿਨ ਸੁਖਮਨੀ ਸਾਹਿਬ ਦਾ ਪਾਠ ਹੁੰਦਾ

ਰਿਹਾ, ਇਸ ਦਿਨ ਚੌਵੀ ਬੱਸ ਮੁਸਾਫਰਾਂ ਦੀ ਘਟਨਾ ਹੋਈ ਸੀ, ਉਸ ਤੋਂ ਬਾਅਦ ਉਹ ਏਰੀਆ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਸੀ। ਸੁਖਮਨੀ ਸਾਹਿਬ ਦੇ ਪਾਠ ਤੋਂ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਉਸ ਏਰੀਏ ਦੇ ਸਿੱਖ ਫਿਰ ਮੁਸੀਬਤ ਵਿਚ ਹੋਣ। ਬੱਸ ਉਸ ਦਿਨ ਤੋਂ ਬਾਅਦ ਫੇਰ ਕਦੇ ਵੀ ਪਾਠ ਦੀ ਅਵਾਜ਼ ਨਹੀਂ ਸੁਣੀ। ਪਰ ਐਸ ਵਾਰੀ ਝਗੜੇ ਤੋਂ ਬਾਅਦ ਜੋ ਸਿੱਖ ਜੇਲ੍ਹ ਵਿਚ ਆਏ ਉਹ ਜੇਤੂ ਹੀ ਕਹੇ ਜਾ ਸਕਦੇ ਹਨ, ਕਿਉਂਕਿ ਜਿੰਨੇ ਵੀ ਸਿੱਖ ਆਏ ਉਹ ਹਜੂਮ ਨੂੰ ਭਜਾ ਕੇ ਹੀ ਗ੍ਰਿਫਤਾਰ ਹੋਏ ਸਨ। ਗੁਰਦੁਆਰਾ ਬੰਗਲਾ ਸਾਹਿਬ ਜਿਸ ਵਿਚ ਇਕ ਪੰਦਰਾਂ ਸਾਲ ਦੇ ਮੁੰਡੇ ਨੇ ਟਰੱਕ ਸੱਟਾਰਟ ਕਰਕੇ ਤਿੰਨ ਸੀ.ਆਰ.ਪੀ. ਵਾਲਿਆਂ 'ਤੇ ਚਾੜ੍ਹ ਦਿੱਤਾ ਸੀ, ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਦਿੱਲੀ ਦੇ ਸਿੱਖ ਅੱਗੇ ਵਾਲੇ ਨਹੀਂ ਰਹੇ। ਭਾਵੇਂ ਉਥੇ ਪੁਲਿਸ ਦੀ ਗੋਲੀ ਨਾਲ ਵੀ ਕੁਝ ਸਿੰਘ ਸ਼ਹੀਦ ਹੋ ਗਏ ਸਨ, ਪਰ ਐਸ ਵਾਰੀ ਗੁਰਦੁਆਰੇ ਨਹੀਂ ਸੜੇ, ਕਿਉਂਕਿ ਸ਼ਾਇਦ ਹੁਣ ਸਰਕਾਰ ਨੂੰ ਵੀ ਸ਼ਰਮ ਆਉਣ ਲੱਗ ਪਈ ਹੈ। ਜਦੋਂ ਕੋਈ ਏਹੋ ਜਿਹੀ ਘਟਨਾ ਹੋ ਜਾਵੇ ਜਿਵੇਂ ਹਜੂਮ ਨੇ ਚਾਂਦਨੀ ਚੌਂਕ ਗੁਰਦੁਆਰੇ ਤੇ ਹੱਲਾ ਬੋਲ ਦਿੱਤਾ ਤਾਂ ਬੀ.ਬੀ.ਸੀ. ਨੇ ਰਾਤ ਦੇ Dispatch ਵਿਚ ਕਿਹਾ "ਇਹ ਉਹ ਜਗ੍ਹਾਂ ਹੈ ਜਿਥੇ ਸਿੱਖਾਂ ਦੇ ਨੌਵੇਂ ਗੁਰੂ ਨੇ ਹਿੰਦੂ ਧਰਮ ਨੂੰ ਬਚਾਉਣ ਲਈ ਆਪਣੀ ਕੁਰਬਾਨੀ ਦਿੱਤੀ ਸੀ, ਪਰ ਹਿੰਦੂ ਉਸ ਗੁਰਦੁਆਰੇ ਨੂੰ ਸਾੜਨਾ ਚਾਹੁੰਦੇ ਸਨ।

ਹਵਾਲਾਤੀਆਂ ਕੋਲੋਂ ਕੰਮ ਲੈਣਾ

ਕਾਨੂੰਨ ਤਾਂ ਇਹ ਕਹਿੰਦਾ ਹੈ ਕਿ ਹਵਾਲਾਤੀ ਕੋਲੋਂ ਕੰਮ ਨਹੀਂ ਲਿਆ ਜਾ ਸਕਦਾ, ਪਰ ਜੇਲ੍ਹ ਵਿਚ ਇਸ ਤਰ੍ਹਾਂ ਹੁੰਦਾ ਨਹੀਂ। ਇਥੇ ਹਵਾਲਾਤੀ ਕੋਲੋਂ ਕੰਮ ਲਿਆ ਜਾਂਦਾ ਹੈ। ਸਿਰਫ ਉਨ੍ਹਾਂ ਨੂੰ ਹੀ ਛਡਿਆ ਜਾਂਦਾ ਹੈ, ਜੋ ਪੈਸੇ ਦੇ ਸਕਣ ਦੀ ਸਥਿਤੀ ਵਿਚ ਹੋਣ। ਨਹੀਂ ਤਾਂ ਸਾਰਿਆਂ ਨੂੰ ਹੀ ਕੰਮ 'ਤੇ ਲਾਇਆ ਜਾਂਦਾ ਹੈ। ਪੈਸੇ ਲੈਣ ਦਾ ਇਕ ਇਹ ਵੀ ਵਧੀਆ ਬਹਾਨਾ ਹੈ ਤੇ ਇਸ ਦਾ ਲਾਭ ਮੁਣਸ਼ੀ ਤੇ ਹੈੱਡ ਵਾਰਡਨ ਰਲ ਕੇ ਉਠਾਉਂਦੇ ਹਨ। ਆਮ ਤੌਰ 'ਤੇ ਕੰਮ ਹੁੰਦਾ ਹੈ ਝਾੜੂ ਫੇਰਨਾ, ਪੋਚਾ ਫੇਰਨਾ, ਵਾਰਡਾਂ ਦੀ ਸਫਾਈ ਤੇ ਫੁੱਲ ਬੂਟੇ ਲਾਉਣੇ, ਲੰਗਰ ਦੀਆਂ ਲੱਕੜਾਂ ਚੁੱਕ ਕੇ ਬੀ ਕਲਾਸ ਵਾਲਿਆਂ ਦੇ ਸੈੱਲ ਤੱਕ ਪਹੁੰਚਾਉਣਾ, ਬਾਹਰ ਕੋਟ ਮੌਕੇ ਦੀ ਸੜਕ ਸਾਫ ਕਰਨੀ ਵਗੈਰਾ। ਜੋ ਕੈਦ ਕੱਟ ਰਹੇ ਕੈਦੀ ਹੁੰਦੇ ਹਨ, ਉਨ੍ਹਾਂ ਵਿਚੋਂ ਮੁਸ਼ੱਕਤੀ ਆਦਿ ਵੀ ਲਗਦੇ ਹਨ। ਆਮ ਤੌਰ 'ਤੇ ਹਵਾਲਾਤੀਆਂ ਨੂੰ ਜੇਲ੍ਹ ਮੈਨੂਅਲ ਦਾ ਪਤਾ ਤੱਕ ਨਹੀਂ ਹੁੰਦਾ। ਜੇਲ੍ਹ ਦਾ ਕਾਨੂੰਨ ਕੀ ਕਹਿੰਦਾ ਹੈ, ਇਸ ਦਾ ਵਿਚਾਰਿਆਂ ਨੂੰ ਕੋਈ ਗਿਆਨ ਨਹੀਂ ਹੁੰਦਾ। ਸਿਰਫ ਥੋੜ੍ਹੇ ਹੀ ਬੰਦੇ ਹੁੰਦੇ ਹਨ, ਜੋ ਜੇਲ੍ਹ ਮੈਨੂਅਲ ਦੀ ਗੱਲ ਕਰਦੇ ਹਨ। ਜੇਲ੍ਹ ਮੈਨੂਅਲ 1894 ਈਸਵੀ ਵਿਚ ਅੰਗਰੇਜ਼ ਦੁਆਰਾ ਬਣਾਇਆ ਗਿਆ ਸੀ। ਇਸ ਨੂੰ ਫੇਰ 1900 ਵਿਚ ਸੋਧਿਆ ਗਿਆ, ਪਰ ਕੋਈ ਖਾਸ ਫਰਕ ਨਹੀਂ ਪਾਇਆ, ਫਿਰ 1955 ਵਿਚ ਆਜ਼ਾਦ ਭਾਰਤ ਦਾ ਬਣਾਇਆ ਗਿਆ, ਪਰ ਇਸ ਵਿਚ ਵੀ ਸਿਰਫ ਦੋ ਹੀ ਸੋਧਾਂ ਹੁਣ ਤੱਕ ਹੋਈਆਂ ਹਨ। ਨਹੀਂ ਤਾਂ ਸਾਰਾ ਮੈਨੂਅਲ 1894 ਵਾਲਾ ਹੀ ਹੈ। 1955 ਵਿਚ ਸਿਰਫ ਸੁਪਰਡੈਂਟ ਦੀ ਉਸ ਤਾਕਤ ਨੂੰ ਖਤਮ ਕਰ ਦਿੱਤਾ ਗਿਆ ਹੈ, ਜਿਸ ਵਿਚ ਉਹ ਕੋੜੇ ਮਾਰ ਸਕਦੇ ਸਨ। ਮੈਨੂਅਲ ਵਿਚ ਲਿਖਿਆ ਹੋਇਆ ਸੀ ਕਿ ਇਹ ਬੈਂਤ ਦੀ ਸੋਟੀ ਅੱਧਾ ਇੰਚ ਵਿਆਸ ਤੋਂ ਘੱਟ ਨਹੀਂ ਹੋਵੇਗੀ ਤੇ ਦੂਸਰਾ ਤਿਹਾੜ ਜੇਲ੍ਹ ਬਾਰੇ ਹੈ, ਜਿਸ ਵਿਚ ਵਾਰਡ ਨੰਬਰ 16 ਨੂੰ ਕੰਡਮ ਵਾਰਡ ਐਲਾਨ

ਕੀਤਾ ਗਿਆ ਹੈ। ਪਰ ਸੁਪਰੀਮ ਕੋਰਟ ਦੇ ਇਸ ਫੈਸਲੇ ਦੀ ਕਿੰਨੀ ਕੁ ਪ੍ਰਵਾਹ ਕੀਤੀ ਜਾਂਦੀ ਹੈ, ਉਸ ਦਾ ਏਥੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਉਦੋਂ ਫਾਂਸੀ ਵਾਲਿਆਂ ਵਾਸਤੇ ਸੀ, ਹੁਣ ਕਸੂਰੀ ਵਾਰਡ ਹੈ। ਏਥੇ ਉਨ੍ਹਾਂ ਲੋਕਾਂ ਨੂੰ ਰਖਿਆ ਜਾਂਦਾ ਹੈ, ਜਿਨ੍ਹਾਂ ਨੂੰ ਸਜ਼ਾ ਦੇ ਤੌਰ 'ਤੇ ਬੰਦ ਕੀਤਾ ਜਾਂਦਾ ਹੈ। ਇਕ, ਦੋ ਤੇ ਤਿੰਨ ਨੰਬਰ ਜੇਲ੍ਹਾਂ ਦਾ ਇਹ ਹੀ ਇਕੱਲਾ ਕਸੂਰੀ ਵਾਰਡ ਹੈ। ਅਦਾਲਤਾਂ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਵੀ ਕਿਸੇ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਜੇ ਪੁਰਾਣਾ 1894 ਵਾਲਾ ਜੇਲ੍ਹ ਮੈਨੂਅਲ ਪੜ੍ਹਿਆ ਜਾਵੇ, ਜੋ ਹੁਣ ਤੱਕ ਲਾਗੂ ਹੈ ਤਾਂ ਕਈ ਵਾਰ ਹਾਸਾ ਆਉਂਦਾ ਹੈ। ਭਾਰਤ ਨੂੰ ਬ੍ਰਿਟਿਸ਼ ਇੰਡੀਆ ਕਿਹਾ ਗਿਆ ਹੈ ਤੇ ਉਸ ਵਿਚ ਲਿਖਿਆ ਹੋਇਆ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਾਸਤੇ ਹਦਾਇਤਾਂ ਕਮਿਸ਼ਨਰ ਸਾਹਿਬ ਬਹਾਦਰ ਲਾਹੌਰ ਦਿਆਂ ਕਰਨਗੇ। ਪਹਿਲਾਂ ਹਵਾਲਾਤੀ ਕੈਦੀ ਜਿੰਨੀ ਹਵਾਲਾਤ ਦੇ ਤੌਰ 'ਤੇ ਕੈਦ ਕੱਟਦਾ ਸੀ, ਉਹ ਐਵੇਂ ਹੀ ਕੱਟੀ ਗਈ ਸਮਝੀ ਜਾਂਦੀ ਸੀ। ਪਰ ਹੁਣ ਉਸ ਨੂੰ ਬਾਅਦ ਵਿਚ ਸਜ਼ਾ ਹੋ ਜਾਣ 'ਤੇ ਵਿਚ ਕੱਟ ਲਈ ਜਾਂਦੀ ਹੈ। ਬਹੁਤ ਸਾਰੇ ਕੇਸ ਤਾਂ ਏਥੇ ਐਸੇ ਹਨ, ਜਿਨ੍ਹਾਂ ਦੀ ਸਜ਼ਾ ਵੱਧ ਤੋਂ ਵੱਧ ਸੱਤ ਸਾਲ ਹੈ, ਪਰ ਸਾਢੇ ਪੰਜ ਸਾਲ ਛੇ ਸਾਲ ਤੱਕ ਅਜੇ ਮੁਕੱਦਮੇ ਹੀ ਚੱਲ ਰਹੇ ਹਨ। ਜੇ ਉਨ੍ਹਾਂ ਨੂੰ ਤਿੰਨ ਸਾਲ ਦੀ ਕੈਦ ਹੋਣੀ ਸੀ ਤਾਂ ਢਾਈ ਸਾਲ, ਤਿੰਨ ਸਾਲ ਉਸ ਨੂੰ ਵਾਧੂ ਹੀ ਕੱਟਣੇ ਪੈ ਗਏ।

ਗਲਤੀਆਂ ਦੀ ਭੁੱਲ ਬਖਸ਼ਵਾਉਣੀ

ਸਾਡੀ ਹਰ ਰੋਜ਼ ਦੀ ਕਿਰਿਆ ਇਹ ਹੁੰਦੀ ਕਿ ਜੇ ਕੋਈ ਧਾਰਮਕ ਤੌਰ 'ਤੇ ਗਲਤੀ ਕਰ ਦੇਵੇ, ਜਿਵੇਂ ਕਿ ਪਾਠ ਦੀ ਥਾਂ 'ਤੇ ਲਫ਼ਜ਼ ਪਾਠ ਪੂਠ ਕਹਿ ਦੇਵੇ ਜਾਂ ਕਿਸੇ ਸਿੰਘ ਨੂੰ ਦੁਸ਼ਟ ਕਹਿ ਦੇਵੇ ਤਾਂ ਉਸ ਨੂੰ ਸੰਗਤ ਦੇ ਜੋੜਿਆਂ ਵਿਚ ਖਲੋ ਕੇ ਮੁਆਫੀ ਮੰਗਣੀ ਪੈਂਦੀ। ਮੈਨੂੰ ਵੀ ਇਕ ਵਾਰ ਮਾਫੀ ਮੰਗਣੀ ਪਈ। ਕਿਉਂਕਿ ਅਨਜਾਣੇ ਵਿਚ ਹੀ ਮੈਂ ਸਿੰਘ ਲਈ ਲਫਜ਼ ਦੁਸ਼ਟ ਵਰਤ ਗਿਆ ਸੀ। ਸੋ ਮੈਨੂੰ ਜੋੜਿਆਂ ਵਿਚ ਖਲੋ ਕੇ ਭੁੱਲ ਬਖਸ਼ਵਾਉਣੀ ਪਈ। ਸਾਰੇ ਇਸ ਤਾੜ ਵਿਚ ਰਹਿੰਦੇ ਕਿ ਕਦੋਂ ਕੋਈ ਗਲਤੀ ਕਰੇ ਤੇ ਕਦੋਂ ਉਸ ਕੋਲੋਂ ਮੁਆਫੀ ਮੰਗਵਾਉਣ ਵਰਗਾ ਮਨੋਰੰਜਨ ਹੋਵੇ। ਏਸੇ ਤਰ੍ਹਾਂ ਹੀ ਸਾਡਾ ਇਕ ਸਾਥੀ ਇਕ ਦਿਨ ਮੇਜ 'ਤੇ ਚੜ੍ਹ ਗਿਆ ਤੇ ਕਹਿਣ ਲੱਗਾ "ਮੈਂ ਸੰਗਤ ਨੂੰ ਸੁਝਾ ਦੇਂਦਾ ਹਾਂ ਕਿ... ਏਸੇ ਦੇ ਜ਼ੋਰ ਦੇਣ 'ਤੇ ਹੀ ਮੈਨੂੰ ਇਕ ਵਾਰੀ ਮੁਆਫੀ ਮੰਗਣੀ ਪਈ ਸੀ (ਬਹੁਤਾ ਮਸਲਾ ਏਸੇ ਨੇ ਹੀ ਸ਼ੁਰੂ ਕੀਤਾ ਸੀ)। ਮੈਂ ਝੱਟ ਕਿਹਾ, "ਓਏ ਤੂੰ ਸੰਗਤ ਤੋਂ ਉੱਚਾ ਖਲੋ ਕੇ ਗੱਲ ਕਰਦਾ ਹੈ?" ਬੱਸ ਫਿਰ ਕੀ ਸੀ ਸਾਰੇ ਹੀ ਉਸ ਦੇ ਪਿੱਛੇ ਪੈ ਗਏ, ਪਰ ਲਾਗੇ ਜੋੜੇ ਨਹੀਂ ਸਨ। ਮੈਂ ਝੱਟ ਆਪਣੀਆਂ ਚਪਲਾਂ ਲਾਹ ਦਿੱਤੀਆਂ ਤੇ ਕਈਆਂ ਹੋਰਨਾਂ ਦੇ ਪੈਰਾਂ ਤੋਂ ਵੀ ਲੁਹਾ ਕੇ ਕਿੰਨੀਆਂ ਸਾਰੀਆਂ ਹੀ ਸੰਗਤ ਦੀਆਂ ਜੁੱਤੀਆਂ ਬਣਾ ਦਿੱਤੀਆਂ। ਫਿਰ ਉਸ ਨੂੰ ਕਿਹਾ ਗਿਆ ਕਿ ਇਸ ਗੁਸਤਾਖੀ ਦੀ ਜੋੜਿਆਂ ਵਿਚ ਖਲੋ ਕੇ ਮੁਆਫੀ ਮੰਗੇ। ਉਸ ਨੇ ਮੰਗ ਲਈ, ਪਰ ਬਾਅਦ ਵਿਚ ਉਸ ਨੂੰ ਪਤਾ ਲੱਗਾ ਕਿ ਬੋਲਣ ਵਾਲਾ ਹਮੇਸ਼ਾਂ ਹੀ ਉੱਚੇ ਥਾਂ ਖਲੋ ਕੇ ਬੋਲਦਾ ਹੈ, ਪਰ ਮੇਰਾ ਬਦਲਾ ਉਤਰ ਚੁੱਕਾ ਸੀ। ਏਸੇ ਤਰ੍ਹਾਂ ਹੀ ਕੋਈ ਆਮ ਗਲਤੀ ਕਰਦਾ ਤਾਂ ਉਸ ਦਾ ਰੀਮਾਂਡ ਲਿਆ ਜਾਂਦਾ। ਇਹ ਰੀਮਾਂਡ ਉਦਾਂ ਦਾ ਹੀ ਹੁੰਦਾ, ਜਿਸ ਤਰ੍ਹਾਂ ਦਾ ਪੁਲਿਸ ਦਾ ਹੁੰਦਾ ਹੈ। ਥੱਲੇ ਕੰਬਲ ਵਿਛਾ ਕੇ ਸਾਰੇ ਹੀ ਉਸ ਦੇ ਦੁਆਲੇ ਹੋ ਜਾਂਦੇ ਤੇ ਲੱਤਾਂ ਤੋਂ ਫੜ ਕੇ ਲੱਤਾਂ ਪਾੜਦੇ, ਘਸੁੰਨ ਮੁੱਕੀਆਂ ਨਾਲ ਪੁਛਦੇ "ਦੱਸ?" ਉਹ ਅੜਾਟ

ਪਾਉਂਦਾ ਤੇ ਜਦੋਂ ਦੱਸ ਦੇਂਦਾ ਉਦੋਂ ਹੀ ਛਡਿਆ ਜਾਂਦਾ। ਕਈ ਵਾਰ ਤਾਂ ਕਿੰਨਾ ਕਿੰਨਾ ਤਸ਼ੱਦਦ ਹੀ ਝੱਲ ਹੋ ਜਾਂਦਾ। ਜੇਲ੍ਹ ਵਾਲੇ ਇਸ ਡਰਾਮੇ 'ਤੇ ਵੀ ਬੜਾ ਹੈਰਾਨ ਹੁੰਦੇ ਤੇ ਭੱਜੇ ਆਉਂਦੇ, ਪਰ ਹੱਸਦਿਆਂ ਤੋਂ ਪਤਾ ਲੱਗ ਜਾਂਦਾ ਕਿ ਹਾਸੇ ਭਾਣੇ ਹੀ ਕਰ ਰਹੇ ਹਨ। ਪਰ ਤਾਂ ਵੀ ਉਸ ਦੀਆਂ ਚਾਂਗਰਾਂ ਤਾਂ ਦੂਰ ਤੱਕ ਸੁਣਦੀਆਂ ਸਨ।

ਜੇਲ੍ਹ ਦਾ ਕਾਨੂੰਨ ਤਾਂ ਇਹ ਹੈ ਕਿ ਸ਼ਾਮ ਨੂੰ ਕੈਦੀਆਂ ਨੂੰ ਬੰਦ ਕਰਨ ਲੱਗਿਆਂ ਉਨ੍ਹਾਂ ਦੀ ਤਲਾਸ਼ੀ ਹੋਵੇ, ਪਰ ਅਜਿਹਾ ਹੋ ਸਕਣਾ ਬੜਾ ਮੁਸ਼ਕਲ ਹੁੰਦਾ ਹੈ। ਫਿਰ ਇਹ ਹੁੰਦਾ ਹੈ ਕਿ ਅਚਾਨਕ ਕਦੀ-ਕਦੀ ਯੱਕਦਮ ਤਲਾਸ਼ੀ ਲਈ ਜਾਵੇ। ਇਸ ਤਰ੍ਹਾਂ ਕਰਨ ਵੇਲੇ ਵਾਰਡ ਦੇ ਮੁੱਖੀ ਤੋਂ ਬਿਨਾਂ ਇਨ੍ਹਾਂ ਦਾ ਹੋਰ ਵੀ ਕੋਈ ਅਫ਼ਸਰ ਹੋ ਸਕਦਾ ਹੈ। ਸਾਰੀਆਂ ਚੀਜ਼ਾਂ ਨੂੰ ਚੁੱਕ-ਚੁੱਕ ਕੇ ਤੇ ਝਾੜ-ਝਾੜ ਕੇ ਵੇਖਿਆ ਜਾਂਦਾ ਹੈ। ਕੈਦੀ ਕੋਲ ਲੋੜ ਤੋਂ ਵੱਧ ਦਵਾਈ ਨਹੀਂ ਹੋਣੀ ਚਾਹੀਦੀ, ਨਸ਼ੀਲੀਆਂ ਵਸਤਾਂ ਵੀ ਨਹੀਂ ਹੋਣੀਆਂ ਚਾਹੀਦੀਆਂ, ਬਲੇਡ ਤੇ ਚਾਕੂ ਜਾਂ ਕੋਈ ਛੁਰੀ ਜਾਂ ਕੋਈ ਵੀ ਇਸ ਕਿਸਮ ਦੀ ਚੀਜ਼, ਜੋ ਹਥਿਆਰ ਦੇ ਤੌਰ 'ਤੇ ਵਰਤੀ ਜਾ ਸਕਦੀ ਹੋਵੇ, ਨਹੀਂ ਹੋਣੀ ਚਾਹੀਦੀ। ਬਲੇਡ ਜਾਂ ਚਾਕੂ ਨੂੰ ਬਹੁਤ ਹੀ ਬੁਰਾ ਸਮਝਿਆ ਜਾਂਦਾ ਹੈ। ਜੇਲ੍ਹ ਵਿਚ ਬਲੇਡ ਹੀ ਵੱਡਾ ਹਥਿਆਰ ਹੈ, ਕਿਉਂਕਿ ਜੇਬ ਕਤਰੇ ਜੇ ਲੜ ਪੈਣ ਤਾਂ ਇਕ ਦੂਜੇ ਦੀਆਂ ਗੱਲ੍ਹਾਂ 'ਤੇ ਬਲੇਡ ਮਾਰਦੇ ਹਨ ਜਾਂ ਸ਼ਾਹ ਰਗ 'ਤੇ ਹੀ ਫੇਰ ਦੇਂਦੇ ਹਨ। ਜਿਨ੍ਹਾਂ ਨੂੰ ਆਪਣੀ ਰੋਟੀ ਆਪ ਬਣਾਉਣ ਦੀ ਖੁੱਲ੍ਹ ਹੈ, ਜਿਵੇਂ ਬੀ ਕਲਾਸ ਜਾਂ ਸਾਡੇ ਵਰਗੇ ਕੱਟੜ ਸਿੱਖ ਤਾਂ ਉਨ੍ਹਾਂ ਦੀਆਂ ਸਬਜ਼ੀਆਂ ਕੱਟਣ ਵਾਲੀਆਂ ਛੁਰੀਆਂ ਕਿਸੇ ਪਤਰੀ ਜਿਹੀ ਦੀਆਂ ਬਣੀਆਂ ਹੁੰਦੀਆਂ ਹਨ ਤੇ ਪਿਛੇ ਮੁੱਠ 'ਤੇ ਕੋਈ ਕੱਪੜਾ ਜਿਹਾ ਲਪੇਟਿਆ ਹੁੰਦਾ ਹੈ। ਇਹ ਬਹੁਤ ਹੀ ਘਟੀਆ ਕਿਸਮ ਦੀਆਂ ਛੁਰੀਆਂ ਹੁੰਦੀਆਂ ਹਨ ਤੇ ਠੀਕ ਤਰ੍ਹਾਂ ਸਬਜੀ ਨਹੀਂ ਚੀਰਦੀਆਂ। ਪਰ ਇਕ ਦੋ ਜਣਿਆਂ ਦੀ ਸਬਜ਼ੀ ਤਾਂ ਐਵੇਂ ਹੀ ਚੀਰੀ ਜਾਂਦੀ ਹੈ। ਹਜਾਮਤ ਨਾਈ ਆ ਕੇ ਕਰਦਾ ਹੈ, ਇਸ ਲਈ ਮੋਨੇ ਵੀ ਆਪਣੇ ਕੋਲ ਬਲੇਡ ਨਹੀਂ ਰੱਖ ਸਕਦੇ। ਸਿਰਫ ਬੀ ਕਲਾਸ ਦਾ ਕੈਦੀ ਹੀ ਇਹ ਰੱਖ ਸਕਦਾ ਹੈ। ਉਹ ਆਪਣੀ ਦਾੜ੍ਹੀ ਵੀ ਆਪ ਬਣਾ ਸਕਦਾ ਹੈ। ਪਰ ਵਾਰਡ ਮੁੱਖੀ ਨਾਲ ਬਣੀ ਹੋਵੇ ਤਾਂ ਕੋਈ ਵੀ ਚੀਜ਼ ਰੱਖੀ ਫਿਰੇ ਕੋਈ ਨਹੀਂ ਪੁੱਛਦਾ।

ਜੇਲ੍ਹ ਦਾ ਕਾਨੂੰਨ

ਜਿਸ ਬੰਦੇ ਨੂੰ ਜੇਲ੍ਹ ਦਾ ਕਾਨੂੰਨ ਆਉਂਦਾ ਹੋਵੇ ਜਾਂ ਉਸ ਦੀ ਵਾਕਫੀ ਹੋਵੇ ਤਾਂ ਫਿਰ ਅਧਿਕਾਰੀ ਉਸ ਨਾਲ ਮਨਮਰਜੀ ਨਹੀਂ ਕਰ ਸਕਦੇ ਤੇ ਉਸ ਨਾਲ ਪੰਗਾ ਲੈਣ ਤੋਂ ਝਿਜਕਦੇ ਹਨ। ਏਥੇ ਮੈਨੂੰ ਕਾਨੂੰਨ ਦੀ ਇਕ ਗੱਲ ਯਾਦ ਆਈ ਹੈ। ਜਦੋਂ ਅਸੀਂ ਨਵੇਂ-ਨਵੇਂ ਗਏ ਤਾਂ ਮੇਰੇ ਨਾਲ ਦੇ ਸਾਥੀ ਧਰਮਵੀਰ ਸਿੰਘ ਨੇ ਓਡੋਮਾਸ ਮੇਰੇ ਕੋਲੋਂ ਮੰਗੀ। ਅਸੀਂ ਬੰਦ ਹੋ ਚੁੱਕੇ ਸਾਂ ਤੇ ਆਪਣੇ-ਆਪਣੇ ਸੈੱਲ ਵਿਚ ਬੰਦ ਸਾਂ। ਹੁਣ ਉਸ ਨੂੰ ਓਡੋਮਾਸ ਪਹੁੰਚਾਉਣ ਲਈ ਵਾਰਡਨ ਨੂੰ ਅਵਾਜ ਮਾਰਨੀ ਜ਼ਰੂਰੀ ਸੀ, ਨਾਲੇ ਧਰਮਵੀਰ ਨੇ ਸਿਰਦਰਦ ਦੀ ਗੋਲੀ ਵੀ ਮੰਗੀ ਸੀ। ਸੋ ਮੈਂ ਵਾਰਡਨ ਨੂੰ ਜੋ ਉਸ ਵੇਲੇ ਪਿਛਲੀ ਬਾਰਕ ਵੱਲ ਗਿਆ ਹੋਇਆ ਸੀ, ਨੂੰ ਅਵਾਜ਼ ਮਾਰੀ। ਇਕ ਅਵਾਜ਼ ਦਾ ਜਦੋਂ ਉਸ ਕੋਈ ਜਵਾਬ ਨਾ ਦਿੱਤਾ ਤਾਂ ਮੈਂ ਇਕ ਅਵਾਜ਼ ਹੋਰ ਉੱਚੀ ਸਾਰੀ ਮਾਰ ਦਿੱਤੀ। ਇਸ ਵਾਰਡ ਦਾ ਇਹ ਅਸੂਲ ਰਿਹਾ ਹੈ ਕਿ ਏਥੇ ਕੈਦੀ ਉੱਚਾ ਸਾਹ ਵੀ ਨਹੀਂ ਲੈ ਸਕਦਾ, ਕਸੂਰ ਦੇ ਤੌਰ 'ਤੇ ਬੰਦ ਕੀਤੇ ਬੰਦੇ ਨੂੰ ਤੇ ਨਾਲੇ ਫਾਂਸੀ ਕੋਠੀ ਹੋਣ ਕਰਕੇ ਸਾਰੇ ਏਥੇ ਸਹਿਮ ਕੇ ਰਹਿੰਦੇ ਆਏ ਸਨ। ਸਾਡੇ ਸਿੱਖ ਹੋਣ ਦਾ ਵੀ

ਇਹ ਅਸਰ ਸੀ ਕਿ ਜੋ ਕੋਈ ਵੀ ਵਾਰਡਨ ਡਿਊਟੀ 'ਤੇ ਆਉਂਦਾ, ਸਾਡੇ ਨਾਲ ਔਖਾ ਹੋਣ ਦਾ ਮਨ ਪਹਿਲਾਂ ਹੀ ਬਣਾ ਕੇ ਆਉਂਦਾ। ਕਿਉਂਕਿ ਬੰਬ ਕਾਂਡ ਵਾਲਿਆਂ ਵਾਂਗ ਸਾਨੂੰ ਉਹ ਕੁੱਟ ਤਾਂ ਨਹੀਂ ਸਨ ਸਕੇ, ਪਰ ਸਾਡੇ ਨਾਲ ਔਖਾ ਤੇ ਰੁੱਖਾ ਬੋਲਣਾ ਉਹ ਆਪਣੇ ਵਲੋਂ ਭਾਰਤ ਸਰਕਾਰ ਨਾਲ ਵਫਾਦਾਰ ਹੋਣ ਦਾ ਸਬੂਤ ਸਮਝਦੇ ਸਨ। ਇਕ ਦਿਨ ਅਸੀਂ ਉੱਚੀ ਪਾਠ ਕਰ ਰਹੇ ਸਾਂ ਤਾਂ ਇਕ ਨੇ ਆ ਕੇ ਹੌਲੀ ਬੋਲਣ ਲਈ ਕਿਹਾ ਪਰ ਕਿਸ ਸੁਣਨੀ ਸੀ? ਇਕ ਦਿਨ ਅਸਾਂ ਪਾਠ ਤੋਂ ਬਾਅਦ ਜੈਕਾਰਾ ਛਡਿਆ ਤਾਂ ਉਹ ਐਨਾ ਔਖਾ ਹੋ ਗਿਆ ਕਿ ਕਹੇ, ਮੈਂ ਸੀਟੀ ਵਜਾਉਣ ਲੱਗਾ ਹਾਂ। ਅਸਾਂ ਕਿਹਾ, "ਤੂੰ ਉਲੂ ਦਾ ਪੱਠਾ ਹੈਂ, ਤੈਨੂੰ ਇਹ ਵੀ ਨਹੀਂ ਪਤਾ ਕਿ ਜਦੋਂ ਕੈਦੀ ਬੰਦ ਹੋਣ ਤਾਂ ਅਲਾਰਮ ਨਹੀਂ ਹੋ ਸਕਦਾ?" ਉਸ ਨੂੰ ਇਹ ਗੱਲ ਸੁਣ ਕੇ ਹੋਸ਼ ਆਈ ਤੇ ਚੁੱਪ ਕਰਕੇ ਚਲਾ ਗਿਆ। ਅਸੀਂ ਪਹਿਲਾਂ ਇਕ ਜੈਕਾਰਾ ਛਡਿਆ ਕਰਦੇ ਸੀ, ਉਸ ਦਿਨ ਤੋਂ ਹੀ ਪੰਜ ਕਰ ਦਿੱਤੇ। ਪਰ ਬਾਅਦ ਵਿਚ ਕਿਸੇ ਨੇ ਸਾਡੇ ਨਾਲ ਜੈਕਾਰੇ ਛੱਡਣ ਤੇ ਪੰਗਾ ਨਾ ਲਿਆ। ਜਿਸ ਵਾਰਡਨ ਨੂੰ ਮੈਂ ਦੂਸਰੀ ਅਵਾਜ਼ ਮਾਰੀ, ਉਹ ਇਸ ਤਰ੍ਹਾਂ ਆਇਆ ਜਿਵੇਂ ਸੂਰ ਕਿਸੇ ਨੂੰ ਢੁੱਡ ਮਾਰਨ ਆਉਂਦਾ ਹੈ। ਕਹਿਣ ਲੱਗਾ, "ਆਪ ਕੋ ਨਹੀਂ ਪਤਾ? ਰਾਤ ਕੋ ਊਚੀਂ ਊਚੀਂ ਅਵਾਜ਼ੇ ਨਹੀਂ ਲਗਾਈ ਜਾ ਸਕਤੀ"। ਉਸ ਦੇ ਆਉਂਦੇ ਦੇ ਬੂਟਾਂ ਦਾ ਖੜਾਕ ਮੈਂ ਸੁਣ ਲਿਆ ਸੀ। ਮੈਂ ਫੱਟ ਕਹਿ ਦਿੱਤਾ, "ਤੋ ਆਪ ਕੋ ਨਹੀਂ ਪਤਾ ਕਿ ਰਾਤ ਕੋ ਯਹ ਬੂਟ ਪਹਿਨ ਕਰ ਵਾਰਡ ਕੇ ਬਰਾਮਦੇ ਮੇਂ ਨਹੀਂ ਘੂਮਾ ਜਾ ਸਕਤਾ? ਉਹ ਫੱਟ ਆਪਣੇ ਪੈਰਾਂ ਵਿਚ ਪਏ ਚਮੜੇ ਦੇ ਬੂਟਾਂ ਵੱਲ ਵੇਖਣ ਲੱਗ ਪਿਆ, "ਯਹ ਕਹਾਂ ਲਿਖਾ ਹੈ?" ਉਸ ਨੇ ਪੁਛਿਆ, "ਤੋ ਯਹ ਕਹਾਂ ਲਿਖਾ ਹੈ ਕਿ ਵਾਰਡਨ ਕੋ ਇਸ ਵਕਤ ਅਵਾਜ਼ ਨਹੀਂ ਲਗਾਨੀ?" ਮੇਰੇ ਇਹ ਕਹਿਣ ਦੀ ਦੇਰ ਸੀ ਕਿ ਉਹ ਗੁਸੇ ਨਾਲ ਉਬਲ ਪਿਆ ਤੇ ਏਨੇ ਗੁਸੇ ਵਿਚ ਆਇਆ ਕਿ ਉਥੇ ਹੀ ਪੈਰ ਪਟਕਣ ਲੱਗ ਪਿਆ ਤੇ ਫੇਰ ਬਾਹਰ ਖਲੋਤੇ ਕੋਟ ਮੌਕੇ ਦੀ ਡਿਊਟੀ 'ਤੇ ਖਲੋਤੇ ਲੰਬਰਦਾਰ ਵੱਲ ਭੱਜ ਪਿਆ। ਉਸ ਨੂੰ ਕਿਹਾ ਚੱਕਰ ਚੀਫ ਨੂੰ ਬੁਲਾ ਕੇ ਲਿਆ ਤੇ ਨਾਲੇ ਡਿਊਟੀ ਅਫ਼ਸਰ ਨੂੰ ਵੀ ਲੈ ਕੇ ਆ।

ਥੋੜੇ ਚਿਰ ਬਾਅਦ ਹੀ ਚੱਕਰ ਚੀਫ ਤੇ ਡਿਊਟੀ ਅਫ਼ਸਰ ਆ ਗਏ। ਉਨ੍ਹਾਂ ਨੇ ਆ ਕੇ ਬੜੇ ਪ੍ਰੇਮ ਨਾਲ ਮੈਨੂੰ ਪੁਛਿਆ "ਸਰਦਾਰ ਸਾਹਿਬ ਕਯਾ ਬਾਤ ਹੂਈ?" ਮੈਂ ਕਿਹਾ, "ਆਪ ਇਸ ਕੋ ਹੀ ਪੂਛ ਲੇਂ"। ਉਨ੍ਹਾਂ ਨੇ ਉਸ ਨੂੰ ਪੁਛਿਆ ਉਸ ਨੇ ਕਿਹਾ, "ਮੈਨੂੰ ਉੱਚੀ ਉੱਚੀ ਅਵਾਜ਼ਾਂ ਮਾਰੀਆਂ ਹਨ", ਮੇਰੇ ਬੋਲਣ ਤੋਂ ਪਹਿਲਾਂ ਹੀ ਡਿਊਟੀ ਅਫ਼ਸਰ ਨੇ ਪੁਛਿਆ 'ਕਿੰਨੀਆਂ?" ਉਸ ਕਿਹਾ, "ਦੋ" ਤੇ ਫਿਰ ਡਿਊਟੀ ਅਫ਼ਸਰ ਨੇ ਕਿਹਾ, "ਇਸ ਵਿਚ ਖਾਸ ਕੀ ਗੱਲ ਹੋ ਗਈ ਹੈ ਜੋ ਤੂੰ ਏਨਾ ਰੌਲਾ ਪਾਇਆ ਹੈ?" ਉਸ ਕਿਹਾ ਜੀ ਮੈਨੂੰ ਇਹ ਕਿਹਾ ਹੈ ਕਿ "ਤੂੰ ਆਹ ਚਮੜੇ ਦੇ ਬੂਟ ਕਿਉਂ ਪਾਈਂ ਫਿਰਦਾ ਹੈਂ? ਡਿਊਟੀ ਅਫ਼ਸਰ ਨੇ ਮੈਨੂੰ ਪੁਛਿਆ ਤਾਂ ਮੈਂ ਕਿਹਾ ਪਹਿਲਾਂ ਤਾਂ ਇਸ ਨੂੰ ਇਹ ਪੁਛੋ ਕਿ ਮੈਂ ਇਸ ਨੂੰ ਅਵਾਜ਼ ਮਾਰਨ ਦਾ ਹੱਕ ਰੱਖਦਾ ਹਾਂ ਕਿ ਨਹੀਂ?" "ਹਾਂ ਰੱਖਦੇ ਹੋ, ਜੇ ਕੋਈ ਖਾਸ ਗੱਲ ਹੋਵੇ" ਡਿਊਟੀ ਅਫ਼ਸਰ ਨੇ ਕਿਹਾ। "ਤਾਂ ਫਿਰ ਮੇਰੇ ਸਖਤ ਸਿਰਦਰਦ ਹੈ ਤੇ ਮੈਂ ਇਸ ਨੂੰ ਡਾਕਟਰ ਨੂੰ ਰਿਪੋਰਟ ਕਰਨ ਲਈ ਭੇਜਣਾ ਸੀ। ਦੋ ਅਵਾਜ਼ਾਂ ਇਸ ਕਰਕੇ ਮਾਰੀਆਂ, ਕਿਉਂਕਿ ਜਦੋਂ ਮੈਂ ਪਹਿਲੀ ਅਵਾਜ਼ ਮਾਰੀ ਤਾਂ ਇਸ ਨੇ ਕੋਈ ਜਵਾਬ ਨਹੀਂ ਦਿੱਤਾ। ਮੈਂ ਸਮਝਿਆ ਸੁਣਿਆ ਨਹੀਂ। ਇਸ ਲਈ ਮੈਂ ਦੂਜੀ ਅਵਾਜ਼ ਮਾਰ ਦਿੱਤੀ। ਪਰ ਇਸ ਨੇ ਕਿਹਾ ਕਾਨੂੰਨ ਕਹਿੰਦਾ ਹੈ ਕਿ ਰਾਤ ਨੂੰ ਅਵਾਜ਼ ਨਹੀਂ

ਮਾਰੀ ਜਾ ਸਕਦੀ। ਪਰ ਮੈਂ ਕਹਿੰਦਾ ਹਾਂ ਕਿ ਵਾਰਡਨ ਨੂੰ ਅਵਾਜ਼ ਤਾਂ ਕਿਸੇ ਵੇਲੇ ਵੀ ਮਾਰੀ ਜਾ ਸਕਦੀ ਹੈ, ਪਰ ਇਹ ਬੂਟ ਨਹੀਂ ਪਾਏ ਜਾ ਸਕਦੇ।" ਡਿਊਟੀ ਅਫਸਰ ਨੇ ਕਿਹਾ "ਕੀ ਇਹ ਕੋਈ ਕਾਨੂੰਨ ਹੈ?" "ਹਾਂ, ਜੇਲ੍ਹ ਮੈਨੂਅਲ ਵਿਚ ਸਾਫ ਲਿਖਿਆ ਹੈ ਰਾਤ ਨੂੰ ਵਾਰਡਨ ਆਪਣੇ ਸਾਥੀ ਵਾਰਡਨ ਨਾਲ ਉੱਚੀ ਉੱਚੀ ਗੱਲਾਂ ਨਹੀਂ ਕਰੇਗਾ ਤੇ ਸੁੱਤੇ ਹੋਏ ਕੈਦੀਆਂ ਦੇ ਬਾਰਕ ਦੇ ਬਾਹਰ ਕੱਪੜੇ ਦੇ ਬੂਟ ਪਾ ਕੇ ਹੀ ਫਿਰ ਤੁਰ ਸਕਦਾ ਹੈ ਤਾਂ ਕਿ ਕੋਈ ਅਵਾਜ਼ ਨਾ ਆਵੇ ਤੇ ਕੈਦੀ ਨੂੰ ਕਿਸੇ ਤਰ੍ਹਾਂ ਦੀ ਤਕਲੀਫ ਨਾ ਹੋਵੇ।" "ਅੱਛਾ? ਮੇਰੇ ਖਿਆਲ ਵਿਚ ਤਾਂ ਕਿਤੇ ਨਹੀਂ ਲਿਖਿਆ" "ਜੇਲ੍ਹ ਮੈਨੂਅਲ ਲਿਆਓ, ਹਦਾਇਤਾਂ ਸਮੇਤ ਉਨ੍ਹਾਂ ਵਿਚ ਸਾਫ ਲਿਖਿਆ ਹੋਇਆ ਹੈ।" "ਕੱਪੜੇ ਦੇ ਬੂਟ ਨਹੀਂ ਮਿਲਦੇ ਅੱਜ ਤੱਕ ਕਦੇ ਨਹੀਂ ਮਿਲੇ"। ਡਿਊਟੀ ਅਫਸਰ ਨੇ ਕਿਹਾ। "ਫਿਰ ਮੈਂ ਕੀ ਕਰ ਸਕਦਾ ਹਾਂ? ਕਾਨੂੰਨ ਇਹ ਹੀ ਕਹਿੰਦਾ ਹੈ।" ਉਨ੍ਹਾਂ ਸਾਰਿਆਂ ਦੇ ਮਨ੍ਹਾਂ ਵਿਚ ਇਹ ਗੱਲ ਆ ਗਈ। ਸਿਰਦਰਦ ਦੀਆਂ ਗੋਲੀਆਂ ਉਨ੍ਹਾਂ ਪਤਾ ਨਹੀਂ ਕਿਥੋਂ ਲਿਆ ਕੇ ਦਿੱਤੀਆਂ। ਏਸੇ ਹੀ ਦੌਰਾਨ ਮੈਂ ਓਡੋਮਾਸ ਵੀ ਧਰਮਵੀਰ ਵੱਲ ਭਿਜਵਾ ਦਿੱਤੀ। ਡਿਊਟੀ ਅਫਸਰ ਫਿਰ ਮੈਨੂੰ ਪੁੱਛਣ ਲੱਗਾ ਤੁਹਾਨੂੰ ਯਾਦ ਹੈ ਜੇਲ੍ਹ ਮੈਨੂਅਲ ਦੇ ਕਿਸ ਸਫੇ 'ਤੇ ਇਹ ਲਿਖਿਆ ਹੋਇਆ ਹੈ? ਮੈਂ ਉਸ ਵੱਲ ਵੇਖ ਕੇ ਕਿਹਾ, "ਬਿਲਕੁਲ ਉਥੇ ਹੀ ਜਿਥੇ ਇਹ ਲਿਖਿਆ ਹੈ ਕਿ ਵਾਰਡਨ ਨੂੰ ਰਾਤ ਨੂੰ ਅਵਾਜ਼ ਨਹੀਂ ਮਾਰੀਦੀ।" ਮੇਰੀ ਇਸ ਗੱਲ 'ਤੇ ਉਹ ਖਿੜਖੜਾ ਕੇ ਹੱਸ ਪਿਆ ਤੇ ਹੱਸਦਾ ਹੱਸਦਾ ਬਾਹਰ ਚਲਾ ਗਿਆ।

ਪੰਜਾਹ ਰੁਪਏ ਦਾ ਨੋਟ ਪਾੜਨਾ

ਇਕ ਦਿਨ ਅਸੀਂ ਤਰੀਖ 'ਤੇ ਜਾ ਰਹੇ ਸਾਂ ਤੇ ਮੇਰੇ ਕੋਲ ਪੰਜਾਹ ਰੁਪਏ ਦਾ ਨੋਟ ਸੀ। ਤਲਾਸ਼ੀ ਵੇਲੇ ਉਹ ਨਿਕਲ ਆਇਆ ਤੇ ਗਾਰਦ ਮੁਖੀ ਇਸ ਗੱਲ 'ਤੇ ਅੜ ਗਿਆ ਕਿ ਇਹ ਨਾਲ ਨਹੀਂ ਲੈ ਜਾ ਸਕਦੇ। ਮੈਂ ਕਿਹਾ, "ਫਿਰ ਮੈਂ ਵਾਪਸ ਰੱਖ ਆਉਂਦਾ ਹਾਂ ਆਪਣੇ ਕਮਰੇ ਵਿਚ, ਕਿਉਂਕਿ ਮੇਰੇ ਕੋਲ ਢਾਈ ਸੌ ਰੁਪਏ ਰੱਖ ਸਕਣ ਦੀ ਅਦਾਲਤ ਕੋਲੋਂ ਲਈ ਹੋਈ ਮਨਜ਼ੂਰੀ ਹੈ।" ਪਰ ਉਹ ਮੈਨੂੰ ਵਾਪਸ ਵੀ ਨਾ ਜਾਣ ਦੇਵੇ। ਨੋਟ ਵੀ ਨਾਲ ਨਾ ਰੱਖਣ ਦੇਵੇ। ਮੈਂ ਕਿਹਾ, "ਮੈਂ ਏਥੇ ਜਮ੍ਹਾਂ ਕਰਵਾ ਦੇਂਦਾ ਹਾਂ, ਮੈਨੂੰ ਰਸੀਦ ਲੈ ਦਿਓ" ਪਰ ਉਹ ਇਸ ਗੱਲ 'ਤੇ ਵੀ ਨਾ ਮੰਨੇ। ਕਿਉਂਕਿ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਲੁੱਟ ਮਚਾਈ ਹੋਈ ਸੀ ਤੇ ਰਸੀਦ ਤੋਂ ਬਗੈਰ ਹੀ ਪੈਸੇ ਰੱਖ ਲੈਂਦੇ, ਬਾਅਦ ਵਿਚ ਅੱਧੇ ਮੋੜ ਦੇਂਦੇ ਤੇ ਅੱਧੇ ਆਪ ਰੱਖ ਲੈਂਦੇ। ਮੈਂ ਰਸੀਦ ਲੈਣ ਵਾਲੀ ਜਾਇਜ਼ ਗੱਲ 'ਤੇ ਅੜ ਗਿਆ। ਫਿਰ ਮੈਂ ਇਹ ਸੁਝਾਅ ਵੀ ਦਿੱਤਾ ਕਿ ਜੇ ਰਸੀਦ ਵੀ ਨਹੀਂ ਦੇਣੀ ਤਾਂ ਕਿਸੇ ਅਫਸਰ ਨਾਲ ਮੇਰੀ ਮੁਲਾਕਾਤ ਕਰਵਾ ਦਿਓ, ਮੈਂ ਉਸ ਨੂੰ ਦੇ ਦਿਆਂਗਾ ਤੇ ਬਾਅਦ ਵਿਚ ਉਸੇ ਕੋਲੋਂ ਹੀ ਲੈ ਲਵਾਂਗਾ। ਉਧਰ ਤਰੀਖ 'ਤੇ ਜਾਣ ਤੋਂ ਦੇਰ ਹੋ ਰਹੀ ਸੀ।

ਖੈਰ ਗੱਲ ਜਦੋਂ ਕਿਸੇ ਪਾਸੇ ਨਾ ਲੱਗੀ ਤਾਂ ਮੈਂ ਉਨ੍ਹਾਂ ਨੂੰ ਕਿਹਾ ਜੇ ਤੁਸੀਂ ਰਸੀਦ ਵੀ ਨਹੀਂ ਦੇਂਦੇ ਕਿਸੇ ਅਫਸਰ ਨਾਲ ਗੱਲ ਵੀ ਨਹੀਂ ਕਰਵਾਉਂਦੇ ਤਾਂ ਮੈਂ ਇਹ ਨੋਟ ਪਾੜ ਦਿਆਂਗਾ। ਕਿਉਂਕਿ ਮੈਨੂੰ ਪੰਜਾਹ ਦੇ ਪੰਝੀ ਲੈਣੇ ਮਨਜ਼ੂਰ ਨਹੀਂ, ਜਿਥੇ ਪੰਝੀ ਗਏ ਉਥੇ ਪੰਜਾਹ ਵੀ ਗਏ। ਉਨ੍ਹਾਂ ਸਾਰਿਆਂ ਨੇ ਇਸ ਗੱਲ ਨੂੰ ਮਜ਼ਾਕ ਸਮਝਿਆ। ਉਨ੍ਹਾਂ ਕਿਹਾ ਇਹ ਸਿੱਖ ਪੰਜਾਹ ਰੁਪਏ ਦਾ ਨੋਟ ਕਿਥੇ ਪਾੜਨ ਲੱਗਾ ਹੈ। ਕਿਉਂਕਿ ਜੇਲ੍ਹ ਵਿਚ ਭਾਵੇਂ ਕੋਈ ਕਿੱਡਾ ਵੀ ਅਮੀਰ ਕਿਉਂ ਨਾ ਹੋਵੇ, ਉਸ ਨੂੰ ਪੈਸੇ ਦੀ ਤੰਗੀ ਰਹਿੰਦੀ ਹੀ ਹੈ। ਪਰ ਉਨ੍ਹਾਂ ਨੂੰ ਪਤਾ ਹੀ ਉਦੋਂ ਲੱਗਾ ਜਦੋਂ ਮੈਂ ਨੋਟ ਦੇ ਕਈ ਟੁਕੜੇ ਕਰ ਦਿੱਤੇ। ਉਹ ਸਾਰੇ ਹੈਰਾਨ ਹੋ ਗਏ।

ਫਿਰ ਵਿਚੋਂ ਇਕ ਦੇਸ਼ ਭਗਤ ਪੁਲਿਸ ਇਸਪੈਕਟਰ ਬੋਲਿਆ "ਏਸੇ ਗੱਲ 'ਤੇ ਹੀ ਤੁਹਾਡੇ 'ਤੇ ਕੇਸ ਦਰਜ ਹੋ ਸਕਦਾ ਹੈ।" "ਫੇਰ ਕਰਾਉਂਦੇ ਕਿਉਂ ਨਹੀਂ? ਨਾਲੇ ਮੈਨੂੰ ਇਹ ਦੱਸਣ ਦਾ ਮੌਕਾ ਮਿਲ ਜਾਵੇਗਾ ਕਿ ਮੈਂ ਪੰਜਾਹ ਰੁਪਏ ਦਾ ਕਰੰਸੀ ਨੋਟ ਕਿਉਂ ਪਾੜਿਆ ਹੈ? ਅਦਾਲਤ ਵਿਚ ਮੈਨੂੰ ਇਹ ਪੁੱਛਣਾ ਕਾਫੀ ਸੌਖਾ ਹੋਵੇਗਾ ਕਿ ਰਿਸ਼ਵਤ ਦੇਣੀ ਚੰਗੀ ਹੈ ਕਿ ਨੋਟ ਪਾੜਨਾ ਚੰਗਾ ਹੈ? ਇਕ ਚੰਗਾ ਸ਼ਹਿਰੀ ਹੁੰਦਿਆਂ ਹੋਇਆਂ ਮੈਂ ਪੰਜਾਹ ਰੁਪਏ ਦਾ ਨੁਕਸਾਨ ਤਾਂ ਝੱਲ ਸਕਦਾ ਹਾਂ, ਪਰ ਕਿਸੇ ਨੂੰ ਰਿਸ਼ਵਤ ਦੇ ਕੇ ਉਸ ਦੀਆਂ ਆਦਤਾਂ ਵਿਗਾੜਨ ਨੂੰ ਪਾਪ ਸਮਝਦਾ ਹਾਂ।" ਇਕ ਵਾਰ ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਵਿਚ ਇਕ ਗਾਂ ਦੇ ਵੱਛੇ ਨੂੰ ਕੋਈ ਬਿਮਾਰੀ ਸੀ। ਉਹ ਵੱਛਾ ਏਨਾ ਤਕਲੀਫ ਵਿਚ ਸੀ ਕਿ ਸਾਰਾ ਦਿਨ ਦਰਦ ਨਾਲ ਆੜਿੰਗਦਾ ਰਹਿੰਦਾ। ਇਕ ਦਿਨ ਗਾਂਧੀ ਜੀ ਨੇ ਇਕ ਡਾਕਟਰ ਨੂੰ ਕਿਹਾ ਇਸ ਵੱਛੇ ਨੂੰ ਜ਼ਹਿਰ ਦਾ ਟੀਕਾ ਲਾ ਦਿਓ। ਡਾਕਟਰ ਨੇ ਕਿਹਾ, "ਜੀ ਇਹ ਤਾਂ ਹਿੰਸਾ ਹੋ ਜਾਵੇਗੀ ਤੇ ਤੁਹਾਨੂੰ ਪਾਪ ਲੱਗੇਗਾ"। ਗਾਂਧੀ ਜੀ ਨੇ ਕਿਹਾ, "ਮੈਂ ਪਾਪ ਝੱਲ ਲਵਾਂਗਾ ਪਰ ਇਸ ਦੀ ਤਕਲੀਫ ਨਹੀਂ ਝੱਲ ਸਕਦਾ"। ਮੇਰੀ ਇਹ ਗੱਲ ਸੁਣ ਕੇ ਉਹ ਮੋਟਾ ਇੰਸਪੈਕਟਰ ਵੀ ਚੁੱਪ ਹੋ ਗਿਆ। ਦੂਜਾ ਇੰਸਪੈਕਟਰ ਮੇਰੇ ਹੱਥ ਵਿਚ ਫੜੇ ਰਿੱਟ ਦੇ ਕਾਗਜ਼ ਫੜ ਕੇ ਪੜ੍ਹਨ ਲੱਗ ਪਿਆ ਤੇ ਫੇਰ ਮੈਨੂੰ ਮੋੜ ਦਿੱਤੇ, ਨਾਲੇ ਕਿਹਾ, "ਹੁਣ ਇਹ ਨਾ ਪਾੜ ਦੇਣੇ। ਤੁਹਾਥੋਂ ਸਿੱਖਾਂ ਤੋਂ ਬਾਬਾ ਸਭ ਸੱਚ ਹੈ, ਕਮਾਲ ਹੋਈ ਹੋਈ ਆ ਇਨ੍ਹਾਂ ਦੀ"। ਆਖ ਕੇ ਪਰੇ ਨੂੰ ਚਲਾ ਗਿਆ।

ਜੇਲ੍ਹ ਤੇ ਘਰ ਦਾ ਅੰਤਰ ਇਹ ਹੈ ਕਿ ਜੇਲ੍ਹ ਵਿਚ ਤੁਹਾਡੇ ਸੋਚੇ ਹੋਏ ਕੰਮ ਤੋਂ ਉਲਟ ਕੀਤਾ ਜਾਵੇਗਾ। ਇਹ ਜੇਲ੍ਹ ਅਫਸਰਾਂ ਤੇ ਕਰਮਚਾਰੀਆਂ ਦਾ ਸੁਭਾਅ ਹੀ ਬਣ ਚੁੱਕਾ ਹੈ ਤੇ ਬਣ ਕੇ ਪੱਕ ਚੁੱਕਾ ਹੁੰਦਾ ਹੈ। ਮੰਨ ਲਓ, ਤੁਸੀਂ ਕਹੋ ਕਿ ਮੈਨੂੰ ਮੁਸ਼ੱਕਤੀ ਨਹੀਂ ਚਾਹੀਦਾ ਤਾਂ ਕਹਿਣਗੇ ਇਹ ਤੁਹਾਡੇ ਨਾਲ ਲਾ ਦਿੱਤਾ ਹੈ, ਕੰਮ ਭਾਵੇਂ ਕਰਾਓ ਭਾਵੇਂ ਨਾ, ਮੁਸ਼ੱਕਤੀ ਲੈਣਾ ਪਵੇਗਾ। ਪਰ ਜੇ ਕਹੋ ਕਿ ਮੇਰੇ ਕੋਲ ਕੋਈ ਮੁਸ਼ੱਕਤੀ ਨਹੀਂ, ਮੈਨੂੰ ਦਿੱਤਾ ਜਾਵੇ ਤਾਂ ਕਹਿਣਗੇ ਤੁਹਾਨੂੰ ਕੀ ਲੋੜ ਹੈ ਮੁਸ਼ੱਕਤੀ ਦੀ? ਰਾਸ਼ਨ ਲੈਣ ਲਗਿਆਂ ਜੇ ਕਹੋ ਮੈਂ ਆਹ ਹਲਵਾਕੱਦੂ ਨਹੀਂ ਲੈਣਾ, ਇਸ ਦੇ ਵੱਟੇ ਮੈਨੂੰ ਆਲੂ ਦੇ ਦਿਓ ਜਾਂ ਦਾਲ ਦੇ ਦਿਓ ਤਾਂ ਕਹਿਣਗੇ, ਨਹੀਂ ਜੀ, ਅਸੀਂ ਹੋਰ ਕੀਹਨੂੰ ਦੇਈਏ? ਲੈਣਾ ਪਵੇਗਾ। ਜੇ ਕਹੀਏ, ਮੈਂ ਲੈਣਾ ਹੀ ਹਲਵਾਕੱਦੂ ਹੈ ਤਾਂ ਕਹਿਣਗੇ ਤੁਸੀਂ ਦਾਲ ਕਿਉਂ ਨਹੀਂ ਲੈ ਲੈਂਦੇ? ਅੱਜ ਹਲਵਾਕੱਦੂ ਆਇਆ ਹੀ ਘੱਟ ਹੈ। ਗੱਲ ਕੀ ਪੁੱਠੇ ਪਾਸੇ ਨੂੰ ਜ਼ਰੂਰ ਜਾਣਾ ਹੈ। ਸਿਆਣੇ ਕੈਦੀ ਜੇਲ੍ਹ ਦੇ ਤਜਰਬੇ ਨਾਲ ਸਭ ਸਿਖ ਜਾਂਦੇ ਹਨ। ਉਹ ਫਿਰ ਖੋਤੇ ਨੂੰ ਬੇੜੀ 'ਤੇ ਚੜ੍ਹਾਉਣ ਵਾਂਗ ਪਿੱਛਾ ਬੇੜੀ ਵੱਲ ਕਰਕੇ ਖੋਤੇ ਨੂੰ ਅੱਗੇ ਨੂੰ ਖਿਚਦੇ ਹਨ ਤੇ ਖੋਤਾ ਆਪਣੇ ਸੁਭਾਅ ਅਨੁਸਾਰ ਅੱਗੇ ਨੂੰ ਆਉਣ ਦੀ ਥਾਂ ਪਿਛਾਂਹ ਨੂੰ ਜਾਂਦੇ ਤੇ ਪਿਛੇ ਖੜੀ ਬੇੜੀ 'ਤੇ ਚੜ੍ਹ ਜਾਂਦਾ ਹੈ। ਕੁਝ ਏਦਾਂ ਦਾ ਹੀ ਸੁਭਾਅ ਇਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਹੁੰਦਾ ਹੈ। ਪੈਸੇ ਖਰਚ ਕਰਕੇ ਜੇਲ੍ਹ ਵਿਚ ਕਾਫੀ ਮਨਮਰਜੀ ਕੀਤੀ ਜਾ ਸਕਦੀ ਹੈ। ਤਨਖਾਹਾਂ ਥੋੜੀਆਂ ਹਨ। ਸੋ ਇਹ ਸਾਰੇ ਪੈਸੇ ਦੇ ਲਾਲਚ ਵਿਚ ਫਸੇ ਰਹਿੰਦੇ ਹਨ। ਪੈਸੇ ਖਰਚ ਕਰਨ ਵਾਲੇ ਨੂੰ ਕੋਈ ਤੰਗੀ ਨਹੀਂ ਆਉਂਦੀ। ਇਕ ਹੋਰ ਅਸੂਲ ਇਹ ਹੈ ਕਿ ਦਿਲ ਛੋਟਾ ਕਰਕੇ ਕਦੇ ਵੀ ਕੈਦ ਨਹੀਂ ਕੱਟੀ ਜਾ ਸਕਦੀ।

ਜੇਲ੍ਹ ਵਿਚ ਆਦਮੀ ਨੂੰ ਪੜ੍ਹਦੇ ਜ਼ਰੂਰ ਰਹਿਣਾ ਚਾਹੀਦਾ ਹੈ। ਜੇ ਕੋਈ ਪੜ੍ਹਨ ਵਾਲਾ ਹੋਵੇ ਤਾਂ ਜੇਲ੍ਹ ਵਿਚੋਂ ਐਮ.ਏ. ਕਰਕੇ ਨਿਕਲ ਸਕਦਾ ਹੈ। ਕਿਉਂਕਿ ਪੜ੍ਹਨ 'ਚ ਕੋਈ

ਰੁਕਾਵਟ ਨਹੀਂ ਹੋ ਸਕਦੀ। ਬੰਦਾ ਜਿੰਨਾ ਮਰਜੀ ਪੜ੍ਹ ਸਕਦਾ ਹੈ। ਜੇਲ੍ਹ ਦੇ ਮੁਕੱਦਮੇ ਅਧੀਨ ਹਵਾਲਾਤੀ ਵਾਸਤੇ ਇਹ ਹੈ ਕਿ ਉਹ ਅਦਾਲਤ ਨੂੰ ਬੇਨਤੀ ਕਰਕੇ ਕੋਈ ਵੀ ਸਹੂਲਤ ਪ੍ਰਾਪਤ ਕਰ ਸਕਦਾ ਹੈ। ਜਿਵੇਂ ਪੈਸੇ ਆਪਣੇ ਕੋਲ ਰੱਖਣ ਦੀ ਸਹੂਲਤ, ਮੈਡੀਕਲ ਦੀ ਕੋਈ ਖਾਸ ਸਹੂਲਤ, ਜਿਵੇਂ ਇਲਾਜ ਬਾਹਰ ਕਰਵਾਉਣ ਲਈ ਖੁੱਲ੍ਹ ਜਾਂ ਕੋਈ ਹੋਰ ਵਿਸ਼ੇਸ਼ ਸਹੂਲਤ। ਟੈਲੀਵਿਜ਼ਨ, ਰੇਡੀਓ, ਅਖ਼ਬਾਰ ਵਗੈਰਾ ਦੀ ਸਹੂਲਤ। ਹੁੰਦਾ ਇਹ ਹੈ ਕਿ ਟੀ.ਵੀ. ਅੰਦਰ ਤਾਂ ਆ ਸਕਦਾ ਹੈ ਪਰ ਬਾਹਰ ਨਹੀਂ ਜਾ ਸਕਦਾ। ਪਰ ਅਕਲ ਵਾਲੇ ਇਹ ਵੀ ਕਰ ਲੈਂਦੇ ਹਨ। ਪਹਿਲਾਂ ਟੀ.ਵੀ. ਬਾਹਰ ਠੀਕ ਹੋਣ ਲਈ ਭੇਜਦੇ ਹਨ ਤੇ ਮਗਰੋਂ ਆਪ ਰਿਹਾ ਹੋ ਕੇ ਚਲੇ ਜਾਂਦੇ ਹਨ ਤੇ ਗੱਲ ਖਤਮ। ਕੋਈ ਵੀ ਦਰਖ਼ਾਸਤ ਅਦਾਲਤ ਨੂੰ ਦੇਣੀ ਹੋਵੇ ਤਾਂ ਸਾਦੇ ਕਾਗਜ਼ 'ਤੇ ਹੀ ਹੱਥ ਨਾਲ ਲਿਖ ਕੇ ਦਿੱਤੀ ਜਾ ਸਕਦੀ ਹੈ। ਏਥੋਂ ਤੱਕ ਕਿ ਹਾਈਕੋਰਟ ਵਿਚ ਰਿਟ ਵੀ ਜੇਲ੍ਹ ਵਿਚੋਂ ਲਿਖ ਕੇ ਭੇਜੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਇਨ੍ਹਾਂ ਰਿੱਟਾਂ ਦੀ ਸੁਣਵਾਈ ਹੁੰਦੀ ਹੈ। ਕੋਈ ਕੋਰਟ ਫ਼ੀਸ ਵਗੈਰਾ ਜੇਲ੍ਹ ਵਿਚ ਲਾਉਣ ਦੀ ਲੋੜ ਨਹੀਂ ਹੁੰਦੀ। ਮੁਖਤਾਰਨਾਮਾ ਆਮ ਜਾਂ ਖਾਸ ਜਾਂ ਕੋਈ ਹੋਰ ਦਸਤਾਵੇਜ ਜੇਲ੍ਹ ਸੁਪਰਡੈਂਟ ਦਾ ਅਟੈਸਟ ਕੀਤਾ ਹੋਇਆ, ਉਸੇ ਤਰ੍ਹਾਂ ਹੀ ਬਾਹਰ ਚੱਲਦਾ ਹੈ, ਜਿਵੇਂ ਰਜਿਸਟਰਾਰ ਦਾ ਅਟੈਸਟ ਕੀਤਾ ਹੋਇਆ ਹੋਵੇ।

ਇਕ ਗੱਲ ਹੋਰ ਇਹ ਹੈ ਕਿ ਜੇਲ੍ਹ ਵਿਚ ਲੱਗੀ ਯਾਰੀ ਬੰਦਾ ਕਦੀ ਨਹੀਂ ਭੁੱਲ ਸਕਦਾ। ਜੇਲ੍ਹ ਦੀ ਵਾਕਫੀਅਤ ਵੀ ਝੱਟ ਯਾਦ ਆ ਜਾਂਦੀ ਹੈ। ਭਾਵੇਂ ਕੋਈ ਕਿੱਡਾ ਵੀ ਵੱਡਾ ਕਿਉਂ ਨਾ ਬਣ ਜਾਵੇ। ਆਪਣੇ ਜੇਲ੍ਹ ਦੇ ਕਿਸੇ ਸਾਥੀ ਨੂੰ ਵੇਖੇਗਾ ਤਾਂ ਝੱਟ ਯਾਦ ਆ ਜਾਵੇਗਾ ਕਿ ਇਹ ਤਾਂ ਮੇਰੇ ਨਾਲ ਫਲਾਣੀ ਜੇਲ੍ਹ ਵਿਚ ਰਿਹਾ ਸੀ। ਕਦੀ ਇਹ ਨਹੀਂ ਹੋ ਸਕਦਾ ਕਿ ਉਸ ਨੂੰ ਜੇਲ੍ਹ ਦਾ ਹਵਾਲਾ ਦਿੱਤਿਆਂ ਵੀ ਯਾਦ ਨਾ ਆਵੇ। ਉਵੇਂ ਘੇਸ ਭਾਵੇਂ ਵਟ ਲਵੇ ਪਰ ਚੇਤਾ ਉਸ ਨੂੰ ਫੱਟ ਆ ਜਾਵੇਗਾ ਕਿ ਇਸ ਦਾ ਨਾਂ ਫਲਾਣਾ ਹੈ ਤੇ ਫਲਾਣੀ ਜੇਲ੍ਹ ਵਿਚ ਇਹ ਇਸ ਜੁਰਮ ਵਿਚ ਆਇਆ ਸੀ। ਕਹਿੰਦੇ ਹਨ ਜੇਲ੍ਹ ਵਿਚ ਲੱਗੀ ਯਾਰੀ ਘੱਟ ਹੀ ਟੁੱਟਦੀ ਹੈ।

ਜੇਲ੍ਹ ਵਿਚ ਨੌਕਰੀ ਕਰਨ ਵਾਲਾ ਕਰੀਬ 80 ਫੀਸਦੀ ਸਟਾਫ ਸਿੱਧਾ ਨਸ਼ਿਆਂ ਦਾ ਆਦੀ ਹੈ। ਬਲਕਿ ਜੇਲ੍ਹ ਵਿਚ ਬਾਹਰੋਂ ਨਸ਼ੀਲੀਆਂ ਵਸਤਾਂ ਲੈ ਕੇ ਹੀ ਇਹ ਆਉਂਦੇ ਹਨ। ਸ਼ਰਾਬ ਤਾਂ ਕਰੀਬ ਸਾਰੇ ਹੀ ਪੀਂਦੇ ਹਨ। ਤਿਹਾੜ ਜੇਲ੍ਹ ਵਿਚ ਸਿੱਖ ਮੁਲਾਜ਼ਮ ਸ਼ਾਇਦ ਕੋਈ ਨਹੀਂ। ਇਕ ਦਿਨ ਇਕ ਸਿੱਖ ਵਾਰਡਨ ਨੂੰ ਮੈਂ ਹਸਪਤਾਲ ਵੇਖਿਆ, ਪਤਾ ਨਹੀਂ ਉਹ ਵਾਰਡਨ ਸੀ ਜਾਂ ਕਿਸੇ ਅਫ਼ਸਰ ਦੀ ਜੀਪ ਦਾ ਡਰਾਈਵਰ ਸੀ। ਚੰਗੀ ਤਰ੍ਹਾਂ ਪਤਾ ਨਹੀਂ ਕਰ ਸਕਿਆ। ਵਾਰਡਨ ਦੇ ਜਾਂ ਕਿਸੇ ਹੋਰ ਦੇ ਹੱਥ ਵਿਚ ਕੋਈ ਸੋਟੀ ਜਾਂ ਸੋਟਾ ਵਗੈਰਾ ਨਹੀਂ ਹੁੰਦਾ ਤੇ ਨਾ ਕਾਨੂੰਨਨ ਹੋ ਹੀ ਸਕਦਾ ਹੈ। ਟੀ.ਸੀ.ਪੀ. ਵਾਲੀਆਂ ਗਾਰਦਾਂ ਕੋਲ ਹਥਿਆਰ ਹੁੰਦੇ ਹਨ, ਪਰ ਉਹ ਜੇਲ੍ਹ ਦੇ ਅੰਦਰ ਨਹੀਂ ਆ ਸਕਦੇ। ਕੋਠਰੀਆਂ ਜਾਂ ਵਾਰਡਾਂ ਨੂੰ ਲੱਗਣ ਵਾਲੇ ਜ਼ਿੰਦਰੇ ਪੁਰਾਣੇ ਸਮੇਂ ਦੇ ਰੋਪੜੀ ਜ਼ਿੰਦਰਿਆਂ ਵਰਗੇ ਹਨ ਤੇ ਚਾਬੀਆਂ 'ਤੇ ਨੰਬਰ ਲੱਗੇ ਹੁੰਦੇ ਹਨ ਤਾਂ ਕਿ ਜਿੰਦਰਾਂ ਖੋਲ੍ਹਣ ਬੰਦ ਕਰਨ ਦੀ ਸਹੂਲਤ ਰਹੇ। ਨਵੇਂ ਬੰਦੇ ਲਈ ਅੱਠ-ਦਸ ਦਿਨ ਜ਼ਰਾ ਔਖੇ ਹੁੰਦੇ ਹਨ, ਉਹ ਵੀ ਪਹਿਲੀ ਵਾਰ ਜੇਲ੍ਹ ਆਏ ਲਈ। ਜੋ ਆਦੀ ਹੋ ਜਾਂਦੇ ਹਨ, ਉਨ੍ਹਾਂ ਨੂੰ ਤਾਂ ਕੋਈ ਫਰਕ ਹੀ ਨਹੀਂ ਹੁੰਦਾ।

ਜੇਲ੍ਹ ਵਿਚ ਇਕ ਕੰਟੀਨ ਵੀ ਹੁੰਦੀ ਹੈ, ਆਮ ਤੌਰ 'ਤੇ ਉਹ ਕੰਟੀਨ ਕੈਦੀ ਹੀ

ਚਲਾਇਆ ਕਰਦੇ ਹਨ, ਪਰ ਤਿਹਾੜ ਜੇਲ੍ਹ ਵਿਚ ਕੰਟੀਨ ਇਕ ਹੈੱਡ ਵਾਰਡਨ ਚਲਾਉਂਦਾ ਹੈ। ਉਸ ਦੇ ਮੁਨਾਫੇ ਦੇ ਪੈਸੇ ਕੈਦੀਆਂ ਦੇ ਭਲਾਈ ਫੰਡ ਵਿਚ ਜਾਂਦੇ ਹਨ। ਸੁਣਿਆ ਹੈ ਪੰਜਾਬ-ਵਿਚ ਵੀ ਏਸੇ ਤਰ੍ਹਾਂ ਹੀ ਹੈ। ਇਕ ਜੇਲ੍ਹ ਅਫ਼ਸਰ ਦੱਸਦਾ ਸੀ ਕਿ ਏਥੇ ਵੀ ਜਲਦੀ ਹੀ ਇਸ ਤਰ੍ਹਾਂ ਹੋ ਜਾਵੇਗਾ। ਤਿਹਾੜ ਜੇਲ੍ਹ ਵਿਚ ਫਾਂਸੀ ਕੋਠੀ ਤਿੰਨ ਨੰਬਰ ਜੇਲ੍ਹ ਵਿਚ ਹੈ, ਜਿਥੇ ਅਸੀਂ ਰਹਿੰਦੇ ਸਾਂ। ਇਸ ਵਾਰਡ ਦਾ ਡਰ ਲੋਕਾਂ ਉੱਤੇ ਛਾਇਆ ਹੋਇਆ ਹੈ। ਤਿੰਨਾਂ ਹੀ ਜੇਲ੍ਹਾਂ ਦੇ ਫਾਂਸੀ ਸਜ਼ਾ ਵਾਲੇ ਇਸ ਵਾਰਡ ਵਿਚ ਆਉਂਦੇ ਹਨ। ਜਦੋਂ ਦੇ ਅਸੀਂ ਏਥੇ ਗਏ ਸਾਂ, ਕਦੇ ਅਲਾਰਮ ਨਹੀਂ ਸੀ ਹੋਇਆ। ਇਕ ਦਿਨ ਇਕ ਨੰਬਰ ਜੇਲ੍ਹ ਵਿਚ ਅਲਾਰਮ ਹੋ ਗਿਆ। ਦੋਹ ਮਾਫੀਆ ਗਰੁੱਪਾਂ ਦੀ ਆਪਸੀ ਲੜਾਈ ਸੀ। ਦੋਵੇਂ ਹੀ ਪੈਸੇ ਲੈ ਕੇ ਕੰਮ ਕਰਨ ਵਾਲੇ ਗਰੁੱਪ ਸੁਣੇ ਹਨ। ਅਲਾਰਮ ਤੋਂ ਬਾਅਦ ਕੋਈ ਅੱਧੇ ਕੁ ਘੰਟੇ ਬਾਅਦ ਦੋ ਬੰਦੇ ਇਸ ਵਾਰਡ ਵਿਚ ਪਹੁੰਚ ਗਏ ਤੇ ਬਾਕੀ ਦੇ ਦੋ ਹਸਪਤਾਲ ਪਹੁੰਚ ਗਏ। ਫਾਂਸੀ ਕੋਠੀ ਏਥੇ ਹੋਣ ਕਰਕੇ, ਕਈ ਲੋਕ ਇਸ ਨੂੰ ਵੇਖਣ ਤੁਰੇ ਹੀ ਰਹਿੰਦੇ ਸਨ। ਪਰ ਹੁਣ ਕਾਫੀ ਸਮੇਂ ਤੋਂ ਏਥੇ ਕੋਈ ਨਹੀਂ ਆਇਆ। ਪਹਿਲਾਂ-ਪਹਿਲਾਂ ਤਾਂ ਦਿਨ ਵਿਚ ਇਕ ਅੱਧ ਵਾਰ ਫਾਂਸੀ ਕੋਠੀ ਦਾ ਦਰਵਾਜ਼ਾ ਜ਼ਰੂਰ ਹੀ ਖੁਲ੍ਹਦਾ। ਜਿਹੜੇ ਨਵੇਂ ਅਫ਼ਸਰ, ਏ.ਐਸ.ਓ. ਸੇਲ ਟੈਕਸ ਦੇ ਮਹਿਕਮੇ ਵਿਚੋਂ ਆਏ ਸਨ, ਪਹਿਲਾਂ-ਪਹਿਲਾਂ ਤਾਂ ਉਹ ਹੀ ਫਾਂਸੀ ਕੋਠੀ ਵੇਖਣ ਤੁਰੇ ਰਹਿੰਦੇ ਸਨ। ਫਿਰ ਕਈਆਂ ਦੇ ਰਿਸ਼ਤੇਦਾਰ ਵੇਖਣ ਆ ਜਾਂਦੇ ਸਨ। ਪਰ ਹੁਣ ਡਰਦੇ ਘੱਟ ਹੀ ਲਿਆਉਂਦੇ ਹਨ। ਸਾਡੇ ਜਾਣ ਤੋਂ ਬਾਅਦ ਫੇਰ ਭਾਵੇਂ ਵੇਖਣ ਆਇਆ ਕਰਨ। ਇਕ ਦਿਨ ਅਸਾਂ ਹਾਸੇ ਨਾਲ ਹੀ ਫਾਂਸੀ ਦੇ ਤਿੰਨਾਂ ਮੁਲਾਜ਼ਮਾਂ ਨੂੰ ਕਹਿ ਦਿੱਤਾ ਕਿ "ਫਾਂਸੀ ਕੋਠੀ ਖੋਲ੍ਹ ਕੇ ਅਧਿਕਾਰੀ ਗਲਤ ਕੰਮ ਕਰਦੇ ਹਨ, ਪੰਜਾਬ ਵਿਚ ਇਸ ਤਰ੍ਹਾਂ ਕੈਦੀ ਕਦੇ ਨਹੀਂ ਖੁਲ੍ਹਣ ਦੇਂਦੇ (ਖਾਸਕਰ ਫਾਂਸੀ ਦੇ ਮੁਲਜ਼ਮ) ਕਿਉਂਕਿ ਇਹ ਜਦੋਂ ਖੁਲ੍ਹਦੀ ਹੈ ਤਾਂ ਬੰਦਾ ਮੰਗਦੀ ਹੈ। ਇਸ ਲਈ ਇਹ ਖੁਲ੍ਹਣੀ ਨਹੀਂ ਚਾਹੀਦੀ। ਇਸ ਦਾ ਫੌਰੀ ਅਸਰ ਹੋਇਆ ਤੇ ਉਹ ਫਾਂਸੀ ਕੋਠੀ ਵੇਖਣ ਆਇਆਂ ਦੇ ਗੱਲ ਪੈ ਗਏ।" ਸਾਨੂੰ ਇਹ ਵੇਖ ਕੇ ਬੜਾ ਮਜ਼ਾ ਆਇਆ। ਸਾਨੂੰ ਇਸ ਤਰ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਨਾਲ ਹੀ ਖੁਸ਼ੀ ਮਿਲ ਜਾਂਦੀ ਸੀ। ਵੈਸੇ ਵੀ ਖੁਸ਼ੀ ਟਰੱਕਾਂ ਵਿਚ ਭਰ ਕੇ ਨਹੀਂ ਲਿਆਂਦੀ ਜਾ ਸਕਦੀ। ਖੁਸ਼ ਰਹਿਣ ਲਈ ਖੁਸ਼ੀ ਦੇ ਮੌਕੇ ਆਪ ਹੀ ਲੱਭਣੇ ਪੈਂਦੇ ਹਨ।

ਭੁੱਖ ਹੜਤਾਲ ਦਾ ਹਥਿਆਰ

ਇਕ ਵਾਰ ਸਾਨੂੰ ਫਿਰ ਭੁੱਖ ਹੜਤਾਲ ਰੱਖਣੀ ਪੈ ਗਈ। ਇਸ ਵਾਰ ਅਸਾਂ ਭੁੱਖ ਹੜਤਾਲ ਦਾ ਬੜਾ ਨਿਰਾਲਾ ਤਰੀਕਾ ਵਰਤਿਆ। ਪਹਿਲਾਂ ਬਾਹਰ ਜਾਮਣ ਦੇ ਬੂਟੇ ਥੱਲੇ ਚੁੱਲ੍ਹਾ ਬਣਾਇਆ, ਫੇਰ ਉਸ 'ਤੇ ਲੋਹ ਰੱਖੀ। ਫੇਰ ਉਤੇ ਪਤੀਲੇ, ਥਾਲੀਆਂ ਗਲਾਸ ਤੇ ਪਰਾਤਾਂ ਚਿਣ ਦਿੱਤੀਆਂ ਤੇ ਆਪ ਆਲੇ-ਦੁਆਲੇ ਸਟੂਲਾਂ 'ਤੇ ਧੁੱਪੇ ਬੈਠ ਗਏ। ਇਕ ਅਧਿਕਾਰੀ ਆਇਆ ਤੇ ਉਸਨੇ ਕਿਹਾ, "ਇਨ੍ਹਾਂ ਚੀਜ਼ਾਂ ਨੂੰ ਚੁੱਕ ਕੇ ਅੰਦਰ ਰੱਖ ਲਓ"। ਅਸਾਂ ਕਿਹਾ, "ਅਸਾਂ ਬਾਹਰ ਕੱਢ ਦਿੱਤੀਆਂ ਹਨ, ਤੁਸੀਂ ਰਖਵਾ ਲਓ"। ਉਸ ਨੇ ਕੋਲ ਖੜ੍ਹੇ ਹੈੱਡ ਵਾਰਡਨ ਨੂੰ ਕਿਹਾ, "ਸੀਟੀ ਵਜਾ ਕੇ ਅਲਾਰਮ ਕਰਵਾ"। ਅਜੇ ਉਸ ਏਨਾ ਕਿਹਾ ਹੀ ਸੀ ਕਿ ਸਾਡੇ ਇਕ ਸਾਥੀ ਅਵਤਾਰ ਸਿੰਘ ਘੁੱਲੇ ਨੇ ਵਿਚੋਂ ਹੀ ਪੁੱਛ ਲਿਆ, "ਅਲਾਰਮ ਕਾਹਦੇ ਲਈ, ਭਾਂਡੇ ਚੁਕਵਾਉਣ ਲਈ?" ਇਹ ਸੁਣ ਕੇ ਉਸ ਨੂੰ ਹੋਰ ਵੀ ਅੱਗ ਲੱਗ ਗਈ। ਸਾਡੇ ਇਕ ਹੋਰ ਸਾਥੀ ਨੇ ਕਿਹਾ, "ਅਲਾਰਮ ਤਾਂ ਕਰਵਾ ਲਓਗੇ, ਪਰ

ਮਗਰੋਂ ਦੇ ਨਤੀਜਿਆਂ ਲਈ ਤਿਆਰ ਹੋ? ਜਦੋਂ ਅਦਾਲਤੀ ਪੁੱਛਗਿੱਛ ਹੋਈ ਕੀ ਆਖੋਗੇ? ਭਾਂਡੇ ਨਹੀਂ ਸੀ ਚੁੱਕਦੇ, ਇਸ ਲਈ ਅਲਾਰਮ ਕਰਵਾਇਆ ਹੈ"। ਉਹ ਅਫ਼ਸਰ ਬਹੁਤ ਹੀ ਸ਼ਰਮਿੰਦਾ ਹੋ ਗਿਆ ਤੇ ਕੁਰਸੀ ਮੰਗਵਾ ਕੇ ਉਥੇ ਹੀ ਸਾਡੇ ਕੋਲ ਬੈਠ ਗਿਆ। ਪਹਿਲਾਂ ਅਸੀਂ ਉਸ ਦੇ ਆਉਣ 'ਤੇ ਉਠ ਕੇ ਨਹੀਂ ਖਲੋਤੇ, ਜਦੋਂ ਉਸ ਨੇ ਬੈਠ ਕੇ ਸਿਗਰਟ ਸੁਲਗਾ ਲਈ ਤਾਂ ਅਸੀਂ ਉਠ ਖਲੋਤੇ ਤੇ ਪਰ੍ਹੇ ਨੂੰ ਤੁਰ ਪਏ। ਉਸ ਨੇ ਕਿਹਾ, "ਮੈਂ ਤੁਹਾਡੇ ਨਾਲ ਗੱਲ ਕਰਨ ਆਇਆ ਹਾਂ ਤੇ ਤੁਸੀਂ ਉਠ ਕੇ ਪਰ੍ਹੇ ਚਲੇ ਗਏ ਹੋ, ਕੀ ਇਹ ਹੀ ਤੁਹਾਡੇ ਸਾਰਿਆਂ ਦਾ ਬੀ ਕਲਾਸ ਹੋਣ ਦਾ ਸਲੀਕਾ ਹੈ?" ਅਸਾਂ ਕਿਹਾ, "ਅਸੀਂ ਸਿੱਖ ਹਾਂ ਤੇ ਬੀੜੀ ਸਿਗਰਟ ਨੂੰ ਨਫਰਤ ਕਰਦੇ ਹਾਂ ਤੇ ਤੁਸੀਂ ਸਾਡੇ ਨਾਲ ਗੱਲ ਕਰਨ ਆਏ ਹੋ ਕਿ ਸਾਨੂੰ ਸਿਗਰਟਾਂ ਪੀ ਕੇ ਵਿਖਾਉਣ ਆਏ ਹੋ?" ਉਸਨੇ ਆਪਣੀ ਗਲਤੀ ਮਹਿਸੂਸ ਕਰਦਿਆਂ, ਸਿਗਰਟ ਬੂਟ ਥੱਲੇ ਸੁੱਟ ਕੇ, ਮਸਲ ਕੇ ਬੁਝਾ ਦਿੱਤੀ। ਹੁਣ ਉਸਦਾ ਦਿਮਾਗ ਕਾਫੀ ਟਿਕਾਣੇ ਆ ਗਿਆ ਸੀ। ਉਸ ਨੇ ਸਾਨੂੰ ਪੁਛਿਆ, "ਤੁਹਾਨੂੰ ਪਤਾ ਹੈ ਭੁੱਖ ਹੜਤਾਲ ਕਰਨੀ ਜੇਲ੍ਹ ਵਿਚ ਜੁਰਮ ਹੈ?"

ਅਸੀਂ - "ਪਤਾ ਹੈ, "ਤਾਂ ਹੀ ਤੇ ਕੀਤੀ ਹੈ ਤਾਂ ਕਿ ਤੁਸੀਂ ਸਾਡੇ 'ਤੇ ਕੇਸ ਰਜਿਸਟਰ ਕਰਵਾ ਸਕੋ।"

ਡਿਪਟੀ - "ਤੁਹਾਨੂੰ ਬਾਰ-ਬਾਰ ਭੁੱਖ ਹੜਤਾਲ ਰੱਖਣ ਦਾ ਸ਼ੌਕ ਕਿਉਂ ਹੈ?"

ਅਸੀਂ - "ਅਸਾਂ ਇਹ ਸ਼ੌਕ ਤੁਹਾਡੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਕੋਲੋਂ ਸਿੱਖਿਆ ਹੈ। ਉਸ ਨੇ ਆਪਣੀ ਜ਼ਿੰਦਗੀ ਦਾ ਇਕ ਬਟੇ ਸੱਤਵਾਂ ਹਿੱਸਾ ਭੁੱਖ ਹੜਤਾਲ ਨਾਲ ਕਢਿਆ ਹੈ ਤੇ ਸਾਨੂੰ ਏਥੇ ਇਸ ਕਰਕੇ ਲੋੜ ਹੈ ਕਿ ਹੋਰ ਅਸੀਂ ਇਸ ਪੰਦਰਾਂ ਫੁੱਟ ਉੱਚੀ ਚਾਰਦੀਵਾਰੀ ਵਿਚ ਕੁਝ ਕਰ ਨਹੀਂ ਸਕਦੇ। ਵੈਸੇ ਸਾਨੂੰ ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਤਾਂ ਭੁੱਖ ਹੜਤਾਲ ਤੋਂ ਉਲਟ ਹੈ। ਅਸੀਂ ਤਾਂ ਸਗੋਂ ਤੁਹਾਡੇ ਪਿਤਾ ਨੂੰ ਏਥੇ ਯਾਦ ਕਰ ਰਹੇ ਹਾਂ।" ਉਸਦਾ ਹਾਸਾ ਨਿਕਲ ਗਿਆ। ਅਸਾਂ ਕਿਹਾ ਉਸ ਦਾ ਕੁਲ ਵਜਨ ਸਾਢੇ ਇਕੱਤੀ ਕਿਲੋ ਸੀ (ਸੇਰ) ਤੇ ਤੁਸੀਂ ਕਹਿੰਦੇ ਹੋ, ਉਹ ਸਾਨੂੰ ਭੁੱਖ ਹੜਤਾਲ ਨਾਲ ਹੀ ਅਜ਼ਾਦੀ ਲੈ ਕੇ ਦੇ ਗਿਆ ਹੈ। ਜੇ ਅੰਗਰੇਜ਼ ਅਫ਼ਸਰ ਉਸ ਦੇ ਇਕ ਚਪੇੜ ਮਾਰ ਦੇਂਦੇ ਤਾਂ ਬਾਪੂ ਜੀ ਸਵਰਗਵਾਸ ਹੋ ਸਕਦੇ ਸਨ। ਪਰ ਉਨ੍ਹਾਂ ਨੇ ਏਡੇ-ਏਡੇ ਅੰਦੋਲਨ ਉਨ੍ਹਾਂ ਦੇ ਖਿਲਾਫ ਚਲਾਉਣ 'ਤੇ ਵੀ ਕੁਝ ਨਹੀਂ ਕਿਹਾ, ਜਦੋਂ ਕਿ ਅਸੀਂ ਮਾੜੀ ਜਿਹੀ ਭੁੱਖ-ਹੜਤਾਲ ਤੁਹਾਡੇ ਰਵੱਈਏ ਦੇ ਵਿਰੁੱਧ ਰੱਖੀ ਹੈ ਤੇ ਤੁਸੀਂ ਅਲਾਰਮ ਕਰਵਾਉਣ 'ਤੇ ਤੁੱਲ ਗਏ ਹੋ। ਹੁਣ ਏਥੇ ਤੁਸੀਂ ਅੰਗਰੇਜ਼ਾਂ ਦਾ ਤੇ ਆਪਣਾ ਫਰਕ ਸਮਝ ਲਓ। ਉਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ ਤੇ ਤੁਹਾਡੀ ਤੇ ਸੁੱਖ ਨਾਲ ਹੈ ਹੀ ਜ਼ਿਮੇ-ਜ਼ਿਮੇ ਅਠ ਦਿਨ ਦੀ ਪੈਦਾਇਸ਼। ਤੁਸੀਂ ਸਾਨੂੰ ਪਹਿਲਾਂ ਇਹ ਦੱਸੋ ਤੁਸਾਂ ਅਲਾਰਮ ਕਰਵਾਉਣ ਦੀ ਗੱਲ ਕਰਕੇ, ਸਾਨੂੰ ਡਰਾਉਣ ਦੀ ਗੱਲ ਕਿਉਂ ਕੀਤੀ? ਜਾਓ ਕਰਵਾ ਲਓ ਅਲਾਰਮ, ਉਸ ਤੋਂ ਬਾਅਦ ਹੀ ਗੱਲ ਕਰਾਂਗੇ।" ਖੈਰ ਕਰ ਕਰਾ ਕੇ ਹੇਠ ਲਿਖੀਆਂ ਗੱਲਾਂ 'ਤੇ ਸਮਝੌਤਾ ਹੋ ਗਿਆ-

1. ਸਾਡੇ ਵਿਚੋਂ ਕੋਈ ਵੀ ਇਕ ਜਣਾ ਦੁੱਧ, ਸਬਜੀ, ਕੱਚਾ ਰਾਸ਼ਨ ਜਾਂ ਡਾਈਟ ਲੈਣ ਲਈ ਜਾਇਆ ਕਰੇਗਾ, ਮੁਸ਼ੱਕਤੀ ਤਾਂ ਚੁੱਕ ਕੇ ਲਿਆਉਣ ਲਈ ਜਾਏਗਾ ਹੀ।

2. ਅਸੀਂ ਹਸਪਤਾਲ ਨਹੀਂ ਜਾਵਾਂਗੇ, ਪਰ ਆਰ.ਐਮ.ਓ. ਆਪ ਖੁਦ ਸਾਡੇ ਵਾਰਡ

ਵਿਚ ਆ ਕੇ ਸਾਨੂੰ ਵੇਖੇਗਾ ਤੇ ਅਸੀਂ ਉਸਦੇ ਤੇ ਸਿਰਫ ਉਸਦੇ ਹੱਥੋਂ ਹੀ ਦਵਾਈ ਲਵਾਂਗੇ।

3. ਸਾਡਾ ਬੀ ਕਲਾਸ ਦਾ ਸਾਰਾ ਫਰਨੀਚਰ ਬਦਲ ਕੇ ਨਵਾਂ ਦਿੱਤਾ ਜਾਵੇਗਾ।

4. ਸਭ ਤੋਂ ਵੱਡੀ ਤੇ ਜ਼ਰੂਰੀ ਗੱਲ ਇਹ ਕਿ ਅਸੀਂ ਸਾਰਾ ਸਮਾਂ ਹੀ ਪੂਰੀ ਜੇਲ੍ਹ ਵਾਂਗ ਖੁੱਲ੍ਹਾਂਗੇ, ਅਰਥਾਤ ਸਵੇਰੇ 6 ਵਜੇ ਤੋਂ 12 ਵਜੇ ਤੱਕ ਤੇ ਫਿਰ 3 ਵਜੇ ਤੋਂ 6 ਵਜੇ ਤੱਕ, ਇਸ ਤੋਂ ਇਕ ਮਿੰਟ ਵੀ ਘੱਟ ਖੁੱਲ੍ਹਣਾ ਸਾਨੂੰ ਮਨਜ਼ੂਰ ਨਹੀਂ ਤੇ ਜਿੰਨਾ ਚਿਰ ਸਾਡੀ ਇਹ ਮੰਗ ਨਹੀਂ ਮੰਨੀ ਜਾਂਦੀ, ਉਪਰ ਵਾਲੀਆਂ ਤਿੰਨੇ ਗੱਲਾਂ ਬੇਮਾਇਨੇ ਹਨ।

5. ਜੇਲ੍ਹ ਮੈਨੂੰਅਲ ਅਨੁਸਾਰ ਇਹ ਵਾਰਡ ਕੰਡਮ ਹੈ ਤੇ ਅਸਾਂ ਹੋਰ ਏਥੇ ਨਹੀਂ ਰਹਿਣਾ, ਜਿੰਨੀ ਵੀ ਜਲਦੀ ਹੋ ਸਕੇ ਸਾਨੂੰ ਏਥੋਂ ਬਦਲ ਕੇ ਕਿਸੇ ਹੋਰ ਵਾਰਡ ਵਿਚ ਭੇਜਿਆ ਜਾਵੇ (ਹਾਲਾਂ ਕਿ ਅਸੀਂ ਹੋਰ ਕਿਸੇ ਵਾਰਡ ਵਿਚ ਵੀ ਜਾਣਾ ਨਹੀਂ ਚਾਹੁੰਦੇ ਸਾਂ)।

6. ਸਾਨੂੰ ਰਜਾਈਆਂ ਲਿਆਉਣ ਦੀ ਇਜਾਜ਼ਤ ਹੋਵੇ।

7. ਜਿੰਨੇ ਦਿਨ ਅਸੀਂ ਇਸ ਵਾਰਡ ਵਿਚ ਹਾਂ, ਸਾਨੂੰ ਬਿਜਲੀ ਦੀ ਫਿਟਿੰਗ ਅੰਦਰ ਕਰਵਾ ਕੇ ਦਿੱਤੀ ਜਾਵੇ ਪਰ ਅੱਜ ਹੀ ਛੋਟੇ ਬਲਬਾਂ ਦੀ ਥਾਂ ਸੌ-ਸੌ ਵਾਟ ਦੇ ਬਲਬ ਲਾ ਕੇ ਦਿੱਤੇ ਜਾਣ।

ਉਸ ਅਫਸਰ ਨੇ ਇਹ ਸਾਰੀਆਂ ਮੰਗਾਂ ਮੰਨ ਲਈਆਂ ਤੇ ਅਸਾਂ ਭੁੱਖ ਹੜਤਾਲ ਖਤਮ ਕਰ ਦਿੱਤੀ। ਜ਼ਿਆਦਾ ਝਗੜਾ ਇਹ ਸੀ ਕਿ ਸਾਡਾ ਇਕ ਸਾਥੀ ਦਿੱਲੀ ਦਾ ਹੀ ਰਹਿਣ ਵਾਲਾ ਹੈ ਤੇ ਉਸਦੀ ਜੇਲ੍ਹ ਵਿਚ ਬੜੀ ਵਾਕਫੀਅਤ ਹੈ, ਉਹ ਆਮ ਤੌਰ 'ਤੇ ਸਾਰਿਆਂ ਨੂੰ ਮਿਲਣ, ਉਨ੍ਹਾਂ ਦੇ ਵਾਰਡਾਂ ਵਿਚ ਚਲਾ ਜਾਂਦਾ ਸੀ। ਜੇਲ੍ਹ ਵਾਲੇ ਸਾਨੂੰ ਕਹਿੰਦੇ ਸਨ ਕਿ ਜਾਂ ਤਾਂ ਤੁਸੀਂ ਉਸ ਨੂੰ ਕਾਬੂ ਕਰੋ ਤੇ ਉਹ ਇਕ ਨੰਬਰ ਜੇਲ੍ਹ ਤੇ ਦੋ ਨੰਬਰ ਦੀਆਂ ਜੇਲ੍ਹਾਂ ਤੱਕ ਨਾ ਤੁਰਿਆ ਫਿਰਿਆ ਕਰੇ, ਜੇ ਤੁਸੀਂ ਨਹੀਂ ਕਰ ਸਕਦੇ ਤਾਂ ਫਿਰ ਜੇ ਅਸੀਂ ਕਰੀਏ ਤਾਂ ਤੁਸੀਂ ਵਿਚ ਨਾ ਆਇਓ। ਸਾਡਾ ਪੱਖ ਇਹ ਸੀ ਕਿ ਉਹ ਕਦੀ ਵੀ ਇਕੱਲਾ ਬਾਹਰ ਨਹੀਂ ਜਾਂਦਾ, ਨਾ ਹੀ ਤੁਹਾਡਾ ਤਾਲਾ ਖੋਲ੍ਹ ਕੇ ਜਾਂਦਾ ਹੈ ਤੇ ਨਾ ਹੀ ਦੀਵਾਰ ਟੱਪ ਕੇ ਤੇ ਨਾ ਹੀ ਉਸਦੇ ਬਾਹਰ ਜਾਣ ਨਾਲ ਸਾਡਾ ਸਾਰਿਆਂ ਦਾ ਕੋਈ ਸੰਬੰਧ ਹੈ। ਤੁਹਾਡੇ ਵਰਦੀਧਾਰੀ ਹੈੱਡ ਵਾਰਡਨ ਉਸ ਨੂੰ ਲੈ ਕੇ ਜਾਂਦੇ ਹਨ, ਤੁਸੀਂ ਆਪਣੇ ਸਟਾਫ ਨੂੰ ਕਿਉਂ ਨਹੀਂ ਰੋਕਦੇ? ਜੇ ਤੁਸੀਂ ਆਪਣੇ ਸਟਾਫ ਨੂੰ ਕਾਬੂ ਨਹੀਂ ਕਰ ਸਕਦੇ, ਜੋ ਪੈਸੇ ਲੈ ਕੇ ਉਸ ਨੂੰ ਬਾਹਰ ਲੈ ਕੇ ਜਾਂਦੇ ਹਨ ਤਾਂ ਅਸੀਂ ਵੀ ਉਸ ਦੇ ਨਾਲ ਹਾਂ ਤੇ ਸੰਘਰਸ਼ ਕਰਾਂਗੇ ਜਾਂ ਤੁਹਾਡਾ ਸਟਾਫ ਉਸ ਨੂੰ ਲੈ ਕੇ ਨਾ ਜਾਵੇ। ਜੇ ਉਹ ਡਾਈਟ ਲੈਣ ਜਾਵੇ ਤੇ ਕਿਸੇ ਵਾਰਡ ਵਿਚ ਵੜੇ ਤਾਂ ਤੁਹਾਡਾ ਹੈੱਡ ਵਾਰਡਨ ਤੁਹਾਨੂੰ ਵੀ ਦੱਸੇ ਤੇ ਸਾਨੂੰ ਵੀ, ਫਿਰ ਅਸੀਂ ਉਸ ਨੂੰ ਰੋਕਾਂਗੇ। ਪਰ ਉਹ ਤਾਂ ਹੌਲਦਾਰ ਨੂੰ ਪੈਸੇ ਦੇ ਕੇ ਜਾਂਦਾ ਹੀ ਮਿਲਣ ਹੈ, ਇਸ ਹਾਲਤ ਵਿਚ ਅਸੀਂ ਉਸ ਦੇ ਕੰਮ ਵਿਚ ਰੁਕਾਵਟ ਕਿਉਂ ਪਾਈਏ? ਪਰ ਉਪਰੋਕਤ ਸ਼ਰਤਾਂ 'ਤੇ ਸਮਝੌਤਾ ਹੋ ਗਿਆ। ਉਹ ਸਮਝੌਤਾ ਦੂਜੇ ਦਿਨ ਸਵੇਰ ਤੋਂ ਹੀ ਲਾਗੂ ਹੋ ਗਿਆ ਤੇ ਸਭ ਠੀਕ ਠਾਕ ਹੋ ਗਿਆ।

ਤਿੰਨ ਜਾਂ ਚਾਰ ਤਾਰੀਖ ਨੂੰ ਪੰਜਾਬ ਵਿਚ ਖੁੱਡੇ ਪਿੰਡ ਲਾਗੇ ਇਕ ਬੱਸ ਵਿਚੋਂ ਇਕ ਫਿਰਕੇ ਦੇ 24 ਬੰਦੇ ਮਾਰ ਦਿੱਤੇ ਗਏ। ਜੇਲ੍ਹ ਦੇ ਬਾਕੀ ਵਾਰਡਾਂ ਵਿਚ ਇਸਦਾ ਕੀ ਅਸਰ ਹੋਇਆ ਸਾਨੂੰ ਪਤਾ ਨਹੀਂ ਲੱਗ ਸਕਿਆ ਪਰ 4 ਤਾਰੀਖ ਨੂੰ ਸਾਡਾ ਜੇਲ੍ਹਰ ਆਇਆ ਤੇ ਕਹਿਣ ਲੱਗਾ ਇਹ ਕਿਧਰ ਦਾ ਤਰੀਕਾ ਹੈ ਕਿ ਬੇਕਸੂਰ ਬੱਸੇ ਯਾਤਰੀਆਂ ਨੂੰ ਮਾਰ ਦਿੱਤਾ ਹੈ? ਅਸੀਂ ਉਸ ਦੀ ਇਹ ਗੱਲ ਸੁਣ ਕੇ ਹੈਰਾਨ ਹੋ ਗਏ, ਪਰ ਨਾਲ ਹੀ ਉਸ ਨੂੰ ਇਹ ਕਹਿ

ਕੇ ਟੋਕ ਦਿੱਤਾ ਕੇ ਇਹ ਗੱਲ ਸਾਡੇ ਨਾਲ ਕਰਨ ਦਾ ਤੁਹਾਨੂੰ ਕੋਈ ਮਤਲਬ ਨਹੀਂ, ਸਿਵਾਏ ਇਸ ਦੇ ਕਿ ਇਸ ਨਾਲ ਤਣਾਅ ਵਧੇਗਾ। ਇਹ ਯਾਤਰੀ ਮਾਰੇ ਜਾਣੇ ਵੀ ਗਲਤ ਹਨ ਤੇ ਦਿੱਲੀ ਵਿਚ ਮਾਰੇ ਜਾਣ ਵਾਲੇ ਸਿੱਖ ਵੀ ਬਹੁਗਿਣਤੀ ਦਾ ਗਲਤ ਕਦਮ ਸੀ। ਤੁਸੀਂ ਇਹ ਗੱਲ ਸਾਡੇ ਨਾਲ ਨਾ ਕਰੋ ਤੇ ਉਹ ਸ਼ਰਮਿੰਦਾ ਹੋ ਕੇ ਚਲਾ ਗਿਆ। ਜਦੋਂ ਅਸੀਂ ਦੂਸਰੇ ਦਿਨ, ਯਾਨੀ 5 ਦਸੰਬਰ 1986 ਨੂੰ, ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਵਾਰਡ ਨੰਬਰ 14 ਵਿਚ ਗਏ ਤਾਂ ਸਾਨੂੰ ਉਥੇ ਵੀ ਕੋਈ ਖਾਸ ਤਣਾਅ ਨਜ਼ਰ ਨਾ ਆਇਆ, ਸਿਰਫ ਇਕ ਹਿੰਦੂ ਆਦਮੀ ਕੁਝ ਬੁੜਕ ਬੁੜਕ ਕੇ ਗੱਲਾਂ ਕਰ ਰਿਹਾ ਸੀ। ਇਕ ਗੱਲ ਨਾਲ ਇਹ ਵੀ ਸੀ ਕਿ ਉਹ ਪੰਜਾਬੀ ਹਿੰਦੂ ਸੀ ਤੇ ਪੰਜਾਬੀ ਹਿੰਦੂ ਹੋਣ ਕਰਕੇ ਹੀ ਉਸਦਾ ਤਨਾਅ ਵਾਲਾਂ ਵਤੀਰਾ ਸੀ। ਉਸ ਤੋਂ ਬਗੈਰ ਹੋਰ ਕਿਸੇ ਨੇ ਕੋਈ ਗੱਲ ਸਾਡੇ ਸਾਹਮਣੇ ਨਹੀਂ ਕੀਤੀ। ਪਰ ਪੰਜਾਬੀ ਹਿੰਦੂ ਇਹ ਸਪੱਸ਼ਟ ਕਹਿ ਰਿਹਾ ਸੀ ਕਿ ਹੁਣ ਹਿੰਦੂ ਤੇ ਸਿੱਖ ਇਕੱਠੇ ਨਹੀਂ ਰਹਿ ਸਕਦੇ। ਅਸਾਂ ਕਿਹਾ ਜੇ ਅਜੇ ਵੀ ਕੋਈ ਰਾਜਨੀਤਕ ਹੱਲ ਨਿਕਲ ਆਵੇ ਤਾਂ ਸ਼ਾਇਦ ਠੱਲ ਪੈ ਹੀ ਜਾਵੇ। ਪਰ ਉਹ ਕਹਿ ਰਿਹਾ ਸੀ, ਨਹੀਂ ਹੁਣ ਕੈਂਸਰ ਹੋ ਚੁੱਕਾ ਹੈ ਤੇ ਕੈਂਸਰ ਲਾਇਲਾਜ਼ ਹੁੰਦਾ ਹੈ। ਖੂਨ ਬਦਲ ਬਦਲ ਕੇ ਕਿੰਨਾ ਕੁ ਚਿਰ ਕੈਂਸਰ ਦਾ ਮਰੀਜ਼ ਕੱਢ ਸਕਦਾ ਹੈ? ਸਾਨੂੰ ਤਾਂ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਠੀਕ ਕਹਿ ਰਿਹਾ ਹੈ ਕਿ ਗਲਤ। ਪਰ ਅੱਜ ਸਮਝ ਲਗਦੀ ਹੈ ਕਿ ਉਹ ਗਲਤ ਸੀ। ਕਿਉਂਕਿ ਸਿੱਖ ਹੁਣ ਬਹੁਗਿਣਤੀ ਦੇ ਸਾਹਮਣੇ ਪਾਣੀ ਵਾਂਗ ਵੱਗ ਚੁੱਕਾ ਹੈ ਤੇ ਲੱਗਪੱਗ ਹੁਣ ਹਿੰਦੂ ਹੀ ਬਣ ਚੁੱਕਾ ਹੈ, ਹੁਣ ਕੈਂਸਰ ਦੀ ਬਿਮਾਰੀ ਕਾਹਦੀ? ਬਹੁਗਿਣਤੀ ਸਿੱਖਾਂ ਨੇ ਹਿੰਦੂਆਂ ਅੱਗੇ ਗੋਡੇ ਟੇਕ ਦਿੱਤੇ ਹਨ। ਜੋ ਥੋੜੇ ਬਹੁਤ ਆਕੜੇ ਹੋਏ ਹਨ, ਉਨ੍ਹਾਂ ਦੀ ਪੇਸ਼ ਨਹੀਂ ਜਾਵੇਗੀ।

ਸ਼ਹੀਦੀ ਪੁਰਬ

ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ 5 ਦਸੰਬਰ 1986 ਨੂੰ ਸੀ। ਜਦੋਂ ਇਸ ਵਾਰੀ ਧਰਮਵੀਰ ਸਿੰਘ ਗੁਰਪੁਰਬ ਮਨਾਉਣ ਦੀ ਅਰਜੀ ਦੇਣ ਬਾਰੇ ਪੁੱਛਣ ਲੱਗਾ ਤਾਂ ਮੈਂ ਕਿਹਾ ਕੋਈ ਫਾਇਦਾ ਨਹੀਂ ਹੋਣਾ। ਪਿਛਲੀ ਵਾਰੀ ਵੀ ਬੜੇ ਔਖਿਆਂ ਹੋ ਕੇ ਇਜ਼ਾਜਤ ਲਈ ਸੀ, ਐਸ ਵਾਰੀ ਏਨੀ ਜਲਦੀ ਅਜੇ ਕਿਥੋਂ ਮੰਨਣ ਲੱਗੇ ਹਨ। ਉਸ ਨੇ ਕਿਹਾ ਦਰਖਾਸਤ ਦੇ ਦੇਂਦੇ ਆਂ ਜੇ ਇਜਾਜ਼ਤ ਨਾ ਦੇਣਗੇ ਤਾਂ ਨਾ ਸਹੀ। ਸੋ ਏਸ ਖਿਆਲ ਨਾਲ ਦਰਖਾਸਤ ਦੇ ਦਿੱਤੀ। ਉਧਰ ਭਾਈ ਸਾਹਿਬ ਰਣਜੀਤ ਸਿੰਘ ਤੇ ਨਾਰੰਗ ਸਾਹਿਬ ਹੋਰਾਂ ਵੀ ਦਰਖਾਸਤ ਦੇ ਛੱਡੀ ਸੀ। ਪਰ ਅਸੀਂ ਹੈਰਾਨ ਰਹਿ ਗਏ, ਜਦੋਂ 4 ਤਾਰੀਖ ਨੂੰ ਜੇਲ੍ਹਰ ਨੇ ਆਪ ਆ ਕੇ ਕਿਹਾ ਕਿ ਸਵੇਰੇ ਜ਼ਰਾ ਜਲਦੀ ਤਿਆਰ ਹੋ ਜਾਇਓ, ਫਿਰ ਉਧਰ 14 ਨੰਬਰ ਵਿਚ ਵੀ ਜਾਣਾ ਹੈ, ਤੁਹਾਡਾ ਗੁਰਪੁਰਬ ਹੈ ਨਾ ਕੱਲ? ਅਸੀਂ ਬਹੁਤ ਹੈਰਾਨ ਹੋਏ ਕਿ ਐਸ ਵਾਰੀ ਬੜੀ ਜਲਦੀ ਮੰਨ ਗਏ ਹਨ। ਫਿਰ ਸਾਨੂੰ ਬਾਅਦ ਵਿਚ ਪਤਾ ਲੱਗਾ, ਜੋ ਇਕ ਅਫਸਰ ਨੇ ਦੱਸਿਆ, ਕਿ ਇਸ ਵਾਰੀ ਇਜਾਜ਼ਤ ਦੇਣ ਦਾ ਸਭ ਤੋਂ ਵੱਡਾ ਕਾਰਣ ਇਹ ਸੀ ਕਿ ਜੇ ਇਜਾਜ਼ਤ ਨਾ ਦੇਂਦੇ ਤਾਂ ਤੁਸਾਂ ਮਿਹਣਾ ਮਾਰਨਾ ਸੀ ਕਿ "ਇਹ ਉਸ ਗੁਰੂ ਦਾ ਸ਼ਹੀਦੀ ਪੁਰਬ ਹੈ, ਜਿਸ ਨੇ ਤੁਹਾਡਾ ਜੰਞੂ ਬਚਾਉਣ ਲਈ ਸ਼ਹੀਦੀ ਦਿੱਤੀ ਸੀ ਤੇ ਤੁਸੀਂ ਆਪ ਤਾਂ ਪੁਰਬ ਨਹੀਂ ਮਨਾਉਣਾ ਕਿਉਂਕਿ ਤੁਸੀਂ ਅਕ੍ਰਿਤਘਣ ਹੋ, ਸਾਨੂੰ ਤਾਂ ਮਨਾ ਲੈਣ ਦੇਂਦੇ?" ਸੋ ਇਸ ਗੱਲ 'ਤੇ ਵਿਚਾਰ ਹੋਈ ਤੇ ਸਭ ਹਿੰਦੂ ਅਫ਼ਸਰਾਂ ਨੇ ਇਕ ਮਤ ਹੋ ਕੇ ਮਨਾ

ਲੈਣ ਦੀ ਇਜਾਜ਼ਤ ਦੇਣ ਦੀ ਸਿਫਾਰਸ਼ ਕੀਤੀ। ਕਿਉਂਕਿ ਇਹ ਬੜੀ ਸੰਵੇਦਨਸ਼ੀਲ ਗੱਲ ਸੀ, ਸੋ ਇਜਾਜ਼ਤ ਦਿੱਤੀ ਗਈ ਹੈ।

ਭਾਈ ਸਾਹਿਬ ਰਣਜੀਤ ਸਿੰਘ ਹੋਰਾਂ ਨੇ ਸਾਨੂੰ ਕਿਹਾ ਸੀ ਕਿ ਤੁਸੀਂ ਰਜਾਈਆਂ ਮੰਗਵਾਉਣ ਵਾਸਤੇ ਮਨਜ਼ੂਰੀ ਲੈਣ ਲਈ ਸੁਪਰਡੈਂਟ ਨੂੰ ਲਿਖ ਦਿਓ, ਰਜਾਈਆਂ ਗੁਰਦੁਆਰਿਓਂ ਜਾਂ ਘਰੋਂ ਮੈਂ ਤੁਹਾਨੂੰ ਮੰਗਵਾ ਦਿਆਂਗਾ। ਅਸਾਂ ਮਨਜ਼ੂਰੀ ਵਾਸਤੇ ਅਰਜ਼ੀ ਵੀ ਸੁਪਰਡੈਂਟ ਨੂੰ ਦੇ ਦਿੱਤੀ ਤੇ ਜੇਲ੍ਹਰ ਨੂੰ ਜਬਾਨੀ ਵੀ ਕਹਿ ਦਿੱਤਾ। ਉਸ ਨੇ ਕਿਹਾ, "ਤੁਸੀਂ ਰਜਾਈਆਂ ਮੰਗਵਾ ਲਓ, ਇਜਾਜ਼ਤ ਦੇ ਦਿਆਂਗੇ।" ਗੁਰਪੁਰਬ ਵਾਲੇ ਦਿਨ ਚਾਰ ਰਜਾਈਆਂ ਆ ਗਈਆਂ। ਪਰ ਸੁਪਰਡੈਂਟ ਨੇ ਅੰਦਰ ਨਾ ਆਉਣ ਦਿੱਤੀਆਂ। ਆਖੇ ਰਜਾਈਆਂ ਅੰਦਰ ਨਹੀਂ ਜਾ ਸਕਦੀਆਂ। ਸਾਡੇ ਇਕ ਬੰਦੇ ਨੇ, ਜੋ ਉਥੇ ਮੁਲਾਕਾਤ 'ਤੇ ਕੁਦਰਤੀ ਹੀ ਗਿਆ ਹੋਇਆ ਸੀ, ਨੇ ਕਿਹਾ ਕਿ ਸਾਡੇ ਨਾਲ ਦੋ ਐਨ.ਐਸ.ਏ. ਵਾਲੇ ਵੀ ਹਨ, ਉਨ੍ਹਾਂ ਨੂੰ ਜਲਦੀ ਰਜਾਈ ਤੇ ਤਲਾਈ ਬਲਕਿ ਤੁਸੀਂ ਬਣਵਾ ਕੇ ਦੇਣੇ ਹਨ। ਜਿੰਨੀ ਦੇਰ ਤੁਸੀਂ ਉਨ੍ਹਾਂ ਨੂੰ ਨਹੀਂ ਬਣਾ ਕੇ ਦੇਂਦੇ ਓਨਾਂ ਚਿਰ ਉਨ੍ਹਾਂ ਨੂੰ ਇਹ ਦੇ ਦਿਓ ਤੇ ਨਾਲੇ ਸਾਨੂੰ ਸਾਰਿਆਂ ਨੂੰ ਵੀ ਲਿਆਉਣ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਕਿਉਂਕਿ ਅਸੀਂ ਸਾਰੇ ਹੀ ਬੀ ਕਲਾਸ ਹਾਂ ਤੇ ਬੀ ਕਲਾਸ ਨੂੰ ਵੀ ਰਜਾਈਆਂ ਦਿੱਤੀਆਂ ਜਾ ਸਕਦੀਆਂ ਹਨ। ਪਰ ਜੇ ਤੁਸੀਂ ਨਹੀਂ ਦੇਣੀਆਂ ਤਾਂ ਸਾਡੀਆਂ ਮੰਗਵਾਈਆਂ ਤਾਂ ਆ ਲੈਣ ਦਿਓ। ਇਸ ਦਾ ਕੋਈ ਨਤੀਜਾ ਨਾ ਨਿਕਲਿਆ। ਜਦੋਂ ਸਾਨੂੰ ਪਤਾ ਲੱਗਾ ਤਾਂ ਅਸਾਂ ਰਾਤ ਨੂੰ ਬੰਦ ਹੋਣ ਤੋਂ ਇਨਕਾਰ ਕਰ ਦਿੱਤਾ। ਅਸਾਂ ਕਿਹਾ ਜਾਂ ਰਜਾਈਆਂ ਦਿਓ ਨਹੀਂ ਤੇ ਫੇਰ ਨਵੇਂ ਕੰਬਲ ਹੋਰ ਦਿਓ। ਅਸੀਂ ਸਾਰੀ ਰਾਤ ਠੰਡ ਨਾਲ ਮਰਦੇ ਰਹਿੰਦੇ ਹਾਂ ਤੇ ਤੁਸੀਂ ਮਜੇ ਨਾਲ ਰਜਾਈਆਂ ਨਹੀਂ ਆਉਣ ਦਿੱਤੀਆਂ। ਇਸ ਤਰ੍ਹਾਂ ਕਰਦਿਆਂ ਹੀ ਸੱਤ ਵਜ ਗਏ। ਚੱਕਰ ਚੀਫ ਭੱਜਾ ਆਇਆ, ਅਸਾਂ ਕਿਹਾ ਜਾਂ ਰਜਾਈਆਂ ਜਾਂ ਕੰਬਲ ਬੱਸ, ਨਹੀਂ ਤਾਂ ਸੁਪਰਡੈਂਟ ਨੂੰ ਬੁਲਾ ਕੇ ਲਿਆਓ। ਖੈਰ ਬੜਾ ਚਿਰ ਰੌਲਾ-ਰੱਪਾ ਪੈਂਦਾ ਰਿਹਾ। ਫਿਰ ਡਿਊਟੀ ਅਫ਼ਸਰ ਨੇ ਆ ਕੇ ਕਿਹਾ ਕਿ ਅੱਜ ਨੂੰ ਤੁਸੀਂ ਛੱਡੋ, ਸਵੇਰੇ ਸਭ ਤੋਂ ਪਹਿਲਾਂ ਮੈਂ ਤੁਹਾਡਾ ਮਸਲਾ ਹੀ ਸੁਪਰਡੈਂਟ ਅੱਗੇ ਰੱਖਾਂਗਾ। ਤੁਹਾਡੀ ਯੋਗ ਮੰਗ ਹੈ, ਮੰਨੀ ਹੀ ਜਾਣੀ ਚਾਹੀਦੀ ਹੈ, ਠੰਡ ਬਹੁਤ ਵਧ ਗਈ ਹੈ। ਅਸਾਂ ਉਸ ਨੂੰ ਇਹ ਵੀ ਕਹਿ ਦਿੱਤਾ ਕਿ ਜੇ ਸਾਡੀਆਂ ਰਜਾਈਆਂ ਖੁਲ੍ਹੀਆਂ ਹੋਈਆਂ ਜਾਂ ਕੋਈ ਬੀੜੀ ਸਿਗਰਟ ਵਾਲਾ ਡਿਊਟੀ ਅਫ਼ਸਰ, ਉਨ੍ਹਾਂ ਵਿਚ ਸੁੱਤਾ ਹੋਇਆ ਤਾਂ ਅਸਾਂ ਉਹ ਨਹੀਂ ਲੈਣੀਆਂ, ਤੁਹਾਨੂੰ ਹੋਰ ਬਣਵਾ ਕੇ ਦੇਣੀਆਂ ਪੈਣਗੀਆਂ। ਉਸ ਨੇ ਵਾਅਦਾ ਕੀਤਾ ਕਿ ਅਜਿਹਾ ਨਹੀਂ ਹੋਵੇਗਾ।

ਖੈਰ ਅਸੀਂ ਬੰਦ ਹੋ ਗਏ ਤੇ ਸਵੇਰੇ ਹੀ ਸਾਢੇ ਨੌਂ ਵਜੇ ਸਾਡੀਆਂ ਰਜਾਈਆਂ ਵਾਰਡ ਵਿਚ ਪਹੁੰਚ ਗਈਆਂ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਦਿਨਾਂ ਬਾਰਾਂ ਤੋਂ ਤਿੰਨ ਵਾਲੀ ਬੰਦੀ ਵਿਚ ਬੰਦ ਨਹੀਂ ਹੋਣਾ। ਉਸੇ ਹੀ ਦਿਨ ਸ਼ਾਮ ਨੂੰ ਸੁਪਰਡੈਂਟ ਆਪ ਸਾਰੇ ਵਾਰਡਾਂ ਵਿਚ ਕੰਬਲ ਵੰਡਵਾਉਂਦਾ ਫਿਰਦਾ ਸੀ। ਸਾਡੇ ਵਾਰਡ ਵਿਚ ਆਇਆ ਤਾਂ ਕਹਿਣ ਲੱਗਾ, "ਮੈਨੂੰ ਪਤਾ ਹੈ ਤੁਸਾਂ ਪੁਰਾਣੇ ਕੰਬਲ ਨਹੀਂ ਲੈਣੇ, ਮੈਂ ਤੁਹਾਡੇ ਲਈ ਤਿੰਨ ਤਿੰਨ ਨਵੇਂ ਤੇ ਵਧੀਆ ਕੰਬਲ ਮੰਗਵਾ ਰਿਹਾ ਹਾਂ, ਬੱਸ ਇਕ ਦੋ ਦਿਨਾਂ ਵਿਚ ਤੁਹਾਨੂੰ ਮਿਲ ਜਾਣਗੇ, ਕੋਈ ਹੋਰ ਤਕਲੀਫ ਹੈ ਤਾਂ ਦੱਸੋ।" ਅਸਾਂ ਸ਼ਿਕਾਇਤ ਕੀਤੀ ਕਿ ਅਸੀਂ ਦੋ ਅਖ਼ਬਾਰਾਂ ਦੇ ਸੱਠ ਰੁਪਏ ਜਮ੍ਹਾਂ ਕਰਵਾਏ ਹੋਏ ਹਨ ਤੇ ਸਾਨੂੰ ਅੱਜ ਕਈ ਚਿਰ ਹੋ ਗਿਆ ਹੈ

ਪੈਸੇ ਜਮ੍ਹਾਂ ਕਰਵਾਇਆਂ, ਪਰ ਅਖ਼ਬਾਰਾਂ ਫਿਰ ਵੀ ਨਹੀਂ ਆਈਆਂ। ਨਾਲੇ ਸਾਡੀਆਂ ਚਾਰ ਹੋਰ ਅਖ਼ਬਾਰਾਂ, ਜੋ ਸਾਡੇ ਨਾਂ 'ਤੇ ਲਾਈਆਂ ਹੋਈਆਂ ਹਨ, ਸਿੱਧੀਆਂ ਸਾਡੇ ਵਾਰਡ ਵਿਚ ਆਇਆ ਕਰਨ। ਉਸ ਨੇ ਉਸੇ ਵੇਲੇ ਨਾਲ ਖਲੋਤੇ ਜੇਲ੍ਹਰ ਨੂੰ ਪੁੱਛਿਆ ਕੀ ਵਜ੍ਹਾ ਹੈ ਅਖ਼ਬਾਰਾਂ ਨਹੀਂ ਆਈਆਂ? ਉਸ ਨੇ ਕਿਹਾ ਬੱਸ ਇਕ ਅੱਧ ਦਿਨ ਵਿਚ ਮਿਲ ਜਾਣਗੀਆਂ, ਜਿਸ ਨੇ ਲਿਆਉਣੀਆਂ ਸਨ, ਉਹ ਛੁੱਟੀ 'ਤੇ ਹੈ। ਪਰ ਸੁਪਰਡੈਂਟ ਸਾਨੂੰ ਹਰ ਹਾਲ ਵਿਚ ਸਹੂਲਤਾਂ ਦੇ ਕੇ ਖੁਸ਼ ਕਰਨਾ ਚਾਹੁੰਦਾ ਹੈ। ਉਸ ਨੂੰ ਪਤਾ ਹੈ ਕਿ ਹੁਣ ਕਿਤੇ ਅਖ਼ਬਾਰ ਮੋਰਚਾ ਹੀ ਨਾ ਲਾ ਲੈਣ।

ਜਾਦੂ ਵਿਚ ਵਿਸ਼ਵਾਸ਼

ਮੇਰਾ ਜਾਦੂ ਵਿਚ ਕੋਈ ਵਿਸ਼ਵਾਸ ਨਹੀਂ ਸੀ ਤੇ ਨਾ ਹੀ ਮੈਂ ਕਦੇ ਇਸ ਨੂੰ ਗੰਭੀਰਤਾ ਨਾਲ ਕਦੇ ਲਿਆ ਸੀ। ਪਰ ਸਾਡੇ ਨਾਲ ਦੇ ਇਕ ਸਾਥੀ ਨਾਲ ਐਵੇਂ ਜਾਦੂ ਦੀਆਂ ਗੱਲਾਂ ਚੱਲੀਆਂ ਤਾਂ ਉਸ ਨੇ ਮੌਜ ਵਿਚ ਆ ਕੇ ਕਿਹਾ, ਜਾਦੂ ਹੁੰਦਾ ਹੈ ਤੇ ਭੂਤ ਪ੍ਰੇਤ ਵੀ ਹੁੰਦੇ ਹਨ। ਇਕ ਅੰਮ੍ਰਿਤਧਾਰੀ ਤੇ ਉਹ ਵੀ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤਧਾਰੀ ਤੋਂ ਇਹ ਸੁਣਨ ਦੀ ਮੈਨੂੰ ਕੋਈ ਆਸ ਨਹੀਂ ਸੀ। ਅਸੀਂ ਸਾਰੇ ਹੀ ਹੈਰਾਨ ਹੋ ਕੇ ਉਸ ਵੱਲ ਵੇਖਦੇ ਰਹੇ। ਖੈਰ ਗੱਲ ਆਈ ਗਈ ਹੋ ਗਈ। ਅਸੀਂ ਤਿੰਨ ਕੁ ਜਣੇ ਹੀ ਰਹਿ ਗਏ ਤਾਂ ਮੈਂ ਕਿਹਾ, "ਬਬਰਾ, ਯਾਰ ਸੱਚੀਂ ਜਾਦੂ ਹੁੰਦਾ ਹੈ? ਉਸ ਕਿਹਾ "ਹਾਂ। ਮੈਂ ਹੁਣ ਇਹ ਕੰਮ ਛੱਡ ਦਿੱਤਾ ਹੈ, ਨਹੀਂ ਤਾਂ ਕਾਫੀ ਕੁਝ ਤੈਨੂੰ ਏਥੇ ਕਰਕੇ ਹੀ ਵਿਖਾ ਦਿੰਦਾ।" ਮੈਂ ਕਿਹਾ "ਹੁਣ ਤੂੰ ਮਾੜਾ ਮੋਟਾ ਵੀ ਕੁਝ ਨਹੀਂ ਕਰ ਸਕਦਾ?" ਉਸ ਕਿਹਾ ਚੱਲ ਫਿਰ ਕਿਸੇ ਹੋਰ ਨਾਲ ਨਾ ਗੱਲ ਕਰੀਂ, ਆਹ ਹਥੇਲੀ 'ਤੇ ਜਿਹੜਾ ਆਖੇ ਨਾਂ ਲਿਖ ਦੇਂਦਾ ਹਾਂ। ਮੈਂ ਜਲਦੀ ਨਾਲ ਕਿਹਾ ਮੇਰਾ ਲਿਖ ਦੇ ਪਰ ਸਿਰਫ ਕੇ.ਐਸ. ਹੀ ਹੋਵੇ ਪੂਰਾ ਨਾਂ ਨਹੀਂ। ਉਸ ਕਿਹਾ ਠੀਕ ਹੈ। ਉਸ ਨੇ ਮੂੰਹ ਵਿਚ ਕੁਝ ਪੜ੍ਹਿਆ ਤੇ ਜ਼ੋਰ ਨਾਲ ਹੱਥ ਕੰਧ ਵਿਚ ਮਾਰਿਆ ਤੇ ਮੈਂ ਵੇਖਿਆ ਮੇਰਾ ਕੇ.ਐਸ. ਆਖਿਆ, ਉਸ ਦੀ ਹਥੇਲੀ 'ਤੇ ਲਿਖਿਆ ਹੋਇਆ ਸੀ। ਇਸ ਗੱਲ ਨੇ ਮੇਰੇ ਦਿਮਾਗ 'ਤੇ ਬੜਾ ਅਸਰ ਪਾਇਆ। ਫਿਰ ਮੈਂ ਸਮਝਿਆ ਸ਼ਾਇਦ ਇਸ ਨੇ ਲਸਣ ਦੀ ਤੁਰੀ ਨਾਲ ਲਿਖ ਲਿਆ ਹੋਵੇ ਤੇ ਕੰਧ ਵਿਚ ਹੱਥ ਮਾਰਨ ਨਾਲ ਰਸੋਈ ਦੀ ਕਾਲਖ ਨਾਲ ਲੱਗ ਗਈ ਹੋਵੇ। ਮੈਂ ਫੇਰ ਉਸ ਨੂੰ ਕਿਹਾ ਬਬਰਾ ਯਾਰ ਕੋਈ ਚੰਗਾ ਜਿਹਾ ਜਾਦੂ ਇਕ ਵਾਰ ਵਿਖਾ। ਉਹ ਮੰਨੇ ਨਾ ਪਰ ਮੈਂ ਮਨਾ ਹੀ ਲਿਆ। ਇਕ ਪੈਡ ਵਿਚੋਂ ਮੈਂ ਆਪ ਕਾਗਜ ਪਾੜਿਆ। ਉਸ ਨੇ ਕੋਈ ਮੰਤਰ ਪੜ੍ਹਿਆ ਤੇ ਕਾਗਜ਼ ਮੇਰੇ ਸਿਰਹਾਣੇ ਰੱਖ ਦਿੱਤਾ, ਮੈਂ ਕਿਹਾ ਸੀ ਮੇਰੀ ਜ਼ਮੀਨ ਦੇ ਪੈਸਿਆਂ ਬਾਰੇ ਲਿਖਿਆ ਆਵੇ। ਮੈਂ ਕਾਗਜ਼ ਦੀ ਰਾਖੀ ਕਰਦਾ ਰਿਹਾ ਕਿ ਕਿਤੇ ਇਹ, ਇਹ ਚੁੱਕ ਕੇ ਦੂਜਾ ਲਿਖਿਆ ਨਾ ਰੱਖ ਦੇਵੇ। ਹੁਣ ਬਾਬਾ ਪੂਰੀ ਮੌਜ ਵਿਚ ਆਇਆ ਹੋਇਆ ਸੀ, ਕਹਿਣ ਲੱਗਾ ਕਿਹੜੇ ਰੰਗ ਦੀ ਸਿਆਹੀ ਵਿਚ ਆਵੇ? ਮੈਂ ਕਿਹਾ ਚਿੱਟੇ ਜਿਹੇ ਪੇਂਟ ਨਾਲ ਲਿਖਿਆ ਹੋਵੇ। ਸਵੇਰੇ ਉਠ ਕੇ ਜਦੋਂ ਅਸਾਂ ਸਿਹਾਣਿਉਂ ਕਾਗਜ਼ ਚੁਕਿਆ ਤਾਂ ਚਿੱਟੀ ਸਿਆਹੀ ਵਿਚ ਹੀ ਲਿਖਿਆ ਹੋਇਆ ਸੀ। ਇਹ ਵੀ ਲਿਖਿਆ ਸੀ "ਪੈਸੇ ਆਸ ਤੋਂ ਘੱਟ ਮਿਲਣਗੇ ਤੇ ਮੁਕੱਦਮੇ ਤੋਂ ਬਾਅਦ ਮਿਲਣਗੇ।" ਰਾਹੂ, ਕੇਤੂ, ਸ਼ਨੀ ਵਗੈਰਾ ਇਕ ਸੂਰਜ ਜਿਹੇ ਦੀ ਸ਼ਕਲ ਦੇ ਦੁਆਲੇ ਲਿਖੇ ਹੋਏ ਸਨ, ਥੱਲੇ ਜੈ ਬਾਬਾ ਮਖਦੂਮ ਸ਼ਾਹ ਲਿਖਿਆ ਹੋਇਆ ਸੀ। ਹੁਣ ਮੈਨੂੰ ਕੋਈ ਸ਼ੱਕ ਨਹੀਂ ਸੀ ਰਿਹਾ ਕਿ ਜਾਦੂ ਨਹੀਂ ਹੁੰਦਾ। ਉਹ ਤਾਂ ਇਹ ਵੀ ਕਹਿੰਦਾ ਸੀ "ਚੱਲ ਤੂੰ ਏਦਾਂ ਕਰ ਤੇਰੇ ਘਰੋਂ ਕੋਈ ਆਈ ਹੋਈ ਚਿੱਠੀ

ਜੇਬ ਵਿਚ ਪਾ ਲੈ ਉਸਦੇ ਸਾਰੇ ਅੱਖਰ ਮਿਟ ਜਾਣਗੇ ਤੇ ਕਾਗਜ ਰਹਿ ਜਾਊ। ਉਹ ਵੀ ਪੰਜ ਮਿੰਟ ਵਿਚ। ਪਰ ਦਸ ਹਜ਼ਾਰ ਰੁਪਏ ਦੇ ਦੇ।" ਪਰ ਮੈਂ ਮੰਨਿਆ ਨਹੀਂ।

ਪਰ ਜੇਲ੍ਹ 'ਚ ਜਦੋਂ ਮੈਂ ਤਰਕਸ਼ੀਲਾਂ ਦੀਆਂ ਇਸ ਤਰ੍ਹਾਂ ਦੇ ਚਮਤਕਾਰਾਂ ਤੇ ਜਾਦੂ ਆਦਿ ਦੇ ਖੰਡਨ ਦੀਆਂ ਕਿਤਾਬਾਂ ਪੜ੍ਹੀਆਂ ਤਾਂ ਮੈਨੂੰ ਪਤਾ ਲੱਗਾ ਕਿ ਉਹ ਸਿਰਫ ਇਕ ਟਰਿਕ ਸੀ ਤੇ ਕੋਈ ਜਾਦੂ ਜੂਦੂ ਨਹੀਂ ਸੀ ਨਾ ਹੀ ਕੋਈ ਭੂਤ ਪ੍ਰੇਤ ਹੁੰਦਾ ਹੈ ਤੇ ਨਾ ਹੀ ਗੈਬੀ ਸ਼ਕਤੀਆਂ ਇਹ ਸਭ ਬਕਵਾਸ ਹੈ। ਸਾਡੇ ਨਾਲ ਹੀ ਕੈਦ ਹਵਾਈ ਫੌਜ ਦੇ ਅਫ਼ਸਰ ਨੇ ਵੀ ਸਾਨੂੰ ਇਕ ਦਿਨ ਦਸਿਆ ਕਿ ਇਕ ਜਵਾਨ ਵਿਆਹੀ ਹੋਈ ਕੁੜੀ ਨੂੰ ਇਕ ਮੁਸਲਮਾਨ ਪੀਰ ਚੰਬੜਿਆ ਹੋਇਆ ਸੀ, ਉਹ ਪੀਰ ਆਪਣੀ ਕਾਮ ਦੀ ਭੁੱਖ ਉਸ ਕੁੜੀ ਨਾਲ ਮਿਟਾਉਂਦਾ ਸੀ ਤੇ ਉਸ ਕੁੜੀ ਨੂੰ ਵੀ ਆਪਣੀ ਕਾਮ ਤ੍ਰਿਪਤੀ ਦਾ ਅਨੁਭਵ ਹੁੰਦਾ ਸੀ। ਇਹ ਫੌਜੀ ਅਫ਼ਸਰ ਸਵੇਰੇ ਉੱਚੀ ਉੱਚੀ ਬੋਲ ਕੇ ਪੰਜ ਬਾਣੀਆਂ ਦਾ ਪਾਠ ਕਰਦਾ ਸੀ ਤੇ ਹਰ ਵੇਲੇ ਜਾਪ ਕਰਦਾ ਰਹਿੰਦਾ ਸੀ ਤੇ ਧੁੰਨੀ ਵਿਚੋਂ ਵਾਹਿਗੁਰੂ ਵਾਹਿਗੁਰੂ ਜਪਦਾ ਸੀ। ਪਰ ਬਾਅਦ ਵਿਚ ਇਕ ਡਾਕਟਰ ਨੇ ਮੈਨੂੰ ਦਸਿਆ ਕਿ ਉਸ ਕੁੜੀ ਨੂੰ ਕੋਈ ਚੰਬੜਿਆ ਹੋਇਆ ਨਹੀਂ ਸੀ ਵਿਆਹੀ ਤਾਂ ਉਹ ਹੋਈ ਸੀ ਪਰ ਉਸਦਾ ਪਤੀ ਉਸਦੀ ਸੰਤੁਸ਼ਟੀ ਕਰਨ ਦੇ ਯੋਗ ਨਾ ਹੋਣ ਕਰਕੇ ਉਹ ਇਕ ਕਲਪਿਤ ਪੀਰ ਨਾਲ ਭੋਗ ਕਰਦੀ ਸੀ ਤੇ ਇਸ ਤਰ੍ਹਾਂ ਉਹ ਹਿਸਟੀਰੀਆ ਦੀ ਰੋਗੀ ਸੀ। ਜੇਲ੍ਹ ਤੋਂ ਬਾਹਰ ਆ ਕੇ ਮੈਂ ਉਸ ਫੌਜੀ ਅਫ਼ਸਰ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਕੁੜੀ ਬੜੀ ਕਮਜਾਤ ਨਿਕਲੀ ਤੇ ਕਿਸੇ ਹੋਰ ਨਾਲ ਘਰੋਂ ਦੌੜ ਗਈ। ਡਾਕਟਰ ਦੀ ਗੱਲ ਠੀਕ ਸੀ।

ਤਿਹਾੜ ਜੇਲ੍ਹ ਵਿਚ ਇਸ ਅਫਵਾਹ ਦਾ ਬੜਾ ਜ਼ੋਰ ਸੀ ਕਿ ਸੋਲ੍ਹਾਂ ਨੰਬਰ ਵਾਰਡ ਵਿਚ ਕਰਤਾਰ ਸਿੰਘ, ਉਜਾਗਰ ਸਿੰਘ ਤੇ ਬਿੱਲਾ ਰੰਗਾ ਜਿਨ੍ਹਾਂ ਨੂੰ ਕਾਫੀ ਚਿਰ ਪਹਿਲਾਂ ਦੀ ਫਾਂਸੀ ਹੋਈ ਹੋਈ ਹੈ ਦੇ ਭੂਤ ਸਾਰੀ ਰਾਤ ਵਾਰਡ ਵਿਚ ਚੱਕਰ ਕੱਟਦੇ ਰਹਿੰਦੇ ਹਨ। ਉਹ ਫਾਂਸੀ ਕੋਠੀ ਵਿਚੋਂ ਨਿਕਲਦੇ ਹਨ ਤੇ ਜਾਮਨੂਆ ਦੇ ਬੂਟੇ ਥੱਲੇ ਆ ਕੇ ਨੱਚਦੇ ਟੱਪਦੇ ਰਹਿੰਦੇ ਹਨ। ਡਿਪਟੀ ਸੁਪਰਡੈਂਟ 1 ਮਿਸਟਰ ਸੁਭਾਸ਼ ਸ਼ਰਮਾ ਨੇ ਇਕ ਦਿਨ ਸਾਨੂੰ ਦੱਸਿਆ ਕਿ ਮੈਂ ਭੂਤਾਂ ਨੂੰ ਆਪ ਵੇਖਿਆ ਹੈ। ਇਹ ਭੂਤ ਕਰਤਾਰ ਸਿੰਘ ਤੇ ਉਜਾਗਰ ਸਿੰਘ ਦੇ ਸਨ। ਉਨ੍ਹਾਂ ਨੇ ਦੱਸਿਆ ਕਿ ਜਿਸ ਦਿਨ ਬਿੱਲੇ ਤੇ ਰੰਗੇ ਨੂੰ ਫਾਂਸੀ ਹੋਣੀ ਸੀ, ਡਾਕਟਰ ਅਤੇ ਮਜਿਸਟਰੇਟ ਤੋਂ ਕੋਈ ਡੇਢ ਘੰਟਾ ਪਹਿਲਾਂ ਮੈਂ ਸੋਲ੍ਹਾਂ ਨੰਬਰ ਵਾਰਡ ਵਿਚ ਪਹੁੰਚ ਗਿਆ ਸਾਂ। ਮੈਂ ਵੇਖਿਆ ਕਿ ਜਾਮਨੂਆਂ ਦੇ ਅੱਧੇ-ਅੱਧੇ ਬੂਟੇ ਬੜੇ ਜੋਰ ਨਾਲ ਹਿੱਲ ਰਹੇ ਸਨ, ਜਦੋਂ ਕਿ ਉਨ੍ਹਾਂ ਦਾ ਅੱਧਾ-ਅੱਧਾ ਪਾਸਾ ਬਿਲਕੁਲ ਸ਼ਾਂਤ ਖੜ੍ਹਾ ਸੀ। ਫਿਰ ਮੈਨੂੰ ਵਾਂਵਰੋਲੇ ਵਰਗਾ ਇਕ ਵਾਂਵਰੋਲਾ ਵੀ ਦਿਸਿਆ। ਜਿਹੜਾ ਕਿ ਫਾਂਸੀ ਕੋਠੀ ਵਿਚੋਂ ਨਿਕਲ ਕੇ ਸਾਰੇ ਵਾਰਡ ਵਿਚੋਂ ਘੁੰਮ ਕੇ ਫਿਰ ਫਾਂਸੀ ਕੋਠੀ ਵਿਚ ਜਾ ਕੇ ਖਤਮ ਹੋ ਗਿਆ। ਮਿਸਟਰ ਸ਼ਰਮਾ ਦੇ ਦੱਸਣ ਮੁਤਾਬਕ ਉਨ੍ਹਾਂ ਨੇ ਬਾਅਦ ਵਿਚ ਵੀ ਕਈ ਵਾਰ ਇਸ ਤਰ੍ਹਾਂ ਦੇ ਕੌਤਕ ਵੇਖੇ ਹਨ। ਕਈ ਵਾਰ ਚਾਰ ਪੰਜ ਲਾਈਟਾਂ ਜਹੀਆਂ ਵਾਰਡ ਵਿਚ ਘੁੰਮਦੀਆਂ ਫਿਰਦੀਆਂ ਵੇਖੀਆਂ ਹਨ। ਬਹੁਤ ਸਾਰੇ ਬੰਦੇ ਜਿਨ੍ਹਾਂ ਨੂੰ ਕਸੂਰ ਦੇ ਤੌਰ 'ਤੇ ਏਥੇ ਬੰਦ ਕੀਤਾ ਸੀ ਸਵੇਰੇ ਬੇਹੋਸ਼ ਹੋਏ ਪਏ ਵੇਖੇ। ਉਹ ਕਹਿੰਦੇ ਸਨ ਕਿ ਮੇਰੇ ਤੋਂ ਇਲਾਵਾ ਕਈ ਵਾਰਡਨਾਂ ਨੇ ਵੀ ਇਹ ਸਭ ਕੁਝ ਵੇਖਿਆ ਹੈ। ਉਹ ਇਹ ਵੀ ਕਹਿੰਦੇ ਸਨ ਕਿ ਮਕਬੂਲ ਬੱਟ ਨੂੰ ਆਪਣੀ ਕਬਰ ਕੋਲ ਬੈਠਿਆਂ ਮੈਂ ਤੇ ਹੋਰ ਕਈਆਂ ਨੇ ਕਈ ਵਾਰ ਵੇਖਿਆ ਹੈ। ਪਰ ਉਹ ਕਬਰ ਤੋਂ ਅੱਗੇ ਪਿੱਛੇ

ਨਹੀਂ ਜਾਂਦਾ। ਉਸ ਨੂੰ ਕਦੀ ਖੜੇ ਵੀ ਨਹੀਂ ਦੇਖਿਆ। ਜਿੰਨੀ ਵਾਰੀ ਵੇਖਿਆ ਹੈ, ਬੈਠਾ ਹੁੰਦਾ ਹੈ ਜਾਂ ਨਮਾਜ਼ ਪੜ੍ਹ ਰਿਹਾ ਹੁੰਦਾ ਹੈ। ਇਸ ਗੱਲ ਦੀ ਪੁਸ਼ਟੀ ਕਈ ਵਾਰਡਨਾ ਨੇ ਵੀ ਕੀਤੀ ਹੈ। ਜਿਹੜੇ ਕੇ ਸੈਲ੍ਹਾਂ ਨੰਬਰ ਵਿਚ ਸਮੇਂ ਸਮੇਂ ਸਿਰ ਡਿਊਟੀ ਦਿੰਦੇ ਰਹੇ ਹਨ। ਪਰ ਸਾਡੇ ਵਿਚੋਂ ਕਿਸੇ ਵੀ ਸਿੱਖ ਨੇ ਕਦੇ ਕੋਈ ਲਾਈਟ, ਭੂਤ ਜਾਂ ਭੂਤ ਦਾ ਪ੍ਰਛਾਵਾਂ ਜਾਂ ਮਕਬੂਲ ਬੱਟ ਨਮਾਜ਼ ਪੜ੍ਹਦਾ ਨਹੀਂ ਵੇਖਿਆ। ਮੈਂ ਤਾਂ ਰਾਤ ਨੂੰ ਦੋ ਢਾਈ ਵਜੇ ਤੱਕ ਆਦਤਨ ਹੀ ਜਾਗਦਾ ਸੀ। ਨਾਲੇ ਮੱਛਰ ਕਿਹੜਾ ਸੌਣ ਦਿੰਦਾ ਸੀ। ਪਰ ਕਦੇ ਕੋਈ ਭੂਤ ਨਹੀਂ ਦਿਸਿਆ, ਬਸ ਮਨ ਦਾ ਹੀ ਵਹਿਮ ਹੈ, ਹੋਰ ਕੁਝ ਨਹੀਂ। ਕਈ ਵਾਰ ਅਸੀਂ ਮਿਸਟਰ ਸੁਭਾਸ਼ ਸ਼ਰਮਾ ਤੇ ਹੋਰ ਲੋਕਾਂ ਨੂੰ ਕਹਿੰਦੇ ਕਿ ਅਸੀਂ ਤਾਂ ਕਦੇ ਭੂਤ ਨਹੀਂ ਵੇਖੇ ਤਾਂ ਉਹ ਕਹਿੰਦੇ ਤੁਸੀਂ ਸਿੱਖ ਕਿਹੜੇ ਭੂਤਾਂ ਤੋਂ ਘੱਟ ਹੋ। ਸਗੋਂ ਤੁਸੀਂ ਤਾਂ ਉਨ੍ਹਾਂ ਭੂਤਾਂ ਤੋਂ ਵੀ ਖਤਰਨਾਕ ਹੋ। ਉਹ ਤਾਂ ਮਰ ਕੇ ਭੂਤ ਬਣ ਕੇ ਵੀ ਕੁਝ ਨਾ ਕਰ ਸਕੇ ਪਰ ਤੁਸੀਂ ਰੋਜ ਸਾਨੂੰ ਹਾਈ ਕੋਰਟ ਤੇ ਹੋਰ ਚੱਕਰਾਂ ਵਿਚ ਪਾਈ ਰੱਖਦੇ ਹੋ। ਅਸੀਂ ਹਰ ਰੋਜ਼ ਤੁਹਾਡੇ ਤੋਂ ਪ੍ਰੇਸ਼ਾਨ ਰਹਿੰਦੇ ਹਾਂ ਤੇ ਰਾਤ ਸੁੱਤਿਆਂ ਵੀ ਤੁਹਾਡੇ ਸੁਪਨੇ ਆਉਂਦੇ ਰਹਿੰਦੇ ਹਨ। ਉਨ੍ਹਾਂ ਭੂਤਾਂ ਨਾਲੋਂ ਅਸੀਂ ਤੁਹਾਨੂੰ ਵੱਡੇ ਸਮਝਦੇ ਹਾਂ।

ਸਿੱਖ ਰਹਿ ਗਏ ਕਛਹਿਰਿਆਂ ਜੋਗੇ

ਇਕ ਦਿਨ ਅਸੀਂ ਮਕਬੂਲ ਬੱਟ ਦੀ ਕਬਰ ਨਾਲ ਢੋਆਂ ਲਾ ਕੇ ਧੁੱਪ ਸੇਕ ਰਹੇ ਸਾਂ ਕਿ ਅਵਤਾਰ ਸਿੰਘ ਪਹਿਲਵਾਨ ਦਾ ਪਾਟਾ ਕਛਹਿਰਾ ਸਾਡੀ ਨਜ਼ਰੀਂ ਪਿਆ। ਸਾਡੇ ਸਾਰਿਆਂ ਦੇ ਕਛਹਿਰੇ ਹੀ ਘੱਸ ਘੱਸ ਕੇ ਪਾਟਣ ਵਾਲੇ ਹੋਏ ਪਏ ਸਨ। ਜੇਲ੍ਹ ਵਿਚ ਕਛਹਿਰੇ ਬਹੁਤ ਜਲਦੀ ਹੀ ਪਾਟ ਜਾਂਦੇ ਹਨ, ਕਿਉਂਕਿ ਪਜਾਮਾ ਜਾਂ ਪੈਂਟ ਤਾਂ ਹਰ ਵੇਲੇ ਪਾਈ ਨਹੀਂ ਜਾਂਦੀ। ਜੇਲ੍ਹ ਵਿਚ ਪ੍ਰੈਸ ਕਰਨ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਪੂਰੀ ਤਿਹਾੜ ਜੇਲ੍ਹ ਨੰਬਰ ਤਿੰਨ ਵਿਚ ਇਕ ਹੀ ਪ੍ਰੈਸ ਸੀ। ਉਸਦਾ ਵਿਚਲਾ ਗਰਮ ਕਰਨ ਵਾਲਾ ਸਿਸਟਮ ਕਢਿਆ ਹੋਇਆ ਸੀ ਤੇ ਉਸ ਨੂੰ ਹੇਠਲੇ ਪਾਸਿਓਂ ਕੋਲਿਆਂ ਦੇ ਉਤੇ ਰੱਖ ਕੇ ਗਰਮ ਕਰ ਲਿਆ ਜਾਂਦਾ ਸੀ ਤੇ ਫੇਰ ਕਪੜੇ ਪ੍ਰੈਸ ਕੀਤੇ ਜਾਂਦੇ ਸਨ। ਜੇਲ੍ਹ ਵਿਚ ਬਿਜਲੀ ਵਾਲੀ ਜਾਂ ਦੂਜੀ ਪ੍ਰੈਸ ਜਾਣ ਹੀ ਨਹੀਂ ਦੇਂਦੇ। ਇਸ ਲਈ ਤਰੀਕ ਵਗੈਰਾ 'ਤੇ ਜਾਣ ਲਈ ਹੀ ਕੱਪੜੇ ਪ੍ਰੈਸ ਕੀਤੇ ਜਾਂਦੇ ਹਨ, ਅਗੋਂ ਪਿਛੋਂ ਕਛਹਿਰਿਆਂ ਨਾਲ ਹੀ ਕੰਮ ਚਲਾ ਲਿਆ ਜਾਂਦਾ ਹੈ। ਕੱਚੇ, ਪੱਕੇ ਜਾਂ ਕਿਸੇ ਲਕੜ ਜਾਂ ਕਿਸੇ ਇੱਟ 'ਤੇ ਬੈਠਣ ਕਰਕੇ ਕੱਪੜਾ ਜਲਦੀ ਘੱਸ ਜਾਂਦਾ ਹੈ। ਅਵਤਾਰ ਸਿੰਘ ਪਹਿਲਵਾਨ ਨੇ ਮੈਨੂੰ ਕਿਹਾ, "ਭਾਊ ਤੇਰੀ ਮੁਲਾਕਾਤ ਆਉਣ ਵਾਲੀ ਹੈ ਕਛਹਿਰੇ ਤੇ ਮੰਗਵਾ"। ਮੈਂ ਕਿਹਾ, "ਠੀਕ ਹੈ ਲਿਖ ਦੇਨੇ ਆ ਪਈ ਵੀਹ ਕੁ ਕਛਹਿਰੇ ਲਈ ਆਉਣ"। ਅਵਤਾਰ ਸਿੰਘ ਨੇ ਕਿਹਾ ਉਨ੍ਹਾਂ ਨੂੰ ਕੀ ਪਤਾ ਕਿੱਦਾਂ ਦੇ ਕਛਹਿਰੇ ਹੋਣ? ਤੂੰ ਚਿੱਠੀ ਲਿਖ ਮੈਂ ਲਿਖਵਾਉਂਦਾ ਹਾਂ।" ਉਸ ਨੇ ਚਿੱਠੀ ਵਿਚ ਲਿਖਵਾਇਆ, ਕਛਹਿਰੇ ਸਾਢੇ ਚਾਰ ਮੀਟਰ ਕਪੜੇ ਦੇ ਹੋਣ, ਕੱਪੜਾ ਵਿਮਲ ਮਿੱਲ ਦਾ ਹੋਵੇ, ਪੌਂਚੇ ਚੱਪਾ ਚੌੜੇ ਤੇ ਬਰੀਕ ਪਿੜੀ ਨਾਲ ਬਨਾਉਣੇ, ਪਿੜੀ ਜਾਂ ਬਰਫੀ ਕੱਟ ਹੋਵੇ ਤੇ ਜਾਂ ਬੌਲਦ ਮੂਤਰਨੇ ਵਾਲੀ ਹੋਵੇ। ਨਾਲਾ ਛੇਆਂ ਤਹਿਆਂ ਦਾ ਉਸੇ ਕੱਪੜੇ ਦਾ ਹੀ ਹੋਵੇ। ਫਿਰ ਉਸ ਨੇ ਨਾਲਾ ਤਿਆਰ ਕਰਨ ਦੀ ਵਿਧੀ ਵੀ ਲਿਖਵਾਈ। ਅਖੇ ਪੂਰੀ ਗਿੱਠ ਕਪੜੇ ਨੂੰ ਦੋਹਰਾ ਕਰਕੇ ਸੀਣ ਮਾਰਨੀ, ਉਹਨੂੰ ਫੇਰ ਦੋਹਰਾ ਕਰਕੇ ਸੀਣ ਮਾਰਨੀ ਤੇ ਇਸ ਤਰ੍ਹਾਂ ਕਰਦਿਆਂ ਕਰਦਿਆਂ ਜਦੋਂ ਉਹ ਨਾਲੇ ਦੇ ਸਾਈਜ਼ ਦਾ ਰਹਿ ਜਾਵੇ ਤਾਂ ਦੋਹੀ ਪਾਸੀਂ ਦੋ

ਸੀਣਾਂ ਮਾਰਨੀਆਂ। ਲੰਬਾਈ ਬਾਰੇ ਉਸ ਨੇ ਦਸਿਆ ਕਿ ਲੱਕ ਦੁਆਲਿਓਂ ਇਕ ਪਲੇਚਾ ਵੱਜਣ ਤੋਂ ਬਾਅਦ ਵੀ ਗਜ ਕੁ ਨਾਲਾ ਹੋਰ ਲੰਮਾ ਹੋਵੇ। ਇਸ ਤਰ੍ਹਾਂ ਉਹ ਲਿਖਵਾਈ ਗਿਆ, ਮੈਂ ਲਿਖੀ ਗਿਆ। ਬਾਕੀ ਸਾਰੇ ਵਿਚ ਵਿਚ ਟਿੱਪਣੀਆਂ ਕਰਕੇ ਹੱਸਦੇ ਰਹੇ। ਕਿਉਂਕਿ ਪਹੁੱਚੇ ਬਨਾਉਣ ਲਈ ਬੌਲਦ ਮੂਤਰਨੇ ਵਰਗੀ ਵੀ ਕੋਈ ਸੀਣ ਹੁੰਦੀ ਹੈ, ਇਹ ਨਵੀਂ ਗੱਲ ਸੀ ਤੇ ਨਾਲਾ ਤਿਆਰ ਕਰਨ ਦੀ ਵਿਧੀ ਵੀ ਰਾਕਟ ਤਿਆਰ ਕਰਨ ਤੋਂ ਘੱਟ ਨਹੀਂ ਸੀ। ਜਦੋਂ ਮੈਂ ਚਿੱਠੀ ਬੰਦ ਕਰਨ ਲੱਗਾ ਤਾਂ ਭਲਵਾਨ ਨੇ ਕਿਹਾ, "ਠਹਿਰ ਠਹਿਰ, ਜ਼ਰੂਰੀ ਗਲ ਤਾਂ ਰਹਿ ਹੀ ਗਈ, ਲਿਖ, ਕਛਹਿਰੇ ਕਿਸੇ ਚੰਗੇ ਤਜਰਬੇਕਾਰ ਤੇ ਸਿਆਣੇ ਦਰਜੀ ਕੋਲੋਂ ਸਵਾਂਇਓ, ਕਿਤੇ ਇਹ ਨਾ ਹੋਵੇ ਕੋਈ ਸੁਥਣਾਂ ਸੀਣ ਵਾਲਾ ਕਛਹਿਰਿਆਂ ਦੀ ਜੱਖਣਾਂ ਵੱਢ ਸੁੱਟੇ। ਕਈ ਵਾਰ ਕਈ ਦਰਜੀ ਇਕ ਪੌਂਚਾ ਛੋਟਾ ਤੇ ਇਕ ਵੱਡਾ ਸੀਅ ਦੇਂਦੇ ਹਨ, ਨਾਲੇ ਲਿਖ ਨੇਫਾ ਖੁੱਲ੍ਹਾ ਰੱਖੇ, ਨਹੀਂ ਤੇ ਨਾਲਾ ਪਾਉਣ ਲਗਿਆਂ ਬੜੀ ਦਿੱਕਤ ਆਉਂਦੀ ਹੈ।" ਸਾਰੇ ਹੱਸੇ ਤੇ ਕਿਹਾ, ਨਾਲਾ ਇਕ ਵਾਰ ਦਾ ਪਾਇਆ ਮੁੜ ਕੇ ਥੋੜਾ ਕੱਢ ਕੱਢ ਕੇ ਪਾਉਣੈ?" ਧਰਮਵੀਰ ਸਿੰਘ ਤੇ ਅਵਤਾਰ ਸਿੰਘ ਘੁੱਲੇ ਨੇ ਕਿਹਾ ਸਾਢੇ ਚਾਰ ਮੀਟਰ ਦਾ ਕਛਹਿਰਾ ਵੱਡਾ ਤਾਂ ਨਾ ਹੋ ਜਾਊ? ਪਰ ਭਲਵਾਨ ਨੇ ਕਿਹਾ, ਨਹੀਂ ਹੁੰਦਾ, ਏਦੂ ਘੱਟ ਵੀ ਕਿਤੇ ਕਛਹਿਰੇ ਪਾਉਂਦੇ ਆ ਸਿੰਘ?

ਅਗਲੀ ਮੁਲਾਕਾਤ 'ਤੇ ਕਛਹਿਰਿਆਂ ਦੀ ਪੰਡ ਸਾਨੂੰ ਮੁਲਾਕਾਤ ਵਾਲੇ ਕਮਰੇ ਵਿਚ ਵੜਦਿਆਂ ਹੀ ਦਿੱਸ ਪਈ। ਕੁਦਰਤੀ ਭਲਵਾਨ ਦੀ ਵੀ ਓਦਣ ਮੁਲਾਕਾਤ ਆਈ ਹੋਈ ਸੀ। ਮੁਲਾਕਾਤ ਤੋਂ ਵਿਹਲੇ ਹੋ ਕੇ ਅਸਾਂ ਕਛਹਿਰਿਆਂ ਦੀ ਮੰਗ ਕੀਤੀ, ਪਰ ਪਤਾ ਲੱਗਾ ਕਿ ਉਹ ਪੰਡ ਸੁਪਰਡੈਂਟ ਸਾਹਿਬ ਨੇ ਆਪਣੇ ਕਮਰੇ ਵਿਚ ਮੰਗਵਾ ਲਈ ਹੈ। ਸਾਡੀ ਮੁਲਾਕਾਤ ਆਉਣ 'ਤੇ ਜੇਲ੍ਹ ਵਾਲਿਆਂ ਦਾ ਕਾਫੀ ਸਮਾਂ ਲੱਗ ਜਾਂਦਾ ਸੀ। ਇਕ ਤਾਂ ਮੁਲਾਕਾਤ ਦੀ ਮਨਜ਼ੂਰੀ ਆਈ.ਜੀ. ਜੇਲ੍ਹ ਦੇ ਦਫਤਰੋਂ ਆਉਂਦੀ ਸੀ, ਦੂਸਰਾ ਸਾਰੀ ਜੇਲ੍ਹ ਦੀਆਂ ਮੁਲਾਕਾਤਾਂ ਹੋ ਚੁੱਕਣ ਤੋਂ ਬਾਅਦ ਸਾਡੀ ਮੁਲਾਕਾਤ ਕਰਵਾਈ ਜਾਂਦੀ ਤੇ ਲਗਪਗ ਜੇਲ੍ਹ ਦਾ ਸਾਰਾ ਅਮਲਾ ਹੀ ਡਿਉਢੀ ਵਿਚ ਹਾਜ਼ਰ ਹੁੰਦਾ। ਅਸੀਂ ਵੀ ਆਪਣੇ ਉੱਤੇ ਆਪ ਹੀ ਕਈ ਬੰਦਸ਼ਾਂ ਲਾਈਆਂ ਹੋਈਆਂ ਸਨ। ਇਹਨਾਂ ਬੰਦਸ਼ਾਂ ਕਰਕੇ ਹੀ ਸਾਨੂੰ ਕਦੇ ਸ਼ਰਮਿੰਦਗੀ ਨਹੀਂ ਸੀ ਉਠਾਉਣੀ ਪਈ।

ਮਿਸਾਲ ਦੇ ਤੌਰ 'ਤੇ ਅਸੀਂ ਕਦੇ ਵੀ ਪੈਸੇ ਫੜ ਕੇ ਆਪਣੀ ਪੱਗ ਵਿਚ ਨਾ ਰੱਖਦੇ। ਜੇਲ੍ਹ ਵਿਚ ਪੈਸੇ ਆਪਣੇ ਕੋਲ ਰੱਖਣ 'ਤੇ ਪਾਬੰਦੀ ਹੁੰਦੀ ਹੈ; ਸਿਰਫ ਪੈਂਤੀ ਰੁਪਏ ਹੀ ਕਿਸੇ ਕੋਲ ਇਕ ਵੇਲੇ ਹੋ ਸਕਦੇ ਹਨ, ਪਰ ਅਸਾਂ ਢਾਈ ਢਾਈ ਸੌ ਤੇ ਪੰਜ ਪੰਜ ਸੌ ਰੁਪਏ ਕੋਲ ਰੱਖਣ ਦੀ ਅਦਾਲਤ ਕੋਲੋਂ ਇਜਾਜ਼ਤ ਲਈ ਹੋਈ ਸੀ, ਜੇ ਪੈਸੇ ਪੱਗ ਵਿਚ ਹੋਣ ਤੇ ਤਲਾਸ਼ੀ ਲੈਣ 'ਤੇ ਨਿਕਲ ਆਉਣ ਫੇਰ ਤਾਂ ਜੇਲ੍ਹ ਵਾਲਿਆਂ ਨੂੰ ਪੱਗ ਲੁਹਾ ਕੇ ਵੇਖਣ ਦਾ ਹੱਕ ਆਪਣੇ ਆਪ ਹੀ ਹਾਸਲ ਹੋ ਜਾਂਦਾ ਸੀ। ਅਸੀਂ ਜੇ ਆਪਣੇ ਘਰੋਂ ਕੋਈ ਦਵਾਈ ਮੰਗਵਾਉਂਦੇ ਤਾਂ ਉਹ ਲਿਫਾਫਾ ਵੱਖਰਾ ਹੀ ਫੜਦੇ ਤੇ ਫੜ ਕੇ ਜੇਲ੍ਹ ਵਾਲਿਆਂ ਨੂੰ ਵਿਖਾ ਦੇਂਦੇ ਕਿ ਇਹ ਦਵਾਈ ਹੈ। ਖਾਣ ਵਾਲੀਆਂ ਚੀਜ਼ਾਂ ਨੂੰ, ਅਸੀਂ ਉਨ੍ਹਾਂ ਨੂੰ ਹੱਥ ਨਾ ਲਾਉਣ ਦੇਂਦੇ। ਦੇਸੀ ਘਿਓ ਦੇ ਟੀਨ ਮੰਗਵਾਉਂਦੇ ਤਾਂ ਉਹ ਬੰਦ ਟੀਨ ਹੁੰਦਾ ਪਰ ਉਹ ਫਿਰ ਵੀ ਉਸ ਨੂੰ ਖੋਲ੍ਹ ਕੇ ਇਕ ਪਤਰੀ ਉਸ ਵਿਚ ਘੁੰਮਾ ਕੇ ਵੇਖਦੇ ਕਿ ਕਿਤੇ ਇਹਦੇ ਵਿਚ ਕੋਈ ਚੀਜ਼ ਹੀ ਨਾ ਲੁਕਾਈ ਹੋਵੇ। ਇਸ ਕੰਮ ਵਾਸਤੇ ਸਰਦੀਆਂ ਵਿਚ ਘਿਓ ਨੂੰ ਪਹਿਲਾਂ ਗਰਮ

ਕਰਨਾ ਪੈਂਦਾ, ਇਸ ਤਰ੍ਹਾਂ ਡਿਉਢੀ ਵਿਚ ਸਾਨੂੰ ਕਾਫੀ ਦੇਰ ਲੱਗ ਜਾਂਦੀ। ਖਾਣ ਵਾਲੀਆਂ ਚੀਜ਼ਾਂ ਨੂੰ ਅਸੀਂ ਉਨ੍ਹਾਂ ਦੇ ਹੱਥ ਤਾਂ ਨਾ ਲੱਗਣ ਦੇਂਦੇ, ਪਰ ਆਪ ਅਸੀਂ ਇਕੱਲੀ ਇਕੱਲੀ ਚੀਜ਼ ਜਾਦੂਗਰਾਂ ਦੇ ਖੇਲ੍ਹ ਵਿਖਾਉਣ ਵਾਂਗ ਚੰਗੀ ਤਰ੍ਹਾਂ ਉਲਟਾ ਪਲਟਾ ਕੇ ਉਨ੍ਹਾਂ ਨੂੰ ਵਿਖਾ ਦੇਂਦੇ। ਉਨ੍ਹਾਂ ਦੀ ਕਈ ਵਾਰ ਕੋਸ਼ਿਸ਼ ਹੁੰਦੀ ਕਿ ਅਸੀਂ ਕਿਸੇ ਗੱਲ ਕਰਕੇ ਫੜੇ ਜਾਈਏ ਤੇ ਉਨ੍ਹਾਂ ਨੂੰ ਸਾਨੂੰ ਸ਼ਰਮਿੰਦੇ ਕਰਨ ਦਾ ਮੌਕਾ ਮਿਲੇ ਪਰ ਐਸਾ ਕਦੇ ਨਾ ਹੋਇਆ ਤੇ ਹਰ ਵਾਰ ਵਾਹਿਗੁਰੂ ਨੇ ਸਾਡੀ ਲਾਜ ਰੱਖੀ। ਜਦੋਂ ਬੰਦੀ ਦਾ ਵੇਲਾ ਹੁੰਦਾ ਤਾਂ ਅਸੀਂ ਦੱਸ ਪੰਦਰਾਂ ਮਿੰਟ ਪਹਿਲਾਂ ਹੀ ਆ ਕੇ ਆਪਣੀਆਂ ਚੱਕੀਆਂ ਵਿਚ ਬਹਿ ਜਾਂਦੇ ਤਾਂ ਕਿ ਹੈਡ ਵਾਰਡਨ ਨੂੰ ਸਾਨੂੰ ਬੰਦ ਕਰਨ ਲਈ ਅਵਾਜ਼ ਨਾ ਮਾਰਨੀ ਪਵੇ। ਪਰ ਜੇਲ੍ਹ ਵਿਚ ਹੋਰ ਕੈਦੀ ਇਸ ਤਰ੍ਹਾਂ ਨਹੀਂ ਸਨ ਕਰਦੇ ਤੇ ਕਈ ਵਾਰ ਵਾਰਡਨ ਉਨ੍ਹਾਂ ਨੂੰ ਬਾਹਾਂ ਤੋਂ ਫੜ ਫੜ ਕੇ ਲਿਆ ਕੇ ਬੰਦ ਕਰਦੇ। ਜਦੋਂ ਵੱਡੇ ਅਫ਼ਸਰ ਸਾਡੇ ਬਾਰੇ ਛੋਟੇ ਸਟਾਫ ਨੂੰ ਸਾਡੇ ਖਤਰਨਾਕ ਹੋਣ ਬਾਰੇ ਤੇ ਸੁਚੇਤ ਰਹਿਣ ਬਾਰੇ ਕਹਿੰਦੇ ਤਾਂ ਇਹ ਗੱਲਾਂ ਛੋਟੇ ਕਰਮਚਾਰੀਆਂ ਦੀ ਸਮਝ ਤੋਂ ਬਾਹਰ ਹੁੰਦੀਆਂ ਤੇ ਸਾਡੇ ਬਾਰੇ ਉਹ ਕਈ ਵਾਰ ਆਪਸ ਵਿਚ ਗੱਲਾਂ ਕਰਦੇ ਕਿ ਇਹ ਵਿਚਾਰੇ ਏਡੇ ਭਲੇਮਾਣਸ ਹਨ ਕਿ ਜੇ ਇਹਨਾਂ ਨੂੰ ਕਹਿ ਦਿੱਤਾ ਜਾਵੇ ਕਿ ਤੁਸੀਂ ਤਾਰੀਖ ਭੁਗਤ ਕੇ ਤੇ ਗੁਰਦੁਆਰਿਓਂ ਮੱਥਾ ਟੇਕ ਕੇ ਚਾਰ ਵਜੇ ਤੱਕ ਮੁੜ ਆਇਓ ਤਾਂ ਇਹ ਵਿਚਾਰੇ ਤਿੰਨ ਵਜੇ ਹੀ ਮੁੜ ਆਉਣਗੇ। ਪਰ ਅਫ਼ਸਰ ਪਤਾ ਨਹੀਂ ਕਿਉਂ ਇਹਨਾਂ ਦੇ ਪਿੱਛੇ ਪਏ ਰਹਿੰਦੇ ਹਨ। ਕਈ ਤਾਂ ਇਥੋਂ ਤੱਕ ਕਹਿ ਦੇਂਦੇ ਸਨ ਕਿ ਆਪਣੀ ਪੂਰੀ ਸਰਵਿਸ ਵਿਚ ਮੈਂ ਏਦਾਂ ਦੇ ਅਸੂਲਪ੍ਰਸਤ ਬੰਦੇ ਨਹੀਂ ਵੇਖੇ। ਇਹ ਆਪ ਦੂਸਰੇ ਦੀ ਇਜ਼ਤ ਕਰਦੇ ਹਨ ਤੇ ਬਦਲੇ ਵਿਚ ਕੋਈ ਵੀ ਇਹਨਾਂ ਨੂੰ ਇੱਜ਼ਤ ਦੇਵੇ, ਇਹ ਖਾਹਿਸ਼ ਰੱਖਦੇ ਹਨ। ਪਰ ਸਾਡੇ ਅਫ਼ਸਰ ਲੰਡੀ ਬੁੱਚੀ ਦੇ ਗਿਝੇ ਹੋਏ ਹਨ। ਇਹ ਵਿਚਾਰੇ ਤੇ ਆਪ ਰੋਟੀ ਮਗਰੋਂ ਖਾਂਦੇ ਹਨ ਤੇ ਵਾਰਡ ਵਿਚ ਆਉਣ ਵਾਲੇ ਨੂੰ ਪਹਿਲਾਂ ਪੁਛਦੇ ਹਨ।

ਕਈ ਵਾਰਡਨ ਤੇ ਅਫ਼ਸਰ ਸਾਡੇ ਤੋਂ ਓਹਲੇ ਸਾਡੇ ਨਾਲ ਹੀ ਫੜੇ ਗਏ ਅਖ਼ਬਾਰ ਨਾਲ ਸਬੰਧਤ ਦੋ ਭਰਾਵਾਂ ਨੂੰ ਪੁਛਦੇ, "ਇਹ ਸਿੱਖ ਤੁਹਾਨੂੰ ਕੋਈ ਤੰਗੀ ਤਾਂ ਨਹੀਂ ਦੇਂਦੇ? ਜੇ ਆਖੋ ਤਾਂ ਤੁਹਾਨੂੰ ਦੋਹਾਂ ਨੂੰ ਹੋਰ ਵਾਰਡ ਵਿਚ ਭੇਜ ਦੇਂਦੇ ਹਾਂ।" ਪਰ ਉਹ ਕਹਿੰਦੇ, "ਨਹੀਂ ਜੀ ਨਹੀਂ, ਸਾਨੂੰ ਸਕੇ ਭਰਾਵਾਂ ਤੋਂ ਵੀ ਵੱਧ ਸਮਝਦੇ ਹਨ ਤੇ ਆਪਣੇ ਮੂੰਹ 'ਚੋਂ ਬੁਰਕੀ ਕੱਢ ਕੇ ਵੀ ਸਾਨੂੰ ਦੇਂਦੇ ਹਨ, ਅਸੀਂ ਨਹੀਂ ਹੋਰ ਕਿਤੇ ਜਾਣਾ।" ਫਿਰ ਉਨ੍ਹਾਂ ਨੇ ਇਹ ਵੀ ਦੱਸਿਆ, "ਇਨ੍ਹਾਂ ਨੇ ਆਪਣੇ ਲਈ ਗੁਰਬਾਣੀ ਦੇ ਗੁਟਕੇ ਮੰਗਵਾਏ ਤੇ ਸਾਨੂੰ ਵੀ ਹਨੂੰਮਾਨ ਚਾਲੀਸਾ ਤੇ ਹੋਰ ਹਿੰਦੂ ਕਿਤਾਬਾਂ, ਜਿਹੜੀਆਂ ਅਸਾਂ ਆਖੀਆ ਲਿਆ ਕੇ ਦਿੱਤੀਆਂ ਹਨ।" ਵੱਡੇ ਭਰਾ ਜਿਸ ਦੀ ਕਰਿਆਨੇ ਦੀ ਦੁਕਾਨ ਸੀ ਨੇ ਇਹ ਵੀ ਆਖਿਆ ਕਿ ਮੈਨੂੰ ਰੋਜ਼ ਫਿਕਰ ਰਹਿੰਦਾ ਸੀ ਕਿ ਮੇਰੀ ਦੁਕਾਨ ਵਿਚ ਪਈਆਂ ਦਾਲਾਂ ਤੇ ਹੋਰ ਅਨਾਜ ਦੀਆਂ ਚੀਜ਼ਾਂ ਖਰਾਬ ਹੋ ਜਾਣੀਆਂ ਹਨ, ਪਰ ਡੋਅਰੀ ਵਾਲੇ ਸਰਦਾਰ ਨੇ ਮੈਨੂੰ ਆਖਿਆ ਕਿ ਆਪਣੇ ਭਰਾ ਨੂੰ ਮੁਲਾਕਾਤ 'ਤੇ ਆਏ ਨੂੰ ਆਖੀਂ ਕਿ ਸਾਰੀਆਂ ਦਾਲਾਂ ਵੇਸਣ ਤੇ ਆਟੇ ਵਰਗੀਆਂ ਖਰਾਬ ਹੋਣ ਵਾਲੀਆਂ ਚੀਜ਼ਾਂ ਤੋਲ ਕੇ ਸਾਡੀਆਂ ਮੱਝਾਂ ਅੱਗੇ ਸੁੱਟ ਆਵੇ ਤੇ ਪੈਸੇ ਮੇਰੇ ਘਰੋਂ ਮੇਰੀ ਪਤਨੀ ਕੋਲੋਂ ਲੈ ਲਵੇ। ਅਸੀਂ ਤਾਂ ਮੱਝਾਂ ਨੂੰ ਬਥੇਰਾ ਵੰਡ ਵੜੇਵਾਂ ਪਾਉਂਦੇ ਹੀ ਰਹਿੰਦੇ ਹਾਂ, ਦਾਲਾਂ ਵੀ ਅਨਾਜ ਹੀ ਹਨ। ਮੇਰੇ ਭਰਾ ਨੇ ਇਸੇ ਤਰ੍ਹਾਂ ਹੀ ਕੀਤਾ ਤੇ ਉਦਣ ਹੀ ਸਾਨੂੰ ਪੈਸੇ ਵੀ ਮਿਲ ਗਏ ਹਨ, ਅਸੀਂ ਉਨ੍ਹਾਂ ਨੂੰ ਮਾੜਾ ਕਿਉਂ ਆਖੀਏ?

ਕਛਹਿਰਿਆਂ ਦੀ ਪੰਡ ਬਾਹਰ ਆ ਗਈ ਪਰ ਸੁਪਰਡੈਂਟ ਨੇ ਆਉਂਦਿਆਂ ਹੀ ਸਾਨੂੰ ਪੁਛਿਆ, "ਇਹ ਕੀ ਬਲਾ ਹੈ?" ਅਸਾਂ ਕਿਹਾ, "ਕਛਹਿਰੇ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਅੰਡਰ ਵੀਅਰ ਕਹਿੰਦੇ ਹਨ।" ਸੁਪਰਡੈਂਟ ਨੇ ਇਕ ਪੌਂਚੇ ਨੂੰ ਕਛਹਿਰੇ ਦੇ ਦੂਜੇ ਪੌਂਚੇ ਵਿਚੋਂ ਦੀ ਕੱਢ ਕੇ ਦੂਜੇ ਕਛਹਿਰੇ ਦੇ ਪੌਂਚੇ ਵਿਚੋਂ ਦੀ ਪਰ ਕੇ ਉਤਲਾ ਪੌਂਚਾ ਦਰਵਾਜੇ ਦੇ ਪੱਲੇ ਨਾਲ ਅੜਾ ਦਿੱਤਾ ਤੇ ਥੱਲੇ ਵਾਲੇ ਪੌਂਚੇ ਵਿਚ ਪੈਰ ਰੱਖ ਕੇ ਉਪਰ ਆਪਣੇ ਸਰੀਰ ਦਾ ਸਾਰਾ ਭਾਰ ਪਾ ਦਿੱਤਾ ਤੇ ਫਿਰ ਦੋ ਕੁ ਹੁਜਕੇ ਮਾਰ ਕੇ ਸਾਰਿਆਂ ਸਹਾਇਕਾਂ ਨੂੰ ਵਿਖਾਇਆ ਤੇ ਪੁਛਿਆ, "ਸਮਝੇ ਕੁਛ? ਯੇਹ ਜੇਲ੍ਹ ਬਰੇਕ ਕਰਨੇ ਕੇ ਲੀਏ ਫੋਲਡਿੰਗ ਸੀੜੀ ਹੈ।" ਫਿਰ ਉਸ ਨੇ ਉਨ੍ਹਾਂ ਨੂੰ ਹੋਰ ਵਿਸਥਾਰ ਨਾਲ ਸਮਝਾਇਆ ਕਿ ਕਿਵੇਂ ਇਹ ਕਛਹਿਰੇ ਵਿਚ ਕਛਹਿਰਾ ਫਸਾ ਫਸਾ ਕੇ ਵੱਡੀ ਸਾਰੀ ਪੌੜੀ ਬਣਾ ਲੈਣਗੇ ਤੇ ਫਿਰ ਦੀਵਾਰ ਦੇ ਉਪਰੋਂ ਦੀ ਸੁੱਟ ਕੇ ਪੌਂਚਿਆਂ ਵਿਚੋਂ ਦੀ ਪੈਰ ਰੱਖ ਰੱਖ ਕੇ ਦੂਜੇ ਪਾਸੇ ਉੱਤਰ ਜਾਣਗੇ। ਸਾਰੇ ਸਹਾਇਕ ਜੇਲ੍ਹਰ ਤੇ ਹੋਰ ਅਮਲਾ ਫੈਲਾ ਆਪਣੇ ਅਫ਼ਸਰ ਦੀ ਗਲ ਸੁਣ ਕੇ ਇਸ ਤਰ੍ਹਾਂ ਸਿਰ ਹਿਲਾ ਹਿਲਾ ਕੇ ਹੁੰਗਾਰਾ ਭਰ ਰਹੇ ਸਨ, ਜਿਵੇਂ ਉਨ੍ਹਾਂ ਨੇ ਸੱਚਮੁੱਚ ਹੀ ਜੇਲ੍ਹ ਤੋੜਨ ਦੀ ਸਾਜ਼ਿਸ਼ ਫੜ ਲਈ ਹੋਵੇ। ਹੋਰ ਤਸੱਲੀ ਲਈ ਉਸ ਨੇ ਇਕ ਕਛਹਿਰਾ ਵੱਡੇ ਮੇਜ 'ਤੇ ਵਿਛਾ ਦਿੱਤਾ ਤੇ ਸਾਰਿਆਂ ਨੂੰ ਪੁਛਿਆ, "ਅੰਡਰ ਵੀਅਰ ਇਤਨਾ ਬੜਾ ਹੋਤਾ ਹੈ? ਆਪਕਾ ਦਿਮਾਗ਼ ਕਾਮ ਨਹੀਂ ਕਰਤਾ? ਯੇਹ ਕੈਸੇ ਅੰਡਰ ਵੀਅਰ ਹੋ ਸਕਤਾ ਹੈ?" ਅਸੀਂ ਤਿੰਨੇ ਚਾਰੇ ਜਣੇ ਮਨ ਵਿਚ ਹੱਸੀਏ ਪਰ ਬੋਲੇ ਕੁਝ ਨਾ। ਇਕ ਹਰਿਆਣਵੀ ਜਿਹੇ ਹੌਲਦਾਰ ਨੇ ਕਿਹਾ, "ਮੰਨੈ ਤੋ ਯਹ ਗਾਗਰਾ ਲਾਗੈ"। ਇਕ ਸਹਾਇਕ ਜੇਲ੍ਹਰ ਨੇ ਘੂਰੀ ਵੱਟ ਕੇ ਉਹਨੂੰ ਚੁੱਪ ਕਰਾ ਦਿੱਤਾ। ਡਿਪਟੀ ਨੇ ਪੌਂਚਿਆਂ 'ਤੇ ਪਈਆਂ ਪਿੜੀਆਂ ਤੇ ਉਸ ਦੀ ਮਜਬੂਤੀ ਬਾਰੇ ਵਿਸ਼ੇਸ਼ ਜਿਕਰ ਕਰਦਿਆਂ ਆਪਣੇ ਨਾਲ ਦਿਆਂ ਅਫ਼ਸਰਾਂ ਨੂੰ ਕਿਹਾ, ਦੇਖ ਲੀਆ ਆਪ ਨੇ ਯੇਹ ਚੀਜ਼, ਯਹਾਂ ਸੇ ਕਿਤਨੀ ਮਜ਼ਬੂਤ ਬਨਾਈ ਗਈ ਹੈ ਤਾਂ ਕਿ ਵਜ਼ਨ ਪੜਨੇ ਪਰ ਯਹਾਂ ਸੇ ਫਟੇ ਨਹੀਂ। ਸਾਡੇ ਵਾਲੇ ਵਾਰਡ ਦੇ ਹੌਲਦਾਰ ਨੂੰ ਵੀ ਉਚੇਚੇ ਤੌਰ 'ਤੇ ਡਿਉਢੀ ਬੁਲਾ ਕੇ ਪੁਛਿਆ ਕਿ "ਇਨਕੇ ਪਾਸ ਪਹਿਲੇ ਭੀ ਐਸੇ ਅੰਡਰ ਵੀਅਰ ਹੈਂ ਕਿ ਪਹਿਲੀ ਬਾਰ ਹੀ ਐਸੇ ਮੰਗਵਾਏ ਹੈ?" ਉਸ ਨੇ ਕਿਹਾ ਜੀ, "ਯਹ ਸਰਦਾਰ ਲੋਗ ਐਸੇ ਐਸੇ ਹੀ ਪਹਿਨਤੇ ਹੈ! ਮੈਂ ਤੋ ਹਰ ਰੋਜ਼ ਦੇਖਤਾ ਹੂੰ, ਲੇਕਿਨ ਬੰਬ ਕਾਂਡ ਵਾਲੇ ਜੋ ਦੇਹਲੀ ਕੇ ਸਿਖ ਥੇ ਵੋਹ ਤੋ ਇਤਨੇ ਬੜੇ ਨਹੀਂ ਪਹਿਨਤੇ ਥੇ, ਉਨਕੇ ਅੰਡਰ ਵੀਅਰ ਤੋਂ ਇਨਸੇ ਬੜੀ ਮੁਸ਼ਕਲ ਸੇ ਪਾਚਵਾਂ ਭਾਗ ਹੋਗਾ।"

ਅਖੀਰ 'ਤੇ ਇਹ ਮਸਲਾ ਅਵਤਾਰ ਨੇ ਹੀ ਹੱਲ ਕੀਤਾ। ਉਸ ਨੇ ਆਪਣਾ ਪਜਾਮਾ ਲਾਹ ਦਿੱਤਾ ਤੇ ਥਲਿਓਂ ਏਡਾ ਹੀ ਕਛਹਿਰਾ ਨਿਕਲ ਆਇਆ। ਇਕ ਹੌਲਦਾਰ ਕੋਲੋਂ ਫਿਰ ਨਾ ਰਿਹਾ ਗਿਆ ਤੇ ਉਸ ਨੇ ਕਿਹਾ, "ਅਰੇ ਯਹ ਭੀ ਇਸੀ ਨਸਲ ਕਾ ਪਹਿਨਾ ਹੁਆ ਹੈ, ਵਹੀ ਮੇਕ ਇਸ ਕਾ ਭੀ ਹੈ।" ਜਦੋਂ ਅਵਤਾਰ ਨੇ ਆਪਣਾ ਪਾਸਾ ਮਰੋੜ ਕੇ ਪਰ੍ਹਾਂ ਨੂੰ ਮੂੰਹ ਕੀਤਾ ਤਾਂ ਉਸਦਾ ਘੱਸ ਕੇ ਪਾਟਾ ਕਛਹਿਰਾ ਸਾਰਿਆਂ ਨੂੰ ਦਿਸ ਪਿਆ। ਡਿਪਟੀ ਨੇ ਕਿਹਾ, "ਆਪ ਏਕ ਸਮਯ ਮੇਂ ਪਾਂਚ ਲੇ ਜਾਈਏ, ਜਿਸ ਜਿਸ ਕਾ ਫਟਾ ਹੂਆ ਹੈ, ਉਸ ਕੋ ਦੇ ਦੋ, ਬਾਕੀ ਬਾਅਦ ਮੇਂ ਲੇ ਜਾਨਾ"। ਅਸਾਂ ਵੀ ਝਗੜਾ ਕਰਨਾ ਪਸੰਦ ਨਾ ਕੀਤਾ ਤੇ ਪੰਜ ਹੀ ਲੈ ਕੇ ਵਾਰਡ ਵਿਚ ਆ ਗਏ।

ਸਾਡੇ ਵਾਰਡ ਵਿਚ ਪਹੁੰਚਣ 'ਤੇ ਬੰਦੀ ਦਾ ਵਕਤ ਸੀ, ਸਾਨੂੰ ਵੀ ਬੰਦ ਕਰ ਦਿੱਤਾ

ਗਿਆ। ਜਦੋਂ ਦੁਬਾਰਾ ਬੰਦੀ ਖੁੱਲ੍ਹੀ ਤਾਂ ਅਵਤਾਰ ਸਿੰਘ ਭਲਵਾਨ ਮੇਰੀ ਚੱਕੀ ਅੱਗੇ ਆ ਕੇ ਬੈਠਾ ਤੇ ਨਰਾਜ਼ ਜਿਹਾ ਮੂੰਹ ਬਣਾ ਕੇ ਕਹਿਣ ਲੱਗਾ, "ਭਾਊ ਤੂੰ ਲਿਖਿਆ ਨਹੀਂ ਸੀ ਸਾਢੇ ਚਾਰ ਮੀਟਰ ਦਾ ਕਛਹਿਰਾ ਬਣਵਾਉਣਾ?" ਮੈਂ ਕਿਹਾ, "ਤੇਰੇ ਸਾਹਮਣੇ ਹੀ ਤੇ ਲਿਖਿਆ ਸੀ।" ਤੇ ਫਿਰ ਆ ਕੀ ਆ? ਭਾਬੀ ਕਛਹਿਰੀਆਂ ਜਿਹੀਆਂ ਸਵਾਂ ਕੇ ਲੈ ਆਈ ਆ।" ਫਿਰ ਉਹਨੇ ਖਲੋਤੇ ਖਲੋਤੇ ਨੇ ਹੀ ਦੋ ਤਿੰਨ ਵਾਰ ਢੂੰਗਾ ਜਿਹਾ ਸੱਜੇ ਪਾਸੇ ਤੇ ਖੱਬੇ ਪਾਸੇ ਕਰਕੇ ਧੌਣ ਵੀ ਉਸੇ ਤਰ੍ਹਾਂ ਹੀ ਘੁੰਮਾ ਘੁੰਮਾ ਕੇ ਕਛਹਿਰੇ ਵੱਲ ਵੇਖਿਆ ਤੇ ਕਿਹਾ, "ਸਤਿਆਨਾਸ ਕਰ ਦਿੱਤਾ ਕਪੜੇ ਦਾ, ਭਲਾ ਦੋ ਗਿਠਾਂ ਹੋਰ ਲਗ ਜਾਂਦੀਆਂ ਤੇ ਕਿਹੜਾ ਲੋਹੜਾ ਆ ਚਲਿਆ ਸੀ?" ਫਿਰ ਉਹਨੇ ਕਪੜੇ ਨੂੰ ਚੁਟਕੀ ਵਿਚ ਭਰ ਕੇ, ਚੁਟਕੀ ਅਗਾਂਹ ਪਿਛਾਂਹ ਕਰਕੇ ਕਿਹਾ, "ਕਪੜਾ ਤੇ ਓਤਰਾਂ ਵਿਮਲ ਦਾ ਈ ਆ, ਸੀਣ ਖੁਣੋਂ ਜਖਣਾਂ ਵੱਢੀ ਗਈ ਆ।" ਪਰਿਓ ਅਵਤਾਰ ਘੁੱਲੇ ਨੂੰ ਆਉਂਦੇ ਵੇਖ ਕੇ ਮੈਂ ਪੁਛਿਆ ਅਵਤਾਰ ਕਛਹਿਰੇ ਛੋਟੇ ਆ?" ਉਹਨੇ ਕਿਹਾ, "ਨਹੀਂ ਮੈਨੂੰ ਤੇ ਸਗੋਂ ਵੱਡੇ ਲਗਦੇ ਆ।" "ਭਲਵਾਨ ਆਂਹਦਾ ਛੋਟੇ ਆ।" ਮੈਨੂੰ ਹਾਸਾ ਆਇਆ ਤੇ ਪਾਕਿਸਤਾਨ ਤੇ ਹਿੰਦੋਸਤਾਨ ਦੀ ਵੰਡ ਵੇਲੇ ਦੀ ਕੁੜੀਆਂ ਦੀ ਪਾਈ ਬੋਲੀ ਯਾਦ ਆਈ। ਉਹ ਬੋਲੀ ਏਥੇ ਬਿਲਕੁਲ ਢੁਕਦੀ ਸੀ। ਪੂਰੇ ਵੱਡੇ ਗ੍ਰੰਥ ਜਿੰਨੀ ਫਿਲਾਸਫੀ ਇਕ ਲਾਈਨ ਦੀ ਬੋਲੀ ਵਿਚ ਸਮੋਈ ਹੋਈ ਸੀ, "ਸਿੱਖ ਰਹਿ ਗਏ ਕਛਹਿਰਿਆਂ ਜੋਗੇ, ਤੇ ਬਾਹਮਣਾਂ ਨੇ ਰਾਜ ਸਾਂਭਿਆ"। ਕਿੰਨੀ ਸੱਚਾਈ ਸੀ ਇਸ ਬੋਲੀ ਵਿਚ?

ਜਦੋਂ ਅਸੀ ਫਿਰ ਮਕਬੂਲ ਬੱਟ ਦੀ ਕਬਰ ਨਾਲ ਢੋਅ ਲਾ ਕੇ ਬੈਠੇ ਤਾਂ ਮੈਂ ਸਾਰਿਆਂ ਨੂੰ ਤੇ ਖਾਸ ਕਰਕੇ ਅਵਤਾਰ ਸਿੰਘ ਨੂੰ ਸੰਬੋਧਨ ਕਰਕੇ ਦਸਿਆ ਕਿ "ਤੇਰੀ ਭਾਬੀ ਆਂਹਦੀ ਸੀ, ਇਹ ਕਛਹਿਰੇ ਰੌਣਕ ਬਜਾਰ ਵਾਲੇ ਬੁੱਢੇ ਕੋਲੋਂ ਸਵਾਏ ਆ। ਉਹਨੂੰ ਸੌ ਮੀਟਰ ਕਪੜਾ ਵੀਹਾਂ ਕਛਹਿਰਿਆਂ ਦਾ ਲੈ ਕੇ ਦਿੱਤਾ ਸੀ। ਉਹਨੇ ਆਖਿਆ ਮੇਰੀ ਸਾਰੀ ਜ਼ਿੰਦਗੀ ਲੰਘ ਗਈ ਆ ਕੱਛੇ ਸੀਦਿਆਂ ਦੀ, ਪਰ ਮੈਂ ਏਡਾ ਕੱਛਾ ਕਦੇ ਨਹੀਂ ਸੀਤਾ। ਉਹਨੂੰ ਬਹੁਤ ਜ਼ੋਰ ਪਾ ਕੇ ਇਹ ਚਾਰ ਚਾਰ ਮੀਟਰ ਦੇ ਸਵਾਏ ਆ ਤੇ ਨਾਲਿਆਂ ਦਾ ਕਪੜਾ ਏਦੂੰ ਵੱਖਰਾ। ਜਦੋਂ ਮੈਂ ਇਹ ਗੱਲ ਦੱਸੀ ਤਾਂ ਉਹ ਫਿਰ ਉਠਿਆ, ਚੰਗੀ ਤਰ੍ਹਾਂ ਵੇਖਿਆ ਘੋਖਿਆ ਤੇ ਫਿਰ ਬੋਲਿਆ, "ਚਲੋ ਓਤਰਾਂ ਠੀਕ ਈ ਆ, ਪਰ ਤੂੰ ਫਿਰ ਵੀ ਭਾਬੀ ਨੂੰ ਡਾਂਟੀ ਜ਼ਰੂਰ।" ਸੁਰਜੀਤ ਨੇ ਕਿਹਾ, "ਸ਼ਰਮ ਨਹੀਂ ਆਉਂਦੀ, ਹਾਅ ਗਲ ਕਹਿੰਦੇ ਨੂੰ, ਨਾਲੇ ਉਹ ਵਿਚਾਰੀ ਵਖਤ ਭਰ ਕੇ ਸਵਾ ਕੇ ਲਿਆਈ ਆ, ਬੁੱਕ ਰੁਪਈਆਂ ਦਾ ਲਾਇਆ ਤੇ ਨਾਲੇ ਉਹਨੂੰ ਡਾਂਟੀ। ਜੇ ਕਿਸੇ ਦਾ ਗੁਣ ਪਾਉਣ ਜੋਗੇ ਨਹੀਂ ਹੁੰਦੇ ਤਾਂ ਚੁੱਪ ਵੀ ਨਹੀਂ ਰਿਹਾ ਜਾਂਦਾ। ਸਗੋਂ ਤੂੰ ਭਾਊ ਦਾ ਧੰਨਵਾਦ ਕਰ"। ਅਵਤਾਰ ਫਿਰ ਬੋਲਿਆ, "ਲੈ ਭਾਊ ਦਾ ਧੰਨਵਾਦ ਕਾਹਦਾ? ਭਾਬੀ ਜਦੋਂ ਦੂਜੀ ਵਾਰੀ ਆਊ, ਉਦੋਂ ਕਰ ਦਿਆਂਗੇ ਉਹਦਾ ਧੰਨਵਾਦ", ਉਹਨੇ ਇਹ ਗੱਲ ਇਸ ਤਰੀਕੇ ਨਾਲ ਕਹੀ ਕਿ ਸਾਰੇ ਹੱਸ ਪਏ। "ਸਿੱਖਾਂ ਦਾ ਕਿਸੇ ਭਲਾ ਵੀਂ ਕੀ ਕਰਨਾ, ਇਹ ਤੇ ਸਗੋਂ ਮੂੰਹ ਨੂੰ ਆਉਂਦੇ ਆ ਕਿ" ਸਾਰੇ ਫਿਰ ਹੱਸੇ। ਸੰਤੋਖ ਨੇ ਕਿਹਾ, "ਚਲੋ ਉਹ ਤੇ ਹੋਇਆ ਜਿਹੜੀ ਗੱਲ ਸੁਣਾਉਂਦੇ ਹੁੰਦੇ ਆ, ਪਈ ਇਕ ਨਿਹੰਗ ਨੇ ਇਕ ਮੁਸਲਮਾਨ ਦੀ ਵਾੜ 'ਤੇ ਆਪਣਾ ਕਛਹਿਰਾ ਸੁੱਕਣੇ ਪਾਇਆ ਤਾਂ ਮੁਸਲਮਾਨ ਨੇ ਕਿਹਾ ਇਹ ਨੂੰ ਚੁੱਕ ਹੁਣੇ। ਨਿਹੰਗ ਨੇ ਕਿਹਾ ਮੇਰਾ ਕਛਹਿਰਾ ਤੇਰੀ ਵਾੜ ਨੂੰ ਖਾ ਤੇ ਨਹੀਂ ਚਲਿਆ। ਸੁੱਕ ਜਾਊ ਤੇ ਮੈਂ ਚੁੱਕ ਲੈਣਾ ਹੈ। ਉਹਨੇ ਕਿਹਾ, "ਏਹਦੇ ਸੁੱਕਣ ਦਾ ਈ ਤੇ

ਸਿਆਪਾ, ਜਿੰਨੇ ਚਿਰ ਨੂੰ ਇਹਨੇ ਸੁਕਣਾ, ਓਨੇ ਚਿਰ ਤੱਕ ਤੇ ਤੂੰ ਏਥੇ ਗੁਰਦੁਆਰਾ ਬਣਾ ਕੇ ਬਹਿ ਜਾਣੈ।" ਸਾਰੇ ਬਹੁਤ ਜ਼ੋਰ ਜ਼ੋਰ ਦੀ ਹੱਸੇ। ਸੰਤੋਖ ਨੇ ਕਿਹਾ ਇਹ ਕਛਹਿਰੇ ਵੀ ਇਨ੍ਹਾਂ ਸਿਆਲ ਦੇ ਦਿਨਾਂ ਵਿਚ ਹਫਤੇ ਬਾਅਦ ਸੁਕਿਆ ਕਰਨਗੇ, ਬਾਰਾਂ ਵਜੇ ਤੇ ਧੁੱਪ ਈ ਨਿਕਲਦੀ ਆ ਤੇ ਚਾਰ ਵਜੇ ਫੇਰ ਧੁੰਦ ਪੈ ਜਾਂਦੀ ਆ।

ਇਕ ਦਿਨ ਕਿਸੇ ਨੇ ਕਛਹਿਰਾ ਸੁੱਕਣ ਲਈ ਕੰਧ ਨਾਲ ਖਲੋਤੇ ਤਖਤਪੋਸ਼ ਦੇ ਪਾਵੇ ਨਾਲ ਟੰਗ ਦਿੱਤਾ। ਉਤਲੇ ਪਾਵੇ 'ਤੇ ਲਟਕਿਆ ਕਛਹਿਰਾ ਥੱਲੇ ਜ਼ਮੀਨ ਤੋਂ ਥੋੜਾ ਹੀ ਉਤੇ ਸੀ। ਇਕ ਨਵਾਂ ਆਇਆ ਡਿਪਟੀ ਚੈਕਿੰਗ ਲਈ ਵਾਰਡ ਵਿਚ ਆਇਆ। ਪਹਿਲਾਂ ਤਾਂ ਉਹ ਅਗਾਂਹ ਲੰਘ ਗਿਆ, ਫੇਰ ਪਤਾ ਨਹੀਂ ਕੀ ਸੋਚ ਕੇ ਉਹ ਬਰਾਂਡੇ ਵਿਚ ਸੁਕਦੇ ਕਛਹਿਰੇ ਵੱਲ ਚਲਾ ਗਿਆ। ਉਹ ਕਛਹਿਰੇ ਨੂੰ ਹੱਥ ਲਾਉਣ ਹੀ ਲੱਗਾ ਸੀ ਕਿ ਅਵਤਾਰ ਸਿੰਘ ਘੁੱਲੇ ਨੇ ਲੇਰ ਛੱਡ ਦਿੱਤੀ ਤੇ ਕਿਹਾ, "ਹੱਥ ਨਾ ਲਾਇਓ, ਡਿਪਟੀ ਜੀ।" ਡਿਪਟੀ ਵਿਚਾਰਾ ਠਠੰਬਰ ਕੇ ਓਥੇ ਹੀ ਖਲੋ ਗਿਆ। ਅਵਤਾਰ ਨੇ ਪਾਣੀ ਦਾ ਗਲਾਸ ਲਿਆ ਕੇ ਕਿਹਾ, "ਜੇ ਕਛਹਿਰੇ ਨੂੰ ਹੱਥ ਲਾਉਣੈ, ਆ ਹੱਥ ਸੁੱਚੇ ਕਰ ਲਓ।" ਉਹਨੇ ਹੈਰਾਨ ਹੋ ਕੇ ਪੁਛਿਆ, "ਇਹ ਚੀਜ਼ ਕੀ ਹੈ?" ਘੁੱਲੇ ਨੇ ਕਿਹਾ, "ਜੀ ਇਹ ਅੰਡਰ ਵੀਅਰ ਆ।" ਡਿਪਟੀ ਨੇ ਕਿਹਾ, "ਹੱਦ ਹੋ ਗਈ, ਤੁਹਾਡੇ ਅੰਡਰ ਵੀਅਰ ਨੂੰ ਹੱਥ ਲਾਉਣ ਲਈ ਵੀ ਹੱਥ ਧੋਣੇ ਪੈਂਦੇ ਆ?" ਅਵਤਾਰ ਨੇ ਕਿਹਾ, "ਜੀ ਸਾਡਾ ਫੇਰ ਪਾਠ ਪੂਜਾ ਦਾ ਜੁ ਕੰਮ ਹੋਇਆ, ਤੁਸੀਂ ਵੀਹ ਥਾਈਂ ਹੱਥ ਮਾਰਦੇ ਆਉਂਦੇ ਓ।" ਡਿਪਟੀ ਨੇ ਕਿਹਾ, "ਕੀ ਗੱਲ ਮੈਂ ਗੰਦੀਆਂ ਨਾਲੀਆਂ ਵਿਚ ਹੱਥ ਮਾਰਦਾ ਆਇਆਂ?" ਅਸੀਂ ਸਾਰੇ ਹੱਸੇ ਤੇ ਉਹ ਵੀ ਹੱਸ ਪਿਆ। ਫਿਰ ਉਸ ਨੇ ਕਿਹਾ, "ਤੁਸੀਂ ਏਡੇ ਏਡੇ ਅੰਡਰ ਵੀਅਰ ਪਾਉਂਦੇ ਓ? ਮੈਂ ਤਾਂ ਪਹਿਲਾਂ ਸਮਝਿਆ ਸੀ ਕਿ ਇਹ ਸਕੂਟਰ ਦਾ ਕਵਰ ਹੈ, ਫਿਰ ਮੈਂ ਸੋਚਿਆ ਇਨ੍ਹਾਂ ਕੋਲ ਸਕੂਟਰ ਤੇ ਹੈ ਨਹੀਂ, ਕਵਰ ਇਨ੍ਹਾਂ ਕੀ ਕਰਨਾ ਸੀ।" ਉਹਦੇ ਚਲੇ ਜਾਣ ਤੋਂ ਬਾਅਦ ਸਾਡੇ ਵਿਚੋਂ ਹੀ ਕਿਸੇ ਨੇ ਗੱਲ ਸੁਣਾਈ "ਇਕ ਨਿਹੰਗ ਡੁੱਬ ਕੇ ਮਰ ਗਿਆ। ਲਾਗੋਂ ਲੰਘਦੀ ਜਾਂਦੀ ਮਾਈ ਨੇ ਖਲੋ ਕੇ ਨਿਹੰਗ ਸਿੰਘ ਦੇ ਮਰਨ ਦਾ ਕਾਰਣ ਪੁਛਿਆ ਤਾਂ ਉਥੇ ਖਲੋਤੇ ਲੋਕਾਂ ਕਿਹਾ, "ਮਾਤਾ ਨਿਹੰਗ ਸਿੰਘ ਇਸ਼ਨਾਨ ਕਰਨ ਲਈ ਤਲਾਅ ਵਿਚ ਵੜਿਆ ਸੀ, ਪੌੜੀਆਂ 'ਤੇ ਪਣਾ ਬੱਝਾ ਹੋਣ ਕਰਕੇ ਤਿਲਕ ਕੇ ਅਗਾਂਹ ਡੂੰਘੇ ਪਾਣੀ ਵਿਚ ਚਲਾ ਗਿਆ ਤੇ ਕਛਹਿਰੇ ਵਿਚ ਮਣਾ ਮੂੰਹੀ ਪਾਣੀ ਭਰ ਗਿਆ। ਉਸ ਭਾਰ ਨੇ ਬਾਹਰ ਨਿਕਲਣ ਹੀ ਨਹੀਂ ਦਿੱਤਾ ਤੇ ਵਿਚਾਰਾ ਡੁੱਬ ਕੇ ਚੜ੍ਹਾਈ ਕਰ ਗਿਆ।" ਮਾਤਾ ਨੇ ਗੱਲ ਸੁਣ ਕੇ ਮੂੰਹ ਨਾਲ ਚੁੱਚ ਚੁੱਚ ਕੀਤਾ ਤੇ ਕਿਹਾ, "ਵਿਚਾਰਾ ਕਛਹਿਰਾ ਕਾਹਦਾ ਪਾਈ ਫਿਰਦਾ ਸੀ, ਚਿੱਤੜਾਂ ਨਾਲ ਮੌਤ ਬੰਨੀ ਫਿਰਦਾ ਸੀ ਕਿ।"

ਇਕ ਹੋਰ ਨੇ ਗੱਲ ਸੁਣਾਈ, ਅਖੇ "ਇਕ ਵਾਰ ਇੰਗਲੈਂਡ ਦੀ ਇਕ ਲਾਂਡਰੀ 'ਤੇ ਕਿਸੇ ਨੇ ਕਛਹਿਰਾ ਧੋਣ ਲਈ ਦਿੱਤਾ। ਪਰਚੀ ਬਨਾਉਣ ਲੱਗੇ ਗੋਰੇ ਨੂੰ ਸਮਝ ਨਾ ਲੱਗੇ ਕਿ ਇਹ ਕੱਪੜਾ ਕੀ ਹੈ? ਉਸ ਨੇ ਪਰਚੀ 'ਤੇ ਲਿਖ ਦਿੱਤਾ, ਦੋ ਜਣਿਆ ਦੇ ਰਹਿਣ ਲਈ ਤੰਬੂ।" (A small tent for two persons)

ਇਕ ਹੋਰ ਨੇ ਗੱਲ ਸੁਣਾਈ ਕੋਈ ਸਿੱਖ ਨਹਾਉਣ ਲਈ ਗੁਸਲਖਾਨੇ ਵਿਚ ਵੜਿਆ ਤਾਂ ਕਿਸੇ ਦੇ ਡਿਗਣ ਦੀ ਧੜੱਮ ਦੀ ਅਵਾਜ਼ ਆਈ। ਬਾਹਰ ਬੈਠੇ ਘਰ ਵਾਲਿਆਂ ਅਵਾਜ਼ ਦੇ ਕੇ ਪੁਛਿਆ ਕੌਣ ਡਿੱਗਾ ਹੈ"? ਗੁਸਲਖਾਨੇ ਦੇ ਅੰਦਰੋਂ ਆਵਾਜ਼ ਆਈ, "ਕੋਈ ਨਹੀਂ

ਆਹ ਕਛਹਿਰਾ ਜਿਹਾ ਡਿਗ ਪਿਆ ਸੀ"। "ਪਰ ਕਛਹਿਰੇ ਦੇ ਡਿਗਣ ਦੀ ਏਨੀ ਅਵਾਜ਼?" "ਕਛਹਿਰੇ ਵਿਚ ਮੈਂ ਵੀ ਸਾਂ," ਨਹਾਉਣ ਵੜੇ ਸਿੱਖ ਨੇ ਕਿਹਾ। ਪਤਾ ਨਹੀਂ ਕਛਹਿਰੇ ਦੇ ਹੋਰ ਕਿਨੇ ਕੁ ਚੁਟਕਲੇ ਸੁਣਨ ਵਿਚ ਆਉਂਦੇ। ਪਰ ਬੰਦੀ ਦਾ ਸਮਾਂ ਹੋ ਗਿਆ ਸੀ। ਸਾਰੇ ਹੱਸਦੇ ਹੱਸਦੇ ਆਪਣੀਆਂ ਚੱਕੀਆਂ ਵੱਲ ਤੁਰੇ ਜਾਂਦੇ, ਗਾਉਂਦੇ ਜਾਣ, "ਸਿੱਖ ਰਹਿ ਗਏ ਕਛਹਿਰਿਆਂ ਜੋਗੇ ਤੇ ਬਾਹਮਣਾਂ ਨੇ ਰਾਜ ਸਾਂਭਿਆ।"

ਹਰਚੰਦ ਸਿੰਘ ਲੌਂਗੋਵਾਲ ਪੰਥਕ ਕਟਹਿਰੇ 'ਚ

ਖੁੱਲ੍ਹੇ ਅਸਮਾਨ ਥੱਲੇ ਲੱਖਾਂ ਲੋਕਾਂ ਦਾ ਇਕੱਠ, ਕਈਆਂ ਦੀਆਂ ਪੱਗਾਂ ਲੱਥੀਆਂ ਹੋਈਆਂ ਤੇ ਕਈਆਂ ਦੀਆਂ ਉਦੜ ਗੁਦੜ ਲਪੇਟੀਆਂ ਹੋਈਆਂ, ਜਿਵੇਂ ਹੁਣੇ ਹੁਣੇ ਕੁੱਟ ਖਾ ਕੇ ਆਏ ਹੋਣ। ਬੀਬੀਆਂ ਦੀਆਂ ਚੁੰਨੀਆਂ ਲੱਥੀਆਂ ਹੋਈਆਂ ਤੇ ਮੂੰਹ ਵਲੂੰਦਰੇ ਹੋਏ, ਲੀੜੇ ਵੀ ਪਾਟੇ ਹੋਏ, ਬੱਚੇ ਰੋ ਰੋ ਕੇ ਹਾਲੋਂ ਬੇਹਾਲ ਤੇ ਕੁਲ ਮਿਲਾ ਕੇ ਡਰੇ ਹੋਏ ਤੇ ਅਪਮਾਨਤ ਜਿਹੇ ਲੋਕਾਂ ਦਾ ਇਕੱਠ, ਪਰ ਇਨਸਾਫ ਹੋਣ ਦੀ ਉਮੀਦ ਵਿਚ ਆਸਵੰਦ। ਕਈ ਤਾਂ ਐਸੇ ਸਨ, ਜਿਨ੍ਹਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਉਨ੍ਹਾਂ ਦਾ ਇਹ ਹਾਲ ਕੀਹਨੇ ਤੇ ਕਿਉਂ ਕੀਤਾ ਹੈ। ਕਈ ਬੀਬੀਆਂ ਅਜੇ ਵੀ ਉਭੇ ਸਾਹ ਲੈ ਰਹੀਆਂ ਸਨ। ਕਈ ਕਹਿੰਦੀਆਂ ਸਨ, ਇਥੇ ਲਾਗੇ ਕੋਈ ਡੁੱਬਣ ਨੂੰ ਥਾਂ ਹੈ, ਮੈਂ ਡੁੱਬਣਾ ਚਾਹੁੰਦੀ ਹਾਂ। ਮੇਰੇ ਕੋਲੋਂ ਹੁਣ ਜੀਆ ਨਹੀਂ ਜਾਣਾ। ਕੋਈ ਕਹਿੰਦੀ ਸੀ ਰੇਲਵੇ ਲਾਈਨ ਕਿਥੇ ਹੈ, ਮੈਂ ਗੱਡੀ ਥੱਲੇ ਆਉਣਾ ਹੈ। ਕੋਈ ਬੱਚਾ ਕਹਿੰਦਾ "ਮੇਰਾ ਪਾਪਾ ਕਿਥੇ ਹੈ?" ਕੋਈ ਨਿੱਕੀ ਬੱਚੀ ਕਹਿੰਦੀ, ਮੇਰੀ ਮੰਮੀ ਕਿਥੇ ਹੈ? ਮੈਨੂੰ ਭੁੱਖ ਲੱਗੀ ਹੈ। ਕਈ ਪਿਓ ਆਪਣੇ ਪੁੱਤਾਂ ਦਾ ਨਾਂ ਲੈ ਲੈ ਕੇ ਉੱਚੀ ਉੱਚੀ ਅਵਾਜ਼ਾਂ ਮਾਰ ਰਹੇ ਸਨ ਤੇ ਕਈ ਪੁੱਤ ਆਪਣੇ ਮਾਂ ਪਿਓ ਨੂੰ ਲੱਭਦੇ ਲੱਭਦੇ ਹਾਕਲ ਪਾਕਲ ਹੋਏ ਪਏ ਸਨ। ਕਈ ਨੌਜਵਾਨ ਬੀਬੀਆਂ ਚੁੱਪ ਚਾਪ ਪਾਸੇ ਬੈਠੀਆਂ ਸਨ। ਉਨ੍ਹਾਂ ਦੀਆਂ ਅੱਖਾਂ ਸੁੱਜੀਆਂ ਹੋਈਆਂ ਤੇ ਨੱਕਾਂ ਦੀਆਂ ਕਰੂਮਲਾਂ ਲਾਲ ਸਨ। ਕਈ ਨੌਜਵਾਨ ਮੁੰਡਿਆਂ ਦੇ ਜੂੜੇ ਖਿਲਰੇ ਹੋਏ ਤੇ ਜਟਾਵਾਂ ਬੱਝੀਆਂ ਹੋਈਆਂ ਸਨ। ਕਈ ਬੁੱਢਿਆਂ ਤੇ ਬੁੱਢੀਆਂ ਦੀਆਂ ਗੱਲ੍ਹਾਂ 'ਤੇ ਅੱਥਰੂਆਂ ਦੀਆਂ ਘਰਾਲਾਂ ਵੱਗੀਆਂ ਹੋਈਆਂ ਸਨ। ਅਠਾਂ-ਅੱਠਾਂ, ਦਸਾਂ-ਦਸਾਂ ਸਾਲਾਂ ਦੇ ਮੁੰਡਿਆਂ ਦੀਆਂ ਅੱਖਾਂ ਗਿੱਡਾਂ ਨਾਲ ਭਰੀਆਂ ਹੋਈਆਂ ਸਨ। ਇਹ ਇਕੱਠ ਤਾਂ ਖੁੱਲ੍ਹੇ ਅਸਮਾਨ ਥੱਲੇ ਸੀ ਪਰ ਅਸਮਾਨ ਵਿਚ ਲਾਲ ਰੰਗ ਨਾਲ ਪੰਥਕ ਅਦਾਲਤ ਮੋਟੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ। ਅੱਖਰ ਏਡੇ ਏਡੇ ਮੋਟੇ ਸਨ ਕਿ ਦੁਨੀਆਂ ਦੇ ਕਿਸੇ ਹਿੱਸੇ ਵਿਚੋਂ ਵੀ ਦਿਸਦੇ ਸਨ। ਕਈਆਂ ਨੇ ਬੜੀ ਨੀਝ ਲਾ ਕੇ ਵੇਖ ਕੇ ਕਿਹਾ, "ਓਏ ਇਹ ਲਾਲ ਰੰਗ ਨਹੀਂ ਲਹੂ ਹੈ, ਔਹ ਵੇਖੋ ਲਹੂ ਦੀਆਂ ਘਰਾਲਾਂ ਚੋਂਦੀਆਂ।" ਇਸ ਅਦਾਲਤ ਦੀ ਕੋਈ ਦੀਵਾਰ ਨਹੀਂ ਸੀ। ਜਿਥੋਂ ਤੱਕ ਲੋਕ ਸਨ, ਉਥੋਂ ਤੱਕ ਤਾ ਲੋਕ ਖਲੋਤੇ ਦਿਸਦੇ ਸਨ, ਉਸ ਤੋਂ ਪਰ੍ਹੇ ਸੰਘਣੀ ਧੁੰਦ ਸੀ। ਇਸ ਅਜੀਬ ਅਦਾਲਤ ਦੀ ਛੱਤ ਵੀ ਨਹੀਂ ਸੀ। ਕਮਾਲ ਹੈ। ਜੱਜਾਂ ਦੀ ਸਿਰਫ ਕਲਮ ਚਲਦੀ ਦਿਸਦੀ ਸੀ ਹੋਰ ਤਾਂ ਕੁਝ ਦਿਸਦਾ ਹੀ ਨਹੀਂ ਸੀ। ਏਨਾਂ ਚਾਨਣ ਕਿ ਓਧਰ ਅੱਖਾਂ ਵੀ ਨਹੀਂ ਸਨ ਕੀਤੀਆਂ ਜਾ ਸਕਦੀਆਂ ਪਰ ਅਦਾਲਤ ਦੇ ਥੜ੍ਹੇ ਤੋਂ ਥੱਲੇ ਸਭ ਕੁਝ ਦਿਸਦਾ ਸੀ। ਇਕ ਮੇਜ 'ਤੇ ਕਿਤਾਬਾਂ ਤੇ ਫਾਈਲਾਂ ਲਈ, ਲੋਕ ਬੈਠੇ ਸਾਫ ਦਿਸਦੇ ਸਨ।

ਅਚਾਨਕ ਬਿਜਲੀ ਕੜਕੀ ਤੇ ਅਵਾਜ਼ ਪਈ ਹਰਚੰਦ ਸਿੰਘ ਹਾਜ਼ਰ ਹੋਵੇ। ਪਰ ਕੋਈ ਨਾ ਆਇਆ। ਇਕ ਮੱਧਰੇ ਕੱਦ ਦਾ ਗਿੱਠਾ ਜਿਹਾ ਪੜ੍ਹਿਆ ਲਿਖਿਆ ਤੇ ਚਤਰ ਚਲਾਕ

ਜਿਹਾ ਸਿੱਖ ਅੱਗੇ ਆਇਆ ਤੇ ਅਦਾਲਤ ਨੂੰ ਬੇਨਤੀ ਕੀਤੀ, "ਹਜ਼ੂਰ, ਮੇਰਾ ਮੁਅਕਲ ਆਪਣੇ ਆਪ ਨੂੰ ਸੰਤ ਅਖਵਾਉਣ ਦਾ ਆਦੀ ਹੈ, ਉਸ ਦੇ ਨਾਂ ਨਾਲ ਸੰਤ ਲਾਇਆ ਜਾਵੇ ਤੇ ਨਾਂ ਪਿਛੇ ਉਸਦੇ ਪਿੰਡ ਦਾ ਨਾਂ ਲੌਂਗੋਵਾਲ ਵੀ ਜ਼ਰੂਰ ਲਾਇਆ ਜਾਵੇ, ਨਹੀਂ ਤਾਂ ਉਹ ਸਮਝ ਸਕਦੇ ਹਨ ਕਿ ਅਵਾਜ਼ ਮੈਨੂੰ ਨਹੀਂ ਕਿਸੇ ਹੋਰ ਨੂੰ ਪਈ ਹੈ। ਉਹ ਇਸੇ ਅਦਾਲਤ ਦੇ ਬਾਹਰ ਹਾਜ਼ਰ ਹਨ।"

ਦੂਸਰੀ ਅਵਾਜ਼ ਪਈ "ਸੰਤ ਹਰਚੰਦ ਸਿੰਘ ਲੌਂਗੋਵਾਲ ਹਾਜ਼ਰ ਹੋ।"

ਇਹ ਕਹਿੰਦਿਆਂ ਹੀ ਇਕ ਵਿਅਕਤੀ ਅਦਾਲਤ ਦੇ ਅੰਦਰ ਆ ਗਿਆ। ਇਕ ਸਧਾਰਣ ਕੱਦ ਦਾ ਕਿਸਾਨ ਜਿਹਾ ਲੱਗਦਾ, ਪਚਵੰਜਾ ਸੱਠ ਸਾਲ ਦੀ ਉਮਰ ਦਾ ਬੰਦਾ, ਬਹੁਤ ਹੀ ਘੋਟ ਕੇ ਸੁੰਦਰ ਨੀਲੀ ਪੱਗ ਬੱਧੀ ਹੋਈ ਅੰਦਰ ਆਇਆ ਤੇ ਕਟਹਿਰੇ ਵਿਚ ਚੁੱਪ ਚਾਪ ਖਲੋ ਗਿਆ। ਅਦਾਲਤ ਦੇ ਇਕ ਕਰਿੰਦੇ ਨੇ ਗੁਟਕਾ ਲਿਆ ਕੇ ਮੁਲਜ਼ਮ ਨੂੰ ਉਸ 'ਤੇ ਹੱਥ ਰੱਖ ਕੇ ਸਹੁੰ ਖਾਣ ਲਈ ਕਿਹਾ ਕਿ ਉਹ ਜੋ ਵੀ ਆਖੇਗਾ ਸੱਚ ਆਖੇਗਾ ਤੇ ਸੱਚ ਤੋਂ ਸਿਵਾ ਹੋਰ ਕੁਝ ਨਹੀਂ ਆਖੇਗਾ। ਅਜੇ ਮੁਲਜ਼ਮ ਆਪਣਾ ਹੱਥ ਗੁਟਕੇ 'ਤੇ ਰੱਖਣ ਲਈ ਅਗਾਂਹ ਕਰਨ ਹੀ ਲੱਗਾ ਸੀ ਕਿ ਇਕ ਸਧਾਰਣ ਜਿਹਾ ਜੱਟ ਬੂਟ ਅਨਪੜ੍ਹ ਜਿਹਾ ਸਿੱਖ, ਜਿਸ ਦੀ ਨੀਲੇ ਰੰਗ ਦੀ ਪੱਗ ਢੱਠ ਕੇ ਉਸਦੇ ਗਲ ਵਿਚ ਪਈ ਹੋਈ ਸੀ, ਲੀੜੇ ਪਾਟੇ ਤੇ ਗਿੱਟੇ ਸੁੱਜੇ ਹੋਏ, ਜਿਵੇਂ ਕਿਸੇ ਨੇ ਡਾਂਗਾਂ ਮਾਰ ਮਾਰ ਕੇ ਸੁਜਾਏ ਹੋਣ, ਇਕ ਫਾਈਲ ਲੈ ਕੇ ਅੱਗੇ ਆਇਆ ਤੇ ਅਦਾਲਤ ਨੂੰ ਬੇਨਤੀ ਕੀਤੀ ਕਿ ਇਸ ਬੰਦੇ ਨੂੰ ਸਹੁੰ ਚੁਕਵਾਉਣ ਦਾ ਕੋਈ ਫਾਇਦਾ ਨਹੀਂ।

ਅਦਾਲਤ ਨੇ ਭਾਰੀ ਅਵਾਜ਼ ਵਿਚ ਪੁਛਿਆ- "ਕਿਉਂ?"

ਉਹ ਢੱਠੀ ਹੋਈ ਪੱਗ ਵਾਲਾ ਬੰਦਾ, ਜੋ ਇਸ ਕੇਸ ਵਿਚ ਕੁੱਟੇ ਫਾਂਟੇ ਤੇ ਅਪਮਾਨਤ ਪੰਥ ਵਲੋਂ ਵਕੀਲ ਮੁਕੱਰਰ ਕੀਤਾ ਗਿਆ ਸੀ, ਨੇ ਕਿਹਾ, "ਕਿਉਂਕਿ ਇਹ ਪਹਿਲਾਂ ਵੀ ਸਹੁੰਆਂ ਖਾ ਕੇ ਤੋੜ ਚੁੱਕਾ ਹੈ।"

ਅਦਾਲਤ ਨੇ ਪੁਛਿਆ – "ਕਦੋਂ ਤੇ ਕਿੱਥੇ?"

ਪੰਥਕ ਵਕੀਲ – "ਹਜ਼ੂਰ ਇਸ ਨੇ ਕਿਹਾ ਸੀ, ਜੇ ਫੌਜ ਦਰਬਾਰ ਸਾਹਿਬ ਵਿਚ ਦਾਖਲ ਹੋਈ ਤਾਂ ਮੇਰੀ ਲਾਸ਼ ਤੋਂ ਲੰਘ ਕੇ ਦਰਬਾਰ ਸਾਹਿਬ ਦੇ ਅੰਦਰ ਜਾਵੇਗੀ। ਫੌਜ ਨੇ ਦਰਬਾਰ ਸਾਹਿਬ ਵਿਚ ਲਾਸ਼ਾਂ ਦੇ ਢੇਰ ਵਿਛਾ ਦਿੱਤੇ ਤੇ ਇਹ ਝੂਠਾ ਆਪਣੀ ਸਹੁੰ ਤੋੜ ਕੇ ਲੋਕਾਂ ਦੀਆਂ ਲਾਸ਼ਾਂ ਉਤੋਂ ਦੀ ਲੰਘ ਕੇ ਬਾਹਰ ਖਲੋਤੀਆਂ ਫੌਜ ਦੀਆਂ ਗੱਡੀਆਂ ਵਿਚ ਜਾ ਬੈਠਾ। ਜਦੋਂ ਇਹਨੇ ਅੱਗੇ ਸਹੁੰ ਖਾ ਕੇ ਤੋੜ ਨਹੀਂ ਨਿਭਾਈ ਤਾਂ ਨਵੀਂ ਸਹੁੰ ਚੁਕਵਾਉਣ ਦਾ ਕੀ ਲਾਭ?"

ਇਕ ਦਮ ਮੁਲਜ਼ਮ ਦਾ ਵਕੀਲ ਬੋਲ ਪਿਆ – "ਉਹ ਗੱਲ ਸਿਰਫ ਜ਼ਬਾਨੀ ਆਖੀ ਸੀ, ਗੁਟਕੇ 'ਤੇ ਹੱਥ ਰੱਖ ਕੇ ਸਹੁੰ ਨਹੀਂ ਸੀ ਖਾਧੀ। ਉਸ ਸਹੁੰ ਦਾ ਤੇ ਅੱਜ ਵਾਲੀ ਗੁਟਕੇ 'ਤੇ ਹੱਥ ਰੱਖ ਕੇ ਸਹੁੰ ਖਾਣ ਦਾ ਬੜਾ ਫਰਕ ਹੈ।"

ਪੰਥਕ ਵਕੀਲ – "ਦਰਬਾਰ ਸਾਹਿਬ, ਜਿਸ ਨੂੰ ਹਰੀ ਦਾ ਮੰਦਰ ਕਿਹਾ ਜਾਂਦਾ ਹੈ, ਉਸ ਵਿਚ ਖਲੋ ਕੇ ਜੇ ਕੋਈ ਬੰਦਾ ਪ੍ਰਣ ਕਰੇ ਤਾਂ ਕੀ ਉਥੇ ਵੀ ਗੁਟਕੇ 'ਤੇ ਹੱਥ ਰੱਖਣ ਦੀ ਲੋੜ ਹੈ?"

ਮੁਲਜ਼ਮ ਦਾ ਵਕੀਲ – "ਰਾਜਨੀਤਕ ਲੋਕ ਖਾਸ ਤੌਰ 'ਤੇ ਅਕਾਲੀ ਜਿੰਨੇ ਵੀ

ਬਿਆਨ ਦੇਂਦੇ ਰਹੇ ਹਨ, ਉਥੇ ਹੀ ਦੇਂਦੇ ਰਹੇ ਹਨ। ਉਨ੍ਹਾਂ ਵਿਚੋਂ ਕਈਆਂ ਦੇ ਬਿਆਨ ਬਾਅਦ ਵਿਚ ਪੂਰੇ ਨਹੀਂ ਹੋਏ। ਜੇ ਮੇਰੇ ਮੁਅਕਲ ਦਾ ਬਿਆਨ ਪੂਰਾ ਨਹੀਂ ਹੋਇਆ ਤਾਂ ਕਿੱਧਰ ਦਾ ਲੋਹੜਾ ਲੱਗ ਗਿਆ?"

ਪੰਥਕ ਵਕੀਲ – "ਜਿਹੜਾ ਬੰਦਾ ਬਚਨਾਂ ਦਾ ਪੂਰਾ ਨਾ ਹੋਵੇ, ਉਹ ਸੰਤ ਕਾਹਦਾ? (ਮੁਲਜ਼ਮ ਦੇ ਵਕੀਲ ਵੱਲ ਮੂੰਹ ਕਰਕੇ) ਤੁਸਾਂ ਇਹੋ ਜਿਹੇ ਬੰਦੇ ਦੇ ਨਾਂ ਨਾਲ ਸੰਤ ਲਾਉਣ ਦੀ ਜਿੱਦ ਕਿਉਂ ਕੀਤੀ?"

ਮੁਲਜ਼ਮ ਦਾ ਵਕੀਲ – "ਉਹ ਹਾਲਾਤ ਹੀ ਹੋਰ ਸਨ, ਉਨ੍ਹਾਂ ਹਾਲਤਾਂ ਵਿਚ ਪ੍ਰਣ ਪੂਰਾ ਕਰਨਾ ਸੰਭਵ ਨਹੀਂ ਸੀ।"

ਪੰਥਕ ਵਕੀਲ – "ਪਰ ਉਥੇ ਇਕ ਹੋਰ ਸੰਤ ਵੀ ਸੀ, ਜਿਸ ਦਾ ਨਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਾ ਸੀ। ਉਹਨੇ ਸਹੁੰ ਵੀ ਕੋਈ ਨਹੀਂ ਸੀ ਖਾਧੀ ਪਰ ਆਪਣਾ ਪ੍ਰਣ ਪੂਰਾ ਕੀਤਾ। ਗੱਜ ਵੱਜ ਕੇ ਸ਼ਹੀਦੀ ਪਾਈ ਤੇ ਆਖਰੀ ਦਮ ਤੱਕ ਫੌਜ ਦੇ ਮੁਕਾਬਲੇ ਡਟਿਆ ਰਿਹਾ।"

ਮੁਲਜ਼ਮ ਦਾ ਵਕੀਲ – "ਇਹ ਬਿਲਕੁਲ ਗਲਤ ਹੈ। ਸ਼ਹੀਦੀ ਭਾਵੇਂ ਉਥੇ ਕਈਆਂ ਨੇ ਪਾਈ ਹੈ ਪਰ ਸੰਤ ਸਿਰਫ ਇਹੋ ਹੀ ਸਨ। ਮੋਰਚੇ ਦੇ ਡਿਕਟੇਟਰ ਵੀ ਇਹੋ ਹੀ ਸਨ।"

ਪੰਥਕ ਵਕੀਲ – "ਇਹ ਸੰਤ ਕਿਵੇਂ ਸਨ ਤੇ ਹੋਰ ਉਥੇ ਕੋਈ ਸੰਤ ਕਿਉਂ ਨਹੀਂ ਸੀ?"

ਮੁਲਜ਼ਮ ਦਾ ਵਕੀਲ – "ਇਹ ਪੂਰਨ ਸੰਤ ਹਨ। ਇਨ੍ਹਾਂ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਵਾਇਆ ਤੇ ਬ੍ਰਹਮਚਾਰੀ ਰਹੇ ਹਨ।"

ਪੰਥਕ ਵਕੀਲ – ਜ਼ੋਰ ਦੀ ਹੱਸ ਕੇ, (ਅਦਾਲਤ ਨੂੰ ਸੰਬੋਧਨ ਕਰਕੇ) "ਹਜ਼ੂਰ ਜੇ ਇਨ੍ਹਾਂ ਦੀ ਗੱਲ ਮੰਨ ਲਈ ਜਾਵੇ ਤਾਂ ਫਿਰ ਖੁਸਰੇ ਵਿਆਹ ਨਹੀਂ ਕਰਵਾਉਂਦੇ, ਸਾਰੀ ਜ਼ਿੰਦਗੀ ਬ੍ਰਹਮਚਾਰੀ ਨਿਭਾਉਂਦੇ ਹਨ, ਕੀ ਉਹ ਸਾਰੇ ਸੰਤ ਹਨ? ਪਰ ਜੇ ਵੇਖਿਆ ਜਾਵੇ ਤਾਂ ਇਹਦੇ ਨਾਲੋਂ ਤਾਂ ਖੁਸਰੇ ਸੌ ਦਰਜੇ ਚੰਗੇ ਹਨ, ਜੋ ਇਹਨੇ ਸਾਡੇ ਨਾਲ ਕਰਵਾਈ ਹੈ, ਖੁਸਰੇ ਸ਼ਾਇਦ ਨਾ ਕਰਵਾਉਂਦੇ।"

ਮੁਲਜ਼ਮ ਦਾ ਵਕੀਲ – "ਸਿੱਖ ਧਰਮ ਦੀ ਗੱਲ ਹੋਰ ਹੈ, ਜੇ ਕੋਈ ਵਿਆਹ ਨਾ ਕਰਵਾਏ ਤੇ ਭਜਨ ਬੰਦਗੀ ਕਰੇ ਤਾਂ ਸੋਨੇ 'ਤੇ ਸੁਹਾਗਾ ਹੈ।"

ਪੰਥਕ ਵਕੀਲ – "ਗੁਰੂ ਨਾਨਕ ਜੀ ਤੋਂ ਲੈ ਕੇ ਸਾਰੇ ਗੁਰੂਆਂ ਨੇ ਵਿਆਹ ਕਰਵਾਏ ਤੇ ਗ੍ਰਿਹਸਤ ਜੀਵਨ ਬਿਤਾਇਆ। ਕੀ ਉਨ੍ਹਾਂ ਸੋਨੇ 'ਤੇ ਮਿੱਟੀ ਮਲ ਦਿੱਤੀ ਸੀ?" ਅਦਾਲਤ ਵਿਚ ਬਹੁਤ ਰੌਲਾ ਰੱਪਾ ਪੈ ਗਿਆ, ਲੋਕ ਆਪੋ ਵਿਚ ਜ਼ੋਰ ਜ਼ੋਰ ਦੀ ਗੱਲਾਂ ਕਰਨ ਲੱਗ ਪਏ, ਤਦ ਹੀ ਬੱਦਲਾਂ ਦੇ ਗਰਜਣ ਤੇ ਬਿਜਲੀ ਕੜਕਣ ਦੀ ਅਵਾਜ਼ ਆਈ ਤੇ ਫਿਰ ਇਕ ਉੱਚੀ ਅਵਾਜ਼ ਗੂੰਜੀ, "ਮੁਲਜ਼ਮ ਬਾਰੇ ਦੱਸਿਆ ਜਾਵੇ ਕਿ ਉਹ ਸੰਤ ਕਿਵੇਂ ਹੈ?"

ਮੁਲਜ਼ਮ ਦਾ ਵਕੀਲ – "ਸਾਰੀ ਦੁਨੀਆਂ, ਜਿਨ੍ਹਾਂ ਵਿਚ ਸਿੱਖ, ਅਕਾਲੀ ਪਾਰਟੀ, ਪ੍ਰੈਸ ਤੇ ਪੰਜਾਬ ਦੇ ਹਿੰਦੂ ਸ਼ਾਮਲ ਹਨ, ਇਨ੍ਹਾਂ ਨੂੰ ਸੰਤ ਕਹਿੰਦੇ ਹਨ, ਇਸ ਲਈ ਇਹ ਸੰਤ ਹਨ।"

ਪੰਥਕ ਵਕੀਲ – "ਕੋਈ ਕਿਸੇ ਨੂੰ ਕੀ ਕਹਿੰਦਾ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਲੋਕ ਤਾਂ ਕਈ ਵਾਰ ਖੋਤੇ ਨੂੰ ਠਾਣੇਦਾਰ ਕਹਿ ਦੇਂਦੇ ਹਨ ਤਾਂ ਕੀ ਉਹ ਸੱਚ ਮੁੱਚ ਦਾ ਠਾਣੇਦਾਰ ਬਣ ਜਾਂਦਾ ਹੈ?"

ਮੁਲਜਮ ਦਾ ਵਕੀਲ - "ਇਨ੍ਹਾਂ ਨੇ ਕਾਮ 'ਤੇ ਕਾਬੂ ਪਾਇਆ ਹੋਇਆ ਹੈ।"

ਪੰਥਕ ਵਕੀਲ - "ਕਿਵੇਂ ਪਾਇਆ ਹੈ ਕਾਬੂ?"

ਮੁਲਜਮ ਦਾ ਵਕੀਲ - "ਬਾਣੀ ਪੜ੍ਹ ਕੇ, ਇਹ ਬਹੁਤ ਬਾਣੀ ਪੜ੍ਹਦੇ ਹਨ।"

ਪੰਥਕ ਵਕੀਲ - "ਕਾਮ 'ਤੇ ਕਾਬੂ ਗੁਰੂਆਂ ਦੇ ਦੱਸੇ ਤਰੀਕੇ ਅਨੁਸਾਰ ਗ੍ਰਹਿਸਤ ਮਾਰਗ ਅਪਨਾ ਕੇ ਹੀ ਪਾਇਆ ਜਾ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ। ਇਸੇ ਲਈ ਦਸਾਂ ਗੁਰੂਆਂ ਨੇ ਵਿਆਹ ਕਰਵਾ ਕੇ ਗ੍ਰਹਿਸਤੀ ਜੀਵਨ ਨੂੰ ਪਹਿਲ ਦਿੱਤੀ। ਕਾਮ 'ਤੇ ਕਾਬੂ ਪਾਉਣ ਦਾ ਹੋਰ ਕੋਈ ਤਰੀਕਾ ਕੁਦਰਤੀ ਨਹੀਂ। ਹਾਂ, ਬਨਾਉਟੀ ਤਰੀਕੇ ਹਨ। ਇਹ ਕਿਸ ਤਰੀਕੇ ਨਾਲ ਕਾਮ ਨੂੰ ਕਾਬੂ ਵਿਚ ਕਰਦੇ ਹਨ? ਕਾਮ ਤਾਂ ਏਡਾ ਭੈੜਾ ਹੈ ਕਿ ਇਹ ਪੰਜ ਵਿਕਾਰਾਂ ਵਿਚੋਂ ਸਭ ਤੋਂ ਪਹਿਲੇ ਨੰਬਰ 'ਤੇ ਆਉਂਦਾ ਹੈ। ਕਾਮ ਨੇ ਤਾਂ ਵੱਡੇ ਵੱਡੇ ਤਪੱਸਵੀ ਤੇ ਰਿਸ਼ੀ ਮੁਨੀ ਲੱਤ ਥਲਿਓ ਲੰਘਾ ਛਡੇ ਹਨ। ਕਹਿੰਦੇ ਹਨ ਜਿਹੜਾ ਬੰਦਾ ਅੰਨ ਖਾਵੇ ਤੇ ਜਿਸ ਦੇ ਪੈਰ ਜ਼ਮੀਨ ਨਾਲ ਲਗਦੇ ਹੋਣ, ਉਹ ਕਾਮ ਤੋਂ ਨਹੀਂ ਬਚ ਸਕਦਾ।"

ਅਦਾਲਤ ਦਾ ਠਾਹ ਕਰਦਾ ਹਥੌੜਾ ਮੇਜ 'ਤੇ ਵੱਜਾ ਤੇ ਅਦਾਲਤ ਨੇ ਫੈਸਲਾ ਦਿੱਤਾ। "ਵਿਆਹ ਤੋਂ ਬਿਨਾਂ ਹੋਰ ਕਿਸੇ ਤਰੀਕੇ ਨਾਲ ਵੀ ਕਾਮ 'ਤੇ ਕਾਬੂ ਨਹੀਂ ਪੈ ਸਕਦਾ। ਕਿਉਂਕਿ ਜਦੋਂ ਕੋਈ ਵਿਅਕਤੀ ਸਾਹ ਲੈਂਦਾ ਹੈ ਤਾਂ ਉਹ ਉਸਦਾ ਕਰਤਾ ਨਹੀਂ ਹੁੰਦਾ, ਸਾਹ ਤਾਂ ਆਪਣੇ ਆਪ ਚੱਲ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਹੀ ਦਿਲ ਦੀ ਧੜਕਣ ਦਾ ਵੀ ਕੋਈ ਕਰਤਾ ਨਹੀਂ ਹੁੰਦਾ, ਸਰੀਰ ਵਿਚ ਖ਼ੂਨ ਆਪਣੇ ਆਪ ਵਗਦਾ ਹੈ। ਇਸੇ ਤਰ੍ਹਾਂ ਹੀ ਕਾਮ ਦਾ ਵੀ ਕੋਈ ਕਰਤਾ ਨਹੀਂ ਹੁੰਦਾ, ਉਹ ਵੀ ਆਪਣੇ ਆਪ ਚਲਦਾ ਹੈ। ਇਹ ਇਕ ਸਰੀਰਕ ਜ਼ਰੂਰਤ ਤੇ ਕੁਦਰਤੀ ਪਰਕ੍ਰਿਆ ਹੈ, ਕੋਈ ਵੀ ਮਨੁੱਖ ਭਾਵੇਂ ਉਹ ਸਾਧੂ ਹੋਵੇ, ਸੰਤ ਹੋਵੇ ਤੇ ਭਾਵੇਂ ਕੋਈ ਹੋਰ ਹੋਵੇ, ਕਾਮ ਦਾ ਕਰਤਾ ਨਹੀਂ। ਜੇ ਕੋਈ ਕਿਸੇ ਚੀਜ਼ ਦਾ ਕਰਤਾ ਨਹੀਂ ਤਾਂ ਫਿਰ ਕੋਈ ਉਸ ਚੀਜ਼ 'ਤੇ ਕਾਬੂ ਕਿਵੇਂ ਪਾ ਸਕਦਾ ਹੈ? ਇਸ ਵਿਅਕਤੀ ਦੇ ਕੇਸ ਵਿਚ ਇਸ ਨੁਕਤੇ 'ਤੇ ਬਹਿਸ ਇਥੇ ਹੀ ਖਤਮ ਕਰ ਦਿੱਤੀ ਜਾਵੇ। ਅਦਾਲਤ ਇਸ ਨੂੰ, ਇਸਦਾ ਨਿੱਜੀ ਅਧਿਕਾਰ ਮੰਨਦੀ ਹੋਈ, ਇਸ ਦੀ ਕਾਮ ਤ੍ਰਿਪਤੀ ਪ੍ਰਤੀ ਹੋਰ ਬਹਿਸ ਨੂੰ ਏਥੇ ਹੀ ਖਤਮ ਕਰਦੀ ਹੈ। ਪਰ ਅਦਾਲਤ ਦੀ ਅਗਲੀ ਕਾਰਵਾਈ ਸਿਰਫ ਇਸਦੇ ਨਾਂ ਨਾਲ ਹੀ ਚੱਲੇਗੀ, ਸੰਤ ਲਾਉਣ ਦੀ ਲੋੜ ਨਹੀਂ।" ਇਹ ਫੈਸਲਾ ਦੇ ਕੇ ਅਦਾਲਤ ਦੂਜੇ ਦਿਨ 'ਤੇ ਮੁਲੱਤਵੀ ਕਰ ਦਿੱਤੀ ਗਈ।

ਦੂਸਰੇ ਦਿਨ ਦੀ ਕਾਰਵਾਈ ਪੰਥਕ ਧਿਰ ਦੇ ਵਕੀਲ ਨੇ ਕਪੂਰੀ ਪਿੰਡ ਦੇ ਸਤਲੁਜ ਯਮਨਾ ਲਿੰਕ ਨਹਿਰ ਨਾਂ ਕੱਢਣ ਦੇਣ ਦੇ ਮੋਰਚੇ ਤੋਂ ਸ਼ੁਰੂ ਕੀਤੀ ਤੇ ਫੇਰ ਸੰਖੇਪ ਵਿਚ ਸਾਰੇ ਹਾਲਾਤ ਦਾ ਵੇਰਵਾ ਦੇਂਦੇ ਹੋਏ ਧਰਮਯੁੱਧ ਮੋਰਚੇ 'ਤੇ ਆਇਆ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਣ ਦੇ ਨਾਤੇ ਮੁਲਜਮ ਉਸ ਮੋਰਚੇ ਦਾ ਡਿਕਟੇਟਰ ਥਾਪਿਆ ਗਿਆ। ਹਰ ਰੋਜ਼ ਮੰਜੀ ਸਾਹਿਬ ਦੀਵਾਨ ਅਸਥਾਨ ਤੋਂ ਜਥੇ ਗ੍ਰਿਫਤਾਰੀ ਦੇਣ ਲਈ ਰਵਾਨਾ ਹੁੰਦੇ। ਇਹ ਅਕਾਲੀ ਦਲ ਦਾ ਪ੍ਰਧਾਨ ਤੇ ਇਸਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਵਾਲਾ ਦਮਦਮੀ ਟਕਸਾਲ ਦਾ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਾ, ਦੋਵੇਂ ਜਥੇ ਨੂੰ ਜੈਕਾਰਿਆਂ ਦੀ ਗੂੰਜ ਨਾਲ ਤੋਰਦੇ। ਅਖਵਾਉਂਦਾ ਤਾਂ ਇਹ ਵੀ ਸੰਤ ਹੀ ਸੀ ਪਰ ਇਹ ਮਿੰਨਾ ਮੀਸਣਾ ਤੇ ਚੁੱਪ ਕੀਤਾ ਜਿਹਾ, ਰਾਜਨੀਤਕ ਲੋਕਾਂ ਦੇ ਢਹੇ ਚੜ੍ਹਿਆ ਹੋਇਆ ਸੀ। ਦੂਸਰਾ ਸੰਤ, ਨਿਰਛਲ ਤੇ ਕਹਿਣੀ ਤੇ ਕਰਨੀ ਦਾ ਪੂਰਾ ਸੀ, ਜੋ ਉਸਦੇ ਅੰਦਰ ਹੁੰਦਾ ਉਹ ਹੀ ਬਾਹਰ।

ਸਿੱਖ ਹਿੱਤਾਂ ਲਈ ਆਪਾ ਕੁਰਬਾਨ ਕਰਨ ਵਾਲਾ, ਹਰ ਰੋਜ਼ ਅਕਾਲ ਤਖਤ ਸਾਹਿਬ 'ਤੇ ਹਜ਼ਾਰਾਂ ਲੋਕਾਂ ਨੂੰ ਅੰਮ੍ਰਿਤ ਛਕਾਉਣ ਵਾਲਾ ਤੇ ਸਹੀ ਅਰਥਾਂ ਵਿਚ ਧਰਮਯੁੱਧ ਮੋਰਚੇ ਰਾਹੀਂ, ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਨੂੰ ਦੂਰ ਕਰਵਾਉਣਾ ਚਾਹੁੰਦਾ ਸੀ ਤੇ ਰਾਜਨੀਤਕ ਸੌਦੇਬਾਜ਼ੀ ਕਰਕੇ ਧਰਮਯੁੱਧ ਮੋਰਚੇ ਨੂੰ ਅਧ ਵਿਚਾਲੇ ਨਾ ਛੱਡਣ ਦੇਣ ਲਈ ਦ੍ਰਿੜ ਸੀ। ਹਾਲਾਂਕਿ ਉਹ ਅਕਾਲੀਆਂ ਦੀਆਂ ਅੰਦਰਖਾਤੇ ਪੱਕਦੀਆਂ ਖਿਚੜੀਆਂ ਤੋਂ ਜਾਣੂ ਸੀ, ਫਿਰ ਵੀ ਉਹ ਮੋਰਚੇ ਨੂੰ ਕਿਸੇ ਤਰ੍ਹਾਂ ਵੀ ਢਾਅ ਨਾ ਲੱਗਣ ਦੇਣ ਦੇ ਖਿਆਲ ਨਾਲ ਇਸ ਵਿਅਕਤੀ ਨਾਲ ਦਿਲੋਂ ਹੋ ਕੇ ਚੱਲਦਾ ਰਿਹਾ। ਇਹ ਹਰ ਵੇਲੇ ਸ਼ਾਂਤਮਈ ਸ਼ਾਂਤਮਈ ਕਰਦਾ ਰਹਿੰਦਾ ਤੇ ਉਹ ਕਹਿੰਦਾ 'ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਇ।' ਇਕ ਪੁਲਿਸ ਦੇ ਥਾਣੇਦਾਰ ਨੇ ਇਕ ਗਰੀਬ ਸਿੱਖ ਨੂੰ ਫੜ ਲਿਆ ਤੇ ਉਸ ਨੂੰ ਨੰਗਾ ਕਰਕੇ, ਉਸ ਦੀ ਆਪਣੀ ਹੀ ਧੀ ਦੇ ਨਾਲ ਧੱਕੇ ਨਾਲ ਲੰਮਾ ਪਾਇਆ। ਉਸ ਸੰਤ ਨੇ ਐਲਾਨੀਆਂ ਕਿਹਾ, "ਇਹ ਥਾਣੇਦਾਰ ਆਪਣਾ ਜਿਉਣ ਦਾ ਹੱਕ ਗੁਆ ਚੁੱਕਾ ਹੈ।" ਚੰਦੋ ਕਲਾਂ ਵਿਚ ਇਕ ਆਕੜੇ ਹੋਏ ਤੇ ਉਸ ਵੇਲੇ ਦੇ ਮੁੱਖ ਮੰਤਰੀ, ਜਿਸ ਨੇ ਸਿੱਖ ਹੋ ਕੇ ਸਿੱਖਾਂ 'ਤੇ ਬਹੁਤ ਜ਼ੁਲਮ ਕੀਤੇ ਸਨ ਦੇ ਆਖੇ ਲੱਗ ਕੇ ਇਕ ਐਸ.ਐਸ.ਪੀ. ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤੇ ਧਾਰਮਿਕ ਪੁਸਤਕਾਂ ਦੀ ਭਰੀ ਹੋਈ ਬੱਸ ਨੂੰ ਅੱਗ ਲਾ ਕੇ ਸਾੜ ਦਿੱਤਾ। ਸਿੱਖ ਕੌਮ ਤੇ ਸਿੱਖ ਕਿਉਂਕਿ ਬਹੁਤ ਨਿਘਰ ਚੁੱਕੇ ਹਨ, ਇਸ ਲਈ ਉਸ ਮੁੱਖ ਮੰਤਰੀ ਦੇ ਘਰ ਜਾ ਕੇ, ਇਕ ਡੇਰੇ ਦੇ ਸਾਧ ਨੇ ਉਸ ਦੀ ਚੜ੍ਹਦੀਕਲਾ ਲਈ ਅਖੰਡ ਪਾਠ ਕੀਤਾ। ਇਹ ਡੇਰਾ ਹੁਸ਼ਿਆਰਪੁਰ ਤੇ ਜਲੰਧਰ ਦੋਹੀਂ ਥਾਈਂ ਹੈ। ਉਧਰ ਉਸ ਐਸ.ਐਸ.ਪੀ. ਦੇ ਘਰ ਨਾਨਕਸਰੀਆਂ ਵਿਚੋਂ ਇਕ ਸਾਧ ਨੇ ਇਕ ਸੌ ਇਕ ਅਖੰਡ ਪਾਠਾਂ ਦੀ ਲੜੀ ਚਲਾਈ।

ਇਕ ਹੋਰ ਵਾਕਿਆ ਵਿਚ ਕੁਲਵੰਤ ਸਿੰਘ ਨਾਗੋਕੇ ਨਾਂ ਦੇ ਨੌਜਵਾਨ ਨੂੰ ਪੁਲਿਸ ਨੇ ਘੋਰ ਤਸੀਹੇ ਦੇ ਕੇ ਮਾਰ ਦਿੱਤਾ ਤੇ ਲਾਸ਼ ਸੜਕ 'ਤੇ ਸੁੱਟ ਦਿੱਤੀ। ਉਧਰ ਇਸ ਵਿਅਕਤੀ ਨੇ, ਜਿਹੜਾ ਹੁਣ ਅਦਾਲਤ ਵਿਚ ਖੜਾ ਹੈ, ਐਲਾਨ ਕਰ ਦਿੱਤਾ ਕਿ ਤਿੰਨ ਜੂਨ ਤੋਂ ਕਣਕ ਤੇ ਛੋਲੇ ਦਾ ਇਕ ਦਾਣਾ ਵੀ ਪੰਜਾਬ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਇਸ ਨੇ ਇਕ ਰਜਿਸਟਰ 'ਤੇ ਲੋਕਾਂ ਦੇ ਨਾਂ ਲਿਖਵਾਉਣੇ ਸ਼ੁਰੂ ਕਰ ਦਿੱਤੇ ਤੇ ਉਨ੍ਹਾਂ ਨੂੰ ਮਰਜੀਵੜਿਆ ਦਾ ਨਾਂ ਦਿੱਤਾ। ਉਨ੍ਹਾਂ ਸਧਾਰਨ ਅਕਾਲੀ ਵਰਕਰਾਂ ਤੇ ਪੇਂਡੂਆਂ ਨੂੰ ਮਰਜੀਵੜਿਆ ਦੇ ਪ੍ਰਮਾਣ ਪੱਤਰ ਵੀ ਦਿੱਤੇ, ਜਿਹੜੇ ਕਿ ਬਾਅਦ ਵਿਚ, ਸਾਕਾ ਨੀਲਾ ਤਾਰਾ ਤੋਂ ਬਾਅਦ, ਉਨ੍ਹਾਂ ਨੂੰ ਫੌਜ ਵਲੋਂ ਕੁੱਟ ਪੁਆਉਣ ਦਾ ਸਬੱਬ ਬਣੇ। ਚਾਰ ਜੂਨ ਨੂੰ ਭਾਰਤੀ ਫੌਜ ਨੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰ ਦਿੱਤਾ ਤੇ ਫੌਜ ਨੇ ਇਸਨੂੰ ਬਚਾਅ ਕੇ ਬਾਹਰ ਲੈ ਆਂਦਾ। ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਇਹ ਹਮਲਾ ਵੀ ਇਸਨੇ ਅਤੇ ਇਸ ਦੇ ਸਾਥੀਆਂ ਨੇ ਆਪ ਕਹਿ ਕੇ ਕਰਵਾਇਆ ਸੀ ਤਾਂ ਕਿ ਦੂਸਰਾ ਸੰਤ ਤੇ ਉਹਦੇ ਸਾਥੀ ਮਾਰੇ ਜਾਣ ਤੇ ਇਸ ਜੁੰਡਲੀ ਦਾ ਰਾਹ ਪੱਧਰਾ ਹੋ ਜਾਵੇ। ਫੌਜ ਨੇ ਦਰਬਾਰ ਸਾਹਿਬ ਦੇ ਅੰਦਰ ਹੀ ਸਿੱਖ ਬੀਬੀਆਂ ਨਾਲ ਬਲਾਤਕਾਰ ਕੀਤੇ। ਬਾਹਰ ਵੀ ਕੁੱਟ ਕੁੱਟ ਕੇ ਸਿੱਖਾਂ ਦਾ ਕਚੂੰਬਰ ਕੱਢ ਦਿੱਤਾ। ਉਧਰ ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਨੇ ਮੁਲਕ ਦੀ ਪ੍ਰਧਾਨ ਮੰਤਰੀ ਗੱਡੀ ਚਾੜ੍ਹ ਦਿੱਤੀ। ਦਿੱਲੀ 'ਤੇ ਨਾਦਰਸ਼ਾਹੀ ਕਹਿਰ ਟੁੱਟ ਪਿਆ। ਕਈ ਹਜ਼ਾਰ ਬੇਦੋਸ਼ੇ ਸਿੱਖ ਦਿੱਲੀ ਵਿਚ ਗਲਾਂ ਵਿਚ ਟਾਇਰ ਪਾ ਪਾ ਕੇ ਸਾੜ

ਦਿੱਤੇ ਗਏ, ਢਾਈ ਢਾਈ ਫੁੱਟ ਦੀਆਂ ਲੋਹੇ ਦੀਆਂ ਰਾਡਾਂ, ਜੋ ਕਈ ਚਿਰ ਪਹਿਲਾਂ ਹੀ, ਸਿੱਖਾਂ ਨੂੰ ਮਾਰਨ ਲਈ ਤਿਆਰ ਕਰਕੇ ਰੱਖੀਆਂ ਸਨ, ਨਾਲ ਸਿੱਖਾਂ ਦਾ ਨਸਲਕੁਸ਼ੀ ਦੀ ਹੱਦ ਤੱਕ ਕਤਲੇਆਮ ਕੀਤਾ ਗਿਆ। ਇੰਦਰਾ ਗਾਂਧੀ ਦਾ ਪੁੱਤਰ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣ ਗਿਆ। ਉਸ ਨੇ ਹੀ ਦਿੱਲੀ ਆਏ ਕਾਂਗਰਸੀਆਂ ਨੂੰ ਆਖਿਆ ਸੀ, "ਏਥੇ ਕੀ ਕਰਦੇ ਓ, ਆਪੋ ਆਪਣੇ ਸੂਬਿਆਂ ਵਿਚ ਜਾਓ"। ਉਹ ਸਮਝ ਗਏ, ਜਾਂਦਿਆਂ ਹੀ ਉਨ੍ਹਾਂ ਸਿੱਖਾਂ ਨੂੰ ਮਾਰਨਾ ਤੇ ਸਾੜਨਾ ਸ਼ੁਰੂ ਕਰ ਦਿੱਤਾ। ਸਿੱਖਾਂ ਦੇ ਘਰਾਂ ਦੀ ਹਜੂਮ ਨੇ ਲੁੱਟਮਾਰ ਕੀਤੀ ਤੇ ਸਿੱਖ ਬੀਬੀਆਂ ਨਾਲ ਜਬਰਜਿਨਾਹ ਕੀਤਾ। ਬੱਚਿਆਂ ਤੱਕ ਨੂੰ ਨਾ ਛੱਡਿਆ। ਇਹਦੇ ਯਾਰ ਰਾਜੀਵ ਨੇ ਆਖਿਆ ਸੀ "ਜਬ ਬੜਾ ਦਰਖਤ ਗਿਰਤਾ ਹੈ ਤੋ ਧਰਤੀ ਹਿਲਤੀ ਹੀ" ਹੈ। ਪਰ ਇਹੋ ਰਾਜੀਵ ਜਦੋਂ ਆਪ ਮਰਿਆ ਉਦੋਂ ਨਾ ਹਿੱਲੀ ਦਿੱਲੀ? ਇਸ ਤੋਂ ਪਹਿਲਾਂ, ਜਿਸ ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਕਹਿੰਦੇ ਸਨ, ਜਦੋਂ ਉਸ ਨੂੰ ਇਕ ਹਿੰਦੂ ਨੇ ਗੋਲੀ ਮਾਰੀ ਸੀ, ਉਦੋਂ ਵੀ ਦਿੱਲੀ ਨਾ ਹਿੱਲੀ। ਨਾਦਰਸ਼ਾਹ ਵਾਂਗ ਸਿੱਖਾਂ 'ਤੇ ਜ਼ੁਲਮ ਦੀ ਇੰਤਹਾ ਹੋ ਗਈ ਤੇ ਇਹ ਕੰਮ ਏਨੇ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਕਿ ਸੁਪਰੀਮ ਕੋਰਟ ਨੇ ਵੀ ਚਾਰ ਦਿਨ ਦੀ ਛੁੱਟੀ ਕਰ ਲਈ ਤਾਂ ਕਿ ਕਿਤੇ ਸਰਕਾਰ ਨੂੰ ਕਤਲੇਆਮ ਬੰਦ ਕਰਵਾਉਣ ਦੇ ਹੁਕਮ ਨਾ ਜਾਰੀ ਕਰਨੇ ਪੈਣ। ਫਿਰ ਸਿੱਖ ਹਿਰਦਿਆਂ 'ਤੇ ਮਲ੍ਹਮ ਲਾਉਣ ਦੀ ਗੱਲ ਚੱਲੀ। ਉਹ ਮਲ੍ਹਮ ਵੀ ਸਿੱਖਾਂ ਦੇ ਰਿਸਦੇ ਜ਼ਖਮਾਂ ਦੇ ਲਹੂ ਤੋਂ ਹੀ ਤਿਆਰ ਕੀਤੀ ਗਈ। ਜੱਜ ਸਾਹਿਬ! ਭਲਾ ਲਹੂ ਤੋਂ ਵੀ ਕਦੀ ਕਿਸੇ ਨੇ ਮਲ੍ਹਮ ਬਣਾਈ ਹੈ। ਮਲ੍ਹਮ ਲਾਉਣ ਦੇ ਨਾਂ ਥੱਲੇ, ਉਨ੍ਹਾਂ ਇਸ ਸੰਤ ਨੂੰ, ਜਿਹੜਾ ਕਟਹਿਰੇ ਵਿਚ ਖੜ੍ਹਾ ਹੈ, ਰਿਹਾ ਕਰ ਦਿੱਤਾ ਅਤੇ ਰਾਜੀਵ ਨੇ ਆਪਣੇ ਦੋ ਏਜੰਟਾਂ ਤੇ ਦਲਾਲਾਂ ਸੁਰਜੀਤ ਸਿੰਘ ਬਰਨਾਲਾ ਅਤੇ ਤੁਹਾਡੇ ਸਾਹਮਣੇ ਖੜੇ ਇਸ ਬਲਵੰਤ ਸਿੰਘ ਰਾਹੀਂ, 23 ਜੁਲਾਈ 1985 ਨੂੰ, ਇਸ ਨੂੰ ਦਿੱਲੀ ਸੱਦ ਕੇ, ਇਸ ਕੋਲੋਂ ਇਕ ਬੜਾ ਸ਼ਰਮਨਾਕ ਸਮਝੌਤਾ ਕਰਵਾਇਆ ਤੇ ਜੋ ਜੋ ਮੰਗ ਮੰਨੀ ਸੀ, ਉਹ ਵੀ ਪੂਰੀ ਨਾ ਕੀਤੀ। ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਨੂੰ ਦੇਣਾ ਸੀ, ਉਹ ਵੀ ਨਾ ਦਿੱਤਾ ਗਿਆ। ਸਗੋਂ ਚਿਰਾਂ ਤੋਂ ਬੰਦ ਪਈ ਨਹਿਰ ਨੂੰ ਪੁਟਵਾਉਣ ਦਾ ਕੰਮ ਸ਼ੁਰੂ ਹੋ ਗਿਆ। ਰਾਜੀਵ ਨੇ ਪੰਜਾਬ ਵਿਚ ਆਪਣੀ ਪਾਰਟੀ ਦੇ ਕਮਜ਼ੋਰ ਤੋਂ ਕਮਜ਼ੋਰ ਬੰਦੇ ਖੜ੍ਹੇ ਕਰਕੇ ਅਕਾਲੀਆਂ ਨੂੰ ਜਿੱਤਵਾ ਦਿੱਤਾ। ਬਾਬਾ ਜੁਗਿੰਦਰ ਸਿੰਘ ਦੇ ਧੜੇ ਵਾਲੇ ਵੱਡੇ ਅਕਾਲੀ ਦਲ ਨੇ ਚੋਣ ਦਾ ਬਾਈਕਾਟ ਕੀਤਾ। ਸਰਕਾਰ ਦੀ ਮਿਲੀ-ਭੁਗਤ ਨਾਲ ਬਰਨਾਲਾ ਮੁੱਖ ਮੰਤਰੀ ਬਣ ਗਿਆ। ਤਾਂ ਹਾਅ ਗਿੱਠੂ, ਜਿਹੜਾ ਹੁਣ ਇਹਦਾ ਵਕੀਲ ਬਣ ਕੇ ਆਇਆ ਹੈ, ਇਹ ਦੋਵੇਂ ਹੀ ਧਰਤੀ ਤੋਂ ਉਪਰ ਪਹੁੰਚਾ ਦਿੱਤੇ ਗਏ। ਇਸ ਹਰਚੰਦ ਸਿੰਘ ਨੇ ਸਿੱਖਾਂ ਦਾ ਨੱਕ ਵੱਢ ਦਿੱਤਾ ਹੈ ਤੇ ਸਿੱਖਾਂ ਦੇ ਪੱਲੇ ਕੱਖ ਨਹੀਂ ਛੱਡਿਆ। ਇਸ ਨੂੰ ਇਥੇ ਨਰਕ ਵਿਚ ਵੀ ਥਾਂ ਨਹੀਂ ਮਿਲਣੀ ਚਾਹੀਦੀ।"

ਅਜੇ ਪੰਥਕ ਵਕੀਲ ਬੋਲ ਹੀ ਰਿਹਾ ਸੀ ਕਿ ਅਦਾਲਤ ਵਿਚ ਖਲੋਤੇ ਲੋਕਾਂ ਨੇ ਵੀ ਰੌਲਾ ਚੁੱਕ ਦਿੱਤਾ, "ਹਾਂ ਹਾਂ ਇਹਨੂੰ ਭੈੜੀ ਤੋਂ ਭੈੜੀ ਸਜਾ ਦਿੱਤੀ ਜਾਵੇ। ਇਹਨੇ ਸਾਡਾ ਵੀ ਆਹ ਹਾਲ ਬਣਾ ਦਿੱਤਾ ਹੈ ਤੇ ਪੰਥ ਦੇ ਹੱਥ ਪੱਲੇ ਵੀ ਕੱਖ ਨਹੀਂ ਆਉਣ ਦਿੱਤਾ। ਆਪ ਇਹ ਰਾਜੀਵ ਗਾਂਧੀ, ਜਿਹੜਾ ਸਾਡਾ ਕਾਤਲ ਹੈ, ਨਾਲ ਬਹਿ ਬਹਿ ਕੇ ਰੱਸ ਮਲਾਈਆਂ ਖਾਂਦਾ ਰਿਹਾ ਤੇ ਏਧਰ ਸਾਡਾ ਹਾਲ ਵੇਖੋ......" ਸ਼ੋਰ ਸ਼ਰਾਬਾ ਵਧਦਾ ਜਾਂਦਾ ਸੀ, ਲੋਕ ਜੋਸ਼ ਵਿਚ ਆਪੇ ਤੋਂ ਬਾਹਰ ਹੁੰਦੇ ਜਾਂਦੇ ਸਨ, ਜੋਰ ਦੀ ਬਿਜਲੀ ਕੜਕੀ ਤੇ

ਬੱਦਲਾਂ ਦੀ ਗੜਗੜਾਹਟ ਨਾਲ ਲੋਕਾਂ ਦੀਆਂ ਅੱਖਾਂ ਚੁੰਧਿਆ ਗਈਆਂ ਤੇ ਲੋਕ ਬੋਲੇ ਹੋ ਗਏ। ਫਿਰ ਇਕ ਉੱਚੀ ਅਵਾਜ਼ ਗੂੰਜੀ, "ਸਾਰੇ ਚੁੱਪ ਕਰਕੇ ਖੜੇ ਹੋ ਜਾਓ, ਅਦਾਲਤ ਦੀ ਕਾਰਵਾਈ ਵਿਚ ਵਿਘਨ ਪਾਉਣ ਵਾਲੇ ਨੂੰ ਬਾਹਰ ਕੱਢ ਦਿੱਤਾ ਜਾਵੇਗਾ।"

ਮੁਲਜਮ ਦਾ ਵਕੀਲ – "ਪੰਥਕ ਵਕੀਲ ਸਾਹਿਬ ਨੇ ਤੱਥਾਂ ਨੂੰ ਤੋੜ ਮਰੋੜ ਕੇ ਅਦਾਲਤ ਸਾਹਮਣੇ ਪੇਸ਼ ਕੀਤਾ ਹੈ। ਅਸੀਂ ਦੋਹੇਂ, ਮੈਂ ਤੇ ਬਰਨਾਲਾ ਹੀ ਇਨ੍ਹਾਂ ਨੂੰ ਰਾਜੀਵ ਕੋਲ ਲੈ ਕੇ ਨਹੀਂ ਗਏ, ਟੌਹੜਾ ਤੇ ਬਾਦਲ ਵੀ ਸਾਡੇ ਨਾਲ ਸਨ। ਪਰ ਜਦੋਂ ਜਾਣ ਦੀ ਸਲਾਹ ਬਣ ਗਈ ਤਾਂ ਉਹ ਦੋਵੇਂ ਪਿੱਛੇ ਹੱਟ ਗਏ ਤੇ ਜਾਣ ਤੋਂ ਨਾਂਹ ਕਰ ਦਿੱਤੀ। ਇਸ ਲਈ ਅਸੀਂ ਦੋਵੇਂ ਹੀ ਕਸੂਰਵਾਰ ਨਹੀਂ।"

ਪੰਥਕ ਵਕੀਲ – "ਜਦੋਂ ਉਨ੍ਹਾਂ ਦੋਹਾਂ ਨੇ ਜਾਣ ਤੋਂ ਨਾਂਹ ਕਰ ਦਿੱਤੀ ਸੀ ਤਾਂ ਫਿਰ ਤੁਸੀਂ ਵੀ ਨਾ ਜਾਂਦੇ। ਤੁਸਾਂ ਦੋਹਾਂ ਨੇ ਹੀ ਅੱਡੀਆਂ ਨੂੰ ਤੇਲ ਕਿਉਂ ਲਾਇਆ ਹੋਇਆ ਸੀ?"

ਮੁਲਜਮ ਦਾ ਵਕੀਲ – "ਜਾਂਦੇ ਕਿੱਦਾਂ ਨਾ? ਅਸੀਂ ਰਾਜੀਵ ਨਾਲ ਵਾਅਦਾ ਜੁ ਕਰ ਕੇ ਆਏ ਸਾਂ ਕਿ ਸੰਤ ਨੂੰ ਤੁਹਾਡੇ ਕੋਲ ਲਿਆਵਾਂਗੇ। ਨਾਲੇ ਸੰਤਾਂ ਨੇ ਜਦੋਂ ਵਾਕ ਲਿਆ ਤਾਂ ਵਾਕ ਅਨੁਸਾਰ ਵੀ ਜਾਣਾ ਫਾਇਦੇਮੰਦ ਸੀ, ਇਸ ਲਈ ਅਸੀਂ ਤਿੰਨੇ ਚਲੇ ਗਏ।"

ਪੰਥਕ ਵਕੀਲ – "ਜੱਜ ਸਾਹਿਬ ਵਾਕ ਆਇਆ ਸੀ, 'ਜਹ ਜਹ ਪੇਖਉ ਤਹ ਹਜ਼ੂਰਿ ਦੂਰ ਕਤਹੁ ਨਾ ਜਾਈ॥ ਰਵਿ ਰਹਿਆ ਸਰਬਤ੍ਰ ਮੈਂ ਮਨ ਸਦਾ ਧਿਆਈ॥' ਕੀ ਇਸ ਦਾ ਮਤਲਬ ਇਹ ਬਣਦਾ ਹੈ ਕਿ ਦਿੱਲੀ ਜਾ ਕੇ ਰਾਜੀਵ ਨਾਲ ਸਮਝੌਤਾ ਕਰਕੇ ਸਿੱਖਾਂ ਦਾ ਬੇੜਾ ਡੋਬ ਦਿਓ? ਇਸਦਾ ਅਰਥ ਤਾਂ ਇਹ ਬਣਦਾ ਹੈ ਕਿ ਪ੍ਰਮਾਤਮਾ ਸਾਰਿਆਂ ਵਿਚ ਵੱਸਦਾ ਹੈ, ਸਦਾ ਪ੍ਰਮਾਤਮਾ ਨੂੰ ਧਿਆਉਣਾ ਚਾਹੀਦਾ ਹੈ, ਪ੍ਰਮਾਤਮਾ ਤਾਂ ਜਿਧਰ ਵੇਖੋ ਉਧਰ ਹੀ ਹੈ, ਦੂਰ ਕਿਤੇ ਜਾਣ ਦੀ ਲੋੜ ਨਹੀਂ।' ਸਗੋਂ ਇਸ ਹੁਕਮਨਾਮੇ ਅਨੁਸਾਰ ਤਾਂ ਇਸ ਨੂੰ ਬਹਿ ਕੇ ਪ੍ਰਮਾਤਮਾ ਦਾ ਭਜਨ ਕਰਨਾ ਚਾਹੀਦਾ ਸੀ, ਕਿਤੇ ਜਾਣ ਦੀ ਲੋੜ ਨਹੀਂ ਸੀ। ਇਸਨੂੰ ਪੁਛਿਆ ਜਾਵੇ ਕਿ ਕੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿਚ ਕੋਈ ਵਾਕ ਮਾੜਾ ਵੀ ਹੈ? ਸਾਰਾ ਗੁਰੂ ਗ੍ਰੰਥ ਸਾਹਿਬ ਹੀ ਮਨੁੱਖਤਾ ਦੇ ਭਲੇ ਨਾਲ ਭਰਿਆ ਪਿਆ ਹੈ। ਇਹ ਤਾਂ ਹਰਿਆਣੇ ਦੇ ਅਖਾਣ ਵਾਂਗੂ-'ਕੂਫੀ ਜਾਊ ਜਾਊ ਕਰੇ ਥੀ, ਕੂਫਾ ਲੇਣ ਆ ਗਿਆ', ਵਾਲੀ ਗੱਲ ਸੀ। ਇਹਨੂੰ ਤਾਂ ਉਹਨਾਂ ਛੱਡਿਆ ਹੀ ਇਸ ਸ਼ਰਤ 'ਤੇ ਸੀ ਕਿ ਇਹ ਦਿੱਲੀ ਆ ਕੇ ਗਲ ਕਰੇ, ਨਹੀਂ ਤਾਂ ਇਸ ਉੱਤੇ ਦੇਸ਼ ਵਿਰੁੱਧ ਬਗਾਵਤ ਦਾ ਮੁਕੱਦਮਾ ਚਲਾਇਆ ਜਾਣਾ ਸੀ। ਇਸ ਨੇ ਪੰਜਾਬ ਤੋਂ ਅਨਾਜ ਦਾ ਇਕ ਦਾਣਾ ਵੀ ਬਾਹਰ ਨਾ ਜਾਣ ਦੇਣ ਦੀ ਗੱਲ ਕੀਤੀ ਸੀ, ਜਿਹੜੀ ਕਿ ਬਗਾਵਤ ਤੁੱਲ ਸੀ। ਉਹਨਾਂ ਸਿਰਫ ਇਸੇ ਨੂੰ ਛੱਡਿਆ, ਜਿਹੜੇ ਦਰਬਾਰ ਸਾਹਿਬ ਮੱਥਾ ਟੇਕਣ ਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਗਏ, ਦਰਬਾਰ ਸਾਹਿਬ ਅੰਦਰੋਂ ਫੜੇ ਗਏ ਸਨ, ਉਹਨਾਂ ਨੂੰ ਤਾਂ ਅਜੇ ਤੱਕ ਨਹੀਂ ਛੱਡਿਆ, ਫੇਰ ਇਹਦੇ ਨਾਲ ਇੰਨਾ ਹੇਜ ਕਿਉਂ ਜਾਗਿਆ?"

ਬਚਾਅ ਪੱਖ – "ਰਾਜਨੀਤੀ ਵਿਚ ਲੜਾਈਆਂ ਵੀ ਹੁੰਦੀਆਂ ਰਹਿੰਦੀਆਂ ਹਨ ਤੇ ਸਮਝੌਤੇ ਵੀ ਹੁੰਦੇ ਰਹਿੰਦੇ ਹਨ। 1965 ਦੀ ਭਾਰਤ ਪਾਕਿ ਜੰਗ ਤੋਂ ਬਾਅਦ ਤਾਸ਼ਕੰਦ ਸਮਝੌਤਾ ਹੋਇਆ। 1971 ਵਿਚ ਬੰਗਲਾ ਦੇਸ਼ ਬਣਿਆ ਤਾਂ ਸ਼ਿਮਲਾ ਸਮਝੌਤਾ ਹੋਇਆ। ਇਸੇ ਤਰ੍ਹਾਂ ਇਥੇ ਵੀ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ, ਇਹਦੇ ਵਿਚ ਵੱਖਰੀ ਗੱਲ ਕੀ ਹੈ?"

ਪੰਥਕ ਵਕੀਲ - "1965 ਦੀ ਲੜਾਈ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਦੇ ਕਬਜ਼ੇ ਵਿਚ ਆਇਆ ਹੋਇਆ ਸਾਰਾ ਪਾਕਿਸਤਾਨੀ ਇਲਾਕਾ ਬਿਨਾਂ ਸ਼ਰਤ ਵਾਪਸ ਲੈ ਲਿਆ। ਉਨ੍ਹਾਂ ਇਹ ਸਮਝੌਤਾ ਏਨੀ ਸੂਝ ਬੂਝ ਨਾਲ ਕੀਤਾ ਕਿ ਲਾਲ ਬਹਾਦਰ ਸ਼ਾਸਤਰੀ ਨੇ ਜਦੋਂ ਧਿਆਨ ਨਾਲ ਸੋਚਿਆ ਤਾਂ ਉਸ ਨੂੰ ਉਥੇ ਤਾਸ਼ਕੰਦ ਵਿਚ ਹੀ ਦਿਲ ਦਾ ਦੌਰਾ ਪੈ ਗਿਆ ਤੇ ਉਸਦੀ ਲਾਸ਼ ਹੀ ਭਾਰਤ ਆਈ। 1971 ਦੀ ਜੰਗ ਵਿਚ 90 ਹਜ਼ਾਰ ਪਾਕਿਸਤਾਨੀ ਫੌਜੀ ਭਾਰਤ ਨੇ ਬੰਦੀ ਬਣਾ ਲਏ। ਉਨ੍ਹਾਂ ਨੇ ਸਮਝੌਤਾ ਕਰਕੇ ਸਾਰੇ ਫੌਜੀ ਵੀ ਛੁਡਾ ਲਏ ਤੇ ਅਗੋਂ ਲਈ ਕਸ਼ਮੀਰ ਸਮੱਸਿਆ ਦੇ ਹੱਲ ਦਾ ਵੀ ਬਾਨਣੂ ਬੰਨ ਲਿਆ। ਉਸ ਸਮਝੌਤੇ ਵਿਚ ਇਕ ਮਦ ਜੁੜਵਾ ਲਈ ਕਿ ਕਸ਼ਮੀਰ ਸਮੱਸਿਆ ਦਾ ਹੱਲ ਭਾਰਤ-ਪਾਕਿਸਤਾਨ ਤੇ ਕਸ਼ਮੀਰੀ ਮਿਲ ਬੈਠ ਕੇ ਕਰਨਗੇ। ਇਹ ਸਮਝੌਤਾ ਭਾਰਤ ਦੇ ਸੰਘ ਵਿਚ, ਕੁੱਕੜ ਦੇ ਸੰਘ ਵਿਚਲੀ ਕੰਡੀ ਵਾਂਗ ਫਸਿਆ ਹੋਇਆ ਹੈ। ਤੁਸੀਂ ਸਮਝੌਤਾ ਕਰਕੇ ਕੀ ਖੱਟਿਆ? ਕੰਮ ਸੇ ਕਮ ਹੋਰ ਨਹੀਂ ਤਾਂ ਜੇਲ੍ਹਾਂ ਵਿਚ ਬੈਠੇ ਨੌਜਵਾਨ ਹੀ ਛੁਡਵਾ ਲੈਂਦੇ, ਵਿਚਾਰੇ ਜੇਲ੍ਹਾਂ ਵਿਚ ਬੈਠੇ ਸੜ ਰਹੇ ਹਨ।"

ਬਚਾਅ ਪੱਖ - "ਜਿਨ੍ਹਾਂ ਨੇ ਦਰਬਾਰ ਸਾਹਿਬ ਵਿਚ ਫੌਜ ਨਾਲ ਲੜਾਈ ਕੀਤੀ ਸੀ, ਉਹਨਾਂ ਨੂੰ ਕਿਵੇਂ ਛੁਡਾਉਂਦੇ? ਉਹ ਜੰਗੀ ਕੈਦੀ ਸਨ। ਉਨ੍ਹਾਂ ਭਾਰਤ ਦੀ ਫੌਜ 'ਤੇ ਸਾਹਮਣਿਓ ਗੋਲੀਆਂ ਚਲਾਈਆਂ ਤੇ ਬੰਬ ਸੁੱਟੇ ਸਨ।"

ਪੰਥਕ ਵਕੀਲ - "ਬੰਗਲਾ ਦੇਸ਼ ਵਿਚ, ਜਿਹੜੇ ਪਾਕਿਸਤਾਨੀ ਬੰਦੀ ਬਣਾਏ ਸਨ, ਕੀ ਉਨ੍ਹਾਂ ਭਾਰਤ ਦੀ ਫੌਜ ਵੱਲ ਗੁਲਾਬ ਦੇ ਫੁੱਲ ਸੁੱਟੇ ਸਨ? ਨਾਲੇ ਉਹ ਪ੍ਰਾਹੁਣਿਆ ਵਾਂਗ ਮੁਫਤ ਦੀਆਂ ਰੋਟੀਆਂ ਪਾੜਦੇ ਰਹੇ, ਨਾਲੇ ਅੱਗੋਂ ਭਾਰਤ ਦੇ ਜਰਨੈਲਾਂ ਤੱਕ ਨੂੰ ਮੂੰਹ 'ਤੇ ਗਾਲ੍ਹਾਂ ਕੱਢਦੇ ਰਹੇ। ਜੇ ਉਹ ਵਿਦੇਸ਼ੀ ਫੌਜੀ ਛੱਡੇ ਜਾ ਸਕਦੇ ਹਨ ਤਾਂ ਫਿਰ ਆਪਣੇ ਹੀ ਦੇਸ਼ ਦੇ ਲੋਕ, ਜਿਹੜੇ ਆਪਣੇ ਇਸ਼ਟ ਨੂੰ ਬਚਾਉਣ ਲਈ ਲੜੇ ਸਨ, ਉਹ ਕਿਉਂ ਨਹੀਂ ਸੀ ਛੱਡੇ ਜਾ ਸਕਦੇ? ਇਸੇ ਤਰ੍ਹਾਂ ਹੀ ਸਮਝੌਤਾ ਕਰਨ ਲੱਗੇ ਤੁਸੀਂ ਧਰਮੀ ਫੌਜੀਆਂ ਨੂੰ ਵੀ ਦੁਬਾਰਾ ਬਹਾਲ ਕਰਵਾਉਂਦੇ। ਤੁਸਾਂ ਸਿਰਫ ਠੰਡੀ ਠਾਰ ਰਸਮਲਾਈ ਖਾਧੀ ਤੇ ਝੱਟ ਦਸਤਖਤ ਕਰ ਦਿੱਤੇ।"

ਬਚਾਅ ਪੱਖ - "ਨਹੀਂ ਨਹੀਂ, ਇਹ ਝੂਠ ਹੈ ਰਸਮਲਾਈ ਨਹੀਂ ਸੀ ਖਾਧੀ, ਐਵੇਂ ਝੂਠੀ ਗੱਲ ਨਹੀਂ ਕਰਨੀ ਚਾਹੀਦੀ।"

ਪੰਥਕ ਵਕੀਲ - "ਹੋਰ ਕੀ ਖਾਧਾ ਸੀ, ਤੁਸੀਂ ਹੀ ਦੱਸ ਦਿਓ?"

ਬਚਾਅ ਪੱਖ - "ਰਸਗੁੱਲੇ ਖਾਧੇ ਸਨ, ਉਹ ਵੀ ਉਨ੍ਹਾਂ ਬਦੋਬਦੀ ਖੁਆ ਦਿੱਤੇ।"

ਪੰਥਕ ਵਕੀਲ - ਜੱਜਾਂ ਨੂੰ ਸੰਬੋਧਨ ਕਰਕੇ, "ਜੱਜ ਸਾਹਿਬ ਜਦੋਂ ਇਹ ਸਮਝੌਤਾ ਕਰਨ ਗਿਆ, ਇਹ ਕਲਯੁਗੀ ਸਾਧ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਵੜਿਆ, ਇਹਦੇ ਹੋਸ਼ ਗੁੰਮ ਹੋ ਗਏ। ਇਹ ਵੱਧ ਤੋਂ ਵੱਧ ਜਾਂ ਤਾਂ ਆਪਣੇ ਪਿੰਡ ਲੌਂਗੋਵਾਲ ਦੇ ਗੁਰਦੁਆਰੇ ਰਿਹਾ ਸੀ, ਜਾਂ ਅੰਮ੍ਰਿਤਸਰ ਗੁਰਦੁਆਰੇ ਦੀ ਸਰਾਂ ਇਸ ਨੇ ਵੇਖੀ ਸੀ। ਪਹਿਲਾਂ ਤਾਂ ਜਾਂਦਿਆਂ ਹੀ ਇਹਨੇ ਸਿੱਖ ਕੌਮ ਦੇ ਦੁਸ਼ਮਣ ਰਾਜੀਵ ਨਾਲ ਹੱਥ ਮਿਲਾਇਆ, ਫਰ ਇਹਨੇ ਉਹਦੀ ਮਾਂ ਦਾ ਅਫ਼ਸੋਸ ਇਹ ਕਹਿ ਕੇ ਕੀਤਾ ਕਿ ਤੁਹਾਡੀ ਮਾਤਾ ਦਾ ਬੜਾ 'ਮਸੋਸ' ਹੋਇਆ ਹੈ। ਫਿਰ ਇਹਨੇ ਮਗਰੋਂ ਆਖਿਆ ਸਿੱਖਾਂ ਦਾਂ ਵੀ ਬੜਾ 'ਨੁਸ਼ਕਾਨ' ਹੋਇਆ ਹੈ। ਇਥੇ ਸਿਆਪਾ ਇਹ ਸੀ ਕਿ ਇਹ ਸਾਧ ਅੰਗਰੇਜ਼ੀ ਨਹੀਂ ਸੀ ਜਾਣਦਾ ਤੇ ਰਾਜੀਵ ਨੂੰ

ਪੰਜਾਬੀ ਦਾ ਇਕ ਵੀ ਅੱਖਰ ਨਹੀਂ ਸੀ ਆਉਂਦਾ। ਉਹਦੀ ਮਾਂ, ਜਿਹਨੇ ਦਰਬਾਰ ਸਾਹਿਬ 'ਤੇ ਫੌਜ ਚੜਾਈ ਸੀ, ਉਸ ਦਾ ਅਫਸੋਸ ਇਹਨੇ ਕਿਉਂ ਕੀਤਾ?"

ਬਚਾਅ ਪੱਖ ਬੋਲਣ ਹੀ ਲੱਗਾ ਸੀ ਕਿ ਜੱਜ ਨੇ ਮੁਲਜ਼ਮ ਨੂੰ ਪੁਛਿਆ – "ਜਿਸ ਔਰਤ ਨੇ ਸਿੱਖਾਂ ਦਾ ਕਤਲੇਆਮ ਕਰਵਾਇਆ, ਉਹਦਾ ਅਫਸੋਸ ਕਰਦਿਆਂ ਤੈਨੂੰ ਸ਼ਰਮ ਨਾ ਆਈ?"

ਮੁਲਜ਼ਮ – "ਜੀ ਮੈਂ ਮਸੋਸ ਇਸ ਕਰਕੇ ਕੀਤਾ ਪਈ, ਉਹਦੀ ਮਾਂ ਜੁ ਮਰੀ ਸੀ ਤੇ ਜੇ ਕਿਸੇ ਦਾ ਕੋਈ ਮਰ ਜਾਵੇ ਜਾਂ ਕਿਸੇ ਦਾ ਨੁਸ਼ਕਾਨ ਹੋ ਜਾਵੇ ਤਾਂ ਮਸੋਸ ਕਰੀਦਾ ਆ। ਇਹ ਰਿਵਾਜ਼ ਜੁ ਬਣਿਆ ਹੋਇਆ।"

ਜੱਜ – "ਮਸੋਸ ਤੇ ਨੁਸ਼ਕਾਨ ਤੋਂ ਤੇਰਾ ਕੀ ਭਾਵ ਹੈ?"

ਬਚਾਅ ਪੱਖ ਦਾ ਵਕੀਲ ਫੱਟ ਬੋਲਿਆ – "ਜੀ ਇਹ ਅਫਸੋਸ ਨੂੰ ਮਸੋਸ ਤੇ ਨੁਕਸਾਨ ਨੂੰ ਨੁਸ਼ਕਾਨ ਹੀ ਕਹਿੰਦੇ ਹਨ, ਇਨ੍ਹਾਂ ਦੀ ਜਬਾਨ ਵਲਾ ਨਹੀਂ ਖਾਂਦੀ।"

ਪੰਥਕ ਵਕੀਲ – "ਹਜ਼ੂਰ ਜੇ ਇਹ ਠੇਠ ਪੰਜਾਬੀ ਦੇ ਦੋ ਅੱਖਰ ਵੀ ਸ਼ੁੱਧ ਨਹੀਂ ਬੋਲ ਸਕਦਾ ਤੇ ਫੇਰ ਇਹ ਏਡਾ ਵੱਡਾ ਸਮਝੌਤਾ ਕਰਨ ਲਈ ਕਿਉਂ ਤੁਰ ਪਿਆ? ਇਹਦਾ, ਉਹਦੀ ਮਾਂ ਦਾ, ਅਫਸੋਸ ਕਰਨਾ ਬਿਲਕੁਲ ਨਹੀਂ ਸੀ ਬਣਦਾ। ਇਹਦੇ ਨਾਲੋਂ ਤਾਂ ਪਾਕਿਸਤਾਨ ਦੀ ਮੁਸਲਮਾਨਣੀ ਬੇਨਜ਼ੀਰ ਭੁਟੋ ਹੀ ਚੰਗੀ ਨਿਕਲੀ। ਜਦੋਂ ਪਾਕਿਸਤਾਨ ਦਾ ਡਿਕਟੇਟਰ ਜ਼ਿਆ ਉਲ ਹੱਕ ਇਕ ਹਵਾਈ ਹਾਦਸੇ ਵਿਚ ਮਾਰਿਆ ਗਿਆ ਤਾਂ ਬੇਨਜ਼ੀਰ ਭੁਟੋ, ਜਿਸ ਦੇ ਪਿਓ ਜ਼ੁਲਫਕਾਰ ਅਲੀ ਭੁਟੋ ਨੂੰ ਜ਼ਿਆ ਉਲ ਹੱਕ ਨੇ ਫਾਹੇ ਲਵਾ ਕੇ ਮਾਰ ਦਿੱਤਾ ਸੀ, ਨੂੰ ਪ੍ਰੈਸ ਨੇ ਪੁਛਿਆ ਤਾਂ ਬੇਨਜ਼ੀਰ ਭੁਟੋ ਨੇ ਆਖਿਆ, "ਮਾਰਿਆ ਗਿਆ ਹੈ ਤਾਂ ਬਹੁਤ ਚੰਗਾ ਹੋਇਆ, ਮੈਨੂੰ ਉਸ ਦੇ ਮਰਨ ਦਾ ਕੋਈ ਦੁੱਖ ਨਹੀਂ, ਸਗੋਂ ਪਹਿਲਾਂ ਮਰਦਾ ਤਾਂ ਚੰਗਾ ਸੀ, ਮੈਂ ਅੱਜ ਬਹੁਤ ਖੁਸ਼ ਹਾਂ।" ਸਾਰੇ ਪਾਕਿਸਤਾਨੀਆਂ ਨੇ ਕਿਹਾ "ਵਾਹ, ਸੁਆਦ ਆ ਗਿਆ ਸ਼ੇਰ ਬੱਚੀ ਨੇ ਬੜੀ ਸਪਸ਼ਟ ਗੱਲ ਕੀਤੀ ਹੈ", ਦੁਸ਼ਮਣ ਦੇ ਮਾਰੇ ਜਾਣ 'ਤੇ ਅਫਸੋਸ ਕਾਹਦਾ? ਚਲੋ ਇਹ ਚੁੱਪ ਹੀ ਰਹਿੰਦਾ।"

ਮੁਲਜ਼ਮ – ਜੀ, ਜਿਹੜਾ ਇਸ ਦੁਨੀਆਂ ਤੋਂ ਚਲਾ ਜਾਵੇ, ਉਹਦੇ ਨਾਲ ਵੈਰ ਕਾਹਦਾ, ਉਹਦਾ ਤੇ ਮਸੋਸ ਹੀ ਹੁੰਦਾ ਹੈ।

ਪੰਥਕ ਵਕੀਲ – "ਫੇਰ ਤਾਂ ਤੈਨੂੰ ਮੱਸੇ ਰੰਗੜ ਦੇ ਮਾਰੇ ਜਾਣ ਦਾ ਵੀ ਦੁੱਖ ਹੋਵੇਗਾ? ਉਹ ਵੀ ਤੇ ਦੋ ਸਿੱਖਾਂ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਹੱਥੋਂ ਮਾਰਿਆ ਗਿਆ ਸੀ।"

ਮੁਲਜ਼ਮ – "ਨਹੀਂ ਮੈਨੂੰ ਉਹਦਾ ਦੁੱਖ ਨਹੀਂ, ਉਹਨੇ ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਸੀ, ਸਰੋਵਰ ਪੂਰ ਦਿੱਤਾ ਸੀ।"

ਪੰਥਕ ਵਕੀਲ – "ਤੇ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਦੀ ਬੇਹੁਰਮਤੀ ਨਹੀਂ ਕੀਤੀ? ਫੌਜ ਦਾ ਹਮਲਾ ਕਰਵਾਇਆ, ਫੌਜ ਨੇ ਗੋਲੇ ਮਾਰ ਮਾਰ ਕੇ ਅਕਾਲ ਤਖਤ ਖਖੜੀਆਂ ਕਰ ਦਿੱਤਾ, ਪ੍ਰਕਰਮਾ ਟੈਂਕਾਂ ਨਾਲ ਦਰੜ ਦਿੱਤੀ, ਸਰੋਵਰ ਦੀਆਂ ਸਾਰੀਆਂ ਮੱਛੀਆਂ ਕੱਢ ਕੱਢ ਕੇ ਫੌਜੀ ਭੁੰਨ ਕੇ ਖਾ ਗਏ, ਪ੍ਰਕਰਮਾ ਵਿਚ ਬਹਿ ਕੇ ਰਮ ਪੀਂਦੇ ਰਹੇ, ਰਮ ਦਾ ਪੂਰਾ ਕੋਟਾ ਉਨ੍ਹਾਂ ਨੂੰ ਜਾਰੀ ਕੀਤਾ ਗਿਆ ਸੀ, ਜਿਵੇਂ ਲੜਾਈ ਦੇ ਮੈਦਾਨ ਵਿਚ ਹੁੰਦਾ ਹੈ। ਮੱਸੇ ਰੰਘੜ ਨੇ ਤਾਂ ਸਰੋਵਰ ਪੂਰ ਦਿੱਤਾ ਸੀ, ਭਾਰਤੀ ਫੌਜੀ ਤਾਂ ਉਹਦੇ ਵਿਚ ਕੱਛੇ ਬਨੈਣਾ ਧੋਂਦੇ ਰਹੇ। ਸਿੱਖ ਬੀਬੀਆਂ ਨਾਲ ਅੰਦਰ ਬਲਾਤਕਾਰ ਕੀਤੇ। ਬੋਲ, ਹੁਣ ਹੋਰ ਵੀ

ਕੋਈ ਗੱਲ ਹੈ ਤਾਂ?"

ਮੁਲਜ਼ਮ – ਚੁੱਪ।

ਪੰਥਕ ਵਕੀਲ – "ਸਾਧਾ ਤੂੰ ਸਾਨੂੰ ਪਹਿਲਾਂ ਸੌ ਗੰਢਾ ਖੁਆਇਆ, ਫੇਰ ਸੌ ਛਿੱਤਰ ਪੁਆਇਆ ਤੇ ਹੁਣ ਸੌ ਰੁਪਏ ਜੁਰਮਾਨਾ ਵੀ ਸਾਨੂੰ ਹੀ ਭਰਨਾ ਪੈਣਾ ਹੈ। ਉਹ ਤੇਰੇ ਕੁੱਝ ਲਗਦੇ ਦਿੱਲੀ ਵਾਲੇ ਆਂਹਦੇ ਹਨ, ਫੌਜ ਤੇ ਸੀ.ਆਰ.ਪੀ. ਦੀਆਂ ਜਿੰਨੀਆਂ ਤਨਖਾਹਾਂ ਤੇ ਰਾਸ਼ਨ ਪਾਣੀ ਤੇ ਗੱਡੀਆਂ ਦੇ ਪਟਰੋਲ 'ਤੇ ਜਿੰਨਾ ਪੈਸਾ ਲੱਗਾ, ਉਹ ਸਾਰਾ ਪੰਜਾਬ ਕੋਲੋਂ ਵਸੂਲਣਾ ਹੈ ਤੇ ਉਹ 8700 ਕਰੋੜ ਰੁਪਈਏ ਦਾ ਬਿੱਲ ਬਣਾਈ ਬੈਠੇ ਹਨ। ਤੇਰੇ ਬਰਨਾਲੇ ਨੇ ਵੀ ਤੇਰੇ ਮਗਰੋਂ ਇੰਦਰਾ ਗਾਂਧੀ ਵਾਂਗ ਹੀ ਦਰਬਾਰ ਸਾਹਿਬ ਫੌਜ ਭੇਜੀ ਊ, ਨਾਲੇ ਆਪਣੇ ਮੁੰਡੇ ਨੂੰ ਪੰਜ ਸੱਤ ਸੌ ਬਦਮਾਸ਼ ਮਾਲਵੇ ਦੇ, ਅਫੀਮ ਤੇ ਡੋਡੇ ਪਿਆ ਕੇ, ਦੁਨਾਲੀ ਬੰਦੂਕਾਂ ਤੇ ਲਾਇਸੈਂਸੀ ਰਾਈਫਲਾਂ ਦੇ ਕੇ ਘੱਲਿਆ ਹੈ ਤੇ ਉਹਨਾ ਦਮਦਮੀ ਟਕਸਾਲ ਵਾਲੇ, ਜਿਹੜੇ ਵਿਚਾਰੇ ਅਖੰਡ ਪਾਠ ਰੱਖ ਕੇ ਬੈਠੇ ਸੀ, ਉਨ੍ਹਾਂ 'ਤੇ ਵੀ ਗੋਲੀਆਂ ਚਲਾਈਆਂ ਹਨ। ਉਹ ਤੇ ਵੱਖਰੀ ਗੱਲ ਆ ਬਈ ਗੁਰੂ ਦੇ ਖਾਲਸੇ ਅਗੋਂ ਪੈ ਗਏ ਤੇ ਉਨ੍ਹਾਂ 14 ਦੁਨਾਲੀ ਬੰਦੂਕਾਂ ਖੋਹ ਲਈਆਂ। ਨਾਲੇ ਉਥੋਂ, ਸਮੇਤ ਬਰਨਾਲੇ ਦੇ ਮੁੰਡੇ ਦੇ, ਸਾਰੇ ਕੁੱਟ ਕੇ ਭਜਾਏ।"

ਬਚਾਅ ਪੱਖ – "ਉਹ ਤੇ ਇਸ ਕਰਕੇ ਗਿਆ ਸੀ ਕਿ ਅਫਵਾਹ ਉੱਡ ਗਈ ਸੀ ਕਿ ਟਕਸਾਲ ਵਾਲੇ ਅਕਾਲ ਤਖਤ ਨੂੰ ਢਾਹ ਕੇ ਦੁਬਾਰਾ ਕਾਰ ਸੇਵਾ ਨਾਲ ਬਣਾਉਣ ਲੱਗੇ ਹਨ।"

ਪੰਥਕ ਵਕੀਲ – "ਉਹ ਤੇ ਸੰਗਤ ਨੇ ਪਹਿਲੇ ਦਿਨੋਂ ਹੀ, ਸਰਕਾਰੀ ਸੇਵਾ ਰਾਹੀਂ ਇਕ ਠੇਕੇਦਾਰ ਕੋਲੋਂ ਬਣਵਾਇਆ ਹੋਇਆ, ਅਕਾਲ ਤਖਤ ਢਾਹ ਕੇ ਬਣਾਉਣ ਦਾ ਐਲਾਨ ਕੀਤਾ ਹੋਇਆ ਹੈ। ਬੇਸ਼ਰਮੋਂ, ਲੋਕ ਤਾਂ ਰੋ ਰੋ ਕੇ ਬੇਹਾਲ ਹੋ ਗਏ ਤੇ ਤੁਸੀਂ ਆਂਹਦੇ ਹੋ, ਉਹੋ ਹੀ ਰਹਿਣ ਦਿਓ। ਨਵੇਂ ਬਣੇ ਅਕਾਲ ਤਖਤ ਨੂੰ ਵੇਖ ਕੇ ਇਕ ਪਿੰਡ ਦੀ 90 ਸਾਲਾਂ ਦੀ ਬੁੱਢੀ ਨੇ ਕਿਹਾ ਸੀ, "ਇਹ ਤੇ ਏਤਰਾਂ ਲੱਗਦਾ, ਜਿੱਦਾਂ ਪੁੱਤ ਤੇ ਆਪਣਾ ਹੋਵੇ ਪਰ ਬੇਗਾਨਾ ਹੋ ਗਿਆ ਹੋਵੇ।" ਇਕ ਹੋਰ ਲੇਖਕ ਨੇ ਲਿਖਿਆ, "ਅਕਾਲ ਤਖਤ ਹੁਣ ਪਹਿਲਾਂ ਨਾਲੋਂ ਵੀ ਲਿਸ਼ਕਿਆ ਪੁਸ਼ਕਿਆ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਕਿਸੇ ਦੀ ਧੀ ਨਾਲ ਬਲਾਤਕਾਰ ਕਰਕੇ ਨਵਾਂ ਸੂਟ ਪਵਾ ਕੇ ਮਾਪਿਆਂ ਨੂੰ ਵਾਪਸ ਕਰ ਦਿੱਤੀ ਹੋਵੇ।" (ਇਨ੍ਹਾਂ ਦੋਹਾਂ ਸੰਤਾਂ ਦੀ ਕੌਮ ਨੂੰ ਅਗਵਾਈ ਇਕ ਐਸੀ ਹਰਨਾੜੀ ਵਰਗੀ ਸੀ, ਜਿਸ ਵਿਚ ਇਕ ਪਾਸੇ ਗਾਂ ਤੇ ਦੂਜੇ ਪਾਸੇ ਸੂਰ ਜੁੱਤਾ ਹੋਇਆ ਹੋਵੇ। ਗਾਂ ਹਮੇਸ਼ਾਂ ਸੁੱਕੇ ਵੱਲ ਖਿੱਚਦੀ ਹੈ ਤੇ ਸੂਰ ਬਦੋਬਦੀ ਚਿੱਕੜ ਵਿਚ ਵੜਨ ਲਈ ਜੋਰ ਲਾਉਂਦਾ ਹੈ। ਸੰਤ ਜਰਨੈਲ ਸਿੰਘ ਕੌਮ ਨੂੰ ਅਜ਼ਾਦ ਕਰਵਾਉਣ ਲਈ ਲੜਾਈ ਲੜ ਰਿਹਾ ਸੀ ਪਰ ਦੂਜਾ ਸੰਤ ਭਾਰਤ ਦੇ ਸੰਵਿਧਾਨ ਰੂਪੀ ਚਿੱਕੜ ਵਿਚ ਹੀ ਫਸਿਆ ਰਹਿਣਾ ਚਾਹੁੰਦਾ ਸੀ। ਏਸੇ ਲਈ ਹੀ ਇਸ ਧਰਮ-ਯੁੱਧ ਮੋਰਚੇ ਵਿਚ ਸੰਵਿਧਾਨ ਦੀ ਧਾਰਾ 25 ਸਾੜੀ ਤੇ ਪਾੜੀ ਗਈ ਪਰ ਅੱਜ ਫੇਰ ਉਸੇ ਹੀ ਸੰਵਿਧਾਨ ਦੀ ਸਹੁੰ ਖਾ ਕੇ ਲੰਮੀਆਂ ਲੱਤਾਂ ਵਾਲਾ ਬਰਨਾਲਾ ਤੇ ਆਹ ਗਿੱਠੂ ਜਿਹੇ ਨੇ ਰਾਜੀਵ ਕਾਤਲ ਨਾਲ ਰਲ ਕੇ ਚੋਣ ਜਿੱਤੀ ਤੇ ਰਾਜ ਕੀਤਾ। ਚੰਡੀਗੜ੍ਹ ਤਾਂ ਕੀ ਮਿਲਣਾ ਸੀ ਸਤਲੁਜ, ਜਮਨਾ ਲਿੰਕ ਨਹਿਰ ਫਿਰ ਪੁਟਣੀ ਸ਼ੁਰੂ ਹੋ ਗਈ ਹੈ। ਇਸੇ ਨਹਿਰ ਤੋਂ ਹੀ ਤਾਂ ਕਪੂਰੀ ਮੋਰਚਾ ਲੱਗਾ ਸੀ।)"

ਚਾਰ ਚੁਫੇਰਿਓਂ ਸ਼ਰਮ, ਸ਼ਰਮ, ਸ਼ਰਮ ਕਰੋ, ਸ਼ਰਮ ਕਰੋ, ਖਿੱਚ ਕੇ ਲਿਆਓ ਏਨੂੰ ਮੀਸਣੇ

ਨੂੰ ਬਾਹਰ ਤੇ ਨਾਲ ਆਹ ਗਿੱਠੇ ਜਹੇ ਨੂੰ ਫੜ ਲਓ, ਖਿਚ ਲਿਆਓ ਦੀਆਂ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਅਬੱੜਵਾਹੇ ਮੇਰੀ ਅੱਖ ਖੁੱਲ੍ਹੀ ਤਾਂ ਬਹਾਦਰ ਮੁਸ਼ੱਕਤੀ ਮੇਰੀ ਬਾਂਹ ਫੜ ਕੇ ਮੈਨੂੰ ਖਿੱਚ ਰਿਹਾ ਸੀ ਤੇ ਕਹਿ ਰਿਹਾ ਸੀ ਚਾਹ ਪੀ ਲਓ, ਨਹੀਂ ਤੇ ਠੰਡੀ ਹੋ ਜਾਏਗੀ। ਬਾਕੀ ਸਭ ਨੇ ਪੀ ਲਈ ਹੈ, ਕਿਤਨੀ ਦੇਰ ਸੇ ਮੈਂ ਆਪਕਾ ਬਾਜੂ ਪਕੜ ਕੇ ਖੀਂਚ ਰਹਾ ਹੂੰ।

ਸ਼ਹੀਦ ਭਾਈ ਸਤਵੰਤ ਸਿੰਘ ਤੇ ਕੇਹਰ ਸਿੰਘ

ਅਵਤਾਰ ਸਿੰਘ ਘੁਲੇ ਤੇ ਮੇਰੀ, ਸਾਡੀ ਦੋਹਾਂ ਦੀ ਮੁਲਾਕਾਤ ਦਾ ਪਰਚਾ ਆਇਆ। ਤਿਆਰ ਬਿਆਰ ਹੋ ਕੇ ਹੈੱਡ ਵਾਰਡਨ ਨਾਲ ਜਦੋਂ ਅਸੀਂ ਡਿਉਡੀ ਆਏ ਤਾਂ ਅਜੇ ਬਾਕੀ ਦੇ ਕੈਦੀਆਂ ਦੀਆਂ ਮੁਲਾਕਾਤਾਂ ਹੋ ਰਹੀਆਂ ਸਨ। ਮੁਲਾਕਾਤਾਂ ਕਾਹਦੀਆਂ, ਉਹ ਤਾਂ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਬਾਹਰ ਤੇ ਅੰਦਰ ਬੱਕਰੀਆਂ ਜਾਂ ਭੇਡਾਂ ਦੇ ਇੱਜੜ ਖਲੋਤੇ ਹੋਣ। ਬਾਹਰੋਂ ਵੀ ਚੈਂ ਚੈਂ ਪੈਂ ਪੈਂ ਤੇ ਅੰਦਰੋਂ ਵੀ ਪੈਂ ਪੈਂ ਚੈਂ ਚੈਂ ਹੁੰਦੀ ਹੀ ਸੁਣਦੀ ਸੀ। ਹੱਦ ਹੋ ਗਈ ਇਹ ਕਿਹੜੀ ਨਸਲ ਦੀ ਮੁਲਾਕਾਤ ਹੋਈ? ਏਨਾ ਸ਼ੋਰ ਸ਼ਰਾਬਾ? ਇਹ ਲੋਕ ਕਿਵੇਂ ਇਕ ਦੂਜੇ ਦੀ ਗੱਲ ਸਮਝਦੇ ਹੋਣਗੇ? ਕਿਸੇ ਦੇ ਬੋਲਣ ਦੇ ਇਕ ਅੱਖਰ ਦੀ ਸਮਝ ਨਹੀਂ ਸੀ ਆਉਂਦੀ। ਦਰਅਸਲ ਇਹ ਜੇਲ੍ਹ ਬਹੁਤ ਹੀ ਭਰੀ ਹੋਈ ਹੈ ਤੇ ਇਸ ਦੀ ਨਿਰਧਾਰਤ ਅਬਾਦੀ ਨਾਲੋਂ ਇਸ ਵਿਚ ਛੇ ਗੁਣਾਂ ਵਧ ਕੈਦੀ ਰਹਿੰਦੇ ਹਨ। ਕਿਸੇ ਵੀ ਸਭਯ ਦੇਸ਼ ਵਿਚ ਇਸ ਤਰ੍ਹਾਂ ਦੀ ਮੁਲਾਕਾਤ ਦਾ ਕੋਈ ਪ੍ਰਬੰਧ ਹੋ ਹੀ ਨਹੀਂ ਸਕਦਾ। ਜਿਥੇ ਇਕ ਦੂਜੇ ਦੀ ਗੱਲ ਨਹੀਂ ਸੁਣਦੀ, ਉਹ ਮੁਲਾਕਾਤ ਕਾਹਦੀ? ਬਾਹਰ ਵਾਲੇ ਲੋਕ ਇਸ ਤਰ੍ਹਾਂ ਇਕ ਦੂਜੇ ਦੇ ਉਤੋਂ ਉਤੋਂ ਦੀ ਟੱਪ ਕੇ ਅੰਦਰ ਵਾਲੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦੇ ਸਨ ਤੇ ਅੰਦਰੋਂ ਵੀ ਏਸੇ ਤਰ੍ਹਾਂ ਹੀ ਸੀ। ਗੱਲਬਾਤ ਦਾ ਸੰਪਰਕ ਤਾਂ ਨਹੀਂ ਹੋ ਸਕਦਾ ਸੀ, ਹਾਂ ਮੁਲਾਕਾਤ ਕਰਨ ਆਏ ਸੱਜਣਾਂ ਮਿੱਤਰਾਂ ਦੀ ਸ਼ਕਲ ਹੀ ਦਿੱਸ ਸਕਦੀ ਸੀ। ਪਰ ਕਦੀ ਕਿਸੇ ਕੈਦੀ ਨੇ ਇਸ ਗੱਲ ਨੂੰ ਲੈ ਕੇ ਨਾ ਤਾਂ ਇਤਰਾਜ਼ ਹੀ ਕੀਤਾ ਸੀ ਤੇ ਨਾ ਹੀ ਕਦੇ ਕੋਈ ਚਾਰਾਜੋਈ ਕੀਤੀ ਸੀ। ਅਵਤਾਰ ਸਿੰਘ ਮੈਨੂੰ ਕਹਿਣ ਲੱਗਾ, "ਆਪਾਂ ਤਾਂ ਐਵੇਂ ਹੀ ਕਲਪਦੇ ਰਹਿੰਦੇ ਹਾਂ ਆਪਣੀ ਮੁਲਾਕਾਤ ਤਾਂ ਇਸ ਹਿਸਾਬ ਬਾਦਸ਼ਾਹਾਂ ਵਾਂਗ ਹੁੰਦੀ ਹੈ। ਆਪਣੀ ਮੁਲਾਕਾਤ ਵੇਲੇ ਤਾਂ ਦੂਰ ਦੂਰ ਕਿਤੇ ਬੰਦਾ ਨਹੀਂ ਦਿਸਦਾ, ਆਪਾਂ ਤਾਂ ਐਵੇਂ ਹੀ ਠੰਡੇ ਦੁੱਧ ਨੂੰ ਫੂਕਾਂ ਮਾਰਦੇ ਰਹਿੰਦੇ ਹਾਂ। ਅਸਲ ਜੇਲ੍ਹ ਤਾਂ ਇਹ ਹੈ, ਜਿਸ ਨੂੰ ਹੁਣ ਵੇਖ ਰਹੇ ਹਾਂ", ਅਵਤਾਰ ਸਿੰਘ ਨੇ ਮੁਲਾਕਾਤ ਕਰਦੇ ਮੁਲਖੱਤ ਵੱਲ ਹੱਥ ਕਰਕੇ ਕਿਹਾ। ਮੈਂ ਕਿਹਾ, "ਚੱਲ ਛੱਡ ਦਫਾ ਕਰ ਇਹਨਾਂ ਨੂੰ, ਜੇਬ੍ਹਾਂ ਕੱਟਣ ਵਾਲਿਆਂ ਤੇ ਛੁਰੀ ਮਾਰਾਂ ਦੀਆਂ ਗੱਲਾਂ ਏਦਾਂ ਦੀਆਂ ਹੀ ਹੁੰਦੀਆਂ ਹਨ, ਹੈੱਡ ਵਾਰਡਨ ਨੂੰ ਕਹੀਏ ਸਾਨੂੰ ਸੁਪਰਡੈਂਟ ਨਾਲ ਮਿਲਾ। "ਸੁਪਰਡੈਂਟ ਨੂੰ ਅਸਾਂ ਕਾਹਦੇ ਲਈ ਮਿਲਣਾ ਹੈ?" ਅਵਤਾਰ ਨੇ ਪੁਛਿਆ। ਮੈਂ ਕਿਹਾ, "ਜੇ ਸੁਪਰਡੈਂਟ ਜਾਂ ਡਿਪਟੀ ਮਿਲ ਜਾਵੇ ਤਾਂ ਉਸ ਨੂੰ ਕਹੀਏ ਸਾਨੂੰ ਉਹ ਕਮਰਾ ਵਿਖਾਓ ਜਿਥੇ ਭਾਈ ਸਤਵੰਤ ਸਿੰਘ ਬਲਬੀਰ ਸਿੰਘ ਤੇ ਕੇਹਰ ਸਿੰਘ ਦੀ ਅਦਾਲਤ ਲੱਗਦੀ ਹੈ ਤੇ ਜਿਥੇ ਬੁਲਟ ਪਰੂਫ ਖੋਖਾ ਪਿਆ ਹੈ, ਜਿਸ ਅੰਦਰ ਉਨ੍ਹਾਂ ਨੂੰ ਬਿਠਾਉਂਦੇ ਹਨ। ਮੈਂ ਅਖਬਾਰ ਵਿਚ ਪੜ੍ਹਿਆ ਸੀ ਕਿ ਉਹ ਕਮਰਾ ਡਿਉਡੀ ਦੇ ਕਮਰਿਆਂ ਵਿਚ ਹੀ ਹੈ। ਹੈਡ ਵਾਰਡਨ ਨੇ ਸਾਨੂੰ ਡਿਪਟੀ ਸੁਪਰਡੈਂਟ ਮਿਸਟਰ ਸੁਭਾਸ਼ ਸ਼ਰਮਾ ਨਾਲ ਮਿਲਾ ਦਿੱਤਾ ਤੇ ਅਸਾਂ ਉਸ ਕੋਲ ਉਹ ਕਮਰਾ ਵੇਖਣ ਦੀ ਇੱਛਾ ਜ਼ਾਹਰ ਕੀਤੀ। ਡਿਪਟੀ ਨੇ ਹੈਡਵਾਰਡਨ ਨੂੰ ਕਿਹਾ,

"ਦਿਖਾ ਦੋ ਇਨਕੋ ਵੋਹ ਕਮਰਾ।" ਉਹ ਕਮਰਾ ਡਿਪਟੀ ਦੇ ਕਮਰੇ ਦੇ ਨਾਲ ਦਾ ਹੀ ਸੀ। ਉਸ ਕਮਰੇ ਵਿਚ ਅਦਾਲਤ ਵਰਗਾ ਕੁਝ ਨਹੀਂ ਸੀ ਨਾ ਵਿਟਨਸ ਬਾਕਸ ਨਾ ਜੱਜ ਦੇ ਮੇਜ਼ ਸਾਹਮਣੇ ਜੰਗਲਾ ਨਾ ਅਦਾਲਤ ਵਰਗਾ ਕੁਝ ਹੋਰ। ਬੱਸ ਆਮ ਦਫਤਰਾਂ ਵਾਂਗ ਇਕ ਮੇਜ ਤੇ ਪਿਛੇ ਕੁਰਸੀ ਤੇ ਮੇਜ ਅੱਗੇ ਚਾਰ ਕੁਰਸੀਆਂ। ਇਕ ਕੰਧ ਨਾਲ ਬੁਲਟ ਪਰੂਫ ਸ਼ੀਸ਼ੇ ਦਾ ਬਣਿਆ ਖੋਖਾ ਜਿਹਾ, ਜਿਸ ਦੀ ਉਚਾਈ ਛੇ ਫੁੱਟ ਤੋਂ ਵੱਧ ਨਹੀਂ ਸੀ ਤੇ ਲੰਬਾਈ ਸਾਢੇ ਪੰਜ ਛੇ ਫੁੱਟ ਤੇ ਚੌੜਾਈ ਚਾਰ ਫੁੱਟ ਹੋਵੇਗੀ ਉਸ ਵਿਚ ਇਕ ਬੈਂਚ ਪਿਆ ਸੀ, ਜਿਸ 'ਤੇ ਤਿੰਨ ਬੰਦੇ ਬੈਠ ਸਕਦੇ ਸਨ। ਪਰ ਇਸ ਸ਼ੀਸ਼ੇ ਦੇ ਬਕਸੇ ਦੇ ਉਪਰਲੇ ਖੱਬੇ ਹੱਥ ਵਾਲੇ ਪਾਸੇ ਨੁੱਕਰ ਦੇ ਬਿਲਕੁਲ ਉੱਪਰ ਸ਼ੀਸ਼ਾ ਕਰੈਕ ਸੀ ਉਹ ਕਰੈਕ ਵੀ ਟੁਕੜੀ ਨੁਮਾਂ ਸੀ ਅਸਾਂ ਉਸ ਵਾਰਡਨ ਨੂੰ ਪੁਛਿਆ ਕਿ ਇਹ ਬੁਲਟ ਪਰੂਫ਼ ਸ਼ੀਸ਼ਾ ਟੁੱਟ ਕਿਵੇਂ ਗਿਆ? ਉਸ ਨੂੰ ਤਾਂ ਕੁਝ ਪਤਾ ਨਹੀਂ ਸੀ ਕਿ ਨੁੱਕਰ ਵਿਚ ਇਹ ਕਰੈਕ ਕਿਉਂ ਆਈ ਪਰ ਇਕ ਹੋਰ ਅਸਿਸਟੈਂਟ ਸੁਪਰਡੈਂਟ ਨੇ ਦੱਸਿਆ ਕਿ ਟਰੱਕ ਤੋਂ ਲਾਹੁੰਦੇ ਸਮੇਂ ਇਹ ਨੁੱਕਰ ਹੀ ਪੱਕੇ ਫਰਸ਼ 'ਤੇ ਵੱਜੀ ਸੀ ਤੇ ਕਰੈਕ ਹੋ ਗਿਆ ਸੀ। ਪਰ ਇਹ ਬਿਲਕੁਲ ਉਪਰ ਹੋਣ ਕਰਕੇ ਕੋਈ ਖਤਰਾ ਨਹੀਂ। ਇਸ ਥਾਂ 'ਤੇ ਵੱਜੀ ਗੋਲੀ ਅੰਦਰ ਤਾਂ ਚੱਲੀ ਜਾਵੇਗੀ ਪਰ ਵਿਚ ਬੈਠਿਆਂ ਬੰਦਿਆਂ ਨੂੰ ਨਹੀਂ ਲੱਗ ਸਕਦੀ। ਤੇੜ ਦੀ ਲੰਬਾਈ ਚਾਰ ਕੁ ਇੰਚ ਤੋਂ ਵੱਧ ਨਹੀਂ ਸੀ। ਮਿਸਟਰ ਪੀ.ਐਨ. ਲੇਖੀ ਸਤਵੰਤ ਸਿੰਘ ਦਾ ਮੁਕੱਦਮਾ ਲੜਦਾ ਸੀ।

ਵੇਖੋ ਕੁਦਰਤ ਦੇ ਰੰਗ ਇਸ ਕੇਸ ਵਿਚ ਸਤਵੰਤ ਸਿੰਘ, ਕੇਹਰ ਸਿੰਘ ਤੇ ਬਲਬੀਰ ਸਿੰਘ ਤੇ ਬਰਾਬਰ ਮੁਕੱਦਮਾ ਚੱਲਦਾ ਸੀ ਪਰ ਜੇਲ੍ਹ ਦੇ ਕਿਸੇ ਵੀ ਕਰਮਚਾਰੀ ਜਾਂ ਬਾਹਰ ਦੇ ਬੰਦੇ ਕੋਲੋਂ ਅਸਾਂ ਦੋ ਜਾਂ ਤਿੰਨ ਨਾ ਇਕੱਠੇ ਕਦੇ ਨਹੀਂ ਸਨ ਸੁਣੇ। ਹਰ ਗੱਲ ਵਿਚ ਸਤਵੰਤ ਸਿੰਘ ਤੇ ਮੁਕੱਦਮਾ ਸਤਵੰਤ ਸਿੰਘ ਦੀ ਫਲਾਨੀ ਗੱਲ ਸਤਵੰਤ ਸਿੰਘ ਦੀ ਢੀਂਗਰੀ ਗੱਲ। ਪਰ ਕੇਹਰ ਸਿੰਘ ਬਿਲਕੁਲ ਇਕ ਅਗਿਆਤ ਵਿਅਕਤੀ ਵਾਂਗ ਸੀ ਤੇ ਬਲਬੀਰ ਸਿੰਘ ਵੀ ਅਣਜਾਣਿਆ ਜਿਹਾ ਨਾਂ ਹੀ ਸੀ। ਕੇਸ ਦਾ ਫੈਸਲਾ ਹੋ ਗਿਆ ਹਾਈ ਕੋਰਟ ਨੇ ਬਲਬੀਰ ਸਿੰਘ ਨੂੰ ਬਰੀ ਕਰ ਦਿੱਤਾ। ਟੀ.ਵੀ. ਦੇ ਕੈਮਰਿਆਂ ਸਾਹਮਣੇ ਬਲਬੀਰ ਸਿੰਘ ਦੇ ਕੁਝ ਰਿਸ਼ਤੇਦਾਰਾਂ ਨੇ ਐਸਾ ਬੇਹੂਦਾ ਪ੍ਰਦਰਸ਼ਨ ਕੀਤਾ ਕਿ ਵੇਖਣ ਵਾਲਿਆਂ ਨੂੰ ਬੜੀ ਗਲਾਨੀ ਹੋਈ। ਉਨ੍ਹਾਂ ਦਾ ਇਕ ਰਿਸ਼ਤੇਦਾਰ ਬਹੁਤ ਹੀ ਬੇਹੂਦਾ ਤਰੀਕੇ ਨਾਲ ਬੁੜਕ ਬੁੜਕ ਕੇ ਕਹਿੰਦਾ ਸੀ, "ਬਹੁਤ ਚੰਗਾ ਇਨਸਾਫ ਹੋਇਆ ਹੈ ਬਹੁਤ ਹੀ ਚੰਗਾ ਇਨਸਾਫ ਹੋਇਆ ਹੈ ਜੀ" ਬਲਬੀਰ ਸਿੰਘ ਦੇ ਉਸ ਰਿਸ਼ਤੇਦਾਰ ਦੇ ਰਿਛ ਵਾਂਗ ਬੁੜਕਣ ਨੇ ਬਲਬੀਰ ਸਿੰਘ ਨਾਲ ਵੀ ਲੋਕਾਂ ਦਾ ਜਜ਼ਬਾਤੀ ਰਿਸ਼ਤਾ ਤੋੜ ਦਿੱਤਾ। ਟੀ ਵੀ ਵੇਖਣ ਵਾਲੇ ਸਾਰੇ ਸਿੱਖਾਂ ਨੂੰ ਹੀ ਇੰਦਰਾ ਗਾਂਧੀ ਦੇ ਤਿੰਨ ਕਾਤਲਾਂ ਵਿਚੋਂ ਇਕ ਦੇ ਬਰੀ ਹੋ ਜਾਣ ਦੀ ਖੁਸ਼ੀ ਸੀ, ਕਿ ਚਲੋ ਤਿੰਨਾਂ ਵਿਚੋਂ ਇਕ ਸਿੱਖ ਤਾਂ ਬਚਿਆ ਪਰ ਉਸ ਬੁਝੜ ਦੇ ਬੁੜਕਣ ਨਾਲ ਲੋਕਾਂ ਨੂੰ ਬੜੀ ਠੇਸ ਪਹੁੰਚੀ। ਉਸ ਸਿੱਖ ਨੂੰ ਜਾਂ ਤਾਂ ਚੁੱਪ ਰਹਿਣਾ ਚਾਹੀਦਾ ਸੀ ਜਾਂ ਕਹਿਣਾ ਚਾਹੀਦਾ ਸੀ ਕਿ, "ਇਹ ਤਾਂ ਠੀਕ ਹੈ ਕਿ ਬਲਬੀਰ ਸਿੰਘ ਬਰੀ ਹੋਇਆ ਹੈ, ਪਰ ਦੂਜਿਆਂ ਦੇ ਨਾਲ ਇਨਸਾਫ ਨਹੀਂ ਹੋਇਆ, ਉਹ ਵੀ ਬਰੀ ਹੋਣ ਦੇ ਹੱਕਦਾਰ ਸਨ।" ਇਸ ਤਰ੍ਹਾਂ ਕਹਿਣ ਨਾਲ ਕੋਈ ਬਲਬੀਰ ਸਿੰਘ ਦੁਬਾਰਾ ਨਹੀਂ ਸੀ ਫੜਿਆ ਜਾਣਾ, ਉਹ ਤਾਂ ਬਰੀ ਹੋ ਹੀ ਚੁੱਕਾ ਸੀ ਪਰ ਸਿੱਖ ਪਬਲਿਕ ਵਿਚ ਉਸ ਦਾ ਚੰਗਾ ਅਸਰ ਪੈਣਾ ਸੀ। ਉਸ ਬੁਝੜ ਤੇ ਦੁਨੀਆਦਾਰੀ ਤੋਂ ਕੋਰੇ ਝੱਜੜ ਸਿੱਖ ਦਾ ਇਹ ਕਹਿਣਾ ਕਿ ਬੜਾ ਸੋਹਣਾ ਇਨਸਾਫ

ਹੋਇਆ ਹੈ, ਦਾ ਮਤਲਬ ਇਹ ਬਣਦਾ ਸੀ ਕਿ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਫਾਂਸੀ ਦੀ ਸਜਾ ਬਿਲਕੁਲ ਠੀਕ ਹੈ। ਬੱਸ ਇਹ ਗੱਲ ਹੀ ਲੋਕਾਂ ਨੂੰ ਬੁਰੀ ਲੱਗੀ। ਇਹ ਹੀ ਕਾਰਣ ਸੀ ਕਿ ਬਲਬੀਰ ਸਿੰਘ ਦੇ ਨਾਂ ਤਾਂ ਬਹੁਤੇ ਸਨਮਾਨ ਹੀ ਹੋਏ ਤੇ ਨਾਂ ਹੀ ਉਹ ਕੋਈ ਪ੍ਰਸਿੱਧੀ ਪਾ ਸਕੇ ਬੱਸ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨੂੰ ਲੈ ਬੈਠਾ। ਦਿੱਲੀ ਤੇ ਪੰਜਾਬ ਦੇ ਬਹੁਤ ਸਾਰੇ ਸਿੱਖਾਂ ਨੇ ਬਲਬੀਰ ਸਿੰਘ ਬਾਰੇ ਇਹ ਹੀ ਗੱਲ ਮੈਨੂੰ ਦੱਸੀ ਹੈ ਏਥੋਂ ਤੱਕ ਕਿ ਵਿਦੇਸ਼ੀ ਸਿੱਖ ਵੀ ਇਹ ਹੀ ਕਹਿੰਦੇ ਹਨ। ਚਲੋ ਇਸ ਦੁਨੀਆਂ ਵਿਚ ਕਿਸੇ ਨੇ ਵੀ ਬੈਠੇ ਨਹੀਂ ਰਹਿਣਾ ਜੇ ਸਤਵੰਤ ਸਿੰਘ ਭਰ ਜਵਾਨੀ ਵਿਚ ਤੇ ਸ. ਕੇਹਰ ਸਿੰਘ ਅਧਖੜ ਉਮਰ ਵਿਚ ਸ਼ਹੀਦ ਹੋਏ ਤਾਂ ਰਹਿੰਦੀ ਦੁਨੀਆਂ ਤੱਕ ਉਨ੍ਹਾਂ ਦਾ ਨਾਂ ਰਹੇਗਾ ਮਰ ਤਾਂ ਲੋਕ ਕੇਲੇ ਦੀ ਛਿਲੜ ਤੋਂ ਤਿਲਕ ਕੇ ਵੀ ਜਾਂਦੇ ਹਨ।

ਇਕ ਕਨੂੰਨੀ ਨੁਕਤਾ ਇਹ ਆ ਗਿਆ ਕਿ ਸੁਪਰੀਮ ਕੋਰਟ ਵਲੋਂ ਇਨ੍ਹਾਂ ਦੋਹਾਂ ਨੂੰ ਫਾਂਸੀ ਦੇਣ ਵਿਚ ਇਕ ਰੁਕਾਵਟ ਕੰਚਨ ਤੇ ਲਾਲਾ ਖੇਮ ਚੰਦ ਫਾਂਸੀ ਦੇ ਦੋ ਐਸੇ ਮੁਲਜ਼ਮ ਸਨ ਜਿਨ੍ਹਾਂ ਦੀ ਫਾਂਸੀ ਦੀ ਪੁਸ਼ਟੀ ਹਾਈ ਕੋਰਟ ਵਲੋ ਹੋ ਚੁੱਕੀ ਸੀ ਪਰ ਉਨ੍ਹਾਂ ਦੀ ਅਪੀਲ ਸੁਪਰੀਮ ਕੋਰਟ ਵਿਚ ਅਜੇ ਸੁਣਵਾਈ ਅਧੀਨ ਪਈ ਸੀ, ਐਸੇ ਹਾਲਾਤ ਵਿਚ ਜਿੰਨਾ ਚਿਰ ਉਨ੍ਹਾਂ ਪਹਿਲੇ ਫਾਂਸੀ ਵਾਲੇ ਕੇਸਾਂ ਦਾ ਕੋਈ ਫੈਸਲਾ ਨਹੀਂ ਸੀ ਹੁੰਦਾ ਨਵਿਆਂ ਤੇ ਬਾਅਦ ਵਿਚ ਫਾਂਸੀ ਸਜਾ ਪਾਉਣ ਵਾਲਿਆਂ ਨੂੰ ਫਾਂਸੀ ਨਹੀਂ ਸੀ ਦਿੱਤੀ ਜਾ ਸਕਦੀ। ਵੇਖੋ ਭਾਰਤ ਦੀ ਧਰਮ ਨਿਰਪੇਕਸ਼ ਸਰਕਾਰ ਦੇ ਕੰਮ। ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਫਾਂਸੀ ਦੇਣ ਦੀ ਏਨੀ ਕਾਹਲ ਸੀ ਕਿ ਮਨਿਸਟਰੀ ਆਫ ਹੋਮ ਅਫੇਅਰ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਇਨ੍ਹਾਂ ਦੋਹਾਂ ਵਿਅਕਤੀਆਂ ਦਾ ਕੇਸ ਜਲਦੀ ਸੁਣ ਲੈਣ (Early Hearing) ਲਈ ਬੇਨਤੀ ਕੀਤੀ ਜੇ ਸੁਪਰੀਮ ਕੋਰਟ ਵੀ ਫਾਂਸੀ ਦੀ ਸਜਾ ਬਹਾਲ ਰੱਖਦੀ ਤਾਂ ਉਹ ਦੋਵੇਂ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਕਰਨ ਦੇ ਹੱਕਦਾਰ ਸਨ। ਇਸ ਤਰ੍ਹਾਂ ਵੀ ਕੇਸ ਘੱਟ ਤੋਂ ਘੱਟ ਦੋ ਢਾਈ ਸਾਲ ਲਟਕ ਜਾਣਾ ਸੀ ਪਰ ਸਰਕਾਰ ਤਾਂ ਛੇਤੀ ਤੋਂ ਛੇਤੀ ਦੋਹਾਂ ਸਿੱਖਾਂ ਨੂੰ ਫਾਹੇ ਟੰਗਣ ਦੀ ਕਾਹਲ ਵਿਚ ਸੀ ਪਤਾ ਨਹੀਂ ਕੀ ਕੌਨਾਂ ਮੰਨਾ ਕੂਰਰ ਹੋਈ ਉਹ ਦੋਵੇਂ ਬਰੀ ਕਰ ਦਿੱਤੇ ਗਏ। ਇਕ ਨੇ ਜਾਇਦਾਦ ਦੇ ਲਾਲਚ ਵਿਚ ਆਪਣੀ ਧੀ ਦੇ ਸਹੁਰਿਆਂ ਦੇ ਪੰਜ ਜੀ ਕਤਲ ਕਰ ਦਿੱਤੇ ਸਨ ਤਾਂ ਕਿ ਜਾਇਦਾਦ ਉਸ ਦੀ ਧੀ ਨੂੰ ਮਿਲ ਜਾਵੇ ਤੇ ਉਸ ਦੇ ਕਤਲ ਦੇ ਤਿੰਨ ਚਸ਼ਮ ਦੀਦ ਗਵਾਹ ਸਨ ਜਿਨ੍ਹਾਂ ਨੇ ਠੋਕ ਕੇ ਗਵਾਹੀ ਦਿੱਤੀ ਸੀ ਕਿ ਲਾਲਾ ਖੇਮ ਚੰਦ ਨੇ ਹੀ ਇਹ ਕਤਲ ਕੀਤੇ ਸਨ। ਇਕ ਗਵਾਹ ਐਸਾ ਸੀ ਜਿਹੜਾ ਆਪ ਵੀ ਜ਼ਖਮੀ ਹੋਇਆ ਸੀ ਤੇ ਉਸ ਦਾ ਇਕ ਹੱਥ ਟੁੰਡਾ ਹੋ ਗਿਆ ਸੀ। ਹਾਈ ਕੋਰਟ ਨੇ ਉਸ ਦੇ ਫੈਸਲੇ ਵਿਚ ਲਿਖਿਆ ਸੀ ਕਿ ਇਸ ਨੇ ਏਨੀ ਨਿਰਦਅਤਾ ਨਾਲ ਕਤਲ ਕੀਤੇ ਹਨ ਕਿ ਇਸ ਨੂੰ ਪੰਜ ਕਤਲਾਂ ਦੀਆਂ ਪੰਜ ਫਾਂਸੀਆਂ ਹੋਣੀਆਂ ਚਾਹੀਦੀਆਂ ਹਨ, ਉਹ ਸੁਪਰੀਮ ਕੋਰਟ ਨੇ ਸਾਫ ਬਰੀ ਕਰ ਦਿੱਤਾ। ਦੂਜੇ ਤੀਹ ਸਾਲਾਂ ਕੰਚਨ ਨੇ ਕਿਸੇ ਦੇ ਘਰ ਡਾਕਾ ਮਾਰਿਆ। ਘਰ ਦਾ ਮਾਲਕ ਚਾਕੂ ਮਾਰ ਕੇ ਮਾਰ ਦਿੱਤਾ ਤੇ ਉਸ ਦੀ ਨੌ ਜਵਾਨ ਪਤਨੀ ਨਾਲ ਪਹਿਲਾਂ ਬਲਾਤਕਾਰ ਕੀਤਾ ਫਿਰ ਉਸ ਨੂੰ ਵੀ ਢਿਡ ਵਿਚ ਚਾਕੂ ਮਾਰ ਕੇ ਕਤਲ ਕੀਤਾ ਤੇ ਇਕ ਚਾਰ ਸਾਲ ਦੀ ਬੱਚੀ ਦਾ ਵੀ ਕਤਲ ਕੀਤਾ। ਗਹਿਣੇ ਤੇ ਰੁਪਈਆਂ ਦੀ ਪੋਟਲੀ ਸਮੇਤ ਮੌਕੇ 'ਤੇ ਗ੍ਰਿਫਤਾਰ ਹੋਇਆ ਹਾਈ ਕੋਰਟ ਨੇ ਉਸ ਨੂੰ ਵਹਿਸ਼ੀ ਤੇ ਦਰਿੰਦਾ ਕਾਤਲ ਕਰਾਰ ਦਿੱਤਾ ਪਰ ਮੁਲਕ ਦੀ ਸਭ ਤੋਂ ਵੱਡੀ ਅਦਾਲਤ ਨੂੰ ਉਹ ਭੋਲਾ

ਭਾਲਾ ਬੇਕਸੂਰ ਸ਼ਹਿਰੀ ਦਿਸਿਆ ਤੇ ਬਰੀ ਕਰ ਦਿੱਤਾ ਗਿਆ ਭਾਵੇਂ ਸੌ ਭਾਰਤੀ ਸੁਕੇ ਛੁੱਟ ਜਾਣ ਪਰ ਦੋ ਸਿੱਖਾਂ ਦੀ ਫਾਂਸੀ ਵਿਚ ਕੋਈ ਵਿਘਨ ਨਹੀਂ ਸੀ ਪੈਣਾ ਚਾਹੀਦਾ ਸਾਰੇ ਭਾਰਤ ਲਈ ਇਹ ਕੁੰਭ ਦਾ ਮੇਲਾ ਨਹਾਉਣ ਜਿੰਨਾ ਪੁੰਨ ਸੀ।

ਜਦੋਂ ਭਾਈ ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਫਾਂਸੀ ਦੇਣੀ ਸੀ ਤਾਂ ਉਸੇ ਰਾਤ ਨੂੰ ਹੀ ਆਖਰੀ ਮੁਲਾਕਾਤ ਦੇ ਨਾਂ ਥਲੇ ਭਾਈ ਸਤਵੰਤ ਸਿੰਘ ਦੇ ਪਰਿਵਾਰ ਨੂੰ ਜੇਲ੍ਹ ਨੰਬਰ ਇਕ ਦੇ ਵਾਰਡ ਨੰਬਰ ਇਕ ਵਿਚ ਤੇ ਭਾਈ ਕੇਹਰ ਸਿੰਘ ਦੇ ਪਰਿਵਾਰ ਨੂੰ ਇਕ ਨੰਬਰ ਜੇਲ੍ਹ ਦੇ ਪੰਜੀ-ਚਕੀਆਂ ਵਾਰਡ ਵਿਚ ਮੁਲਾਕਾਤ ਕਰਵਾਈ ਗਈ ਇਹ ਮੁਲਾਕਾਤ ਕਾਫੀ ਰਾਤ ਤੱਕ ਹੁੰਦੀ ਰਹੀ, ਸ਼ਾਇਦ ਰਾਤ ਦੇ ਬਾਰਾਂ ਵਜੇ ਤੱਕ। ਤਾਮਿਲਨਾਡੂ ਸਪੈਸ਼ਲ ਪੁਲਿਸ (ਟੀ.ਐਸ.ਪੀ.) ਜਿਹੜੀ ਤਿਹਾੜ ਜੇਲ੍ਹ ਦੇ ਚੌਕਸੀ ਟਾਵਰਾਂ 'ਤੇ ਪਹਿਰਾ ਦੇਂਦੀ ਹੈ, ਉਹ ਸਵੇਰੇ ਹੀ ਦੋਹਾਂ ਨੂੰ ਵਾਰਡ ਨੰਬਰ ਸੈਲ੍ਹਾਂ ਵਿਚ ਜੀਪ ਵਾਲੀ ਬੰਦ ਬਾਡੀ ਵਾਲੀ ਗੱਡੀ ਵਿਚ ਬਿਠਾ ਕੇ ਲਿਆਈ ਤੇ ਜੇਲ੍ਹ ਨੰਬਰ ਤਿਨ ਤੇ ਜੇਲ੍ਹ ਨੰਬਰ ਇਕ ਦੇ ਦਰਮਿਆਨ ਵਾਲੇ ਗੇਟ ਵਿਚੋਂ ਦੀ ਲੈ ਕੇ ਆਏ। ਸਵੇਰੇ ਦੋਹਾਂ ਬਹਾਦਰਾਂ ਨੂੰ ਸਾਢੇ ਸੱਤ ਵਜੇ ਫਾਂਸੀ ਤੇ ਲਟਕਾ ਦਿੱਤਾ ਗਿਆ ਤੇ ਅੱਧਾ ਘੰਟਾ ਦੋਹਾਂ ਦੇ ਸਰੀਰ ਫਾਂਸੀ ਨਾਲ ਲਟਕਦੇ ਰਹੇ। (ਫਾਂਸੀ ਦੇਣ ਦਾ ਸਮਾਂ ਹਰ ਮਹੀਨੇ ਬਦਲ ਜਾਂਦਾ ਹੈ ਉਦੋਂ ਭਰ ਸਰਦੀਆਂ ਸਨ ਤੇ ਫਾਂਸੀ ਦਾ ਸਮਾਂ ਸਵੇਰੇ ਸਾਢੇ ਸੱਤ ਵਜੇ ਸੀ) ਜੇਲ੍ਹ ਦੇ ਬਾਹਰ ਜਿਥੇ ਮੁਲਾਕਾਤੀਆਂ ਦੇ ਬੈਠਣ ਲਈ ਸ਼ੈਡ ਬਣਿਆ ਹੋਇਆ ਹੈ ਦੇ ਨਾਲ ਫਾਰਮ ਦੀ ਕੰਧ ਤੋੜ ਕੇ ਦੋਹਾਂ ਦਾ ਲਾਗੇ ਲਾਗੇ ਹੀ ਸੰਸਕਾਰ ਕੀਤਾ ਗਿਆ। ਤਿੰਨਾਂ ਹੀ ਜੇਲ੍ਹਾਂ ਦੀ ਬੰਦੀ ਯਾਰਾਂ ਵਜੇ ਤੱਕ ਖੋਲ੍ਹ ਦਿੱਤੀ ਗਈ ਪਰ ਸਿੱਖ ਕੈਦੀਆਂ ਨੂੰ ਨਹੀਂ ਸੀ ਖੋਲ੍ਹਿਆ ਗਿਆ। ਭਾਈ ਰਣਜੀਤ ਸਿੰਘ ਜੀ ਦੇ ਕਹਿਣ ਅਨੁਸਾਰ ਉਨ੍ਹਾਂ ਦੀ ਬੰਦੀ ਫਾਂਸੀ ਤੋਂ ਬਾਅਦ ਯਾਰਾਂ ਵਜੇ ਖੁੱਲ੍ਹ ਗਈ ਸੀ, ਪਰ ਮਿਠਬੈਨ ਸਿੰਘ, ਸੁਖਬੀਰ ਸਿੰਘ ਖਾਲਸਾ ਦਿੱਲੀ ਤੇ ਹੋਰ ਸਿੱਖ ਕੈਦੀ ਜੋ ਤੇਰਾਂ ਨੰਬਰ ਵਾਰਡ ਵਿਚ ਸਨ ਤੇ ਜਿਨ੍ਹਾਂ 'ਤੇ ਟਾਡਾ ਲਗਾ ਹੋਇਆ ਸੀ ਦੀ ਬੰਦੀ ਤਿੰਨ ਦਿਨ ਬਾਅਦ ਖੁੱਲ੍ਹੀ ਜਦੋਂ ਦੋਹਾਂ ਦੇ ਹੀ ਫੁੱਲ ਚੁਗ ਲਏ ਸਨ। ਤਿੰਨ ਦਿਨ ਕੋਈ ਵੀ ਕੈਦੀ ਤਰੀਕ ਭੁਗਤਾਉਣ ਅਦਾਲਤ ਨਹੀਂ ਲੈ ਜਾਇਆ ਗਿਆ। ਹਿੰਦੂ ਕੈਦੀ ਬਿਲਕੁਲ ਨਾਰਮਲ ਸਨ ਤੇ ਉਪਰੋਕਤ ਤਿੰਨਾਂ ਹੀ ਚਸ਼ਮਦੀਦ ਗਵਾਹਾਂ ਅਨੁਸਾਰ ਕੋਈ ਟਿਪਣੀ ਨਹੀਂ ਸਨ ਕਰਦੇ। ਵੈਸੇ ਵੀ ਜੇਲ੍ਹ ਵਿਚ ਕਿਸੇ ਨੂੰ ਫਾਂਸੀ ਹੋਵੇ ਤਾਂ ਕੈਦੀ ਅਫਸੋਸ ਹੀ ਕਰਦੇ ਹਨ। ਜਿਥੇ ਦੋਹਾਂ ਬਹਾਦਰਾਂ ਨੂੰ ਫਾਂਸੀ ਦਿੱਤੀ ਗਈ ਉਸ ਫਾਂਸੀ ਵਾਰਡ ਦੇ ਇਕ ਬੰਨੇ ਭਾਈ ਰਣਜੀਤ ਸਿੰਘ ਦਾ ਵਾਰਡ ਸੀ ਤੇ ਦੂਜੇ ਚੜ੍ਹਦੇ ਵਾਲੇ ਪਾਸੇ ਬਿਲਕੁਲ ਮਿਠਬੈਨ ਸਿੰਘ, ਸੁਖਬੀਰ ਖਾਲਸਾ ਤੇ ਹੋਰ ਸਿੱਖਾਂ ਵਾਲਾ ਤੇਰਾਂ ਨੰਬਰ ਵਾਰਡ ਸੀ। ਸਵੇਰੇ ਜਦੋਂ ਫਾਂਸੀ ਦਿੱਤੀ ਗਈ ਤਾਂ ਤੇਰਾਂ ਨੰਬਰ ਵਾਰਡ ਵਾਲਿਆਂ ਦਾ ਕਹਿਣਾ ਹੈ ਕਿ ਇਕ ਜੈਕਾਰਾ ਸੁਣਿਆ ਗਿਆ ਸੀ ਜਿਹੜਾ ਭਾਈ ਕੇਹਰ ਸਿੰਘ ਹੋਰਾਂ ਗਜਾਇਆ ਸੀ, ਭਾਈ ਰਣਜੀਤ ਸਿੰਘ ਹੋਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜੈਕਾਰੇ ਦੀ ਅਵਾਜ਼ ਨਹੀਂ ਸੁਣੀ ਕਿਉਂਕਿ ਫਾਂਸੀ ਵਾਰਡ ਤੇ ਭਾਈ ਸਾਹਿਬ ਵਾਲੇ ਵਾਰਡ ਦੇ ਦਰਮਿਆਨ ਬਾਰਾਂ ਨੰਬਰ ਹਸਪਤਾਲ ਦੇ ਵਾਰਡ ਦਾ ਵੀ ਕੁਝ ਏਰੀਆ ਪੈਂਦਾ ਹੈ ਤੇ ਫਿਰ ਫਾਂਸੀ ਵਾਰਡ ਦੀ ਸੈਲ੍ਹਾਂ ਚੱਕੀਆਂ ਵਾਲੀ ਬਿਲਡਿੰਗ ਵੀ ਦਰਮਿਆਨ ਵਿਚ ਆਉਂਦੀ ਹੈ। ਇਸ ਤਰ੍ਹਾਂ ਕੁਲ ਮਿਲਾ ਕੇ ਭਾਈ ਸਾਹਿਬ ਦੇ ਵਾਰਡ ਦਾ ਫਾਸਲਾ ਤੇਰਾਂ ਨੰਬਰ ਵਾਰਡ ਦੇ ਫਾਸਲੇ ਨਾਲੋਂ ਘੱਟ ਘੱਟ ਪੰਜ ਛੇ ਗੁਣਾਂ ਵੱਧ ਹੋ ਜਾਂਦਾ ਹੈ। ਨਾਲੇ ਵਿਚ ਦੋ ਬਿਲਡਿੰਗਾਂ

ਵੀ ਆ ਜਾਂਦੀਆਂ ਹਨ ਪਰ ਦੂਜਾ ਵਾਰਡ ਕੰਧ ਨਾਲ ਕੰਧ ਹੈ ਤੇ ਫਾਂਸੀ ਚੱਕੀ ਵੀ ਉਸੇ ਕੰਧ ਦੇ ਨਾਲ ਹੀ ਹੈ। ਸਤਾਰਾਂ ਨੰਬਰ ਵਾਰਡ ਦੇ ਵਾਰਡਨ ਦੀਨ ਦਿਆਲ ਭਾਰਤੀ ਨੇ ਭਾਈ ਰਣਜੀਤ ਸਿੰਘ ਨੂੰ ਦਸਿਆ ਸੀ ਕਿ ਉਨ੍ਹਾਂ ਦੋਹਾਂ ਨੂੰ ਫਾਂਸੀ ਦੇਣ ਲਈ ਲੈ ਆਏ ਹਨ। ਉਦੋਂ ਫਾਂਸੀ ਵਾਰਡ ਦਾ ਵਾਰਡਨ ਸੁਖਬੀਰ ਸੀ ਤੇ ਡਿਪਟੀ ਸੁਪਰਡੈਂਟ ਜੇਲ੍ਹ ਸੁਭਾਸ਼ ਸ਼ਰਮਾ ਸੀ। ਕਹਿੰਦੇ ਹਨ ਜਦੋਂ ਜਲਾਦ ਭਾਈ ਕੇਹਰ ਸਿੰਘ ਦੇ ਗਲ ਵਿਚ ਬੜੀ ਲਾਪ੍ਰਵਾਹੀ ਨਾਲ ਰੱਸਾ ਪਾਉਣ ਲੱਗਾ ਤਾਂ ਉਨ੍ਹਾਂ ਨੇ ਮੈਜਿਸਟਰੇਟ ਨੂੰ ਕਿਹਾ, "ਇਸ ਤਰ੍ਹਾਂ ਮੇਰੀ ਦਾੜ੍ਹੀ ਦੇ ਵਾਲ ਟੁੱਟ ਜਾਣਗੇ, ਮੈਂ ਆਪੇ ਹੀ ਠੀਕ ਢੰਗ ਨਾਲ ਰੱਸਾ ਆਪਣੇ ਗਲ ਪਾ ਲੈਂਦਾ ਹਾਂ। ਉਨ੍ਹਾਂ ਦੀ ਉਹ ਗੱਲ ਮੰਨ ਲਈ ਗਈ ਤੇ ਇਸ ਤਰ੍ਹਾਂ ਉਨ੍ਹਾਂ ਨੇ ਆਪ ਹੀ ਰੱਸਾ ਆਪਣੇ ਗਲ ਵਿਚ ਪਾਇਆ। ਇਸ ਕਿਤਾਬ ਦੇ ਪਿੱਛੇ ਤਿਹਾੜ ਜੇਲ੍ਹ ਦਿੱਲੀ ਦਾ ਨਕਸ਼ਾ ਹੈ, ਜਿਸ ਤੋਂ ਫਾਂਸੀ ਕੋਠੀ ਵਾਰਡ ਤੇ ਜਿਸ ਥਾਂ 'ਤੇ ਦੋਹਾਂ ਬਹਾਦਰਾਂ ਦਾ ਸਸਕਾਰ ਕੀਤਾ ਉਹ ਜਗ੍ਹਾ ਵੇਖੀ ਜਾ ਸਕਦੀ ਹੈ।

ਭਾਈ ਰਣਜੀਤ ਸਿੰਘ ਨੂੰ ਮਾਰਨ ਦੀਆਂ ਕੋਸ਼ਿਸ਼ਾਂ

ਇਕ ਦਿਨ ਰੋਟੀ ਖਾਂਦਿਆਂ ਖਾਂਦਿਆਂ ਸਾਡੇ ਵਿਚੋਂ ਇਕ ਨੇ ਪੁੱਛਿਆ, "ਭਾਈ ਰਣਜੀਤ ਸਿੰਘ ਦੇ ਭਰਾ ਸ. ਗੁਰਚਰਨ ਸਿੰਘ ਹੁਰੀਂ ਉਨ੍ਹਾਂ ਲਈ ਆਟਾ, ਦਾਲਾਂ, ਲੂਣ, ਮਿਰਚ ਤੇ ਹਲਦੀ ਵਰਗੀਆਂ ਚੀਜ਼ਾਂ ਵੀ ਭਲਾ ਘਰੋਂ ਕਿਉਂ ਲਿਆਉਂਦੇ ਹਨ? ਇਥੇ ਜੇਲ੍ਹ ਦੇ ਸਟੋਰ ਵਿਚ ਕੋਈ ਕਮੀ ਹੈ, ਜਿਹੜਾ ਬਜਾਰੋਂ ਲਿਆਉਣੀਆਂ ਪੈਂਦੀਆਂ ਹਨ? ਭਾਈ ਸਾਹਿਬ ਕਿਹੜਾ ਆਪਣੀ ਮਰਜੀ ਨਾਲ ਜੇਲ੍ਹ ਕੱਟ ਰਹੇ ਹਨ? ਜੇ ਸਰਕਾਰ ਨੇ ਉਨ੍ਹਾਂ ਨੂੰ ਫੜ ਕੇ ਅੰਦਰ ਕੀਤਾ ਹੈ ਤਾਂ ਉਨ੍ਹਾਂ ਦੀ ਰੋਟੀ ਦਾ ਰਾਸ਼ਨ ਕਿਉਂ ਨਹੀਂ ਦਿੰਦੇ? ਸਾਰਿਆਂ ਨੇ ਕਿਹਾ, "ਗੱਲ ਤਾਂ ਠੀਕ ਹੈ"। ਵਿਚੋਂ ਇਕ ਨੇ ਕਿਹਾ, "ਕੀ ਪਤਾ ਨਾ ਵੀ ਦਿੰਦੇ ਹੋਣ, ਨਹੀਂ ਤਾਂ ਏਨੀ ਦੂਰੋਂ ਚੀਜ਼ ਚੁੱਕ ਕੇ ਲਿਆਉਣੀ ਕਿਹੜੀ ਸੌਖੀ ਹੈ? ਨਾਲੇ ਪੈਸੇ ਖਰਚ ਕੇ ਲਿਆਉਣੀ।" ਇਸ ਤਰ੍ਹਾਂ ਗੱਲਾਂ ਤੇ ਵਿਚਾਰਾਂ ਕਰਦਿਆਂ ਸਾਡੇ ਵਾਰਡ ਦਾ ਵਾਰਡਨ ਆ ਗਿਆ। ਅਸਾਂ ਉਸ ਨੂੰ ਪੁੱਛ ਹੀ ਲਿਆ ਕਿ ਭਾਈ ਸਾਹਿਬ ਘਰੋਂ ਰਾਸ਼ਨ ਕਿਉਂ ਮੰਗਵਾਉਂਦੇ ਹਨ? ਉਸ ਨੇ ਕਿਹਾ, "ਰਣਜੀਤ ਸਿੰਘ ਜੀ ਕੀ ਬਾਤ ਕਰਤੇ ਹੋ?" ਅਸਾਂ ਕਿਹਾ, "ਹਾਂ"। ਤਾਂ ਉਸ ਨੇ ਸਹਿਜ ਸੁਭਾਅ ਹੀ ਕਿਹਾ, "ਅਗਰ ਕੋਈ ਕਿਸੀ ਕੇ ਬਾਪ ਕੋ ਮਾਰੇਗਾ ਤੋ ਵੋਹ ਉਸਕਾ ਬਦਲਾ ਨਹੀਂ ਲੇਗੇ ਕਿਆ?" ਅਸਾਂ ਪੁੱਛਿਆ, "ਕੌਣ ਬਦਲਾ ਲੈ ਰਿਹਾ ਹੈ?" ਪਤਾ ਨਹੀਂ ਏਨੀ ਕੁ ਗੱਲ ਦਸ ਕੇ ਵਾਰਡਨ ਨੂੰ ਕੀ ਹੋਇਆ ਜਾਂ ਉਸਨੂੰ ਕੀ ਖਿਆਲ ਆਇਆ ਕਿ ਸਾਡੇ ਕਈ ਵਾਰ ਪੁੱਛਣ 'ਤੇ ਵੀ ਉਸ ਨੇ ਮੁੜ ਕੇ ਕੋਈ ਹੁੰਗਾਰਾ ਨਾ ਦਿੱਤਾ। ਸਗੋਂ ਉਹ ਕਿਸੇ ਗੱਲ 'ਤੇ ਹੀ ਨਹੀਂ ਆਇਆ। ਪਰ ਸਾਡੇ ਦਿਲ ਵਿਚ ਇਸ ਗੱਲ ਦੀ ਗੰਢ ਬੱਝ ਗਈ। ਪਰ ਹੁਣ ਇਹ ਗੱਲ ਹੋਰ ਪੁੱਛੀਏ ਕਿਹਨੂੰ? ਦੂਜੇ ਦਿਨ ਲਾਲਾ ਖੇਮ ਚੰਦ ਸਾਡੇ ਵਾਲੀਆਂ ਚੱਕੀਆਂ ਵੱਲ ਆਇਆ ਤਾਂ ਮੈਂ ਉਸ ਨੂੰ ਆਵਾਜ਼ ਮਾਰ ਲਈ। ਮੈਂ ਤਾਂ ਅੰਦਰ ਬੰਦ ਸੀ ਪਰ ਉਹ ਬਾਹਰ ਖੁੱਲ੍ਹਾ ਫਿਰ ਰਿਹਾ ਸੀ। ਲਾਲਾ ਖੇਮ ਚੰਦ ਮੇਰੀ ਚੱਕੀ ਦੇ ਬਾਹਰ ਬਹਿ ਗਿਆ ਤਾਂ ਮੈਂ ਉਸ ਨੂੰ ਸਾਰੀ ਗੱਲ ਓਦਾਂ ਹੀ ਪੁੱਛੀ, ਜਿਸ ਤਰ੍ਹਾਂ ਵਾਰਡਨ ਨੂੰ ਪੁੱਛੀ ਸੀ। ਲਾਲਾ ਖੇਮ ਚੰਦ ਨੇ ਕਿਹਾ, "ਤੁਹਾਨੂੰ ਨਹੀਂ ਪਤਾ? ਰਣਜੀਤ ਸਿੰਘ ਤਾਂ ਜੇ ਆਲੂ ਦੀ ਸਬਜ਼ੀ ਖਾ ਲੈਂਦਾ ਤਾਂ ਬਚ ਹੀ ਨਹੀਂ ਸੀ ਸਕਦਾ।" ਐਨੇ ਚਿਰ ਨੂੰ ਵਾਰਡਨ ਨੇ ਆ ਕੇ ਮੇਰੀ ਚੱਕੀ ਵੀ ਖੋਲ੍ਹ ਦਿੱਤੀ। ਬਾਕੀ

ਸਾਥੀਆਂ ਦੀਆਂ ਚੱਕੀਆਂ ਖੋਲ੍ਹ ਕੇ ਹੀ ਉਹ ਮੇਰੇ ਵਾਲੀ ਚੱਕੀ ਦੇ ਕੋਲ ਆਇਆ ਸੀ। ਮੈਂ ਦੂਜਿਆਂ ਸਾਰਿਆਂ ਨੂੰ ਵੀ ਆਵਾਜ਼ ਮਾਰ ਲਈ। ਉਹ ਤਾਂ ਮੇਰੇ ਕੋਲ ਆ ਗਏ ਪਰ ਵਾਰਡਨ ਲਾਲਾ ਖੇਮ ਚੰਦ ਨੂੰ ਬੁਲਾ ਕੇ ਪਰ੍ਹਾਂ ਲੈ ਗਿਆ ਤੇ ਪਤਾ ਨਹੀਂ ਉਸ ਨੂੰ ਕੀ ਆਖਿਆ ਕਿ ਮੁੜ ਕੇ ਉਸ ਨੇ ਸਾਡੇ ਲੱਖ ਵਾਰ ਪੁੱਛਣ ਦੇ ਬਾਵਜੂਦ ਵੀ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। ਹੁਣ ਸਾਡੀ ਉਤਸੁਕਤਾ ਹੋਰ ਵੀ ਵਧ ਗਈ ਸੀ। ਪਰ ਗੱਲ ਦਾ ਪਤਾ ਕੀਹਦੇ ਕੋਲੋਂ ਲੱਗੇ? ਦਾਲ ਵਿਚ ਕੁਝ ਕਾਲਾ ਜ਼ਰੂਰ ਸੀ। ਇਹ ਸਾਨੂੰ ਪੱਕਾ ਪਤਾ ਲੱਗ ਗਿਆ ਸੀ ਕਿ ਬਾਹਰੋਂ ਰਾਸ਼ਨ ਮੰਗਵਾਉਣਾ ਕੋਈ ਮਜ਼ਬੂਰੀ ਜ਼ਰੂਰ ਹੈ। ਸਾਡੇ ਇਕ ਸਾਥੀ ਨੇ ਇਹ ਵੀ ਕਿਹਾ, "ਕੀ ਪਤਾ ਭਾਈ ਸਾਹਿਬ ਸੋਧ ਦਾ ਲੰਗਰ ਆਪ ਤਿਆਰ ਕਰਦੇ ਹਨ, ਏਸੇ ਲਈ ਹੀ ਜੇਲ੍ਹ ਦੇ ਸਟੋਰ ਵਿਚੋਂ ਗੰਦੇ ਮੰਦੇ ਹੱਥਾਂ ਨਾਲ ਤੋਲਿਆ ਰਾਸ਼ਨ ਨਾ ਲੈਂਦੇ ਹੋਣ?" ਪਰ ਇਕ ਹੋਰ ਨੇ ਝੱਟ ਇਹ ਦਲੀਲ ਇਹ ਕਹਿ ਕੇ ਕੱਟ ਦਿੱਤੀ ਕਿ ਬਜ਼ਾਰੋਂ ਵੀ ਏਦਾਂ ਦਿਆਂ ਕੋਲੋਂ ਹੀ ਤੁਲਾ ਕੇ ਲਿਆਉਂਦੇ ਹਨ। ਆਟਾ ਤੇ ਦਾਲਾਂ ਕਿਹੜੀਆਂ ਘਰ ਉਗਦੀਆਂ ਹਨ?

ਇਕ ਦਿਨ ਇਹ ਗੱਲ ਅਸਾਂ ਫੇਰ ਲਾਲਾ ਖੇਮ ਚੰਦ ਨੂੰ ਪੁੱਛੀ ਤੇ ਨਾਲੇ ਉਸ ਨੂੰ ਕਿਹਾ, "ਲਾਲਾ, ਤੇਰਾ ਹੁਣ ਕਿਸੇ ਨੇ ਕੀ ਵਿਗਾੜ ਲੈਣਾ ਹੈ? ਫਾਂਸੀ ਦੀ ਸਜ਼ਾ ਤਾਂ ਤੈਨੂੰ ਪਹਿਲਾਂ ਹੀ ਹੋਈ ਪਈ ਹੈ, ਹੁਣ ਤੈਨੂੰ ਡਰ ਕੀਹਦਾ ਹੈ?" ਉਹ ਸਾਡੀਆਂ ਗੱਲਾਂ ਨਾਲ ਭਾਵੁਕ ਹੋ ਗਿਆ ਤੇ ਕਹਿਣ ਲੱਗਾ, "ਮੈਂ ਤਾਂ ਉਸ ਦਿਨ ਹੀ ਦੱਸਣ ਲੱਗਾ ਸੀ, ਸੁਸਰਾ ਵਾਰਡਨ ਮੈਨੂੰ ਧਮਕੀ ਦੇ ਗਿਆ ਸੀ। ਤੁਸੀਂ ਹੋਰ ਕਿਸੇ ਨੂੰ ਨਾ ਦੱਸਿਓ। ਸਤਾਰਾਂ ਨੰਬਰ ਵਾਰਡ ਦੀ ਗੱਲ ਹੈ, ਮਕਬੂਲ ਬੱਟ ਤੇ ਸ. ਰਣਜੀਤ ਸਿੰਘ ਤੇ ਮੈਂ ਅਸੀ ਤਿੰਨੇ ਉਸ ਵਾਰਡ ਵਿਚ ਸਾਂ। ਰਣਜੀਤ ਸਿੰਘ ਨੇ ਆਲੂਆਂ ਦੀ ਸਬਜ਼ੀ ਬਣਾਈ ਤੇ ਨਾਲੇ ਚਾਵਲ ਬਣਾਏ। ਥਾਲੀ ਵਿਚ ਚਾਵਲ ਪਾ ਕੇ, ਆਲੂਆਂ ਦੀ ਸਬਜ਼ੀ ਵਿਚ ਮੱਖਣ ਪਾਉਣ ਲਈ ਸ. ਰਣਜੀਤ ਸਿੰਘ ਨੇ ਮੱਖਣ ਦੇ ਪੈਕਟ ਵਿਚੋਂ ਮੱਖਣ ਕੱਟਿਆ, ਉਧਰੋਂ ਮਕਬੂਲ ਬੱਟ ਨੇ ਸ. ਰਣਜੀਤ ਸਿੰਘ ਨੂੰ ਆਵਾਜ਼ ਮਾਰ ਲਈ। ਉਹ ਇਕ ਕੂੰਜੇ ਦੇ ਬਣੇ ਹੋਏ ਹੀਟਰ 'ਤੇ, ਜਿਹੜਾ ਥੱਲਿਓਂ ਗੋਲ ਸੀ 'ਤੇ ਥਾਲੀ ਰੱਖ ਕੇ ਉਹਦੀ ਗੱਲ ਸੁਣਨ ਚਲੇ ਗਏ। ਉਨੇ ਚਿਰ ਨੂੰ ਬਿੱਲੀ ਨੇ ਮੱਖਣ ਵੱਲ ਵੇਖ ਲਿਆ ਤੇ ਉਸ ਨੇ ਝਪੱਟਾ ਮਾਰ ਕੇ ਮੱਖਣ ਚੁੱਕ ਲਿਆ, ਨਾਲ ਹੀ ਥਾਲੀ ਹੇਠਾਂ ਬਣੇ ਸੀਮੇਂਟ ਦੇ ਫੱਟੇ 'ਤੇ ਡਿੱਗ ਪਈ ਤੇ ਸਭ ਕੁਝ ਡੁੱਲ੍ਹ ਗਿਆ। ਮਕਬੂਲ ਬੱਟ ਤੇ ਸ. ਰਣਜੀਤ ਸਿੰਘ ਦੋਵੇਂ ਹੀ ਥਾਲੀ ਡਿੱਗਣ ਦੀ ਆਵਾਜ਼ ਸੁਣ ਕੇ ਆਏ ਤਾਂ ਮਕਬੂਲ ਬੱਟ ਨੇ ਸਬਜ਼ੀ ਡੁੱਲ੍ਹੀ ਵੇਖ ਕੇ ਕਿਹਾ, "ਫਰਾਂਸਬੀਨ ਔਰ ਆਲੂ ਬਨਾਏ ਥੇ ਆਜ ਆਪ ਨੇ, ਸਾਲੀ ਬਿੱਲੀ ਨੇ ਗਿਰਾ ਦੀਏ।" ਸ. ਰਣਜੀਤ ਸਿੰਘ ਨੇ ਕਿਹਾ, "ਨਹੀਂ, ਫਰਾਂਸਬੀਨ ਤੇ ਨਹੀਂ ਇਕੱਲੇ ਆਲੂ ਹੀ ਬਣਾਏ ਹਨ।" ਅਸਾਂ ਨੀਝ ਨਾਲ ਦੇਖਿਆ ਤਾਂ ਸਬਜ਼ੀ ਵਿਚ ਕਿਰਲੀ ਦਾ ਸਿਰ ਤੇ ਪੂਛ ਦੇ ਕਈ ਟੁਕੜੇ ਸਨ। ਉਥੇ ਹੀ ਤਿੰਨ ਚਾਰ ਸੇਵਾਦਾਰ ਵੀ ਆ ਗਏ। ਸੁਪਰਡੈਂਟ ਜੇਲ੍ਹ ਉਦੋਂ ਆਰੀਆ ਭੂਸ਼ਣ, ਸ਼ੁਕਲਾ ਡੀ.ਐਸ.1 ਮਿਸਟਰ ਡਸੂਜਾ ਸੀ। ਮੋਹਨ ਸਿੰਘ ਹਰਿਆਣਵੀ ਹੈੱਡ ਵਾਰਡਨ ਤੇ ਇਕ ਹੋਰ ਵਾਰਡਨ ਰਾਮ ਸਿੰਘ ਵੀ ਹਰਿਆਣੇ ਦਾ ਹੀ ਸੀ, ਇਹ ਵੀ ਆ ਗਏ। ਹੈੱਡ ਵਾਰਡਨ ਅਫ਼ਸਰਾਂ ਨੂੰ ਵੀ ਸੱਦ ਲਿਆਇਆ। ਉਨ੍ਹਾਂ ਦੀ ਹਾਜ਼ਰੀ ਵਿਚ ਜੇਲ੍ਹ ਡਾਕਟਰ ਨੂੰ ਬੁਲਾਇਆ ਗਿਆ। ਸਾਰੀ ਸਬਜ਼ੀ ਤੇ ਚਾਵਲ ਚੁੱਕ ਕੇ ਟੈਸਟ ਕਰਨ ਲਈ ਭੇਜੇ ਗਏ। ਦੂਜੇ ਦਿਨ ਲੈਬਾਟਰੀ

ਰਿਪੋਰਟ ਵਿਚ ਖਾਣੇ ਵਿਚ ਬਹੁਤ ਤੇਜ਼ ਜ਼ਹਿਰ ਨਿਕਲਿਆ। ਜਾਂ ਤਾਂ ਛਿਪਕਲੀ ਹੀ ਬਹੁਤ ਜਹਿਰੀਲੀ ਸੀ ਜਾਂ ਉਸ ਖਾਣੇ ਵਿਚ ਜ਼ਹਿਰ ਮਿਲਾਇਆ ਹੋਇਆ ਸੀ। ਸੁਪਰਡੈਂਟ ਤਾਂ ਪੁਲਿਸ ਕੋਲ ਪਰਚਾ ਦਰਜ ਕਰਵਾਉਣਾ ਚਾਹੁੰਦਾ ਸੀ ਪਰ ਸ. ਰਣਜੀਤ ਸਿੰਘ ਨੇ ਕਿਹਾ, "ਜੇ ਕੋਈ ਮੈਨੂੰ ਮਾਰਨਾ ਚਾਹੁੰਦਾ ਹੈ ਤਾਂ ਪ੍ਰਮਾਤਮਾ ਮੈਨੂੰ ਬਚਾਉਣਾ ਵੀ ਤਾਂ ਚਾਹੁੰਦਾ ਹੈ। ਵੇਖ ਲਓ ਬਿੱਲੀ ਨੇ ਆ ਕੇ ਮੇਰੀ ਜਾਨ ਬਚਾ ਦਿੱਤੀ। ਛੱਡੋ ਦਫਾ ਕਰੋ ਪਰਚਾ ਦਰਜ ਕਰਵਾਉਣ ਨੂੰ।" ਬਸ ਉਸੇ ਦਿਨ ਤੋਂ ਹੀ ਉਹ ਆਪਣੇ ਖਾਣੇ ਦਾ ਵਿਸਾਹ ਨਹੀਂ ਖਾਂਦੇ। ਕੱਚਾ ਰਾਸ਼ਨ ਵੀ ਉਨ੍ਹਾਂ ਦੇ ਭਾਈ ਸਾਹਿਬ ਕਦੇ ਕਿਸੇ ਦੁਕਾਨ ਤੋਂ ਤੇ ਕਦੇ ਕਿਸੇ ਦੁਕਾਨ ਤੋਂ ਖਰੀਦ ਕੇ ਲਿਆਉਂਦੇ ਹਨ ਤੇ ਉਸ ਨੂੰ ਸਖਤ ਸੰਭਾਲ ਥੱਲੇ ਰੱਖਿਆ ਜਾਂਦਾ ਹੈ। ਤਾਲਾ ਚਾਬੀ ਦਾ ਕਦੇ ਵਿਸਾਹ ਨਹੀਂ ਖਾਂਦੇ। ਉਸ ਤੋਂ ਬਾਅਦ ਵੀ ਉਨ੍ਹਾਂ ਨੂੰ ਮਾਰਨ ਦੀਆਂ ਦੋ ਕੋਸ਼ਿਸ਼ਾਂ ਹੋਈਆਂ ਸਨ ਪਰ ਉਹ ਵਾਲ ਵਾਲ ਬਚ ਗਏ। ਇਹ ਗਲ 1983 ਦੀ ਹੈ ਤੇ ਅਜੇ ਸ. ਰਣਜੀਤ ਸਿੰਘ ਨੂੰ ਜੇਲ੍ਹ ਵਿਚ ਆਇਆਂ ਥੋੜ੍ਹਾ ਚਿਰ ਹੀ ਹੋਇਆ ਸੀ।"

ਭਾਈ ਰਣਜੀਤ ਸਿੰਘ 1 ਨਵੰਬਰ, ਵੀਰਵਾਰ 1983 ਨੂੰ ਜੇਲ੍ਹ ਗਏ ਸਨ। ਉਦੋਂ ਸਾਰੀ ਤਿਹਾੜ ਜੇਲ੍ਹ ਇਕੱਠੀ ਹੀ ਸੀ, ਵਿਚ ਕੰਧਾਂ ਨਹੀਂ ਸਨ। ਇਹ ਕੰਧਾਂ ਤਾਂ ਚਾਰਲਸ ਸੋਭ ਰਾਜ ਦੇ ਭੱਜਣ ਤੋਂ ਬਾਅਦ ਹੀ ਬਣੀਆਂ ਹਨ। ਭਾਈ ਰਣਜੀਤ ਸਿੰਘ ਨੂੰ 24 ਜੂਨ 1984 ਨੂੰ ਵਾਰਡ ਨੰਬਰ ਸਤਾਰਾਂ ਵਿਚ ਲਿਆਂਦਾ ਗਿਆ ਸੀ ਤੇ ਅਪ੍ਰੈਲ 1997, ਉਨ੍ਹਾਂ ਦੀ ਰਿਹਾਈ, ਤੱਕ ਉਹ ਸਤਾਰਾਂ ਨੰਬਰ ਵਾਰਡ ਵਿਚ ਹੀ ਰਹੇ। ਇਥੇ ਹੀ ਇੰਦਰਾ ਗਾਂਧੀ ਨੂੰ ਰੱਖਿਆ ਗਿਆ ਸੀ। ਇਹ ਵੀ.ਆਈ.ਪੀ. ਵਾਰਡ ਵਰਗਾ ਹੈ। ਲਾਲਾ ਖੇਮ ਚੰਦ ਨੇ ਦੱਸਿਆ ਕਿ ਮੈਨੂੰ ਉਦੋਂ ਉਸ ਵਾਰਡ ਵਿਚੋਂ ਸੋਲ੍ਹਾਂ ਨੰਬਰ ਵਾਰਡ ਵਿਚ ਭੇਜ ਦਿੱਤਾ ਗਿਆ ਸੀ। ਪਤਾ ਲੱਗਾ ਸੀ ਕਿ ਉਦੋਂ ਵੀ ਉਨ੍ਹਾਂ ਨੂੰ ਕਿਸੇ ਨੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਘਟਨਾ ਵੇਲੇ ਐਫ.ਡੀ. ਲਾਰਕਿਨ ਜੋ ਰਿਟਾਇਰਡ ਮੇਜਰ ਜਨਰਲ ਸੀ ਤੇ ਉਸ ਦਾ ਦੂਜਾ ਭਰਾ ਕੇ.ਐਚ. ਲਾਰਕਿਨ ਜੋ ਏਅਰ ਵਾਈਸ ਮਾਰਸ਼ਲ ਰਹਿ ਚੁੱਕਾ ਸੀ, ਭਾਈ ਰਣਜੀਤ ਸਿੰਘ ਨਾਲ ਸਤਾਰਾਂ ਨੰਬਰ ਵਾਰਡ ਵਿਚ ਰਹਿੰਦੇ ਸਨ। ਅਸਾਂ ਇਹ ਗੱਲ ਲਾਰਕਿਨ ਭਰਾਵਾਂ ਨੂੰ ਪੁੱਛਣੀ ਹੀ ਮੁਨਾਸਬ ਸਮਝੀ। ਇਕ ਦਿਨ ਉਹ ਸਾਡੇ ਵਾਰਡ ਵਿਚ ਕੰਟੀਨ ਦਾ ਸਮਾਨ ਵੇਚਣ ਆਏ। ਕਿਉਂਕਿ ਉਨ੍ਹਾਂ ਨੂੰ ਦਸ-ਦਸ ਸਾਲ ਕੈਦ ਬਾਮੁਸ਼ੱਕਤ ਸੀ, ਏਸੇ ਲਈ ਹੀ ਉਨ੍ਹਾਂ ਕੋਲੋਂ ਮੁਸ਼ੱਕਤ ਕਰਵਾਉਂਦੇ ਸਨ। ਪਰ ਬੁੱਢੇ ਹੋਣ ਕਰਕੇ ਉਨ੍ਹਾਂ ਨੂੰ ਹਲਕਾ ਜਿਹਾ ਕੰਮ ਦਿੱਤਾ ਹੋਇਆ ਸੀ। ਅਸੀਂ ਵੀ ਕੁਝ ਜ਼ਰੂਰੀ ਸਮਾਨ ਲਿਆ ਤੇ ਵੱਡੇ ਲਾਰਕਿਨ ਨੂੰ ਉਹ ਗੱਲ ਪੁੱਛੀ। ਪਹਿਲਾਂ ਤਾਂ ਉਸ ਨੇ ਟਾਲਾ ਜਿਹਾ ਵੱਟਿਆ ਪਰ ਸਾਡੇ ਜ਼ੋਰ ਦੇਣ 'ਤੇ ਉਸ ਨੇ ਦੱਸ ਹੀ ਦਿੱਤੀ ਕਿ ਦੁਪਹਿਰ ਦੀ ਬੰਦੀ ਖੁੱਲ੍ਹ ਚੁੱਕੀ ਸੀ ਤੇ ਅਸੀਂ ਸਾਰੇ ਸੁੱਤੇ ਪਏ ਸੀ ਕਿ ਮੇਰੀ ਅੱਖ ਖੁੱਲ੍ਹ ਗਈ। ਮੈਂ ਵੇਖਿਆ ਕਿ ਇਕ ਆਦਮੀ ਘੂਕ ਸੁੱਤੇ ਹੋਏ ਰਣਜੀਤ ਸਿੰਘ ਦੇ ਸਰਹਾਣੇ ਵੱਲ ਖੜਾ ਹੈ ਤੇ ਇਕ ਹੱਥ ਉਸ ਦਾ ਉਸ ਦੀ ਜੇਬ੍ਹ ਵਿਚ ਸੀ। ਮੈਨੂੰ ਉਸ ਬੰਦੇ ਦਾ ਇਸ ਤਰ੍ਹਾਂ ਖੜਾ ਰਹਿਣਾ ਬੜਾ ਸ਼ੱਕੀ ਲੱਗਾ ਤੇ ਮੈਂ ਕਿਹਾ, "ਏਹ ਮੈਨ, ਕਿਆ ਕਰਤਾ ਹੈ, ਕੌਣ ਹੈ ਤੂੰ, ਕਿਆ ਕਰ ਰਹਾ ਹੈ" ਤੇ ਇਸ ਤਰ੍ਹਾਂ ਕਹਿੰਦਾ ਕਹਿੰਦਾ ਮੈਂ ਆਪਣੇ ਮੰਜੇ ਤੋਂ ਉੱਠ ਕੇ ਉਸ ਵੱਲ ਭੱਜਾ। ਪਰ ਉਹ ਖੁੱਲ੍ਹੇ ਦਰਵਾਜ਼ੇ ਥਾਣੀਂ ਬਾਹਰ ਭੱਜ ਗਿਆ। ਪਤਾ ਨਹੀਂ ਡਿਓਢੀ ਵੱਲ ਗਿਆ ਕੇ ਸੜਕ ਦਾ ਮੋੜ ਮੁੜ ਕੇ ਦੋ ਨੰਬਰ ਜੇਲ੍ਹ ਵੱਲ, ਸਾਨੂੰ ਪਤਾ ਨਹੀਂ ਲੱਗਾ। ਕਿਉਂਕਿ ਅਸੀਂ ਤਾਂ ਵਾਰਡ ਦੇ ਦਰਵਾਜੇ ਤੋਂ ਬਾਹਰ ਨਹੀਂ ਜਾ ਸਕਦੇ ਸਾਂ।

ਪਰ ਵਾਰਡਨ ਨੇ ਦੱਸਿਆ ਕਿ ਇਹ ਬੰਦਾ ਪੀ.ਡਬਲਿਊ.ਡੀ. ਮਹਿਕਮੇ ਨਾਲ ਸਬੰਧਤ ਹੈ ਤੇ ਰੋਜ਼ ਦੀ ਤਨਖਾਹ (Daily Wages) 'ਤੇ ਹੈ। ਇਸ ਵਾਰਡ ਵਿਚ ਅੱਜ ਹੀ ਆਇਆ ਹੈ। ਲੰਾਰਕਿਨ ਨੇ ਪੁੱਛਿਆ, "ਕਿਆ ਇਸ ਵਾਰਡ ਕੀ ਬਿਜਲੀ ਮੇ ਕੋਈ ਖਰਾਬੀ ਥੀ?" ਉਸ ਨੇ ਕਿਹਾ, "ਕੋਈ ਖਰਾਬੀ ਨਹੀਂ ਥੀ, ਬਿਜਲੀ ਬਿਲਕੁਲ ਠੀਕ ਹੈ।"

ਸਤਾਰਾਂ ਨੰਬਰ ਵਾਰਡ ਵੜਦਿਆਂ ਹੀ ਮੁੰਡਾਖਾਨਾ ਹੈ, ਇਕ ਮੁੰਡੇ ਨੇ ਦੱਸਿਆ ਕਿ ਬਾਹਰ ਖਲੋਤੇ ਇਕ ਵਾਰਡਨ ਨੂੰ ਇਸ ਇਲੈਕਟ੍ਰੀਸ਼ਨ ਨੇ ਆਪਣੀ ਜੇਬ੍ਹ ਵਿਚੋਂ ਕੱਢ ਕੇ ਕੁਝ ਪੁੜੀ ਜਹੀ ਵਰਗਾ ਦਿੱਤਾ ਸੀ। ਆਪ ਉਹ ਫਾਰਮ ਵੱਲ ਜਾਂਦੀ ਸੜਕ ਦਾ ਮੋੜ ਮੁੜ ਗਿਆ ਤੇ ਵਾਰਡਨ ਡਿਉਢੀ ਅੰਦਰ ਵੜ ਗਿਆ। ਉਸ ਤੋਂ ਬਾਅਦ ਉਹ ਇਲੈਕਟ੍ਰੀਸ਼ਨ ਕਦੇ ਨਹੀਂ ਵੇਖਿਆ ਗਿਆ ਤੇ ਨਾ ਹੀ ਉਹ ਵਾਰਡਨ ਜੇਲ੍ਹ ਨੰਬਰ ਤਿੰਨ ਵਿਚ ਕਿਸੇ ਨੇ ਵੇਖਿਆ ਹੈ। ਲਾਰਕਿਨ ਸਾਹਿਬ ਨੇ ਦੱਸਿਆ ਕਿ ਸ਼ਾਇਦ ਉਹ ਬੰਦਾ ਜੋ ਇਲੈਕਟ੍ਰੀਸ਼ਨ ਬਣ ਕੇ ਆਇਆ ਸੀ, ਸ. ਰਣਜੀਤ ਸਿੰਘ ਦੇ ਮੂੰਹ ਵਿਚ ਜ਼ਹਿਰ (ਸਾਇਆਨਾਈਡ) ਵਗੈਰਾ ਸੁੱਟਣਾ ਚਾਹੁੰਦਾ ਸੀ। ਇਸ ਜ਼ਹਿਰ ਦਾ ਅੱਜ ਤੱਕ ਕਿਸੇ ਕੋਲੋਂ ਸੁਆਦ ਨਹੀਂ ਦੱਸਿਆ ਗਿਆ। ਇਕ ਸਾਇੰਸਦਾਨ ਨੇ ਇਸ ਨੂੰ ਹਲਕਾ ਘੋਲ (Dilute) ਬਣਾ ਕੇ ਆਪਣੀ ਉਂਗਲੀ ਨਾਲ ਜੀਭ 'ਤੇ ਲਾਇਆ ਤਾਂ ਉਹ ਸਿਰਫ ਐਸ ਅੰਗਰੇਜ਼ੀ ਦਾ ਹੀ ਲਿਖ ਸਕਿਆ। ਐਸ ਤੋਂ (Sour) ਖੱਟਾ, (Sweet) ਮਿੱਠਾ, (Strong) ਤੇਜ਼, (Salty) ਨਮਕੀਨ ਕੀ ਪਤਾ ਇਨ੍ਹਾਂ ਚਾਰਾਂ ਵਿਚੋਂ ਕੀ ਮਤਲਬ ਨਿਕਲਦਾ ਹੈ? ਜੇ ਉਹ ਬੰਦਾ ਬਿਜਲੀ ਠੀਕ ਕਰਨ ਆਇਆ ਸੀ ਤਾਂ ਸ. ਰਣਜੀਤ ਸਿੰਘ ਦੇ ਮੰਜੇ ਕੋਲ ਖੜਾ ਕੀ ਕਰ ਰਿਹਾ ਸੀ? ਜੇ ਉਹ ਐਵੇਂ ਹੀ ਖੜਾ ਸੀ ਜਾਂ ਉਸ ਦੀ ਕੋਈ ਬੁਰੀ ਨੀਅਤ ਨਹੀਂ ਸੀ ਤਾਂ ਉਹ ਭੱਜਾ ਕਿਉਂ? ਉਹ ਵਾਰਡਨ ਬਾਹਰ ਖੜਾ ਕੀ ਕਰ ਰਿਹਾ ਸੀ, ਉਸ ਦੀ ਜੇਬ੍ਹ ਵਿਚੋਂ ਕੁਝ ਲੈ ਕੇ ਫੱਟ ਡਿਉਢੀ ਵਿਚ ਕਿਉਂ ਜਾ ਵੜਿਆ? ਫਿਰ ਉਹ ਇਲੈਕਟ੍ਰੀਸ਼ਨ ਤੇ ਉਹ ਵਾਰਡਨ ਅਲੋਪ ਕਿਉਂ ਹੋ ਗਏ? ਉਸ ਤੋਂ ਬਾਅਦ ਕਿਸੇ ਨੂੰ ਜੇਲ੍ਹ ਨੰਬਰ ਤਿੰਨ ਵਿਚ ਨਜ਼ਰ ਕਿਉਂ ਨਾ ਆਏ? ਕਈ ਸਵਾਲ ਹਨ। ਪਰ ਦੋਵੇਂ ਹੀ ਲਾਰਕਿਨ ਭਰਾ ਜੇਲ੍ਹ ਵਾਲਿਆਂ ਨੂੰ ਵੀ ਬਰੀ ਜ਼ੁੰਮਾ ਨਹੀਂ ਸਨ ਸਮਝਦੇ। ਉਨ੍ਹਾਂ ਦੇ ਖਿਆਲ ਅਨੁਸਾਰ ਰਣਜੀਤ ਸਿੰਘ ਨੂੰ ਮਾਰਨ ਲਈ ਸਾਜ਼ਿਸ਼ਾਂ ਜੇਲ੍ਹ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਹੀ ਘੜੀਆਂ ਜਾ ਰਹੀਆਂ ਸਨ। ਤੀਜੀ ਇਕ ਹੋਰ ਸਾਜ਼ਿਸ਼ ਤੋਂ ਪੱਕਾ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਜਿੰਨਾ ਚਿਰ ਜੇਲ੍ਹ ਵਿਚ ਰਹੇ, 1 ਨਵੰਬਰ 1983 ਤੋਂ ਲੈ ਕੇ ਅਪ੍ਰੈਲ 1997 ਤੱਕ, ਅਰਥਾਤ ਚੌਦਾ ਸਾਲ ਕੁਝ ਮਹੀਨੇ, ਇਕ ਤਰ੍ਹਾਂ ਨਾਲ ਹਰ ਘੜੀ ਹਰ ਪਲ ਮੌਤ ਦੇ ਮੂੰਹ ਵਿਚ ਹੀ ਰਹੇ। ਵਾਹਿਗੁਰੂ ਹੀ ਉਹਨਾਂ ਨੂੰ ਬਚਾਉਂਦਾ ਰਿਹਾ ਹੈ। ਹੋਰ ਬਚਣ ਦੇ ਕੋਈ ਲੱਲ ਨਹੀਂ ਸਨ। ਤੀਜੀ ਘਟਨਾ 1990 ਵਿਚ ਵਾਪਰੀ। ਉਦੋਂ ਜੇ.ਐਸ. ਸਿੱਧੂ ਹਰਿਆਣੇ ਦੇ ਇਲਾਕੇ ਭਵਾਨੀ ਦਾ ਰਹਿਣ ਵਾਲਾ ਜਾਟ ਸੁਪਰਡੈਂਟ ਜੇਲ੍ਹ ਸੀ। ਭਾਈ ਰਣਜੀਤ ਸਿੰਘ ਸਵੇਰੇ ਗਿਣਤੀ ਖੁੱਲ੍ਹਣ ਤੋਂ ਪਹਿਲਾਂ ਨਹਾ ਧੋ ਕੇ ਪਾਠ ਸ਼ੁਰੂ ਕਰ ਦਿੰਦੇ ਸਨ ਤੇ ਜਦੋਂ ਗਿਣਤੀ ਖੁੱਲ੍ਹਦੀ ਉਹ ਹੱਥ ਵਿਚ ਡੋਲੂ ਲੈ ਕੇ ਪਾਠ ਕਰਦੇ-ਕਰਦੇ ਹੀ ਚੱਕਰ ਤੋਂ ਦੁੱਧ ਲੈਣ ਚਲੇ ਜਾਂਦੇ। ਉਨ੍ਹਾਂ ਨਾਲ ਜੇਲ੍ਹ ਦਾ ਇਕ ਜਾਂ ਦੋ ਵਾਰਡਨ ਵੀ ਹੁੰਦੇ। ਸਤਾਰਾਂ ਨੰਬਰ ਵਾਰਡ ਵਿਚ ਕੁਝ ਉੱਚੇ ਉੱਚੇ ਦਰਖਤ ਵੀ ਸਨ। ਇਨ੍ਹਾਂ 'ਤੇ ਇਕ ਮੋਰ ਵੀ ਰਹਿੰਦਾ ਸੀ, ਜਿਹੜਾ ਸਵੇਰੇ ਸਵੇਰੇ ਚੱਕੀਆਂ ਦਾ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਨਾਲ ਦਰਖਤ ਤੋਂ ਥੱਲੇ ਉੱਤਰ ਆਉਂਦਾ ਤੇ ਫਿਰ

ਵਾਰਡ ਵਿਚ ਘੁੰਮਦਾ ਫਿਰਦਾ ਰਹਿੰਦਾ। ਸ. ਰਣਜੀਤ ਸਿੰਘ ਨੇ ਜਾਨਵਰਾਂ ਦੇ ਪੀਣ ਲਈ ਪਾਣੀ ਦਾ ਇਕ ਅੱਧਾ ਘੜਾ ਕੱਟ ਕੇ ਰੱਖਿਆ ਹੋਇਆ ਸੀ ਤੇ ਦਿਨ ਵਿਚ ਦੋ ਵਾਰ ਉਸ ਘੜੇ ਦਾ ਪਾਣੀ ਬਦਲ ਦਿੰਦੇ ਸਨ। ਜਾਨਵਰ ਦੂਜੇ ਵਾਰਡਾਂ ਵਿਚੋਂ ਵੀ ਪਾਣੀ ਪੀਣ ਸਤਾਰਾਂ ਨੰਬਰ ਵਾਰਡ ਵਿਚ ਆ ਜਾਂਦੇ। ਭਾਈ ਰਣਜੀਤ ਸਿੰਘ ਜਾਨਵਰਾਂ ਨੂੰ ਕੁਝ ਨਾ ਕੁਝ ਦਾਣਾ ਦੁਨਕਾ ਵੀ ਪਾਉਂਦੇ ਹੀ ਰਹਿੰਦੇ ਸਨ। ਇਸ ਲਈ ਹੋਰ ਸਾਰੇ ਵਾਰਡਾਂ ਨਾਲੋਂ ਇਥੇ ਜ਼ਿਆਦਾ ਜਾਨਵਰ ਰਹਿੰਦੇ ਸਨ। ਮੋਰ ਜੇ ਉਡਾਰੀ ਮਾਰ ਕੇ ਬਾਹਰ ਚੁਗਣ ਵੀ ਚਲਾ ਜਾਂਦਾ ਤਾਂ ਵੀ ਥੋੜ੍ਹੀ ਦੇਰ ਬਾਅਦ ਹੀ ਵਾਰਡ ਵਿਚ ਵਾਪਸ ਆ ਜਾਂਦਾ। ਉਹ ਮੋਰ ਐਡਾ ਭੂਹੇ ਚੜ੍ਹਿਆ ਹੋਇਆ ਸੀ ਕਿ ਜੇ ਦੋ ਕੁਰਸੀਆਂ 'ਤੇ ਬੰਦੇ ਬੈਠੇ ਹੋਣ ਤੇ ਤੀਸਰੀ ਖਾਲ੍ਹੀ ਹੋਵੇ ਤਾਂ ਝੱਟ ਉਸ ਕੁਰਸੀ 'ਤੇ ਚੜ੍ਹ ਕੇ ਬਹਿ ਜਾਂਦਾ ਸੀ। ਉਸ ਨੂੰ ਕੋਈ ਕੁਝ ਕਹਿੰਦਾ ਨਹੀਂ ਸੀ। ਇਸ ਲਈ ਵਾਰਡ ਦੇ ਅੰਦਰ ਹੀ ਫਿਰਦਾ ਰਹਿੰਦਾ ਸੀ। ਲਾਗੇ ਫਿਰਦੇ ਬੰਦਿਆਂ ਤੋਂ ਬਿਲਕੁਲ ਨਹੀਂ ਸੀ ਡਰਦਾ।

ਇਕ ਦਿਨ ਕੋਈ 11 ਕੁ ਵਜੇ ਦਾ ਸਮਾਂ ਸੀ, ਜਦੋਂ ਮੋਰ ਨੇ ਕਿਆਂਓ ਕਿਆਂਓ ਦੀਆਂ ਤਿੱਖੀਆਂ ਜਿਹੀਆਂ ਆਵਾਜ਼ਾਂ ਕੱਢੀਆਂ ਤੇ ਭੱਜ ਕੇ ਜਾ ਕੇ ਵਾਰਡ ਦੇ ਲੋਹੇ ਵਾਲੇ ਜੰਗਲੇ ਵਿਚ ਫੜੱਕ ਕਰਕੇ ਵੱਜਾ। ਵਾਰਡ ਦਾ ਦਰਵਾਜਾ ਢੁਕਿਆ ਹੋਇਆ ਸੀ। ਇਸ ਕਰਕੇ ਮੋਰ ਅੰਦਰ ਨਹੀਂ ਸੀ ਜਾ ਸਕਦਾ। ਸਾਰਿਆਂ ਵੇਖਿਆ ਕਿ ਇਕ ਕਾਲਾ ਜ਼ਹਿਰੀਲਾ ਕਾਫੀ ਲੰਬਾ ਫਨੀਅਰ ਸੱਪ ਜੰਗਲੇ ਥਾਣੀ ਵਾਰਡ ਵਿਚ ਜਾ ਰਿਹਾ ਸੀ ਤੇ ਮੋਰ ਉਸ ਨੂੰ ਫੜਨ ਲਈ ਛੇਤੀ-ਛੇਤੀ ਪਹੁੰਚੇ ਮਾਰ ਰਿਹਾ ਸੀ। ਸਭ ਤੋਂ ਪਹਿਲਾਂ ਉਰਲੇ ਪਾਸੇ ਏਸੇ ਹੀ ਵਾਰਡ ਨਾਲ ਸਬੰਧਤ ਬੱਚਾ ਵਾਰਡ ਦੇ ਇਕ ਮੁੰਡੇ ਨੇ ਰੌਲਾ ਪਾਇਆ, "ਪਾਪਾ ਜੀ ਸਾਂਪ, ਪਾਪਾ ਜੀ ਸਾਂਪ।" ਜਦੋਂ ਸਾਰੇ ਜਣੇ ਛੇਤੀ-ਛੇਤੀ ਅੰਦਰ ਵੜੇ ਤਾਂ ਵੇਖਿਆ ਕੇ ਸੱਪ ਖੱਡੀ ਦੇ ਥੱਲੇ ਬਣੇ ਖਾਨੇ ਵਿਚ ਵੜ ਗਿਆ ਹੈ। ਫਿਰ ਉਹ ਇਕ ਖਾਲੀ ਪਏ ਡੱਬੇ ਵਿਚ ਜਾ ਵੜਿਆ। ਉਹ ਡੱਬਾ ਚਾਰ ਲੀਟਰ ਫਨਿੱਟ ਵਾਲਾ ਸੀ ਤੇ ਉਸ ਵਿਚ ਸੌ ਦੋ ਸੌ ਗ੍ਰਾਮ ਫਨਿੱਟ ਵੀ ਪਈ ਸੀ। ਵਾਰਡ ਮੁਨਸ਼ੀ ਰਾਜਬੀਰ ਹਰਿਆਣਵੀ ਨੇ ਬੜੀ ਫੁਰਤੀ ਨਾਲ ਇਕ ਲੀਰ ਨੂੰ ਅੱਗ ਲਾ ਕੇ, ਇਕ ਡੰਡੇ 'ਤੇ ਲੀਰ ਚੜ੍ਹਾ ਕੇ, ਉਸ ਡੱਬੇ ਵਿਚ ਸੁੱਟ ਦਿੱਤੀ। ਚਿਰੜ-ਚਿਰੜ ਕਰਕੇ ਸੱਪ ਸੜ ਗਿਆ। ਸੱਪ ਨੂੰ ਜੇ ਇਕ ਵਾਰ ਅੱਗ ਲੱਗ ਜਾਵੇ ਤਾਂ ਆਪੇ ਹੀ ਬਲਦੀ ਰਹਿੰਦੀ ਹੈ, ਬੁਝਦੀ ਨਹੀਂ। ਕਿਉਂਕਿ ਇਸ ਵਿਚ ਚਰਬੀ ਬਹੁਤ ਹੁੰਦੀ ਹੈ, ਜੋ ਬਹੁਤ ਹੀ ਬਲਣਸ਼ੀਲ ਹੁੰਦੀ ਹੈ। ਉਸ ਸੜੇ ਹੋਏ ਸੱਪ ਦੇ ਕੰਰਗ ਨੂੰ ਵਾਰਡ ਮੁਨਸ਼ੀ ਰਾਜਬੀਰ ਨੇ ਡਿਉਢੀ ਵਿਚ ਵਿਖਾਇਆ ਤੇ ਉਸ ਨੂੰ ਪੰਦਰਾਂ ਦਿਨ ਦੀ ਕੈਦ ਘੱਟ ਹੋ ਗਈ। ਇਸ ਗੱਲ ਦੀ ਧਰਮਵੀਰ ਸਿੰਘ ਤੇ ਸੁਖਬੀਰ ਸਿੰਘ ਖਾਲਸਾ ਦਿੱਲੀ ਵਾਲਾ ਉਚੇਚੇ ਤੌਰ 'ਤੇ ਉਸ ਵਾਰਡ ਮੁਨਸ਼ੀ ਕੋਲ ਪੁਸ਼ਟੀ ਕਰਨ ਗਏ ਸਨ। ਉਸੇ ਨੇ ਉਨ੍ਹਾਂ ਨੂੰ ਇਹ ਸਾਰੀ ਗੱਲ ਦੱਸੀ ਸੀ। ਉਸ ਨੇ ਸਾਫ ਤੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸਾਂਪ ਛੋੜਾ ਗਿਆ ਥਾ। ਕੋਈ ਬਾਹਰ ਸੇ ਸਾਂਪ ਕੋ ਲੈ ਕੇ ਆਇਆ ਥਾ। ਉਨ੍ਹਾਂ ਪੁੱਛਿਆ, "ਤੈਨੂੰ ਇਹ ਕਿਵੇਂ ਪਤਾ ਹੈ, ਤੂੰ ਇਹ ਗੱਲ ਐਨੇ ਦਾਅਵੇ ਨਾਲ ਕਿਵੇਂ ਕਹਿ ਸਕਦਾ ਹੈਂ" ਤਾਂ ਉਸ ਨੇ ਕਿਹਾ, "ਜਦੋਂ ਦੀ ਇਹ ਜੇਲ੍ਹ ਬਣੀ ਹੈ, ਅੱਜ ਤੱਕ ਇਕ ਵੀ ਸੱਪ ਇਸ ਜੇਲ੍ਹ ਦੇ ਅੰਦਰੋਂ ਫੜਿਆ ਜਾਂ ਮਾਰਿਆ ਨਹੀਂ ਗਿਆ ਤੇ ਇਸ ਜੇਲ੍ਹ ਬਣੀ ਨੂੰ ਲਗਭਗ ਚਾਲੀ ਸਾਲ ਹੋ ਗਏ ਹਨ। ਜਦੋਂ ਕਿ ਏਨੇ ਸਾਲਾਂ ਵਿਚ ਇਸ ਜੇਲ੍ਹ ਦੀ ਆਬਾਦੀ ਵੀ ਤਿੰਨ ਗੁਣਾਂ ਤੋਂ ਵੱਧ ਹੋ ਗਈ ਹੈ। ਏਨੇ ਸਾਲਾਂ

ਬਾਅਦ ਕਾਲੇ ਫਨੀਅਰ ਸੱਪ ਦਾ ਆਉਣਾ ਤੇ ਉਹ ਵੀ ਜਿਥੇ ਭਾਈ ਰਣਜੀਤ ਸਿੰਘ ਰਹਿੰਦਾ ਹੈ, ਸੱਪ ਵਿਚਾਰੇ ਨੂੰ ਕੀ ਪਤਾ ਕਿ ਰਣਜੀਤ ਸਿੰਘ ਏਥੇ ਰਹਿੰਦਾ ਹੈ। ਉਹ ਸੱਪ ਲਾਗਲੇ ਬੱਚਿਆਂ ਵਾਲੇ ਵਾਰਡ ਵਿਚ ਵੀ ਤਾਂ ਜਾ ਸਕਦਾ ਸੀ, ਫਿਰ ਜੇ ਇਹ ਸੱਪ ਨਿਕਲਣ ਵਾਲੀ ਘਟਨਾ ਸਧਾਰਨ ਸੀ ਤਾਂ ਸਾਰਾ ਸਟਾਫ ਹੀ ਉਸ ਵਾਰਡ ਵਿਚੋਂ ਬਦਲ ਦੇਣ ਦੀ ਕੀ ਲੋੜ ਸੀ? ਸਾਰੇ ਸਤਾਰਾਂ ਨੰਬਰ ਵਾਰਡ ਦਾ ਸਟਾਫ, ਸਮੇਤ ਮੇਰੇ, ਦੂਜੀਆਂ ਦੋ ਜੇਲ੍ਹਾਂ ਵਿਚ ਬਦਲ ਦਿੱਤਾ ਗਿਆ ਸੀ ਤਾਂ ਕਿ ਸੱਪ ਨਿਕਲਣ ਵਾਲੀ ਕੋਈ ਗੱਲ ਨਾ ਕਰੇ।" ਰਾਜਬੀਰ ਮੁਨਸ਼ੀ ਨੇ ਦੱਸਿਆ, "ਮੇਰੀ ਕੈਦ ਤਾਂ ਪੰਦਰਾਂ ਦਿਨ ਘੱਟ ਹੋ ਗਈ ਪਰ ਮੈਨੂੰ ਡਿਉਢੀ ਵਿਚ ਇਹ ਵੀ ਹਿਦਾਇਤ ਕੀਤੀ ਗਈ ਸੀ ਕਿ ਇਹ ਨਹੀਂ ਕਹਿਣਾ ਕਿ ਸੱਪ ਮਾਰਨ ਕਰਕੇ ਮੇਰੀ ਸਜ਼ਾ ਘੱਟ ਹੋਈ ਹੈ, ਜੇ ਇਹ ਕਿਹਾ ਤਾਂ ਤੇਰੀ ਸਜ਼ਾ ਵਧ ਵੀ ਸਕਦੀ ਹੈ। ਉਹ ਸਗੋਂ ਧਰਮਵੀਰ ਸਿੰਘ ਤੇ ਸੁਖਬੀਰ ਸਿੰਘ ਅੱਗੇ ਹੱਥ ਜੋੜਨ ਲੱਗ ਪਿਆ ਕਿ ਮੇਰੀ ਦੱਸੀ ਹੋਈ ਗੱਲ ਬਾਹਰ ਨਾ ਕਰੀਓ।

ਰੋਸ਼ਨ ਲਾਲ ਵੈਰਾਗੀ

ਰੋਸ਼ਨ ਲਾਲ ਵੈਰਾਗੀ ਨਾਂ ਦਾ ਮਾਝੇ ਦਾ ਇਕ ਖਾੜਕੂ ਵੀ ਤਿਹਾੜ ਜੇਲ੍ਹ ਵਿਚ ਲਿਆਂਦਾ ਗਿਆ। ਵਾਰਡ ਨੰਬਰ ਗਿਆਰਾਂ ਵਿਚ ਉਸ ਨੂੰ ਰੱਖਿਆ ਹੋਇਆ ਸੀ। ਉਸ ਦੇ ਸਿਰ 'ਤੇ ਪੰਜ ਲੱਖ ਰੁਪਏ ਦਾ ਇਨਾਮ ਸੀ। ਉਸ ਦਾ ਜਨਮ ਕੱਟੜ ਹਿੰਦੂ ਪਰਿਵਾਰ ਵਿਚ ਹੋਇਆ ਸੀ ਤੇ ਉਸਦੇ ਪਿਤਾ ਜੀ ਹਲਵਾਈ ਦਾ ਕੰਮ ਕਰਦੇ ਸਨ। ਕੁੰਡੀਆਂ ਮੁੱਛਾਂ, ਗੋਰੇ ਰੰਗ ਤੇ ਦਰਮਿਆਨੇ ਕੱਦ ਦਾ ਇਹ ਨੌਜਵਾਨ ਖਾੜਕੂਆਂ ਵਿਚ ਜਾਣਿਆ ਪਛਾਣਿਆ ਨਾਂ ਸੀ। ਪੁੱਛਗਿੱਛ ਵਿਚ ਜਦੋਂ ਉਸ ਨੂੰ ਪੁਛਿਆ ਗਿਆ ਕਿ ਤੂੰ ਹਿੰਦੂ ਪਰਿਵਾਰ ਦਾ ਜੰਮਪਲ ਹੋ ਕੇ ਏਧਰ ਖਾੜਕੂਵਾਦ ਵੱਲ ਕਿਵੇਂ ਆ ਗਿਆ? ਤਾਂ ਉਸ ਨੇ ਕਿਹਾ ਕਿ ਮੈਂ ਸਿੱਖਾਂ ਦੇ ਉਨ੍ਹਾਂ ਉਪਕਾਰਾਂ ਦਾ ਤਿਲਫੁਲ ਬਦਲਾ ਚੁਕਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਹੜੇ ਉਪਕਾਰ ਉਹ ਤਿੰਨ ਸੌ ਸਾਲ ਤੋਂ ਲਗਾਤਾਰ ਹਿੰਦੂਆਂ 'ਤੇ ਕਰਦੇ ਆ ਰਹੇ ਹਨ। ਅੱਜ ਉਨ੍ਹਾਂ ਨੂੰ ਹਿੰਦੂਆਂ ਦੀ ਮਦਦ ਦੀ ਲੋੜ ਪਈ ਹੈ ਤਾਂ ਮੈਂ ਪਿਛਾਂਹ ਨਹੀਂ ਹਟ ਸਕਿਆ। ਪੁਲਿਸ ਤੇ ਹੋਰ ਸਾਰੇ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਇਸ ਬਹਾਦਰ ਖਾੜਕੂ ਨੇ ਇਹ ਕੰਮ ਆਪਣੇ ਕਿਸੇ ਲਾਲਚਵੱਸ ਹੋ ਕੇ ਨਹੀਂ ਕੀਤਾ। ਸਧਾਰਣ ਪਰਿਵਾਰ ਦਾ ਗੁਜ਼ਾਰਾ ਬੜਾ ਸਧਾਰਣ ਜਿਹਾ ਹੀ ਸੀ, ਜਿਸ ਦਿਨ ਉਹ ਫੜਿਆ ਗਿਆ, ਉਸਦੀ ਜੇਬ ਵਿਚ ਸਿਰਫ ਉਨੱਤੀ ਰੁਪਈਏ ਸਨ।

ਥੋੜੇ ਦਿਨਾਂ ਬਾਅਦ ਹੀ ਪੰਜਾਬ ਪੁਲਿਸ ਦੀ ਇਕ ਪਾਰਟੀ ਰੋਸ਼ਨ ਲਾਲ ਵੈਰਾਗੀ ਨੂੰ 'ਪ੍ਰੋਡਕਸ਼ਨ ਵਰੰਟ' 'ਤੇ ਲੈਣ ਤਿਹਾੜ ਜੇਲ੍ਹ ਪਹੁੰਚੀ। ਇਸ ਪਾਰਟੀ ਦੀ ਅਗਵਾਈ ਰਜਿੰਦਰ ਨਾਂ ਦਾ ਇਕ ਡੀ.ਐਸ.ਪੀ. ਕਰ ਰਿਹਾ ਸੀ ਤੇ ਇਸ ਬਾਰੇ ਇਹ ਮਸ਼ਹੂਰ ਸੀ ਕਿ ਇਸ ਨੂੰ ਜਿੰਨੇ ਬੰਦੇ ਵੀ ਪੁੱਛਗਿੱਛ ਲਈ ਸੌਂਪੇ, ਇਸ ਨੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤੇ। ਸਾਨੂੰ ਕੋਈ ਸਾਢੇ ਕੁ ਪੰਜ ਵਜੇ ਪਤਾ ਲੱਗਾ। ਸੁਰਜੀਤ ਸਿੰਘ ਤੇ ਮੇਰੀ ਡਿਊਟੀ ਡਾਕਟਰ ਨਾਲ ਗਿਟਮਿਟ ਕਰਕੇ ਇਸ ਨੂੰ ਹਸਪਤਾਲ ਦਾਖਲ ਕਰਵਾਉਣ ਦੀ ਲੱਗੀ। ਅਸਾਂ ਉਸੇ ਵੇਲੇ ਡਾਕਟਰ ਨਾਲ ਗੱਲ ਕੀਤੀ। ਉਸ ਨੇ ਮੂੰਹੋਂ ਮੰਗੀ ਫੀਸ ਲੈ ਕੇ, ਉਸ ਨੂੰ ਦਾਖਲ ਕਰਨਾ ਮੰਨ ਲਿਆ ਤੇ ਇਸ ਤਰ੍ਹਾਂ ਉਸ ਦਾ ਹਸਪਤਾਲ ਦਾ ਪਰਚਾ ਵੀ ਬਣ ਗਿਆ। ਛੇ ਵਜੇ ਅਸੀਂ ਉਸ ਨੂੰ ਮਿਲੇ ਤੇ ਕਿਹਾ ਕਿ ਉਹ ਹੁਣ ਸਿੱਧਾ ਹਸਪਤਾਲ ਚਲਾ

ਜਾਵੇ ਤੇ ਆਪਣੇ ਵਾਰਡ ਵਿਚ ਨਾ ਸੌਵੇਂ। ਉਸ ਵੇਲੇ ਬੰਦੀ ਹੋ ਰਹੀ ਸੀ। ਜੇਲ੍ਹ ਅਧਿਕਾਰੀ ਕਿਉਂਕਿ ਬਹੁਤ ਮੁਤੱਸਬੀ ਸਨ, ਇਸ ਲਈ ਪ੍ਰੋਡਕਸ਼ਨ ਵਰੰਟ 'ਤੇ ਲੈਣ ਆਈਆਂ ਪੁਲਿਸ ਪਾਰਟੀਆਂ ਨਾਲ ਉਹ ਵਿਸ਼ੇਸ਼ ਲਿਹਾਜ ਰੱਖਦੇ ਸਨ। ਪੰਜਾਬ ਦੇ ਖਾੜਕੂਆਂ ਨੂੰ ਮਰਵਾਉਣ ਵਿਚ ਉਹ ਵੀ ਆਪਣਾ ਹਿੱਸਾ ਜ਼ਰੂਰ ਪਾਉਂਦੇ ਸਨ। ਇਕ ਡਿਪਟੀ ਵਾਰਡ ਵਿਚ ਆਇਆ ਤੇ ਉਸ ਨੇ ਦਸਿਆ ਕਿ ਉਹ ਪੁਲਿਸ ਪਾਰਟੀ ਤਾਂ ਵਾਪਸ ਪੰਜਾਬ ਚਲੀ ਗਈ ਹੈ, ਹੁਣ ਭਾਵੇਂ ਤੂੰ ਵਾਰਡ ਵਿਚ ਰਹਿ ਤੇ ਭਾਵੇਂ ਹਸਪਤਾਲ ਚਲਾ ਜਾ, ਤੇਰੀ ਮਰਜੀ ਹੈ। ਅਸੀਂ ਤਾਂ ਉਸ ਨੂੰ ਸੁਨੇਹਾ ਦੇ ਕੇ, ਉਸੇ ਵੇਲੇ ਹੀ ਵਾਪਸ ਆ ਗਏ ਕਿਉਂਕਿ ਸਾਡੀ ਵੀ ਬੰਦੀ ਹੋਣੀ ਸੀ ਤੇ ਅਸਾਂ ਆਪਣੇ ਸਾਥੀਆਂ ਨੂੰ ਵੀ 'ਸਭ ਅੱਛਾ' ਦੀ ਰੀਪੋਰਟ ਦੇ ਦਿੱਤੀ ਸੀ। ਹੁਣ ਇਸ ਗੱਲ ਦਾ ਸਾਨੂੰ ਕੀ ਪਤਾ ਸੀ ਕਿ ਵੈਰਾਗੀ ਨੇ ਜੇਲ੍ਹ ਵਾਲਿਆਂ ਦੇ ਟਰੈਪ ਵਿਚ ਫਸ ਜਾਣਾ ਹੈ। ਵੈਰਾਗੀ ਉਸ ਡਿਪਟੀ ਦੀ ਗੱਲ ਸੁਣ ਕੇ, ਕਿ ਉਹ ਚਲੇ ਗਏ ਹਨ, ਵਾਰਡ ਵਿਚ ਹੀ ਰਹਿ ਗਿਆ। ਹੁਣ ਉਸ ਡਿਪਟੀ ਨੇ ਚਲਾਕੀ ਇਹ ਕੀਤੀ ਕਿ ਕਾਗਜ਼ਾਂ ਵਿਚ ਉਸਦੀ ਬੰਦੀ ਨਾ ਵਿਖਾਈ। ਜੇ ਕਾਗਜ਼ਾਂ ਵਿਚ ਇਕ ਵਾਰ ਬੰਦੀ ਪੈ ਜਾਵੇ, ਫਿਰ ਉਸ ਕੈਦੀ ਨੂੰ ਸਵੇਰ ਤੱਕ ਬਾਹਰ ਨਹੀਂ ਕੱਢਿਆ ਜਾ ਸਕਦਾ। ਜਦੋਂ ਸਾਰੀ ਜੇਲ੍ਹ ਦੀ ਬੰਦੀ ਦਾ ਕੰਮ ਮੁਕੰਮਲ ਹੋ ਗਿਆ ਤਾਂ ਉਨ੍ਹਾਂ ਨੇ ਰੋਸ਼ਨ ਲਾਲ ਵੈਰਾਗੀ ਨੂੰ ਆ ਉਠਾਇਆ ਤੇ ਪ੍ਰੋਡਕਸ਼ਨ ਵਰੰਟ 'ਤੇ ਪੰਜ ਵਜੇ ਦਾ ਸਮਾਂ ਪਾ ਕੇ, ਉਸ ਦੀ ਬਾਂਹ ਉਸ ਬੁਚੜ ਡੀ.ਐਸ.ਪੀ. ਦੇ ਹੱਥ ਫੜਾ ਦਿੱਤੀ। ਪੁਲਿਸ ਪਾਰਟੀ ਉਸ ਨੂੰ ਲੈ ਕੇ ਚਲੀ ਗਈ ਤੇ ਡਿਪਟੀ ਨੇ ਹਸਪਤਾਲ ਦਾਖਲੇ ਵਾਲਾ ਪਰਚਾ ਡਾਕਟਰ ਕੋਲੋਂ ਲੈ ਕੇ ਪਾੜ ਦਿੱਤਾ ਤੇ ਇਸ ਤਰ੍ਹਾਂ ਕਾਨੂੰਨ ਦੀ ਖਾਨਾਪੂਰਤੀ ਕਰ ਦਿੱਤੀ ਗਈ। ਤੀਜੇ ਦਿਨ ਦੀ ਅਖ਼ਬਾਰ ਵਿਚ ਖ਼ਬਰ ਸੀ ਕਿ ਰੋਸ਼ਨ ਲਾਲ ਵੈਰਾਗੀ ਸਮੇਤ ਹਥਕੜੀਆਂ ਪੁਲਿਸ ਨੂੰ ਧੋਖਾ ਦੇ ਕੇ ਦੌੜ ਗਿਆ ਹੈ।

ਇਸੇ ਹੀ ਤਰ੍ਹਾਂ ਸਾਡੇ ਵਾਲੇ ਕੇਸ 'ਚ ਸਾਡੇ ਮੁਕੱਦਮੇਵਾਰ ਅਵਤਾਰ ਸਿੰਘ ਪਹਿਲਵਾਨ ਦੀ ਐਨ.ਐਸ.ਏ. ਲੱਗ ਗਈ ਸੀ ਤੇ ਉਸ ਨੂੰ ਇੰਦੌਰ ਜੇਲ੍ਹ ਵਿਚ ਲੈ ਗਏ ਸਨ। ਐਨ.ਐਸ.ਏ. ਉਸੇ ਦੀ ਹੀ ਲਗਦੀ ਹੈ, ਜਿਸ ਦੇ ਖਿਲਾਫ ਕੋਈ ਠੋਸ ਗਵਾਹੀ ਵਗੈਰਾ ਨਾ ਹੋਵੇ ਤੇ ਸਭ ਕੁਝ ਸ਼ੱਕ ਦੀ ਬਿਨਾ 'ਤੇ ਹੀ ਮੁਕੱਦਮੇ ਬਣੇ ਹੋਏ ਹੋਣ ਪਰ ਉਸ ਨੂੰ ਅੰਦਰ ਵੀ ਜ਼ਰੂਰ ਰੱਖਣਾ ਹੋਵੇ ਤਾਂ ਉਸ ਦੀ ਐਨ.ਐਸ.ਏ. (ਨੈਸ਼ਨਲ ਸਿਕਿਓਰਟੀ ਐਕਟ) ਥੱਲੇ ਦੂਰ ਦੁਰਾਡੇ ਦੀ ਜੇਲ੍ਹ ਵਿਚ ਲਿਜਾ ਕੇ ਨਜ਼ਰਬੰਦੀ ਕਰ ਦਿੱਤੀ ਜਾਂਦੀ ਹੈ। ਇਸ ਪਿੱਛੇ ਇਹ ਸਿਧਾਂਤ ਕੰਮ ਕਰਦਾ ਹੈ ਕਿ (Out of sight out of mind) ਨਜ਼ਰਾਂ ਤੋਂ ਦੂਰ ਤੇ ਮਨੁੱਖ ਦੇ ਚੇਤੇ ਤੋਂ ਵੀ ਦੂਰ। ਇਹ ਨਜ਼ਰਬੰਦੀ ਆਮ ਤੌਰ 'ਤੇ ਲੀਡਰਾਂ 'ਤੇ ਲੱਗਦੀ ਹੈ, ਪਰ ਖਾੜਕੂਆਂ 'ਤੇ ਇਹ ਇਹਨਾਂ ਨੂੰ ਜੇਲ੍ਹ ਵਿਚ ਰੋਕ ਕੇ ਰੱਖਣ ਲਈ ਲਾਈ ਜਾਂਦੀ ਸੀ ਤਾਂ ਕਿ ਇਹ ਘੜੇ ਦੀ ਮੱਛੀ ਤੇ ਪਿੰਜਰੇ ਦੀ ਤਿਤਰੀ ਵਾਂਗ ਜਦੋਂ ਜੀਅ ਕਰੇ ਫੜ ਕੇ ਮਰੋੜ ਦਿੱਤੇ ਜਾਣ। ਇਕ ਦਿਨ ਉਸ ਬਾਰੇ ਵੀ ਅਖ਼ਬਾਰ ਵਿਚ ਆਇਆ ਕਿ ਉਹ ਵੀ ਥਾਣੇ ਵਿਚੋਂ ਦੌੜ ਗਿਆ ਹੈ। ਬਾਅਦ ਵਿਚ ਤਾਂ ਪੰਜਾਬ ਪੁਲਿਸ ਨੇ ਇਕ ਹੋਰ ਤਰੀਕਾ ਮਾਰਨ ਦਾ ਲੱਭ ਲਿਆ ਸੀ। ਉਹਨਾਂ ਜਿਸ ਖਾੜਕੂ ਨੂੰ ਮਾਰਨਾ ਹੁੰਦਾ, ਉਹਦਾ ਮੂੰਹ ਖੋਲ੍ਹ ਕੇ ਸਾਇਆਨਾਈਡ ਦਾ ਕੈਪਸੂਲ ਉਹਦੇ ਮੂੰਹ ਵਿਚ ਸੁੱਟ ਦੇਂਦੇ ਤੇ ਕਹਿੰਦੇ ਉਸ ਨੇ ਕੈਪਸੂਲ ਖਾ ਕੇ ਆਤਮ ਹੱਤਿਆ ਕਰ ਲਈ ਹੈ। ਕਈ ਕੇਸ ਐਸੇ ਵੀ ਹੋਏ, ਜਦੋਂ ਖਾੜਕੂ ਨੂੰ ਕਿਸੇ ਨੇ ਕਿਹਾ ਆਹ ਪਸਤੌਲ ਲੈ ਕੇ ਭੱਜ ਜਾ, ਮੈਂ ਭਾਵੇਂ ਪੁਲਿਸ ਵਿਚ ਹਾਂ ਪਰ ਤੁਹਾਡੇ ਹੀ ਖਿਆਲਾਂ ਦਾ ਹਾਂ। ਵਿਚਾਰੇ

ਅਲੜ੍ਹ ਭੋਲੇ ਭਾਲੇ ਪੇਂਡੂ ਨੌਜਵਾਨ ਇਸ ਤਰ੍ਹਾਂ ਦੇ ਝਾਂਸੇ ਵਿਚ ਆ ਜਾਂਦੇ ਤੇ ਬਾਹਰ ਭੱਜੇ ਜਾਂਦੇ ਨੂੰ ਗੋਲੀ ਮਾਰ ਦਿੱਤੀ ਜਾਂਦੀ। ਪ੍ਰੈਸ ਵਾਲੇ ਵੀ ਵੇਖਦੇ ਤਾਂ ਸੱਚਮੁੱਚ ਪਸਤੌਲ ਉਸ ਦੇ ਹੱਥ ਵਿਚ ਹੁੰਦਾ। ਉਹ ਅਖਬਾਰ ਵਿਚ ਫੋਟੋ ਵੀ ਛਾਪ ਦੇਂਦੇ ਤੇ ਇਸ ਤਰ੍ਹਾਂ ਇਹ ਪੁਲਿਸ ਦੀ ਮਕਾਰੀ ਦਾ ਡਰਾਮਾ ਸੱਚ ਵਿਚ ਬਦਲ ਜਾਂਦਾ।

ਭਾਈ ਹਰਜਿੰਦਰ ਸਿੰਘ ਜਿੰਦੇ ਦਾ ਨਾਨਾ

ਤਿਹਾੜ ਜੇਲ੍ਹ ਵਿਚ ਮਾਝੇ ਦਾ ਰਹਿਣ ਵਾਲਾ ਭਾਈ ਹਰਜਿੰਦਰ ਸਿੰਘ ਜਿੰਦੇ ਦਾ ਨਾਨਾ ਬਾਪੂ ਦਰਸ਼ਨ ਸਿੰਘ ਵੀ ਸੀ। ਜਦੋਂ ਉਹ ਬੈਠਾ ਬੈਠਾ ਆਪਣੇ ਵਲੋਂ ਅਰਦਾਸ ਕਰ ਰਿਹਾ ਹੁੰਦਾ ਤਾਂ ਉਹਦੀ ਅਰਦਾਸ ਘੱਟ ਤੇ ਪ੍ਰਮਾਤਮਾ ਨਾਲ ਗਿਲਾ ਜ਼ਿਆਦਾ ਹੁੰਦਾ। ਉਹ ਆਪਣੇ ਨਾਲ ਵਾਪਰੀ ਹਰ ਘਟਨਾ ਨੂੰ ਪ੍ਰਮਾਤਮਾ ਦਾ ਕਸੂਰ ਮੰਨਦਾ ਤੇ ਫਿਰ ਉਹਦੇ ਨਾਲ ਗਿਲਾ ਕਰਦਾ। ਉਹ ਕਹਿੰਦਾ, "ਆਂਹਦੇ ਜੁ ਆ ਪਈ, ਪ੍ਰਮਾਤਮਾ ਸਭ ਕੁਝ. ਵੇਹਦਾਂ ਤੇ ਫਿਰ ਆਹ ਜੋ ਕੁਝ ਸਾਡੇ ਨਾਲ ਹੋਣ ਡਿਆ, ਇਹ ਨਹੀਂ ਉਹਨੂੰ ਘੋਗੜ ਕੰਨੇ ਨੂੰ ਦੀਹਦਾ।" ਫਿਰ ਉਹ ਮੈਨੂੰ ਉਸ ਨਾਲ ਅਦਾਲਤ ਵਿਚ ਜੋ ਜੋ ਤਾਜਾ ਵਾਪਰਿਆ ਹੁੰਦਾ, ਉਹ ਸੁਣਾਉਣ ਲੱਗ ਪੈਂਦਾ, "ਹੈਂ ਪਈ, ਜਦੋਂ ਅਸਾਂ ਜਮਾਨਤ ਦੀ ਦਰਖਾਸਤ ਦਿੱਤੀ ਸੀ; ਓਦਣ ਵੀ ਮੈਂ ਸਵੇਰੇ ਅਰਦਾਸ ਕੀਤੀ, ਓਦੂ ਪਹਿਲਾਂ ਜਿੱਦਣ ਵਿਆਹ ਰਖਿਆ ਸੀ, ਓਦਣ ਵੀ ਆਖਿਆ ਪਈ ਜੇ ਸਾਨੂੰ ਵਿਆਹ 'ਤੇ ਬਾਹਰ ਕਢਵਾਉਣਾ ਈ ਤੇ ਵਿਆਹ ਰੱਖ ਲਈਏ ਨਹੀਂ ਤੇ ਗਾਂਹ ਹਾੜ੍ਹੀ 'ਤੇ ਪਾ ਲਈਏ ਤੇ ਅੱਜ ਵੇਖ ਲਾ ਆਂਹਦਾ ਅਖੇ ਨਾਨੇ ਤੇ ਮਾਮੇ ਨੇ ਕੀ ਕਰਨਾ ਏ ਵਿਆਹ 'ਚ ਜਾ ਕੇ?"

ਮੈਂ ਝੱਟ ਅੰਦਾਜ਼ਾ ਲਾਉਂਦਾ ਪਈ ਇਹ ਗੱਲ ਜੱਜ ਨੇ ਫੈਸਲਾ ਦੇਂਦਿਆਂ ਆਖੀ ਹੋਣੀ ਹੈ। ਪਰ ਮੇਰੇ ਲਾਗੇ ਬੈਠੇ ਭਾਈ ਸਾਹਿਬ ਕਰਤਾਰ ਸਿੰਘ ਨਾਰੰਗ ਨੂੰ ਕੁਝ ਪਤਾ ਨਾ ਲੱਗਦਾ। ਕਿਉਂਕਿ ਪਿਛੋਂ ਮੈਂ ਵੀ ਅੰਮ੍ਰਿਤਸਰ ਜਿਲ੍ਹੇ ਦਾ ਹਾਂ, ਮੈਨੂੰ ਪਤਾ ਹੈ ਕਿ ਮਝੈਲ ਸਦਾ ਗੱਲ ਅੱਧ 'ਚੋਂ ਸ਼ੁਰੂ ਕਰਦੇ ਹਨ। ਮੈਂ ਪੁੱਛਦਾ ਬਾਪੂ ਜੀ ਫੇਰ ਹੁਣ ਨਹੀਂ ਕੀਤੀ, ਉਹਨੇ ਜਮਾਨਤ? "ਕਿਥੇ, ਤੈਨੂੰ ਦਸਿਆ ਜੁ ਆ ਪਈ, ਉਹ ਘੋਨ ਸਿਰਾ ਜਿਹਾ ਪੈਰਾਂ 'ਤੇ ਪਾਣੀ ਈ ਨਾ ਪੈਣ ਦਵੇ, ਅਖੇ ਵਿਆਹ ਵਿਚ ਨਾਨੇ ਦੀ ਤੇ ਮਾਮੇ ਦੀ ਕੀ ਜ਼ਰੂਰਤ ਆ ਤੇ ਉਹ ਦੂਜਾ ਚੂਹੀ ਮੂਹਾਂ ਆਖੇ ਅਖੇ ਏਨਾਂ 'ਤੇ ਡੀ.ਡੀ.ਟੀ. ਲੱਗੀ ਆ, ਇਸ ਕਰਕੇ ਜਮਾਨਤ ਨਹੀਂ ਹੋ ਸਕਦੀ।" ਫੇਰ ਨਾਰੰਗ ਸਾਹਿਬ ਮੈਨੂੰ ਪੁੱਛਦੇ ਵੀਰ ਜੀ, ਕਿਹੜੀ ਡੀ ਡੀ ਟੀ? ਮੈਂ ਦੱਸਦਾ "ਨਹੀਂ ਜੀ, ਟੀ ਡੀ ਐਕਟ ਨੂੰ ਕਹਿੰਦੇ ਆ"। ਨਾਰੰਗ ਸਾਹਿਬ ਸਾਡੀਆਂ ਗੱਲਾਂ ਏਦਾਂ ਸੁਣਿਆ ਕਰਨ, ਜਿਵੇਂ ਅਸੀਂ ਕਿਸੇ ਹੋਰ ਗ੍ਰਹਿ ਤੋਂ ਆਏ ਹੁੰਦੇ ਆ। ਬਾਪੂ ਜੀ ਨੂੰ ਫੇਰ ਕਚਲੰਬ ਉੱਠੇ, "ਹੈ ਪਈ ਜੀਹਨੂੰ ਆਪਾ ਆਂਹਦੇ ਫਿਰਦੇ ਆਂ ਨਾ ਪਈ, ਉਹੋ ਈ ਸਭ ਕੁਝ ਆਹ ਸਾਡਾ ਸੁਆਰੂਗਾ, ਉਹ ਵੀ ਨਹੀਓਂ ਆਪਣਾ ਕੁਝ ਕਰਕੇ ਰਾਜੀ, ਮੈਨੂੰ ਤੇ ਲਗਦਾ ਉਹ ਵੀ ਉਨ੍ਹਾਂ ਕੁੜੀ.... ਨਾਲ ਰਲ ਗਿਆ ਈ"। ਨਾਰੰਗ ਹੁਰੀਂ ਫੇਰ ਮੈਨੂੰ ਪੁਛਦੇ ਜਦੋਂ ਇਹ ਕਿਸੇ ਦਾ ਨਾਂ ਤੇ ਲੈਂਦਾ ਨਹੀਂ, ਤੈਨੂੰ ਕਿਵੇਂ ਪਤਾ ਲੱਗ ਜਾਂਦਾ, ਹੁਣ ਕੀਹਦੀ ਗੱਲ ਕਰਦੈ? ਹੁਣ ਇਹ ਕੀਹਨੂੰ ਗਾਲ੍ਹਾਂ ਕੱਢ ਕੇ ਹਟਿਐ? ਮੈਂ ਦਸਦਾ ਗਾਲ੍ਹਾਂ ਤੇ ਇਹਨਾਂ ਜੱਜ ਤੇ ਸਰਕਾਰੀ ਵਕੀਲ ਨੂੰ ਕੱਢੀਆਂ ਹਨ ਪਰ ਗਿਲਾ ਪ੍ਰਮਾਤਮਾ ਨਾਲ ਕੀਤਾ ਹੈ। ਇਨ੍ਹਾਂ ਦਾ ਖਿਆਲ ਹੈ ਕਿ ਗੁਰੂ ਵੀ ਉਹਨਾਂ ਨਾਲ ਹੀ ਰਲ ਗਿਆ ਹੈ। "ਇਹ ਕਿਵੇਂ ਹੋ ਸਕਦੈ?" ਹੋ ਤੇ ਨਹੀਂ ਸਕਦਾ ਪਰ ਬਾਪੂ ਜੀ ਨੂੰ ਏਹੋ ਈ ਸ਼ੱਕ ਹੈ ਤੇ ਸ਼ੱਕ ਕਰਨਾ ਬੰਦੇ ਦਾ

ਹੱਕ ਹੈ। ਫਿਰ ਉਹ ਅੱਕ ਕੇ ਗੁਸੇ ਹੋ ਕੇ ਚਲੇ ਜਾਂਦੇ। ਪਰ ਥੋੜੇ ਚਿਰ ਬਾਅਦ ਫੇਰ ਆ ਬਹਿੰਦੇ। ਬਾਪੂ ਜੀ ਤੇ ਮੈਂ ਗੱਲਾਂ ਵਿਚ ਪੂਰੇ ਮਘਨ ਹੁੰਦੇ। ਨਾਰੰਗ ਹੁਰੀਂ ਪੁੱਛਦੇ "ਚੂਹੀ ਦੇ ਮੂੰਹ ਵਾਲਾ ਕਿਸ ਨੂੰ ਆਖਦੇ ਨੇ"? ਮੈਂ ਦਸਦਾ "ਸਰਕਾਰੀ ਵਕੀਲ ਨੂੰ"। "ਵੀਰ ਜੀ ਤੁਹਾਨੂੰ ਕਿਵੇਂ ਪਤਾ ਲਗਦਾ"? ਮੈਂ ਦਸਦਾ ਜੀ ਚਾਰ ਤੇ ਪਾਤਰ ਆ ਸਾਰੇ, ਇਕ ਜੱਜ, ਉਹ ਹੋ ਗਿਆ ਘੋਨ-ਸਿਰਾ, ਸਰਕਾਰੀ ਵਕੀਲ ਹੋ ਗਿਆ ਚੂਹੀ ਮੂੰਹਾ ਤੇ ਆਪਣੇ ਵਕੀਲ ਦਾ ਤਾਂ ਉਹ ਬੜੇ ਸਤਿਕਾਰ ਨਾਲ ਨਾਂ ਲੈਂਦੇ ਹਨ। ਕਹਿੰਦੇ ਹਨ, ਉਹ ਤੇ ਬਥੇਰਾ ਆਹਦਾਂ ਰਿਹਾ, ਕਿਤਾਬਾਂ ਵੀ ਉਹਨੂੰ ਗਾਂਹ ਕਰ ਕਰਕੇ ਵਖਾਲੀਆਂ, ਉਹ ਘੋਨ ਸਿਰਾ ਮੰਨਿਆ ਈ ਨਹੀਂ ਤੇ ਚੌਥਾ ਪਾਤਰ ਗੁਰੂ ਆ, ਜਿਹਦੇ ਬਾਰੇ ਇਹਨਾਂ ਨੂੰ ਪੱਕਾ ਪਤਾ ਲੱਗ ਗਿਆ ਹੈ ਕਿ ਉਹ ਦੁਸ਼ਮਣਾਂ ਨਾਲ ਰਲ ਗਿਐ। ਨਾਰੰਗ ਸਾਹਿਬ ਫੱਟ ਮੱਥੇ 'ਤੇ ਹੱਥ ਮਾਰਦੇ, "ਇਹਨਾਂ ਨੂੰ ਕਿਵੇਂ ਪਤਾ ਲੱਗਾ"।

ਬਾਪੂ ਜੀ ਵਿਚੋਂ ਈ ਬੋਲ ਉਠਦੇ, "ਨਾਂ ਤੇ ਤੈਨੂੰ ਨਹੀਂ ਸਮਝ ਲਗਦੀ, ਪਈ ਜੇ ਉਹ ਆਪਣੇ ਨਾਲ ਦਾ ਹੋਵੇ ਤੇ ਕੁਝ ਕਰੇ ਨਾ, ਗੱਲਾਂ ਕਰਨ ਡਹੇ ਆ, ਸਾਡੀ ਤੇ ਹੁਣ ਉਹ ਵੱਢੀ ਉਂਗਲ 'ਤੇ ਨਹੀਂ ਮੂਤਣ ਡਿਹਾ ਤੇ ਤੂੰ ਆਹਦਾਂ ਉਹ ਚੰਗਾ ਆ"। ਮੈਨੂੰ ਇਹਨਾਂ ਗੱਲਾਂ ਦਾ ਬਹੁਤ ਮਜ਼ਾ ਆਉਂਦਾ। ਮੈਂ ਕਹਿੰਦਾ "ਆਹੋ ਬਾਪੂ ਜੀ ਤੁਹਾਡੀ ਗੱਲ ਠੀਕ ਆ, ਉਹਦੇ ਹੁਕਮ ਤੋਂ ਬਿਨਾਂ ਤੇ ਆਂਹਦੇ ਆ ਪੱਤਾ ਨਹੀਂ ਹਿਲ ਸਕਦਾ ਤੇ ਇਹ ਕਿੱਡਾ ਕੁ ਕੰਮ ਸੀ, ਜਮਾਨਤ ਦਾ"। ਫੇਰ ਉਹ ਮੇਰੇ ਮੋਢੇ 'ਤੇ ਜ਼ੋਰ ਦੀ ਹੱਥ ਮਾਰ ਕੇ ਕਹਿੰਦੇ, "ਹੁਣ ਤੂੰ ਸਮਝਿਆ ਸਾਰੀ ਗੱਲ, ਅਗੇ ਤੈਨੂੰ ਵੀ ਖਵਰਿਆ ਭੁਲੇਖਾ ਸੀ, ਮੈਂ ਐਵੇਂ ਤੇ ਨਹੀਂ ਆਹਦਾਂ। ਮੈਂ ਆਹਨਾਂ ਆਪਣੇ ਨਾਲ ਦਾ ਹੁਣ ਕੋਈ ਵੀ ਨਹੀਂ ਰਹਿ ਗਿਆ।" ਮੈਂ ਬਾਪੂ ਦਰਸ਼ਨ ਸਿੰਘ ਹੋਰਾਂ ਵੱਲ ਵੇਖਦਾ ਤਾਂ ਨਿਰਾਸ਼ਾ ਉਹਨਾਂ ਦੇ ਚਿਹਰੇ ਤੋਂ ਸਾਫ ਝਲਕਦੀ। ਫਿਰ ਉਹ ਮਸ਼ਕਰਿਆਂ ਵਾਲੇ ਰੰਗੜਊਪੁਣੇ 'ਤੇ ਆ ਜਾਂਦੇ, "ਚੰਗਾ ਕਰ ਲਵੇ ਜੋ ਜੀ ਕਰਦਾ, ਏਹਨਾਂ ਘੋਨਿਆਂ ਕੁੜੀ...... ਨੇ ਕਿਹੜਾ ਇਹਨੂੰ ਬੂਰੀ 'ਚੋ ਦੇਣੀ ਆਂ, ਲੈ ਲਵੇ ਡੋਕੇ ਇਹਨਾਂ ਕੋਲੋਂ ਈ, ਸਾਡਾ ਕੀ ਆ, ਅਸੀਂ ਸਾਲ ਦੋ ਸਾਲ ਹੋਰ ਏਥੇ ਕੱਟ ਲਾਂਗੇ, ਸਾਡਾ ਕਿਹੜਾ ਲੂਣ ਖੁਰ ਚਲਿਆ"। "ਆਹੋ ਬਾਪੂ ਜੀ ਠੀਕ ਆ ਹੋਰ ਉਥੇ ਕੀ ਹੋ ਚਲਿਐ"। ਨਾਰੰਗ ਸਾਹਿਬ ਫੇਰ ਭੁੜਕ ਪੈਂਦੇ "ਮੈਂ ਕਹਿਨਾਂ ਤੁਸੀਂ ਦੋਵੇਂ ਪਾਗਲ ਹੋ ਗਏ ਓ"। ਮੈਂ ਕਹਿੰਦਾ, "ਭਾਈ ਸਾਹਿਬ ਤੁਹਾਨੂੰ ਇਹ ਨਹੀਂ ਪਤਾ ਸਾਡੀ ਇਹ ਗੱਲਬਾਤ ਕਿੰਨੀ ਸਿਹਤ ਵਰਧਕ ਹੈ"। "ਤੁਸੀਂ ਵਾਹਿਗੁਰੂ ਨੂੰ ਵੀ ਬੁਰਾ ਭਲਾ ਆਖੀ ਜਾਂਦੇ ਓ"। ਬਾਪੂ ਦਰਸ਼ਨ ਸਿੰਘ ਭੁੜਕ ਉਠਦਾ, "ਆਖੀਏ ਨਾ, ਸਾਡਾ ਉਹਨੇ ਲਹੂ ਪੀ ਲਿਆ", ਫਿਰ ਮੇਰਾ ਮੋਢਾ ਹਲੂਣ ਕੇ ਕਹਿੰਦੇ "ਨਾ ਅਸਾਂ ਧੋਤੀ ਨੂੰ ਹੱਥ ਲਾ ਦਿੱਤਾ"। ਫਿਰ ਮੈਂ ਕਹਿੰਦਾ, "ਬਾਪੂ ਜੀ, ਮੈਂ ਤੇ ਆਹਨਾਂ ਆਪਾਂ ਹੁਣ ਸਿੱਧੇ ਹੋ ਕੇ ਪਈਏ, ਖਾਲਿਸਤਾਨ ਈ ਬਣਾ ਸੁਟੀਏ, ਤਾਂ ਈ ਆਪਣਾ ਸੂਤਰ ਆਉਣਾ।" ਫਿਰ ਬਾਪੂ ਹੋਰ ਵੀ ਨਿਰਾਸ਼ ਹੋ ਜਾਂਦਾ, "ਇਹਨਾਂ ਕੁੜੀ....... ਨੇ ਬਣਨ ਨਹੀਂ ਨਾ ਦੇਣਾ।"

ਕਈ ਵਾਰ ਸਾਡੀ ਗੱਲਬਾਤ ਵਿਚ ਧਰਮਬੀਰ ਸਿੰਘ ਚੰਡੀਗੜ੍ਹ ਤੇ ਮਿਠਬੈਨ ਸਿੰਘ ਜੰਮੂ ਵੀ ਸ਼ਾਮਲ ਹੋ ਜਾਂਦੇ। ਪਰ ਫਿਰ ਬਾਪੂ ਬਹੁਤੀ ਗੱਲਬਾਤ ਨਾ ਕਰਦੇ, ਜਿੰਨੀ ਮੇਰੇ ਇਕੱਲੇ ਨਾਲ ਕਰਦੇ। ਮਿਠਬੈਨ ਸਿੰਘ ਨੂੰ ਬਾਪੂ ਨੇ ਇਕ ਵਾਰ ਪੁਛਿਆ ਕਿਉਂ ਬਈ ਜਵਾਨਾ "ਤੂੰ ਕਿਥੋਂ ਆ?" ਉਹਨੇ ਕਿਹਾ, "ਬਾਪੂ ਜੀ ਮੈਂ ਜੰਮੂ ਦਾ ਆਂ"। "ਹੱਛਾ ਤੂੰ ਤੇ

ਫੇਰ ਅਉਧਰ ਦਾ ਹੋਇਓ ਕੇ, ਡੋਗਰਿਆਂ ਦੀ ਧਰਤੀ ਦਾ।" ਬਾਪੂ ਨੂੰ ਅੰਮ੍ਰਿਤਸਰ ਨਾਲ ਸਬੰਧਤ ਬੰਦਾ ਈ ਪਸੰਦ ਆਉਂਦਾ, ਹੋਰ ਕਿਸੇ ਸ਼ਹਿਰ ਦਾ ਨਾਂ ਲੈਣ 'ਤੇ ਉਹ ਕੋਈ ਨਾ ਕੋਈ ਨੁਕਸ ਕੱਢ ਦੇਂਦਾ, ਜਿਵੇਂ ਚੰਡੀਗੜ੍ਹ ਤੇ ਪੁਆੜੇ ਵਾਲਾ ਹੋਇਆ ਕਿ ਨਿਰਾ ਖੂਨੀ। ਉਸ ਦਾ ਵਕੀਲ ਉਸਨੂੰ ਇਸ ਲਈ ਪਸੰਦ ਸੀ ਕਿਉਂਕਿ ਉਹ ਪਿਛੋਂ ਡੇਹਰਾ ਬਾਬਾ ਨਾਨਕ ਦਾ ਰਹਿਣ ਵਾਲਾ ਸੀ ਤੇ ਦਿੱਲੀ ਆ ਕੇ ਸਿਰਫ ਵਕਾਲਤ ਹੀ ਕਰਦਾ ਸੀ। ਡੇਹਰਾ ਬਾਬਾ ਨਾਨਕ ਭਾਵੇਂ ਅੰਮ੍ਰਿਤਸਰ ਵਿਚ ਨਹੀਂ ਪੈਂਦਾ ਪਰ ਫਿਰ ਵੀ ਅੰਮ੍ਰਿਤਸਰ ਦੇ ਨਾਲ ਹੋਣ ਕਰਕੇ ਉਨ੍ਹਾਂ ਨੂੰ ਠੀਕ ਲਗਦਾ ਸੀ। ਮੈਨੂੰ ਯਾਦ ਆਈ, ਮੇਰੇ ਬਾਪੂ ਵਿਚ ਵੀ ਇਹ ਗੱਲ ਸੀ। ਸਾਡਾ ਪਾਕਿਸਤਾਨ ਵਿਚ ਜ਼ਿਲ੍ਹਾ ਲਾਇਲਪੁਰ ਸੀ। ਮੇਰੇ ਪਿਤਾ ਜੀ ਲਾਇਲਪੁਰ ਦੇ ਵਕੀਲ ਨੂੰ ਕੇਸ ਦੇ ਕੇ ਬੜੇ ਸੰਤੁਸ਼ਟ ਹੋ ਜਾਂਦੇ। ਜੇ ਡਾ. ਲਾਇਲਪੁਰ ਦਾ ਹੋਵੇ ਤਾਂ ਉਹਨਾਂ ਨੂੰ ਅਰਾਮ ਆਉਣਾ ਯਕੀਨੀ ਹੁੰਦਾ। ਸ਼ਾਇਦ ਇਹ ਗੱਲ ਸਾਰੇ ਬਜ਼ੁਰਗਾਂ ਵਿਚ ਸਾਂਝੀ ਸੀ। ਮੇਰੇ ਪਿਤਾ ਜੀ ਨੂੰ ਕਿਸੇ ਨੇ ਦੱਸਿਆ ਕਿ ਉਹ ਅੰਬਾਲੇ ਦਾ ਰਹਿਣ ਵਾਲਾ ਹੈ। ਬਾਪੂ ਦਰਸ਼ਨ ਸਿੰਘ ਵਾਂਗ ਮੇਰੇ ਪਿਤਾ ਜੀ ਨੇ ਫੱਟ ਕਹਿ ਦਿੱਤਾ, "ਓ ਤੇ ਬਈ ਭੁੱਖ ਮਰੀ ਵਾਲਾ ਅਲਾਕਾ, ਮੈਂ ਗਿਆ ਸਾਂ ਇਕ ਵਾਰ ਓਥੇ, ਬਾਜਰੇ ਤੋਂ ਬਿਨਾਂ ਕੋਈ ਫਸਲ ਨਹੀਂ ਹੁੰਦੀ।"

ਬਾਪੂ ਦੇ ਮੰਨ ਵਿਚ ਕੀ ਸੀ, ਮੈਂ ਬਾਖੂਬੀ ਸਮਝਦਾ ਸਾਂ। ਬਾਪੂ ਦਾ ਖਿਆਲ ਸੀ, ਜੇ ਮੈਂ ਦਿੱਲੀ ਨਾ ਆਉਂਦਾ ਤੇ ਫੜੇ ਨਹੀਂ ਸੀ ਜਾਣਾ, ਦਿੱਲੀ ਸ਼ਹਿਰ ਹੀ ਮਾੜਾ ਹੈ। ਨੌਵੇਂ ਗੁਰੂ ਨੂੰ ਵੀ ਇਸੇ ਸ਼ਹਿਰ ਨੇ ਮਾਰਿਆ ਸੀ। ਉਹ ਔਰੰਗਜ਼ੇਬ ਨੂੰ ਏਡਾ ਬੁਰਾ ਨਹੀਂ ਸੀ ਸਮਝਦਾ, ਜਿਨਾ ਦਿੱਲੀ ਨੂੰ ਸਮਝਦਾ ਸੀ। ਘੋਨ ਸਿਰਾ ਜੱਜ ਤੇ ਚੂਹੀ ਮੂੰਹਾ ਸਰਕਾਰੀ ਵਕੀਲ ਵੀ ਕਿਉਂਕਿ ਦਿੱਲੀ ਦੇ ਹਨ, ਇਸ ਲਈ ਉਸ ਨਾਲ ਦਿਲੋਂ ਖਾਰ ਖਾਂਦੇ ਹਨ। ਤਾਂ ਹੀ ਉਹਦੀ ਜ਼ਮਾਨਤ ਨਹੀਂ ਹੋਈ। ਉਸ ਨੂੰ ਇਸ ਗੱਲ ਦਾ ਪੱਕਾ ਪਤਾ ਸੀ ਕਿ ਅੱਜ ਕੱਲ੍ਹ ਵਾਹਿਗੁਰੂ ਉਹਨਾਂ ਦੀ ਮਦਦ ਨਹੀਂ ਕਰਦਾ, ਜੇ ਕਰੇ ਤਾਂ ਕੀ ਮਜਾਲ ਹੈ ਕੋਈ ਕੁਸਕ ਵੀ ਜਾਵੇ।

ਉਹ ਦਿਲੋਂ ਚਾਹੁੰਦਾ ਸੀ ਕਿ ਖਾਲਿਸਤਾਨ ਬਣ ਜਾਵੇ ਪਰ ਉਹਨੂੰ ਇਹ ਵੀ ਪੱਕਾ ਯਕੀਨ ਸੀ ਕਿ ਇਹਨਾਂ ਘੋਨ ਸਿਰਿਆਂ ਨੇ ਬਣਨ ਨਹੀਂ ਦੇਣਾ। ਜੁਝਾਰੂ ਸਿੱਖਾਂ ਨੂੰ ਪਨਾਹ ਦੇਣ ਦੀ ਗੱਲ ਬਾਰੇ ਉਹ ਬਹੁਤ ਸਪੱਸ਼ਟ ਸੀ। ਸਰਕਾਰ ਦਾ ਕਿਸੇ ਨੂੰ ਇਸ ਗੱਲ ਕਰਕੇ ਫੜ ਲੈਣਾ ਬੜੀ ਸ਼ਰਮਨਾਕ ਤੇ ਭੈੜੀ ਗੱਲ ਸੀ ਕਿ ਘਰ ਆਉਣ ਵਾਲੇ ਪ੍ਰਾਹੁਣੇ ਨੂੰ ਰੋਟੀ ਕਿਉਂ ਖਵਾਈ ਹੈ। ਆਪਣੇ ਘਰ ਵਿਚ ਕਿਸੇ ਨੂੰ ਰੋਟੀ ਖਵਾਉਣੀ ਉਹ ਆਪਣਾ ਹੱਕ ਸਮਝਦਾ ਸੀ। ਭਾਵੇਂ ਉਹ ਬੰਦਾ ਸਰਕਾਰ ਦਾ ਮੁਜਰਿਮ ਹੋਵੇ ਤੇ ਭਾਵੇਂ ਨਾ। ਜਦੋਂ ਉਹ ਰੀਮਾਂਡ ਵਿਚ ਸੀ ਤਾਂ ਉਸ ਦੇ ਜਵਾਈ ਤੇ ਪੁੱਤ ਨੇ ਤਾਂ ਦਸਤਖਤ ਕਰ ਦਿੱਤੇ ਸਨ ਪਰ ਉਹ ਅੜ ਗਿਆ ਸੀ। ਉਸ ਨੇ ਪੁਲਿਸ ਵਾਲਿਆਂ ਨੂੰ ਸਾਫ ਕਹਿ ਦਿੱਤਾ ਸੀ, "ਮੂੰਹ ਨਾਲ ਗੱਲ ਕਰੋ, ਜਿਹੜੀ ਕਰਨੀ ਆ, ਗੂਠਾ ਗਾਠਾ ਮੈਂ ਕਿਤੇ ਨਹੀਂ ਲਾਉਣਾ।" ਜਦੋਂ ਪੁਲਿਸ ਵਾਲਿਆਂ ਕਿਹਾ ਤੇਰੇ ਜਵਾਈ ਤੇ ਪੁੱਤ ਨੇ ਤਾਂ ਦਸਤਖਤ ਕਰ ਦਿੱਤੇ ਹਨ। ਉਸ ਨੇ ਜਵਾਬ ਦਿੱਤਾ, "ਉਹਨਾਂ ਦੇ ਪੱਲੇ ਕੀ ਹੈ? ਲੰਡੀ ਕਟੀ, ਉਨ੍ਹਾਂ ਦੇ ਨਾਂ 'ਤੇ ਨਹੀਂ, ਤੇ ਮੈਂ ਹੋਇਆ ਜ਼ਮੀਨ ਜਾਇਦਾਤ ਵਾਲਾ। ਮੇਰਾ ਤੇ ਉਹਨਾਂ ਦੋਹਾਂ ਲੰਟਰਾਂ ਦਾ ਕੀ ਮੁਕਾਬਲਾ? ਕਹਿੰਦੇ ਹਨ, ਜਦੋਂ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਹੋ ਗਈ ਤਾਂ ਉਥੇ ਮੌਜੂਦ ਪੁਲਿਸ ਅਫਸਰ ਨੇ ਕਿਹਾ, "ਬਾਬਾ ਜਬ ਹਮ ਕਹਿਤੇ ਥੇ ਤਬ ਤੋ ਤੁਮਨੇ ਦਸਤਖਤ ਨਹੀਂ ਕੀਏ ਥੇ,

ਅਬ ਕੈਸੇ ਕਰ ਦੀਏ"। ਉਸ ਨੇ ਭਰੀ ਅਦਾਲਤ ਵਿਚ ਕਿਹਾ, ਜਮਾਨਤ ਦੇ ਕਾਗਤਾਂ ਨੂੰ ਪਛਾਣਦਾਂ, ਮੈਂ ਕੋਈ ਰੋਟੀ ਨੂੰ ਚੋਚੀ ਨਹੀਂ ਆਹਦਾਂ, ਆਂਹ ਵੇਖਾਂ, ਜਿਹਦੀ ਜਮਾਨਤ ਹੋਵੇ, ਉਹਦਾ ਖਾਨਾ ਤੇ ਆਹ ਲੰਬੜਦਾਰ ਦਾ ਖਾਨਾ। ਅਦਾਲਤ ਵਿਚ ਖਲੋਤੇ ਲੋਕ ਬਹੁਤ ਹੱਸੇ। ਬਾਪੂ ਨੇ ਉਸ ਇੰਸਪੈਕਟਰ ਨੂੰ ਕਿਹਾ ਤੇ "ਜਿਹੜੇ ਦਸਤਖਤ ਤੂੰ ਕਰਾਉਣ ਡਿਹਾ ਸੈਂ, ਉਹਦੇ 'ਤੇ ਰਸੀਤ ਬਣਾ ਕੇ ਭਾਵੇਂ ਮੇਰਾ ਸਾਰਾ ਮਾਲ ਡੰਗਰ ਹਿੱਕ ਲਿਆਉਂਦਾ।" ਇੰਸਪੈਕਟਰ ਨੇ ਕਿਹਾ "ਰਸੀਦੀ ਟਿਕਟ ਤੋਂ ਬਗੈਰ ਥੋੜਾ ਰਸੀਦ ਬਣਦੀ ਹੈ"। ਬਾਪੂ ਨੇ ਕਿਹਾ, "ਲਿਖ ਦਈਦਾ ਆ ਪਈ ਰਸੀਤੀ ਟਿਕਟ ਬਾਅਦ ਮੇਂ ਲਗਾਈ ਜਾਏਗੀ।" ਲੋਕ ਹੋਰ ਵੀ ਜ਼ਿਆਦਾ ਹੱਸੇ।

ਜਦੋਂ ਗਾਂਧੀ ਨੂੰ ਥੱਪੜ ਮਾਰਿਆ

ਇਕ ਦਿਨ ਅਸੀਂ ਕੰਬਲ ਵਿਛਾ ਕੇ ਸਾਰੇ ਬਾਹਰ ਬੈਠੇ ਸੀ ਕਿ ਗੱਲਾਂ ਬਾਤਾਂ ਕਰਦਿਆਂ-ਕਰਦਿਆਂ ਆਦਮਪੁਰ 'ਚ ਹਰ ਸਾਲ ਮਨਾਏ ਜਾਂਦੇ 'ਏਅਰ ਫੋਰਸ ਡੇ' ਦਾ ਜ਼ਿਕਰ ਸ਼ੁਰੂ ਹੋ ਗਿਆ। ਉਸ ਦਿਨ ਹਵਾਈ ਜਹਾਜ਼ਾਂ ਦੇ ਕਈ ਕਰਤੱਬ ਆਮ ਲੋਕਾਂ ਨੂੰ ਵਿਖਾਏ ਜਾਂਦੇ ਹਨ। ਇਕ ਤਰ੍ਹਾਂ ਦਾ ਮੇਲਾ ਵਰਗਾ ਮੇਲੇ ਜਿਹਾ ਲੱਗਦਾ ਹੈ ਤੇ ਖਾਣ ਪੀਣ ਦੇ ਵੀ ਕਈ ਸਟਾਲ ਲਗਦੇ ਹਨ। ਸ. ਅਜੀਤ ਸਿੰਘ, ਜਿਨ੍ਹਾਂ ਨੂੰ ਸੀ.ਬੀ.ਆਈ. ਵਾਲੇ ਦਲਜੀਤ ਸਿੰਘ ਸਮਝਦੇ ਸਨ ਤੇ ਸਾਨੂੰ ਵੀ ਦਲਜੀਤ ਸਿੰਘ ਨਾਂ ਦੇ ਫਲਾਈਟ ਲੈਫਟੀਨੈਂਟ ਬਾਰੇ ਹੀ ਬਾਰ-ਬਾਰ ਪੁੱਛਦੇ ਸਨ ਪਰ ਅਸੀਂ ਤਾਂ ਅਜੀਤ ਸਿੰਘ ਤੇ ਦਲਜੀਤ ਸਿੰਘ ਕਿਸੇ ਨਾਂ ਤੋਂ ਵੀ ਜਾਣੂ ਨਹੀਂ ਸੀ। ਜਿਨ੍ਹਾਂ ਨੂੰ ਬਹੁਤ ਹੀ ਜ਼ਿਆਦਾ ਭਜਨ ਸਿਮਰਨ ਕਰਨ ਕਰਕੇ ਅਸੀਂ ਸੰਤ ਜੀ ਕਹਿਣ ਲੱਗ ਪਏ ਸੀ ਨੇ ਦਸਿਆ ਕਿ ਏਅਰ ਫੋਰਸ ਵਿਚ ਬਹੁਤ ਹੀ ਕਾਬਲ ਸਿੱਖ ਅਫਸਰ ਹੋਏ ਹਨ, ਜਿਨ੍ਹਾਂ ਵਿਚ ਇਕ ਨਾਂ ਸਕੁਐਰਡਨ ਲੀਡਰ ਮੇਹਰ ਸਿੰਘ ਦਾ ਹੈ। ਉਹ ਜਦੋਂ ਫਲਾਈਟ ਲੈਫਟੀਨੈਂਟ ਸਨ ਤਾਂ ਇਕ ਵਾਰ ਜਾਪਾਨ ਵਿਚ ਹੋਏ ਹਵਾਈ ਜਹਾਜ਼ਾ ਦੇ ਉਡਾਉਣ ਦੇ ਮੁਕਾਬਲੇ ਵਿਚ ਭਾਗ ਲੈਣ ਲਈ ਭਾਰਤ ਵਲੋਂ ਗਏ ਸਨ। ਜਾਪਾਨ ਵਿਚ ਇਕ ਪੁਲ ਸੀ, ਜਿਸ ਦੇ ਵਿਚੋਂ ਦੀ ਜਹਾਜ਼ ਕੱਢ ਕੇ ਲੈ ਜਾਣ ਦਾ ਮੁਕਾਬਲਾ ਸੀ। ਪੁਲ ਥੱਲੇ ਪਾਣੀ ਵਗਦਾ ਸੀ ਤੇ ਓਨੀ ਕੁ ਹੀ ਜਗ੍ਹਾ ਸੀ, ਜਿਸ ਵਿਚੋਂ ਮਸਾਂ ਜਹਾਜ਼ ਨਿਕਲ ਸਕਦਾ ਸੀ। ਹਰ ਦੇਸ਼ ਦੇ ਪਾਇਲਟ ਨੂੰ ਤਿੰਨ ਮੌਕੇ ਅਭਿਆਸ ਤੇ ਅਖੀਰਲਾ ਪੁਲ ਥੱਲਿਓਂ ਨਿਕਲਣ ਦਾ ਮਿਲਦਾ ਸੀ। ਸਾਰੇ ਦੇਸ਼ਾਂ ਦੇ ਪਾਇਲਟਾਂ ਨੇ ਪੁਲ ਥਲਿਉਂ ਜਹਾਜ਼ ਕੱਢਣ ਦੀ ਬੜੀ ਕੋਸ਼ਿਸ਼ ਕੀਤੀ, ਕਈ ਤਾਂ ਚੌਥੀ ਵਾਰ ਵੀ ਥੱਲਿਉਂ ਦੀ ਨਿਕਲਣ ਦਾ ਹੌਸਲਾ ਨਾ ਕਰ ਸਕੇ ਤੇ ਉਤਾਂਹ ਹੀ ਉਡਾ ਕੇ ਲੈ ਗਏ। ਇਕ ਜਾਪਾਨੀ ਪਾਇਲਟ ਨੇ ਤੀਜੀ ਵਾਰੀ ਜਹਾਜ਼ ਨੂੰ ਪੁਲ ਥੱਲਿਉਂ ਲੰਘਾਉਣ ਵਿਚ ਸਫਲਤਾ ਹਾਸਲ ਕੀਤੀ। ਹਰ ਪਾਸੇ ਤਾਲੀਆਂ ਦੀ ਗੜਗੜਾਹਟ ਨੇ ਅਸਮਾਨ ਗੁੰਜਾ ਦਿੱਤਾ। ਜਦੋਂ ਭਾਰਤ ਦੀ ਵਾਰੀ ਆਈ ਤਾਂ ਇਕ ਸਿੱਖ ਪਾਇਲਟ ਨੂੰ ਵੇਖ ਕੇ ਜਾਪਾਨੀਆਂ ਨੇ ਬੜੇ ਹਾਵ ਭਾਵ ਦਿਖਾਏ ਕਿ ਇਹ ਕਿਥੋਂ ਆ ਗਿਆ ਏਨੇ ਜੋਗਾ ਪਰ ਲੋਕ ਹੈਰਾਨ ਰਹਿ ਗਏ ਜਦੋਂ ਸ. ਮੇਹਰ ਸਿੰਘ ਨੇ ਅਭਿਆਸ ਵਿਚ ਕੋਈ ਸਮਾਂ ਨਾ ਗਵਾਇਆ ਤੇ ਪਹਿਲੀ ਵਾਰ ਹੀ ਪੁਲ ਦੇ ਥੱਲਿਉਂ ਦੀ ਜਹਾਜ਼ ਕੱਢ ਕੇ ਲੈ ਗਿਆ ਤੇ ਅੱਧ ਅਸਮਾਨ ਪਹੁੰਚ ਗਏ। ਲੋਕ ਬੁੱਤ ਬਣ ਕੇ ਇਹ ਨਜ਼ਾਰਾ ਵੇਖਦੇ ਰਹੇ। ਜਦੋਂ ਉਨ੍ਹਾਂ ਨੇ ਜਹਾਜ਼ ਲੈਂਡ ਕੀਤਾ ਤਾਂ ਗੋਰੀਆਂ ਉਨ੍ਹਾਂ ਨੂੰ ਚੁੰਮਣ ਤੇ ਪ੍ਰਸ਼ੰਸਾ ਕਰਨ ਲਈ ਉਨ੍ਹਾਂ ਦੇ ਮਗਰ ਭੱਜੀਆਂ। ਵਿਲੱਖਣ ਕਾਰਨਾਮਾ ਕਰਨ 'ਤੇ

ਸ. ਮੇਹਰ ਸਿੰਘ ਨੇ ਪਹਿਲਾਂ ਇਨਾਮ ਪ੍ਰਾਪਤ ਕਰਕੇ ਭਾਰਤ ਦਾ ਸਿਰ ਉੱਚਾ ਕੀਤਾ। ਸ. ਅਜੀਤ ਸਿੰਘ ਦੇ ਦੱਸਣ ਮੁਤਾਬਕ ਹੁਣ ਵੀ ਜਾਪਾਨ ਦੀ ਏਅਰ ਫੋਰਸ ਕਲੱਬ ਵਿਚ ਸ. ਮੇਹਰ ਸਿਘ ਦੀ ਵੱਡੀ ਸਾਰੀ ਫੋਟੋ ਲੱਗੀ ਹੋਈ ਹੈ। ਏਨਾ ਸਮਾਂ ਬੀਤ ਜਾਣ 'ਤੇ ਵੀ ਜੇ ਕੋਈ ਜਾਪਾਨੀਆਂ ਨੂੰ ਪੁੱਛੇ ਕਿ ਮੇਹਰ ਸਿੰਘ ਪਾਇਲਟ ਨੇ ਕੀ ਕੀਤਾ ਸੀ ਤਾਂ ਇਹ ਗੱਲ ਉਨ੍ਹਾਂ ਵਿਚ ਏਨੀ ਮਸ਼ਹੂਰ ਹੈ ਕਿ ਉਹ ਦੱਸ ਦੇਂਦੇ ਹਨ ਕਿ ਉਹ ਇਕ ਗਜ਼ਬ ਦਾ ਪਾਇਲਟ ਸੀ।

ਸ. ਮੇਹਰ ਸਿੰਘ, ਪਾਕਿਸਤਾਨ, ਹਿੰਦੋਸਤਾਨ ਦੀ ਵੰਡ ਵੇਲੇ ਇਕ ਡਕੋਟਾ ਜਹਾਜ਼ ਲੈ ਕੇ ਆਪਣੇ ਪਿੰਡ ਗਏ ਤੇ ਜਹਾਜ਼ ਨੂੰ ਪਿੰਡ ਨੇੜੇ ਨਹਿਰ ਦੀ ਪਟੜੀ 'ਤੇ ਉਤਾਰ ਲਿਆ, ਆਪਣਾ ਪਰਿਵਾਰ ਤੇ ਸਾਰਾ ਸ਼ਰੀਕਾ ਜਹਾਜ਼ ਵਿਚ ਬਿਠਾ ਕੇ ਜਹਾਜ਼ ਉਡਾ ਲਿਆਂਦਾ ਤੇ ਉਨ੍ਹਾਂ ਨੂੰ ਏਧਰ ਹਿੰਦੋਸਤਾਨ ਲਿਆ ਉਤਾਰਿਆ। ਸ. ਅਜੀਤ ਸਿੰਘ ਦੇ ਦੱਸਣ ਮੁਤਾਬਕ ਉਹ ਐਸੇ ਸਿੱਖ ਪਾਇਲਟ ਸਨ ਜਿਹੜੇ ਕਛਹਿਰਾ ਪਾ ਕੇ ਜਹਾਜ਼ ਉਡਾਉਂਦੇ ਸਨ। ਜਹਾਜ਼ ਚਲਾਉਂਦਿਆਂ ਬਹੁਤ ਉਚਾਈ 'ਤੇ ਜਹਾਜ਼ ਲੈ ਜਾਣ ਕਾਰਨ ਅਸਮਾਨੀ ਬਿਜਲੀ ਪੈਣ ਕਰਕੇ ਉਨ੍ਹਾਂ ਦਾ ਸਾਰਾ ਸਰੀਰ ਝੁਲਸ ਗਿਆ ਸੀ ਪਰ ਫਿਰ ਵੀ ਉਨ੍ਹਾਂ ਬਿਲਕੁਲ ਠੀਕ ਠੀਕ ਜਹਾਜ਼ ਉਤਾਰ ਲਿਆ ਪਰ ਉਨ੍ਹਾਂ ਦਾ ਸਰੀਰ ਏਨਾ ਝੁਲਸ ਗਿਆ ਸੀ ਕਿ ਜਹਾਜ਼ ਵਿਚ ਹੀ ਸਵਾਸ ਛੱਡ ਦਿੱਤੇ।

ਸ. ਅਜੀਤ ਸਿੰਘ ਦੱਸਦੇ ਹਨ ਜਦੋਂ ਸਰਦਾਰ ਮੇਹਰ ਸਿੰਘ ਏਅਰ ਫੋਰਸ ਸਟੇਸ਼ਨ ਦਿੱਲੀ ਤਾਇਨਾਤ ਸਨ ਤਾਂ ਉਨ੍ਹਾਂ ਦਾ ਇਕ ਜੂਨੀਅਰ ਅਫਸਰ ਸ. ਜਗਤ ਸਿੰਘ, ਜੋ ਅਖੰਡ ਕੀਰਤਨੀ ਜਥੇ ਦਾ ਹੋਣ ਕਰਕੇ ਸ. ਮੇਹਰ ਸਿੰਘ ਤੇ ਉਨ੍ਹਾਂ ਦੀ ਬਿਰਧ ਮਾਤਾ ਨਾਲ ਬਹੁਤ ਨੇੜਤਾ ਰੱਖਦਾ ਸੀ, ਇਕ ਦਿਨ ਬਹੁਤ ਹਫਿਆ ਹੋਇਆ ਸ. ਮੇਹਰ ਸਿੰਘ ਦੇ ਘਰ ਆਇਆ, ਜਿਥੇ ਉਨ੍ਹਾਂ ਦੀ ਮਾਤਾ ਪੀੜੀ, 'ਤੇ ਬੈਠੀ ਦਾਲ ਵਿਚੋਂ ਕੰਕਰ ਵਗੈਰਾ ਚੁਗ ਰਹੀ ਸੀ। ਜਗਤ ਸਿੰਘ ਵੀ ਲਾਗੇ ਹੀ ਪੀੜ੍ਹੀ 'ਤੇ ਬਹਿ ਗਿਆ। ਮਾਤਾ ਨੇ ਪੁਛਿਆ, "ਜਗਤ ਸਿਆਂ ਕੀ ਗੱਲ, ਤੈਨੂੰ ਏਨਾ ਸਾਹ ਕਿਉਂ ਚੜਿਆ ਹੋਇਆ, ਕਿਥੋਂ ਆਇਆਂ ਤੂੰ ਏਡਾ ਹਫਿਆ ਹੋਇਆ? ਜਗਤ ਸਿੰਘ ਨੇ ਕਿਹਾ, "ਮਾਤਾ,ਉਹ ਜਿਹੜਾ ਗਾਂਧੀ ਆ ਨਾ ਜਿਹੜਾ ਰੋਜ਼ ਬਿਰਲਾ ਮੰਦਰ ਕਥਾ ਕਰਦਾ ਆ ਤੇ ਆਹਦਾਂ ਅਹਿੰਸਾ ਚੰਗੀ ਹੁੰਦੀ ਆ, ਉਹਨੇ ਆਪਣੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਭੁੱਲੜ ਸਿਆਸਤਦਾਨ ਆਖਿਆ ਸੀ।" "ਉਹ ਜਿਹੜਾ ਸਿਰ ਘਸਿਆ ਜਿਹਾ, ਜੀਹਨੂੰ ਆਂਹਦੇ ਆ ਇਹਨੇ ਆਜ਼ਾਦੀ ਲੈ ਕੇ ਦਿੱਤੀ ਆ, ਉਹ ਗਾਂਧੀ?" "ਆਹੋ ਮਾਤਾ।" ਜਗਤ ਸਿੰਘ ਨੇ ਪੁਸ਼ਟੀ ਕੀਤੀ, "ਜਦੋਂ ਉਹਨੇ ਏਤਰਾਂ ਆਖਿਆ ਸੀ ਤੇ ਤੂੰ ਉਹਦੇ ਬੂਥੇ 'ਤੇ ਵੱਟ ਕੇ ਚਪੇੜ ਨਾ ਮਾਰੀ?" ਮਾਤਾ ਨੇ ਪੁਛਿਆ, ਤੇ ਨਾਲੇ ਉਹਨੇ ਦਾਲ ਚੁਗਦੀ ਨੇ ਥਾਲੀ ਪਰ੍ਹਾਂ ਰੱਖ ਦਿੱਤੀ ਤੇ ਜਗਤ ਸਿੰਘ ਵੱਲ ਮੂੰਹ ਕਰਕੇ ਸਵਾਹਰੀ ਹੋ ਕੇ ਬਹਿ ਗਈ। "ਮਾਰੀ ਕੇ, ਤਾਂ ਈ ਤੇ ਮੈਂ ਲੋਕਾਂ ਕੋਲੋਂ ਤੇ ਪੁਲਿਸ ਤੋਂ ਬਚਦਾ ਏਥੇ ਨੱਠਾ ਆਇਆਂ।" ਮਾਤਾ ਨੇ ਉਹਨੂੰ ਦਲਾਸਾ ਦਿੱਤਾ ਤੇ ਕਿਹਾ, "ਤੂੰ ਪੁੱਤ ਫਿਕਰ ਨਾ ਕਰ ਗੁਰੂ ਗੋਬਿੰਦ ਸਿੰਘ ਤੇਰੇ ਅੰਗ ਸੰਗ ਆ। ਤੂੰ ਤੇ ਬਹੁਤ ਧਰਮ ਦਾ ਕੰਮ ਕੀਤਾ ਹੈ, ਮੈਂ ਹੁਣੇ ਮਿਹਰ ਸਿੰਘ ਨੂੰ ਸੱਦਦੀ ਆਂ" ਮਾਤਾ ਨੇ ਟੈਲੀਫੋਨ ਕਰਕੇ ਸ. ਮਿਹਰ ਸਿੰਘ ਨੂੰ ਦੱਸਿਆ। ਉਹ ਆਪਣੀ ਮਾਤਾ ਦਾ ਕਹਿਣਾ ਬਹੁਤ ਮੰਨਦੇ ਸਨ। ਅਖੀਰ ਕਿੱਸਾ ਕੋਤਾ ਇਹ ਹੋਇਆ ਕਿ ਇਹ ਮਸਲਾ ਪੰਡਤ ਜਵਾਹਰ ਲਾਲ ਨਹਿਰੂ ਤੱਕ ਪਹੁੰਚਿਆ। ਮਸਲਾ ਬਹੁਤ ਹੀ ਸੰਵੇਦਨਸ਼ੀਲ ਸੀ। ਕਿਉਂਕਿ ਗਾਂਧੀ ਦਾ ਆਪਣਾ ਅਹਿੰਸਾ ਦਾ ਰਸਤਾ

ਠੀਕ ਹੋ ਸਕਦਾ ਹੈ ਪਰ ਉਹ ਪੂਰੀ ਸਿੱਖ ਕੌਮ ਦੇ ਗੁਰੂ ਦੀ ਕੀਤੀ ਨੂੰ ਆਪਣੇ ਤੁਸ਼ ਅਹਿੰਸਾ ਦੇ ਅਸੂਲ ਅੱਗੇ ਹੌਲਾ ਪਾਉਣ ਦਾ ਅਧਿਕਾਰ ਨਹੀਂ ਸੀ ਰੱਖਦਾ। ਖੁਦ ਪੰਡਤ ਨਹਿਰੂ, ਭਾਰਤ ਦੇ ਪ੍ਰਧਾਨ ਮੰਤਰੀ ਨੂੰ ਇਸ ਮਸਲੇ ਨੂੰ ਸੁਲਝਾਉਣ ਲਈ ਅੱਗੇ ਆਉਣਾ ਪਿਆ। ਕਿਉਂਕਿ ਗੱਲ ਖਿਲਰ ਜਾਂਦੀ ਤਾਂ ਫੌਜ ਵਿਚ ਬਗਾਵਤ ਵੀ ਹੋ ਸਕਦੀ ਸੀ, ਨਾਲੇ ਸਭ ਤੋਂ ਵੱਡੀ ਗੱਲ ਇਹ ਸੀ ਕਿ ਹਵਾਈ ਫੌਜ ਨੂੰ ਗਾਂਧੀ ਦੇ ਦੋਹਰੇ ਕਿਰਦਾਰ ਦਾ ਬਾਖੂਬੀ ਪਤਾ ਸੀ। 1942 ਵਿਚ ਜਦੋਂ ਪੱਤਰਕਾਰਾਂ ਨੇ ਗਾਂਧੀ ਨੂੰ ਪੁੱਛਿਆ ਸੀ ਕਿ ਦੇਸ਼ ਆਜ਼ਾਦ ਹੋ ਜਾਣ 'ਤੇ ਫੌਜ ਦਾ ਕੀ ਕਰੋਗੇ? ਤਾਂ ਗਾਂਧੀ ਨੇ ਕਿਹਾ ਸੀ, "ਅਹਿੰਸਾ ਦੇ ਅਸੂਲ ਦੇ ਤਹਿਤ ਫੌਜ ਦੀ ਕੋਈ ਲੋੜ ਨਹੀਂ, ਆਜ਼ਾਦੀ ਮਿਲਣ 'ਤੇ ਫੌਜ ਤੋੜ ਦਿੱਤੀ ਜਾਵੇਗੀ।" ਪਰ ਜਦੋਂ 1947 ਵਿਚ ਕਬਾਇਲੀਆਂ (ਪਾਕਿਸਤਾਨ) ਨੇ ਕਸ਼ਮੀਰ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਗਾਂਧੀ ਜੀ ਨੇ ਏਅਰ ਫੋਰਸ ਦੇ ਇਕੱਲੇ ਇਕੱਲੇ ਪਾਇਲਟ ਦੇ ਸਿਰ 'ਤੇ ਹੱਥ ਰੱਖ ਕੇ 'ਵਿਜਈ ਭਵ' ਦਾ ਅਸ਼ੀਰਵਾਦ ਦਿੱਤਾ ਸੀ। ਉਹ ਸ. ਮੇਹਰ ਸਿੰਘ ਵਾਲਾ ਸਕੁਐਡ ਹੀ ਸੀ। 'ਛੱਜ ਤੇ ਬੋਲੇ ਛਾਣਨੀ ਕਿਉਂ ਬੋਲੇ ਵਾਲੇ ਅਖਾਣ ਵਾਂਗ ਜਿਹੜਾ ਗਾਂਧੀ ਅਹਿੰਸਾ ਦਾ ਪੁਜਾਰੀ ਵੀ ਬਣਦਾ ਸੀ ਤੇ ਫੌਜੀ ਬੰਬ ਸੁੱਟਣ ਚੱਲਿਆ ਨੂੰ ਅਸ਼ੀਰਵਾਦ ਵੀ ਦੇਂਦਾ ਸੀ ਉਸ ਵਿਅਕਤੀ ਦਾ ਕੀ ਅਸੂਲ ਹੋ ਸਕਦਾ ਹੈ ਤੇ ਗੁਰੂ ਜੀ ਦੇ ਵਿਰੁੱਧ ਕੋਈ ਗੱਲ ਕਰਕੇ ਚਪੇੜ ਨਹੀਂ ਖਾਇਗਾ ਤੇ ਹੋਰ ਕੀ ਹੋਵੇਗਾ? ਏਅਰ ਮਾਰਸ਼ਲ ਤੱਕ ਨੇ ਨਹਿਰੂ ਜੀ ਨੂੰ ਗੱਲ ਏਥੇ ਹੀ ਖਤਮ ਕਰਨ ਦੀ ਸਲਾਹ ਦਿੱਤੀ। ਨਹਿਰੂ ਨੇ ਇਸ ਚਪੇੜ ਮਾਰਨ ਵਾਲੀ ਘਟਨਾ ਨੂੰ ਅਖਬਾਰਾਂ ਛਪਣ ਤੋਂ ਰੋਕਣ ਲਈ ਪੂਰੀ ਸਿਵਲ ਮਸ਼ੀਨਰੀ ਝੋਕ ਦਿੱਤੀ ਸੀ ਤੇ ਇਸ ਤਰ੍ਹਾਂ ਇਹ ਖਬਰ ਅਖਬਾਰਾਂ ਵਿਚ ਨਾ ਆ ਸਕੀ। ਛੋਟੀਆਂ ਮੋਟੀਆਂ ਅਖਬਾਰਾਂ ਵਿਚ ਆਈ ਵੀ ਪਰ ਉਸਦਾ ਬਹੁਤਾ ਅਸਰ ਨਾ ਪਿਆ। ਪੰਡਤ ਜੀ ਨੇ ਏਅਰ ਫੋਰਸ ਦੇ ਹੋਰ ਵੱਡੇ ਅਫਸਰਾਂ ਨਾਲ ਸ. ਮੇਹਰ ਸਿੰਘ ਨੂੰ ਵੀ ਬੁਲਾਇਆ ਕਿਉਂਕਿ ਅਫਸਰਾਂ ਨੂੰ ਪਤਾ ਸੀ ਕਿ ਸਿਰਫ ਮੇਹਰ ਸਿੰਘ ਹੀ ਸਿੱਖ ਫੌਜੀਆਂ ਨੂੰ ਸਮਝਾ ਬੁਝਾ ਕੇ ਗਲ ਨੂੰ ਮੁਕਾਉਣ ਵਿਚ ਸਹਾਇਤਾ ਕਰ ਸਕਦੇ ਹਨ। ਸ. ਮੇਹਰ ਸਿੰਘ ਦੇ ਵਿਚ ਪੈਣ ਨਾਲ ਫੈਸਲਾ ਇਹ ਹੋਇਆ ਕਿ ਚਪੇੜ ਮਾਰਨ ਦਾ ਹੋਰ ਕੋਈ ਐਕਸ਼ਨ ਨਾ ਲਿਆ ਜਾਵੇ ਤੇ ਨਾ ਹੀ ਕੋਰਟ ਮਾਰਸ਼ਲ ਵਗੈਰਾ ਵਰਗੀ ਕੋਈ ਕਾਰਵਾਈ ਕੀਤੀ ਜਾਵੇ। ਸਿਰਫ ਜਗਤ ਸਿੰਘ ਨੂੰ ਏਅਰ ਫੋਰਸ ਦੀ ਨੌਕਰੀ ਵਿਚੋਂ ਪੂਰੀ ਤਨਖਾਹ ਤੇ ਪੈਨਸ਼ਨ ਦੇ ਕੇ ਕੱਢ ਦਿੱਤਾ ਜਾਵੇ। ਜਗਤ ਸਿੰਘ ਵੀ ਇਸ ਕਾਰਵਾਈ ਦੇ ਖਿਲਾਫ ਕਿਸੇ ਫੌਜੀ ਜਾਂ ਦਿਵਾਨੀ ਅਦਾਲਤ ਵਿਚ ਨਾ ਜਾਵੇ। ਸ. ਜਗਤ ਸਿੰਘ ਦੀ ਫਾਈਲ ਮੰਗਵਾ ਕੇ ਉਸ ਉੱਪਰ ਲਿਖ ਦਿੱਤਾ ਗਿਆ, "Your Services are no more required" (ਅਰਥਾਤ ਤੁਹਾਡੀਆਂ ਸੇਵਾਵਾਂ ਨਹੀਂ ਚਾਹੀਦੀਆਂ) ਕਿਉਂਕਿ ਸਰਕਾਰ ਪੂਰੀ ਤਨਖਾਹ ਤੇ ਪੈਨਸ਼ਨ ਦੇ ਕੇ ਕਿਸੇ ਨੂੰ ਵੀ ਨੌਕਰੀ ਤੋਂ ਅਲੱਗ ਕਰਨ ਦਾ ਅਧਿਕਾਰ ਰੱਖਦੀ ਹੈ। ਸ. ਜਗਤ ਸਿੰਘ ਅਜੀਤ ਸਿੰਘ ਹੋਰਾਂ ਦੇ ਦੱਸਣ ਮੁਤਾਬਕ ਅੱਜ ਕੱਲ੍ਹ ਸੈਕਟਰ 22 ਚੰਡੀਗੜ੍ਹ ਰਹਿੰਦੇ ਹਨ ਤੇ ਅਖੰਡ ਕੀਰਤਨੀ ਜਥੇ ਨਾਲ ਸਬੰਧਤ ਹੋਣ ਕਰਕੇ ਬੱਚਿਆਂ ਨੂੰ ਕੀਰਤਨ ਕਰਨਾ ਸਿਖਾਉਂਦੇ ਹਨ। ਇਹ ਕਹਾਣੀ ਸੁਣ ਕੇ ਸਾਨੂੰ ਬੜੀ ਹੈਰਾਨੀ ਹੋਈ। ਕਿਉਂਕਿ ਇਹ ਗੱਲ ਤਾਂ ਸ਼ਾਇਦ ਸਭ ਨੂੰ ਪਤਾ ਹੋਵੇਗੀ ਕਿ ਗਾਂਧੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੁੱਲੜ ਸਿਆਸਤਦਾਨ ਕਿਹਾ ਸੀ ਪਰ ਇਸ ਤਰ੍ਹਾਂ ਕਹਿਣ 'ਤੇ ਉਨ੍ਹਾਂ ਨੂੰ ਜਿਹੜ ਥੱਪੜ ਵੱਜਾ ਸੀ, ਉਸਦਾ ਕਿਸੇ ਨੂੰ ਵੀ ਜਾਂ ਬਹੁਤ ਘੱਟ ਲੋਕਾਂ ਨੂੰ ਹੀ ਪਤਾ ਹੈ

ਤੇ ਸਭ ਤੋਂ ਵੱਡੀ ਗੱਲ ਕਿ ਇਸ ਘਟਨਾ ਦਾ ਨਾਇਕ ਸ. ਜਗਤ ਸਿੰਘ ਸੈਕਟਰ 22 ਚੰਡੀਗੜ੍ਹ ਰਹਿੰਦਾ ਹੈ। ਇਤਿਹਾਸ ਆਪਣੇ ਢਿੱਡ ਵਿਚ ਕੀ ਕੀ ਲੁਕਾਈ ਬੈਠਾ ਰਹਿੰਦਾ ਹੈ; ਪਤਾ ਨਹੀਂ ਲਗਦਾ, ਜਿੰਨਾ ਚਿਰ ਤੱਕ ਇਸ ਤੋਂ ਕੋਈ ਪਰਦਾ ਨਾ ਚੁੱਕੇ।

ਜੇਬ ਕਤਰੇ

ਬਹਾਦਰ ਜਿਹੜਾ ਮੇਰਾ ਮੁਸ਼ਕਤੀ ਸੀ ਨੇ ਮਾਲਸ਼ ਕਰਦੇ-ਕਰਦੇ ਨੇ ਮੈਨੂੰ ਦੱਸਿਆ ਕਿ ਜੇਬਾਂ ਕੱਟਣ ਦੀ ਬਕਾਇਦਾ ਇਕ ਟਰੇਨਿੰਗ ਹੁੰਦੀ ਹੈ, ਜਿਹੜੀ ਘੱਟ ਤੋਂ ਘੱਟ ਇਕ ਸਾਲ ਦੀ ਜ਼ਰੂਰ ਹੀ ਹੁੰਦੀ ਹੈ। ਇਸ ਤੋਂ ਘੱਟ ਟਰੇਨਿੰਗ ਵਾਲਾ ਜੇਬ ਕਤਰਾ ਝੱਟ ਫੜਿਆ ਜਾ ਸਕਦਾ ਹੈ। ਇਕ ਸਾਲ ਦੀ ਟਰੇਨਿੰਗ ਤੋਂ ਬਾਅਦ ਉਹ ਛੋਟਾ ਮੋਟਾ ਹੱਥ ਮਾਰਨ ਜੋਗਾ ਹੋ ਜਾਂਦਾ ਹੈ ਪਰ ਪੂਰੀ ਟ੍ਰੇਨਿੰਗ ਤਿੰਨ ਸਾਲ ਦੀ ਹੈ। ਇਸ ਵੱਡੀ ਟਰੇਨਿੰਗ ਵਿਚ ਜਾਦੂ ਦੇ ਖੇਲ ਤੇ ਹਿਪਨਾਟਿਜਮ ਵਰਗੇ ਵਿਸ਼ੇ ਵੀ ਪੜ੍ਹਾਏ ਜਾਂਦੇ ਹਨ। ਮਨੋਵਿਗਿਆਨ ਦਾ ਬਹੁਤ ਵੱਡਾ ਭਾਗ ਵੀ ਇਹ ਅਨਪੜ੍ਹ ਜੇਬ ਕਤਰੇ ਜਾਣਦੇ ਹਨ। ਇਨ੍ਹਾਂ ਦੇ ਤਜਰਬੇ ਜਬਾਨੀ ਜਬਾਨੀ ਅਗੇ ਅਗੇ ਚਲਦੇ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਜਿਸ ਕੋਲ ਪੈਸੇ ਹੋਣਗੇ ਉਹ ਬਾਰ ਬਾਰ ਉਸ ਥਾਂ 'ਤੇ ਜ਼ਰੂਰ ਹੱਥ ਲਾਉਂਦਾ ਰਹਿੰਦਾ ਹੈ, ਜਿਥੇ ਪੈਸੇ ਪਾਏ ਹੋਣ। ਮੇਲਿਆਂ ਵਗੈਰਾ ਤੇ ਮੰਦਰਾਂ, ਗੁਰਦੁਆਰਿਆਂ ਵਾਲੇ ਜੇਬ ਕਤਰੇ ਐਵੇਂ ਤੀਜੇ ਦਰਜੇ ਦੇ ਹੀ ਹੁੰਦੇ ਹਨ। ਇਹ ਕੱਪੜੇ ਵੀ ਗਰੀਬਾਂ ਜਾਂ ਸਾਧਾਰਣ ਜਿਹੇ ਲੋਕਾਂ ਵਰਗੇ ਪਾਉਂਦੇ ਹਨ। ਪਰ ਚੌਪਾਟੀ, ਬਾਂਦਰਾ, ਦਿੱਲੀ ਦੇ ਕਈ ਯਾਤਰੀ ਸਥਾਨ ਜਿਵੇਂ ਮਦਰਾਸ ਅਤੇ ਗੋਆ ਦੇ ਸਮੁੰਦਰ ਕੰਢਿਆਂ 'ਤੇ ਕੰਮ ਕਰਨ ਵਾਲੇ ਜੇਬ ਕਤਰੇ ਪੜ੍ਹੇ ਲਿਖੇ ਤੇ ਸੂਟ ਟਾਈ ਵਾਲੇ ਹੁੰਦੇ ਹਨ। ਬਹਾਦਰ ਇਨ੍ਹਾਂ ਨੂੰ ਮਦਰਾਸ 'ਚ ਟਰੇਨਿੰਗ ਦੇਂਦਾ ਸੀ। ਦੋ ਸੌ ਰੁਪਏ ਤੇ ਇਕ ਬੋਤਲ ਅੰਗਰੇਜ਼ੀ ਸ਼ਰਾਬ ਦੀ ਹਰ ਰੋਜ਼ ਲੈਂਦਾ ਸੀ। ਬਕਾਇਦਾ ਪੜ੍ਹਾਈ ਵਾਂਗ ਕਲਾਸਾਂ ਲੱਗਦੀਆਂ ਹਨ। ਇਮਾਨਦਾਰੀ ਵੀ ਇਸ ਧੰਦੇ ਵਿਚ ਜ਼ਰੂਰ ਹੁੰਦੀ ਹੈ। ਹਰ ਇਕ ਜੇਬ ਕਤਰੇ ਦਾ ਇਲਾਕਾ ਹੁੰਦਾ ਹੈ। ਉਸ ਤੋਂ ਅੱਗੇ ਉਹ ਹੱਥ ਸਾਫ ਕਰੇ ਤਾਂ ਦੂਜੇ ਇਲਾਕੇ ਵਾਲੇ ਨੂੰ ਪੰਜਾਹ ਫੀਸਦੀ ਹਿੱਸਾ ਦੇਂਦਾ ਹੈ। ਇਹ ਰਕਮ ਤੇ ਇਕਰਾਰਨਾਮੇ ਵਧਦੇ ਘਟਦੇ ਵੀ ਰਹਿੰਦੇ ਹਨ। ਗੱਡੀਆਂ ਵਿਚ ਬੈਠੇ ਮੁਸਾਫਰ ਨੂੰ ਅਗਲੇ ਇਲਾਕੇ ਵਾਲੇ ਕੋਲ ਵੇਚ ਦਿੱਤਾ ਜਾਂਦਾ ਹੈ, ਜੇ ਉਸ ਕੋਲ ਕੋਈ ਪੈਸਾ ਨਾ ਨਿਕਲੇ ਜਾਂ ਘੱਟ ਨਿਕਲਣ ਤਾਂ ਵੇਚਣ ਵਾਲੇ ਜੇਬ ਕਤਰੇ ਨੂੰ ਪੈਸੇ ਵਾਪਸ ਕਰਨੇ ਪੈਂਦੇ ਹਨ। ਧਾਰਮਕ ਥਾਵਾਂ 'ਤੇ ਕਈਆਂ ਜੇਬਾਂ ਦਾ ਕੁਝ ਕੁ ਹਿੱਸਾ ਉਸ ਧਾਰਮਕ ਥਾਂ ਉੱਤੇ ਵੀ ਚੜ੍ਹਾਇਆ ਜਾਂਦਾ ਹੈ। ਪੁਲਿਸ ਨਾਲ ਮਿਲ ਕੇ ਚੱਲਣ ਤੋਂ ਬਗੈਰ ਇਹ ਧੰਦਾ ਇਕ ਦਿਨ ਵੀ ਨਹੀਂ ਚੱਲ ਸਕਦਾ। ਜੇਬ ਕੱਟਣ ਦੇ ਧੰਦੇ ਵਿਚ ਲੱਗੀਆਂ ਔਰਤਾਂ ਤੇ ਖਾਸ ਕਰਕੇ ਨੌਜਵਾਨ ਔਰਤਾਂ ਜਾਂ ਕੁੜੀਆਂ ਦੀ ਪੁਲਿਸ ਵਾਲੇ ਕਾਮ ਲੁੱਟ ਵੀ ਕਰਦੇ ਹਨ। ਬਹਾਦਰ ਦਸਦਾ ਸੀ, ਜੇਬ ਕਤਰੇ ਦੇ ਬਹੁਤਾ ਨੇੜੇ ਨਹੀਂ ਜਾਣਾ ਚਾਹੀਦਾ, ਕਿਉਂਕਿ ਇਹ ਲੋਕ ਆਪਣੀ ਹਿਫਾਜਤ ਲਈ ਰਾਮਪੁਰੀ ਚਾਕੂ ਵੀ ਕੋਲ ਰੱਖਦੇ ਹਨ। ਆਮ ਤੌਰ 'ਤੇ ਕੁੱਟ ਖਾ ਲੈਂਦੇ ਹਨ ਤੇ ਚਾਕੂ ਨੂੰ ਵਰਤੋਂ ਵਿਚ ਨਹੀਂ ਲਿਆਉਂਦੇ, ਇਹ ਗੱਲ ਉਨ੍ਹਾਂ ਨੂੰ ਟਰੇਨਿੰਗ ਵਿਚ ਸਮਝਾਈ ਜਾਂਦੀ ਹੈ ਪਰ ਜੇ ਬਿਲਕੁਲ ਹੀ ਜਾਨ 'ਤੇ ਬਣ ਆਵੇ ਤਾਂ ਇਹ ਚਾਕੂ ਮਾਰ ਕੇ ਭੱਜ ਜਾਂਦੇ ਹਨ। ਕਈ ਲੋਕ ਬਜ਼ਾਰ ਵਿਚ ਤੁਰੇ ਜਾਂਦੇ ਮੂੰਹ ਉਤਾਂਹ ਨੂੰ ਚੁੱਕ ਕੇ ਦੁਕਾਨਾਂ ਦੇ ਬੋਰਡ ਪੜ੍ਹਦੇ ਤੁਰੇ ਜਾਂਦੇ ਹਨ ਤੇ ਆਪਣੇ ਆਲੇ ਦੁਆਲੇ ਦਾ ਧਿਆਨ ਨਹੀਂ ਕਰਦੇ। ਉਹ ਲੋਕ ਜੇਬ ਕਤਰਿਆਂ ਦਾ

ਮਨਭਾਉਂਦਾ ਸ਼ਿਕਾਰ ਹੁੰਦੇ ਹਨ। ਭੀੜ ਭੜੱਕੇ ਤੇ ਗਹਿਮਾ ਗਹਿਮੀ ਵਾਲੇ ਬਜ਼ਾਰ ਵਿਚ ਤੁਰੇ ਜਾਂਦੇ ਬੰਦੇ ਨੂੰ ਜੇ ਸ਼ੱਕ ਹੋਵੇ ਕਿ ਕੋਈ ਮੇਰਾ ਪਿੱਛਾ ਕਰ ਰਿਹਾ ਹੈ ਤਾਂ ਉਸ ਨੂੰ ਕਦੇ ਵੀ ਉਹ ਬਜ਼ਾਰ ਛੱਡ ਕੇ ਕਿਸੇ ਸੁੰਨਸਾਨ ਗਲੀ ਜਾਂ ਐਸੇ ਹੀ ਸਥਾਨ ਵੱਲ ਨਹੀਂ ਜਾਣਾ ਚਾਹੀਦਾ। ਉਸ ਬੇਅਬਾਦ ਜਾਂ ਘੱਟ ਆਵਾਜਾਈ ਵਾਲੇ ਥਾਂ 'ਤੇ ਜੇਬ ਕਤਰਾ ਆਪਣਾ ਜੇਬ ਕੱਟਣ ਦਾ ਹੁਨਰ ਛੱਡ ਕੇ ਚਾਕੂ ਦਾ ਸਹਾਰਾ ਲੈਣਾ ਪਸੰਦ ਕਰੇਗਾ। ਚਾਕੂ ਮਾਰ ਕੇ ਮਾਲ ਖੋਹ ਕੇ ਭੱਜ ਜਾਏਗਾ। ਇਹੋ ਜਿਹੇ ਵੇਲੇ ਕਿਸੇ ਸਜੀ ਫੱਬੀ ਦੁਕਾਨ ਵਿਚ ਵੜ ਜਾਣਾ ਚਾਹੀਦਾ ਹੈ ਜਾਂ ਕੋਈ ਸਵਾਰੀ, ਰਿਕਸ਼ਾ ਵਗੈਰਾ, ਜੇ ਮਿਲ ਸਕਦਾ ਹੋਵੇ ਤਾਂ ਲੈ ਲੈਣਾ ਚਾਹੀਦਾ ਹੈ ਤੇ ਸੁਰੱਖਿਅਤ ਥਾਂ ਪਹੁੰਚਣਾ ਚਾਹੀਦਾ ਹੈ। ਪਰ ਇਹ ਸਾਰੀਆਂ ਗੱਲਾਂ ਤਾਂ ਤੱਦ ਹੀ ਹੋ ਸਕਦੀਆਂ ਹਨ ਜੇ ਇਹ ਪਤਾ ਹੋਵੇ ਕਿ ਕੋਈ ਜੇਬ ਕਤਰਾ ਮੇਰੇ ਪਿਛੇ ਹੈ। ਲੋਕਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੁੰਦਾ। ਇਸੇ ਲਈ ਹੀ ਨੁਕਸਾਨ ਕਰਵਾ ਲੈਂਦੇ ਹਨ। ਬੱਸ ਵਿਚ ਚੜ੍ਹਨ ਤੇ ਉਤਰਨ ਲਗਿਆਂ ਬੰਦਾ ਸੁਚੇਤ ਹੋਵੇ ਤਾਂ ਜੇਬ ਨਹੀਂ ਕੱਟੀ ਜਾ ਸਕਦੀ। ਜਾਂ ਜਿਸ ਜੇਬ ਵਿਚ ਨੋਟ ਪਾਏ ਹੋਣ, ਉਸ ਜੇਬ ਵਿਚ ਅਗਰ ਭਾਨ ਵੀ ਪਾਈ ਹੋਈ ਹੋਵੇ ਤਾਂ ਜਦੋਂ ਜੇਬ ਕਤਰਾ ਬਲੇਡ ਮਾਰੇਗਾ ਭਾਨ ਜ਼ਮੀਨ 'ਤੇ ਡਿੱਗ ਪਏਗੀ ਜਾਂ ਡਿਗਦੀ ਭਾਨ ਦਾ ਪਤਾ ਲੱਗ ਜਾਂਦਾ ਹੈ ਤੇ ਨੋਟ ਕੱਢੇ ਜਾਣ ਤੋਂ ਪਹਿਲਾਂ ਬੰਦਾ ਸੁਚੇਤ ਹੋ ਜਾਂਦਾ ਹੈ। ਇਸ ਤਰ੍ਹਾਂ ਬਚਾਅ ਹੋ ਸਕਦਾ ਹੈ। ਨਾਲ ਬੈਠੀ ਸਵਾਰੀ ਦੀ ਸਿਰਫ ਪੰਜ ਮਿੰਟ ਹਰਕਤ ਵੇਖ ਲਈ ਜਾਵੇ ਤਾਂ ਪਤਾ ਲੱਗ ਸਕਦਾ ਹੈ ਕਿ ਇਹ ਜੇਬ ਕੱਟਣ ਵਾਲਾ ਹੈ ਕਿ ਨਹੀਂ।

ਜੇਬ ਵਿਚੋਂ ਪੈਸੇ ਕੱਢਣ ਲਈ ਆਮ ਢਿੱਲੀਆਂ ਢਾਲੀਆਂ ਤੇ ਸਧਾਰਣ ਉਂਗਲਾਂ ਕੰਮ ਨਹੀਂ ਕਰ ਸਕਦੀਆਂ। ਇਹਦੇ ਵਾਸਤੇ ਵੀ ਖਾਸ ਉਂਗਲਾਂ ਸਾਧਣੀਆਂ ਪੈਂਦੀਆਂ ਹਨ। ਅੰਗੂਠੇ ਤੋਂ ਅਗਲੀਆਂ ਦੋ ਉਂਗਲਾਂ ਹੀ ਜੇਬ ਕੱਟਣ ਦੇ ਕੰਮ ਆਉਂਦੀਆਂ ਹਨ। ਇਨ੍ਹਾਂ ਨੂੰ ਸਾਧਣ ਲਈ, ਇਕ ਤੰਗ ਮੂੰਹ ਵਾਲੀ ਕੁੱਜੀ ਜਾਂ ਫੁੱਲ ਦਾਨ ਵਰਗਾ ਬਰਤਨ ਲਿਆ ਜਾਂਦਾ ਹੈ। ਉਸ ਬਰਤਨ ਦੇ ਕੰਢਿਆਂ ਨੂੰ ਕਾਲੋਂ ਲਾਈ ਜਾਂਦੀ ਹੈ, ਫਿਰ ਉਸਤਾਦ ਉਸ ਨੂੰ ਉਹ ਦੋ ਉਗਲਾਂ ਬਰਤਨ ਦੇ ਅੰਦਰ ਤੇ ਬਾਹਰ ਕੱਢਣ ਦੀ ਘੰਟਿਆ ਬੱਧੀ ਟਰੇਨਿੰਗ ਕਰਵਾਉਂਦਾ ਹੈ। ਉਂਗਲਾਂ ਬਿਨਾਂ ਰੋਕ ਟੋਕ ਬਾਹਰ ਤੇ ਅੰਦਰ ਜਾਣ, ਪਰ ਕਾਲੋਂ ਨਾ ਲੱਗੇ, ਇਹ ਹੀ ਉਗਲਾਂ ਦੀ ਸਫਾਈ ਹੈ। ਅਖੀਰ ਤੇ ਏਨੇ ਛੋਟੇ ਮੂੰਹ ਵਾਲੀ ਬੋਤਲ ਨੁਮਾ ਬਰਤਨ 'ਤੇ ਪ੍ਰੈਕਟਿਸ ਕੀਤੀ ਜਾਂਦੀ ਹੈ, ਜਿਸਦਾ ਅਕਾਰ ਵੀ ਦੋਹ ਉਂਗਲਾਂ ਜਿਨਾ ਹੀ ਹੋਵੇ ਤੇ ਬਰਤਨ ਐਵੇਂ ਹਵਾ ਭਰ ਖੁੱਲ੍ਹਾ ਹੋਵੇ। ਬਸ ਏਨਾ ਕੁ ਜਿਵੇਂ ਦੋਹੀਂ ਪਾਸੀ ਇਕ ਕਾਗਜ਼ ਜਿਨਾ ਥਾਂ ਹੋਵੇ। ਬੱਸ ਏਥੋਂ ਤੱਕ ਹੋ ਜਾਵੇ ਤੇ ਫਿਰ ਜਿਹੜੀ ਜੇਬ ਵਿਚ ਵੀ ਉਂਗਲੀਆਂ ਪੈਣਗੀਆਂ ਮਿਕਨਾਤੀਸ ਵਾਂਗ ਬਟੂਆ ਤੇ ਰੁਪਇਆਂ ਦਾ ਬੰਡਲ ਬਾਹਰ ਆ ਜਾਏਗਾ। ਬਹਾਦਰ ਦੱਸਦਾ ਸੀ ਕਿ ਜੇਬ ਕੱਟਣ ਦੇ ਅੱਠਤੀ ਤਰੀਕੇ ਹਨ ਤੇ ਇਕ ਚੰਗੇ ਜੇਬ ਕਤਰੇ ਨੂੰ ਇਹ ਸਾਰੇ ਸਮਝਣੇ ਪੈਂਦੇ ਹਨ। ਕਈ ਵਾਰ ਇਨ੍ਹਾਂ ਜੇਬ ਕਤਰਿਆਂ ਦਾ ਬੜਾ ਮੋਟਾ ਹੱਥ ਵੱਜ ਜਾਂਦਾ ਹੈ। ਪਰ ਦੋਹ ਚੌਹ ਦਿਨਾਂ ਵਿਚ ਹੀ ਇਹ ਸਾਰਾ ਪੈਸਾ ਉਡਾ ਦੇਂਦੇ ਹਨ। ਕੋਲ ਨਹੀਂ ਰੱਖਦੇ, ਨਾ ਹੀ ਜਮਾਂ ਕਰਦੇ ਹਨ। ਟਰੇਨਿੰਗ ਪੂਰੀ ਹੋ ਜਾਣ ਤੋਂ ਬਾਅਦ ਤੇ ਟਰੇਨਿੰਗ ਦੇ ਵਿਚ ਵੀ ਇਨ੍ਹਾਂ ਦੇ ਬਕਾਇਦਾ ਪਰਚੇ ਪੈਂਦੇ ਹਨ ਤੇ ਇਮਤਿਹਾਨ ਹੁੰਦਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਬੱਚਿਆਂ ਦੇ ਤਿਮਾਹੀ ਛਿਮਾਹੀ ਤੇ ਸਾਲਾਨਾ ਪਰਚੇ ਪੈਂਦੇ ਹਨ। ਇਮਤਿਹਾਨ ਪਾਸ ਨਾ ਹੋਵੇ ਤਾਂ ਫੇਲ੍ਹ ਨੂੰ ਹੋਰ ਕੁਝ ਸਮਾਂ ਸਿਖਲਾਈ 'ਤੇ ਲਾਉਣਾ ਪੈਂਦਾ ਹੈ। ਕਈ

ਵਿਦਿਆਰਥੀ ਬੜੇ ਲਾਇਕ ਤੇ ਹੁਸ਼ਿਆਰ ਹੁੰਦੇ ਹਨ ਤੇ ਫਸਟ ਡਵੀਜ਼ਨ ਵਿਚ ਪਾਸ ਹੁੰਦੇ ਹਨ ਤੇ ਕਈ ਨਿਕੰਮੇ ਤੇ ਤੀਜੇ ਦਰਜੇ ਵਾਲੇ ਹੁੰਦੇ ਹਨ।

ਰੇਲ ਗੱਡੀ ਵਿਚ ਕਈ ਵਾਰ ਦੰਤ ਮੰਜਨ, ਚੂਰਨ ਤੇ ਹੋਰ ਦਵਾਈਆਂ ਜਾਂ ਖਾਣ ਵਾਲੀਆਂ ਚੀਜ਼ਾਂ ਵੇਚਣ ਲਈ ਕਈ ਮਜਮਾ ਲਾਊ ਟਾਈਪ ਦੇ ਲੋਕ ਚੜ੍ਹ ਆਉਂਦੇ ਹਨ। ਉਹ ਆਪਣੇ ਹੀ ਮਜਮਾਂ ਛਾਪ ਅੰਦਾਜ਼ ਵਿਚ ਆਪਣਾ ਸਮਾਨ ਵੇਚਦੇ ਹਨ। ਜਿੰਨਾ ਵਿਕ ਗਿਆ ਉਹ ਤਾਂ ਉਨ੍ਹਾਂ ਦਾ ਹੈ ਹੀ ਪਰ ਉਹ ਲੋਕ ਸਿਰਫ ਇਹ ਦੰਤ ਮੰਜਨ ਤੇ ਮਿੱਠੀਆਂ ਗੋਲੀਆਂ ਵੇਚਣ ਵਾਲੇ ਹੀ ਨਹੀਂ ਹੁੰਦੇ, ਉਨ੍ਹਾਂ ਦੇ ਨਾਲ ਹੀ ਜੇਬ ਕਤਰੇ ਵੀ ਉਸੇ ਡੱਬੇ ਵਿਚ ਚੜ੍ਹਦੇ ਹਨ। ਉਧਰ ਉਹ ਲੋਕਾਂ ਦਾ ਧਿਆਨ ਆਪਣੇ ਵੱਲ ਖਿਚਦੇ ਹਨ, ਏਧਰ ਜੇਬ ਕਤਰੇ ਜੇਬਾਂ ਸਾਫ ਕਰਦੇ ਹਨ। ਬਾਅਦ ਵਿਚ ਵੰਡ ਵੰਡਾਈ ਹੋ ਜਾਂਦੀ ਹੈ। ਜੇ ਕਿਸੇ ਦੀ ਜੇਬ ਕੱਟੀ ਜਾਣ ਦਾ ਰੌਲਾ ਪੈ ਜਾਵੇ ਤਾਂ ਦਵਾਈਆਂ ਜਾਂ ਹੋਰ ਕੁਝ ਵੇਚਣ ਵਾਲੇ ਲੋਕ ਉਹ ਡੱਬਾ ਛੱਡ ਕੇ ਨਹੀਂ ਜਾਂਦੇ ਤਾਂ ਕਿ ਕਿਸੇ ਨੂੰ ਉਨ੍ਹਾਂ 'ਤੇ ਸ਼ੱਕ ਨਾ ਪੈ ਜਾਵੇ। ਇਸ ਤਰ੍ਹਾਂ ਇਹ ਜੇਬ ਕਤਰਿਆਂ ਦੇ ਸਾਥੀ ਹੋ ਕੇ ਵੀ ਨਿਰਲੇਪ ਰਹਿੰਦੇ ਹਨ।

ਕਈ ਵਾਰ ਰੇਲ ਗੱਡੀ ਵਿਚ ਬਹੁਤ ਹੀ ਤੇਜ ਡਫਲੀ ਵਜਾਉਣ ਵਾਲੇ ਡੱਬੇ ਵਿਚ ਚੜ੍ਹ ਆਉਂਦੇ ਹਨ। ਉਹ ਏਨੀ ਤੇਜ਼ ਤੇ ਉੱਚੀ ਅਵਾਜ਼ ਵਿਚ ਡਫਲੀ ਵਜਾਉਂਦੇ ਹਨ ਕਿ ਲੋਕ ਆਪਣੇ ਕੰਨਾਂ 'ਤੇ ਹੱਥ ਰੱਖ ਲੈਂਦੇ ਹਨ, ਵਿਚੋਂ ਹੀ ਕੋਈ ਸਲਾਹ ਦੇਂਦਾ ਹੈ, ਭੈਣ ਜੀ ਆਪਣੇ ਕੰਨਾਂ 'ਤੇ ਹੱਥ ਨਾ ਰੱਖੋ ਨਿੱਕੇ ਬੱਚੇ ਦੇ ਕੰਨਾਂ 'ਤੇ ਹੱਥ ਰਖੋ ਨਹੀਂ ਤਾਂ ਪੜਦੇ ਪਾਟ ਜਾਣਗੇ। ਇਸ ਤਰ੍ਹਾਂ ਇਹ ਅਫਰਾ ਤਫਰੀ ਜਹੀ ਮਚ ਜਾਂਦੀ ਹੈ। ਜੇਬ ਕਤਰੇ ਬਹੁਤ ਅਸਾਨੀ ਨਾਲ ਕੰਨਾਂ 'ਤੇ ਹੱਥ ਰੱਖੇ ਵਾਲਿਆਂ ਦੀਆਂ ਜੇਬਾਂ ਚਟਮ ਕਰ ਜਾਂਦੇ ਹਨ। ਕਿਉਂਕਿ ਤੇਜ਼ ਡਫਲੀ ਦੀ ਅਵਾਜ ਸੋਚਣ ਦੀ ਸ਼ਕਤੀ ਖਤਮ ਕਰ ਦੇਂਦੀ ਹੈ ਤੇ ਹੱਥ ਤਾਂ ਅੱਗੇ ਹੀ ਉਤਾਂਹ ਚੁੱਕੇ ਹੋਏ ਹੁੰਦੇ ਹਨ। ਜੇਬਾਂ ਕੱਟ ਕੇ ਜੇਬ ਕੁਤਰੇ ਤਾਂ ਅਗਾਂਹ ਪਿਛਾਂਹ ਹੋ ਜਾਂਦੇ ਹਨ ਪਰ ਡਫਲੀ ਵਜਾਉਣ ਵਾਲੇ ਕਿਤੇ ਨਹੀਂ ਜ਼ਾਂਦੇ ਤਾਂ ਕਿ ਦੋਹਾਂ ਦਾ ਕੋਈ ਸਬੰਧ ਰੇਲ ਗੱਡੀ ਦੀਆਂ ਸਵਾਰੀਆਂ ਦੀ ਸਮਝ ਵਿਚ ਨਾ ਆਵੇ। ਜੇਬ ਕਤਰਿਆਂ ਨੂੰ ਪਹਿਲਾਂ ਪੈਂਤੀ ਵਿਸ਼ੇ ਪੜ੍ਹਾਏ ਜਾਂਦੇ ਸਨ ਹੁਣ ਤਿੰਨ ਵਿਸ਼ੇ ਹੋਰ ਵੱਧ ਗਏ ਹਨ। ਜ਼ਹਿਰੀਲਾ ਪ੍ਰਸਾਦ ਵੰਡ ਕੇ ਜੇਬਾ ਸਾਫ ਕਰਨੀਆਂ ਵੀ ਇਸ ਹੁਨਰ ਵਿਚ ਸ਼ਾਮਲ ਕਰ ਲਿਆ ਗਿਆ ਹੈ। ਕਈ ਵਾਰ ਇਕ ਬਹੁਤ ਹੀ ਸੁੰਦਰ ਕੁੜੀ ਤੁਰੀ ਤੁਰੀ ਜਾਂਦੀ ਚੱਕਰ ਖਾ ਕੇ ਡਿੱਗ ਪੈਂਦੀ ਹੈ। ਲੋਕਾਂ ਦੀ ਭੀੜ ਉਸ ਦੁਆਲੇ ਇਕੱਠੀ ਹੋ ਜਾਂਦੀ ਹੈ। ਬਸ ਇਹੀ ਤਾਂ ਵੇਲਾ ਹੈ ਲੋਕਾਂ ਦੀਆਂ ਜੇਬਾਂ ਅਰਾਮ ਨਾਲ ਕੱਟਣ ਦਾ। ਹਰ ਕੋਈ ਅਗਾਂਹ ਹੋ ਹੋ ਕੇ, ਜ਼ੋਰ ਲਾ ਕੇ ਕੁੜੀ ਤੱਕ ਪਹੁੰਚਣਾ ਚਾਹੁੰਦਾ ਹੈ, ਉਸ ਵੇਲੇ ਉਨ੍ਹਾਂ ਨੂੰ ਆਪਣੀ ਜੇਬ ਦੀ ਹੋਸ਼ ਕਿਥੇ?

ਬਹਾਦਰ ਨੇ ਮੈਨੂੰ ਇਹ ਵੀ ਦੱਸਿਆ ਕਿ ਗੱਡੀਆਂ ਵਿਚ ਜਿੰਨੀ ਵਾਰੀ ਵੀ ਤੁਸੀਂ ਧਾਰਮਿਕ ਸ਼ਬਦ, ਮਾਤਾ ਦੀਆਂ ਭੇਟਾਂ, ਸ਼ਿਰਡੀ ਕੇ ਸਾਈਂ ਬਾਬਾ ਦੇ ਭਜਨ ਤੇ ਹੋਰ ਧਾਰਮਿਕ ਸੰਸਥਾਵਾਂ ਦੇ ਭਗਤਾਂ ਦੇ ਧਾਰਮਿਕ ਗਾਉਣ ਵਜਾਉਣ ਸੁਣੋ ਤਾਂ ਝੱਟ ਸਮਝ ਜਾਓ ਕਿ ਕਿਸੇ ਨਾ ਕਿਸੇ ਦੀ ਸ਼ਾਮਤ ਆਈ ਹੋਈ ਹੈ। ਨਹੀਂ ਤਾਂ ਕੋਈ ਮੰਦਬੁੱਧੀ ਵੀ ਸੋਚ ਸਕਦਾ ਹੈ ਕਿ ਭਲਾ ਗੱਡੀਆਂ ਦੇ ਡੱਬਿਆਂ ਵਿਚ ਧਾਰਮਿਕਤਾ ਕਾਹਦੀ? ਪਰ ਸਵਾਰੀਆਂ ਏਡੀਆਂ ਬੇਵਕੂਫ ਹੁੰਦੀਆਂ ਹਨ ਕਿ ਲੋਕ ਇਹੋ ਜਿਹੇ ਡਰਾਮੇ 'ਤੇ ਝੂਮ ਉਠਦੇ ਹਨ ਤੇ ਜੇਬਾਂ ਕਟਵਾ ਬੈਠਦੇ ਹਨ। ਜੇਬ ਕੱਟਣ ਦਾ ਮਤਲਬ ਜੇਬ ਹੀ ਨਹੀਂ ਸਮਝਿਆ ਜਾਣਾ ਚਾਹੀਦਾ

ਜੇਬ ਕਤਰੇ ਬੈਗ ਸਾਫ ਕਰ ਜਾਣਾ, ਕਿਸੇ ਦਾ ਪਰਸ ਛੋਟਾ ਜਾਂ ਵੱਡਾ ਚੁਰਾ ਲੈਣਾ, ਕਪੜਿਆਂ ਵਾਲੇ ਥੈਲੇ ਵਿਚੋਂ ਪੈਸੇ ਚੁਰਾ ਲੈਣੇ, ਅਟੈਚੀ ਵਿਚੋਂ ਕੱਪੜੇ ਨਾ ਛੇੜਨੇ ਪਰ ਪੈਸੇ ਕੱਢ ਲੈਣੇ, ਸਭ ਜੇਬ ਕੱਟਣ ਵਿਚ ਹੀ ਗਿਣੇ ਜਾਂਦੇ ਹਨ।

ਕਈ ਰੇਲਵੇ ਸਟੇਸ਼ਨਾਂ 'ਤੇ ਕਈ ਸਮਾਜ ਸੇਵੀ ਕਿਸਮ ਦੇ ਲੋਕ ਗੱਡੀ ਦੇ ਡੱਬੇ ਵਿਚ ਚੜ ਆਉਂਦੇ ਹਨ ਤੇ ਸਵਾਰੀਆਂ ਨੂੰ ਸੰਬੋਧਨ ਕਰਕੇ ਕਹਿੰਦੇ ਹਨ, "ਭਰਾਵੋ ਤੇ ਭੈਣੋ, ਆਪਣੀ ਆਪਣੀ ਨਕਦੀ ਦਾ ਧਿਆਨ ਰਖਿਓ, ਅਗਲੇ ਚਾਰ ਪੰਜ ਸਟੇਸ਼ਨ ਜੇਬ ਕੱਟੇ ਜਾਣ ਲਈ ਬੜੇ ਬਦਨਾਮ ਹਨ" ਤੇ ਇਹ ਗੱਲ ਕਹਿ ਕੇ ਉਹ ਗੱਡੀ ਤੋਂ ਥੱਲੇ ਉੱਤਰ ਜਾਂਦੇ ਹਨ। ਪਰ ਉਸ ਦੀ ਇਸ ਗੱਲ ਨਾਲ ਤ੍ਰਬਕ ਕੇ, ਜਿਨ੍ਹਾਂ ਜਿਨ੍ਹਾਂ ਕੋਲ ਵੀ ਨਕਦੀ ਹੁੰਦੀ ਹੈ, ਉਨ੍ਹਾਂ ਦੀ ਨਿਸ਼ਾਨਦੇਹੀ ਹੋ ਜਾਂਦੀ ਹੈ। ਪੰਜ ਛੇ ਸਟੇਸ਼ਨ ਤੱਕ ਕੁਝ ਨਹੀਂ ਹੁੰਦਾ ਲੋਕ ਸੰਤੁਸ਼ਟ ਹੋ ਜਾਂਦੇ ਹਨ ਕਿ ਖਤਰਾ ਟਲ ਗਿਆ ਪਰ ਜੇਬ ਕੱਟੀ ਜਾਂਦੀ ਹੈ। ਬੰਬਈ, ਮਦਰਾਸ, ਕਲਕੱਤਾ, ਦਿੱਲੀ ਤੇ ਹੋਰ ਵੱਡੇ ਸ਼ਹਿਰਾਂ ਵਿਚ ਹਰ ਰੋਜ਼ ਲੋਕਲ ਬੱਸਾਂ ਤੇ ਗੱਡੀਆਂ ਵਿਚ ਸਫਰ ਕਰਨ ਵਾਲੇ ਲੋਕ ਜੇਬ ਕਤਰਿਆਂ ਨੂੰ ਪਛਾਨਣ ਲੱਗ ਪੈਂਦੇ ਹਨ ਪਰ ਇਕ ਮੋਨ ਸਮਝੌਤਾ ਜੇਬ ਕਤਰਿਆਂ ਤੇ ਰੋਜ਼ ਦੀਆਂ ਸਵਾਰੀਆਂ ਵਿਚ ਹੋ ਜਾਂਦਾ ਹੈ। ਉਹ ਉਨ੍ਹਾਂ ਦੀ ਜੇਬ ਨਹੀਂ ਕੱਟਦੇ ਤੇ ਉਹ ਕਿਸੇ ਹੋਰ ਦੀ ਕੱਟੀ ਜਾਂਦੀ ਜੇਬ ਵੇਖ ਕੇ ਕੋਈ ਰੌਲਾ ਰੱਪਾ ਨਹੀਂ ਪਾਉਂਦੇ। ਇਹ ਇਕ ਅਜੀਬ ਸਮਝੌਤਾ ਹੈ ਜੋ ਜੇਬ ਕਤਰਿਆਂ ਤੇ ਰੋਜ਼ ਦੀਆਂ ਸਵਾਰੀਆਂ ਵਿਚ ਆਪਣੇ ਆਪ ਹੋ ਜਾਂਦਾ ਹੈ। ਕਈ ਵਾਰ ਤਾਂ ਐਸਾ ਵੀ ਹੁੰਦਾ ਹੈ ਕਿ ਜੇ ਕਿਸੇ ਹੋਰ ਨਵੇਂ ਆਏ ਸੱਜਣ ਮਿੱਤਰ ਦੀ ਜੇਬ ਕੱਟੀ ਜਾਵੇ ਤਾਂ ਰੋਜ਼ ਦੇ ਯਾਤਰੀ ਉਸ ਨੂੰ ਢਾਰਸ ਬਨਾ ਦੇਂਦੇ ਹਨ ਕਿ ਕੋਈ ਗੱਲ ਨਹੀਂ ਤੇਰਾ ਬਟੂਆ ਸਮੇਤ ਪੂਰੇ ਪੈਸੇ ਮਿਲ ਜਾਣਗੇ। ਦੂਜੇ ਦਿਨ ਅਸਰ ਰਸੂਖ ਵਰਤਿਆ ਜਾਂਦਾ ਹੈ ਤੇ ਪੈਸੇ ਮਿਲ ਜਾਂਦੇ ਹਨ। ਹਾਂ ਜੇ ਵਿਚੋਂ ਕੁਝ ਖਰਚ ਹੋ ਗਏ ਹੋਣ ਤਾਂ ਜਲਦੀ ਹੀ ਉਹ ਵੀ ਦੇਣ ਦਾ ਵਾਅਦਾ ਕਰ ਕੇ ਮੁੱਕ ਮੁਕਾ ਹੋ ਜਾਂਦਾ ਹੈ ਪਰ ਕਦੀ ਵੀ ਜੇਬ ਕਤਰਾ ਰੋਜ਼ ਦੇ ਯਾਤਰੀ ਨਾਲ ਕੋਈ ਪੰਗਾ ਨਹੀਂ ਲੈਂਦਾ। ਕਹਿੰਦੇ ਹਨ ਦਿੱਲੀ ਤੇ ਹੋਰ ਵੱਡੇ ਸ਼ਹਿਰਾਂ ਵਿਚ ਜੇ ਕੋਈ ਬੰਦਾ (ਰੋਜ਼ ਦਾ ਮੁਸਾਫਰ ਨਾਂ ਹੋਵੇ) ਬੱਸ ਵਿਚ ਸਫਰ ਕਰੇ ਜਾਂ ਟੈਕਸੀ ਵਿਚ ਤਾਂ ਸਾਲ ਦਾ ਹਿਸਾਬ ਬਰਾਬਰ ਹੀ ਹੋਏਗਾ, ਜਿਨਾ ਟੈਕਸੀ ਦਾ ਕਰਾਇਆ ਵੱਧ ਦੇਣਾ ਪੈਂਦਾ ਹੈ ਜੇ ਦੋ ਤਿੰਨ ਵਾਰੀ ਬੱਸ ਵਿਚ ਜੇਬ ਕੱਟੀ ਗਈ ਤਾਂ ਹਿਸਾਬ ਬਰਾਬਰ ਹੀ ਹੋ ਜਾਂਦਾ ਹੈ। ਮਜਮਿਆਂ ਵਾਲੇ ਇਕੱਠ ਮੇਲੇ ਦੇ ਇਕੱਠ ਤੇ ਹੋਰ ਹਰ ਤਰ੍ਹਾਂ ਦੇ ਇਕੱਠ ਹੀ ਜੇਬ ਕਤਰਿਆਂ ਦੇ ਵਪਾਰਕ ਅਦਾਰੇ ਹਨ। ਜਿਥੇ ਵਿਦੇਸ਼ੀ ਸਮਾਨ ਵਿਕਦਾ ਹੈ, ਉਥੇ ਵੀ ਜੇਬ ਕਤਰੇ ਜ਼ਰੂਰ ਹੁੰਦੇ ਹਨ। ਪਰ ਫੜੇ ਜਾਣ 'ਤੇ ਉਥੇ ਕੁੱਟ ਦੂਜਿਆਂ ਥਾਵਾਂ 'ਤੇ ਫੜੇ ਜਾਣ ਤੋਂ ਜਿਆਦਾ ਪੈਂਦੀ ਹੈ। ਕਿਉਂਕਿ ਉਹ ਦੁਕਾਨਦਾਰ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਗਾਹਕਾਂ ਦੀ ਕੋਈ ਜੇਬ ਕੱਟੇ ਜਾਂ ਨੁਕਸਾਨ ਪਹੁੰਚਾਵੇ।

ਬਹਾਦਰ ਨੇ ਇਹ ਵੀ ਦੱਸਿਆ ਕਿ ਜੇਬ ਕਤਰੇ ਬਹੁਤ ਘੱਟ ਹਨ ਤੇ ਅਬਾਦੀ ਬਹੁਤ ਜ਼ਿਆਦਾ। ਇਸੇ ਲਈ ਹੀ ਇਸ ਧੰਦੇ 'ਤੇ ਪਰਦਾ ਪਿਆ ਹੋਇਆ ਹੈ। ਜੇ ਜੇਬ ਕਤਰੇ ਵੀ ਬਹੁਤ ਹੋ ਜਾਣ ਤਾਂ ਹਾ ਹਾ ਕਾਰ ਮਚ ਜਾਵੇ। ਕੁੱਲ ਮਿਲਾ ਕੇ ਜੇਬ ਕਤਰੇ ਵੀ ਇਸ ਧੰਦੇ ਨੂੰ ਨਫ਼ਰਤ ਹੀ ਕਰਦੇ ਹਨ। ਇਹ ਕੋਈ ਚੰਗਾ ਧੰਦਾ ਨਹੀਂ। ਜਦੋਂ ਮਾਰ ਪੈਣ ਲੱਗਦੀ ਹੈ ਤਾਂ ਲੋਕ ਮਾਰੀ ਹੀ ਜਾਂਦੇ ਹਨ ਤੇ ਥਾਂ ਕੁਥਾਂ ਨਹੀਂ ਵੇਖਦੇ। ਉਹ ਵੇਲਾ ਬਹੁਤ ਦੁੱਖਦਾਈ ਹੁੰਦਾ ਹੈ। ਚਲੋ ਜਿਸ ਦੀ ਜੇਬ ਕੱਟੀ ਗਈ ਉਹ ਤਾਂ ਮਾਰੇ, ਦੂਜਿਆਂ ਦਾ ਕੀ ਮਤਲਬ ਹੈ

ਬੇਤਹਾਸ਼ਾ ਮਾਰਨ ਦਾ? ਬਹਾਦਰ ਨੇ ਮੈਨੂੰ ਇਹ ਵੀ ਦੱਸਿਆ ਕਿ ਜਦੋਂ ਠੰਡ ਹੁੰਦੀ ਹੈ ਜਾਂ ਮੀਂਹ ਪੈ ਕੇ ਹਟਦਾ ਹੈ ਤਾਂ ਮੇਰੇ ਸਰੀਰ ਦਾ ਥਾਂ ਥਾਂ ਤੇ ਅੰਗ ਅੰਗ ਦੁਖਦਾ ਹੈ ਤੇ ਮੈਨੂੰ ਪਿਛਲੀ ਪਈ ਹੋਈ ਕੁੱਟ ਇਸ ਤਰ੍ਹਾਂ ਯਾਦ ਆਉਂਦੀ ਹੈ, ਜਿਵੇਂ ਹੁਣੇ ਹੀ ਪੈ ਕੇ ਹਟੀ ਹੋਵੇ। ਹਰ ਜੇਬ ਕਤਰੇ ਦਾ ਇਹ ਹੀ ਹਾਲ ਹੁੰਦਾ ਹੈ। ਉਸ ਨੇ ਮੈਨੂੰ ਨੇਪਾਲ ਦੀ ਗਰੀਬੀ ਬਾਰੇ ਵੀ ਕਈ ਗੱਲਾਂ ਦੱਸੀਆਂ, ਜਿਵੇਂ ਨੇਪਾਲ ਵਿਚ ਜਿਲ੍ਹਾ ਡਿਪਟੀ ਕਮਿਸ਼ਨਰ ਆਪਣੇ ਘਰ ਤੋਂ ਦਫਤਰ ਸਾਈਕਲ 'ਤੇ ਆਉਂਦਾ ਹੈ। ਪੁਲਿਸ ਪਿੰਡਾਂ ਵਿਚ ਮੁਲਜ਼ਮ ਨੂੰ ਫੜਨ ਨਹੀਂ ਜਾਂਦੀ, ਉਸ ਪਿੰਡ ਦਾ ਪਟਵਾਰੀ ਹੀ ਮੁਲਜ਼ਮ ਨੂੰ ਫੜ ਕੇ ਥਾਣੇ ਲਿਆਉਂਦਾ ਹੈ। ਪੁਲਿਸ ਤਾਂ ਕਤਲ ਵਗੈਰਾ ਹੋਣ 'ਤੇ ਹੀ ਫੜਨ ਜਾਂਦੀ ਹੈ। ਪਿੰਡ ਦਾ ਕੋਈ ਬੰਦਾ (ਗੋਰਖਾ) ਜੇ ਭਾਰਤੀ ਫੌਜ ਵਿਚ ਹੋਵੇ ਤਾਂ ਉਸ ਦੀ ਗਿਣਤੀ ਅਮੀਰਾਂ ਵਿਚ ਕੀਤੀ ਜਾਂਦੀ ਹੈ। ਆਮ ਜ਼ਮੀਨ ਦੋ ਸੌ ਰੁਪਏ ਤੋਂ ਲੈ ਕੇ ਚਾਰ ਸਾਢੇ ਚਾਰ ਸੌ ਰੁਪਏ ਏਕੜ ਮਿਲ ਜਾਂਦੀ ਹੈ। ਕੂਲ ਵਾਲੀ ਜ਼ਮੀਨ (ਜ਼ਮੀਨੀ ਚਸ਼ਮਾ) ਜਾਂ ਸ਼ਹਿਰਾਂ ਦੇ ਨੇੜੇ ਵਾਲੀ ਜ਼ਮੀਨ ਇਕ ਹਜ਼ਾਰ ਰੁਪਏ ਏਕੜ ਹੈ। ਮੁਰਗਾ ਅੱਗ 'ਤੇ ਭੁੰਨ ਕੇ ਬਣਾਇਆ ਜਾਂਦਾ ਹੈ ਤੇ ਅੱਗ 'ਤੇ ਜੀਂਦਾ ਹੀ ਭੁੰਨਿਆ ਜਾਂਦਾ ਹੈ। ਇਸ ਤਰ੍ਹਾਂ ਬਣਾਇਆ ਮੁਰਗਾ ਜ਼ਿਆਦਾ ਸੁਆਦ ਬਣਦਾ ਹੈ। ਅੱਗ 'ਤੇ ਓਨਾਂ ਕੁ ਹੀ ਭੁੰਨਿਆ ਜਾਂਦਾ ਹੈ, ਜਿੰਨੇ ਨਾਲ ਮੁਰਗੇ ਦੀ ਚਮੜੀ ਉਸ ਦੇ ਖੰਭ ਛੱਡ ਦੇਵੇ ਤੇ ਖੰਭਾਂ ਨੂੰ ਹੱਥਾਂ ਨਾਲ ਹੀ ਖੋਹ ਕੇ ਮੁਰਗਾ ਸਮੇਤ ਖਲ ਤਿਆਰ ਹੋ ਜਾਵੇ। ਪੂਰੇ ਭਾਰਤ ਵਿਚ ਜਿੰਨੀਆਂ ਔਰਤਾਂ ਵੇਸਵਾ ਦਾ ਧੰਦਾ ਕਰਦੀਆਂ ਹਨ, ਉਹਨਾਂ ਦਾ 70 ਫੀਸਦੀ ਨੇਪਾਲ ਦੀਆਂ ਹੁੰਦੀਆਂ ਹਨ। ਇਸ ਦੇ ਦੋ ਕਾਰਨ ਹਨ; ਇਕ ਤਾਂ ਅੱਤ ਦੀ ਗਰੀਬੀ ਤੇ ਦੂਜਾ ਨੇਪਾਲ ਵਿਚ ਵੇਸਵਾ ਧੰਦੇ ਦਾ ਗੈਰਕਾਨੂੰਨੀ ਨਾ ਹੋਣਾ।

ਗੋਰਖਾ ਬਹੁਤ ਈਮਾਨਦਾਰ ਮੰਨਿਆ ਜਾਂਦਾ ਸੀ ਪਰ ਹੁਣ ਇਹ ਗੱਲ ਨਹੀਂ। ਸਮੇਂ ਨਾਲ ਸਭ ਕੁਝ ਬਦਲ ਚੁੱਕਾ ਹੈ। ਦਿੱਲੀ ਦੀ ਤਿਹਾੜ ਜੇਲ੍ਹ ਗੋਰਖਿਆਂ ਨਾਲ ਭਰੀ ਪਈ ਹੈ। ਬਹੁਤੇ ਚੋਰੀ ਤੇ ਆਪਣੀਆਂ ਮਾਲਕਣਾਂ ਨਾਲ ਬਲਾਤਕਾਰ ਤੇ ਕਈ ਬਲਾਤਕਾਰ ਤੋਂ ਬਾਅਦ ਕਤਲ ਦੇ ਜੁਰਮਾਂ ਵਿਚ ਬੰਦ ਹਨ। ਅਮੀਰ ਘਰਾਂ ਦੇ ਛੋਟੇ ਬੱਚਿਆਂ ਨਾਲ ਯੌਨ ਸਬੰਧ ਬਣਾ ਲੈਂਦੇ ਹਨ ਤੇ ਲਾਪ੍ਰਵਾਹ ਮਾਪਿਆਂ ਨੂੰ ਕਈ ਸਾਲ ਪਤਾ ਹੀ ਨਹੀਂ ਲੱਗਦਾ। ਜਦੋਂ ਗੋਰਖੇ ਨੂੰ ਮਾੜਾ ਜਿਹਾ ਸ਼ੱਕ ਪੈ ਜਾਵੇ ਕਿ ਬੱਚੇ ਨੇ ਦੱਸ ਦਿੱਤਾ ਹੈ ਜਾਂ ਪਤਾ ਲੱਗ ਗਿਆ ਹੈ ਤਾਂ ਫਟ ਨੌਕਰੀ ਛੱਡ ਜਾਂਦੇ ਹਨ। ਆਪਣੀ ਤਨਖਾਹ ਮਹੀਨੇ ਦੇ ਮਹੀਨੇ ਲੈ ਕੇ ਹਿਸਾਬ ਚੁਕਤਾ ਰੱਖਦੇ ਹਨ ਤੇ ਜਾਂ ਐਡਵਾਂਸ ਲੈ ਲੈਂਦੇ ਹਨ। ਦੋਹਾਂ ਹਾਲਤਾਂ ਵਿਚ ਹੀ ਨੌਕਰੀ ਛੱਡਣੀ ਅਸਾਨ ਹੁੰਦੀ ਹੈ। ਗੋਰਖੇ ਦਾ ਚਿਹਰਾ ਏਨਾ ਸ਼ਾਂਤ ਹੁੰਦਾ ਹੈ ਕਿ ਜੇ ਉਹ ਪੰਜ ਮਿੰਟ ਪਹਿਲਾਂ ਵੀ ਕਤਲ ਕਰਕੇ ਆਇਆ ਹੋਵੇ ਤਾਂ ਪਤਾ ਨਹੀਂ ਲੱਗਦਾ। ਕਿਉਂਕਿ ਗੋਰਖਾ ਨਸਲ ਦੇ ਚਿਹਰਿਆਂ ਦੀ ਬਣਤਰ ਹੀ ਐਸੀ ਹੁੰਦੀ ਹੈ ਕਿ ਮਨੋਵਿਗਿਆਨ ਦਾ ਕੋਈ ਵੀ ਅਸੂਲ ਸਪੱਸ਼ਟ ਤੌਰ 'ਤੇ ਇਨ੍ਹਾਂ 'ਤੇ ਲਾਗੂ ਨਹੀਂ ਹੁੰਦਾ, ਜਿਵੇਂ ਦੂਸਰਿਆਂ 'ਤੇ ਹੁੰਦਾ ਹੈ। ਗੋਰਖਾ ਘਬਰਾਇਆ ਹੋਇਆ ਹੋਵੇ ਗੁੱਸੇ ਵਿਚ ਹੋਵੇ, ਜਾਂ ਡਰਿਆ ਹੋਇਆ ਹੋਵੇ, ਇਸ ਦਾ ਚਿਹਰਾ ਇਕੋ ਜਿਹਾ ਹੀ ਰਹਿੰਦਾ ਹੈ ਤੇ ਕਿਸੇ ਹਾਲਤ ਵਿਚ ਵੀ ਚਿਹਰੇ ਦੇ ਹਾਵ ਭਾਵ ਨਹੀਂ ਬਦਲਦੇ। ਨੇਪਾਲ ਹਿੰਦੂ ਦੇਸ਼ ਹੈ। ਭਾਰਤ ਆਉਣ ਤੇ ਨੇਪਾਲ ਜਾਣ ਲਈ ਵੀਜ਼ਾ ਸਿਸਟਮ ਨਹੀਂ। ਇਸੇ ਲਈ ਭਾਰਤ ਵਿਚ ਨੇਪਾਲੀਆਂ ਦਾ ਆਉਣਾ ਜਾਣਾ ਆਮ ਹੈ। ਪਰ ਹੁਣ ਇਹ ਬਹੁਤ ਇਤਬਾਰੀ ਨਹੀਂ ਰਹੇ।

ਬਹਾਦਰ ਨੇ ਮੈਨੂੰ ਇਕ ਦਿਨ ਬੜੇ ਭਾਵੁਕ ਹੋ ਕੇ ਦਸਿਆ ਕਿ ਮੈਂ ਇਹ ਧੰਦਾ ਛੱਡਣ ਦਾ ਪੱਕਾ ਇਰਾਦਾ ਕਰ ਲਿਆ ਹੈ ਪਰ ਮੇਰੇ ਭਾਈਚਾਰੇ ਨੇ ਮੈਨੂੰ ਛੱਡਣ ਨਹੀਂ ਦੇਣਾ। ਮੇਰੀ ਪਤਨੀ ਵੀ ਇਕ ਨੰਬਰ ਜੇਲ੍ਹ ਵਿਚ ਹੈ ਤੇ ਅਸੀਂ ਦੋਵੇਂ ਇਕੱਠੇ ਫੜੇ ਗਏ ਸਾਂ। ਉਸ ਨੇ ਹੌਲੀ ਹੌਲੀ ਮੈਨੂੰ ਕਿਹਾ ਤੁਸੀਂ ਮੇਰੀ ਮਦਦ ਕਰੋ ਤਾਂ ਕਿ ਮੈਂ ਇਹ ਧੰਦਾ ਛੱਡ ਸਕਾਂ। ਮੈਂ ਕਿਹਾ, "ਮੈਂ ਤੇਰੀ ਹਰ ਮਦਦ ਕਰਨ ਨੂੰ ਤਿਆਰ ਹਾਂ। ਪਰ ਮੈਂ ਕਰ ਕੀ ਸਕਦਾ ਹਾਂ? ਜਿਹਦੇ ਨਾਲ ਤੇਰੀ ਮਦਦ ਹੋਵੇ"। ਉਸ ਨੇ ਕਿਹਾ, ਮੈਂ ਜਿਹੜਾ ਹੁਣ ਦੀ ਵਾਰੀ ਹੱਥ ਮਾਰਿਆ ਸੀ, ਮੇਰੇ ਹੱਥ ਬੱਤੀ ਹਜ਼ਾਰ ਚਾਰ ਸੌ ਰੁਪਏ ਲੱਗਾ ਸੀ। ਪੈਸੇ ਮੈਂ ਰੱਖ ਲਏ ਤੇ ਪੈਸਿਆਂ ਦੇ ਨਾਲ ਜਿਹੜੇ ਕਾਗਜ਼ ਬੈਗ ਵਿਚੋਂ ਨਿਕਲੇ, ਉਹ ਮੈਂ ਉਸੇ ਪਤੇ 'ਤੇ ਡਾਕ ਵਿਚ ਪਾ ਦਿੱਤੇ ਸਨ। ਬੱਤੀ ਹਜ਼ਾਰ ਚਾਰ ਸੌ ਰੁਪਏ ਤੇ ਚਾਰ ਹਜ਼ਾਰ ਮੇਰੀ ਪਤਨੀ ਨੇ ਵੀ ਮੇਥੋਂ ਚੋਰੀ ਜਮਾਂ ਕੀਤਾ ਹੋਇਆ ਸੀ। ਮੇਰੀ ਪਤਨੀ ਨੇ ਮੈਨੂੰ ਕਿਹਾ ਆਪਾਂ ਹੁਣ ਇਹ ਧੰਦਾ ਛੱਡ ਦੇਈਏ ਤੇ ਇਨ੍ਹਾਂ ਪੈਸਿਆਂ ਨਾਲ ਆਪਣਾ ਇਕ ਮਕਾਨ ਖਰੀਦ ਲਈਏ। ਮੈਂ ਮੰਨ ਗਿਆ ਤੇ ਅਸਾਂ ਪਸ਼ੂਪਤੀ ਨਾਥ ਦੇ ਮੰਦਰ ਜਾ ਕੇ ਸੌਂਹ ਖਾ ਲਈ ਕਿ ਹੁਣ ਇਸ ਧੰਦੇ ਨੂੰ ਹੱਥ ਨਹੀਂ ਲਾਉਣਾ। ਸਾਡੇ ਮੁਹੱਲੇ ਵਿਚ ਹੀ ਇਕ ਵਿਧਵਾ ਬੁੱਢੀ ਜਨਾਨੀ ਨੇ ਮਕਾਨ ਵੇਚਣ ਲਾਇਆ ਹੋਇਆ ਸੀ। ਉਹ ਚਾਲੀ ਹਜ਼ਾਰ ਮੰਗਦੀ ਸੀ, ਅਸਾਂ ਤੀਹ ਹਜ਼ਾਰ ਉਹਦੇ ਅੱਗੇ ਜਾ ਰਖਿਆ। ਉਹ ਮੰਨ ਗਈ ਤੇ ਦੂਜੇ ਦਿਨ ਅਸਾਂ ਖਰਚਾ ਲਾ ਕੇ, ਮਕਾਨ ਦੇ ਪੂਰੇ ਪੈਸਿਆਂ ਦੀ ਰਜਿਸਟਰੀ ਕਰਵਾ ਕੇ, ਕਬਜਾ ਲੈ ਲਿਆ। ਸਿਆਲ ਹੋਣ ਕਰਕੇ ਅਸਾਂ ਦੋ ਨਵੀਆਂ ਰਜਾਈਆਂ ਤੇ ਤਲਾਈਆਂ ਵੀ ਬਣਵਾ ਲਈਆਂ। ਬਾਕੀ ਬਚਿਆ ਅੱਠ ਹਜ਼ਾਰ ਅਸਾਂ ਬੈਂਕ ਵਿਚ ਖਾਤਾ ਖੋਲ੍ਹ ਕੇ ਦੋਹਾਂ ਪਤੀ ਪਤਨੀ ਦੇ ਨਾਂ 'ਤੇ ਜਮਾਂ ਕਰਵਾ ਦਿੱਤਾ। ਮੇਰੀ ਪਤਨੀ ਨੇ ਮੁਹੱਲੇ ਦੇ ਹੀ ਸਕੂਲ ਵਿਚ ਬੱਚਿਆਂ ਨੂੰ ਪਾਣੀ ਪਿਆਉਣ ਦੀ ਨੌਕਰੀ ਕਰ ਲਈ। ਅੱਠ ਸੌ ਚਾਲੀ ਰੁਪਏ ਤਨਖਾਹ ਤੇ ਇਕ ਵੇਲੇ ਦੀ ਚਾਹ ਸਕੂਲੋਂ ਮਿਲਦੀ ਹੈ। ਮੈਨੂੰ ਵੀ ਸ਼ਮਸ਼ਾਨਘਾਟ ਵਿਚ ਲੱਕੜਾਂ ਤੋਲ ਕੇ ਦੇਣ ਦੀ ਨੌਕਰੀ ਤੇਰਾਂ ਸੌ ਰੁਪਏ ਮਹੀਨੇ ਦੀ ਮਿਲ ਗਈ। ਮੇਰਾ ਸਹੁਰਾ ਵੀ ਸਾਡੇ ਘਰ ਆਇਆ ਹੋਇਆ ਸੀ ਤੇ ਸਾਡੇ ਫੈਸਲੇ 'ਤੇ ਬੜਾ ਖੁਸ਼ ਸੀ। ਅਸਾਂ ਆਪਣੇ ਨਵੇਂ ਘਰ ਤੇ ਨਵੀਂ ਜ਼ਿੰਦਗੀ ਦੀ ਖੁਸ਼ੀ ਮਨਾਈ ਤੇ ਮੁਰਗਾ ਤੇ ਚੌਲ ਬਣਾਏ ਅਤੇ ਦਾਰੂ ਵੀ ਲਿਆਂਦਾ। ਅਜੇ ਅਸੀਂ ਖਾਣ ਪੀਣ ਦੀਆਂ ਤਿਆਰੀਆਂ ਹੀ ਕਰ ਰਹੇ ਸਾਂ ਕਿ ਚੌਕੀ ਦੀ ਪੁਲਿਸ ਆ ਗਈ ਤੇ ਮੈਨੂੰ ਤੇ ਮੇਰੀ ਪਤਨੀ ਨੂੰ ਥਾਣੇ ਲੈ ਆਈ। ਅਖੇ, "ਇਹ ਦੱਸੋ ਤੁਸਾਂ ਹੁਣ ਕੀਹਦੀ ਜੇਬ ਕੱਟੀ ਹੈ, ਤੁਹਾਡੇ ਕੋਲ ਮਕਾਨ ਬਣਾਉਣ ਤੇ ਨਵੀਆਂ ਰਜਾਈਆਂ ਤੇ ਭਾਂਡੇ ਲੈਣ ਲਈ ਪੈਸੇ ਕਿਥੋਂ ਆਏ ਹਨ?" ਅਸੀਂ ਆਉਣ ਲੱਗੇ ਆਪਣੇ ਸਹੁਰੇ ਨੂੰ ਆਖ ਕੇ ਆਏ ਸੀ ਕਿ ਉਹ ਘਰੇ ਹੀ ਰਹੇ, ਮਤਾਂ ਅਸੀਂ ਏਧਰ ਜੇਲ੍ਹ ਵਿਚ ਹੋਈਏ ਤੇ ਉਧਰੋਂ ਕੋਈ ਸਾਡੇ ਮਕਾਨ 'ਤੇ ਕਬਜ਼ਾ ਹੀ ਕਰ ਲਵੇ। ਉਹ ਕੱਲ੍ਹ ਮੁਲਾਕਾਤ ਕਰਨ ਆਇਆ ਸੀ। ਕੋਈ ਐਸਾ ਤਰੀਕਾ ਬਣਾਓ, ਜਿਹੜਾ ਜੱਜ ਸਾਨੂੰ ਬਰੀ ਕਰ ਦੇਵੇ ਤੇ ਅਗਾਂਹ ਵੀ ਪੁਲਿਸ ਸਾਨੂੰ ਨਾ ਫੜੇ। ਕੱਲ੍ਹ ਮੇਰੇ ਸਹੁਰੇ ਨੇ ਫੇਰ ਮੁਲਾਕਾਤ ਕਰਨ ਆਉਣਾ ਹੈ ਤੇ ਪਰਸੋਂ ਮੇਰੀ ਤਾਰੀਖ ਹੈ। ਧਰਮਵੀਰ ਸਿੰਘ ਚੰਡੀਗੜ੍ਹ ਮੇਰੇ ਕੋਲ ਹੀ ਬੈਠਾ ਗੱਲਬਾਤ ਸੁਣ ਰਿਹਾ ਸੀ। ਉਸ ਨੇ ਕਿਹਾ ਇਕ ਤਰੀਕਾ ਹੈ। ਸ. ਕਰਤਾਰ ਸਿੰਘ ਨਾਰੰਗ ਕੋਲੋਂ ਸਾਰੇ ਹਾਲਾਤ ਲਿਖ ਕੇ ਜੱਜ ਤੱਕ ਪਹੁੰਚਾਏ ਜਾਣ। ਵਕੀਲ ਬੁਤਾਲੀਏ ਨੂੰ ਮੈਂ ਬਿਨਾਂ ਪੈਸਿਓਂ ਹੀ ਇਹਦੇ ਵਲੋਂ ਭੁਗਤਾ ਦਿਆਂਗਾ। ਅਸਾਂ ਨਾਰੰਗ ਸਾਹਿਬ ਨਾਲ ਗੱਲ ਕੀਤੀ। ਭਾਵੇਂ ਉਹ ਇਨਕਮ

ਟੈਕਸ ਦੇ ਵਕੀਲ ਸਨ ਪਰ ਫਿਰ ਵੀ ਕਾਨੂੰਨ ਦੀ ਪੜ੍ਹਾਈ ਤਾਂ ਪੜ੍ਹ ਕੇ ਹੀ ਅਗੋਂ ਵੱਖਰੀ ਲਾਈਨ ਅਖਤਿਆਰ ਕੀਤੀ ਹੈ। ਨਾਰੰਗ ਸਾਹਿਬ ਨੇ ਰਜਿਸਟਰੀ ਦੀ ਕਾਪੀ ਤੇ ਬੈਂਕ ਵਾਲੇ ਪੈਸਿਆਂ ਦੀ ਪਾਸ ਬੁੱਕ ਮੰਗੀ ਤੇ ਦਰਖਾਸਤ ਤਿਆਰ ਕਰ ਦਿੱਤੀ। ਕੁਦਰਤੀ ਉਸੇ ਦਿਨ ਹੀ ਧਰਮਵੀਰ ਸਿੰਘ ਦੀ ਵੀ ਤਾਰੀਖ ਸੀ। ਦੂਜੇ ਦਿਨ ਹੀ ਉਹਦਾ ਸਹੁਰਾ ਕਾਗਜ਼ ਤੇ ਬੈਂਕ ਦੀ ਕਾਪੀ ਲੈ ਲਾਇਆ। ਸਾਨੂੰ ਬੜੀ ਹੈਰਾਨੀ ਹੋਈ ਕਿ ਬਹਾਦਰ ਨੇ ਉਸ ਨੂੰ ਸੁਨੇਹਾ ਕਿਵੇਂ ਭੇਜਿਆ? ਉਸ ਨੇ ਕਿਹਾ, "ਲੱਲੂ ਸਿੰਘ, ਵਾਰਡਨ ਜਿਹੜਾ ਆਪਣੇ ਆਪ ਨੂੰ ਸਿੱਖ ਤੇ ਹਰੀ ਸਿੰਘ ਨਲੂਏ ਜਰਨੈਲ ਦੀ ਔਲਾਦ ਵਿਚੋਂ ਸਮਝਦਾ ਹੈ, ਉਹ ਮੇਰੇ ਮੁਹੱਲੇ ਦਾ ਹੈ, ਮੈਂ ਉਹਦੇ ਹੱਥ ਸੁਨੇਹਾ ਘੱਲਿਆ ਸੀ"। ਸ. ਕਰਤਾਰ ਸਿੰਘ ਨਾਰੰਗ ਉਸ ਦਿਨ ਬਹੁਤ ਖੁਸ਼ ਸਨ। ਸਾਨੂੰ ਸਾਰਿਆਂ ਨੂੰ ਖੁਸ਼ੀ ਸੀ ਕਿ ਇਕ ਆਦਮੀ ਜ਼ਿੰਦਗੀ ਦੀ ਠੀਕ ਰਾਹ 'ਤੇ ਚੱਲਣ ਲੱਗਾ ਹੈ ਪਰ ਨਾਰੰਗ ਸਾਹਿਬ ਬਾਰ ਬਾਰ ਇਸ ਗੱਲ 'ਤੇ ਜ਼ੋਰ ਦੇਂਦੇ ਸਨ ਕਿ ਇਹ ਆਪਣੀ ਮਿਹਨਤ ਨਾਲ ਤਾਂ ਨਹੀਂ ਨਾ ਕਮਾਉਣ ਲੱਗਾ। ਪੈਸੇ ਤੇ ਫੇਰ ਵੀ ਹਰਾਮ ਦੇ ਹੀ ਹਨ। ਧਰਮਵੀਰ ਸਿੰਘ ਤੇ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਸਾਂ। ਅਸੀਂ ਕਹਿੰਦੇ ਸਾਂ ਕਿ ਪੈਸਾ ਹਰਾਮ ਦਾ ਜਾਂ ਹਲਾਲ ਦਾ ਨਹੀਂ ਹੁੰਦਾ। ਸਾਡੇ ਖਿਆਲ ਅਨੁਸਾਰ, ਇਸ ਵਿਅਕਤੀ ਦੀ ਜ਼ਿੰਦਗੀ ਵਿਚ ਤਬਦੀਲੀ ਲਿਆਉਣ ਵਾਲਾ ਹੀ, ਇਹ ਕੱਟੀ ਜੇਬ ਵਾਲਾ ਪੈਸਾ ਸੀ। ਜੇ ਇਸ ਕੋਲ ਯੱਕਮੁਸ਼ਤ ਏਨਾ ਪੈਸਾ ਨਾ ਆਉਂਦਾ ਤਾਂ ਇਹ ਕਦੀ ਵੀ ਮਕਾਨ ਖਰੀਦਣ ਬਾਰੇ ਨਾ ਸੋਚਦਾ। ਜੇਲ੍ਹ ਤੋਂ ਤਾਰੀਖ 'ਤੇ ਜਾਣ ਲੱਗਿਆਂ, ਇਨ੍ਹਾਂ ਛੋਟੇ ਕੇਸਾਂ ਵਾਲਿਆਂ ਦੀ, ਬੜੀ ਸਖਤ ਤਲਾਸ਼ੀ ਹੁੰਦੀ ਹੈ। ਬੈਂਕ ਦੀ ਕਾਪੀ ਤੇ ਰਜਿਸਟਰੀ ਦੀ ਕਾਪੀ ਦਾ ਜੇ ਕੋਈ ਪੰਗਾ ਪਾ ਬੈਠਾ ਤਾਂ ਅੱਜ ਹੀ ਇਸਦਾ ਬਰੀ ਹੋਣਾ ਔਖਾ ਹੋਵੇਗਾ। ਇਸ ਗੱਲ ਵਾਸਤੇ ਅਸਾਂ ਆਪਣੇ ਵਾਰਡ ਦੇ ਮੁੱਖੀ ਮਿਸਟਰ ਨੇਗੀ ਦੀ ਵੀ ਮਦਦ ਲਈ। ਉਹ ਵੀ ਬੜਾ ਖੁਸ਼ ਸੀ। ਬਹਾਦਰ ਬਾਰ ਬਾਰ ਸਾਨੂੰ ਆਖੇ, ਜੇ ਕਿਸੇ ਹੋਰ ਜੇਬ ਕਤਰੇ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਮੈਂ ਕੰਮ ਛੱਡਣ ਲੱਗਾ ਹਾਂ ਤਾਂ ਇਨ੍ਹਾਂ ਮੈਨੂੰ ਮਾਰ ਦੇਣਾ ਹੈ। ਅਸਾਂ ਮਿਸਟਰ ਨੇਗੀ ਨੂੰ ਵੀ ਗੱਲ ਨੂੰ ਗੁਪਤ ਰੱਖਣ ਲਈ ਆਖਿਆ। ਉਸ ਨੇ ਕਿਹਾ ਫਿਕਰ ਨਾ ਕਰੋ, ਇਹ ਗੱਲ ਖੂਹ ਵਿਚ ਡਿੱਗੀ ਸਮਝੋ।

ਤਾਰੀਖ ਵਾਲੇ ਦਿਨ ਕੁਦਰਤ ਨੇ ਇਕ ਵੱਡਾ ਢੋਅ ਇਹ ਢੁਕਾਇਆ ਕਿ ਧਰਮਵੀਰ ਸਿੰਘ ਦਾ ਜੱਜ ਛੁੱਟੀ 'ਤੇ ਹੋਣ ਕਰਕੇ ਰੀਮਾਂਡ ਵਧਾਉਣ ਵਾਸਤੇ ਧਰਮਵੀਰ ਸਿੰਘ ਨੂੰ ਵੀ ਉਸੇ ਜੱਜ ਅੱਗੇ ਪੇਸ਼ ਕੀਤਾ ਗਿਆ, ਜਿਸ ਅੱਗੇ ਬਹਾਦਰ ਦੀ ਪੇਸ਼ੀ ਸੀ। ਇਹ ਇਕ ਔਰਤ ਜੱਜ ਸੀ ਤੇ ਬਹੁਤ ਸਖਤ ਤੇ ਮਨਮਾਨੀ ਕਰਨ ਵਾਲੀ ਸੀ। ਕਦੀ ਫੈਸਲੇ ਇਹ ਕਾਨੂੰਨ ਤੋਂ ਥੋੜਾ ਪਰ੍ਹਾਂ ਉਰ੍ਹਾਂ ਹੋ ਕੇ ਵੀ ਕਰ ਦੇਂਦੀ ਸੀ ਤੇ ਪੁਲਿਸ ਨੂੰ ਝਾੜ ਵੀ ਪਾ ਦੇਂਦੀ ਸੀ। ਪਰ ਕਈ ਵਾਰ ਮੁਲਜ਼ਮ ਦਾ ਵੀ ਮੱਕੂ ਠੱਪ ਦੇਂਦੀ ਸੀ। ਮਰਜੀ ਦੀ ਮਾਲਕ ਸੀ ਤੇ ਰਾਜਨੀਤਕ ਲੋਕਾਂ ਨੂੰ ਮਿਲ ਕੇ ਲੈਂਦੀ ਸੀ। ਕਿਸੇ ਨੂੰ ਬੰਨਣ ਛੱਡਣ ਲਗਿਆਂ ਕਾਨੂੰਨ ਦਾ ਘੱਟ ਤੇ ਆਪਣੀ ਮਰਜੀ ਦਾ ਵੱਧ ਇਸਤੇਮਾਲ ਕਰਦੀ ਸੀ। ਵਕੀਲ ਬੁਤਾਲੀਏ ਨੂੰ ਡੇਢ ਸੌ ਰੁਪਏ ਧਰਮਵੀਰ ਸਿੰਘ ਨੇ ਆਪਣੀ ਜੇਬ ਵਿਚੋਂ ਦਿੱਤੇ ਤੇ ਕਰਤਾਰ ਸਿੰਘ ਨਾਰੰਗ ਵਾਲੀ ਦਰਖਾਸਤ ਤੇ ਬਾਕੀ ਕਾਗਜ਼ਾਂ ਦੀਆਂ ਫੋਟੋ ਕਾਪੀਆਂ ਕਰਵਾਉਣ ਦੇ ਪੈਸੇ ਵੀ ਧਰਮਵੀਰ ਸਿੰਘ ਨੇ ਦਿੱਤੇ।

ਸ੍ਰੀ ਬੁਤਾਲੀਏ ਵਕੀਲ ਨੇ ਬਹੁਤ ਸੁਹਣੇ ਢੰਗ ਨਾਲ ਬਹਾਦਰ ਦਾ ਕੇਸ ਅਦਾਲਤ

ਅਗੇ ਰਖਿਆ। ਜਦੋਂ ਇਸ ਗੱਲ ਦਾ ਵਰਨਣ ਕੀਤਾ ਕਿ ਇਹ ਜੋੜਾ ਪਸ਼ੂਪਤੀ ਨਾਥ ਦੇ ਮੰਦਰ ਜਾ ਕੇ ਮਾੜੇ ਧੰਦੇ ਛੱਡਣ ਦੀ ਸਹੁੰ ਖਾ ਕੇ ਨੌਕਰੀ ਕਰਨ ਲੱਗ ਪਿਆ ਹੈ। ਪਰ ਫਿਰ ਵੀ ਜੇਲ੍ਹ ਦੀਆਂ ਸੀਖਾਂ ਪਿਛੇ ਹੈ ਤਾਂ ਜੱਜ ਨੇ ਨੈਹਰੀਆਂ ਵੱਟ ਵੱਟ ਕੇ ਪੇਸ਼ੀ 'ਤੇ ਆਏ ਥਾਣੇਦਾਰ ਵੱਲ ਵੇਖਿਆ। ਵੈਸੇ ਉਹ ਇਲਾਕਾ ਮੈਜਿਸਟਰੇਟ ਸੀ ਤੇ ਉਹ ਥਾਣਾ ਉਸੇ ਦੇ ਅਧਿਕਾਰ ਖੇਤਰ ਵਿਚ ਆਉਂਦਾ ਸੀ। ਮਕਾਨ ਦੀ ਰਜਿਸਟਰੀ ਤੇ ਬੈਂਕ ਵਿਚ ਜਮਾਂ ਪੈਸਿਆਂ ਨੂੰ ਬੁਤਾਲੀਆ ਸਾਹਿਬ ਨੇ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਕਮਾਈ ਹੋਈ ਪੂੰਜੀ ਸਾਬਤ ਕਰ ਦਿੱਤਾ ਤੇ ਸ਼ਮਸ਼ਾਨਘਾਟ ਦੀ ਨੌਕਰੀ ਨੂੰ ਵੀ ਮਾੜੇ ਕੰਮ ਛੱਡਣ ਦੀ ਅਧੀਰ ਨਾਲ ਤੁਲਨਾਂ ਕਰਕੇ ਕਾਮਯਾਬੀ ਨਾਲ ਅਦਾਲਤ ਨੂੰ ਉਸ ਜੋੜੇ ਨੂੰ ਨਵੀਂ ਜਿੰਦਗੀ ਜਿਉਣ ਲਈ ਮੌਕਾ ਦੇਣ ਦੀ ਬੇਨਤੀ ਕੀਤੀ। ਜੱਜ ਨੇ ਕਿਹਾ, "ਇਹ ਜੇਬ ਕਤਰੇ ਲੋਕ ਆਪੇ ਹੀ ਫੜ ਹੋ ਕੇ ਸਿਆਲ ਦੇ ਦਿਨਾਂ ਵਿਚ ਜੇਲ੍ਹ ਆ ਜਾਂਦੇ ਹਨ ਤੇ ਗਰਮੀਆਂ ਸ਼ੁਰੂ ਹੋਣ 'ਤੇ ਬਾਹਰ ਜਾਣ ਲਈ ਬੇਨਤੀ ਕਰਦੇ ਹਨ ਤੇ ਵੈਸੇ ਵੀ ਛੇ ਮਹੀਨੇ ਜੇਲ੍ਹ ਵਿਚ ਰਹਿਣ ਤੋਂ ਬਾਅਦ ਇਨ੍ਹਾਂ ਨੂੰ ਰਿਹਾ ਕਰਨਾ ਹੀ ਹੁੰਦਾ ਹੈ ਕਿਉਂਕਿ ਜੇਬ ਕੱਟਣ ਦੀ ਸਜ਼ਾ ਹੀ ਸਾਰੀ ਤਿੰਨ ਮਹੀਨੇ ਹੁੰਦੀ ਹੈ। ਕਈ ਵਾਰ ਜੇ ਇਨ੍ਹਾਂ ਨੂੰ ਸਰਦੀਆਂ ਦੇ ਅੱਧ ਵਿਚ ਛੱਡ ਦੇਈਏ ਤਾਂ ਇਹ ਫਿਰ ਜੇਲ੍ਹ ਆ ਜਾਂਦੇ ਹਨ। ਇਹ ਜੋੜਾ ਚੜ੍ਹਦੇ ਸਿਆਲ ਹੀ ਕਿਉਂ ਜਾਣਾ ਚਾਹੁੰਦਾ ਹੈ?" ਬੁਲਾਤੀਏ ਦੇ ਬੋਲਣ ਤੋਂ ਪਹਿਲਾਂ ਹੀ ਗੋਰਖਣ ਬੋਲ ਪਈ ਕਿ "ਜੀ ਇਹ ਉਦੋਂ ਹੁੰਦਾ ਹੈ, ਜਦੋਂ ਰਹਿਣ ਲਈ ਘਰ ਤੇ ਉਪਰ ਲੈਣ ਲਈ ਰਜਾਈਆਂ ਨਾ ਹੋਣ। ਸਾਡੇ ਕੋਲ ਤਾਂ ਆਪਣਾ ਦੋ ਕਮਰਿਆਂ ਦਾ ਘਰ ਹੈ, ਤੇ ਫੜੇ ਜਾਣ ਤੋਂ ਦੋ ਦਿਨ ਪਹਿਲਾ ਅਸੀਂ ਨਵੀਆਂ ਨਕੋਰ ਰਜਾਈਆਂ ਤਲਾਈਆਂ ਤੇ ਚਾਦਰਾਂ ਸਰ੍ਹਾਣੇ ਲਏ ਹਨ। ਸਾਨੂੰ ਜੇਲ੍ਹ ਵਿਚ ਰਹਿਣ ਦੀ ਕਾਹਦੀ ਲੋੜ ਹੈ?" ਜੱਜ ਇਹ ਸੁਣ ਕੇ ਖੁਸ਼ ਹੋ ਗਈ ਤੇ ਉਸ ਨੇ ਗੋਰਖਣ ਨੂੰ ਛੇੜ ਕੇ ਮਨੋਰੰਜਨ ਦੇ ਖਿਆਲ ਨਾਲ ਪੁਛਿਆ, "ਤੂੰ ਹੋਰ ਕੀ ਕੀ ਲਿਆ ਹੈ, ਘਰ ਵਾਸਤੇ?" ਬਸ ਉਹ ਛਿੜ ਪਈ, ਫਿਰ ਤਵਾ ਪਰਾਤ ਤੋਂ ਲੈ ਕੇ ਚਿਮਟੇ ਤੇ ਲੂਣ ਮਿਰਚ ਪਾਉਣ ਵਾਲੀਆਂ ਪਲਾਸਟਿਕ ਦੀਆਂ ਡੱਬੀਆਂ ਤੇ ਤੀਲਾਂ ਦੀਆਂ ਡੱਬੀਆਂ ਤੱਕ ਸਭ ਕੁਝ ਗਿਣਾ ਦਿੱਤਾ। ਉਸ ਨੇ ਗੈਸ ਵਾਲਾ ਚੁੱਲਾ ਲੈਣ ਦੀ ਆਪਣੀ ਅਗਲੀ ਸੋਚੀ ਹੋਈ ਸਕੀਮ ਵੀ ਜੱਜ ਨੂੰ ਏਦਾਂ ਦੱਸੀ, ਜਿਵੇਂ ਕੋਈ ਔਰਤ ਆਪਣੀ ਭੈਣ ਨੂੰ ਆਪਣੇ ਦਿਲ ਦੀ ਗੱਲ ਦੱਸਦੀ ਹੈ। ਬਰੀ ਤਾਂ ਉਨ੍ਹਾਂ ਹੋ ਹੀ ਜਾਣਾ ਸੀ ਪਰ ਬਹਾਦਰ ਨੇ ਬੇਨਤੀ ਕੀਤੀ ਕਿ ਹੁਣ ਸਾਨੂੰ ਅਗੋਂ ਤੋਂ ਪੁਲਿਸ ਨਾ ਸਤਾਵੇ। ਉਸਦੀ ਇਹ ਗੱਲ ਵੀ ਮੰਨ ਲਈ ਗਈ। ਪਰ ਸਰਕਾਰੀ ਵਕੀਲ ਨੂੰ ਸੁਣ ਕੇ ਹੁਕਮ ਦੀ ਤਾਰੀਖ ਤਿੰਨ ਦਿਨ ਬਾਅਦ ਦੀ ਰੱਖ ਦਿੱਤੀ ਗਈ। ਬਹਾਦਰ ਬਹੁਤ ਖੁਸ਼ ਸੀ। ਸ਼ਾਮ ਨੂੰ ਲੱਲੂ ਸਿੰਘ ਉਰਫ ਨਲੂਆ ਆਇਆ ਤਾਂ ਨਾਰੰਗ ਸਾਹਿਬ ਨੂੰ ਕਹਿਣ ਲੱਗਾ, ਇਸ ਗੋਰਖੇ ਨੇ ਮਕਾਨ ਵੇਚ ਕੇ ਚਲੇ ਜਾਣਾ ਹੈ। ਇਹਦੇ ਵਾਲਾ ਮਕਾਨ ਮੈਨੂੰ ਲੈ ਦਿਓ, ਮੈਂ ਆਪਣੇ ਭਰਾ ਨੂੰ ਪਿੰਡੋਂ ਲਿਆ ਕੇ ਇਥੇ ਵਸਾਉਣਾ ਹੈ। ਅਸੀਂ ਦੋਵੇਂ ਭਰਾ ਇਕ ਮੁਹੱਲੇ ਵਿਚ ਇਕੱਠੇ ਹੋ ਜਾਵਾਂਗੇ। ਨਾਰੰਗ ਸਾਹਿਬ ਨੇ ਸਾਨੂੰ ਦਸਿਆ ਤੇ ਅਸਾਂ ਬਹਾਦਰ ਨੂੰ ਸੱਦ ਕੇ ਉਸ ਮਕਾਨ ਦਾ ਸੌਦਾ ਇਕਤਾਲੀ ਹਜ਼ਾਰ ਦਾ ਕਰਵਾ ਦਿੱਤਾ। ਪੈਸੇ ਨਕਦ ਤੇ ਕਬਜਾ ਵੀ ਉਸੇ ਵੇਲੇ। ਹਜ਼ਾਰ ਰੁਪਏ ਲੱਲੂ ਨੇ ਸਾਈ ਦੇ ਦਿੱਤੀ। ਪਰ ਇਹ ਗੱਲ ਵੀ ਤਹਿ ਹੋਈ ਕਿ ਜੇ ਗੋਰਖਣ ਨਾ ਮੰਨੀ ਤਾਂ ਸਾਈ ਵਾਪਸ ਤੇ ਸੌਦਾ ਕੈਂਸਲ ਸਮਝਿਆ ਜਾਵੇਗਾ। ਲੱਲੂ ਵਾਰਡਨ ਨੂੰ ਬਹਾਦਰ ਦੀ ਮੁਲਾਕਾਤ ਉਹਦੀ ਪਤਨੀ ਗੋਰਖਣ ਨਾਲ ਕਰਵਾਉਣ

ਦਾ ਕੰਮ ਵੀ ਸੌਂਪਿਆ ਗਿਆ। ਉਸਨੇ ਆਪਣਾ ਅਸਰ ਰਸੂਖ ਵਰਤ ਕੇ ਦੋਹਾਂ ਦੀ ਹਸਪਤਾਲ ਲਿਆ ਕੇ ਮੁਲਾਕਾਤ ਕਰਵਾ ਦਿੱਤੀ। ਉਹ ਵੀ ਮੰਨ ਗਈ। ਅਗਲੀ ਤਾਰੀਖ 'ਤੇ ਪੁਲਿਸ ਨੇ ਕੇਸ ਵਾਪਸ ਲੈ ਲਿਆ ਤੇ ਉਹ ਬਰੀ ਹੋ ਗਏ। ਪਰ ਜੱਜ ਨੇ ਅਦਾਲਤ ਵਿਚ ਆਏ ਹੋਏ ਪੱਤਰਕਾਰਾਂ ਨੂੰ ਇਹ ਸਾਰੀ ਗੱਲ ਦੱਸ ਦਿੱਤੀ, ਜੋ ਅਖ਼ਬਾਰਾਂ ਵਿਚ ਛਪ ਗਈ। ਨਾਰੰਗ ਸਾਹਿਬ ਨੇ ਹੀ ਇਹ ਖਬਰ ਸਭ ਤੋਂ ਪਹਿਲਾਂ ਪੜ੍ਹੀ। ਅਸੀਂ ਤਿੰਨੇ ਜਿਹੜੇ ਇਸ ਵਿਚਲੀ ਗੱਲ ਬਾਰੇ ਜਾਣਦੇ ਸਾਂ ਨੂੰ ਇਹ ਸੋਚ ਕੇ ਬੜੀ ਤਸੱਲੀ ਹੋਈ ਕਿ ਬਹਾਦਰ ਹੁਣ ਦੂਜੇ ਜੇਬ ਕਤਰਿਆਂ ਦੇ ਕਾਬੂ ਨਹੀਂ ਆਉਣ ਲੱਗਾ ਕਿਉਂਕਿ ਮਕਾਨ ਵਿਕ ਚੁੱਕਾ ਸੀ। ਉਹ ਜ਼ਰੂਰ ਹੀ ਕਿਤੇ ਹੋਰ ਚਲਾ ਗਿਆ ਹੋਵੇਗਾ। ਜੇਲ੍ਹ ਦੀ ਦੁਨੀਆਂ ਵਿਚ ਕੋਈ ਜੁਰਮ ਛੱਡਣਾ ਵੀ ਚਾਹੇ ਤਾਂ ਫੜੱਕ ਕਰਕੇ ਨਹੀਂ ਛੱਡ ਸਕਦਾ। ਪੰਜਾਬੀ ਦੀ ਕਹਾਵਤ ਹੈ ਰੰਡੀਆਂ ਤਾਂ ਰੰਡੇਪਾ ਕੱਟਣਾ ਚਾਹੁੰਦੀਆਂ ਹਨ ਪਰ ਮੁਸ਼ਟੰਡੇ ਨਹੀਂ ਕੱਟਣ ਦੇਂਦੇ। ਜੁਰਮ ਦੀ ਦੁਨੀਆਂ ਵਿਚ ਦਾਖਲਾ ਬਹੁਤ ਆਸਾਨ ਹੈ ਪਰ ਬਾਹਰ ਨਿਕਲਣਾ ਬਹੁਤ ਔਖਾ।

ਜਬ ਹੋਤੇ ਥੇ ਪੂਤ ਪਠਾਣ ਕੇ

ਜਦੋਂ ਅਸੀਂ ਬਾਰ ਬਾਰ ਵਿਤਕਰੇ ਦਾ ਰੌਲਾ ਪਾਇਆ ਤੇ ਅਦਾਲਤਾਂ ਨੂੰ ਕਈ ਦਰਖਾਸਤਾਂ ਦਿੱਤੀਆਂ ਤਾਂ ਜੇਲ੍ਹ ਵਾਲਿਆਂ ਅੱਕ ਕੇ ਸਾਨੂੰ ਚੌਦਾਂ ਨੰਬਰ ਵਾਰਡ, ਜਿਹੜਾ ਕਿ ਅਸਲ ਬੀ ਕਲਾਸ ਵਾਰਡ ਸੀ ਤੇ ਇਸ ਦੇ ਹਰ ਸੈੱਲ (ਚੱਕੀ) ਨਾਲ ਜੁੜਵਾਂ ਗੁਸਲਖਾਨਾ ਸੀ ਤੇ ਨਾਲ ਛੋਟੇ ਪਾਰਕ ਵੀ ਸਨ, ਜਿਥੇ ਘਾਹ ਤੇ ਫੁੱਲ ਬੂਟੇ ਲੱਗੇ ਹੋਏ ਸਨ, ਰਸੋਈ ਵੱਖਰੀ ਤੇ ਨਾਲ ਖਾਣਾ ਬਣਾ ਕੇ ਰੱਖਣ ਲਈ ਪੈਂਟਰੀ ਤੇ ਰਸੋਈ ਦਾ ਸਟੋਰ ਵੀ ਸੀ, ਵਿਚ ਤਬਦੀਲ ਕਰ ਦਿੱਤਾ। ਇਸੇ ਵਾਰਡ ਵਿਚ ਹੀ ਸ. ਪ੍ਰਕਾਸ਼ ਸਿੰਘ ਬਾਦਲ ਐਮਰਜੈਂਸੀ ਵੇਲੇ ਕੈਦ ਰਹੇ ਸਨ। ਗੁਲਾਬ ਦੇ ਬੂਟੇ ਤੇ ਘਾਹ ਵਗੈਰਾ ਵੀ ਉਨ੍ਹਾਂ ਨੇ ਉਦੋਂ ਆਪ ਹੀ ਬਾਹਰੋਂ ਮੰਗਵਾ ਕੇ ਲਵਾਇਆ ਸੀ ਤੇ ਗੋਡੀ ਵਗੈਰਾ ਵੀ ਉਦੋਂ ਉਹ ਆਪ ਹੀ ਕਰਿਆ ਕਰਦੇ ਸਨ ਤਾਂ ਕਿ ਕੰਮ ਵਿਚ ਰੁਝੇ ਰਹਿਣ ਤੇ ਤਨਹਾਈ ਸੌਖੀ ਕੱਟੀ ਜਾਵੇ।

ਇਸੇ ਵਾਰਡ ਵਿਚ ਹੀ ਮੁਲਾਹਜਾ ਵਾਰਡ ਵੀ ਹੈ, ਜਿਥੇ ਨਵੇਂ ਆਏ ਕੈਦੀ ਨੂੰ ਰੱਖ ਕੇ ਡਾਕਟਰੀ ਮੁਲਾਹਜੇ ਲਈ ਹਸਪਤਾਲ ਲਿਜਾਇਆ ਜਾਂਦਾ ਹੈ ਤੇ ਮੁਲਾਹਜੇ ਤੋਂ ਬਾਅਦ ਹੋਰ ਵਾਰਡ ਵਿਚ ਤਬਦੀਲ ਕੀਤਾ ਜਾਂਦਾ ਹੈ। ਇਕ ਦਿਨ ਅਸੀਂ ਸਵੇਰੇ ਸਵੇਰੇ ਸੌਂ ਕੇ ਉਠੇ ਤਾਂ ਚੱਕੀ (ਸੈੱਲ) ਦਾ ਦਰਵਾਜਾ ਖੁੱਲ੍ਹਣ 'ਤੇ ਇਕ ਮਧਰਾ ਜਿਹਾ ਗਠੀਲੇ ਸਰੀਰ ਵਾਲਾ ਪੰਜਾਬੀ ਹਿੰਦੂ ਅੰਦਰ ਆਇਆ ਤੇ ਸਾਨੂੰ ਪੁਛਿਆ, "ਭਾ ਜੀ ਤੁਸੀਂ ਪੰਜਾਬ ਤੋਂ ਹੋ?" ਸਾਡੇ ਹਾਂ ਕਹਿਣ 'ਤੇ ਉਸ ਨੇ ਜ਼ਿਲਾ ਪੁਛਿਆ ਤੇ ਮੈਂ ਜਲੰਧਰ ਦੱਸਿਆ ਤਾਂ ਉਸਦਾ ਚਿਹਰਾ ਖੁਸ਼ੀ ਨਾਲ ਲਾਲ ਹੋ ਗਿਆ। ਉਸ ਨੇ ਆਪਣਾ ਨਾਂ ਹਰਬੰਸ ਲਾਲ ਭਲਵਾਨ ਦੱਸਿਆ। ਅਸਾਂ ਕਾਰੋਬਾਰ ਪੁਛਿਆ ਤਾਂ ਉਸ ਨੇ ਦੱਸਿਆ ਕਿ ਮੇਰੀ ਉਥੇ ਇਕ ਸੱਤ ਕੁ ਸੌ ਮੱਝ ਦੀ ਡੇਅਰੀ ਸੀ, ਨਾਲੇ ਮਾੜੇ ਮੋਟੇ ਹੋਰ ਧੰਦੇ ਸਨ, ਪਰ ਹੁਣ ਮੈਨੂੰ ਤਿੰਨ ਚਾਰ ਸਾਲ ਹੋ ਗਏ ਆ ਇੰਗਲੈਂਡ ਗਏ ਨੂੰ ਤੇ ਉਥੋਂ ਹੀ ਸਿੱਧਾ ਜੇਲ੍ਹ ਆਇਆਂ ਹਾਂ। ਅਸਾਂ ਉਸ ਦੇ ਸਿੱਧਾ ਜੇਲ੍ਹ ਆਉਣ ਦਾ ਸਬੱਬ ਪੁੱਛਿਆ ਤੇ ਉਸ ਨੇ ਕਿਹਾ ਮੇਰਾ ਭਰਾ ਤੇ ਮੇਰਾ ਧਰਮ ਦਾ ਭਰਾ ਬਣਿਆ ਹੋਇਆ ਇਕ ਥਾਣੇਦਾਰ ਦੋਵੇਂ ਹੀ ਸ਼ਰਾਬ ਪੀ ਰਹੇ ਸਨ। ਮਹਿੰਦਰ ਸਿੰਘ ਥਾਣੇਦਾਰ ਮੈਨੂੰ ਸਕੇ ਭਰਾਵਾਂ ਤੋਂ ਵੀ ਵੱਧ ਕੇ ਸੀ। ਸ਼ਰਾਬ ਪੀਂਦਿਆਂ ਪੀਂਦਿਆਂ ਮੇਰੇ ਭਰਾ ਦੇ ਮੂੰਹੋਂ ਨਿਕਲ ਗਿਆ, "ਮੈਨੂੰ ਪੈੱਗ ਘੱਟ ਪਾਵੀਂ, ਮੈਂ ਸਵੇਰ ਤੱਕ ਦਿੱਲੀ ਪਹੁੰਚਣਾ ਹੈ, ਭਲਵਾਨ

ਹਰਬੰਸ ਲਾਲ ਇੰਗਲੈਂਡ ਤੋਂ ਆ ਗਿਆ ਹੈ, ਉਹਨੂੰ ਲੈਣ ਜਾਣਾ ਹੈ।'' ਗੱਲਾਂ ਗੱਲਾਂ ਵਿਚ ਹੀ ਉਹਨੇ ਹੋਟਲ ਦਾ ਕਮਰਾ ਵਗੈਰਾ ਵੀ ਦੱਸ ਦਿੱਤਾ। ਮੇਰਾ ਭਰਾ ਤਾਂ ਸਗੋਂ ਲੇਟ ਪਹੁੰਚਿਆ ਪਰ ਯਾਰ ਬਣਿਆ ਕਲਯੁਗੀ ਥਾਣੇਦਾਰ ਮਹਿੰਦਰ ਸਿੰਘ ਪਹਿਲਾਂ ਹੀ ਪਹੁੰਚ ਗਿਆ ਤੇ ਮੈਨੂੰ ਸੁੱਤੇ ਪਏ ਨੂੰ ਹੀ ਗ੍ਰਿਫਤਾਰ ਕਰ ਲਿਆ। ਮੇਰਾ ਇਕ ਵੱਡਾ ਕੇਸ ਦਿੱਲੀ ਦਾ ਵੀ ਸੀ, ਇਸ ਲਈ ਪੰਜਾਬ ਭੇਜਣ ਦੀ ਥਾਂ ਮੈਨੂੰ ਤਿਹਾੜ ਜੇਲ੍ਹ ਭੇਜ ਦਿੱਤਾ ਤੇ ਹੁਣ ਮੈਂ ਤੁਹਾਡੇ ਸਾਹਮਣੇ ਖੜਾ ਹਾਂ। ਉਸ ਦੀ ਇਹ ਗੱਲ ਸੁਣ ਕੇ ਇਕ ਸਿੱਖ ਮਿੱਤਰ ਮਾਰ ਥਾਣੇਦਾਰ ਨਾਲ ਸਾਨੂੰ ਬੜੀ ਘ੍ਰਿਣਾ ਹੋਈ। ਪਰ ਪੁਲਸੀਆ ਕਿਸੇ ਦਾ ਯਾਰ ਕਦੋਂ ਹੁੰਦਾ ਹੈ, ਪਹਿਲਾਂ ਤਾਂ ਉਹ ਪੁਲਸੀਆ ਹੀ ਹੁੰਦਾ ਹੈ। ਹਰਬੰਸ ਲਾਲ ਦੀ ਇਹ ਗੱਲ ਸੁਣ ਕੇ ਉਸ ਨਾਲ ਸਾਡੀ ਹਮਦਰਦੀ ਜਿਹੀ ਹੋ ਜਾਣੀ ਕੁਦਰਤੀ ਸੀ। ਕਿਉਂਕਿ ਵਿਚਾਰਾ ਮਿੱਤਰ ਮਾਰ ਦਾ ਸ਼ਿਕਾਰ ਹੋਇਆ ਸੀ। ਇਥੇ ਮੈਨੂੰ ਪੰਜਾਬੀ ਦਾ ਇਕ ਲੋਕ ਗੀਤ ਯਾਦ ਆ ਗਿਆ, ਜੋ ਇਸ ਗੱਲ 'ਤੇ ਬੜਾ ਢੁਕਦਾ ਹੈ-

ਸ਼ਾਹਾਂ ਦਾ ਕਰਜ਼ ਬੁਰਾ, ਜਿਗਰ ਦਾ ਦਰਦ ਬੁਰਾ
ਫੱਕਰ ਦੀ ਮਾਰ ਬੁਰੀ, ਬੇਗਾਨੀ ਨਾਰ ਬੁਰੀ
ਮਿੱਤਰਾਂ ਦੇ ਗਲ 'ਤੇ ਜੋ ਹੱਥ ਧਰਦਾ
ਸਭ ਤੋਂ ਬੁਰਾ ਜੋ ਯਾਰ ਮਾਰ ਕਰਦਾ
ਮਾੜੇ ਤੋਂ ਨਾ ਮੋੜਿਆ ਜਾਂਦਾ ਉਧਾਰ ਹੈ
ਹਰ ਵੇਲੇ ਰਹਿੰਦਾ ਚੜ੍ਹਿਆ ਬੁਖਾਰ ਹੈ
ਸ਼ਾਹੂਕਾਰ ਸਖਤ ਬੁਰਾ, ਹੁੰਦਾ ਉਹ ਵਕਤ ਬੁਰਾ
ਪੈਸਿਆਂ ਨੂੰ ਸੇਠ ਜਦ ਦਰਾਂ 'ਤੇ ਖੜਦਾ
ਪਰ ਸਭ ਤੋਂ ਬੁਰਾ ਜੋ ਯਾਰ ਮਾਰ ਕਰਦਾ
ਮਾਰੇ ਹੋਏ ਸੋਹਣੀਆ ਨਾਰਾਂ ਦੇ ਪਿਆਰ ਦੇ
ਪੁੱਤ ਸਰਦਾਰਾਂ ਦੇ ਕਈ ਮੱਝਾਂ ਚਾਰਦੇ
ਹੁੰਦੀ ਹੈ ਹਾਰ ਬੁਰੀ, ਅੱਖ ਦੀ ਮਾਰ ਬੁਰੀ,
ਚੰਗੇ ਭਾਗਾਂ ਵਾਲਾ ਕੋਈ ਇਹਨੂੰ ਜਰਦਾ
ਪਰ ਸਭ ਤੋਂ ਬੁਰਾ ਜੋ ਯਾਰ ਮਾਰ ਕਰਦਾ
ਡੁੱਬੇ ਨਾ ਕਈ ਬਈ ਸੰਤਾਂ ਦਾ ਤਾਰਿਆ
ਬਚੇ ਨਾ ਧੁਰੋਂ ਕੋਈ ਸਾਧਾਂ ਦਾ ਮਾਰਿਆ
ਪੁੱਤਰ ਅਜ਼ਾਦ ਬੁਰਾ, ਗੁੱਸੇ ਵਿਚ ਸਾਧ ਬੁਰਾ
ਉਸ ਵੇਲੇ ਸਾਧ ਕੋਲੋਂ ਰੱਬ ਡਰਦਾ
ਪਰ ਸਭ ਤੋਂ ਬੁਰਾ ਜੋ ਯਾਰ ਮਾਰ ਕਰਦਾ।

ਉਸ ਨੇ ਮੈਨੂੰ ਕਿਹਾ, ''ਮੈਂ ਤੁਹਾਨੂੰ ਕਿਤੇ ਵੇਖਿਆ ਜ਼ਰੂਰ ਹੈ।'' ਮੇਰੇ ਦਿਮਾਗ਼ ਵਿਚ ਵੀ ਐਸੇ ਹੀ ਵਿਚਾਰ ਸਨ ਪਰ ਮੈਨੂੰ ਯਾਦ ਨਹੀਂ ਸੀ ਆਉਂਦਾ ਕਿ ਇਹ ਕੌਣ ਹੈ ਤੇ ਮੈਂ ਇਸ ਨੂੰ ਕਿਉਂ ਤੇ ਕਿਥੇ ਮਿਲਿਆ ਸਾਂ। ਫਿਰ ਮੈਂ ਕਿਹਾ ਇਕ ਤੁਹਾਡੇ ਵਰਗੇ ਸੱਜਣ ਇੰਡਸਟਰੀਅਲ ਏਰੀਏ ਡੇਅਰੀ ਵਾਲੇ ਹਨ, ਉਨ੍ਹਾਂ ਕੋਲੋਂ ਮੈਂ ਕੁਝ ਪੈਸੇ ਲੈਣੇ ਸਨ, ਮੇਰਾ ਡਰਾਈਵਰ ਉਨ੍ਹਾਂ ਦੀ ਡੇਅਰੀ 'ਤੇ ਰੋਜ਼ ਦੀਆਂ ਤਿਨ-ਤਿਨ, ਚਾਰ-ਚਾਰ ਟਰਾਲੀਆਂ ਪੱਠੇ

ਸੁੱਟਦਾ ਰਿਹਾ ਪਰ ਮੇਰੇ ਕੋਲੋਂ ਪੈਸੇ ਲੈਣ ਨਾ ਜਾਇਆ ਗਿਆ। ਸਾਡਾ ਕੋਈ ਬਾਈ ਹਜ਼ਾਰ ਦੇ ਕਰੀਬ ਰੁਪਈਆ ਬਣਦਾ ਸੀ। ਕਈ ਲੋਕਾਂ ਮੈਨੂੰ ਆਖਿਆ, ਉਹ ਤੇ ਬੜਾ ਤਕੜਾ ਬਦਮਾਸ਼ ਹੈ, ਪੈਸੇ ਸ਼ਾਇਦ ਨਾ ਹੀ ਦੇਵੇ ਪਰ ਮੈਂ ਪੱਠਿਆਂ ਵਾਲੇ ਆੜ੍ਹਤੀ ਨੂੰ ਨਾਲ ਲੈ ਕੇ ਗਿਆ ਤੇ ਉਹਨੇ ਝੱਟ ਬਾਈ ਹਜ਼ਾਰ ਸੱਤ ਸੌ ਰੁਪਏ ਮੇਰੇ ਹੱਥ ਫੜਾ ਦਿੱਤੇ। ਮੇਰੇ ਨਾਲ ਤੇ ਉਹ ਵਿਚਾਰਾ ਬੜਾ ਚੰਗਾ ਵਰਤਿਆ ਪਰ ਕਈ ਲੋਕ ਦੱਸਦੇ ਸੀ ਪਈ ਉਹ ਸਮਗਲਰ ਬੜਾ ਤਕੜਾ ਹੈ ਤੇ ਗਿਆਨੀ ਜ਼ੈਲ ਸਿੰਘ ਜਦੋਂ ਗ੍ਰਹਿ ਮੰਤਰੀ ਸੀ ਇਹਦੀ ਮਰਸਡੀਜ਼ ਕਾਰ ਵਿਚ ਹੀ ਆਦਮਪੁਰ ਹਵਾਈ ਅੱਡੇ ਤੋਂ ਜਲੰਧਰ ਆਇਆ ਸੀ। ਭਾਵੇਂ ਕਈ ਮੰਤਰੀ ਤੇ ਕਮਿਸ਼ਨਰ, ਡਿਪਟੀ ਕਮਿਸ਼ਨਰ ਉਹ ਨੂੰ ਲੈਣ ਉਥੇ ਗਏ ਹੋਏ ਸਨ। ਤੁਹਾਡਾ ਮੜੰਗਾ ਮੈਨੂੰ ਉਹਨਾਂ ਵਰਗਾ ਲੱਗਦਾ ਹੈ ਪਰ ਤੁਸੀਂ ਤਾਂ ਭਲੇ ਮਾਣਸ ਓ, ਓਹ ਤੇ ਦੱਸਦੇ ਆ ਬੜਾ ਵੱਡਾ ਬਦਮਾਸ਼ ਤੇ ਸਮਗਲਰ ਹੈ।

ਮੈਂ ਧਿਆਨ ਨਾਲ ਉਹਦੇ ਮੂੰਹ ਵੱਲ ਵੇਖਿਆ ਤਾਂ ਉਹ ਪਹਿਲਾਂ ਵਰਗਾ ਖੁਸ਼ ਜਿਹਾ ਨਾ ਲੱਗਾ। ਫਿਰ ਉਸ ਨੇ ਆਪ ਹੀ ਆਖਿਆ, "ਭਾਅ ਜੀ ਤੁਸੀਂ ਮੈਨੂੰ ਪਛਾਣ ਤਾਂ ਬਿਲਕੁਲ ਸਹੀ ਲਿਆ ਹੈ ਪਰ ਮੈਨੂੰ ਬਦਮਾਸ਼ ਬੜੀ ਵਾਰ ਆਖਿਐ"। ਫਿਰ ਉਹ ਮੈਨੂੰ ਜੱਫੀ ਪਾ ਕੇ ਮਿਲਿਆ। ਮੈਂ ਆਪਣੀ ਕੀਤੀ ਬਦਕਲਾਮੀ ਦੀ ਮੁਆਫੀ ਮੰਗੀ ਤੇ ਮਾਹੌਲ ਨੂੰ ਖੁਸ਼ਗਵਾਰ ਕਰਨ ਲਈ ਕਿਹਾ, "ਵੇਖ ਲਓ ਫਿਰ ਮੈਂ ਆਪਣੇ ਭਾਅ ਨੂੰ ਪਛਾਣ ਤੇ ਲਿਆ ਹੀ ਨਾ! ਰਹੀ ਬਦਮਾਸ਼ੀ ਵਾਲੀ ਗੱਲ ਤੇ ਸਾਨੂੰ ਤੇ ਭਰਾਵਾਂ ਅਗਲੇ ਅੱਤਵਾਦੀ ਆਂਹਦੇ ਆਂ ਤੇ ਤੈਨੂੰ ਪਤੈ ਅੱਤਵਾਦੀ ਬਦਮਾਸ਼ ਤੋਂ ਵੱਡੇ ਹੁੰਦੇ ਆ।" ਮੈਂ ਇਹ ਗੱਲ ਸਿਰਫ ਆਪਣੀ ਬਦਕਲਾਮੀ ਦੀ ਨਮੋਸ਼ੀ ਮਿਟਾਉਣ ਲਈ ਕਰ ਰਿਹਾ ਸਾਂ ਪਰ ਮਤਲਬ ਇਸ ਤਰ੍ਹਾਂ ਨਿਕਲ ਰਿਹਾ ਸੀ, ਜਿਵੇਂ ਬਦਮਾਸ਼ ਬੀ. ਏ. ਹੁੰਦੇ ਹਨ ਤੇ ਅੱਤਵਾਦੀ ਪੀ ਐਚ ਡੀ। ਫੇਰ ਉਹ ਕਹਿਣ ਲੱਗਾ ਮੈਂ ਆਪਣੀ ਜ਼ਿੰਦਗੀ ਵਿਚ ਬੜੀ ਵੱਡੀ ਸਮਗਲਿੰਗ ਕੀਤੀ ਆ ਤੇ ਹੁਣ ਅੱਤਵਾਦੀਆਂ ਵਾਲੀ ਗੱਲ ਸੁਣ ਲਓ, "ਮੈਨੂੰ 'ਭਾਊਆਂ' ਆਖਿਆ, ਬਲਵਾਨ ਤੈਨੂੰ ਤਾਂ ਮੰਨੀਏ ਜੇ ਪੰਜ ਸਪਰਿੰਗ ਫੀਲਡ ਰਾਈਫਲਾਂ ਤੇ ਨਾਲ ਉਨ੍ਹਾਂ ਦਾ ਅਸਲਾ ਵੀ ਲਿਆ ਕੇ ਦੇਵੇਂ, ਲੋੜ ਬੜੀ ਆ।" ਮੈਂ ਕਿਹਾ "ਗੋਲੀਆਂ ਕਿੰਨੇ ਕਿਲੋ?" ਉਹਨਾਂ ਹਿਸਾਬ ਲਾ ਕੇ ਦੱਸਿਆ ਤੇ ਮੈਂ ਕਿਹਾ "ਗਿਣਤੀ ਦੀ ਪਾਬੰਦੀ ਨਾ ਲਾਓ ਸਪਰਿੰਗ ਫੀਲਡਾਂ ਦਾ ਤੇ ਗੋਲੀਆਂ ਦਾ ਵਜ਼ਨ ਬਰਾਬਰ ਕਰਕੇ ਲਿਆ ਦਊਗਾ।" ਉਨ੍ਹਾਂ ਕਿਹਾ, "ਚੰਗਾ"। "ਰਾਈਫਲਾਂ ਤੇ ਸਿਰਫ ਤਿੰਨ ਹੀ ਮੈਨੂੰ ਲੱਭੀਆਂ, ਪਰ ਗੋਲੀਆਂ ਮੈਂ ਸੱਤਰ ਕਿਲੋ ਲਿਆ ਦਿੱਤੀਆਂ। ਮੈਂ ਕਿਹਾ ਤੋਲ ਕੇ ਵੇਖ ਲਓ ਪੰਜ ਕਿਲੋ ਭਾਰ ਵੱਧ ਈ ਆ।" ਦਾਰੂ ਸਿੱਕੇ ਦੀਆਂ ਨੰਗੀਆਂ ਚਿੱਟੀਆਂ ਗੱਲਾਂ ਅਸਾਂ ਅਗੇ ਕਦੇ ਏਦਾਂ ਨਹੀਂ ਸੀ ਸੁਣੀਆਂ, ਜਿਵੇਂ ਉਹ ਸੁਣਾ ਰਿਹਾ ਸੀ। ਗੋਲੀਆਂ ਦੀ ਗੱਲ ਤਾਂ ਉਹ ਏਦਾਂ ਕਰ ਰਿਹਾ ਸੀ, ਜਿਵੇਂ ਉਹਨੇ ਸੱਤਰ ਕਿਲੋ ਠਾਹ ਚੱਲਣ ਵਾਲੀਆਂ ਗੋਲੀਆਂ ਨਹੀਂ ਸਗੋਂ ਮਿੱਠੀਆਂ ਖੰਡ ਦੀਆਂ ਗੋਲੀਆਂ ਲਿਆ ਕੇ ਦਿੱਤੀਆਂ ਹੋਣ। ਸਾਡੇ ਲਈ ਉਹਦੀਆਂ ਇਹ ਗੱਲਾਂ ਬਹਾਦਰੀ ਦੀਆਂ ਘੱਟ ਤੇ ਸਾਡੀ ਜਸੂਸੀ ਕਰਕੇ ਸਾਨੂੰ ਫਸਾਉਣ ਵਾਲੀਆਂ ਜ਼ਿਆਦਾ ਲੱਗ ਰਹੀਆਂ ਸਨ। ਫਿਰ ਉਹਨੇ ਫੁੰਮਣ ਸਿੰਘ ਡਿਪਟੀ ਜੇਲ੍ਹਰ ਦੇ ਆਪਣਾ ਯਾਰ ਹੋਣ ਦੀ ਗੱਲ ਵੀ ਬੜੇ ਅਜੀਬ ਢੰਗ ਵਿਚ ਸੁਣਾਈ। ਉਹ ਕਹਿਣ ਲੱਗਾ, ਪੰਜੱਤਰ ਦੀ ਐਮਰਜੰਸੀ ਵੇਲੇ ਮੈਨੂੰ ਐਨ.ਐਸ.ਏ, ਥੱਲੇ ਫੜ ਲਿਆ। ਪੁਲਿਸ ਮੈਨੂੰ ਜਲੰਧਰ ਜੇਲ੍ਹ ਛੱਡਣ ਗਈ ਤੇ ਅਗੋਂ ਡਿਪਟੀ ਫੁੰਮਣ ਸਿੰਘ

ਮੇਰਾ ਯਾਰ ਮਿਲ ਪਿਆ। ਮੈਂ ਜਦੋਂ ਬਾਰੀ ਥਾਣੀਂ ਲੰਘਣ ਲੱਗਾ ਤਾਂ ਉਹਨੇ ਮੇਰੇ ਕੰਨ ਵਿਚ ਕਿਹਾ, "ਓਏ ਬਲਵਾਨ ਹੋਸ਼ ਕਰ, ਸਾਡਾ ਯਾਰ ਹੋ ਕੇ ਬੱਕਰੀਆਂ ਵਾਂਗ ਮੋਰੀਆਂ ਥਾਣੀ ਅੰਦਰ ਜਾਣ ਲੱਗੋਂ, ਮੈਂ ਕਾਹਦੇ ਲਈ ਆ? ਤੇਰੀ ਐਨ.ਐਸ.ਏ. ਤੇ ਨਹੀਂ ਤੋੜ ਸਕਦਾ ਪਰ ਤੈਨੂੰ ਪੂਰਾ ਗੇਟ ਚੌੜ ਚਪੱਟ ਖੋਲ੍ਹ ਕੇ ਤੇ ਲੰਘਾ ਈ ਸਕਦਾਂ।" ਉਹਨੇ ਸੰਤਰੀ ਨੂੰ ਹੁਕਮ ਦਿੱਤਾ, "ਵੱਡਾ ਗੇਟ ਖੋਲ੍ਹ ਦੇ ਓਏ" ਗੇਟ ਝੱਟ ਖੁੱਲ੍ਹ ਗਿਆ ਤੇ ਮੈਂ ਬੜੀ ਆਕੜ ਨਾਲ ਜੇਲ੍ਹ ਅੰਦਰ ਦਾਖਲ ਹੋਇਆ, ਲੈ ਬਈ ਬੜਾ ਅਨੰਦ ਬੱਝਾ। ਮੈਨੂੰ ਝੱਟ ਆਪਣੇ ਪੁੱਤ ਦਾ ਖਿਆਲ ਆ ਗਿਆ, ਜਦੋਂ ਬਹੁਤ ਜ਼ਿਆਦਾ ਪੁਲਿਸ ਦੇ ਮੇਰੇ ਘਰ ਨੂੰ ਘੇਰਾ ਪਾਉਣ ਦਾ ਉਸ ਨੂੰ ਬੜਾ ਮਜ਼ਾ ਆਇਆ ਸੀ ਤੇ ਉਹ ਇਸ ਘਟਨਾ ਨੂੰ ਸਾਰੇ ਪਰਿਵਾਰ ਦੀ ਸ਼ਾਨ ਸਮਝਦਾ ਸੀ। ਮਨੁੱਖੀ ਮਨੋਵਿਗਿਆਨ ਕਿੰਨਾ ਵਚਿੱਤਰ ਹੈ। ਸਮਾਜ ਵਿਚ ਜੀਣ ਲਈ ਉਹ ਮਾੜੀਆਂ ਘਟਨਾਵਾਂ ਨੂੰ ਵੀ ਆਪਣੇ ਲਈ ਫਾਇਦੇਮੰਦ ਬਿਆਨ ਕਰਦਾ ਹੈ ਤੇ ਬੜਾ ਫਖਰ ਮਹਿਸੂਸ ਕਰਦਾ ਹੈ। ਪਰ ਇਕ ਕਮਜ਼ੋਰ ਸਮਾਜ ਵੀ ਹੈ, ਜਿਸਦਾ ਰੂਪ ਭਾਰਤੀ ਫਿਲਮਾਂ ਵਿਚ ਵੇਖਣ ਨੂੰ ਮਿਲਦਾ ਹੈ। ਪਤਨੀ ਆਪਣੇ ਪਤੀ ਨੂੰ ਨਿਰਦੋਸ਼ ਵੀ ਕਹਿੰਦੀ ਹੈ ਤੇ ਨਾਲ ਰੋ ਰੋ ਕੇ ਇਹ ਵੀ ਆਖੀ ਜਾਂਦੀ ਹੈ ਕਿ, "ਮੈਂ ਯਹ ਬਰਦਾਸ਼ਤ ਨਹੀਂ ਕਰ ਸਕਤੀ ਕਿ ਮੇਰੇ ਪੇਟ ਮੇਂ ਪਲ ਰਹਾ ਜੋ ਆਪਕਾ ਬੱਚਾ ਹੈ, ਜਬ ਵੋਹ ਬੜਾ ਹੋ ਜਾਏਗਾ ਔਰ ਕਾਲਜ ਜਾਨੇ ਲਗੇਗਾ ਤੋ ਲੋਗ ਉਸ ਕੋ ਕਾਤਲ ਕਾ ਬੇਟਾ ਕਹੇਂ।" ਪਤੀ ਕਹਿੰਦਾ ਹੈ, "ਤੋ ਕਯਾ ਮੈਂ ਅਪਨੀ ਆਖੋਂ ਕੇ ਸਾਹਮਨੇ ਅਪਨੀ ਬਹਿਨ ਕਾ ਬਲਾਤਕਾਰ ਹੋਤੇ ਦੇਖਤਾ?"

ਇਹ ਕਿਸ ਤਰ੍ਹਾਂ ਦੇ ਬੇਵਕੂਫਾਂ ਤੇ ਉੱਲੂਆਂ ਦੇ ਪੱਠਿਆਂ ਦੀਆਂ ਬਣਾਈਆਂ ਹੋਈਆਂ ਫਿਲਮਾਂ ਹਨ, ਜਿਹੜੀਆਂ ਕਾਨੂੰਨ ਦੀ ਪਰਿਭਾਸ਼ਾ ਤੋਂ ਵੀ ਦੋ ਹੱਥ ਅਗਾਂਹ ਨਿਕਲ ਜਾਂਦੀਆਂ ਹਨ। ਕਾਨੂੰਨਨ ਵੀ, ਆਪਣੀ ਹਿਫਾਜ਼ਤ ਦੇ ਨਾਂ ਥੱਲੇ, ਜਿਥੇ ਕੋਈ ਕਿਸੇ ਦੀ ਜਾਇਦਾਦ ਵਿਚ ਆ ਵੜੇ ਜਾਂ ਉਸ ਨੂੰ ਜਾਨੀ ਨੁਕਸਾਨ ਪਹੁੰਚਾਉਣ ਜਾਂ ਉਸਦੀ ਮਾਂ, ਭੈਣ, ਪਤਨੀ ਅਤੇ ਧੀ ਦੀ ਇਜ਼ਤ ਲੁੱਟਣ ਦੀ ਬੁਰੀ ਖਾਹਿਸ਼ ਨਾਲ ਕੋਈ ਵੀ ਕਾਰਵਾਈ ਕਰੇ ਤਾਂ ਉਸ ਦਾ ਕਤਲ, ਕਤਲ ਨਹੀਂ ਸਮਝਿਆ ਜਾਂਦਾ ਸਗੋਂ ਉਸਦਾ ਪਵਿੱਤਰ ਫਰਜ਼ ਸਮਝ ਕੇ ਅਦਾਲਤ ਦੁਆਰਾ ਬਾਇਜ਼ਤ ਬਰੀ ਕਰ ਦਿੱਤਾ ਜਾਂਦਾ ਹੈ। ਹੁਣ ਦੇਖਿਆ ਜਾਵੇ ਤਾਂ ਹਰਬੰਸ ਲਾਲ ਦਾ ਜੇਲ੍ਹ ਅੰਦਰ ਜਾਣਾ, ਭਾਵੇਂ ਛੋਟੀ ਬਾਰੀ ਥਾਣੀ ਤੇ ਭਾਵੇਂ ਵੱਡੇ ਗੇਟ ਥਾਣੀ, ਇਕੋ ਜਿਹਾ ਹੀ ਅਰਥ ਰੱਖਦਾ ਹੈ ਤੇ ਉਹ ਹੈ ਉਸਦਾ ਜੇਲ੍ਹ ਦੇ ਅੰਦਰ ਦਾਖਲਾ। ਕਈ ਵਾਰ ਲੋਕ ਆਪਣੇ ਰਿਸ਼ਤੇਦਾਰ ਦਾ ਆਪਣੇ ਘਰ ਆਉਣ ਦਾ ਬਿਆਨ ਇਸ ਤਰ੍ਹਾਂ ਕਰਨਗੇ, ਜਿਸ ਵਿਚ ਆਉਣ ਵਾਲੇ ਦੀ ਅਮੀਰੀ ਤੇ ਉਨ੍ਹਾਂ ਦੀ ਸ਼ਾਨ ਦਾ ਵਾਧਾ, ਇਕ ਹੀ ਘਟਨਾ ਵਿਚ ਬਿਆਨ ਹੋਵੇ। ਕਹਿਣਗੇ, "ਰਾਤ ਦੇ ਦੱਸ ਵਜੇ, ਓਧਰੋਂ ਅਸੀਂ ਸੌਣ ਲੱਗੇ ਤੇ ਓਧਰੋਂ ਮੇਰੀ ਭੈਣ ਤੇ ਭਣਵੱਈਆ ਮਰਸਡੀਜ਼ ਕਾਰ 'ਤੇ ਆ ਗਏ। ਜਦੋਂ ਉਨ੍ਹਾਂ ਕਾਰ ਦਾ ਹਾਰਨ ਵਜਾਇਆ ਤਾਂ ਗਵਾਂਢੀਆਂ ਆ ਕੇ ਦੱਸਿਆ ਕਿ ਤੁਹਾਡੇ ਘਰ ਪ੍ਰਾਹੁਣੇ ਆਏ ਹਨ ਤੇ ਤੁਸੀਂ ਦਰਵਾਜਾ ਹੀ ਨਹੀਂ ਖੋਲ੍ਹਿਆ। ਉਹ ਕਦੋਂ ਦੇ ਮਰਸਡੀਜ਼ ਦਾ ਹਾਰਨ ਵਜਾਈ ਜਾਂਦੇ ਹਨ। ਏਥੇ ਆਉਣ ਵਾਲੇ ਪ੍ਰਾਹੁਣਿਆਂ ਨਾਲੋਂ ਮਰਸਡੀਜ਼ ਕਾਰ ਵੱਧ ਮਹੱਤਵ ਰੱਖਦੀ ਹੈ, ਵੱਡਾ ਗੇਟ ਖੁੱਲਣਾ ਵੱਧ ਮਹੱਤਵ ਰੱਖਦਾ ਹੈ, ਬਹੁਤ ਜ਼ਿਆਦਾ ਪੁਲਿਸ ਦਾ ਘੇਰਾ ਪਾਉਣਾ ਵੱਧ ਮਹੱਤਵਪੂਰਨ ਹੈ। ਘਟਨਾ ਦੇ ਤੌਰ 'ਤੇ ਘੇਰਾ ਭਾਵੇਂ ਇਕ ਸਿਪਾਹੀ ਦਾ ਹੋਵੇ, ਜੇਲ੍ਹ ਅੰਦਰ ਦਾਖਲ ਹੋਣਾ, ਭਾਵੇਂ ਦੋ ਫੁੱਟ ਜ਼ਰਬ ਦੋ ਫੁੱਟ ਥਾਂ ਥਾਣੀ

ਹੋਵੇ ਤੇ ਪ੍ਰਾਹੁਣੇ ਦਾ ਘਰ ਆਉਣਾ ਭਾਵੇਂ ਪੈਦਲ ਨੰਗੇ ਪੈਰੀਂ ਹੀ ਕਿਉਂ ਨਾ ਹੋਵੇ, ਇਕ ਬਰਾਬਰ ਹੈ। ਇਸੇ ਤਰ੍ਹਾਂ ਹੀ ਜੇਲ੍ਹ ਵਿਚ ਜੁਰਮ ਕਰਕੇ ਆਇਆਂ ਦਾ ਕੋਈ ਪੈਮਾਨਾ ਨਹੀਂ, ਜਿਹੜਾ ਉਸਦੀ ਮੈਰਿਟ ਤਿਆਰ ਕਰ ਸਕਦਾ ਹੋਵੇ ਪਰ ਫਿਰ ਵੀ ਪਾਰਲੀਮੈਂਟ ਉਡਾਉਣ ਦੀ ਸਾਜ਼ਿਸ਼ ਆਪਣੇ ਆਪ ਵਿਚ ਹੀ ਇਕ ਮੈਰਿਟ ਸੀ, ਜਿਹੜੀ ਸਾਨੂੰ ਜੇਲ੍ਹ ਵਿਚ ਆਕੜ ਕੇ ਜੀਣ ਲਈ ਪ੍ਰੇਰਤ 'ਤੇ ਮਜ਼ਬੂਰ ਕਰਦੀ ਸੀ।

ਮੈਂ ਇਕ ਵਾਰ ਭਾਖੜਾ ਡੈਮ ਵੇਖਣ ਗਿਆ। ਉਸ ਦੀ ਸਭ ਤੋਂ ਉਪਰਲੀ ਗਰਿਲ ਉੱਤੇ ਜਿਹੜੀ ਰੇਲਿੰਗ ਲੱਗੀ ਸੀ, ਉਹ ਪੂਰੀ ਛਤੀਰੀ ਹੀ ਰੱਖੀ ਹੋਈ ਸੀ। ਮੈਂ ਉਥੇ ਇਕ ਇੰਜੀਨੀਅਰ ਨੂੰ ਪੁਛਿਆ, "ਏਡੀ ਵੱਡੀ ਰੇਲਿੰਗ?" ਉਸ ਨੇ ਕਿਹਾ, "ਥੱਲੇ ਭਾਖੜਾ ਡੈਮ ਵੀ ਵੇਖੋ ਨਾ, ਰੇਲਿੰਗ ਤਾਂ ਉਹਦੇ ਹਿਸਾਬ ਨਾਲ ਹੀ ਹੋਵੇਗੀ?" ਇਸੇ ਤਰ੍ਹਾਂ ਹੀ ਪੰਜਾਬ ਦੇ ਦੋ ਅੰਬਰਸਰੀਏ ਮਝੈਲ ਮੁੰਡੇ ਕਨੇਡਾ ਗਏ। ਇਕ ਨੇ ਸਮੁੰਦਰ ਵੱਲ ਵੇਖ ਕੇ ਕਿਹਾ, "ਬੱਲੇ ਬੱਲੇ ਬੱਲੇ ਵੇਖ ਓਏ ਬਲਕਾਰ ਸਿਆਂ ਕਿੱਡਾ ਛੱਪੜ"। ਬਲਕਾਰ ਸਿਉਂ ਦੀ ਨਜ਼ਰ ਵੈਨਕੂਵਰ ਸ਼ਹਿਰ 'ਤੇ ਸੀ, ਉਹਨੇ ਕਿਹਾ, "ਤੇ ਓਧਰ ਵੇਖ ਪਿੰਡ ਕਿਤੇ ਛੋਟਾ।" ਇਸੇ ਤਰ੍ਹਾਂ ਹੀ ਸਾਨੂੰ ਨਾ ਚਾਹੁੰਦਿਆਂ ਹੋਇਆਂ ਵੀ ਪੰਗੇ ਲੈ ਲੈ ਕੇ ਦਿਨ ਕੱਟਣ ਦੀ ਮਜਬੂਰੀ ਸੀ ਨਹੀਂ ਤਾਂ ਅਸੀਂ ਇਕ ਲੈਫਟੀਨੈਂਟ ਜਨਰਲ ਤੇ ਇਕ ਏਅਰ ਵਾਈਸ ਮਾਰਸ਼ਲ ਨੂੰ ਵਾਰਡ ਨੰਬਰ ਪੰਦਰਾਂ ਵਿਚ ਝਾੜੂ ਫੇਰਦਿਆਂ ਵੇਖਿਆ ਸੀ। ਅਸੀਂ ਪੰਗੇ ਲੈ ਕੇ ਕੁੱਟ ਤਾਂ ਖਾ ਸਕਦੇ ਸਾਂ ਪਰ ਝਾੜੂ ਫੇਰਨਾ ਸਾਡੀ ਮੌਤ ਤੁੱਲ ਸੀ।

ਮੈਂ ਭਾਵੇਂ ਇਸ ਤੋਂ ਪਹਿਲਾਂ ਕਦੇ ਵੀ ਜੇਲ੍ਹ ਨਹੀਂ ਸਾ ਗਿਆਂ ਪਰ ਜਿਸ ਛੁਮਣ ਸਿੰਘ ਡਿਪਟੀ ਬਾਰੇ ਬਲਵਾਨ ਹਰਬੰਸ ਲਾਲ ਗੱਲ ਕਰਦਾ ਸੀ, ਉਸ ਨੂੰ ਮੈਂ ਵੀ ਜਾਣਦਾ ਸਾਂ। ਉਹ ਸੱਚ ਮੁੱਚ ਬੜਾ ਅਜੀਬ ਬੰਦਾ ਸੀ। ਉਸ ਨੇ ਜੇਲ੍ਹ ਦੀ ਨੌਕਰੀ ਕਰਦਿਆਂ ਕਰਦਿਆਂ ਵੀ ਤਿੰਨ ਕਿਤਾਬਾਂ ਲਿਖੀਆਂ ਸਨ। ਉਹ ਟਾਂਡੇ ਉੜਮੁੜ ਦਾ ਰਹਿਣ ਵਾਲਾ ਸੀ ਤੇ ਗੁਰਬਚਨ ਜਗਤ ਆਈ.ਪੀ.ਐਸ. ਉਸ ਦਾ ਗਵਾਂਢੀ ਤੇ ਜਮਾਤੀ ਸੀ। ਮੁਖਤਿਆਰ ਸਿੰਘ ਮੁੱਖ ਸਕੱਤਰ ਪੰਜਾਬ ਉਹਦਾ ਲੰਗੋਟੀਆ ਸੀ। ਸ਼ਿਵ ਕੁਮਾਰ ਬਟਾਲਵੀ ਦਾ ਉਹਦੇ ਘਰ ਇਸ ਤਰ੍ਹਾਂ ਆਉਣਾ ਜਾਣਾ ਸੀ, ਜਿਵੇਂ ਕੋਈ ਨਜਦੀਕੀ ਰਿਸ਼ਤੇਦਾਰੀ ਹੋਵੇ। ਸ਼ਿਵ ਕੁਮਾਰ ਬਟਾਲਵੀ ਨਾਲ ਜਦੋਂ ਉਸ ਨੇ ਮੈਨੂੰ ਇਕ ਵਾਰ ਮਿਲਵਾਇਆ ਤਾਂ ਮੈਨੂੰ ਯਕੀਨ ਹੀ ਨਾ ਆਇਆ। ਉਹ ਤੇ ਜਦੋਂ ਤਿੰਨ ਕੁ ਪੈਗ ਪੀ ਕੇ ਲੋਰ ਵਿਚ ਆ ਕੇ ਉਹਨੇ ਲੂਣਾ ਗਾਈ, ਫਿਰ ਮੈਨੂੰ ਪਤਾ ਲੱਗਾ ਕਿ ਇਹ ਸੱਚਮੁੱਚ ਦਾ ਸ਼ਿਵ ਕੁਮਾਰ ਹੈ। ਅਖੀਰਲੇ ਦਿਨਾਂ ਵਿਚ ਸ਼ਿਵ ਬਹੁਤ ਸ਼ਰਾਬ ਪੀਣ ਲੱਗ ਪਿਆ ਸੀ ਤੇ ਕਈ ਵਾਰ ਤਾਂ ਉਹ ਆਪਣੇ ਪੈਰਾਂ 'ਤੇ ਹੀ ਪਸ਼ਾਬ ਕਰ ਦੇਂਦਾ ਸੀ। ਉਸ ਦੀ ਜ਼ਿੰਦਗੀ ਦੇ ਅਖੀਰਲੇ ਦਿਨ ਬੜੇ ਦਰਦਨਾਕ ਸਨ। ਛੁਮਣ ਸਿੰਘ ਕਾਂਗਰਸੀ, ਕਮਿਊਨਿਸਟ, ਅਕਾਲੀ ਤੇ ਹਰ ਤਰ੍ਹਾਂ ਦੇ ਨੇਤਾਵਾਂ ਤੇ ਵਜ਼ੀਰਾਂ ਨੂੰ ਜਾਣਦਾ ਸੀ। ਉਹਨਾਂ ਨੂੰ ਮਿਲਣ ਗਿਆਂ ਜਾਂ ਟੈਲੀਫੋਨ 'ਤੇ ਗੱਲ ਕਰਨ ਲਈ ਉਸ ਨੂੰ ਕਿਸੇ ਖਾਸ ਜਾਣ ਪਛਾਣ ਦੱਸਣ ਦੀ ਲੋੜ ਨਹੀਂ ਸੀ ਪੈਂਦੀ। ਇਕ ਵਾਰ ਇਕ ਸੱਤ ਸਾਲੇ ਕੈਦੀ ਨੂੰ ਉਸਨੇ ਪੈਰੋਲ ਦਿਵਾਈ। ਬਾਅਦ ਵਿਚ ਉਸਨੇ ਛੁਮਣ ਸਿੰਘ ਨੂੰ ਬੇਨਤੀ ਕੀਤੀ ਕਿ ਜੇ ਮੇਰੀ ਪੈਰੋਲ ਪੰਦਰਾਂ ਦਿਨ ਹੋਰ ਵਧ ਜਾਵੇ ਤਾਂ ਮੈਂ ਆਪਣੀ ਭੈਣ ਦਾ ਵਿਆਹ ਕਰਕੇ ਸੁਰਖਰੂ ਹੋ ਜਾਵਾਂ। ਕਿਉਂਕਿ ਮੁੰਡੇ ਵਾਲੇ ਅਮਰੀਕਾ ਤੋਂ ਪੰਦਰਾਂ ਦਿਨ ਪਛੜ ਕੇ ਆਏ ਹਨ ਤੇ ਉਸਦੀ ਪਹਿਲੀ ਲਈ ਪੈਰੋਲ ਬੇਕਾਰ ਚਲੀ ਗਈ ਹੈ। ਮੁੱਖ ਸਕੱਤਰ ਉਸਦਾ ਲੰਗੋਟੀਆ

ਸੀ ਤੇ ਨਾਲੇ ਕਵੀ ਵੀ ਸੀ। ਇਸ ਲਈ ਉਹ ਉਸ ਕੈਦੀ ਨੂੰ ਨਾਲ ਲੈ ਕੇ ਸੈਕਟਰੀਏਟ ਚੰਡੀਗੜ੍ਹ ਗਿਆ। ਜਿਹੜਾ ਪਾਸ ਬਣਵਾਇਆ, ਉਸ 'ਤੇ ਫੁੰਮਣ ਸਿੰਘ + ਇਕ ਲਿਖਿਆ ਗਿਆ (ਉਪਰ ਜਾਣ ਲਈ ਪਾਸ ਏਸੇ ਤਰ੍ਹਾਂ ਦੀ ਬਣਦੇ ਹਨ + ਦੋ ਜਾਂ + ਤਿੰਨ)। ਕੰਮ ਤਾਂ ਹੋ ਹੀ ਜਾਣਾ ਸੀ। ਪੈਰੋਲ ਪੰਦਰਾਂ ਦਿਨ ਵਧ ਗਈ। ਉਸ ਕੈਦੀ ਦੀ ਭੈਣ ਦਾ ਵਿਆਹ ਵੀ ਹੋ ਗਿਆ ਪਰ ਹਾਜ਼ਰੀ ਵਾਲੇ ਦਿਨ 'ਤੇ ਉਹ ਜੇਲ੍ਹ ਨਾ ਪਹੁੰਚਿਆ। ਡਿਪਟੀ ਨੂੰ ਫਿਕਰ ਲੱਗਾ। ਜਦੋਂ ਉਹ ਰਾਉਂਡ 'ਤੇ ਗਿਆ ਤਾਂ ਇਕ ਕੈਦੀ, ਜਿਸ ਦੇ ਉਹ ਪੈਰੋਲ ਵਾਲਾ ਬੰਦਾ ਬੜਾ ਨੇੜੇ ਸੀ, ਨੇ ਡਿਪਟੀ ਨੂੰ ਕਿਹਾ "ਸਰਦਾਰ ਜੀ, ਉਹਨੇ ਹੁਣ ਨਹੀਂ ਆਉਣਾ, ਅੱਜ ਰਾਤ ਨੂੰ ਤੜਕੇ ਪੰਜ ਵੱਜ ਕੇ ਚਾਲੀ ਮਿੰਟ 'ਤੇ ਉਸਦੀ ਫਲਾਈਟ ਹੈ। ਉਹ ਅਮਰੀਕਾ ਭੱਜ ਚਲਿਆ ਹੈ।" ਡਿਪਟੀ ਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ। ਉਧਰ ਵੱਡੇ ਸੁਪਰਡੈਂਟ, ਜੋ ਉਸ ਨਾਲ ਪਹਿਲਾਂ ਹੀ ਲੱਗਦਾ ਸੀ, ਨੇ ਸੈਕਟਰੀਏਟ ਦੇ ਪਾਸ ਦੀ ਕਾਪੀ ਪਹਿਲਾਂ ਹੀ ਮੰਗਵਾ ਰੱਖੀ ਸੀ ਤਾਂ ਕਿ ਫੁੰਮਣ ਸਿੰਘ ਨੂੰ ਫਸਾਇਆ ਜਾ ਸਕੇ। ਡਿਪਟੀ ਨੇ ਜੇਲ੍ਹ ਵਿਚੋਂ ਆਪਣੇ ਚਾਰ ਇਤਬਾਰੀ ਕੈਦੀਆਂ ਨੂੰ ਬਾਹਰ ਕੱਢ ਲਿਆਂਦਾ। ਆਪਣੀ ਕਾਰ ਤੇ ਇਕ ਹਜ਼ਾਰ ਰੁਪਏ ਦੇ ਕੇ ਉਨ੍ਹਾਂ ਨੂੰ ਕਿਹਾ, "ਜਾਂ ਤਾਂ ਉਹਨੂੰ ਲੱਭ ਕੇ ਲੈ ਆਇਓ, ਨਹੀਂ ਤਾਂ ਤੁਸੀਂ ਵੀ ਭੱਜ ਜਾਇਓ। ਮੇਰੇ 'ਤੇ ਤਾਂ ਕੇਸ ਹੁਣ ਬਣਨਾ ਹੀ ਹੈ, ਕੈਦੀ ਇਕ ਭੱਜੇ ਭਾਵੇਂ ਪੰਜ ਭੱਜਣ, ਇਕੋ ਗੱਲ ਹੈ।" ਉਨ੍ਹਾਂ ਕੈਦੀਆਂ ਨੇ ਜਿਉਂ ਕਾਰ ਦੱਬੀ ਸਮੇਂ ਸਿਰ ਪਾਲਮ ਏਅਰ ਪੋਰਟ ਪਹੁੰਚ ਗਏ। ਕੁਝ ਕਾਗਜ਼ ਪੱਤਰ ਮੁਕੰਮਲ ਕਰਕੇ, ਉਹ ਯਾਤਰੂ ਗੈਲਰੀ ਵਿਚੋਂ ਬਾਹਰ ਨਿਕਲ ਕੇ ਜਹਾਜ਼ ਵਿਚ ਬਹਿਣ ਹੀ ਲੱਗਾ ਸੀ ਜਦੋਂ ਉਨ੍ਹਾਂ ਚੌਹਾਂ ਨੇ ਚੁੱਕ ਕੇ ਹਵਾਈ ਅੱਡੇ ਤੋਂ ਬਾਹਰ ਲਿਆ ਕੇ ਕਾਰ ਵਿਚ ਸੁੱਟਿਆ ਤੇ ਕਾਰ ਭਜਾ ਕੇ ਲੈ ਆਏ। ਪੁਲਿਸ ਤੇ ਹੋਰ ਲੋਕਾਂ ਪੁਛਿਆ ਵੀ ਪਰ ਉਨ੍ਹਾਂ ਕਿਹਾ "ਇਹਨੂੰ ਦਿਲ ਦਾ ਦੌਰਾ ਪੈ ਗਿਆ ਹੈ ਪਿਛੇ ਹੱਟ ਜਾਓ, ਕਹਿ ਕੇ ਕਾਰ ਭਜਾ ਲਈ।" ਜਦੋਂ ਸਵੇਰੇ ਆਈ ਜੀ ਜੇਲ੍ਹ, ਜੇਲ੍ਹ ਵਿਚ ਕੈਦੀ ਦੇ ਭੱਜਣ ਦੇ ਮਾਮਲੇ ਦੀ ਤਫਤੀਸ਼ ਕਰਨ ਆਇਆ ਤਾਂ ਨੋਟਿਸ ਬੋਰਡ 'ਤੇ ਪੜ੍ਹਿਆ "ਸਭ ਅੱਛਾ"। ਜਦੋਂ ਉਸ ਨੇ ਜੇਲ੍ਹ ਦੇ ਅੰਦਰ ਜਾ ਕੇ ਵੇਖਿਆ ਤਾਂ ਕੈਦੀ ਆਪਣੀ ਮੁਸ਼ੱਕਤ 'ਤੇ ਲੱਗਾ ਕੰਮ ਕਰ ਰਿਹਾ ਸੀ। ਉਸ ਨੇ ਕਿਹਾ, "ਜੀ ਮੈਂ ਤੇ ਕੱਲ ਬੰਦੀ ਤੋਂ ਪਹਿਲਾਂ ਹੀ ਹਾਜ਼ਰ ਹੋ ਗਿਆ ਸਾਂ, ਇਕ ਮਿੰਟ ਵੀ ਲੇਟ ਨਹੀਂ ਹੋਇਆ।" ਬਾਅਦ ਵਿਚ ਫੁੰਮਣ ਸਿੰਘ ਦੀਆਂ ਕਿਤਾਬਾਂ ਹੋਰ ਨਾਂ ਥੱਲੇ ਛਪ ਕੇ ਕਾਲਜ ਦੀਆਂ ਕਲਾਸਾਂ ਨੂੰ ਵੀ ਲੱਗੀਆਂ ਸਨ। ਉਸ ਦੀ ਪਤਨੀ ਪੰਜਾਬ ਦੀ ਸਭ ਤੋਂ ਵਧੀਆ ਐਥਲੀਟ ਸੀ ਤੇ ਨੈਸ਼ਨਲ ਖੇਡਾਂ ਵਿਚ ਵੀ ਭਾਗ ਲੈਂਦੀ ਰਹੀ ਸੀ। ਉਹ ਇਕ ਦਰਵੇਸ਼ ਵਿਅਕਤੀ ਸੀ। ਜੇਲ੍ਹ ਦੇ ਬਹੁਤੇ ਕਾਨੂੰਨ ਮੈਂ ਸਹਿਵਨ ਹੀ ਗੱਲਾਂਬਾਤਾਂ ਕਰਦਿਆਂ ਉਸ ਕੋਲੋਂ ਸਿੱਖੇ ਸਨ। ਉਦੋਂ ਮੈਨੂੰ ਕੀ ਪਤਾ ਸੀ ਕਿ ਇਹ ਮੇਰੇ ਕੰਮ ਆਉਣਗੇ, ਬਲਕਿ ਪ੍ਰਦੇਸ ਦੀ ਜੇਲ੍ਹ ਵਿਚ ਮੇਰਾ ਬਚਾਅ ਵੀ ਕਰਨਗੇ।

ਅਸਾਂ ਇਕ ਸੱਚਮੁੱਚ ਦੇ ਕੁੱਕ, ਜਿਹੜਾ ਅਸ਼ੋਕਾ ਹੋਟਲ ਦਾ ਕੁੱਕ ਰਹਿ ਚੁੱਕਾ ਸੀ ਤੇ ਕੇਟਰਿੰਗ ਦੀ ਕੰਪਨੀ ਵਿਚ ਬਤੌਰ ਹੈੱਡ ਕੁੱਕ ਕੰਮ ਕਰ ਚੁੱਕਾ ਸੀ ਤੇ ਵਿਚਾਰੇ 'ਤੇ ਸਬਜ਼ੀ ਕੱਟਣ ਵਾਲਾ ਚਾਕੂ ਕਿਸੇ ਦੇ ਢਿੱਡ ਵਿਚ ਮਾਰਨ ਕਰਕੇ ਧਾਰਾ ਤਿੰਨ ਸੌ ਛੱਬੀ ਆਈ.ਪੀ.ਸੀ. ਅਧੀਨ ਕੇਸ ਦਰਜ ਹੋ ਗਿਆ ਤੇ ਇਸ ਕਰਕੇ ਜੇਲ੍ਹ ਆ ਗਿਆ ਤੇ ਅਸਾਂ ਉਹਦੇ ਗੁਣ ਦੀ ਕਦਰ ਸਮਝਦਿਆਂ ਉਸਨੂੰ ਆਪਣੇ ਨਾਲ ਮੁਸ਼ੱਕਤੀ ਲੁਆ ਲਿਆ। ਉਹ ਹਾਥੀ ਦੇ ਕੰਨਾਂ

ਵਰਗੀਆਂ ਰੋਟੀਆਂ ਖਾਣੋਂ ਬਚ ਗਿਆ ਤੇ ਏਧਰ ਸਾਨੂੰ ਸੁਆਦੀ ਖਾਣਾ ਮਿਲਣ ਲੱਗ ਪਿਆ। ਮਸਾਲੇ ਤੇ ਡਰਾਈ ਫਰੂਟ ਵਗੈਰਾ ਅਸੀਂ ਉਹਨੂੰ ਮੰਗਵਾ ਕੇ ਦੇਂਦੇ ਤੇ ਹੋਟਲ ਵਰਗਾ ਉਂਗਲਾਂ ਚੱਟੂ ਖਾਣਾ ਉਹ ਤਿਆਰ ਕਰਦਾ। ਮਸਾਲੇ ਤੇ ਮੇਵੇ ਵਗੈਰਾ ਤੇ ਹੋਰ ਸਮਾਨ ਭਾਈ ਰਣਜੀਤ ਸਿੰਘ ਹੋਰਾਂ ਦੇ ਵੱਡੇ ਭਰਾ ਸਰਦਾਰ ਗੁਰਚਰਨ ਸਿੰਘ ਹੋਰੀਂ ਬੜੇ ਵਖਤਾਂ ਨਾਲ ਲਿਆ ਕੇ ਸਾਨੂੰ ਦੇਂਦੇ ਹਨ, ਪਰ ਕਦੇ ਮੱਥੇ ਵੱਟ ਨਹੀਂ ਪਾਉਂਦੇ। ਏਨਾਂ ਭਾਰ ਚੁੱਕ ਕੇ ਉਨ੍ਹਾਂ ਨੂੰ ਤਿੰਨ ਨੰਬਰ ਜੇਲ੍ਹ ਤਕ ਲਿਆਉਣਾ ਪੈਂਦਾ, ਪਰ ਫਿਰ ਵੀ ਖੁਸ਼ੀ ਖੁਸ਼ੀ ਹੱਸੂ ਹੱਸੂ ਕਰਦੇ ਚਿਹਰੇ ਨਾਲ ਸਾਡੇ ਨਾਲ ਗੱਲਬਾਤ ਕਰਦੇ। ਉਸ ਕੁੱਕ ਦੇ ਬਣੇ ਹੋਏ ਪੀਠੀ ਵਾਲੇ ਪਰੌਂਠੇ ਅਸਾਂ ਹਰਬੰਸ ਲਾਲ ਨੂੰ ਛਕਾਏ ਤੇ ਡਿਪਟੀ ਨੂੰ ਕਹਿ ਸੁਣ ਕੇ, ਉਹਦੀ ਗਿਣਤੀ ਵੀ ਆਪਣੇ ਨਾਲ ਹੀ ਕਰਵਾ ਲਈ। ਉਹ ਮਸਾਂ ਦੋ ਕੁ ਦਿਨ ਹੀ ਸਾਡੇ ਨਾਲ ਰਹਿ ਸਕਿਆ, ਫੇਰ ਉਨ੍ਹਾਂ ਉਹਨੂੰ ਬਦਲ ਕੇ ਗਿਆਰਾਂ ਨੰਬਰ ਵਾਰਡ 'ਚ ਭੇਜ ਦਿੱਤਾ। ਇਹ ਵਾਰਡ ਇਸ ਤਰ੍ਹਾਂ ਹੈ, ਜਿਵੇਂ ਬੰਬਈ ਦੇ ਉਰਲੇ ਪਾਸੇ ਧਾਰਾਵੀ ਸੱਲਮ ਏਰੀਆ ਹੈ। ਇਸ ਵਾਰਡ ਦੀ ਅਬਾਦੀ ਪੂਰੀ ਤਿਹਾੜ ਜੇਲ੍ਹ ਦੀ ਅਬਾਦੀ ਤੋਂ ਵੱਧ ਸੰਘਣੀ ਹੈ ਤੇ ਇਕ ਇਕ ਚੱਕੀ ਵਿਚ ਪੰਜ ਪੰਜ ਬੰਦੇ ਤੂੜੇ ਹੋਏ ਹਨ। ਜੇਬ ਕਤਰੇ, ਸਮੈਕੀਏ, ਮੰਗਣ ਵਾਲੇ, ਚੋਰ ਤੇ ਹਰ ਤਰ੍ਹਾਂ ਦੇ ਤੀਜੀ ਦੁਨੀਆਂ ਦੇ ਅਪਰਾਧੀ ਇਸ ਵਾਰਡ ਵਿਚ ਹਨ। ਚੌਥੇ ਕੁ ਦਿਨ ਬਾਅਦ ਭਲਵਾਨ ਦਾ ਗੋਡਾ ਸੁੱਜ ਗਿਆ ਤੇ ਦਰਦ ਹੋਣ ਲੱਗ ਪਈ, ਜਿਹੜੀ ਕਿ ਮਾੜੀ ਮੋਟੀ ਭਲਵਾਨੀ ਕਰਨ ਵਾਲਿਆਂ ਨੂੰ ਹੋ ਹੀ ਜਾਂਦੀ ਹੈ। ਹਸਪਤਾਲ ਆਇਆ ਤਾਂ ਉਥੇ ਇਕ ਲੰਬਰਦਾਰ ਨੇ ਉਹਨੂੰ ਲਾਈਨ ਵਿਚ ਬੈਠਣ ਲਈ ਕਿਹਾ। ਭਲਵਾਨ ਨੇ ਆਪਣਾ ਸੁੱਜਾ ਗੋਡਾ ਵਿਖਾਇਆ ਤੇ ਕਿਹਾ ਭਾਈ ਸਾਹਿਬ, ਮੇਰੇ ਕੋਲੋਂ ਬੈਠਾ ਨਹੀਂ ਜਾਂਦਾ ਤਾਂ ਹੀ ਤੇ ਮੈਂ ਦਵਾਈ ਲੈਣ ਆਇਆਂ ਹਾਂ। ਲੰਬਰਦਾਰ ਨੇ ਉਹਦੇ ਚਪੇੜ ਕੱਢ ਮਾਰੀ। ਬੱਸ ਫਿਰ ਕੀ ਸੀ? ਹਰਬੰਸ ਲਾਲ ਦੀ ਵੀ ਪੁਰਾਣੀ ਕਿਸੇ ਗੁੱਠ ਵਿਚ ਪਈ ਬਦਮਾਸ਼ੀ ਜਾਗ ਪਈ। ਬਦਮਾਸ਼ੀ ਕਾਹਦੀ ਅੰਦਰਲਾ ਬਦਮਾਸ਼ ਜਾਗ ਪਿਆ ਤੇ ਉਹਨੇ ਉਸ ਨੂੰ ਫੜ ਕੇ ਥੱਲੇ ਰੱਖ ਲਿਆ ਤੇ ਦੇਹ ਜਿਧਰ ਘਸੁੰਨ ਪੈਂਦਾ, ਮਾਰ ਮਾਰ ਉਹਦੀਆਂ ਦਾੜ੍ਹਾਂ ਸੇਕ ਦਿੱਤੀਆਂ। ਓਨੇ ਚਿਰ ਨੂੰ ਕਈ ਹੋਰ ਬੰਦੇ ਵਿਚ ਪੈ ਗਏ ਤੇ ਉਨ੍ਹਾਂ ਨੇ ਲੰਬਰਦਾਰ ਨੂੰ ਛੁਡਵਾ ਲਿਆ ਤੇ ਹਰਬੰਸ ਲਾਲ ਨੂੰ ਵੀ ਲਹੂ ਲੁਹਾਨ ਕਰ ਦਿੱਤਾ।

ਕੁੱਟ ਖਾ ਕੇ ਹਰਬੰਸ ਲਾਲ ਨੂੰ ਪੁਰਾਣੇ ਜੇਲ੍ਹ ਕੱਟਣ ਦੇ ਸਾਰੇ ਭੁੱਲੇ ਵਿਸਰੇ ਤਰੀਕੇ ਫੱਟ ਯਾਦ ਆ ਗਏ ਤੇ ਉਹਨੇ ਡਾਕਟਰ ਨਾਲ ਗੰਢ ਸੰਢ ਕਰਕੇ ਹਸਪਤਾਲ ਵਿਚ ਹੀ ਇਕ ਚੱਕੀ ਅਲਾਟ ਕਰਵਾ ਲਈ। ਜਦੋਂ ਸਾਨੂੰ ਪਤਾ ਲੱਗਾ ਤਾਂ ਅਸੀਂ ਉਹਨੂੰ ਮਿਲਣ ਦਾ ਬੰਦੋਬਸਤ ਕੀਤਾ ਪਰ ਜਦੋਂ ਹੈਡ ਵਾਰਡਨ ਨੂੰ ਇਹ ਪਤਾ ਲੱਗਾ ਕਿ ਅਸੀਂ ਹਰਬੰਸ ਲਾਲ ਨੂੰ ਮਿਲਣਾ ਚਾਹੁੰਦੇ ਹਾਂ ਤਾਂ ਉਹ ਆਪਣੇ ਕੰਨ ਫੜ ਤੇ ਰੌਲਾ ਪਾਉਣ ਲੱਗ ਪਿਆ, "ਆਪ ਤੋ ਮੇਰੀ ਰੇਲ ਬਨਾ ਕੇ ਛੋੜੋਗੇ, ਨਾ ਬਾਬਾ ਨਾ"। ਅਸੀਂ ਉਹਨੂੰ ਧੀਰਜ ਨਾਲ ਪੁਛਿਆ, "ਸਾਨੂੰ ਇਹ ਤਾਂ ਦੱਸ, ਐਸੀ ਗੱਲ ਕੀ ਹੋ ਗਈ ਆ, ਤੇਰੀ ਰੇਲ ਕਾਹਦੇ ਨਾਲ ਬਣ ਜਾਊ।" ਉਹ ਕਹਿਣ ਲੱਗਾ, "ਡਿਓਢੀ ਵਿਚ ਤਾਂ ਰੌਲਾ ਹੀ ਇਹ ਪਿਆ ਹੋਇਆ ਹੈ ਕਿ ਇਹ ਸਾਰਾ ਉਨ੍ਹਾਂ ਸਿੱਖ ਅੱਤਵਾਦੀਆਂ ਦਾ ਹੀ ਕਰਿਆ ਧਰਿਆ ਹੈ, ਜੇ ਇਹ ਉਨ੍ਹਾਂ ਨਾਲ ਦੋ ਦਿਨ ਰੋਟੀ ਨਾ ਖਾਂਦਾ ਤਾਂ ਏਹਦਾ ਏਨਾ ਹੌਸਲਾ ਹੀ ਨਹੀਂ ਸੀ ਵਧਣਾ ਕਿ ਇਹ ਮਾਰ ਪਿੱਟ 'ਤੇ ਉਤਰਦਾ।" ਹੱਦ ਹੋ ਗਈ ਨਾਲੇ ਚੋਰ ਨਾਲੇ ਚਤਰ। ਘਟਨਾ ਹਸਪਤਾਲ

ਵਾਪਰੀ, ਨਾ ਅਸੀਂ ਕੋਲ ਨਾਂ ਵਾਸਤਾ ਤੇ ਸਾਡਾ ਚੌਂਦਾ ਨੰਬਰ ਵਾਰਡ ਵਿਚ ਬੈਠਿਆਂ ਦਾ ਹੀ ਨਾ ਲੱਗ ਗਿਆ। ਇਸੇ ਤਰ੍ਹਾਂ ਹੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨਾਲ ਹੁੰਦੀ ਸੀ। ਜੇ ਕੁਕੜੀ ਦਾ ਚੂਚਾ ਵੀ ਇੱਲ ਚੁੱਕ ਕੇ ਲੈ ਜਾਏ ਤਾਂ ਨਾ ਸੰਤਾਂ ਦਾ ਲੱਗਦਾ ਸੀ।

ਦੂਜੇ ਦਿਨ ਅਸੀਂ ਵੀ ਬਿਮਾਰ ਹੋਣ ਦਾ ਬਹਾਨਾ ਕਰ ਕੇ ਤਿੰਨਾਂ ਚੌਹਾਂ ਜਾਣਿਆ ਨੇ ਹਸਪਤਾਲ ਦਾ ਪਰਚਾ ਕਟਵਾ ਲਿਆ। ਜਦੋਂ ਅਸੀਂ ਹਰਬੰਸ ਲਾਲ ਦੀ ਚੱਕੀ ਕੋਲ ਗਏ ਤਾਂ ਉਹ ਕਿਸੇ ਕੋਲੋਂ ਸੱਟਾਂ 'ਤੇ ਕੱਚੇ ਵੱਟੇ ਦਾ ਸੇਕ ਕਰਵਾ ਰਿਹਾ ਸੀ। ਸਾਨੂੰ ਹੱਸ ਕੇ ਮਿਲਿਆ ਤੇ ਕਿਹਾ, "ਮੇਰੇ ਨਾਲ ਤੇ ਪਠਾਣ ਵਾਲੀ ਗਲ ਹੋਈ ਆ," ਤੇ ਫਿਰ ਉਹ ਸਾਨੂੰ ਉਹ ਕਹਾਣੀ ਸੁਣਾਉਣ ਲਗ ਪਿਆ। "ਇਕ ਖੂਨੀ ਤੇ ਲੁਟੇਰਾ ਪਠਾਣ ਸਰਹੱਦੀ ਇਲਾਕੇ ਤੋਂ ਭੱਜ ਕੇ ਲੁਕਣ ਲਈ ਯੂ.ਪੀ. ਵਿਚ ਆ ਗਿਆ। ਏਥੇ ਇਕ ਭਈਏ ਸਾਧੂ ਨਾਲ ਮੇਲ ਹੋ ਗਿਆ। ਪਠਾਣ ਨੂੰ ਪਨਾਹ ਚਾਹੀਦੀ ਸੀ, ਮਿਲ ਗਈ। ਪਠਾਣ ਵੀ ਭਗਵੇਂ ਕਪੜੇ ਪਾ ਕੇ ਸਾਧੂ ਬਣ ਗਿਆ। ਹੌਲੀ ਹੌਲੀ ਰਮਾਇਣ ਦਾ ਪਾਠ ਕਰਨ ਲੱਗ ਪਿਆ, ਜੈ ਰਾਮ, ਜੈ ਰਾਮ, ਜੈ ਸੀਤਾ ਰਾਮ ਦਾ ਜਾਪ ਸ਼ੁਰੂ ਕਰ ਦਿੱਤਾ। ਸਾਧੂ ਦਾ ਪਠਾਣ ਉੱਤੇ ਨਿੱਤ ਅਸਰ ਵਧਦਾ ਗਿਆ ਤੇ ਉਹ ਉਸ ਜਿਹਾ ਹੀ ਰਮਾਇਣ ਦਾ ਪਾਠੀ ਹੋ ਗਿਆ। ਪਠਾਣ ਲੋਕਾਂ ਵਿਚ ਜਾ ਕੇ ਕਥਾ ਵਾਰਤਾ ਸੁਣਾਉਣ ਲੱਗ ਪਿਆ। ਬਸ ਸਮਝੋ ਪੱਕਾ ਵੈਰਾਗੀ ਸਾਧੂ ਬਣ ਗਿਆ। ਪਠਾਣਪੁਣੇ ਦਾ ਅੱਲਾ ਅੱਲਾ ਨਿਕਲ ਗਿਆ, ਉਹਦੀ ਥਾਂ ਰਾਮ ਰਾਮ ਜੈ ਜੈ ਰਾਮ ਦੀ ਧੁਨ ਅੰਦਰ ਧਸ ਗਈ। ਹੁਣ ਪੱਕਾ ਸਾਧੂ ਬਣਨ ਲਈ ਇਹੋ ਕਸਰ ਸੀ ਕਿ ਉਹ ਆਪਣੇ ਗੁਨਾਹਾਂ ਦਾ ਪਸ਼ਚਾਤਾਪ ਕਰੇ। ਸੋ ਲੱਗਾ ਫੂਕ ਫੂਕ ਕੇ ਕਦਮ ਰੱਖਣ। ਉਸ ਦੇ ਗੁਰੂ ਦੀ ਸਿੱਖਿਆ ਸੀ ਕਿ ਇਸ ਜਨਮ ਦੇ ਕੁਕਰਮਾਂ ਦੀ ਤਲਾਫੀ ਇਸੇ ਜਨਮ ਵਿਚ ਏਥੇ ਹੀ ਕਰਨੀ ਚਾਹੀਦੀ ਹੈ, ਨਹੀਂ ਤਾਂ ਅੱਗੇ ਜਾ ਕੇ ਬਹੁਤ ਕਰੜੀ ਸਜਾ ਭੁਗਤਣੀ ਪੈਂਦੀ ਹੈ।

ਇਸ ਪਠਾਣ ਸਾਧੂ ਦੀ ਕੁਟੀਆ ਪਿੰਡ ਤੋਂ ਦੂਰ ਸੀ। ਇਕ ਦਿਨ ਲੁਟੇਰਿਆਂ ਨੇ ਪਿੰਡ ਦਾ ਇਕ ਘਰ ਲੁੱਟ ਲਿਆ। ਮਾਲ ਲੁੱਟ ਕੇ ਧਾੜਵੀ ਸਾਧ ਦੇ ਕੋਲੋਂ ਦੀ ਲੰਘ ਗਏ। ਨਾਲ ਹੀ ਉਹ ਕਰੜੀ ਤਾੜਨਾਂ ਤੇ ਗਾਲ੍ਹਾਂ ਸੁਣਾ ਕੇ ਉਸ ਨੂੰ ਪੱਕੀ ਕਰ ਗਏ, ਕੁਤਿਆ ਸਾਧਾ ਜੇ ਤੂੰ ਸਾਡਾ ਪਤਾ ਦੱਸਿਆ ਤਾਂ ਤੇਰਾ ਕੁਤਰਾ ਕਰ ਦਿਆਂਗੇ। ਤੇਰਾ ਇਕ ਅੰਗ ਸਬੂਤਾ ਨਹੀਂ ਛੱਡਣਾ। ਮਗਰੇ ਮਗਰ ਚੋਰਾਂ ਦਾ ਪਿਛਾ ਕਰਦੀ ਵਾਹਰ ਵੀ ਆ ਗਈ। ਵਾਹਰ ਵਾਲੇ ਲੋਕਾਂ ਪੁਛਿਆ, "ਬਾਬਾ ਜੀ ਏਧਰ ਲੁਟੇਰੇ ਤਾਂ ਨਹੀਂ ਦੇਖੇ?" ਸਾਧੂ ਨੇ ਜੋ ਵੇਖਿਆ ਸੀ ਹੌਸਲਾ ਕਰਕੇ ਦੱਸ ਦਿੱਤਾ। ਇਹ ਵੀ ਦੱਸਿਆ ਕਿ ਉਹ ਮੈਨੂੰ ਵੀ ਗਾਲ੍ਹਾਂ ਕੱਢ ਕੇ ਗਏ ਹਨ ਤੇ ਤਾੜਨਾ ਵੀ ਕਰਕੇ ਗਏ ਹਨ ਕਿ ਜੇ ਕਿਸੇ ਨੂੰ ਦੱਸਿਆ ਤਾਂ ਲੰਗੜਾ ਲੂਲ੍ਹਾ ਕਰ ਕੇ ਬਿਠਾ ਦਿਆਂਗੇ।

ਪਿੰਡ ਦੇ ਲੋਕਾਂ ਵਿਚੋਂ ਇਕ ਬੜਬੋਲੇ ਨੇ ਕਿਹਾ, "ਬਾਵਾ ਜੀ, ਜਿਸ ਪਿੰਡੋਂ ਮੰਗ ਕੇ ਤੁਸੀਂ ਮੁਫਤੋ ਮੁਫਤ ਰੋਟੀਆਂ ਭੰਨਦੇ ਰਹੇ ਹੋ, ਉਸ ਲਈ ਤੁਹਾਥੋਂ ਇਕ ਅੱਧੇ ਚੋਰ ਦੀ ਲੱਤ ਬਾਂਹ ਨਾ ਭੰਨੀ ਗਈ।" ਬਾਵਾ ਜੀ ਕਹਿਣ ਲੱਗੇ, "ਭਗਤੋ ਮੈਂ ਤਾਂ ਉਨ੍ਹਾਂ ਦੀਆਂ ਗਾਲ੍ਹਾਂ ਵੀ ਘਿਓ ਦੀਆਂ ਨਾਲਾਂ ਸਮਝ ਕੇ ਨਿਘਾਰ ਗਿਆਂ, ਸਾਧੂ ਜੁ ਬਣ ਗਿਆ ਸੀ, ਜੇ ਮੈਂ ਕਿਤੇ ਆਪਣੇ ਪਹਿਲੇ ਰੰਗ ਵਿਚ ਹੁੰਦਾ, ਫੇਰ ਵੇਂਹਦੋਂ ਮੈਂ ਲੁੱਟੇ ਹੋਏ ਸਾਰੇ ਮਾਲ ਨੂੰ ਖੋਹ ਕੇ ਏਥੇ ਰੱਖ ਲੈਣਾ ਸੀ। ਮੇਰੀ ਪਠਾਣ ਦੀ ਅਣਖ ਤਾਂ ਤੁਹਾਡੇ ਅੰਨ ਨੇ ਮਾਰ ਦਿੱਤੀ ਹੈ।" ਏਨੀ

ਗੱਲ ਦੱਸ ਕੇ ਪਠਾਣ ਸਾਧੂ ਨੇ ਕਿਹਾ,

"ਜਬ ਹੋਤੇ ਥੇ ਪੂਤ ਪਠਾਣ ਕੇ ਤੋੜੇ ਥੇ ਦਲ ਮੋੜ,
ਅਬ ਸਰਣ ਗਹੇ ਰਘੂ ਨਾਥ ਜੀ ਤਿਨਕਾ ਸਕੇ ਨਾ ਤੋੜ।"

ਉਹਦੀ ਇਹ ਪੂਰੀ ਢੁਕਦੀ ਗੱਲ ਸੁਣ ਕੇ ਅਸੀਂ ਸਾਰੇ ਬੜਾ ਹੱਸੇ। ਹਰਬੰਸ ਲਾਲ ਕਹਿਣ ਲੱਗਾ, "ਮੇਰੇ 'ਤੇ ਉਪਰੋਥਲੀ ਬਾਰ੍ਹਾਂ ਤੇਰਾਂ ਕੇਸ ਅਸਲ੍ਹੇ ਤੇ ਹੋਰ ਸਮਗਲਿੰਗ ਵਗੈਰਾ ਦੇ ਪੈ ਗਏ", ਵਕੀਲ ਨੇ ਮੈਨੂੰ ਕਿਹਾ, "ਬਾਹਰ ਭੱਜ ਜਾ, ਏਥੇ ਕਿੰਨੀਆਂ ਕੁ ਜਮਾਨਤਾਂ ਕਰਵਾਏਂਗਾ?" "ਲਓ ਜੀ, ਮੈਂ ਬਾਹਰ ਭੱਜ ਗਿਆ।" ਫੇਰ ਉਹਨੇ ਪੰਜ ਸੱਤ ਮੋਟੀਆਂ ਮੋਟੀਆਂ ਗਾਲ੍ਹਾਂ ਅੰਗਰੇਜ਼ਾਂ ਨੂੰ ਕੱਢੀਆਂ। "ਮੇਰੀਆਂ ਸਾਰੀਆਂ ਆਦਤਾਂ ਉਨ੍ਹਾਂ ਨੇ ਵਿਗਾੜੀਆਂ। ਉਥੇ ਤੇ ਏਦਾਂ ਆ ਨਾ, ਜੇ ਤੁਸੀ ਤੁਰੇ ਜਾਂਦੇ ਹੋਵੋ ਤੇ ਅਚਾਨਕ ਤੁਹਾਡੇ ਹੱਥ ਨਾਲ ਕਿਸੇ ਦਾ ਹੱਥ ਵੱਜ ਜਾਵੇ ਤੇ ਗੋਰੇ ਏਦਾਂ ਮੁਆਫੀਆਂ ਮੰਗਣ ਲੱਗ ਪੈਂਦੇ ਆ ਜਿੱਦਾਂ ਕਿਤੇ ਕ੍ਰਿਪਾਨ ਵੱਜ ਗਈ ਹੁੰਦੀ ਹੈ, ਸੌਰੀ ਸੌਰੀ ਕਰਦੇ ਹੱਥ ਫੜ ਕੇ ਚੁੰਮਣ ਡਹਿ ਪੈਂਦੇ ਹਨ, ਜਿੱਦਾਂ ਕਿਤੇ ਗੋਲੀ ਆਰ ਪਾਰ ਹੋ ਗਈ ਹੋਵੇ। ਬੋਲਦੇ ਬੜਾ ਮਿੱਠਾ ਆ। ਲਾਗੋਂ ਦੀ ਲੰਘਣ ਲੱਗੇ ਹੱਸ ਕੇ ਹੈਲੋ ਕਹਿ ਕੇ ਲੰਘਦੇ ਆ। ਏਥੇ ਆਪਣੇ ਤੇ ਆਪਾਂ ਉਖੜੀ ਕੁਹਾੜੀ ਵਾਂਗ ਇਕ ਦੂਜੇ ਨੂੰ ਪਈਦਾ। ਉਹਨਾਂ ਗੋਰੇ ਕੰਜਰਾਂ ਨੇ ਏਦਾਂ ਮੇਰਾ ਹਿਰਦਾ ਪਰਿਵਰਤਨ ਕੀਤਾ ਕਿ ਮੈਨੂੰ ਆਪਣੀ ਅਗਲੀ ਧੂਮ ਧੜੱਕੇ ਵਾਲੀ ਬੋਲੀ ਹੀ ਭੁੱਲ ਗਈ ਸੀ। ਆਪਣੀ ਤੇ ਬੋਲੀ ਵੀ ਏਦਾਂ ਆ ਨਾ ਪਈ ਜੇ ਆਪਾਂ ਸੁਭਾਇਕੀ ਵੀ ਗੱਲਾਂ ਕਰਦੇ ਹੋਈਏ ਤਾਂ ਦੂਜਾ ਸਮਝਦਾ ਖਬਰੇ ਖੂਨੋ ਖਚਰੀ ਹੋਣ ਲੱਗੇ ਆ। ਉਹ ਤੇ ਏਦਾਂ ਮੂੰਹ ਜੋੜ ਜੋੜ ਕੇ ਇਕ ਦੂਜੇ ਨਾਲ ਗੱਲ ਕਰਦੇ ਆ ਮਜ਼ਾਲ ਆ ਜੇ ਨਾਲ ਦੀ ਸੀਟ 'ਤੇ ਬੈਠਾ ਬੰਦਾ ਵੀ ਸੁਣ ਜਾਵੇ। ਲੈ ਚੌਹਾਂ ਸਾਲਾਂ ਮਗਰੋਂ ਪਰਸੋਂ ਜਿੱਦਣ ਮੇਰਾ ਝਗੜਾ ਹੋਇਆ, ਓਦਣ ਮੇਰੀ ਜੀਭ ਦਾ ਸਵਾਦ ਬਦਲਿਆ ਹੈ। ਮੇਰਾ ਸਰੀਰ ਪਰਸੋਂ ਦਾ ਹੌਲਾ ਫੁੱਲ ਹੋ ਗਿਆ ਹੈ।" ਅਸਾਂ ਕਿਹਾ, "ਹਰਬੰਸ ਲਾਲ ਗੋਡੇ ਦੀ ਸੁਣਾ?" ਸਾਡਾ ਭਾਵ ਸੀ ਕਿ ਹੁਣ ਗੋਡੇ ਨੂੰ ਕਿੰਨੀ ਕੁ ਤਕਲੀਫ ਹੈ। ਪਰ ਉਹ ਇਹਦਾ ਦੂਜਾ ਮਤਲਬ ਸਮਝ ਗਿਆ। ਉਹ ਕਹਿਣ ਲੱਗਾ "ਭਾਊ ਜੀ ਇਸ ਗੋਡੇ ਨੇ ਓਦਣ ਬੜਾ ਕੰਮ ਦਿੱਤਾ, ਇਹਦੇ ਨਾਲ ਹੀ ਤੇ ਮੈਂ ਉਹਦੀ ਧੌਣ ਨੱਪੀ ਸੀ। ਐਵੇਂ ਮੈਨੂੰ ਭੁਲੇਖਾ ਹੀ ਸੀ ਪਈ ਇਹ ਦੁਖਦਾ ਆ, ਇਹ ਤੇ ਬਿਲਕੁਲ ਸਹੀ ਨਿਕਲਿਆ, ਮੈਂ ਵਰਤ ਕੇ ਜੂ ਵੇਖਿਆ।"

ਅਸਾਂ ਆਖਿਆ ਤੂੰ ਦਸ ਰੁਪਏ ਵਾਰਡਨ ਦੇ ਮੱਥੇ ਮਾਰਨੇ ਸੀ, ਉਹਨੇ ਆਪੇ ਸਾਰਿਆਂ ਨਾਲੋਂ ਪਹਿਲਾਂ ਡਾਕਟਰ ਨੂੰ ਵਿਖਾ ਦੇਣਾ ਸੀ। ਉਹ ਆਖਣ ਲੱਗਾ, "ਭਾਊ ਜੀ, ਫੇਰ ਉਹੋ ਗੱਲ, ਤੁਹਾਨੂੰ ਮੈਂ ਆਹਨਾਂ, "ਮੈਨੂੰ ਇਹ ਸ਼ਗਨ ਵਿਹਾਰ ਸਾਰੇ ਭੁੱਲ ਈ ਗਏ ਸੀ, ਹੁਣ ਆਹ ਵੇਖਾਂ, ਮੈਂ ਬੈਠਾਂ ਕਿ ਨਹੀਂ ਇਕੱਲਾ, ਚੱਕੀ ਮੱਲ ਕੇ। ਕੱਲ ਡਾਕਟਰ ਆਂਹਦਾ ਸੀ ਕਿ ਦੋ ਬੰਦੇ ਹੋਰ ਨਾਲ ਭੇਜ ਦੇਨਾਂ, ਮੈਂ ਆਖਿਆ, "ਖਬਰਦਾਰ, ਹੁਣ ਮੈਂ ਇਕੱਲੇ ਨੇ ਏਥੇ ਪੰਦਰਾਂ ਦਿਨ ਰਹਿਣਾ ਹੈ, ਜੋ ਲੈਣਾ ਦੇਣਾ ਉਹਦੀ ਗੱਲ ਕਰ, ਫਾਲਤੂ ਗੱਲ ਕੋਈ ਨਾ ਕਰੀਂ ਮੇਰੇ ਨਾਲ।"

ਉਹਨੇ ਫਿਰ ਇੰਗਲੈਂਡ ਦੀ ਗੱਲ ਛੇੜ ਲਈ ਅਖੇ ਇਕ ਦਿਨ ਮੈਂ ਗੱਡੀ ਗਲਤ ਪਾਰਕ ਕਰ ਬੈਠਾ। ਸਿਪਾਹੀ ਆ ਗਿਆ ਤੇ ਮੇਰੇ ਕੋਲੋਂ ਕਾਗਜ਼ ਮੰਗੇ। ਮੈਂ ਇਥੋਂ ਦੇ ਗਿਝੇ ਨੇ, ਜੇਬ ਵਿਚ ਪੌਂਡਾਂ ਨੂੰ ਹੱਥ ਮਾਰਨ ਡਹਿ ਪਿਆ, ਉਹ ਸਿਪਾਹੀ ਆਂਹਦਾ ਗੱਲ ਸੁਣ ਲਾ,

ਜਿਹੜਾ ਤੂੰ ਗਲਤ ਗੱਡੀ ਪਾਰਕ ਕਰਨ ਵਾਲਾ ਅਪਰਾਧ ਕੀਤਾ ਆ ਨਾ, ਇਹਦੀ ਟਿਕਟ ਵਧ ਤੋਂ ਵਧ ਵੀਹ ਪੌਂਡ ਆ। ਪਰ ਜਿਹੜਾ ਤੂੰ ਹਾਅ ਬੋਝਾ ਭੁੜਕਾਉਣ ਵਾਲਾ ਕਰਨ ਡਿਹਾ ਆ ਨਾ, ਇਹਦੀ ਤਿੰਨ ਸਾਲ ਕੈਦ ਤੇ ਦੱਸ ਹਜ਼ਾਰ ਪੌਂਡ ਤੱਕ ਜੁਰਮਾਨਾ ਤੇ ਦੋਵੇਂ ਵੀ ਹੋ ਸਕਦੇ ਹਨ। ਤੂੰ ਅਜੇ ਇੰਡੀਆ ਤੋਂ ਤਾਜਾ ਆਇਆ ਲੱਗਦਾਂ, ਤੇਰਾ ਲਿਹਾਜ ਕਰ ਦਿੱਤਾ, ਅਗਾਂਹ ਨਾ ਏਦਾਂ ਕਰੀਂ ਤੇ ਉਹਨੇ ਟਿਕਟ ਮੇਰੇ ਸ਼ੀਸ਼ੇ 'ਤੇ ਚਮੇੜ ਦਿੱਤੀ ਤੇ ਆਪ ਅਹੁ ਗਿਆ। ਹੁਣ ਨਾ ਤੁਸੀਂ ਫਿਕਰ ਕਰੋ, ਰੰਗੀ ਦੇ ਰੰਗ ਵੇਖੋ, ਵਾਹਿਗੁਰੂ ਨੇ ਸੁੱਖ ਰੱਖੀ ਤਾਂ ਪਰਸੋਂ ਕੁ ਤੱਕ ਉਹ ਲੰਬਰਦਾਰ ਵੀ ਰੂੰ ਵਾਂਗ ਪਿੰਜਿਆ ਲਿਓ।

ਅਸੀਂ ਗੱਲਾਂ ਬਾਤਾਂ ਕਰਕੇ ਹੱਸ ਖੇਡ ਲਿਆ ਸੀ। ਚਾਹ ਪੀਣ ਲੱਗੇ ਤਾਂ ਅਸਾਂ ਹੈਡਵਾਰਡਨ ਨੂੰ ਵੀ ਚਾਹ ਪੀਣ ਲਈ ਬੁਲਾ ਲਿਆ, ਜਿਹੜਾ ਸਾਡੇ ਨਾਲ ਹਸਪਤਾਲ ਆਇਆ ਸੀ। ਹੈਡਵਾਰਡਨ ਕਹਿਣ ਲੱਗਾ, "ਪਿਛਲੇ ਸਾਲ ਸੁੰਦਰ ਡਾਕੂ ਇਸੇ ਜੇਲ੍ਹ ਦੇ ਵਾਰਡ ਨੰਬਰ ਤੇਰ੍ਹਾਂ ਵਿਚ ਰਖਿਆ ਗਿਆ ਸੀ। ਸੁੰਦਰ ਡਾਕੂ ਉਹ ਸੀ, ਜਿਹਦੀ ਦਿੱਲੀ ਦੇ ਨੇੜੇ ਤੇੜੇ ਤੇ ਪਰ੍ਹਾਂ ਯੂ.ਪੀ. ਗਾਜੀਆਬਾਦ ਤੱਕ ਪੂਰੀ ਧਾਂਕ ਸੀ। ਪੁਲਿਸ ਵੀ ਉਸ ਤੋਂ ਚਾਲੂ ਸੀ। ਕਿਸੇ ਤਰ੍ਹਾਂ ਸੁੰਦਰ ਡਾਕੂ ਫੜਿਆ ਗਿਆ। ਇਹ ਜੇਲ੍ਹ ਤਾਂ ਅੱਗੇ ਹੀ ਨਾਮੀ ਡਾਕੂਆਂ ਤੇ ਕਾਤਲਾਂ ਨਾਲ ਭਰੀ ਪਈ ਹੈ, ਸੁੰਦਰ ਡਾਕੂ ਨੂੰ ਇਥੇ ਕੀਹਨੇ ਪੁੱਛਣਾ ਸੀ? ਪਰ ਬਾਹਰ ਉਹਦਾ ਨਾਂ ਸੁਣ ਕੇ ਲੋਕ ਥਰ ਥਰ ਕੰਬਦੇ ਸਨ। ਇਕ ਲੰਬਰਦਾਰ ਨੇ ਐਵੇਂ ਆਪਣੀ ਹੈਂਕੜ ਵਿਚ ਆਏ ਹੋਏ ਨੇ ਹੀ ਉਹਨੂੰ ਕੁੱਟ ਕਢਿਆ। ਹੁਣ ਉਹ ਭਾਵੇਂ ਮਸ਼ਹੂਰ ਡਾਕੂ ਸੀ, ਪਰ ਜੇਲ੍ਹ ਵਿਚ ਕੀ ਕਰ ਸਕਦਾ ਸੀ? ਚੁੱਪ ਚਾਪ ਕੁੱਟ ਖਾ ਗਿਆ। ਐਸੀ ਰੱਬ ਦੀ ਕਰਨੀ ਹੋਈ ਕਿ ਓਧਰ ਡਾਕੂ ਸੁੰਦਰ ਦੀ ਜਮਾਨਤ ਹੋ ਗਈ ਤੇ ਓਧਰ ਥੋੜੇ ਜਿਹੇ ਦਿਨਾਂ ਦੇ ਫਰਕ ਨਾਲ ਲੰਬਰਦਾਰ ਦੀ ਰਿਹਾਈ ਹੋ ਗਈ। ਉਹਦੇ ਘਰਵਾਲਿਆਂ ਨੇ ਆਪਣੇ ਘਰ ਉਹਦੇ ਆਉਣ ਦੀ ਖੁਸ਼ੀ ਵਿਚ ਜਸ਼ਨ ਦਾ ਪ੍ਰਬੰਧ ਕੀਤਾ। ਘਰ ਸ਼ਾਮਿਆਨਾ ਲੱਗਾ ਹੋਇਆ ਸੀ ਤੇ ਲਾਊਡ ਸਪੀਕਰ ਫੁੱਲ ਅਵਾਜ਼ 'ਤੇ ਚੱਲ ਰਿਹਾ ਸੀ। ਘਰ ਵਿਚ ਵਿਆਹ ਵਰਗੀ ਚਹਿਲ ਪਹਿਲ ਸੀ। ਲੰਬਰਦਾਰ ਦੇ ਗਲ ਵਿਚ ਹਾਰ ਪਾ ਕੇ ਲਿਆਂਦਾ ਗਿਆ। ਜਦੋਂ ਉਹ ਘਰ ਦੀ ਦਹਿਲੀਜ਼ ਅੰਦਰ ਚਲਾ ਗਿਆ ਤਾਂ ਦਰਵਾਜਾ ਬੰਦ ਹੋ ਗਿਆ। ਸੁੰਦਰ ਡਾਕੂ ਖਲੋਤਾ ਮੁਸਕਰਾ ਰਿਹਾ ਸੀ। ਲੰਬਰਦਾਰ ਉਹਦੇ ਪੈਰੀਂ ਪੈ ਗਿਆ, ਆਖੇ ਮੈਨੂੰ ਮੁਆਫ ਕਰ ਦੇ, ਮੈਂ ਸੋਲਾਂ ਸਾਲਾਂ ਬਾਅਦ ਘਰ ਦੀ ਦਹਿਲੀਜ 'ਤੇ ਪੈਰ ਰੱਖਿਆ ਹੈ। ਮੇਰੇ 'ਤੇ ਮਿਹਰਬਾਨੀ ਕਰ। ਡਾਕੂ ਸੁੰਦਰ ਹਰਿਆਣੇ ਦੇ ਪਲਵਲ ਕਸਬੇ ਦਾ ਰਹਿਣ ਵਾਲਾ ਸੀ। ਉਸ ਨੇ ਕਿਹਾ "ਅਰੇ ਸੁਸਰੇ ਤੂੰ ਤੋ ਦਹਿਲੀਜ ਲਾਂਘ ਕੇ ਘਰ ਆ ਗਿਆ, ਮੈਂ ਤੋ ਘਰ ਕਾ ਨਾਮ ਹੀ ਭੂਲ ਚੁਕਾ ਹੂੰ, ਮੈਂ ਤੇਰੇ ਕੋ ਨਹੀਂ ਮਾਰੂੰਗਾ।" ਫਿਰ ਉਸ ਨੇ ਤੇ ਉਸਦੇ ਬੰਦਿਆਂ ਨੇ ਪੂਰੇ ਪਰਿਵਾਰ ਦੇ ਮਰਦ ਮੈਂਬਰਾਂ ਦੀ ਪਛਾਣ ਕਰ ਕੇ ਸਭ ਦਾ ਸਫਾਇਆ ਕਰ ਦਿੱਤਾ ਤੇ ਲੰਬਰਦਾਰ ਦੀਆਂ ਦੋਵੇਂ ਲੱਤਾਂ ਤੇ ਸੱਜਾ ਹੱਥ ਵੱਢ ਕੇ ਸੁੱਟ ਦਿੱਤਾ ਤੇ ਆਪ ਜੀਪ 'ਤੇ ਸਵਾਰ ਹੋ ਕੇ ਚਲਾ ਗਿਆ। ਬਾਅਦ ਵਿਚ ਡਾਕੂ ਸੁੰਦਰ ਵੀ ਇਕ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਪਰ ਐਸ.ਐਸ.ਪੀ. ਸਮੇਤ ਕਈ ਅਫ਼ਸਰ ਸਸਪੈਂਡ ਹੋ ਗਏ ਸਨ ਕਿਉਂਕਿ ਮੁਕਾਬਲਾ ਝੂਠਾ ਸੀ, ਸ਼ਾਇਦ ਕੁਝ ਪੁਲਿਸ ਅਫ਼ਸਰਾਂ ਨੂੰ ਉਮਰ ਕੈਦ ਤੱਕ ਸਜ਼ਾ ਵੀ ਹੋਈ ਸੀ।"

ਹਰਬੰਸ ਲਾਲ ਨੇ ਸਾਨੂੰ ਦੱਸਿਆ ਕਿ ਕੁਝ ਦਿਨਾਂ ਤੱਕ ਮੇਰੀਆਂ ਜਮਾਨਤਾਂ ਹੋ

ਜਾਣੀਆਂ ਹਨ। ਮੇਰੇ ਭਰਾ ਨੇ ਮੇਰੇ ਦੱਸੇ ਅਨੁਸਾਰ ਸਾਰੀ ਜਾਇਦਾਦ ਦਾ ਸੌਦਾ ਕਰ ਲਿਆ ਹੈ ਤੇ ਅਸਾਂ ਹੁਣ ਸਪਰਿਵਾਰ ਹੀ ਬਾਹਰ ਚਲੇ ਜਾਣਾ ਹੈ। ਉਸ ਦੇ ਦੱਸਣ ਅਨੁਸਾਰ ਬਾਂਹਰਲੇ ਮੁਲਕ ਸਵਰਗ ਹਨ ਤੇ ਇਹ ਮੁਲਕ ਨਰਕ ਤੋਂ ਵੀ ਭੈੜਾ ਹੈ। ਉਸ ਨੇ ਇਕ ਹਾਸੇ ਵਾਲੀ ਗੱਲ ਸੁਣਾਈ। ਕਹਿਣ ਲੱਗਾ ਕਿ ਇਕ ਬੰਦਾ ਮਰ ਕੇ ਧਰਮਰਾਜ ਕੋਲ ਗਿਆ। ਜਦੋਂ ਧਰਮਰਾਜ ਨੂੰ ਦੱਸਿਆ ਗਿਆ ਕਿ ਇਹ ਭਾਰਤ ਵਿਚੋਂ ਆਇਆ ਹੈ ਤਾਂ ਧਰਮਰਾਜ ਨੇ ਕਿਹਾ ਇਹਨੂੰ ਸਵਰਗ ਭੇਜ ਦਿਓ, ਭਾਰਤ ਵਿਚ ਰਹਿ ਕੇ ਇਹ ਵਿਚਾਰਾ ਬਥੇਰਾ ਨਰਕ ਭੋਗ ਚੁੱਕਾ ਹੈ। ਇਕ ਹੋਰ ਬੰਦੇ ਦਾ ਕੇਸ ਆਇਆ ਤਾਂ ਉਹ ਵੀ ਭਾਰਤ ਦਾ ਹੀ ਸੀ ਪਰ ਉਸ ਨੇ ਕਿਹਾ ਮੈਂ ਭਾਰਤ ਵਿਚ ਉੱਚੇ ਉੱਚੇ ਅਹੁਦਿਆਂ 'ਤੇ ਕੰਮ ਕਰ ਚੁੱਕਾਂ ਹਾਂ ਤੇ ਧਰਮ ਦੇ ਵੀ ਕਈ ਕੰਮ ਕੀਤੇ ਹਨ। ਧਰਮਰਾਜ ਨੇ ਕਿਹਾ, ਇਹਨੂੰ ਘੋਰ ਨਰਕ ਵਿਚ ਭੇਜੋ, ਇਹ ਨਰਕ ਦਾ ਆਦੀ ਹੋ ਚੁੱਕਾ ਹੈ। ਅਸੀਂ ਸਾਰੇ ਹੱਸ ਹੱਸ ਦੂਹਰੇ ਹੋ ਗਏ। ਜਦੋਂ ਅਸੀਂ ਉਸਦੀ ਚੱਕੀ ਵਿਚੋਂ ਬਾਹਰ ਨਿਕਲਣ ਲੱਗੇ ਤਾਂ ਉਹਨੇ ਹੌਲੀ ਜਿਹੀ ਕਿਹਾ, "ਕੱਲ, ਪਰਸੋਂ ਤੇ ਚੌਥੇ ਦੀ ਅਖ਼ਬਾਰ ਧਿਆਨ ਨਾਲ ਪੜ੍ਹਿਓ"। ਅਸੀਂ ਇਹ ਗੱਲ ਕੋਈ ਬਹੁਤਾ ਗੌਲੀ ਨਾ ਤੇ ਵਾਪਸ ਆ ਗਏ। ਤੀਜੇ ਦਿਨ ਸੁਖਬੀਰ ਸਿੰਘ ਖਾਲਸਾ ਦਿੱਲੀ ਵਾਲਾ ਅਖ਼ਬਾਰ ਲੈ ਕੇ ਭੱਜਾ ਆਇਆ ਤੇ ਕਿਹਾ, "ਪੜ੍ਹੋ, ਹਰਬੰਸ ਲਾਲ ਦਾ ਧਰਮ ਭਰਾ ਠਾਣੇਦਾਰ ਗੰਨਾ ਫਾਰਮ ਲਾਗੇ ਮਾਰਿਆ ਗਿਆ ਜੇ।" ਉਸ ਨੂੰ ਮਾਰਨ ਦੀ ਜ਼ਿੰਮੇਵਾਰੀ ਖਾਲਿਸਤਾਨ ਕਮਾਂਡੋ ਫੋਰਸ ਨੇ ਲਈ ਸੀ। ਅਸੀਂ ਬਹੁਤ ਹੈਰਾਨ ਹੋਏ ਕਿ ਵੇਖੋ ਇਹ ਕਤਲ ਇਕ ਨਿੱਜੀ ਦੁਸ਼ਮਣੀ ਦਾ ਸਿੱਟਾ ਹੈ ਪਰ ਨਾਂ ਖਾੜਕੂਆਂ ਦਾ ਲੱਗਾ ਹੈ। ਇਸ ਦਾ ਮਤਲਬ, ਕਈ ਹੋਰ ਪੁਲਿਸ ਵਾਲੇ ਵੀ ਇਸੇ ਤਰ੍ਹਾਂ ਹੀ ਮਾਰੇ ਜਾਣ 'ਤੇ ਖਾੜਕੂਆਂ ਦੇ ਖਾਤੇ ਪੈਂਦੇ ਹੋਣਗੇ?

ਹਰਬੰਸ ਲਾਲ ਤੋਂ ਡਰਦਾ ਲੰਬਰਦਾਰ ਆਪਣੀ ਬਦਲੀ ਕਰਵਾ ਕੇ ਦੋ ਨੰਬਰ ਜੇਲ੍ਹ 'ਚ ਚਲਾ ਗਿਆ, ਜਿਹੜੀ ਹੈ ਹੀ ਸਜ਼ਾ ਯਾਫਤਾ ਕੈਦੀਆਂ ਦੀ। ਦੱਸ ਕੁ ਦਿਨ ਬਾਅਦ ਹਰਬੰਸ ਲਾਲ ਮੁਲਾਕਾਤ ਕਰਨ ਜਾ ਰਿਹਾ ਸੀ, ਮੈਨੂੰ ਜੱਫੀ ਪਾ ਕੇ ਮਿਲਿਆ ਤੇ ਕਿਹਾ ਵਾਹਿਗੁਰੂ ਨੇ ਸੁੱਖ ਰੱਖੀ ਤਾਂ ਪਰਸੋਂ ਕੁ ਤੱਕ ਮੈਂ ਚਲੇ ਜਾਣਾ ਹੈ। ਮੇਰੀ ਜਾਇਦਾਦ ਦੇ ਪੈਸੇ ਬੜੇ ਘੱਟ ਵੱਟੇ ਗਏ ਹਨ ਪਰ ਕੋਈ ਗੱਲ ਨਹੀਂ, ਜ਼ਿੰਦਗੀ ਰਹੀ ਤਾਂ ਹੋਰ ਕਮਾ ਲਵਾਂਗੇ। ਇਥੇ ਤੇ ਹਰ ਪਲ ਮੌਤ ਨਾਲ ਸਾਹਮਣਾ ਰਹਿੰਦਾ ਹੈ। ਪੰਜਾਬ ਹੁਣ ਵੱਸਣ ਦੇ ਕਾਬਲ ਨਹੀਂ ਰਹਿ ਗਿਆ। ਮੈਂ ਤੇ ਆਪਣਾ ਤੇ ਆਪਣੇ ਭਰਾ ਦਾ ਬਾਲ ਬੱਚਾ ਵੀ ਨਾਲ ਹੀ ਲੈ ਚੱਲਿਆ ਹਾਂ। ਉਸ ਨੇ ਮੈਨੂੰ ਵੀ ਸਲਾਹ ਦਿੱਤੀ ਕਿ ਦਫਾ ਕਰੋ ਇਸ ਨਰਕ ਨੂੰ ਤੇ ਇਧਰੋਂ ਜ਼ਮਾਨਤ ਹੁੰਦਿਆਂ ਈ ਬਾਹਰ ਚਲੇ ਜਾਓ। ਫਿਰ ਉਸ ਨੇ ਕਿਹਾ, ਮੇਰੇ ਕੋਲ ਆ ਜਾਓ। ਮੇਰਾ ਆਪਣਾ ਘਰ ਮਕਾਨ ਕਾਰੋਬਾਰ ਸਭ ਕੁਝ ਹੈ। ਮੈਂ ਕਿਹਾ, "ਹਰਬੰਸ ਲਾਲ ਤੇਰੀ ਜਾਇਦਾਦ ਸ਼ਹਿਰੀ ਸੀ, ਮਹਿੰਗੀ ਸਸਤੀ ਵਿਕ ਗਈ, ਸਾਡੀ ਜ਼ਮੀਨ ਏਡੀ ਛੇਤੀ ਕੀਹਨੇ ਖਰੀਦਣੀ ਹੈ?" ਇਸ ਤਰ੍ਹਾਂ ਅਸੀਂ ਵਿਛੜ ਗਏ ਤੇ ਉਸ ਤੋਂ ਬਾਅਦ ਉਹ ਮੈਨੂੰ ਕਦੇ ਨਾ ਮਿਲਿਆ। ਬਹੁਤ ਸਾਰੇ ਹਿੰਦੂਆਂ ਦਾ ਪੰਜਾਬ ਬਾਰੇ ਇਹ ਕਹਿਣਾ ਕਿ ਸਿੱਖ, ਹਿੰਦੂਆਂ ਨੂੰ ਮਾਰਦੇ ਸਨ ਤੇ ਪੰਜਾਬੋਂ ਬਾਹਰ ਕੱਢਣਾ ਚਾਹੁੰਦੇ ਸਨ, ਬਿਲਕੁਲ ਕੋਰਾ ਬਕਵਾਸ ਸੀ। ਹਰਬੰਸ ਲਾਲ ਸਾਡੇ ਕੋਈ ਅੰਗੋ ਸਾਕੋ ਨਹੀਂ ਸੀ। ਉਹ ਕੱਟੜ ਹਿੰਦੂ ਤੇ ਅਸੀਂ ਕੱਟੜ ਸਿੱਖ ਪਰ ਇਕ ਦੂਜੇ ਲਈ ਮਰਨ ਲਈ ਵੀ ਤਿਆਰ ਸਾਂ। ਲੰਬਰਦਾਰ ਨੂੰ ਡਰਾ ਡਰਾ ਕੇ ਅਸਾਂ ਹੀ ਦੋ ਨੰਬਰ ਜੇਲ੍ਹ ਜਾਣ 'ਤੇ ਮਜ਼ਬੂਰ ਕੀਤਾ ਸੀ। ਸਾਡੀ ਦਿਲੀ ਖਾਹਿਸ਼ ਸੀ ਕਿ ਸਾਡੇ ਯਾਰ ਹਰਬੰਸ ਲਾਲ ਦੀ

ਕੀਤੀ ਗੱਲ ਪੁੱਗ ਜਾਵੇ। ਜਿਸ ਦਿਨ ਲੰਬਰਦਾਰ ਨੇ ਜਾਣਾ ਸੀ, ਧਰਮਵੀਰ ਸਿੰਘ ਤੇ ਸੁਖਬੀਰ ਸਿੰਘ ਖਾਲਸਾ, ਉਸ ਨੂੰ ਨਾਲ ਲੈ ਕੇ ਹਰਬੰਸ ਲਾਲ ਕੋਲ ਗਏ। ਕਿਉਂਕਿ ਸਾਡੀ ਬਾਕੀ ਸਾਰਿਆਂ ਦੀ ਉਸ ਦਿਨ ਤਾਰੀਖ ਸੀ। ਉਨ੍ਹਾਂ ਦੋਹਾਂ ਨੇ ਸੌ ਡੇਢ ਸੌ ਕੈਦੀ ਇਕੱਠਾ ਕਰਕੇ ਇਸ ਢੰਗ ਨਾਲ ਉਸ ਲੰਬਰਦਾਰ ਕੋਲੋਂ ਮੁਆਫੀ ਮੰਗਵਾਈ ਕਿ ਹਰਬੰਸ ਲਾਲ ਇਕ ਹੀਰੋ ਵਾਂਗ ਜਾਣਿਆ ਗਿਆ। ਧਰਮਵੀਰ ਸਿੰਘ ਨੇ ਉਸ ਨੂੰ ਧੌਣੋਂ ਫੜ ਕੇ ਹਰਬੰਸ ਲਾਲ ਦੇ ਪੈਰਾਂ 'ਤੇ ਨਿਵਾ ਦਿੱਤਾ। ਲੰਬਰਦਾਰ ਨੇ ਕਿਹਾ, "ਬੜੇ ਭਾਈ ਜੀ, ਮੁਆਫੀ ਦੇ ਦਓ, ਮੇਰਾ ਸਰ ਤੇਰਾ ਜੂਤਾ"। ਸਭ ਨੇ ਕਿਹਾ ਚਲੋ ਠੀਕ ਹੈ ਠੀਕ ਹੈ। ਹਰਬੰਸ ਲਾਲ ਦੀ ਜਿੱਤ ਨਾਲ, ਸਾਡੀ ਵੀ ਜਿੱਤ ਸੀ।

ਜਿਹੜਾ ਇਹ ਰੌਲਾ ਪੰਜਾਬ ਵਿਚ ਰੋਜ਼ ਅਖ਼ਬਾਰਾਂ ਪਾਉਂਦੀਆਂ ਸਨ ਕਿ ਹਿੰਦੂ ਹਿਜਰਤ ਕਰਕੇ ਪੰਜਾਬੋਂ ਬਾਹਰ ਤੁਰੇ ਜਾਂਦੇ ਹਨ, ਇਨ੍ਹਾਂ ਨੂੰ ਹਿਜਰਤ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਹਿਜਰਤ ਕਰਨ ਲਈ ਮਜ਼ਬੂਰ ਕਿਹੜਾ ਸਿੱਖ ਕਰਦਾ ਸੀ? ਕੋਈ ਨਾ ਕੋਈ ਹਿੰਦੂ ਕਿਸੇ ਨਾ ਕਿਸੇ ਸਿੱਖ ਨਾਲ ਦੋਸਤਾਨਾ ਸਬੰਧਾਂ ਵਿਚ ਬੱਝਾ ਹੋਇਆ ਸੀ। ਕੋਈ ਇਕ ਨਾਲ ਦੂਜਾ ਦੂਜੇ ਨਾਲ। ਜਦੋਂ 1965 ਤੇ 1971 ਦੀ ਭਾਰਤ ਪਾਕਿ ਜੰਗ ਹੋਈ ਸੀ, ਉਦੋਂ ਤਾਂ ਸਿੱਖ ਤੇ ਹਿੰਦੂ ਇਕੱਠੇ ਹੀ ਸਨ, ਕੋਈ ਮੋਰਚਾ ਨਹੀਂ ਸੀ। ਉਦੋਂ ਸਿੱਖਾਂ ਦੀ ਕੋਈ ਮੰਗ ਨਹੀਂ ਸੀ, ਕੋਈ ਸਿੱਖ ਖਾੜਕੂ ਨਹੀਂ ਸੀ। ਦਰਬਾਰ ਸਾਹਿਬ 'ਤੇ ਕੋਈ ਫੌਜੀ ਹਮਲਾ ਨਹੀਂ ਸੀ, ਦੋਹਾਂ ਕੌਮਾਂ ਵਿਚ ਕੋਈ ਦੂਰੇਡ ਨਹੀਂ ਸੀ। ਪਰ ਅੰਮ੍ਰਿਤਸਰ ਸ਼ਹਿਰ ਤਾਂ ਉਰਿਓਂ ਮਾਨਾਂਵਾਲੇ ਤੋਂ ਲੈ ਕੇ ਛੇਹਰਟੇ ਤੱਕ ਉਦੋਂ ਵੀ ਸਾਰਾ ਹੀ ਖਾਲੀ ਹੋ ਗਿਆ ਸੀ। ਜਲੰਧਰ ਵੀ ਅੱਧੇ ਤੋਂ ਵੱਧ ਖਾਲੀ ਹੋ ਗਿਆ ਸੀ। ਉਦੋਂ ਕੀ ਗੱਲ ਹੋਈ ਸੀ? ਕੀ ਉਦੋਂ ਵੀ ਸਿੱਖਾਂ ਦਾ ਕੋਈ ਦਬਾਅ ਸੀ? ਨਹੀਂ, ਤੱਤੇ ਥਾਂ ਪੈਰ ਨਾਂ ਰੱਖਣਾ ਤੇ ਭੱਜ ਕੇ ਸੁਰੱਖਿਅਤ ਥਾਂ 'ਤੇ ਚਲੇ ਜਾਣਾ, ਸ਼ੁਰੂ ਤੋਂ ਹੀ ਸਾਡੇ ਹਿੰਦੂ ਵੀਰਾਂ ਦੀ ਆਦਤ ਰਹੀ ਹੈ। ਉਦੋਂ ਲੁਧਿਆਣੇ ਵਿਚੋਂ ਬਹੁਤ ਘੱਟ ਹਿਜਰਤ ਹੋਈ ਸੀ। ਰਾਜਪੁਰੇ ਤੋਂ ਅੱਗੇ ਤਾਂ ਕਿਸੇ ਨੂੰ ਇਹ ਵੀ ਨਹੀਂ ਸੀ ਪਤਾ ਕਿ ਪੰਜਾਬ ਵਿਚ ਦੂਜੇ ਮੁਲਕ ਨਾਲ ਜੰਗ ਚੱਲ ਰਿਹਾ ਹੈ। ਉਥੇ ਤਾਂ ਦਿੱਲੀ ਰੇਡੀਓ ਸਟੇਸ਼ਨ ਤੋਂ ਗਾਣੇ ਵਜਦੇ ਸਨ, 'ਮਧੂਬੰਨ ਮੇਂ ਰਾਧਕਾ ਨਾਚੇ ਰੇ, ਗਿਰਧਰ ਕੀ ਮੁਰਲੀਆ ਬਾਜੇ ਰੇ'। ਇਥੇ ਮੁਰਲੀ ਵੱਜਦੀ ਸੀ, ਓਧਰ ਪੰਜਾਬ ਵਿਚ ਤੋਪਾਂ ਦੇ ਗੋਲੇ ਤੇ ਜਹਾਜਾਂ ਦੇ ਬੰਬ ਵੱਜਦੇ ਸਨ। ਭੁੱਖੇ ਨੰਗੇ ਹਿੰਦੂਆਂ ਨੂੰ ਛੱਡ ਕੇ ਠੀਕ ਠਾਕ ਹਿੰਦੂ ਤਾਂ ਸਦਾ ਹੀ ਆਪਣੇ ਦੋ ਟਿਕਾਣੇ ਬਣਾ ਕੇ ਰੱਖਦੇ ਹਨ। ਪਾਕਿਸਤਾਨ ਤੇ ਹਿੰਦੋਸਤਾਨ ਦੀ ਵੰਡ 1947 ਦੇ ਅਗਸਤ ਮਹੀਨੇ ਵਿਚ ਹੋਈ ਸੀ ਪਰ ਲਾਹੌਰ, ਸਰਗੋਧਾ, ਲਾਇਲਪੁਰ ਤੇ ਰਾਵਲਪਿੰਡੀ ਦਾ ਹਿੰਦੂ ਤਾਂ ਫਰਵਰੀ ਮਾਰਚ ਵਿਚ ਹੀ ਏਧਰ ਆਉਣਾ ਸ਼ੁਰੂ ਹੋ ਗਿਆ ਸੀ। ਉਦੋਂ ਉਨ੍ਹਾਂ ਨੂੰ ਹਿਜਰਤ ਕਿਹੜੇ ਸਿੱਖਾਂ ਨੇ ਕਰਵਾਈ ਸੀ? ਮਨੋਵਿਗਿਆਨ ਦਾ ਇਕ ਅਸੂਲ ਹੈ ਕਿ ਜੇ ਦਰਿਆ ਵਿਚ ਹੜ੍ਹ ਆਇਆ ਹੋਵੇ, ਦਰਿਆ ਵਿਚ ਇਕ ਛਤੀਰੀ ਰੁੜ੍ਹੀ ਜਾਂਦੀ ਹੋਵੇ, ਜਿਸ ਦੇ ਇਕ ਸਿਰੇ 'ਤੇ ਫਨੀਅਰ ਸੱਪ ਤਿੰਨ ਫੁੱਟ ਉੱਚਾ ਫੰਨ ਖਲਾਰ ਕੇ ਬੈਠਾ ਹੋਵੇ ਤੇ ਛਤੀਰੀ ਦੇ ਦੂਸਰੇ ਸਿਰੇ 'ਤੇ ਬੰਦਾ ਬੈਠਾ ਹੋਵੇ ਤਾਂ ਸੱਪ ਬੰਦੇ ਨੂੰ ਨਹੀਂ ਡੰਗਦਾ ਤੇ ਬੰਦਾ ਸੱਪ ਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰਦਾ। ਕਿਉਂਕਿ ਉਸ ਵੇਲੇ ਉਹ ਦੋਵੇਂ ਮੁਸੀਬਤ ਵਿਚ ਹੁੰਦੇ ਹਨ। ਫਿਰ ਸਿੱਖਾਂ ਦੀ ਤੇ ਹਿੰਦੂਆਂ ਨਾਲ ਕਦੀ ਦੁਸ਼ਮਣੀ ਵੀ ਨਹੀਂ ਰਹੀ। ਫਿਰ ਵੀ ਹਿੰਦੂ ਪਾਕਿਸਤਾਨ ਬਣਨ ਤੋਂ ਪੰਜ ਮਹੀਨੇ ਪਹਿਲਾਂ ਹੀ ਕਿਉਂ ਛੂਟ ਵੱਟ ਆਏ ਸਨ? ਲੜਾਈ

ਦੇ ਦਿਨਾਂ ਵਿਚ ਵੀ ਜਿਹੜਾ ਹਿੰਦੂ ਅੰਮ੍ਰਿਤਸਰੋਂ ਉਠਿਆ ਉਸ ਨੇ ਹਰਿਆਣੇ ਦੇ ਪਰ੍ਹਾਂ ਜਾ ਕੇ ਸਾਹ ਲਿਆ, ਕੀ ਇਨ੍ਹਾਂ ਗੱਲਾਂ ਦਾ ਜੁਆਬ ਕਿਸੇ ਹਿੰਦੂ ਕੋਲ ਹੈ?

ਹਿੰਦੂਆਂ ਦਾ ਇਹ ਕਹਿਣਾ ਕਿ ਪੰਜਾਬ ਹਿੰਦੀ ਭਾਸ਼ੀ ਖੇਤਰ ਹੈ, ਕਿਉਂਕਿ ਵੇਦ ਇਥੇ ਰਚੇ ਗਏ ਸਨ ਤੇ 1961 ਤੇ 1971 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਦੀ ਬੋਲੀ ਹਿੰਦੀ ਹੈ, ਉਹ ਇਸ ਲਈ ਕਿ ਪੰਜਾਬੀ ਹਿੰਦੂਆਂ ਨੇ ਮਰਦਮਸ਼ੁਮਾਰੀ ਕਰਨ ਵਾਲਿਆਂ ਨੂੰ ਆਪਣੀ ਬੋਲੀ ਹਿੰਦੀ ਲਿਖਵਾਉਣ ਲਈ ਵੀ ਪੰਜਾਬੀ ਵਿਚ ਹੀ ਆਖਿਆ ਸੀ ਕਿ, "ਭਾਈ ਮੇਰੀ ਬੋਲੀ ਹਿੰਦੀ ਲਿਖੀ", ਅਗੋਂ ਲਿਖਣ ਵਾਲੇ ਹਿੰਦੂ ਨੇ ਵੀ ਪੰਜਾਬੀ ਵਿਚ ਹੀ ਉਸ ਦੀ ਤਸੱਲੀ ਕਰਵਾਈ ਸੀ ਤੇ ਕਿਹਾ ਸੀ, "ਬੀਬੀ ਘਾਬਰ ਨਾ, ਮੈਂ ਅੱਗੇ ਹੀ ਹਿੰਦੀ ਲਿਖੀ ਆ, ਤੂੰ ਨਾ ਵੀ ਆਖਦੀ ਮੈਂ ਤਾਂ ਵੀ ਹਿੰਦੀ ਵੀ ਲਿਖਣੀ ਸੀ।" ਚਲੋ ਮੰਨ ਲਓ ਕਿ ਜਲੰਧਰ ਦੇ ਸ਼ਹਿਰੀਆਂ ਦੀ ਬੋਲੀ ਹਿੰਦੀ ਹੈ ਤਾਂ ਕੀ ਜਲੰਧਰ ਨੂੰ ਹਰਿਆਣੇ ਨਾਲ ਲਾ ਦੇਣਾ ਸੀ? ਮੰਨ ਲਓ ਪੰਜਾਬ ਦਾ ਇਕ ਐਸਾ ਸ਼ਹਿਰ ਹੋਵੇ ਜਿਥੇ ਸਾਰੇ ਅੰਗਰੇਜ਼ੀ ਬੋਲਦੇ ਹੋਣ ਤਾਂ ਕੀ ਉਹ ਸ਼ਹਿਰ ਇੰਗਲੈਂਡ ਨਾਲ ਜਾ ਲੱਗੇਗਾ? ਜੇ ਵੇਦ ਸੰਸਕ੍ਰਿਤ ਵਿਚ ਲਿਖੇ ਗਏ ਸਨ ਤਾਂ ਸੰਸਕ੍ਰਿਤ ਬੋਲਣ ਵਾਲਾ ਤਾਂ ਅੱਜ ਪੂਰੇ ਭਾਰਤ ਵਿਚ ਕੋਈ ਇਲਾਕਾ ਨਹੀਂ। ਸਵਾਲ ਤਾਂ ਇਥੇ ਮਾਂ ਬੋਲੀ ਦਾ ਹੈ। ਮਾਂ ਬੋਲੀ ਦੀ ਪਰਿਭਾਸ਼ਾ ਬੜੀ ਸਿੱਧੀ ਹੈ। ਹੱਸਦੇ ਵੱਸਦੇ ਘਰ ਵਿਚ ਦੁਪਹਿਰ ਨੂੰ ਡਾਕੀਆਂ ਆਵੇ ਤੇ ਦਸਤਖਤ ਕਰਵਾ ਕੇ ਤਾਰ ਦੇ ਜਾਵੇ। ਤਾਰ ਖੋਲ੍ਹੀ ਜਾਵੇ ਤੇ ਪੜ੍ਹੀ ਜਾਵੇ, ਜਿਸ ਵਿਚ ਲਿਖਿਆ ਹੋਵੇ ਕਿ ਨਵੀਂ ਮੁਕਲਾਵੇ ਆਈ ਵਹੁੱਟੀ ਦੀ ਮਾਂ ਗੁਜਰ ਗਈ ਹੈ ਤੇ ਇਹ ਗੱਲ ਉਸ ਵਹੁਟੀ ਨੂੰ ਦੱਸੀ ਜਾਵੇ। ਵੇਖਣਾ ਇਹ ਹੈ ਕਿ ਉਹ ਇਹ ਖਬਰ ਸੁਣ ਕੇ ਪੱਟਾ 'ਤੇ ਹੱਥ ਮਾਰ ਕੇ, ਮੂੰਹ ਅੱਡ ਕੇ ਵੈਣ ਕਿਹੜੀ ਭਾਸ਼ਾ ਵਿਚ ਪਾਉਂਦੀ ਹੈ। ਇਹ ਤਜਰਬਾ ਹੁਣ ਵੀ ਪੰਜਾਬ ਵਿਚ ਹਿੰਦੂਆਂ ਦੀ ਬੋਲੀ ਵੇਖਣ ਲਈ ਕੀਤਾ ਜਾ ਸਕਦਾ ਹੈ। ਵੈਣ ਪੰਜਾਬੀ ਵਿਚ ਹੀ ਪੈਣਗੇ।

ਪੰਜਾਬ ਨੂੰ ਹਿੰਦੀ ਭਾਸ਼ੀ ਖੇਤਰ ਸਾਹਿਤਕ ਪੱਖ ਤੋਂ ਵੀ ਨਹੀਂ ਕਿਹਾ ਜਾ ਸਕਦਾ। ਅੱਜ ਤੱਕ ਪੰਜਾਬ ਦਾ ਕੋਈ ਵੀ ਹਿੰਦੂ ਲਿਖਾਰੀ ਨਹੀਂ ਹੋਇਆ, ਜਿਸ ਨੇ ਹਿੰਦੀ ਸਾਹਿਤ ਵਿਚ ਰਚਨਾਵਾਂ ਲਿਖ ਕੇ ਕੋਈ ਖਾਸ ਮੱਲ ਮਾਰੀ ਹੋਵੇ। ਪਰ ਬਹੁਤ ਹਿੰਦੂ ਪੰਜਾਬੀ ਦੇ ਸਿਖਰ ਦੇ ਲਿਖਾਰੀ ਹੋਏ ਹਨ ਤੇ ਉਨ੍ਹਾਂ ਨੇ ਉਚਤਮ ਸਾਹਿਤ ਦੀ ਰਚਨਾਂ ਕੀਤੀ ਹੈ। ਜਿਵੇਂ ਲਾਲਾ ਧੰਨੀ ਰਾਮ ਚਾਤ੍ਰਿਕ, ਲਾਲਾ ਬ੍ਰਿਜ ਲਾਲ ਸ਼ਾਸਤਰੀ, ਲਾਲਾ ਕਿਰਪਾ ਸਾਗਰ, ਈਸ਼ਵਰ ਚੰਦਰ ਨੰਦਾ ਤੇ ਲਾਲਾ ਅਮਰ ਨਾਥ ਜੀ। ਐਸੇ ਹੋਰ ਵੀ ਬਹੁਤ ਸਾਰੇ ਹਿੰਦੂ ਲਿਖਾਰੀ ਹਨ, ਜਿਨ੍ਹਾਂ ਦਾ ਪੰਜਾਬੀ ਸਾਹਿਤ ਵਿਚ ਖਾਸ ਥਾਂ ਹੈ।

ਜਿਹੜੇ ਹਿੰਦੂ ਇਹ ਮੰਨ ਕੇ ਚੱਲਦੇ ਹਨ ਕਿ ਹਿੰਦੂ ਤੇ ਸਿੱਖ ਇਕ ਹੀ ਹਿੰਦੂ ਪਰਿਵਾਰ ਵਿਚੋਂ ਹਨ, ਪਰਿਵਾਰ ਦਾ ਵੱਡਾ ਪੁੱਤਰ ਸਿੱਖ ਬਣਾਇਆ ਜਾਂਦਾ ਸੀ ਤੇ ਇਸ ਤਰ੍ਹਾਂ ਹਿੰਦੂ ਤੇ ਸਿੱਖ ਇਕ ਹੀ ਮਾਂ ਦਾ ਦੁੱਧ ਚੁੰਘਦੇ ਸਨ ਤੇ ਇਕੋ ਘਰ ਵਿਚ, ਪਲਦੇ, ਖੇਡਦੇ ਤੇ ਵੱਡੇ ਹੁੰਦੇ ਸਨ, ਉਨ੍ਹਾਂ ਹੀ 1961 ਤੇ 1971 ਦੀ ਮਰਦਮਸ਼ੁਮਾਰੀ ਵਿਚ ਨਵੀਂ ਕਾਢ ਕੱਢੀ ਤੇ ਨਵਾਂ ਤਜਰਬਾ ਲੋਕਾਂ ਸਾਹਮਣੇ ਲਿਆਂਦਾ ਕਿ ਇਕ ਮਾਂ ਦੇ ਪੇਟੋਂ ਜਨਮ ਲੈ ਕੇ ਇਕ ਮਾਂ ਦੀ ਛਾਤੀ ਦਾ ਦੁੱਧ ਚੁੰਘ ਕੇ ਤੇ ਇਕੱਠੇ ਖੇਡ ਕੇ ਵੀ ਦੋਹਾਂ ਦੀ ਬੋਲੀ ਵੱਖ-ਵੱਖ ਹੋ ਸਕਦੀ ਹੈ। ਇਨ੍ਹਾਂ ਹਿੰਦੂਆਂ ਨੂੰ ਤਾਂ ਇਸ ਕਾਢ ਕਰਕੇ ਨੋਬਲ ਪ੍ਰਾਈਜ਼ ਮਿਲਣਾ ਚਾਹੀਦਾ ਹੈ, ਜਿਵੇਂ ਸਰ ਜਗਦੀਸ਼ ਚੰਦਰ ਬੋਸ ਨੂੰ ਮਿਲਿਆ ਸੀ, ਜਿਸ ਨੇ ਇਹ ਸਿੱਧ ਕੀਤਾ ਸੀ ਕਿ

ਪੌਦਿਆਂ ਵਿਚ ਵੀ ਮਨੁੱਖਾਂ ਵਾਂਗ ਜਾਨ ਹੁੰਦੀ ਹੈ ਤੇ ਜੇ ਉਨ੍ਹਾਂ ਨੂੰ ਪਿਆਰ ਕਰੋ ਜਾਂ ਸੰਗੀਤ ਸੁਣਾਓ ਤਾਂ ਉਹ ਜ਼ਿਆਦਾ ਵਧਦੇ ਫੁਲਦੇ ਹਨ ਤੇ ਜੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਨੀਯਤ ਨਾਲ ਉਨ੍ਹਾਂ ਕੋਲ ਜਾਓ ਤਾਂ ਉਹ ਕੰਬ ਜਾਂਦੇ ਹਨ। ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਬੰਦਾ ਸਾਡਾ ਮਿੱਤਰ ਨਹੀਂ ਦੁਸ਼ਮਣ ਹੈ। ਉਸ ਨੇ ਤਾਂ ਪੌਦਿਆਂ ਦੇ ਡਰ ਦੀ ਪਮਾਇਸ਼ ਕਰਨ ਲਈ ਵੀ ਇਕ ਯੰਤਰ ਤਿਆਰ ਕਰ ਲਿਆ ਸੀ। ਪਰ ਬੋਲੀ ਵਾਲੀ ਕਾਢ ਕੱਢਣ ਵਾਲੇ ਨੇ ਸਿਰਫ ਏਨਾ ਦਸਿਆ ਹੈ ਕਿ ਪੰਜਾਬ ਦੇ ਮੁੱਢ ਕਦੀਮ ਤੋਂ ਰਹਿਣ ਵਾਲੇ ਹਿੰਦੂਆਂ ਦੀ ਬੋਲੀ ਹਿੰਦੀ ਹੈ। ਲਾਲਾ ਜਗਤ ਨਰਾਇਣ ਨੇ ਇਹ ਕਾਢ ਕੱਢੀ ਸੀ, ਪਰ ਉਹ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ। ਉਨ੍ਹਾਂ ਦੇ ਵੱਡੇ ਸਪੁੱਤਰ ਉਨ੍ਹਾਂ ਦੇ ਇਸ ਸਿਧਾਂਤ ਨੂੰ ਖੜ੍ਹੇ ਜ਼ੋਰ ਨਾਲ ਪ੍ਰਚਾਰਦੇ ਸਨ, ਪਰ ਉਹ ਵਿਚਾਰੇ ਵੀ ਸਾਥੋਂ ਵਿਛੜ ਚੁੱਕੇ ਹਨ। ਹੁਣ ਇਹ ਨੋਬਲ ਪ੍ਰਾਈਜ਼ ਕਿਸ ਨੂੰ ਮਿਲੇ? ਉਹਨਾਂ ਦੇ ਛੋਟੇ ਭਰਾ ਨੂੰ ਦਿੱਤਾ ਜਾ ਸਕਦਾ ਹੈ, ਉਹ ਵੀ ਜ਼ੋਰ ਸ਼ੋਰ ਨਾਲ ਆਪਣੇ ਪਿਓ ਤੇ ਭਰਾ ਦੇ ਪੂਰਨਿਆਂ 'ਤੇ ਚੱਲ ਰਹੇ ਹਨ।

ਕਈ ਹਿੰਦੂ ਸਿਰਫ ਬਹਿਸ ਕਰਨ ਲਈ ਹੀ ਬਹਿਸ ਕਰਦੇ ਹਨ ਕਿ ਹਿੰਦੂਆਂ ਦੇ ਗ੍ਰੰਥ ਹਿੰਦੀ ਵਿਚ ਹਨ, ਇਸ ਲਈ ਸਾਡੀ ਮਾਤ ਭਾਸ਼ਾ ਵੀ ਹਿੰਦੀ ਹੈ। ਹੁਣ ਉਨ੍ਹਾਂ ਨੂੰ ਕੋਈ ਪੁੱਛੇ ਪਈ ਮੁਸਲਮਾਨਾਂ ਦਾ ਕੁਰਾਨ ਸ਼ਰੀਫ ਅਰਬੀ ਵਿਚ ਹੈ ਪਰ ਪਾਕਿਸਤਾਨ ਵਾਲੇ ਪੰਜਾਬ ਦੇ ਪੰਜਾਬੀਆਂ ਤਾਂ ਕਦੇ ਨਹੀਂ ਆਖਿਆ ਕਿ ਸਾਡੀ ਬੋਲੀ ਅਰਬੀ ਹੈ। ਉਹ ਤਾਂ ਬੜੇ ਫਖਰ ਨਾਲ ਆਪਣੇ ਆਪ ਨੂੰ ਪੰਜਾਬੀ ਆਖਦੇ ਹਨ ਤੇ ਆਪਣੀ ਮਾਤ ਭਾਸ਼ਾ ਵੀ ਪੰਜਾਬੀ ਲਿਖਵਾਉਂਦੇ ਹਨ। ਭਾਵੇਂ ਉਨ੍ਹਾਂ ਦੀ ਲਿੱਪੀ ਉਰਦੂ ਹੈ ਪਰ ਭਾਸ਼ਾ ਪੰਜਾਬੀ ਹੈ। ਅਸਲ ਵਿਚ ਸਿੱਖਾਂ ਦੇ ਦਸ ਦੇ ਦਸ ਗੁਰੂ ਸਾਹਿਬਾਨ ਖੱਤਰੀ ਸਨ। ਜਦੋਂ ਪਹਿਲੇ ਗੁਰੂ ਨਾਨਕ ਸਾਹਿਬ ਨੇ ਬ੍ਰਾਹਮਣਾਂ ਦੇ ਬਾਸੀ ਹੋ ਚੁੱਕੇ ਕਰਮਕਾਂਡਾਂ ਤੋਂ ਪਰ੍ਹੇ ਹਟ ਕੇ ਤਾਜੀ ਤੇ ਲੁਸਲੁਸ ਕਰਦੀ ਜੀਵਨ ਜਾਂਚ ਦੱਸੀ ਤਾਂ ਲੱਗਪੱਗ ਸਾਰੇ ਹੀ ਖੱਤਰੀ ਸਿੱਖੀ ਵਿਚ ਸ਼ਾਮਲ ਹੋ ਗਏ। ਪਰ ਜਦੋਂ ਛੇਵੇਂ ਗੁਰੂ ਜੀ ਤੋਂ ਸਿੱਖੀ ਦੀ ਜੀਵਨ ਜਾਂਚ ਵਿਚ ਖਾੜਕੂ ਤੱਤ ਵੀ ਰਲ ਗਿਆ ਤਾਂ ਦੁਕਾਨਦਾਰ ਤੇ ਕਾਰੋਬਾਰੀ ਖੱਤਰੀਆਂ ਦਾ ਸਿੱਖੀ ਤੋਂ ਮਨ ਖੱਟਾ ਹੋਣ ਲੱਗ ਪਿਆ। ਚੌਥੇ ਅਤੇ ਪੰਜਵੇਂ ਗੁਰੂ ਜੀ ਨੇ ਵਪਾਰ ਸਥਾਪਤ ਕਰਨ ਲਈ ਹੱਟੀਆਂ ਤੱਕ ਬਣਾ ਕੇ ਦਿੱਤੀਆਂ, ਬਜ਼ਾਰ ਤੇ ਹੋਰ ਸਹੂਲਤਾਂ ਵੀ ਮੁਹੱਈਆ ਕਰਵਾਈਆਂ, ਪਰ ਛੇਵੇਂ ਗੁਰੂ ਦੀਆਂ ਦੋ ਕ੍ਰਿਪਾਨਾਂ ਖੱਤਰੀਆਂ ਨੂੰ ਖੈਰ-ਹੱਥੀਆਂ ਨਾ ਲੱਗੀਆਂ, ਕਿਉਂਕਿ ਵਪਾਰੀ ਤਬਕਾ ਸਰਕਾਰ ਨਾਲ ਟੱਕਰ ਲੈਣ ਤੋਂ ਸਦਾ ਗੁਰੇਜ਼ ਕਰਦਾ ਹੈ। ਗੁਰੇਜ਼ ਹੀ ਨਹੀਂ ਕਰਦਾ ਸਗੋਂ ਹਕੂਮਤ ਦੀ ਰਜ਼ਾ ਵਿਚ ਚੱਲਦਾ ਹੈ। ਪਰ ਏਧਰ ਇਹ ਗੱਲ ਸੀ ਕਿ ਰਾਮ ਰਾਏ ਨੇ ਗੁਰਬਾਣੀ ਬਦਲਣ ਦੀ ਮਾੜੀ ਜਿਹੀ ਭੁੱਲ ਕੀਤੀ ਤਾਂ ਸਤਗੁਰਾਂ ਉਸ ਤੋਂ ਮੂੰਹ ਫੇਰ ਲਿਆ। ਭਾਵੇਂ ਸਮੇਂ ਦੀ ਹਕੂਮਤ ਨੇ ਉਸ ਨੂੰ ਇਨਾਮ ਦੇ ਕੇ ਮਾਲਾ ਮਾਲ ਕਰ ਦਿੱਤਾ। ਗੁਰੂ ਘਰ 'ਤੇ ਹਕੂਮਤ ਏਨੀ ਨਾਖੁਸ਼ ਸੀ ਕਿ ਅੱਠ ਸਾਲ ਦੇ ਅਠਵੇਂ ਗੁਰੂ ਨੂੰ ਵੀ ਸਰਕਾਰ ਨੇ ਸੰਮਣ ਭੇਜ ਦਿੱਤੇ ਸਨ। ਨੌਵੇਂ ਗੁਰੂ ਨਾਲ ਸ਼ਹੀਦ ਹੋਣ ਵਾਲੇ ਦੋ ਸਿੱਖ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਦੀ ਔਲਾਦ ਅੱਜ ਸਿੱਖੀ ਦੇ ਕੱਟੜ ਵਿਰੋਧੀਆਂ ਵਿਚੋਂ ਹੈ। ਲੈਫਟੀਨੈਂਟ ਜਨਰਲ ਤੇ ਗਵਰਨਰ ਪੰਜਾਬ ਮਿਸਟਰ ਛਿੱਬਰ ਗੁਰੂ ਤੇਗ ਬਹਾਦਰ ਜੀ ਨਾਲ ਦੇਗਾਂ ਵਿਚ ਉਬਾਲ ਕੇ ਸ਼ਹੀਦ ਕੀਤੇ ਜਾਣ ਵਾਲੇ ਭਾਈ ਮਤੀ ਦਾਸ ਦੀ ਔਲਾਦ ਵਿਚੋਂ ਹੈ ਤੇ ਭਾਈ ਸਤੀ

ਦਾਸ ਦੀ ਔਲਾਦ ਅਜ ਕੱਟੜ ਆਰੀਆ ਸਮਾਜੀ ਹੈ।

ਸ. ਨਾਰੰਗ, ਆਨੰਦ ਮਾਰਗੀਏ ਤੇ ਸ਼ਿਵ

• ਜਦੋਂ ਅਸੀਂ ਜੇਲ੍ਹ ਵਿਚ ਗਏ ਸਾਂ ਉਦੋਂ ਭਰ ਗਰਮੀ ਸੀ ਤੇ ਜੂਨ-ਜੁਲਾਈ ਦਾ ਮਹੀਨਾ ਸੀ। ਬਹੁਤ ਗਰਮੀ ਹੋਣ ਕਰਕੇ ਕਿਸੇ ਕੱਪੜੇ ਨੂੰ ਹੱਥ ਲਾਉਣ ਨੂੰ ਜੀਅ ਨਹੀਂ ਸੀ ਕਰਦਾ। ਕਈਆਂ ਨੇ ਕੰਬਲ ਆਪਣੀਆਂ ਚੱਕੀਆਂ ਵਿਚੋਂ ਕੱਢ ਕੱਢ ਕੇ ਬਾਹਰ ਰੱਖ ਦਿੱਤੇ ਸਨ। ਸਾਨੂੰ ਵੀ ਦੋ ਦੋ ਕੰਬਲ ਸਾਰਿਆਂ ਨੂੰ ਮਿਲੇ ਪਰ ਮੇਰੇ ਤੋਂ ਬਗੈਰ ਸਾਰਿਆਂ ਨੇ ਇਕ ਇਕ ਕੰਬਲ ਥੱਲੇ ਵਿਛਾਇਆ ਤੇ ਇਕ ਇਕ ਓਦਾਂ ਹੀ ਤਹਿ ਲਗਾ ਲਗਾਇਆ ਬਾਹਰ ਰੱਖ ਦਿੱਤਾ। ਕੰਬਲ ਬਿਲਕੁਲ ਨਵੇਂ ਸਨ। ਕਈਆਂ ਨੇ ਤਾਂ ਇਕ ਵੀ ਨਾ ਲਿਆ ਤੇ ਨੰਗੇ ਫਰਸ਼ 'ਤੇ ਹੀ ਸੌਣ ਲੱਗ ਪਏ ਕਿਉਂਕਿ ਨੰਗਾ ਫਰਸ਼ ਠੰਡਾ ਲੱਗਦਾ ਸੀ ਤੇ ਕੰਬਲ ਵੱਲ ਵੇਖਦਿਆਂ ਹੀ ਗਰਮੀ ਲੱਗਦੀ ਸੀ। ਪਰ ਮੈਂ ਸਾਰੇ ਕੰਬਲ ਇਕੱਠੇ ਕਰ ਲਏ ਤੇ ਤੈਹ ਲਾ ਕੇ ਥੱਲੇ ਵਿਛਾ ਲਏ। ਕਿਉਂਕਿ ਰੜੇ ਫਰਸ਼ 'ਤੇ ਸੌਣ ਨਾਲ ਮੇਰਾ ਲੱਕ ਦਰਦ ਕਰਨ ਲੱਗ ਪਿਆ ਸੀ। (ਅਸਲ ਵਿਚ ਪਹਿਲਾਂ ਤਾਂ ਏਸੇ ਕਿਤਾਬ ਦੇ ਲਿਖੇ ਹੋਏ ਵਰਕੇ ਲੁਕਾਉਣ ਨੂੰ ਇਸ ਤਰ੍ਹਾਂ ਕੀਤਾ ਸੀ) ਮੇਰੇ ਕੋਲ ਇਕ ਡਬਲਬੈੱਡ ਦੀ ਚਾਦਰ ਸੀ ਉਹ ਮੈਂ ਕੰਬਲਾਂ ਦੇ ਉੱਤੇ ਦੋਹਰੀ ਕਰਕੇ ਵਿਛਾ ਲਈ। ਇਸ ਤਰ੍ਹਾਂ ਕੰਬਲ ਚੁਭਦੇ ਨਹੀਂ ਸਨ ਤੇ ਚਾਦਰ ਦਾ ਕਰਕੇ ਗਰਮੀ ਦਾ ਅਹਿਸਾਸ ਵੀ ਘੱਟ ਹੁੰਦਾ ਸੀ। ਬਾਅਦ ਵਿਚ ਬੀ-ਕਲਾਸ ਲੱਗਣ 'ਤੇ ਮੈਂ ਸਾਰਾ ਪਲੰਦਾ ਹੀ ਚੁੱਕ ਕੇ ਬਿਸਤਰੇ 'ਤੇ ਰੱਖ ਲਿਆ। ਮੈਨੂੰ ਇਹ ਵੀ ਪਤਾ ਸੀ ਕਿ ਟਾਡਾ ਐਕਟ ਹੋਣ ਕਰਕੇ ਇਕ ਸਾਲ ਤਾਂ ਜ਼ਮਾਨਤ ਬਿਲਕੁਲ ਨਹੀਂ ਹੋਣੀ। ਦੂਜੀ ਮੁਲਾਕਾਤ ਤੱਕ ਮੈਂ ਚਾਰ ਚਾਦਰਾਂ ਚਿੱਟੀਆਂ ਤੇ ਸਰਫ ਟੀਨੋਪਾਲ ਵਗੈਰਾ ਸਭ ਸਮਾਨ ਮੰਗਵਾ ਲਿਆ। ਮੇਰੇ ਥੱਲੇ ਵਿਛਾਏ ਹੋਏ ਕੰਬਲਾਂ ਦੀ ਗਿਣਤੀ ਸੱਤਾਈ ਸੀ। ਇਹ ਵਾਹਵਾ ਨੌ ਇੰਚ ਮੋਟਾ ਗੱਦਾ ਬਣ ਗਿਆ ਸੀ। ਏਸੇ ਹੀ ਗੱਦੇ ਦੀ ਚਾਦਰ ਮੇਰਾ ਮੁਸ਼ਕਤੀ ਦੋ ਵਾਰ ਬਦਲਦਾ ਸੀ। ਚਿੱਟੀ ਧੜ ਧੜ ਕਰਦੀ ਚਾਦਰ ਵਾਲੇ ਬਿਸਤਰੇ ਤੇ ਨਾਰੰਗ ਸਾਹਿਬ ਦੋ ਵੇਲੇ ਪ੍ਰਸ਼ਾਦਾ ਛਕਦੇ ਤੇ ਜਦੋਂ ਉਹ ਆਉਂਦੇ ਮੈਂ ਫੱਟ ਪੁਆਂਦੀ ਵਲ ਹੋ ਜਾਂਦਾ ਤੇ ਜੇ ਕੋਈ ਹੋਰ ਬੈਠਾ ਹੁੰਦਾ ਤਾਂ ਉਹਨਾਂ ਦੇ ਆਉਣ 'ਤੇ ਉੱਠ ਕੇ ਪਰ੍ਹਾਂ ਹੋ ਜਾਂਦਾ। ਇਸ ਤਰ੍ਹਾਂ ਕਰਨਾ ਨਾਰੰਗ ਸਾਹਿਬ ਦੇ ਸਤਿਕਾਰ ਦਾ ਪ੍ਰਤੀਕ ਸੀ ਤੇ ਸਾਰੇ ਇਸ 'ਤੇ ਪੂਰਾ ਪੂਰਾ ਅਮਲ ਕਰਦੇ ਸਨ। ਸਾਰੇ ਇਸ ਬਿਸਤਰੇ ਦੇ ਆਲੇ-ਦੁਆਲੇ ਹੋਰ ਥਾਵਾਂ 'ਤੇ ਬੈਠ ਜਾਂਦੇ ਤੇ ਇਸ ਤਰ੍ਹਾਂ ਅਸੀਂ ਸਾਰੇ ਵਿਚਾਰ ਗੋਸ਼ਟੀਆਂ ਕਰਦੇ।

ਅੱਠ ਮਹੀਨੇ ਤਾਂ ਅਸੀਂ ਫਾਂਸੀ ਕੋਠੀਆਂ ਵਿਚ ਹੀ ਕੱਟੇ ਉਸ ਤੋਂ ਬਾਅਦ ਜਿਹੜੇ ਜਿਹੜੇ ਵਾਰਡ ਵਿਚ ਵੀ ਗਏ ਮੇਰੇ ਤਖਤਪੋਸ਼ ਨੁਮਾ ਬਿਸਤਰੇ ਦੇ ਨਾਲ ਹੀ ਇਨ੍ਹਾਂ ਕੰਬਲਾਂ ਦਾ ਪੁਲੰਦਾ ਜਾਂਦਾ ਰਿਹਾ। ਮੁਸ਼ੱਕਤੀ ਚੁੱਕ ਕੇ ਲੈ ਜਾਂਦੇ, ਕਿਸੇ ਨੇ ਕਦੇ ਏਨੇ ਕੰਬਲਾਂ ਦਾ ਸਵਾਲ ਹੀ ਨਹੀ ਸੀ ਉਠਾਇਆ। ਜਦੋਂ ਅਸੀਂ ਸਭ ਤੋਂ ਬਾਅਦ ਵਿਚ ਤੇਰਾਂ ਨੰਬਰ ਵਾਰਡ ਗਏ ਤਾਂ ਇਹ ਵਾਰਡ ਲੰਬਾਈ ਵਿਚ ਸੌ ਫੁੱਟ ਤੋਂ ਵੱਧ ਲੰਬਾ ਤੇ ਕੋਈ ਪੰਝੀ ਕੁ ਫੁੱਟ ਚੌੜਾ ਹੋਵੇਗਾ। ਇਸ ਵਾਰਡ ਦੀ ਛੋਟੀ ਲਹਿੰਦੇ ਪਾਸੇ ਵਾਲੀ ਪੂਰੀ ਕੰਧ 'ਤੇ ਹੀ ਸ਼ਿਵ ਭੋਲੇ ਦਾ ਤਾਂਡਵ ਨ੍ਰਿਤ ਕਰਦੇ ਦੀ ਪੇਂਟਿੰਗ ਬਣੀ ਹੋਈ ਸੀ। ਏਨਾ ਸਜੀਵ ਚਿਤਰ ਮੈਂ ਅੱਜ ਤੱਕ ਕਦੇ ਨਹੀਂ ਵੇਖਿਆ। ਸ਼ਿਵ ਦੇ ਗਲ ਵਿਚ ਫਨੀਅਰ ਸੱਪ ਤੇ ਨਾਲੇ ਬੰਦਿਆਂ ਦੇ ਸਿਰਾਂ ਦੀ ਪਰੋਈ ਹੋਈ ਮਾਲਾ ਤੇ ਪੈਰਾਂ ਥੱਲੇ ਵੀ ਮਨੁੱਖੀ ਖੋਪੜੀਆਂ ਖਿਲਰੀਆਂ ਹੋਈਆਂ ਤੇ ਉਨ੍ਹਾਂ ਖੋਪੜੀਆਂ

ਦੇ ਉੱਤੇ ਸ਼ਿਵ ਦਾ ਇਕ ਪੈਰ ਤੇ ਦੂਜੀ ਲੱਤ ਉਤਾਂਹ ਚੁੱਕੀ ਹੋਈ। ਕਹਿੰਦੇ ਹਨ ਜਦੋਂ ਮਾਤ ਲੋਕ 'ਤੇ ਪਰਲੋ ਲਿਆਉਣ ਤੇ ਖੂਬ ਮਾਰ ਕਾਟ ਤੇ ਨਰ ਸੰਘਾਰ ਕਰਨ ਦਾ ਇਰਾਦਾ ਹੁੰਦਾ ਹੈ ਤਾਂ ਸ਼ਿਵ ਜੀ ਇਹ ਹੀ ਨ੍ਰਿਤ ਕਰਦੇ ਹਨ ਤੇ ਬੱਸ ਮਾਰ ਕਾਟ ਤੇ ਦੁਨੀਆਂ ਤੇ ਮਨੁੱਖਾਂ ਦਾ ਖਾਤਮਾ ਸ਼ੁਰੂ ਹੋ ਜਾਂਦਾ ਹੈ। ਸਾਡੇ ਤੋਂ ਪਹਿਲਾਂ ਇਸ ਵਾਰਡ ਵਿਚ ਅਨੰਦ ਮਾਰਗੀਏ ਰਹਿੰਦੇ ਸਨ। ਦਿੱਲੀ ਵਿਚ ਦਿਨ ਦਿਹਾੜੇ ਸੁਪਰੀਮ ਕੋਰਟ ਦੇ ਇਕ ਜੱਜ ਦੀ ਕਾਰ ਨੂੰ ਬੰਬ ਨਾਲ ਉਡਾ ਦੇਣ ਤੇ ਰੇਲ ਮੰਤਰੀ ਲਲਿਤ ਕੁਮਾਰ ਮਿਸ਼ਰਾ ਦੇ ਕਤਲ ਦੇ ਦੋਸ਼ ਹੇਠ ਕੋਈ ਪੰਜਾਹ ਤੋਂ ਵੀ ਵੱਧ ਅਨੰਦ ਮਾਰਗੀਆਂ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ। ਕਹਿੰਦੇ ਹਨ ਅਨੰਦ ਮਾਰਗੀਏ ਮਨੁੱਖੀ ਖੋਪੜੀਆਂ ਦੇ ਆਸਣ 'ਤੇ ਬੈਠ ਕੇ ਹੀ ਭਜਨ ਬੰਦਗੀ ਕਰਦੇ ਹਨ ਤੇ ਬੜਾ ਬੜਾ ਚਿਰ ਨ੍ਰਿਤ ਕਰਦੇ ਤੇ ਭਜਨ ਗਾਉਂਦੇ ਰਹਿੰਦੇ ਹਨ। ਉਨ੍ਹਾਂ ਨੇ ਹੀ ਇਹ ਸੁੰਦਰ ਚਿੱਤਰ ਬਣਵਾਇਆ ਸੀ। ਜੇਲ੍ਹ ਵਿਚ ਹਰ ਤਰ੍ਹਾਂ ਦਾ ਹਰਫਨਮੌਲਾ ਤੇ ਹਰ ਹੁਨਰ ਵਾਲਾ ਆਦਮੀ ਮਿਲ ਜਾਂਦਾ ਹੈ। ਸਾਡੇ ਗਿਆਂ ਹੀ ਇਕ ਚੱਕੀ ਵਿਚ ਇਕ ਐਸਾ ਕਲਾਕਾਰ ਆਇਆ ਜਿਹੜਾ ਲਕੜੀ ਦਾ ਕੋਲਾ ਲੈ ਕੇ ਕੰਧ 'ਤੇ ਕਿਸੇ ਵੀ ਬੰਦੇ ਦਾ ਹੂ-ਬ-ਹੂ ਚਿਤਰ ਬਣਾ ਦੇਂਦਾ। ਇਕ ਬੰਦੇ ਨੇ ਇਕ ਹੈਡ ਵਾਰਡਨ ਨੂੰ ਕਿਹਾ ਤੂੰ ਚਾਬੀ ਨਾਲ ਤਾਲਾ ਬੰਦ ਕਰ ਦੇ ਮੈਂ ਤੇਰੇ ਸਾਹਮਣੇ ਖੋਲ੍ਹ ਕੇ ਵਿਖਾਉਂਦਾ ਹਾਂ। ਉਸ ਨੇ ਤਾਲਾ ਬੰਦ ਕਰਕੇ ਉਸ ਕੈਦੀ ਨੂੰ ਫੜਾ ਦਿੱਤਾ। ਉਸ ਨੇ ਤਾਲੇ ਨੂੰ ਉੱਲਟਾ ਪਲਟਾ ਕੇ ਸਿਰਫ ਤਿੰਨ ਵਾਰ ਆਪਣੇ ਦੂਜੇ ਹੱਥ ਦੀ ਹਥੇਲੀ 'ਤੇ ਮਾਰਿਆ ਤੇ ਤਾਲਾ ਖੁੱਲ੍ਹ ਗਿਆ ਪਰ ਫਿਰ ਉਹ ਦੁਬਾਰਾ ਲੱਗੇ ਨਾ। ਹੈਡਵਾਰਡਨ ਆਖੇ ਇਹਨੂੰ ਠੀਕ ਕਰ, ਅਫਸਰਾਂ ਨੂੰ ਪਤਾ ਲੱਗ ਗਿਆ ਤਾਂ ਮੈਨੂੰ ਗੁਸੇ ਹੋਣਗੇ। ਉਸ ਨੇ ਫਿਰ ਤਾਲਾ ਫੜਿਆ ਤੇ ਹਥੇਲੀ 'ਤੇ ਦੋ ਵਾਰ ਇਸ ਹਿਸਾਬ ਨਾਲ ਮਾਰਿਆ ਕਿ ਉਹ ਬੰਦ ਹੋ ਗਿਆ ਤੇ ਬਾਅਦ ਵਿਚ ਚਾਬੀ ਨਾਲ ਹੀ ਖੁੱਲ੍ਹਾ। ਉਹ ਕੈਦੀ ਅਲੀਗੜ੍ਹ ਲਖਨਊ ਤੇ ਰੋਪੜ ਵਿਚ ਬਣਨ ਵਾਲੇ ਤਾਲਿਆਂ ਦੀਆਂ ਅੰਦਰਲੀਆਂ ਕਲਾਵਾਂ ਦਾ ਜਾਣੂ ਸੀ ਤੇ ਦੁਨੀਆਂ ਦੀ ਕੋਈ ਵੀ ਤਿਜ਼ੋਰੀ ਖੋਲ੍ਹਣ ਦੇ ਸਮਰੱਥ ਤੇ ਮਾਹਰ ਸੀ। ਪਰ ਇਲੈਕਟ੍ਰਾਨਿਕ ਤਾਲਿਆਂ ਨੂੰ ਉਹ ਨਹੀਂ ਸੀ ਖੋਲ੍ਹ ਸਕਦਾ। ਇਸ ਤਰ੍ਹਾਂ ਹੋਰ ਵੀ ਬੜੀ ਤਰ੍ਹਾਂ ਦੇ ਲੋਕ ਸਨ। ਇਕ ਆਦਮੀ ਹਰ ਜੰਗਲੀ ਜੀਵ ਦੀ ਅਵਾਜ਼ ਏਨੀ ਖੂਬਸੂਰਤੀ ਨਾਲ ਕੱਢਦਾ ਸੀ, ਲਗਦਾ, ਜਿਵੇਂ ਜਾਨਵਰ ਸਾਹਮਣੇ ਖਲੋਤਾ ਹੋਵੇ। ਇਕ ਕੈਦੀ ਗਾਲੜ ਨਾਲੋਂ ਵੀ ਵੱਧ ਫੁਰਤੀ ਨਾਲ ਦਰਖਤ 'ਤੇ ਚੜ੍ਹ ਕੇ ਉਤਰ ਜਾਂਦਾ ਸੀ। ਇਸੇ ਕਰਕੇ ਹੀ ਜੇਲ੍ਹ ਸੁਧਾਰ ਘਰ ਦੀ ਥਾਂ ਵਿਗਾੜ ਘਰ ਜ਼ਿਆਦਾ ਹੈ। ਬਹੁਤ ਹੀ ਸੁਰੀਲੀ ਅਵਾਜ਼ ਵਿਚ ਗਾਉਣ ਵਾਲੇ ਕਵਿਤਾ ਲਿਖਣ ਵਾਲੇ ਐਕਟਿੰਗ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ। ਸੈਸ਼ਨ ਜੱਜ, ਮਜਿਸਟਰੇਟ, ਆਈ.ਏ.ਐਸ., ਫੌਜੀ, ਪੁਲਿਸ ਅਫ਼ਸਰ, ਵਕੀਲ ਤੇ ਡਾਕਟਰ ਹਰ ਮਹਿਕਮੇ ਦੇ ਵੱਡੇ ਤੋਂ ਵੱਡੇ ਅਫ਼ਸਰ ਤੱਕ ਜੇਲ੍ਹ ਵਿਚ ਮੌਜੂਦ ਹਨ। ਪਰ ਕੋਈ ਆਕੜ ਨਹੀਂ ਵਿਖਾਉਂਦਾ। ਇਕ ਪੁਲਿਸ ਦਾ ਡਿਪਟੀ ਕਮਿਸ਼ਨਰ ਵੀ ਕਤਲ ਕੇਸ ਵਿਚ ਅੰਦਰ ਸੀ। ਇਨ੍ਹਾਂ ਅਫ਼ਸਰਾਂ ਨੂੰ ਵੀ ਮਾਮੂਲੀ ਜਿਹੇ ਜੁਰਮਾਂ ਵਾਲੇ ਮੁਜਰਮ ਹੀ ਲਾਈਨਾਂ ਵਿਚ ਬਠਾਉਂਦੇ ਤੇ ਦਬਕੇ ਮਾਰਦੇ ਹਨ।

ਤਾਂਡਵ ਨ੍ਰਿਤ ਕਰਦੇ ਸ਼ਿਵ ਜੀ ਦਾ ਚਿਤਰ ਬਣਾਉਣ ਲਈ ਉਸ ਕਲਾਕਾਰ ਕੈਦੀ ਨੂੰ ਇਕ ਮਹੀਨਾ ਲਗਾ ਸੀ। ਏਡਾ ਵੱਡਾ ਤੇ ਏਨਾ ਸੋਹਣਾ ਚਿੱਤਰ ਉਹ ਵੀ ਦੀਵਾਰ 'ਤੇ ਮੈਂ ਅੱਜ ਤੱਕ ਨਹੀ ਵੇਖਿਆ। ਬਰੀਕ ਤੋਂ ਬਰੀਕ ਗੱਲ ਨੂੰ ਉਸ ਚਿੱਤਰ ਵਿਚ ਦਰਸਾਇਆ

ਗਿਆ ਸੀ। ਸ਼ਿਵ ਜੀ ਦੇ ਗਲੇ ਦਾ ਸੱਪ ਏਨੀ ਖੂਬਸੂਰਤੀ ਨਾਲ ਬਣਿਆ ਸੀ ਕਿ ਸੱਚਮੁਚ ਦਾ ਸੱਪ ਲਗਦਾ ਸੀ ਉਸ ਚਿੱਤਰ ਦੀ ਖੂਬਸੂਰਤੀ ਦੱਸਣ ਨਾਲ ਨਹੀਂ ਸਮਝੀ ਜਾ ਸਕਦੀ, ਉਸ ਨੂੰ ਵੇਖਣ ਨਾਲ ਹੀ ਉਸਦੀ ਗਹਿਰਾਈ ਵਿਚ ਉਤਰਿਆ ਜਾ ਸਕਦਾ ਸੀ।

ਜਦੋਂ ਪੂਰੀ ਤਿਹਾੜ ਜੇਲ੍ਹ ਨੰਬਰ ਤਿੰਨ ਦੇ ਬੀ-ਕਲਾਸ ਕੈਦੀਆਂ ਨੂੰ ਇਕ ਵਾਰਡ ਵਿਚ ਇਕੱਠੇ ਕਰਨ ਦਾ ਹੁਕਮ ਹਾਈਕੋਰਟ ਵਲੋਂ ਆਇਆ ਤਾਂ ਜੇਲ੍ਹ ਅਧਿਕਾਰੀਆਂ ਵਿਚ ਇਕ ਤਰ੍ਹਾਂ ਦੀ ਖਲਬਲੀ ਜਿਹੀ ਮਚ ਗਈ, ਕਿਉਂਕਿ ਹਾਈਕੋਰਟ ਨੇ ਸਾਡੀ ਹੀ ਹੱਥ ਨਾਲ ਲਿਖ ਕੇ ਭੇਜੀ ਬੇਨਤੀ 'ਤੇ ਇਹ ਫੈਸਲਾ ਦਿੱਤਾ ਸੀ। ਅਸਾਂ ਉਸ ਬੇਨਤੀ ਵਿਚ ਸਾਰੀ ਜੇਲ੍ਹ ਨੰਬਰ ਤਿੰਨ ਦੇ ਬੀ ਕਲਾਸ ਕੈਦੀਆਂ ਨੂੰ ਰੱਖਣ ਦਾ ਇਸ ਢੰਗ ਨਾਲ ਨਕਸ਼ਾ ਖਿਚਿਆ ਸੀ ਤੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਜਦੋਂ ਅਨੰਦ ਮਾਰਗੀਆਂ ਨੂੰ ਵੀ ਜੇਲ੍ਹ ਵਿਚ ਬੀ ਕਲਾਸ ਦੀ ਸਹੂਲਤ ਦਿੱਤੀ ਗਈ ਸੀ ਤਾਂ ਫਾਂਸੀ ਵਾਰਡ ਨੰਬਰ 16 ਨੂੰ ਬੀ ਕਲਾਸ ਬਣਾਉਣ ਲਈ ਪੱਖੇ, ਲਾਈਟਾਂ ਤੇ ਫਰਨੀਚਰ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ। ਪਰ ਸਾਡੀ ਵਾਰੀ ਇਨ੍ਹਾਂ ਸਹੂਲਤਾਂ ਵਿਚ ਕੁਝ ਵੀ ਸ਼ਾਮਲ ਨਹੀਂ। ਅਸੀਂ ਸਿਰਫ ਖਾਣਾ ਹੀ ਵੱਖਰਾ ਬਣਾਉਂਦੇ ਹਾਂ, ਵਾਰਡ ਵਿਚ ਚਾਨਣ ਦਾ ਪ੍ਰਬੰਧ ਨਾਮਾਤਰ ਹੈ। ਵੱਡੇ ਸਾਰੇ ਵਰਾਂਡੇ ਵਿਚ ਸਿਰਫ 40 ਵਾਟ ਦੇ ਦੋ ਬਲਬ ਲਾਏ ਹਨ ਜੇ ਅਸੀਂ ਕਹਿੰਦੇ ਹਾਂ ਤਾਂ ਸਾਨੂੰ ਜੇਲ੍ਹ ਅਧਿਕਾਰੀਆਂ ਵਲੋਂ ਜੁਆਬ ਮਿਲਦਾ ਹੈ ਕਿ "ਤੁਸੀਂ ਬਹੁਤੀ ਲਾਈਟ ਵਿਚ ਮੋਤੀ ਪਰੋਣੇ ਹਨ? ਅਸਾਂ ਇਹ ਵੀ ਆਖਿਆ ਸੀ ਕਿ ਸਾਨੂੰ ਅੱਜ ਤੱਕ ਇਕ ਵੀ ਕਿਤਾਬ ਜੇਲ੍ਹ ਦੀ ਲਾਇਬ੍ਰੇਰੀ ਵਿਚੋਂ ਨਹੀਂ ਮਿਲੀ ਤੇ ਸਾਨੂੰ ਏਥੇ ਆਇਆਂ ਅੱਠ ਮਹੀਨੇ ਹੋ ਗਏ ਹਨ। ਪਰ ਅਨੰਦ ਮਾਰਗੀਆਂ ਲਈ ਪਹਿਲੇ ਇਕ ਮਹੀਨੇ ਵਿਚ 734 ਕਿਤਾਬਾਂ ਜੇਲ੍ਹ ਲਾਇਬਰੇਰੀ ਵਿਚੋਂ ਇਸ ਵਾਰਡ ਵਿਚ ਆਈਆਂ ਸਨ ਤੇ ਇਸ ਤਰ੍ਹਾਂ ਉਨ੍ਹਾਂ ਦੇ ਚਾਰ ਮਹੀਨੇ ਇਥੇ ਰਹਿਣ ਦੌਰਾਨ 3260 ਕਿਤਾਬਾਂ ਇਸ ਵਾਰਡ ਨੂੰ ਜਾਰੀ ਹੋਈਆਂ ਪਰ ਅਸਾਂ ਆਪਣੇ ਘਰੋਂ ਕਿਤਾਬਾਂ ਮੰਗਵਾਈਆਂ ਤੇ ਜੇਲ੍ਹ ਅਧਿਕਾਰੀਆਂ ਨੇ ਉਹ ਵੀ ਅੰਦਰ ਨਾ ਆਉਣ ਦਿੱਤੀਆਂ। ਇਕ ਕਿਤਾਬ ਜੋ ਅੱਜ ਤੋਂ ਸੱਠ ਸਾਲ ਪਹਿਲਾਂ ਲਿਖੀ ਗਈ ਸੀ ਉਹ ਵੀ ਅੰਦਰ ਨਹੀਂ ਆਉਣ ਦਿੱਤੀ, ਅਖੇ ਇਸ ਦਾ ਨਾਂ 'ਜੇਲ੍ਹ ਚਿੱਠੀਆਂ' ਹੈ ਤੇ ਜ਼ਰੂਰ ਜੇਲ੍ਹ ਅਧਿਕਾਰੀਆਂ ਦੇ ਵਿਰੁੱਧ ਹੋਵੇਗੀ। ਇਹ ਕਿਤਾਬ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਲਿਖੀ ਸੀ, ਜਿਸ ਨੂੰ ਅੰਗਰੇਜ਼ ਸਰਕਾਰ ਨੇ ਵੀ ਇਕ ਸੰਤ ਮੰਨਿਆ ਸੀ। ਇਹ ਆਂਕੜੇ ਅਸਾਂ ਆਪਣੇ ਅਸਰ ਰਸੂਖ ਨਾਲ ਤੇ ਲੋਕਾਂ (ਮੁਲਜ਼ਮਾਂ) ਦੇ ਮਾੜੇ ਮੋਟੇ ਕੰਮ ਸਵਾਰ ਸਵਾਰ ਕੇ ਪ੍ਰਾਪਤ ਕੀਤੇ ਸਨ। ਕਿਉਂਕਿ ਅਸੀਂ ਲੋਕਾਂ ਦੀਆਂ ਦਰਖਾਸਤਾਂ ਲਿਖ ਦੇਂਦੇ ਸਾਂ। ਕਿਸੇ ਕੈਦੀ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੇ ਜਾਣ ਦੀ ਦਰਖਾਸਤ ਤੇ ਕਿਸੇ ਨੂੰ ਜੇਲ੍ਹ ਵਿਚ ਪੜ੍ਹਾਈ ਕਰਨ ਦੀ ਆਗਿਆ ਲੈਣ ਦੀ ਦਰਖਾਸਤ। ਉਨ੍ਹਾਂ ਵਿਚਾਰਿਆਂ ਕੋਲ ਤੇ ਕਾਗਜ਼ ਹੀ ਨਹੀਂ ਸਨ ਹੁੰਦੇ, ਦਰਖਾਸਤ ਕਾਹਦੇ 'ਤੇ ਲਿਖਣੀ ਸੀ? ਕਿਉਂਕਿ ਜੇਲ੍ਹ ਵਿਚ ਸੀ ਕਲਾਸ ਕੈਦੀ ਤਾਂ ਆਪਣੇ ਨਾਲ ਵਾਲੇ ਕੈਦੀ ਦੇ ਥੱਲੇ ਵਿਛਾਏ ਕੰਬਲ ਥਲਿਉਂ ਉਸ ਦੀ ਫਰਦ ਜੁਰਮ ਤੇ ਚਲਾਨ ਦੇ ਕਾਗਜ ਵੀ ਮਲਕੜੇ ਜਿਹੇ ਚੁੱਕ ਕੇ ਚੁਲ੍ਹੇ ਵਿਚ ਬਾਲ ਕੇ ਚਾਹ ਬਣਾ ਲੈਂਦੇ ਹਨ। ਇਹ ਚਾਹ ਉਹ ਬਿਲਕੁਲ ਗੈਰ ਕਾਨੂੰਨੀ ਬਣਾਉਂਦੇ ਹਨ। ਜੇਲ੍ਹ ਵਲੋਂ ਦੋ ਵੇਲੇ ਰੋਜ਼ ਚਾਹ ਮਿਲਦੀ ਹੈ ਪਰ ਉਹ ਏਨੀ ਫਿੱਕੜ ਤੇ ਬੇ-ਸੁਆਦ ਹੁੰਦੀ ਹੈ ਕਿ ਬੱਸ ਚਾਹ ਦਾ ਨਾਂਅ ਹੀ ਹੁੰਦਾ ਹੈ ਪੱਤੀ ਤੇ ਖੰਡ ਤਾਂ ਲੰਗਰ ਵਾਲੇ ਵੇਚ ਕੇ ਸਮੈਕ ਪੀ ਲੈਂਦੇ ਹਨ।

ਦਿੱਲੀ ਹਾਈਕੋਰਟ ਕੋਲ ਅਸਾਂ ਇਕ ਤਰ੍ਹਾਂ ਸਿੱਖਾਂ ਨਾਲ ਹੁੰਦੇ ਵਿਤਕਰੇ ਦਾ ਰੋਣਾ ਰੋਇਆ ਸੀ। ਪਰ ਇਹ ਤੱਥਾਂ 'ਤੇ ਅਧਾਰਤ ਹੋਣ ਕਰਕੇ ਦਰੁਸਤ ਮੰਨ ਲਿਆ ਗਿਆ ਤੇ ਹੁਕਮ ਹੋਇਆ ਕਿ ਪੂਰੀ ਤਿੰਨ ਨੰਬਰ ਜੇਲ੍ਹ ਦੇ ਬੀ ਕਲਾਸ ਵਾਲਿਆਂ ਨੂੰ ਇਕ ਹੀ ਵਾਰਡ ਵਿਚ ਰੱਖੋ ਤਾਂ ਕਿ ਕਿਸੇ ਨਾਲ ਧਰਮ ਆਦਿ 'ਤੇ ਅਧਾਰਤ ਕੋਈ ਵਿਤਕਰਾ ਨਾ ਹੋ ਸਕੇ। ਸਾਰਿਆਂ ਨੇ ਫੱਟਾ ਫਟਾ ਹਿੰਮਤ ਕਰਕੇ ਆਪੋ ਆਪਣੇ ਮੰਜੇ ਆਪਣੇ ਮੰਨਪਸੰਦ ਥਾਵਾਂ 'ਤੇ ਲੁਆ ਲਏ ਪਰ ਆਦਤ ਅਨੁਸਾਰ ਤੇ ਆਲਸੀ ਜਿਹਾ ਹੋਣ ਕਰਕੇ ਮੈਂ ਦੂਰ ਪਿੱਛੇ ਹੀ ਖਲੋਤਾ ਰਿਹਾ, ਏਸੇ ਤਰ੍ਹਾਂ ਹੀ ਵਿਚਾਰੇ ਕਰਤਾਰ ਸਿੰਘ ਨਾਰੰਗ ਨਾਲ ਹੋਇਆ। ਜਦੋਂ ਸਾਰਿਆਂ ਦੇ ਮੰਜੇ ਥਾਂ ਸਿਰ ਟਿੱਕ ਗਏ ਤਾਂ ਅਸਾਂ ਦੋਹਾਂ ਨੇ ਵੀ ਅੰਦਰ ਆ ਕੇ ਵੇਖਿਆ, ਦੋਹੀਂ ਪਾਸੀਂ ਕੋਈ ਥਾਂ ਨਹੀਂ ਸੀ ਬਚਿਆ ਦੋਹਾਂ ਪਾਸਿਆਂ ਦੀਆਂ ਮੰਜਿਆਂ ਦੀਆਂ ਕਤਾਰਾਂ ਵਿਚ ਕੋਈ ਬਾਰ੍ਹਾਂ ਤੇਰ੍ਹਾਂ ਫੁੱਟ ਥਾਂ ਫਿਰਨ ਤੁਰਨ ਨੂੰ ਬਚਦਾ ਸੀ ਹੋਰ ਕੋਈ ਤਰੀਕਾ ਨਾ ਵੇਖ ਕੇ ਦੋਹਾਂ ਪਾਸਿਆਂ ਦੀਆਂ ਛੋਟੀਆਂ ਕੰਧਾਂ ਵਾਲੇ ਬੰਨੇ ਅਸਾਂ ਦੋਹਾਂ ਨੇ ਆਪਣੇ ਮੰਜੇ ਡੁਹਾ ਲਏ ਜਦੋਂ ਅਸਾਂ ਸੁਭਾਇਕੀ ਛੱਤ ਵੱਲ ਧਿਆਨ ਮਾਰਿਆ ਤਾਂ ਸਾਡੇ ਦੋਹਾਂ ਦਿਆਂ ਮੰਜਿਆਂ ਦੇ ਬਿਲਕੁਲ ਉਪਰ ਪੱਖੇ ਸਨ। ਲੱਲੂ ਕਰੇ ਕਲੱਲੀਆਂ ਰੱਬ ਸਿੱਧੀਆਂ ਪਾਵੇ ਤੇ ਕੁਬੇ ਦੇ ਲੱਤ ਮਾਰੀ ਉਹਦਾ ਕੁੱਬ ਨਿਕਲ ਗਿਆ ਵਾਂਗ ਸਭ ਤੋਂ ਵਧੀਆ ਥਾਂ 'ਤੇ ਸਾਡੇ ਦੋਹਾਂ ਦੇ ਮੰਜੇ ਸਨ। ਹਾਲ ਦੇ ਲਹਿੰਦੇ ਵਾਲੇ ਪਾਸੇ ਮੈਂ ਤੇ ਹਾਲ ਦੇ ਚੜ੍ਹਦੇ ਪਾਸੇ ਵਲ ਕਰਤਾਰ ਸਿੰਘ ਨਾਰੰਗ। ਨਾਰੰਗ ਸਾਹਿਬ ਕੋਲ ਬਹੁਤ ਸਮਾਨ ਸੀ ਜਿਵੇਂ ਕੋਈ ਡੇਢ ਦੋ ਕੁਇੰਟਲ ਤਾਂ ਉਨਾ ਦੇ ਚਲਾਨ ਦੇ ਕਾਗਜ਼ ਹੀ ਸਨ ਤੇ ਫਿਰ ਉਨ੍ਹਾਂ ਦੀਆਂ ਨਿੱਜੀ ਕਿਤਾਬਾਂ ਤੇ ਲਿਖਣ ਪੜ੍ਹਨ ਵਾਲਾ ਸਮਾਨ ਵੀ। ਦੋਹੀਂ ਪਾਸੀਂ ਕੰਧਾਂ ਦੇ ਨਾਲ ਤਿੰਨ ਤਿੰਨ ਫੁੱਟ ਚੌੜੇ ਥੜੇ ਬਣੇ ਹੋਏ ਸਨ ਮੈਨੂੰ ਤਾਂ ਥੜੇ ਦਾ ਕੋਈ ਫਾਇਦਾ ਨਹੀਂ ਸੀ ਪਰ ਨਾਰੰਗ ਸਾਹਿਬ ਨੇ ਉਸ ਥੜੇ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਿਆ। ਸੁੱਚਾ ਸਿੰਘ ਟਰੈਵਲ ਏਜੰਟ, ਧਰਮਬੀਰ ਸਿੰਘ, ਸੁਖਬੀਰ ਸਿੰਘ ਖਾਲਸਾ ਤੇ ਇਕ ਦੋ ਹੋਰਾਂ ਨੇ ਮੈਦੇ ਦੀ ਲੇਵੀ ਬਣਾ ਕੇ ਇਕ ਪੁਰਾਣੀ ਪਈ ਅਲਮਾਰੀ ਜੋ ਬਹੁਤ ਗੰਦੀ ਤੇ ਭੈੜੀ ਜਹੀ ਸੀ ਨੂੰ ਧੋ ਕੇ ਤੇ ਅਖ਼ਬਾਰਾਂ ਦੇ ਕਾਗਜ ਲਾ ਲਾ ਕੇ ਵਧੀਆ ਜਿਹਾ ਬਣਾ ਦਿੱਤਾ ਤੇ ਉਸ ਵਿਚ ਉਨ੍ਹਾਂ ਦੀਆਂ ਕਿਤਾਬਾਂ ਆਦਿ ਟਿਕਾ ਦਿੱਤੀਆਂ। ਤੀਹ ਪੈਂਤੀ ਕਿਤਾਬਾਂ ਮੇਰੇ ਕੋਲ ਵੀ ਸਨ। ਉਹ ਵੀ ਉਥੇ ਹੀ ਟਿਕਾ ਦਿੱਤੀਆਂ। ਥੜੇ ਦੇ ਇਕ ਬੰਨੇ ਲਿਖਣ ਦਾ ਸਮਾਨ ਗੱਤਾ, ਸਿਆਹੀ ਦੀਆਂ ਦਵਾਤਾਂ, ਪਿੰਨਾ ਵਾਲੀ, ਡੱਬੀ ਗੂੰਦ ਦੀ ਸ਼ੀਸ਼ੀ, ਕਾਗਜ ਨੱਥੀ ਕਰਨ ਵਾਲਾ ਸਟੇਪਲਰ ਵਗੈਰਾ ਸਭ ਟਿਕਾ ਕੇ ਰੱਖ ਦਿੱਤੇ। ਵੇਖਣ ਨੂੰ ਉਹ ਸੱਚਮੁੱਚ ਹੀ ਇਕ ਦਫਤਰੀ ਮੇਜ਼ ਵਰਗਾ ਬਣ ਗਿਆ। ਇਥੇ ਬੈਠ ਕੇ ਨਰੰਗ ਸਾਹਿਬ ਦੂਜੇ ਮੁਲਜਮ ਕੈਦੀਆਂ ਦੀਆਂ ਦਰਖਾਸਤਾਂ ਲਿਖਦੇ ਸਨ। ਨਾਲ ਅਸੀਂ ਵੀ ਉਨ੍ਹਾਂ ਦੀ ਮਦਦ ਕਰਦੇ। ਪਰ ਸੁਭਾਅ ਅਨੁਸਾਰ ਉਹ ਕਈ ਵਾਰ ਸਾਰਿਆਂ ਨੂੰ ਭੱਜ ਭੱਜ ਕੇ ਪੈਂਦੇ ਤੇ ਕਹਿੰਦੇ ਦੌੜ ਜਾਓ ਏਥੋਂ ਮੈਂ ਨਹੀਂ ਕੁੱਛ ਲਿਖਣਾ ਲਖਣਾ। ਸਾਨੂੰ ਫੱਟ ਪਤਾ ਲੱਗ ਜਾਂਦਾ ਕਿ ਇਨ੍ਹਾਂ ਦਾ ਬਲੱਡ ਪ੍ਰੈਸ਼ਰ ਵੱਧ ਗਿਆ ਹੈ, ਵਾਰਡਨ ਨੂੰ ਕਹਿ ਕੇ ਡਾਕਟਰ ਨੂੰ ਬੁਲਾ ਲੈਂਦੇ, ਕਿਉਂਕਿ ਉਨ੍ਹਾਂ ਨੂੰ ਇਕੱਲੇ ਖ਼ੂਨ ਦਾ ਦਬਾਅ ਵਧਣ ਦੀ ਗੱਲ ਹੀ ਨਹੀਂ ਸੀ ਕਦੀ ਕਦੀ ਘੱਟ ਵੀ ਜਾਂਦਾ ਸੀ ਏਹੋ ਜਿਹੇ ਵੇਲੇ ਵੇਖੇ ਤੋਂ ਬਿਨਾਂ ਕੋਈ ਦਵਾਈ ਦੇਣੀ ਮੌਤ ਦਾ ਕਾਰਣ ਵੀ ਬਣ ਸਕਦੀ ਸੀ ਇਸ ਲਈ ਡਾਕਟਰ ਹੀ ਉਨ੍ਹਾਂ ਨੂੰ ਦਵਾਈ ਦੇਂਦਾ।

ਧਰਮਬੀਰ ਸਿੰਘ ਚੰਡੀਗੜ੍ਹ ਵਾਲੇ ਨੂੰ ਕਹਿ ਕੇ ਮੈਂ ਇਕ ਟੀ.ਵੀ. ਪਹਿਲਾਂ ਦਾ

ਮੰਗਵਾਇਆ ਹੋਇਆ ਸੀ, ਉਹ ਅਸਾਂ ਵਾਰਡ ਦੇ ਵਿਚਕਾਰ ਰੱਖ ਲਿਆ ਤਾਂ ਕਿ ਆਪਣੇ ਆਪਣੇ ਮੰਜਿਆਂ 'ਤੇ ਬੈਠ ਕੇ ਸਾਰੇ ਵੇਖ ਸਕਣ। ਮੁਸਲਮਾਨ, ਹਿੰਦੂ, ਸਿੱਖ, ਈਸਾਈ ਸਾਰੇ ਹੀ ਇਸ ਵਾਰਡ ਵਿਚ ਸਨ।

ਇਕ ਦਿਨ ਅਸੀਂ ਤਰੀਖ 'ਤੇ ਗਏ ਹੋਏ ਸਾਂ ਜਦੋਂ ਵਾਪਸ ਆਏ ਤਾਂ ਵੇਖਿਆ ਕਿ ਹਾਲ ਦੇ ਅੰਦਰ ਸਫੇਦੀ ਹੋਈ ਹੋਈ ਸੀ ਪਰ ਜਦੋਂ ਕੰਧ ਵੱਲ ਵੇਖਿਆ ਤਾਂ ਉਸ ਖ਼ੂਬਸੂਰਤ ਸ਼ਿਵ ਦੀ ਪੇਂਟਿੰਗ 'ਤੇ ਵੀ ਸਫੇਦੀ ਹੋ ਚੁੱਕੀ ਸੀ। ਉਹ! ਹੋ! ਹੋ! ਹੋ! ਏਸ ਮੁਲਕ ਵਿਚ ਕਲਾ ਦੀ ਏਨੀ ਬੇਕਦਰੀ, ਮੇਰਾ ਤਾਂ ਵੇਖ ਕੇ ਸਿਰ ਚੱਕਰਾਉਣ ਲੱਗ ਪਿਆ। ਜਦੋਂ ਮੈਂ ਜ਼ਿਆਦਾ ਹੀ ਗੁੱਸਾ ਜਿਹਾ ਵਿਖਾਇਆ ਕਿ ਇਹ ਤੁਸਾਂ ਕੀ ਕੀਤਾ? ਸਫੇਦੀ ਕਰਨ ਵਾਲਿਆਂ ਨੂੰ ਕਿਹਾ ਕਿਉਂ ਨਹੀਂ ਕਿ ਏਨੀ ਕੰਧ ਛੱਡ ਦਿਓ ਤੇ ਏਥੇ ਸਫੇਦੀ ਨਾ ਕਰਿਓ, ਤਾਂ ਸਾਰੇ ਦੰਦੀਆਂ ਕੱਢਣ ਲੱਗ ਪਏ, ਅਖੇ ਤੇਰਾ ਇਹ ਮਾਮਾ ਲੱਗਦਾ ਸੀ। ਧਰਮਬੀਰ ਸਿੰਘ ਨੇ ਕਿਹਾ ਮੈਂ ਤੇ ਉਨ੍ਹਾਂ ਨੂੰ ਦੱਸਾਂ ਦਾ ਨੋਟ ਦਿੱਤਾ ਸੀ ਕਿ ਤਿੰਨ ਚਾਰ ਕੋਟ ਸੰਘਣੀ ਸਫੇਦੀ ਦੇ ਕਰਕੇ ਇਹ ਨੂੰ ਬਿਲਕੁਲ ਮਿਟਾ ਦਿਓ ਪਰ ਉਨ੍ਹਾਂ ਕੋਲੋਂ ਚੱਜ ਨਾਲ ਮਿਟਿਆ ਨਹੀਂ, ਕੱਲ ਮਿਟਾ ਦੇਣਗੇ। ਮਨੁੱਖਤਾ ਦਾ ਇਹ ਦੁਸ਼ਮਣ ਹੈ। ਵੇਖ ਤੇ ਸਹੀ ਕਿਵੇਂ ਖੋਪੜੀਆਂ ਪਰੋ ਕੇ ਗਲ ਵਿਚ ਪਾਈਆਂ ਹੋਈਆਂ ਹਨ। ਨਾਰੰਗ ਸਾਹਿਬ ਨੇ ਕੋਈ ਖਾਸ ਟਿੱਪਣੀ ਨਹੀ ਕੀਤੀ ਸਗੋਂ ਸਰਫਰਾਜ਼ ਖਾਂ ਨੇ ਕਿਹਾ, "ਐਸੇ ਹੀ ਮਿਟਾ ਦੀਆ ਬਹੁਤ ਉਮਦਾ ਪੇਂਟਿੰਗ ਥੀ।" ਸਾਰੇ ਸਗੋਂ ਮੈਨੂੰ ਤੇ ਸਰਫਰਾਜ਼ ਨੂੰ ਹੀ ਮਜ਼ਾਕ ਕਰਨ ਲੱਗ ਪਏ। ਜਿਥੇ ਚਾਰਾ ਨਾ ਚੱਲੇ ਉਥੇ ਭਲੀ ਚੁੱਪ ਦੇ ਕਹਿਣ ਵਾਂਗ ਅਸੀਂ ਵੀ ਚੁੱਪ ਕਰ ਗਏ ਨਾਲੇ ਜੋ ਹੋਣਾ ਸੀ ਉਹ ਹੋ ਚੁੱਕਾ ਸੀ। ਜਿਸ ਨੂੰ ਬਣਾਉਂਦਿਆਂ ਪੂਰਾ ਮਹੀਨਾ ਲੱਗਾ ਸੀ ਉਹ ਸ਼ਾਹਕਾਰ ਇਕ ਘੰਟੇ ਵਿਚ ਖਤਮ ਹੋ ਗਿਆ ਸੀ। ਜਿਵੇਂ ਰੋਮਨ ਰਾਜ 400 ਸਾਲਾਂ ਵਿਚ ਬਣਿਆ ਤੇ 40 ਦਿਨਾਂ ਵਿਚ ਖਤਮ ਹੋ ਗਿਆ ਸੀ ਤੇ ਇਸੇ ਤਰ੍ਹਾਂ ਰੂਸ ਦਾ ਰਾਜ 90 ਸਾਲਾਂ ਵਿਚ ਬਣਿਆ ਤੇ 9 ਦਿਨਾਂ ਵਿਚ ਖਤਮ ਹੋ ਗਿਆ।

ਇਕ ਦਿਨ ਦੁਪਿਹਰ ਨੂੰ ਵਾਰਡ ਦੇ ਸਿਰੇ 'ਤੇ ਇਕ ਚੱਕੀ ਵਿਚੋਂ ਤੇਜ਼ ਡੱਫਲੀ ਜਿਹੀ ਵੱਜਣ ਦੀ ਅਵਾਜ ਆਵੇ ਤੇ ਨਾਲੇ "ਤੂੰ ਹੀ ਨਾ ਹੈ ਬਾਬਾ ਨਾਮ ਕੇਬਲਮ" "ਤੂੰ ਹੀ ਨਾ ਹੈ, ਬਾਬਾ ਨਾਮ ਕੇਬਲਮ" ਫਿਰ ਵਿਚ ਕੁਝ ਹੋਰ ਬੋਲ ਕੇ ਆਖਣ "ਤੂੰ ਹੀ ਨਾ ਹੈ ਬਾਬਾ ਨਾਂ ਕੇਬਲਮ"। ਮਿਨਬੈਨ ਸਿੰਘ ਤੇ ਮੈਂ ਅਸੀਂ ਨਾਲ ਦੀ ਚੱਕੀ ਵਿਚੋਂ ਨਹਾ ਕੇ ਆਏ ਤਾਂ ਉਨ੍ਹਾਂ ਦੀ ਭਜਨ ਬੰਦਗੀ ਜੋਰਾਂ 'ਤੇ ਚਾਲੂ ਸੀ ਮਿਨਬੈਨ ਮੈਨੂੰ ਕਹਿਣ ਲੱਗਾ ਆਪਾਂ ਵੀ ਚੱਲ ਕੇ ਸੁਣੀਏ। ਅਸੀਂ ਗਏ ਬਾਹਰ ਜੁੱਤੀਆਂ ਲਾਹੀਆਂ ਕਿਉਂਕਿ ਅੰਦਰ ਦਾ ਮਹੌਲ ਬਹੁਤ ਹੀ ਧਾਰਮਕ ਜਿਹਾ ਬਣਿਆ ਹੋਇਆ ਸੀ। ਧੂਫ ਜਗ ਰਹੀ ਸੀ ਤੇ ਮਿੱਟੀ ਦੀਆਂ ਖੋਪੜੀਆਂ 'ਤੇ ਚਿੱਟਾ ਅਨੈਮਲ ਪੇਂਟ ਕਰਕੇ ਉਨ੍ਹਾਂ ਨੂੰ ਬਿਲਕੁਲ ਅਸਲੀ ਵਰਗੇ ਬਣਾਇਆ ਹੋਇਆ ਸੀ। ਕੋਈ ਨੌ ਦੱਸ ਜਣੇ ਅੰਦਰ ਬੈਠੇ ਸਨ। ਅਸਾਂ ਵੀ ਅੰਦਰ ਬੈਠ ਕੇ ਉਨ੍ਹਾਂ ਦਾ ਭਜਨ ਸੁਣਨ ਦੀ ਬੇਨਤੀ ਕੀਤੀ। ਫਿਰ ਗਾਉਣਾ ਵਜਾਉਣਾ ਬੰਦ ਹੋ ਗਿਆ ਤੇ ਉਨ੍ਹਾਂ ਨੇ ਆਪਸ ਵਿਚ ਸਲਾਹ ਮਸ਼ਵਰਾ ਕੀਤਾ। ਬਾਰ ਬਾਰ ਉਹ ਸਾਡੇ ਨੰਗੇ ਪੈਰਾਂ ਵੱਲ ਤੇ ਚੱਕੀ ਤੋਂ ਬਾਹਰ ਥੱਲੇ ਲੱਥੀਆਂ ਜੁੱਤੀਆਂ ਵੱਲ ਵੇਖ ਰਹੇ ਸਨ ਸ਼ਾਇਦ ਜਾਇਜ਼ਾ ਲੈ ਰਹੇ ਹੋਣ ਕਿ ਇਹ ਸ਼ਰਧਾ ਭਾਵਨਾ ਨਾਲ ਆਏ ਹਨ ਜਾਂ ਤਮਾਸ਼ਾ ਵੇਖਣਾ ਚਾਹੁੰਦੇ ਹਨ? ਫਿਰ ਉਨ੍ਹਾਂ ਦਾ ਇਕ ਸੀਨੀਅਰ ਲੰਬਾ ਜਿਹਾ ਤੇ ਅਧਖੜ ਉਮਰ ਦਾ ਅਨੰਦ ਮਾਰਗੀਆ ਉਠਿਆ ਤੇ ਚੱਕੀ ਤੋਂ

ਬਾਹਰ ਆ ਕੇ ਦੋਵੇਂ ਹੱਥ ਸਾਡੇ ਹੱਥਾਂ ਨਾਲ ਮਿਲਾ ਕੇ ਮਿਲਿਆ ਜਿਵੇਂ ਸਿੱਖ ਇਕ ਦੂਜੇ ਦਾ ਸਤਿਕਾਰ ਕਰਦੇ ਹਨ। ਫਿਰ ਉਸ ਨੇ ਸਾਨੂੰ ਅੰਦਰ ਆਉਣ ਦਾ ਸੱਦਾ ਦਿੱਤਾ। ਇਹ ਸ੍ਰੀ ਰਾਠੀ ਸੀ ਬਾਕੀ ਸਾਰੇ ਅਨੰਦ ਮਾਰਗੀਏ ਵੀ ਸਾਡੇ ਸਤਿਕਾਰ ਲਈ ਖੜੇ ਹੋ ਗਏ ਸਨ। ਸਾਨੂੰ ਉਨ੍ਹਾਂ ਨੇ ਬੈਠਣ ਲਈ ਕਿਹਾ ਤੇ ਸਾਡੇ ਬਹਿਣ ਤੋਂ ਬਾਅਦ ਉਹ ਆਪ ਸਾਰੇ ਬੈਠੇ। ਬੈਠਣ ਤੋਂ ਬਾਅਦ ਇਕ ਇਕ ਕਚ ਦਾ ਗਲਾਸ ਛੋਟਾ, ਦੁੱਧ ਵਾਲੀ ਸ਼ਰਦਾਈ ਜਿਹੀ ਦਾ ਸਾਡੇ ਹੱਥ ਫੜਾ ਦਿੱਤਾ। ਇਹ ਸੱਚ ਮੁੱਚ ਹੀ ਬਦਾਮਾਂ ਤੇ ਚਾਰੇ ਮਗਜਾਂ, ਖਸਖਸ ਦੀ ਸ਼ਰਦਾਈ ਵਰਗਾ ਸੀ ਪਰ ਮਾੜੀ ਜਿਹੀ ਬੇ ਮਲੂਮੀ ਕੁੜੱਤਣ ਵੀ ਸੀ। ਇਕ ਇਕ ਗਲਾਸ ਅਸਾਂ ਪੀ ਲਿਆ, ਨਾ ਉਨ੍ਹਾਂ ਹੋਰ ਪੁਛਿਆ ਤੇ ਨਾ ਹੀ ਸਾਨੂੰ ਨਾਹ ਕਰਨੀ ਪਈ।

ਹੋਇਆ ਇਸ ਤਰ੍ਹਾਂ ਕਿ ਜਦੋਂ ਅਸਾਂ ਬਾਹਰ ਜੁਤੀਆਂ ਲਾਹ ਦਿੱਤੀਆਂ ਤਾਂ ਇਕ ਤਰ੍ਹਾਂ ਨਾਲ ਅਸਾਂ ਇਕ ਟੈਸਟ ਪਾਸ ਕਰ ਲਿਆ। ਸਾਨੂੰ ਉਨ੍ਹਾਂ ਨੇ ਨੁਹਾਉਂਦਿਆਂ ਨੂੰ ਤਾਂ ਵੇਖ ਲਿਆ ਸੀ। ਤੀਜਾ ਤੇ ਫਾਈਨਲ ਟੈਸਟ ਅਸਾਂ ਬਿਨਾ ਕਿਸੇ ਹੀਲ ਹੁਜਤ ਤੋਂ ਉਨ੍ਹਾਂ ਦੀ ਪ੍ਰਸ਼ਾਦ ਰੂਪੀ ਸ਼ਰਦਾਈ ਪੀਤੀ, ਜੇ ਅਸੀਂ ਨਾਂਹ ਕਰ ਦੇਂਦੇ ਤਾਂ ਇਸ ਦਾ ਮਤਲਬ ਇਹ ਹੀ ਸਮਝਿਆ ਜਾਂਦਾ, ਜਿਵੇਂ ਕੋਈ ਸਿੱਖਾਂ ਦਾ ਪ੍ਰਸ਼ਾਦ ਲੈਣ ਤੋਂ ਨਾਂਹ ਕਰ ਦੇਵੇ, ਤਾਂ ਸਮਝਿਆ ਜਾਂਦਾ ਹੈ ਜਿਸ ਤਰ੍ਹਾਂ ਸਿੱਖ ਹੋਰ ਪ੍ਰਸ਼ਾਦ ਮੰਗਣ ਵਾਲੇ ਨੂੰ ਬੁਰਾ ਸਮਝਦੇ ਹਨ। ਏਸੇ ਤਰ੍ਹਾਂ ਹੀ ਅਨੰਦ ਮਾਰਗੀਏ ਵੀ ਹੋਰ ਸ਼ਰਦਾਈ ਮੰਗਣ ਵਾਲੇ ਨੂੰ ਬੁਰਾ ਸਮਝਦੇ ਹਨ। ਥੋੜੀ ਜਿਹੀ ਕੜਵੀ ਸ਼ਰਦਾਈ ਬਹੁਤ ਘੱਟ ਮਾਤਰਾ ਵਿਚ ਭੰਗ ਦੇ ਕੁਝ ਪੱਤੇ ਪਾਉਣ ਕਰਕੇ ਸੀ, ਕਿਉਂਕਿ ਜੇਲ੍ਹ ਅੰਦਰ ਥੋੜ੍ਹੇ ਕੀਤੇ ਭੰਗ ਆ ਨਹੀਂ ਸਕਦੀ ਤੇ ਇਸ ਵਾਰ ਇਨ੍ਹਾਂ ਨੂੰ ਥੋੜੀ ਜਿਹੀ ਭੰਗ ਨਾਲ ਹੀ ਕੰਮ ਚਲਾਉਣਾ ਪਿਆ ਸੀ। ਸਭ ਤੋਂ ਭੈੜਾ ਨਸ਼ਾ ਸੁਖੇ ਦਾ ਹੁੰਦਾ ਹੈ ਜਿਸ ਨੂੰ ਭੰਗ ਵੀ ਆਖਦੇ ਹਨ। ਮੈਂ ਪਹਿਲਾਂ ਵੀ ਦੋ ਚਾਰ ਵਾਰ ਪੀ ਕੇ ਵੇਖ ਚੁੱਕਾਂ ਸਾਂ ਤੇ ਸਿੱਟਾ ਕੱਢਿਆ ਸੀ ਕਿ ਇਹ ਸਭ ਤੋਂ ਨਿਕੰਮਾ ਅਮਲ ਹੁੰਦਾ ਹੈ। ਬੰਦਾ ਜੇ ਰੋਟੀਆਂ ਖਾਣ ਲੱਗ ਪਵੇ ਤੇ ਰੋਟੀਆਂ ਹੀ ਖਾਈ ਜਾਂਦਾ ਹੈ ਜੇ ਹੱਸਣ ਲੱਗ ਪਏ ਤਾਂ ਹੱਸੀ ਹੀ ਜਾਂਦਾ ਹੈ। ਇਹ ਪੀ ਕੇ ਬੰਦੇ ਨੂੰ ਹਨ੍ਹੇਰੇ ਤੋਂ ਡਰ ਲੱਗਣ ਲੱਗ ਪੈਂਦਾ ਹੈ। ਸੁਖਾ ਪੀ ਕੇ ਮੰਜਾ ਅਸਮਾਨ ਵਿਚ ਉਡਦਾ ਲੱਗਦਾ ਹੈ ਤਾਂ ਹੀ ਤਾਂ ਪੰਜਾਬੀ ਵਿਚ ਅਖਾਣ ਹੈ ਅਫੀਮ ਮੰਗੇ ਰਿਓੜੀਆਂ ਸ਼ਰਾਬ ਮੰਗੇ ਗੰਨੇ ਭੰਗ ਵਿਚਾਰੀ ਆਲੀ ਭੋਲੀ ਜੋ ਆਵੇ ਸੋ ਬੰਨੇ।

ਅਨੰਦ ਮਾਰਗੀਏ ਬਹੁਤ ਸੰਜੀਦਾ ਕਿਸਮ ਦੇ ਲੋਕ ਹਨ ਤੇ ਆਪਣੀ ਗੱਲਬਾਤ ਵਿਚ ਔਰਤ ਦਾ ਜਿਕਰ ਨਹੀਂ ਲਿਆਉਂਦੇ। ਉਹ ਤੋੜ ਫੋੜ ਦੇ ਉਪਾਸ਼ਕ ਹਨ। ਉਨ੍ਹਾਂ ਨੇ ਆਪਣਾ ਗਾਉਣਾ ਵਜਾਉਣਾ ਫਿਰ ਸ਼ੁਰੂ ਕਰ ਦਿੱਤਾ। ਬਾਕੀ ਉਹ ਕੀ ਕਹਿੰਦੇ ਸਨ ਸਾਨੂੰ ਕੋਈ ਪਤਾ ਨਹੀਂ ਲੱਗਦਾ ਸੀ, ਬੱਸ "ਯਹੀ ਨਾਂ ਹੈ ਬਾਬਾ ਨਾਮ-ਕੇਬਲਮ" ਅਗਲੀ ਵਾਰੀ ਹੋਰ ਉੱਚੀ ਸਾਰੀ ਕਹਿੰਦੇ, "ਯਹੀ ਨਾ ਹੈ ਬਾਬਾ ਨਾਮ ਕੇਬਲਮ"। ਕਾਫੀ ਦੇਰ ਤੱਕ ਡਫਲੀ ਜਿਹੀ ਤੇ ਡਮਰੂ ਜਿਹੇ ਵਜਾਉਣ ਤੋਂ ਬਾਅਦ ਉਹ ਹਫ ਕੇ ਬੈਠ ਗਏ। ਪ੍ਰਸਾਦ ਦੇ ਤੌਰ 'ਤੇ ਥੋੜਾ ਥੋੜਾ ਪ੍ਰਸਾਦ ਹੋਰ ਵਰਤਾਇਆ ਗਿਆ। ਅਸਾਂ ਵੀ ਆਪਣਾ ਹਿੱਸਾ ਚੁੱਪ ਚਾਪ ਪੀ ਲਿਆ। ਥੋੜੀ ਮਾਤਰਾ ਵਿਚ ਭੰਗ ਹੋਣ ਕਰਕੇ ਕੋਈ ਖਾਸ ਖਰਾਬੀ ਨਹੀ ਸੀ, ਮਾੜੀ ਜਿਹੀ ਨੀਂਦ ਦਾ ਸਰੂਰ ਜਿਹਾ ਸੀ। ਮਿਠਬੋਨ ਸਿੰਘ ਨੂੰ ਉਨ੍ਹਾਂ ਨੇ ਪੁਛਿਆ ਤਾਂ ਉਸ ਨੇ ਆਪਣੀ ਵਾਕਫੀ ਕਰਵਾਈ ਤੇ ਦੱਸਿਆ ਕਿ ਸਾਕਾ ਨੀਲਾ ਤਾਰਾ (ਬਲਿਊ ਸਟਾਰ) ਵੇਲੇ ਫੜਿਆ ਗਿਆ ਸੀ। ਇਕ ਜਹਾਜ ਅਗਵਾ ਕਰਨ ਦੀ ਸਾਜ਼ਿਸ਼ ਦਾ ਕੇਸ ਵੀ ਉਸ ਉਪਰ ਹੈ। ਮੇਰੇ

ਬਾਰੇ ਵੀ ਪਾਰਲੀਮੈਂਟ ਉਡਾਉਣ ਤੇ ਰੇਲ ਗੱਡੀਆਂ ਸ਼ਾਂਤਾ ਕਰੂਜ਼ ਹਵਾਈ ਅੱਡਾ ਸਮੇਤ ਪਾਲਮ ਏਅਰ ਪੋਰਟ ਵਗੈਰਾ ਉਡਾਉਣ ਬਾਰੇ ਸਾਜ਼ਿਸ਼ ਦਾ ਕੇਸ ਹੈ। ਦੱਸਣ ਸਾਰ ਹੀ ਉਨ੍ਹਾਂ ਦਾਂ ਦਿਲ ਖੁਸ਼ ਹੋ ਗਿਆ ਤੇ ਵਾਰੋ ਵਾਰੀ ਉਨ੍ਹਾਂ ਸਾਡੇ ਨਾਲ ਹੱਥ ਮਿਲਾਏ ਤੇ ਨਾਲੇ ਦੱਸਿਆ ਕਿ ਸੁਪਰੀਮ ਕੋਰਟ ਦੇ ਇਕ ਜੱਜ ਦੀ ਕਾਰ ਤੇ ਬੰਬ ਫਟ ਕੇ ਫੱਟੜ ਹੋ ਗਿਆ ਸੀ, ਤੇ ਇਕ ਰੇਲਵੇ ਮੰਤਰੀ ਲਲਿਤ ਕੁਮਾਰ ਮਿਸ਼ਰਾ ਮਾਰਿਆ ਗਿਆ ਸੀ। ਇਸ ਵਾਸਤੇ ਸਾਡੇ 'ਤੇ ਉਸ ਨੂੰ ਮਾਰਨ ਦਾ ਕੇਸ ਬਣਿਆ ਹੈ। ਉਹ ਵੀ ਆਪਣੇ ਹੀ ਢੰਗ ਨਾਲ ਹਿੰਦੂ ਸਮਾਜ ਵਿਚ ਆ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਨ੍ਹਾਂ ਦਾ ਅਟਲ ਵਿਸ਼ਵਾਸ ਹੈ ਕਿ ਇਹ ਲੋਕ ਮਾਰੇ ਤੋਂ ਬਿਨਾਂ ਸੁਧਰ ਨਹੀਂ ਸਕਦੇ। ਕਿਉਂਕਿ ਇਨ੍ਹਾਂ ਭ੍ਰਿਸ਼ਟ ਲੋਕਾਂ ਦਾ ਤਾਣਾ ਬਾਣਾ ਏਨਾਂ ਫੈਲ ਚੁੱਕਾ ਹੈ ਕਿ ਕੱਟੇ ਤੋਂ ਬਿਨਾ ਇਸ ਦੀ ਵਲੇਟ ਵਿਚੋਂ ਨਹੀਂ ਨਿਕਲਿਆ ਜਾ ਸਕਦਾ। ਪਤਾ ਨਹੀਂ ਕਿਹੜੇ ਹਿੰਦੂ ਗ੍ਰੰਥ ਦਾ ਹਵਾਲਾ ਦੇ ਕੇ ਉਹ ਦੱਸਦੇ ਹਨ ਕਿ ਤਾਂਡਵ ਨ੍ਰਿਤ ਹੀ ਉਤਮ ਨ੍ਰਿਤ ਹੈ ਤੇ ਸ਼ਿਵ ਜੀ ਆਪਣੇ ਭਗਤਾਂ 'ਤੇ ਕ੍ਰਿਪਾ ਕਰਕੇ ਇਸ ਸਮਾਜ ਨੂੰ ਸੁਧਾਰਨ ਦਾ ਕੰਮ ਉਨ੍ਹਾਂ ਨੂੰ ਸੌਂਪਦਾ ਹੈ ਤੇ ਇਹ ਹੀ ਦੁਨੀਆਂ ਦਾ ਵੱਡਾ ਪੁੰਨ ਹੈ। ਕਿਸੇ ਨੂੰ ਜਾਨੋਂ ਮਾਰ ਦੇਣ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਕੋਈ ਅਨੰਦ ਮਾਰਗੀਆ ਕਿਸੇ ਨੂੰ ਨਹੀਂ ਮਾਰਦਾ, ਜਿਸ ਨੇ ਮਰਨਾ ਹੋਵੇ ਉਹ ਆਪੇ ਹੀ ਅਨੰਦ ਮਾਰਗੀਆਂ ਦੇ ਰਾਹ ਵਿਚ ਆ ਜਾਂਦਾ ਹੈ ਤੇ ਮਾਰਿਆ ਜਾਂਦਾ ਹੈ। ਭਲਾ ਇਸ ਵਿਚ ਵਿਚਾਰੇ ਕਿਸੇ ਅਨੰਦ ਮਾਰਗੀ ਦਾ ਕੀ ਕਸੂਰ? ਬਾਬਾ ਨਾਮ ਕੇਵਲਮ ਹੀ ਕਿਸੇ ਦੇ ਪ੍ਰਾਣ ਖੋਹਣ ਦਾ ਹੁਕਮ ਕਰਦੇ ਹਨ, ਜੋ ਬਾਬਾ ਜੀ ਕਹਿ ਦੇਣ, ਉਹ ਕੰਮ ਨੇਪਰੇ ਚਾੜਨਾ ਹਰ ਅਨੰਦ ਮਾਰਗੀ ਦਾ ਪਰਮ ਧਰਮ ਹੈ। ਮਿਠਬੈਨ ਸਿੰਘ ਨੇ ਮਿਸਾਲ ਦੇ ਤੌਰ 'ਤੇ ਹੀ ਕਿਹਾ, "ਜੇ ਤੁਹਾਨੂੰ ਬਾਬਾ ਜੀ ਕਹਿ ਦੇਣ ਕਿ ਜੇਲ੍ਹ ਵਿਚ ਕਿਸੇ ਬੰਦੇ ਨੂੰ ਖਤਮ ਕਰ ਦਿਓ ਤਾਂ ਕੀ ਤੁਸੀਂ ਸੱਚਮੁਚ ਹੀ ਖਤਮ ਕਰ ਦਿਓਗੇ?" ਪੰਜ ਛੇ ਜਣੇ ਇਕੱਠੇ ਹੀ ਬੋਲ ਪਏ, "ਕਿਸ ਕੋ ਖਤਮ ਕਰਨੇ ਕੇ ਲੀਏ ਬੋਲਾ ਬਾਬਾ ਨੇ? ਬੋਲ ਦੀਆ? ਕਿਸ ਕੇ ਲੀਏ ਕਿਸ ਕੋ ਖਤਮ ਕਰਨੇ ਕਾਂ ਹੈ? ਉਹ ਏਨੇ ਉਤੇਜਤ ਹੋ ਗਏ ਕਿ ਮਿਠਬੈਨ ਸਿੰਘ ਨੂੰ ਉਹ ਸਵਾਲ ਛੱਡ ਕੇ ਦੂਜਾ ਕਰਨਾ ਪਿਆ ਕਿ 'ਮਾਨ ਲੋ ਐਸਾ ਹੋ ਤੋ?' "ਕਹਾਂ ਬੋਲਾ ਹੈ ਬਾਬਾ ਨੇ, ਐਸਾ? ਵਹ ਤੋ ਜਬ ਬੋਲੇਗਾ ਤਬ ਨਾ, ਅਭੀ ਕਹਾਂ ਬੋਲਾ ਹੈ ਬਾਬਾ ਨੇ?" ਮੈਂ ਹਾਸੇ ਨਾਲ ਮਿਠਬੈਨ ਸਿੰਘ ਨੂੰ ਕਿਹਾ ਇਹ ਵੀ ਸਿੱਖਾਂ ਵਰਗੇ ਈ ਨੇ। ਫਿਰ ਮੈਂ ਆਪਣੀ ਗੱਲ ਨੂੰ ਆਪੇ ਹੀ ਸੋਧ ਲਿਆ ਤੇ ਕਿਹਾ ਸਿੱਖ ਤਾਂ ਸਰਬੱਤ ਦਾ ਭਲਾ ਮੰਗਦੇ ਹਨ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ, ਇਹ ਤੇ ਬਾਬਾ ਮਾਰਨ ਨੂੰ ਮੁਠਾਂ ਵਿਚ ਥੁੱਕੀ ਫਿਰਦੇ ਹਨ। ਸਾਡੇ ਵਾਂਗ ਉਹ ਵੀ ਆਪਸ ਵਿਚ ਗੱਲਾਂ ਕਰਨ ਲੱਗ ਪਏ, ਇਕ ਜਣਾ ਦੂਜੇ ਨੂੰ ਪੁੱਛੇ, "ਬੋਲ ਦੀਆ ਬਾਬਾ ਨੇ? ਕਿਸ ਕੋ ਟਪਕਾਨੇ ਕਾ ਬੋਲਾ?" ਵਿਚੋਂ ਕੋਈ ਆਖੇ, "ਨਹੀਂ ਨਹੀਂ ਅਭੀ ਕਹਾਂ ਬੋਲਾ ਹੈ ਬਾਬਾ ਨੇ?" "ਨਹੀਂ ਬੋਲਾ? ਅੱਛਾ! ਅੱਛਾ!" "ਐਸੇ ਬਾਤ ਕਰ ਰਹੇ ਹੈ।" ਅਸੀਂ ਆਖੀਏ ਵੇਖੋ, "ਕਿੱਦਾਂ ਦੇ ਲੋਕ ਨੇ ਇਹ?" ਉਨ੍ਹਾਂ ਸਾਨੂੰ ਇਹ ਵੀ ਦੱਸਿਆ ਕਿ ਇਕ ਦਿਨ ਇਸ ਪੂਰੀ ਦੁਨੀਆਂ 'ਤੇ ਸ਼ਿਵ ਭਗਤਾਂ ਦਾ ਰਾਜ ਹੋਵੇਗਾ ਤੁਸੀਂ ਦੇਖ ਲੈਣਾ ਉਹ ਦਿਨ ਹੁਣ ਦੂਰ ਨਹੀਂ ਬੱਸ ਰਾਜ ਹੋਣ ਹੀ ਵਾਲਾ ਹੈ। ਇਸੇ ਤਰ੍ਹਾਂ ਹੀ ਟੱਲਾਂ ਬਾਤਾਂ ਕਰਦਿਆਂ ਬੰਦੀ ਖੁੱਲ੍ਹ ਗਈ ਤੇ ਅਸਾਂ ਉਨ੍ਹਾਂ ਕੋਲੋਂ ਵਿਦਾ ਲਈ।

ਬਾਹਰ ਵਿਹੜੇ ਵਿਚ ਆ ਕੇ ਮਿਠਬੈਨ ਸਿੰਘ ਮੈਨੂੰ ਕਹਿਣ ਲੱਗਾ "ਭਾਊ, ਯਾਰ

ਆਪਣੇ ਨਾਲ ਤੇ ਮੈਨੂੰ ਲਗਦਾ ਹੈ ਬੜਾ ਭਾਰੀ ਧੋਖਾ ਹੋ ਗਿਆ ਹੈ।" ਮੈਂ ਪੁਛਿਆ ਕਾਹਦਾ ਧੋਖਾ? ਉਹ ਕਹਿੰਦਾ ਤੂੰ ਸੁਣਿਆ ਨਹੀਂ? ਉਹ ਕਹਿੰਦੇ ਨੇ ਸਾਰੀ ਦੁਨੀਆਂ 'ਤੇ ਸਾਡਾ ਰਾਜ ਹੋਣ ਨੂੰ ਫਿਰਦਾ ਹੈ, ਅਖੇ ਸਾਨੂੰ ਸਾਡੇ ਸ਼ਿਵ ਭੋਲੇ ਨੇ ਦੱਸਿਆ ਹੈ ਤੇ ਉਧਰ ਸਾਡੇ ਗੁਰੂ ਨੇ ਸਾਨੂੰ ਤਿੰਨ ਸੌ ਸਾਲ ਪਹਿਲਾਂ ਈ ਆਖ ਦਿੱਤਾ ਸੀ ਕਿ ਰਾਜ ਸਿੱਖ ਕਰਨਗੇ, ਉਦੋਂ ਦੇ ਹੀ ਆਪਾਂ ਅਰਦਾਸਾਂ ਕਰ ਕਰ ਕੇ ਮਰ ਗਏ ਆਂ "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ, ਖੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ" ਤੇ ਮੈਨੂੰ ਤੇ ਇਨ੍ਹਾਂ ਦੀ ਗੱਲਬਾਤ ਤੋਂ ਲਗਦਾ ਹੈ ਬਈ ਸਾਰੀ ਦੁਨੀਆਂ ਦਾ ਰਾਜ ਏਨ੍ਹਾਂ ਹੀ ਲੈ ਜਾਣਾ ਹੈ। ਤੂੰ ਵੇਖਿਆ ਨਹੀਂ ਉਨ੍ਹਾਂ ਕਿੱਡੇ ਦਾਅਵੇ ਨਾਲ ਇਹ ਗੱਲ ਆਖੀ ਸੀ।" ਪਰ ਮਿਠਬੋਲ ਸਿਆਂ ਇਹ ਕਿੱਦਾਂ ਹੋ ਸਕਦਾ ਹੈ? ਆਪਣਾ ਗੁਰੂ ਵੱਡਾ ਹੈ ਉਹਦੀ ਆਖੀ ਮੰਨੀ ਜਾਣੀ ਹੈ ਕਿ ਤੇੜੋਂ ਅੱਧ ਨੰਗਾ ਤੇ ਗੱਲ ਵਿਚ ਸੱਪ ਲਪੇਟ ਕੇ ਤੁਰੇ ਫਿਰਨ ਵਾਲੇ ਦੀ ਮੰਨੀ ਜਾਊ? "ਆਪਣੇ ਦਸਮ ਗ੍ਰੰਥ ਵਿਚ ਤਾਂ ਸ਼ਿਵ ਨੂੰ ਵੱਡਾ ਮੰਨ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਨ੍ਹਾਂ ਕੋਲੋਂ ਵਰ ਮੰਗਦੇ ਹਨ ਕਿ "ਦੇਹ ਸ਼ਿਵਾ ਵਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ ਨਾ ਟਰੋ ਅਰਸਿਓ ਜਬ ਜਾਇ ਲਰੋਂ ਨਿਸ਼ਚੈ ਕਰ ਅਪਨੀ ਜੀਤ ਕਰੂੰ...... ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਣ ਮੈਂ ਤਬ ਜੂਝ ਮਰੋਂ। ਫਿਰ ਵੱਡਾ ਤੇ ਸ਼ਿਵ ਹੋਇਆ ਕਿ?" ਮੈਂ ਵੇਖਿਆ ਮਿਠਬੋਲ ਸਿੰਘ ਦੇ ਚਿਹਰੇ 'ਤੇ ਰਾਜ ਖੁੱਸ ਜਾਣ ਦਾ ਗ਼ਮ ਸੀ। ਮੈਂ ਉਹਦਾ ਧਿਆਨ ਹੋਰ ਪਾਸੇ ਪਾਉਣ ਤੇ ਗੱਲ ਬਦਲਣ ਵਾਸਤੇ ਕਿਹਾ, "ਮਹਾਂਪੁਰਸ਼ ਕਹਿੰਦੇ ਹਨ ਪ੍ਰਮਾਤਮਾ ਇਕੋ ਹੀ ਹੈ ਸਿਰਫ ਨਾਮ ਹੀ ਵੱਖਰੇ ਵੱਖਰੇ ਹਨ। ਕੀ ਪਤਾ ਗੁਰੂ ਗੋਬਿੰਦ ਸਿੰਘ ਜੀ ਤੇ ਸ਼ਿਵ ਇਕ ਹੀ ਹੋਣ।" "ਲੈ ਇਹ ਕੀ ਗੱਲ ਹੋਈ?" ਮੈਂ ਕਿਹਾ, "ਮਿਠਬੋਲ ਸਿਆਂ ਨਾ ਦੁਨੀਆਂ ਦਾ ਰਾਜ ਆਪਾਂ ਸਿੱਖਾਂ ਨੂੰ ਮਿਲਣਾ ਹੈ ਤੇ ਨਾ ਹੀ ਇਨ੍ਹਾਂ ਨੂੰ ਮਿਲਣਾ ਹੈ। ਆਪਾਂ ਵੀ ਸਮੇਂ ਦੀ ਸਰਕਾਰ ਕੋਲੋਂ ਕੁੱਟ ਖਾਈ ਜਾਣੀ ਹੈ ਤੇ ਇਹਨਾਂ ਵੀ ਛਿੱਤਰ ਖਾਈ ਜਾਣੇ ਹਨ। ਸਿੱਖ ਰਾਜ ਲੈਣਾ ਹੀ ਨਹੀਂ ਚਾਹੁੰਦੇ। ਜਿਹੜੇ ਬੰਦੇ ਨੂੰ ਇਹ ਨਾ ਪਤਾ ਹੋਵੇ ਕਿ ਉਹਨੇ ਜਾਣਾ ਕਿਥੇ ਹੈ ਤਾਂ ਗੱਡੀ ਕਿਹੜੀ ਬੈਠੇਗਾ?"

ਮਿਠਬੋਲ ਸਿੰਘ ਫਿਰ ਵੀ ਆਖੀ ਜਾਵੇ, "ਪਰ ਇਹ ਫੈਸਲਾ ਤਾਂ ਹੋਣਾ ਹੀ ਚਾਹੀਦਾ ਹੈ ਨਾ ਕਿ ਆਪਣਾ ਗੁਰੂ ਏਹਨਾਂ ਦੇ ਸ਼ਿਵ ਕੋਲੋਂ ਸ਼ਕਤੀ ਮੰਗਦਾ ਹੈ ਕਿ ਨਹੀਂ?" ਮੈਂ ਕਿਹਾ, "ਇਹ ਫੈਸਲਾ ਤਾਂ ਪੰਥ ਦੇ ਵਿਦਵਾਨ ਹੀ ਕਰ ਸਕਦੇ ਹਨ ਕਿ ਦਸਮ ਗ੍ਰੰਥ ਗੁਰੂ ਜੀ ਨੇ ਆਪ ਲਿਖਿਆ ਹੈ ਕਿ ਨਹੀਂ? ਜੇ ਤੇ ਉਨ੍ਹਾਂ ਆਪ ਲਿਖਿਆ ਹੈ ਫਿਰ ਤਾਂ ਬਿਨਾ ਸ਼ੱਕ ਸ਼ਿਵ ਵੱਡਾ ਹੈ ਤੇ ਗੁਰੂ ਛੋਟਾ। ਜੇ ਕਿਸੇ ਬ੍ਰਾਹਮਣ ਨੇ ਜਾਂ ਬ੍ਰਾਹਮਣਾਂ ਨੇ ਰਲ ਕੇ ਸ਼ਰਾਰਤ ਕੀਤੀ ਹੈ ਤਾਂ ਕੌਮ ਨੂੰ ਸਮਝਣਾ ਚਾਹੀਦਾ ਹੈ ਤੇ ਕੌਮ ਦੋਖੀਆਂ ਵਲੋਂ ਵਿਛਾਏ ਹੋਏ ਜਾਲ ਵਿਚੋਂ ਨਿਕਲਣਾ ਚਾਹੀਦਾ ਹੈ।"

ਉਸ ਦਿਨ ਦੀ ਇਸ ਚਰਚਾ ਵਿਚ ਸੁਖਬੀਰ ਸਿੰਘ ਦਿੱਲੀ ਤੇ ਧਰਮਵੀਰ ਸਿੰਘ ਚੰਡੀਗੜ੍ਹ ਵੀ ਸ਼ਾਮਲ ਹੋ ਗਏ। ਤਦੇ ਹੀ ਹਰਿਆਣੇ ਵਾਲੇ ਗੁਰਨਾਮ ਸਿੰਘ ਨੇ ਦਸਿਆ ਕਿ ਸ਼ਿਵ ਦੀ ਮੂਰਤੀ 'ਤੇ ਚੰਗੀ ਤਰ੍ਹਾਂ ਸਫੈਦੀ ਦੀ ਕੂਚੀ ਫੇਰਨ ਲਈ ਦੱਸ ਰੁਪਏ ਧਰਮਵੀਰ ਨੇ ਨਾਰੰਗ ਸਾਹਿਬ ਕੋਲੋਂ ਲੈ ਕੇ ਦਿੱਤੇ ਸਨ ਕਿਉਂਕਿ ਨਾਰੰਗ ਸਾਹਿਬ ਚਾਹੁੰਦੇ ਸਨ ਕਿ ਇਸ ਪੇਂਟਿੰਗ ਦਾ ਨਾਮੋ ਨਿਸ਼ਾਨ ਨਹੀਂ ਰਹਿਣਾ ਚਾਹੀਦਾ। ਉਹ ਤਾਂ ਇਹ ਵੀ ਕਹਿੰਦੇ ਸਨ ਕਿ ਬਾਕੀ ਦੀਆਂ ਤਿੰਨ ਕੰਧਾਂ ਭਾਵੇ ਕੱਲ ਸਫੈਦੀ ਹੋ ਜਾਣ। ਪਰ ਅੱਜ ਇਹ ਕੰਧ ਬਾਰ ਬਾਰ

ਕਈ ਵਾਰ ਕੂਚੀ ਫੇਰ ਕੇ ਬਿਲਕੁਲ ਚਿੱਟੀ ਕਰ ਦਿੱਤੀ ਜਾਵੇ। ਪਰ ਸਫੈਦੀ ਕਰਨ ਵਾਲਿਆਂ ਨੇ ਦੱਸਿਆ ਕਿ ਜਿੰਨਾ ਚਿਰ ਪਹਿਲੀ ਕੀਤੀ ਸਫੈਦੀ ਸੁੱਕ ਨਾ ਜਾਵੇ ਦੂਜੀ ਵਾਰ ਕਰਨ ਦਾ ਫਾਇਦਾ ਨਹੀਂ ਹੁੰਦਾ ਤੇ ਗਿੱਲੀ ਸਫੈਦੀ 'ਤੇ ਚੂਨਾ ਨਹੀਂ ਚੜ੍ਹਦਾ। ਸ਼ਾਮ ਦੀ ਬੰਦੀ ਹੋਈ ਤਾਂ ਰਾਤ ਰੋਟੀ ਖਾਣ ਵੇਲੇ ਨਾਰੰਗ ਸਾਹਿਬ ਮੇਰੇ ਬਿਸਤਰੇ 'ਤੇ ਆ ਕੇ ਬੈਠੇ ਤਾਂ ਆਉਂਦਿਆਂ ਹੀ ਮੈਨੂੰ ਪੁਛਿਆ, "ਮੁਕ ਗਿਆ ਨਾ ਕੰਮ ਅੱਜ ਹਿੰਦੂਆਂ ਦੇ ਸ਼ਿਵ ਵਾਲਾ?" ਮੈਂ ਪੁਛਿਆ "ਕਿਵੇਂ"? ਕਹਿਣ ਲੱਗੇ, "ਮਿਟਵਾ ਦਿੱਤਾ ਪਰ ਅਜੇ ਵੀ ਪੂਰਾ ਨਹੀਂ ਮਿਟਿਆ।" ਮੈਂ ਕਿਹਾ ਭਾਈ ਸਾਹਿਬ ਜੀ, "ਇਕ ਸ਼ੰਕਾ ਨਵਿਰਤ ਕਰਨਾ ਸੀ।" ਕਹਿਣ ਲੱਗੇ, "ਦੱਸੋ", ਮੈਂ ਤਾਂ ਪਹਿਲੀ ਪੀੜ੍ਹੀ ਵਿਚ ਹੀ ਸਿੰਘ ਸਜਿਆ ਹਾਂ ਮੇਰੇ ਪਿਤਾ ਜੀ ਤੇ ਕੱਟੜ ਹਿੰਦੂ ਸਨ ਤੇ ਉਨ੍ਹਾਂ ਦਾ ਨਾਂ ਲਾਲਾ ਦੁਨੀ ਚੰਦ ਸੀ। ਮੇਰੇ ਨਾਲੋਂ ਹਿੰਦੂ ਧਰਮ ਨੂੰ ਕੌਣ ਜ਼ਿਆਦਾ ਜਾਣਦਾ ਹੈ? ਪੁੱਛੋ ਕੀ ਪੁਛਦੇ ਹੋ?" ਮੈ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਦਸ਼ਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਲਿਖਿਆ ਹੈ? "ਹਾਂ ਹਾਂ ਤੁਹਾਨੂੰ ਕੋਈ ਸ਼ੱਕ ਹੈ ਇਸ ਵਿਚ?" ਮੈਂ ਕਿਹਾ ਜੀ "ਫਿਰ ਗੁਰੂ ਜੀ ਤਾਂ ਆਪ ਏਸੇ ਸ਼ਿਵ ਕੋਲੋਂ ਸ਼ਕਤੀ ਮੰਗਦੇ ਸਨ ਦੇਹਿ ਸ਼ਿਵਾ ਬਰ ਮੋਹਿ ਇਹੇ..... ਜਿਸ ਦੀ ਮੂਰਤੀ ਨੂੰ ਤੁਸਾਂ ਅੱਜ ਸਫੈਦੀ ਨਾਲ ਮਿਟਵਾ ਦਿੱਤਾ ਹੈ।" "ਇਹ ਉਹ ਸ਼ਿਵ ਨਹੀਂ ਸਨ, ਉਹ ਹੋਰ ਸਨ। ਗੁਰੂ ਜੀ ਨੇ ਪ੍ਰਮਾਤਮਾ ਨੂੰ ਅਕਾਲ ਪੁਰਖ ਨੂੰ ਸ਼ਿਵ ਆਖਿਆ ਹੈ।" ਮੈਂ ਜਗਿਆਸੂਆਂ ਵਾਂਗ ਸੁਣਦਾ ਰਿਹਾ। ਫਿਰ ਉਨ੍ਹਾਂ ਕਿਹਾ, "ਤੁਹਾਨੂੰ ਕੋਈ ਸ਼ੱਕ ਹੈ?" ਮੈਂ ਕਿਹਾ, "ਨਹੀਂ ਜੀ, ਮੈਂ ਕਿਹੜਾ ਕੋਈ ਵਿਦਵਾਨ ਹਾਂ ਮੈਂ ਤੇ ਉਵੇਂ ਹੀ ਪੁਛਿਆ ਸੀ। ਪਰ ਦਸਮ ਗ੍ਰੰਥ ਸ਼ਿਵ ਦਾ ਡੰਮਰੂ ਗੱਲ ਵਿਚ ਖੋਪੜੀਆਂ ਦੀ ਮਾਲਾ ਤਾਂਡਵ ਨ੍ਰਿਤ ਜਦੋਂ ਸ਼ਿਵ ਜੀ ਔਹ ਸੰਖ (ਮੈਂ ਪੇਂਟਿੰਗ ਵੱਲ ਉਂਗਲੀ ਕਰਕੇ ਕਿਹਾ) ਵਜਾਉਂਦੇ ਸਨ ਤਾਂ ਚੁੜੇਲਾ, ਭੂਤਨੀਆਂ, ਡਾਕਣੀਆਂ ਤੇ ਗਿਧਾਂ ਉਧਰ ਨੂੰ ਵਹੀਰਾਂ ਘੱਤ ਦੇਂਦੀਆਂ ਸਨ, ਜਿਧਰੋਂ ਸੰਖ ਦੀ ਅਵਾਜ਼ ਆਉਂਦੀ ਸੀ ਸ਼ਿਵ ਜੀ ਤਾਂਡਵ ਨ੍ਰਿਤ ਕਰਦੇ ਸਨ ਤੇ ਮਾਰ ਕਾਟ ਹੋ ਹੱਲਾ ਚੀਖ ਚਿਹਾੜਾ ਤੇ ਹਾ ਹਾ ਕਾਰ ਮੱਚ ਜਾਂਦੀ ਸੀ ਤੇ ਤਬਾਹੀ ਸ਼ੁਰੂ ਹੋ ਜਾਂਦੀ ਸੀ। ਦਸਮ ਗ੍ਰੰਥ ਵਾਲਾ ਸ਼ਿਵ ਤਾਂ ਇਹੋ ਹੀ ਲੱਗਦਾ ਹੈ, ਅੱਗੇ ਜੀ ਤੁਹਾਡੇ ਵਰਗੇ ਵਿਦਵਾਨਾਂ ਨੂੰ ਪਤਾ ਹੋਊ ਸਾਡੀ ਕੋਈ ਏਡੀ, ਮਤ ਤੇ ਨਹੀਂ ਨਹੀਂ ਨਾ, ਪਈ ਏਡੇ ਉੱਚੇ ਪੱਧਰ ਦੀਆਂ ਗੱਲਾਂ ਨੂੰ ਸੋਚ ਸਕੀਏ।"

ਸ. ਕਰਤਾਰ ਸਿੰਘ ਜੀ ਨਾਰੰਗ ਇੰਨਕਮ ਟੈਕਸ ਦੇ ਉਘੇ ਵਕੀਲ ਹਨ ਟ੍ਰਿਬਿਊਨਲ ਤੇ ਹਾਈ ਕੋਰਟ ਦੇ ਕੇਸ ਜ਼ਿਆਦਾ ਲੈਂਦੇ ਸਨ ਜਾਂ ਬਹੁਤ ਹੀ ਵੱਡੀਆਂ ਲਿਮਟਿਡ ਫਰਮਾਂ ਦੇ ਕੇਸ ਲੈਂਦੇ ਸਨ। ਪ੍ਰੈਕਟਿਸ ਬਾਖੂਬੀ ਤੇ ਬਹੁਤ ਚੰਗੀ ਚਲਦੀ ਸੀ। ਪਰ ਟ੍ਰਾਂਜਿਸਟਰ ਬੰਬ ਕਾਂਡ ਜਿਸ ਦੇ ਮੁੱਖ ਦੋਸ਼ੀ ਉਹ ਹੀ ਮੰਨੇ ਗਏ ਸਨ ਕਰਕੇ ਉਨ੍ਹਾਂ ਦਾ ਧੰਦਾ ਬਿਲਕੁਲ ਚੌਪਟ ਹੋ ਗਿਆ ਸੀ। ਉਨ੍ਹਾਂ ਦੀ ਪਤਨੀ ਵੀ ਜੇਲ੍ਹ ਵਿਚੋਂ ਜਮਾਨਤ 'ਤੇ ਬਾਹਰ ਗਏ ਸਨ। ਦੋ ਬਹੁਤ ਹੀ ਹੋਣਹਾਰ ਤੇ ਸੁੰਦਰ ਨੌਜਵਾਨ ਬੇਟੇ ਸਨ। ਵੱਡਾ ਬੇਟਾ ਤਾਂ ਉਨ੍ਹਾਂ ਦੇ ਗ੍ਰਿਫਤਾਰ ਹੋਣ ਤੋਂ ਕੋਈ ਦੋ ਮਹੀਨੇ ਬਾਅਦ ਹੀ ਮਾਰ ਦਿੱਤਾ ਸੀ ਤੇ ਛੋਟਾ ਬੇਟਾ ਜਿੰਮੀ ਨਾਰੰਗ ਖਾੜਕੂਆਂ ਵਿਚ ਇਕ ਬਹੁਤ ਹੀ ਜਾਣਿਆ ਜਾਂਦਾ ਨਾਂ ਸੀ ਉਸ ਨੇ ਆਪਣੇ ਆਪ ਨੂੰ ਗੱਬਰ ਸਿੰਘ ਅਖਵਾਉਂਦੇ ਇਕ ਪੁਲਿਸ ਅਫਸਰ ਨੂੰ ਸੋਧਿਆ ਸੀ। ਏਸੇ ਨਾ ਤੋਂ ਵੀ ਪ੍ਰਭਾਵਿਤ ਹੋ ਕੇ ਫਿਲਮ 'ਮਾਚਸ' ਦੇ ਪਾਤਰ ਦਾ ਨਾਂ ਜਿੰਮੀ ਰਖਿਆ ਗਿਆ ਸੀ। ਨਾਰੰਗ ਸਾਹਿਬ ਨੂੰ ਆਪਣੇ ਇਕ ਮਿੱਤਰ ਸ. ਮਹਿੰਦਰ ਸਿੰਘ ਉਬਰਾਏ ਨਾਲ ਏਨਾ ਕੁ ਹੀ ਗਿਲਾ

ਸੀ ਕਿ ਜੇ ਉਹ ਮੈਨੂੰ ਸਾਰੀ ਸਕੀਮ ਦੱਸ ਦੇਂਦੇ ਤਾਂ ਮੈਂ ਟਰਾਂਜਿਸਟਰ ਬੰਬ ਕਾਂਡ ਦਾ ਉਹ ਇਤਿਹਾਸ ਸਿਰਜਦਾ ਕਿ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਦੀਆਂ। ਭਾਵੇਂ ਇਸ ਕਾਂਡ ਨੇ ਵੀ ਪੂਰਾ ਭਾਰਤ ਹਿਲਾ ਕੇ ਰੱਖ ਦਿੱਤਾ ਸੀ ਪਰ ਉਹ ਇਸ ਤੋਂ ਵੀ ਕੁਝ ਵੱਧ ਕਰਨਾ ਚਾਹੁੰਦੇ ਹਨ। ਅੰਗਰੇਜ਼ੀ 'ਤੇ ਉਨ੍ਹਾਂ ਦੀ ਬਹੁਤ ਕਮਾਂਡ ਹੈ। ਪੂਰਨ ਗੁਰਸਿੱਖ ਤੇ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਤੇ ਭਾਣਾ ਮੰਨਣ ਵਾਲੇ ਗੁਰਸਿੱਖ ਹਨ। ਜੇ ਕੋਈ ਦਲੀਲ ਨਾਲ ਗੱਲ ਕਰੇ ਤਾਂ ਬਹੁਤ ਜਲਦੀ ਕਾਇਲ ਹੋ ਜਾਂਦੇ ਹਨ। ਫਾਲਤੂ ਗੱਲ ਕਰਨ ਵਾਲੇ ਨੂੰ ਉਹ ਉੱਕਾ ਪਸੰਦ ਨਹੀਂ ਕਰਦੇ। ਦਸਮ ਗ੍ਰੰਥ ਨਾਂ ਦੀ ਕਿਤਾਬ ਦਾ ਅੱਖਰ ਅੱਖਰ ਗੁਰੂ ਜੀ ਦਾ ਆਪਣੇ ਹੱਥ ਨਾਲ ਲਿਖਿਆ ਮੰਨਦੇ ਹਨ ਪਰ ਦਸਮ ਗ੍ਰੰਥ ਵਾਲੇ ਸ਼ਿਵ ਨੂੰ, ਜਿਸ ਦੀ ਪੇਂਟਿੰਗ ਕੰਧ 'ਤੇ ਬਣੀ ਹੋਈ ਸੀ, ਨਹੀਂ ਮੰਨਦੇ। ਇਹ ਤ੍ਰਾਸਦੀ ਅੱਜ ਸਿੱਖ ਸਮਾਜ ਦੇ ਬਹੁਤੇ ਸਿੱਖਾਂ ਦੀ ਹੈ।

ਜਦੋਂ ਨਾਰੰਗ ਸਾਹਿਬ ਗ੍ਰਿਫਤਾਰ ਹੋ ਗਏ ਸਨ ਤਾਂ ਉਨ੍ਹਾਂ ਦੇ ਦੋ ਬੇਟੇ ਤੇ ਪਤਨੀ ਘਰੋਂ ਭੱਜਣ ਵਿਚ ਸਫਲ ਹੋ ਗਏ। ਉਨ੍ਹਾਂ ਦੀ ਗ੍ਰਿਫਤਾਰੀ ਲਈ ਥਾਂ ਥਾਂ ਛਾਪੇ ਮਾਰੇ ਗਏ। ਨਾਰੰਗ ਸਾਹਿਬ ਦੀ ਭੈਣ ਬਸਤੀ ਗੁਜਾਂ ਜਲੰਧਰ ਰਹਿੰਦੀ ਸੀ। ਉਸਦੇ ਪਤੀ ਦਾ ਨਾਂ ਹਰਬੰਸ ਲਾਲ ਸੀ ਤੇ ਉਨ੍ਹਾਂ ਦੀ ਬਸਤੀ ਗੁਜਾਂ ਵਿਚ ਆਟੇ ਦੀ ਮਸ਼ਹੂਰ ਚੱਕੀ ਸੀ। ਖੱਤਰੀ ਪਰਿਵਾਰ ਹੋਣ ਕਰਕੇ ਰਿਸ਼ਤੇਦਾਰੀਆਂ ਵਿਚ ਅੰਮ੍ਰਿਤਧਾਰੀ ਤੇ ਮੋਨੇ ਦਾ ਕੋਈ ਬਹੁਤ ਫਰਕ ਨਹੀਂ ਸਮਝਿਆ ਜਾਂਦਾ। ਜਦੋਂ ਨਾਰੰਗ ਸਾਹਿਬ ਦੀ ਪਤਨੀ ਆਪਣੀ ਸੱਕੀ ਨਨਾਣ ਦੇ ਘਰ ਆਸਰਾ ਲੈਣ ਲਈ ਆਈ ਤਾਂ ਉਸ ਵਿਚਾਰੀ ਨੂੰ ਕੀ ਪਤਾ ਸੀ ਕਿ ਮੈਂ ਹਰਬੰਸ ਲਾਲ ਦੇ ਘਰ ਨਹੀਂ ਗੰਗੂ ਬ੍ਰਾਹਮਣ ਜਾਂ ਸੁੱਚਾ ਨੰਦ ਦੇ ਘਰ ਜਾ ਰਹੀ ਹਾਂ। ਉਸ ਦਾ ਸਵਾਗਤ ਕੀਤਾ ਗਿਆ। ਸੋਢੇ ਦੀ ਠੰਡੀ ਬੋਤਲ ਲਿਆ ਕੇ ਉਸ ਦੇ ਅੱਗੇ ਰੱਖੀ ਗਈ। ਘਰ ਵਿਚ ਮਾਮੀ ਜੀ ਆਏ ਮਾਮੀ ਜੀ ਆਏ ਹੋਣ ਲੱਗ ਪਈ। ਤਦੇ ਹੀ ਵਿਚੋਂ ਇਕ ਮਾਮੀ ਦਾ ਦੋਹਤਾ (ਸਾਰੇ ਟੱਬਰ ਦੀ ਸਲਾਹ ਨਾਲ) ਗਿਆ ਤੇ ਪੁਲਿਸ ਸੱਦ ਲਿਆਇਆ। ਵਿਚਾਰੀ ਨੂੰ ਮੰਜੇ 'ਤੇ ਬੈਠੀ ਨੂੰ ਹੀ ਪੁਲਿਸ ਫੜ ਕੇ ਲੈ ਗਈ ਤੇ ਖੱਜਲ ਖੁਆਰ ਹੁੰਦਿਆਂ ਹੁੰਦਿਆਂ ਸੱਠ ਸਾਲ ਦੀ ਬੁੱਢੀ ਦਿੱਲੀ ਤਿਹਾੜ ਜੇਲ੍ਹ ਅੱਪੜ ਗਈ।

ਇਕ ਦਿਨ ਅਖ਼ਬਾਰ ਵਿਚ ਪੜ੍ਹਿਆ ਕਿ ਹਰਬੰਸ ਲਾਲ ਚੱਕੀ ਵਾਲਾ ਤੇ ਉਸ ਦਾ ਸਾਰਾ ਪਰਿਵਾਰ ਮਾਰਿਆ ਗਿਆ ਹੈ। ਇਹ ਖਬਰ ਪੜ੍ਹ ਕੇ ਅਸਾਂ ਦੌੜ ਕੇ ਨਾਰੰਗ ਸਾਹਿਬ ਨੂੰ ਸੁਣਾਈ, ਪਰ ਸੁਣ ਕੇ ਉਨ੍ਹਾਂ ਦੇ ਚਿਹਰੇ 'ਤੇ ਕੋਈ ਹਾਵ ਭਾਵ ਨਾ ਉਭਰਿਆ। ਉਨ੍ਹਾਂ ਨੇ ਇਹ ਖਬਰ ਉਸੇ ਤਰ੍ਹਾਂ ਹੀ ਸੁਣੀ ਜਿਵੇਂ ਆਮ ਸਾਧਾਰਣ ਅਖ਼ਬਾਰ ਸੁਣੀਦੀ ਹੈ। ਸੱਕੀ ਭੈਣ ਦਾ ਸਾਰਾ ਪਰਿਵਾਰ ਮਾਰਿਆ ਗਿਆ ਸੀ। ਪਰ ਵੇਖਣ ਵਾਲੀ ਗਲ ਇਹ ਸੀ ਕਿ ਉਹ ਭੈਣ ਦਾ ਪਰਿਵਾਰ ਸੀ ਕਿ ਮੁਖ਼ਬਰ ਦਾ ਪਰਿਵਾਰ ਸੀ?

ਨਾਰੰਗ ਸਾਹਿਬ ਦੀਆਂ ਸਿਰਫ ਤਿੰਨ ਪਸਲੀਆਂ ਹੀ ਐਸੀਆਂ ਸਨ ਜਿਹੜੀਆਂ ਕਰੈਕ ਨਹੀਂ ਸਨ ਜਾਂ ਦੁਬਾਰਾ ਨਹੀਂ ਸਨ ਜੁੜੀਆਂ। ਬਾਕੀ ਉਨ੍ਹਾਂ ਦਾ ਸਾਰਾ ਸਰੀਰਕ ਇੰਜਰ ਪਿੰਜਰ ਹਿੱਲ ਚੁੱਕਾ ਸੀ। ਦੋ ਦੰਦ ਵੀ ਰੀਮਾਂਡ ਵਿਚ ਟੁੱਟੇ ਸਨ। ਜਦੋਂ ਟਰਾਂਜਿਸਟਰ ਬੰਬ ਕਾਂਡ ਹੋਇਆ ਤਾਂ ਭਾਰਤ ਤਾਂ ਕੀ ਪੂਰੀ ਦੁਨੀਆਂ ਵਿਚ ਤਹਿਲਕਾ ਮੱਚ ਗਿਆ ਸੀ। ਇਹ ਬੰਬ ਲੱਗਪਗ ਸਾਰੇ ਉਤਰੀ ਭਾਰਤ ਵਿਚ ਹੀ ਫਟੇ ਸਨ। ਟਰਾਂਜਿਸਟਰਾਂ ਦੇ ਖੋਲਾਂ ਵਿਚ ਬੰਬ ਇਸ ਢੰਗ ਨਾਲ ਫਿੱਟ ਸਨ ਕਿ ਜਿਹੜਾ ਵੀ ਇਹਨੂੰ ਚਾਲੂ ਕਰਦਾ ਉਦੋਂ ਹੀ

ਨਾਹ ਹੋ ਜਾਂਦੀ। ਜਾਂ ਤਾਂ ਇਹ ਬੰਬ ਬੱਸਾਂ ਵਿਚ ਚੱਲੇ ਜਾਂ ਦਿੱਲੀ ਦੀਆਂ ਉਨ੍ਹਾਂ ਝੁੱਗੀਆਂ ਝੌਂਪੜੀਆਂ ਵਿਚ, ਜਿਥੋਂ ਦੇ ਲੋਕਾਂ ਨੇ ਸਿੱਖਾਂ ਨੂੰ ਮਾਰਿਆ ਤੇ ਲੁਟਿਆ ਸੀ ਤੇ ਉਨ੍ਹਾਂ ਦੇ ਕੀਮਤੀ ਸਮਾਨ ਵੀ.ਸੀ.ਆਰ., ਟੇਪ ਰੀਕਾਰਡਰ ਤੇ ਬਿਜਲੀ ਦੇ ਹੋਰ ਸਮਾਨ ਦਾ ਤਾਂਬਾ ਕੱਢ ਕੱਢ ਕੇ ਕਬਾੜੀਆਂ ਨੂੰ ਵੇਚਿਆ ਸੀ। ਬਸ ਏਸੇ ਗੱਲ ਨੇ ਹੀ ਨਾਰੰਗ ਸਾਹਿਬ ਦੇ ਚਿਹਰੇ 'ਤੇ ਤਬਦੀਲੀ ਨਹੀਂ ਆਉਣ ਦਿੱਤੀ। ਜਦੋਂ ਦੋ ਪੁੱਤਰ ਸ਼ਹੀਦ ਹੋ ਗਏ, ਪਤਨੀ ਤੇ ਆਪ ਜੇਲ੍ਹ ਵਿਚ, ਮਕਾਨ ਜਾਇਦਾਦ ਵਿਕ ਗਈ, ਫਿਰ ਜਿਧਰ ਗਈਆਂ ਬੇੜੀਆਂ ਓਧਰ ਗਏ ਮਲਾਹ। ਪਰ ਫਿਰ ਵੀ ਇਸ ਘਟਨਾ ਦਾ ਸਾਡੇ ਸਾਰਿਆਂ ਦੇ ਮਨਾਂ 'ਤੇ ਬੜਾ ਪ੍ਰਭਾਵ ਪਿਆ।

ਨਾਰੰਗ ਸਾਹਿਬ ਸਾਡੇ ਮਨਾਂ ਵਿਚ ਬਹੁਤ ਉੱਚਾ ਸਥਾਨ ਪ੍ਰਾਪਤ ਕਰ ਚੁੱਕੇ ਸਨ। ਉਨ੍ਹਾਂ ਦਾ ਦਸਮ ਗ੍ਰੰਥ ਦਾ ਇਕ ਇਕ ਸ਼ਬਦ ਗੁਰੂ ਜੀ ਦਾ ਹੀ ਲਿਖਿਆ ਹੋਣਾ ਮੰਨਣਾ ਤੇ ਉਸੇ ਹੀ ਦਸਮ ਗ੍ਰੰਥ ਵਿਚਲੇ ਗੁਰੂ ਗੋਬਿੰਦ ਸਿੰਘ ਜੀ ਦੇ ਧਾਰੇ ਹੋਏ ਇਸ਼ਟ ਸ਼ਿਵ ਦੀ ਫੋਟੋ ਨੂੰ ਏਨੀ ਨਫਰਤ ਨਾਲ ਮਿਟਾਉਣਾ, ਦੋਵੇਂ ਗੱਲਾਂ ਨਾਰੰਗ ਸਾਹਿਬ ਦੀ ਸ਼ਖਸੀਅਤ ਨਾਲ ਮੇਲ ਨਹੀਂ ਸਨ ਖਾਂਦੀਆਂ। ਪਰ ਅੱਜ ਇਸ ਸਵਾਲ ਨੇ ਇਕੱਲੇ ਨਾਰੰਗ ਸਾਹਿਬ ਨੂੰ ਹੀ ਨਹੀਂ ਸਾਰੇ ਸਿੱਖਾਂ ਨੂੰ ਹੀ ਭੰਬਲਭੂਸੇ ਵਿਚ ਪਾ ਛਡਿਆ ਹੈ। ਇਕ ਪਾਸੇ ਕਹਿੰਦੇ ਹਨ, 'ਹਮਰਾ ਝਗੜਾ ਰਹਾ ਨਾ ਕੋਊ। ਪੰਡਤ ਮੁਲਾਂ ਛਾਡੇ ਦੋਊ। ਪੰਡਤ ਮੁਲਾਂ ਜੋ ਲਿਖ ਦੀਆ। ਛਾਡ ਦੀਆ ਹਮ ਸਾਥ ਨਾ ਲੀਆ', ਤੇ ਦੂਜੇ ਪਾਸੇ ਕਹਿੰਦੇ ਹਨ ਕਿ ਸਿੱਖ ਰਾਮ ਚੰਦਰ ਦੀ, ਲਵ ਕੁਸ਼ ਦੀ ਔਲਾਦ ਹਨ। ਇਕ ਪਾਸੇ ਕਹਿੰਦੇ ਹਨ ੧ਓ ਪ੍ਰਮਾਤਮਾ ਇਕ ਹੈ, ਇਸ ਦਾ ਕੋਈ ਸਰੂਪ ਤੇ ਅਕਾਰ ਨਹੀਂ ਤੇ ਦੂਜੇ ਪਾਸੇ ਕਹਿੰਦੇ ਹਨ, 'ਪ੍ਰਿਥਮ ਭਗਉਤੀ ਸਿਮਰ ਕੇ,.... ਜਿਸ ਦਾ ਇਕ ਅਕਾਰ ਹੈ। ਕਦੇ ਕਹਿੰਦੇ ਹਨ ਗੁਰੂ ਜੀ ਨੇ ਸਮਾਜ ਦੀ ਵਰਣ ਵੰਡ ਨੂੰ ਸਖਤੀ ਨਾਲ ਖਤਮ ਕਰ ਦਿੱਤਾ ਤੇ ਇਸੇ ਲਈ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜੇ ਚਾਰੇ ਹੀ ਵਰਣਾਂ ਵਾਸਤੇ ਖੁੱਲ੍ਹੇ ਰੱਖ ਕੇ ਮਨੂੰ ਦੀ ਇਸ ਘਿਨਾਉਣੀ ਵੰਡ ਦੀਆਂ ਧੱਜੀਆਂ ਉਡਾਈਆਂ ਹਨ ਤੇ ਇਸ ਦੀ ਨਿਖੇਧੀ ਕੀਤੀ ਹੈ ਤੇ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਖੁਦ ਹੀ ਕਹਿ ਰਹੇ ਹਨ, "ਕਸ਼ਤਰੀ ਕਾ ਪੂਤ ਹੂੰ ਬ੍ਰਾਹਮਣ ਕੋ ਨਾਂਹੀ।" ਇਕ ਪਾਸੇ ਜਿਸ ਰਾਮ ਨੇ ਇਕ ਹਜ਼ਾਰ ਕੋਹ ਦੂਰ ਬੈਠੇ ਵਿਚਾਰੇ ਭਗਤੀ ਕਰਦੇ ਸ਼ੰਭੂਕ ਨੂੰ ਇਸ ਲਈ ਕਤਲ ਕਰ ਦਿੱਤਾ ਸੀ ਕਿ ਇਹ ਮਨੂੰ ਦੇ ਕਾਨੂੰਨ ਦੇ ਵਿਰੁੱਧ ਹੈ, ਦੂਜੇ ਪਾਸੇ ਸਿੱਖ ਆਪ ਹੀ ਆਖੀ ਜਾਂਦੇ ਹਨ ਕਿ ਅਸੀਂ ਸ਼ੰਭੂਕ ਦੇ ਕਾਤਲ ਰਾਮ ਦੀ ਔਲਾਦ ਦੀ ਔਲਾਦ ਹਾਂ। ਇਕ ਪਾਸੇ ਸਿੱਖ ਆਖੀ ਜਾਂਦੇ ਹਨ ਕਿ ਅਗਲਾ ਪਿਛਲਾ ਕੋਈ ਜਨਮ ਨਹੀਂ ਹੁੰਦਾ ਪਰ ਦੂਜੇ ਪਾਸੇ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਪਿਛਲੇ ਜਨਮ ਵਿਚ ਹੇਮ ਕੁੰਡ ਪ੍ਰਬਤ 'ਤੇ ਤਪੱਸਿਆ ਕਰਦੇ ਰਹੇ। ਇਕ ਪਾਸੇ ਕਹਿੰਦੇ ਹਨ ਕਿ ਤੀਰਥਾਂ 'ਤੇ ਭਟਕਣ ਦਾ ਕੋਈ ਫਾਇਦਾ ਨਹੀਂ ਦੂਜੇ ਪਾਸੇ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੀ ਇਸ ਲਈ ਹੋਇਆ ਸੀ ਕਿਉਂਕਿ ਉਨ੍ਹਾਂ ਦੇ ਮਾਤਾ ਪਿਤਾ ਨੇ ਤੀਰਥਾਂ 'ਤੇ ਜਾ ਕੇ ਬੜਾ ਪੁੰਨ ਦਾਨ ਕੀਤਾ ਸੀ। ਇਕ ਪਾਸੇ ਤਾਂ ਕਹਿੰਦੇ ਹਨ ਕਿ ਕਿਸੇ ਦੀ ਧੀ ਭੈਣ ਵੱਲ ਭੈੜੀ ਨਜ਼ਰ ਨਾਲ ਨਹੀਂ ਵੇਖਣਾ ਪਰ ਦੂਜੇ ਪਾਸੇ ਇਹ ਵੀ ਹੈ ਕਿ ਜਿਹੜਾ ਨਿੱਤ ਨਵੇਂ ਭੋਗ ਨਹੀਂ ਭੋਗਦਾ, ਉਹਦੀ ਕੋਈ ਜ਼ਿੰਦਗੀ ਹੀ ਨਹੀਂ ਤੇ ਉਹ ਇਸ ਸੰਸਾਰ 'ਤੇ ਹੀ ਕਿਉਂ ਆਇਆ ਹੈ? ਇਕ ਪਾਸੇ ਸਿੱਖ ਧਰਮ ਵਿਚ ਨਸ਼ਿਆਂ ਦਾ ਸੇਵਨ ਮਨ੍ਹਾ ਹੈ ਪਰ ਕਈਆਂ ਤੁਕਾਂ ਵਿਚ

ਨਸ਼ੇ ਕਰਨ ਵਾਲੇ ਉਤਮ ਮਨੁੱਖ ਮੰਨੇ ਗਏ ਹਨ। (ਸਾਰੇ ਹਵਾਲੇ ਦਸਮ ਗ੍ਰੰਥ ਦੇ)

ਇਕ ਗੱਲ ਤਾਂ ਪੱਕੀ ਹੈ ਕਿ ਸਿਰਫ ਤਿੰਨ ਸੌ ਸਾਲ ਪੁਰਾਣਾ ਧਰਮ ਵੀ ਸ਼ੰਕਿਆ ਦੀ ਲਪੇਟ ਵਿਚ ਆ ਚੁੱਕਾ ਹੈ। ਜਿਹੜੇ ਸ਼ੰਕੇ ਇਸਲਾਮ ਧਰਮ ਵਿਚ ਚੌਦਾਂ ਸੌ ਸਾਲ ਤੇ ਈਸਾਈ ਧਰਮ ਵਿਚ ਦੋ ਹਜ਼ਾਰ ਸਾਲ ਬਾਅਦ ਵੀ ਨਹੀਂ ਉਭਰੇ, ਉਹ ਸ਼ੰਕੇ ਸਿੱਖ ਧਰਮ ਵਿਚ ਇਕ ਚੁਣੌਤੀ ਦੇ ਰੂਪ ਵਿਚ ਸਾਹਮਣੇ ਆਏ ਹਨ। ਦਸਮ ਗ੍ਰੰਥ ਦੇ ਹਮਾਇਤੀਆਂ ਦੇ ਆਪਣੇ ਤਰਕ ਹਨ ਤੇ ਨਾ ਮੰਨਣ ਵਾਲਿਆਂ ਦੇ ਆਪਣੇ। ਪਰ ਧਰਮ ਦੇ ਮਾਮਲੇ ਵਿਚ ਇਕ ਅਸੂਲ ਸਦਾ ਕਾਰਗਰ ਹੁੰਦਾ ਹੈ। ("Belief is always blind and cannot be otherwise. Belief is a part of ignorance, belief means you do not know and believe. If you know then there is no need of belief. Knowledge means no belief") ਇਕ ਅੰਗਰੇਜ਼ ਵਿਦਵਾਨ ਨੇ ਇਨ੍ਹਾਂ ਸ਼ਬਦਾਂ ਦਾ ਇਹ ਹੀ ਮਤਲਬ ਕੱਢਿਆ ਹੈ ਕਿ ਜੇ ਬੰਦੇ ਕੋਲ ਗਿਆਨ ਦਾ ਚਾਨਣ ਹੋਵੇ ਤਾਂ ਫਿਰ ਵਿਸ਼ਵਾਸ ਕਰਨ ਦਾ ਕੋਈ ਕਾਰਣ ਹੀ ਨਹੀਂ ਰਹਿ ਜਾਂਦਾ ਤੇ ਜਿਥੇ ਸਿਰਫ ਵਿਸ਼ਵਾਸ ਕਰਕੇ ਕੋਈ ਗੱਲ ਮੰਨੀ ਜਾ ਰਹੀ ਹੋਵੇ, ਉਥੇ ਗਿਆਨ ਹੋਣ ਦੀ ਕੋਈ ਗੱਲ ਨਹੀਂ ਰਹਿੰਦੀ। ਜੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਨਾਲ ਪਰਖਿਆ ਜਾਵੇ ਤਾਂ ਜ਼ਿੰਦਗੀ ਦੇ ਸਾਰੇ ਹਨੇਰੇ ਦੂਰ ਹੋ ਸਕਦੇ ਹਨ ਪਰ ਸਿੱਖ ਵਿਚ ਵਿਸ਼ਵਾਸ ਨੂੰ ਵੀ ਲੈ ਬੈਠਦੇ ਹਨ ਤਾਂ ਹੀ ਗੜਬੜ ਹੋ ਗਈ ਹੈ।

ਇਸ ਘਟਨਾ ਤੋਂ ਬਾਅਦ ਅਸੀਂ ਲਗਭਗ ਤਿੰਨ ਮਹੀਨੇ ਇਕੱਠੇ ਉਸ ਵਾਰਡ ਨੰਬਰ ਤੇਰਾਂ ਵਿਚ ਰਹੇ ਪਰ ਨਾਰੰਗ ਸਾਹਿਬ ਇਹ ਫੈਸਲਾ ਨਹੀਂ ਸਨ ਕਰ ਸਕੇ ਕਿ ਦਸਮ ਗ੍ਰੰਥ ਗੁਰੂ ਜੀ ਦੀ ਕ੍ਰਿਤ ਹੈ ਕਿ ਨਹੀਂ। ਕਈ ਵਾਰ ਉਹ ਕਹਿੰਦੇ "ਕਈ ਪੜ੍ਹੇ ਲਿਖੇ ਵਿਦਵਾਨ ਵੀ ਇਹ ਮੰਨਦੇ ਹਨ ਕਿ ਇਹ ਗ੍ਰੰਥ ਗੁਰੂ ਜੀ ਨੇ ਹੀ ਲਿਖਿਆ ਹੈ।" ਜਦੋਂ ਮੈਂ ਅੱਗੋਂ ਹਾਸੇ ਨਾਲ ਕਹਿੰਦਾ, "ਉਨ੍ਹਾਂ ਗੁਰੂ ਜੀ ਦੇ ਕੋਲ ਬਹਿ ਕੇ ਇਹ ਲਿਖ ਹੁੰਦਾ ਵੇਖਿਆ ਹੈ?" ਤਾਂ ਨਾਰੰਗ ਸਾਹਿਬ ਚੁੱਪ ਕਰ ਜਾਂਦੇ। ਫਿਰ ਉਹ ਕਚਲੰਬ ਖਾ ਕੇ ਪੁਛਦੇ, "ਇਹ ਫੈਸਲਾ ਕਿਵੇਂ ਹੋਵੇਗਾ"? "ਵਿਦਵਾਨ ਹੀ ਬੈਠ ਕੇ ਕਰਨਗੇ," ਸਾਡੇ ਵਿਚੋਂ ਕਈ ਕਹਿੰਦੇ। "ਤੇ ਜੇ ਵਿਦਵਾਨ ਨਾ ਕਰ ਸਕੇ?" "ਫਿਰ ਹਿੰਦੂਆਂ ਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ। ਇਹ ਗ੍ਰੰਥ ਹੀ ਸਿੱਖਾਂ ਨੂੰ ਹਿੰਦੂ ਰੂਪੀ ਲੂਣ ਦੀ ਖਾਣ ਵਿਚ ਧਕੇਲਣ ਲਈ ਕਾਫੀ ਹੈ। ਜਲਦੀ ਹੀ ਉਹ ਇਸ ਲੂਣ ਦੀ ਖਾਣ ਵਿਚ ਲੂਣ ਬਣ ਜਾਣਗੇ। ਕਿਉਂਕਿ ਲੂਣ ਦੀ ਖਾਣ ਵਿਚ ਸੱਪ, ਚੂਹਾ, ਡੱਡੂ ਕੁਝ ਵੀ ਡਿੱਗ ਪਵੇ, ਉਹ ਲੂਣ ਬਣ ਜਾਂਦਾ ਹੈ। ਦਸਮ ਗ੍ਰੰਥ ਦੇ ਹਿਸਾਬ ਨਾਲ ਤਾਂ ਮੌਜੂਦਾ ਸੰਘਰਸ਼ ਵੀ ਗਲਤ ਲੜਿਆ ਗਿਆ ਹੈ। ਜੇ ਸਿੱਖ ਲਵ ਕੁਸ਼ ਦੀ ਔਲਾਦ ਹਨ ਤਾਂ ਫਿਰ ਸਿੱਖ ਵੱਖਰੀ ਕੌਮ ਵਾਲੀ ਥਿਊਰੀ ਕਿਧਰ ਗਈ?" "ਕ੍ਰਿਸਚੈਨਟੀ ਵੀ ਤਾਂ ਯਹੂਦੀਆਂ ਵਿਚੋਂ ਹੀ ਨਿਕਲੀ ਹੈ। ਖੁਦ ਯਸੂ ਆਪ ਯਹੂਦੀ ਸਨ ਪਰ ਈਸਾਈ ਧਰਮ ਅੱਜ ਬਿਲਕੁਲ ਯਹੂਦੀ ਧਰਮ ਨਾਲੋਂ ਵੱਖਰਾ ਧਰਮ ਹੈ।" "ਹਾਂ, ਤੁਹਾਡੀ ਇਹ ਗੱਲ ਠੀਕ ਹੈ ਕਿ ਅੱਜ ਈਸਾਈ ਧਰਮ ਯਹੂਦੀ ਧਰਮ ਨਾਲੋਂ ਵੱਖਰਾ ਹੈ ਪਰ ਕਈ ਸਦੀਆਂ ਦੋਵੇਂ ਧਰਮ ਰਲੇ ਮਿਲੇ ਹੀ ਰਹੇ। ਕਿਉਂਕਿ ਯਹੂਦੀਆਂ ਦਾ ਇਕ ਤਬਕਾ ਈਸਾਈਅਨ ਹੈ। ਇਸ ਨੂੰ ਈਸੈਨਸ ਵੀ ਕਹਿੰਦੇ ਹਨ। ਅੱਜ ਕੱਲ ਇਹ ਸੰਪਰਦਾਇ ਲੱਗ ਪਗ ਖਤਮ ਹੋ ਚੁੱਕਾ ਹੈ। ਸਾਰੇ ਧਰਮ ਕਹਿੰਦੇ ਹਨ ਕਿ ਪ੍ਰਮਾਤਮਾ ਪ੍ਰਕਾਸ਼ ਹੈ ਪਰ ਈਸੈਨੀਸ ਕਹਿੰਦੇ ਹਨ ਕਿ

ਪ੍ਰਮਾਤਮਾ ਘੁੱਪ ਹਨੇਰਾ ਹੈ। ਜੀਸਸ ਦਾ ਪਾਲਣ ਪੋਸਣ ਏਸੇ ਤਬਕੇ ਵਿਚ ਹੀ ਹੋਇਆ ਸੀ। ਇਸੇ ਲਈ ਹੀ ਇਸ ਧਰਮ ਦਾ ਨਾਂ ਈਸਾਈਅਨ ਅਰਥਾਤ ਇਸਾਈ ਪੈ ਗਿਆ। ਇਸਾਈ ਜਦੋਂ ਤੱਕ ਯਹੂਦੀਆਂ ਤੋਂ ਵੱਖ ਨਹੀਂ ਹੋਏ ਤਦ ਤੱਕ ਭੈੜੀ ਹਾਲਤ ਵਿਚ ਰਹੇ, ਜਿਵੇਂ ਅੱਜ ਸਿੱਖ ਹਨ। ਇਕ ਵਾਰ ਤਾਂ ਈਸਾਈ ਮਤ ਬਹੁਤ ਹੀ ਘੱਟ ਗਿਣਤੀ ਵਿਚ ਰਹਿ ਗਿਆ ਸੀ। ਅੰਤ ਨੂੰ ਈਸਾਈਆਂ ਨੇ ਸੋਚ ਸਮਝ ਕੇ ਆਪਣੇ ਆਪ ਨੂੰ ਅਲੱਗ ਕੀਤਾ ਤੇ ਏਥੋਂ ਤੱਕ ਅਲੱਗ ਕੀਤਾ ਕਿ ਖ਼ੁਦਾ ਦੇ ਹੁਕਮ ਦੇ ਵਿਰੁੱਧ ਸਨਿਚਰਵਾਰ ਦੀ ਥਾਂ ਐਤਾਵਾਰ ਨੂੰ ਪਵਿੱਤਰ ਦਿਨ ਥਾਪਿਆ। ਪਹਿਲਾਂ ਯਹੂਦੀ ਤੇ ਹੋਰ ਕਈ ਧਰਮ ਮੰਨਦੇ ਸਨ ਕਿ ਪ੍ਰਮਾਤਮਾ ਨੇ ਐਤਵਾਰ ਵਾਲੇ ਦਿਨ ਪ੍ਰਿਥਵੀ ਤੇ ਇਸ ਉੱਤੇ ਰਹਿਣ ਵਾਲੇ ਜੀਵ-ਜੰਤੂਆਂ ਦੀ ਉਤਪਤੀ ਸ਼ੁਰੂ ਕੀਤੀ ਸੀ ਤੇ ਛੇ ਦਿਨਾਂ ਬਾਅਦ ਇਹ ਕੰਮ ਪੂਰਾ ਹੋਇਆ ਸੀ। ਪਰ ਈਸਾਈਆਂ ਨੇ ਕਿਹਾ ਨਹੀਂ ਇਹ ਕੰਮ ਸੋਮਵਾਰ ਸ਼ੁਰੂ ਕੀਤਾ ਸੀ ਤੇ ਸ਼ਨਿਚਰਵਾਰ ਤੱਕ ਛੇਆਂ ਦਿਨਾਂ ਵਿਚ ਖਤਮ ਕਰਕੇ ਪ੍ਰਮਾਤਮਾ ਨੇ ਐਤਵਾਰ ਵਾਲੇ ਦਿਨ ਅਰਾਮ ਕੀਤਾ ਸੀ। ਨਹੀਂ ਤਾਂ ਇਹ ਦੋਵੇਂ ਧਰਮ ਵੀ ਹਿੰਦੂ ਤੇ ਸਿੱਖ ਧਰਮ ਵਾਂਗ ਏਨੇ ਰਲਗੱਡ ਸਨ ਕਿ ਲੋਕਾਂ ਨੂੰ ਦੋਹਾਂ ਦਾ ਫਰਕ ਮਾਲੂਮ ਹੀ ਨਹੀਂ ਸੀ ਹੁੰਦਾ। ਕਿਉਂਕਿ ਯਸੂ ਯਹੂਦੀ ਸੀ। ਜਿਹਨਾਂ ਸਿਪਾਹੀਆਂ ਨੇ ਯਸੂ ਨੂੰ ਫੜਿਆ ਸੀ, ਉਹ ਯਹੂਦੀ ਸਨ। ਯਸੂ ਨੂੰ ਫੜਵਾਉਣ ਵਾਲਾ ਜੂਡਸ ਨਾਂ ਦਾ ਉਸਦਾ ਚੇਲਾ, ਜਿਸ ਨੇ ਤੀਹਾਂ ਰੁਪਈਆਂ ਪਿੱਛੇ ਯਸੂ ਦੀ ਮੁਖਬਰੀ ਕਰਕੇ ਉਸ ਨੂੰ ਗਥਸਨ ਦੇ ਬਾਗ ਵਿਚੋਂ ਫੜਵਾ ਦਿੱਤਾ, ਉਹ ਵੀ ਯਹੂਦੀ ਸੀ, ਜਿਸ ਰਾਜੇ ਕੋਲ ਪੇਸ਼ ਕੀਤਾ ਉਹ ਵੀ ਯਹੂਦੀ ਤੇ ਜਿਸ ਨੇ ਉਸ ਨੂੰ ਸਲੀਬ (ਮੌਤ ਦੀ ਸਜ਼ਾ) ਦਿੱਤੀ ਉਹ ਵੀ ਯਹੂਦੀ ਸੀ। ਜਦੋਂ ਜ਼ੁਲਮ ਕਰਨ ਵਾਲੇ ਤੇ ਸਹਿਣ ਵਾਲੇ ਦੀ ਕੋਈ ਪਛਾਣ ਹੀ ਨਹੀਂ ਸੀ ਤਾਂ ਫਿਰ ਨਵੇਂ ਧਰਮ ਦੀ ਵੱਖਰੀ ਪਛਾਣ ਕਿਥੋਂ ਹੋਣੀ ਸੀ। ਬਿਲਕੁਲ ਇਹੋ ਹਾਲ ਸਿੱਖਾਂ ਦਾ ਹੈ। ਯਸੂ ਮਸੀਹ ਮਾਸ ਖਾਂਦੇ ਸਨ ਤੇ ਸ਼ਰਾਬ ਪੀਂਦੇ ਸਨ। ਈਸਾਈਆਂ ਦੇ ਹੀ ਧਰਮ ਦੇ ਨੇੜਲਾ ਇਕ ਤਬਕਾ ਹੈ, ਜਿਸ ਦੇ ਵੱਡੇ ਵਡੇਰੇ ਇਹ ਦਾਅਵਾ ਕਰਦੇ ਹਨ ਕਿ ਜਦੋਂ ਯਸੂ ਤਿੰਨ ਦਿਨ ਬਾਅਦ ਜੀਂਦਾ ਹੋ ਗਿਆ ਸੀ ਤਾਂ ਅਸੀਂ ਉਸ ਨੂੰ ਆਪ ਵੇਖਿਆ ਹੈ। ਇਸ ਫਿਰਕੇ ਦਾ ਨਾਂ ਹੀ "ਯਹੂਵਾ ਦਾ ਵਿਟਨੈਸ" ਹੈ। ਪਰ ਇਹ ਲੋਕ ਇਸ ਹੱਦ ਤੱਕ ਸ਼ਾਕਾਹਾਰੀ ਹਨ ਕਿ ਮਾਸ ਖਾਣਾ ਤਾਂ ਕਿਤੇ ਰਿਹਾ ਜੇ ਐਕਸੀਡੈਂਟ ਹੋ ਜਾਵੇ ਤਾਂ ਕਿਸੇ ਹੋਰ ਦਾ ਖ਼ੂਨ ਆਪਣੇ ਸਰੀਰ ਵਿਚ ਨਹੀਂ ਚੜ੍ਹਵਾਉਣ ਦੇਂਦੇ ਤੇ ਮਰਦੇ ਮਰ ਜਾਂਦੇ ਹਨ। ਕਿਸੇ ਦਾ ਤਾਂ ਕੀ ਆਪਣੇ ਹੀ ਸਰੀਰ ਦਾ ਖ਼ੂਨ ਵੀ ਆਪਣੇ ਸਰੀਰ ਨੂੰ ਨਹੀਂ ਚਾੜ੍ਹਨ ਦੇਂਦੇ। ਇਸੇ ਤਰ੍ਹਾਂ ਹੀ ਈਸਾਈਆਂ ਦਾ ਇਕ ਹੋਰ ਤਬਕਾ ਹੈ, ਜਿਸ ਦਾ ਨਾਂ ਕੋਇਕਰ ਹੈ। ਉਹ ਵੀ ਬੜੇ ਕੱਟੜ ਸ਼ਾਕਾਹਾਰੀ ਹਨ। ਉਹ ਤਾਂ ਕਿਸੇ ਜਾਨਵਰ ਦਾ ਦੁੱਧ ਵੀ ਨਹੀਂ ਪੀਂਦੇ, ਮਾਸ ਖਾਣਾ ਤਾਂ ਦੂਰ ਦੀ ਗੱਲ। ਉਹ ਕਹਿੰਦੇ ਹਨ ਕਿ ਖ਼ੂਨ ਤੇ ਦੁੱਧ ਵਿਚ ਕੋਈ ਫਰਕ ਨਹੀਂ ਹੁੰਦਾ। ਬੱਸ ਖ਼ੂਨ ਦਾ ਰੰਗ ਲਾਲ ਤੇ ਦੁੱਧ ਦਾ ਰੰਗ ਚਿੱਟਾ ਹੁੰਦਾ ਹੈ, ਹੋਰ ਕੋਈ ਫਰਕ ਨਹੀਂ। ਉਨ੍ਹਾਂ ਦੀ ਇਸ ਗੱਲ ਦੀ ਪੁਸ਼ਟੀ ਤਾਂ ਵਰਲਡ ਹੈਲਥ ਔਰਗੇਨਾਈਜੇਸ਼ਨ ਡਬਲਿਊ.ਐਚ.ਓ. ਨੇ ਵੀ ਕਰ ਦਿੱਤੀ ਹੈ। ਪੂਰੀ ਦੁਨੀਆਂ ਦੇ 300 ਧਰਮਾਂ ਵਿਚੋਂ ਗਿਣਤੀ ਦੇ ਹਿਸਾਬ ਈਸਾਈ ਧਰਮ ਸਭ ਤੋਂ ਵੱਡਾ ਹੈ ਤੇ ਮੁਸਲਮਾਨ ਧਰਮ ਦੂਜੇ ਨੰਬਰ 'ਤੇ ਹੈ। ਕਈ ਮੁਲਕ ਜਿਥੇ ਸਿੱਖ ਘੱਟ ਹਨ ਜਾਂ ਜਿਹੜੇ ਸਿੱਖਾਂ ਨੂੰ ਨਹੀਂ ਜਾਣਦੇ, ਉਹ ਸਿੱਖਾਂ ਨੂੰ ਮੁਸਲਮਾਨ ਤੇ ਖਾਸ ਕਰਕੇ ਆਇਤ-ਉਲਾ-ਖ਼ੋਮੀਨੀ ਦੇ ਨਾਲ ਦੇ ਸਮਝਦੇ ਹਨ।"

ਜ਼ਮਾਨਤਾਂ 'ਤੇ ਰਿਹਾਈ

ਤਿੰਨ ਵਾਰ ਜ਼ਮਾਨਤਾਂ ਦੀਆਂ ਦਰਖਾਸਤਾਂ ਰੱਦ ਹੋ ਜਾਣ ਤੋਂ ਬਾਅਦ ਸ. ਭਰਪੂਰ ਸਿੰਘ ਬਲਬੀਰ, ਸ. ਅਵਤਾਰ ਸਿੰਘ ਘੁੱਲਾ ਤੇ ਮੇਰੀ ਜ਼ਮਾਨਤ, ਜਲੰਧਰ ਦੀ ਵਿਸ਼ੇਸ਼ ਅਦਾਲਤ ਦੇ ਸੈਸ਼ਨ ਜੱਜ, ਸ੍ਰੀ ਚੱਠਾ ਨੇ ਮਨਜ਼ੂਰ ਕਰ ਲਈ। ਸਾਡੇ ਪਹਿਲੇ ਸਾਥੀਆਂ ਵਿਚੋਂ ਸਭ ਤੋਂ ਪਹਿਲਾਂ ਦੋ ਪੰਡਤ ਭਰਾ ਛੱਡੇ ਗਏ ਸਨ। ਕਿਉਂਕਿ ਸੀ.ਬੀ.ਆਈ. ਨੇ ਹੀ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਕਰਨ ਲਈ ਸਹਿਮਤੀ ਦੇ ਦਿੱਤੀ ਸੀ। ਉਸ ਤੋਂ ਬਾਅਦ ਇਕੋ ਘਰ ਵਿਚੋਂ ਜਿਹੜੇ ਦੋ ਪਿਓ ਪੁੱਤਰ ਸਨ, ਫਿਰ ਉਹ ਇਕ ਇਕ ਕਰਕੇ ਛੱਡੇ ਗਏ। ਬਾਕੀ ਸਾਡੇ ਚੌਹਾਂ ਵਿਚੋਂ ਅਵਤਾਰ ਸਿੰਘ ਪਹਿਲਵਾਨ ਬੱਬਰ ਨੂੰ ਐਨ.ਐਸ.ਏ. ਲਗਾ ਕੇ ਇੰਦੌਰ ਭੇਜ ਦਿੱਤਾ ਗਿਆ ਸੀ, ਜਿਸ ਨੂੰ ਇੰਦੌਰ ਜੇਲ੍ਹ ਵਿਚੋਂ ਅੰਮ੍ਰਿਤਸਰ ਪੁਲਿਸ ਲਿਆ ਕੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਚੁੱਕੀ ਸੀ। ਕਹਿੰਦੇ ਹਨ ਸੀ.ਬੀ.ਆਈ. ਨੇ ਭਰਪੂਰ ਸਿੰਘ ਬਲਬੀਰ, ਅਵਤਾਰ ਸਿੰਘ ਘੁੱਲਾ ਤੇ ਮੇਰੇ ਉਤੇ ਐਨ.ਐਸ.ਏ. ਲਾਉਣ ਲਈ ਵੀ, ਸਰਕਾਰ ਨੂੰ ਲਿਖਿਆ ਪਰ ਸਰਕਾਰ ਇਸ ਬੇਥੱਵੀ ਦਲੀਲ ਨਾਲ ਸਹਿਮਤ ਨਾ ਹੋਈ। ਅਖੀਰ ਸੈਸ਼ਨ ਜੱਜ ਸਾਹਿਬ ਨੇ ਵੀ ਆਪਣੇ ਤੇਵਰ ਵਿਖਾਏ। ਕਿਉਂਕਿ ਇਕ ਸਾਲ ਵੀ ਪੂਰਾ ਹੋ ਚੁੱਕਾ ਸੀ ਤੇ ਜੱਜ ਸਾਹਿਬ ਆਪਣੀ ਮਰਜ਼ੀ ਨਾਲ ਜ਼ਮਾਨਤ ਲੈ ਸਕਦੇ ਸਨ। ਪਰ ਜਿਸ ਦਿਨ ਸਾਡੀ ਜ਼ਮਾਨਤ ਦੀ ਦਰਖਾਸਤ 'ਤੇ ਬਹਿਸ ਸੀ, ਸੀ.ਬੀ.ਆਈ. ਨੇ ਨਵੀਂ ਹੀ ਗੱਲ ਕੱਢ ਮਾਰੀ, ਅਖੇ, ਅਸੀਂ ਭਾਰਤ ਪਾਕਿਸਤਾਨ ਬਾਰਡਰ ਤੋਂ ਇਕ ਕੰਪਿਊਟਰ ਫੜਿਆ ਹੈ, ਜਿਸ ਵਿਚ ਪਾਰਲੀਮੈਂਟ ਉਡਾਉਣ ਦੇ ਸਾਰੇ ਵੇਰਵੇ ਦਰਜ ਹਨ, ਅਸੀਂ ਉਸਨੂੰ ਖੋਲ੍ਹਣ ਲਈ ਯਤਨ ਕਰ ਰਹੇ ਹਾਂ। ਜੱਜ ਸਾਹਿਬ ਨੇ ਇਹ ਦਲੀਲ ਨਾ ਮੰਨੀ ਤੇ ਕਿਹਾ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਤੁਸੀਂ ਆਪਣਾ ਕੰਮ ਕਰਦੇ ਰਹੋ, ਇਹ ਜ਼ਮਾਨਤ 'ਤੇ ਬਾਹਰ ਰਹਿਣਗੇ। ਵੈਸੇ ਵੀ ਇਨ੍ਹਾਂ ਦੇ ਕਥਿਤ ਸਾਥੀ ਮੁਕੱਦਮੇਵਾਰ, ਜੋ ਕੈਨੇਡਾ ਵਿਚ ਫੜੇ ਗਏ ਸਨ, ਨੂੰ ਕੈਨੇਡਾ ਦੀ ਸੁਪਰੀਮ ਕੋਰਟ ਨੇ ਬਾ-ਇਜ਼ਤ ਬਰੀ ਕਰ ਦਿੱਤਾ ਹੈ। ਇਕੋ ਹੀ ਮੁਕੱਦਮੇ ਵਿਚ ਦੋਹਰਾ ਰਵੱਈਆ ਕਿਵੇਂ ਹੋ ਸਕਦਾ ਹੈ? ਜੇ ਕਿਸੇ ਵਿਅਕਤੀ ਦੇ ਟੈਲੀਫੋਨ ਟੇਪ ਕਰਨੇ ਕੈਨੇਡਾ ਵਿਚ ਜੁਰਮ ਹੈ, ਜਿਸ ਕਰਕੇ ਓਥੋਂ ਦੀ ਅਦਾਲਤ ਨੇ ਰਾਇਲ ਮਾਊਂਟਡ ਪੁਲਿਸ ਨੂੰ ਝਾੜ ਪਾਈ ਹੈ ਤਾਂ ਮਨੁੱਖੀ ਅਧਿਕਾਰਾਂ ਦੇ ਨਿਯਮਾਂ ਥੱਲੇ ਭਾਰਤ ਵਿਚ ਵੀ ਕਿਸੇ ਦੇ ਟੈਲੀਫੋਨ ਟੇਪ ਨਹੀਂ ਕੀਤੇ ਜਾ ਸਕਦੇ। ਸੀ.ਬੀ.ਆਈ. ਨੇ ਕਿਹਾ ਕਿ ਭਾਰਤ ਦੀ ਧਰਤੀ 'ਤੇ ਬਣਿਆ ਕੇਸ ਕੈਨੇਡਾ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਪਰ ਸਾਡੇ ਵਕੀਲਾਂ ਨੂੰ ਅਗੋਂ ਉਤਰ ਦੇਣ ਦੀ ਲੋੜ ਹੀ ਨਾ ਪਈ। ਜੱਜ ਸਾਹਿਬ ਨੇ ਸਰਸਰੀ ਨਜ਼ਰ ਕਾਗਜ਼ਾਂ 'ਤੇ ਮਾਰ ਕੇ ਕਿਹਾ, "ਕੈਨੇਡਾ ਤੇ ਭਾਰਤ ਵਿਚ ਦੋਹੀਂ ਥਾਈਂ ਇਕ ਵੱਜ ਕੇ ਚਾਲੀ ਮਿੰਟ 'ਤੇ ਸਾਰਿਆਂ ਦੇ ਘਰਾਂ 'ਤੇ ਰੇਡ ਕੀਤੇ ਗਏ। ਇਸ ਲਈ ਦੋਹਾਂ ਦੇਸ਼ਾਂ ਦਾ ਕੇਸ ਇਕੱਠਾ ਕਰਨ ਲਈ ਏਨਾ ਹੀ ਕਾਫੀ ਹੈ ਤੇ ਇਹ ਇਕ ਹੀ ਕੇਸ ਹੈ।" ਇਸ ਤਰ੍ਹਾਂ ਉਨ੍ਹਾਂ ਨੇ ਸਾਡੀਆਂ ਜ਼ਮਾਨਤਾਂ ਮਨਜ਼ੂਰ ਕਰ ਦਿੱਤੀਆਂ।

ਦੂਜੇ ਦਿਨ ਦਿੱਲੀ ਦੀ ਚੀਫ਼ ਮੈਟਰੋ ਪੋਲਿਟਿਨ ਅਦਾਲਤ ਵਿਚ ਸਾਡਾ ਅਦਾਲਤੀ ਰੀਮਾਂਡ ਵਧਾਉਣ ਦੀ ਤਾਰੀਖ ਸੀ। ਸੀ.ਬੀ.ਆਈ. ਦਾ ਵਕੀਲ ਅਦਾਲਤ ਵਿਚ ਪੇਸ਼ ਹੋਇਆ ਤੇ ਉਸ ਨੇ ਜੱਜ ਨੂੰ ਪੈਂਦੀ ਸੱਟੇ ਹੀ ਕਿਹਾ ਕਿ ਸਾਨੂੰ ਇਨ੍ਹਾਂ ਦੇ ਹੋਰ ਰੀਮਾਂਡ ਦੀ ਲੋੜ ਨਹੀਂ, ਇਨ੍ਹਾਂ ਦੀਆਂ ਜ਼ਮਾਨਤਾਂ ਮਾਨਯੋਗ ਸੈਸ਼ਨ ਜੱਜ ਸਾਹਿਬ ਜਲੰਧਰ ਨੇ ਮਨਜ਼ੂਰ

ਕਰ ਲਈਆਂ ਹਨ। ਬੱਸ ਗਲ ਖਤਮ ਹੋ ਗਈ। ਸੀ.ਬੀ.ਆਈ. ਨੇ ਹੋਰ ਰੀਮਾਂਡ ਨਾ ਮੰਗਿਆ ਤੇ ਨਾ ਜੱਜ ਸਾਹਿਬ ਨੇ ਦਿੱਤਾ। ਇਹ ਇਕ ਐਸੀ ਸਹਿਵਨ ਕਾਨੂੰਨੀ ਗਲਤੀ ਜਾਂ ਅਣਗਹਿਲੀ ਸੀ ਕਿ ਅਸੀਂ ਤਿੰਨੇ ਇਸ ਦਾ ਲੁੱਤਫ ਲੈ ਸਕਦੇ ਸਾਂ। ਸਾਡੀਆਂ ਤਿੰਨਾਂ ਦੀਆਂ ਅੱਖਾਂ ਇਕ ਦੂਜੇ ਨਾਲ ਮਿਲੀਆਂ ਤੇ ਅਸੀਂ ਤਿੰਨੇ ਹੀ ਚੋਰ ਨਾਲੋਂ ਪੰਡ ਕਾਹਲੀ ਵਾਂਗ ਅਦਾਲਤ ਵਿਚੋਂ ਬਾਹਰ ਨੂੰ ਤੁਰ ਪਏ। ਅਸੀਂ ਜਲਦੀ ਜਲਦੀ ਅਦਾਲਤ ਤੋਂ ਬਾਹਰ ਚਲੇ ਜਾਣਾ ਚਾਹੁੰਦੇ ਸਾਂ ਤਾਂ ਕਿ ਇਸ ਗਲਤੀ 'ਤੇ ਪਰਦਾ ਪਿਆ ਰਹੇ ਤੇ ਰਾਤ ਨੂੰ 12 ਵੱਜ ਕੇ ਇਕ ਸਕਿੰਟ ਹੋ ਜਾਣ 'ਤੇ ਅਸੀਂ ਇਸ ਦਾ ਲੁੱਤਫ ਉਠਾ ਸਕੀਏ। ਅਸੀਂ ਬਹੁਤ ਖੁਸ਼ ਸੀ ਪਈ ਅੱਜ ਰਾਤ ਨੂੰ ਬਾਰ੍ਹਾਂ ਵਜੇ ਇਨ੍ਹਾਂ ਦੇ ਬਾਰ੍ਹਾਂ ਵਜਾਵਾਂਗੇ, ਜਿਹੜਾ ਇਹ ਕਹਿੰਦੇ ਹੁੰਦੇ ਹਨ ਸਿੱਖਾਂ ਦੇ ਬਾਰ੍ਹਾਂ ਵੱਜ ਗਏ ਹਨ। ਅੱਜ ਪਤਾ ਲੱਗੂ, ਬਾਰ੍ਹਾਂ ਕਿੱਦਾਂ ਵੱਜਦੇ ਹਨ ਤੇ ਕੀਹਦੇ ਵੱਜਦੇ ਹਨ। ਹੋਣਾ ਇਹ ਸੀ ਕਿ ਜਦੋਂ ਰਾਤ ਨੂੰ ਬਾਰ੍ਹਾਂ ਵੱਜ ਜਾਂਦੇ, ਅਸੀਂ ਥਾਲੀ ਖੜਕਾਉਣੀ ਸੀ। ਵਾਰਡਨ ਨੇ ਆਉਣਾ ਸੀ ਤੇ ਅਸਾਂ ਡੀਊਟੀ ਅਫਸਰ ਨੂੰ ਬੁਲਾ ਕੇ ਪੁੱਛਣਾ ਸੀ, "ਜਦੋਂ ਤੁਹਾਡੇ ਕੋਲ ਸਾਨੂੰ ਹੋਰ ਜੇਲ੍ਹ ਵਿਚ ਰੱਖਣ ਦੀ ਅਦਾਲਤੀ ਆਗਿਆ (ਰੀਮਾਂਡ) ਨਹੀਂ ਤਾਂ ਤੁਸੀਂ ਸਾਨੂੰ ਕਿਸ ਕਾਨੂੰਨ ਥੱਲੇ ਜੇਲ੍ਹ ਵਿਚ ਤਾੜਿਆ ਹੋਇਆ ਹੈ?" ਇਹ ਗੱਲ ਸੁਣ ਕੇ ਲਾ ਆਈ.ਜੀ. ਜੇਲ੍ਹ ਤੱਕ, ਉਨ੍ਹਾਂ ਦੇ ਬਾਰ੍ਹਾਂ ਵੱਜਣੇ ਸਨ ਕਿਉਂਕਿ ਬਾਰ੍ਹਾਂ ਵਜੇ ਤੋਂ ਬਾਅਦ ਤਾਂ ਦੂਜਾ ਦਿਨ ਚੜ੍ਹ ਪੈਂਦਾ ਹੈ ਤੇ ਤਾਰੀਖ ਬਦਲ ਜਾਂਦੀ ਹੈ। ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ ਜਾਂ ਤਾਂ ਉਹ ਸਾਨੂੰ ਉਸੇ ਵੇਲੇ ਰਿਹਾ ਕਰਦੇ ਜਾਂ ਡਿਉਢੀ ਵਿਚ ਸਾਡੇ ਮੰਜੇ ਡਾਹੁੰਦੇ ਜਾਂ ਥਾਣੇ ਕੋਈ ਹੋਰ ਕੇਸ ਬਣਾ ਕੇ ਬੰਦ ਕਰਦੇ। ਛੱਡ ਤਾਂ ਨਹੀਂ ਸਨ ਸਕਦੇ ਕਿਉਂਕਿ ਜੇਲ੍ਹ ਨੂੰ ਅਜੇ ਜਲੰਧਰ ਤੋਂ ਰਿਹਾਈ ਵਰੰਟ ਨਹੀਂ ਸਨ ਆਏ। ਪਰ ਸਾਡੇ ਤਰਲੇ ਜ਼ਰੂਰ ਕਰਦੇ।

ਸਾਡਾ ਇਹ ਸੁਪਨਾ ਉਦੋਂ ਚੂਰ ਚੂਰ ਹੋ ਗਿਆ ਜਦੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖਾਂ 'ਤੇ ਬਣਨ ਵਾਲੇ ਮੁਕਦਮਿਆਂ ਦੀ ਪੈਰਵੀ ਕਰਨ ਵਾਸਤੇ ਮੁਕੱਰਰ ਕੀਤੇ ਵਕੀਲ ਸ. ਐਮ.ਐਸ. ਬੁਤਾਲੀਆ ਨੇ ਪੁਲਿਸ ਗਾਰਦ ਦੇ ਇੰਚਾਰਜ ਏ.ਸੀ.ਪੀ. ਨੂੰ ਜ਼ੋਰ ਦੀ ਅਵਾਜ਼ ਦੇ ਕੇ ਰੁਕਣ ਲਈ ਕਿਹਾ। ਨੇਤਾ ਜੀ ਨੇ ਮੈਨੂੰ ਕਿਹਾ, "ਬੜਾ ਖੁਸ਼ ਹੋਣ ਡਿਹਾਂ ਸੈਂ, ਚੜ੍ਹ ਗਿਆ ਈ ਚੰਦ।" ਸਾਡੇ ਦੋਵੇਂ ਹੱਥ ਤਾਂ ਪੁਲਿਸ ਵਾਲਿਆਂ ਨੇ ਫੜੇ ਹੋਏ ਸਨ, ਬੁਤਾਲੀਆ ਸਾਹਿਬ ਨੂੰ ਚੁੱਪ ਰਹਿਣ ਦਾ ਇਸ਼ਾਰਾ ਵੀ ਕਿਵੇਂ ਕਰਦੇ? ਉਨ੍ਹਾਂ ਕਿਹਾ "ਏ.ਸੀ.ਪੀ. ਸਾਹਿਬ, ਕਿੱਧਰ ਲਈ ਜਾਂਦੇ ਓ, ਇਹਨਾਂ ਨੂੰ ਬਗੈਰ ਰਿਮਾਂਡ, ਜੇਲ੍ਹ ਵਿਚ ਰੱਖੋਗੇ ਕਿਵੇਂ?" ਗੱਲ ਏ.ਸੀ.ਪੀ. ਦੀ ਵੀ ਸਮਝ ਵਿਚ ਆ ਗਈ। ਇਸ ਤੋਂ ਪਹਿਲਾਂ ਬੁਤਾਲੀਆ ਸਾਹਿਬ ਜੱਜ ਨੂੰ ਵੀ ਕਹਿ ਚੁੱਕੇ ਸਨ ਕਿ ਸਰ, ਮੇਰੇ ਸਾਇਲ ਰਹਿਣਗੇ ਕਿਥੇ? ਰੀਮਾਂਡ ਤੇ ਤੁਸਾਂ ਨੇ ਦਿੱਤਾ ਨਹੀਂ। ਅਸਾਂ ਤਿੰਨਾਂ ਨੇ ਮੱਥੇ 'ਤੇ ਹੱਥ ਮਾਰਿਆ। ਬਣਿਆ ਬਣਾਇਆ ਮਨੋਰੰਜਨ ਗੁਆਚ ਗਿਆ ਸੀ। ਅਸੀਂ ਤਿੰਨੇ ਜਿੰਨੇ ਖੁਸ਼ ਸੀ, ਓਨੇ ਹੀ ਨਿਰਾਸ਼ ਜਿਹੇ ਹੋ ਗਏ। ਜਦੋਂ ਅਸੀਂ ਪੁਲਿਸ ਗੱਡੀ ਵਿਚ ਬੈਠੇ ਆਪਸ ਵਿਚ ਅਦਾਲਤ ਵਿਚ ਹੋਈਆਂ ਗੱਲਾਂ ਕਰਕੇ ਹੱਸ ਰਹੇ ਸੀ, ਗੱਡੀ ਵਿਚ ਬੈਠੇ ਗਾਰਦ ਵਾਲੇ ਕਹਿ ਰਹੇ ਸਨ, "ਹੱਦ ਹੋ ਗਈ! ਹੈ ਇਹਨਾਂ ਸਿੱਖਾਂ ਨੂੰ ਕੋਈ ਲੱਥੀ ਚੜ੍ਹੀ ਦੀ! ਜੇਲ੍ਹ ਵਿਚ ਵੀ ਮਨੋਰੰਜਨ ਕਰ ਰਹੇ ਹਨ।" ਕਈ ਕਹਿ ਰਹੇ ਸਨ, "ਅਸਲ ਵਿਚ ਜ਼ਿੰਦਗੀ ਹੀ ਇਹ ਹੈ, ਹਰ ਹਾਲ ਵਿਚ ਖੁਸ਼"। ਦੂਜੇ ਦਿਨ ਸਾਡੇ ਰਿਹਾਈ ਵਰੰਟ ਆ ਗਏ ਤੇ ਅਸੀਂ ਰਿਹਾਅ ਹੋ ਗਏ।

ਸੀ ਬੀ ਆਈ ਵਲੋਂ ਕੇਸ ਵਾਪਸ

ਸ੍ਰੀ ਐਮ.ਐਲ. ਸ਼ਰਮਾ ਦੀ ਅਦਾਲਤ 'ਚ

ਸੀ.ਬੀ.ਆਈ. ਬਨਾਮ ਬਾਬਾ ਦਲੀਪ ਸਿੰਘ

ਸੀ.ਪੀ.ਸੀ. ਧਾਰਾ 173 ਅਧੀਨ ਅੰਤਮ ਰਿਪੋਰਟ (F.I.R. U/S 173 CPC Code)

ਅੰਤਮ ਰਿਪੋਰਟ - ਮਿਤੀ 5.3.1990

ਨੰਬਰ - 02

ਮੁਢਲੀ ਸੂਚਨਾ ਰਿਪੋਰਟ ਨੰ. 5/86 SIV-III ਮਿਤੀ 13.6.1989

ਜ਼ਿਲ੍ਹਾ - ਨਵੀਂ ਦਿੱਲੀ, ਥਾਣਾ SIU III/SIC-II/CBI/ ਨਵੀਂ ਦਿੱਲੀ

ਸ਼ਿਕਾਇਤ ਕਰਤਾ ਵਿਰੁੱਧ ਜੁਰਮ ਦਾ ਖਾਸਾ

(U/S 3/4 ਟਾਡਾ (P) ਐਕਟ 1985) ਇਹ ਦੋਸ਼ ਲਾਇਆ ਜਾਂਦਾ ਹੈ ਕਿ ਕੈਨੇਡਾ ਵਿਚਲੇ ਸਿੱਖ ਦਹਿਸ਼ਤਗਰਦਾਂ ਨੇ ਆਪਣੇ ਭਾਰਤੀ ਸਾਥੀਆਂ ਨਾਲ ਮਿਲ ਕੇ ਆਜ਼ਾਦ ਭਾਰਤ ਨਾਲੋਂ ਵੱਖਰਾ ਖਾਲਿਸਤਾਨ ਬਨਾਉਣ ਦੀ ਵਕਾਲਤ ਕਰਨ ਦੇ ਮੰਤਵ ਨਾਲ ਨਵੀਂ ਦਿੱਲੀ ਦੇ ਪਾਰਲੀਮੈਂਟ ਹਾਊਸ ਅਤੇ ਹੋਰਨਾਂ ਸਰਕਾਰੀ ਇਮਾਰਤਾਂ ਨੂੰ ਉਡਾਉਣ ਦੀ ਸਾਜ਼ਿਸ਼ ਰਚੀ

ਕੇਸ ਦੀ ਸੰਖੇਪ ਜਾਣਕਾਰੀ

1. ਕੇਸ ਆਰ.ਸੀ. 5/86 ਐਸ.ਆਈ.ਯੂ III ਸੀ.ਬੀ.ਆਈ., ਜਿਸ ਨੂੰ 'ਕੈਨੇਡੀਅਨ ਸਿੱਖਾਂ ਵਲੋਂ ਭਾਰਤ ਦੇ ਪਾਰਲੀਮੈਂਟ ਹਾਊਸ ਨੂੰ ਉਡਾਉਣ ਦੀ ਸਾਜ਼ਿਸ਼' ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਹੜਾ 13 ਜੂਨ 1986 ਨੂੰ ਧਾਰਾ 3/4 ਦਹਿਸ਼ਤਗਰਦ ਤੇ ਭੰਨ-ਤੋੜ ਕਾਰਵਾਈਆਂ ਰੋਕੂ ਐਕਟ (ਟਾਡਾ) ਅਧੀਨ ਮਿਲੀ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਦਰਜ ਕੀਤਾ ਗਿਆ, ਕਿ ਭਾਰਤ ਵਿਚ ਸਿੱਖ ਦਹਿਸ਼ਤਗਰਦਾਂ ਦਾ ਇਕ ਗਰੁੱਪ ਮੌਜੂਦ ਹੈ, ਜਿਹੜਾ ਤਲਵਿੰਦਰ ਸਿੰਘ ਪਰਮਾਰ ਤੇ ਉਸ ਦੇ ਹੋਰਨਾਂ ਸਾਥੀਆਂ, ਜਿਨ੍ਹਾਂ ਨੂੰ ਕੈਨੇਡਾ ਵਿਚ ਅੱਤਵਾਦੀਆਂ ਦੇ ਬੱਬਰ ਖਾਲਸਾ ਗਰੁੱਪ ਦੇ ਮੈਂਬਰ ਕਿਹਾ ਜਾਂਦਾ ਹੈ, ਦੀਆਂ ਹਦਾਇਤਾਂ 'ਤੇ ਕੰਮ ਕਰਦਾ ਸੀ।

2. ਭਾਰਤ ਵਿਚ ਸਿੱਖ ਦਹਿਸ਼ਤਗਰਦ ਗਰੁੱਪ ਬਾਰੇ ਜਾਣਕਾਰੀ ਸੰਕੇਤ ਕਰਦੀ ਹੈ ਕਿ ਉਸਦੇ ਦੋ ਮੈਂਬਰ ਅਵਤਾਰ ਸਿੰਘ (ਦੋਸ਼ੀ-1) ਅਤੇ ਬਲਬੀਰ ਸਿੰਘ (ਦੋਸ਼ੀ-2) ਜਲੰਧਰ ਦੇ ਟੈਲੀਫੋਨ ਨੰਬਰ 77994, 3489, 79630, 79864 ਅਤੇ 74221 ਦੀ ਵਰਤੋਂ ਕੈਨੇਡਾ ਵਿਚਲੇ ਤੇਜਿੰਦਰ ਸਿੰਘ (ਦੋਸ਼ੀ-4) ਅਤੇ ਹੋਰਨਾਂ ਨਾਲ ਟੈਲੀਫੋਨ ਨੰਬਰ 416-544-4873, 416-457-8947 'ਤੇ ਸੰਪਰਕ ਕਰਨ ਲਈ ਕਰਦੇ ਸਨ, ਜਿਨ੍ਹਾਂ ਵਿਚੋਂ ਕਈਆਂ ਦੀਆਂ ਕਾਰਵਾਈਆਂ ਦੀ ਜਾਣਕਾਰੀ, ਰਾਇਲ ਮਾਊਂਟਡ ਕੈਨੇਡੀਅਨ ਪੁਲਿਸ (ਆਰ.ਐਮ.ਸੀ.ਪੀ.) ਨੂੰ ਵੀ ਸੀ, ਜਿਹੜੀ ਇਨ੍ਹਾਂ 'ਤੇ ਚੌਕਸੀ ਦੀ ਨਜ਼ਰ ਰੱਖ ਰਹੀ ਸੀ।

3. ਰਾਇਲ ਕੈਨੇਡੀਅਨ ਪੁਲਿਸ ਨੂੰ ਉਤਲੀ ਜਾਣਕਾਰੀ ਅਤੇ ਉਸ ਕੋਲ ਹੋਰ ਜਾਣਕਾਰੀ ਦੇ ਸਬੂਤ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਦੋਸ਼ੀਆਂ ਅਵਤਾਰ ਸਿੰਘ (ਦੋਸ਼ੀ-1), ਬਲਬੀਰ ਸਿੰਘ (ਦੋਸ਼ੀ-2), ਤਲਵਿੰਦਰ ਸਿੰਘ ਪਰਮਾਰ (ਦੋਸ਼ੀ-3), ਤੇਜਿੰਦਰ ਪਾਲ ਸਿੰਘ ਕਲੋਈ (ਦੋਸ਼ੀ-4), ਅਮਰਜੀਤ ਸਿੰਘ (ਦੋਸ਼ੀ-5), ਦਲਜੀਤ ਸਿੰਘ ਦਿਓਲ (ਦੋਸ਼ੀ-6), ਸਾਧੂ ਸਿੰਘ ਖਿਆੜਾ (ਦੋਸ਼ੀ-7), ਸਰਮੁੱਖ ਸਿੰਘ ਲਖੀਆਂ (ਦੋਸ਼ੀ-8) ਰਤਨ

ਅਨਮੋਲ ਸਿੰਘ ਧਾਲੀਵਾਲ (ਦੋਸ਼ੀ-9), ਰਾਮ ਪਾਲ ਸਿੰਘ ਢਿੱਲੋਂ (ਦੋਸ਼ੀ-10), ਅਜਾਇਬ ਸਿੰਘ ਬਾਗੜੀ (ਦੋਸ਼ੀ-11) ਅਤੇ ਗੁਰਮੀਤ ਸਿੰਘ ਗਿੱਲ (ਦੋਸ਼ੀ-12) ਵਿਚਕਾਰ ਦਿੱਲੀ ਅਤੇ ਭਾਰਤ ਦੇ ਹੋਰਨਾਂ ਸ਼ਹਿਰਾਂ ਵਿਚ ਦਹਿਸ਼ਤਗਰਦ ਅਤੇ ਭੰਨਤੋੜ ਕਾਰਵਾਈਆਂ ਜਥੇਬੰਦ ਕਰਨ ਦੀ ਸਾਜ਼ਿਸ਼ ਚੱਲ ਰਹੀ ਸੀ। ਕੈਨੇਡੀਅਨ ਤੱਤਾਂ ਅਤੇ ਭਾਰਤੀ ਗਰੁੱਪ ਦਰਮਿਆਨ ਸੰਪਰਕ ਦਾ ਸਾਧਨ ਮੁੱਖ ਤੌਰ 'ਤੇ ਟੈਲੀਫੋਨ ਸੀ।

4. ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੂੰ ਅਪ੍ਰੈਲ-ਜੂਨ 1986 ਦੌਰਾਨ ਕੈਨੇਡਾ ਵਿਚਲੇ ਸਿੱਖ ਅੱਤਵਾਦੀਆਂ ਦੇ ਟੈਲੀਫੋਨ ਟੇਪ ਕਰਨ ਤੇ ਉਨ੍ਹਾਂ ਦੀਆਂ ਕਾਰਵਾਈਆਂ 'ਤੇ ਚੌਕਸੀ ਦੀ ਨਜ਼ਰ ਰੱਖਣ ਕਾਰਨ ਮਿਲੀ ਤਾਜ਼ਾ ਜਾਣਕਾਰੀ ਅਨੁਸਾਰ ਕੈਨੇਡੀਅਨ ਸਿੱਖ ਦਹਿਸ਼ਤਗਰਦ ਗਰੁੱਪ ਨੇ ਆਪਣੇ ਭਾਰਤੀ ਦਹਿਸ਼ਤਗਰਦ ਸਾਥੀਆਂ ਨਾਲ ਮਿਲ ਕੇ ਵੱਡੀਆਂ ਦਹਿਸ਼ਤਗਰਦ ਕਾਰਵਾਈਆਂ ਜਥੇਬੰਦ ਕਰਨ ਦੀ ਪੱਕੀ ਯੋਜਨਾ ਬਣਾਈ ਸੀ, ਜਿਸ ਅਨੁਸਾਰ ਨਵੀਂ ਦਿੱਲੀ ਵਿਚ ਸਥਿਤ ਭਾਰਤ ਦੇ ਪਾਰਲੀਮੈਂਟ ਭਵਨ, ਰੇਲਵੇ ਸਟੇਸ਼ਨਾਂ, ਹਵਾਈ ਅੱਡਿਆਂ ਦੀਆਂ ਇਮਾਰਤਾਂ, ਤੇਲ ਦੇ ਭੰਡਾਰ ਅਤੇ ਭਾਰਤ ਸਰਕਾਰ ਦੇ ਹੋਰਨਾਂ ਅਦਾਰਿਆਂ ਨੂੰ ਉਡਾਉਣਾ ਅਤੇ ਹੋਰ ਤਬਾਹਕੁੰਨ ਕੰਮਾਂ 'ਚ ਇਸ ਤਰ੍ਹਾਂ ਹਿੱਸਾ ਲੈਣਾ ਸੀ ਕਿ ਜਿਸ ਕਾਰਨ ਬੰਦਿਆਂ ਦੀਆਂ ਮੌਤਾਂ ਹੋਣ ਜਾਂ ਜ਼ਖਮੀ ਹੋਣ, ਜਾਇਦਾਦ ਨੂੰ ਨੁਕਸਾਨ ਪਹੁੰਚਣ ਜਾਂ ਜਾਇਦਾਦ ਦੀ ਤਬਾਹੀ ਅਤੇ ਭਾਈਚਾਰੇ ਦੇ ਜੀਵਨ ਲਈ ਜ਼ਰੂਰੀ ਸੇਵਾਵਾਂ 'ਚ ਵਿਘਨ ਪੈਣ ਦੀ ਸੰਭਾਵਨਾ ਸੀ। ਇਹੋ ਜਿਹੀਆਂ ਦਹਿਸ਼ਤਗਰਦ ਕਾਰਵਾਈਆਂ ਦਾ ਇਕ ਮੰਤਵ ਭਾਰਤ ਦੀ ਇਲਾਕਾਈ ਅਖੰਡਤਾ ਤੇ ਪ੍ਰਭੂਸਤਾ ਨੂੰ ਛੁਟਿਆ ਕੇ ਹਿੰਸਕ ਢੰਗਾਂ ਰਾਹੀਂ ਭਾਰਤ ਤੋਂ ਅੱਡ ਅਜ਼ਾਦ 'ਖਾਲਿਸਤਾਨ' ਦੀ ਕਾਇਮੀ ਦੀ ਵਕਾਲਤ ਕਰਨਾ ਸੀ। ਇਹੋ ਜਿਹੀਆਂ ਦਹਿਸ਼ਤਗਰਦ ਕਾਰਵਾਈਆਂ ਦੀ ਆਰਥਿਕ ਸਹਾਇਤਾ ਬਾਹਰ ਰਹਿੰਦੇ ਤਲਵਿੰਦਰ ਸਿੰਘ ਪਰਮਾਰ ਅਤੇ ਅੱਤਵਾਦੀਆਂ ਦੇ ਗਰੁੱਪ 'ਬੱਬਰ ਖਾਲਸਾ' ਦੇ ਹੋਰਨਾਂ ਵਲੋਂ ਦਿੱਤੀ ਗਈ ਸੀ। ਹੋਰ ਜਾਣਕਾਰੀ ਅਨੁਸਾਰ ਕੈਨੇਡਾ ਦੇ ਸਿੱਖ ਅੱਤਵਾਦੀਆਂ ਦੇ ਉਪਰ ਬਿਆਨੀਆ ਦਹਿਸ਼ਤਗਰਦ ਦੇ ਭੰਨ ਤੋੜ ਦੀਆਂ ਕਾਰਵਾਈਆਂ ਕਰਨ ਲਈ ਪਾਕਿਸਤਾਨ ਰਾਹੀਂ ਚੋਰੀ ਛੁਪੇ ਢੰਗ ਨਾਲ 14-6-86 ਨੂੰ ਜਾ ਇਸਦੇ ਨੇੜੇ ਭਾਰਤ ਵਿਚ ਦਾਖਲ ਹੋਣ ਦੀ ਵੀ ਸੰਭਾਵਨਾ ਸੀ।

5. ਕਿਉਂਕਿ ਇਨ੍ਹਾਂ ਦੇ ਭਾਰਤ ਵਿਚ ਦਾਖਲ ਹੋਣ ਦੀ ਸਹੀ ਤਾਰੀਖ ਅਤੇ ਥਾਂ ਦਾ ਪਤਾ ਨਾ ਹੋਣ ਕਾਰਨ ਹੇਠ ਲਿਖੇ ਨਿਸ਼ਾਨੇ ਪ੍ਰਾਪਤ ਕਰਨ ਲਈ ਫੌਰੀ ਇਕ ਯੋਜਨਾ ਤਿਆਰ ਕਰਨੀ ਪਈ ਤਾਂ ਕਿ 1. ਆਪਣੀ ਯੋਜਨਾ ਨੂੰ ਪੂਰਾ ਕਰਨ ਲਈ ਕੈਨੇਡੀਅਨ ਸਿੱਖਾਂ ਨੂੰ ਭਾਰਤ 'ਚ ਦਾਖਲ ਹੋਣ ਤੋਂ ਰੋਕਿਆ ਜਾਵੇ। 2. ਭਾਰਤ ਵਿਚਲੇ ਕੈਨੇਡੀਅਨ ਸਿੱਖਾਂ ਦੇ ਸਾਥੀਆਂ ਦੀ ਪਛਾਣ ਕਰਨ ਲਈ 3. ਭਾਰਤ ਵਿਚ ਇਸ ਮੰਤਵ ਦੀਆਂ ਕਾਰਵਾਈਆਂ ਨੂੰ ਲੱਭਣ ਲਈ ਅਤੇ 4. ਉਤੇ ਜ਼ਿਕਰ ਅਧੀਨ ਲਿਆਂਦੀਆਂ ਗਈਆਂ ਦਹਿਸ਼ਤਗਰਦ ਕਾਰਵਾਈਆਂ 'ਚ ਗਲਤਾਨ ਸਿੱਖ ਦਹਿਸ਼ਤਗਰਦਾਂ ਦੀ ਯੋਜਨਾ ਨੂੰ ਅਸਫਲ ਕਰਨ ਵਾਸਤੇ ਕੈਨੇਡਾ ਤੋਂ ਮਿਲੀ ਆਰਥਿਕ ਸਹਾਇਤਾ ਬਾਰੇ ਸਬੂਤ ਇਕੱਠੇ ਕਰਨ ਲਈ 14-6-86 ਨੂੰ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨਾਲ ਤਾਲਮੇਲ ਕਰਕੇ ਕੈਨੇਡਾ ਵਿਚਲੇ ਦੋਸ਼ੀ ਵਿਅਕਤੀਆਂ ਦੀ ਯੋਜਨਾ ਨੂੰ ਅਸਫਲ ਕਰਨ ਵਾਸਤੇ ਕੈਨੇਡਾ ਵਿਚਲੇ ਇਸ ਰਿਪੋਰਟ ਦੇ ਕਾਲਮ ਨੰਬਰ 4 'ਚ ਦਰਜ 3 ਤੋਂ ਲੈ ਕੇ 12 ਨੰਬਰ ਤਕ

ਕਰਮਵਾਰ ਦਰਜ ਦੋਸ਼ੀ ਅਤੇ ਸੀ.ਬੀ.ਆਈ ਨੇ ਜਲੰਧਰ (ਪੰਜਾਬ) ਸਥਿਤ ਟੈਲੀਫੋਨ ਨੰਬਰ 79630, 3489, 79864, 74221 ਤੇ 77994 ਅਤੇ ਨੰਬਰ 1 ਅਤੇ 2 'ਤੇ ਦਰਜ ਦੋਸ਼ੀਆਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਪਛਾਨਣ ਅਤੇ ਫੜਨ ਵਾਸਤੇ ਇਕੋ ਵੇਲੇ ਕਾਰਵਾਈ ਕੀਤੀ।

6. ਇਨ੍ਹਾਂ ਕਾਰਵਾਈਆਂ ਦੇ ਨਤੀਜੇ ਵਜੋਂ ਤੇ ਵਧੇਰੇ ਜਾਂਚ ਪੜਤਾਲ ਕਰਨ ਤੋਂ ਬਾਅਦ ਰਾਇਲ ਕੈਨੇਡੀਅਨ ਪੁਲਿਸ ਨੇ ਦੋਸ਼ੀਆਂ ਤਲਵਿੰਦਰ ਸਿੰਘ ਪਰਮਾਰ (ਦੋਸ਼ੀ-3), ਤੇਜਿੰਦਰ ਪਾਲ ਸਿੰਘ ਕਲੋਈ (ਦੋਸ਼ੀ-4), ਦਲਜੀਤ ਸਿੰਘ ਦਿਓਲ (ਦੋਸ਼ੀ-6), ਸਾਧੂ ਸਿੰਘ ਥਿਆੜਾ (ਦੋਸ਼ੀ-7), ਸਰਮੁੱਖ ਸਿੰਘ ਲਖੀਆ (ਦੋਸ਼ੀ-8), ਰਾਮ ਪਾਲ ਸਿੰਘ ਢਿੱਲੋਂ (ਦੋਸ਼ੀ-10) ਅਤੇ ਅਜਾਇਬ ਸਿੰਘ ਬਾਗੜੀ (ਦੋਸ਼ੀ-11) ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਦੋਸ਼ੀਆਂ ਵਿਚ ਤੇਜਿੰਦਰ ਪਾਲ ਸਿੰਘ ਕਲੋਈ, ਦਲਜੀਤ ਸਿੰਘ ਦਿਓਲ ਅਤੇ ਸਰਮੁੱਖ ਸਿੰਘ ਲਖੀਆ ਤਾਂ ਅਸਲ ਵਿਚ ਕੈਨੇਡਾ ਤੋਂ ਪਾਕਿਸਤਾਨ ਰਾਹੀਂ ਹਿੰਦੋਸਤਾਨ ਪਹੁੰਚਣ ਵਾਸਤੇ ਹਵਾਈ ਜਹਾਜ਼ ਵਿਚ ਬੈਠ ਵੀ ਚੁੱਕੇ ਸਨ। ਸੀ.ਬੀ.ਆਈ. ਨੇ ਅਵਤਾਰ ਸਿੰਘ ਪੁੱਤਰ ਸ. ਇੰਦਰ ਸਿੰਘ (ਦੋਸ਼ੀ-13), ਕੁਲਬੀਰ ਸਿੰਘ (ਦੋਸ਼ੀ-14), ਮਹਿੰਦਰ ਸਿੰਘ (ਦੋਸ਼ੀ-15), ਭਰਪੂਰ ਸਿੰਘ ਬਲਬੀਰ (ਦੋਸ਼ੀ-16) ਉਜਾਗਰ ਸਿੰਘ (ਦੋਸ਼ੀ-17) ਅਵਤਾਰ ਸਿੰਘ ਪੁੱਤਰ ਸਰੂਪ ਸਿੰਘ (ਦੋਸ਼ੀ-18) ਗੁਰਪ੍ਰੀਤ ਸਿੰਘ (ਦੋਸ਼ੀ-19) ਤੇਜਿੰਦਰ ਸਿੰਘ ਬਲਬੀਰ (ਦੋਸ਼ੀ-20), ਸੰਤੋਖ ਸਿੰਘ (ਦੋਸ਼ੀ-21), ਅਜੀਤ ਸਿੰਘ (ਦੋਸ਼ੀ-22), ਅਵਤਾਰ ਸਿੰਘ ਪੁੱਤਰ ਸ. ਹਰਦਿੱਤ ਸਿੰਘ (ਦੋਸ਼ੀ-23) ਰਵੀ ਭੂਸ਼ਣ (ਦੋਸ਼ੀ-24) ਨਰਿੰਦਰ ਕੁਮਾਰ (ਦੋਸ਼ੀ-25), ਹਰਭਜਨ ਸਿੰਘ (ਦੋਸ਼ੀ-26), ਸੇਵਾ ਸਿੰਘ (ਦੋਸ਼ੀ-27) ਤੇ ਦਲੀਪ ਸਿੰਘ (ਦੋਸ਼ੀ-28) ਨੂੰ ਇਸ ਰਿਪੋਰਟ ਦੇ 4 ਅਤੇ 5 ਨੰਬਰ ਕਾਲਮ 'ਚ ਦਰਜ ਮਿਤੀਆਂ 'ਤੇ ਗ੍ਰਿਫਤਾਰ ਕੀਤਾ।

ਪੜਤਾਲ ਕਰਨ ਤੋਂ ਬਾਅਦ ਇਹ ਪਤਾ ਲੱਗਾ ਕਿ ਅਵਤਾਰ ਸਿੰਘ ਪੁੱਤਰ ਇੰਦਰ ਸਿੰਘ (ਦੋਸ਼ੀ-13) ਦਾ ਬਲਬੀਰ ਸਿੰਘ ਕਲੋਈ ਨਾਲ ਬਹੁਤ ਨੇੜਲਾ ਰਿਸ਼ਤਾ ਹੈ ਅਤੇ ਇਸਦੇ ਹੋਰਨਾਂ ਦਹਿਸ਼ਤਗਰਦ ਤੱਤਾਂ ਨਾਲ ਵੀ ਸਬੰਧ ਸਨ। ਕੁਲਬੀਰ ਸਿੰਘ (ਦੋਸ਼ੀ-14) ਦੇ ਵੀ ਚੋਟੀ ਦੇ ਦਹਿਸ਼ਤਗਰਦਾਂ ਨਾਲ ਸਬੰਧ ਸਨ ਅਤੇ ਉਹ ਕੈਨੇਡਾ ਵਿਚਲੇ ਸਾਜ਼ਿਸ਼ੀਆਂ ਨਾਲ ਗੱਲਬਾਤ ਕਰਨ ਵਾਸਤੇ ਆਪਣੇ ਟੈਲੀਫੋਨ ਨੰਬਰ 79864 ਅਤੇ 74913 ਦੀ ਵਰਤੋਂ ਕਰਨ ਦੀ ਆਗਿਆ ਦੇ ਕੇ ਦਹਿਸ਼ਤਗਰਦ ਕਾਰਵਾਈਆਂ 'ਚ ਸਹਾਇਤਾ ਕਰਦਾ ਸੀ। ਮਹਿੰਦਰ ਸਿੰਘ (ਦੋਸ਼ੀ-15) ਅਤੇ ਗੁਰਪ੍ਰੀਤ ਸਿੰਘ (ਦੋਸ਼ੀ-19) ਦਹਿਸ਼ਤਗਰਦ ਤੱਤਾਂ ਦੇ ਹਮਦਰਦ ਸਨ ਅਤੇ ਕੈਨੇਡਾ ਤੇ ਭਾਰਤ ਵਿਚਲੇ ਸਿੱਖ ਦਹਿਸ਼ਤਗਰਦਾਂ ਦਰਮਿਆਨ ਸਬੰਧ ਕਾਇਮ ਕਰਨ ਲਈ ਉਨ੍ਹਾਂ ਨੂੰ ਆਪਣੇ ਟੈਲੀਫੋਨ ਨੰਬਰ 77994 ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ। ਇਸੇ ਤਰ੍ਹਾਂ ਉਜਾਗਰ ਸਿੰਘ (ਦੋਸ਼ੀ-17) ਅਤੇ ਸੰਤੋਖ ਸਿੰਘ (ਦੋਸ਼ੀ-21) ਦੇ ਦਹਿਸ਼ਤਗਰਦਾਂ ਨਾਲ ਸਬੰਧ ਸਨ ਅਤੇ ਉਸ ਨੇ ਆਪਣੇ ਟੈਲੀਫੋਨ ਨੰਬਰ 74221 ਨੂੰ ਇੰਗਲੈਂਡ ਅਤੇ ਕੈਨੇਡਾ ਵਿਚਲੇ ਦਹਿਸ਼ਤਗਰਦਾਂ ਨਾਲ ਗੱਲਬਾਤ ਕਰਨ ਲਈ ਵਰਤਣ ਦੀ ਆਗਿਆ ਦਿੱਤੀ। ਭਰਪੂਰ ਸਿੰਘ ਬਲਬੀਰ (ਦੋਸ਼ੀ 16) ਜਿਹੜਾ ਦਹਿਸ਼ਤਗਰਦਾਂ ਦਾ ਹਮਦਰਦ ਹੈ ਤੇ ਪਹਿਲਾ ਵੀ ਕੌਮੀ ਸੁਰੱਖਿਆ ਕਾਨੂੰਨ ਅਧੀਨ ਕੈਦ ਕੱਟ ਚੁੱਕਾ ਹੈ ਅਤੇ ਤੇਜਿੰਦਰ ਸਿੰਘ ਬਲਬੀਰ (ਦੋਸ਼ੀ-20) ਨੇ ਸਾਜ਼ਿਸ਼ੀਆ ਨੂੰ ਭਾਰਤ ਅਤੇ

ਕੈਨੇਡਾ ਵਿਚ ਸੰਪਰਕ ਬਨਾਉਣ ਲਈ ਆਪਣੇ ਟੈਲੀਫੋਨ ਨੰਬਰ 3489 ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ। ਰਵੀ ਭੂਸ਼ਣ (ਦੋਸ਼ੀ-24) ਅਤੇ ਨਰਿੰਦਰ ਕੁਮਾਰ (ਦੋਸ਼ੀ-25) ਨੇ ਆਪਣੇ ਟੈਲੀਫੋਨ ਨੰਬਰ 79630 ਦੀ ਕੈਨੇਡਾ ਅਤੇ ਭਾਰਤ ਵਿਚਲੇ ਸਾਜ਼ਿਸ਼ੀਆਂ ਨੂੰ ਗੱਲਬਾਤ ਕਰਨ ਵਾਸਤੇ ਵਰਤਣ ਦੀ ਇਜਾਜ਼ਤ ਦਿੱਤੀ। ਅਵਤਾਰ ਸਿੰਘ ਪੁਤਰ ਸਰੂਪ ਸਿੰਘ (ਦੋਸ਼ੀ-19) (ਜੋ ਮਰ ਚੁੱਕਾ ਹੈ) ਜੋ ਕੱਟੜ ਦਹਿਸ਼ਤਗਰਦ ਸੀ, ਦੇ ਸਿਰ 'ਤੇ ਇਕ ਲੱਖ ਰੁਪਏ ਦਾ ਇਨਾਮ ਸੀ ਤੇ ਉਹ ਕਈ ਦਹਿਸ਼ਤਗਰਦੀ ਦੇ ਜੁਰਮਾਂ ਵਿਚ ਸ਼ਾਮਲ ਸੀ। ਅਜੀਤ ਸਿੰਘ (ਦੋਸ਼ੀ-22), ਜੋ ਰਾਮ ਪਾਲ ਸਿੰਘ ਢਿੱਲੋਂ (ਦੋਸ਼ੀ-10) ਦਾ ਪਿਤਾ ਹੈ, ਬਾਹਰੋਂ ਆਰਥਿਕ ਮਦਦ ਲੈ ਕੇ ਦਹਿਸ਼ਤਗਰਦ ਬਲਬੀਰ ਸਿੰਘ ਤੇ ਹੋਰਨਾਂ ਨੂੰ ਭਾਰਤ ਵਿਚ ਦਹਿਸ਼ਤਗਰਦ ਕਾਰਵਾਈਆਂ ਕਰਨ ਵਾਸਤੇ ਧਨ ਮੁਹੱਈਆ ਕਰਵਾਉਣ ਵਾਲਾ ਮੁੱਖ ਸੋਮਾ ਸੀ। ਜਿਥੇ ਟੈਲੀਫੋਨ ਨੰਬਰ 77994 ਲੱਗਾ ਹੋਇਆ ਹੈ, ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਥੇ ਅਵਤਾਰ ਸਿੰਘ, ਹਰਦਿੱਤ ਸਿੰਘ (ਦੋਸ਼ੀ-23) ਵੀ ਹਾਜ਼ਰ ਸੀ, ਇਸ ਲਈ ਉਸ ਨੂੰ ਪੁੱਛ ਪੜਤਾਲ ਵਾਸਤੇ ਹਿਰਾਸਤ ਵਿਚ ਲਿਆ ਗਿਆ ਸੀ ਪਰ ਬਾਅਦ ਵਿਚ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ। ਕਿਉਂਕਿ ਹੋਰ ਪੜਤਾਲ ਕਰਨ ਤੋਂ ਬਾਅਦ ਪਤਾ ਸੀ ਕਿ ਉਹ ਓਹੀ ਅਵਤਾਰ ਸਿੰਘ ਨਹੀਂ ਹੈ, ਜਿਹੜਾ ਕਿ ਟੈਲੀਫੋਨ ਨੰਬਰ 77994 ਦੇ ਸਬੰਧ ਵਿਚ ਸਾਡੇ ਕੇਸ ਵਿਚ ਲੋੜੀਂਦਾ ਸੀ। ਹਰਭਜਨ ਸਿੰਘ (ਦੋਸ਼ੀ-26), ਜਿਹੜਾ ਕਿ ਇਸ਼ਤਿਹਾਰੀ ਭਗੌੜਾ ਹੈ ਦੇ ਵੀ ਇਸ ਕੇਸ ਨਾਲ ਸਬੰਧਤ ਦਹਿਸ਼ਤਗਰਦਾਂ ਨਾਲ ਸਬੰਧ ਸਨ ਤੇ ਉਹ ਗੈਰਕਾਨੂੰਨੀ ਤੌਰ 'ਤੇ ਪਾਕਿਸਤਾਨ ਵੀ ਰਹਿ ਚੁੱਕਾ ਸੀ। ਸੇਵਾ ਸਿੰਘ (ਦੋਸ਼ੀ-27) ਦੇ ਸਿੱਖ ਦਹਿਸ਼ਤਗਰਦਾਂ ਬਲਬੀਰ ਸਿੰਘ ਤੇ ਹੋਰਨਾਂ ਨਾਲ ਬਹੁਤ ਨੇੜਲੇ ਸਬੰਧ ਸਨ ਤੇ ਉਹ ਉਨ੍ਹਾਂ ਨੂੰ ਸਹਾਇਤਾ ਦੇਣ ਦੇ ਨਾਲ ਨਾਲ ਉਨ੍ਹਾਂ ਨੂੰ ਉਜਾਗਰ ਸਿੰਘ (ਦੋਸ਼ੀ-17) ਦੇ ਟੈਲੀਫੋਨ ਨੰਬਰ 77221, ਸੰਤੋਖ ਸਿੰਘ (ਦੋਸ਼ੀ-21) ਅਤੇ ਮਹਿੰਦਰ ਸਿੰਘ (ਦੋਸ਼ੀ-15) ਦੇ ਟੈਲੀਫੋਨ ਨੰਬਰ 77994 ਤੱਕ ਪਹੁੰਚਣ 'ਚ ਮਦਦ ਕਰਦਾ ਸੀ। ਦੋਸ਼ੀ ਦਲੀਪ ਸਿੰਘ (ਦੋਸ਼ੀ-28) ਦਹਿਸ਼ਤਗਰਦ ਬਲਬੀਰ ਸਿੰਘ ਤੇ ਹੋਰਨਾਂ ਦਾ ਨੇੜਲਾ ਸਾਥੀ ਸੀ।

7. ਪੁੱਛਗਿੱਛ ਅਤੇ ਪੜਤਾਲ ਦੇ ਨਤੀਜੇ ਵਜੋਂ ਇਸ ਰਿਪੋਰਟ ਦੇ ਕਾਲਮ ਨੰਬਰ 4 'ਚ ਕਰਮਵਾਰ 1 ਤੇ 2 ਨੰਬਰ 'ਤੇ ਦਰਜ ਅਵਤਾਰ ਸਿੰਘ ਅਤੇ ਬਲਬੀਰ ਸਿੰਘ ਦੀ ਪਛਾਣ ਸੰਭਵ ਹੋ ਸਕੀ ਹੈ। ਇਹ ਪਤਾ ਲੱਗਾ ਹੈ ਕਿ ਕੈਨੇਡੀਅਨ ਅੱਤਵਾਦੀ ਤੇਜਿੰਦਰ ਪਾਲ ਸਿੰਘ ਕਲੇਈ ਦਾ ਸੱਕਾ ਭਰਾ ਬਲਬੀਰ ਸਿੰਘ ਕਲੇਈ ਆਪਣੇ ਕੈਨੇਡੀਅਨ ਸਾਥੀਆਂ ਨਾਲ ਆਪਣੇ ਅਸਲੀ ਨਾਂ ਬਲਬੀਰ ਸਿੰਘ ਤੇ ਫਰਜ਼ੀ ਨਾਵਾਂ ਅਵਤਾਰ ਸਿੰਘ ਤੇ ਬਲਜੀਤ ਸਿੰਘ ਤਹਿਤ ਟੈਲੀਫੋਨ 'ਤੇ ਗੱਲਬਾਤ ਕਰਦਾ ਰਿਹਾ ਹੈ। ਵਧੇਰੇ ਪੜਤਾਲ ਤੋਂ ਇਹ ਵੀ ਪਤਾ ਲੱਗਾ ਹੈ ਕਿ ਹਰਭਜਨ ਸਿੰਘ ਅਤੇ ਗੁਰਜੀਤ ਸਿੰਘ ਨਾਂ ਦੇ ਹੋਰ ਭਾਰਤੀ ਸਿੱਖ ਅੱਤਵਾਦੀ ਅਤੇ ਇਕ ਲੰਡਨ ਸਾਊਥ ਹਾਲ ਗੁਰਦੁਆਰਾ ਯੂ.ਕੇ. ਦੇ ਆਧਾਰਿਤ ਸਿੱਖ ਗੁਰਮੇਲ ਸਿੰਘ ਰਾਗੀ ਵੀ ਉਨ੍ਹਾਂ ਦੇ ਸਾਥੀ ਹਨ।

8. ਜਿਥੋਂ ਤੱਕ ਇਸ ਸਬੰਧ ਵਿਚ ਦੋਸ਼ੀ ਵਿਅਕਤੀਆਂ ਵਲੋਂ ਸਾਜ਼ਿਸ਼ ਘੜ ਕੇ ਦਹਿਸ਼ਤਗਰਦ ਕਾਰਵਾਈਆਂ ਕਰਨ ਤੇ ਉਨ੍ਹਾਂ ਬਾਰੇ ਬਾਹਰ ਰਹਿੰਦੇ ਸਿੱਖ ਦਹਿਸ਼ਤਗਰਦਾਂ ਨੂੰ ਆਪਣੀ ਟੈਲੀਫੋਨ ਗੱਲਬਾਤ 'ਚ ਦੱਸਣ ਦਾ ਸਬੰਧ ਹੈ, ਇਹ ਪਤਾ ਲਗਾ ਹੈ ਕਿ ਉਹ

ਬਹੁਤ ਸਾਰੇ ਘਿਨੌਣੇ ਜੁਰਮਾਂ ਲਈ ਜ਼ਿੰਮੇਵਾਰ ਹਨ, ਜਿਨ੍ਹਾਂ 'ਚ 1 ਅਪ੍ਰੈਲ 1986 ਨੂੰ ਜਲੰਧਰ ਦੀ ਅਦਾਲਤ ਵਿਚ ਹਥਿਆਰਬੰਦ ਦਹਿਸ਼ਤਗਰਦਾਂ ਵਲੋਂ ਖਤਰਨਾਕ ਦਹਿਸ਼ਤਗਰਦ ਸੁਖਦੇਵ ਸਿੰਘ ਉਰਫ ਸੁੱਖਾ ਸਿਪਾਹੀ ਨੂੰ ਉਸਦੇ ਸਾਥੀਆਂ ਸਮੇਤ, ਡਿਊਟੀ 'ਤੇ ਤਾਇਨਾਤ 7 ਸਿਪਾਹੀਆਂ ਨੂੰ ਮਾਰ ਕੇ ਪੁਲਿਸ ਹਿਰਾਸਤ ਵਿਚੋਂ ਛੁਡਾਉਣਾ ਅਤੇ ਉਨ੍ਹਾਂ ਦੇ ਹਥਿਆਰ ਖੋਹਣੇ, 2. ਮਈ 1986 ਨੂੰ ਅੰਮ੍ਰਿਤਸਰ ਦੇ ਖੇਤਰ ਕ੍ਰਿਸ਼ਨਾ ਨਗਰ ਵਿਚ ਗੋਲੀਬਾਰੀ ਕਰਕੇ ਇਕ ਬਜ਼ਾਰ ਵਿਚ 11 ਵਿਅਕਤੀਆਂ ਨੂੰ ਮਾਰ ਦੇਣ ਦੀ ਘਟਨਾ, 3. ਮਾਰਚ 1986 ਵਿਚ ਪੰਜਾਬ ਪੁਲਿਸ ਦੇ ਇਕ ਇੰਸਪੈਕਟਰ, ਜਿਸ ਬਾਰੇ ਸ਼ੱਕ ਕੀਤਾ ਜਾਂਦਾ ਸੀ ਕਿ ਉਹ ਸਿੱਖ ਅੱਤਵਾਦੀਆਂ 'ਤੇ ਕਥਿਤ ਤਸ਼ੱਦਦ ਕਰਨ ਦਾ ਜ਼ਿੰਮੇਵਾਰ ਹੈ, ਦੇ ਘਰ ਨੂੰ ਅੱਗ ਲਾਉਣਾ, 4. ਦਹਿਸ਼ਤਗਰਦਾਂ ਵਲੋਂ ਮਈ 1986 ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਛੇਹਰਟਾ ਕਸਬੇ ਅੰਦਰ ਗੋਲੀਆਂ ਚਲਾ ਕੇ ਤਿੰਨ ਸਕੂਲ ਮਾਸਟਰਾਂ ਨੂੰ ਮਾਰਨ ਦੀ ਘਟਨਾ, 5. ਅਪ੍ਰੈਲ 1986 'ਚ ਅੰਮ੍ਰਿਤਸਰ ਅੰਦਰ ਦਹਿਸ਼ਤਗਰਦਾਂ ਵਲੋਂ ਇਕ ਹਿੰਦੂ ਲੀਡਰ 'ਤੇ ਗੋਲੀਆਂ ਚਲਾਉਣ ਦੀ ਘਟਨਾ, ਜਿਸ ਵਿਚ ਲੀਡਰ ਜ਼ਖਮੀ ਹੋ ਗਿਆ ਤੇ ਉਸਦਾ ਸੁਰੱਖਿਆ ਗਾਰਦ ਮਾਰਿਆ ਗਿਆ ਸੀ, 6. ਅਪ੍ਰੈਲ 1986 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਬਿਆਸ ਕਸਬੇ ਵਿਚ ਇਕ ਹੋਰ ਸਿਆਸੀ ਆਗੂ ਨੂੰ ਮਾਰਨ ਦੀ ਘਟਨਾ, 7. ਦਹਿਸ਼ਤਗਰਦਾਂ ਵਲੋਂ ਜਲੰਧਰ ਦੇ ਜੰਡਿਆਲਾ ਇਲਾਕੇ ਵਿਚ ਇਕ ਪੈਟਰੋਲ ਪੰਪ 'ਤੇ ਗੋਲੀਆਂ ਚਲਾ ਕੇ ਉਸਦੇ ਮਾਲਕ ਸਮੇਤ 3 ਵਿਅਕਤੀਆਂ ਨੂੰ ਮਾਰਨ ਦੀ ਘਟਨਾ ਸ਼ਾਮਲ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਕੇਸ ਰਜਿਸਟਰਡ ਕੀਤੇ ਗਏ ਤੇ ਪੰਜਾਬ ਪੁਲਿਸ ਵਲੋਂ ਇਨ੍ਹਾਂ ਦੀ ਪੜਤਾਲ ਕੀਤੀ ਗਈ। ਫਿਰ ਵੀ ਉਹ ਭਾਰਤ ਵਿਚ ਆਪਣੀ ਯੋਜਨਾ ਨੂੰ ਜਾਰੀ ਨਾ ਰੱਖ ਸਕੇ, ਜਿਸ ਕਰਕੇ 13.6.86 ਨੂੰ ਕੈਨੇਡੀਅਨਾਂ ਨੇ ਕੈਨੇਡਾ ਨੂੰ ਅਲਵਿਦਾ ਕਹੀ ਪਰ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਵਲੋਂ ਫੜੇ ਗਏ, ਜਿਸਦਾ ਜਿਕਰ ਉਤੇ 6 ਨੰਬਰ ਪੈਰੇ ਵਿਚ ਕੀਤਾ ਗਿਆ ਹੈ।

9. ਪੜਤਾਲ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਸ ਸਾਜ਼ਿਸ਼ ਕੇਸ ਵਿਚ ਸ਼ਾਮਲ ਕੁਝ ਸ਼ੱਕੀ ਵਿਅਕਤੀ ਇਕ ਦੂਜੇ ਦੇ ਰਿਸ਼ਤੇਦਾਰ ਹਨ ਅਤੇ ਸਿੱਖ ਖਾੜਕੂ ਗਰੁੱਪਾਂ ਦੇ ਹਿਮਾਇਤੀਆਂ ਵਜੋਂ ਜਾਣੇ ਜਾਂਦੇ ਹਨ। ਬਲਬੀਰ ਸਿੰਘ ਕਲੋਈ (ਦੋਸ਼ੀ-2) ਅਤੇ ਤੇਜਿੰਦਰ ਪਾਲ ਸਿੰਘ ਕਲੋਈ (ਦੋਸ਼ੀ-4) ਸਕੇ ਭਰਾ ਹਨ ਅਤੇ ਉਨ੍ਹਾਂ ਦੀ ਭੈਣ ਰਛਪਾਲ ਸਿੰਘ ਢਿੱਲੋਂ (ਦੋਸ਼ੀ-10) ਨਾਲ ਵਿਆਹੀ ਹੋਈ ਹੈ। ਉਹ ਅਮਰਜੀਤ ਸਿੰਘ ਦਿਓਲ (ਦੋਸ਼ੀ-5) ਅਤੇ ਦਲਜੀਤ ਸਿੰਘ ਦਿਓਲ (ਦੋਸ਼ੀ-6), ਅਜੀਤ ਸਿੰਘ (ਦੋਸ਼ੀ-22) ਅਤੇ ਮਨਬੀਰ ਸਿੰਘ ਉਰਫ 'ਖਾਲਿਸਤਾਨ ਕਮਾਂਡੋ ਫੋਰਸ' ਦੇ ਜਨਰਲ ਹਰੀ ਸਿੰਘ ਦਾ ਵੀ ਰਿਸ਼ਤੇਦਾਰ ਹੈ। ਬਲਬੀਰ ਸਿੰਘ ਕਲੋਈ 'ਖਾਲਿਸਤਾਨ ਕਮਾਂਡੋ ਫੋਰਸ' ਦੇ ਨਾਂ ਨਾਲ ਜਾਣੀ ਜਾਂਦੀ ਜਥੇਬੰਦੀ ਦਾ ਇਕ ਅਹਿਮ ਮੈਂਬਰ ਵੀ ਸੀ। ਉਹ ਹੁਸ਼ਿਆਰਪੁਰ ਜ਼ਿਲ੍ਹੇ ਦੀ ਹਰਿਆਣਾ ਪੁਲਿਸ ਚੌਕੀ 'ਚ 20.4.85 ਦੇ ਦਰਜ ਕੇਸ ਨੰਬਰ 77 ਦਾ ਭਗੌੜਾ ਹੋਇਆ ਦੋਸ਼ੀ ਹੈ, ਜਿਸਦੀ ਗ੍ਰਿਫਤਾਰੀ ਲਈ 50,000 ਰੁਪਏ ਦਾ ਇਨਾਮ ਵੀ ਐਲਾਨਿਆ ਹੋਇਆ ਸੀ। ਉਸਦੇ ਮਾਰਚ 1985 'ਚ ਹੁਸ਼ਿਆਰਪੁਰ ਦੇ ਸਾਬਕਾ ਮੈਂਬਰ ਪਾਰਲੀਮੈਂਟ ਚੌਧਰੀ ਬਲਬੀਰ ਸਿੰਘ ਦੇ ਕਤਲ ਸਮੇਤ ਕਈ ਜੁਰਮਾਂ ਵਿਚ ਸ਼ਾਮਲ ਹੋਣ ਬਾਰੇ ਸ਼ੱਕ ਸੀ। ਆਖਰੀ ਅਹਿਮ ਘਟਨਾ ਜਿਸ ਵਿਚ ਉਸਦੇ ਸ਼ਾਮਲ ਹੋਣ ਬਾਰੇ ਸ਼ੱਕ ਕੀਤਾ ਜਾਂਦਾ ਸੀ, ਉਹ 1.7.1986 ਨੂੰ ਜਲੰਧਰ ਦੇ ਇਕ

ਮਸ਼ਹੂਰ ਲੀਡਰ 'ਤੇ ਉਸ ਅਤੇ ਉਸਦੇ ਸਾਥੀਆਂ ਵਲੋਂ ਕੀਤਾ ਕਾਤਲਾਨਾ ਹਮਲਾ ਸੀ, ਜਿਸ ਦੇ ਬਾਰੇ ਜਲੰਧਰ ਦੀ ਪੁਲਿਸ ਚੌਂਕੀ ਨੰਬਰ 6 'ਚ ਐਫ.ਆਈ.ਆਰ. ਨੰਬਰ 107 ਮਿਤੀ 1.7.1986 ਅਧੀਨ ਕੇਸ ਦਰਜ ਕੀਤਾ ਗਿਆ ਸੀ। ਇਸ ਘਟਨਾ ਵਿਚ ਉਸ ਲੀਡਰ ਦਾ ਸੁਰੱਖਿਆ ਗਾਰਦ ਤੇ ਇਕ ਰਾਹੀ ਮਾਰਿਆ ਗਿਆ ਸੀ ਅਤੇ ਉਸ ਤੋਂ ਬਾਅਦ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਬਲਬੀਰ ਸਿੰਘ ਤੇ ਉਸਦਾ ਇਕ ਸਾਥੀ ਮਾਰੇ ਗਏ ਸਨ।

ਹੋਰ ਪੜਤਾਲ ਤੋਂ ਬਾਅਦ ਇਹ ਪਤਾ ਲੱਗਾ ਹੈ ਕਿ ਦਹਿਸ਼ਤਗਰਦ ਬਲਬੀਰ ਸਿੰਘ ਤੇ ਹੋਰਨਾਂ ਨੂੰ ਬਾਹਰੋਂ ਆਰਥਿਕ ਸਹਾਇਤਾ ਰਾਮ ਪਾਲ ਸਿੰਘ ਢਿੱਲੋਂ (ਦੋਸ਼ੀ-10) ਦੇ ਪਿਤਾ ਅਜੀਤ ਸਿੰਘ (ਦੋਸ਼ੀ-22) ਵਾਸੀ ਆਦਮਪੁਰ ਜਲੰਧਰ ਅਤੇ ਸੰਤੋਖ ਸਿੰਘ (ਦੋਸ਼ੀ-29) ਵਾਸੀ ਜਲੰਧਰ ਰਾਹੀਂ ਆਉਂਦੀ ਹੈ। ਕੈਨੇਡੀਅਨ ਸਿੱਖ ਅੱਤਵਾਦੀਆਂ ਤੋਂ ਬਿਨਾਂ ਇਨ੍ਹਾਂ ਦੀ ਆਰਥਿਕ ਮਦਦ ਕਰਨ ਲਈ ਯੂ.ਕੇ. ਦਾ ਗੁਰਮੇਲ ਸਿੰਘ ਰਾਗੀ (ਦੋਸ਼ੀ 30) ਵੀ ਸ਼ਾਮਲ ਹੈ, ਜਿਸ ਦੇ ਭਿੰਡਰਾਂਵਾਲੇ ਦੇ ਰਿਸ਼ਤੇਦਾਰ, ਜਿਹੜਾ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਵੀ ਹੈ, ਨਾਲ ਨੇੜਲੇ ਸਬੰਧ ਹਨ।

10. ਕਿਉਂਕਿ ਇਹ ਸਾਜ਼ਿਸ਼ ਕੈਨੇਡਾ ਵਿਚ ਘੜੀ ਗਈ ਸੀ, ਮੁੱਖ ਸਾਜ਼ਿਸ਼ੀਏ ਕੈਨੇਡਾ ਵਿਚ ਸਨ ਅਤੇ ਮੁੱਖ ਸਬੂਤ ਕੈਨੇਡਾ ਵਿਚ ਟੇਪ ਕੀਤੇ ਗਏ, ਇਸ ਲਈ ਟੈਲੀਫੋਨਾਂ ਦੀਆਂ ਕੈਸਟਾਂ ਕੈਨੇਡਾ ਵਿਚ ਰਾਇਲ ਮਾਊਂਟਡ ਪੁਲਿਸ ਦੇ ਕਬਜੇ 'ਚ ਸਨ। ਪੜਤਾਲ ਪੂਰੀ ਕਰਨ ਤੋਂ ਬਾਅਦ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਦੇ ਤਲਵਿੰਦਰ ਸਿੰਘ ਪਰਮਾਰ ਤੇ ਹੋਰਨਾਂ ਵਿਰੁੱਧ ਚਲਾਨ ਪੇਸ਼ ਕੀਤਾ। ਉਨ੍ਹਾਂ ਦੇ ਤੇ ਸਾਡੇ ਕੇਸ ਵਿਚ ਵੀ ਮੁੱਖ ਸਬੂਤ ਦੋਸ਼ੀਆਂ ਵਲੋਂ ਕੈਨੇਡਾ ਅਤੇ ਉਨ੍ਹਾਂ ਦੇ ਭਾਰਤ ਵਿਚਲੇ ਸਾਥੀਆਂ ਵਿਚਕਾਰ ਟੈਲੀਫੋਨ 'ਤੇ ਹੋਈ ਗੱਲਬਾਤ ਦੀਆਂ ਰਿਕਾਰਡ ਕੀਤੀਆਂ ਟੇਪਾਂ ਹੀ ਸਨ। ਅਦਾਲਤ ਨੇ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਕੇਸ ਦੇ ਦੋਸ਼ੀਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ। ਟੇਪਾਂ ਨੂੰ ਤਕਨੀਕੀ ਤੌਰ 'ਤੇ ਸਬੂਤਾਂ ਵਜੋਂ ਨਾ ਮੰਨਿਆ ਗਿਆ। ਕੈਨੇਡੀਅਨ ਪੁਲਿਸ ਨੇ ਇਸ ਫੈਸਲੇ ਵਿਰੁੱਧ ਉਪਰਲੀ ਅਦਾਲਤ ਵਿਚ ਅਪੀਲ ਕੀਤੀ ਪਰ ਉਚਤਮ ਅਦਾਲਤ ਨੇ ਪੁਲਿਸ ਦੀ ਇਸ ਅਪੀਲ ਨੂੰ ਖਾਰਜ ਕਰ ਦਿੱਤਾ। ਕੈਨੇਡੀਅਨ ਪੁਲਿਸ ਦੀਆਂ ਇਹ ਟੇਪਾਂ ਸੀ.ਬੀ.ਆਈ. ਕੋਲ ਨਹੀਂ ਹਨ। ਬਾਕੀ ਪੜਤਾਲ ਦੌਰਾਨ ਇਕੱਠੇ ਕੀਤੇ ਸਬੂਤ ਇਹ ਮੁਕੱਦਮਾ ਚਲਾਉਣ ਲਈ ਕਾਫੀ ਨਹੀਂ ਹਨ। ਕਾਲਮ ਨੰਬਰ 4 'ਚ ਦਰਜ 13 ਤੋਂ 28 ਤੱਕ ਦੋਸ਼ੀਆਂ ਦੀ ਆਵਾਜ਼ ਦੇ ਨਮੂਨੇ ਵੀ ਰਿਕਾਰਡ ਕੀਤੇ ਗਏ ਤੇ ਇਨ੍ਹਾਂ ਨੂੰ ਕੈਨੇਡੀਅਨ ਪੁਲਿਸ ਰਿਕਾਰਡ ਨਾਲ ਮਿਲਾ ਕੇ ਵੀ ਦੇਖਿਆ ਗਿਆ। ਭਾਰਤ ਵਿਚ ਇਸ ਸਬੰਧੀ ਲੋੜੀਂਦੀ ਤਕਨੀਕ ਦਾ ਹੋਣ ਕਾਰਨ ਸੀ.ਬੀ.ਆਈ. ਇਸ ਦਾ ਵਿਸ਼ਲੇਸ਼ਣ ਕਰਨ ਵਿਚ ਅਸਫਲ ਰਹੀ। ਕੈਨੇਡੀਅਨ ਪੁਲਿਸ ਰਾਹੀਂ ਵੀ ਇਨ੍ਹਾਂ ਆਵਾਜ਼ਾਂ ਦਾ ਮੁਕਾਬਲਾ ਕਰਕੇ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕਿਸੇ ਸਿੱਟੇ 'ਤੇ ਨਾ ਪਹੁੰਚਿਆ ਜਾ ਸਕਿਆ। ਇਸ ਲਈ ਕਿਸੇ ਵੀ ਦੋਸ਼ੀ ਵਿਰੁੱਧ ਆਵਾਜ਼ ਦੇ ਅਧਾਰ 'ਤੇ ਸਬੂਤ ਪੇਸ਼ ਕਰਨਾ ਸੰਭਵ ਨਹੀਂ ਹੈ।

11. ਰਿਪੋਰਟ ਦੇ ਕਾਲਮ ਨੰਬਰ 4 'ਚ ਦਰਜ ਕਰਮਵਾਰ 1 ਤੋਂ 12 ਨੰਬਰ ਤੱਕ ਅਤੇ 29 ਅਤੇ 30 ਨੰਬਰ ਦੋਸ਼ੀ ਪੜਤਾਲ ਦੌਰਾਨ ਗ੍ਰਿਫਤਾਰ ਨਹੀਂ ਸਨ ਕੀਤੇ ਗਏ ਅਤੇ ਹੁਣ

ਉਨ੍ਹਾਂ ਦੀ ਇਸ ਕੇਸ ਵਿਚ ਲੋੜ ਨਹੀਂ ਹੈ। ਦੋਸ਼ੀ ਅਵਤਾਰ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ (ਦੋਸ਼ੀ-13), ਕੁਲਬੀਰ ਸਿੰਘ ਪੁੱਤਰ ਸ੍ਰੀ ਬੁੱਢਾ ਸਿੰਘ (ਦੋਸ਼ੀ-14), ਮਹਿੰਦਰ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ (ਦੋਸ਼ੀ-15) ਭਰਪੂਰ ਸਿੰਘ ਬਲਬੀਰ ਪੁੱਤਰ ਕਰਤਾਰ ਸਿੰਘ (ਦੋਸ਼ੀ-16), ਉਜਾਗਰ ਸਿੰਘ ਪੁੱਤਰ ਸ੍ਰੀ ਕਾਲਾ ਸਿੰਘ (ਦੋਸ਼ੀ-17), ਅਵਤਾਰ ਸਿੰਘ ਪੁੱਤਰ ਸਰੂਪ ਸਿੰਘ (ਦੋਸ਼ੀ-18), ਗੁਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ (ਦੋਸ਼ੀ-19), ਤੇਜਿੰਦਰ ਸਿੰਘ ਬਲਬੀਰ ਪੁਤੱਰ ਭਰਪੂਰ ਸਿੰਘ ਬਲਬੀਰ (ਦੋਸ਼ੀ-20), ਸੰਤੋਖ ਸਿੰਘ ਪੁੱਤਰ ਉਜਾਗਰ ਸਿੰਘ (ਦੋਸ਼ੀ-21), ਅਜੀਤ ਸਿੰਘ ਪੁੱਤਰ ਜਗਤ ਸਿੰਘ (ਦੋਸ਼ੀ-23), ਰਵੀ ਭੂਸ਼ਨ ਪੁੱਤਰ ਮਰਹੂਮ ਕਾਹਨ ਚੰਦ (ਦੋਸ਼ੀ-24), ਨਰਿੰਦਰ ਕੁਮਾਰ ਪੁੱਤਰ ਮਰਹੂਮ ਕਾਹਨ ਚੰਦ (ਦੋਸ਼ੀ-25), ਹਰਭਜਨ ਸਿੰਘ ਪੁੱਤਰ ਕਰਤਾਰ ਸਿੰਘ (ਦੋਸ਼ੀ-26), ਸੇਵਾ ਸਿੰਘ ਪੁੱਤਰ ਕਿਰਪਾ ਸਿੰਘ (ਦੋਸ਼ੀ-27), ਅਤੇ ਦਲੀਪ ਸਿੰਘ ਪੁੱਤਰ ਹਰਚੰਦ ਸਿੰਘ (ਦੋਸ਼ੀ-28) ਪੜਤਾਲ ਦੌਰਾਨ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ 'ਚੋਂ ਹਰਭਜਨ ਸਿੰਘ, ਸੇਵਾ ਸਿੰਘ ਅਤੇ ਦਲੀਪ ਸਿੰਘ ਤੋਂ ਬਿਨਾਂ ਬਾਕੀ ਸਾਰੇ ਜਮਾਨਤ 'ਤੇ ਹਨ ਅਤੇ ਅਵਤਾਰ ਸਿੰਘ ਪੁੱਤਰ ਸਰੂਪ ਸਿੰਘ (ਦੋਸ਼ੀ-18) ਮਰ ਚੁੱਕਾ ਹੈ।

12. ਉੱਪਰ ਬਿਆਨੇ ਤੱਥਾਂ ਅਤੇ ਹਾਲਤਾਂ ਦੇ ਸਨਮੁੱਖ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਕੇਸ ਬੰਦ ਕਰਨ ਦੇ ਹੁਕਮ ਕੀਤੇ ਜਾਣ ਅਤੇ ਦੋਸ਼ੀ ਵਿਅਕਤੀਆਂ ਨੂੰ ਰਿਹਾ ਕੀਤਾ ਜਾਏ। ਹਿਰਾਸਤ ਵਿਚ ਦੋਸ਼ੀ ਸ੍ਰੀ ਹਰਭਜਨ ਸਿੰਘ, ਸੇਵਾ ਸਿੰਘ ਅਤੇ ਦਲੀਪ ਸਿੰਘ ਨੂੰ, ਜਿਹੜੇ ਕੇਂਦਰੀ ਜੇਲ੍ਹ ਤਿਹਾੜ ਵਿਚੋਂ ਨਜ਼ਰਬੰਦ ਹਨ ਨੂੰ ਵੀ ਹਿਰਾਸਤ 'ਚੋਂ ਰਿਹਾ ਕਰਨ ਦੇ ਹੁਕਮ ਕੀਤੇ ਜਾਣ। ਕਿਰਪਾ ਕਰਕੇ ਪੜਤਾਲ ਦੌਰਾਨ ਕਬਜੇ 'ਚ ਲਏ ਗਏ ਦਸਤਾਵੇਜ਼ ਵੀ ਸਬੰਧਤ ਪਾਰਟੀਆਂ ਨੂੰ ਵਾਪਸ ਕਰਨ ਦੇ ਹੁਕਮ ਜਾਰੀ ਕੀਤੇ ਜਾਣ।

* * *

ਟਾਡਾ

ਦਹਿਸ਼ਤਗਰਦ ਤੇ ਭੰਨ ਤੋੜ ਕਾਰਵਾਈਆਂ ਰੋਕੂ ਕਾਨੂੰਨ 1985 (The Terrorist and Disruptive Activities (Prevention) Act) ਸਾਰੇ ਭਾਰਤ ਵਾਸਤੇ ਬਣਿਆ ਹੈ ਤੇ ਭਾਰਤ ਦੇ ਹਰ ਸ਼ਹਿਰੀ ਭਾਵੇਂ ਉਹ ਭਾਰਤ ਦੇ ਅੰਦਰ ਰਹਿੰਦਾ ਹੋਵੇ ਜਾਂ ਭਾਰਤ ਦੇ ਬਾਹਰ ਸਾਰਿਆਂ 'ਤੇ ਲਾਗੂ ਹੁੰਦਾ ਹੈ। ਸਰਕਾਰ ਦੀ ਨੌਕਰੀ ਕਰਨ ਵਾਲੇ 'ਤੇ ਵੀ ਇਹ ਲਾਗੂ ਹੁੰਦਾ ਹੈ। ਭਾਵੇਂ ਉਹ ਕਿਤੇ ਵੀ ਨੌਕਰੀ ਕਰ ਰਿਹਾ ਹੋਵੇ। ਸਮੁੰਦਰੀ ਤੇ ਹਵਾਈ ਜਹਾਜ਼, ਜਿਹੜੇ ਭਾਰਤ ਵਿਚ ਰਜਿਸਟਰ ਹੋਏ ਹੋਣ ਤੇ ਉਹ ਭਾਵੇਂ ਕਿਤੇ ਵੀ ਹੋਣ, ਉਨ੍ਹਾਂ 'ਤੇ ਵੀ ਇਹ ਕਾਨੂੰਨ ਲਾਗੂ ਹੁੰਦਾ ਹੈ। ਪਰ ਜੰਮੂ ਤੇ ਕਸ਼ਮੀਰ ਸੂਬੇ 'ਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਇਸ ਕਾਨੂੰਨ ਦੇ ਲਾਗੂ ਹੋਣ ਤੋਂ ਇਸ ਦੀ ਮਿਆਦ ਦੋ ਸਾਲ ਹੋਵੇਗੀ ਪਰ ਇਸ ਦੇ ਮੁੱਕਣ ਦੀ ਤਾਰੀਖ 'ਤੇ ਕੋਈ ਅਸਰ ਨਹੀਂ ਪਵੇਗਾ। ਸਰਕਾਰ ਵਲੋਂ ਨੋਟੀਫਿਕੇਸ਼ਨ ਜਾਰੀ ਕਰਨ ਨਾਲ ਇਹ ਕਾਨੂੰਨ ਲਾਗੂ ਹੋ ਜਾਵੇਗਾ ਤੇ ਹਰ ਤਰ੍ਹਾਂ ਦੀਆਂ ਸਜ਼ਾਵਾਂ, ਪੁੱਛਗਿੱਛ ਤੇ ਜਾਬਤੇ ਦੀ ਕਾਰਵਾਈ ਏਸੇ ਤਰ੍ਹਾਂ ਹੀ ਜਾਰੀ ਰਹੇਗੀ, ਜਿਸ ਤਰ੍ਹਾਂ ਇਹ ਕਾਨੂੰਨ ਅਜੇ ਮੁੱਕਾ ਨਹੀਂ ਹੁੰਦਾ। ਇਸ ਦੀ ਇਸ ਪਰਿਭਾਸ਼ਾ ਤੋਂ ਸਪੱਸ਼ਟ ਪਤਾ ਲੱਗਦਾ ਹੈ ਕਿ ਸਰਕਾਰ ਵਲੋਂ ਇਹ ਕਾਨੂੰਨ ਛੇਤੀ ਖਤਮ ਕਰਨ ਦਾ ਕੋਈ ਇਰਾਦਾ ਨਹੀਂ ਸੀ।

ਅੰਗਰੇਜ਼ਾਂ ਨੇ ਭਾਰਤ ਨੂੰ ਗੁਲਾਮ ਰੱਖਣ ਵਾਸਤੇ ਰਵਾਲਟ ਐਕਟ, ਜਿਹੜਾ ਕਿ ਰੋਲਟ ਐਕਟ ਦੇ ਨਾਂ ਨਾਲ ਮਸ਼ਹੂਰ ਹੋਇਆ, ਬਣਾਇਆ। ਪਰ ਉਹ ਕਾਨੂੰਨ ਉਨ੍ਹਾਂ ਨੇ ਕਦੇ ਵੀ ਲਾਗੂ ਨਾ ਕੀਤਾ। ਉਸ ਵਿਚ ਕੁਝ ਮੱਦਾਂ ਐਸੀਆਂ ਸਨ, ਜਿਹੜੀਆਂ ਆਮ ਪ੍ਰਚੱਲਤ ਕਾਨੂੰਨ ਤੋਂ ਥੋੜ੍ਹੀਆਂ ਜਿਹੀਆਂ ਵੱਖਰੀਆਂ ਤੇ ਸਖਤ ਸਨ। ਮਿਸਾਲ ਦੇ ਤੌਰ 'ਤੇ ਪੁਲਿਸ ਕਿਸੇ ਵੀ ਬੰਦੇ ਨੂੰ ਬਿਨਾਂ ਵਾਰੰਟ ਤੋਂ ਗ੍ਰਿਫਤਾਰ ਕਰ ਸਕਦੀ ਸੀ, ਰਾਤ ਨੂੰ ਵੀ ਉਸ ਦੇ ਘਰ ਦੀ ਤਲਾਸ਼ੀ ਲੈ ਸਕਦੀ ਸੀ, (ਪਰ ਵਾਰੰਟ ਨਾਲ) ਕਿਸੇ ਵੀ ਥਾਂ ਮੌਕੇ ਉਤੇ ਹੀ ਦਫਾ 144 ਲਾ ਸਕਦੀ ਸੀ (ਆਮ ਤੌਰ 'ਤੇ ਦਫਾ 144, ਜਿਸ ਵਿਚ ਪੰਜ ਬੰਦਿਆਂ ਤੋਂ ਵੱਧ ਦੇ ਇਕੱਠੇ ਨਾ ਹੋਣ ਵਗੈਰਾ ਜਾਂ ਕਿਸੇ ਖਾਸ ਥਾਂ 'ਤੇ ਇਕੱਠੇ ਹੋਣ ਲਈ ਉਸ ਜ਼ਿਲ੍ਹੇ ਦਾ ਡੀ.ਸੀ. ਇਕ ਮਹੀਨਾ, ਦੋ ਮਹੀਨੇ ਜਾਂ ਜਿੰਨਾ ਚਿਰ ਉਹ ਚਾਹਵੇ, ਉਸ ਸਮੇਂ ਤੱਕ ਦਫਾ 144 ਲਾ ਸਕਦਾ ਸੀ) ਹਥਿਆਰ ਲੈ ਕੇ ਨਾ ਘੁੰਮਣਾ ਵੀ ਇਨ੍ਹਾਂ ਹੁਕਮਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਸੀ। ਕੋਈ ਖਾਸ ਕਿਸਮ ਦਾ ਨਾਅਰਾ ਲਾਉਣ ਦੀ ਵੀ ਰੋਲਟ ਐਕਟ ਵਿਚ ਪਾਬੰਦੀ ਸੀ, ਜਿਵੇਂ 'ਅੰਗਰੇਜੋ ਭਾਰਤ ਛੋੜੋ' ਜਾਂ 'ਅਸੀਂ ਕੀ ਚਾਹੁੰਦੇ ਹਾਂ, ਆਜ਼ਾਦੀ' ਆਦਿ। ਇਸ ਕਾਨੂੰਨ ਦਾ ਏਨਾ ਰੌਲਾ ਰੱਪਾ ਪਿਆ ਕਿ ਅੰਗਰੇਜ਼ਾਂ ਨੇ ਹੀ ਇਸ ਦੇ ਵਿਰੁੱਧ ਰਿਪੋਰਟਾਂ ਲਿਖ ਕੇ ਸਰਕਾਰ ਨੂੰ ਭੇਜੀਆਂ ਤੇ ਨਤੀਜਾ ਇਹ ਹੋਇਆ ਕਿ ਇਹ ਰੋਲਟ ਐਕਟ ਕਦੇ ਵੀ ਲਾਗੂ ਨਾ ਹੋ ਸਕਿਆ। ਅਜ਼ਾਦ ਭਾਰਤ ਵਿਚ 1952 ਵਿਚ ਵੀ ਇਕ ਕਾਨੂੰਨ ਬੰਗਾਲ ਰੈਗੂਲੇਸ਼ਨ ਐਕਟ ਬਣਿਆ ਸੀ। ਉਹ ਕਾਨੂੰਨ ਵੀ ਸਿਰਫ ਇਕ ਸਿੱਖ ਲੀਡਰ ਮਾਸਟਰ ਤਾਰਾ ਸਿੰਘ 'ਤੇ ਹੀ ਇਕ ਵਾਰ ਲਗਾ ਸੀ। ਟਾਡਾ ਐਕਟ ਵੀ ਪਹਿਲੇ ਦੋ ਸਾਲ ਸਿੱਖਾਂ 'ਤੇ ਹੀ ਲੱਗਦਾ ਰਿਹਾ ਤਾਂ ਹੀ ਇਸ ਦਾ ਨਾਂ ਸਿੱਖ ਐਕਟ ਪੈ ਗਿਆ ਸੀ।

ਪਰ ਆਜ਼ਾਦ ਭਾਰਤ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਨੇ ਜਿਹੜਾ ਕਾਨੂੰਨ ਟਾਡਾ ਬਣਾਇਆ, ਅੰਗਰੇਜ਼ਾਂ ਦਾ ਬਣਾਇਆ ਹੋਇਆ ਰੋਲਟ ਐਕਟ, ਇਸ ਦੇ ਸਾਹਮਣੇ ਇਕ

ਦਿਨ ਦੇ ਨਵੇਂ ਜੰਮੇ ਬੱਚੇ ਨਾਲੋਂ ਵੀ ਛੋਟਾ ਲਗਦਾ ਹੈ। ਰੋਲਟ ਐਕਟ ਵਿਚ ਤਾਂ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਸੀ, ਜਿਸ ਤਰ੍ਹਾਂ ਦਾ ਟਾਡਾ ਐਕਟ ਵਿਚ ਹੈ। ਇਸ ਕਾਨੂੰਨ ਵਿਚ ਪੁਲਿਸ ਦੇ ਹੌਲਦਾਰ ਨੂੰ ਇਹ ਸ਼ਕਤੀ ਦੇ ਦਿੱਤੀ ਗਈ ਕਿ ਉਹ ਬਗੈਰ ਗ੍ਰਿਫਤਾਰੀ ਵਾਰੰਟ ਕਿਸੇ ਨੂੰ ਵੀ ਗ੍ਰਿਫਤਾਰ ਕਰ ਸਕਦਾ ਹੈ, ਕਿਸੇ ਦੇ ਘਰ, ਮਕਾਨ, ਦੁਕਾਨ ਤੇ ਗੋਦਾਮ ਦੀ ਬਗੈਰ ਤਲਾਸ਼ੀ ਵਾਰੰਟਾਂ ਤੋਂ ਤਲਾਸ਼ੀ ਲੈ ਸਕਦਾ ਹੈ ਤੇ ਜੇ ਉਨ੍ਹਾਂ ਥਾਵਾਂ ਨੂੰ ਤਾਲਾ ਲੱਗਾ ਹੋਵੇ ਤਾਂ ਤਾਲਾ ਤੋੜ ਕੇ ਅੰਦਰ ਦਾਖਲ ਹੋ ਸਕਦਾ ਹੈ। ਕੁਝ ਮਾਮੂਲੀ ਮਾਮੂਲੀ ਗੱਲਾਂ 'ਤੇ ਵੀ ਇਹ ਕਾਨੂੰਨ ਲਾਗੂ ਹੋ ਜਾਂਦਾ ਹੈ। ਜਿਵੇਂ ਕੇ ਧਾਰਾ –

212, 216 ਥਲੇ, ਕੋਈ ਰਿਸ਼ਤੇਦਾਰ ਆਪਣੇ ਰਿਸ਼ਤੇਦਾਰ ਦੇ ਘਰੋਂ ਰੋਟੀ ਖਾ ਜਾਵੇ। ਕੋਈ ਰਾਹ ਜਾਂਦਾ ਰਾਹੀ ਗੁਰਦੁਆਰੇ ਦੇ ਲੰਗਰ ਵਿਚੋਂ ਰੋਟੀ ਖਾ ਜਾਵੇ। ਪੁੱਤਰ ਆਪਣੇ ਪਿਓ ਦੇ ਘਰੋਂ ਜਾਂ ਭਰਾ ਦੇ ਘਰੋਂ ਰੋਟੀ ਖਾ ਜਾਵੇ ਜਾਂ ਵਰਤਣ ਲਈ ਕੁਝ ਪੈਸੇ ਲੈ ਜਾਵੇ ਜਾਂ ਉਸਦਾ ਭਰਾ ਆਪਣੇ ਸਕੂਟਰ 'ਤੇ ਉਸ ਨੂੰ ਬੱਸ ਅੱਡੇ 'ਤੇ ਛੱਡ ਆਵੇ। ਕਾਰ 'ਤੇ ਜਾਂ ਕਿਸੇ ਵੀ ਆਵਾਜਾਈ ਸਾਧਨ 'ਤੇ ਕੋਈ ਲਿਫਟ ਮੰਗ ਲਵੇ ਜਾਂ ਕੋਈ ਗੱਲਾਂ ਕਰਦਾ ਕਰਦਾ ਕਹਿ ਦੇਵੇ, "ਲਗਦਾ ਹੈ ਦੋ ਤਿੰਨ ਸਾਲ ਤੱਕ ਖਾਲਿਸਤਾਨ ਬਣ ਜਾਵੇਗਾ।" ਇਹ ਭਵਿਖਬਾਣੀ ਵੀ ਇਸ ਕਾਨੂੰਨ ਦੇ ਥੱਲੇ ਆਉਂਦੀ ਹੈ।

ਜੋਤਸ਼ੀ ਕਹਿ ਦੇਵੇ, "ਤੇਰੇ ਸਿਤਾਰੇ ਦੱਸਦੇ ਹਨ ਕਿ ਤੂੰ ਕਿਸੇ ਨਵੇਂ ਰਾਜ ਦਾ ਮੁੱਖ ਮੰਤਰੀ ਬਣੇਗਾ"। ਇਹ ਵੀ ਇਸ ਕਾਨੂੰਨ ਥਲੇ ਅਪਰਾਧ ਸੀ।

ਕੋਈ ਛਪਿਆ ਹੋਇਆ ਇਸ਼ਤਿਹਾਰ ਜਾਂ ਫੋਟੋ ਜਾਂ ਕਿਸੇ ਲੀਡਰ ਜਾਂ ਕਿਸੇ ਹੋਰ ਵਲੋਂ ਪੁਲਿਸ ਗੋਲੀ ਨਾਲ ਮਾਰੇ ਗਏ ਬੰਦੇ ਨੂੰ ਸ਼ਹੀਦ ਕਹਿਣਾ, ਕੋਈ ਕਵੀ ਕਵਿਤਾ ਪੜ੍ਹੇ ਜਾਂ ਆਪਣੇ ਭਾਸ਼ਣ ਵਿਚ ਸਰਕਾਰ ਤੇ ਪੁਲਿਸ ਦੀਆਂ ਜ਼ਿਆਦਤੀਆਂ ਦਾ ਜ਼ਿਕਰ ਕਰੇ।

ਗੁਰਬਾਣੀ ਦਾ ਕੀਰਤਨ ਹੋਵੇ ਪਰ ਢੁਕਦਾ ਮੌਜੂਦਾ ਹਾਲਾਤ ਤੇ ਹੋਵੇ, ਇਕ ਰਾਜਨੀਤਕ ਪਾਰਟੀ ਸਰਕਾਰ ਵਲੋਂ ਕਰਵਾਈਆਂ ਜਾ ਰਹੀਆਂ ਚੋਣਾਂ ਵਿਚ ਭਾਗ ਨਾ ਲਵੇ ਤੇ ਚੋਣਾਂ ਦਾ ਬਾਈਕਾਟ ਕਰੇ। ਉਹ ਕਿਸੇ ਦੇ ਵੀ ਘਰ ਵਿਚ ਕਿਸੇ ਵੇਲੇ ਵੀ ਏਥੋਂ ਤੱਕ ਕਿ ਰਾਤ ਨੂੰ ਵੀ ਕਿਸੇ ਵੇਲੇ ਬਗੈਰ ਕਿਸੇ ਤਲਾਸ਼ੀ ਵਾਰੰਟ ਦੇ ਦਾਖਲ ਹੋ ਸਕਦਾ ਹੈ ਤੇ ਉਸ ਨੂੰ ਗ੍ਰਿਫਤਾਰ ਕਰ ਸਕਦਾ ਹੈ। ਬਗੈਰ ਕਿਸੇ ਗ੍ਰਿਫਤਾਰੀ ਵਰੰਟ ਦੇ ਉਸ ਦੇ ਘਰ ਦਾ ਚੱਪਾ ਚੱਪਾ ਛਾਣ ਸਕਦਾ ਹੈ, ਇਥੋਂ ਤੱਕ ਕਿ ਜੇ ਕਿਸੇ ਦੇ ਘਰ ਤਾਲਾ ਲੱਗਾ ਹੋਵੇ ਤੇ ਉਹ ਘਰ ਨਾ ਹੋਵੇ ਤਾਂ ਵੀ ਉਸਦਾ ਤਾਲਾ ਤੋੜ ਕੇ ਅੰਦਰ ਦਾਖਲ ਹੋ ਸਕਦਾ ਹੈ, ਉਸ ਨੂੰ ਕਿਸੇ ਵੀ ਆਂਢੀ ਗੁਆਂਢੀ ਜਾ ਕਿਸੇ ਮੋਹਤਬਰ ਨੂੰ ਬੁਲਾਉਣ ਦੀ ਲੋੜ ਨਹੀਂ। ਯਾਨੀ ਕਿ ਕਿਸੇ ਦੀ ਗ੍ਰਿਫਤਾਰੀ ਵਾਸਤੇ ਜਾਂ ਉਸਦੇ ਘਰ ਦੀ ਦੁਕਾਨ ਦੀ ਗੁਦਾਮ ਦੀ ਜਾਂ ਕਿਸੇ ਵੀ ਥਾਂ ਦੀ ਤਲਾਸ਼ੀ ਲੈਣ ਲਈ ਅਦਾਲਤ ਦੇ ਵਾਰੰਟਾਂ ਦੀ ਜ਼ਰੂਰਤ ਨਹੀਂ।

ਜੇ ਕਿਸੇ ਦੇ ਘਰੋਂ ਕੋਈ ਅਸਲਾ ਨਾ ਵੀ ਮਿਲੇ ਸਿਰਫ ਇਕ ਚਾਕੂ ਹੀ ਮਿਲ ਜਾਵੇ ਤਾਂ ਟਾਡਾ ਐਕਟ ਥੱਲੇ ਕੇਸ ਦਰਜ ਹੋਵੇਗਾ। ਸਾਰੀ ਐਫ.ਆਈ.ਆਰ. ਉਸੇ ਤਰ੍ਹਾਂ ਹੀ ਦਰਜ ਹੋਵੇਗੀ, ਜਿਵੇਂ ਪਹਿਲਾਂ ਹੁੰਦੀ ਸੀ। ਸਿਰਫ ਸੱਜੇ ਹੱਥ ਦੇ ਉਪਰਲੇ ਕੋਨੇ 'ਤੇ ਟਾਡਾ ਐਕਟ ਲਿਖ ਦਿੱਤਾ ਜਾਵੇ ਤਾਂ ਵਿਅਕਤੀ ਦਾ ਕੇਸ ਵਿਸ਼ੇਸ਼ ਅਦਾਲਤਾਂ, ਜਿਹੜੀਆਂ ਕਿ ਏਹੋ ਜਿਹੇ ਕੇਸ ਸੁਣਨ ਵਾਸਤੇ ਹੀ ਬਣਾਈਆਂ ਗਈਆਂ ਹਨ ਅੱਗੇ ਪੇਸ਼ ਹੋਵੇਗਾ। ਇਨ੍ਹਾਂ ਅਦਾਲਤਾਂ ਦੇ ਮੁਖੀ ਸੈਸ਼ਨ ਜੱਜ ਹੋਣਗੇ ਤੇ ਇਨ੍ਹਾਂ ਅਦਾਲਤਾਂ ਵਲੋਂ ਕੀਤਾ ਗਿਆ ਕੋਈ

ਵੀ ਫੈਸਲਾ ਹਾਈ ਕੋਰਟ ਵਿਚ ਨਹੀਂ ਜਾ ਸਕਦਾ। ਅਰਥਾਤ ਕੋਈ ਵੀ ਬੰਦਾ ਸੈਸ਼ਨ ਜੱਜ ਦੇ ਫੈਸਲੇ ਦੀ ਟਾਡਾ ਐਕਟ ਥੱਲੇ ਅਪੀਲ ਪਹਿਲਾਂ ਵਾਂਗ ਹਾਈ ਕੋਰਟ ਵਿਚ ਨਹੀਂ ਕਰ ਸਕਦਾ। ਸੈਸ਼ਨ ਜੱਜ ਦੀ ਅਪੀਲ ਸਿੱਧੀ ਸੁਪਰੀਮ ਕੋਰਟ ਵਿਚ ਹੋ ਸਕਦੀ ਹੈ। ਜੇ ਕੋਈ ਤੋੜ ਫੋੜ ਦੀ ਐਸੀ ਕਾਰਵਾਈ ਹੋ ਜਾਵੇ, ਜਿਸ ਵਿਚ ਕਿਸੇ ਬੰਦੇ ਦੀ ਮੌਤ ਹੋ ਜਾਵੇ ਤਾਂ ਦੋਸ਼ੀ ਨੂੰ ਮੌਤ ਤੋਂ ਘੱਟ ਸਜ਼ਾ ਨਹੀਂ ਹੋਵੇਗੀ। ਬਾਕੀ ਕੇਸਾਂ ਵਿਚ ਜਿਥੇ ਕਿਸੇ ਕੋਲੋਂ ਕੋਈ ਅਸਲ੍ਹਾ ਵਿਸਫੋਟਕ ਸਮੱਗਰੀ ਬਰਾਮਦ ਹੋ ਜਾਵੇ ਤਾਂ ਉਮਰ ਕੈਦ ਦੀ ਸਜਾ ਤੇ ਨਾਲ ਜੁਰਮਾਨਾ ਹੋ ਸਕਦਾ ਹੈ। ਕਿਸੇ ਵੀ ਹਾਲਤ ਵਿਚ ਇਸ ਕਾਨੂੰਨ ਥੱਲੇ ਪੰਜ ਸਾਲ ਤੋਂ ਘੱਟ ਸਜ਼ਾ ਨਹੀਂ ਹੋ ਸਕਦੀ। ਜੇ ਕੋਈ ਵਿਅਕਤੀ ਤੋੜ ਫੋੜ ਦੀ ਕਾਰਵਾਈ ਨੂੰ ਸਲਾਹੇ ਜਾਂ ਉਸੇ 'ਤੇ ਸ਼ਰਤ ਲਾਵੇ ਜਾਂ ਭਵਿੱਖਬਾਣੀ ਕਰੇ ਜਾਂ ਜਾਣਦਾ ਬੁਝਦਾ ਹੋਇਆ ਵੀ ਕਿਸੇ ਨੂੰ ਸਹੂਲਤ ਪਹੁੰਚਾਵੇ ਤਾਂ ਉਸ ਨੂੰ ਉਮਰ ਕੈਦ ਦੀ ਸਜਾ ਹੋਵੇਗੀ ਪਰ ਕਿਸੇ ਹਾਲਤ ਵਿਚ ਵੀ ਇਹ ਸਜਾ ਤਿੰਨ ਸਾਲ ਤੋਂ ਘੱਟ ਨਹੀਂ ਹੋਵੇਗੀ। ਤੋੜ ਫੋੜ ਤੋਂ ਭਾਵ ਹੈ ਕੋਈ ਭਾਸ਼ਣ ਦੇਣਾ ਜਾਂ ਕਿਸੇ ਹੋਰ ਮੀਡੀਏ ਰਾਹੀਂ ਪ੍ਰਚਾਰ ਕਰਨਾ ਵੀ ਤੋੜ ਫੋੜ ਹੀ ਗਿਣਿਆ ਜਾਵੇਗਾ। ਪੁਲਿਸ ਇਕ ਸਾਲ ਤੱਕ ਚਲਾਨ ਪੇਸ਼ ਨਾ ਵੀ ਕਰੇ ਤਾਂ ਵੀ ਪੁਲਿਸ ਦੀ ਮਰਜ਼ੀ ਤੋਂ ਬਿਨਾਂ ਜੱਜ ਉਸ ਕੇਸ ਵਿਚ ਜ਼ਮਾਨਤ ਨਹੀਂ ਲੈ ਸਕਦਾ। ਸਿਰਫ ਅਦਾਲਤੀ ਰਿਮਾਂਡ ਵਿਚ ਵਾਧਾ ਹੀ ਕਰ ਸਕਦਾ ਹੈ। ਇਸ ਕਾਨੂੰਨ ਵਿਚ ਇਹ ਜ਼ਰੂਰੀ ਨਹੀਂ ਕਿ ਜਲੰਧਰ ਦੇ ਬੰਦੇ ਦਾ ਕੇਸ ਜਲੰਧਰ ਦੀ ਵਿਸ਼ੇਸ਼ ਅਦਾਲਤ ਅੱਗੇ ਹੀ ਚਲਾਇਆ ਜਾਵੇ। ਭਾਰਤ ਦੇ ਕਿਸੇ ਵੀ ਹਿੱਸੇ ਵਿਚ ਉਸ ਬੰਦੇ ਦਾ ਮੁਕੱਦਮਾ ਚਲਾਇਆ ਜਾ ਸਕਦਾ ਹੈ। ਸੈਸ਼ਨ ਜੱਜ ਕੋਲੋਂ ਪੁਲਿਸ ਅਗਰ ਚਾਹਵੇ ਤਾਂ ਸੱਠ ਦਿਨ (ਦੋ ਮਹੀਨੇ) ਦਾ ਪੁਲਿਸ ਰੀਮਾਂਡ ਵੀ ਪ੍ਰਾਪਤ ਕਰ ਸਕਦੀ ਹੈ। ਜੇਲ੍ਹ ਵਿਚ ਅਦਾਲਤੀ ਰਿਮਾਂਡ ਅਧੀਨ ਭੇਜੇ ਬੰਦੇ ਦਾ (Production) ਵਾਰੰਟ ਕਿਸੇ ਵੇਲੇ ਵੀ ਪੁਲਿਸ ਹਾਸਲ ਕਰ ਸਕਦੀ ਹੈ। ਇਸ ਆੜ ਥੱਲੇ ਹੀ ਪੁਲਿਸ ਨੇ ਹਥਿਆਰਾ ਦੀ ਬਰਾਮਦਗੀ ਲਈ ਕਈ ਨੌਜਵਾਨ ਜੇਲ੍ਹਾਂ ਵਿਚੋਂ ਬਾਹਰ ਲਿਆ ਲਿਆ ਕੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰੇ ਹਨ। ਆਮ ਕਾਨੂੰਨ ਵਿਚ ਪੁਲਿਸ ਦੁਆਰਾ ਫੜੇ ਗਏ ਕਿਸੇ ਵੀ ਮੁਲਜ਼ਮ ਨੂੰ ਓਨਾਂ ਚਿਰ ਨਿਰਦੋਸ਼ ਗਿਣਿਆ ਜਾਂਦਾ ਹੈ, ਜਿੰਨਾ ਚਿਰ ਪੁਲਿਸ ਉਸ ਵਿਰੁਧ ਸਬੂਤ ਪੇਸ਼ ਕਰਕੇ ਇਹ ਸਾਬਤ ਨਾ ਕਰ ਦੇਵੇ ਕਿ ਇਹ ਵਿਅਕਤੀ ਦੋਸ਼ੀ ਹੈ। ਪਰ ਟਾਡਾ ਕਾਨੂੰਨ ਥੱਲੇ ਪੁਲਿਸ ਵਲੋਂ ਗ੍ਰਿਫਤਾਰ ਕੀਤਾ ਵਿਅਕਤੀ ਦੋਸ਼ੀ ਹੀ ਸਮਝਿਆ ਜਾਂਦਾ ਹੈ, ਜਿਨ੍ਹਾਂ ਚਿਰ ਉਹ ਆਪ ਅਦਾਲਤ ਅੱਗੇ ਸਾਬਤ ਨਾ ਕਰ ਦੇਵੇ ਕਿ ਉਹ ਨਿਰਦੋਸ਼ ਹੈ।

ਆਮ ਕਾਨੂੰਨ ਵਿਚ ਹਰ ਬੰਦੇ ਨੂੰ ਇਹ ਹੱਕ ਹੈ ਕਿ ਉਹ ਪੁੱਛਗਿੱਛ ਕਰਨ ਵਾਲਿਆਂ ਅਫਸਰਾਂ ਨੂੰ ਉਨ੍ਹਾਂ ਗੱਲਾਂ ਦਾ ਜੁਆਬ ਨਾ ਦੇਵੇ, ਜੋ ਉਸ ਨੂੰ ਦੋਸ਼ੀ ਸਾਬਤ ਕਰਦੀਆਂ ਹੋਣ ਪਰ ਟਾਡਾ ਵਿਚ ਜੇ ਕੋਈ ਐਸ.ਪੀ. ਰੈਂਕ ਦਾ ਅਫਸਰ ਝੂਠ ਮੂਠ ਹੀ ਅਦਾਲਤ ਅੱਗੇ ਇਹ ਗਵਾਹੀ ਦੇ ਦੇਵੇ ਕਿ ਫਲਾਣੇ ਬੰਦੇ ਨੇ ਮੇਰੇ ਸਾਹਮਣੇ ਜੁਰਮ ਕਰਨਾ ਮੰਨਿਆ ਸੀ ਤਾਂ ਉਸ ਦੀ ਇਸ ਗਵਾਹੀ ਨੂੰ ਉਸ ਅਦਾਲਤ ਅੱਗੇ ਦਿੱਤੀ ਹੋਈ ਗਵਾਹੀ ਮੰਨ ਲਿਆ ਜਾਵੇਗਾ, ਜਿਸ ਅਦਾਲਤ ਵਿਚ ਉਸਦਾ ਕੇਸ ਚੱਲ ਰਿਹਾ ਹੈ। ਪਹਿਲਾ ਪ੍ਰਚੱਲਤ ਕਾਨੂੰਨ ਇਹ ਹੈ ਕਿ ਜਦੋਂ ਗਵਾਹ ਕੋਈ ਗਵਾਹੀ ਦੇਵੇ ਤਾਂ ਮੁਲਜ਼ਮ ਦਾ ਵਕੀਲ ਉਸ ਨੂੰ ਸੁਆਲ ਪੁੱਛੇ ਤੇ ਉਸ 'ਤੇ ਜਿਰਹਾ ਕਰੇ ਪਰ ਟਾਡਾ ਕਾਨੂੰਨ ਥਲੇ ਜੱਜ ਸਾਹਮਣੇ ਗਵਾਹੀ ਦੇਂਦੇ ਗਵਾਹ ਦਾ

ਇਹ ਹੱਕ ਬਣਦਾ ਸੀ ਕਿ ਅਦਾਲਤ ਨੂੰ ਆਖੇ ਕਿ ਉਸ ਦੀ ਇਕੱਲੇ ਦੀ ਗਵਾਹੀ ਹੀ ਅਦਾਲਤ ਵਿਚ ਲਈ ਜਾਵੇ ਅਰਥਾਤ ਜੱਜ, ਸਰਕਾਰੀ ਵਕੀਲ ਤੇ ਮੁਲਜਮ ਦੇ ਵਕੀਲ ਤੋਂ ਬਿਨਾਂ ਹੋਰ ਉਥੇ ਕੋਈ ਵੀ ਨਾ ਹੋਵੇ। ਕਚਹਿਰੀ ਦਾ ਰੀਡਰ ਤੇ ਟਾਈਪਿਸਟ ਵੀ ਨਹੀਂ। ਇਸ ਕਿਸਮ ਦੀ ਗਵਾਹੀ ਨੂੰ (Under camera) ਕਿਹਾ ਜਾਂਦਾ ਹੈ। ਜਦੋਂ ਗਵਾਹ ਆਪਣੀ ਗਵਾਹੀ ਦੇ ਰਿਹਾ ਹੋਵੇ ਤਾਂ ਮੁਲਜਮ ਦੇ ਵਕੀਲ ਨੂੰ ਇਹ ਹੱਕ ਹਾਸਲ ਨਹੀਂ ਕਿ ਉਹ ਗਵਾਹ ਦਾ ਨਾਂ, ਉਸ ਦੇ ਪਿਓ ਦਾ ਨਾਂ, ਪਿੰਡ ਸ਼ਹਿਰ ਜਾਂ ਮੁਹੱਲੇ ਦਾ ਪਤਾ ਪੁੱਛ ਸਕੇ ਤੇ ਉਸਦੀ ਗਵਾਹੀ 'ਤੇ ਬਹਿਸ ਕਰ ਸਕੇ। ਜੇ ਗਵਾਹ ਕਹੇ ਕਿ ਮੈਂ ਇਕੱਲੇ ਨੇ ਹੀ ਗਵਾਹੀ ਦੇਣੀ ਹੈ ਤਾਂ ਅਦਾਲਤ ਨੂੰ ਇਹ ਮੰਨਣਾ ਕਾਨੂੰਨ ਅਨੁਸਾਰ ਜ਼ਰੂਰੀ ਹੈ।

ਮੰਨ ਲਓ ਕਿ ਗਵਾਹ ਅਦਾਲਤ ਨੂੰ ਇਹ ਕਹੇ ਕਿ ਮੈਂ ਕਿਸੇ ਦੇ ਸਾਹਮਣੇ ਗਵਾਹੀ ਨਹੀਂ ਦੇਣੀ ਤਾਂ ਜੱਜ ਉਸ ਵਿਅਕਤੀ ਦੀ ਗਵਾਹੀ ਬਗੈਰ ਕਿਸੇ ਦੀ ਹਾਜ਼ਰੀ ਤੋਂ ਆਪਣੇ ਅਰਾਮ ਕਮਰੇ ਵਿਚ ਬੈਠ ਕੇ ਹੀ ਲਿਖਣ ਲਈ ਪਾਬੰਦ ਹੈ। ਜਿਸ ਗਵਾਹੀ 'ਤੇ ਦੂਜੀ ਪਾਰਟੀ ਵਲੋਂ ਕੋਈ ਬਹਿਸ ਹੀ ਨਹੀਂ ਹੋਈ, ਉਹ ਗਵਾਹੀ ਵੀ ਇਸ ਕਾਨੂੰਨ ਤਹਿਤ ਮੰਨੀ ਜਾਂਦੀ ਹੈ। ਵੈਸੇ ਵੀ ਗਵਾਹ ਭੁਗਤਾਉਣੇ ਟਾਡਾ ਅਨੁਸਾਰ ਪੁਲਿਸ ਲਈ ਜ਼ਰੂਰੀ ਨਹੀਂ ਹਨ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨਾ ਤਾਂ ਮੁਲਜਮ ਦੀ ਜ਼ਿੰਮੇਵਾਰੀ ਹੈ।

ਕਈ ਵਾਰ ਵਿਸ਼ੇਸ਼ ਅਦਾਲਤਾਂ ਦੇ ਜੱਜਾਂ ਦਾ ਇਸ ਤਰ੍ਹਾਂ ਦੇ ਮੁਕੱਦਮੇ ਸੁਣਦਿਆਂ ਦਾ ਦਿਲ ਬੜਾ ਅਕਲਕਾਂਦ ਆਉਂਦਾ ਹੈ ਪਰ ਪੁਲਿਸ ਦੀ ਏਨੀ ਚੜ੍ਹਤ ਸੀ ਕਿ ਮਾਮੂਲੀ ਸਰਕਾਰੀ ਵਕੀਲ ਜੱਜ ਨੂੰ ਮਜ਼ਾਕ ਤੱਕ ਕਰ ਦੇਂਦੇ ਹਨ ਤੇ ਵਿਚਾਰੇ ਜੱਜ ਚੁੱਪ ਚਾਪ ਉਨ੍ਹਾਂ ਦੀ ਬੱਕ ਬੱਕ ਸੁਣ ਲੈਂਦੇ ਹਨ। ਕਿਉਂਕਿ ਅਦਾਲਤੀ ਜਾਬਤਾ ਟਾਡਾ ਕਾਨੂੰਨ ਅਧੀਨ ਚਲਦਾ ਹੈ। ਜੱਜ ਤਾਂ ਇਕ ਪੱਥਰ ਦੀ ਮੂਰਤੀ ਸਮਾਨ ਹੈ। ਕਈ ਵਾਰ ਤਾਂ ਐਸਾ ਵੀ ਹੁੰਦਾ ਹੈ ਕਿ ਜਦੋਂ ਕੋਈ ਮੁਲਜਮ ਜੇਲ੍ਹ ਵਿਚ ਹੁੰਦਾ ਤੇ ਉਸਦੇ ਵਾਰਸ (ਪਰਿਵਾਰ ਵਾਲੇ) ਜਮਾਨਤ ਦੀ ਦਰਖਾਸਤ ਦੇਂਦੇ ਤਾਂ ਜੱਜ ਉਸ ਮੁਲਜਮ ਦੇ ਪਿਓ ਜਾਂ ਭਰਾ ਨੂੰ ਆਪਣੇ ਅਰਾਮ ਕਮਰੇ ਵਿਚ ਬੁਲਾ ਕੇ ਸਲਾਹ ਦੇਂਦੇ ਕਿ ਉਸ ਨੂੰ ਜੇਲ੍ਹ ਵਿਚ ਹੀ ਬੈਠਾ ਰਹਿਣ ਦਿਓ ਜੇ ਤੁਸਾਂ ਜਮਾਨਤ ਕਰਵਾ ਲਈ ਤਾਂ ਪੁਲਿਸ ਚੁੱਕ ਕੇ ਮਾਰ ਦੇਵੇਗੀ। ਵਿਚਾਰੇ ਮੁਲਜਮ ਦੇ ਰਿਸ਼ਤੇਦਾਰ ਵੀ ਇਨ੍ਹਾਂ ਗੱਲਾਂ ਤੋਂ ਅਨਜਾਣ ਨਹੀਂ ਹਨ, ਉਹ ਮੰਨ ਜਾਂਦੇ ਹਨ। ਪਰ ਕਈਆਂ ਨੇ ਜ਼ਿਦ ਕਰਕੇ ਜਮਾਨਤ ਕਰਵਾ ਲਈ ਤੇ ਜੇਲ੍ਹੋਂ ਬਾਹਰ ਆਉਂਦਾ ਹੀ ਵਿਅਕਤੀ ਪੁਲਿਸ ਨੇ ਜੇਲ੍ਹ ਦੇ ਦਰਵਾਜੇ ਅੱਗੋਂ ਚੁੱਕ ਲਿਆ ਤੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ।

ਕਈ ਵਾਰ ਕਈ ਪੁਲਿਸ ਅਫਸਰ ਸਮਝਦੇ ਹਨ ਕਿ ਇਹ ਬੰਦਾ ਵਿਚਾਰਾ ਨਾਹੱਕ ਦੀ ਫੜ ਲਿਆ ਹੈ ਤੇ ਉਸ 'ਤੇ ਉਹ ਕੋਈ ਝੂਠਾ ਸੱਚਾ ਪਨਾਹ ਵਗੈਰਾ ਦੇਣ ਦਾ ਕੇਸ ਤਾਂ ਪਾ ਦੇਂਦੇ ਹਨ ਪਰ ਟੀ ਡੀ ਐਕਟ ਨਹੀਂ ਲਾਉਂਦੇ। ਪਰ ਸਰਕਾਰੀ ਵਕੀਲਾਂ ਦੇ ਮੂੰਹ ਨੂੰ ਏਨਾ ਲਹੂ ਲੱਗ ਚੁੱਕਾ ਹੈ ਕਿ ਉਹ ਕਾਨੂੰਨੀ ਘੋਖ ਵਾਲੇ ਕੇਸ ਵਾਪਸ ਸਬੰਧਤ ਥਾਣੇ ਨੂੰ ਭੇਜ ਦੇਂਦੇ ਹਨ ਤੇ ਪੁੱਛਦੇ ਹਨ ਕਿ ਟੀ ਡੀ ਐਕਟ ਕਿਉਂ ਨਹੀਂ ਲਾਇਆ? ਫਿਰ ਮੋਟੀ ਰਕਮ ਲੈ ਕੇ ਉਸ ਮੁਲਜਮ ਦਾ ਖਹਿੜਾ ਛਡਦੇ ਹਨ।

ਇਸ ਕਾਨੂੰਨ ਨੇ ਇਕ ਸਿਪਾਹੀ ਨੂੰ ਵੀ ਗੋਲੀ ਮਾਰ ਕੇ ਬੰਦਾ ਮਾਰਨ ਦੀ ਖੁੱਲ੍ਹ ਦੇ ਦਿੱਤੀ ਹੈ। ਕਿਉਂਕਿ ਪੰਜਾਬ ਗੜਬੜੀ ਇਲਾਕਾ ਘੋਸ਼ਤ ਕਰ ਦਿੱਤਾ ਗਿਆ ਹੈ। ਕੁਲ

ਮਿਲਾ ਕੇ ਟਾਡਾ ਐਕਟ ਵਰਗਾ ਕਾਨੂੰਨ ਅੱਜ ਤੱਕ ਦੁਨੀਆਂ ਦੇ ਕਿਸੇ ਦੇਸ਼ ਵਿਚ ਨਹੀਂ ਬਣਿਆ। ਭਾਰਤ ਵਰਗੇ ਜਮਹੂਰੀ ਅਖਵਾਉਣ ਵਾਲੇ ਦੇਸ਼ ਦੇ ਮੂੰਹ 'ਤੇ ਤਾਂ ਇਸ ਕਾਨੂੰਨ ਨੇ ਰਹਿੰਦੀ ਦੁਨੀਆਂ ਤੱਕ ਕਾਲਖ ਮਲ ਦਿੱਤੀ ਹੈ। ਵੱਡੀ ਗੱਲ ਤਾਂ ਇਹ ਹੈ ਕਿ ਇਹ ਕਾਨੂੰਨ ਇਕ ਸਿੱਖ ਅਖਵਾਉਣ ਵਾਲੇ ਮੁੱਖ ਮੰਤਰੀ ਦੇ ਹੁੰਦਿਆਂ ਪੰਜਾਬ ਵਿਚ ਲਾਗੂ ਹੋਇਆ ਹੈ। ਉਸ ਮੁੱਖ ਮੰਤਰੀ ਦੀ ਨੀਲੀ ਪੱਗ ਤੇ ਲੰਮੀ ਦਾਹੜੀ ਹੈ। ਉਸਦੇ ਬਾਕੀ ਮੰਤਰੀ ਵੀ ਜਦੋਂ ਸੰਗੀਨਾ ਦੀ ਛਾਂ ਥੱਲੇ ਸਟੇਜ 'ਤੇ ਭਾਸ਼ਣ ਕਰ ਰਹੇ ਹੁੰਦੇ ਤਾਂ ਉਨ੍ਹਾਂ ਦੀਆਂ ਦਾਹੜੀਆਂ ਤਿਰੰਗੇ ਝੰਡੇ ਵਾਂਗ ਹਿਲਦੀਆਂ ਹਨ। ਲੋਕ ਢਿੱਡਾਂ ਵਿਚ ਮੁੱਕੀਆਂ ਦੇਈ ਸਟੇਜ ਦੇ ਆਲੇ ਦੁਆਲੇ ਜੀ ਭਿਆਣੇ ਤੁਰੇ ਫਿਰਦੇ ਹਨ ਪੁਲਿਸ ਬੁਰਛਿਆਂ ਦੀ ਧਾੜ ਮੰਤਰੀਆਂ ਦੇ ਨੇੜੇ ਨਹੀਂ ਲੱਗਣ ਦਿੰਦੀ। ਕਿਸੇ ਦਾ ਪੁੱਤਰ ਕਈ ਦਿਨਾਂ ਦਾ ਗੁਆਚਾ ਹੁੰਦਾ ਹੈ ਕਈਆ ਦੇ ਪਤੀ ਤੇ ਕਈਆਂ ਦੇ ਭਰਾ। ਪਰ ਬੇਸ਼ਰਮੀ ਵੇਖੋ ਇਨ੍ਹਾਂ ਅਕਾਲੀਆਂ ਦੀ, ਇਸ ਸਰਕਾਰ ਨੂੰ ਪੰਥਕ ਸਰਕਾਰ ਕਹਿੰਦੇ ਹਨ ਪਰ ਇਕੱਲਾ ਰਿਬੇਰੋ ਹੀ ਇਨ੍ਹਾਂ ਨੂੰ ਟੱਕੇ ਸੇਰ ਨਹੀਂ ਗਿਣਦਾ। ਉਸ ਨੂੰ ਲੱਭ ਕੇ ਵੀ ਇਹ ਮੁੱਖ ਮੰਤਰੀ ਹੀ ਲਿਆਇਆ ਹੈ ਤਾਂ ਕਿ ਉਸ ਦੀ ਸਰਕਾਰ ਪੰਜ ਸਾਲ ਤੱਕ ਚੱਲ ਜਾਵੇ। ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਇਕ ਮੈਂਬਰ ਨੇ ਕਮੇਟੀ ਦੀ ਮੀਟਿੰਗ ਵਿਚ ਹੀ ਪਾਰਟੀ ਦੇ ਪ੍ਰਧਾਨ ਤੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਹੈ ਕਿ ਦੋ ਕੁ ਸੌ ਸਿੱਖ ਮੁੰਡਾ ਹਥਿਆਰ ਚੁੱਕ ਕੇ ਭੱਜਾ ਫਿਰਦਾ ਹੈ, ਇਨ੍ਹਾਂ ਨੂੰ ਮਾਰ ਦੋ ਠੰਡ ਵਰਤ ਜਾਏਗੀ। ਇਸੇ ਲਈ ਹੀ ਰਿਬੇਰੋ ਝੂਠੇ ਪੁਲਿਸ ਮੁਕਾਬਲੇ ਬਣਾ ਰਿਹਾ ਹੈ ਤੇ ਇਨ੍ਹਾਂ ਨੀਲੀਆਂ ਪੱਗਾਂ ਵਾਲੇ ਕਲਯੁਗੀ ਸਿੱਖਾਂ ਦੀ ਰਿਬੇਰੋ ਤੇ ਉਸਦੀ ਪੁਲਿਸ ਨੂੰ ਚੁੱਪ ਸਹਿਮਤੀ ਹਾਸਲ ਹੈ। ਜਦੋਂ ਵਰਕਿੰਗ ਕਮੇਟੀ ਦੀ ਮੀਟਿੰਗ ਚੱਲ ਰਹੀ ਸੀ ਤਾਂ ਕਈਆਂ ਨੇ ਉਸ ਮੈਂਬਰ ਦੀ ਤਜਵੀਜ ਦੀ ਵਿਰੋਧਤਾ ਵੀ ਕੀਤੀ, ਜਿਨ੍ਹਾਂ ਵਿਚ ਮੰਤਰੀ ਸੁੱਚਾ ਸਿੰਘ ਛੋਟੇਪੁਰ ਅਤੇ ਸ. ਨਾਜਰ ਸਿੰਘ ਜੀਂਦ ਪ੍ਰਧਾਨ ਹਰਿਆਣਾ ਸਟੇਟ ਅਕਾਲੀ ਦਲ ਵੀ ਸ਼ਾਮਲ ਸਨ ਪਰ ਨਕਾਰਖਾਨੇ ਵਿਚ ਤੂਤੀ ਦੀ ਅਵਾਜ਼ ਕੌਣ ਸੁਣਦਾ ਹੈ। ਇਹ ਹੀ ਮੰਤਰੀ ਬਾਅਦ ਵਿਚ ਬਰਨਾਲੇ ਨੇ ਜਦੋਂ ਪੁਲਿਸ ਦਰਬਾਰ ਸਾਹਿਬ ਅੰਦਰ ਭੇਜੀ ਤਾਂ ਮੰਤਰੀ ਪਦ ਛਡ ਕੇ ਬਰਨਾਲੇ ਦੀ ਵਜਾਰਤ ਵਿਚੋਂ ਬਾਹਰ ਆ ਗਏ।

ਜੱਜ ਕਿੰਨੇ ਮਾਨਸਿਕ ਦਬਾਅ ਥੱਲੇ ਕੰਮ ਕਰ ਰਹੇ ਹਨ ਇਸ ਦੀ ਮਿਸਾਲ ਇਕ ਵਿਸ਼ੇਸ਼ ਸੈਸ਼ਨ ਜੱਜ ਦੀ ਅਦਾਲਤ ਵਿਚ ਪੁਲਿਸ ਵਲੋਂ ਇਕ ਨੌਜਵਾਨ ਦਾ ਹੋਰ ਪੁਲਿਸ ਰੀਮਾਂਡ ਮੰਗਣ 'ਤੇ ਚੱਲ ਰਹੀ ਬਹਿਸ ਤੋਂ ਪਤਾ ਲੱਗਦਾ ਹੈ।

ਸਰਕਾਰੀ ਵਕੀਲ - ਜਨਾਬ, ਫਲਾਣਾ, ਪੁੱਤਰ ਫਲਾਣਾ, ਐਫ.ਆਈ.ਆਰ. ਫਲਾਣੀ ਦਾ ਪੁਲਿਸ ਰੀਮਾਂਡ ਪੰਝੀ ਦਿਨ ਦਾ ਹੋਰ ਦੇ ਦਿੱਤਾ ਜਾਵੇ ਕਿਉਂਕਿ ਇਸ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਯੂ.ਪੀ. ਲੈ ਕੇ ਜਾਣਾ ਹੈ।

ਜੱਜ - ਪਰ ਮਿਸਟਰ ਪ੍ਰਾਸੀਕਿਊਟਰ ਪੁਲਿਸ ਪੰਝੀ ਦਿਨ ਦਾ ਅੱਗੇ ਰੀਮਾਂਡ ਲੈ ਚੁੱਕੀ ਹੈ, ਏਨੇ ਦਿਨਾਂ ਵਿਚ ਹਥਿਆਰ ਬਰਾਮਦ ਕਿਉਂ ਨਹੀਂ ਕੀਤੇ? ਨਾਲੇ ਸਾਫ ਦਿਸ ਰਿਹਾ ਹੈ ਕਿ ਪੁਲਿਸ ਨੇ ਮੁਲਜਮ 'ਤੇ ਬਹੁਤ ਜਿਸਮਾਨੀ ਤਸ਼ੱਦਦ ਕੀਤਾ ਹੈ ਹੋਰ ਰਿਮਾਂਡ ਦੀ ਕੋਈ ਜਸਟੀਫਿਕੇਸ਼ਨ ਨਹੀਂ।

ਸਰਕਾਰੀ ਵਕੀਲ (ਅਸਿਸਟੈਂਟ ਡਿਸਟ੍ਰਕਟ ਅਟਾਰਨੀ ਹੀ ਆਮ ਤੌਰ 'ਤੇ ਹੁੰਦੇ ਹਨ) ਥਾਣੇਦਾਰ ਨੂੰ "ਜਾਹ ਭੱਜ ਕੇ ਡਿਪਟੀ ਸਾਹਿਬ ਨੂੰ ਬੁਲਾ ਕੇ ਲਿਆ, ਉਹਨਾਂ ਫੇਰ ਆਖਣਾ

ਰੀਮਾਂਡ ਕਿਉਂ ਨਹੀਂ ਲਿਆ? ਜਲਦੀ ਜਾਹ।

ਡੀ.ਐਸ.ਪੀ. ਅਦਾਲਤ ਵਿਚ ਵੜਦਿਆਂ ਹੀ "ਹਾਂ ਜੀ, ਜੱਜ ਸਾਹਿਬ ਇਹ ਰੀਮਾਂਡ ਜ਼ਰੂਰੀ ਚਾਹੀਦਾ ਹੈ ਨਹੀਂ ਤੇ ਕੰਮ ਬੜਾ ਖਰਾਬ ਹੋਣਾ ਹੈ।" ਮੁਲਜਮ ਸਿੱਖ ਮੁੰਡੇ ਵੱਲ ਮੂੰਹ ਕਰਕੇ "ਇਸ ਭੈਣ...... ਨੇ ਦਸਿਆ ਈ ਰਾਤੀ ਆ ਪਈ ਮੇਰੇ ਹਥਿਆਰ ਤੇ ਨਾਲ ਦਾ ਬੰਦਾ ਯੂ.ਪੀ. ਬੈਠਾ ਹੈ।"

ਮੁਲਜਮ "ਨਹੀਂ ਹਜ਼ੂਰ ਮੈਨੂੰ ਕਿਸੇ ਗੱਲ ਦਾ ਪਤਾ ਨਹੀਂ ਮੈਂ ਤੇ ਕਦੇ ਰਾਜਪੁਰਿਓਂ ਪਰ੍ਹਾਂ ਨਹੀਂ ਗਿਆ ਯੂ.ਪੀ. ਮੇਰਾ ਕੋਈ ਨਹੀਂ, ਨਾ ਈ ਮੇਰਾ ਕੋਈ ਹਥਿਆਰ ਆ ਜੀ।"

ਜੱਜ ਨੂੰ ਮੁੰਡਾ ਸੱਚਾ ਲਗਦਾ ਹੈ ਆਖਰ ਹਰ ਰੋਜ ਦਾ ਤਜਰਬਾ ਹੈ। ਉਸ ਨੂੰ ਪਤਾ ਹੈ ਕਿ ਯੂ.ਪੀ. ਲੈ ਕੇ ਜਾਣ ਦੇ ਬਹਾਨੇ ਪੁਲਿਸ ਨੇ ਏਹਨੂੰ ਮਾਰ ਦੇਣਾ ਹੈ, ਇਸ ਲਈ ਰੀਮਾਂਡ ਮੰਗ ਰਹੇ ਹਨ, ਉਹ ਰਿਮਾਂਡ ਨਹੀਂ ਦੇਣਾ ਚਾਹੁੰਦਾ।

ਡੀ.ਐਸ.ਪੀ. - ਥਾਣੇਦਾਰ ਨੂੰ, "ਇਹਨੂੰ ਛੰਬ ਕੇ ਨਹੀਂ ਸੀ ਲਿਆਂਦਾ ਜਾਂਦਾ, ਬਟੇਰੇ ਵਾਂਗੂ ਪਟੇਓਂ ਪਟੇਓਂ ਕਰਨ ਡਿਹਾ, ਲੈ ਆਂਦਾ ਚੁੰਝ ਵਾਲੀ ਪੱਗ ਬਨਾ ਕੇ, ਜਿੱਦਾਂ ਜਨੇਤੇ ਚੜ੍ਹਾਉਣਾ ਹੁੰਦਾ। ਕੋਈ ਨਹੀਂ ਕਰਦੇ ਆ ਤੇਰੇ ਨਾਲ ਵੀ ਗੱਲ ਤੁਸੀਂ ਜਿਹੜਾ ਭੈਣ....... ਸਾਰਿਆਂ ਨੂੰ ਵਖਤ ਪਾਇਆ ਨਬੇੜਦੇ ਆ ਤੁਹਾਡਾ ਟਾਂਟਾ"। ਫਿਰ ਡੀ.ਐਸ.ਪੀ. ਜੱਜ ਵੱਲ ਸਿੱਧਾ ਹੋ ਕੇ "ਜਨਾਬ ਅਸੀਂ ਭੈਣ....... ਆਪਣੇ ਟੱਬਰ ਵੀ ਦਾਅ (on stake) 'ਤੇ ਲਾਏ ਆ ਤੇ ਤੁਸੀਂ ਸਾਡੇ ਹੱਥ ਬੰਨੇ ਆ, ਨਾ ਤੁਸੀਂ ਸਾਨੂੰ ਕੋਈ ਕੰਮ ਕਰਨ ਦੇਂਦੇ ਓ ਨਾਂ ਹੋਰ। ਤੁਹਾਡੀਆਂ ਹਮਦਰਦੀਆਂ ਨਾਲ ਤੇ ਇਹ ਅੱਗੇ ਬੂਏ ਚੜ੍ਹੇ ਆ। ਡੀ.ਐਸ.ਪੀ. ਜਦੋਂ ਵੇਖਦਾ ਹੈ ਕਿ ਜੱਜ ਦਾ ਹੋਰ ਰੀਮਾਂਡ ਦੇਣ ਦਾ ਕੋਈ ਮੂਡ ਨਹੀਂ ਤੇ ਇਸ ਤੋਂ ਪਹਿਲਾਂ ਕਿ ਜੱਜ ਫਾਇਲ ਉਤੇ 'ਨਾਂਹ' ਲਿਖ ਦੇਵੇ, ਫੱਟ ਸਰਕਾਰੀ ਵਕੀਲ ਨੂੰ ਕਹਿੰਦਾ ਹੈ, "ਠੀਕ ਆ ਹੋਰ ਕਿਤੇ ਪੇਸ਼ ਕਰਕੇ ਰੀਮਾਂਡ ਲੈ ਦਿਓ, ਜਰੂਰੀ ਆ, ਜੇ ਇਹਨਾਂ ਜੱਜ ਸਾਹਿਬ ਦਾ ਦਿਲ ਨਹੀਂ ਮੰਨਦਾ ਤੇ। ਤੇ ਉਸਦੇ ਕਹਿਣ 'ਤੇ ਸਰਕਾਰੀ ਵਕੀਲ ਜੱਜ ਕੋਲੋਂ ਕਾਗਜ਼ ਚੁੱਕ ਲੈਂਦਾ ਹੈ ਤੇ ਪੁਲਿਸ ਨੂੰ ਕਹਿੰਦਾ ਹੈ, "ਐਸ.ਡੀ.ਐਮ. ਕੋਲ ਲੈ ਚਲੋ।" ਐਸ.ਡੀ.ਐਮ ਦੇ ਉਸ ਮੁੰਡੇ ਨੂੰ ਸਾਹਮਣੇ ਕਰਨ ਦੀ ਵੀ ਲੋੜ ਨਹੀਂ ਪੈਂਦੀ। ਉਹ ਫੱਟ ਪੰਜੀ ਦਿਨ ਦਾ ਪੁਲਿਸ ਰੀਮਾਂਡ ਦੇ ਦੇਂਦਾ ਹੈ ਤੇ ਉਸ ਦਾ ਰੀਮਾਂਡ ਹੀ ਉਸਦਾ ਕਾਲਾ ਵਾਰੰਟ ਹੋ ਨਿਬੜਦਾ ਹੈ। ਅਵਤਾਰ ਸਿੰਘ ਪਹਿਲਵਾਨ ਨਾਲ ਵੀ ਏਸੇ ਤਰ੍ਹਾਂ ਹੀ ਹੋਈ ਸੀ। ਜਦੋਂ ਉਸ ਨੂੰ ਇਕ ਮੈਜਿਸਟਰੇਟ ਅੱਗੇ ਪੇਸ਼ ਕੀਤਾ ਗਿਆ ਤਾਂ ਉਸ ਕੋਲੋਂ ਅਦਾਲਤ ਵਿਚ ਖਲੋਤਾ ਨਹੀਂ ਸੀ ਜਾਂਦਾ ਤੇ ਉਸ ਦੀਆਂ ਬਾਹਵਾਂ ਵੀ ਕੰਮ ਨਹੀਂ ਸੀ ਕਰਦੀਆਂ। ਉਸ ਦਾ ਨੱਕ ਪੂੰਝਣ ਲਈ ਉਹਦੀ ਜੇਬ ਵਿਚੋਂ ਹੋਰ ਕਿਸੇ ਨੇ ਰੁਮਾਲ ਕੱਢ ਕੇ ਉਹਦਾ ਨੱਕ ਪੂੰਝਿਆ ਸੀ। ਪਰ ਸਾਰੇ ਜੱਜ ਹੀ ਏਹੋ ਜਿਹੀ ਉਪਰੋਕਤ ਮਜਬੂਰੀ ਥੱਲੇ ਨਹੀਂ, ਕਈ ਸੱਚਮੁੱਚ ਹੀ ਪੁਲਿਸ ਨੂੰ ਵੀ ਲੰਮੇ ਹੱਥੀਂ ਲੈਂਦੇ ਹਨ। ਜਿੰਨਾ ਕੁ ਥੋੜ੍ਹਾ ਬਹੁਤ ਇਨਸਾਫ ਮਿਲਦਾ ਹੈ, ਉਹ ਉਨ੍ਹਾਂ ਜੱਜਾਂ ਦੇ ਮਨੁੱਖਤਾ ਪ੍ਰਤੀ ਹਮਦਰਦੀ ਕਰਕੇ ਹੀ ਮਿਲ ਰਿਹਾ ਹੈ। ਪਰ ਇਹ ਮੰਨਣਾ ਪਏਗਾ ਕਿ ਜੁਡੀਸ਼ਰੀ ਨੂੰ ਲਕਵਾ ਮਾਰ ਗਿਆ ਹੈ ਤੇ ਪੁਲਿਸ ਜੁਡੀਸ਼ਰੀ 'ਤੇ ਹਾਵੀ ਹੈ ਪਰ ਫਿਰ ਵੀ ਕਈ ਜੱਜ ਸਾਹਿਬ ਖਾਸ ਤੌਰ 'ਤੇ ਹਿੰਦੂ ਜੱਜ ਸਾਹਿਬਾਨ ਨੇ ਬਹੁਤ ਮੁੰਡਿਆਂ ਦੀਆਂ ਜਾਨਾਂ ਬਚਾਈਆਂ ਹਨ। ਜਿੰਨਾ ਕੁ ਹੋ ਸਕਦਾ ਸੀ ਜੁਡੀਸ਼ਰੀ ਇਸ ਕਾਲੇ ਕਾਨੂੰਨ ਨੂੰ ਨਜ਼ਰ ਅੰਦਾਜ਼ ਕਰਦੀ ਸੀ।

ਪੰਡਤ ਜਵਾਹਰ ਲਾਲ ਨਹਿਰੂ ਇਕ ਵਾਰ ਜੈਤੋ ਦੇ ਮੋਰਚੇ ਵਿਚ ਨਾਭੇ ਆਏ ਤਾਂ ਉਹ ਇਹ ਵੇਖ ਕੇ ਹੈਰਾਨ ਹੋ ਗਏ ਕਿ ਨਾਭੇ ਰਿਆਸਤ ਦੀ ਪੁਲਿਸ ਜੱਜਾਂ ਦੇ ਹੱਥਾਂ ਵਿਚੋਂ ਕਾਗਜ਼ ਖੋਹ ਲੈਂਦੀ ਸੀ ਤੇ ਜੱਜ ਦੀ ਪ੍ਰਵਾਹ ਤਾਂ ਕੀ ਕਰਨੀ ਹੈ ਆਦਰ ਵੀ ਨਹੀਂ ਸੀ ਕਰਦੀ। ਪਰ ਏਥੇ ਫਰਕ ਇਹ ਸੀ ਕਿ ਪੁਲਿਸ ਜੱਜਾਂ ਦੇ ਹੱਥਾਂ ਵਿਚੋਂ ਕਾਗਜ਼ ਤਾਂ ਨਹੀਂ ਸੀ ਖੋਂਹਦੀ, ਜੱਜ ਹੀ ਬਦਲ ਲੈਂਦੀ ਸੀ। ਕਿਉਂਕਿ ਟਾਡਾ ਐਕਟ ਥਲੇ ਕਿਸੇ ਵੀ ਅਗਜੈਕਟਿਵ ਮੈਜਿਸਟਰੇਟ ਕੋਲੋਂ ਰੀਮਾਂਡ ਲਿਆ ਜਾ ਸਕਦਾ ਸੀ। ਏਸੇ ਹੀ ਅਧਿਕਾਰ ਥਲੇ ਪੁਲਿਸ ਨੇ ਨੌਜਵਾਨਾਂ ਦੇ ਆਹੂ ਲਾਹ ਦਿੱਤੇ ਤੇ ਝੂਠੇ ਪੁਲਿਸ ਮੁਕਾਬਲੇ ਬਣਾਏ।

ਜਦੋਂ ਮੈਂ ਜੇਲ੍ਹ ਵਿਚ ਸੀ ਤਾਂ ਮੇਰੇ ਕੁੜਮ ਸਾਹਿਬ ਸ. ਮੋਹਣ ਸਿੰਘ ਐਡਵੋਕੇਟ ਤੇ ਉਨ੍ਹਾਂ ਦੇ ਵੱਡੇ ਬੇਟੇ ਸ. ਸੁਖਦੇਵ ਸਿੰਘ ਐਡਵੋਕੇਟ ਨੇ ਘਟ ਤੋਂ ਘਟ ਵੀਹ ਕੁ ਹੋਰ ਨਾਮੀ ਵਕੀਲਾਂ ਦੀ ਮਦਦ ਨਾਲ ਮੇਰੀ ਅਤੇ ਮੇਰੇ ਸਾਥੀਆਂ (ਸ. ਭਰਪੂਰ ਸਿੰਘ ਬਲਬੀਰ ਬਤੌਰ ਪਤਰਕਾਰ ਅਤੇ ਉਨ੍ਹਾਂ ਦੇ ਬੇਟੇ) ਦੀ ਗ੍ਰਿਫਤਾਰੀ ਟਾਡਾ ਅਧੀਨ ਕੀਤੇ ਜਾਣ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੈਲਿੰਜ ਕੀਤਾ। ਏਸੇ ਤਰ੍ਹਾਂ ਦੀ ਹੀ ਇਕ ਰਿਟ ਬੀਬੀ ਬਿਮਲ ਕੌਰ ਖਾਲਸਾ ਮੈਂਬਰ ਪਾਰਲੀਮੈਂਟ ਅਤੇ ਪਤਨੀ ਸ਼ਹੀਦ ਭਾਈ ਬੇਅੰਤ ਸਿੰਘ ਨੇ ਏਸੇ ਹੀ ਅਦਾਲਤ ਵਿਚ ਲਾਈ ਹੋਈ ਸੀ। ਇਨ੍ਹਾਂ ਦੋਹਾਂ ਰਿੱਟਾਂ ਵਿਚ ਹੀ ਟਾਡਾ ਨੂੰ ਲਾਗੂ ਕਰਨ ਨੂੰ ਚੈਲਿੰਜ ਕੀਤਾ ਗਿਆ ਸੀ। ਅਦਾਲਤ ਨੇ ਇਨ੍ਹਾਂ ਦੋਹਾਂ ਕੇਸਾਂ ਨੂੰ ਇਕੱਠਾ ਕਰਕੇ ਇਕ ਹੀ ਫੈਸਲਾ ਦਿੱਤਾ। ਇਹ ਕੇਸ ਫੁਲ ਬੈਂਚ ਅੱਗੇ ਪੇਸ਼ ਹੋਇਆ ਤੇ ਚੀਫ ਜਸਟਿਸ ਮਿਸਟਰ ਡੀ.ਐਸ. ਟਵਾਟੀਆ ਜਸਟਿਸ ਐਮ.ਆਰ. ਅਗਨੀਹੋਤਰੀ ਜਸਟਿਸ ਐਸ.ਐਸ. ਕੰਗ ਸਿਵਲ ਰਿਟ ਪਟੀਸ਼ਨ ਨੰ. 3761 ਆਫ 1986 ਬਿਮਲ ਕੌਰ ਖਾਲਸਾ ਐਂਡ ਅਦਰਜ ਬਨਾਮ ਦੀ ਯੂਨੀਅਨ ਆਫ ਇੰਡੀਆ ਐਂਡ ਅਦਰ ਅਪੀਲ ਕਰਤਾਵਾਂ ਵਲੋਂ ਸ੍ਰੀ ਬੀ.ਐਮ.ਖੋਜੀ ਤੇ ਮਿਸ ਵੀ.ਪੀ. ਬਰਾੜ ਐਡਵੋਕੇਟ ਤੇ ਉਤਰਵਾਦੀਆਂ ਵਲੋਂ ਐਚ.ਐਸ. ਰਿਆੜ ਡੀ.ਏ.ਜੀ. ਪੰਜਾਬ ਸ੍ਰੀ ਕੇ.ਪੀ. ਅਡੀਸ਼ਨਲ ਏ.ਜੀ. ਪੰਜਾਬ ਤੇ ਸ੍ਰੀ ਹਰਮਿੰਦਰ ਲਾਲ ਐਡਵੋਕੇਟ ਪੇਸ਼ ਹੋਏ। ਇਸ ਕੇਸ ਵਿਚ ਮਾਣਯੋਗ ਅਦਾਲਤ ਨੇ ਟਾਡਾ ਐਕਟ ਦੀਆਂ ਬਹੁਤ ਸਾਰੀਆਂ ਧਾਰਾਵਾਂ ਨੂੰ ਰੱਦ ਕਰ ਦਿੱਤਾ ਤੇ ਕਿਹਾ ਕਿ ਇਹ ਬਿਲਕੁਲ ਬੇਲੋੜੀਆਂ ਹਨ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀਆਂ ਹਨ। ਪਹਿਲਾਂ ਸਥਾਪਤ ਸੀ ਪੀ ਸੀ ਹੀ ਜੁਰਮ ਨੂੰ ਰੋਕਣ ਲਈ ਕਾਫੀ ਹੈ। ਪਰ ਸਰਕਾਰ ਹਾਈ ਕੋਰਟ ਦੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ ਗਈ ਤੇ ਸੁਪਰੀਮ ਕੋਰਟ ਨੇ ਹਾਈ ਕੋਰਟ ਦਾ ਫੈਸਲਾ ਰੱਦ ਕਰ ਦਿੱਤਾ ਹੈ ਤੇ ਇਸ ਦਾ ਕੋਈ ਖਾਸ ਕਾਰਣ ਵੀ ਨਹੀਂ ਦਿੱਤਾ।

ਅਸੀਂ ਇਸ ਕੇਸ ਵਿਚ ਤੀਹ ਜਣੇ ਸੀ। ਕੈਨੇਡਾ ਦੇ ਸਾਡੇ ਮੁਕੱਦਮੇ ਵਾਰ ਮੁਕਦਮਾ ਚੱਲਣ ਦੇ ਪਹਿਲੇ ਛੇ ਮਹੀਨਿਆਂ ਵਿਚ ਹੀ ਬਰੀ ਹੋ ਗਏ ਰਾਇਲ ਮਾਊਂਟਡ ਪੁਲਿਸ ਨੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਪਰ ਸੁਪਰੀਮ ਕੋਰਟ ਨੇ ਉਹ ਰੱਦ ਕਰ ਦਿੱਤੀ। ਦੂਜੇ ਪਾਸੇ ਅਸੀਂ ਇਕ ਸਾਲ ਪੂਰਾ ਜੇਲ੍ਹ ਵਿਚ ਰਹਿਣ ਤੋਂ ਬਾਅਦ ਜਮਾਨਤ 'ਤੇ ਰਿਹਾ ਹੋਏ ਤੇ 1990 ਵਿਚ ਕਰੀਬ ਚਾਰ ਸਾਲ ਬਾਅਦ ਸਾਡੀ ਮੁਕੱਦਮੇ ਤੋਂ ਜਾਨ ਛੁੱਟੀ। ਕੈਨੇਡਾ ਦੀ ਅਦਾਲਤ ਦੇ ਫੈਸਲੇ ਦੀ ਅਖਬਾਰੀ ਖਬਰ ਹੇਠ ਲਿਖੇ ਅਨੁਸਾਰ ਹੈ।

ਕੈਨੇਡੀਅਨ ਅਦਾਲਤ ਵੱਲੋਂ ਪ੍ਰਮਾਰ ਤੇ ਹੋਰ ਬੱਬਰਾਂ ਵਿਰੁੱਧ ਪੁਲਿਸ ਅਪੀਲ ਖਾਰਜ

ਅੱਜ ਦੀ ਆਵਾਜ਼, 3 ਜਨਵਰੀ – ਟੋਰੰਟੋ, 2 ਜਨਵਰੀ (ਆਈ.ਏ.ਐੱਨ.ਐੱਸ.) –

ਖਾੜਕੂ ਜਥੇਬੰਦੀ ਬੱਬਰ ਖਾਲਸਾ ਦੇ 6 ਪ੍ਰਮੁੱਖ ਆਗੂਆਂ ਨੂੰ ਦਹਿਸ਼ਤਗਰਦੀ ਅਤੇ ਹੋਰ ਜੁਰਮਾਂ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਤੋਂ ਕੈਨੇਡਾ ਦੀ ਅਦਾਲਤ ਨੇ ਬਰੀ ਕਰ ਦਿੱਤਾ ਹੈ।

ਵਰਨਣਯੋਗ ਹੈ ਕਿ 1987 ਦੇ ਆਰੰਭ ਵਿਚ ਕੈਨੇਡਾ ਦੀ ਰਾਇਲ ਮਾਊਂਟਿਡ ਪੁਲਿਸ ਨੇ ਬੱਬਰ ਖਾਲਸਾ ਦੇ ਮੈਂਬਰਾਂ ਤਲਵਿੰਦਰ ਸਿੰਘ ਪਰਮਾਰ, ਤੇਜਿੰਦਰ ਸਿੰਘ ਕਲੇਅ, ਸਾਧੂ ਸਿੰਘ ਥਿਆੜਾ, ਦਲਜੀਤ ਸਿੰਘ, ਸਰਮੁੱਖ ਸਿੰਘ ਲਖੀਆ ਅਤੇ ਸਰਮੁੱਖ ਸਿੰਘ ਕਲੇਅ 'ਤੇ ਨਵੀਂ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੇ ਸੰਸਦ ਭਵਨ ਵਿਚ ਬੰਬ ਰੱਖਣ, ਰੇਲ ਲਾਈਨਾਂ ਤੇ ਇਕ ਤੇਲ ਸੋਧ ਕਾਰਖਾਨੇ ਵਿਚ ਤੋੜ-ਫੋੜ ਕਰਨ ਅਤੇ ਭਾਰਤ ਦੇ ਇਕ ਸੰਸਦ ਮੈਂਬਰ ਦੇ ਬੱਚੇ ਨੂੰ ਅਗਵਾ ਕਰਨ ਅਤੇ ਹੋਰ ਜੁਰਮਾਂ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਸੀ।

ਮੁਕੱਦਮਾ ਚਲਾਉਣ ਵਾਲੀ ਕੈਨੇਡਾ ਦੀ ਓਂਟਾਰੀਓ ਅਦਾਲਤ ਨੇ ਇਹਨਾਂ ਸਾਰੇ 6 ਮੁਲਜ਼ਮਾਂ ਨੂੰ ਤਕਨੀਕੀ ਆਧਾਰ 'ਤੇ ਬਰੀ ਕਰ ਦਿੱਤਾ ਹੈ। ਓਂਟਾਰੀਓ ਸੁਪਰੀਮ ਕੋਰਟ ਦੇ ਜੱਜ ਜਸਟਿਸ ਡੇਵਿਡ ਵਾਟ, ਜਿਨ੍ਹਾਂ ਨੇ ਮੁਕੱਦਮੇ ਦੀ ਸੁਣਵਾਈ ਕੀਤੀ, ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਹਨਾਂ 6 ਮੁਲਜ਼ਮਾਂ ਵਿਰੁੱਧ ਮੁਕੱਦਮੇ ਦੇ ਮੁੱਖ ਆਧਾਰ, ਇਹਨਾਂ 6 ਮੁਲਜ਼ਮਾਂ ਦਰਮਿਆਨ ਆਪਸੀ ਗੱਲਬਾਤ ਦੀਆਂ ਟੇਪਾਂ, ਨੂੰ ਸਬੂਤ ਨਹੀਂ ਮੰਨਿਆ ਜਾ ਸਕਦਾ।

ਸੁਪਰੀਮ ਕੋਰਟ ਦੇ ਜੱਜ, ਜਸਟਿਸ ਵਾਟ ਨੇ ਇਹ ਫੈਸਲਾ ਵੀ ਦਿੱਤਾ ਕਿ 6 ਮੁਲਜ਼ਮਾਂ ਦੀ ਨਿੱਜੀ ਗੱਲਬਾਤ ਨੂੰ ਟੇਪ ਕਰਕੇ ਕੈਨੇਡਾ ਦੀ ਪੁਲਿਸ ਨੇ ਮਨੁੱਖੀ ਹੱਕਾਂ ਦੇ ਨਿੱਜੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੇ ਸਫਾਈ ਪੱਖ ਦੇ ਵਕੀਲਾਂ ਨੂੰ ਆਪਣੇ ਗੁਪਤ ਦਸਤਾਵੇਜ਼ ਵਿਖਾਉਣ ਤੋਂ ਨਾਂਹ ਕਰਨ 'ਤੇ ਅਦਾਲਤ ਨੇ ਕੇਸ ਖਾਰਜ ਕਰ ਦਿੱਤਾ। ਜਸਟਿਸ ਵਾਟ ਨੇ ਇਹ ਵੀ ਕਿਹਾ ਸੀ ਕਿ ਕਿਸੇ ਵੀ ਜੱਜ ਤੇ ਸਰਕਾਰੀ ਵਕੀਲ ਲਈ ਟੇਪਾਂ ਨੂੰ ਦਰੁਸਤ ਤੇ ਵਾਜ਼ਿਬ ਦੱਸਣ ਵਾਲੇ ਕੈਨੇਡੀਅਨ ਪੁਲਿਸ ਦੇ ਗੁਪਤ ਦਸਤਾਵੇਜ਼ਾਂ 'ਤੇ ਗੌਰ ਕਰਨਾ ਓਨੀ ਦੇਰ ਤੱਕ ਗੈਰ-ਵਾਜ਼ਿਬ ਹੋਵੇਗਾ ਜਦੋਂ ਤੱਕ ਇਹ ਦਸਤਾਵੇਜ ਸਫਾਈ ਪੱਖ ਦੇ ਵਕੀਲ ਨੂੰ ਨਹੀਂ ਵਿਖਾਏ ਜਾਂਦੇ।

ਪੁਲਿਸ ਨੇ ਇਸ ਫੈਸਲੇ ਵਿਰੁੱਧ ਅਪੀਲ ਕੀਤੀ, ਅਪੀਲ ਦੀ ਸੁਣਵਾਈ ਕਰਨ ਵਾਲੇ ਤਿੰਨ ਜੱਜਾਂ 'ਤੇ ਅਧਾਰਤ ਬੈਂਚ ਨੇ ਪਿਛਲੇ ਹਫਤੇ ਆਪਣੇ ਫੈਸਲੇ ਵਿਚ ਕਿਹਾ ਕਿ ਇਸਤਗਾਸਾ ਪੱਖ ਨੇ ਆਪਣੀ ਦਲੀਲ ਵਿਚ ਅਜਿਹਾ ਕੋਈ ਕਾਰਣ ਬਿਆਨ ਨਹੀਂ ਕੀਤਾ ਜਿਸ ਦੇ ਆਧਾਰ 'ਤੇ ਉਸ ਨੂੰ ਪੂਰਾ ਕੇਸ ਮੁੜ ਖੋਲ੍ਹਣ ਅਤੇ 6 ਮੁਲਜ਼ਮਾਂ ਵਿਰੁੱਧ ਮੁਕੱਦਮਾ ਨਵੇਂ ਸਿਰਿਓਂ ਚਲਾਇਆ ਜਾਵੇ।

ਸਰਕਾਰੀ ਵਕੀਲ ਜੈਫ ਕੇਸੀ ਨੇ ਅਪੀਲ ਵਿਚ ਇਹ ਦਲੀਲ ਦਿੱਤੀ ਸੀ ਕਿ ਜਸਟਿਸ ਵਾਟ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਟੇਪਾਂ ਨੂੰ ਸੁਣੇ ਅਤੇ ਮੁੜ ਇਹ ਵੇਖੇ ਕਿ ਇਸ ਨੂੰ ਸਬੂਤ ਮੰਨਿਆ ਜਾਣਾ ਚਾਹੀਦਾ ਹੈ ਜਾਂ ਨਹੀਂ।

ਸਮਾਪਤ

* * *